Chief Reporter
Punjab Vi[illegible] Sabha
Chandigarh

Origin[illegible]
Pu[illegible]
Digitiz[illegible]
Panjab Digital Library

Original with:
Punjabi Vichar Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Chief Reporter
Punjab Vidhan Sabha
Chandigarh.

# PUNJAB VIDHAN SABHA

## DEBATES

13th March, 1969.

Vol. 1—No. 1

## OFFICIAL REPORT

CONTENTS

| | | Page |
|---|---|---|
| Thursday, the 13th March, 1969. | | |
| Announcement by the Secretary | ... | (1)1 |
| Oath or Affirmation by Members. | ... | (1)1—7 |

Punjab Vidhan Sabha Secretariat, Chandigarh.

Price Rs. .0.45

Original with;
Punjab Vidhan Sabha
Digitized by;
Panjab Digital Library

*Original with*
Punjab Vidhan Sabha
*Digitized by*
Panjab Digital Library

# ERRATA

TO THE

PUNJAB VIDHAN SABHA DEBATES

VOL. 1 NO. 1

DATED 13TH MARCH, 1969

| Read | For | Page | Line |
|---|---|---|---|
| ਸ਼੍ਰੀ ਕਾਰਜਕਾਰੀ ਸਪੀਕਰ | ਸ਼੍ਰੀ ਸਪੀਕਰ | (1)2 | 1 |
| ਸ਼੍ਰੀ ਕਾਰਜਕਾਰੀ ਸਪੀਕਰ | ਸ਼੍ਰੀ ਸਪੀਕਰ | (1)7 | 3, 7 |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

**Thursday, the 13th March, 1969**

*The Vidhan Sabha met in the Assembly Hall, Vidhan Bhavan, Sector 1, Chandigarh at 2.00 P.M. of the clock. Mr. Acting Speaker (Sardar Darbara Singh) in the Chair.*

## ANNOUNCEMENT BY SECRETARY REGARDING THE APPOINTMENT OF SARDAR DARBARA SINGH, M.L.A., AS ACTING SPEAKER ETC.

**Secretary** : I have to inform the House that the Governor, in exercise of the powers conferred on him by Article 188 of the Constitution of India, has appointed Sardar Darbara Singh, M.L.A., to be the person before whom every Member of the Punjab Vidhan Sabha, shall, before taking his seat, make and subscribe the prescribed oath/affirmation.

I have also to inform the House that the Governor, in exercise of the powers vested in him by Article 180(1) of the Constitution of India, appointed Sardar Darbara Singh, M.L.A., to perform the duties of the office of the Speaker of the Punjab Vidhan Sabha, till a Speaker is chosen under Article 178.

(At this stage, Sardar Darbara Singh, M.L.A., occupied the Chair amidst cheers.)

## OATH OR AFFIRMATION BY MEMBERS

**ਕਾਰਜਕਾਰੀ ਸਪੀਕਰ** : ਹੁਣ ਮੈਂਬਰ ਸਾਹਿਬਾਨ ਆਪਣੇ ਅਹੁਦੇ ਦੀ ਸੌਂਹ ਚੁਕਣਗੇ। (Now the Members will make and subscribe the oath/affirmation.)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਮੇਰੀ ਇਕ ਪ੍ਰਿਵਲੇਜ ਮੋਸ਼ਨ ਸੀ। ਮੈਂ ਰੀਕਵੈਸਟ ਕਰਾਂਗਾ ਕਿ ਪਹਿਲਾਂ ਉਸ ਨੂੰ ਟੇਕ ਅਪ ਕਰ ਲਿਆ ਜਾਵੇ। (ਵਿਘਨ)

**ਕਾਰਜਕਾਰੀ ਸਪੀਕਰ** : ਆਰਡਰ, ਆਰਡਰ। ਉਥ ਲੈਣ ਤੋਂ ਪਹਿਲਾਂ ਕੋਈ ਹੋਰ ਕਾਰਵਾਈ ਨਹੀਂ ਹੋ ਸਕਦੀ। (ਵਿਘਨ) (Order, order. No other business

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]
can be transacted before the hon. Members have made and subscribed the oath/affirmation.

ਸਰਦਾਰ ਉਮਰਾਓ ਸਿੰਘ : ਮੈਂ ਮੈਂਬਰ ਹਾਂ (ਵਿਘਨ)। ਮੇਰੇ ਸਵਾਲ ਐਡਮਿਟ ਹੋਏ ਹਨ। ਮੈਂ ਰੀਕਵੈਸਟ ਕਰਾਂਗਾ......(ਵਿਘਨ) ਸਰਦਾਰ ਲਛਮਨ ਸਿੰਘ ਦੀ ਜੋ ਅਰੈਸਟ ਹੋਈ ਹੈ ਇਹ ਬੜਾ ਮਾੜਾ ਪ੍ਰੈਸੀਡੈਂਟ ਹੈ.....(ਵਿਘਨ)

Sir, my submission is that my motion has been admitted and that it should be taken up first. I would like to have a ruling on it, Sir. (Interruptions)

**ਕਾਰਜਕਾਰੀ ਸਪੀਕਰ :** ਸਰਦਾਰ ਉਮਰਾਓ ਸਿੰਘ ਜੀ. ਅਜਿਹੇ ਕੋਈ ਰੂਲਜ਼ ਨਹੀਂ ਹਨ ਕਿ ਇਸ ਨੂੰ ਇਸ ਵਕਤ ਟੇਕ ਅਪ ਕੀਤਾ ਜਾ ਸਕੇ। (ਵਿਘਨ) (There are no rules according to which your motion can be taken up at this stage.)

(Interruptions)

**Sardar Umrao Singh :** Sir, I request that a ruling be given on this point. (Interruptions)

(ਇਸ ਸਮੇਂ ਕਾਰਜਕਾਰੀ ਸਪੀਕਰ ਸਾਹਿਬ ਨੇ ਮੰਤਰੀਆਂ ਨੂੰ ਸਹੁੰ ਚੁਕਣ ਲਈ ਬੁਲਾਣਾ ਸ਼ੁਰੂ ਕੀਤਾ ਅਤੇ ਹੇਠ ਲਿਖੇ ਮੰਤਰੀਆਂ ਨੇ ਡਾਇਸ ਤੇ ਆਕੇ ਕਾਰਜਕਾਰੀ ਸਪੀਕਰ ਦੇ ਸਾਹਮਣੇ ਸਹੁੰ ਚੁਕੀ।)

**ਮੁੱਖ ਮੰਤਰੀ**

ਸਰਦਾਰ ਗੁਰਨਾਮ ਸਿੰਘ

**ਮੰਤਰੀ**

ਸ਼੍ਰੀ ਬਲਰਾਮਜੀ ਦਾਸ ਟੰਡਨ

ਸਰਦਾਰ ਆਤਮਾ ਸਿੰਘ

**ਸ਼੍ਰੀ ਕਾਰਜਕਾਰੀ ਸਪੀਕਰ :** ਹੁਣ ਮੈਂ ਐਲਫਾਬੇਟੀਕਲ ਆਰਡਰ ਵਿਚ ਜ਼ਿਲ੍ਹਾਵਾਰ ਮੈਂਬਰਾਂ ਨੂੰ ਸਹੁੰ ਚੁਕਣ ਲਈ ਬੁਲਾਵਾਂਗਾ। (Now I will call the hon. Members district-wise, in alphabetical order.

(ਇਸ ਸਮੇਂ ਹੇਠ ਦਰਜ ਮਾਨਯੋਗ ਮੈਂਬਰਾਂ ਨੇ ਡਾਇਸ ਤੇ ਆਕੇ ਕਾਰਜਕਾਰੀ ਸਪੀਕਰ ਸਾਹਿਬ ਦੇ ਸਾਹਮਣੇ ਸਹੁੰ ਚੁਕੀ।)

**ਜ਼ਿਲ੍ਹਾ ਅੰਮ੍ਰਿਤਸਰ**

**ਕਾਮਰੇਡ ਦਰਸ਼ਨ ਸਿੰਘ ਝਬਾਲ,** ਅਟਾਰੀ (ਐਸ.ਸੀ.)

Original with;
Punjab Vidhan Sabha
Digitized by;
Panjab Digital Library

| | |
|---|---|
| ਸ੍ਰੀ ਗਿਆਨ ਚੰਦ ਖਰਬੰਦਾ, | ਅੰਮ੍ਰਿਤਸਰ ਪੂਰਬ |
| ਸਰਦਾਰ ਗੁਰਦੀਪ ਸਿੰਘ ਸ਼ਹੀਦ, | ਵਲਟੋਹਾ |
| ਸਰਦਾਰ ਗੁਰਮੇਜ ਸਿੰਘ, | ਵੇਰਕਾ (ਐਸ.ਸੀ.) |
| ਸਰਦਾਰ ਹਰੀ ਸਿੰਘ, | ਬਿਆਸ |
| ਮੇਜਰ ਹਰਿੰਦਰ ਸਿੰਘ, | ਅਜਨਾਲਾ |
| ਸਰਦਾਰ ਕ੍ਰਿਪਾਲ ਸਿੰਘ, | ਅੰਮ੍ਰਿਤਸਰ ਦੱਖਣ |
| ਸਰਦਾਰ ਮਨਜਿੰਦਰ ਸਿੰਘ ਬਹਿਲਾ, | ਤਰਨਤਾਰਨ |
| ਜਥੇਦਾਰ ਮੋਹਨ ਸਿੰਘ ਤੁੜ, | ਖਡੂਰ ਸਾਹਿਬ |
| ਕਾਮਰੇਡ ਸੱਤਪਾਲ ਡਾਂਗ, | ਅੰਮ੍ਰਿਤਸਰ ਪੱਛਮ |
| ਸਰਦਾਰ ਸ਼ਸ਼ਪਾਲ ਸਿੰਘ, | ਮਜੀਠਾ |
| ਸਰਦਾਰ ਸੁਰਿੰਦਰ ਸਿੰਘ ਕੈਰੋਂ, | ਪੱਟੀ |
| ਸਰਦਾਰ ਤਾਰਾ ਸਿੰਘ, | ਲਾਇਲਪੁਰੀ, ਜੰਡਿਆਲਾ (ਐਸ.ਸੀ) |

## ਜ਼ਿਲ੍ਹਾ ਬਠਿੰਡਾ

| | |
|---|---|
| ਸਰਦਾਰ ਅਜੀਤ ਸਿੰਘ, | ਤਲਵੰਡੀ ਸਾਬੋ |
| ਮਾਸਟਰ ਬਾਬੂ ਸਿੰਘ, | ਫੂਲ |
| ਡਾ: ਭਗਤ ਸਿੰਘ ਰਾਜੂਵਾਲਾ, | ਫਰੀਦਕੋਟ (ਐਸ.ਸੀ.) |
| ਸਰਦਾਰ ਹਰਚਰਨ ਸਿੰਘ ਬਰਾੜ, | ਕੋਟ ਕਪੂਰਾ |
| ਜਥੇਦਾਰ ਹਰਦਿਤ ਸਿੰਘ ਪੂਹਲੀ, | ਨਥਾਨਾ (ਐਸ.ਸੀ.) |
| ਸਰਦਾਰ ਕ੍ਰਿਪਾਲ ਸਿੰਘ ਮਖੇਵਾਲਾ, | ਸਰਦੂਲਗੜ੍ਹ |
| ਸੰਤ ਲੱਖਾ ਸਿੰਘ, | ਮਾਨਸਾ |
| ਸਰਦਾਰ ਪੁਰਸ਼ੋਤਮ ਸਿੰਘ, | ਬੁਡਲਾਡਾ |
| ਸਰਦਾਰ ਤਰਲੋਚਨ ਸਿੰਘ ਰਿਆਸਤੀ, | ਪੱਕਾ ਕਲਾਂ |
| ਸਰਦਾਰ ਤੇਜਾ ਸਿੰਘ ਢਿਲੋਂ, | ਬਠਿੰਡਾ |

## ਜ਼ਿਲ੍ਹਾ ਫਿਰੋਜ਼ਪੁਰ

| | |
|---|---|
| ਸ੍ਰੀ ਬਾਲ ਮੁਕੰਦ ਸ਼ਰਮਾ, | ਫਿਰੋਜ਼ਪੁਰ |
| ਸਰਦਾਰ ਦਲੀਪ ਸਿੰਘ, | ਨਿਹਾਲ ਸਿੰਘ ਵਾਲਾ (ਐਸ.ਸੀ.) |

Original with; Punjab Vidhan Sabha Digitized by; Panjab Digital Library

| | |
|---|---|
| ਕਾਮਰੇਡ ਦਾਨਾ ਰਾਮ, | ਲਾਂਬੀ (ਐਸ.ਸੀ.) |
| ਸਰਦਾਰ ਗੁਰਦੇਵ ਸਿੰਘ, | ਮੁਕਤਸਰ (ਐਸ.ਸੀ.) |
| ਸਰਦਾਰ ਗੁਰਮੀਤ ਸਿੰਘ, | ਮਲੋਟ |
| ਸਰਦਾਰ ਲਛਮਣ ਸਿੰਘ, | ਗੁਰੂ ਹਰਿ ਸਹਾਏ |
| ਕੰਵਰ ਲਾਜਿੰਦਰ ਸਿੰਘ ਬੇਦੀ, | ਜਲਾਲਾਬਾਦ |
| ਸਰਦਾਰ ਮਹਿਤਾਬ ਸਿੰਘ ਢਿਲੋਂ, | ਜ਼ੀਰਾ |
| ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ, | ਫਿਰੋਜ਼ਪੁਰ ਕੈਂਟ |
| ਸਰਦਾਰ ਪ੍ਰਕਾਸ਼ ਸਿੰਘ ਬਾਦਲ, | ਗਿਦੜਬਾਹਾ |
| ਚੌਧਰੀ ਰਾਧਾ ਕ੍ਰਿਸ਼ਨ. | ਫਾਜ਼ਲਕਾ |
| ਸਾਥੀ ਰੂਪ ਲਾਲ, | ਮੋਗਾ |
| ਚੌਧਰੀ ਸਤਿਆ ਦੇਵ | ਅਬੋਹਰ |
| ਸਰਦਾਰ ਤੇਜ ਸਿੰਘ, | ਬਾਘਾ ਪੁਰਾਣਾ |

### ਜ਼ਿਲ੍ਹਾ ਗੁਰਦਾਸਪੁਰ

| | |
|---|---|
| ਬ੍ਰਿਗੇਡੀਅਰ ਬਿਕਰਮਜੀਤ ਸਿੰਘ ਬਾਜਵਾ, | ਬਟਾਲਾ |
| ਵੈਦ ਗਿਆਨ ਚੰਦ, | ਦੀਨਾ ਨਗਰ (ਐਸ.ਸੀ.) |
| ਸਰਦਾਰ ਕਰਮ ਸਿੰਘ, | ਸ੍ਰੀ ਹਰਗੋਬਿੰਦ ਪੁਰ |
| ਸਰਦਾਰ ਮਹਿੰਦਰ ਸਿੰਘ ਬਬੇਹਾਲੀ, | ਗੁਰਦਾਸਪੁਰ |
| ਸਰਦਾਰ ਪ੍ਰੀਤਮ ਸਿੰਘ ਭੀਖੋਵਾਲੀ, | ਧਾਰੀਵਾਲ |
| ਚੌਧਰੀ ਰਾਮ ਸਿੰਘ, | ਪਠਾਨਕੋਟ |
| ਸਰਦਾਰ ਸੰਤੋਖ ਸਿੰਘ ਰੰਧਾਵਾ, | ਫਤਹਿਗੜ੍ਹ |
| ਸਰਦਾਰ ਸਤਨਾਮ ਸਿੰਘ ਬਾਜਵਾ, | ਕਾਦੀਆਂ |
| ਚੌਧਰੀ ਸੁੰਦਰ ਸਿੰਘ, | ਨਰੋਟ ਮਹਿਰਾ (ਐਸ.ਸੀ.) |

### ਜ਼ਿਲ੍ਹਾ ਹੁਸ਼ਿਆਰਪੁਰ

| | |
|---|---|
| ਡਾਕਟਰ ਅਮੀਰ ਸਿੰਘ ਕਲਕਟ, | ਟਾਂਡਾ |
| ਚੌਧਰੀ ਬਲਬੀਰ ਸਿੰਘ, | ਹੁਸ਼ਿਆਰਪੁਰ |
| ਸਰਦਾਰ ਦੇਵਿੰਦਰ ਸਿੰਘ ਬਾਜਵਾ, | ਦਸੂਆ |
| ਭਗਤ ਗੁਰਾਂ ਦਾਸ ਹੰਸ, | ਸ਼ਾਮਚੌਰਾਸੀ (ਐਸ.ਸੀ.) |

Original with;
Punjab Vidhan Sabha
Digitized by;
Panjab Digital Library

| | |
|---|---|
| ਵੈਦ ਕਰਤਾਰ ਸਿੰਘ, | ਮਹਿਲਪੁਰ (ਐਸ.ਸੀ.) |
| ਚੌਧਰੀ ਕੇਵਲ ਕ੍ਰਿਸ਼ਨ, | ਮੁਕੇਰੀਆਂ |
| ਕੈਪਟਨ ਰਤਨ ਸਿੰਘ, | ਗੜ੍ਹਸ਼ੰਕਰ |
| ਚੌਧਰੀ ਤੁਲਸੀ ਰਾਮ ਚੌਹਾਨ, | ਬਲਾਚੌਰ |
| **ਜ਼ਿਲ੍ਹਾ ਜਲੰਧਰ** | |
| ਸਰਦਾਰ ਬਲਵੰਤ ਸਿੰਘ, | ਨੂਰਮਹਿਲ |
| ਸਰਦਾਰ ਦਰਸ਼ਨ ਸਿੰਘ ਕੇ.ਪੀ, | ਜਮਸ਼ੇਰ (ਐਸ.ਸੀ.) |
| ਸਰਦਾਰ ਦਿਲਬਾਗ ਸਿੰਘ, | ਨਵਾਂ ਸ਼ਹਿਰ |
| ਸਰਦਾਰ ਗੁਰਬੰਤਾ ਸਿੰਘ, | ਕਰਤਾਰਪੁਰ (ਐਸ.ਸੀ.) |
| ਸ਼੍ਰੀ ਗੁਰਦਿਆਲ ਸੈਣੀ, | ਜਲੰਧਰ ਉਤਰੀ |
| ਚੌਧਰੀ ਜਗਤ ਰਾਮ, | ਬੰਗਾ (ਐਸ.ਸੀ.) |
| ਕਾਮਰੇਡ ਕੁਲਵੰਤ ਸਿੰਘ, | ਆਦਮਪੁਰ |
| ਸ਼੍ਰੀ ਮਨਮੋਹਨ ਕਾਲੀਆ, | ਜਲੰਧਰ ਦੱਖਣੀ |
| ਸਰਦਾਰ ਸਰੂਪ ਸਿੰਘ, | ਜਲੰਧਰ ਛਾਉਣੀ |
| ਸਰਦਾਰ ਸੁਰਜੀਤ ਸਿੰਘ ਅਟਵਾਲ | ਫਿਲੌਰ |
| ਸਰਦਾਰ ਉਮਰਾਉ ਸਿੰਘ | ਬੜਾ ਪਿੰਡ |
| **ਜ਼ਿਲ੍ਹਾ ਕਪੂਰਥਲਾ** | |
| ਬਾਵਾ ਹਰਨਾਮ ਸਿੰਘ, | ਕਪੂਰਥਲਾ |
| **ਜ਼ਿਲ੍ਹਾ ਲੁਧਿਆਨਾ** | |
| ਸਰਦਾਰ ਬਸੰਤ ਸਿੰਘ ਖਾਲਸਾ, | ਦਾਖਾ (ਐਸ.ਸੀ.) |
| ਸਰਦਾਰ ਬੇਅੰਤ ਸਿੰਘ, | ਪਾਇਲ |
| ਸਰਦਾਰ ਜਗਦੇਵ ਸਿੰਘ, | ਰਾਇਕੋਟ |
| ਸ਼੍ਰੀ ਜੋਗਿੰਦਰ ਪਾਲ ਪਾਂਡੇ, | ਲੁਧਿਆਨਾ ਦਖਣ |
| ਸਰਦਾਰ ਕਪੂਰ ਸਿੰਘ, (ਸਾਬਕਾ ਐਮ.ਪੀ.) | ਸਮਰਾਲਾ |
| ਕੈਪਟਨ ਨਾਹਰ ਸਿੰਘ, | ਜਗਰਾਉਂ (ਆਪਣੀ ਸੀਟ ਤੋਂ ਸਹੁੰ ਚੁਕੀ) |
| ਸਰਦਾਰ ਨੌਰੰਗ ਸਿੰਘ, | ਖੰਨਾ (ਐਸ.ਸੀ.) |

Original with;
Punjab Vidhan Sabha
Digitized by;
Panjab Digital Library

| | |
|---|---|
| ਸਰਦਾਰ ਪ੍ਰਤਾਪ ਸਿੰਘ ਕਾਦੀਆਂ, | ਕੁਮ ਕਲਾਂ |
| ਸ਼੍ਰੀ ਸਰਦਾਰੀ ਲਾਲ ਕਪੂਰ, | ਲੁਧਿਆਨਾ ਉੱਤਰ |

**ਜ਼ਿਲ੍ਹਾ ਪਟਿਆਲਾ**

| | |
|---|---|
| ਸਰਦਾਰ ਬਲਬੀਰ ਸਿੰਘ, | ਬਨੂੜ |
| ਸਰਦਾਰ ਬਸੰਤ ਸਿੰਘ, | ਡਕਾਲਾ |
| ਸਰਦਾਰ ਦਲੀਪ ਸਿੰਘ ਪਾਂਧੀ, | ਅਮਲੋਹ (ਐਸ.ਸੀ.) |
| ਸ਼੍ਰੀ ਹਰਬੰਸ ਲਾਲ, | ਰਾਜਪੁਰਾ |
| ਸਰਦਾਰ ਜਸਦੇਵ ਸਿੰਘ ਸੰਧੂ, | ਰਾਇਪੁਰ |
| ਸਰਦਾਰ ਨਰਿੰਦਰ ਸਿੰਘ, | ਨਾਭਾ |
| ਸਰਦਾਰ ਪ੍ਰੀਤਮ ਸਿੰਘ ਸਮਾਨਾ, | ਸਮਾਨਾ (ਐਸ.ਸੀ.) |
| ਸਰਦਾਰ ਰਣਧੀਰ ਸਿੰਘ ਚੀਮਾ, | ਸਰਹਿੰਦ |
| ਸਰਦਾਰ ਰਵੇਲ ਸਿੰਘ, | ਪਟਿਆਲਾ |

**ਜ਼ਿਲ੍ਹਾ ਰੋਪੜ**

| | |
|---|---|
| ਸ਼੍ਰੀ ਬਾਮ ਦੇਵ ਐਰੀ, | ਨੰਗਲ |
| ਸਰਦਾਰ ਰਾਜਾ ਸਿੰਘ, | ਮੁਰਿੰਡਾ (ਐਸ.ਸੀ.) |
| ਸਰਦਾਰ ਰਵੀਇੰਦਰ ਸਿੰਘ, | ਰੋਪੜ |
| ਸੰਤ ਸਾਧੂ ਸਿੰਘ, | ਅਨੰਦਪੁਰ |
| ਸਰਦਾਰ ਸਰਜੀਤ ਸਿੰਘ, | ਖਰੜ |

**ਜ਼ਿਲ੍ਹਾ ਸੰਗਰੂਰ**

| | |
|---|---|
| ਸਰਦਾਰ ਬਚਨ ਸਿੰਘ ਪਖੋ, | ਭਦੌੜ (ਐਸ.ਸੀ.) |
| ਜਥੇਦਾਰ ਗੁਰਬਨ ਸਿੰਘ, | ਸੁਨਾਮ |
| ਸਰਦਾਰ ਗੁਰਬਖ਼ਸ਼ ਸਿੰਘ ਸਿੱਬੀਆ, | ਸੰਗਰੂਰ |
| ਸੰਤ ਹਰਚੰਦ ਸਿੰਘ ਜੀ, | ਲਹਿਰਾ |
| ਜਥੇਦਾਰ ਹਰਦਿਤ ਸਿੰਘ ਭੱਠਲ, | ਧਨੌਲਾ |
| ਹਿਜ਼ ਹਾਈਨੈਸ ਨਵਾਬ ਇਫ਼ਤਖਾਰ ਅਲੀ ਖਾਂ, | ਮਲੇਰਕੋਟਲਾ |
| ਗਿਆਨੀ ਕੁੰਦਨ ਸਿੰਘ ਪਤੰਗ, | ਸ਼ੇਰਪੁਰ (ਐਸ ਸ.ੀ) |

Original with;
Punjab Vidhan Sabha
Digitized by;
Panjab Digital Library

ਸਰਦਾਰ ਸੰਤ ਸਿੰਘ, ਧੂਰੀ

ਸਰਦਾਰ ਸੁਰਜੀਤ ਸਿੰਘ, ਬਰਨਾਲਾ

**ਸ਼੍ਰੀ ਸਪੀਕਰ :** ਮੇਰਾ ਖਿਆਲ ਹੈ ਕਿ ਕੋਈ ਵੀ ਸਾਡਾ ਮੈਂਬਰ, ਜੋ ਇਥੇ ਹਾਜ਼ਰ ਹੈ ਸਹੁੰ ਚੁਕਣ ਤੋਂ ਬਗੈਰ ਨਹੀਂ ਰਿਹਾ। (I do not think any Member present here has yet to make and subscribe the oath/affirmation.)

**ਆਵਾਜ਼ਾਂ :** ਗਿੱਲ ਸਾਹਿਬ ਹੈ ਜੀ। ਗਿੱਲ ਰਹਿ ਗਿਆ ਹੈ। (ਸ਼ੋਰ)

**ਸ਼੍ਰੀ ਸਪੀਕਰ :** 14-3-1969 ਸ਼ੁਕਰਵਾਰ ਦਸ ਵਜੇ ਤਕ ਹਾਊਸ ਸਥਗਿਤ ਕੀਤਾ ਜਾਂਦਾ ਹੈ।

*The House then adjourned till 10.00 A.M. on Friday, the 14th March,* 1969.)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Origin... with;
Punja... idhan Sabha
Digit...
Panja...

"C" 1969

Published under the authority of the Punjab Vidhan Sabha and printed by the Chandigarh Times Press, Manimajra (Chandigarh).

Original with;
Punjab Vidhan Sabha
Digitized by;
Panjab Digital Library

# PUNJAB VIDHAN SABHA
## DEBATES

*14th March, 1969*

Vol. I—No. 2

OFFICIAL REPORT

**CONTENTS**

*Friday, the 14th March, 1969*


| | | PAGE |
|---|---|---|
| Oath or Affirmation by Members | .. | (2) 1 |
| Election of the Speaker | .. | (2) 1 |



**Punjab Vidhan Sabha Secretariat, Chandigarh.**

**Price : Rs. 1.60**



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## *ERRATA*

**Punjab Vidhan Sabha Debates, Vol. 1, No. 2**

*Dated the 14th March, 1969.*

| *Read* | *For* | *Page* | *Line* |
|---|---|---|---|
| ਇਥੇ | ਇਥ | (2)1 | 7 |
| present | presen | (2)2 | 9 |
| ਤੇ | ਕੇ | (2)3 | 8 |
| ਨਾਲ | ਠਾਲ | (2)4 | 13 |
| समझेंगे | समझझेंगे | (2)6 | 4 |
| ਮੁੱਖ ਮੰਤਰੀ | ਮੁੱਖ ਮਤਰੀ | (2)9 | I ast |
| till 2.00 P.M. | till 3.30 P.M. | (2)13 | 2nd from below |

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 14th March, 1969*

The Vidhan Sabha met in the Hall of the Vidhan Bhavan, Sector 1 Chandigarh at 10.00 a. m. of the Clock. Mr. Acting Speaker (Sardar Darbara Singh) in the Chair.

## OATH OR AFFIRMATION BY MEMBERS

**ਸ਼੍ਰੀ ਕਾਰਜਕਾਰੀ ਸਪੀਕਰ** (ਸਰਦਾਰ ਦਰਬਾਰਾ ਸਿੰਘ) : ਕੱਲ ਕੁਝ ਮੈਂਬਰਜ਼ ਓਥ ਨਹੀਂ ਸਨ ਲੈ ਸਕੇ, ਜੇ ਉਹ ਅਜ ਇਥੇ ਹਾਜ਼ਰ ਹੋਣ ਤਾਂ ਓਥ ਲੈ ਲੈਣ (ਵਿਘਨ) (Those hon. Members who could not take oath yesterday, may please do so now if they are present in the House today.)

**ਕੈਪਟਨ ਰਤਨ ਸਿੰਘ** (ਗੜ੍ਹਸ਼ੰਕਰ) : ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨਾ ਹੀ ਇਥੇ ਪਿਨਸਲਾਂ ਹਨ ਅਤੇ ਨਾ ਹੀ ਬਲਬ ਨੇ । (ਵਿਘਨ)

**ਮੁੱਖ ਮੰਤਰੀ** (ਸਰਦਾਰ ਗੁਰਨਾਮ ਸਿੰਘ) : ਕਿਉਂਕਿ ਅੱਜ ਕੋਈ ਖਾਸ ਕੰਮ ਨਹੀਂ ਸੀ ਹੋਣਾ, ਇਸ ਵਾਸਤੇ ਨਹੀਂ ਪ੍ਰੋਵਾਈਡ ਕੀਤੇ । (ਹਾਸਾ)

(ਇਸ ਸਮੇਂ ਹੇਠ ਲਿਖੇ ਮਾਨਯੋਗ ਮੈਂਬਰਾਂ ਨੇ ਸਹੁੰ ਖਾਧੀ)

1. ਸਰਦਾਰ ਲਛਮਣ ਸਿੰਘ ਗਿੱਲ (ਧਰਮਕੋਟ)
2. ਸ਼੍ਰੀ ਸਾਧੂ ਰਾਮ (ਫਗਵਾੜਾ)

## ELECTION OF SPEAKER

**ਸ਼੍ਰੀ ਕਾਰਜਕਾਰੀ ਸਪੀਕਰ** (ਸਰਦਾਰ ਦਰਬਾਰਾ ਸਿੰਘ) : ਸਪੀਕਰ ਦੀ ਚੋਣ ਦਾ ਪ੍ਰਸਤਾਵ ਹੁਣ ਪੇਸ਼ ਕੀਤਾ ਜਾਵੇ । (The motion* regarding the Election of Speaker may please be moved now.)

**ਮੁੱਖ ਮੰਤਰੀ** (ਸਰਦਾਰ ਗੁਰਨਾਮ ਸਿੰਘ)* : ਮੈਂ ਤਜਵੀਜ਼ ਕਰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ, ਪੰਜਾਬ ਵਿਧਾਨ ਸਭਾ ਦੇ ਮੈਂਬਰ, ਜੋ ਇਸ ਸਮੇਂ ਹਾਊਸ ਵਿਚ ਹਾਜ਼ਰ ਹਨ ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਹੋਣ । (ਤਾੜੀਆਂ)

---

MOTION

That Sardar Darbara Singh, a member of the Punjab Vidhan Sabha who is present in the House, do take the Chair as Speaker of the Vidhan Sabha.

Original with;
Punjab Vidhan Sabha
Digitized by;
Panjab Digital Library

**ਮੇਜਰ ਹਰਿੰਦਰ ਸਿੰਘ** (ਅਜਨਾਲਾ) : ਲੀਡਰ ਆਫ਼ ਦੀ ਹਾਊਸ ਨੇ ਸਰਦਾਰ ਦਰਬਾਰਾ ਸਿੰਘ ਦਾ ਜੋ ਨਾਂ ਤਜਵੀਜ਼ ਕੀਤਾ ਹੈ ਮੈਂ ਉਸ ਨੂੰ ਸੈਕੰਡ ਕਰਦਾ ਹਾਂ ।

**ਸ੍ਰੀ ਕਾਰਜਕਾਰੀ ਸਪੀਕਰ** (ਸਰਦਾਰ ਦਰਬਾਰਾ ਸਿੰਘ) : ਪ੍ਰਸਤਾਵ ਪੇਸ਼ ਹੈ—

ਕਿ ਸਰਦਾਰ ਦਰਬਾਰਾ ਸਿੰਘ, ਪੰਜਾਬ ਵਿਧਾਨ ਸਭਾ ਦੇ ਮੈਂਬਰ, ਜੋ ਇਸ ਸਮੇਂ ਹਾਊਸ ਵਿਚ ਹਾਜ਼ਰ ਹਨ, ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਹੋਣ ।

(ਤਾੜੀਆਂ)

ਕੀ ਕੋਈ ਹੋਰ ਤਜਵੀਜ਼ ਹੈ ?

(Motion moved that Sardar Darbara Singh, a Member of the Punjab Vidhan Sabha who is presen in the House, do take the Chair as Speaker of the Vidhan Sabha) (*Cheers*)

Is there any other proposal ?

(ਇਸ ਸਮੇਂ ਹੋਰ ਕੋਈ ਨਾਂ ਪੇਸ਼ ਨਾ ਕੀਤਾ ਗਿਆ)

**ਸ੍ਰੀ ਕਾਰਜਕਾਰੀ ਸਪੀਕਰ** (ਸਰਦਾਰ ਦਰਬਾਰਾ ਸਿੰਘ) : ਕਿਉਂਕਿ ਇਹ ਤਜਵੀਜ਼ ਲੀਡਰ ਆਫ਼ ਦੀ ਹਾਊਸ ਵਲੋਂ ਮੂਵ ਹੋਈ ਹੈ ਅਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਵਲੋਂ ਸੈਕੰਡ ਕੀਤੀ ਗਈ ਹੈ ਅਤੇ ਹੋਰ ਕੋਈ ਪ੍ਰੋਪੋਜ਼ਲ ਨਹੀਂ ਹੈ, ਇਸ ਕਰਕੇ ਮੈਂ ਐਲਾਨ ਕਰਦਾ ਹਾਂ ਕਿ ਦਰਬਾਰਾ ਸਿੰਘ ਇਸ ਹਾਊਸ ਦੇ ਸਪੀਕਰ ਸਰਬਸੰਮਤੀ ਨਾਲ ਚੁਣੇ ਜਾਂਦੇ ਹਨ । (ਤਾੜੀਆਂ) ਤੇ ਉਹ ਸਪੀਕਰ ਦੀ ਕੁਰਸੀ ਆਕੂਪਾਈ ਕਰਨ (ਤਾੜੀਆਂ) (Since this motion has been moved by the Leader of the House and seconded by the Leader of the Opposition and there is no other proposal, I declare that Sardar Darbara Singh is unanimously elected as Speaker of the House. (Applause) and he should now occupy the Chair). (*Applause*)

**ਸਰਦਾਰ ਸੰਤ ਸਿੰਘ** (ਧੂਰੀ) : ਸਪੀਕਰ ਸਾਹਿਬ, ਇਕ ਅਰਜ਼ ਮੈਂ ਕਰਨੀ ਚਾਹੁੰਦਾ ਹਾਂ ਕਿ ਉਤਨਾ ਚਿਰ ਤੱਕ ਇਹ ਕੁਰਸੀ ਸੰਭਾਲਣ ਦੀ ਰਸਮ ਅਧੂਰੀ ਹੋਵੇਗੀ ਜਦ ਤੱਕ ਤੁਸੀਂ ਇਸ ਕੁਰਸੀ ਤੇ ਸ਼ਸ਼ੋਭਤ ਹੋਣ ਤੋਂ ਬਾਅਦ ਫਿਰ ਓਥ ਨਾ ਲਵੋ, ਕਿਉਂਕਿ ਤੁਸੀਂ ਇਸ ਆਫਿਸ ਨੂੰ ਹੁਣ ਸੰਭਾਲਿਆ ਹੈ । (ਵਿਘਨ)

**ਮੁੱਖ ਮੰਤਰੀ** : ਇਹ ਤਾਂ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਸਪੀਕਰ ਸਾਹਿਬ ਨੇ ਤਾਂ ਪਹਿਲੇ ਹੀ ਓਥ ਲੈ ਲਈ ਹੋਈ ਹੈ ।

**ਸਰਦਾਰ ਤਿਰਲੋਚਨ ਸਿੰਘ** ਰਿਆਸਤੀ (ਪੱਕਾ ਕਲਾਂ) : ਮੈਂ ਲੀਡਰ ਆਫ ਦੀ ਹਾਊਸ ਪਾਸ ਬੇਨਤੀ ਕਰਦਾ ਹਾਂ ਕਿ ਉਹ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾ ਕੇ ਮੈਂਬਰਜ਼ ਨੂੰ ਆਉਣ ਤੋਂ ਪਹਿਲਾਂ ਵਰਤਾ ਦਿਆ ਕਰਨ (ਵਿਘਨ) ਇਹ ਤਾਂ ਕੱਲ ਹੀ ਕਰ ਦੇਣਾ ਚਾਹੀਦਾ ਸੀ ਤਾਕਿ ਮਾਹੌਲ ਠੰਡਾ ਰਹੇ । (ਵਿਘਨ)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਮਾਨਯੋਗ ਮੈਂਬਰ ਨੇ ਬੜੀ ਫਜ਼ੂਲ ਜਿਹੀ ਗੱਲ ਕੀਤੀ ਹੈ। ਇਸ ਦੇ ਕੋਈ ਮਾਅਨੇ ਨਹੀਂ ਨਿਕਲਦੇ। (ਵਿਘਨ)

**ਸਰਦਾਰ ਸੰਤ ਸਿੰਘ** (ਧੂਰੀ) : ਕੜਾਹ ਪ੍ਰਸ਼ਾਦ ਨੂੰ ਤੁਸੀਂ ਫਜ਼ੂਲ ਸਮਝਦੇ ਹੋ? (ਵਿਘਨ)

**ਮੁੱਖ ਮੰਤਰੀ** : ਮੈਂ ਤਾਂ ਤੁਹਾਡੀ ਗੱਲ ਨੂੰ ਵੀ ਫਜ਼ੂਲ ਸਮਝਦਾ ਹਾਂ ਅਤੇ ਤੁਹਾਨੂੰ ਵੀ ਫਜ਼ੂਲ ਸਮਝਦਾ ਹਾਂ। (ਵਿਘਨ)

---

## CONGRATULATORY SPEECHES

**ਮੁੱਖ ਮੰਤਰੀ** (ਸਰਦਾਰ ਗੁਰਨਾਮ ਸਿੰਘ) : ਸਪੀਕਰ ਸਾਹਿਬ, ਮੈਂ ਆਪ ਨੂੰ ਵਧਾਈ ਦੇਂਦਾ ਹਾਂ। ਇਸ ਚੋਣ ਤੇ ਤੁਸੀਂ ਖਾਸ ਤੌਰ ਕੇ ਵਧਾਈ ਦੇ ਹੱਕਦਾਰ ਹੋ ਕਿਉਂਕਿ ਤੁਹਾਡੀ ਚੋਣ ਮੁਤਫਿਕਾ ਤੌਰ ਤੇ ਪਹਿਲੀ ਦਫ਼ਾ ਹੋਈ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਇਸ ਉਚੀ ਪਦਵੀ ਨੂੰ ਸੰਭਾਲਿਆ ਹੈ ਔਰ ਤੁਸੀਂ ਵਿਧਾਨ ਸਭਾ ਦੇ ਮੈਂਬਰ ਪਹਿਲਾਂ ਵੀ ਰਹੇ ਹੋ। ਸਪੀਕਰ ਦੇ ਜੋ ਫਰਜ਼ ਹਨ ਉਹ ਆਪ ਨੂੰ ਮਾਲੂਮ ਹਨ। ਤੁਸੀਂ ਇਸ ਕੁਰਸੀ ਤੇ ਬੈਠ ਕੇ ਸਰਕਾਰੀ ਬੈਂਚਿਜ਼ ਅਤੇ ਮੁਖਾਲਿਫ਼ ਬੈਂਚਾਂ ਤੇ ਬੈਠੇ ਮੈਂਬਰਾਂ ਨੂੰ ਇਕੋ ਨਿਗਾਹ ਨਾਲ ਦੇਖਣਾ ਹੈ ਔਰ ਇਸ ਹਾਊਸ ਦੇ ਤੁਸੀਂ ਰਖਵਾਲੇ ਹੋ। ਇਸ ਦੀ ਤੁਸੀਂ ਰਖਸ਼ਾ ਕਰਨੀ ਹੈ ਔਰ ਇਸ ਹਾਊਸ ਦੀਆਂ ਜੋ ਟਰੈਡੀਸ਼ਨਜ਼ ਹਨ, ਉਨ੍ਹਾਂ ਨੂੰ ਕਾਇਮ ਰਖਣਾ ਹੈ। ਮੈਂ ਸਮਝਦਾ ਹਾਂ ਕਿ ਤੁਸੀਂ ਇਸ ਹਾਊਸ ਦੇ ਫਰਜ਼ਾਂ ਨੂੰ ਠੀਕ ਔਰ ਦਿਆਨਤਦਾਰੀ ਨਾਲ ਨਿਭਾਵੋਗੇ ਅਤੇ ਦੋਹਾਂ ਪਾਸਿਆਂ ਨਾਲ ਇਕੋ ਜਿਹਾ ਇਨਸਾਫ ਕਰੋਗੇ। ਮੈਨੂੰ ਇਹ ਗਲ ਵੀ ਪਤਾ ਹੈ ਕਿ ਤੁਸੀਂ ਇਸ ਹਾਊਸ ਦੇ ਜਿੰਨੇ ਹੱਕ ਹਨ ਉਨ੍ਹਾਂ ਦੀ ਰਖਸ਼ਾ ਕਰੋਗੇ। ਉਨ੍ਹਾਂ ਟਰੈਡੀਸ਼ਨਜ਼, ਦੀ ਜਿਹੜੀਆਂ ਜਮਹੂਰੀਅਤ ਵਿਚ ਬੜੀ ਦੇਰ ਤੋਂ ਕਾਇਮ ਹੋ ਚੁਕੀਆਂ ਹਨ, ਤੁਸੀਂ ਰਖਸ਼ਾ ਕਰੋਗੇ ਔਰ ਉਨ੍ਹਾਂ ਨੂੰ ਕਾਇਮ ਰਖੋਗੇ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਤੁਹਾਨੂੰ ਇਸ ਗਲ ਵਿਚ ਮੁਕੰਮਲ ਤੁਆਵਨ, ਸਹਿਯੋਗ ਅਤੇ ਪੂਰੀ ਮਿਲਵਰਤਨ ਦੇਵਾਂਗੇ ਔਰ ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਹਾਊਸ ਦੀ ਕਾਰਵਾਈ ਬਿਲਕੁਲ ਠੀਕ ਅਤੇ ਅੱਛੀ ਤਰ੍ਹਾਂ ਚਲੇ ਔਰ ਕੋਈ ਗੜਬੜ ਨਾ ਹੋਵੇ। ਅਸੀਂ ਇਸ ਹਾਊਸ ਨੂੰ ਉਸ ਤਰੀਕੇ ਨਾਲ ਚਲਾਉਣਾ ਚਾਹੁੰਦੇ ਹਾਂ ਜਿਸ ਤਰੀਕੇ ਨਾਲ ਡੈਮੋਕਰੇਸੀ ਦੇ ਵਿਚ ਜਾਂ ਜਮਹੂਰੀਅਤ ਦੇ ਵਿਚ ਹੁੰਦਾ ਹੈ। ਮੈਂ ਆਪ ਨੂੰ ਸਰਕਾਰੀ ਬੈਂਚਾਂ ਵਲੋਂ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਤੁਹਾਨੂੰ ਪੂਰੀ ਪੂਰੀ ਮਿਲਵਰਤਨ ਦੇਵਾਂਗੇ ਅਤੇ ਇਥੇ ਕੋਈ ਗੜਬੜ ਨਹੀਂ ਹੋਣ ਦੇਵਾਂਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਨੂੰ ਵਧਾਈ ਦਿੰਦਾ ਹਾਂ ਇਸ ਉਚੀ ਪਦਵੀ ਲਈ ਜੋ ਅੱਜ ਤੁਹਾਨੂੰ ਇਸ ਹਾਊਸ ਨੇ ਦਿਤੀ ਹੈ। (ਤਾੜੀਆਂ)

**ਮੇਜਰ ਹਰਿੰਦਰ ਸਿੰਘ** (ਅਜਨਾਲਾ) : ਸਤਿਕਾਰਯੋਗ ਸਪੀਕਰ ਸਾਹਿਬ, ਲੀਡਰ ਆਫ਼ ਦੀ ਆਪੋਜ਼ੀਸ਼ਨ ਵਜੋਂ ਔਰ ਆਪਣੀ ਪਾਰਟੀ ਵਲੋਂ ਮੈਂ ਆਪ ਜੀ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਕਿ ਤੁਸੀਂ ਇਸ ਕੁਰਸੀ ਤੇ ਬਿਰਾਜਮਾਨ ਅਤੇ ਸ਼ਸ਼ੋਭਤ ਹੋਏ ਹੋ। ਮੈਂ ਆਪ ਨੂੰ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਹਾਊਸ ਦੀ ਡਿਗਨਿਟੀ ਕਾਇਮ ਰਖਣ ਦਾ ਸਵਾਲ ਹੈ, ਮੈਂਬਰਾਂ ਦੇ ਹੱਕ ਅਤੇ ਪ੍ਰਿਵਿਲਜਾਂ ਦੇ ਤੁਸੀਂ ਅੱਜ ਤੋਂ ਕਸਟੋਡੀਅਨ ਹੋ, ਉਸ ਨੂੰ ਕਾਇਮ ਰਖਣ ਵਿਚ ਅਸੀਂ ਪੂਰਾ ਸਹਿਯੋਗ ਦੇਵਾਂਗੇ। ਮੈਨੂੰ ਉਮੀਦ ਹੈ ਅਤੇ ਜ਼ਾਤੀ ਤੌਰ ਤੇ ਮੈਨੂੰ ਮਾਣ ਹੈ ਕਿ ਤੁਸੀਂ ਸ਼ਰਾਫਤ ਦਾ ਮੁਜਸਮਾ ਹੋ ਅਤੇ ਤੁਸੀਂ ਸਭ ਨੂੰ ਸਜੀ ਖਬੀ ਅੱਖ ਸਮਝੋਗੇ। ਜਮਹੂਰੀਅਤ ਯੁਗ ਵਿਚ, ਇਲੈਕਸ਼ਨਾਂ ਰਾਹੀਂ ਹਾਰ ਜਿਤ ਹੁੰਦੀ ਰਹਿੰਦੀ ਹੈ। ਇਲੈਕਸ਼ਨ ਪਾਰਟੀਆਂ ਦੀ ਬਿਨਾ ਤੇ ਲੜੀ ਜਾਂਦੀ ਹੈ। ਇਹ ਇਕ ਚੰਗੀ ਰਵਾਇਤ ਹੈ ਕਿ ਸਪੀਕਰ ਦੀ ਚੋਣ ਸਰਵਸੰਮਤੀ

Original with;
Punjab Vidhan Sabha
Digitized by;
Panjab Digital Library

[ਮੇਜਰ ਹਰਿੰਦਰ ਸਿੰਘ]

ਨਾਲ ਹੋਵੇ । ਜਦੋਂ ਉਹ ਸਪੀਕਰ ਬਣ ਜਾਂਦਾ ਹੈ ਤਾਂ ਉਹ ਆਪਣੀ ਪਾਰਟੀ ਨਾਲੋਂ ਤੱਲਕ ਤੋੜ ਲੈਂਦਾ ਹੈ ਅਤੇ ਹਾਊਸ ਦਾ ਰਾਖਾ ਬਣ ਜਾਂਦਾ ਹੈ । ਅਸੀਂ ਦੇਖਦੇ ਹਾਂ ਕਿ ਬਹੁਤ ਘੱਟ ਮਿਸਾਲ ਮਿਲਦੀ ਹੈ ਜਿਥੇ ਬੜੇ ਸੁਚੱਜੇ ਢੰਗ ਨਾਲ ਅਤੇ ਖੁਸ਼ਗਵਾਰ ਮਾਹੌਲ ਵਿਚ ਸਪੀਕਰ ਦੀ ਚੋਣ ਹੋਈ ਹੋਵੇ । ਇਸ ਲਈ ਮੈਂ ਸਮਝਦਾ ਹਾਂ ਕਿ ਇਹ ਇਸ ਹਾਊਸ ਦੀ ਸ਼ੋਭਾ ਹੈ, ਇਹ ਪੰਜਾਬ ਦੀ ਸ਼ੋਭਾ ਹੈ । ਜਿਥੋਂ ਤਕ ਮੇਰੀ ਸੇਵਾ ਦਾ ਤੱਲਕ ਹੈ ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਰਹਿ ਕੇ ਵੀ ਆਪ ਨੂੰ ਯਕੀਨ ਦੁਆਉਂਦਾ ਹਾਂ ਕਿ ਤੁਸੀਂ ਜੋ ਵੀ ਮੁਨਸਫਾਨਾ, ਦਲੇਰਾਨਾ ਔਰ ਜਮਹੂਰੀਅਤ ਨੂੰ ਮੁੱਖ ਰਖ ਕੇ ਸ਼ਾਨਦਾਰ ਟਰੈਡੀਸ਼ਨ ਨੂੰ ਕਾਇਮ ਰਖਣ ਵਾਸਤੇ ਜੋ ਵੀ ਹੁਕਮ ਕਰੋਗੇ ਅਸੀਂ ਉਨ੍ਹਾਂ ਨੂੰ ਖਿੜੇ ਮਥੇ ਪਰਵਾਨ ਕਰਾਂਗੇ । ਸਾਡੇ ਜਿਹੜੇ ਹੱਕ ਹੱਕੂਕ ਹਨ ਭਾਵੇਂ ਅਸੀਂ ਉਨ੍ਹਾਂ ਬੈਂਚਾਂ ਤੇ ਹਾਂ ਜਾਂ ਇਨ੍ਹਾਂ ਬੈਂਚਾਂ ਤੇ ਹਾਂ, ਤੁਸੀਂ ਸਾਰਿਆਂ ਨੂੰ ਇਕ ਅੱਖ ਨਾਲ ਦੇਖੋਗੇ ਔਰ ਇਸ ਹਾਊਸ ਦੀ ਡਿਗਨਿਟੀ ਕਾਇਮ ਰਖਣ ਲਈ ਸਿਆਣੇ ਢੰਗ ਨਾਲ ਹਿੱਸਾ ਪਾਉਗੇ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਆਪ ਨੂੰ ਯਕੀਨ ਦੁਆਉਂਦਾ ਹਾਂ ਕਿ ਸਾਡਾ ਤੁਹਾਨੂੰ ਹਰ ਤਰ੍ਹਾਂ ਨਾਲ ਪੂਰਾ ਸਹਿਯੋਗ ਹੋਵੇਗਾ । ਨਿਰਾ ਆਪ ਨੂੰ ਹੀ ਨਹੀਂ ਮੈਂ ਲੀਡਰ ਆਫ ਦੀ ਹਾਊਸ ਨੂੰ ਵੀ ਯਕੀਨ ਦੁਆਉਂਦਾ ਹਾਂ ਕਿ ਜਿਥੋਂ ਤਕ ਪੰਜਾਬ ਦੀ ਉਸਾਰੀ ਦੇ ਕੰਮਾਂ ਦਾ ਤੱਲਕ ਹੈ ਮੇਰੀ ਪਾਰਟੀ ਹਰ ਵੇਲੇ ਉਨ੍ਹਾਂ ਨੂੰ ਪੂਰਾ ਪੂਰਾ ਸਹਿਯੋਗ ਦੇਵੇਗੀ । (ਆਪੋਜ਼ੀਸ਼ਨ ਬੈਂਚਾਂ ਵਲੋਂ ਥੰਪਿੰਗ) ਮੇਰੇ ਵਾਸਤੇ ਕੋਈ ਫ਼ਰਕ ਨਹੀਂ ਪੈਂਦਾ, ਅਸੀਂ ਭਾਵੇਂ ਇਨ੍ਹਾਂ ਬੈਂਚਾਂ ਤੇ ਹੋਈਏ ਭਾਵੇਂ ਉਨ੍ਹਾਂ ਬੈਂਚਾਂ ਤੇ ਹੋਈਏ । ਇਨ੍ਹਾਂ ਲਫਜ਼ਾਂ ਨਾਲ ਜਿਥੇ ਮੈਂ ਆਪਣੀ ਪਾਰਟੀ ਵਲੋਂ ਦਿਲੋਂ ਵਧਾਈ ਦਿੰਦਾ ਹਾਂ ਉਥੇ ਮੈਂ ਬੜੇ ਚੰਗੇ ਢੰਗ ਨਾਲ ਸਪੀਕਰ ਦੀ ਚੋਣ ਕਰਨ ਤੇ ਵੀ ਹਾਊਸ ਨੂੰ ਵਧਾਈ ਦਿੰਦਾ ਹਾਂ । ਆਖਿਰ ਵਿਚ ਮੈਂ ਆਪ ਨੂੰ ਇਨ੍ਹਾਂ ਸ਼ਬਦਾਂ ਨਾਲ ਦਿਲੋਂ ਹਾਰਦਿਕ ਵਧਾਈ ਦਿੰਦਾ ਹਾਂ । (ਪ੍ਰਸ਼ੰਸਾ)

**ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪੱਛਮ)** : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਆਪ ਜੀ ਦੇ ਸਰਵ-ਸੰਮਤੀ ਦੇ ਨਾਲ ਚੁਣੇ ਜਾਣ ਦੇ ਉਤੇ ਸਿਰਫ ਆਪ ਨੂੰ ਹੀ ਨਹੀਂ ਬਲਕਿ ਆਪ ਦੀ ਰਾਹੀਂ ਸਾਰੇ ਹਾਊਸ ਨੂੰ ਵਧਾਈ ਦੇਣਾ ਚਾਹੁੰਦਾ ਹਾਂ । ਬਹੁਤ ਸਾਰੇ ਦੇਸ਼ਾਂ ਦੇ ਵਿਚ ਔਰ ਸਾਡੇ ਦੇਸ਼ ਵਿਚ ਵੀ ਇਕ ਟਰੈਡੀਸ਼ਨ, ਇਕ ਰਿਵਾਜ ਰਿਹਾ ਹੈ ਕਿ ਸਪੀਕਰ ਦੇ ਚੁਣਾਓ ਦੇ ਸਿਲਸਿਲੇ ਵਿਚ ਲੀਡਰ ਆਫ ਦੀ ਹਾਊਸ ਦੂਸਰੀਆਂ ਪਾਰਟੀਆਂ ਦੇ ਲੀਡਰਾਂ ਨਾਲ ਕਨਸਲਟੇਸ਼ਨ ਕਰਨ । ਇਹ ਜਿਹੜੀ ਟਰੈਡੀਸ਼ਨ ਜਾਂ ਰਿਵਾਜ ਹੈ ਇਹ ਇਕ ਬੜਾ ਅੱਛਾ ਰਿਵਾਜ ਹੈ । ਉਸ ਦੇ ਨਾਲੋਂ ਵੀ ਵੱਧ ਇਹ ਗਲ ਸਾਡੇ ਪੰਜਾਬ ਦੀ ਅਸੈਂਬਲੀ ਵਿਚ ਹੋਈ ਹੈ ਕਿ ਇਥੇ ਦੇ ਸਪੀਕਰ ਸਰਵ ਸੰਮਤੀ ਨਾਲ ਚੁਣੇ ਗਏ ਹਨ । ਇਹ ਤੁਹਾਡੀ ਸ਼ਖਸ਼ੀਅਤ ਕਰਕੇ ਹੀ ਹੈ ਅਤੇ ਇਹ ਤੁਹਾਡੇ ਬੜ੍ਹਪਨ ਨੂੰ ਜ਼ਾਹਰ ਕਰਦਾ ਹੈ ਕਿ ਤੁਸੀਂ ਸਰਬਸੰਮਤੀ ਨਾਲ ਚੁਣੇ ਗਏ ਹੋ । ਸਾਰਾ ਹਾਊਸ ਤੁਹਾਡੇ ਕੋਲੋਂ ਇਹ ਤਵੱਕੋ ਕਰਦਾ ਹੈ ਕਿ ਤੁਸੀਂ ਇਸ ਕੁਰਸੀ ਦੇ ਫਰਜ਼ਾਂ ਨੂੰ ਬੜੀ ਨਿਰਪਖਤਾ ਨਾਲ ਨਿਭਾਉਗੇ । ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਜਿਹੜੀ ਤੁਹਾਡੀ ਸ਼ਖਸ਼ੀਅਤ ਤੇ ਵਿਸ਼ਵਾਸ ਹੈ, ਇਹ ਜਿਹੜੀ ਤੁਹਾਡੇ ਤੇ ਤਵੱਕੋ ਹੈ ਤੁਸੀਂ ਉਸ ਨੂੰ ਬੜੀ ਜ਼ਿਮੇਵਾਰੀ ਨਾਲ ਨਿਭਾਉਗੇ । ਸਾਡੇ ਦੇਸ਼ ਦੇ ਵਿਚ ਪਾਰਲੀਮੈਂਟਰੀ ਜਮਹੂਰੀਅਤ ਦੀਆਂ ਰਵਾਇਤਾਂ ਜੋ ਇਸ ਵੇਲੇ ਬਣ ਰਹੀਆਂ ਹਨ ਚਾਹੇ ਉਹ ਪਕੀਆਂ ਹਨ ਜਾਂ ਉਹ ਕਚੀਆਂ ਹਨ, ਚਾਹੇ ਉਨ੍ਹਾਂ ਨਾਲ ਜਮਹੂਰੀਅਤ ਮਜ਼ਬੂਤ ਹੁੰਦੀ ਹੈ ਜਾਂ ਕਮਜ਼ੋਰ ਹੁੰਦੀ ਹੈ ਇਸ ਦਾ ਦਾਰੋਮਦਾਰ ਦੇਸ਼ ਦੀਆਂ ਸਿਆਸੀ ਪਾਰਟੀਆਂ ਤੇ ਅਤੇ ਸਾਰੀ ਲੈਜਿਸਲੇਚਰ ਤੇ ਹੈ । ਉਸ ਦੇ ਵਿਚ ਜਿਹੜਾ ਸਜਨ ਮੁਖਤਲਿਫ ਅਸੈਂਬਲੀਆਂ ਜਾਂ

Original with;
Punjab Vidhan Sabha
Digitized by;
Panjab Digital Library

ਲੋਕ ਸਭਾਵਾਂ ਦਾ ਸਪੀਕਰ ਚੁਣਿਆ ਜਾਂਦਾ ਹੈ ਉਨ੍ਹਾਂ ਦੇ ਉਤੇ ਵੀ ਕਾਫ਼ੀ ਹਦ ਤਕ ਜ਼ਿਮੇਵਾਰੀ ਆਉਂਦੀ ਹੈ । ਸਪੀਕਰ ਸਾਹਿਬ ਤੁਹਾਨੂੰ ਪਤਾ ਹੀ ਹੈ ਕਿ ਪਿਛਲੇ 2 ਸਾਲਾਂ ਵਿਚ ਮੁਖਤਲਿਫ ਅਸੈਂਬਲੀਆਂ ਵਿਚ ਸਾਡੀ ਅਸੈਂਬਲੀ ਵਿਚ, ਬੰਗਾਲ ਦੀ ਅਸੈਂਬਲੀ ਵਿਚ ਕੀ ਕੁਝ ਵਾਕਿਆਤ ਹੋਏ । ਸਪੀਕਰ ਦਾ ਕੀ ਰੋਲ ਹੈ ਸਪੀਕਰ ਦੀ ਕੀ ਜ਼ਿਮੇਵਾਰੀ ਹੈ ਇਸ ਗਲ ਤੇ ਸਾਰੇ ਦੇਸ਼ ਦੇ ਵਿਚ ਬਹਿਸ ਮੁਬਾਸੇ ਹੋਏ । ਦੇਸ਼ ਦੇ ਵਿਚ ਪਾਰਲੀਮੈਂਟਰੀ ਜਮਹੂਰੀਅਤ ਨੂੰ ਸਪੀਕਰ ਕਿਸ ਤਰ੍ਹਾਂ ਤਕੜਾ ਕਰ ਸਕਦਾ ਹੈ, ਇਸ ਦੇ ਨਾਲ ਉਨ੍ਹਾਂ ਦਾ ਕੀ ਰੋਲ ਹੈ, ਉਨ੍ਹਾਂ ਦੀਆਂ ਕੀ ਜ਼ਿਮੇਵਾਰੀਆਂ ਹਨ ਇਸ ਗਲ ਤੇ ਕਾਫੀ ਬਹਿਸ ਹੋਈ । ਮੈਂ ਤਵਕੋ ਕਰਦਾ ਹਾਂ ਕਿ ਜੋ ਪਦਵੀ ਤੁਹਾਨੂੰ ਹਾਊਸ ਨੇ ਦਿਤੀ ਹੈ ਉਸ ਤੇ ਰਹਿ ਕੇ ਇਸ ਤਵੱਕੋ ਨੂੰ ਪੂਰਾ ਕਰੋਗੇ । ਮੈਂ ਇਹ ਵੀ ਆਸ ਕਰਾਂਗਾ ਕਿ ਸਾਡੀ ਅਸੈਂਬਲੀ ਵਿਚ ਤੁਹਾਡੀ ਸਪੀਕਰਸ਼ਿਪ ਦੇ ਦੌਰਾਨ ਕੋਈ ਇਹੋ ਜਿਹੀ ਗੱਲ ਮੁੜ ਕੇ ਨਹੀਂ ਹੋਵੇਗੀ ਜਿਹੜੀ ਕਿ ਪਿਛਲੇ ਸਾਲ ਬਜਟ ਪੇਸ਼ ਕਰਨ ਸਮੇਂ ਵਾਪਰੀ ਸੀ ।

ਔਰ ਇਸ ਦੇ ਨਾਲ ਸਾਰੇ ਦੇਸ਼ ਵਿਚ parliamentary system ਨੂੰ, ਦੇਸ਼ ਦੀ ਜਮਹੂਰੀਅਤ ਨੂੰ ਕਾਫ਼ੀ ਸਟ ਵਜੀ ਸੀ । ਮੈਨੂੰ ਪੂਰੀ ਆਸ ਹੈ ਕਿ ਤੁਸੀਂ ਇਸ ਪਦਵੀ ਤੇ ਰਹਿ ਕੇ ਆਪਣੇ ਫ਼ਰਜ਼ਾਂ ਨੂੰ ਪੂਰੀ ਤਰ੍ਹਾਂ ਸਰਅੰਜਾਮ ਦਿਉਗੇ ਤਾਂ ਤੁਹਾਡਾ ਨਾਂ ਅਤੇ ਸਾਰੀ ਪੰਜਾਬ ਅਸੈਂਬਲੀ ਦਾ ਨਾਂ ਦੇਸ਼ ਵਿੱਚ ਉਚਾ ਹੋਵੇਗਾ । ਪੰਜਾਬ ਦੀ ਅਸੈਂਬਲੀ ਦੇਸ਼ ਵਿਚ ਪਾਰਲੀਮੈਂਟਰੀ ਜਮਹੂਰੀਅਤ ਨੂੰ ਮਜ਼ਬੂਤ ਕਰਨ ਵੱਲ ਅਹਿਮ ਰੋਲ ਅਦਾ ਕਰ ਸਕਦੀ ਹੈ । ਮੈਂ ਸਪੀਕਰ ਸਾਹਿਬ ਇਹ ਜ਼ਰੂਰ ਕਹਿਣਾ ਚਾਹਵਾਂਗਾ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਅਤੇ ਲੀਡਰ ਆਫ਼ ਦੀ ਹਾਊਸ ਨੇ ਇਹ ਦਰੁਸਤ ਗਲ ਕਹੀ ਹੈ ਕਿ ਹਾਊਸ ਤੁਹਾਡੇ ਕੋਲੋਂ ਉਮੀਦ ਰਖਦਾ ਹੈ ਕਿ ਤੁਸੀਂ ਮੁਨਸਫਾਨਾ ਤਰੀਕੇ ਨਾਲ ਸਭ ਨੂੰ ਇਕ ਅੱਖ ਨਾਲ ਵੇਖਦਿਆਂ ਹਾਊਸ ਦੀ ਕਾਰਵਾਈ ਨੂੰ ਚਲਾਓਗੇ। ਪਾਰਲੀਮੈਂਟਰੀ ਜਮਹੂਰੀਅੱਤ ਵਿਚ ਮੁਨਸਫਾਨਾ ਤਰੀਕੇ ਦੇ ਵਿੱਚ ਇਕ ਲਾਜ਼ਮੀ ਗੱਲ ਇਹ ਹੁੰਦੀ ਹੈ ਕਿ ਚਾਹੇ ਆਪੋਜ਼ੀਸ਼ਨ ਕਿਸੇ ਪਾਰਟੀ ਦੀ ਚਾਹੇ ਕਾਂਗਰਸ ਦੀ ਹੋਵੇ ਚਾਹੇ ਕਿਸੇ ਹੋਰ ਪਾਰਟੀ ਦੀ ਹੋਵੇ, ਸਪੀਕਰ ਨੂੰ ਆਪੋਜ਼ੀਸ਼ਨ ਨੂੰ ਥੋੜਾ ਬਹੁਤ ਲੈਟੀਚੂਡ ਜ਼ਰੂਰ ਦੇਣਾ ਪੈਂਦਾ ਹੈ । ਜੇ ਲੈਟੀਚੂਡ ਦਿਤਾ ਜਾਵੇ ਤਾਂ ਹੀ ਹਾਊਸ ਸੁਚਜੇ ਢੰਗ ਨਾਲ ਚਲ ਸਕਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਸਪੀਕਰ ਸਾਹਿਬ ਆਪ ਦੇ ਸਰਬਸੰਮਤੀ ਨਾਲ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ ਔਰ ਆਪਣੀ ਪਾਰਟੀ ਵਲੋਂ ਇਜ਼ਹਾਰ ਤਵਕੋ ਕਰਾਂਗਾ ਕਿ ਆਪ ਇਸ ਹਾਊਸ ਨੂੰ ਨਿਰਪੱਖ ਤਰੀਕੇ ਨਾਲ ਚਲਾਉਗੇ ਅਤੇ ਇਸ ਪਦਵੀ ਦੇ ਵਕਾਰ ਨੂੰ ਹੋਰ ਉਚਾ ਕਰੋਗੇ ।

चौधरी बलबीर सिंह (होशियारपुर) :– स्पीकर साहिब, मैं आपको मुबारकबाद देने से पहले सरदार गुरनाम सिंह को मुबारकबाद देता हूं, लेकिन जिस ढंग से स्पीकर का इन्तेखाब इन्होंने किया है, मैं कुछ रोष प्रकट करता हूं । इन्होंने इस विषय पर कुछ एक लोगों से बातें की और बाकी लोगों को बाद में बताया।

आप पंजाब असेम्बली में सब से नौजवान स्पीकर चुने गये हैं । इससे पहिले जितने भी स्पीकर आये आप उन सब में से नौजवान हैं यह बड़ी खुशी की बात है कि मुल्क की सियास्त में नौजवान तबका दाखल हो रहा है । मैं आप से यह तवक्को रखूंगा कि जो अच्छी रिवायतें कायम की हुई हैं, इस असेम्बली में बाहर के मुल्कों में या देश के दूसरे सूबों मे आप उन अच्छी रिवायतों को कायम रखेंगे और जो बुरी कनवैन्शनज है उनको खत्म करने में मदद देंगे ताकि यह जो हिन्दुस्तान में लोकतन्त्र चल रहा है, वह ठीक ढ़ंग से आगे बढ़ सके ।

Original with;
Punjab Vidhan Sabha
Digitized by;
Panjab Digital Library

[चौधरी बलबीर सिंह]

मैं आप को मुबारकवाद देता हूं क्योंकि आपका किरदार, पिछली इस सभा में जो टूट गई थी बहुत ऊंचा और ठीक ढंग का रहा है । मैं उमीद करता हूं कि अब आप इस हाउस में ठीक ढंग से सारी पार्टियों को एक समान समझेंगे । मैं डाँग साहिब के साथ सहिमत हूं कि जो छोटी छोटी पार्टियां हैं आप उनके साथ केवल इंसाफ ही नहीं बल्कि उनको थोड़ी सी ढील भी देंगे ताकि वह आपने विचार पेश कर सकें । इस हाउस में जो कारवाई हो वह ठीक ढंग से चल सके।

मैं आपके चुनाव पर आपको मुबारिकवाद देता हूं और उमीद करता हूं कि आप इस हाउस की शान को दोबाला करेंगे ।

**ਜਥੇਦਾਰ ਹਰਦਿਤ ਸਿੰਘ ਭਠਲ** (ਧਨੌਲਾ) : ਸਪੀਕਰ ਸਾਹਿਬ, ਮੈਂ, ਆਪਨੂੰ, ਸਰਬਸੰਮਤੀ ਨਾਲ ਸਪੀਕਰ ਚੁਣੇ ਜਾਣ ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ । ਔਰ ਦੂਜੇ ਪਾਸੇ ਇਹ ਵੀ ਬੜੀ ਖੁਸ਼ੀ ਦੀ ਗਲ ਹੈ ਕਿ ਪਹਿਲੀ ਵਾਰ ਸਾਰੇ ਹਾਊਸ ਨੇ ਤੁਹਾਨੂੰ ਸਰਬਸੰਮਤੀ ਨਾਲ ਚੁਣਿਆ ਹੈ । ਅਤੇ ਆਸ ਕਰਦਾ ਹਾਂ ਕਿ ਹਾਊਸ ਬੜੇ ਪਿਆਰ ਨਾਲ ਅਗੇ ਵਧੇਗਾ । ਔਰ ਦੂਜੀ ਗਲ ਇਹ ਹੈ ਕਿ ਮੈਂ ਹਾਊਸ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਤੇ ਤੁਹਾਨੂੰ ਵੀ ਬੇਨਤੀ ਕਰਦਾ ਹਾਂ ਕਿ ਆਪ ਸਭ ਇਮਾਨਦਾਰੀ ਨਾਲ ਅਤੇ ਚੰਗੇ ਤਰੀਕੇ ਨਾਲ ਹਾਊਸ ਦਾ ਖਿਆਲ ਰਖੋਗੇ । ਮੈਂ ਫਿਰ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਜਿਸ ਤਰੀਕੇ ਨਾਲ ਪ੍ਰਧਾਨ ਜੀ ਦੀ ਚੋਣ ਕੀਤੀ ਹੈ ਉਸੇ ਤਰ੍ਹਾਂ ਨਾਲ ਹਾਊਸ ਦੀ ਸਾਰੀ ਕਾਰਵਾਈ ਚਲਾਉਣ ਵਿੱਚ ਮਦੱਦ ਦੇਣਗੇ । ਬੋਲਚਾਲ ਤਾਂ ਹਾਊਸ ਦੇ ਅੰਦਰ ਹੁੰਦੀ ਹੀ ਰਹਿੰਦੀ ਹੈ ਪਰ ਸਾਰੀ ਗਲ ਸਭਿੱਤਾ ਦੇ ਅੰਦਰ ਰਹਿ ਕੇ ਪਿਆਰ ਅਤੇ ਮੁਹਬੱਤ ਨਾਲ ਹੋਣੀ ਚਾਹੀਦੀ ਹੈ । ਜਿਸ ਤਰ੍ਹਾਂ ਅਗੇ ਪਿਛਲੇ ਹਾਊਸ ਵਿਚ ਹੁੰਦੀ ਰਹੀ ਹੈ ਉਸ ਤਰ੍ਹਾਂ ਨਹੀਂ ਹੋਣੀ ਚਾਹੀਦੀ ।

ਹੁਣ ਮੈਂ ਅਰਜ਼ ਕਰਦਾ ਹਾਂ ਕਿ ਜਿਸਤਰ੍ਹਾ ਸਾਰੇ ਹਾਊਸ ਨੇ ਤੁਹਾਡੀ ਚੋਣ ਕੀਤੀ ਹੈ ਇਸੇ ਤਰ੍ਹਾਂ ਤੁਹਾਡੇ ਤੋਂ ਅਸੀਂ ਸਾਰੇ ਇਹ ਆਸ ਵੀ ਰਖਦੇ ਹਾਂ ਕਿ ਤੁਸੀਂ ਭੀ ਉਸੇ ਤਰ੍ਹਾਂ ਹਾਊਸ ਦੀ ਕਾਰਵਾਈ ਨੂੰ ਚਲਾਉਗੇ । ਦੂਜੇ ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਹੜੀਆਂ ਵਡੀਆਂ ਵਡੀਆਂ ਪਾਰਟੀਆਂ ਹੁੰਦੀਆਂ ਹਨ ਉਨ੍ਹਾਂ ਦੇ ਬੋਲਣ ਵਾਲੇ ਚੂੰਕਿ ਬਹੁਤ ਹੁੰਦੇ ਹਨ ਤੇ ਇਸ ਲਈ ਉਨ੍ਹਾਂ ਨੂੰ ਛੋਟੀਆਂ ਪਾਰਟੀਆਂ ਦੇ ਮੁਕਾਬਲੇ ਵਿੱਚ ਵੱਧ ਸਮਾਂ ਦਿਤਾ ਜਾਂਦਾ ਹੈ । ਉਸੇ ਤਰ੍ਹਾਂ ਛੋਟੀਆਂ ਪਾਰਟੀਆਂ ਵਾਲਿਆਂ ਨੂੰ ਵੀ ਵੱਧ ਤੋਂ ਵੱਧ ਸਮਾਂ ਦਿਤਾ ਜਾਇਆ ਕਰੇ ਤਾਂ ਜੋ ਉਹ ਆਪਣੇ ਹਲਕਿਆਂ ਦੇ ਲੋਕਾਂ ਦੀਆਂ, ਜਿਨ੍ਹਾਂ ਦੀ ਉਹ ਨੁਮਾਇੰਦਗੀ ਕਰ ਰਹੇ ਹੁੰਦੇ ਹਨ, ਤਕਲੀਫ਼ਾਂ ਸਰਕਾਰ ਦੇ ਸਾਮ੍ਹਣੇ ਰਖ ਸਕਣ । ਮੈਂ ਇੰਨੀ ਗਲ ਕਹਿੰਦਾ ਹੋਇਆ ਇਸ ਮੌਕੇ ਤੇ ਆਪਨੂੰ ਆਪਣੇ ਅਤੇ ਆਪਣੀ ਪਾਰਟੀ ਵਲੋਂ ਵਧਾਈ ਦੇ ਕੇ ਆਪਣਾ ਸਥਾਨ ਲੈਂਦਾ ਹਾਂ ।

**ਸਰਦਾਰ ਬਸੰਤ ਸਿੰਘ** (ਡਕਾਲਾ) : ਮੈਂ ਸਪੀਕਰ ਸਾਹਿਬ, ਆਪ ਦੇ ਇਲੈਕਸ਼ਨ ਤੇ ਆਪ ਨੂੰ ਮੁਬਾਰਕਵਾਦ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਤੁਸੀਂ ਹਾਊਸ ਦੇ ਡੈਕੋਰਮ ਅਤੇ ਡਿਗਨਿਟੀ ਨੂੰ ਅਗੇ ਨਾਲੋਂ ਬਹੁਤ ਜ਼ਿਆਦਾ ਵਧਾਉਗੇ । ਸੈਕਸੈਸਫੁਲ ਕਾਂਡੈਕਟ ਆਫ਼ ਅਸੈਂਬਲੀ ਦੋ ਗਲਾਂ ਤੇ ਨਿਰਭਰ ਕਰਦੀ ਹੈ । ਇਕ ਤਾਂ ਇਹ ਹੈ ਕਿ ਰਿਸਪੈਕਟ ਫ਼ਾਰ ਪਾਰਲੀਮੈਂਟਰੀ ਸਿਸਟਮ ਆਫ਼ ਗੌਰਮੈਂਟ ਲੋਕਾਂ ਵਿੱਚ ਅਗੇ ਨਾਲੋਂ ਘਟਦਾ ਹੈ ਜਾਂ ਵਧਦਾ ਹੈ ਅਤੇ ਦੂਜੇ ਜਿਹੜੀਆਂ ਪੁਰਾਣੀਆਂ ਅਤੇ ਅੱਛੀਆਂ ਕਨਵੈਨਸ਼ਨਾਂ ਹਨ ਉਨ੍ਹਾਂ ਨੂੰ ਨਾ ਕੇਵਲ ਕਾਇਮ ਹੀ ਰਖਿਆ ਜਾਂਦਾ ਹੈ ਬਲਕਿ ਨਵੀਆਂ ਅਤੇ ਸਟਿਲ ਹੈਲਦੀਅਰ ਕੰਨਵੈਨਸ਼ਨਾਂ ਨੂੰ ਕਾਇਮ ਕੀਤਾ

Original with;
Punjab Vidhan Sabha
Digitized by;
Panjab Digital Library

ਜਾਂਦਾ ਹੈ । ਮੈਨੂੰ ਆਸ ਹੈ ਕਿ ਤੁਸੀਂ ਹਾਊਸ ਦੀਆਂ ਪਰੋਸੀਡਿੰਗਜ਼ ਨੂੰ ਸਕਸੈਸਫੁਲੀ ਚਲਾਉਗੇ । ਸਪੀਕਰ ਸਾਹਿਬ, ਸਾਡੇ ਦੇਸ਼ ਵਿਚ ਕਦੇ ਕਦੇ ਡਿਪਰੈਸਿੰਗ ਅਤੇ disappointing events ਹੁੰਦੇ ਹਨ । ਮਗਰ ਜਦੋਂ ਅਸੀਂ ਵੇਖਦੇ ਹਾਂ ਕਿ ਸਾਡੀ ਲਾ ਮੇਕਿੰਗ ਬਾਡੀਜ਼ ਠੀਕ ਤਰ੍ਹਾਂ ਨਾਲ ਕੰਮ ਚਲਾਈ ਜਾਂਦੀਆਂ ਹਨ ਤਾਂ ਉਹ ਇਕ ਸਿਲਵਰ-ਲਾਇਨਿੰਗ ਨਜ਼ਰ ਆਉਂਦੀ ਹੈ ਤੇ ਉਸ ਤੋਂ ਮਲੂਮ ਹੁੰਦਾ ਹੈ ਕਿ ਸਾਡੀ ਜਮੂਹਰੀਅੱਤ ਨੂੰ ਕੋਈ ਖਤਰਾ ਨਹੀਂ । ਮੈਂ ਅਰਜ਼ ਕਰਦਾ ਹਾਂ ਅਤੇ ਆਸ ਰਖਦਾ ਹਾਂ ਕਿ ਆਪ ਦੇ ਇਸ ਅਹਿਦ ਵਿੱਚ ਹਾਊਸ ਦੀਆਂ ਡਿਬੇਟਸ ਵਿੱਚ ਮਿਊਚੂਅਲ ਗੁਡਵਿਲ ਹੋਵੇਗੀ ਅਤੇ ਕੰਮ ਚੰਗੀ ਤਰ੍ਹਾਂ ਨਾਲ ਚਲ ਸਕੇਗਾ ਅਤੇ ਨਾਲੇ ਪ੍ਰੋਸੀਜਰਜ਼ ਵਿੱਚ ਵੀ ਕਲੇਰਿਟੀ ਹੋਵੇਗੀ । ਆਪੋਜ਼ੀਸ਼ਨ ਅਤੇ ਟਰੇਯਰੀ ਬੈਂਚਿਜ਼ ਤੇ ਜਿਹੜੇ ਮੈਂਬਰ ਬੈਠੇ ਹੋਏ ਹਨ ਉਨ੍ਹਾਂ ਦੇ ਦਰਮਿਆਨ ਦਾ ਬਰਿਜ ਮਜ਼ਬੂਤ ਹੋਵੇਗਾ ਅਤੇ ਤੁਅੱਲਕਾਤ ਠੀਕ ਰਹਿਣਗੇ । ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਰੂਲਿੰਗ ਪਾਰਟੀ ਵਾਲੇ ਟਰੈਯਰੀ ਬੈਂਚਾਂ ਤੇ ਬੈਠੇ ਹੁੰਦੇ ਹਨ ਉਨ੍ਹਾਂ ਨੂੰ ਕੰਨਸਿਡਰੇਸ਼ਨ ਸ਼ੋ ਕਰਨਾ ਚਾਹੀਦਾ ਹੈ । ਮੈਂ ਉਮੀਦ ਕਰਦਾ ਹਾਂ ਕਿ ਸਾਰੀਆਂ ਚੰਗੀਆਂ ਚੀਜ਼ਾਂ ਆਪ ਦੇ ਵਕਤ ਵਿਚ ਮਜ਼ਬੂਤ ਹੋਣਗੀਆਂ ਅਤੇ ਪੰਜਾਬ ਅਸੈਂਬਲੀ ਇਕ ਨਮੂਨਾ ਅਸੈਂਬਲੀ ਬਣੇਗੀ ਜਿਹੜੇ ਪਰੋਸੀਜਰਜ਼ ਅਤੇ ਕੰਨਵੈਨਸ਼ਨਜ਼ ਇਥੇ ਕਾਇਮ ਹੋਣਗੀਆਂ ਉਨ੍ਹਾਂ ਦੀ ਰਿਫਲੈਕਸ਼ਨ ਮੁਲਕ ਦੀਆਂ ਦੂਜੀਆਂ ਪੁਲੀਟੀਕਲ ਸੰਸਥਾਵਾਂ ਤੇ ਪਏਗੀ ਅਤੇ ਉਹ ਪੁਲੀਟੀਕਲੀ ਇੰਪਰੂਵ ਹੋਣਗੀਆਂ ।

ਮੈਂ ਤੁਹਾਨੂੰ ਆਪਣੀ ਕੋਆਪਰੇਸ਼ਨ ਦਾ ਯਕੀਨ ਦਿਲਾਉਂਦਾ ਹਾਂ ਅਤੇ ਤੁਹਾਨੂੰ ਇਸ ਮੌਕੇ ਤੇ ਫ਼ਿਰ ਮੁਬਾਰਕਬਾਦ ਦਿੰਦਾ ਹਾਂ ।

**ਸਰਦਾਰ ਕ੍ਰਿਪਾਲ ਸਿੰਘ** (ਅੰਮ੍ਰਿਤਸਰ ਦਖਣੀ) : ਸਪੀਕਰ ਸਾਹਿਬ, ਜਿਹੜਾ ਇਸ ਹਾਊਸ ਨੇ ਇਤਫ਼ਾਕ ਰਾਏ ਨਾਲ ਆਪਦਾ ਚੁਨਾਉ ਕੀਤਾ ਹੈ, ਉਸਤੇ ਮੈਂ ਆਪ ਨੂੰ ਮੁਬਾਰਕਬਾਦ ਦਿੰਦਾ ਹਾਂ ਅਸੀਂ ਵੇਖਦੇ ਹਾਂ ਕਿ ਅਸੀਂ ਸਾਰੇ ਇਥੇ ਹਾਊਸ ਵਿੱਚ ਅਤੇ ਸਟੇਜਾਂ ਤੇ ਲੋਕਾਂ ਦੇ ਸਾਹਮਣੇ ਜਮਹੂਰੀਅਤ ਦੀ ਕਾਇਮੀ ਵਾਸਤੇ ਬੜੇ ਬੜੇ ਦਾਆਵੇ ਕਰਦੇ ਹਾਂ । ਮਗਰ ਇਸਤੋਂ ਪਹਿਲਾਂ 15-20 ਸਾਲ ਦੀ ਜਮਹੂਰੀਅਤ ਦਾ ਨਕਸ਼ਾ ਸਾਡੇ ਸਾਹਮਣੇ ਹੈ ।

ਇਸ ਦੌਰ ਮੇਂ ਇਨਸਾਨ ਭੀ ਹਮ ਰੰਗ ਨਹੀਂ ।<br>
ਦਿਲ ਔਰ ਜ਼ਬਾਂ ਔਰ ਤਲਬ ਔਰ ਦਵਾ ਔਰ ।

ਜੋ ਭੀ ਨਵੀਂ ਸਰਕਾਰ ਬਣਦੀ ਹੈ ਉਸਦੀ ਰਿਫਲੈਕਸ਼ਨ ਜਮਹੂਰੀ ਢਾਂਚੇ ਤੇ ਪੈਂਦੀ ਹੈ । ਲੇਕਿਨ ਇਸ ਹਾਊਸ ਵਿਚ ਜਿਹੜਾ ਤੁਹਾਨੂੰ ਇਸ ਹਾਊਸ ਦਾ ਕੰਮ ਚਲਾਉਣ ਲਈ ਮੌਕਾ ਮਿਲਿਆ ਹੈ ਉਸਦੇ ਲਈ ਮੈਂ ਇਹ ਅਰਜ਼ ਕਰਾਂਗਾ ਕਿ ਤਾਕਤ ਦੇ ਮਿਲਣ ਤੇ ਆਪਣੇ ਆਪ ਨੂੰ ਭੁਲ ਨਹੀਂ ਜਾਣਾ ਚਾਹੀਦਾ ਕਿਉਂਕਿ :—

ਇਕ ਜੁਰਮ ਖ਼ਿਆਨਤ ਤੂ ਨੇ ਕੀਆ, ਤਾਕਤ ਕੋ ਜੋ ਅਪਨਾ ਸਮਝਾ ।<br>
ਤਾਕਤ ਪਾ ਕਰ ਭੂਲ ਨਾ ਜਾ ਤਾਕਤ ਤੋ ਅਮਾਨਤ ਹੋਤੀ ਹੈ ॥

ਤਾਕਤ ਲੋਕਾਂ ਦੀ ਅਮਾਨਤ ਹੁੰਦੀ ਹੈ ਅਤੇ ਜੇ ਇਸ ਦਾ ਮਿਸਯੂਜ਼ ਕੀਤਾ ਜਾਏ ਤਾਂ ਜਿਹੜੇ ਲੋਕ ਇਹ ਤਾਕਤ ਦਿੰਦੇ ਹਨ ਉਹ ਵਾਪਸ ਭੀ ਲੈ ਲੈਂਦੇ ਹਨ । ਅਸੀਂ ਕਈ ਵਾਰੀ ਜ਼ਾਤੀ ਚੀਜ਼ਾ ਨੂੰ ਸਾਹਮਣੇ ਰਖ ਕੇ ਜਮਹੂਰੀਅਤ ਨੂੰ ਬਦਨਾਮ ਕਰਦੇ ਹਾਂ. . . .

ਪਰ ਮੈਨੂੰ ਆਸ ਹੈ ਕਿ ਇਥੇ ਅਜਿਹੀ ਗੱਲ ਨਹੀਂ ਹੋਵੇਗੀ ਅਤੇ ਇਹ ਹਾਊਸ ਆਪ ਦੀ ਸਰਕਰਦਗੀ ਹੇਠ ਚੰਗੀਆਂ ਰਵਾਇਤਾਂ ਕਾਇਮ ਕਰ ਸਕੇਗਾ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕ੍ਰਿਪਾਲ ਸਿੰਘ]

ਇਕ ਗੱਲ ਮੈਂ ਹੋਰ ਕਹਿਣੀ ਹੈ ਜੋ ਕਿ ਪਹਿਲਾਂ ਵੀ ਕਹੀ ਜਾ ਚੁਕੀ ਹੈ। ਮੈਂ ਤਾਂ ਆਪਣੀ ਪਾਰਟੀ ਦਾ ਇਕੋ ਇਕ ਮੈਂਬਰ ਇਸ ਹਾਊਸ ਵਿਚ ਹਾਂ ਮਗਰ ਜਿਨ੍ਹਾਂ ਪਾਰਟੀਆਂ ਦੇ ਦੋ-ਦੋ ਜਾਂ ਤਿੰਨ-ਤਿੰਨ ਨੁਮਾਇੰਦੇ ਵੀ ਇਥੇ ਆਏ ਹਨ, ਉਨ੍ਹਾਂ ਨੇ ਵੀ ਇਸ ਸਦਨ ਵਿਚ ਇਕ ਖਿਆਲ ਦੀ ਨੁਮਾਇੰਦਗੀ ਕਰਨੀ ਹੈ, ਪੰਜਾਬ ਨਾਲ ਤੁਅਲੱਕ ਰਖਦੀ ਅਸੂਲੀ ਗੱਲ ਪੇਸ਼ ਕਰਨੀ ਹੈ ਅਤੇ ਜੇਕਰ ਉਨ੍ਹਾਂ ਨੂੰ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਵਿਚ ਗਿਣਤੀ ਦੇ ਹਿਸਾਬ ਨਾਲ ਹੀ ਟਾਈਮ ਮਿਲਿਆ ਤਾਂ ਉਹ ਉਸ ਅਸੂਲ ਦੀ ਨੁਮਾਇੰਦਗੀ ਨਹੀਂ ਕਰ ਸਕਣ ਲਗੇ। ਇਸ ਗੱਲ ਦਾ ਆਪ ਨੇ ਖਿਆਲ ਰਖਣਾ ਹੈ।

ਮੈਂ ਅੰਤ ਵਿਚ ਫਿਰ ਆਪ ਦੇ ਇਸ ਕਾਬਲੇਫਖਰ ਇੰਤਖ਼ਾਬ ਲਈ ਮੁਬਾਰਕਬਾਦ ਦਿੰਦਾ ਹਾਂ।

**ਸਰਦਾਰ ਲਛਮਣ ਸਿੰਘ ਗਿੱਲ** (ਧਰਮਕੋਟ) : ਸਪੀਕਰ ਸਾਹਿਬ, ਮੈਂ ਆਪ ਨੂੰ ਇਸ ਉੱਚ ਅਹੁਦੇ ਤੇ ਸਰਬਸੰਮਤੀ ਨਾਲ ਚੁਣ ਜਾਣ ਤੇ ਵਧਾਈ ਦਿੰਦਾ ਹਾਂ।

ਸਪੀਕਰ ਸਾਹਿਬ, ਆਪ ਦਾ ਤੁਅਲੱਕ ਉਸ ਪਾਰਟੀ ਨਾਲ ਰਿਹਾ ਹੈ ਜੋ ਕਿ ਹੁਣ ਰੂਲਿੰਗ ਪਾਰਟੀ ਹੈ ਅਤੇ ਉਸ ਨੂੰ ਰੂਲਿੰਗ ਪਾਰਟੀ ਹੋਣ ਦਾ ਹਕ ਵੀ ਹੈ ਕਿਉਂਕਿ ਉਹ ਮੈਜਾਰਿਟੀ ਵਿਚ ਹੈ ਅਤੇ ਉਸ ਨੂੰ ਇਖਤਿਆਰ ਹੈ ਕਿ ਉਹ ਕਿਸੇ ਦਾ ਵੀ ਨਾਮ ਇਸ ਕੁਰਸੀ ਲਈ ਪੇਸ਼ ਕਰੇ। ਮੈਨੂੰ ਇਸ ਗੱਲ ਤੇ ਵੀ ਖੁਸ਼ੀ ਹੈ ਕਿ ਆਪ ਨੂੰ ਆਪੋਜੀਸ਼ਨ ਨੇ ਵੀ ਪੂਰੀ ਸਪੋਰਟ ਦੇਕੇ ਸਰਬਸੰਮਤੀ ਨਾਲ ਚੁਣਿਆ ਹੈ। ਆਪ ਇਕ ਉੱਚੀ ਜਗ੍ਹਾ ਤੇ ਬੈਠੇ ਹੋ। ਸਟੇਟ ਵਿਚ ਜੋ ਕਾਨੂੰਨ ਬਣਦਾ ਹੈ, ਉਸ ਵਿਚ ਆਪ ਦਾ ਬੜਾ ਭਾਰੀ ਪਾਰਟ ਹੁੰਦਾ ਹੈ। ਅਗਰ ਸਰਕਾਰ ਕੋਈ ਜ਼ਿਆਦਤੀ ਕਰੇ, ਕੋਈ ਗ਼ਲਤ ਤਰੀਕਾ ਇਖਤਿਆਰ ਕਰੇ ਤਾਂ ਉਸ ਨੂੰ ਆਪ ਨੇ ਦੇਖਣਾ ਹੈ। ਆਪ ਨੇ ਪਹਿਲਾਂ ਜੋ ਇਥੇ ਕੰਮ ਕੀਤਾ ਹੈ ਉਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਪ ਵਿਚ ਜਾਨ ਹੈ, ਹਿੰਮਤ ਹੈ ਅਤੇ ਆਪ ਜ਼ੁਲਮ ਦੇ ਖ਼ਿਲਾਫ਼ ਖੜੇ ਹੋ ਸਕਦੇ ਹੋ ਅਤੇ ਮਰਦ ਵੀ ਉਹੀ ਹੈ ਜੋ ਜ਼ੁਲਮ ਨਾਲ ਟਕੱਰ ਲੈ ਸਕੇ। ਅਜ ਮੁਲਕ ਜਿਨ੍ਹਾਂ ਹਾਲਾਤ ਵਿਚੋਂ ਲੰਘ ਰਿਹਾ ਹੈ ਉਸ ਵਿਚ ਆਪ ਦੀ ਇਕ ਜ਼ਿੰਮੇਦਾਰੀ ਹੈ ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਵਾਹਿਗੁਰੂ ਆਪ ਨੂੰ ਹਿੰਮਤ ਬਖ਼ਸ਼ੇ ਕਿ ਅਜ ਜਿਸ ਤਬਾਹੀ ਵਲ ਦੇਸ਼ ਜਾ ਰਿਹਾ ਹੈ ਆਪ ਇਸ ਨੂੰ ਉਸ ਤੋਂ ਬਚਾ ਸਕੋ। ਅਜ ਤੋਂ ਆਪ ਦਾ ਆਪਣੀ ਪਾਰਟੀ ਨਾਲ ਸਬੰਧ ਟੁਟ ਚੁਕਾ ਹੈ। ਆਪਦੀ ਇਹ ਜਗ੍ਹਾ ਇਨਸਾਫ ਦੀ ਕੁਰਸੀ ਹੈ ਅਤੇ ਮੈਨੂੰ ਪੂਰਾ ਯਕੀਨ ਹੈ ਕਿ ਆਪ ਆਪਣੇ ਫਰਜ਼ਾਂ ਨੂੰ ਪੂਰੀ ਕਾਬਲੀਅਤ ਨਾਲ ਨਿਭਾਉਗੇ। ਮੈਂ ਆਪ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਂ ਆਪ ਦੇ ਹਰ ਹੁਕਮ ਦੀ ਪਾਲਣਾ ਕਰਾਂਗਾ ਅਤੇ ਆਪ ਨੂੰ ਹਰ ਤਰ੍ਹਾਂ ਦੀ ਅਸਿਸਟੈਂਸ ਦਿਆਂਗਾ। ਅੰਤ ਵਿਚ ਮੈਂ ਆਪ ਨੂੰ ਫਿਰ ਇਕ ਵਾਰ ਦਿਲੀ ਮੁਬਾਰਕਬਾਦ ਦਿੰਦਾ ਹਾਂ।

**ਸਰਦਾਰ ਨਰਿੰਦਰ ਸਿੰਘ** (ਨਾਭਾ) : ਸਾਹਿਬੇ ਸਦਰ, ਦੂਸਰੇ ਦੋਸਤਾਂ ਨੇ ਆਪ ਨੂੰ ਮੁਬਾਰਕਬਾਦ ਦਿਤੀ ਹੈ ਇਸੇ ਤਰ੍ਹਾਂ ਮੈਂ ਵੀ ਆਪ ਨੂੰ ਵਧਾਈ ਦਿੰਦਾ ਹਾਂ। ਸਪੀਕਰ ਸਾਹਿਬ, ਇਥੇ ਕੁਝ ਚੰਗੀਆਂ ਅਤੇ ਉਚੇ ਪਾਸੇ ਲੈ ਜਾਣ ਵਾਲੀਆਂ ਕਨਵੈਨਸ਼ਨਜ਼ ਵੀ ਕਾਇਮ ਹੋਈਆਂ ਅਤੇ ਕੁਝ ਅਜਿਹੀਆਂ ਕਨਵੈਨਸ਼ਨਜ਼ ਵੀ ਕਾਇਮ ਹੋਈਆਂ ਜਿਨ੍ਹਾਂ ਤੋਂ ਇਸ ਹਾਊਸ ਨੂੰ ਗੁਰੇਜ਼ ਕਰਨਾ ਪਵੇਗਾ ਅਤੇ ਜਿਨ੍ਹਾਂ ਤੇ ਆਪ ਨੂੰ ਕਰੜੀ ਨਜ਼ਰ ਰਖਣੀ ਪਵੇਗੀ। ਸਰਬਸੰਮਤੀ ਨਾਲ ਚੁਨਾਵ ਪਹਿਲਾਂ ਵੀ ਹੋਏ ਹਨ ਪਰ ਅੱਜ ਇਕ ਬੜੀ ਖੁਸ਼ੀ ਦੀ ਗੱਲ ਹੋਈ ਹੈ। ਕਿਹਾ ਗਿਆ ਕਿ ਸਪੀਕਰ

Original with;
Punjab Vidhan Sabha
Digitized by;
Panjab Digital Library

ਨਿਰਪਖ ਹੁੰਦਾ ਹੈ ਭਾਵੇਂ ਉਹ ਕਿਸੇ ਵੀ ਪਾਰਟੀ ਵਲੋਂ ਆਵੇ, ਇਥੇ ਆਕੇ ਨਿਰਪਖ ਹੋ ਜਾਂਦਾ ਹੈ। ਆਪ ਤਾਂ ਪਹਿਲਾਂ ਹੀ ਇੰਡੀਪੈਂਡੈਂਟ ਹੋ ਅਤੇ ਇਕ ਇੰਡੀਪੈਂਡੈਂਟ ਵਿਊਜ਼ ਦੇ ਮੈਂਬਰ ਦਾ ਚੁਨਾਵ ਹੋਇਆ ਹੈ, ਉਸ ਨੂੰ ਇਹ ਉਚ ਪਦਵੀ ਮਿਲੀ ਹੈ। ਆਪ ਦਾ ਪਹਿਲਾਂ ਭਾਵੇਂ ਕਿਸੇ ਵੀ ਪਾਰਟੀ ਨਾਲ ਤੁਅਲਕ ਰਿਹਾ ਹੋਵੇ ਪਰ ਇਥੇ ਬੈਠ ਕੇ ਆਪ ਤੋਂ ਹਰ ਗੱਲ ਐਸੀ ਹੋਣੀ ਚਾਹੀਦੀ ਹੈ ਜੋ ਡੈਮੋਕਰੈਸੀ ਨੂੰ ਅਗੇ ਲੈ ਜਾਣ ਵਾਲੀ ਹੋਵੇ।

ਇਸ ਵੇਲੇ ਕਿਸੇ ਵਲੋਂ ਕੋਈ ਕੰਟਰੋਵਰਸੀ ਗੱਲ ਨਹੀਂ ਹੋਣੀ ਚਾਹੀਦੀ ਮਗਰ ਡਾਂਗ ਸਾਹਿਬ ਨੇ ਇਕ ਗੱਲ ਕਹੀ ਜਿਸ ਬਾਰੇ ਮੈਂ ਸਿਰਫ਼ ਇਕ ਲਫ਼ਜ਼ ਹੀ ਕਹਿਣਾ ਹੈ। ਜਦ ਕਿਸੇ ਡੈਮੋਕਰੇਸੀ ਵਿਚ ਯਕੀਨ ਰਖਣ ਵਾਲੇ ਦੇਸ਼ ਦੀ ਸੁਪਰੀਮ ਕੋਰਟ ਕੋਈ ਫੈਸਲਾ ਦੇਵੇ ਤਾਂ ਫਿਰ ਉਸ ਦੇ ਖਿਲਾਫ਼ ਬਜਟ ਦਾ ਨਾਮ ਲੈਕੇ ਕੋਈ ਗੱਲ ਰਿਕਾਰਡ ਤੇ ਲਿਆਉਣੀ ਚੰਗੀ ਨਹੀਂ ਲਗਦੀ। (ਵਿਘਨ) ਖੈਰ, ਉਨ੍ਹਾਂ ਦੇ ਖਿਆਲਾਤ ਉਨ੍ਹਾਂ ਨੂੰ ਮੁਬਾਰਕ (ਵਿਘਨ) ਮੈਂ ਅੰਤ ਵਿਚ ਆਪ ਨੂੰ ਇਸ ਉਚ ਪਦਵੀ ਦੇ ਪ੍ਰਾਪਤ ਕਰਨ ਤੇ ਵਧਾਈ ਦਿੰਦਾ ਹਾਂ ਅਤੇ ਯਕੀਨ ਰਖਦਾ ਹਾ ਕਿ ਆਪ ਸਾਰਾ ਕੰਮ ਖ਼ੂਬੀ ਨਾਲ ਨਿਭਾਉਗੇ। (ਸ੍ਰੀ ਸਤਪਾਲ ਡਾਂਗ ਵਲੋਂ ਵਿਘਨ)

**ਮੇਜਰ ਹਰਿੰਦਰ ਸਿੰਘ** (ਅਜਨਾਲਾ) : ਸਪੀਕਰ ਸਾਹਿਬ, ਪੇਸ਼ਤਰ ਇਸ ਦੇ ਕਿ ਆਪ ਆਪਣੇ ਸ਼ੁਭ ਖਿਆਲਾਤ ਹਾਊਸ ਦੇ ਸਾਹਮਣੇ ਪੇਸ਼ ਕਰੋ, ਮੈਂ ਇਕ ਮਸਲਾ ਆਪ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਜਿਸ ਦਾ ਤੁਅੱਲਕ ਸਾਰੇ ਮੈਂਬਰ ਸਾਹਿਬਾਨ ਨਾਲ ਹੈ। ਚੂੰਕਿ ਅਜ ਹਾਊਸ ਨੇ ਦੋ ਦਿਨਾਂ ਲਈ ਐਡਜਰਨ ਹੋ ਜਾਣਾ ਹੈ ਇਸ ਲਈ ਮੈਂ ਇਹ ਮੁਨਾਸਬ ਸਮਝਿਆ ਕਿ ਇਹ ਗੱਲ ਆਪ ਦੇ ਧਿਆਨ ਵਿਚ ਲਿਆ ਦੇਵਾਂ ਤਾਕਿ ਆਪ ਇਸ ਦਾ ਹਲ ਜਲਦੀ ਕਰ ਸਕੋ। ਗਲ ਇਹ ਹੈ ਕਿ ਸਾਰੇ ਹੀ ਮੈਂਬਰ ਸਾਹਿਬਾਨ ਐਕਮੋਡੇਸ਼ਨ ਬਾਰੇ ਬੜੀ ਤੰਗੀ ਮਹਿਸੂਸ ਕਰਦੇ ਹਨ ਜਗ੍ਹਾ ਦੀ ਬੜੀ ਸਖਤ ਸ਼ਾਰਟੇਜ ਹੈ। ਮੈਂ ਅਰਜ਼ ਕਰਦਾ ਹਾਂ ਕਿ ਮੈਂਬਰ ਸਾਹਿਬਾਨ ਦੇ ਨਾਲ ਜੋ ਸਪੋਰਟਰਜ਼ ਆਏ ਹੋਏ ਹਨ, ਰਾਤ ਨੂੰ ਸੌਣ ਲਈ ਸ਼ਾਇਦ ਉਨ੍ਹਾਂ ਨੂੰ ਤਾਂ ਮੰਜਾ ਮਿਲ ਗਿਆ ਹੋਵੇ, ਪਰ ਮੈਂਬਰ ਆਪ ਜ਼ਮੀਨ ਤੇ ਹੀ ਸੁਤੇ ਹਨ। ਇਸ ਗੱਲ ਵਲ ਆਪ ਨੂੰ ਜਲਦੀ ਧਿਆਨ ਦੇਣਾ ਚਾਹੀਦਾ ਹੈ। ਇਸ ਬਾਰੇ ਸਵੇਰੇ ਵੀ ਮੈਂ ਆਪ ਨਾਲ ਗੱਲ ਕੀਤੀ ਸੀ ਅਤੇ ਸੁਝਾ ਵੀ ਦਿਤੇ ਸਨ। ਇਕ ਗੱਲ ਹੋਰ ਅਰਜ਼ ਕਰਦਾ ਹਾਂ ਕਈ ਦਫ਼ਾ ਸਾਨੂੰ ਅਨਪਲੈਜ਼ੈਂਟ ਡਿਊਟੀ ਵੀ ਪਰਫਾਰਮ ਕਰਨੀ ਪੈਂਦੀ ਹੈ। ਮਗਰ ਇਸ ਕੁਰਸੀ ਤੇ ਬੈਠਕੇ ਦਲੇਰੀ ਨਾਲ ਸੱਚੀ ਗੱਲ ਕਹਿਣੀ ਪੈਂਦੀ ਹੈ। ਸਪੀਕਰ ਸਾਹਿਬ, ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਕੁਝ ਸਾਥੀ, ਭਾਵੇਂ ਇਸ ਪਾਸੇ ਦੇ ਹੋਣ ਜਾਂ ਉਸ ਪਾਸੇ ਦੇ, ਚੋਣ ਵਿਚ ਜਿੱਤ ਕੇ ਨਹੀਂ ਆ ਸਕੇ ਜਾਂ ਕਈਆਂ ਨੇ ਚੋਣ ਲੜਨੀ ਮੁਨਾਸਿਬ ਨਹੀਂ ਸਮਝੀ। ਪਰ ਜਿਹੜੇ ਚੋਣ ਜਿੱਤ ਕੇ ਆਏ ਹਨ ਉਨ੍ਹਾਂ ਦਾ ਇਸ ਐਕਮੋਡੇਸ਼ਨ ਤੇ ਪ੍ਰਾਇਰ ਰਾਈਟ ਬਣਦਾ ਹੈ ਚਾਹੇ ਇਹ ਹੋਸਟਲ ਵਿਚ ਜਾਂ ਫਲੈਟਸ ਵਿਚ ਹੈ। ਇਸ ਲਈ ਜਿਨ੍ਹਾਂ ਪੁਰਾਣੇ ਮੈਂਬਰਾਂ ਨੇ ਇਹ ਐਕਾਮੋਡੇਸ਼ਨ ਆਕੂਪਾਈ ਕੀਤੀ ਹੋਈ ਹੈ ਉਨ੍ਹਾਂ ਨੂੰ ਰੀਕੁਐਸਟ ਕੀਤੀ ਜਾਵੇ ਕਿ ਉਹ ਇਸ ਨੂੰ ਖਾਲੀ ਕਰ ਦੇਣ ਤਾਂ ਜੋ ਨਵੇਂ ਮੈਂਬਰਾਂ ਨੂੰ ਐਕਮੋਡੇਟ ਕੀਤਾ ਜਾ ਸਕੇ। ਮੈਂ ਇਹ ਮਸਲਾ ਆਪ ਦੇ ਸਾਹਮਣੇ ਇਸ ਲਈ ਰਖਿਆ ਹੈ ਕਿ ਆਪ ਇਸ ਵਲ ਫੌਰਨ ਧਿਆਨ ਦੇ ਸਕੋ ਅਤੇ ਇਸ ਨੂੰ ਠੀਕ ਢੰਗ ਨਾਲ ਨਜਿਠ ਸਕੋ। ਆਪ ਦਾ ਸ਼ੁਕਰੀਆ।

**ਮੁੱਖ ਮਤਰੀ** : ਠੀਕ ਹੈ ਇਹ ਅਨਆਥੋਰਾਈਜ਼ਡ ਆਕੂਪੈਂਟਸ ਤੋਂ ਖਾਲੀ ਕਰਾ ਲੈਣ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਮਾਨਯੋਗ ਮੈਂਬਰ ਸਾਹਿਬਾਨ ਜੀਉ, ਆਪ ਜੀ ਨੇ ਜੋ ਇਸ ਮਹਾਨ ਸਦਨ ਦਾ ਸਪੀਕਰ ਚੁਣ ਕੇ ਮੈਨੂੰ ਮਾਣ ਬਖਸ਼ਿਆ ਹੈ ਇਸ ਲਈ ਮੈਂ ਤੁਹਾਡੇ ਸਾਰਿਆਂ ਦਾ ਹਾਰਦਿਕ ਧੰਨਵਾਦੀ ਹਾਂ ।

ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜੋ ਗੁਣ ਲੀਡਰ ਆਫ਼ ਦੀ ਹਾਊਸ, ਲੀਡਰ ਆਫ਼ ਦੀ ਆਪੋਜ਼ੀਸ਼ਨ, ਡਾਂਗ ਸਾਹਿਬ, ਚੌਧਰੀ ਬਲਬੀਰ ਸਿੰਘ, ਸਰਦਾਰ ਲਛਮਣ ਸਿੰਘ ਗਿੱਲ ਅਤੇ ਹੋਰ ਮਿਹਰਬਾਨ ਸਜਨਾਂ ਨੇ ਮੇਰੇ ਵਿਚ ਦਸੇ ਹਨ ਉਹ ਮੇਰੇ ਵਿਚ ਨਹੀਂ ਹਨ ਸਗੋਂ ਇਹ ਸਾਰੇ ਗੁਣ ਉਹਨਾਂ ਦੇ ਆਪਣੇ ਵਿਚ ਹਨ । ਤੁਸੀ ਜੋ ਮੇਰੀ ਵਡਿਆਈ ਕੀਤੀ ਹੈ ਉਹ ਤੁਹਾਡੀ ਆਪਣੀ ਵਡਿਆਈ ਹੈ । ਇਸਦੇ ਲਈ ਮੈਂ ਵਿਸ਼ੇਸ਼ ਤੌਰ ਤੇ ਤੁਹਾਡਾ ਸਾਰਿਆਂ ਦਾ ਧੰਨਵਾਦੀ ਹਾਂ । ਆਪ ਨੇ ਜੋ ਕੰਮ ਮੇਰੇ ਜ਼ਿੰਮੇ ਲਾਇਆ ਹੈ ਉਸ ਨੂੰ ਨਿਭਾਉਣ ਦਾ ਮੈਂ ਪੂਰਾ ਪੂਰਾ ਯਤਨ ਕਰਾਂਗਾ ਅਤੇ ਇਸ ਲਈ ਜਿਨ੍ਹਾਂ ਗੱਲਾਂ ਦੀ ਲੋੜ ਹੋਵੇਗੀ ਉਨ੍ਹਾਂ ਨੂੰ ਗ੍ਰਹਿਣ ਕਰਨ ਦਾ ਯਤਨ ਕਰਾਂਗਾ ।

ਮੈਂ ਇਸ ਉਚ-ਪਦਵੀ ਦੇ ਫਰਜ਼ਾਂ ਅਤੇ ਜ਼ਿੰਮੇਦਾਰੀਆਂ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਦਾ ਹਾਂ ਅਤੇ ਮੈਂ ਹਮੇਸ਼ਾਂ ਉਨ੍ਹਾਂ ਨੂੰ ਸੰਵਿਧਾਨ, ਇਸ ਸਦਨ ਦੀ ਕਾਰਜ ਵਿਧੀ ਦੇ ਨਿਯਮਾਂ ਅਤੇ ਕਾਇਮ ਹੋ ਚੁਕੀਆਂ ਪਾਰਲੀਮੈਂਟਰੀ ਰਵਾਇਤਾਂ ਦੇ ਅਨੁਸਾਰ ਨਿਭਾਉਣ ਦੀ ਪੂਰੀ ਕੋਸ਼ਿਸ਼ ਕਰਾਂਗਾ ।

ਮੈਂ ਇਥੇ ਇਹ ਕਹਿਣਾ ਵੀ ਜ਼ਰੂਰੀ ਸਮਝਦਾ ਹਾਂ ਕਿ ਸਪੀਕਰ ਵਜੋਂ ਮੇਰੀ ਸਫਲਤਾ ਸਦਨ ਦੇ ਸਾਰੇ ਭਾਗਾਂ ਦੀ ਮਿਲਵਰਤੋਂ ਤੇ ਨਿਰਭਰ ਕਰੇਗੀ ਅਤੇ ਮੈਂ ਆਸ ਕਰਦਾ ਹਾਂ ਕਿ ਇਹ ਮਿਲਵਰਤੋਂ ਮੈਨੂੰ ਮਿਲਦੀ ਰਹੇਗੀ । ਮੈਂ ਵਿਰੋਧੀ ਪਖ ਦੇ ਨੇਤਾ ਅਤੇ ਹੋਰਨਾਂ ਸਾਰਿਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਅਕਸਰ ਵਰਤੇ ਜਾਂਦੇ ਅਤੇ ਇਸ ਪ੍ਰਸਿਧ ਕਥਨ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਪਾਰਲੀਮੈਂਟਰੀ ਲੋਕ ਰਾਜ ਨੂੰ ਸਫ਼ਲਤਾ ਪੂਰਬਕ ਚਲਾਉਣ ਲਈ ਨਰੋਏ ਵਿਰੋਧੀ ਪੱਖ ਦੀ ਹੋਂਦ ਅਤਿਅੰਤ ਜਰੂਰੀ ਹੈ ।

ਸਦਨ ਦੇ ਵਖ ਵਖ ਭਾਗਾਂ ਵਲ ਇਕੋ ਜਿਹਾ ਵਰਤਾਉ ਰਖਣਾ ਮੇਰਾ ਸਭ ਤੋਂ ਪਹਿਲਾ ਅਤੇ ਆਖ਼ਰੀ ਫ਼ਰਜ਼ ਹੋਵੇਗਾ ।

ਸਾਡਾ ਸੰਵਿਧਾਨ ਮੈਂਬਰਾਂ ਨੂੰ ਸਦਨ ਵਿਚ ਬੋਲਣ ਦੀ ਪੂਰੀ ਖੁਲ ਦਿੰਦਾ ਹੈ ਪਰ ਮੈਂ ਨਿਮਰਤਾ ਪੂਰਬਕ ਬਿਨੈ ਕਰਾਂਗਾ ਕਿ ਇਸ ਸਦਨ ਵਿਚ ਬਹਿਸ ਵਿਚ ਭਾਗ ਲੈਂਦੇ ਹੋਏ ਮੈਂਬਰ ਸਾਹਿਬਾਨ ਅਜਿਹੇ ਸ਼ਬਦ ਨਹੀਂ ਵਰਤਣਗੇ ਜਾਂ ਕੋਈ ਅਜਿਹੀ ਗੱਲ ਨਹੀ ਕਹਿਣਗੇ ਜਿਸ ਨਾਲ ਸਦਨ ਦਾ ਵਕਾਰ ਘਟੇ । ਕਿਸੇ ਮੈਂਬਰ ਜਾਂ ਸਦਨ ਦੇ ਕਿਸੇ ਭਾਗ ਦੇ ਜਜ਼ਬਾਤ ਜਾਂ ਭਾਵਨਾਵਾਂ ਨੂੰ ਠੇਸ ਪਹੁੰਚੇ ਜਾਂ ਸਦਨ ਵਿਚ ਗੜਬੜ ਪੈਦਾ ਹੋਵੇ । ਪਾਰਲੀਮੈਂਟਰੀ ਲੋਕ ਰਾਜ ਦਾ ਸਾਰ ਇਹ ਹੈ ਕਿ ਸਰਕਾਰ ਵਿਚਾਰ ਵਟਾਂਦਰੇ ਅਤੇ ਪ੍ਰੇਰਨਾਂ ਦੁਆਰਾ ਚਲਾਈ ਜਾਵੇ । ਸਦਨ ਵਿਚ ਹੋਣ ਵਾਲੀ ਬਹਿਸ ਉਦੇਸ਼ ਪੂਰਨ, ਉਸਾਰੂ ਅਤੇ ਵੈਰ ਭਾਵ ਜਾਂ ਪਖ ਪਾਤ ਤੋਂ ਰਹਿਤ ਹੋਣੀ ਚਾਹੀਦੀ ਹੈ ।

ਪਿਛਲੇ ਦੋ ਸਾਲਾਂ ਦੇ ਦੌਰਾਨ ਸਪੀਕਰ ਦਾ ਅਹੁਦਾ ਕਾਫ਼ੀ ਬਹਿਸ ਦਾ ਮਜ਼ਮੂਨ ਰਿਹਾ ਹੈ । ਇਸ ਸੰਬਧ ਵਿਚ ਮੈਂ ਕੇਵਲ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਲੋਕ ਸਭਾ ਦੇ ਸਪੀਕਰ

Original with;
Punjab Vidhan Sabha
Digitized by;
Panjab Digital Library

ਸ੍ਰੀ ਸੰਜੀਵਾ ਰੈਡੀ ਦੇ ਕਥਨ ਨਾਲ 'ਕਿ ਸਪੀਕਰ ਸਦਨ ਦਾ ਸੇਵਾਦਾਰ ਹੈ' ਪੂਰੀ ਤਰਾਂ ਸਹਿਮਤ ਹਾਂ । ਇਹ ਸਿਧਾਂਤ ਮੇਰਾ ਚਾਨਣ ਮੁਨਾਰਾ ਹੋਵੇਗਾ ।

ਤੁਸੀ ਜੋ ਮੈਨੂੰ ਆਪਣੇ ਵਿਸ਼ਵਾਸ ਦਾ ਪਾਤਰ ਬਣਾਇਆਂ ਹੈ ਅਤੇ ਸਪੀਕਰ ਚੁਣ ਕੇ ਮਾਣ ਬਖਸ਼ਿਆ ਹੈ ਉਸ ਦੇ ਲਈ ਮੈਂ ਇਕ ਵਾਰ ਫਿਰ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ । (ਪ੍ਰਸੰਸਾ ਤਾੜੀਆਂ)

ਲੀਡਰ ਆਫ ਦੀ ਅਪੋਜ਼ੀਸ਼ਨ ਨੇ ਦੋ ਗਲਾਂ ਕਹੀਆਂ ਹਨ ਕਿ ਸਾਰੇ ਮੈਂਬਰਾਂ ਨੂੰ ਰਿਹਾਇਸ਼ ਦੀ ਡਿਫੀਕਲਟੀ ਪੇਸ਼ ਆ ਰਹੀ ਹੈ । ਮੈਂ ਉਨ੍ਹਾਂ ਨੂੰ ਯਕੀਨ ਦਿਵਾਂਦਾ ਹਾਂ ਕਿ ਮੈਂ ਹਰਿਆਨਾ ਦੇ ਸਪੀਕਰ ਸਾਹਿਬ ਨੂੰ ਮਿਲ ਕੇ ਗੱਲ ਬਾਤ ਕਰਾਂਗਾ ਕਿ ਜਿਹੜੀ ਐਕਾਮੋਡੇਸ਼ਨ ਉਨ੍ਹਾਂ ਪਾਸ ਫਾਲਤੂ ਅਤੇ ਬਚੀ ਰਹਿ ਗਈ ਹੈ ਉਹ ਅਸਾਨੂੰ ਵਰਤਣ ਲਈ ਦੇ ਦੇਣ ਤਾਂ ਕਿ ਮੈਂਬਰ ਸਾਹਿਬਾਨ ਦੀ ਰਿਹਾਇਸ਼ ਦਾ ਮਸਲਾ ਹਲ ਕੀਤਾ ਜਾ ਸਕੇ । ਇਸ ਦੇ ਨਾਲ ਹੀ ਨਾਲ ਮੈਂ ਜਿਹੜਾ ਉਨ੍ਹਾਂ ਨੇ ਐਮ. ਐਲ. ਏਜ਼. ਫਲੈਟ ਬਾਰੇ ਫਰਮਾਇਆ ਹੈ ਉਨ੍ਹਾਂ ਦੇ ਬਾਰੇ ਵਿਚ ਜਿਹੜੇ ਸਜਨ ਹੁਣ ਐਮ. ਐਲ. ਏਜ਼ ਨਹੀਂ ਰਹੇ ਹਨ ਉਨ੍ਹਾਂ ਨੂੰ ਪ੍ਰੇਰਨਾ ਕਰਾਂਗਾ ਕਿ ਉਹ ਫਲੈਟ ਛਡ ਦੇਣ ਤਾਕਿ ਮੈਂਬਰ ਸਾਹਿਬਾਨ ਜੋ ਹੁਣ ਇਲੈਕਟ ਹੋਕੇ ਆਏ ਹਨ ਉਨ੍ਹਾਂ ਨੂੰ ਅਲਾਟ ਕੀਤੇ ਜਾ ਸਕਣ । ਅਤੇ ਮੈਂਬਰਾਂ ਦੀ ਸਹੂਲਤ ਦਾ ਹਰ ਸੰਭਵ ਤਰੀਕੇ ਨਾਲ ਧਿਆਨ ਰਖਿਆ ਜਾਵੇਗਾ ।

ਮੈਂ ਸਦਨ ਦੇ ਮੈਂਬਰ ਸਾਹਿਬਾਨ ਨੂੰ ਯਾਦ ਦਿਵਾਣਾ ਚਾਹੁੰਦਾ ਹਾਂ ਕਿ ਅੱਜ 3.30 ਬਾਦ ਦੁਪਹਿਰ ਪੰਜਾਬ ਦੇ ਰਾਜਪਾਲ ਸਾਹਿਬ ਦੋਵਾਂ, ਸਦਨਾਂ ਨੂੰ ਇੱਕਠੇ ਭਾਸ਼ਨ ਦੇਣਗੇ ।

ਸਦਨ ਸੋਮਵਾਰ 17 ਮਾਰਚ 1969 ਨੂੰ ਬਾਦ ਦੁਪਹਿਰ 2 ਵਜੇ ਤਕ ਸਥਗਤ ਕੀਤਾ ਜਾਂਦਾ ਹੈ ।

(ਵਿਘਨ)

(Hon Members, I am greatly indebted to you all for having unanimously elected me as the Speaker of this August House.

I feel that the qualities which have been attributed to me by the Leader of the House, Leader of the Opposition, Dang Sahib, Chaudhri Balbir Singh, Sardar Lachhman Singh Gill and other hon. Members are not mine but they are themselves endowed with those qualities. The honour, which you have conferred on me is not mine but is that of yours. For this I am particularly thankful to you all. I shall try my best to discharge the duties entrusted to me and shall also try to imbibe the qualities which are necessary for this high office.

I fully realise the responsibilities and duties attached to this high office and shall always try to conduct the Business of the House according to the Constitution, the Rules of Procedure and Conduct of Business of this House and the well-established Parliamentary conventions.

I think it necessary to add that my success as a Speaker would depend on the co-operation from all parties/groups in the House and I hope that this cooperation would be forthcoming from you all. I

Original with;
Punjab Vidhan Sabha
Digitized by;
Panjab Digital Library

assure the Leaders of the Opposition and other hon. members that I fully endorse the well-known and oft quoted saying that 'healthy opposition is necessary for the successful conduct of the Parliamentary form of Government'.

It would be my first and foremost duty to treat all the sections in the House alike.

Our Constitution grants freedom of speech in the House but I would humbly request the hon. Members that while taking part in the deliberations of the House, they would refrain from using such words or expressions which may lower the dignity and prestige of this House or which might injure the sentiments of any hon. Member or any section of the House or which might lead to obstruction in the conduct of the Business in the House. The crux of the parliamentary form of Government is that it should be run through mutual discussion and persuation. The discussion in the House should be objective, constructive and free from any bias and hatred.

The office of the Speaker has been the subject of controversy during the last two years. In this connection I would only say that I agree with Shri Sanjiva Reddy, Speaker Lok Sabha's remark that Speaker is a servant of the House'. This principle would serve as a guiding light to me.

I once again express my grattude to the hon. Members for having reposed their confidence in me by unanimously electing me as Speaker (Applause)

The leader of the Opposition has drawn my attention to paucity of residential accommodation for the hon. members on account of which they are experiencing great difficulty. I assure him that I will take up this matter with the Speaker of Haryana Vidhan Sabha and request him to make available to us accommodation at his disposal which is lying vacant at present. By this we would be able to tide over the shortage of accommodation to some extent.

As for the M. L. As flats, I would certainly persuade such hon. members who have not been returned in these elections to vacate the flats so that those could be allotted to some of the newly elected hon. Members. I would certainly keep in view the comfort and convenience of the hon. Members.)

I would like to remind the hon. Members that the Governor would address both the Houses assembled together today afternoon at 3.30 p.m.

The House stands adjourned till Monday the 17th March, 1969 at 2 P. M.

(*interruptions*)

**ਮੇਜਰ ਹਰਿੰਦਰ ਸਿੰਘ** : ਸਪੀਕਰ ਸਾਹਿਬ, ਤੁਸੀਂ ਹਾਊਸ ਨੂੰ ਤਾਂ 17 ਤਰੀਕ ਤਕ ਸਥਗਤ ਕਰ ਦਿਤਾ ਹੈ ਫਿਰ ਅਜ ਸ਼ਾਮ ਨੂੰ 3.30 ਵਜੇ ਕਿਸ ਤਰ੍ਹਾਂ ਹਾਊਸ ਦੀ ਇਕਤ੍ਰਤਾ ਹੋ ਸਕਦੀ ਹੈ ।?

(ਵਿਘਨ)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਬੇਨਤੀ ਇਹ ਹੈ ਕਿ ਅਜ ਸ਼ਾਮ ਨੂੰ 3.30 ਵਜੇ ਗਵਰਨਰ ਸਾਹਿਬ ਦਾ ਐਡਰਸ ਪੰਜਾਬ ਦੇ ਦੋਹਾਂ ਸਦਨਾਂ ਦਾ ਇਕਠਾ ਹੈ ਇਸ ਲਈ ਉਸ ਸਮੇਂ ਤਕ ਹਾਊਸ ਸਥਗਤ ਨਹੀਂ ਸੀ ਕੀਤਾ ਜਾ ਸਕਦਾ। ਉਸ ਮੀਟਿੰਗ ਬਾਰੇ ਤੁਸਾਂ ਇਸ ਹਾਉਸ ਨੂੰ ਇਨਫ਼ਾਰਮ ਤਾਂ ਕਰ ਹੀ ਦਿਤਾ ਹੈ।

**ਸ੍ਰੀ ਸਪੀਕਰ** : ਇਹ ਠੀਕ ਹੈ ਕਿ ਅਜ ਸ਼ਾਮ ਸਾਢੇ ਤਿੰਨ ਵਜੇ ਦੀ ਮੀਟਿੰਗ ਦੋਹਾਂ ਹਾਊਸਾਂ ਦੀ ਇਕਠੀ ਹੈ ਇਸ ਲਈ ਹਾਊਸ ਨੂੰ 17 ਤਾਰੀਖ ਤਕ ਹੀ ਸਥਗਤ ਕਰਨਾ ਸੀ (Since the meeting this afternoon relates to both the Houses assembled together, the House has rightly been adjourned till 17th March, 1969.)

**Sardar Umrao Singh** (Bara Pind) : Sir, I had given notice of a Privilege Motion.

**A Voice** : The House has already been adjourned and no matter can be raised or discussed now.

(At this stage the Hon. Speaker left the Chamber)

10.45 A.M.

(The Sabha then adjourned till 3.30 P.M. on Monday, the 17th March, 1969.)

1161—306—29-7-69—Pb. Govt. Press, Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1969

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

Sabha
Chandigarh

# PUNJAB VIDHAN SABHA

## DEBATES

17th March, 1969

Vol. I—No. 3

## OFFICIAL REPORT

CONTENTS

Monday, the 17th March, 1969.


| | | Page |
|---|---|---|
| Starred Questions and Answers | ... | (3)1 |
| Unstarred Questions and Answers | ... | (3)24 |
| Questions of Privilege | ... | (3)29 |
| Adjournment Motion | ... | (3)32 |
| Call Attention Notices | ... | (3)33 |
| Announcement by the Speaker re- | | |
| Panel of Chairman | ... | (3)44 |
| Business Advisory Committee | ... | (3)44 |
| Governor's Address | ... | (3)45 |
| Arrest of a Member | ... | (3)54 |
| Obituary References. | ... | (3)55 |
| Discussion on Governor's Address. | ... | (3)63 |
| Appendix | ... | (i) |


**Punjab Vidhan Sabha Secretariat, Chandigarh.**

**Price : Rs. 4.50**

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# ERRATA

To

PUNJAB VIDHAN SABHA

DEBATES

17TH MARCH, 1969

VOL. I—No. 3

| Read | For | Page | Line |
|---|---|---|---|
| ਕਦੋਂ | ਕ | (3)4 | 4 |
| ਤਬਦੀਲ | ਤਬਦ | (3)4 | 8 |
| ਡੈਫੀਨੀਸ਼ਨ | ਡੈਫੀਕਨੀਸ਼ਨ | (3)16 | 11, 12 |
| Electricity | Electticity | (3)22 | 15 |
| Starred | Unstarred | (3)23 | Heading |
| Unstarred | Nstarred | (3)24 | 5 |
| Question | Oution | (3)28 | Last line |
| be | bo | (3)33 | 4 |
| ਗਲ | ਗ | (3)36 | 12th from below |
| statement | statemnet | (3)37 | 17 |
| ਤਖਮੀਨਿਆਂ | ਤਖਮੀਨਿਆਂਅ | (3)46 | 14 |
| 1969 | 1966 | (3)52 | Heading |
| 500 | 00 | (3)52 | 16 |
| ਜੀ ਪ੍ਰਤੀ | ਸੀ ਪਰਤੀ | (3)64 | 13 |
| Contribution | centribution | (3)68 | Last but one |
| included | ncluded | (3)73 | 14 |
| Statesman | Statesmen | (3)77 | 18 |
| ਵਿਘਨਾਂ | ਵਿਘਾਨਾ | (3)80 | 11th from below |
| ਹਕੂਮਤ | ਹਕਮਤ | (3)83 | 1 |
| ਮੌਜੂਦ | ਮੌਜਦ | (3)84 | Last line |
| ਡਿਵੈਲਪਮੈਂਟ | ਡਿਪੈਲਪਮੈਂਟ | (3)89 | 10 |
| 1969 | 1 69 | (3)100 | 4th from below |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Monday, the 17th March, 1969.**

*The Vidhan Sabha met in the Hall of the Vidhan Bhavan, Sector 1, Chandigarh at 2.00 P. M. of the Clock. Mr. Speaker (Sardar Darbara Singh) in the Chair.*

---

## STARRED QUESTIONS AND ANSWERS.

### WITHDRAWAL OF CASES PENDING AGAINST STRIKING ROADWAYS EMPLOYEES.

*1. **Comrade Satya Pal Dang** : Will the Chief Minister be pleased to state :

(a) the number of Punjab Roadways employees against whom cases/prosecutions were pending in various courts in the State in connection with the strike of the Roadways employees at the time when the present Government took office ;

(b) whether any of such cases have since been withdrawn or ordered to be withdrawn;

(c) whether the Government intends to withdraw all such cases ?

**ਸਰਦਾਰ ਗੁਰਨਾਮ ਸਿੰਘ :** (ੳ) 74.

(ਅ) ਨਹੀਂ।

(ੲ) ਮਾਮਲਾ ਵਿਚਾਰ ਅਧੀਨ ਹੈ ।

**ਕਾਮਰੇਡ ਸਤਪਾਲ ਡਾਂਗ :** ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੇ ਮਾਮਲੇ ਜ਼ੇਰੇ-ਗੌਰ ਹਨ ਉਨ੍ਹਾਂ ਦਾ ਫ਼ੈਸਲਾ ਕਿਸ ਤਰੀਕ ਤਕ ਹੋ ਜਾਵੇਗਾ ? ਸਰਕਾਰ ਕਿਸ ਤਰੀਕ ਤਕ ਉਨ੍ਹਾਂ ਦੇ ਮੁਕਦਮੇ ਵਾਪਸ ਲੈ ਲਵੇਗੀ ?

**ਮੁੱਖ ਮੰਤਰੀ :** ਜਲਦੀ ਤੋਂ ਜਲਦੀ ।

A)

**ਕਾਮਰੇਡ ਸਤਪਾਲ ਡਾਂਗ :** ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਕੀ ਇਹ ਗਲ ਠੀਕ ਹੈ ਕਿ ਜਦੋਂ ਇਹ ਮੁਕਦਮੇ ਬਣੇ ਸਨ ਉਦੋਂ ਸਰਦਾਰ ਗੁਰਨਾਮ ਸਿੰਘ ਨੇ ਬਤੌਰ ਆਪੋਜ਼ੀਸ਼ਨ ਦੇ ਲੀਡਰ ਦੇ ਕਿਹਾ ਸੀ ਕਿ ਇਹ ਰੋਡਵੇਜ਼ ਦੇ ਵਰਕਰਾਂ ਨਾਲ ਬੇਇਨਸਾਫ਼ੀ ਹੋਈ ਹੈ ਅਤੇ ਇਹ ਮੰਗ ਕੀਤੀ ਸੀ ਕਿ ਇਹ ਮੁਕਦਮੇ ਵਾਪਸ ਲਏ ਜਾਣ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਉਹ ਤਾਂ ਯਾਦ ਨਹੀਂ ਪਰ ਮੈਂ ਹੁਣ ਵੀ ਇਹ ਕਹਿੰਦਾ ਹਾਂ ਕਿ ਜਿਹੜੇ ਕੇਸ ਵਾਪਸ ਲੈਣ ਦੇ ਯੋਗ ਹੋਏ ਉਹ ਜ਼ਰੂਰ ਵਾਪਸ ਲਏ ਜਾਣਗੇ ।

**ਕਾਮਰੇਡ ਸਤਪਾਲ ਡਾਂਗ :** ਚੀਫ਼ ਮਨਿਸਟਰ ਨੇ ਜੋ ਇਹ ਕਿਹਾ ਹੈ ਕਿ ਜੋ ਯੋਗ ਹੋਏ ਉਹ ਵਾਪਸ ਲਏ ਜਾਣਗੇ, ਮੈਂ ਪੁਛਣਾ ਚਾਹੁੰਦਾ ਹਾਂ ਕਿ ਯੋਗ ਜਾਂ ਅਯੋਗ ਹੋਣ ਦਾ ਕੀ ਕਰਾਈਟੇਰੀਆ ਹੈ ?

**ਮੁੱਖ ਮੰਤਰੀ :** ਮੈਂ ਫਾਈਲਾਂ ਮੰਗਵਾਈਆਂ ਹਨ ਪਰ ਵੇਖੀਆਂ ਨਹੀਂ । ਉਹ ਪੜ੍ਹ ਕੇ ਇਹ ਵੇਖਾਂਗਾ ਕਿ ਕਿਹੜੇ ਕੇਸ ਵਾਪਸ ਲੈਣ ਯੋਗ ਹਨ ਅਤੇ ਕਿਹੜੇ ਨਹੀਂ ।

**चौधरी बलबीर सिंह :** क्या यह ठीक है कि एक डैपुटेशन मुख्य मन्त्री को मिला था तो मुख्य मन्त्री ने यह यकीन दिलवाया था कि वायलेंस के केसिज़ को छोड़ कर बाकी केस वापिस ले लिये जायेंगे ?

**ਮੁੱਖ ਮੰਤਰੀ :** ਇਹ ਠੀਕ ਹੈ ਕਿ ਡੈਪੂਟੇਸ਼ਨ ਮਿਲਿਆ ਸੀ । ਮੈਂ ਹੁਕਮ ਦਿਤਾ ਸੀ ਕਿ ਉਹ ਫਾਈਲਾਂ ਤਿੰਨ ਦਿਨ ਦੇ ਅੰਦਰ ਅੰਦਰ ਪੇਸ਼ ਕੀਤੀਆਂ ਜਾਣ । ਪਰ ਹੁਣ ਮੈਂ ਦੌਰੇ ਤੋਂ ਆਇਆਂ ਹਾਂ ਹੁਣ ਫਾਈਲਾਂ ਵੇਖ ਕੇ ਦਸਾਂਗਾ ।

**ਮੇਜਰ ਹਰਿੰਦਰ ਸਿੰਘ :** ਚੀਫ਼ ਮਨਿਸਟਰ ਨੇ ਇਹ ਕਿਹਾ ਹੈ ਕਿ ਇਹ ਵੇਖਾਂਗਾ ਕਿ ਕੋਈ ਕੇਸ ਵਾਪਸ ਲੈਣ ਦੇ ਯੋਗ ਹੈ ਜਾਂ ਨਹੀਂ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਖਿਰ ਉਨ੍ਹਾਂ ਨੇ ਇਸ ਸਬੰਧ ਵਿਚ ਯੋਗ ਜਾਂ ਅਯੋਗ ਹੋਣ ਬਾਰੇ ਕੀ ਅਸੂਲ ਬਣਾਇਆ ਹੈ ਜਾਂ ਬਣਾਇਆ ਜਾਵੇਗਾ ?

**ਮੁੱਖ ਮੰਤਰੀ :** ਜੋ ਵੀ ਅਸੂਲ ਇਨਸਾਫ ਦੇ ਮੁਤਾਬਿਕ ਹੋਵੇਗਾ ਉਹੀ ਅਪਣਾਇਆ ਜਾਵੇਗਾ ।

**चौधरी बलबीर सिंह :** मुख्य मन्त्री ने कहा था कि तीन दिन में फाइलें मंगवाई हैं । वह तीन दिन कब खत्म होंगे ?

**ਮੁੱਖ ਮੰਤਰੀ :** ਵਿੱਚ ਛੁੱਟੀਆਂ ਆ ਗਈਆਂ ਸਨ, ਚੌਧਰੀ ਸਾਹਿਬ ।

**ਸ਼੍ਰੀ ਸਪੀਕਰ :** ਅਗਲਾ ਪ੍ਰਸ਼ਨ । (Next question.)

**ਸਰਦਾਰ ਲਛਮਣ ਸਿੰਘ ਗਿੱਲ :** ਸਪਲੀਮੈਂਟਰੀ ਸਰ ।

**ਸ਼੍ਰੀ ਸਪੀਕਰ ;** ਮੈਂ ਅਗਲੇ ਪ੍ਰਸ਼ਨ ਵਾਸਤੇ ਕਹਿ ਦਿੱਤਾ ਹੈ । (I have called upon for the next question.)

**ਸਰਦਾਰ ਲਛਮਣ ਸਿੰਘ ਗਿੱਲ :** ਬਹੁਤ ਅਛਾ ਜੀ ।

---

Original with;
Punjab Vidhan Sabha
Digitized by;
Panjab Digital Library

CASES REGISTERED AGAINST STRIKING CENTRAL GOVERNMENT EMPLOYEES.

*2. **Comrade Satya Pal Dang :** Will the Chief Minister be passed to state :

(a) the number of Central Government employees against whom cases were registered by the Punjab Police in connection with the strike on 19th September, 1968 by Central Government employees;

(b) the names of the Departments in which each of the said employees was working and the names of places where these cases were registered;

(c) the number of the said cases which have been decided by the courts together with the number of those still pending;

(d) whether the State Government has received any representations to the effect that these cases be withdrawn; if so, the decision, if any taken thereon ?

**ਸਰਦਾਰ ਗੁਰਨਾਮ ਸਿੰਘ :** (ੳ) 2320

| | | |
|---|---|---|
| (ਅ) ਡਾਕ ਅਤੇ ਤਾਰ | ... | 1016 |
| ਰੇਲਵੇ | .. | 1302 |
| ਸਿਵਲ ਹਵਾਬਾਜ਼ੀ | ... | 2 |

(ੲ) ਅੰਮ੍ਰਿਤਸਰ, ਤਰਨ ਤਾਰਨ, ਅਜਨਾਲਾ, ਲੁਧਿਆਣਾ, ਜਗਰਾਵਾਂ, ਖੰਨਾ, ਡੇਹਲੋਂ, ਗੁਰਦਾਸਪੁਰ, ਪਠਾਨਕੋਟ, ਜਲੰਧਰ, ਕਪੂਰਥਲਾ, ਫਗਵਾੜਾ, ਰੋਪੜ, ਖਰੜ, ਫੀਰੋਜ਼ਪੁਰ, ਫਾਜ਼ਿਲਕਾ, ਅਬੋਹਰ, ਪਟਿਆਲਾ, ਸਰਹੰਦ, ਬੱਸੀ, ਰਾਜਪੁਰਾ, ਬਠਿੰਡਾ, ਮੌੜ, ਫੂਲ, ਫ਼ਰੀਦਕੋਟ, ਸੰਗਰੂਰ, ਧੂਰੀ, ਮਲੇਰਕੋਟਲਾ, ਅਹਿਮਦਗੜ੍ਹ, ਧਨੌਲਾ, ਬਰਨਾਲਾ, ਕੋਟ ਭਾਈ, ਗੜ੍ਹਸ਼ੰਕਰ, ਮਹਿਲਪੁਰ, ਮੁਕੇਰੀਆਂ, ਟਾਂਡਾ ਅਤੇ ਹਾਜੀਪੁਰ ।

| | | |
|---|---|---|
| (ਸ) (i) ਅਦਾਲਤ ਵਲੋਂ ਫ਼ੈਸਲੇ ਕੀਤੇ ਗਏ | ... | 11 |
| (ii) ਪੈਂਡਿੰਗ | ... | 117 |

(ਹ) ਹਾਂ, ਮੁਆਮਲਾ ਵਿਚਾਰ-ਅਧੀਨ ਹੈ ।

**ਕਾਮਰੇਡ ਸਤਪਾਲ ਡਾਂਗ :** ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਜਦੋਂ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਵਿਰੁਧ ਮੁਕਦਮੇ ਬਣਾਏ ਗਏ ਸੀ ਤਾਂ ਉਸ ਆਰਡੀਨੈਂਸ ਨੂੰ ਸਰਦਾਰ ਗੁਰਨਾਮ ਸਿੰਘ ਨੇ ਬਤੌਰ ਲੀਡਰ ਆਫ਼ ਦੀ ਆਪੋਜ਼ੀਸ਼ਨ ਦੇ ਗੈਰ ਕਾਨੂੰਨੀ ਅਤੇ ਗੈਰ ਜਮਹੂਰੀ ਆਖਿਆ ਸੀ ? ਜੇ ਇਹ ਠੀਕ ਹੈ ਤਾਂ ਹੁਣ ਕੀ ਪੁਜ਼ੀਸ਼ਨ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਹੁਣ ਜੋ ਪੁਛਣਾ ਹੈ ਬਤੌਰ ਚੀਫ਼ ਮਨਿਸਟਰ ਦੇ ਪੁਛੋ। ਮੈਂ ਉਹ ਆਰਡੀਨੈਂਸ ਹਾਲੇ ਪੜ੍ਹਿਆ ਨਹੀਂ। ਮੈਂ ਐਡਵੋਕੇਟ ਜਨਰਲ ਤੋਂ ਰਾਏ ਲੈ ਲਵਾਂਗਾ ਤੇ ਫਿਰ ਵੇਖ ਲਵਾਂਗਾ।

**ਕਾਮਰੇਡ ਸਤਪਾਲ ਡਾਂਗ :** ਜਿਹੜੇ ਮੁਕਦਮੇ ਜ਼ੇਰੇ ਗੌਰ ਹਨ ਉਨ੍ਹਾਂ ਦਾ ਫੈਸਲਾ ਕ ਤਕ ਹੋ ਜਾਵੇਗਾ ? ਜੇ ਜਲਦੀ ਹੋਵੇਗਾ, ਤਾਂ ਉਸ ਜਲਦੀ ਦੀ ਕੀ ਮਿਆਦ ਹੋਵੇਗੀ ?

**ਮੁੱਖ ਮੰਤਰੀ :** ਸਤਪਾਲ ਡਾਂਗ ਜੀ ਜਾਣਦੇ ਹਨ ਕਿ ਜਲਦੀ ਦੀ ਮਿਆਦ ਕਦੇ ਖਤਮ ਨਹੀਂ ਹੁੰਦੀ। (ਹਾਸਾ)

**ਮੇਜਰ ਹਰਿੰਦਰ ਸਿੰਘ :** ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਕੁਰਸੀ ਦੇ ਤਬਦ ਹੋਣ ਦੇ ਨਾਲ ਨਾਲ ਖਿਆਲਾਤ ਵੀ ਤਬਦੀਲ ਹੋ ਜਾਂਦੇ ਹਨ ? (ਹਾਸਾ)

**Mr. Speaker :** Not allowed.

**चौधरी बलबीर सिंह :** स्पीकर साहिब, डांग साहिब ने सवाल किया था तो मुख्य मन्त्री ने कहा कि अब बतौर आपोज़ीशन के लीडर उन से सवाल न पूछे जाएं बल्कि बतौर मुख्य मन्त्री पूछे जाए लेकिन डांग साहिब के सवाल का जवाब तो दिया ही नहीं गया।

**Mr. Speaker :** Not allowed.

**चौधरी बलबीर सिंह :** स्पीकर साहिब, यह बड़ा महत्वपूर्ण मामला है। हम आप की प्रोटैक्शन चाहते हैं कि आप हमें उन से जवाब दिलवाएं।

**ਕਾਮਰੇਡ ਸਤਪਾਲ ਡਾਂਗ :** ਕੀ ਚੀਫ਼ ਮਨਿਸਟਰ ਸਾਹਿਬ ਦੇ ਇਲਮ ਵਿਚ ਹੈ ਕਿ ਜਦੋਂ ਪੰਜਾਬ ਵਿਚ ਨਵੀਂ ਮਨਿਸਟਰੀ ਬਣੀ ਤਾਂ ਬੰਗਾਲ ਵਿਚ ਵੀ ਓਦੋਂ ਹੀ ਨਵੀਂ ਮਨਿਸਟਰੀ ਬਣੀ ਸੀ ? ਬੰਗਾਲ ਦੀ ਮਨਿਸਟਰੀ ਨੇ ਉਹ ਸਾਰੇ ਮੁਕਦਮੇ ਵਾਪਸ ਲੈ ਲਏ ਹਨ ਤਾਂ ਪੰਜਾਬ ਦੀ ਸਰਕਾਰ ਕਿਉਂ ਇਤਨੀ ਦੇਰੀ ਕਰ ਰਹੀ ਹੈ ?

**ਮੁੱਖ ਮੰਤਰੀ :** ਹਰ ਇਕ ਗਲ ਦਾ ਫੈਸਲਾ ਪਾਏਦਾਰੀ ਨਾਲ ਕਰਨਾ ਚਾਹੀਦਾ ਹੈ।

---

POLICE FIRING ON 19.9.1968 AT PATHANKOT.

*3. **Comrade Satya Pal Dang :** Will the Chief Minister be pleased to :

(a) state whether any persons were killed as a result of Police

Original with;
Punjab Vidhan Sabha
Digitized by;
Panjab Digital Library

firing on 19th September, 1968 at Pathankot at the Railway Station or near about; if so, their number;

(b) lay on the Table of the House a statement giving the names, ages etc. of the persons who were killed in the said firing ;

(c) state the number of persons injured as a result of the above mentioned firing;

(d) lay on the Table of the House a statement giving the names, sex, ages etc. of the persons injured and also the nature of injuries sustained by each one of them;

(e) state whether any compensation has been paid to the heirs of the persons killed as a result of the said firing and to the persons injured; if so, the amount paid in each case together with the date on which payment was made ;

(f) state whether any enquiry was held, if so by whom, into the circumstances that led to the police firing ;

(g) state whether any organisation representing the employees participated in the said enquiry; if so, the name of such organisation ;

(h) state whether the employees or any section of them boycotted the said enquiry; if so, the reasons for such a boycott ;

(i) state whether the Government is aware of the demand of the employees for a judicial enquiry into the said police firing; if so, whether it proposes to order a judicial enquiry ?

**ਸਰਦਾਰ ਗੁਰਨਾਮ ਸਿੰਘ** : (ੳ) ਹਾਂ ਜੀ; ਪੰਜ ।

(ਅ) ਸਟੇਟਮੈਂਟ 'ੳ' ਸਭਾ ਦੇ ਸਾਮ੍ਹਣੇ ਪੇਸ਼ ਹੈ ।

(ੲ) 14

(ਸ) ਸਟੇਟਮੈਂਟ 'ਅ' ਸਭਾ ਦੇ ਸਾਮ੍ਹਣੇ ਪੇਸ਼ ਹੈ ।

(ਹ) ਹਾਂ ਜੀ, ਸਟੇਟਮੈਂਟ 'ੲ' ਸਭਾ ਦੇ ਸਾਮ੍ਹਣੇ ਪੇਸ਼ ਹੈ ।

(ਕ) ਹਾਂ ਜੀ, ਸ਼੍ਰੀ ਸੰਤੋਖ ਸਿੰਘ, ਐਸ. ਡੀ. ਐਮ. ਰਾਹੀਂ ।

(ਖ) ਨਹੀਂ ਜੀ । ਇਹ ਇਕ ਖੁਲ੍ਹੀ ਮਜਿਸਟ੍ਰੇਟੀ ਪੜਤਾਲ ਸੀ ਅਤੇ ਸਭਨਾਂ ਨੂੰ ਇਸ ਵਿਚ ਹਿੱਸਾ ਲੈਣ ਲਈ ਦਾਵਤ ਦਿਤੀ ਗਈ ਸੀ । ਦੋਹਾਂ ਪਾਸਿਆਂ ਤੋਂ ਕੁਝ ਕੁ ਫਟੜ ਲੋਕਾਂ ਸਮੇਤ 82 ਆਦਮੀਆਂ ਤੋਂ ਪੁਛ ਪੜਤਾਲ ਕੀਤੀ ਗਈ ਸੀ । ਇਹ ਪੁਛ ਪੜਤਾਲ ਉਨ੍ਹਾਂ ਤੋਂ ਜ਼ਾਤੀ ਹੈਸੀਅਤ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਵਿੱਚ ਕੀਤੀ ਗਈ ਸੀ ਅਤੇ ਇਹ ਮਲੂਮ ਨਹੀਂ ਕਿ ਉਹ ਕਿਹੜੀਆਂ ਪਾਰਟੀਆਂ ਨਾਲ ਸਬੰਧ ਰਖਦੇ ਹਨ ।

(ਗ) ਹਾਂ ਜੀ । ਕਰਮਚਾਰੀਆਂ ਦੇ ਇਕ ਧੜੇ ਵਲੋਂ ਜਿਹੜਾ ਕਿ ਜੁਡੀਸ਼ਲ ਪੜਤਾਲ ਚਾਹੁੰਦਾ ਸੀ ।

(ਘ) ਇਸ ਦੀਆਂ ਖ਼ਬਰਾਂ ਪ੍ਰੈਸ ਵਿੱਚ ਛਪੀਆਂ ਸਨ । ਨਹੀਂ ।

**ਸਟੇਟਮੈਂਟ 'ੳ'**

**ਮਿਤੀ 19. 9. 1968 ਨੂੰ ਪਠਾਨਕੋਟ ਵਿਖੇ ਪੁਲਿਸ ਦੀ ਗੋਲੀ ਨਾਲ ਮਰਨ ਵਾਲੇ ਵਿਅਕਤੀਆਂ ਦੇ ਨਾਮ, ਉਮਰ ਆਦਿ ।**

| ਲੜੀ ਨੰ: | ਨਾਮ | ਉਮਰ |
|---|---|---|
| 1. | ਸ਼੍ਰੀ ਦੇਵ ਰਾਜ ਪੁਤਰ ਬਾਬੂ ਰਾਮ, ਸਫ਼ਾਈਵਾਲਾ, ਰੇਲਵੇ ਸਟੇਸ਼ਨ, ਪਠਾਨਕੋਟ । | 23 ਸਾਲ |
| 2. | ਸ਼੍ਰੀ ਲਛਮਣ ਦਾਸ ਪੁਤਰ ਹਰੀ ਰਾਮ, ਲੋਕੋ ਕਲੀਨਰ, ਰੇਲਵੇ ਸਟੇਸ਼ਨ ਪਠਾਨਕੋਟ । | 22 ਸਾਲ |
| 3. | ਸ਼੍ਰੀ ਰਾਜ ਬਹਾਦਰ ਸਿੰਘ ਪੁਤਰ ਰਾਮ ਦੁਲਾਰਾ, ਇਲੈਕਟ੍ਰਿਕ ਖਲਾਸੀ, ਰੇਲਵੇ ਸਟੇਸ਼ਨ, ਪਠਾਨਕੋਟ । | 26 ਸਾਲ |
| 4. | ਸ਼੍ਰੀ ਕੁਲਦੀਪ ਸਿੰਘ ਪੁਤਰ ਗਿਆਨ ਸਿੰਘ, ਗੈਂਗਮੈਨ, ਰੇਲਵੇ ਸਟੇਸ਼ਨ, ਪਠਾਨਕੋਟ । | 24 ਸਾਲ |
| 5. | ਸ਼੍ਰੀ ਗਾਮਾ ਪੁਤਰ ਫੰਗਣ, ਪਿੰਡ ਕੇਸ਼ੋਪੁਰ ਸਦਰ ਗੁਰਦਾਸਪੁਰ । | 30/32 ਸਾਲ |

**ਸਟੇਟਮੈਂਟ 'ਅ'**

**ਮਿਤੀ 19.9.1968 ਨੂੰ ਪਠਾਨਕੋਟ ਵਿਖੇ ਪੁਲਿਸ ਦੀ ਗੋਲੀ ਨਾਲ ਜ਼ਖ਼ਮੀ ਹੋਏ ਵਿਅਕਤੀਆਂ ਦੇ ਨਾਮ, ਲਿੰਗ ਅਤੇ ਉਮਰ, ਆਦਿ ।**

| ਲੜੀ ਨੰ: | ਨਾਮ | ਲਿੰਗ | ਉਮਰ | ਜ਼ਖ਼ਮ |
|---|---|---|---|---|
| 1. | ਸ਼੍ਰੀਮਤੀ ਬਚਨੋ ਦੇਵੀ । | ਇਸਤ੍ਰੀ | 25 ਸਾਲ | ਮਾਮੂਲੀ |
| 2. | ਸ਼੍ਰੀ ਮੁਨੀ ਲਾਲ । | ਪੁਰਸ਼ | 32 ਸਾਲ | ਸਖ਼ਤ |
| 3. | ਸ਼੍ਰੀ ਜੰਗ ਬਹਾਦਰ । | ਪੁਰਸ਼ | 25/26 ਸਾਲ | ਸਖ਼ਤ |
| 4. | ਸ਼੍ਰੀ ਸਰਦਾਰਾ ਸਿੰਘ । | ਪੁਰਸ਼ | 40 ਸਾਲ | ਸਖ਼ਤ |
| 5. | ਸ਼੍ਰੀ ਹੰਸ ਰਾਜ । | ਪੁਰਸ਼ | 28 ਸਾਲ | ਸਖ਼ਤ |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 6. | ਸ੍ਰੀ ਮੰਗਲ ਸਿੰਘ । | ਪੁਰਸ਼ | 40 ਸਾਲ | ਸਖ਼ਤ |
| 7. | ਸ੍ਰੀ ਰਾਜਪਾਲ । | ਪੁਰਸ਼ | 38 ਸਾਲ | ਸਖ਼ਤ |
| 8. | ਸ੍ਰੀ ਇੰਦਰਜੀਤ ਗੁਪਤਾ । | ਪੁਰਸ਼ | 25 ਸਾਲ | ਸਖ਼ਤ |
| 9. | ਸ੍ਰੀ ਬ੍ਰਹਮਾਂ ਨੰਦ । | ਪੁਰਸ਼ | 35 ਸਾਲ | ਸਖ਼ਤ |
| 10. | ਸ੍ਰੀ ਲਾਲ ਮਸੀਹ । | ਪੁਰਸ਼ | 35 ਸਾਲ | ਸਖ਼ਤ |
| 11. | ਸ੍ਰੀਮਤੀ ਸੁਮਿਤਰਾ ਦੇਵੀ । | ਇਸਤ੍ਰੀ | 30 ਸਾਲ | ਮਾਮੂਲੀ |
| 12. | ਸ੍ਰੀਮਤੀ ਕਾਂਨਤਾ ਦੇਵੀ । | ਇਸਤ੍ਰੀ | 32 ਸਾਲ | ਮਾਮੂਲੀ |
| 13. | ਸ੍ਰੀਮਤੀ ਕਮਲੇਸ਼ । | ਇਸਤ੍ਰੀ | 24 ਸਾਲ | ਮਾਮੂਲੀ |
| 14. | ਸ੍ਰੀ ਬਰਿਜ ਲਾਲ । | ਪੁਰਸ਼ | 25 ਸਾਲ | ਮਾਮੂਲੀ |

## ਸਟੇਟਮੈਂਟ 'ਬ'

ਮਿਤੀ 19.9.1968 ਨੂੰ ਪਠਾਨਕੋਟ ਵਿਖੇ ਪੁਲਿਸ ਦੀ ਗੋਲੀ ਨਾਲ ਮਰਨ ਵਾਲਿਆਂ ਦੇ ਵਾਰਸਾਂ ਨੂੰ ਅਤੇ ਜ਼ਖਮੀ ਹੋਣ ਵਾਲਿਆਂ ਨੂੰ ਦਿਤਾ ਗਿਆ ਮੁਆਵਜ਼ਾ।

| ਲੜੀ ਨੰ: | ਨਾਮ | | ਮੁਆਵਜ਼ਾ | ਮਿਤੀ ਅਦਾਇਗੀ |
|---|---|---|---|---|
| 1. | ਸ੍ਰੀ ਦੇਵ ਰਾਜ | ਮਰਹੂਮ | 5000 ਰੁਪਏ | 25.10.1968 |
| 2. | ਸ੍ਰੀ ਲਛਮਣ ਦਾਸ | ਮਰਹੂਮ | 5000 ਰੁਪਏ | 23.10.1968 |
| | | | | 30.10.1968 |
| 3. | ਸ੍ਰੀ ਰਾਜ ਬਹਾਦਰ | ਮਰਹੂਮ | 5000 ਰੁਪਏ | 23.10.1968 |
| 4. | ਸ੍ਰੀ ਕੁਲਦੀਪ ਸਿੰਘ | ਮਰਹੂਮ | 5000 ਰੁਪਏ | 23.10.1968 |
| 5. | ਸ੍ਰੀ ਗਾਮਾ | ਮਰਹੂਮ | 5000 ਰੁਪਏ | 28.10.1968 |
| | | | | 4.11.1968 |
| 6. | ਸ੍ਰੀਮਤੀ ਬਚਨੋ ਦੇਵੀ | ਜ਼ਖਮੀ | 1500 ਰੁਪਏ | 23.10.1968 |
| 7. | ਸ੍ਰੀ ਮੁਨੀ ਲਾਲ | ਜ਼ਖਮੀ | 1500 ਰੁਪਏ | 23.10.1968 |
| 8. | ਸ੍ਰੀ ਜੰਗ ਬਹਾਦਰ | ਜ਼ਖਮੀ | 1000 ਰੁਪਏ | 23.10.1968 |
| 9. | ਸ੍ਰੀ ਸਰਦਾਰਾ ਸਿੰਘ | ਜ਼ਖਮੀ | 1000 ਰੁਪਏ | 24.10.1968 |
| 10. | ਸ੍ਰੀ ਹੰਸ ਰਾਜ | ਜ਼ਖਮੀ | 1000 ਰੁਪਏ | 23.10.1968 |
| 11. | ਸ੍ਰੀ ਮੰਗਲ ਸਿੰਘ | ਜ਼ਖਮੀ | 1000 ਰੁਪਏ | 31.1.1969 |
| 12. | ਸ੍ਰੀ ਰਾਜਪਾਲ | ਜ਼ਖਮੀ | 1000 ਰੁਪਏ | 31.1.1969 |
| 13. | ਸ੍ਰੀ ਇੰਦਰਜੀਤ ਗੁਪਤਾ | ਜ਼ਖਮੀ | 1000 ਰੁਪਏ | 24.10.1968 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| | | | | |
|---|---|---|---|---|
| 14. | ਸ਼੍ਰੀ ਬ੍ਰਹਮਾਂ ਨੰਦ | ਜ਼ਖ਼ਮੀ | 1000 ਰੁਪਏ | 24.10.1968 |
| 15. | ਸ਼੍ਰੀ ਲਾਲ ਮਸੀਹ | ਜ਼ਖ਼ਮੀ | 1000 ਰੁਪਏ | 23.10.1968 |
| 16. | ਸ਼੍ਰੀਮਤੀ ਸੁਮਿਤਰਾ ਦੇਵੀ | ਜ਼ਖ਼ਮੀ | 500 ਰੁਪਏ | 23.10.1968 |
| 17. | ਸ਼੍ਰੀਮਤੀ ਕਾਂਨਤਾ ਦੇਵੀ | ਜ਼ਖ਼ਮੀ | 500 ਰੁਪਏ | 23.10.1968 |
| 18. | ਸ਼੍ਰੀਮਤੀ ਕਮਲੇਸ਼ | ਜ਼ਖ਼ਮੀ | 250 ਰੁਪਏ | 23.10.1968 |
| 19. | ਸ਼੍ਰੀ ਬਰਿਜ ਲਾਲ | ਜ਼ਖ਼ਮੀ | 250 ਰੁਪਏ | 23.10.1968 |

**ਕਾਮਰੇਡ ਸਤਪਾਲ ਡਾਂਗ :** ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਕੀ ਹਕੀਕਤ ਇਹ ਨਹੀਂ ਕਿ ਜਦੋਂ ਪਠਾਨਕੋਟ ਗੋਲੀ ਚਲੀ ਤਾਂ ਅੱਜ ਦੀਆਂ ਹੁਕਮਰਾਨ ਪਾਰਟੀਆਂ ਨੇ ਜੁਡੀਸ਼ਲ ਇਨਕੁਆਇਰੀ ਦੀ ਮੰਗ ਕੀਤੀ ਸੀ ? ਅਜ ਫਿਰ ਅਕਾਲੀ ਦਲ ਅਤੇ ਜਨਸੰਘ ਜੁਡੀਸ਼ਲ ਇਨਕੁ-ਆਇਰੀ ਕਰਵਾਉਣ ਲਈ ਕਿਉਂ ਤਿਆਰ ਨਹੀਂ ?

**ਮੁੱਖ ਮੰਤਰੀ :** ਮੈਨੂੰ ਇਹ ਤਾਂ ਯਾਦ ਨਹੀਂ ਕਿ ਕਿਹੜੀ ਕਿਹੜੀ ਪਾਰਟੀ ਨੇ ਜੁਡੀਸ਼ਲ ਇਨਕੁਆਇਰੀ ਦੀ ਮੰਗ ਕੀਤੀ ਸੀ। ਜੇਕਰ ਸਤਪਾਲ ਜੀ ਚਾਹੁੰਣ ਤਾਂ ਮੈਂ ਉਸ ਮਜਿਸਟਰੇਟ ਦੀ ਰਿਪੋਰਟ ਫਿਰ ਮੰਗਾ ਕੇ ਦੇਖ ਲਵਾਂਗਾ।

**ਕਾਮਰੇਡ ਸਤਪਾਲ ਡਾਂਗ :** ਕੀ ਚੀਫ਼ ਮਨਿਸਟਰ ਦੇ ਇਲਮ ਵਿਚ ਹੈ ਕਿ ਜਿਸ ਮਜਿਸ-ਟਰੇਟ ਨੇ ਇਨਕੁਆਇਰੀ ਕੀਤੀ ਸੀ ਉਹ ਉਸ ਮਜਿਸਟਰੇਟ ਨਾਲੋਂ ਜੂਨੀਅਰ ਸੀ ਜਿਸ ਨੇ ਕਿ ਗੋਲੀ ਚਲਾਉਣ ਦਾ ਆਰਡਰ ਦਿਤਾ ਸੀ ?

**ਮੁੱਖ ਮੰਤਰੀ :** ਮੈਂ ਸੀਨੀਆਰਿਟੀ ਤਾਂ ਵੇਖੀ ਨਹੀਂ ਮਗਰ ਉਨ੍ਹਾਂ ਦਿਨਾਂ ਵਿੱਚ ਕਿਹਾ ਇਹੀ ਜਾ ਰਿਹਾ ਸੀ।

**ਕਾਮਰੇਡ ਸਤਪਾਲ ਡਾਂਗ :** ਜੇ ਇਹ ਗੱਲ ਠੀਕ ਨਿਕਲੀ ਤਾਂ ਕੀ ਉਹ ਜੁਡੀਸ਼ਅਲ ਇਨਕੁਆਇਰੀ ਕਰਵਾ ਦੇਣਗੇ ?

**ਮੁੱਖ ਮੰਤਰੀ :** ਮੈਂ ਰਿਪੋਟ ਨੂੰ ਪੜ੍ਹ ਲਵਾਂਗਾ ਅਤੇ ਜੇ ਜ਼ਰੂਰੀ ਸਮਝਿਆ ਤਾਂ ਫੇਰ ਦਸਾਂਗਾ।

**ਕਾਮਰੇਡ ਸਤਪਾਲ ਡਾਂਗ :** ਚੀਫ਼ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਮੁਲਾਜ਼ਮਾਂ ਦੇ ਇਕ ਧੜੇ ਨੇ ਜਿਹੜਾ ਕਿ ਜੁਡੀਸ਼ੀਲ ਇਨਕੁਆਇਰੀ ਦੀ ਮੰਗ ਕਰਦਾ ਸੀ ਉਸਨੇ ਐਗਜ਼ੈਕਟਿਵ ਮੈਜਿਸਟਰੇਟ ਦੀ ਇਨਕੁਆਇਰੀ ਨਾਲ ਕੋਆਪਰੇਟ ਕੀਤਾ ਸੀ। ਉਹ ਕਿਹੜਾ ਧੜਾ ਸੀ ਜਿਸਨੇ ਇਸ ਇਨਕੁਆਇਰੀ ਨਾਲ ਕੋਆਪਰੇਟ ਕੀਤਾ ਸੀ ?

**ਮੁੱਖ ਮੰਤਰੀ :** ਮੈਂ ਇਸ ਵੇਲੇ ਨਹੀਂ ਦਸ ਸਕਦਾ। ਆਨਰੇਬਲ ਮੈਂਬਰ ਸਾਹਿਬ ਮੇਰੇ ਪਾਸ ਆ ਜਾਣ, ਮੈਂ ਪੜਤਾਲ ਕਰਕੇ ਦਸ ਦਿਆਂਗਾ।

———

Original with;
Punjab Vidhan Sabha
Digitized by;
Panjab Digital Library

ADDITIONAL POLICE POST POSTED IN VILLAGE WAN, DISTRICT AMRITSAR.

*10. **Sardar Kirpal Singh** : Will the Chief Minister be pleased to state:

(a) whether any additional police post was posted in village Wan, Police Station Khalra, District Amritsar, during the period from 1st April, 1962 to 1st March, 1965, if so, the period for which it remained there ;

(b) the total expenditure on the said police post assessed by the Government for imposing on the residents of the said village ;

(c) whether the residents of the said village made any representation to the Government by registered post for remission of the said amount which was received by the then Home Minister on or about 24th November, 1964 ;

(d) whether the residents of the said village sent another representation to the Punjab Government by registered post for the remission of the said amount which was received by the Home Secretary to the Government, Punjab on or about 10th July, 1965;

(e) the reasons advanced by the villages for the remission sought for by them and the extent to which they were found correct ;

(f) if answer to parts (c) and (d) above be in the affirmative, the decision, if any, taken by the Government in this regard ?

**ਸਰਦਾਰ ਗੁਰਨਾਮ ਸਿੰਘ :**

(ੳ) ਹਾਂ ਜੀ, ਸਮਾਂ ਇਸ ਪਰਕਾਰ ਹੈ :

25-4-62 ਤੋਂ 24-4-63
1-8-63 ਤੋਂ 31-7-64
21-10-64 ਤੋਂ 28-2-65

(ਅ) 26300 ਰੁਪਏ

(ੲ) ਅਤੇ (ਸ) ਇਸ ਗੱਲ ਦੀ ਤਸਦੀਕ ਨਹੀਂ ਹੋ ਸਕਦੀ ਕਿ ਕੀ ਪ੍ਰਤੀਬੇਨਤੀਆਂ ਮੌਸੂਲ ਹੋਈਆਂ ਸਨ ਜਾਂ ਨਹੀਂ, ਤਾਹਮ, 7-2-1966 ਦੀ ਪ੍ਰਤੀ ਬੇਨਤੀ ਮਿਲ ਗਈ ਸੀ ।

(ਹ) ਕਾਰਨ ਇਹ ਹਨ :

(i) ਇਹ ਪਿੰਡ ਭਾਰਤ-ਪਾਕ ਸਰਹੱਦ ਦੇ ਨਾਲ ਲਗਦਾ ਹੈ । ਉਸ ਉਤੇ 1965 ਦੇ ਯੁੱਧ ਵਿੱਚ ਬੜੀ ਭਾਰੀ ਗੋਲਾ ਬਾਰੀ ਕੀਤੀ ਗਈ ਸੀ ।

Original with;
Punjab Vidhan Sabha
Digitized by;
Panjab Digital Library

[ਮੁੱਖ ਮਤਰੀ]

(ii) ਇਹ ਕਿ ਉਥੋਂ ਦੇ ਵਸਨੀਕਾਂ ਨੂੰ ਪਿੰਡ ਛੱਡਣਾ ਪਿਆ ਸੀ ।

(iii) ਇਹ ਕਿ ਕਾਸ਼ਤ ਨਹੀਂ ਕੀਤੀ ਜਾ ਸਕੀ ਅਤੇ ਉਹ ਪਹਿਲਾਂ ਨਾਲੋਂ ਵੀ ਵਧੇਰੇ ਗਰੀਬ ਹੋ ਗਏ । ਜਿਥੋਂ ਤਕ ਇਨ੍ਹਾਂ ਕਾਰਨਾਂ ਦਾ ਸਵਾਲ ਹੈ, ਉਨ੍ਹਾਂ ਉਤੇ ਵਿਚਾਰ ਕੀਤੀ ਜਾ ਰਹੀ ਹੈ ।

(ਕ) ਮਆਮਲਾ ਵਿਚਾਰ-ਅਧੀਨ ਹੈ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਸਾਊਥ) : ਚੀਫ਼ ਮਨਿਸਟਰ ਸਾਹਿਬ ਦੇ ਕਹਿਣ ਅਨੁਸਾਰ ਕੇਸ ਬਹੁਤ ਹਮਦਰਦੀ ਵਾਲਾ ਹੈ । ਫੇਰ ਮਜ਼ੀਦ ਵਿਚਾਰ ਕਰਨ ਦੀ ਕਿਉਂ ਲੋੜ ਮਹਿਸੂਸ ਹੋਈ ਹੈ ?

ਮੁੱਖ ਮੰਤਰੀ : ਇਹ ਚੀਜ਼ ਉਨ੍ਹਾਂ ਦੀ ਆਪਣੀ ਅਰਜ਼ੀ ਵਿਚ ਹੈ ਅਤੇ ਉਸੇ ਕਾਰਨ ਗੌਰ ਹੋ ਰਿਹਾ ਹੈ ।

---

## NON-PAYMENT OF SALARY TO CERTAIN LADY SOCIAL WORKERS POSTED IN VILLAGE PANJWAR, TEHSIL TARN TARAN, DISTRICT AMRITSAR.

*9. **Sardar Kirpal Singh :** Will the Chief Minister be pleased to state :

(a) the names of Lady Social Workers who were posted in the Community-Centre in village Panjwar tehsil Tarn Taran, Amritsar, during the period from 1.7.67 to 31.7.67;

(b) the number of days for which each of the said Lady Social Workers worked in the said centre during the period referred to in part (a) above together with the emoluments to which each one of them was entitled for that period ;

(c) the date on which payment of the emoluments referred to in part (b) above was made to each one of them ;

(d) whether the services of any of the said Lady Social Workers were terminated; if so, their names and the reasons therefor ;

(e) whether it is a fact that the Lady Social Workers referred to in part (d) above have not been paid their dues up till 31.1.69 ; if so, the reasons therefor ;

(f) the name of the person responsible for non-payment of the dues referred to in part (e) above and the action, if any, proposed to be taken against him, if none, the reasons therefor ;

Original with;
Punjab Vidhan Sabha
Digitized by;
Panjab Digital Library

(g) whether it is a fact that the Lady Social Workers referred to in part (d) above sent representations to the Director, Social Welfare Department and the Chief Secretary to Govt. Punjab, between 1.10.67 and 31.12.68, complaining about non-payment of their pay; if so, the dates on which the said representations were received in the Secretariat ;

(h) the action on the representations referred to in part (g) above ;

(i) the action being taken by the Government for expediting payment of the dues to the Lady Social Workers referred to in part (d) above ?

ਸਰਦਾਰ ਗੁਰਨਾਮ ਸਿੰਘ :

(ੳ) 1-7-1967 ਤੋਂ 31-7-1967 ਤਕ ਸ਼੍ਰੀਮਤੀ ਸੁਦਰਸ਼ਨ ਕੁਮਾਰੀ, ਕਮਿਊਨਿਟੀ ਸੈਂਟਰ, ਪੰਜਵੜ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸਮਾਜ ਸੇਵਕਾ ਦੇ ਤੌਰ ਤੇ ਕੰਮ ਕਰਦੀ ਰਹੀ। 31-7-1967 ਨੂੰ ਉਸਦੀ ਜਗ੍ਹਾਂ ਸ਼੍ਰੀਮਤੀ ਅਮਰਜੀਤ ਕੌਰ ਸੰਧੂ ਲਗ ਗਈ।

(ਅ) ਸ਼੍ਰੀਮਤੀ ਸੁਦਰਸ਼ਨ ਕੁਮਾਰੀ ਨੇ ਇਸ ਕੇਂਦਰ ਵਿਚ 31 ਦਿਨ ਕੰਮ ਕੀਤਾ ਅਤੇ ਸ਼੍ਰੀਮਤੀ ਅਮਰਜੀਤ ਕੌਰ ਸੰਧੂ ਨੇ ਕੇਵਲ ਇਕ ਦਿਨ ਹੀ ਕੰਮ ਕੀਤਾ।

ਸ਼੍ਰੀਮਤੀ ਸੁਦਰਸ਼ਨ ਕੁਮਾਰੀ 25.00 ਰੁਪਏ ਕਣਕ ਅਡਵਾਂਸ ਦੇ ਘਟਾਕੇ ਬਾਕੀ 152.00 ਰੁਪਏ ਤਨਖਾਹ ਲੈਣ ਦੀ ਹਕਦਾਰ ਸੀ। ਸ਼੍ਰੀਮਤੀ ਅਮਰਜੀਤ ਕੌਰ ਸੰਧੂ ਇਕ ਦਿਨ ਦੀ ਤਨਖਾਹ ਵਜੋਂ ਰੁਪਏ 4.74 ਪੈਸੇ ਲੈਣ ਦੀ ਹਕਦਾਰ ਸੀ।

(ੲ) ਸ਼੍ਰੀਮਤੀ ਸੁਦਰਸ਼ਨ ਕੁਮਾਰੀ, ਸਮਾਜ ਭਲਾਈ ਸੇਵਕਾ ਨੂੰ 3-8-67 ਨੂੰ ਅਦਾਇਗੀ ਕੀਤੀ ਗਈ। ਸ਼੍ਰੀਮਤੀ ਅਮਰਜੀਤ ਕੌਰ ਸੰਧੂ ਨੂੰ ਅਜੇ ਤਕ ਅਦਾਇਗੀ ਨਹੀਂ ਕੀਤੀ ਗਈ ਕਿਉਂਕਿ ਇਹ ਅਦਾਇਗੀ ਜ਼ਿਲ੍ਹਾ ਭਲਾਈ ਅਫ਼ਸਰ, ਫਿਰੋਜ਼ਪੁਰ ਨੇ ਕਰਨੀ ਸੀ।

(ਸ) ਹਾਂ ਜੀ। ਸ਼੍ਰੀਮਤੀ ਅਮਰਜੀਤ ਕੌਰ ਸੰਧੂ ਨੂੰ 5-10-1967 ਤੋਂ ਨੌਕਰੀ ਤੋਂ ਹਟਾ ਦਿਤਾ ਗਿਆ ਸੀ ਕਿਉਂਕਿ ਉਹ ਆਪਣਾ ਨਾਂ ਰੋਜ਼ਗਾਰ ਅਫ਼ਸਰ, ਅੰਮ੍ਰਿਤਸਰ ਕੋਲੋਂ ਰੈਗੂਲਰਾਈਜ਼ ਨਹੀਂ ਕਰਾ ਸਕੀ ਸੀ। ਇਹ ਸ਼ਰਤ ਉਸਦੀ ਨਿਯੁਕਤੀ ਸਮੇਂ ਲਾਈ ਗਈ ਸੀ।

(ਹ) ਹਾਂ ਜੀ। ਸ਼੍ਰੀਮਤੀ ਅਮਰਜੀਤ ਕੌਰ ਸੰਧੂ ਨੂੰ ਇਕ ਦਿਨ ਦੀ ਤਨਖਾਹ ਨਹੀਂ ਦਿਤੀ ਗਈ ਕਿਉਂਕਿ ਉਹ ਭਲਾਈ ਕੇਂਦਰ, ਪੰਜਵੜੇ, ਅੰਮ੍ਰਿਤਸਰ ਵਿਚ ਵਾਧੂ ਭਲਾਈ ਸੇਵਕਾ ਦੇ ਤੌਰ ਤੇ ਲਗੀ ਸੀ ਜਦੋਂ ਕਿ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਉਸਦੀ ਪੱਕੀ ਨਿਯੁਕਤੀ ਭਲਾਈ ਕੇਂਦਰ ਸਰਾਏ ਨਾਗਾ, ਜ਼ਿਲ੍ਹਾ ਫਿਰੋਜ਼ਪੁਰ ਵਿਚ ਸੀ। ਇਸ ਲਈ ਉਸਦੀ ਇਕ ਦਿਨ ਦੀ ਤਨਖਾਹ ਜ਼ਿਲ੍ਹਾ ਭਲਾਈ ਅਫ਼ਸਰ, ਫਿਰੋਜ਼ਪੁਰ ਨੇ ਦੇਣੀ ਸੀ ਜਿਸਨੂੰ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।

(ਕ) ਜਿਵੇਂ ਭਾਗ (ਹ) ਵਿਚ ਦਸਿਆ ਗਿਆ ਹੈ ਕਿ ਸ਼੍ਰੀਮਤੀ ਅਮਰਜੀਤ ਕੌਰ ਸੰਧੂ ਦੀ ਤਨਖਾਹ ਜ਼ਿਲ੍ਹਾ ਭਲਾਈ ਅਫ਼ਸਰ, ਫਿਰੋਜ਼ਪੁਰ ਨੇ ਦੇਣੀ ਸੀ ਜਿਸਨੂੰ ਕਿ ਸਮੇਂ ਸਮੇਂ ਜ਼ਰੂਰੀ ਹਦਾਇਤਾਂ ਦਿਤੀਆਂ ਗਈਆਂ ਸਨ। ਇਹ ਤਨਖਾਹ ਨਾ ਦੇਣ ਕਰਕੇ ਹੁਣ ਉਸਦੀ ਜਵਾਬ ਤਲਬੀ ਕੀਤੀ ਜਾ ਰਹੀ ਹੈ।

(ਖ) ਹਾਂ ਜੀ। ਸ਼੍ਰੀਮਤੀ ਅਮਰਜੀਤ ਕੌਰ ਸੰਧੂ ਵਲੋਂ ਤਿੰਨ ਦਰਖਾਸਤਾ ਮਿਤੀ 27-11-67, 21-3-68 ਤੇ 25-5-68 ਨੂੰ ਆਈਆਂ ਸਨ।

(ਗ) ਇਨ੍ਹਾਂ ਦਰਖਾਸਤਾਂ ਦੇ ਮਿਲਣ ਤੇ ਜ਼ਰੂਰੀ ਹਦਾਇਤਾਂ ਜ਼ਿਲ੍ਹਾ ਭਲਾਈ ਅਫ਼ਸਰ, ਫਿਰੋਜ਼ਪੁਰ ਨੂੰ ਦੇ ਦਿਤੀਆਂ ਗਈਆਂ ਸਨ।

(ਘ) ਜ਼ਿਲ੍ਹਾ ਭਲਾਈ ਅਫ਼ਸਰ, ਅੰਮ੍ਰਿਤਸਰ ਨੇ ਜ਼ਿਲ੍ਹਾ ਭਲਾਈ ਅਫ਼ਸਰ, ਫਿਰੋਜ਼ਪੁਰ ਨਾਲ ਟੈਲੀਫੂਨ ਤੇ ਗਲ ਕੀਤੀ ਹੈ ਤੇ ਉਸਨੂੰ ਸ਼੍ਰੀਮਤੀ ਅਮਰਜੀਤ ਕੌਰ ਸੰਧੂ ਦੀ ਤਨਖਾਹ ਛੇਤੀ ਦੇਣ ਬਾਰੇ ਕਿਹਾ ਹੈ। ਜ਼ਿਲ੍ਹਾ ਭਲਾਈ ਅਫ਼ਸਰ, ਫਿਰੋਜ਼ਪੁਰ ਦੀ ਜਵਾਬ ਤਲਬੀ ਵੀ ਮੰਗੀ ਜਾ ਰਹੀ ਹੈ।

ਸਪੀਕਰ ਸਾਹਿਬ, ਇਸ ਜਵਾਬ ਨਾਲ ਮੇਰੀ ਬਿਲਕੁਲ ਤਸੱਲੀ ਨਹੀਂ ਹੋਈ। ਇਹਦੇ ਮੁਤੱਲਕ ਮੈਂ ਜ਼ਰੂਰ ਐਕਸਪਲੇਨੇਸ਼ਨ ਮੰਗਾਂਗਾ।

**Sardar Umrao Singh :** Sir, will the Chief Minister be pleased to make a statement about the explanation of the Officers concerned ?

ਇਸ ਹਾਊਸ ਦੇ ਅੱਗੇ ਸਟੇਟਮੈਂਟ ਦੇਣ ਤਾਂ ਜੋ ਸਵਾਲ ਦੇ ਬਾਕੀ ਪਹਿਲੂ ਤੇ ਗੌਰ ਕਰ ਸਕੀਏ।

---

POSTS OF DISTRICT SPORTS OFFICERS.

*8. **Sardar Randhir Singh Cheema :** Will the Chief Minister be pleased to state :

(a) the total No. of posts of District Sports Officers for Men and Women separately which were advertised by the Sports Department in the State during the year 1968-69 to date ;

(b) the date and the month during the said period when the

Original with;
Punjab Vidhan Sabha
Digitized by;
Panjab Digital Library

above mentioned posts were advertised together with the details of the qualifications prescribed for such posts ;

(c) whether the vacancies referred to in part (a) above were filled through the Punjab Public Service Commission or by the Departmental Committee; if so, the total number and names of men/women who appeared for interview and the dates thereof ;

(d) whether the Sports Department has made any proposal to the Punjab Public Service Commission to recruit or to itself appoint only those women candidates in future as District Sports Officers who are B. A., D. P. E. and qualified Trained Coaches of N. I. S., Patiala; if so, the reasons therefor ?

**ਸਰਦਾਰ ਗੁਰਨਾਮ ਸਿੰਘ :**

(ਏ) ਇਕ (ਪੁਰਖ)

(ਬੀ) ਇਹ ਆਸਾਮੀ ਲੋਕ ਸੇਵਾ ਕਮਿਸ਼ਨ ਨੇ ਅਗਸਤ, 1968 ਵਿਚ ਇਸ਼ਤਿਹਾਰ ਕੀਤੀ ਸੀ ਤੇ ਹੇਠ ਲਿਖੀਆਂ ਯੋਗਤਾਵਾਂ ਇਸ ਆਸਾਮੀ ਲਈ ਨੀਯਤ ਕੀਤੀਆਂ ਸਨ :—

(1) ਬੀ. ਏ. ਪਾਸ

(2) ਐਨ. ਆਈ. ਐਸ. ਟਰੇਂਡ ਜਾਂ
ਬੀ. ਪੀ. ਈ./ਡੀ. ਪੀ. ਆਈ.

(3) ਘਟੋ ਘਟ ਯੂਨੀਵਰਸਿਟੀ ਲੈਵਲ ਤਕ ਦਾ ਉੱਘਾ ਖਿਡਾਰੀ ।

(ਸੀ) ਇਹ ਆਸਾਮੀ ਲੋਕ ਸੇਵਾ ਕਮਿਸ਼ਨ ਰਾਹੀਂ ਭਰੀ ਜਾ ਰਹੀ ਹੈ, ਤੇ ਲੋਕ ਸੇਵਾ ਕਮਿਸ਼ਨ ਨੇ ਦੱਸਿਆ ਹੈ ਕਿ ਇਸ ਆਸਾਮੀ ਲਈ 24 ਉਮੀਦਵਾਰਾਂ ਦੀ ਇੰਟਰਵੀਊ 5 ਤੇ 6 ਨਵੰਬਰ, 1968 ਨੂੰ ਕੀਤੀ ਗਈ ਸੀ ।

(ਡੀ) ਨਹੀਂ ਜੀ ।

**ਚੌਧਰੀ ਬਲਬੀਰ ਸਿੰਘ :** ਕੀ ਮੁੱਖ ਮੰਤਰੀ ਸਾਹਿਬ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਇਨ੍ਹਾਂ ਡਿਸਟ੍ਰਿਕਟ ਸਪੋਰਟਸ ਆਫੀਸਰਜ਼ ਵਿਚ ਇਨ੍ਹਾਂ ਨੇ ਹਰੀਜਨ ਅਤੇ ਸ਼ੈਡੂਲਡ ਕਾਸਟਸ ਦੇ ਵੀ ਕੁਝ ਮੈਂਬਰ ਲਏ ਹਨ ਜਾਂ ਨਹੀਂ ?

**ਮੁੱਖ ਮੰਤਰੀ :** ਇਹ ਸਵਾਲ ਇਸ ਸਵਾਲ ਵਿਚੋਂ ਨਹੀਂ ਨਿਕਲਦਾ ।

**ਚੌਧਰੀ ਬਲਬੀਰ ਸਿੰਘ :** ਕੀ ਮੁੱਖ ਮੰਤਰੀ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਸਰਕਾਰ ਨੇ ਸਰਵਿਸਿਜ਼ ਲਈ ਕੋਈ ਪ੍ਰਸੈਂਟੇਜ ਮੁਕੱਰਰ ਕੀਤੀ ਹੈ ਕਿ ਇਤਨੇ ਹਰੀਜਨ ਉਮੀਦਵਾਰਾਂ ਨੂੰ ਜ਼ਰੂਰ ਲਿਆ ਜਾਵੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਵੱਖਰਾ ਨੋਟਿਸ ਦੇ ਦਿਓ, ਦੱਸ ਦਿਆਂਗੇ ।

---

## G. I. WIRE 7/10 SWG SUPPLIED TO CONTROLLER OF STORES, PUNJAB.

*12. **Sardar Balwant Singh :** Will the Minister for Industries be pleased to state :

(a) the name of the firm whose rate contract for the supply of G. I. wire 7/10 SWG was accepted by the Controller of Stores, Punjab during the year 1968 and at what rate ;

(b) the names of other firms alongwith their quotations, offered for the above mentioned item during the said period and the reasons for rejecting the same ?

**Shri Balram Dass Tandon :**

(a) M/S. H. L. Anand & Sons Kapurthala with the following rates :

G. I. Wire of 8 SWG ... Rs. 1470 per metric ton
G. I. Wire of 10 SWG ... Rs. 1520 — do—

(b) the information is laid on the table of the House.

| Sr. No. | Name of the other firms | Quoted rates per metric ton 8 SWG | 10 SWG | Reasons for rejecting the offers. |
|---|---|---|---|---|
| 1. | M/s. Enpee Industries Pvt. Ltd., Calcutta | Rs. I350/- | Rs. 1385/- | These four parties are located out- |
| 2. | M/s. Eldee Wire, Bombay | Rs. 1480/- | Rs. 1460/- | side the State against which the |
| 3. | M/s. United Wire, Bombay | Rs. 1440/- | Rs. 1440/- | approved party viz., M/s. H. L. |
| 4. | M/s. India Commerce Calcutta | Rs. 1280/- | Rs. 1340/- | Anand & Sons, Kapurthala, are entitled for 15% price preference being a Small Scale Industrial Unit After allowing 15% price preference, rates of these firms became higher than those of M/s. H.L. Anand & Sons, Kapurthala. |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 5. | M/s. Ganga Steel, Ludhiana | Rs. 1497/- | Rs. 1547/- | ) Rejected being ) higher than the |
| 6. | M/s. Power Cables, Kalyan. | Rs. 1525/- | Rs. 1575/- | ) approved rates. |
| 7. | M/s. Haryana Trd. Co., Chandigarh. | Rs. 1539/- | Rs. 1528/- | ) |

**ਕਾਮਰੇਡ ਸਤਪਾਲ ਡਾਂਗ** : ਜਿਹੜੀ ਇਨ੍ਹਾਂ ਨੇ ਸੂਚਨਾ ਮੇਜ਼ ਤੇ ਰੱਖੀ ਹੈ, ਉਸ ਦੇ ਅਨੁਸਾਰ ਉਸ ਫਰਮ ਨਾਲੋਂ ਜਿਸ ਦਾ ਟੈਂਡਰ ਮਨਜ਼ੂਰ ਕੀਤਾ ਗਿਆ 3 ਫਰਮਾਂ ਦੇ ਟੈਂਡਰ ਥੋੜ੍ਹੇ ਸਨ। ਘੱਟ ਟੈਂਡਰ ਮਨਜ਼ੂਰ ਨਾ ਕਰਨ ਦੀ ਵਜ੍ਹਾ ਇਹ ਦਿੱਤੀ ਹੈ ਕਿ ਜਿਸ ਫਰਮ ਦਾ ਟੈਂਡਰ ਮਨਜ਼ੂਰ ਕੀਤਾ ਗਿਆ ਉਹ ਸਮਾਲ ਸਕੇਲ ਇੰਡਸਟਰੀ ਸੀ। ਮੈਂ ਪੁਛਣਾ ਚਾਹੁੰਦਾ ਹਾਂ ਕਿ ਉਸ ਫਰਮ ਨੂੰ ਸਮਾਲ ਸਕੇਲ ਇੰਡਸਟਰੀ ਕਦੋਂ, ਕਿਸ ਨੇ ਔਰ ਕਿਸ ਕਰਾਈਟੇਰੀਆ ਦੇ ਮੁਤਾਬਿਕ ਕਰਾਰ ਦਿੱਤਾ ਸੀ ?

**ਮੰਤਰੀ** : ਮੈਂ ਬੇਨਤੀ ਕਰਦਾ ਹਾਂ ਕਿ ਜੋ ਇਨਫਰਮੇਸ਼ਨ ਤੁਸੀਂ ਚਾਹੁੰਦੇ ਹੋ ਉਹ ਅਲੱਗ ਲਿਖ ਕੇ ਪੁਛ ਲਵੋ, ਫਿਰ ਦੱਸ ਦਿਆਂਗੇ।

**ਕਾਮਰੇਡ ਸਤਪਾਲ ਡਾਂਗ** : ਸਪੀਕਰ ਸਾਹਿਬ, ਸਵਾਲ ਤਾਂ ਸਿਰਫ ਇਹ ਹੈ ਕਿ ਉਹ ਸਮਾਲ ਸਕੇਲ ਇੰਡਸਟਰੀ ਕਿਸ ਨੇ ਡਿਕਲੇਅਰ ਕੀਤੀ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਕਿਸ ਮਨਿਸਟਰ ਨੂੰ ਪਤਾ ਹੋ ਸਕਦਾ ਹੈ ਕਿ ਇਹ ਸਮਾਲ ਸਕੇਲ ਇੰਡਸਟਰੀ ਕਿਸ ਡੇਟ ਨੂੰ ਰਜਿਸਟਰ ਕੀਤੀ ਗਈ। ਜੋ ਇਨਫਰਮੇਸ਼ਨ ਮੇਰੇ ਪਾਸ ਹੈ, ਉਹ ਮੈਂ ਦਸ ਦਿੱਤੀ ਹੈ। ਹਰ ਕੇਸ ਵਿਚ ਇਸ ਤਰ੍ਹਾਂ ਦੀਆਂ ਤਰੀਕਾਂ ਯਾਦ ਨਹੀਂ ਰਖੀਆਂ ਜਾ ਸਕਦੀਆਂ।

**ਕੈਪਟਨ ਰਤਨ ਸਿੰਘ** : ਕੀ ਮਨਿਸਟਰ ਸਾਹਿਬ ਇਹ ਕਹਿ ਸਕਦੇ ਹਨ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਸਮਾਲ ਸਕੇਲ ਇੰਡਸਟਰੀ ਕਿਹੜੀ ਹੈ ?

**ਕਾਮਰੇਡ ਸਤਪਾਲ ਡਾਂਗ** : ਪੁਆਇੰਟ ਆਫ਼ ਆਰਡਰ ਸਰ। ਸਪੀਕਰ ਸਾਹਿਬ ਮਨਿਸਟਰ ਸਾਹਿਬ ਨੇ ਸਭ ਕੁਝ ਜਾਣਦੇ ਹੋਏ ਵੀ ਤਵੱਜੋ ਨਹੀਂ ਕੀਤੀ। ਜਾਣ ਬੁਝਕੇ ਇਸ ਸਵਾਲ ਦੇ ਜਵਾਬ ਨੂੰ ਡੀਲੇ ਕੀਤਾ ਜਾ ਰਿਹਾ ਹੈ। ਇਸ ਦਾ ਜਵਾਬ ਦੇਣ ਲਈ ਅਗਰ ਇਨ੍ਹਾਂ ਨੂੰ ਡੀਪਾਰਟਮੈਂਟ ਨੇ ਤਿਆਰ ਨਹੀਂ ਕੀਤਾ ਤਾਂ ਕੁਐਸ਼ਚਨ ਨੂੰ ਪੋਸਟਪੋਨ ਕਰਕੇ ਜਵਾਬ ਮੰਗਿਆ ਜਾਵੇ।

**ਮੰਤਰੀ** : ਅਰਜ਼ ਇਹ ਹੈ ਕਿ ਸਮਾਲ ਸਕੇਲ ਇੰਡਸਟਰੀ ਜੋ ਸਟੇਟ ਦੇ ਅੰਦਰ ਰਜਿਸਟਰਡ ਹੋਈ ਹੁੰਦੀ ਹੈ, ਪਰਚੇਜ਼ ਕਰਦੇ ਸਮੇਂ ਉਸ ਨੂੰ ਕੀਮਤ ਵਿਚ 15% ਦੀ ਰਿਆਇਤ ਦਿਤੀ ਜਾਂਦੀ ਹੈ। ਉਸ ਦੇ ਮੁਕਾਬਲੇ ਵਿਚ ਅਗਰ ਬਾਹਰਲੇ ਸੂਬੇ ਦੀ ਕੋਈ ਫਰਮ 15% ਤੋਂ ਵੀ ਘੱਟ ਕੀਮਤ ਤੇ ਸਾਨੂੰ ਮਾਲ ਸਪਲਾਈ ਕਰੇ ਤਾਂ ਅਸੀਂ ਉਸ ਕੋਲੋਂ ਮਾਲ ਲੈਂਦੇ ਹਾਂ।

**ਸਰਦਾਰ ਬਲਵੰਤ ਸਿੰਘ** : ਕੀ ਇਹ ਠੀਕ ਹੈ ਕਿ ਮੈਸਰਜ਼ ਐਚ. ਐਲ. ਆਨੰਦ ਐਂਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਸਨਜ਼ ਕਪੂਰਥਲਾ ਦਾ ਟੈਂਡਰ ਇਸ ਬੇਸਿਜ਼ ਤੇ ਰੀਜੈਕਟ ਕੀਤਾ ਗਿਆ ਕਿ ਉਸ ਦੇ ਮੁਕਾਬਲੇ ਤੇ ਸਮਾਲ ਸਕੇਲ ਇੰਡਸਟਰੀ ਸੀ ? ਕੀ ਇਹ ਸੱਚ ਹੈ ਕਿ ਕਪੂਰਥਲੇ ਦੀ ਇਸ ਫਰਮ ਦਾ ਟੈਂਡਰ ਇਸ ਕਰਕੇ ਰੀਜੈਕਟ ਕੀਤਾ ਗਿਆ ਕਿ ਉਸ ਵੇਲੇ ਜਿਹੜੀ ਸਰਕਾਰ ਸੀ ਉਸ ਨੂੰ ਉਹ ਸਿਫ਼ਾਰਸ਼ ਨਹੀਂ ਪਹੁੰਚਾ ਸਕੇ ?

**ਮੰਤਰੀ :** ਮੇਰਾ ਖਿਆਲ ਹੈ ਕਿ ਜੋ ਇਨਫਰਮੇਸ਼ਨ ਮਾਨਯੋਗ ਮੈਂਬਰ ਨੇ ਦਿੱਤੀ ਹੈ, ਉਹ ਗ਼ਲਤ ਹੈ। ਮੈਸਰਜ਼ ਐਚ. ਐਲ. ਆਨੰਦ ਐਂਡ ਸੰਨਜ਼, ਕਪੂਰਥਲਾ ਦਾ ਟੈਂਡਰ ਐਕਸੈਪਟ ਹੋਇਆ ਹੈ।

**ਸਰਦਾਰ ਬਲਵੰਤ ਸਿੰਘ :** ਉਹ ਰੀਜੈਕਟ ਹੋਇਆ ਹੈ। ਇਨ੍ਹਾਂ ਦੇ ਡੀਪਾਰਟਮੈਂਟ ਨੇ ਗ਼ਲਤ ਇਨਫਰਮੇਸ਼ਨ ਦਿੱਤੀ ਹੈ।

**ਕੈਪਟਨ ਰਤਨ ਸਿੰਘ :** ਕੀ ਮਨਿਸਟਰ ਸਾਹਿਬ ਸਮਾਲ ਸਕੇਲ ਇੰਡਸਟਰੀ ਦੀ ਡੈਫੀ-ਕਨੀਸ਼ਨ ਦੱਸ ਸਕਦੇ ਹਨ ?

**ਮੰਤਰੀ :** ਮੇਰਾ ਖਿਆਲ ਹੈ ਕਿ ਐਨੇ ਪੁਰਾਣੇ ਤਜਰਬੇਕਾਰ ਮੈਂਬਰਾਂ ਨੂੰ ਇਸ ਗੱਲ ਦੀ ਜ਼ਰੂਰਤ ਨਹੀਂ ਕਿ ਸਮਾਲ ਸਕੇਲ ਇੰਡਸਟਰੀ ਅਤੇ ਲਾਰਜ ਸਕੇਲ ਇੰਡਸਟਰੀ ਦਾ ਵੇਰਵਾ ਦੱਸਿਆ ਜਾਵੇ। ਪਰ ਮੈਂ ਇਤਨਾ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਇੰਡਸਟਰੀ 5 ਲੱਖ ਦੀ ਮਾਲੀਅਤ ਦੇ ਥੱਲੇ ਹੋਵੇ ਉਸ ਨੂੰ ਸਮਾਲ ਸਕੇਲ ਇੰਡਸਟਰੀ ਕਹਿੰਦੇ ਹਨ।

---

SETTING UP OF A TRACTOR FACTORY AT LUDHIANA.

*14. **Comrade Babu Singh Master :** Will the Minister for Industries be pleased to state :

(a) the details of the steps being taken by the Government to set up Tractor Factory at Ludhiana ;

(b) whether it will be in the public sector or private sector ?

**Shri Balramji Dass Tondon :**

(a) A statement is laid on the table of the House.

(b) It is proposed to float a separate company and Punjab State Industrial Corporation propose to invest 25% to 30% in its equity expenditure.

**Statement**

The Punjab State Industrial Development Corporation entered into an agreement for collaboration with Bulgarians to manufacture TK-224D tractor in Punjab at Dhandari Kalan near Ludhiana. Accordingly two tractors were purchased Before taking up of the manufacture of tractors the clearance of collaboration agreement from Government of India was required On the advice of Government of India, one tractor was sent to Tractor Training & Testing Station, Budni, and the other tractor was

Original with;
Punjab Vidhan Sabha
Digitized by;
Panjab Digital Library

brought in Punjab for demonstration among the farmers. The test report and the reaction of the farmers are not very encouraging. The Corporation has now taken up with Central Government for allowing the State to manufacture Zetor 2011 tractor in collaboration with Czechoslovakia as this project is under consideration of the Central Government itself for being set up by the Central Government. A decision is yet to be received from the Government of India.

A piece of land in focal point at Dhandari Kalan near Ludhiana has already been taken.

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਮਨਿਸਟਰ ਸਾਹਿਬ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਕਿੰਨੀ ਦੇਰ ਤੱਕ ਇਹ ਪ੍ਰੋਗਰਾਮ ਮੈਚਿਉਰ ਹੋ ਜਾਵੇਗਾ ?

**ਮੰਤਰੀ :** ਜਲਦੀ ਹੀ ਫ਼ੈਸਲਾ ਕੀਤਾ ਜਾਵੇਗਾ ।

**ਸਰਦਾਰ ਲਛਮਣ ਸਿੰਘ ਗਿਲ :** ਕੀ ਲੈਂਡ ਐਕਵਾਇਰ ਹੋ ਗਈ ਹੈ ? ਜੇ ਹੋ ਗਈ ਹੈ ਤਾਂ ਕਦ ਤੋਂ ਹੋਈ ਹੈ ?

**ਮੰਤਰੀ :** ਲੈਂਡ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਸਰਦਾਰ ਲਛਮਣ ਸਿੰਘ ਗਿੱਲ :** ਆਇਆ ਅੱਗੇ ਲੈਂਡ ਐਕਵਾਇਰ ਹੋਈ ਹੈ ਜਾਂ ਨਹੀਂ ?

**ਮੰਤਰੀ :** ਮੈਂ ਪਹਿਲਾਂ ਹੀ ਜਵਾਬ ਦੇ ਚੁਕਾ ਹਾਂ ।

**ਸਰਦਾਰ ਲਛਮਣ ਸਿੰਘ ਗਿੱਲ :** ਪਿਛਲਾ ਰਿਕਾਰਡ ਦੇਵੋਂ । ਗੱਲ ਬੜੀ ਸਿੱਧੀ ਜਿਹੀ ਹੈ। ਤੁਸੀਂ ਇਸ ਦੇ ਬਾਰੇ ਕੀ ਕਾਰਵਾਈ ਕੀਤੀ ਹੈ ? ਸਵਾਲ ਸਿਰਫ ਇਹ ਹੈ ਕਿ ਜ਼ਮੀਨ ਐਕਵਾਇਰ ਕੀਤੀ ਹੈ ਜਾਂ ਨਹੀਂ ? ਕੀ ਟੈਂਡਰ ਮੰਗੇ ਹਨ ਜਾਂ ਨਹੀਂ ? ਤੁਸੀਂ ਜਵਾਬ ਦਿਉ ਮੈਂ ਤੁਹਾਡੀ ਤਵੱਜੋਂ ਦਿਵਾਉਂਦਾ ਹਾਂ । ਇਹ ਬੜੀ ਸਿਧੀ ਜਿਹੀ ਗਲ ਹੈ ਕਿ ਗੌਰਮਿੰਟ ਨੇ ਟਰੈਕਟਰ ਫੈਕਟਰੀ ਵਾਸਤੇ ਕੀ ਸਟੈਪ ਲਏ ਹਨ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਪਹਿਲੀ ਸਰਕਾਰ ਦੇ ਵੇਲੇ 13 ਹਾਰਸ ਪਾਵਰ ਦਾ ਟਰੈਕਟਰ ਬਨਾਉਣ ਦੀ ਤਜਵੀਜ਼ ਸੀ । ਅਸੀਂ ਦੇਖਿਆ ਕਿ ਉਹ ਨਕਾਰਾ ਹੈ ਅਤੇ ਕਿਸੇ ਕੰਮ ਨਹੀਂ ਆ ਸਕਦਾ । ਇਹ ਦੇਖ ਕੇ ਅਸੀਂ ਸੈਂਟਰ ਦੀ ਸਰਕਾਰ ਨੂੰ ਲਿਖਿਆ ਹੈ ਕਿ ਸਾਨੂੰ 20 ਹਾਰਸ ਪਾਵਰ ਦੇ ਟਰੈਕਟਰ ਦੀ ਇਜਾਜ਼ਤ ਦਿਤੀ ਜਾਵੇ । ਅਜੇ ਉਸ ਬਾਰੇ ਕਲੀਅਰੈਂਸ ਨਹੀਂ ਆਈ । ਅਸੀਂ ਤਾਂ ਸਗੋਂ ਆਪ ਕਾਹਲੇ ਪਏ ਹੋਏ ਹਾਂ ਕਿ ਇਹ ਟਰੈਕਟਰ ਫੈਕਟਰੀ ਛੇਤੀ ਤੋਂ ਛੇਤੀ ਲਗਾਈ ਜਾਵੇ ।

**ਕਾਮਰੇਡ ਸਤਪਾਲ ਡਾਂਗ :** ਮਨਿਸਟਰ ਸਾਹਿਬ ਕਹਿੰਦੇ ਕੁਝ ਹੋਰ ਹਨ ਪਰ ਜਿਹੜਾ ਲਿਖਤੀ ਜਵਾਬ ਦਿਤਾ ਹੈ ਉਸ ਦੇ ਵਿਚ ਲਿਖਿਆ ਹੈ ।

A piece of land in focal point at Dhandari Kalan near Ludhiana has already been taken.

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਨਾਮ ਸਿੰਘ :** ਜੇ ਜਵਾਬ ਦੇ ਦਿਤਾ ਹੈ ਤਾਂ ਪੁਛਣ ਦੀ ਕੀ ਲੋੜ ਹੈ ।

**ਸਰਦਾਰ ਲਛਮਣ ਸਿੰਘ ਗਿੱਲ :** ਕੀ ਮੌਜੂਦਾ ਚੀਫ਼ ਮਨਿਸਟਰ ਸਾਹਿਬ ਇਸ ਗਲ ਤੇ ਰੋਸ਼ਨੀ ਪਾਉਣਗੇ ਕਿ ਜਦੋਂ ਉਹ ਇਸ ਤੋਂ ਪਹਿਲਾ ਚੀਫ਼ ਮਨਿਸਟਰ ਸਨ ਤਾਂ ਕੀ ਉਨ੍ਹਾਂ ਦੀ 13 ਹਾਰਸ ਪਾਵਰ ਦੇ ਟਰੈਕਟਰ ਦੀ ਰੀਕੁਮੈਂਡੇਸ਼ਨ ਨਹੀਂ ਸੀ ?

**ਸਰਦਾਰ ਗੁਰਨਾਮ ਸਿੰਘ :** ਨੋਟਿਸ ਦੇ ਦਿਉ, ਜਵਾਬ ਦੇ ਦਿਆਂਗੇ ।

**ਕਾਮਰੇਡ ਸਤਪਾਲ ਡਾਂਗ :** ਕੀ ਮਨਿਸਟਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਕੀ ਇਹ ਇਨਵੈਸਟਮੈਂਟ 25% ਤੋਂ 30% ਪ੍ਰਾਈਵੇਟ ਸੈਕਟਰ ਵਿਚ ਕਰਨ ਦੀ ਥਾਂ ਇਸ ਗਲ ਨੂੰ ਤਰਜੀਹ ਦੇਣ ਨੂੰ ਤਿਆਰ ਹਨ ਕਿ ਇਹ ਕਾਰਖਾਨਾ ਪਬਲਿਕ ਸੈਕਟਰ ਵਿਚ ਹੋਵੇ ਜਾਂ ਸਰਕਾਰ ਦੀ ਇਨਵੈਸਟਮੈਂਟ ਘੱਟੋ ਘੱਟ 50% ਹੋਵੇ ?

**ਮੰਤਰੀ :** ਆਨਰੇਬਲ ਮੈਂਬਰ ਸਾਹਿਬ ਨੂੰ ਪਤਾ ਹੈ ਕਿ ਸਾਡੇ ਕੋਲ ਰੀਸੋਰਸਿਜ਼ ਬਹੁਤ ਘੱਟ ਹਨ। ਜਿੰਨੀ ਡੀਵੈਲਪਮੈਂਟ ਅਸੀਂ ਕਰ ਸਕਦੇ ਹਾਂ, ਜਿੰਨੀ ਫੰਡਜ਼ ਦੀ ਐਲੋਕੇਸ਼ਨ ਸਾਡੇ ਪਾਸ ਹੈ, ਉਸ ਦੇ ਮੁਤਾਬਿਕ ਅਸੀਂ ਕਰ ਰਹੇ ਹਾਂ ।

**ਸਰਦਾਰ ਲਛਮਣ ਸਿੰਘ ਗਿੱਲ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਫੈਕਟਰੀ ਕਦ ਤਕ ਚਲਣ ਦੇ ਕਾਬਲ ਹੋ ਜਾਵੇਗੀ ?

**ਮੰਤਰੀ :** ਮੈਂ ਪਹਿਲਾਂ ਹੀ ਦਸ ਚੁਕਾ ਹਾਂ ਕਿ ਸੈਂਟਰ ਪਾਸੋਂ ਹਾਲੀ ਕਲੀਅਰੈਂਸ ਨਹੀਂ ਮਿਲੀ। ਜਦੋਂ ਕਲੀਅਰੈਂਸ ਮਿਲ ਜਾਵੇਗੀ ਤਾਂ ਸਾਡੀ ਕੋਸ਼ਿਸ਼ ਹੋਵੇਗੀ ਕਿ ਜਿਹੜਾ ਕੰਮ ਅਸੀਂ ਕੱਲ ਸ਼ੁਰੂ ਕਰਨਾ ਹੈ, ਉਹ ਅੱਜ ਹੀ ਸ਼ੁਰੂ ਕਰੀਏ ।

**ਸਰਦਾਰ ਲਛਮਣ ਸਿੰਘ ਗਿੱਲ :** ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਫੈਕਟਰੀ ਨੂੰ ਚਾਲੂ ਕਰਨ ਲਈ ਕਿੰਨਾ ਸਟਾਫ਼ ਰਖਿਆ ਗਿਆ ਹੈ ? (ਵਿਘਨ) It is a very important supplementary question, Sir.

**Minister :** A separate notice is required.

**ਸਰਦਾਰ ਲਛਮਣ ਸਿੰਘ ਗਿੱਲ :** ਸਪੀਕਰ ਸਾਹਿਬ, ਤੁਸੀਂ ਜ਼ਰਾ ਤਵੱਜੋ ਦਿਉ ਅਤੇ ਇਸ ਗਲ ਤੇ ਰੂਲਿੰਗ ਦਿਉ। ਕਿੰਨਾ ਰੁਪਿਆ ਜ਼ਾਇਆ ਹੋ ਰਿਹਾ ਹੈ। (ਸ਼ੋਰ) (ਵਿਘਨ) ਸਪੀਕਰ ਸਾਹਿਬ, ਗਲ ਬੜੀ ਕਲੀਅਰ ਹੈ, ਮੈਂ ਰੂਲਿੰਗ ਚਾਹੁੰਦਾ ਹਾਂ। ਇਸ ਗਲ ਨੂੰ ਪੁਛਣ ਲਈ ਮੈਂ ਐਨਟਾਈਟਲਡ ਹਾਂ। ਇਸ ਤੇ ਤੁਸੀਂ ਰੂਲਿੰਗ ਦਿਉ। ਮੈਂ ਫੈਕਟਸ ਜਾਣਨਾ ਚਾਹੁੰਦਾ ਹਾਂ।

**ਮੰਤਰੀ :** ਸਪੀਕਰ ਸਾਹਿਬ, ਜਿੰਨੀ ਇਨਫਰਮੇਸ਼ਨ ਇਨ੍ਹਾਂ ਨੇ ਮੰਗੀ ਹੈ, ਉਸ ਦਾ ਜਵਾਬ ਦੇ ਦਿਤਾ ਹੈ। ਜਿਹੜੀ ਇਨਫਰਮੇਸ਼ਨ ਹੁਣ ਇਨ੍ਹਾਂ ਨੂੰ ਚਾਹੀਦੀ ਹੈ ਉਸ ਦਾ ਅਲਗ ਸਵਾਲ ਕਰ ਦੇਣ ਮੈਂ ਜਵਾਬ ਦੇ ਦਿਆਂਗਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਤੁਸੀਂ ਨੋਟਿਸ ਦੇ ਦਿਉ, ਇਹ ਇਨਫਰਮੇਸ਼ਨ ਤੁਹਾਨੂੰ ਦੇ ਦੇਣਗੇ। (The Hon. member may please give a separate notice and the Government will supply the requisite information to him.)

**ਸਰਦਾਰ ਲਛਮਣ ਸਿੰਘ ਗਿੱਲ :** ਸਪੀਕਰ ਸਾਹਿਬ, ਗਲ ਬੜੀ ਕਲੀਅਰ ਹੈ ਕਿ ਸਟਾਫ ਕਿੰਨਾ ਰਖਿਆ ਗਿਆ ਹੈ ਅਤੇ ਕਿੰਨਾ ਰੁਪਿਆ ਖਰਚ ਹੋ ਰਿਹਾ ਹੈ। ਇਨ੍ਹਾਂ ਗਲਾਂ ਦਾ ਜਵਾਬ ਦੇਣ ਜੇ ਇਹ ਹੁਣ ਜਵਾਬ ਨਹੀਂ ਦੇ ਸਕਦੇ ਤਾਂ ਸਵਾਲ ਪੈਂਡਿੰਗ ਕਰਵਾ ਦਿਤਾ ਜਾਵੇ।

**ਚੌਧਰੀ ਬਲਬੀਰ ਸਿੰਘ :** ਸਪੀਕਰ ਸਾਹਿਬ, ਸਪਲੀਮੈਂਟਰੀ ਸਵਾਲ ਜਵਾਬ ਵਿਚੋਂ ਹੀ ਅਰਾਈਜ਼ ਹੁੰਦਾ ਹੈ। ਹਰ ਇਕ ਸਪਲੀਮੈਂਟਰੀ ਕੁਐਸਚਨ ਵਾਸਤੇ ਜੇਕਰ ਤੁਸੀਂ ਕਹੋ ਕਿ ਅਲੱਗ ਨੋਟਿਸ ਦਿਤਾ ਜਾਵੇ, ਤਾਂ ਇਹ ਗਲ ਠੀਕ ਨਹੀਂ ਹੈ।

**Sardar Lachhman Singh Gill :** Please tell us what is the meaning of 'details' and 'steps'. What else is needed ? (Noise)

**Mr. Speaker :** The 'details of the steps being taken' by the Government and not the 'steps taken' by the Government. Now we will take up the next question.

**ਸਰਦਾਰ ਲਛਮਣ ਸਿੰਘ ਗਿੱਲ :** On a point of order, Sir. ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿੰਨਾਂ ਚਿਰ ਪਹਿਲਾ ਕੁਐਸਚਨ ਪੂਰਾ ਨਾ ਹੋਵੇ ਦੂਜਾ ਨਹੀਂ ਲਿਆ ਜਾ ਸਕਦਾ।

**ਸ੍ਰੀ ਸਪੀਕਰ :** ਉਹ ਪੂਰਾ ਹੋ ਚੁਕਾ ਹੈ ਹੁਣ ਤੁਸੀਂ ਬੈਠ ਜਾਉ। (That has already been dealt with. He may now resume his seat.)

**ਸਰਦਾਰ ਲਛਮਣ ਸਿੰਘ ਗਿੱਲ ;** ਸਪੀਕਰ ਸਾਹਿਬ, ਇਹ ਨਾਜਾਇਜ਼ ਫ਼ਾਇਦਾ ਉਠਾ ਰਹੇ ਹਨ, ਤੁਸੀਂ ਆਪਣੀ ਰੂਲਿੰਗ ਦੇ ਦੇਉ।

**ਸ੍ਰੀ ਸਪੀਕਰ :** ਮੈਂ ਆਪਣੀ ਰੂਲਿੰਗ ਪਹਿਲਾਂ ਹੀ ਦੇ ਚੁਕਾ ਹਾਂ। (I have already given my ruling.) (ਸ਼ੋਰ)

**ਕੈਪਟਨ ਰਤਨ ਸਿੰਘ :** On a point of order, Sir. ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੁਐਸ਼ਚਨ ਬੜਾ ਕਲੀਅਰ ਹੈ। ਇਸ ਵਿਚ ਪੁਛਿਆ ਗਿਆ ਹੈ 'Details of steps being taken by the Government." ਡੀਟੇਲਜ਼ ਆਫ਼ ਸਟੈਪਸ ਦੀ ਡੈਫ਼ੀਨੀਸ਼ਨ ਬੜੀ ਵਾਈਡ ਹੈ। ਮੈਂ ਹਾਊਸ ਦਾ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ। ਮੈਂ ਸਿਰਫ ਇਤਨਾ ਪੁਛਦਾ ਹਾਂ ਕਿ ਕੀ ਇਸ ਸਿਲਸਿਲੇ ਵਿਚ ਕੋਈ ਸਟਾਫ਼ ਰਖਿਆ ਗਿਆ ਹੈ ਜਾਂ ਨਹੀਂ ?

**ਮੰਤਰੀ :** ਸਪੀਕਰ ਸਾਹਿਬ, ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਉਨ੍ਹਾਂ ਨੇ ਸਟੇਟਮੈਂਟ ਪੜ੍ਹੀ ਹੀ ਨਹੀਂ, ਅਗਰ ਪੜ੍ਹੀ ਹੁੰਦੀ ਤਾਂ ਉਹ ਸ਼ਾਇਦ ਇਹ ਗੱਲ ਨਾ ਪੁਛਦੇ। ਸਟੇਟਮੈਂਟ ਵਿਚ ਇਹ

Original with;
Punjab Vidhan Sabha
Digitized by;
Panjab Digital Library

[Minister for Industries]

ਗਲ ਦਿਤੀ ਹੈ ਕਿ ਹਾਲੇ ਸਿਰਫ਼ ਜ਼ਮੀਨ ਲੈਣ ਦੀ ਗਲ ਕੀਤੀ ਹੈ। ਇਸ ਤੋਂ ਇਲਾਵਾ ਬਾਕੀ ਸਾਰਾ ਮਾਮਲਾ ਸੈਂਟਰ ਗੌਰਮੈਂਟ ਦੇ ਕੋਲ ਪਿਆ ਹੈ।

ਟਰੈਕਟਰਾਂ ਦੇ ਬਾਰੇ ਮੈਂ ਇਸ ਤੋਂ ਪਹਿਲਾਂ ਦਸ ਚੁਕਿਆ ਹਾਂ ਕਿ ਪੰਜਾਬ ਸਟੇਟ ਡਿਵੈਲਪਮੈਂਟ ਇੰਡਸਟਰੀਅਲ ਕਾਰਪੋਰੇਸ਼ਨ ਨੇ ਬਲਗਾਰੀਆਂ ਦੀ ਕੋਲੈਬੋਰੇਸ਼ਨ ਨਾਲ ਢੰਡਾਰੀ ਕਲਾਂ (ਲੁਧਿਆਣਾ) ਵਿੱਚ ਕਾਰਖਾਨਾ ਲਾਉਣ ਦਾ ਐਗਰੀਮੈਂਟ ਕੀਤਾ ਸੀ। ਪਰ ਉਹ ਟਰੈਕਟਰ ਪੰਜਾਬ ਦੇ ਫ਼ਾਰਮਰ ਵਾਸਤੇ ਬਿਲਕੁਲ ਨਕਾਰਾ ਹੈ ਤੇ ਪੰਜਾਬ ਦੇ ਲੋਕਾਂ ਦੇ ਕੰਮ ਨਹੀਂ ਆਏਗਾ। ਇਸ ਲਈ ਅਸੀਂ ਹੁਣ ਚੈਕੋਸਲਾਵੇਕੀਆ ਦੀ ਕੋਲੈਬੋਰੇਸ਼ਨ ਨਾਲ ਟਰੈਕਟਰਾਂ ਦਾ ਕਾਰਖਾਨਾ ਲਗਾ ਰਹੇ ਹਾਂ। ਡੀਟੇਲ ਹਾਊਸ ਦੀ ਟੇਬਲ ਤੇ ਰਖੀ ਹੈ।

ਜੇ ਉਨ੍ਹਾਂ ਨੇ ਇਹ ਸਾਰੀਆਂ ਗਲਾਂ ਪੜ੍ਹੀਆਂ ਹੁੰਦੀਆਂ ਤਾਂ ਫ਼ਰਦਰ ਡਿਟੇਲਜ਼, ਜਿਹੜੀਆਂ ਉਨ੍ਹਾਂ ਨੇ ਪੁਛੀਆਂ ਹਨ, ਕਿ ਕਿੰਨੀ ਤਨਖਾਹ ਪੈਂਦੀ ਹੈ ਆਦਿ ਦਾ ਸਵਾਲ ਹੀ ਪੈਦਾ ਨਾ ਹੁੰਦਾ, ਕਿਉਂਕਿ ਹਾਲੇ ਸਾਨੂੰ ਲਾਈਸੈਂਸ ਹੀ ਨਹੀਂ ਮਿਲਦਾ ਪਿਆ। (ਵਿਘਨ) (ਸ਼ੋਰ)

**Shri Manmohan Kalia :** On a point of order, Sir. Rule 53 of the Rules of Procedure and Conduct of Business in the Punjab Legislative Assembly says —

> "53 (1) No discussion shall be permitted during the time for questions under Rule 28, in respect of any question or of any answer given to a question.
>
> (2) Any Member when called by the Speaker may put a supplementary question for the purpose of further elucidating any matter of fact regarding which an answer has been given :"

ਇਸ ਨੂੰ ਵੇਖਦੇ ਹੋਏ, ਇਨ੍ਹਾਂ ਨੂੰ ਇਸ ਸਵਾਲ ਤੇ ਬਹਿਸ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ।

---

### AGREEMENT FOR SUPPLY OF GOODS TO THE PUNJAB STATE ELECTRICITY BOARD.

*11. **Sardar Balwant Singh** : Will the Minister for Irrigation & Power be pleased to state :

(a) whether it is a fact that the Punjab State Electricity Board cannot enter into agreement for the supply of goods with a firm, which is owned by any of the members of the Punjab State Electricity Board or his close relatives ;

(b) if the reply to part (a) above be in the affirmative, whether he is aware of the fact that the proprietor of Kiran Industries, Chandigarh is related to the Finance Member of the Punjab State Electricity Board and that an agreement was made with the said firm for the supply of G. I. wire 7/10 SWG, in the year 1967-68 ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੋਹਨ ਸਿੰਘ ਬਾਸੀ :**

(ੲ) ਨਹੀਂ ਜੀ। ਸਹੀ ਸਥਿਤੀ, ਬਿਜਲੀ ਸਪਲਾਈ ਐਕਟ, 1948 ਦੇ ਸੈਕਸ਼ਨ 9, ਜਿਸ ਦੀ ਕਾਪੀ ਸਭਾ ਦੇ ਮੇਜ਼ ਤੇ ਰੱਖੀ ਜਾਂਦੀ ਹੈ, ਵਿਚ ਦੱਸੀ ਹੋਈ ਹੈ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ ।

Section 9 of the Electricity (Supply) Act, 1948, which reads as under :—

**Section** 9.

Members not to hold interest in certain concerns.

(1) A member of the Board shall prior to his appointment give to the State Govt. intimation of and shall before taking charge of his office, sell or divest himself of any interest which he may have for his own benefit whether in his own name or otherwise, in any firm or company carrying on the business of supplying electricity or any fuel for the generation of electricity or of the manufacture, sale or hire of Machinery, plant, equipment, apparatus or fittings for the generation, transmission, distribution or use of electricity or any interest in the managing agency or shares or securities of any such company and it shall not be lawful for a member of the Board so long as he holds office to acquire or purchase any such interest in any such firm or company and if he under any will or by succession or gift becomes entitled for his own benefit to any such interest, he shall sell the same within 3 months after becoming so entitled thereto and he shall also within 3 months sever any connection he may have and cease to have any interest, direct or indirect in any such concern.

(2) Nothing contained in sub-section (i) shall prevent a member from acquiring or holding any share or interest in any firm or company other than a firm or company mentioned in sub-section (i).

(3) A disclosure referred to in the proviso to sub-section (2) shall forthwith be recorded in the minutes of the Board and communicated to the State Government and the State Government may thereupon give such directions as it may deem proper.

**ਸਰਦਾਰ ਕਿਰਪਾਲ ਸਿੰਘ :** ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਬਿਜਲੀ ਬੋਰਡ ਨੇ ਕਿਸੇ ਐਸੇ ਆਦਮੀ ਨੂੰ, ਕੋਈ ਕਾਂਟ੍ਰੈਕਟ ਦਿਤਾ ਹੋਇਆ ਹੈ, ਜਿਹੜਾ ਇਲੈਕਟ੍ਰਿਸਿਟੀ ਬੋਰਡ ਦਾ ਮੈਂਬਰ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਦਾ ਰਿਸ਼ਤੇਦਾਰ ਹੋਵੇ ?

**ਮੰਤਰੀ :** ਸਵਾਲ ਹੋਰ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਲਛਮਣ ਸਿੰਘ ਗਿਲ : ਸਪੀਕਰ ਸਾਹਿਬ, ਸਵਾਲ ਉਹੀ ਹੈ ਔਰ ਉਸੇ ਨਾਲ ਸਬੰਧਤ ਹੈ ਸਿਰਫ ਇਨਾ ਹੀ ਪੁਛਿਆ ਹੈ ਕਿ ਕੋਈ ਐਸਾ ਆਦਮੀ ਕਿਸੇ ਮੈਂਬਰ ਦਾ ਰਿਸ਼ਤੇਦਾਰ ਹੈ ਜਾਂ ਨਹੀਂ ਜਿਸ ਨੂੰ ਕਿ ਬੋਰਡ ਨੇ ਕੰਮ ਦਿਤਾ ਹੋਵੇ । ਜੇ ਕੋਈ ਹੈ ਤਾਂ ਉਸਦਾ ਨਾਂ ਦਸ ਦਿਉ ?

ਮੰਤਰੀ : ਸਟੇਟਮੈਂਟ ਹਾਊਸ ਦੀ ਟੇਬਲ ਤੇ ਰਖੀ ਹੈ ।

ਸਰਦਾਰ ਲਛਮਣ ਸਿੰਘ ਗਿਲ : On a point of order, Sir. ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਆਮ ਤੌਰ ਤੇ ਟੇਬਲ ਤੇ ਉਨ੍ਹਾਂ ਕੁਐਸ਼ਚਨਜ਼ ਦੇ ਉਤੱਰ ਰਖੇ ਜਾਂਦੇ ਹਨ ਜਿਹੜੇ ਲੰਬੇ ਹੁੰਦੇ ਹਨ । ਇਹ ਤਾਂ ਦੋ ਲਫਜ਼ਾਂ ਦਾ ਸਵਾਲ ਹੈ, ਮਨਿਸਟਰ ਇਨਚਾਰਜ ਜ਼ਬਾਨੀ ਦਸ ਸਕਦੇ ਹਨ ।

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (It is not a point of order.)

ਸਰਦਾਰ ਉਮਰਾਉ ਸਿੰਘ : ਸਪੀਕਰ ਸਾਹਿਬ, ਜਿਹੜਾ ਜਵਾਬ ਬਰੀਫ਼ ਹੋਵੇ ਉਹ ਇਥੇ ਦਸ ਦਿਤਾ ਜਾਇਆ ਕਰੇ ।

ਸ਼੍ਰੀ ਸਪੀਕਰ : ਮੈਂ ਪਹਿਲਾਂ ਹੀ ਰੂਲਿੰਗ ਦੇ ਚੁਕਾ ਹਾਂ । (I have already given my ruling )

---

SETTING UP OF A THERMAL ELECTTICITY PLANT IN THE STATE

*213 **Comrade Babu Singh Master** : Will the Minister for Irrigation & Power be pleased to state :-

(a) whether there is any proposal under the consideration of the Government to set up a Thermal Electricity Plant in the State ; if so, the time by which it is likely to be finished;

(b) if the reply to part (a) above be in the affirmative, whether the said plant is proposed to be located at Bhatinda or any other place; if so the time by which the work in this connection is expected to be started ?

ਸਰਦਾਰ ਸੋਹਨ ਸਿੰਘ ਬਾਸੀ :

(ਏ) ਹਾਂ ਜੀ । ਇਸ ਦਾ ਪਹਿਲਾ ਯੂਨਿਟ (1·0 ਮੈਗਾਵਾਟ ਦਾ) ਅਕਤੂਬਰ, 1972 ਤਕ ਚਾਲੂ ਹੋਣ ਦੀ ਉਮੀਦ ਹੈ ਅਤੇ ਦੂਜਾ ਯੂਨਿਟ ਇਸ ਤੋਂ ਇਕ ਸਾਲ ਬਾਅਦ ਚਾਲੂ ਹੋ ਜਾਵੇਗਾ ।

(ਬੀ) ਹਾਂ ਜੀ । ਬਠਿੰਡੇ ਵਿਚ । ਇਸ ਤੇ ਕੰਮ ਅਗਲੇ 3-4 ਮਹੀਨੇ ਵਿਚ ਸ਼ੁਰੂ ਹੋ ਜਾਣ ਦੀ ਆਸ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਉਮਰਾਓ ਸਿੰਘ :** ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਉਸ ਪਲਾਂਟ ਨੂੰ ਲਾਉਣ ਦੀ ਮਨਜ਼ੂਰੀ ਹੋ ਚੁਕੀ ਹੈ, ਜਾਂ ਨਹੀਂ ?

**ਮੰਤਰੀ :** ਇਸਦੀ ਮਨਜ਼ੂਰੀ ਇਸ ਚੌਥੇ ਪੰਜ ਸਾਲਾ ਪਲਾਨ ਵਿੱਚ ਤਾਂ ਨਹੀਂ ਹੈ, ਪਰ ਅਸੀਂ ਆਪਣੀ ਸਕੀਮ ਇੰਟਰੋਡਿਊਸ ਕਰਨਾ ਚਾਹੁੰਦੇ ਹਾਂ।

**ਸਰਦਾਰ ਲਛਮਣ ਸਿੰਘ ਗਿਲ :** ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਹੜੀ ਸਕੀਮ 1972 ਵਿੱਚ ਸਿਰੇ ਚੜ੍ਹਨੀ ਹੈ, ਉਸਦਾ ਤਿੰਨ ਚਾਰ ਮਹੀਨਿਆਂ ਵਿੱਚ ਕੀ ਹੋਏਗਾ ਜਿਸ ਦੀ ਉਹ ਤਵੱਕੋ ਕਰਦੇ ਹਨ ਅਤੇ ਹੁਣ ਤਕ ਉਸਦਾ ਕੀ ਹੋਇਆ ਹੈ ?

**ਮੰਤਰੀ :** ਹੁਣ ਤਕ ਪ੍ਰੋਜੈਕਟ ਰਿਪੋਰਟ ਭੇਜੀ ਗਈ ਹੈ। ਉਹ ਉਸਨੂੰ ਕਨਸਿਡਰ ਕਰ ਰਹੇ ਹਨ। ਐਪਰੂਵਲ ਤੋਂ ਬਾਦ ਚਾਲੂ ਕਰਾਂਗੇ।

**ਸਰਦਾਰ ਲਛਮਣ ਸਿੰਘ ਗਿਲ :** ਸਪੀਕਰ ਸਾਹਿਬ ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਸਕੀਮ ਭੇਜ ਦਿਤੀ ਹੈ, ਅਤੇ ਦੂਜੇ ਪਾਸੇ ਕਹਿੰਦੇ ਹਨ ਕਿ ਕਨਸਿਡਰ ਕਰ ਰਹੇ ਹਾਂ। ਭੇਜਣ ਤੋਂ ਬਾਦ ਇਹ ਕੀ ਕਨਸਿਡਰ ਕਰ ਰਹੇ ਹਨ ?

**ਸ਼੍ਰੀ ਸਪੀਕਰ :** ਗਿਲ ਸਾਹਿਬ, ਉਨ੍ਹਾਂ ਨੇ ਕਿਹਾ ਸੀ ਕਿ ਜਿਨ੍ਹਾਂ ਨੂੰ ਭੇਜੀ ਹੈ ਉਹ ਕਨ-ਸਿਡਰ ਕਰ ਰਹੇ ਹਨ। (The hon. Minister has said that the scheme is being considered by the authority to whom it has been submitted for approval.)

**ਸਰਦਾਰ ਲਛਮਣ ਸਿੰਘ ਗਿਲ :** ਸਪੀਕਰ ਸਾਹਿਬ, ਤੁਸੀਂ ਆਪ ਮੇਹਰਬਾਨੀ ਕਰਕੇ ਵੇਖ ਲਉ ਇਨ੍ਹਾਂ ਨੇ ਕਿਹਾ ਸੀ ਕਿ ਕਨਸਿਡਰ ਕਰ ਰਹੇ ਹਾਂ।

**ਸ਼੍ਰੀ ਸਪੀਕਰ :** ਗਿੱਲ ਸਾਹਿਬ ਬੜੇ ਪੁਰਾਣੇ ਮੈਂਬਰ ਹਨ ਅਤੇ ਇਨ੍ਹਾਂ ਨੂੰ ਸਾਰੇ ਪਰੋਸੀਜਰ ਦਾ ਪਤਾ ਹੈ। (ਵਿਘਨ) (Sardar Lachhman Singh Gill is a legislator of long standing and he is conversant with all the procedures.)

**ਸਰਦਾਰ ਲਛਮਣ ਸਿੰਘ ਗਿਲ :** ਸਪੀਕਰ ਸਾਹਿਬ, ਮੇਰੀ ਰੀਕਵੈਸਟ ਹੈ ਕਿ ਆਪ ਇਨ੍ਹਾਂ ਦਾ ਜਵਾਬ ਦੇਖ ਲਉ। ਭੇਜ ਦਿੱਤਾ ਗਿਆ ਹੈ, ਕਨਸਿਡਰ ਕਰ ਰਹੇ ਹਾਂ। ਜੋ ਜਵਾਬ ਦੇਵੇ ਇਹ ਤਾਂ ਦਸੇ ਕਿ ਕੀ ਭੇਜਿਆ ਹੈ, ਕਿਸਨੂੰ ਭੇਜਿਆ ਹੈ, ਕਨਸਿਡਰ ਕੀ ਕਰ ਰਹੇ ਹਨ। ਇਹ ਪੁਛਣਾ ਕੋਈ ਗਲਤ ਗੱਲ ਨਹੀਂ ਹੈ। ਮੈਂ ਕੋਈ ਪਰਸਨਲ ਹੋਕੇ ਤਾਂ ਨਹੀਂ ਪੁਛ ਰਿਹਾ।

**ਵਿਦਿਆ ਮੰਤਰੀ :** ਸਪੀਕਰ ਸਾਹਿਬ, ਗਿੱਲ ਸਹਿਬ ਚੀਫ ਮਨਿਸਟਰ ਰਹੇ ਹਨ। ਇਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਪ੍ਰਾਜੈਕਟ ਸੀ. ਪੀ. ਡਬਲਿਊ. ਡੀ. ਤੋਂ ਪਾਸ ਕਰਵਾਉਣੇ ਹੁੰਦੇ ਹਨ। (ਵਿਘਨ) ਇਹ ਠੇਕੇਦਾਰ ਵੀ ਹਨ। ਇਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਲਛਮਣ ਸਿੰਘ ਗਿਲ : ਮੈਨੂੰ ਠੇਕੇਦਾਰੀ ਛਡੇ ਨੂੰ ਦੋ ਸਾਲ ਹੋ ਗਏ ਹਨ। ਇਹ ਹਾਲੇ ਵੀ ਠੇਕੇਦਾਰੀ ਕਰਦੇ ਹਨ ਇਨ੍ਹਾਂ ਨੂੰ ਜ਼ਿਆਦਾ ਪਤਾ ਹੈ।

ਵਿਦਿਆ ਮੰਤਰੀ : ਇਹ ਰਿਪੋਰਟ ਹਾਲੇ ਭਾਰਤ ਸਰਕਾਰ ਪਾਸ ਹੀ ਪਈ ਹੈ, ਪਾਸ ਨਹੀਂ ਹੋਈ।

## UNSTARRED QUESTIONS AND ANSWERS

### REPRESENTATION FOR DIGGING BANDEMAHAL DRAIN IN ROPAR TEHSIL

4. **Comrade Babu Singh Master** : Will the Minister for Irrigation and Power be pleased to state :-

(a) whether any representation for digging Bandemahal Drain by the residents of villages of Slora, Bandemahal, Roth-reriar etc, in Ropar tehsil is pending for decision before the Chief Engineer, Drains, Punjab, for the last six months;

(b) if the reply to part (a) above be in the affirmative the reasons for not taking any action in the matter so far ;

(c) whether it is proposed to dig the said drain before the coming rainy season ?

ਸਰਦਾਰ ਸੋਹਨ ਸਿੰਘ ਬਾਸੀ :

(ੳ) ਨਹੀਂ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

(ੲ) ਨਹੀਂ।

### GOVERNMENT SCHOOLS/COLLEGES IN BHATINDA DISTRICT

6. **Comrade Babu Singh Master** : Will the Minister for Irrigation and Power be pleased to state the number of :-

1. Government High Schools;
2. Govt. Higher Secondary Schools;
3. Govt. Middle Schools;
4. Govt. Primary Schools; and
5. Govt. Colleges

in district Bhatinda at present ?

ਸਰਦਾਰ ਸੋਹਨ ਸਿੰਘ ਬਾਸੀ :

(1) ਸਰਕਾਰੀ ਹਾਈ ਸਕੂਲ 66

Original with;
Punjab Vidhan Sabha
Digitized by;
Panjab Digital Library

| | | | |
|---|---|---|---|
| (2) | ਸਰਕਾਰੀ | ਹਾਇਰ ਸੈਕੰਡਰੀ ਸਕੂਲ | 6 |
| (3) | ,, | ਮਿਡਲ ਸਕੂਲ | 68 |
| (4) | ,, | ਪ੍ਰਾਇਮਰੀ ਸਕੂਲ | 523 |
| (5) | ,, | ਕਾਲਜ | |
| | | (ੳ) ਆਰਟਸ ਅਤੇ ਸਾਇੰਸ ਕਾਲਜ | 2 |
| | | (ਅ) ਟੀਚਰਜ਼ ਟਰੇਨਿੰਗ ਕਾਲਜ | 1 |

---

## STAFF EMPLOYED IN GOVERNMENT SCHOOLS IN BHATINDA DISTRICT.

7. **Comrade Babu Singh Master** : Will the Minister for Irrigation and Power be pleased to state the number of Male & Female Staff such as :-

(i) B.A., B.Ed/B.T. and M.Ed Masters.

(ii) Classical teachers (Giani & Prabhakar)

(iii) Drawing teachers;

(iv) P.T. Is. and

(v) Peons & Watchmen

employed at present in Government schools in Bhatinda district ?

**ਸਰਦਾਰ ਸੋਹਨ ਸਿੰਘ ਬਾਸੀ :**

(1) ਬੀ ਏ, ਬੀ ਐਡ/ਬੀ ਟੀ ਮਾਸਟਰਜ਼

| ਪੁਰਖ | ਇਸਤਰੀਆਂ |
|---|---|
| 319 | 101 |

ਐਮ ਐਡ ਮਾਸਟਰਜ਼

| ਪੁਰਖ | ਇਸਤਰੀਆਂ |
|---|---|
| 3 | - |

(2) ਕਲਾਸੀਕਲ ਤੇ ਵਰਨੈਕੁਲਰ

| ਪੁਰਖ | ਇਸਤਰੀਆਂ |
|---|---|
| -- | - |

(3) ਗਿਆਨੀ/ਪਰਭਾਕਰ/ਐਸ ਈ ਐਸ

| ਪੁਰਖ | ਇਸਤਰੀਆਂ |
|---|---|
| 289 | 87 |

Original with;
Punjab Vidhan Sabha
Digitized by;
Panjab Digital Library

[ਸਿੰਚਾਈ ਅਤੇ ਬਿਜਲੀ ਮੰਤਰੀ]

(4) ਡਰਾਇੰਗ ਟੀਚਰਜ਼

| ਪੁਰਖ | ਇਸਤਰੀਆਂ |
|---|---|
| 101 | 6 |

(5) ਪੀ ਟੀ ਆਈਜ਼

| ਪੁਰਖ | ਇਸਤਰੀਆਂ |
|---|---|
| 68 | 6 |

(6) ਚਪੜਾਸੀ/ਚੌਕੀਦਾਰ/ਵਾਚਮੈਨ

| ਪੁਰਖ | ਇਸਤਰੀਆਂ |
|---|---|
| 350 | 40 |

---

## CONSTRUCTION OF CERTAIN LINK/APPROACH ROADS IN DISTRICT ROPAR.

9. **Sardar Raja Singh** : Will the Minister for Irrigation and Power be pleased to state :-

(a) whether the construction of some link roads has been taken in hand by the Public Works Department in district Ropar;

(b) if the reply to part [a] above be in the affirmative the total mileage of such link roads under construction and the details thereof be laid on the Table of the House;

(c) whether the approach road from Kajri to Khizrabad and from Khizrabad to Purkhali has been completed during the last financial year; if not, the reasons thereof ?

**Sardar Sohan Singh Bassi** :-

(a) Yes.

(b) As shown in Annexure 'A' attached.

(c) The question of completing these roads during the last financial year does not arise as their construction has started only during the current financial year.

**Annexure--A.**

**List Of Village Roads (Crash Programme) District Ropar.**

| Sl. No. | Name of Road | Length in miles. |
|---|---|---|
| 1. | Nurpur-Sarai Pattan | 5·50 |

Original with;
Punjab Vidhan Sabha
Digitized by;
Panjab Digital Library

| | | |
|---|---|---|
| 2. | Ropar Head Works to Laudi Majra | |
| 3. | College Road to Haveli Kalan | 0·50 |
| 4. | Khizarabad to Rangilpur Purkhali Road | 4·00 |
| 5. | Bhagoo Majra to Kurali Road | 0·25 |
| 6. | Ropar Kurali Road to Khabra | 0·75 |
| 7. | Bhagowal-Kakrali | 3·00 |
| 8. | Chamkaur-Bur Majra via Dugri | 6·00 |
| 9. | Pipal Majra-Bhura-Manali-Dhanaula on to Ludhiana Chandigarh Road | 8·00 |
| 10. | Majri-Khizarabad | 4·00 |
| 11. | Kurali-Badali | 1·00 |
| 12. | Ropar Road to Chatuauli Akalgarh | 2·00 |
| 13. | Jandpur-Jhungian | 1·90 |
| 14. | Bakarpur link | 1·50 |
| 15. | Panjpir to Phantuan | 1·50 |
| 16. | Bhago Majra-Patton | 4.00 |
| 17. | Kailon link Road | 0·34 |
| 18. | Kharar-Bajehri link | 2·00 |
| 19. | Mundi Kharar-Baliali | 2·00 |
| 20. | Mubarakpur to Sundhran | 2·00 |
| 21. | Sahauli-Ghataur-Shauran | 3·00 |
| 22. | Bhukri link | 0·90 |
| 23. | Raipur link | 0·34 |
| 24. | Haibatpur link | 1·25 |
| 25. | Behrampur link | 0·90 |
| 26. | Nangal-Algran | 7·50 |
| 27. | Mataur-Keshgarh | 1·00 |
| 28. | Jindwari road up to Gurdwara Sahib | 1·25 |
| 29. | Mahroli link | 0·50 |
| 30. | Mangewal link | 0·25 |

Original with;
Punjab Vidhan Sabha
Digitized by;
Panjab Digital Library

[Irrigation and Power Minister]

| | | |
|---|---|---|
| 31. | App. from village Padiala to Jhingran off taking from mile 12/2 Ropar Chandigarh road. | 1·50 |
| 32. | App. road from village Tajpur Chalaki Sukho Majra from mile 14 of Sirhind Morinda Road. | 2·12 |
| 33. | Approach to village Panjkoha via Doomchheri mile 13 of Sirhind Morinda Road. | 2·16 |
| 34. | Khanpur Khuhi to Bhangal via Palata | 7 00 |
| 35. | Boothgarh to Manakpur Sharif. | 1·50 |
| | Total-- | 84·41 |

---

CENTRES RUN BY PUNJAB KHADI AND VILLAGE INDUSTRIES BOARD IN DISTRICT ROPAR

10 **Sardar Raja Singh** : Will the Minister for Industries be pleased to state :-

(a) the total number of centres being run by the Punjab Khadi and Village Industries Board in district Ropar at present;

(b) the number of employees working in the said centres together with the number of those belonging to the backward classes among them ?

**Shri Balram Dass Tandon** :

(a) Two

(b) Nine, out of whom 5 belong to backward classes and one belongs to scheduled caste.

---

SETTING UP OF A POLICE STATION IN KURALI, DISTRICT ROPAR.

11. **Sardar Raja Singh** : Will the Chief Minister be pleased to state whether there was any proposal under the consideration of the Home Department to set up a Police Station in Kurali, district Ropar during the last financial year; if so, the steps taken in this connection so far; if no steps have been taken, the reasons therefor ?

**ਸਰਦਾਰ ਗੁਰਨਾਮ ਸਿੰਘ** : ਹਾਂ ਜੀ, ਇਸ ਤਜਵੀਜ਼ ਉਤੇ ਸਰਕਾਰ ਨੇ ਵਿਚਾਰ ਕੀਤੀ ਸੀ ਪਰ ਇਹ ਅਮਲ ਦਰਾਮਦ ਦੇ ਯੋਗ ਨਹੀਂ ਸੀ ਸਮਝੀ ਗਈ ।

**Mr. Speaker** : The question hour is over. Now the House will take up the Qution of Privilege.

Original with;
Punjab Vidhan Sabha
Digitized by;
Panjab Digital Library

QUESTIONS OF PRIVILEGE

**Mr. Speaker :** There is a Privilege Motion from *Sardar Umrao Singh. The privilege of freedom from arrest does not extend to criminal cases. So I do not give my consent to this question of privilege being raised.

ਸਰਦਾਰ ਉਮਰਾਓ ਸਿੰਘ : x x x x x x x x x x x

**Mr. Speaker :** I have already ruled out these motions. Whatever the hon. Member, Sardar Umrao Singh has said in this connection, after my ruling, will not form part of the proceedings.

ਸਰਦਾਰ ਉਮਰਾਓ ਸਿੰਘ : x x x x x x x x x x x x x

ਸ਼੍ਰੀ ਸਪੀਕਰ : ਮੈਂ ਰੂਲਿੰਗ ਦੇ ਦਿਤੀ ਹੈ । ਮੈਂ ਸਮਝਦਾ ਹਾਂ ਕਿ ਆਪ ਹਾਊਸ ਦਾ ਟਾਈਮ ਵੇਸਟ ਕਰ ਰਹੇ ਹੋ । (I have already given my ruling. I am of the view that the hon. Member is wasting time of the House).

**Sardar Umrao Singh :** x x x x x x x x x x x x x

**Mr. Speaker :** There are two more privilege motions-one from *Comrade Satya Pal Dang which was received at 1.50 p m. and the other from** Sardar Sarup Singh, which was received at 2.00 p. m. I have not

---

*Sardar Umrao Singh, M.L.A., has given notice of the following Privilege Motion :—

> "That Shri Lachhman Singh Gill who has been recently elected to this hon. House, has been arrested today and thereby debarred to participate in the proceedings of the House, and to take oath as M.L.A., and as such this has affected the Privilege of the Members of the House".

***Comrade Satya Pal Dang**, M. L. A., has given notice of the following Privilege Motion :—

> "Police Officers of Jullundur District on duty have committed a serious breach of privilege of this House by beating up Shri Kulwant Singh and by handcuffing him, while arresting him in connection with Satyagraha of cane growers yesterday at Bhogpur.

The matter may please be referred to Privilege Committee.

****Sardar Sarup Singh**, M. L. A., has given notice of the following Privilege Motion :—

> "That Shri Kulwant Singh, M L. A., was not only beaten up by the Police authorities of Jullundur in Bhogpur Sugar Mills on 16th March, 1969 but also brought to Jullundur in handcuffs which amounts to a breach of the privilege of the House and hence this matter may be referred to the Committee of Privileges.

**Expunged as ordered by the hon. Speaker.

Original with;
Punjab Vidhan Sabha
Digitized by;
Panjab Digital Library

[Mr. Speaker]

been able to examine them. I will examine them and then give my ruling.

**ਕਾਮਰੇਡ ਸਤਪਾਲ ਡਾਂਗ :** ਸਪੀਕਰ ਸਾਹਿਬ ਆਪ ਦੀ ਗਲ ਸੁਣੀ ਨਹੀਂ ਗਈ।

**ਸ਼੍ਰੀ ਸਪੀਕਰ :** ਮੈਨੂੰ ਦੋ ਪ੍ਰਿਵਲੇਜ ਮੋਸ਼ਨਜ਼ ਮਿਲੀਆਂ ਹਨ। ਇਕ ਕਾਮਰੇਡ ਸਤਪਾਲ ਡਾਂਗ ਪਾਸੋਂ ਅਤੇ ਇਕ ਸਰਦਾਰ ਸਰੂਪ ਸਿੰਘ ਤੋਂ। ਇਨ੍ਹਾਂ ਵਿਚੋਂ ਇਕ 1.50 ਵਜੇ ਮਿਲੀ ਹੈ ਅਤੇ ਇਕ ਦੋ ਵਜੇ। ਮੈਂ ਇਨ੍ਹਾਂ ਨੂੰ ਐਗਜ਼ਾਮਿਨ ਕਰਕੇ ਰੂਲਿੰਗ ਦਿਆਂਗਾ। (I have received notices of two privilege Motions-one from Com. Satyapal Dang and the other from S. Sarup Singh. One of these was received at 1.50 p.m. and the other at 2.00 p.m. I will give my ruling after examining these.)

**ਕਾਮਰੇਡ ਸਤਪਾਲ ਡਾਂਗ :** ਸਪੀਕਰ ਸਾਹਿਬ, ਪ੍ਰਿਵਲੇਜ ਮੋਸ਼ਨ ਤਾਂ ਇਕ ਮਿਨਟ ਦੇ ਨੋਟਿਸ ਤੇ ਦਿੱਤੀ ਜਾ ਸਕਦੀ ਹੈ। ਇਸ ਹਾਊਸ ਦਾ ਇਕ ਮੈਂਬਰ ਗੰਨਾ ਗ੍ਰੀਵਾਂਸਜ਼ ਦੇ ਸਤਿਆ-ਗ੍ਰਹਿ ਵਿਚ ਸ਼ਾਮਲ ਹੋਇਆ, ਉਸ ਨੂੰ ਲਾਠੀਆਂ ਮਾਰੀਆਂ ਗਈਆਂ, ਹਥਕੜੀਆਂ ਲਗਾਈਆਂ ਗਈਆਂ। ਆਪ ਨੂੰ ਇਹ ਇਨਫਰਮੇਸ਼ਨ ਸਰਕਾਰ ਪਾਸੋਂ 15-20 ਮਿਨਟਾਂ ਵਿਚ ਮਿਲ ਸਕਦੀ ਸੀ।

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਰੂਲ ਇਸ ਬਾਰੇ ਸਾਫ਼ ਹਨ। ਇਸ ਬਾਰੇ ਕਿਸੇ ਨੋਟਿਸ ਦੀ ਲੋੜ ਨਹੀਂ ਹੈ। ਹਾਊਸ ਵਿਚ ਹੀ ਇਹ ਨੋਟਿਸ ਦਿਤਾ ਜਾ ਸਕਦਾ ਹੈ। ਇਸ ਬਾਰੇ ਰੂਲ 270 ਸਾਫ਼ ਹੈ।

**ਸ਼੍ਰੀ ਸਪੀਕਰ :** ਹੁਣ ਹਾਊਸ ਐਡਜਰਨਮੈਂਟ ਮੋਸ਼ਨਜ਼ ਟੇਕ ਅਪ ਕਰੇਗਾ। (Now the House will take up the Adjournment Motions.)

**ਕਾਮਰੇਡ ਸਤਪਾਲ ਡਾਂਗ :** ਸਾਨੂੰ ਪ੍ਰਿਵਲੇਜ ਮੋਸ਼ਨ ਬਾਰੇ ਤਾਂ ਜਵਾਬ ਦੇ ਦਿਉ।

**ਸ਼੍ਰੀ ਸਪੀਕਰ :** ਉਸ ਬਾਰੇ ਮੈਂ ਰੂਲਿੰਗ ਦੇ ਦਿਤੀ ਹੈ। (I have already given my ruling about that.)

**ਕਾਮਰੇਡ ਸਤਪਾਲ ਡਾਂਗ :** ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕਾਮਰੇਡ ਕੁਲਵੰਤ ਸਿੰਘ ਐਮ. ਐਲ. ਏ. ਨੂੰ ਕੁਟਿਆ ਗਿਆ, ਹਥ-ਕੜੀਆਂ ਲਾਈਆਂ ਗਈਆਂ। ਇਸ ਬਿਨਾ ਤੇ ਮੋਸ਼ਨ ਆਈ ਹੈ।

(Interruptions and noise in the House)

**Sardar Umrao Singh :** Sir, there is no time limit prescribed for raising a question involving a breach of privilege. It can be raised at any moment. Rule 270 of the Rules of Procedure and Conduct of Business lays down the following conditions :—

Original with;
Punjab Vidhan Sabha
Digitized by;
Panjab Digital Library

"(i) not more than one question shall be raised at the same sitting ;

(ii) the question shall be restricted to a specific matter of recent occurrence ;

(iii) the matter requires the intervention of the Assembly".

There is no time limit prescribed for it.........

ਇਸ ਵਿਚ ਕੋਈ ਟਾਈਮ ਪ੍ਰੈਸਕ੍ਰਾਈਬਡ ਨਹੀਂ ਹੈ। ਸਪੀਕਰ ਸਾਹਿਬ, ਆਪ ਨੂੰ ਉਨ੍ਹਾਂ ਦੀ ਗ੍ਰਿਫਤਾਰੀ ਦੀ ਜੋ ਸੂਚਨਾ ਨਹੀਂ ਦਿਤੀ ਗਈ ਇਹ ਬੜੀ ਵਡੀ ਰੂਲਜ਼ ਦੀ ਵਾਇਲੇਸ਼ਨ ਹੈ। ਸਰਕਾਰ ਇਸ ਹਾਊਸ ਦੇ ਇਕ ਮੈਂਬਰ ਨੂੰ ਫੜਦੀ ਹੈ ਅਤੇ ਸਪੀਕਰ ਨੂੰ ਇਤਲਾਹ ਨਹੀਂ ਦਿਤੀ ਜਾਂਦੀ, ਇਸ ਤੋਂ ਵਡੀ ਰੂਲਜ਼ ਦੀ ਉਲੰਘਣਾ ਕੀ ਹੋ ਸਕਦੀ ਹੈ.....

**ਸ਼੍ਰੀ ਸਪੀਕਰ :** ਪੁਲਿਸ ਨੇ ਇਸ ਗਲ ਦੀ ਇਤਲਾਹ ਭੇਜ ਦਿਤੀ ਹੈ। ਮਗਰ ਚੂੰਕਿ ਮਾਮਲਾ ਬੜਾ ਸੀਰੀਅਸ ਹੈ, I will examine the matter and then gives my ruling. (The police have sent the intimation, but the matter being of a serious nature, I will examine it and then give my ruling.)

**ਆਵਾਜ਼ਾਂ :** ਸਪੀਕਰ ਸਾਹਿਬ, ਮਾਈਕ ਖਰਾਬ ਹੈ, ਕੁਝ ਨਹੀਂ ਸੁਣਾਈ ਦਿਤਾ।

**ਸ਼੍ਰੀ ਸਪੀਕਰ :** ਮੈਂ ਅਰਜ਼ ਕੀਤੀ ਹੈ ਕਿ ਪੁਲਿਸ ਵਲੋਂ ਇਤਲਾਹ ਆ ਗਈ ਹੈ। ਮੈਂ ਇਸ ਮਾਮਲੇ ਨੂੰ ਸਟੱਡੀ ਕਰਾਂਗਾ ਅਤੇ ਫਿਰ ਰੂਲਿੰਗ ਦਿਆਂਗਾ। (I have said that intimation has been received from the police and I will give my ruling after examining the matter.)

**ਕਾਮਰੇਡ ਸਤਪਾਲ ਡਾਂਗ :** ਰੂਲਜ਼ ਦੇ ਮੁਤਾਬਕ ਪਹਿਲਾਂ ਸਪੀਕਰ ਪਾਸ ਇਤਲਾਹ ਆਉਣੀ ਚਾਹੀਦੀ ਸੀ ਕਿ ਕਿਸੇ ਮੈਂਬਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੈਂ ਪੁਛਦਾ ਹਾਂ ਕਿ ਕੀ ਇਸ ਐਮ. ਐਲ. ਏ. ਦੀ ਗ੍ਰਿਫਤਾਰੀ ਬਾਰੇ ਪੁਲਿਸ ਪਾਸੋਂ ਆਪ ਨੂੰ ਇਤਲਾਹ ਆਈ ਹੈ।

**ਆਵਾਜ਼ਾਂ :** ਉਨ੍ਹਾਂ ਨੇ ਕਿਹਾ ਹੈ ਕਿ ਇਤਲਾਹ ਆ ਗਈ ਹੈ।

**ਸ਼੍ਰੀ ਸਪੀਕਰ :** ਇਸ ਬਾਰੇ ਵਾਇਰਲੈਸ ਮੈਸੇਜ ਵੀ ਮਿਲ ਗਿਆ ਹੈ। ਤਾਰ ਵੀ ਆਈ ਹੈ ਅਤੇ ਮੈਸੇਂਜਰ ਵੀ ਆਇਆ ਹੈ। (A wireless message and a telegram have been received in that connection. A messanger has also come to deliver the message.)

I have just now received the information from the Police. I am examining the matter.

**चौधरी बलबीर सिंह :** यह इतलाह आप को कब मिली ? (विघ्न)

Original with;
Punjab Vidhan Sabha
Digitized by;
Panjab Digital Library

**ਉਦਯੋਗ ਮੰਤਰੀ :** 24 ਘੰਟੇ ਦੇ ਅੰਦਰ ਅੰਦਰ ਇਹ ਸੂਚਨਾ ਦੇਣੀ ਹੁੰਦੀ ਹੈ। (ਵਿਘਨ)

## ADJOURNMENT MOTION

**Mr. Speaker :** There is an Adjournment Motion from Comrade Satya Pal Dang, Comrade Babu Singh, Comrade Kulwant Singh and Comrade Dana Ram. It does not relate to a matter which falls within the responsibility ..... ..

**ਕਾਮਰੇਡ ਸਤਪਾਲ ਡਾਂਗ :** ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੈਂ ਇਸ ਮੋਸ਼ਨ ਨੂੰ ਮੂਵ ਕਰਨ ਦੀ ਇਜਾਜ਼ਤ ਮੰਗੀ ਹੈ ਅਤੇ ਇਹ ਮਾਮਲਾ ਬੜਾ ਸੀਰੀਅਸ ਹੈ ਕਿ ਬੰਗਾਲ ਦੇ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚੋਂ ਦੋ ਪੈਰੇ ਪੜ੍ਹਨ ਤੋਂ ਇਨਕਾਰ ਕਰ ਦਿਤਾ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਹਿੰਦੁਸਤਾਨ ਦੇ ਵਿਧਾਨ ਦੀ ਉਲੰਘਣਾ ਕੀਤੀ ਹੈ ......... (ਵਿਘਨ)

**Mr Speaker :** The hon. Member has mentioned the Adjournment Motion. He should not have done so.

It concerns to another State. It does not relate to a matter which falls within the responsibility of the State Government. It is disallowed under Rule 68 (iv) of the Rules of Procedure and Conduct of Business in the Punjab Legislative Assembly.

---

**ਕਾਮਰੇਡ ਸਤਪਾਲ ਡਾਂਗ :** ਸਪੀਕਰ ਸਾਹਿਬ, ਤੁਹਾਡੀ ਆਵਾਜ਼ ਕਲੀਅਰ ਨਹੀਂ ਆ ਰਹੀ ਅਤੇ ਪਤਾ ਨਹੀਂ ਲਗ ਰਿਹਾ ਕਿ ਤੁਸੀਂ ਕੀ ਰੂਲਿੰਗ ਦਿਤੀ ਹੈ। (ਵਿਘਨ)

1. Comrade Satya Pal Dang, M. L. A.
2, Comrade Babu Singh, M. L. A.
3. Comrade Kulwant Singh, M. L. A.
4. Comrade Dana Ram, M. L. A.

I have given notice of their intention to move for the adjournment of the Business of the House to discuss a definite matter of urgent public importance, namely, the refusal of the Governor of Bengal to read the entire Address prepared by the Council of Ministers and the fact of his having skipped over two paras.

## EXPLANATORY MEMORANDUM.

The action of the Governor of West Bengal in skipping over two paras from the Address prepared by his Council of Minister is contrary to the provisions of the Constitution of India. It amounts to serio us subversion of Parliamentary Democracy in India. It sets up bad example which may be followed by Governors in other States including Punjab. The matter should be dicussed by the Vidhan Sabha.

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਣ ਸਿੰਘ ਗਿਲ** : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਅਜੇ ਤਾਂ ਮਾਮਲਾ ਪੁਲਿਸ ਵਿਚ ਦਰਜ ਹੀ ਨਹੀਂ ਹੋਇਆ ਤਾਂ ਉਹ ਡਿਸਅਲਾਉ ਕਰ ਦਿਤਾ ਗਿਆ ਹੈ, ਸਰਕਾਰ ਨੂੰ ਇਸ ਬਾਰੇ ਬਿਆਨ ਦੇਣਾ ਚਾਹੀਦਾ ਹੈ । (ਸ਼ੋਰ)

**ਸ੍ਰੀ ਸਪੀਕਰ** : ਚੀਫ਼ ਮਨਿਸਟਰ ਨੇ ਇਹ ਕਿਹਾ ਹੈ ਕਿ ਉਹ ਇਸ ਪਾਸੇ ਧਿਆਨ ਦੇਣਗੇ । (The Chief Minister has assured that he would look into the matter.)

**ਸਰਦਾਰ ਲਛਮਣ ਸਿੰਘ ਗਿੱਲ** : ਸਪੀਕਰ ਸਾਹਿਬ, ਮੋਸ਼ਨ ਤਾਂ ਤੁਸੀਂ ਡਿਸਅਲਾਉ ਕਰ ਦਿਤੀ ਹੈ । ਹੁਣ ਉਨ੍ਹਾਂ ਦੀ ਅਸ਼ੋਰੈਂਸ ਰਿਕਾਰਡ ਤੇ ਨਹੀਂ ਰਹੇਗੀ ।

**ਸ੍ਰੀ ਸਪੀਕਰ** : ਡਿਸਐਲਾਉ ਹੋਣ ਤੋਂ ਬਾਅਦ ਚੀਫ਼ ਮਨਿਸਟਰ ਨੇ ਅਸ਼ੋਰੈਂਸ ਦਿਤੀ ਹੈ ਕਿ ਉਹ ਧਿਆਨ ਦੇਣਗੇ ( ਸ਼ੋਰ ) (The Chief Minister gave this assurance after the motion was disallowed.)

**ਸ੍ਰੀ ਜੋਗਿੰਦਰ ਪਾਲ ਪਾਂਡੇ** : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਤਾਂ ਕਹਿੰਦੇ ਹਨ ਕਿ ਉਨ੍ਹਾਂ ਨੂੰ ਕੁਝ ਪਤਾ ਹੀ ਨਹੀਂ ਹੈ ਉਹ ਧਿਆਨ ਕਿਸ ਤੇ ਦੇਣਗੇ ? (ਸ਼ੋਰ) (ਵਿਘਨ)

**ਸਰਦਾਰ ਲਛਮਣ ਸਿੰਘ ਗਿੱਲ** : ਸਪੀਕਰ ਸਾਹਿਬ, ਉਥੇ ਚਾਰ ਕਤਲ ਹੋਏ ਹਨ । ਅਖਬਾਰਾਂ ਵਿਚ ਖਬਰਾਂ ਛਪੀਆਂ ਹਨ । ਪਰ ਉਨ੍ਹਾਂ ਨੇ ਕੋਈ ਐਕਸ਼ਨ ਨਹੀਂ ਲਿਆ । ਮੈਂ ਆਪ ਦੀ ਇਸ ਤੇ ਰੂਲਿੰਗ ਚਾਹੁੰਦਾ ਹਾਂ ਕਿ ਜਦੋਂ ਇਹ ਕੇਸ ਪੁਲਿਸ ਵਿਚ ਰਜਿਸਟਰ ਹੀ ਨਹੀਂ ਹੋਇਆ ਤਾਂ ਇਹ ਸਬ-ਜੁਡਿਸ ਕਿਵੇਂ ਹੋਇਆ ? (ਸ਼ੋਰ)

(ਇਸ ਵੇਲੇ ਸਰਦਾਰ ਉਮਰਾਉ ਸਿੰਘ ਨੇ ਉਠ ਕੇ ਕੁਝ ਬੋਲਿਆ ਪਰ ਸ਼ੋਰ ਕਾਰਨ ਸੁਣਿਆ ਨਹੀਂ ਜਾ ਸਕਿਆ ।)

**Mr. Speaker** : The matter can be discussed further in my Chamber.

**Sardar Narinder Singh** : Then should we take it that this motion is pending. If you are going to discuss this matter in your Chamber then it should be kept pending.

**Mr. Speaker** : I have already given my ruling.

**ਸਰਦਾਰ ਲਛਮਣ ਸਿੰਘ ਗਿੱਲ** : ਸਪੀਕਰ ਸਾਹਿਬ, ਮੈਂ ਇਸ ਬਾਰੇ ਤੁਹਾਡੀ ਰੂਲਿੰਗ ਚਾਹੁੰਦਾ ਹਾਂ ।

**ਸ੍ਰੀ ਸਪੀਕਰ** : ਮੈਂ ਆਪਣੀ ਰੂਲਿੰਗ ਦੇ ਦਿੱਤੀ ਹੈ । (I have given my ruling)

**ਸਰਦਾਰ ਲਛਮਣ ਸਿੰਘ ਗਿੱਲ** : ਸਪੀਕਰ ਸਾਹਿਬ, ਤੁਸੀਂ ਜਿਸ ਚੀਜ਼ ਬਾਰੇ ਵੀ ਰੂਲਿੰਗ

Original with;
Punjab Vidhan Sabha
Digitized by;
Panjab Digital Library

[ਸਰਦਾਰ ਲਛਮਣ ਸਿੰਘ ਗਿੱਲ]

ਦਿੰਦੇ ਹੋ ਉਸ ਬਾਰੇ ਇਕ ਕਾਇਦਾ ਹੈ, ਇਕ ਕਿਤਾਬ ਹੈ। ਸਪੀਕਰ ਸਾਹਿਬ, ਜਦੋਂ ਤੁਸੀਂ ਆਪਣੀ ਰੂਲਿੰਗ ਦੇ ਦਿਤੀ ਤਾਂ ਸਾਡਾ ਇਹ ਇਕ ਹਕ ਹੈ ਕਿ ਅਸੀਂ ਆਪ ਤੋਂ ਉਸ ਦਾ ਕਾਰਨ ਪੁੱਛ ਸਕੀਏ। (ਸ਼ੋਰ) (ਵਿਘਨ)

**Mr. Speaker :** I have given my ruling under the Rules of Procedure.

**ਸਰਦਾਰ ਲਛਮਣ ਸਿੰਘ ਗਿੱਲ :** ਮਿਹਰਬਾਨੀ ਕਰਕੇ ਰੂਲ ਪੜ੍ਹ ਦਿਓ ਜੀ। (ਸ਼ੋਰ) ਸਪੀਕਰ ਸਾਹਿਬ, ਅਸੀਂ ਤੁਹਾਡੀ ਬੜੀ ਰਿਸਪੈਕਟ ਕਰਦੇ ਹਾਂ ਪਰ ਇਹ ਜਾਣਨਾ ਚਾਹੁੰਦੇ ਹਾਂ ਕਿ ਪੁਲਿਸ ਵਿਚ ਕੇਸ ਜਾਣ ਤੋਂ ਬਿਨਾਂ ਹੀ ਸਬ-ਜੁਡਿਸ ਕਿਵੇਂ ਹੋ ਗਿਆ ?

**Mr. Speaker :** No further discussion please. The matter can be discussed in my Chamber.

**ਸਰਦਾਰ ਲਛਮਣ ਸਿੰਘ ਗਿੱਲ :** ਇਹ ਸਬ-ਜੁਡਿਸ ਕਿਵੇਂ ਹੋਇਆ। (ਸ਼ੋਰ) ਇਸ ਮੈਟਰ ਨੂੰ ਰੀਕੰਸਿਡਰੇਸ਼ਨ ਵਾਸਤੇ ਰਖ ਲਵੋ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਇਜਾਜ਼ਤ ਹੋਵੇ ਤਾਂ ਮੈਂ ਥੋੜੀ ਜਿਹੀ ਸਬ-ਮਿਸ਼ਨ ਕਰਾਂ। ਮੇਰੀ ਸਬਮਿਸ਼ਨ ਇਹ ਹੈ ਕਿ ਤੁਸੀਂ ਐਸ਼ੋਰੈਂਸ ਦਿਤੀ ਹੈ ਅਤੇ ਚੀਫ ਮਨਿਸਟਰ ਨੇ ਵੀ ਐਸ਼ੋਰੈਂਸ ਦਿਤੀ ਹੈ। ਮੈਂਬਰਜ਼ ਦੀ ਸੈਟਿਸਫੈਕਸ਼ਨ ਹੋ ਜਾਇਗੀ ਜੇ ਤੁਸੀਂ ਇਸ ਨੂੰ ਪੈਂਡਿੰਗ ਰਖ ਲਉ। ਕਿਉਂਕਿ ਸਟ੍ਰਿਕਟਲੀ ਸਪੀਕਿੰਗ ਇਹ ਮੈਟਰ ਸਬ-ਜੁਡਿਸ ਨਹੀਂ। ਅਗਰ ਸਬ-ਜੁਡਿਸ ਹੁੰਦਾ ਤਾਂ ਤੁਹਾਡੀ ਰੂਲਿੰਗ ਜ਼ਰੂਰ ਸਟੈਂਡ ਕਰਨੀ ਚਾਹੀਦੀ ਸੀ। ਮੈਂ ਅਰਜ਼ ਕਰਾਂਗਾ ਕਿ ਅਕੋਰਡਿੰਗ ਟੂ ਰੂਲਜ਼ ਮੈਂਬਰਜ਼ ਦਾ ਇਸ ਬਾਰੇ ਜਾਨਣ ਦਾ ਰਾਈਟ ਬਣਦਾ ਹੈ, ਜੇ ਮੈਟਰ ਸਬ-ਜੁਡਿਸ ਨਾ ਹੋਵੇ। I hope you will be kind enough to reconsider the matter.

**ਸ਼੍ਰੀ ਸਪੀਕਰ :** ਕੋਈ ਕਹਿੰਦਾ ਹੈ ਤਿੰਨ ਚਾਰ ਬੰਦਿਆਂ ਦਾ ਮਰਡਰ ਹੋ ਗਿਆ ਹੈ ਅਤੇ ਕੋਈ ਕਹਿੰਦਾ ਹੈ ਉਨ੍ਹਾਂ ਨੇ ਸੁਆਸਾਈਡ ਕਰ ਲਿਆ ਹੈ। (ਸ਼ੋਰ) (Some say that three/four persons have been murdered while others say that they have committed suicide) (Noise)

**ਚੌਧਰੀ ਬਲਬੀਰ ਸਿੰਘ :** ਮੋਸ਼ਨ ਪੈਂਡਿੰਗ ਰਖ ਲਉ.........

**Mr. Speaker :** I have already given my ruling on it, and that is more than sufficient.

**ਚੌਧਰੀ ਬਲਬੀਰ ਸਿੰਘ :** ਇਸ ਦੇ ਬਾਰੇ ਵਿਚ ਅਰਜ਼ ਇਹ ਹੈ ਕਿ ਮੋਸ਼ਨ ਨੂੰ ਐਡਮਿਟ ਕਰ ਲਿਆ ਜਾਵੇ ਅਤੇ ਉਹਦੇ ਬਾਦ ਸਰਕਾਰ ਜੋ ਭੀ ਚਾਹੇ ਜਵਾਬ ਦੇਵੇ। (ਸ਼ੋਰ)

**ਸਰਦਾਰ ਕਿਰਪਾਲ ਸਿੰਘ :** (ਅੰਮ੍ਰਿਤਸਰ) ਬਗੈਰ ਕੇਸ ਦੇ ਰਜਿਸਟਰ ਕੀਤੇ ਜਾਣ ਦੇ ਇਹ ਕਿਸ ਤਰ੍ਹਾਂ ਸਬ-ਜੁਡਿਸ ਹੋ ਗਿਆ। ਤੁਹਾਡੀ ਰੂਲਿੰਗ ਕਲੀਅਰ ਕਟ ਹੋਣੀ ਚਾਹੀਦੀ

Original with;
Punjab Vidhan Sabha
Digitized by;
Panjab Digital Library

ਹੈ । ਜੇ ਇਸ ਬਾਰੇ ਹਾਊਸ ਵਿਚ ਧਿਆਨ ਨਾ ਦਿਵਾਇਆ ਜਾਏ ਤਾਂ ਹੋਰ ਕਿਥੇ ਦਿਵਾਇਆ ਜਾਣਾ ਚਾਹੀਦਾ ਹੈ । ਇਸ ਲਈ ਇਹ ਕੇਸ ਰੀਕੰਨਸਿਡਰੇਸ਼ਨ ਵਾਸਤੇ ਰਖ ਲਉ ।

**ਸ਼੍ਰੀ ਸਪੀਕਰ :** ਸਰਦਾਰ ਕਿਰਪਾਲ ਸਿੰਘ ਕੇਸ ਦੇ ਸਬਜੂਡਿਸ ਹੋਣ ਜਾਂ ਨਾਂ ਹੋਣ ਦੀ ਕੋਈ ਗਲ ਨਹੀਂ । (ਸ਼ੋਰ) । (Addressing Sardar Kirpal Singh) It does not matter whether it is a sub-judice case or not.)

(Noise)

**ਚੌਧਰੀ ਬਲਬੀਰ ਸਿੰਘ :** ਚਾਰ ਆਦਮੀ ਕਤਲ ਹੋ ਗਏ ਹਨ । ......(ਬਹੁਤ ਸ਼ੋਰ)

**ਮੇਜਰ ਹਰਿੰਦਰ ਸਿੰਘ** (ਅਜਨਾਲਾ) : On a point of order, Sir. ਸਪੀਕਰ ਸਾਹਿਬ, ਇਸ ਮਸਲੇ ਉਤੇ ਕਾਫੀ ਬਹਿਸ ਹੋਈ ਹੈ । ਮੈਂ ਗਾਲਿਬਨ ਆਪ ਦੀ ਸੇਵਾ ਵਿਚ ਅਰਜ਼ ਕਰਨ ਵਾਸਤੇ ਨਾ ਖੜਾ ਹੁੰਦਾ ਪਰ ਆਪਣੇ ਮੁਬਾਰਕ ਮੂੰਹ ਵਿਚੋਂ ਕਿਹਾ ਹੈ ਕਿ ਇਹ ਇਡੀਵਿਜੂਅਲ ਮੈਟਰ ਹੈ ਪਬਲਿਕ ਇੰਪੋਰਟੈਂਸ ਦਾ ਨਹੀਂ ਹੈ । ਤੁਹਾਡੇ ਵਰਗੇ ਸ਼ਰੀਫ ਔਰ ਸੁਚੱਜੇ ਸਪੀਕਰ ਕੋਲੋਂ ਇਹ ਰਿਮਾਰਕਸ ਫਬਦੇ ਨਹੀਂ । ਕਤਰਾ ਕਤਰਾ ਕਰਕੇ ਦਰਿਆ ਬਣਦਾ ਹੈ । ਕਤਰਾ ਕਤਰਾ ਕਰਕੇ ਸਮੁੰਦਰ ਬਣਦਾ ਹੈ । ਚਾਰ ਬੰਦਿਆਂ ਦੇ ਕਤਲ ਹੋਣ ਉਪਰੰਤ ਇਹ ਕਹਿਣਾ ਕਿ ਇਹ ਇਨਡੀਵਿਜੂਅਲ ਕੇਸ ਹੈ, ਇਹ ਠੀਕ ਨਹੀਂ । ਇਸ ਲਈ ਨਿੰਮਰਤਾ ਸਹਿਤ ਮੈਂ ਬੇਨਤੀ ਕਰਾਂਗਾ ਕਿ ਆਪ ਆਪਣੇ ਫੈਸਲੇ ਨੂੰ ਰੀਕਨਸਿਡਰ ਕਰੋ । ਚੀਫ ਮਨਿਸਟਰ ਨੇ ਆਖਿਆ ਹੈ ਕਿ ਇਸ ਬਾਰੇ ਪੜਤਾਲ ਕਰਾਂਗਾ । ਠੀਕ ਹੈ ਕਰ ਲੈਣ ।

ਇਹ ਕੋਈ ਇਕ ਬੰਦੇ ਦੀ ਮੌਤ ਦਾ ਸਵਾਲ ਨਹੀਂ ਬਲਕਿ ਇਹ ਤਾਂ ਇਕ ਕਬੀਲੇ ਦੇ ਚਾਰ ਬੰਦਿਆਂ ਦਾ ਸਵਾਲ ਹੈ । ਜਿਨ੍ਹਾਂ ਦੇ ਬੰਦੇ ਹਮੇਸ਼ਾ ਲਈ ਵਿਛੜ ਜਾਂਦੇ ਹਨ ਓਨ੍ਹਾਂ ਨੂੰ ਹੀ ਇਸ ਮੁਸੀਬਤ ਦਾ ਪਤਾ ਹੁੰਦਾ ਹੈ । ਇਸ ਲਈ ਇਸ ਨੂੰ ਖਾਸ ਅਹਿਮੀਅਤ ਦੇਣੀ ਚਾਹੀਦੀ ਹੈ ਅਤੇ ਇਸ ਮੋਸ਼ਨ ਨੂੰ ਅਗਰ ਐਡਮਿਟ ਕਰ ਲਿਆ ਜਾਵੇ ਤਾਂ ਕੋਈ ਮਾੜੀ ਗਲ ਨਹੀਂ ।

**Mr. Speaker :** I will re-consider my ruling, if I am convinced that it is not a sub-judice matter.

**ਮੁਖ ਮੰਤਰੀ :** ਬੇਸ਼ਕ ਤੁਸੀਂ ਐਡਮਿਟ ਕਰੋ । ਗੌਰਮੈਂਟ ਸਟੇਟਮੈਂਟ ਦੇ ਦੇਵੇਗੀ ਪਰ ਸਟੇਟਮੈਂਟ ਵਿਚੋਂ ਕੁਝ ਨਹੀਂ ਨਿਕਲਣਾ ।' (ਸ਼ੋਰ) ਜ਼ਰਾ ਸੁਣ ਲਉ । (ਸ਼ੋਰ) ਸੁਣ ਤਾਂ ਲਉ । (ਸ਼ੋਰ) ਮੁਖ ਮੰਤਰੀ ਦਾ ਫਰਜ਼ ਅਖਬਾਰਾਂ ਦੀਆਂ ਖਬਰਾਂ ਤੇ ਐਕਸ਼ਨ ਲੈਣ ਦਾ ਨਹੀਂ ਹੈ ।

**Mr. Speaker :** No further discussion.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਮੈਂ ਕਹਿ ਰਿਹਾ ਸੀ ਸਰਦਾਰ ਗੁਰਬੰਤਾ ਸਿੰਘ ਆਕੇ ਮੈਨੂੰ ਦਸ ਦੇਣ ਮੈਂ ਉਨ੍ਹਾਂ ਦੀ ਤਸੱਲੀ ਕਰਾ ਦਿਆਂਗਾ ਜੇ ਉਹ ਕਹਿਣਗੇ ਤਾਂ ਇਨਕੁਆਇਰੀ ਕਰ ਦਿਆਂਗਾ। (ਸ਼ੋਰ)

ਮੇਜਰ ਹਰਿੰਦਰ ਸਿੰਘ : ਮੇਰੀ ਇਸ ਦੇ ਨਾਲ ਬੜੀ ਤਸੱਲੀ ਹੋਈ ਹੈ। ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਲੀਡਰ ਔਫ ਦੀ ਹਾਊਸ ਨੇ ਐਸ਼ੋਰੈਂਸ ਦਿਤੀ ਹੈ ਕਿ ਇਸ ਕੇਸ ਬਾਰੇ ਪੜਤਾਲ ਕਰਾਈ ਜਾਏਗੀ ਅਤੇ ਕਾਤਲ ਨੂੰ ਸਜ਼ਾ ਦਿਵਾਈ ਜਾਏਗੀ।

---

## ANNOUNCEMENT BY THE SPEAKER.
## PANEL OF CHAIRMEN.

**Mr. Speaker** : Under rule 13 (1) of the Rules of Procedure and Conduct of Business in the Punjab Legislative Assembly, I nominate the following Members to serve on the Panel of Chairmen :—

1. Sardar Jasdev Singh Sandhu
2. Sardar Shashpal Singh
3. Sardar Harcharan Singh Brar
4. Sardar Basant Singh

---

## BUSINESS ADVISORY COMMITTEE.

**Mr. Speaker** : Under Rule 33 (1) of the Rules of Procedure and Conduct of Business in the Punjab Legislative Assembly, I nominate the following Members to serve on Business Advisory Committee :—

| | | |
|---|---|---|
| 1. | Sardar Darbara Singh, | Ex-officio Chairman. |
| 2. | Sardar Gurmit Singh | Member |
| 3. | Sardar Balwant Singh | Member |
| 4. | Capt. Rattan Singh | Member |
| 5. | Comrade Satya Pal Dang | Member |
| 1. | Shri Krishan Lal, Finance Minister. | Special Invitee |
| 2. | Sardar Harcharan Singh Brar | Special invitee |

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਇਸ ਕਮੇਟੀ ਵਿਚ ਦੋ ਮੈਂਬਰ ਗੌਰਮੈਂਟ ਦੇ ਹੋਣੇ ਚਾਹੀਦੇ ਹਨ, ਦੋ ਮੈਂਬਰ ਕਾਂਗਰਸ ਦੇ ਹੋਣੇ ਚਾਹੀਦੇ ਹਨ ਅਤੇ ਇੱਕ ਹੋਰ ਦੂਜੀਆਂ ਪਾਰਟੀਆਂ ਦਾ ਹੋਣਾ ਚਾਹੀਦਾ ਹੈ। ਜਿਸ ਦਾ ਮਤਲਬ ਇਹ ਹੋਇਆ ਕਿ ਡਿਸਟ੍ਰੀਬੀਊਸ਼ਨ ਠੀਕ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਲੀਡਰ ਔਫ ਦੀ ਆਪੋਜ਼ੀਸ਼ਨ ਨੂੰ ਕਨਸਲਟ ਕਰ ਲਿਆ ਸ। ਉਨ੍ਹਾਂ ਦੀ ਅਪਰੂਵਲ ਲੈ ਕੇ ਇਹ ਕੀਤਾ ਗਿਆ ਹੈ। (The Leader of the Opposition was consulted and it has been done after taking his approval.)

**ਮੇਜਰ ਹਰਿੰਦਰ ਸਿੰਘ :** ਮੈਂ ਹਰਗਿਜ਼ ਇਹ ਨਹੀਂ ਆਖਿਆ ਸੀ ਕਿ ਕਾਂਗਰਸ ਦੇ ਦੋ ਮੈਂਬਰ ਨਹੀਂ ਹੋਣੇ ਚਾਹੀਦੇ। ਮੈਂ ਆਖਿਆ ਸੀ that we are satisfied with one special invitee.

---

## GOVERNOR'S ADDRESS

**Mr. Speaker :** In pursuance of Rule 18 of the Rules of Procedure and Conduct of Business in the Punjab Legislative Assembly, I have to report that the Governor was pleased to address both the Houses of the State Legislature assembled together on the 14th March, 1969, under Article 176(1) of the Constitution. A copy of the Address is laid on the Table of the House.

---

### ਪੰਜਾਬ ਦੇ ਰਾਜਪਾਲ, ਡਾਕਟਰ ਦਾਦਾ ਸਾਹਿਬ ਚਿੰਤਾਮਨੀ ਪਾਵਟੇ ਦੁਆਰਾ ਪੰਜਾਬ ਵਿਧਾਨ-ਮੰਡਲ ਦੇ ਦੋਹਾਂ ਸਦਨਾਂ ਦੇ ਸਾਂਝੇ ਸਮਾਗਮ ਵਿੱਚ ਸ਼ੁਕਰਵਾਰ, 14 ਮਾਰਚ, 1969 ਨੂੰ ਦਿੱਤਾ ਗਿਆ ਭਾਸ਼ਣ

ਦੋਸਤੋ,

ਮੱਧ-ਕਾਲੀ ਚੋਣਾਂ ਤੋਂ ਬਾਅਦ ਰਾਜ ਵਿਧਾਨ-ਮੰਡਲ ਦੇ ਪਹਿਲੇ ਸਮਾਗਮ ਵਿੱਚ ਅੱਜ ਸ਼ਾਮਲ ਹੋਣ ਤੇ ਮੈਂ ਆਪ ਜੀ ਨੂੰ ਜੀ-ਆਇਆਂ ਆਖਦਾ ਹਾਂ। 1967 ਦੀਆਂ ਆਮ ਚੋਣਾਂ ਪੰਜਾਬ ਲਈ ਇਤਿਹਾਸਕ ਮਹੱਤਤਾ ਰਖਦੀਆਂ ਹਨ। ਓਦੋਂ ਰਾਜ ਵਿਚ ਪਹਿਲੀ ਵਾਰੀ ਸ: ਗੁਰਨਾਮ ਸਿੰਘ ਦੀ ਅਗਵਾਈ ਹੇਠ ਸਾਂਝਾ ਮੋਰਚਾ ਸਰਕਾਰ ਕਾਇਮ ਹੋਈ। ਜਿੰਨਾ ਚਿਰ ਇਹ ਸਰਕਾਰ ਰਹੀ, ਇਸ ਨੇ ਆਮ ਲੋਕਾਂ ਦੀਆਂ ਸਮੱਸਿਆਵਾਂ ਤੇ ਹਮਦਰਦੀ ਭਰਿਆ ਵਿਚਾਰ ਕਰਨ ਵਾਲਾ ਸਵੱਛ ਅਤੇ ਸੁਯੋਗ ਪ੍ਰਸ਼ਾਸਨ ਦੇਣ ਦਾ ਯਤਨ ਕੀਤਾ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਹੁਣ ਦੀਆਂ ਮੱਧ-ਕਾਲੀ ਚੋਣਾਂ ਵਿਚ ਪੰਜਾਬ ਦਿਆਂ ਲੋਕਾਂ ਨੇ ਸ : ਗੁਰਨਾਮ ਸਿੰਘ ਦੀ ਅਗਵਾਈ ਹੇਠ ਰਾਜ ਦੀ ਵਾਗ ਡੋਰ ਆਪਣੀ ਹਰਮਨ ਪਿਆਰੀ ਸਰਕਾਰ ਨੂੰ ਫ਼ੇਰ ਸੌਂਪ ਕੇ ਇੰਜ ਉਸ ਦੀਆਂ ਨੀਤੀਆਂ ਅਤੇ ਕੰਮਾਂ ਦੀ ਪ੍ਰੋੜ੍ਹਤਾ ਕੀਤੀ ਹੈ।

2. ਨਵੀਂ ਸਰਕਾਰ ਨੇ ਵੱਖ ਵੱਖ ਜਾਤੀਆਂ ਵਿੱਚ ਪਿਆਰ ਤੇ ਭਰੱਪਣ ਦੀ ਭਾਵਨਾ ਪੈਦਾ ਕਰਨ ਦਾ ਕੰਮ ਅਰੰਭ ਕਰ ਦਿੱਤਾ ਹੈ ਅਤੇ ਇੰਜ ਪੂਰਬਲੀ ਸਾਂਝਾ ਮੋਰਚਾ ਸਰਕਾਰ ਦੇ ਕੰਮ ਨੂੰ ਅੱਗੇ ਤੋਰ ਲਿਆ ਹੈ। ਰਾਜ ਦੇ ਲੋਕਾਂ ਦੀ ਸਮਾਜਕ ਅਤੇ ਆਰਥਕ ਉਨੱਤੀ ਲਈ ਸਰਕਾਰ ਦੇ ਇਸ ਦ੍ਰਿੜ੍ਹ ਇਰਾਦੇ ਤੇ, ਸਥਾਨਕ ਕਟੜਤਾ, ਜਾਤੀ ਮੋਹ, ਵਿਚਾਰਾਂ ਵਿਚਲੇ ਮੱਤ ਭੇਦ ਜਾਂ ਵੱਖ

Original with;
Punjab Vidhan Sabha
Digitized by;
Panjab Digital Library

ਵੱਖ ਪਾਰਟੀਆਂ ਵਿਚਲੇ ਵੈਰ-ਵਿਰੋਧ ਨੂੰ ਹਾਵੀ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮਨੋਰਥ ਲਈ, ਸਰਕਾਰ ਸਵਛ ਅਤੇ ਸੁਯੋਗ ਪ੍ਰਸ਼ਾਸਨ ਦੇਵੇਗੀ ਅਤੇ ਭਰਿਸ਼ਟਾਚਾਰ, ਕੁੰਬਾਪਰਵਰੀ, ਅਯੋਗਤਾ ਅਤੇ ਲਾਲ ਫ਼ੀਤਾ ਸ਼ਾਹੀ ਨੂੰ ਸਖ਼ਤੀ ਨਾਲ ਖ਼ਤਮ ਕਰ ਦੇਵੇਗੀ।

3. ਸਾਡਾ ਸੰਵਿਧਾਨ ਸਭਨਾਂ ਸ਼ਹਿਰੀਆਂ ਨੂੰ ਕੁਝ ਬੁਨਿਆਦੀ ਹੱਕ ਅਤੇ ਮੁਢਲੀ ਆਜ਼ਾਦੀ ਪ੍ਰਦਾਨ ਕਰਦਾ ਹੈ। ਬਦਕਿਸਮਤੀ ਨਾਲ ਸਾਂਝਾ ਮੋਰਚਾ ਸਰਕਾਰ ਟੁਟਣ ਤੋਂ ਬਾਅਦ ਇਹਨਾਂ ਪਵਿੱਤਰ ਹੱਕਾਂ ਦੀ ਉਲੰਘਣਾ ਕੀਤੀ ਗਈ ਅਤੇ ਇਹਨਾਂ ਨੂੰ ਪੈਰਾਂ ਥੱਲੇ ਲਿਤਾੜਿਆ ਗਿਆ। ਮੇਰੀ ਸਰਕਾਰ ਸਭਨਾਂ ਸ਼ਹਿਰੀਆਂ ਨੂੰ ਉਹਨਾਂ ਦੇ ਬੁਨਿਆਦੀ ਹੱਕਾਂ ਅਤੇ ਸ਼ਹਿਰੀ ਆਜ਼ਾਦੀ ਦੀ ਸੁਰੱਖਿਆ ਦਾ ਪੂਰਨ ਭਰੋਸਾ ਦਿਵਾਉਂਦੀ ਹੈ। ਇਹ ਸਾਡਾ ਪਵਿਤਰ ਫਰਜ਼ ਬਣਦਾ ਹੈ ਕਿ ਅਸੀਂ ਹਰ ਸਮੇਂ ਅਤੇ ਹਰ ਕੀਮਤ ਤੇ ਕਾਨੂੰਨ ਅਤੇ ਅਮਨ ਅਮਾਨ ਬਣਾਈ ਰੱਖੀਏ।

4. ਵਿਧਾਨ ਸਭਾ ਦਾ ਮਾਰਚ, 1968 ਦਾ ਬਜਟ ਸੈਸ਼ਨ, ਦੇਸ਼ ਦੀ ਜਮਹੂਰੀਅਤ ਦੀ ਤਾਰੀਖ ਵਿੱਚ ਇਕ ਬੜਾ ਮੰਦ-ਭਾਗਾ ਅਤੇ ਦੁਖਦਾਈ ਕਾਂਡ ਹੈ। ਪੰਜਾਬ ਰਾਜ ਵਿਧਾਨ ਸਭਾ ਦੇ ਪਵਿਤਰ ਸਦਨ ਵਿੱਚ ਪੁਲਿਸ ਬੁਲਾਈ ਗਈ ਅਤੇ ਸਲਾਨਾ ਬਜਟ ਦੇ ਕਥਿਤ ਪਾਸ ਕਰਾਉਣ ਦੇ ਦੌਰਾਨ ਸੰਵਿਧਾਨ ਹੱਕਾਂ ਅਤੇ ਪਰੰਪਰਾਵਾਂ ਦੀ ਬੁਰੀ ਤਰ੍ਹਾਂ ਉਲੰਘਣਾ ਕੀਤੀ ਗਈ। 1968-69 ਦੇ ਬਜਟ ਵਿਚ ਸ਼ਾਮਲ 18,36,30,690 ਰੁਪਏ ਦੇ ਅਨੁਪੂਰਕ ਤਖ਼ਮੀਨਿਆਂਅ ਤੇ 2, 87. 70,93,070 ਰੁਪਏ ਦੀ ਗਰਾਂਟ ਅਤੇ ਨਮਿੱਤਣ ਨੂੰ ਮਿੰਟਾਂ ਵਿੱਚ ਹੀ ਪਾਸ ਹੋਇਆ ਮਿੱਥ ਲਿਆ ਗਿਆ। ਮੇਰੀ ਸਰਕਾਰ ਦਾ ਇਹ ਪੱਕਾ ਨਜ਼ਰੀਆ ਹੈ ਕਿ ਇਹਨਾਂ ਪਵਿਤਰ ਸਿਧਾਂਤਾਂ ਅਤੇ ਪ੍ਰੰਪਰਾਵਾਂ ਦੀ ਇਹ ਉਲੰਘਣਾ ਜਮਹੂਰੀਅਤ ਲਈ ਘੋਰ ਖਤਰੇ ਦਾ ਕਾਰਨ ਬਣ ਸਕਦੀ ਹੈ। ਅਤਾਂ ਇਸ ਘਟਨਾ ਦੀ ਉਚ ਪੱਧਰ ਤੇ ਜਾਂਚ-ਪੜਤਾਲ ਕਰਾਉਣ ਦਾ ਪੂਰਾ ਨਿਸ਼ਚਾ ਕੀਤਾ ਹੋਇਆ ਹੈ ਤਾਂ ਜੋ ਆਉਣ ਵਾਲੇ ਸਮੇਂ ਲਈ ਯੋਗ ਉਪਰਾਲੇ ਕੀਤੇ ਜਾ ਸਕਣ।

5. ਸਰਕਾਰ, ਚੰਡੀਗੜ੍ਹ, ਭਾਖੜਾ ਨੰਗਲ ਅਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਦੀ ਪੰਜਾਬ ਵਿਚ ਵਾਪਸੀ ਲਈ ਪੂਰਾ ਜ਼ੋਰ ਲਾਵੇਗੀ ਅਤੇ ਇਹਨਾਂ ਸਮੱਸਿਆਵਾਂ ਨੂੰ ਤੁਰਤ ਅਤੇ ਮਿਤਰਤਾ ਪੂਰਨ ਢੰਗ ਨਾਲ ਹੱਲ ਕਰਨ ਦੀ ਹਰ ਮੁਮਕਿਨ ਕੋਸ਼ਿਸ਼ ਕਰੇਗੀ।

6. ਪੂਰਬਲੀ ਸਾਂਝਾ ਮੋਰਚਾ ਸਰਕਾਰ ਨੇ ਵਿਧਾਨ ਪ੍ਰੀਸ਼ਦ ਨੂੰ ਖਤਮ ਕਰਨ ਦਾ ਸੁਝਾਅ ਰਖਿਆ ਸੀ, ਕਿਉਂਕਿ ਪੁਨਰ-ਗਠਨ ਤੋਂ ਬਾਅਦ ਇਸ ਦੀ ਕਾਇਮੀ ਰਾਜ ਦੇ ਵਸੀਲਿਆਂ ਤੇ ਵਾਧੂ ਬੋਝ ਸੀ। ਇਸ ਫੈਸਲੇ ਨੂੰ ਛੇਤੀ ਹੀ ਅਮਲੀ ਰੂਪ ਦੇਣ ਦਾ ਸਰਕਾਰ ਦਾ ਵਿਚਾਰ ਹੈ।

6. ਪੂਰਬਲੀ ਸਾਂਝਾ ਮੋਰਚਾ ਸਰਕਾਰ ਨੇ ਰਾਜ ਸਰਕਾਰ ਦੇ ਕਰਮਚਾਰੀਆਂ ਦੇ ਤਨਖਾਹ ਸਕੇਲਾਂ ਦੀ ਪੜਤਾਲ ਅਤੇ ਉਚਿਤ ਸ਼ਿਫਾਰਸ਼ਾਂ ਕਰਨ ਲਈ 11 ਜੁਲਾਈ, 1967 ਨੂੰ ਇਕ-ਮੈਂਬਰੀ ਤਨਖਾਹ ਕਮਿਸ਼ਨ ਕਾਇਮ ਕੀਤਾ ਸੀ। ਕਮਿਸ਼ਨ ਨੇ ਇਕ ਸਵਿਸਥਾਰ ਰਿਪੋਰਟ ਦਿੱਤੀ ਹੈ ਜੋ ਲਾਗੂ ਕੀਤੀ ਜਾ ਚੁਕੀ ਹੈ। ਇਸ ਰਿਪੋਰਟ ਨੂੰ ਅਮਲੀ ਰੂਪ ਦੇਣ ਸਮੇਂ ਜੋ ਤਰੁਟੀਆਂ ਸਾਹਮਣੇ ਆਈਆਂ ਹਨ, ਉਨ੍ਹਾਂ ਨੂੰ ਦੂਰ ਕਰਨ ਬਾਰੇ ਸਰਕਾਰ ਹਮਦਰਦਾਨਾ ਵਿਚਾਰ ਕਰੇਗੀ।

Original with;
Punjab Vidhan Sabha
Digitized by;
Panjab Digital Library

7. ਰਾਜ ਦੀ ਚੌਥੀ ਪੰਜਸਾਲਾ ਯੋਜਨਾ ਲਈ ਯੋਜਨਾ-ਬੰਦੀ ਕਮਿਸ਼ਨ ਨੇ 270 ਕਰੋੜ ਰੁਪਏ ਦੇ ਖ਼ਰਚ ਦੀ ਅਣ-ਅੰਤਮ ਮਨਜ਼ੂਰੀ ਦਿੱਤੀ ਹੈ। 1969–70 ਦੀ ਸਾਲਾਨਾ ਯੋਜਨਾ 48.40 ਕਰੋੜ ਰੁਪਏ ਨਿਸ਼ਚਿਤ ਕੀਤੀ ਗਈ ਹੈ। ਅਜਿਹੇ ਪਰੋਗਰਾਮਾਂ ਨੂੰ ਤਰਜੀਹ ਦਿੱਤੀ ਗਈ ਹੈ ਜੋ ਚੌਥੀ ਯੋਜਨਾ ਦੇ ਸਮੇਂ ਦੇ ਦੌਰਾਨ ਵਿੱਚ ਹੀ ਵੱਧ ਤੋਂ ਵੱਧ ਲਾਭਦਾਇਕ ਹੋ ਸਕਣਗੇ ਅਤੇ ਉਹ ਅਜਿਹੇ ਜ਼ਰੀਏ ਮੁਹੱਈਆ, ਕਰਨਗੇ ਜਿਨ੍ਹਾਂ ਦੁਆਰਾ ਕਿਰਤੀਆ ਦੀ ਵੱਧ ਰਹੀ ਗਿਣਤੀ ਨੂੰ ਕੰਮ ਤੇ ਲਾਇਆ ਜਾ ਸਕੇ। ਰਾਜ ਦੀ ਆਰਥਿਕ ਪ੍ਰਗਤੀ ਦੀ ਦਰ ਤੀਜੀ ਯੋਜਨਾ ਦੀ 4.8 ਫ਼ੀ ਸਦੀ ਸਲਾਨਾ ਤੋਂ ਵੱਧ ਕੇ ਚੌਥੀ ਯੋਜਨਾ ਦੇ ਦੌਰਾਨ 6.7 ਫ਼ੀ ਸਦੀ ਹੋ ਜਾਵੇਗੀ। ਰਾਜ ਸਰਕਾਰ ਭਾਰਤ ਸਰਕਾਰ ਤੇ ਜ਼ੋਰ ਪਾਏਗੀ ਕਿ ਉਹ ਸਾਨੂੰ ਯੋਜਨਾ ਦੇ ਖ਼ਰਚ ਲਈ ਕੇਂਦਰ ਦੇ ਵਸੀਲਿਆਂ ਵਿਚੋਂ ਮੁਨਾਸਬ ਅਤੇ ਹਿੱਸੇ-ਪ੍ਰਤੀ ਇਮਦਾਦ ਦੇਵੇ।

ਰਾਜ ਦੇ ਟੈਕਸਾਂ ਸਬੰਧੀ ਢਾਂਚੇ ਦੀ ਪੜਤਾਲ ਕੀਤੀ ਜਾਵੇਗੀ ਅਤੇ ਜਿਥੇ ਕਿਤੇ ਵੀ ਬੋਝ ਵਿੱਚ ਅਸਮਾਨਤਾ ਹੈ ਉਥੇ ਉਚਿਤ ਨਰਮਿਆਈ ਵਿਖਾਈ ਜਾਵੇਗੀ। ਵਿਕਰੀ ਟੈਕਸ ਸਬੰਧੀ ਕਾਨੂੰਨ ਅਤੇ ਕਾਰਜ ਵਿਧੀ ਨੂੰ ਸਰਲ ਕੀਤਾ ਜਾਵੇਗਾ। ਪੂਰਬਲੀ ਸਾਂਝਾ ਮੋਰਚਾ ਸਰਕਾਰ ਦੀ ਨੀਤੀ ਜਾਇਦਾਦ ਟੈਕਸ ਨੂੰ ਖ਼ਤਮ ਕਰ ਦੇਣ ਦੀ ਸੀ। ਮੇਰੀ ਸਰਕਾਰ ਹੁਣ ਆਪਣੇ ਉਨ੍ਹਾਂ ਵਚਨਾਂ ਦੀ ਪਾਲਣਾ ਲਈ ਯੋਗ ਕਾਰਵਾਈ ਕਰੇਗੀ।

8. ਮੇਰੀ ਸਰਕਾਰ ਸਾਲ 1969-70 ਦੇ ਦੌਰਾਨ ਖੇਤੀ-ਬਾੜੀ ਦੇ ਵਿਕਾਸ ਸਬੰਧੀ ਪ੍ਰੋਗਰਾਮਾਂ ਨੂੰ ਪਰਮ-ਅਗੇਤ ਦੇਣ ਦਾ ਇਰਾਦਾ ਰਖਦੀ ਹੈ। 1968-69 ਵਿੱਚ ਮਿੱਥੇ 54.5 ਲੱਖ ਟਨ ਅਨਾਜ ਦੀ ਉਪਜ ਦੇ ਟੀਚੇ ਮੁਕਾਬਲੇ ਵਿੱਚ ਹੁਣ 60.7 ਲਖ ਟਨ ਅਨਾਜ ਉਪਜਾਉਣ ਦਾ ਸਾਡਾ ਦਾਈਆ ਹੈ। ਵਧੇਰੇ ਅੰਨ ਉਪਜਾਊ ਕਿਸਮਾਂ ਦੇ ਪਰੋਗਰਾਮਾਂ ਵਿਚ ਪਿਛਲੇ ਸਾਲ ਦੇ 25 ਲਖ ਏਕੜ ਰਕਬੇ ਦੇ ਟਾਕਰੇ ਵਿੱਚ 30 ਲਖ ਏਕੜ ਰਕਬੇ ਵਿੱਚ ਕਣਕ ਦੀ ਕਾਸ਼ਤ ਕੀਤੀ ਜਾਵੇਗੀ। 1968-69 ਦੀ 8.5 ਲਖ ਟਨ ਖਾਦ ਦੀ ਖਪਤ ਦੇ ਟਾਕਰੇ ਵਿੱਚ 1969–70 ਦੇ ਦੌਰਾਨ 11 ਲਖ ਟਨ ਖਾਦ ਦੀ ਵਰਤੋਂ ਕੀਤੀ ਜਾਵੇਗੀ। ਕਿਸਾਨਾਂ ਨੂੰ ਵਧੇਰੇ ਖਾਦ ਦੀ ਵਰਤੋਂ ਕਰਨ ਹਿਤ ਉਤਸਾਹਿਤ ਕਰਨ ਲਈ 1968-69 ਦੇ 22 ਕਰੋੜ ਰੁਪਏ ਦੇ ਛੋਟੀ ਮਿਆਦ ਦੇ ਕਰਜ਼ਿਆਂ ਦੀ ਰਕਮ ਨੂੰ ਵਧਾ ਕੇ 1969-70 ਵਿੱਚ 35 ਕਰੋੜ ਕਰ ਦਿੱਤਾ ਜਾਵੇਗਾ।

(ii) ਛੋਟੇ ਸਿੰਜਾਈ ਕਾਰਜਾਂ ਲਈ 1968-69 ਦੇ 11 ਕਰੋੜ ਰੁਪਏ ਦੇ ਕਰਜ਼ੇ ਦੀ ਰਕਮ ਨੂੰ 1969-70 ਵਿੱਚ ਵਧਾ ਕੇ 16 ਕਰੋੜ ਰੁਪਏ ਕਰ ਦਿਤਾ ਜਾਵੇਗਾ। ਕਰਜ਼ੇ ਵੱਜੋਂ ਡੀਜ਼ਲ ਇੰਜਨ ਵੰਡਣ ਦੀ ਵੀ ਤਜਵੀਜ਼ ਹੈ ਅਤੇ ਇਹਨਾਂ ਇੰਜਨਾਂ ਦੀ ਵਧੇਰੇ ਗਿਣਤੀ "ਕੁਆਲਿਟੀ ਅੰਕਿਤ" ਹੋਵੇਗੀ ਅਤੇ ਉਹ ਪੰਜਾਬ ਵਿੱਚ ਹੀ ਬਣਾਏ ਗਏ ਹੋਣਗੇ। ਇਸ ਮਨੋਰਥ ਲਈ 1.20 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਜਾਣ ਦੀ ਆਸ ਹੈ। ਇਸ ਵਸੀਲੇ ਰਾਹੀਂ ਨਾ ਸਿਰਫ ਛੋਟੇ ਸਿੰਜਾਈ ਕਾਰਜਾਂ ਵਿੱਚ ਹੀ ਸਹਾਇਤਾ ਮਿਲੇਗੀ ਸਗੋਂ ਇਹ ਸਾਧਨ ਪੰਜਾਬ ਵਿੱਚ ਇਸ ਉਦਯੋਗ ਦੇ ਵਿਕਾਸ ਵਿੱਚ ਵੀ ਨਿਗਰ ਹਿੱਸਾ ਪਾਉਣਗੇ।

Original with;
Punjab Vidhan Sabha
Digitized by;
Panjab Digital Library

(iii) ਇਹ ਵੀ ਫ਼ੈਸਲਾ ਕੀਤਾ ਗਿਆ ਹੈ ਕਿ ਰਾਜ ਵਿਚ ਫ਼ਸਲਾਂ ਦੀ ਇਕ ਵੱਡੀ ਰੋਗ-ਨਿਰੋਧਕ ਮੁਹਿੰਮ ਚਲਾਉਣ ਹਿੱਤ "ਪੌਦਾ-ਸੁਰੱਖਿਆ-ਸਕਵਾਡ" ਜਿਨ੍ਹਾਂ ਵਿਚ ਹਵਾਈ ਛਿੜਕਾਉ-ਪ੍ਰਬੰਧ ਵੀ ਸ਼ਾਮਲ ਹਨ, ਕਾਇਮ ਕੀਤੀ ਜਾਵੇ। 1968-69 ਦੇ ਇਕ ਲਖ ਏਕੜ ਦੇ ਟਾਕਰੇ ਵਿੱਚ 2.25 ਲਖ ਏਕੜ ਕਪਾਹ ਤੇ ਛਿੜਕਾਉ ਕਰਨ ਦੀ ਤਜਵੀਜ਼ ਹੈ। ਇਹ ਵੀ ਵਿਉਂਤ ਬਣਾਈ ਗਈ ਹੈ ਕਿ ਧਾਨ ਦੀ ਫ਼ਸਲ ਦੀਆਂ ਸਾਰੀਆਂ ਵਧੇਰੇ ਉਪਜਾਊ ਕਿਸਮਾਂ ਨੂੰ ਬਿਮਾਰੀ ਤੋਂ ਰੋਕਣ ਲਈ ਤਰੱਦਦ ਕੀਤਾ ਜਾਵੇ।

(iv) ਇਹ ਜ਼ਰੂਰੀ ਹੈ ਕਿ ਪੰਜਾਬ ਦਾ ਕਿਸਾਨ ਆਧੁਨਿਕ ਜ਼ਰਾਇਤ ਸੰਦਾ ਦੀ ਵਰਤੋਂ ਕਰਨ ਲਗ ਪਵੇ। ਇਸ ਆਸ਼ੇ ਨੂੰ ਮੁਖ ਰਖਦਿਆਂ, ਸਾਲ 1968-69 ਦੇ 9,000 ਦੇ ਟਾਕਰੇ ਵਿੱਚ ਸਹਿਕਾਰੀ ਸਭਾਵਾਂ ਰਾਹੀਂ 50,000 ਬੀਜ-ਤਥਾ-ਖਾਦ ਡਰਿਲਾਂ ਕਰਜ਼ੇ ਵਜੋਂ ਦਿੱਤੀਆਂ ਜਾਣ-ਗੀਆਂ ਅਜਿਹੇ ਕਰਜ਼ਿਆਂ ਦੇ ਤੌਰ ਤੇ ਬੈਲਾਂ ਦੁਆਰਾ ਖਿਚੀਆਂ ਜਾਣ ਵਾਲੀਆਂ 25,000 "ਡਿਸਕ ਹੈਰੋ" ਵੀ ਦਿੱਤੀਆਂ ਜਾਣਗੀਆਂ। ਇਸ ਮਸ਼ੀਨਰੀ ਤੇ ਲਗ ਭਗ ਦੋ ਕਰੋੜ ਰੁਪਏ ਖ਼ਰਚ ਆਉਣ ਦਾ ਅਨੁਮਾਨ ਹੈ ਅਤੇ ਇਸ ਨਾਲ ਪੰਜਾਬ ਦੇ ਉਦਯੋਗ ਨੂੰ ਵੀ ਉਤਸ਼ਾਹ ਮਿਲੇਗਾ।

(v) ਰੋਪੜ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਨੀਮ-ਪਹਾੜੀ ਇਲਾਕਿਆਂ ਵਿੱਚ ਬਾਗਬਾਨੀ ਦੇ ਵਿਕਾਸ ਦੇ ਵਿਸ਼ੇਸ਼ ਪ੍ਰੋਗਰਾਮ ਚਲਾਏ ਜਾਣਗੇ।

(vi) ਖੇਤੀ-ਬਾੜੀ ਉਦਯੋਗ ਕਾਰਪੋਰੇਸ਼ਨ ਆਪਣੀਆਂ ਸੇਵਾਵਾਂ ਨੂੰ ਹੋਰ ਵਧਾਏਗੀ ਅਤੇ ਜ਼ਰਾਇਤੀ ਮਸ਼ੀਨਰੀ ਦੀ ਮੁਰੰਮਤ ਦੀਆਂ ਸੇਵਾਵਾਂ ਮੁਹੱਈਆ ਕਰਨ ਲਈ ਚਾਰ ਨਵੇਂ ਸਰਵਿਸ ਸਟੇਸ਼ਨ ਖੋਲੇਗੀ।

(vii) ਇਸ ਲਈ ਪੈਦਾ ਹੋਣ ਵਾਲੀ ਬਹੁਤ ਜ਼ਿਆਦਾ ਫ਼ਸਲ ਦੀ ਸਾਂਭ ਅਤੇ ਨਿਪਟਾਰੇ ਆਦਿ ਲਈ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਵਧੇਰੇ ਅਨਾਜ ਅਤੇ ਹੋਰ ਜ਼ਰਾਇਤੀ ਉਪਜਾਂ ਦੀ ਆਮਦ ਨੂੰ ਨਜਿੱਠਣ ਲਈ 24 ਨਵੀਆਂ ਮੰਡੀਆਂ ਕਾਇਮ ਕੀਤੀਆਂ ਜਾਣਗੀਆਂ।

(viii) 10,000 ਜਿਸਤੀ ਢੋਲ ਕਾਸ਼ਤਕਾਰਾਂ ਨੂੰ ਦਿੱਤੇ ਜਾਣਗੇ। ਗੁਦਾਮਾਂ ਦੀ ਥੁੜ ਨੂੰ ਪੂਰਾ ਕਰਨ ਲਈ ਗੁਦਾਮਾਂ ਦੀ ਉਸਾਰੀ ਦਾ ਕਰੈਸ਼ ਪ੍ਰੋਗਰਾਮ ਵੀ ਅਰੰਭ ਕੀਤਾ ਜਾ ਰਿਹਾ ਹੈ।

(ix) ਜ਼ਰਾਇਤੀ ਪੈਦਾਵਾਰ ਦੀ ਉਚਿਤ ਢੋ-ਢੋਆਈ ਲਈ ਦਿਹਾਤੀ ਇਲਾਕਿਆਂ ਵਿੱਚ ਯੋਜਕ ਸੜਕਾਂ ਦਾ ਜਾਲ ਵਿਛਾਉਣਾ ਜ਼ਰੂਰੀ ਹੈ। ਅਜਿਹੀਆਂ ਸੜਕਾਂ ਸਫ਼ਲ ਜ਼ਰਾਇਤੀ ਕ੍ਰਾਂਤੀ ਦਾ ਮੁਢ ਬੰਨ੍ਹਣਗੀਆਂ, ਇਸ ਲਈ ਸਰਕਾਰ ਰਾਜ ਦੇ ਦਿਹਾਤੀ ਇਲਾਕਿਆਂ ਵਿੱਚ ਪੱਕੀਆਂ ਯੋਜਕ ਸੜਕਾਂ ਬਣਾਉਣ ਦੇ ਬਾਕਾਇਦਾ ਪ੍ਰੋਗਰਾਮ ਨੂੰ ਪਰਮ-ਅਗੇਤ ਦੇਵੇਗੀ।

(x) ਇਹ ਵੀ ਤਜਵੀਜ਼ ਹੈ ਕਿ ਬੋਰਿੰਗ ਦੇ ਕੰਮਾਂ ਨੂੰ ਹੋਰ ਤੇਜ਼ ਕਰਨ ਲਈ ਅਤੇ ਰੋਪੜ, ਹੁਸ਼ਿਆਰਪੁਰ, ਗੁਰਦਾਸਪੁਰ, ਪਟਿਆਲਾ, ਬਠਿੰਡਾ ਅਤੇ ਫਿਰੋਜ਼ਪੁਰ ਦੇ ਕੁਝ ਇਲਾਕਿਆਂ ਵਿਚ ਜਿੱਥੇ ਇਕੱਲੇ ਦੁਕੱਲੇ ਕਿਸਾਨਾਂ ਲਈ ਟਿਊਬਵੈਲ ਬੋਰ ਕਰਾਉਣ ਦਾ ਕੰਮ ਬੜਾ ਕਠਨ ਅਤੇ

Original with;
Punjab Vidhan Sabha
Digitized by;
Panjab Digital Library

ਮਹਿਗਾ ਪੈਂਦਾ ਹੈ, ਕਾਸ਼ਤਕਾਰਾਂ ਦੀ ਸਹਾਇਤਾ ਲਈ ਚਾਰ ਰੋਟਰੀ-ਤਥਾ-ਪਰਕਸ਼ਨ ਰਿੱਗਾਂ ਦਾ ਪ੍ਰਬੰਧ ਕੀਤਾ ਜਾਵੇਗਾ ।

(xi) ਮਤੇਵਾੜਾ, ਜ਼ਿਲ੍ਹਾ ਲੁਧਿਆਣਾ ਵਿਚ ਸੰਯੁਕਤ ਰਾਸ਼ਟਰੀ ਮਾਹਿਰਾਂ ਦੇ ਸਹਿਯੋਗ ਨਾਲ ਇਕ ਭੇਡਾਂ ਦਾ ਫ਼ਾਰਮ ਖੋਲ੍ਹਿਆ ਜਾ ਰਿਹਾ ਹੈ। ਆਸਟਰੇਲੀਆ ਤੋਂ ਪੰਜ ਸੌ ਭੇਡਾਂ ਪਹਿਲੋਂ ਹੀ ਪਹੁੰਚ ਚੁਕੀਆਂ ਹਨ ਅਤੇ ਰਾਜ ਦੇ ਭੇਡ-ਧਨ ਨੂੰ ਉੱਨਤ ਕਰਨ ਦੇ ਨਿਰੰਤਰ ਯਤਨ ਕੀਤੇ ਜਾਣ ਦੀ ਆਸ ਹੈ ।

(xii) ਡੇਰੀ ਦੇ ਕੰਮ ਅਤੇ ਪਸ਼ੂ-ਧਨ ਦੇ ਵਿਕਾਸ ਵੱਲ ਵਧੇਰੇ ਧਿਆਨ ਦਿੱਤਾ ਜਾਵੇਗਾ ਗੋਸਲਾਵੀਆ ਦੀ ਇਕ ਫ਼ਰਮ ਦੀ ਸਹਾਇਤਾ ਨਾਲ ਲੁਧਿਆਣਾ ਅਤੇ ਬਠਿੰਡਾ ਵਿਖੇ ਦੋ ਕਰੀਮ ਕਢਣ ਦੇ ਪਲਾਂਟ ਲਾਉਣ ਦੀ ਤਜਵੀਜ਼ ਹੈ ।

(xiii) ਖੇਤੀ-ਬਾੜੀ ਦੀ ਉੱਨਤੀ ਦੀ ਮੌਜੂਦਾ ਰਫ਼ਤਾਰ ਨੂੰ ਬਣਾਈ ਰੱਖਣ ਲਈ ਸਰਕਾਰ ਨੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਮੁਨਾਸਬ ਮੁਲ ਦਿਵਾਉਣ ਦਾ ਫ਼ੈਸਲਾ ਕੀਤਾ ਹੋਇਆ ਹੈ। ਖਾਦ, ਡੀਜ਼ਲ ਆਇਲ ਜ਼ਰਾਇਤੀ ਮਸ਼ੀਨਰੀ ਜਿਹੀਆਂ ਉਪਜ ਵਧਾਉਣ ਲਈ ਲੋੜੀਂਦੀਆਂ ਵਸਤਾਂ ਦੀ ਮੁਨਾਸਬ ਕੀਮਤਾਂ ਤੇ ਸਪਲਾਈ ਨੂੰ ਯਕੀਨੀ ਬਣਾਉਣ ਲਈ ਉਪਾਅ ਕੀਤੇ ਜਾਣਗੇ। ਅਜਿਹੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਸਬੰਧੀ ਕੇਂਦਰੀ ਸਰਕਾਰ ਨਾਲ ਵੀ ਗੱਲ ਬਾਤ ਕੀਤੀ ਜਾਵੇਗੀ ।

(xiv) ਮੇਰੀ ਸਰਕਾਰ ਦੀ ਇਹ ਵਿਚਾਰ ਕੇ ਦਿੱਤੀ ਰਾਏ ਹੈ ਕਿ ਪੰਚਾਇਤੀ ਰਾਜ ਪ੍ਰਣਾਲੀ ਵਿੱਚ ਸੁਧਾਰ ਦੀ ਗੁੰਜਾਇਸ਼ ਹੈ । ਹੁਣ ਦੀ ਬਣਤਰ ਅਨੁਸਾਰ ਇਹ ਪ੍ਰਣਾਲੀ ਪਿੰਡਾਂ ਵਿਚ ਵਧ ਰਹੀ ਪਾਰਟੀ-ਬਾਜ਼ੀ ਅਤੇ ਵੈਰ-ਵਿਰੋਧ ਵਧਾਉਣ ਦਾ ਮੂਜਬ ਬਣੀ ਹੋਈ ਹੈ। ਸਰਕਾਰ ਦੀ ਪੰਚਾਇਤੀ ਰਾਜ ਪ੍ਰਣਾਲੀ ਸਬੰਧੀ ਪੂਰੀ ਜਾਚ ਪੜਤਾਲ ਕਰਨ ਦੀ ਅਤੇ ਇਸ ਮਾਮਲੇ ਸਬੰਧੀ ਅੰਤਮ ਫ਼ੈਸਲਾ ਕਰਨ ਤੋਂ ਪਹਿਲਾਂ ਇਸ ਦੀ ਮੌਜੂਦਾ ਸਥਿਤੀ ਬਾਰੇ ਆਮ ਲੋਕਾਂ ਦੀ ਰਾਏ ਅਤੇ ਵਿਚਾਰ ਮੰਗਣ ਦੀ ਤਜਵੀਜ਼ ਹੈ ।

9. ਸਰਕਾਰ ਰਾਜ ਵਿਚਲੇ ਸਿਖਿਆ ਸਬੰਧੀ ਪ੍ਰੋਗਰਾਮ ਤੇ ਵੀ ਪੂਰੀ ਤਰ੍ਹਾਂ ਨਜ਼ਰਸਾਨੀ ਕਰਨ ਅਤੇ ਹਰ ਪੱਧਰ ਤੇ ਵਿਦਿਅਕ ਪ੍ਰਬੰਧ ਵਿਚ ਸੁਧਾਰ ਕਰਨ ਦਾ ਇਰਾਦਾ ਰਖਦੀ ਹੈ। ਹਾਈ ਸਕੂਲ ਸਿਖਿਆ ਦੇ ਵਧੇਰੇ ਚੰਗੇ ਪ੍ਰਬੰਧ ਲਈ ਇਕ "ਸਿੱਖਿਆ ਬੋਰਡ" ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਤਾਲ ਮੇਲ ਪੂਰਨ ਕੰਮਾਂ ਅਤੇ ਪ੍ਰਗਤੀ ਕਾਰਡਾਂ ਰਾਹੀਂ ਡੂੰਘੇ ਕੰਮ ਅਤੇ ਮੁਲਅੰਕਣ ਦਾ ਇਕ ਚਾਰ ਨੁਕਤਿਆਂ ਵਾਲਾ ਪ੍ਰੋਗਰਾਮ ਵੀ ਚਲਾਇਆ ਗਿਆ ਹੈ ।

ਜਿਥੇ ਵੀ ਲੋੜ ਪਈ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿਚ ਦਰਜਾ ਵਧਾਉਣ ਲਈ ਰਕਮ ਮੁਹੱਈਆ ਕੀਤੀ ਜਾਵੇਗੀ। ਪ੍ਰਾਈਵੇਟ ਸਕੂਲਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਸੁਰੱਖਿਅਤ ਕਰਨ ਲਈ ਕਾਨੂੰਨ ਸਬੰਧੀ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ਅਤੇ ਮੌਜੂਦਾ ਇਜਲਾਸ ਵਿੱਚ ਹੀ ਅਜਿਹਾ ਬਿਲ ਪੇਸ਼ ਕੀਤੇ ਜਾਣ ਦੀ ਆਸ ਹੈ। ਸਰਕਾਰ ਇੰਜੀਨੀਅਰਾਂ ਅਤੇ ਹੋਰ ਤਕਨੀਕੀ ਅਮਲੇ ਦੀ ਮੌਜੂਦਾ ਬੇਰੋਜ਼ਗਾਰੀ ਸਬੰਧੀ ਵੀ ਚਿੰਤਤ ਹੈ। ਇਸ ਮਸਲੇ ਦਾ

Original with;
Punjab Vidhan Sabha
Digitized by;
Panjab Digital Library

ਯੋਗ ਅਤੇ ਪੱਕਾ ਹੱਲ ਲੱਭਣ ਲਈ ਇਸ ਤੇ ਪੂਰੀ ਤਰ੍ਹਾਂ ਵਿਚਾਰ ਕਰਨ ਦੀ ਵੀ ਤਜਵੀਜ਼ ਹੈ।

10. ਚੌਥੀ ਯੋਜਨਾ ਦੇ ਦੌਰਾਨ ਰਾਜ ਵਿੱਚ ਵੱਡੇ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਸਥਾਪਿਤ ਕਰਨ ਵੱਲ ਵਧੇਰੇ ਧਿਆਨ ਦਿੱਤਾ ਜਾਵੇਗਾ। ਇਸ ਮਨੋਰਥ ਲਈ 7.50 ਕਰੋੜ ਰੁਪਏ ਰਾਖਵੇਂ ਰੱਖਣ ਦੀ ਤਜਵੀਜ਼ ਹੈ। ਮੌਜੂਦਾ ਮੰਦਵਾੜੇ ਨੂੰ ਰੋਕਣ ਲਈ ਉਦਯੋਗਾਂ ਨੂੰ ਖੁਲੀ ਮਾਲੀ ਸਹਾਇਤਾ ਅਤੇ ਕੱਚਾ ਮਾਲ ਮੁਹੱਈਆ ਕਰਨ ਦੇ ਉਪਰਾਲੇ ਵੀ ਕੀਤੇ ਜਾ ਰਹੇ ਹਨ। ਉਦਯੋਗਕ ਵਿਕਾਸ ਦੇ ਤਿੰਨ ਕੇਂਦਰਿਤ-ਸਥਾਨਾਂ, ਅਰਥਾਤ, ਰਾਜਪੁਰਾ, ਢੰਡਾਰੀ ਕਲਾਂ ਅਤੇ ਮੁਹਾਲੀ ਦੀ ਸਥਾਪਨਾ ਸਬੰਧੀ ਕੰਮ ਅਰੰਭਿਆ ਗਿਆ ਹੈ ਅਤੇ ਸਰਕਾਰ ਦੀ ਇਹਨਾਂ ਕੇਂਦਰਿਤ ਸਥਾਨਾਂ ਨੂੰ ਅਗਲੇ ਸਾਲ ਵਿੱਚ ਪੂਰੀ ਤਨਦੇਹੀ ਨਾਲ ਮੁਕੰਮਲ ਕਰਨ ਦੀ ਤਜਵੀਜ਼ ਹੈ। ਨਵੇਂ ਉਦਯੋਗਕ ਪ੍ਰਾਜੈਕਟਾਂ ਨੂੰ ਉਨਤ ਕਰਨ ਲਈ ਪੰਜਾਬ ਰਾਜ ਉਦਯੋਗਕ ਵਿਕਾਸ ਕਾਰਪੋਰੇਸ਼ਨ ਨੂੰ 357.50 ਲਖ ਰੁਪਏ ਦੀ ਰਕਮ ਅਲਾਟ ਕੀਤੀ ਗਈ ਹੈ। ਸਰਕਾਰ ਦੀ ਰਾਜ ਵਿੱਚ ਇਕ ਟਰੈਕਟਰ ਫੈਕਟਰੀ ਅਤੇ ਇਕ ਖਾਦ ਫ਼ੈਕਟਰੀ ਸਥਾਪਤ ਕਰਨ ਲਈ ਪੁਰਜ਼ੋਰ ਯਤਨ ਕਰਨ ਦੀ ਤਜਵੀਜ਼ ਹੈ। ਦੇਸ਼ ਦੇ ਉਦਯੋਗਕ ਵਿਕਾਸ ਵਿਚ ਰਾਜ ਲਈ ਬਰਾਬਰ ਦਾ ਅਤੇ ਮੁਨਾਸਬ ਹਿੱਸਾ ਪ੍ਰਾਪਤ ਕਰਨ ਲਈ ਸਰਕਾਰ, ਪੰਜਾਬ ਵਿਚ ਸਰਕਾਰੀ ਖੇਤਰ ਦੇ ਮੁਨਾਸਬ ਅਦਾਰੇ ਕਾਇਮ ਕਰਨ ਲਈ ਕੇਂਦਰੀ ਸਰਕਾਰ ਤੇ ਜ਼ੋਰ ਦੇਵੇਗੀ।

11. ਰਾਜ ਦੀ ਜ਼ਰਾਇਤੀ ਅਤੇ ਉਦਯੋਗਕ ਪ੍ਰਗਤੀ ਲਈ ਬਿਜਲੀ ਦੀ ਵਧੇਰੇ ਸਪਲਾਈ ਜ਼ਰੂਰੀ ਹੈ। ਭਾਖੜਾ ਦੇ ਸੱਜੇ ਪੱਤਨ ਦੇ ਬਿਜਲੀ ਘਰ ਦੇ ਸਾਰੇ ਯੂਨਿਟ ਪਹਿਲਾਂ ਹੀ ਚਾਲੂ ਕੀਤੇ ਜਾ ਚੁਕੇ ਹਨ। ਸਰਕਾਰ ਹੁਣ ਬਠਿੰਡਾ ਥਰਮਲ ਪਲਾਂਟ ਦੇ ਕੰਮ ਨੂੰ ਪਰਮ-ਅਗੇਤ ਦੇਣ ਦੀ ਤਜਵੀਜ਼ ਰਖਦੀ ਹੈ। ਇਸ ਪ੍ਰਾਜੈਕਟ ਤੇ ਕੰਮ ਨੂੰ ਤੁਰਤ ਅਰੰਭ ਕਰਨ ਲਈ 25 ਲਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਹੈ। ਸਰਕਾਰ ਪੰਜਾਬ ਵਿੱਚ ਪ੍ਰਮਾਣੂ ਸ਼ਕਤੀ ਪਲਾਂਟ ਲਗਾਉਣ ਲਈ ਆਪਣੇ ਪਹਿਲਾਂ ਅਰੰਭੇ ਯਤਨਾਂ ਨੂੰ ਮੁੜ ਸ਼ੁਰੂ ਕਰਨ ਦਾ ਵਿਚਾਰ ਰਖਦੀ ਹੈ।

ਉਪਰੋਕਤ ਉਪਾਵਾਂ ਦੇ ਬਾਵਜੂਦ, ਪੰਜਾਬ ਵਿੱਚ ਬਿਜਲੀ ਦੀ ਥੁੜ ਰਹਿਣ ਦੀ ਹੀ ਸੰਭਾਵਨਾ ਹੈ। 1969-70 ਵਿੱਚ ਇਹ ਕਮੀ 149 ਮੈਗਾਵਾਟ ਤੋਂ ਵਧ ਕੇ ਪਲਾਨ ਦੇ ਅਖੀਰ ਤੱਕ 545 ਮੈਗਾਵਾਟ ਹੋਣ ਦੀ ਉਮੀਦ ਹੈ। ਬਿਜਲੀ ਇਸ ਭਾਰੀ ਤਰੋਟ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਦੀ ਰਾਵੀ ਦਰਿਆ, ਜਿਸ ਦੇ ਪਾਣੀ ਤੇ ਭਾਰਤ ਦਾ 1971 ਵਿੱਚ ਪੂਰਨ ਅਧਿਕਾਰ ਹੋ ਜਾਵੇਗਾ ਤੇ 'ਥਾਈਂ' ਵਿਖੇ ਇਕ 482 ਫੁਟ ਉੱਚਾ ਡੈਮ ਬਣਾਉਣ ਦੀ ਤਜਵੀਜ਼ ਹੈ। ਇਹ ਪ੍ਰਾਜੈਕਟ ਜੰਮੂ ਅਤੇ ਕਸ਼ਮੀਰ ਰਾਜ ਨਾਲ ਮਿਲਕੇ ਚਲਾਇਆ ਜਾਵੇਗਾ। ਜੇ ਇਸ ਪ੍ਰਾਜੈਕਟ ਦੀ ਮਨਜ਼ੂਰੀ ਨਾ ਦਿੱਤੀ ਗਈ ਤਾਂ ਬਿਜਲੀ ਦੀ ਬਹੁਤ ਜ਼ਿਆਦਾ ਥੁੜ ਰਹੇਗੀ ਜਿਸ ਨਾਲ ਵਿਕਾਸ ਦੇ ਰੁਕ ਜਾਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਇਨ੍ਹਾਂ ਪਾਣੀਆਂ ਤੋਂ ਜਿਹੜੇ ਹੱਕੀ ਤੌਰ ਤੇ ਇਸ ਦੇਸ਼ ਦੇ ਹਨ, ਪਾਕਿਸਤਾਨ ਰਾਹ ਜਾਂਦੇ ਫਾਇਦਾ ਉਠਾ ਲਵੇਗਾ।

ਮੇਰੀ ਸਰਕਾਰ ਇਸ ਲਈ ਇਸ ਮਹੱਤਵਪੂਰਨ ਪ੍ਰਾਜੈਕਟ ਦੀ ਤੁਰਤ ਮਨਜ਼ੂਰੀ ਲਈ ਭਾਰਤ ਸਰਕਾਰ ਨਾਲ ਜ਼ਰੂਰੀ ਸਲਾਹ ਮਸ਼ਵਰਾ ਕਰਨ ਦਾ ਵਿਚਾਰ ਰਖਦੀ ਹੈ।

Original with;
Punjab Vidhan Sabha
Digitized by;
Panjab Digital Library

12. 1965 ਦੀ ਹਿੰਦ-ਪਾਕ ਲੜਾਈ ਦੇ ਫਲਸਰੂਪ ਉਖੜੇ ਹੋਏ ਲੋਕਾਂ ਨੂੰ ਮੁੜ-ਵਸਾਉਣ ਅਤੇ ਸਹਾਇਤਾ ਦੇਣ ਦੇ ਕੰਮ ਨੂੰ ਪਹਿਲੇ ਵਾਂਗ ਪਰਮ-ਅਗੇਤ ਦਿੱਤੀ ਜਾਂਦੀ ਰਹੇਗੀ। ਸਹਾਇਤਾ ਦੇ ਕੰਮ ਤੇ ਕੀਤੇ ਜਾ ਚੁਕੇ, ਲਗ ਭਗ 475 ਲਖ ਰੁਪਏ ਦੇ ਖ਼ਰਚੇ ਤੋਂ ਇਲਾਵਾ 49 ਲਖ ਰੁਪਏ ਦੀ ਗਰਾਂਟ ਸੁਰੱਖਿਅਤ ਕੀਤੀ ਗਈ ਹੈ ਜੋ ਇਸ ਸਾਲ ਦੇ ਦੌਰਾਨ ਖਰਚ ਕੀਤੀ ਜਾਵੇਗੀ। ਸਰਕਾਰ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ ਕਿ ਸਰਹੱਦਾਂ ਤੇ ਵਸਣ ਵਾਲੇ ਲੋਕਾਂ ਨੂੰ ਕੋਈ ਪੱਕਾ ਉਤਸਾਹ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਉਥੇ ਪੱਕੇ ਤੌਰ ਤੇ ਆਬਾਦ ਰਹਿਣ ਲਈ ਹੱਲਾ ਸ਼ੇਰੀ ਮਿਲੇ। ਇਸ ਮੰਤਵ ਨੂੰ ਮੁਖ ਰਖਦਿਆਂ ਉਹਨਾਂ ਨੂੰ ਵਧੇਰੇ ਵਿਦਿਅਕ ਸਹੂਲਤਾਂ, ਚੰਗੇਰੀ ਡਾਕਟਰੀ ਸਹਾਇਤਾ, ਭੋਂ-ਮਾਲੀਏ ਦੀ ਛੋਟ ਦੇਣ ਅਤੇ ਸਰਹੱਦ ਤੇ ਵਸਦੇ ਲੋਕਾਂ ਨੂੰ ਚੜ੍ਹਦੀ ਕਲਾ ਵਿੱਚ ਰਖਣ ਲਈ ਸਾਰੇ ਮੁਨਾਸਬ ਕਦਮ ਚੁਕਣ ਦੀ ਤਜਵੀਜ਼ ਹੈ।

13. 1962 ਦੀ ਲੜਾਈ ਤੋਂ ਬਾਅਦ ਪੰਜਾਬ ਨੇ ਹਥਿਆਰ-ਬੰਦ ਫ਼ੌਜ ਵਿੱਚ ਸੰਕਟ-ਕਾਲੀਨ ਭਰਤੀ ਦੇਣ ਵਿੱਚ ਇਕ ਸ਼ਾਨਦਾਰ ਹਿੱਸਾ ਪਾਇਆ ਹੈ। ਹੁਣ ਜਦ ਕਿ ਇਹਨਾਂ ਵਿਚੋਂ ਕੁਝ ਅਮਲੇ ਨੂੰ ਸੇਵਾ ਮੁਕਤ ਕੀਤਾ ਜਾ ਰਿਹਾ ਹੈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਜਿੱਥੋਂ ਤਕ ਸੰਭਵ ਹੋ ਸਕੇ ਇਹਨਾਂ ਸਾਬਕਾ ਫ਼ੌਜੀਆਂ ਨੂੰ ਸਰਕਾਰੀ ਸੇਵਾ ਵਿੱਚ ਲੈ ਲਿਆ ਜਾਵੇ। ਸਾਰੇ ਵਿਭਾਗਾਂ ਦੀਆਂ 20 ਫ਼ੀਸਦੀ ਗ਼ੈਰਤਕਨੀਕੀ ਆਸਾਮੀਆਂ ਅਤੇ ਰਾਜ ਸਰਕਾਰ ਦੀਆਂ ਮੈਡੀਕਲ ਅਤੇ ਇੰਜੀਨੀਅਰਿੰਗ ਸੇਵਾਵਾਂ ਦੀਆਂ 50 ਫ਼ੀਸਦੀ ਤਕਨੀਕੀ ਆਸਾਮੀਆਂ ਸੇਵਾ-ਮੁਕਤ ਕੀਤੇ ਗਏ ਸੰਕਟ ਕਾਲੀ ਕਮਿਸ਼ਨ ਪ੍ਰਾਪਤ ਅਫ਼ਸਰਾਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਇਸੇ ਤਰ੍ਹਾਂ ਰਾਜ ਸਰਕਾਰ ਦੀਆਂ ਤੀਜੇ ਅਤੇ ਚੌਥੇ ਦਰਜੇ ਦੀਆਂ 20 ਫ਼ੀਸਦੀ ਆਸਾਮੀਆਂ ਫ਼ੌਜ ਦੇ ਹੋਰਨਾਂ ਅਹੁਦਿਆਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਫ਼ੌਜ ਦੇ ਸੇਵਾ-ਮੁਕਤ ਕੀਤੇ ਬਹੁਤ ਸਾਰੇ ਅਮਲੇ ਦਾ ਬੋਝ ਪੰਜਾਬ ਰਾਜ ਤੇ ਪੈਣ ਦੀ ਸੰਭਾਵਨਾ ਹੈ। ਸਰਕਾਰ ਸਮੱਸਿਆ ਦੀ ਗੰਭੀਰਤਾ ਤੋਂ ਭਲੀ ਪ੍ਰਕਾਰ ਜਾਣੂ ਹੈ ਅਤੇ ਇਸ ਦੇ ਹਰ ਪਹਿਲੂ ਨੂੰ ਵਿਚਾਰਨ ਦਾ ਇਰਾਦਾ ਰਖਦੀ ਹੈ। ਇਸ ਸਮੱਸਿਆ ਦੇ ਹੱਲ ਵਜੋਂ ਹਰ ਸੰਭਵ ਕਦਮ ਚੁਕਦਿਆਂ ਹੋਇਆਂ, ਸਰਕਾਰ ਭਾਰਤ ਸਰਕਾਰ ਨੂੰ ਇਹ ਭਾਰ ਪੂਰੀ ਤਰ੍ਹਾਂ ਵੰਡਾਉਣ ਲਈ ਵੀ ਬੇਨਤੀ ਕਰੇਗੀ।

14. ਹਰੀਜਨ ਭਲਾਈ ਸਕੀਮ ਨੂੰ ਸਰਕਾਰ ਪਰਮ-ਅਗੇਤ ਦੇਣ ਦੀ ਤਜਵੀਜ਼ ਰਖਦੀ ਹੈ। ਹਰੀਜਨ, ਮਜ਼ਦੂਰ, ਭੂਮੀ-ਹੀਣ ਮੁਜ਼ਾਰੇ ਸਾਡੀ ਸਮਾਜ ਦੇ ਪੱਛੜੇ ਤੇ ਲਿਤਾੜੇ ਹੋਏ ਅੰਗ ਹਨ। ਉਹ ਵਧ ਰਹੀਆਂ ਕੀਮਤਾਂ, ਬੇਰੁਜ਼ਗਾਰੀ ਅਤੇ ਘੱਟ ਮਜ਼ਦੂਰੀ ਕਾਰਨ ਦੁਖੀ ਹਨ। ਸਰਕਾਰ ਨੇ ਉਨ੍ਹਾਂ ਦੀ ਹਾਲਤ ਸੁਧਾਰਨ ਦਾ ਹਰ ਯੋਗ ਉਪਰਾਲਾ ਕਰਨ ਦਾ ਫ਼ੈਸਲਾ ਕੀਤਾ ਹੈ। ਮਜ਼ਦੂਰੀ-ਢਾਂਚੇ ਦੀ ਜਾਂਚ ਪੜਤਾਲ ਕੀਤੀ ਜਾਵੇਗੀ ਤਾਂ ਜੋ ਖਪਤਕਾਰ ਕੀਮਤ-ਸੂਚਕ-ਅੰਕ ਵਿੱਚ ਆਏ ਵਾਧੇ ਦੇ ਨਾਲ ਨਾਲ ਉਨ੍ਹਾਂ ਦੀ ਮਜ਼ਦੂਰੀ ਵਿੱਚ ਯੋਗ ਵਾਧਾ ਹੋ ਸਕੇ। ਕਿਰਤੀਆਂ ਸਬੰਧੀ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ ਅਤੇ ਕਿਰਤੀਆਂ ਦੇ ਜੀਵਨ ਦੇ ਮਿਆਰ ਨੂੰ ਉਚੇਰਾ ਬਣਾਇਆ ਜਾਵੇਗਾ। ਹਰੀਜਨਾਂ ਤੇ ਹੋਰ ਪੱਛੜੀਆਂ ਸ਼੍ਰੇਣੀਆਂ ਵਿਚਾਲੇ ਬੰਜਰ ਅਤੇ ਨਿਕਾਸੀ ਜ਼ਮੀਨ ਦੀ ਸ਼ੀਘਰ ਵੰਡ ਨੂੰ ਪਰਮ-ਅਗੇਤ ਦਿੱਤੀ ਜਾਵੇਗੀ। ਦਿਹਾਤੀ ਇਲਾਕਿਆਂ ਵਿੱਚ ਅਨੁਸੂਚਿਤ ਜਾਤੀਆਂ ਲਈ ਧਰਮਸਾਲਾ/ਚੌਪਾਲਾਂ ਬਨਾਉਣ ਵਾਸਤੇ 1969-70 ਵਿੱਚ 25 ਲਖ ਦੀ ਰਕਮ

Original with;
Punjab Vidhan Sabha
Digitized by;
Panjab Digital Library

ਖਰਚ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਸਰਕਾਰ ਇਹ ਵੀ ਤਜਵੀਜ਼ ਰਖਦੀ ਹੈ ਕਿ ਭਾਰਤ ਸਰਕਾਰ ਨੂੰ ਪ੍ਰਵਾਣਿਤ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਦੀ ਸੂਚੀ ਵਿੱਚ ਈਸਾਈ ਅਨੁਸੂਚਿਤ ਜਾਤੀਆਂ ਨੂੰ ਵੀ ਸ਼ਾਮਲ ਕਰਨ ਦੀ ਸਿਫ਼ਾਰਸ਼ ਕਰੇ। ਹਰੀਜਨਾਂ ਤੇ ਅਨੁਸੂਚਿਤ ਜਾਤੀਆਂ ਨੂੰ ਚੰਗੇਰੀਆਂ ਵਿਦਿਆ ਸਹੂਲਤਾਂ ਦੇਣ ਦੇ ਉਪਾਅ ਤੇ ਸਾਧਨਾਂ ਨੂੰ ਵੀ ਸਰਕਾਰ ਵਿਚਾਰੇਗੀ। ਆਈ. ਏ ਐਸ. ਅਤੇ ਹੋਰਨਾਂ ਇਮਤਿਹਾਨਾਂ ਵਿੱਚ ਬੈਠਣ ਵਾਲੇ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਉਮੀਦਵਾਰਾਂ ਨੂੰ ਪੂਰਵ-ਪ੍ਰੀਖਿਆ-ਸਿਖਲਾਈ ਦੇਣ ਦਾ ਪ੍ਰਬੰਧ ਕਰਨ ਲਈ ਚੰਡੀਗੜ੍ਹ ਵਿੱਚ ਇਕ ਵਿਗਿਆਨਕ ਕੋਚਿੰਗ ਸੈਂਟਰ ਪਹਿਲੇ ਹੀ ਖੋਲ੍ਹਿਆ ਜਾ ਚੁਕਿਆ ਹੈ।

15. ਸਰਕਾਰ ਪੰਜਾਬੀ ਭਾਸ਼ਾ ਨੂੰ ਉਨੱਤ ਕਰਨ ਅਤੇ ਇਸ ਨੂੰ ਰਾਜ ਭਾਸ਼ਾ ਵਜੋਂ ਪੂਰੀ ਤਰ੍ਹਾਂ ਵਰਤੋਂ ਵਿੱਚ ਲਿਆਉਣ ਯੋਗ ਬਣਾਉਣ ਲਈ ਉਚਿਤ ਕਦਮ ਉਠਾਉਣ ਦਾ ਨਿਸਚਾ ਰਖਦੀ ਹੈ। ਇਸ ਆਸ਼ੇ ਦੀ ਪੂਰਤੀ ਲਈ ਸਰਕਾਰ ਦੀ ਹੋਰਨਾਂ ਭਾਸ਼ਾਵਾਂ ਦੀਆਂ ਤਕਨੀਕੀ ਤੇ ਪ੍ਰਮਾਣੀਕ ਕਿਰਤਾਂ ਦਾ ਵੱਡੇ ਪੈਮਾਨੇ ਤੇ ਪੰਜਾਬੀ ਵਿੱਚ ਅਨੁਵਾਦ ਕਰਨ ਦੇ ਕੰਮ ਅਰੰਭਣ ਅਤੇ ਉਤਸ਼ਾਹਤ ਕਰਨ ਦੀ ਤਜਵੀਜ਼ ਹੈ। ਇਸ ਨਾਲ ਹੀ ਹਿੰਦੀ ਭਾਸ਼ਾ ਨੂੰ ਰਾਸ਼ਟਰੀ ਲਿੰਕ ਭਾਸ਼ਾ ਵਜੋਂ ਅੰਗਰੇਜ਼ੀ ਦੀ ਥਾਂ ਦੇਣ ਦੇ ਫ਼ੈਸਲੇ ਨੂੰ ਅਮਲੀ ਰੂਪ ਦੇਣ ਲਈ ਯੋਗ ਕਦਮ ਉਠਾਏ ਜਾਣਗੇ ਅਤੇ ਹਿੰਦੀ ਲਈ ਮੁਨਾਸਬ ਸਹੂਲਤਾਂ ਦਿੱਤੀਆਂ ਜਾਣਗੀਆਂ।

16. 1969 ਦਾ ਸਾਲ ਪੰਜਾਬ ਅਤੇ ਭਾਰਤ ਲਈ ਇਕ ਇਤਿਹਾਸਕ ਸਾਲ ਹੈ। ਕਿਉਂ ਜੋ ਇਸੇ ਸਾਲ ਵਿੱਚ ਗੁਰੂ ਨਾਨਕ ਦੇਵ ਜੀ ਦੀ 00 ਸਾਲਾ ਵਰੇ ਗੰਢ ਆਉਂਦੀ ਹੈ। ਸਰਕਾਰ ਨੇ ਇਕ ਪ੍ਰਤਿਨਿਧ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਹੈ, ਜਿਹੜੀ ਇਸ ਮਹਾਨ ਪੁਰਬ ਮਨਾਉਣ ਲਈ ਵਿਸ਼ਾਲ ਪ੍ਰੋਗਰਾਮ ਬਣਾਏਗੀ ਅਤੇ ਉਹਨਾਂ ਨੂੰ ਅਮਲੀ ਰੂਪ ਦੇਵੇਗੀ ਅਤੇ ਜਿਸ ਦੇ ਚੇਅਰਮੈਨ ਮੁਖ ਮੰਤਰੀ ਹੋਣਗੇ। ਇਸ ਇਤਿਹਾਸਕ ਅਵਸਰ ਨੂੰ ਯਾਦਗਾਰੀ ਬਣਾਉਣ ਲਈ ਅੰਮ੍ਰਿਤਸਰ ਵਿਖੇ ਇਕ ਯੂਨੀਵਰਸਿਟੀ ਸਥਾਪਤ ਕਰਨ ਦਾ ਸਰਕਾਰ ਹਰ ਸੰਭਵ ਉਪਰਾਲਾ ਕਰੇਗੀ। ਸਰਕਾਰ. ਭਾਰਤ ਸਰਕਾਰ ਨੂੰ ਵੀ ਇਹ ਸੁਝਾਉ ਦੇਵੇਗੀ ਕਿ ਸਾਰੇ ਭਾਰਤ ਵਿੱਚ ਇਸ ਰਾਸ਼ਟਰੀ ਮਹੱਤਤਾ ਵਾਲੇ ਪੁਰਬ ਨੂੰ ਯੋਗ ਢੰਗ ਨਾਲ ਮਨਾਇਆ ਜਾਵੇ। ਗਾਂਧੀ ਸ਼ਤਾਬਦੀ ਜੋ ਕਿ ਇਸੇ ਸਾਲ ਹੀ ਮਨਾਈ ਜਾ ਰਹੀ ਹੈ, ਦੇ ਸਬੰਧ ਵਿਚ ਵਿਸ਼ਾਲ ਪਰੋਗਰਾਮ ਬਣਾਉਣ ਲਈ ਇਕ ਅਜਿਹੀ ਕਮੇਟੀ ਦੀ ਸਥਾਪਨਾ ਪਹਿਲਾਂ ਹੀ ਹੋ ਚੁਕੀ ਹੈ।

17. ਸਰਕਾਰ ਦਾ ਇਹ ਵੀ ਵਿਚਾਰ ਹੈ ਕਿ ਅਨੰਦਪੁਰ ਸਾਹਿਬ-ਨੈਣਾ ਦੇਵੀ ਦੇ ਇਲਾਕੇ, ਜਿਨ੍ਹਾਂ ਦਾ ਪੰਜਾਬ ਦੇ ਇਤਿਹਾਸ ਨਾਲ ਬੜਾ ਸਭਿਆਚਾਰਕ ਤੇ ਭਾਵਕ ਸਬੰਧ ਹੈ, ਪੂਰੀ ਤਰ੍ਹਾਂ ਵਿਕਸਤ ਕੀਤੇ ਜਾਣ ਦਾ ਹੱਕ ਰਖਦੇ ਹਨ। ਇਸ ਲਈ ਇਸ ਮੰਤਵ ਹਿਤ ਇਕ ਵਿਕਾਸ ਬੋਰਡ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

18. ਸਰਕਾਰ, ਰਾਜ ਦੀ ਰਾਸ਼ਟਰੀ-ਕ੍ਰਿਤ ਰੋਡ ਟ੍ਰਾਂਸਪੋਰਟ ਦੇ ਕੰਮ ਵਿੱਚ ਸੁਧਾਰ ਕਰਨ ਦੀ ਤਜਵੀਜ਼ ਰਖਦੀ ਹੈ। ਮੋਗੇ ਵਿਖੇ ਇਕ ਡਿਪੋ, ਪਠਾਨਕੋਟ ਤੇ ਹੁਸ਼ਿਆਰਪੁਰ ਵਿਖੇ ਇਕ ਇਕ ਵਰਕਸ਼ਾਪ ਖੋਲ੍ਹੀ ਗਈ ਹੈ। ਟ੍ਰਾਂਸਪੋਰਟ ਗੱਡੀਆਂ ਨੂੰ ਤਤਕਾਲੀਨ ਬਣਾਉਣ ਲਈ ਚੌਥੀ ਪੰਜ ਸਾਲਾ ਯੋਜਨਾ ਦੇ ਦੌਰਾਨ ਹਰ ਸਾਲ 100 ਨਵੀਆਂ ਗੱਡੀਆਂ ਵਧਾਉਣ ਦਾ ਉਪਬੰਧ ਕੀਤਾ ਜਾ

Original with;
Punjab Vidhan Sabha
Digitized by;
Panjab Digital Library

ਰਿਹਾ ਹੈ। ਟ੍ਰਾਂਸਪੋਰਟ ਵਿਚਲਾ ਸਰਕਾਰੀ ਤੇ ਗ਼ੈਰ ਸਰਕਾਰੀ ਖੇਤਰ ਦਾ ਹੋਇਆ 50 : 50 ਦੀ ਸਕੀਮ ਦਾ ਇਕਰਾਰ ਵੀ ਇਸੇ ਸਾਲ ਹੀ ਖ਼ਤਮ ਹੋਣ ਵਾਲਾ ਹੈ। ਰਾਜ ਦੇ ਲੋਕਾਂ ਦੇ ਹਿਤਾਂ ਨੂੰ ਸੁਰੱਖਿਅਤ ਕਰਨ ਲਈ ਸਰਕਾਰ ਇਸ ਬਾਰੇ ਅੰਤਮ ਫ਼ੈਸਲਾ ਕਰਨ ਤੋਂ ਪਹਿਲਾਂ ਇਸ ਵਿਸ਼ੇ ਨੂੰ ਹਰ ਪਹਿਲੂ ਤੋਂ ਵਿਚਾਰਨ ਦੀ ਤਜਵੀਜ਼ ਰਖਦੀ ਹੈ। ਰਾਸ਼ਟਰੀ-ਕਰਣ ਬਾਰੇ ਕਦਮ ਉਠਾਉਣਾ ਹੀ ਸਰਕਾਰ ਦਾ ਸਪੱਸ਼ਟ ਜਿਹਾ ਟੀਚਾ ਹੈ।

ਸਾਡੀ ਟ੍ਰਾਂਸਪੋਰਟ ਇੰਡਸਟਰੀ ਇਕ ਵੱਡੀ ਅਤੇ ਵਧਦੀ ਫੁਲਦੀ ਇੰਡਸਟਰੀ ਹੈ। ਪ੍ਰੰਤੂ ਛੋਟੇ ਅਪ੍ਰੇਟਰ ਕਠਨਾਈ ਦਾ ਸਾਹਮਣਾ ਕਰ ਰਹੇ ਹਨ। ਵਰਤਮਾਨ ਮਾਲ ਕਰ ਦੀ ਮੌਜੂਦਾ ਪ੍ਰਣਾਲੀ ਕਾਰਣ, ਵਿਕਰੀ ਕਰ ਸਬੰਧੀ ਹੇਰਾ ਫੇਰੀ ਕੀਤੀ ਜਾਂਦੀ ਹੈ, ਜਿਸ ਨਾਲ ਵਧੇਰੇ ਬੋਝ ਛੋਟੇ ਅਪ੍ਰੇਟਰਾਂ ਤੇ ਆ ਪੈਂਦਾ ਹੈ। ਟੈਕਸ ਦੀ ਚੋਰੀ ਨੂੰ ਰੋਕਣ ਅਤੇ ਛੋਟੇ ਅਪਰੇਟਰਾਂ ਦੇ ਹਿੱਤਾਂ ਨੂੰ ਮੁਖ ਰਖਦਿਆਂ ਹੋਇਆਂ ਮਾਲ ਦੀ ਬੁਕਿੰਗ ਤੇ ਪੂਰਾ ਕੰਟ੍ਰੋਲ ਰਖਣ ਲਈ, ਸਰਕਾਰ ਜਲਦੀ ਹੀ ਉਚਿਤ ਕਾਰਵਾਈ ਕਰਨ ਦਾ ਇਰਾਦਾ ਰਖਦੀ ਹੈ। ਇਸ ਕਾਰਵਾਈ ਨਾਲ ਰਾਜ ਦੀ ਆਮਦਨ ਵਿੱਚ ਵਾਧਾ ਹੋਵੇਗਾ।

19. ਸਾਬਕਾ ਫ਼ੌਜੀਆਂ ਤੇ ਸਰਕਾਰੀ ਪੈਨਸ਼ਨਰਾਂ ਦੀ ਭਲਾਈ ਵੱਲ ਉਚਿਤ ਧਿਆਨ ਦਿੱਤਾ ਜਾਵੇਗਾ। ਜਿਨ੍ਹਾਂ ਪਰਵਾਰਾਂ ਦੇ ਮੈਂਬਰ ਦੇਸ਼ ਦੀ ਫ਼ੌਜ ਵਿੱਚ ਸੇਵਾ ਕਰ ਰਹੇ ਹਨ, ਉਨ੍ਹਾਂ ਦੇ ਹਿੱਤਾਂ ਦਾ ਉਚੇਚਾ ਧਿਆਨ ਰਖਿਆ ਜਾਵੇਗਾ। ਜਿਹੜੇ ਪੰਜਾਬੀ, ਭਾਰਤ ਤੋਂ ਬਾਹਰ ਚਲੇ ਗਏ ਹਨ, ਸਰਕਾਰ ਉਨ੍ਹਾਂ ਦੇ ਪਰਵਾਰਾਂ ਦਾ ਵੀ ਖ਼ਿਆਲ ਰਖੇਗੀ।

20. ਜਨ ਸਾਧਾਰਣ ਦੇ ਸਾਰੇ ਪ੍ਰੋਗਰਾਮਾਂ ਨੂੰ ਜਿਹੜੇ ਉਸਦੀ ਸਿਹਤ, ਸਿਖਿਆ, ਕੰਮ ਕਾਜ ਦੀਆਂ ਸ਼ਰਤਾਂ, ਸਮਾਜਕ ਪੱਧਰ ਨੂੰ ਉੱਚਾ ਕਰਨ ਅਤੇ ਉਸਦੀ ਬਿਹਤਰੀ ਦੇ ਮੰਤਵ ਨਾਲ ਬਣਾਏ ਗਏ ਹਨ, ਅਮਲੀ ਰੂਪ ਦਿੱਤਾ ਜਾਵੇਗਾ। ਮੇਰੀ ਸਰਕਾਰ ਕਿਰਤੀਆਂ ਦੇ ਮਜ਼ਦੂਰੀ ਢਾਂਚੇ ਦੀ ਪੜਤਾਲ ਕਰੇਗੀ ਅਤੇ ਉਨ੍ਹਾਂ ਦੇ ਜੀਵਨ ਮਿਆਰ ਨੂੰ ਉਚੇਰਾ ਬਣਾਉਣ ਦੇ ਪੂਰੇ ਯਤਨ ਕਰੇਗੀ। ਸਰਕਾਰ ਅਧਿਕਾਰ ਵੰਚਿਤ ਮਨੁਖਾਂ ਨੂੰ ਉਨ੍ਹਾਂ ਦੀ ਪੱਛੜੀ ਦਸ਼ਾ ਤੋਂ ਮੁਕਤ ਕਰਾਉਣ ਵਿੱਚ ਸਹਾਇਤਾ ਦੇਵੇਗੀ। ਜੇ ਇਕ ਸੁਤੰਤਰ ਸਮਾਜ ਗਰੀਬਾਂ ਦੀ, ਜਿਹੜੇ ਕਿ ਬਹੁ-ਗਿਣਤੀ ਵਿੱਚ ਹਨ, ਮਦਦ ਨਹੀਂ ਕਰ ਸਕਦਾ, ਤਾਂ ਉਹ ਗੋਣਵਿਆਂ ਅਮੀਰਾਂ ਨੂੰ ਵੀ ਨਹੀਂ ਬਚਾ ਸਕੇਗਾ।

21. ਦੋਸਤੋ! ਜਨਤਾ ਦੇ ਚੁਣੇ ਹੋਏ ਪ੍ਰਤੀਨਿਧ ਹੋਣ ਕਾਰਨ ਤੁਹਾਡੇ ਮੋਢਿਆਂ ਤੇ ਇਕ ਵੱਡੀ ਜ਼ਿੰਮੇਵਾਰੀ ਆ ਪਈ ਹੈ। ਸਰਹੱਦੀ ਸੂਬੇ ਦੇ ਲੋਕਾਂ ਦੀ ਭਲਾਈ ਦਾ ਕੰਮ ਹੁਣ ਤੁਹਾਨੂੰ ਸੌਂਪਿਆ ਗਿਆ ਹੈ। ਉੱਚੇ ਹੌਸਲੇ, ਨਿਆਂ ਅਤੇ ਨੇਕਨੀਤੀ ਜਹੇ ਇਤਿਹਾਸਕ ਗੁਣ ਅਜਿਹੇ ਮਿਸ਼ਨਰੀ ਭਾਵਨਾ ਵਾਲੇ ਮਨੁਖਾਂ ਦੀ ਮੰਗ ਕਰਦੇ ਹਨ ਜਿਨ੍ਹਾਂ ਦਾ ਸਵੈ-ਮਾਣ ਕਿਸੇ ਇਕ ਵਿਅਕਤੀ ਜਾਂ ਕਿਸੇ ਇਕ ਗੁਟ ਨਾਲ ਗਹਿਣੇ ਨਹੀਂ ਪਿਆ ਹੋਇਆ ਅਤੇ ਉਹ ਕਿਸੇ ਨਿੱਜੀ ਸਵਾਰਥ ਜਾਂ ਨਿਸ਼ਾਨੇ ਤੇ ਆਧਾਰਿਤ ਨਹੀਂ, ਸਗੋਂ ਪੰਜਾਬ ਰਾਜ ਦੇ ਹਿੱਤ ਵਿੱਚ ਲੋਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਨੇਕਨੀਤੀ ਜੋ ਆਪਣੇ ਆਪ ਵਿੱਚ ਇਕ ਨਿਸਚਿਤ ਇਨਾਮ ਹੈ, ਤੇ ਇਤਿਹਾਸ ਜੋ ਸਾਡੀਆਂ ਕੀਤੀਆਂ ਦਾ ਅੰਤਮ ਨਿਰਣਾਇਕ ਹੈ, ਆਓ! ਪੰਜਾਬ ਜਿਸਨੂੰ

Original with;
Punjab Vidhan Sabha
Digitized by;
Panjab Digital Library

ਅਸੀਂ ਪਿਆਰਦੇ ਹਾਂ, ਦੀ ਖੁਸ਼ਹਾਲੀ ਅਤੇ ਉਨੱਤੀ ਲਈ ਅਗਵਾਈ ਕਰੀਏ ਅਤੇ ਇਸ ਕਾਰਜ ਦੀ ਸਫਲਤਾ ਲਈ ਸਰਬ ਸ਼ਕਤੀਮਾਨ ਅਕਾਲਪੁਰਖ ਦੀ ਅਸ਼ੀਰਵਾਦ ਅਤੇ ਸਹਾਇਤਾ ਲਈ ਅਰਦਾਸ ਕਰੀਏ—ਅਤੇ ਇਹ ਨਾ ਭੁਲੀਏ ਕਿ ਧਰਤੀ ਤੇ "ਉਸ" ਦੀ ਸਿਕਦਾਰੀ ਹੀ ਸਾਡਾ ਸੱਚਾ ਸ਼ੇਵਾ ਹੈ ।

ਜੈ ਹਿੰਦ

**ਕਾਮਰੇਡ ਸਤਪਾਲ ਡਾਂਗ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਹੁਣ ਬਣੀ ਹੈ । ਉਸ ਤੋਂ ਪਹਿਲਾਂ ਜਿਹੜਾ ਤੁਸੀਂ ਏਜੰਡਾ ਸਰਕੂਲੇਟ ਕਰਕੇ ਉਸ ਵਿਚ ਗਵਰਨਰ ਦੇ ਐਡਰੈਸ ਲਈ ਤਿੰਨ ਦਿਨ ਰਖੇ ਹਨ ਅਤੇ ਬੱਜਟ ਦੇ ਲਈ ਤਿੰਨ ਦਿਨ ਰੱਖੇ ਹਨ, ਮੇਰੀ ਰਾਏ ਦੇ ਵਿਚ, ਉਹ ਨਾਕਾਫ਼ੀ ਹਨ । ਫੌਰੀ ਤੌਰ ਤੇ ਬਿਜ਼ਨੈਸ ਐਡਵਾ-ਇਜ਼ਰੀ ਕਮੇਟੀ ਨੂੰ ਸੱਦਿਆ ਜਾਵੇ ।

**Chief Minister :** Sir, the hon. Member may take up this matter with the Business Advisory Committee.

———

## ANNOUNCEMENT BY SPEAKER REGARDING THE ARREST OF COMRADE KULWANT SINGH, MLA.

**Mr. Speaker :** As required under Rule 289 of the Rules of Procedure and Conduct of Business in the Punjab Legislative Assembly, I have to inform the House that Comrade Kulwant Singh, MLA, was arrested on 16.3.1969 at Police Station, Kartarpur, under Section 7 of the Criminal Law Amendment Act.

**ਕੈਪਟਨ ਰਤਨ ਸਿੰਘ :** ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਤੁਹਾਡੇ ਕੋਲ ਸਰਦਾਰ ਲਛਮਣ ਸਿੰਘ ਗਿੱਲ ਦੇ ਅਰੈਸਟ ਕੀਤੇ ਦੀ ਇਤਲਾਹ ਆਈ ਹੈ ।

**ਮੁਖ ਮੰਤਰੀ :** ਉਹ ਤਾਂ ਉਸ ਦਿਨ ਹੀ ਆ ਗਈ ਸੀ ।

**ਕੈਪਟਨ ਰਤਨ ਸਿੰਘ :** ਪੜ੍ਹਕੇ ਨਹੀਂ ਸੁਣਾਈ ਗਈ ।

**ਸ਼੍ਰੀ ਸਪੀਕਰ :** ਉਹ ਉਸ ਵੇਲੇ ਰੀਲੀਜ਼ ਹੋ ਚੁਕੇ ਸਨ । (The hon. Member had been released by that time.)

**ਸਰਦਾਰ ਨਰਿੰਦਰ ਸਿੰਘ :** ਹੁਣ ਪੜ੍ਹ ਦਿਓ ਜੀ ।

**ਸ਼੍ਰੀ ਸਪੀਕਰ :** ਰੂਲ 289 ਦੇ ਮੁਤਾਬਿਕ ਪੜ੍ਹਨ ਦੀ ਲੋੜ ਨਹੀਂ ਹੈ । (It need not be read out as provided in Rule 289)

**ਚੌਧਰੀ ਬਲਬੀਰ ਸਿੰਘ :** ਕੀ ਅਰੈਸਟ ਹੋਣ ਦੀ ਇਤਲਾਹ ਜ਼ਰੂਰੀ ਹੈ ? (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਣ ਸਿੰਘ ਗਿੱਲ :** ਇਹ ਆਪਣੀਆਂ ਤਿਆਰੀਆਂ ਕਰਨ । (ਹਾਸਾ) (ਵਿਘਨ) (ਸ਼ੋਰ) ।

---

## OBITUARY REFERENCES

OBITUARY REFERENCES TO THE DEATHS OF THE LATE—

(1). Shri B. Vaikunta Baliga, Speaker, Mysore Legislative Assembly

(2). Dr. Anup Singh, M P.

(3). Baba Sohan Singh Bhakna, a great revolutionary.

(4). Dr. C. N. Annadurai, Ex-Chief Minister of Tamil Nadu.

(5) Dr. Gokul Chand Narang, Ex-MLA.

(6). Jathedar Mohan Singh Nagoke, Ex-MLA.

(7). Shri Darbari Lal Sharma, Chairman of the U.P. Legislative Council.

(8). Dr. Sampurna Nand-Ex-Governor, Rajasthan

(9). Sir Homi Modi, Ex-Governor, U. P.

**Mr. Speaker :** I now call upon the hon. Chief Minister.

**ਮੁਖ ਮੰਤਰੀ :** ਸਪੀਕਰ ਸਾਹਿਬ, ਅੱਜ ਇਸ ਸਦਨ ਦੇ ਵਿਚ ਕੁਝ ਸ਼ਰਧਾਂਜਲੀਆਂ ਪੇਸ਼ ਕਰਨੀਆਂ ਹਨ । ਬਹੁਤ ਸਾਰੇ ਸੱਜਨ ਮਸਲਨ ਮੈਸੂਰ ਅਸੈਂਬਲੀ ਦੇ ਸਪੀਕਰ ਸ਼੍ਰੀ ਬੀ. ਵੈਕੁੰਟਾ ਬਾਲੀਗਾ, ਡਾਕਟਰ ਅਨੂਪ ਸਿੰਘ, ਐਮ. ਪੀ., ਬਾਬਾ ਸੋਹਨ ਸਿੰਘ ਭਕਨਾ, ਸ਼੍ਰੀ ਸੀ. ਐਨ, ਅਨਾਦੁਰਾਏ, ਜਿਹੜੇ ਮਦਰਾਸ ਦੇ ਚੀਫ ਮਨਿਸਟਰ ਸਨ, ਡਾਕਟਰ ਗੋਕਲ ਚੰਦ ਨਾਰੰਗ, ਐਕਸ ਐਮ. ਐਲ. ਏ., ਜਥੇਦਾਰ ਮੋਹਨ ਸਿੰਘ ਨਾਗੋਕੇ, ਐਕਸ ਐਮ. ਐਲ. ਏ., ਸ਼੍ਰੀ ਦਰਬਾਰੀ ਲਾਲ ਸ਼ਰਮਾ, ਚੇਅਰਮੈਨ ਯੂ. ਪੀ. ਲੈਜਿਸਲੇਟਿਵ ਕਾਊਂਸਿਲ, ਡਾਕਟਰ ਸੰਪੂਰਣਾ ਨੰਦ, ਜਿਹੜੇ ਰਾਜਸਥਾਨ ਦੇ ਗਵਰਨਰ ਅਤੇ ਯੂ, ਪੀ. ਦੇ ਚੀਫ ਮਨਿਸਟਰ ਸਨ ਅਤੇ ਸ਼੍ਰੀ ਹੋਮੀ ਮੋਦੀ ਜਿਹੜੇ ਯੂ. ਪੀ. ਦੇ ਗਵਰਨਰ ਸਨ, ਬਦਕਿਸਮਤੀ ਨਾਲ ਇਹ ਬਹੁਤ ਸਾਰੇ ਸੱਜਣ ਸਾਡੀ ਇਸ ਅਸੈਂਬਲੀ ਦੇ ਮਿਲਣ ਤੋਂ ਪਹਿਲਾਂ ਸਾਥੋਂ ਜੁਦਾ ਹੋ ਗਏ ।

ਸ਼੍ਰੀ ਬੀ. ਵੈਕੁੰਟਾ ਬਾਲੀਗਾ, ਜੋ ਕਿ ਮੈਸੂਰ ਅਸੈਂਬਲੀ ਦੇ ਸਪੀਕਰ ਸਨ, ਦਾ ਜਨਮ 10 ਅਪ੍ਰੈਲ 1895 ਨੂੰ ਉਸ ਰਿਆਸਤ ਵਿਚ ਹੋਇਆ ਸੀ ।

ਉਹ ਮਦਰਾਸ ਵਿਧਾਨ ਸਭਾ ਦੇ ਪਹਿਲੀ ਵਾਰ 1952 ਵਿਚ ਮੈਂਬਰ ਚੁਣੇ ਗਏ । ਫਿਰ 1957 ਵਿਚ ਚੁਣੇ ਗਏ ਅਤੇ ਉਹ ਵਿਧਾਨ ਸਭਾ ਦੇ ਮੈਂਬਰ ਬੜੀ ਦੇਰ ਰਹੇ । ਪਹਿਲੀ ਵਾਰ 1957 ਵਿਚ ਅਤੇ ਫਿਰ 19ੇ1 ਵਿਚ ਦੋ ਵਾਰ ਲੇਬਰ ਅਤੇ ਕਾਨੂੰਨ ਦੇ ਮੰਤਰੀ ਰਹੇ । 1962 ਤੋਂ 1967 ਤੱਕ ਆਮ ਚੋਣਾਂ ਵੇਲੇ ਉਹ ਫਿਰ ਐਮ. ਐਲ. ਏ. ਚੁਣੇ ਗਏ ਅਤੇ ਮੈਸੂਰ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ । ਉਹ ਆਪਣੇ ਰਾਜ ਦੇ ਅੰਦਰ ਬਹੁਤ ਸਾਰੀਆਂ ਸੰਸਥਾਵਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ[

ਵਿਚ ਰਹੇ ਅਤੇ ਉਹ ਬੜੇ ਉਘੇ ਨੇਤਾ ਸਨ ਜਿਨ੍ਹਾਂ ਦੀਆਂ ਕੁਰਬਾਨੀਆਂ ਦਾ ਸਾਨੂੰ ਚੰਗੀ ਤਰ੍ਹਾਂ ਪਤਾ ਹੈ ।

ਡਾਕਟਰ ਅਨੂਪ ਸਿੰਘ ਸਾਡੇ ਆਪਣੇ ਸੂਬੇ ਦੇ ਰਹਿਣ ਵਾਲੇ ਸਨ । ਇਨ੍ਹਾਂ ਨੇ ਬਹੁਤ ਸਾਰੀ ਵਿਦਿਆ ਬਾਹਰਲੇ ਮੁਲਕਾਂ ਵਿਚ ਰਹਿ ਕੇ ਪ੍ਰਾਪਤ ਕੀਤੀ । ਆਪ ਐਫਰੋ ਏਸ਼ੀਅਨ ਸਾਲੀਡੈਰਿਟੀ ਸੋਸਾਇਟੀ ਦੇ ਮੈਂਬਰ ਵੀ ਸਨ । ਉਨ੍ਹਾਂ ਨੇ ਪਹਿਲੀ ਤਾਲੀਮ ਅੰਮ੍ਰਿਤਸਰ ਵਿਚ ਪ੍ਰਾਪਤ ਕੀਤੀ, ਫਿਰ ਅਮਰੀਕਾ ਵਿਚ । ਉਨ੍ਹਾਂ ਨੇ ਬਹੁਤ ਸਾਰੀਆਂ ਪਾਰਟੀਆਂ ਵਿਚ ਹਿੱਸਾ ਲਿਆ । ਇਥੇ ਵੀ ਪਾਰਲੀਮੈਂਟ ਦੇ ਮੈਂਬਰ ਰਹੇ ਅਤੇ ਉਹ ਬਹੁਤ ਉਘੇ ਮੈਂਬਰ ਸਨ । ਐਫਰੋ ਏਸ਼ੀਅਨ ਏਕਤਾ ਲਈ ਅੰਦੋਲਨ ਵਿਚ ਵੱਧ ਚੜ੍ਹਕੇ ਹਿੱਸਾ ਲੈਂਦੇ ਰਹੇ । ਉਹ ਕਾਹਿਰਾ ਵਿਖੇ ਇਸੇ ਤਰ੍ਹਾਂ ਦੇ ਕੰਮਾਂ ਲਈ ਗਏ ਸਨ । ਉਨ੍ਹਾਂ ਦੀ ਮੋਟਰ ਕਾਰ ਦਾ ਹਾਦਸਾ ਉਥੇ ਹੀ ਹੋਇਆ ਅਤੇ ਉਨ੍ਹਾਂ ਦਾ ਦਿਹਾਂਤ ਹੋ ਗਿਆ । ਪੰਜਾਬ ਦੀ ਪਬਲਿਕ ਨੂੰ ਉਨ੍ਹਾਂ ਦੀ ਮੌਤ ਤੇ ਬੜਾ ਘਾਟਾ ਪਿਆ ਹੈ । ਉਨ੍ਹਾਂ ਦੀਆਂ ਕੁਰਬਾਨੀਆਂ ਸਾਰੇ ਪੰਜਾਬ ਦੇ ਲੋਕਾਂ ਨੂੰ ਮਾਲੂਮ ਹਨ ।

ਬਾਬਾ ਸੋਹਣ ਸਿੰਘ ਭਕਨਾ ਜੀ ਸਾਡੇ ਪੰਜਾਬ ਦੇ ਰਹਿਣ ਵਾਲੇ ਸਨ । ਉਹ ਇਕ ਮਾਮੂਲੀ ਜ਼ਿਮੀਂਦਾਰ ਦੇ ਘਰ ਪੈਦਾ ਹੋਏ । ਫਿਰ ਉਹ ਅਮਰੀਕਾ ਚਲੇ ਗਏ । ਅਮਰੀਕਾ ਵਿਚ ਆਪਣੀ ਮਿਹਨਤ ਦੇ ਨਾਲ ਉਨ੍ਹਾਂ ਨੇ ਕਾਰਖਾਨਿਆਂ ਵਿਚ ਅਤੇ ਫੈਕਟਰੀਆਂ ਵਿਚ ਕੰਮ ਕਰਕੇ ਆਪਣੇ ਆਪ ਨੂੰ ਉੱਚਾ ਕੀਤਾ । ਉਥੇ ਉਨ੍ਹਾਂ ਦਾ ਮੇਲ ਉਨ੍ਹਾਂ ਲੋਕਾਂ ਨਾਲ ਹੋਇਆ ਜਿਹੜੇ ਗੁਲਾਮੀ ਤੋਂ ਆਜ਼ਾਦੀ ਹਾਸਲ ਕਰਨ ਲਈ ਕੋਸ਼ਿਸ਼ ਕਰ ਰਹੇ ਸਨ । ਜਿਸ ਵੇਲੇ ਉਹ ਕਲਕੱਤੇ ਆਏ ਤਾਂ ਉਨ੍ਹਾਂ ਨੂੰ ਪਕੜਿਆ ਗਿਆ । 26 ਸਾਲ ਦੀ ਉਮਰ ਵਿਚ ਉਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ । ਫਿਰ ਉਸ ਨੂੰ ਲਾਈਫ ਇਮਪਰਿਜ਼ਨਮੈਂਟ ਵਿਚ ਤਬਦੀਲ ਕਰ ਦਿਤਾ ਗਿਆ । ਇਸ ਤਰ੍ਹਾਂ ਆਪ ਬੜੀ ਦੇਰ ਜੇਲ੍ਹ ਵਿਚ ਰਹੇ । ਕਾਂਗਰਸ ਪਾਰਟੀ ਨਾਲ ਇਨ੍ਹਾਂ ਦਾ ਤੁਅੱਲਕ ਰਿਹਾ ਹੈ । ਫਿਰ ਜਦ ਕਿਸਾਨ ਮੂਵਮੈਂਟ ਚਲੀ ਤਾਂ ਉਨ੍ਹਾਂ ਨੇ ਉਸ ਵਿਚ ਵੀ ਹਿੱਸਾ ਲਿਆ ਫਿਰ ਉਹ ਕਾਂਗਰਸ ਪਾਰਟੀ ਤੋਂ ਅਲਹਿਦਾ ਹੋ ਗਏ । ਉਹ ਅਖੀਰ ਦਮ ਤੱਕ ਲੋਕਾਂ ਦੇ ਹਿੱਤਾਂ ਲਈ ਕੰਮ ਕਰਦੇ ਰਹੇ । ਉਨ੍ਹਾਂ ਦੇ ਦਿਹਾਂਤ ਹੋ ਜਾਣ ਤੇ ਸਾਨੂੰ, ਸਾਡੇ ਸੂਬੇ ਨੂੰ ਬੜਾ ਘਾਟਾ ਪਿਆ ਹੈ ।

ਸ਼੍ਰੀ ਅਨਾਦੁਰਾਏ ਮਦਰਾਸ ਦੇ ਚੀਫ ਮਨਿਸਟਰ ਸਨ । ਮੈਨੂੰ ਬਤੌਰ ਮੁਖ ਮੰਤਰੀ ਦੇ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ ਜਦ ਕਿ ਅਸੀਂ ਚੀਫ ਮਨਿਸਟਰਜ਼ ਦੀ ਕਾਨਫਰੰਸ ਵਿਚ ਦਿੱਲੀ ਜਾਂਦੇ ਸੀ । ਉਹ ਕਈ ਅਖਬਾਰਾਂ ਦੇ ਐਡੀਟਰ ਵੀ ਰਹੇ । ਕਈ ਵਾਰੀ ਆਪ ਜੇਲ੍ਹਾਂ ਵਿਚ ਵੀ ਗਏ । ਆਖੀਰ ਵਿਚ ਉਨ੍ਹਾਂ ਨੇ ਡੀ. ਐਮ. ਕੇ ਪਾਰਟੀ ਬਣਾਈ, ਜਿਸਨੇ ਪਿਛਲੀਆਂ, ਚੋਣਾਂ ਵਿਚ ਆਪਣੀ ਅਕਸਰੀਅਤ, ਹਾਸਲ ਕਰਕੇ, ਤਾਮਿਲ ਨਾਡੂ ਜਿਸ ਨੂੰ ਮਦਰਾਸ ਕਹਿੰਦੇ ਸਨ ਦੇ ਵਿਚ ਆਪਣੀ ਸਰਕਾਰ ਬਣਾਈ ।

ਉਹ ਪਬਲਿਕ ਵਿਚ ਬੜੇ ਹਰਦਿਲ ਅਜ਼ੀਜ਼ ਸੀ । ਸ਼੍ਰੀ ਰਾਜ ਗੋਪਾਲ ਅਚਾਰੀਆ ਜਿਹੜੇ ਕਿ ਸੁਤੰਤਰ ਪਾਰਟੀ ਦੇ ਫਾਊਂਡਰ ਮੈਂਬਰ ਹਨ, ਸ਼ੁਰੂ ਵਿਚ ਉਨ੍ਹਾਂ ਦੇ ਨਾਲ ਉਹ ਰਹੇ ਅਤੇ ਉਨ੍ਹਾਂ ਦੀ ਮਨਿਸਟਰੀ ਦੇ ਵੇਲੇ ਵੀ ਉਨ੍ਹਾਂ ਦੇ ਨਾਲ ਰਹੇ । ਅਫਸੋਸ ਨਾਲ ਕਹਿਣਾ ਪੈਂਦਾ

Original with;
Punjab Vidhan Sabha
Digitized by;
Panjab Digital Library

ਹੈ ਕਿ ਉਨਾਂ ਨੂੰ ਕੈਂਸਰ ਹੋ ਗਿਆ ਅਤੇ ਉਹ ਆਪਣਾ ਇਲਾਜ ਕਰਾਉਣ ਵਾਸਤੇ ਅਮਰੀਕਾ ਗਏ ਅਤੇ ਉਥੋਂ ਠੀਕ ਹੋ ਕੇ ਆ ਗਏ ਮਗਰ ਫਿਰ ਦੁਬਾਰਾ ਇਸ ਬਿਮਾਰੀ ਨੇ ਉਨ੍ਹਾਂ ਤੇ ਦਬਾ ਪਾਇਆ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਦੇ ਨਾਲ ਸਾਰੇ ਹਿੰਦੁਸਤਾਨ ਨੂੰ ਘਾਟਾ ਪਿਆ। ਸਾਨੂੰ ਬੜਾ ਦੁਖ ਹੈ ਇਸ ਗਲ ਦਾ ਕਿ ਹਿੰਦੁਸਤਾਨ ਦੀ ਪਬਲਿਕ ਲਾਈਫ ਨੂੰ ਉਨ੍ਹਾਂ ਦੀ ਮੌਤ ਦੇ ਨਾਲ ਬਹੁਤ ਘਾਟਾ ਹੋਇਆ।

ਡਾਕਟਰ ਗੋਕਲ ਚੰਦ ਆਰੀਆ ਸਮਾਜ ਦੇ ਬੜੇ ਭਾਰੀ ਲੀਡਰ ਸਨ। ਉਹ ਬੜੇ ਉਘੇ ਵਕੀਲ ਸਨ। ਫਿਰ ਉਹ ਪਾਲਿਟਿਕਸ ਦੇ ਵਿਚ ਆਏ। ਮੇਰਾ ਖਿਆਲ ਹੈ ਕਿ ਉਹ ਲੋਕਲ ਗੌਰਮਿੰਟ ਦੇ ਮਨਿਸਟਰ ਸਨ। 6-7 ਸਾਲ ਮਨਿਸਟਰ ਰਹੇ। ਉਨ੍ਹਾਂ ਨੇ ਕਿਤਾਬਾਂ ਵੀ ਲਿਖੀਆਂ। ਸਿਖ ਇਤਹਾਸ ਦੀ ਰੀਸਰਚ ਕਰਨ ਤੇ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਵੀ ਪ੍ਰਾਪਤ ਹੋਈ। ਉਹ ਬੜੇ ਉਘੇ ਵਕੀਲ ਅਤੇ ਮਹਾਨ ਨੇਤਾ ਵੀ ਸਨ। 90 ਸਾਲ ਦੀ ਆਯੂ ਪਾ ਕੇ ਉਹ ਸਾਡੇ ਕੋਲੋਂ ਜੁਦਾ ਹੋ ਗਏ। ਪੰਜਾਬ ਦੀ ਲਾਈਫ ਨੂੰ ਉਨ੍ਹਾਂ ਦੀ ਮੌਤ ਨਾਲ ਵੀ ਬੜਾ ਘਾਟਾ ਹੋਇਆ ਹੈ।

ਜਥੇਦਾਰ ਮੋਹਨ ਸਿੰਘ ਨਾਗੋਕੇ, ਜਿਨ੍ਹਾਂ ਨੂੰ ਸਾਰੇ ਆਨਰੇਬਲ ਮੈਂਬਰ ਜਿਹੜੇ ਇਥੇ ਬੈਠੇ ਹਨ, ਜਾਣਦੇ ਹਨ। ਉਹ ਸ਼ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਦੇ ਚੇਅਰਮੈਨ ਰਹੇ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਰਹੇ। ਉਨ੍ਹਾਂ ਦੀ ਜ਼ਿੰਦਗੀ ਕਾਫੀ ਸਿਆਸਤ ਦੇ ਵਿਚ ਰਹੀ। ਉਹ ਬੜੇ ਉਘੇ ਲੀਡਰ ਸਨ ਅਤੇ ਅਸੈਂਬਲੀ ਦੀਆਂ ਕਈ ਕਮੇਟੀਆਂ ਅਤੇ ਹੋਰ ਕਈ ਬੋਰਡਾਂ ਦੇ ਮੈਂਬਰ ਸ਼ਨ। ਪੰਜਾਬ ਦੀ ਪਬਲਿਕ ਜ਼ਿੰਦਗੀ ਵਿਚ ਉਨ੍ਹਾਂ ਨੇ ਨੁਮਾਇਆਂ ਹਿਸਾ ਪਾਇਆ ਅਤੇ ਉਨ੍ਹਾਂ ਦੀ ਮੌਤ ਨਾਲ ਸਾਨੂੰ, ਪੰਜਾਬ ਨੂੰ ਬੜਾ ਘਾਟਾ ਪਿਆ ਹੈ।

ਸ੍ਰੀ ਦਰਬਾਰੀ ਲਾਲ ਸ਼ਰਮਾ ਯੂ. ਪੀ. ਲੈਜਿਸਲੇਟਿਵ ਕੌਂਸਲ ਦੇ ਚੇਅਰਮੈਨ ਸਨ। ਉਨ੍ਹਾਂ ਨੇ 12 ਸਾਲ ਦੀ ਉਮਰ ਵਿਚ ਸਰਗਰਮੀ ਨਾਲ ਸਿਆਸਤ ਦੇ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਕਈ ਵਾਰੀ ਜੇਲਾਂ ਵਿਚ ਗਏ। ਹਿੰਦੁਸਤਾਨ ਦੀ ਆਜ਼ਾਦੀ ਦੀ ਜੰਗ ਵਿਚ ਉਨ੍ਹਾਂ ਨੇ ਨੁਮਾਇਆਂ ਹਿੱਸਾ ਪਾਇਆ। ਉਹ ਇਕ ਅੱਛੇ ਸਿਆਸੀ ਲੀਡਰ ਸਨ। ਉਨ੍ਹਾਂ ਦੀ ਮੌਤ ਦੇ ਨਾਲ ਯੂ. ਪੀ. ਨੂੰ ਖਾਸ ਤੌਰ ਤੇ ਅਤੇ ਹਿੰਦੁਸਤਾਨ ਦੀ ਪਬਲਿਕ ਲਾਈਫ ਨੂੰ ਆਮ ਤੌਰ ਤੇ ਘਾਟਾ ਪਿਆ ਹੈ।

ਡਾਕਟਰ ਸੰਪੂਰਨਾ ਨੰਦ ਨੂੰ ਸਾਰੇ ਆਨਰੇਬਲ ਮੈਂਬਰ ਜਾਣਦੇ ਹਨ। ਇਹ ਬੜੇ ਉਘੇ ਲੀਡਰ ਸਨ ਔਰ ਲੇਖਕ ਸਨ, ਜਿਨ੍ਹਾਂ ਨੂੰ ਬਹੁਤ ਸਾਰੀਆਂ ਬੋਲੀਆਂ ਆਉਂਦੀਆਂ ਸਨ। ਹਿੰਦੀ, ਸੰਸਕ੍ਰਿਤ, ਫਾਰਸੀ ਅਤੇ ਹੋਰ ਵੀ ਕਈ ਬਦੇਸ਼ੀ ਬੋਲੀਆਂ ਆਉਂਦੀਆਂ ਸਨ। ਉਨ੍ਹਾਂ ਨੇ ਬੜੀਆਂ ਕਿਤਾਬਾਂ ਲਿਖੀਆਂ। ਉਹ ਕਾਂਗਰਸ ਪਾਰਟੀ ਦੇ ਪ੍ਰਧਾਨ ਵੀ ਔਰ ਯੂ. ਪੀ. ਦੇ ਮੁੱਖ ਮੰਤਰੀ ਵੀ ਰਹੇ ਅਤੇ ਰਾਜਸਥਾਨ ਦੇ ਗਵਰਨਰ ਵੀ ਬਣੇ। ਮੁਲਕ ਦੀ ਪਬਲਿਕ ਲਾਈਫ ਵਿਚ ਉਨ੍ਹਾਂ ਦਾ ਨੁਮਾਇਆਂ ਹਿੱਸਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਮੌਤ ਨਾਲ ਹਿੰਦੁਸਤਾਨ ਨੂੰ ਬੜਾ ਘਾਟਾ ਪਿਆ ਹੈ। ਉਹ ਬੜੇ ਉਘੇ ਲੀਡਰ ਸੀ ਔਰ ਹਰ ਕੰਮ ਵਿਚ ਜਿਥੇ ਜਿਥੇ ਵੀ ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਮੁਖ ਮੰਤਰੀ]

ਹਿਸਾ ਲਿਆ ਬੜੀ ਅੱਛੀ ਤਰ੍ਹਾਂ ਆਪਣੇ ਫਰਜ਼ ਨੂੰ ਅਮਲੀ ਤੌਰ ਤੇ ਨਿਭਾਇਆ । ਉਨ੍ਹਾਂ ਦੀ ਮੌਤ ਤੇ ਅੱਜ ਅਸੀਂ ਸਾਰੇ ਅਫ਼ਸੋਸ ਕਰਦੇ ਹਾਂ ।

ਸਰ ਹੋਮੀ ਮੋਦੀ ਬੰਬਈ ਦੇ ਰਹਿਣ ਵਾਲੇ ਸੀ । ਉਨ੍ਹਾਂ ਦਾ ਜਨਮ ਬੰਬਈ ਦੇ ਵਿਚ ਹੋਇਆ । ਉਹ ਬੰਬਈ ਕਾਰਪੋਰੇਸ਼ਨ ਦੇ ਮੈਂਬਰ ਬਹੁਤ ਅਰਸੇ ਤਕ ਰਹੇ । ਉਸ ਦੇ ਬਾਅਦ ਯੂ. ਪੀ. ਦੇ ਗਵਰਨਰ ਵੀ ਰਹੇ । ਫਿਰ ਜਦੋਂ ਸ਼੍ਰੀ ਰਾਜ ਗੋਪਾਲ ਅਚਾਰੀਆ ਨੇ ਸੁਤੰਤਰ ਪਾਰਟੀ ਦੀ ਨੀਂਹ ਰਖੀ ਤਾਂ ਉਹ ਉਸ ਦੇ ਫਾਉਂਡਰ ਮੈਂਬਰ ਬਣੇ । ਉਨ੍ਹਾਂ ਨੇ ਕਈ ਕਿਤਾਬਾਂ ਵੀ ਲਿਖੀਆਂ । ਉਨ੍ਹਾਂ ਦਾ ਪਬਲਿਕ ਜ਼ਿੰਦਗੀ ਵਿਚ ਬੜਾ ਹਿਸਾ ਸੀ, ਉਨ੍ਹਾਂ ਦੀ ਮੌਤ ਤੇ ਵੀ ਅਸੀਂ ਸਾਰੇ ਅਫ਼ਸੋਸ ਕਰਦੇ ਹਾਂ ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਸਾਰਿਆਂ ਸਜਨਾਂ ਦੀ ਮੌਤ ਦੇ ਨਾਲ ਮੁਲਕ ਨੂੰ ਘਾਟਾ ਪਿਆ ਹੈ । ਮੈਂ ਇਹ ਵੀ ਤਜਵੀਜ਼ ਕਰਦਾ ਹਾਂ ਕਿ ਅਸੀਂ ਉਨ੍ਹਾਂ ਦੇ ਘਰ ਵਾਲਿਆਂ ਨੂੰ ਇਹ ਕਨਡੋਲੈਂਸ ਦੇ ਮਤੇ, ਇਹ ਸ਼ਰਧਾਂਜਲੀ ਦੇ ਮਤੇ ਭੇਜ ਦੇਈਏ । ਇਨ੍ਹਾਂ ਸ਼ਬਦਾਂ ਨਾਲ ਮੈਂ ਇਨ੍ਹਾਂ ਸਾਰੇ ਸਜਨਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ।

**ਮੇਜਰ ਹਰਿੰਦਰ ਸਿੰਘ (ਅਜਨਾਲਾ)** : ਸਪੀਕਰ ਸਾਹਿਬ, ਬੜੇ ਦੁਖੀ ਹਿਰਦੇ ਨਾਲ ਜੋ ਲੀਡਰ ਆਫ਼ ਦੀ ਹਾਊਸ ਨੇ ਸ਼ੋਕ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੇ ਨਾਲ ਆਪਣੇ ਆਪ ਨੂੰ ਔਰ ਆਪਣੀ ਪਾਰਟੀ ਨੂੰ ਸ਼ਾਮਲ ਕਰਦਾ ਹਾਂ । ਵੈਸੇ ਮੈਂ ਧਾਰਮਿਕ ਰੁਚੀਆਂ ਦਾ ਇਨਸਾਨ ਹਾਂ ਅਤੇ ਉਨ੍ਹਾਂ ਤੇ ਬਲਾਈਂਡ ਫੇਥ ਕਰਦਾ ਹਾਂ :

' ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀਏ '
' ਚਿੰਤਾ ਤਾਂ ਕੀ ਕੀਜ਼ੀਏ, ਜੋ ਅਨਹੋਣੀ ਹੋਏ,
'ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀਂ ਕੋਏ'

ਇਸ ਕਥਨ ਅਨੁਸਾਰ ਇਸ ਸਰੀਰ ਨੇ ਚਲਣਾ ਹੈ । ਕਿਸੇ ਨੇ ਅੱਜ ਚਲੇ ਜਾਣਾ ਹੈ ਅਤੇ ਕਿਸੇ ਨੇ ਕੱਲ ਚਲੇ ਜਾਣਾ ਹੈ । ਲੀਡਰ ਆਫ਼ ਦੀ ਹਾਊਸ ਨੇ ਇਨ੍ਹਾਂ ਸਾਰੇ ਵਿਅਕਤੀਆਂ ਦਾ ਸੰਖੇਪ ਜੀਵਨ ਦਸਿਆ ਹੈ ਅਤੇ ਜੋ ਉਨ੍ਹਾਂ ਨੇ ਦਸਿਆ ਹੈ ਉਹ ਬਿਲਕੁਲ ਸਹੀ ਅਤੇ ਦਰੁਸਤ ਹੈ । ਉਨ੍ਹਾਂ ਸਜਨਾਂ ਦੀ ਮੌਤ ਦੇ ਨਾਲ ਜੋ ਘਾਟਾ ਪਿਆ ਹੈ ਉਸ ਘਾਟੇ ਨੂੰ ਉਹ ਮਹਿਸੂਸ ਕਰਨਗੇ ਜਿਹੜੇ ਕਿ ਮੁਲਕ ਦੀ ਸੇਵਾ ਕਰਦੇ ਹਨ ਜਾਂ ਜਿਹੜੇ ਆਪਣੀ ਜ਼ਿਮੇਵਾਰੀ ਸਮਝਦੇ ਹਨ । ਸ਼੍ਰੀ ਅਨਾਦੁਰਾਏ ਜੀ ਦੇ ਮੁਤੱਲਕ ਮੈਂਨੂੰ ਇਕ ਸਾਖੀ ਯਾਦ ਆਈ ਹੈ । ਇਕ ਮਹਾਂ ਪੁਰਖ ਕਿਸੇ ਪਿੰਡ ਵਿਚ ਰਹਿੰਦੇ ਸਨ । ਉਸ ਪਿੰਡ ਦੇ ਇਕ ਸਜਨ ਦਾ ਚਲਾਣਾ ਹੋ ਗਿਆ । ਉਨ੍ਹਾਂ ਨੇ ਸੇਵਾਦਾਰ ਤੋਂ ਪੁਛਿਆ ਕਿ ਇਹ ਜਿਹੜਾ ਸ਼ਰੀਰ ਚਲਾਣਾ ਕਰ ਗਿਆ ਹੈ, ਇਹ ਨਰਕ ਨੂੰ ਗਿਆ ਹੈ ਜਾਂ ਸਵਰਗ ਨੂੰ । ਸੇਵਾਦਾਰ ਕਹਿਣ ਲਗਾ ਕਿ ਸਾਨੂੰ ਤਾਂ ਕੰਧ ਪਿਛੇ ਪਰਦਾ ਹੀ ਨਜ਼ਰ ਆਉਂਦਾ ਹੈ । ਤੁਹਾਡੀਆਂ ਤੁਸੀਂ ਜਾਣੋ । ਸਾਖੀ ਤਾਂ ਬੜੀ ਲੰਬੀ ਹੈ ਪਰ ਮੈਂ ਇਥੇ ਹਿੰਟ ਹੀ ਦਿੰਦਾ ਹਾਂ । ਉਨ੍ਹਾਂ ਕਿਹਾ ਗਲ ਤਾਂ ਬੜੀ ਮਾਮੂਲੀ ਹੈ. ਸਿਰਫ ਅਖਾਂ ਦੀ ਲੋੜ ਹੈ । ਜਿਹੜੇ ਅਰਥੀ ਉਠਾਈ ਜਾਂਦੇ ਹਨ, ਉਹ ਕੌਣ ਕੌਣ ਹਨ । ਉਹ ਗਿਆ ਅਤੇ ਮੁੜਕੇ ਦਸਿਆ ਕਿ ਸਾਰੇ ਪਿੰਡ ਦੇ ਨਰ ਨਾਰੀ ਨਾਲ ਗਏ ਹਨ । ਤਾਂ ਉਨ੍ਹਾਂ ਕਿਹਾ ਕਿ ਉਹ ਸਿਧਾ ਸਵਰਗਾਂ ਨੂੰ

Original with;
Punjab Vidhan Sabha
Digitized by;
Panjab Digital Library

ਗਿਆ ਹੈ । ਇਸ ਦੇ ਵਿਚ ਕੋਈ ਸੋਚਣ ਦੀ ਲੋੜ ਨਹੀਂ । ਸੋ ਅਨਾਦੁਰਾਏ ਜਿਸ ਵੇਲੇ ਗੁਜ਼ਰੇ ਆਪ ਨੂੰ ਯਾਦ ਹੋਵੇਗਾ, ਸਪੀਕਰ ਸਾਹਿਬ, ਕਿੰਨੀ ਭੀੜ ਹੋਈ ਸੀ । ਇਸ ਭੀੜ ਵਿਚ ਕਈ ਸਜਨਾਂ ਨੇ ਆਪਣੀਆਂ ਜਾਨਾਂ ਦੇ ਦਿਤੀਆਂ । ਇਸੇ ਤਰ੍ਹਾਂ ਸ੍ਰੀ ਸੰਪੂਰਨਾ ਨੰਦ ਅਤੇ ਹੋਰ ਇਨ੍ਹਾਂ ਸਾਰੇ ਸਜਨਾਂ ਮੁਤੱਲਕ ਅਰਜ਼ ਕਰਾਂਗਾ ਕਿ ਕਿਸੇ ਦਾ ਵੀ ਜੀਵਨ ਦੇਸ਼ ਸੇਵਾ ਦੇ ਨਜ਼ਰੀਏ ਤੋਂ ਕਿਸੇ ਹੋਰ ਨਾਲੋਂ ਘੱਟ ਨਹੀਂ ਸੀ । ਇਨ੍ਹਾਂ ਸਭ ਦੇ ਬਾਰੇ ਸਚਮੁਚ ਇਹ ਕਿਹਾ ਜਾ ਸਕਦਾ ਹੈ :—

"ਗੁਰਮੁਖ ਜਨਮ ਸੰਵਾਰ ਦਰਗੇ ਚਲੇਆ"

ਧੰਨ ਉਹ ਲੋਕ ਹਨ ਤੇ ਧੰਨ ਉਹ ਕੁਖਾਂ ਹਨ ਜਿਨ੍ਹਾਂ ਨੇ ਉਨ੍ਹਾਂ ਬੰਦਿਆਂ ਨੂੰ ਜਨਮ ਦਿਤਾ । ਉਨ੍ਹਾਂ ਨੇ ਦੇਸ਼ ਵਾਸਤੇ ਅਤੇ ਗਰੀਬਾਂ ਦੀ ਸੇਵਾ ਵਿਚ ਆਪਣਾ ਸਾਰਾ ਜੀਵਨ ਗੁਜ਼ਾਰ ਦਿਤਾ । ਆਪਣੇ ਵਾਸਤੇ ਤਾਂ ਹਰ ਕੋਈ ਜੀਊਂਦਾ ਹੈ, ਪਰ ਧੰਨ ਉਹ ਮਹਾਨ ਪੁਰਸ਼ ਹਨ ਜਿਹੜੇ ਦੂਜਿਆਂ ਵਾਸਤੇ ਜੀਊਂਦੇ ਹਨ ।

ਮੈਂ ਇਨ੍ਹਾਂ ਸ਼ਬਦਾਂ ਨਾਲ, ਲੀਡਰ ਆਫ਼ ਦੀ ਹਾਊਸ ਨੇ ਜੋ ਮਤਾ ਪੇਸ਼ ਕੀਤਾ ਹੈ ਉਸ ਵਿਚ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਅਤੇ ਉਨ੍ਹਾਂ ਮਹਾਨ ਪੁਰਸ਼ਾਂ ਦੇ ਪਰਵਾਰਾਂ ਨਾਲ ਜੋ ਹਾਊਸ ਨੇ ਫ਼ੀਲਿੰਗਜ਼ ਪੇਸ਼ ਕੀਤੀਆਂ ਹਨ, ਨਾਲ ਸਹਿਮਤ ਹੁੰਦਾ ਹੋਇਆ ਬੈਠ ਜਾਂਦਾ ਹਾਂ ।

**ਕਾਮਰੇਡ ਸੱਤਪਾਲ ਡਾਂਗ** (ਅੰਮ੍ਰਿਤਸਰ, ਪਛਮੀ) : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ, ਚੀਫ਼ ਮਨਿਸਟਰ ਸਾਹਿਬ ਨੇ ਜਿਹੜਾ ਸ਼ੋਕ ਮਤਾ ਪੇਸ਼ ਕੀਤਾ ਹੈ, ਉਸਦੇ ਨਾਲ ਸ਼ਾਮਲ ਹੋਣਾ ਚਾਹਵਾਂਗਾ ਪਰ ਉਸ ਤੋਂ ਪਹਿਲਾਂ ਮੈਂ ਇਹ ਅਰਜ਼ ਕਰਾਂਗਾ ਕਿ ਕੋਈ ਵੀ ਵੱਡੇ ਤੋਂ ਵੱਡਾ ਸਜਨ ਜਦੋਂ ਜੀਊਂਦਾ ਹੁੰਦਾ ਹੈ ਉਸਦੇ ਨਾਲ ਕਈ ਮਤ ਭੇਦ ਹੋ ਸਕਦੇ ਹਨ ਅਤੇ ਇਹ ਮਤ ਭੇਦ ਕਈ ਦਫ਼ਾ ਸਿਆਸੀ ਜੀਵਨ ਵਿਚ ਸਾਹਮਣੇ ਆਉਂਦੇ ਹਨ । ਪਰ ਜਦੋਂ ਕਿਸੇ ਦੀ ਮ੍ਰਿਤੂ ਹੋ ਜਾਵੇ ਤਾਂ ਸਾਰੇ ਸਜਨ ਇਸ ਗਲ ਨੂੰ ਸਾਹਮਣੇ ਰਖਣ ਦਾ ਯਤਨ ਕਰਦੇ ਹਨ ਕਿ ਜਿਹੜੇ ਸੱਜਨ ਇਸ ਦੁਨੀਆਂ ਤੋਂ ਚਲੇ ਗਏ ਹਨ ਉਨ੍ਹਾਂ ਵਿੱਚ ਕਿਹੜੀਆਂ ਕਿਹੜੀਆਂ ਸਿਫ਼ਤਾਂ ਸਨ, ਉਹ ਲਭੀਆਂ ਜਾਣ ਅਤੇ ਉਨ੍ਹਾਂ ਤੋਂ ਸਬਕ ਸਿਖਿਆ ਜਾਵੇ । ਚੀਫ਼ ਮਨਿਸਟਰ ਸਾਹਿਬ ਨੇ ਸਾਰੇ ਸੱਜਨਾਂ ਦੇ ਜੀਵਨ ਬਾਰੇ ਥੋੜਾ ਥੋੜਾ ਦਸਿਆ ਹੈ । ਉਨ੍ਹਾਂ ਵਿਚੋਂ ਮੈਨੂੰ ਬਾਬਾ ਸੋਹਣ ਸਿੰਘ ਭਕਨਾ, ਜਿਹੜੇ ਸਿਰਫ਼ ਸਾਡੇ ਪੰਜਾਬ ਦੇ ਹੀ ਨਹੀਂ ਬਲਕਿ ਸਾਰੇ ਦੇਸ਼ ਦੇ ਉਘੇ ਨੇਤਾਵਾਂ ਵਿਚੋਂ ਇਕ ਸਨ, ਜਦ ਉਨ੍ਹਾਂ ਦੀ ਮ੍ਰਿਤੂ ਅੰਮ੍ਰਿਤਸਰ ਹਸਪਤਾਲ ਵਿਚ ਹੋਈ ਤਾਂ ਮੈਨੂੰ ਉਸ ਵੇਲੇ ਉਨ੍ਹਾਂ ਦੇ ਕੋਲ ਹੋਣ ਦੀ ਖੁਸ਼ਕਿਸਮਤੀ ਹਾਸਲ ਹੋਈ । ਉਨ੍ਹਾਂ ਦੀ ਮ੍ਰਿਤੂ 99 ਸਾਲ ਦੀ ਉਮਰ ਵਿਚ ਹੋਈ । ਬਾਬਾ ਸੋਹਣ ਸਿੰਘ ਭਕਨਾ ਦਾ ਸਥਾਨ ਪੰਜਾਬ ਦੇ ਜੀਵਨ ਵਿੱਚ ਹੀ ਨਹੀਂ ਬਲਕਿ ਹਿੰਦੁਸਤਾਨ ਦੀ ਆਜ਼ਾਦੀ ਦੀ ਤਾਰੀਖ਼ ਵਿੱਚ ਉਨ੍ਹਾਂ ਦਾ ਨਾਂ ਹਮੇਸ਼ਾ ਵਾਸਤੇ ਸੁਨਹਿਰੀ ਅਖਰਾਂ ਵਿਚ ਲਿਖਿਆ ਜਾਵੇਗਾ । ਉਹ ਗਦਰ ਪਾਰਟੀ ਦੇ ਮੁੱਖੀ ਰਹੇ ਅਤੇ ਹਿੰਦੁਸਤਾਨ ਦੀ ਆਜ਼ਾਦੀ ਦੀ ਤਾਰੀਖ ਵਿਚ ਬੜੀ ਬਹਾਦਰੀ ਵਿਖਾਈ । ਹਰ ਨੌਜਵਾਨ ਨੂੰ ਉਨ੍ਹਾਂ ਤੋਂ ਬਹਾਦਰੀ ਅਤੇ ਦੇਸ਼ ਪਿਆਰ ਦਾ ਸਬਕ ਲੈਣਾ ਚਾਹੀਦਾ ਹੈ । ਉਹ ਜਨਤਾ ਅਤੇ ਦੇਸ਼ ਦੇ ਭਵਿਖ ਲਈ ਸਾਰੀ ਉਮਰ ਲੜਦੇ ਰਹੇ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤਪਾਲ ਡਾਂਗ]

ਬਾਬਾ ਸੋਹਣ ਸਿੰਘ ਭਕਨਾ ਜੀ ਕਿੰਨੀ ਮਹਾਨ ਸ਼ਕਤੀ ਸਨ ਇਹ ਅਸੀਂ ਓਦੋਂ ਮਹਿਸੂਸ ਕੀਤਾ ਜਦੋਂ ਉਹ ਅੰਤਿਮ ਦਿਨੀਂ ਬੀਮਾਰ ਹੋਏ ।

ਪੰਜਾਬ ਦੇ ਗਵਰਨਰ ਸਾਹਿਬ ਨੂੰ ਇਤਲਾਹ ਦਿਤੀ ਗਈ ਕਿ ਬਾਬਾ ਜੀ ਕਾਫ਼ੀ ਬੀਮਾਰ ਨੇ ਤਾਂ ਉਨ੍ਹਾਂ ਨੇ ਮਿਹਰਬਾਨੀ ਕੀਤੀ ਅਤੇ ਇਹ ਵਾਜਬ ਸਮਝਿਆ ਕਿ ਅਗਰ ਬਾਬਾ ਜੀ ਹਸਪਤਾਲ ਵਿਚ ਆਉਣ ਤਾਂ ਉਨ੍ਹਾਂ ਨੂੰ ਪੂਰੀ ਪੂਰੀ ਸਹੂਲਤ ਦਿਤੀ ਜਾਵੇ । ਜਦੋਂ ਉਹ ਹਸਪਤਾਲ ਵਿੱਚ ਦਾਖਲ ਹੋਏ ਤਾਂ ਉਨ੍ਹਾਂ ਨੂੰ ਪੇਸ਼ਕਸ਼ ਕੀਤੀ ਗਈ ਕਿ ਉਨ੍ਹਾਂ ਦਾ ਸਪੈਸ਼ਲ ਵਾਰਡ ਵਿਚ ਇਲਾਜ ਕੀਤਾ ਜਾਏ, ਪਰ ਉਨ੍ਹਾਂ ਨੇ ਇਹ ਕਬੂਲ ਨਾ ਕੀਤਾ ਤੇ ਕਿਹਾ ਕਿ ਮੈਂ ਜਨਤਾ ਦੇ ਵਿਚ ਰਿਹਾ ਹਾਂ ਤੇ ਮੈਂ ਜਨਤਾ ਦੀ ਸੇਵਾ ਕੀਤੀ ਹੈ ਤੇ ਅੱਜ ਵੀ ਮੈਂ ਸਪੈਸ਼ਲ ਵਾਰਡ ਵਿਚ ਨਹੀਂ ਜਾਵਾਂਗਾ ਤੇ ਜਨਰਲ ਵਾਰਡ ਵਿਚ ਮੇਰਾ ਇਲਾਜ ਕੀਤਾ ਜਾਏ ।

ਮੈਂ ਬਾਬਾ ਜੀ ਨੂੰ ਬਾਕੀ ਸਜਣਾਂ ਨਾਲ ਸ਼ਰਧਾਂਜਲੀ ਦਿੰਦਾ ਹੋਇਆ ਚੀਫ਼ ਮਨਿਸਟਰ ਦੀ ਤਵਜੋ ਦਿਵਾਉਂਦਾ ਹਾਂ ਕਿ ਬਾਬਾ ਜੀ ਦਾ ਜ਼ਿਹੜਾ ਨਵਾਂ ਸਾਲ ਚੜ੍ਹਿਆ ਹੈ, ਉਨ੍ਹਾਂ ਦੇ ਮਾਣ ਵਿਚ ਉਨ੍ਹਾਂ ਦੇ ਪਿੰਡ ਭਕਨਾ ਜ਼ਿਲਾ ਅੰਮ੍ਰਿਤਸਰ ਵਿਚ ਹੀ ਮਨਾਇਆ ਜਾਵੇਗਾ। ਮੈਨੂੰ ਉਮੀਦ ਹੈ ਕਿ ਪੰਜਾਬ ਸਰਕਾਰ ਉਸਦੇ ਵਿਚ ਮੁਨਾਸਬ ਸਹਿਯੋਗ ਦੇਵੇਗੀ । ਬਾਕੀ ਮਹਾਂਪੁਰਸ਼ ਸਜਣ ਜਿਨ੍ਹਾ ਦੀ ਜ਼ਿੰਦਗੀ ਬਾਰੇ ਲੀਡਰ ਆਫ਼ ਦੀ ਹਾਊਸ ਅਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਰੋਸ਼ਨੀ ਪਾਈ ਹੈ ਅਤੇ ਦਸਿਆ ਹੈ ਕਿ ਉਨ੍ਹਾਂ ਦੀ ਮ੍ਰਿਤੂ ਨਾਲ ਪੰਜਾਬ ਦਾ ਬੜਾ ਨੁਕਸਾਨ ਹੋਇਆ ਹੈ, ਮੈਂ ਉਨ੍ਹਾਂ ਦੇ ਜਜ਼ਬਾਤ ਨਾਲ ਆਪਣੇ ਆਪ ਨੂੰ ਅਤੇ ਆਪਣੀ ਪਾਰਟੀ ਨੂੰ ਸ਼ਾਮਲ ਕਰਦਾ ਹਾਂ ਤੇ ਆਪਣੀ ਸੀਟ ਲੈਂਦਾ ਹਾਂ ।

**चौधरी बलबीर सिंह** (होशयारपुर) : अध्यक्ष महोदय, जो प्रस्ताव लीडर आफ दी हाऊस तथा लीडर आफ दी आपोज़ीशन ने रखा है मैं उस का स्वागत करता हूं । वे सभी महांपुरुष जंगे-आज़ादी के महान नेता थे। मैं सभी को तो पूरी तरह से नहीं जानता, लेकिन बाबा सोहन सिंह भकना और डा० सम्पूर्णा नन्द जी को अच्छी तरह जानता हूं कि वे हिन्दुस्तान की जंगे-आज़ादी के बहुत बड़े जरनैल थे । अफसोस की बात तो यह है कि हमारे मुल्क में मरने के बाद ही किसी की कद्र होती है। जब वे ज़िन्दा होते हैं तो उनको कोई पूछता ही नहीं, और जब वे मर जाते हैं तो उन को केवल पूजते ही नहीं बल्कि श्राद्ध भी करते हैं। (विघन)

वे लोग जो जंगे-आज़ादी में उन के साथ नहीं थे, उन को तो पता ही नहीं था, लेकिन जो लोग उन के साथ थे उन्हों ने भी उनकी कभी परवाह नही की, क्योंकि वे उन के हम ख्याल नहीं थे। आओ आज भी वक्त है कि उन के मरने के बाद उन से कुछ सबक लें। क्योंकि चन्द ही ऐसे लोग होते हैं जो ज़माने में यादगार बन कर रह जाते हैं ।

Original with;
Punjab Vidhan Sabha
Digitized by;
Panjab Digital Library

उन लोगों के परिवारों का सरकार को पूरा पूरा ख्याल रखना चाहिए। अगर ऐसे ही और लोग खुद इस समय ज़िन्दा हैं तो उन को पूरी पूरी सहूलियात देनी चाहिएं और जो ज़िन्दा नहीं हैं, स्वर्गवास हो गये हैं, उन को ऐसी श्रद्धांजलियां भेंट करने से अच्छा है कि उन के बच्चों और खानदान को मदद की जाये।

बाबा सोहन सिंह भकना, उस वक्त जब कि आज़ादी का नाम लेना जुर्म था, अमरीका में गदर पार्टी की बुनियाद रखने वालों में से एक थे। वहां से जब वे हिन्दुस्तान में आये तो उन्होंने अपनी ज़िन्दगी का बेहतरीन हिस्सा अंग्रेज़ों से लड़ाई में गुज़ार दिया।

डा० सम्पूर्णा नन्द आरम्भ में सोशलिस्ट पार्टी के महान नेता थे। 1947 तक वे कांग्रेस सोशलिस्टिक फोर्म में रहे। 1948 में वे कांग्रेस पार्टी में रहे और देश के प्रबन्ध में उन्होंने एक बहुत बड़ा हिस्सा लिया। वे एक उच्चकोटि के लेखक और नेता थे।

यु० पी० की पालिटिक्स में जितनी देर रहे, उन के सियासी मुखालफों ने उन पर कभी कोई इलज़ाम नहीं लगाया। इस युग में भी, भ्रष्टाचार का कोई ख्याल तक भी उनके साथ वाबस्ता नहीं था।

यह दोनों हिन्दुस्तान को जंगे-आज़ादी के बहुत बड़े जरनैल थे। उन को और उन के उनके परिवारों को जो लोडर आफ दी हाऊस ने प्रस्ताव भेजने की तहरीक की है, मैं उस के साथ सहमत हूं और बाकी दूसरे नेताओं को श्रद्धांजली भेंट करते हुए बैठता हूं।

**ਸਰਦਾਰ ਕਿਰਪਾਲ ਸਿੰਘ :** (ਅੰਮ੍ਰਿਤਸਰ ਦੱਖਣ) ਸਪੀਕਰ ਸਾਹਿਬ, ਜੋ ਤਹਿਰੀਕ ਚੀਫ ਮਨਿਸਟਰ ਸਾਹਿਬ ਨੇ ਪੇਸ਼ ਕੀਤੀ ਹੈ ਮੈਂ ਉਸਦੀ ਤਾਈਦ ਕਰਦਾ ਹਾਂ। ਇਹ ਇਕ ਬੜੀ ਅਫਸੋਸਨਾਕ ਗਲ ਹੈ ਕਿ ਹਿੰਦੁਸਤਾਨ ਦੇ ਬੜੇ ਪੁਰਾਣੇ ਅਤੇ ਮਹਾਨ ਨੇਤਾ ਜਿਨ੍ਹਾਂ ਦੇ ਮੋਢਿਆਂ ਤੇ ਦੇਸ਼ ਦੀ ਜ਼ਿਮੇਵਾਰੀ ਦਾ ਬੋਝ ਰਿਹਾ ਹੈ, ਉਹ ਅਜ ਸਾਡੇ ਵਿਚ ਮੌਜੂਦ ਨਹੀਂ ਹਨ। ਜਿਹੜੇ ਇਸ ਦੇਸ਼ ਦੇ ਰਖਵਾਲੇ ਰਹੇ ਹਨ ਅਤੇ ਜਿਨ੍ਹਾਂ ਦੀ ਮਿਹਨਤ ਦਾ ਸਦਕਾ ਅੱਜ ਅਸੀਂ ਆਪਣਾ ਸਿਰ ਉਚੱਾ ਕਰਕੇ ਚਲਦੇ ਹਾਂ ਉਹ ਸਾਥੋਂ ਵਿਛੜ ਗਏ ਹਨ। ਪਰ ਉਨ੍ਹਾਂ ਦੇ ਕਾਰਨਾਮੇ ਤੇ ਉਨ੍ਹਾਂ ਦੀ ਯਾਦ ਸਾਡੇ ਦਿਲ ਵਿਚ ਹਮੇਸ਼ਾ ਹਮੇਸ਼ਾ ਲਈ ਰਹੇਗੀ।

ਬਾਬਾ ਸੋਹਨ ਸਿੰਘ ਭਕਨਾ ਜੰਗੇ ਆਜ਼ਾਦੀ ਦੇ ਨੇਤਾ ਦੇਸ਼ ਤੋਂ ਦੂਰ ਸਿਰਫ ਰੋਟੀ ਕਮਾਣ ਲਈ ਗਏ ਸਨ ਤੇ ਉਥੇ ਉਨ੍ਹਾਂ ਦੇ ਦਿਲ ਵਿਚ ਹੁੱਬਲਵਤਨੀ ਦਾ ਜਜ਼ਬਾ ਪੈਦਾ ਹੋਇਆ ਤੇ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਇਕ ਤਹਿਰੀਕ ਪੈਦਾ ਕੀਤੀ। ਉਨ੍ਹਾਂ ਨੇ ਜੋ ਕੁਝ ਕੀਤਾ ਅਤੇ ਜਿਸ ਢੰਗ ਨਾਲ ਕੀਤਾ ਅਗਰ ਇਹ ਕਿਹਾ ਜਾਏ—

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਜੋ ਬਾਦਾਏਕਸ਼ ਥੇ ਪੁਰਾਣੇ ਵੁਹ ਉਠਤੇ ਜਾਤੇ ਹੈਂ
ਕਹੀਂ ਸੇ ਆਬੇ ਬਕਾਏ ਦਵਾਮ ਲਾ ਸਾਕੀ ॥

ਇਸ ਵਕਤ ਜੋ ਅਸੀਂ ਇਸ ਦੇਸ਼ ਵਿਚ ਮੌਜੂਦ ਹਾਂ ਅਤੇ ਖਾਸਕਰ ਜਿਨ੍ਹਾਂ ਨੇ ਸਸਤੇ ਨਾਰਿਆਂ ਨਾਲ ਕੁਰਸੀਆਂ ਸੰਭਾਲੀ ਰਖੀਆਂ ਅਤੇ ਇਸ ਦੇਸ਼ ਲਈ ਕੀਤਾ ਕੁਝ ਨਹੀਂ, ਉਨ੍ਹਾਂ ਲਈ ਹੋਰ ਵੀ ਜ਼ਿੰਮੇਵਾਰੀ ਦੀ ਗਲ ਹੈ ਕਿ ਉਨ੍ਹਾਂ ਨੂੰ ਜੋ ਹੁਣ ਮੌਕਾ ਮਿਲਿਆ ਹੈ ਉਹ ਇਸ ਤੋਂ ਫਾਇਦਾ ਉਠਾ ਕੇ ਇਸ ਮੁਲਕ ਦੀ ਤਾਰੀਖ ਵਿਚ ਆਪਣਾ ਨਾਮ ਲਿਖਵਾ ਲੈਣ । ਜਿਨ੍ਹਾਂ ਨੇ ਪਹਿਲਾਂ ਇਸ ਤਰ੍ਹਾਂ ਨਾਮ ਲਿਖਵਾਇਆ ਹੈ ਅਸੀਂ ਉਨ੍ਹਾਂ ਦੇ ਚਰਨਾਂ ਵਿਚ ਸੀਸ ਨਿਵਾਉਂਦੇ ਹਾਂ । ਜ਼ਿੰਦਗੀ ਕਿਸੇ ਨਾਲ ਜਿਸਮਾਨੀ ਤੌਰ ਤੇ ਸਦਾ ਵਫਾ ਨਹੀਂ ਕਰਦੀ :

ਹਰ ਨਫਸ ਉਮਰੇ ਗੁਜ਼ਸ਼ਤਾ ਕੀ ਹੈ ਮਈਅਤ ਫਾਨੀ
ਜ਼ਿੰਦਗੀ ਨਾਮ ਹੈ ਮਰ ਮਰ ਕੇ ਜੀਏ ਜਾਨੇ ਕਾ ।

ਅਸਲ ਵਿਚ ਉਹੀ ਲੋਕ ਜ਼ਿੰਦਾ ਰਹਿੰਦੇ ਹਨ ਜੋ ਕੁਝ ਚੰਗਾ ਕੰਮ ਕਰ ਜਾਂਦੇ ਹਨ । ਜਿਨ੍ਹਾਂ ਨੇ ਕੁਝ ਨਹੀਂ ਕੀਤਾ ਉਨ੍ਹਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਬੜੀ ਖੂਬਸੂਰਤ ਗਲ ਕਹੀ ਹੈ । ਉਹ ਕਰਮਹੀਨ ਅਤੇ ਸੁਸਤ ਕਿਸਮ ਦੇ ਆਦਮੀਆਂ ਤੇ ਲਾਗੂ ਹੁੰਦੀ ਹੈ :

ਕਬਹੂੰ ਰਣ ਜੂਝਿਉ ਨਾਹੀਂ
ਕੁੱਝ ਦੇ ਜਸ ਨਹੀਂ ਲੀਨ,
ਗਾਂਉ ਬਸਤ ਜਾਨਿਉ ਨਹੀਂ
ਜਮ ਸੌਂ ਕਿਨ ਕਹਿ ਦੀਨ ।

ਨਾ ਇਹ ਆਦਮੀ ਮੈਦਾਨੇ ਜੰਗ ਵਿਚ ਲੜਿਆ, ਨਾ ਇਸ ਨੇ ਦਾਨ ਹੀ ਕੀਤਾ ਨਾ ਪਿੰਡ ਦੇ ਲੋਕ ਹੀ ਇਸ ਨੂੰ ਜਾਣਦੇ ਸਨ ਤਾਂ ਫਿਰ ਜਮ ਨੂੰ ਕਿਸ ਨੇ ਇਸ ਬਾਰੇ ਖਬਰ ਦੇ ਦਿੱਤੀ ਕਿ ਇਸ ਨੂੰ ਲੈ ਜਾ । ਇਹ ਜੋ ਬਜ਼ੁਰਗ ਸਨ ਇਨ੍ਹਾਂ ਨੂੰ ਮੌਕਾ ਮਿਲਿਆ ਅਤੇ ਇਹ ਦੇਸ਼ ਦੀ ਆਜ਼ਾਦੀ ਲਈ, ਗਰੀਬ ਜਨਤਾ ਲਈ ਲੜੇ ਅਤੇ ਆਖਰੀ ਦਮ ਤਕ ਆਪਣੀ ਗਲ ਤੇ ਅੜੇ ਰਹੇ । ਸਾਨੂੰ ਉਨ੍ਹਾਂ ਤੋਂ ਇਨਸਪਾਇਰ ਹੋਣਾ ਚਾਹੀਦਾ ਹੈ ਕਿ ਅਸੀਂ ਵੀ ਆਪਣੀਆਂ ਜ਼ਿੰਦਗੀਆਂ ਵਿਚ ਕੁਝ ਚੰਗਾ ਕਰ ਸਕੀਏ । ਸਾਨੂੰ ਅਗਰ ਮੌਕਾ ਮਿਲੇ ਤਾਂ ਅਸੀਂ ਦੇਖੀਏ ਕਿ ਅਸੀਂ ਕੀ ਕਰ ਰਹੇ ਹਾਂ । ਜੋ ਕੁਝ ਕਰ ਰਹੇ ਹਾਂ ਉਸ ਵਿਚ ਦੇਸ਼ਭਗਤੀ ਕਿੰਨੀ ਹੈ, ਖੁਦਗਰਜ਼ੀ ਕਿੰਨੀ ਹੈ ਅਤੇ ਫਰਜ਼ਸ਼ਨਾਸੀ ਕਿੰਨੀ ਹੈ ਅਤੇ ਇਨਸਾਫ ਦੀ ਭਾਵਨਾ ਕਿੰਨੀ ਹੈ । ਅਗਰ ਅਸੀਂ ਇਹ ਦੇਖਾਂਗੇ ਤਾਂ ਅਸੀਂ ਇਨ੍ਹਾਂ ਨੇਤਾਵਾਂ ਨੂੰ ਜ਼ਿੰਦਾ ਰਖ ਸਕਾਂਗੇ । ਵੈਸੇ ਕੋਈ ਆਦਮੀ ਨਹੀਂ ਮਰਦਾ, ਮਰਦਾ ਉਦੋਂ ਹੈ ਜਦੋਂ ਅਸੀਂ ਉਹਨੂੰ ਭੁਲ ਜਾਂਦੇ ਹਾਂ । ਅਸੀਂ ਕਰਮਸ਼ਲ ਬਣਕੇ ਉਨ੍ਹਾਂ ਨੂੰ ਜ਼ਿੰਦਾ ਰਖ ਸਕਦੇ ਹਾਂ । ਅਸੀਂ ਇਨ੍ਹਾਂ ਬਜ਼ੁਰਗਾਂ ਦੀ ਹੀ ਬਦੌਲਤ ਅਜ ਆਜ਼ਾਦੀ ਦੀ ਹਵਾ ਵਿਚ ਸਾਹ ਲੈ ਰਹੇ ਹਾਂ, ਗਰਦਨ ਉਚੀ ਕਰ ਕੇ ਚਲਦੇ ਹਾਂ । ਇਸ ਲਈ ਇਨ੍ਹਾਂ ਬਜ਼ੁਰਗਾਂ ਅਗੇ ਸੀਸ ਨਿਵਾਂਦਾ ਹੋਇਆ ਮੈਂ ਇਸ ਰੈਜ਼ੋਲਿਯੂਸ਼ਨ ਦੀ ਤਾਈਦ ਕਰਦਾ ਹਾਂ ਅਤੇ ਪ੍ਰਾਰਥਨਾ ਕਰਦਾ ਹਾਂ ਕਿ ਸਤਗੁਰੂ ਸਾਨੂੰ ਇਨ੍ਹਾਂ ਦੇ ਨਕਸ਼ੇਕਦਮ ਤੇ ਚਲਣ ਦਾ ਬਲ ਬਖਸ਼ੇ ਅਤੇ ਅਸੀਂ ਇਕ ਜ਼ਿੰਦਾ ਕੌਮ ਦੀ ਤਰ੍ਹਾਂ ਜ਼ਿੰਦਾ ਰਹੀਏ ।

**ਸ਼੍ਰੀ ਸਪੀਕਰ :** ਮੈਂਬਰ ਸਾਹਿਬਾਨ, ਇਥੇ ਮੁਖ ਮੰਤਰੀ ਜੀ, ਲੀਡਰ ਆਫ ਦੀ

Original with;
Punjab Vidhan Sabha
Digitized by;
Panjab Digital Library

ਆਪੋਜ਼ੀਸ਼ਨ, ਡਾਂਗ ਸਾਹਿਬ ਅਤੇ ਹੋਰ ਆਨਰੇਬਲ ਮੈਂਬਰ ਸਾਹਬਾਨ ਨੇ ਜੋ ਸ਼ੋਕ ਮਈ ਵਿਚਾਰ ਰਖੇ ਹਨ ਉਨ੍ਹਾਂ ਮਹਾਨ ਵਿਅਕਤੀਆਂ ਬਾਰੇ ਜਿਨ੍ਹਾਂ ਨੇ ਕਿ ਇਸ ਦੇਸ਼ ਲਈ ਬਹੁਤ ਵਡਾ ਕੰਮ ਕੀਤਾ, ਇਸ ਦੇਸ਼ ਦੀ ਆਜ਼ਾਦੀ ਵਿਚ ਬਹੁਤ ਵਡਾ ਹਿੱਸਾ ਪਾਇਆ, ਸਾਡੇ ਲਈ ਉਚੱ ਅਤੇ ਸੁਚਾ ਰਾਹ ਦਸਿਆ, ਮੈਂ ਉਨ੍ਹਾਂ ਬਾਰੇ ਇਥੇ ਪਰਗਟ ਕੀਤੇ ਗਏ ਸ਼ੋਕਮਈ ਵਿਚਾਰਾਂ ਵਿਚ ਸ਼ਾਮਲ ਹੁੰਦਾ ਹਾਂ। ਮੈਂ ਹਾਉਸ ਦੀ ਆਗਿਆ ਨਾਲ ਇਹ ਕਹਾਂਗਾ ਕਿ ਇਸ ਹਾਉਸ ਨੇ ਆਪਣੇ ਇਨ੍ਹਾਂ ਮੁਅਜ਼ਿਜ਼ ਨੇਤਾਵਾਂ ਬਾਰੇ ਜੋ ਵਿਚਾਰ ਪਰਗਟ ਕੀਤੇ ਹਨ ਇਹ ਉਨ੍ਹਾਂ ਦੀਆਂ ਫੈਮੇਲੀਜ਼ ਪਾਸ ਪਹੁੰਚਾ ਦਿਤੇ ਜਾਣ। ਨਾਲ ਹੀ ਇਹ ਵੀ ਬੇਨਤੀ ਕਰਾਂਗਾ ਕਿ ਅਸੀਂ ਸਾਰੇ ਦੋ ਮਿੰਟ ਲਈ ਖੜੇ ਹੋਕੇ ਪਰਮਾਤਮਾ ਅਗੇ ਬੇਨਤੀ ਕਰੀਏ ਕਿ ਉਹ ਇਨ੍ਹਾਂ ਵਿਛੜੀਆਂ ਹੋਈਆਂ ਰੂਹਾਂ ਨੂੰ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

(ਇਸ ਸਮੇਂ ਸਦਨ ਦੇ ਸਾਰੇ ਮੈਂਬਰ ਦੋ ਮਿਨਟ ਲਈ ਖਾਮੋਸ਼ ਖੜੇ ਹੋ ਗਏ।)

(References have been made to the sad demise of some great personalities who took such a leading part in the struggle for the emancipation of the motherland and have shown us the true and glorious path to follow. The Chief Minister, the Leader of the Opposition, Dang Sahib and several other Members have paid their tributes in their sacred memory and I associate myself with the sentiments expressed by them. With the permission of the House, I would submit that it would be in the fitness of things, if sentiments expressed on the sad demise of the respected leaders are conveyed to their respective families. The Members are requested to kindly rise in their seats for a couple of minutes and pray to Almighty to grant peace to the departed souls and fortitude to the members of their families to bear the great loss.)

---

## DISCUSSION ON GOVERNOR'S ADDRESS.

**Mr. Speaker** : I call upon Sardar Balwant Singh to move the motion of thanks to the Governor for his Address.

**ਸਰਦਾਰ ਬਲਵੰਤ ਸਿੰਘ** : (ਨੂਰਮਹਿਲ) ਸਪੀਕਰ ਸਾਹਿਬ, ਮੈਂ ਆਪ ਦੀ ਆਗਿਆ ਨਾਲ ਹੇਠ ਲਿਖੇ ਸ਼ਬਦਾਂ ਵਿਚ ਰਾਜਪਾਲ ਸਾਹਿਬ ਦੇ ਧੰਨਵਾਦ ਲਈ ਮਤਾ ਪੇਸ਼ ਕਰਦਾ ਹਾਂ :

ਇਸ ਸਮਾਗਮ ਵਿਚ ਇਕਤੱਰ ਹੋਏ ਵਿਧਾਨ ਸਭਾ ਦੇ ਮੈਂਬਰ ਉਸ ਭਾਸ਼ਨ ਲਈ ਰਾਜਪਾਲ ਦੇ ਅਤੀ ਧੰਨਵਾਦੀ ਹਨ ਜੋ ਉਨ੍ਹਾਂ ਨੇ 14-3-69 ਨੂੰ ਰਾਜ-ਵਿਧਾਨ ਮੰਡਲ ਦੇ ਇਕਠੇ ਹੋਏ ਦੋਹਾਂ ਸਦਨਾਂ ਨੂੰ ਦੇਣ ਦੀ ਕਿਰਪਾ ਕੀਤੀ।

ਸਪੀਕਰ ਸਾਹਿਬ ਮੈਂ ਆਪ ਨੂੰ ਥੋੜਾ ਜਿਹਾ ਪਿਛੇ ਲੈ ਜਾਣਾ ਚਾਹੁੰਦਾ ਹਾਂ। ਇਥੇ 1967 ਵਿਚ ਜੋ ਆਮ ਚੋਣਾਂ ਹੋਈਆਂ ਉਹ ਬੜੀਆਂ ਮਹਤਵਪੂਰਨ ਸਨ। ਪੰਜਾਬ ਦੀ ਜਨਤਾ ਦੀ ਇਹ ਫੀਲਿੰਗ ਸੀ ਕਿ ਇਥੇ ਫਿਰ ਕਾਂਗਰਸ ਦੀ ਹੀ ਸਰਕਾਰ ਬਣੇਗੀ। ਇਸ ਗਲ ਦੇ ਬਾਵਜੂਦ ਕਿ ਕਾਂਗਰਸ ਪਾਰਟੀ ਪਾਸ ਸਾਰੇ ਦੇਸ਼ ਦਾ ਸਰਮਾਇਆ ਸੀ। ਸਾਰੇ ਰਿਸੋਰਸਿਜ਼ ਸਨ,

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਸਾਰੇ ਵਡੇ ਵਡੇ ਨੇਤਾ ਇਥੇ ਆਏ, ਫਿਰ ਵੀ ਪੰਜਾਬ ਦੇ ਲੋਕਾਂ ਨੇ ਕਾਂਗਰਸ ਨੂੰ ਰੀਜੈਕਟ ਕੀਤਾ ਅਤੇ ਆਪੋਜ਼ੀਸ਼ਨ ਦੀਆਂ ਪਾਰਟੀਆਂ ਨੇ ਸਰਦਾਰ ਗੁਰਨਾਮ ਸਿੰਘ ਦੀ ਲੀਡਰਸ਼ਿਪ ਹੇਠਾਂ ਮਿਲਕੇ ਸਰਕਾਰ ਬਣਾਈ। ਮੈਂ ਮਹਿਸੂਸ ਕਰਦਾ ਹਾਂ ਕਿ ਉਹ ਕੋਈ ਬਹੁਤੀ ਮਜ਼ਬੂਤ ਸਰਕਾਰ ਨਹੀਂ ਸੀ ਕਿਉਂਕਿ ਆਪੋਜ਼ੀਸ਼ਨ ਅਤੇ ਸਰਕਾਰੀ ਬੈਂਚਾਂ ਦੀ ਗਿਣਤੀ ਵਿਚ ਕੋਈ ਜ਼ਿਆਦਾ ਫਰਕ ਨਹੀਂ ਸੀ। ਉਹ ਸਰਕਾਰ ਕੇਵਲ 8 ਮਹੀਨੇ ਟਿਕ ਸਕੀ, ਉਸ ਨੇ ਆਪਣੇ ਇਨ੍ਹਾਂ 8 ਮਹੀਨਿਆਂ ਵਿਚ ਜੋ ਕੰਮ ਕੀਤੇ ਉਹ ਵਰਨਣਯੋਗ ਹਨ। ਮਿਸਾਲ ਦੇ ਤੌਰ ਤੇ ਉਸ ਸਰਕਾਰ ਨੇ ਟੈਕਸ਼ੇਸ਼ਨ ਦੇ ਸਿਲਸਿਲੇ ਵਿਚ, ਰੈਵੇਨਯੂ ਅਤੇ ਤਰੱਕੀ ਦੇ ਸਿਲਸਿਲੇ ਵਿਚ ਬਹੁਤ ਵਡੇ ਕੰਮ ਕੀਤੇ। ਖਾਸ ਤੌਰ ਤੇ ਮੈਂ ਟੈਕਸਾਂ ਬਾਰੇ ਦਸਣਾ ਚਾਹੁੰਦਾ ਹਾਂ ਜੋ ਮਾਸਟਰ ਜੀ ਨੇ ਲਾਏ ਸਨ। (ਵਿਘਨ) ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਫਰੰਟ ਸਰਕਾਰ ਨੇ ਉਨ੍ਹਾਂ 8 ਮਹੀਨਿਆਂ ਵਿਚ ਲੋਕਾਂ ਦੇ ਸਿਰ ਤੋਂ 33 ਕਰੋੜ ਰੁਪਏ ਦਾ ਭਾਰ ਲਾਹਿਆ। ਆਪ ਇਹ ਸੁਣਕੇ ਹੈਰਾਨ ਹੋਵੋਗੇ ਕਿ ਇਨ੍ਹਾਂ ਨੇ ਪੰਜਾਬ ਨੂੰ ਅਜਿਹਾ ਰਾਜ ਬਣਾ ਛਡਿਆ ਸੀ ਜਿਸ ਵਿਚ ਸਭ ਤੋਂ ਵਧ ਪਰ ਕੈਪੀਟਾ ਟੈਕਸ ਸੀ। ਇਹ ਟੈਕਸ 39 ਰੁਪਏ ਸੀ ਪਰਤੀ ਸੀ। ਆਪਣੇ 20 ਸਾਲਾਂ ਦੇ ਰਾਜ ਵਿਚ ਜਦ ਵੀ ਸੈਸ਼ਨ ਹੁੰਦਾ ਸੀ ਇਹ ਲੋਕਾਂ ਤੇ ਟੈਕਸ ਹੀ ਲਦਦੇ ਰਹੇ। (ਵਿਘਨ) ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਫਰੰਟ ਸਰਕਾਰ ਨੇ ਪ੍ਰੋਫੈਸ਼ਨਲ ਟੈਕਸ ਹਟਾਇਆ ਜੋ ਇਨ੍ਹਾਂ ਨੇ ਇਸ ਲਈ ਲਾਇਆ ਹੋਇਆ ਸੀ ਕਿ ਕੋਈ ਆਪਣੇ ਕੰਮਕਾਰ ਵਿਚ ਤਰੱਕੀ ਨਾ ਕਰ ਸਕੇ। ਅਸੀਂ ਪ੍ਰਾਪ੍ਰਟੀ ਟੈਕਸ ਹਟਾਇਆ, ਜਿਸ ਦੇ ਦੁਖੋਂ ਲੋਕਾਂ ਨੇ ਸ਼ਹਿਰਾਂ ਵਿਚ ਮਕਾਨ ਬਣਾਉਣੇ ਹੀ ਛਡ ਦਿਤੇ ਸਨ। ਉਸ ਦਾ 81 ਲਖ ਰੁਪਿਆ ਛਡਿਆ। ਉਹ ਗਲ ਵਖਰੀ ਹੈ ਕਿ ਦੂਜੀ ਸਰਕਾਰ ਨੇ ਉਹ ਫਿਰ ਲਾ ਦਿਤਾ। ਅਸੀਂ ਬੈਟਰ-ਮੈਂਟ ਲੇਵੀ ਛਡੀ ਜਿਸ ਦੇ ਖਿਲਾਫ ਲੋਕਾਂ ਵਲੋਂ ਇਕ ਵਡੀ ਮੂਵਮੈਂਟ ਹੋਈ, ਜਿਸ ਦੇ ਵਾਸਤੇ ਹਜ਼ਾਰਾਂ ਕਿਸਾਨਾਂ ਨੂੰ ਜੇਲ੍ਹਾਂ ਵਿਚ ਜਾਣਾ ਪਿਆ। 5 ਕਿੱਲਿਆਂ ਤੇ ਮਾਮਲਾ ਛਡਿਆ ਅਤੇ ਸਹੀ ਮਹਿਨਿਆਂ ਵਿਚ ਸਮਾਜਵਾਦੀ ਨਜ਼ਾਮ ਕਾਇਮ ਕਰਨ ਦੀ ਕੋਸ਼ਿਸ਼ ਕੀਤੀ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਯੂਨਾਈਟਿਡ ਫਰੰਟ ਦੀ ਸਰਕਾਰ ਪਹਿਲੀ ਸਰਕਾਰ ਸੀ ਸਾਰੇ ਦੇਸ਼ ਵਿਚੋਂ, ਜਿਸ ਨੇ ਕਿ ਸਕੂਲ ਟੀਚਰਾਂ ਅਤੇ ਸਰਕਾਰੀ ਮੁਲਾਜ਼ਮਾਂ ਵਲ ਧਿਆਨ ਦਿਤਾ। ਉਨ੍ਹਾਂ ਦੀਆਂ ਤਨਖਾਹਾਂ ਵਧਾ ਦਿਤੀਆਂ ਅਤੇ ਉਨ੍ਹਾਂ ਨੂੰ ਵਧ ਤੋਂ ਵਧ ਸਹੂਲਤਾਂ ਦਿਤੀਆਂ ਅਤੇ ਉਨ੍ਹਾਂ ਨੂੰ ਸਮਾਜ ਵਿਚ ਅਗੇ ਲਿਆਉਣ ਦਾ ਯਤਨ ਕੀਤਾ। ਫਿਰ ਪੰਜਾਬ ਪਹਿਲੀ ਸਟੇਟ ਸੀ ਅਤੇ ਯੂਨਾਈਟਿਡ ਫਰੰਟ ਦੀ ਸਰਕਾਰ ਪਹਿਲੀ ਸਰਕਾਰ ਸੀ ਜਿਸਨੇ ਕਣਕ ਦਾ ਭਾ ਵਧਣ ਨਾ ਦਿਤਾ। ਉਸ ਸਮੇਂ ਬਾਕੀ ਕਈ ਰਾਜਾਂ ਵਿਚ 150 ਤੋਂ 200 ਰੁਪਏ ਕਵਿੰਟਲ ਕਣਕ ਦਾ ਭਾ ਸੀ (ਵਿਘਨ)

**ਚੌਧਰੀ ਤੁਲਸੀ ਰਾਮ ਚੌਹਾਨ :** ਤੁਸੀਂ ਆਪਣਾ ਮੁਲ ਵੀ ਦਸ ਦੇਣਾ ਕਿ ਕਿੰਨਾ ਹੈ, ਤਾਰੀਫ਼ ਫਰੰਟ ਸਰਕਾਰ ਦੀ ਕਰੀ ਜਾਂਦੇ ਹੋ। (ਵਿਘਨ)

**ਸਰਦਾਰ ਬਲਵੰਤ ਸਿੰਘ :** ਮੈਂ ਆਪਣਾ ਮੁੱਲ ਵੀ ਦਸ ਦਿਆਂਗਾ ਅਤੇ ਨਾਲ ਤੁਹਾਡਾ ਵੀ ਦਸ ਦਿਆਂਗਾ ਕਿਉਂਕਿ ਤੁਸੀਂ ਨਵੇਂ ਆਏ ਹੋ (ਵਿਘਨ)

Original with;
Punjab Vidhan Sabha
Digitized by;
Panjab Digital Library

ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਫਰੰਟ ਦੀ ਸਰਕਾਰ ਨੇ ਸਿੰਗਲ ਸਟੇਟ ਫੂਡ ਜ਼ੋਨ ਬਣਾਇਆ ਅਤੇ ਇਸ ਤਰ੍ਹਾਂ ਖੁਰਾਕ ਦੇ ਸਬੰਧ ਵਿਚ ਇਕ ਠੋਸ ਪਾਲਿਸੀ ਅਪਣਾਈ ਅਤੇ ਜਿੰਨਾ ਚਿਰ ਫਰੰਟ ਦੀ ਸਰਕਾਰ ਰਹੀ ਇਸ ਪਾਲਿਸੀ ਨੂੰ ਕਾਇਮ ਰਖਿਆ। 80 ਰੁਪਏ ਕਵਿੰਟਲ ਕਣਕ ਦਾ ਭਾ ਕਾਇਮ ਕੀਤਾ ਅਤੇ ਇਸ ਭਾ ਨੂੰ ਸਾਰਾ ਸਾਲ ਕਾਇਮ ਰਖਿਆ। ਸਾਡੇ ਗਵਾਂਢੀ ਪ੍ਰਾਂਤ ਹਿਮਾਚਲ ਪ੍ਰਦੇਸ਼ ਵਿਚ ਭਾ 150 ਤੋਂ 250 ਰੁਪਏ ਕਵਿੰਟਲ ਤਕ ਚਲਾ ਗਿਆ ਪਰ ਇਥੇ 80 ਤੋਂ ਵਧਣ ਨਹੀਂ ਦਿਤਾ ਗਿਆ। ਮੈਂ ਇਥੇ ਇਹ ਵੀ ਕਹਾਂਗਾ ਕਿ ਇਹ ਸਰਕਾਰ ਹੁਣ ਵੀ ਇਸ ਗਲ ਲਈ ਤਿਆਰ ਹੈ ਕਿ ਅਸੀਂ ਭਾ ਵਧਣ ਨਹੀਂ ਦਿਆਂਗੇ ਉਸ ਭਾ ਤੋਂ ਜੋ ਮੁਕਰੱਰ ਕੀਤਾ ਗਿਆ। ਫਰੰਟ ਦੀ ਸਰਕਾਰ ਨੇ ਐਗਰੀਕਲਚਰ ਨੂੰ ਸਾਊਂਡ ਫੁਟਿੰਗ ਤੇ ਲਿਆਂਦਾ ਹੈ। ਇਸ ਸਾਰੇ ਕੰਮ ਲਈ 40 ਕਰੋੜ ਰੁਪਏ ਦੀ ਖਾਦ ਪੰਜਾਬ ਵਿਚ ਵੰਡੀ ਗਈ ਅਤੇ ਇਸੇ ਕਰਕੇ ਜਦੋਂ ਸਰਦਾਰ ਲਛਮਣ ਸਿੰਘ ਦੀ ਅਗਲੇ ਸਾਲ ਹਕੂਮਤ ਆਈ ਤਾਂ ਕਰਾਪ ਦਾ ਬੂਮ ਪੀਰੀਅਡ ਰਿਹਾ ਅਤੇ ਪੰਜਾਬ ਦੇ ਲੋਕਾਂ ਨੂੰ ਇਸ ਫਰੰਟ ਦੀ ਸਰਕਾਰ ਵਲੋਂ ਚੁਕੇ ਗਏ ਕਦਮਾਂ ਨਾਲ ਲਾਭ ਹੋਇਆ।

ਫਿਰ ਫਰੰਟ ਦੀ ਸਰਕਾਰ ਨੇ ਭੱਠਾ ਮਜ਼ਦੂਰਾਂ ਦੀ ਉਜਰਤ ਵਧਾ ਦਿਤੀ। ਪੰਜਾਬ ਵਿਚ ਫਰਟੇ-ਲਾਈਜ਼ਰ ਦਾ ਹੋਰ ਕਾਰਖਾਨਾ ਲਗਾਣ ਲਈ ਸਾਰੇ ਇੰਤਜ਼ਾਮ ਮੁਕੰਮਲ ਕੀਤੇ। ਇਨ੍ਹਾਂ ਸਾਰੀਆਂ ਗਲਾਂ ਨੂੰ ਵੇਖ ਕੇ ਜਨਤਾ ਨੇ ਕਾਂਗਰਸ ਦਾ ਸਾਥ ਛਡ ਦਿਤਾ ਅਤੇ ਕਾਂਗਰਸ ਦੇ ਦਫਤਰਾਂ ਵਿਚ ਉਲੂ ਬੋਲਣ ਲਗ ਪਏ। ਲੋਕ ਉਨ੍ਹਾਂ ਪਾਸ ਜਾਣੋ ਹਟ ਗਏ। (ਵਿਘਨ)

ਤੁਸੀਂ ਇਸ ਤਰ੍ਹਾਂ ਮੈਨੂੰ ਪ੍ਰੋਵੋਕ ਕਰ ਰਹੇ ਹੋ। ਅਸੀਂ ਇਹ ਵੇਖਿਆ ਕਿ ਲੋਕਾਂ ਨੇ ਇਨ੍ਹਾਂ ਖੱਦਰ ਭੰਡਾਰਾਂ ਤੇ ਜਾਣਾ ਛਡ ਦਿਤਾ। (ਵਿਘਨ)

**ਚੌਧਰੀ ਤੁਲਸੀ ਰਾਮ ਚੌਹਾਨ :** ਤੇ ਠੇਕਿਆਂ ਤੇ ਜਾਣਾ ਸ਼ੁਰੂ ਕਰ ਦਿਤਾ। (ਵਿਘਨ)

**ਸਰਦਾਰ ਬਲਵੰਤ ਸਿੰਘ :** ਮੈਨੂੰ ਪਤਾ ਹੈ ਕਿ ਠੇਕਿਆਂ ਤੇ ਕੌਣ ਜਾਂਦਾ ਹੈ ਅਤੇ ਦਿਨੇ ਜਾਂਦਾ ਹੈ ਜਾਂ ਰਾਤ ਨੂੰ। ਮੈਂ ਇਨ੍ਹਾਂ ਸਾਰਿਆਂ ਨੂੰ ਚੰਗੀ ਤਰ੍ਹਾਂ ਨਾਲ ਜਾਣਦਾ ਹਾਂ ਪਰ ਮੈਂ ਇਥੇ ਦਸਣਾ ਨਹੀਂ ਚਾਹੁੰਦਾ। (ਵਿਘਨ)

ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਕਾਂਗਰਸ ਦੇ ਦਫਤਰ ਬੰਦ ਹੋਣੇ ਸ਼ੁਰੂ ਹੋ ਗਏ। ਕਾਂਗਰਸ ਪਾਰਟੀ ਵਿਚ ਘਬਰਾਹਟ ਅਤੇ ਬੇਚੈਨੀ ਪੈਦਾ ਹੋ ਗਈ। ਇਸ ਘਬਰਾਹਟ ਨੂੰ ਦੂਰ ਕਰਨ ਲਈ ਇਨ੍ਹਾਂ ਨੇ ਸਰਗਰਮੀਆਂ ਸ਼ੁਰੂ ਕਰ ਦਿਤੀਆਂ ਅਤੇ ਮਨਸੂਬੇ ਬਨਾਣੇ ਸ਼ੁਰੂ ਕਰ ਦਿਤੇ। (ਚੌਧਰੀ ਸੁੰਦਰ ਸਿੰਘ ਵਲੋਂ ਵਿਘਨ) ਚੌਧਰੀ ਸੁੰਦਰ ਸਿੰਘ ਵੀ ਉਨ੍ਹਾਂ ਮਨਸੂਬੇ ਬਣਾਉਣ ਵਾਲਿਆਂ ਵਿਚ ਸਨ। ਸਾਡੀ ਪਾਰਟੀ ਵਿਚੋਂ ਮੌਕਾ ਤਾੜੂ ਲੋਕਾਂ ਅਤੇ ਕੁਝ ਖੁਦਗਰਜ਼ ਲੋਕਾਂ ਨੇ ਇਸ ਲਾਲਚ ਵਿਚ ਆ ਕੇ ਇਨ੍ਹਾਂ ਦਾ ਸਾਥ ਦਿਤਾ ਅਤੇ ਕਾਂਗਰਸ ਨੇ ਇਨ੍ਹਾਂ ਨੂੰ ਖਿਚ ਕੇ ਇਕ ਮਨਾਰਟੀ ਪਾਰਟੀ ਦੀ ਹਕੂਮਤ ਪੰਜਾਬ ਵਿਚ ਕਾਇਮ ਕਰ ਦਿਤੀ। (ਵਿਘਨ, ਸ਼ੋਰ)

**ਸਰਦਾਰ ਦਰਸ਼ਨ ਸਿੰਘ ਕੇ. ਪੀ. :** ਆਨ ਏ ਪੁਆਇੰਟ ਆਫ ਆਰਡਰ, ਸਰ। ਇਨ੍ਹਾਂ ਨੂੰ ਕਹੋ ਕਿ ਇਹ ਵੀ ਦਸ ਦੇਣ ਕਿ ਜੋ ਨਵਾਬ ਮਲੇਰਕੋਟਲਾ ਨੇ ਕਿਹਾ ਸੀ ਕਿ ਸਰਦਾਰ ਬਲਵੰਤ ਸਿਘ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ. ਪੀ.]

45 ਹਜ਼ਾਰ ਰੁਪਿਆ ਖਾ ਗਿਆ ਹੈ, ਉਹ ਠੀਕ ਸੀ। (ਵਿਘਨ) ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗਲਤ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਸਾਨੂੰ ਗਰਮੀ ਨਹੀਂ ਦਿਵਾਉਣੀ ਚਾਹੀਦੀ।

**ਸ਼੍ਰੀ ਸਪੀਕਰ :** ਇਹ ਤਾਂ ਕੋਈ ਪੁਆਇੰਟ ਆਫ ਆਰਡਰ ਨਹੀਂ। (This is no point of order.) (ਵਿਘਨ, ਸ਼ੋਰ)

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸਾਂ ਕਿ ਫਰੰਟ ਦੀ ਸਰਕਾਰ ਨੇ ਕੀ ਕੁਝ ਕੀਤਾ (ਵਿਘਨ) ਇਹ ਤਾਂ ਜਾਣ ਕੇ ਵਿਘਨ ਪਾਂਦੇ ਹਨ, ਜਦ ਇਨ੍ਹਾਂ ਦੀ ਵਾਰੀ ਆਏ ਇਹ ਜਵਾਬ ਦੇ ਲੈਣ। ਇਨ੍ਹਾਂ ਨੂੰ ਸ਼ਾਇਦ ਪਾਰਲੀਮੈਂਟਰੀ ਸਿਸਟਮ ਦਾ ਕੋਈ ਪਤਾ ਨਹੀਂ। (ਵਿਘਨ)

**ਸਰਦਾਰ ਦਰਸ਼ਨ ਸਿੰਘ ਕੇ. ਪੀ. :** ਇਨ੍ਹਾਂ ਨੂੰ ਚਾਹੀਦਾ ਹੈ ਕਿ ਕੋਈ ਦੇਸ਼ ਭਲਾਈ ਦੀ ਗਲ ਕਰਨ ਅਤੇ ਕੋਈ ਅਸੂਲ ਦੀ ਗਲ ਕਰਨ ਇਸ ਤਰ੍ਹਾਂ ਕਿਸੇ ਪਾਰਟੀ ਤੇ ਇਲਜ਼ਾਮ ਨਹੀਂ ਲਗਾਣਾ ਚਾਹੀਦਾ। ਕੋਈ ਦੇਸ਼ ਦੀ ਭਲਾਈ ਦਾ ਪ੍ਰੋਗਰਾਮ ਸਾਹਮਣੇ ਦੇਣ ਅਤੇ ਉਸ ਲਈ ਸਹਿਯੋਗ ਮੰਗਣ। (ਵਿਘਨ)

**Sardar Balwant Singh :** I do not give way, Sir.

**ਕਾਮਰੇਡ ਬਾਬੂ ਸਿੰਘ ਮਾਸਟਰ :** ਸਪੀਕਰ ਸਾਹਿਬ, ਬਹੁਤ ਵਿਘਨ ਪੈ ਰਿਹਾ ਹੈ। ਤੁਸੀਂ ਇਸ ਨੂੰ ਕੰਟ੍ਰੋਲ ਕਰੋ।

**ਸ਼੍ਰੀ ਮਨਮੋਹਨ ਕਾਲੀਆ :** ਕਿਉਂਕਿ ਲੀਡਰ ਆਫ ਦੀ ਅਪੋਜ਼ੀਸ਼ਨ ਹੈ ਨਹੀਂ ਇਸ ਲਈ ਇਹ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹਨ। (ਵਿਘਨ)

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ...... (ਵਿਘਨ)

**ਸਰਦਾਰ ਗੁਰਬੰਤਾ ਸਿੰਘ (ਕਰਤਾਰਪੁਰ, ਐਸ. ਸੀ.) :** ਆਨ ਏ ਪੁਆਇੰਟ ਆਫ ਆਰਡਰ ਸਰ। ਇਸ ਸਮੇਂ ਹਾਊਸ ਵਿਚ ਟ੍ਰੇਯਰੀ ਬੈਂਚਾਂ ਤੇ ਕੋਈ ਵੀ ਮਨਿਸਟਰ ਸਾਹਿਬ ਨਹੀਂ ਬੈਠੇ ਹੋਏ। ਇਸ ਲਈ ਹਾਊਸ ਦੀ ਕਾਰਵਾਈ ਨੂੰ ਅਗਾਂਹ ਨਹੀਂ ਚਲਾਇਆ ਜਾ ਸਕਦਾ ਜਦ ਤਕ ਕਿ ਕੋਈ ਵਜ਼ੀਰ ਹਾਊਸ ਵਿਚ ਹਾਜ਼ਰ ਨਹੀਂ ਹੋ ਜਾਂਦਾ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਇਹ ਜ਼ਰੂਰੀ ਹੈ ਕਿ ਮਨਿਸਟਰ ਹਾਊਸ ਵਿਚ ਹਾਜ਼ਰ ਹੋਣ। ਮਨਿਸਟਰ ਦਾ ਹੋਣਾ ਜ਼ਰੂਰੀ ਹੈ। (ਵਿਘਨ) (ਸ਼ੋਰ)

**ਸਰਦਾਰ ਗੁਰਬੰਤਾ ਸਿੰਘ :** ਸਪੀਕਰ ਸਾਹਿਬ, ਕ੍ਰਿਪਾ ਕਰੋ ਅਤੇ ਬਹਿਸ ਨੂੰ ਬੰਦ ਕਰਾ ਦਿਉ ਜਦ ਤਕ ਕਿ ਕੋਈ ਮਨਿਸਟਰ ਸਾਹਿਬ ਹਾਊਸ ਵਿਚ ਨਹੀਂ ਆ ਜਾਂਦੇ। (ਵਿਘਨ)

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ...(ਵਿਘਨ)

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ :** ਇਹ ਸਾਰੀ ਕਾਰਵਾਈ ਗਲਤ ਹੋਵੇਗੀ ਜਦ ਤਕ ਕਿ ਕੋਈ ਵਜ਼ੀਰ ਹਾਊਸ ਵਿਚ ਨਹੀਂ ਆ ਜਾਂਦੇ । (ਵਿਘਨ)

**चौधरी बलबीर सिंह :** On a point of order, Sir. आज स्पीकर साहिब, गवर्नर साहिब के ऐड्रैस पर बहस हो रही है और बजट के अलावा यही एक और मौका होता है जब कि मैंबर साहिबान अपने ख्यालात का इज़हार कर सकते हैं, अपने इलाका की मुश्किलात को हाऊस के सामने रख सकते हैं। इन्ही दो मौकों पर मैंबर साहिबान हाऊस को अपने अपने इलाकों के हालात के बारे में आगाह कर सकते हैं कि वहां पर क्या मुश्किलात हैं। यह प्रोप्राइटो की बात है कि हाऊस में सारे मिनिस्टर हाज़र होने चाहिए और अगर सारे न हो सकें तो एक तो हों। इस वक्त तो एक भी मिनिस्टर हाऊस में हाज़िर नहीं है और इस हाऊस की कनवेनशन भी यही है कि जब तक मिनिस्टर हाऊस में हाज़िर न हों, हाऊस की कोई कार्रवाई नहीं चल सकती।

इसके अलावा मैं यह भी दरख्वास्त करूंगा कि मिनिस्टर साहिबान को वारनिंग दी जाए कि हाऊस में पूरे तौर पर बैठा करें। तभी कानूनन भी हाऊस को ठीक ढंग से चलाया जा सकता है। (विघ्न)

**ਸਰਦਾਰ ਗੁਰਬੰਤਾ ਸਿੰਘ :** ਸਪੀਕਰ ਸਾਹਿਬ, ਕੋਈ ਕਾਰਵਾਈ ਨਹੀਂ ਹੋ ਸਕਦੀ, ਜਦ ਤਕ ਕਿ ਕੋਈ ਮਿਨਿਸਟਰ ਹਾਊਸ ਵਿਚ ਨਹੀਂ ਆ ਜਾਂਦਾ । ਤੁਸੀਂ ਇਸ ਮੇਰੇ ਪਾਇੰਟ ਤੇ ਆਪਣੀ ਰੂਲਿੰਗ ਦਿਉ । (ਵਿਘਨ)

**ਸਰਦਾਰ ਲਛਮਣ ਸਿੰਘ ਗਿਲ :** ਸਪੀਕਰ ਸਾਹਿਬ, ਇਥੇ ਇਨ੍ਹਾਂ ਨੂੰ ਐਡਮਾਨਿਸ਼ ਕਰਨ ਦਾ ਸਵਾਲ ਨਹੀਂ ਇਹ ਤਾਂ ਹਾਊਸ ਦੀ ਹਤਕ ਦਾ ਸਵਾਲ ਹੈ ਕਿ ਸਪੀਕਰ ਸਾਹਿਬ ਬੈਠੇ ਹੋਣ ਤੇ ਬਹਿਸ ਹੋ ਰਹੀ ਹੋਵੇ ਤਾਂ ਕੋਈ ਮਿਨਿਸਟਰ ਹਾਊਸ ਵਿਚ ਮੌਜੂਦ ਨਾ ਹੋਵੇ । ਇਹ ਤਾਂ ਸਰਕਾਰ ਵਲੋਂ ਕਰਾਈਮ ਕੀਤਾ ਗਿਆ ਹੈ ਅਤੇ ਸਾਰੀ ਸਟੇਟ ਦੀ ਤੌਹੀਨ ਕੀਤੀ ਗਈ ਹੈ । ਇਹ ਰਿਸ਼ਵਤਾਂ ਲੈ ਸਕਦੇ ਹਨ ਅਤੇ ਹੋਰ ਕੀ ਕੁਝ ਨਹੀਂ ਕਰਦੇ ਪਰ ਇਨ੍ਹਾਂ ਨੂੰ ਇਸ ਤਰ੍ਹਾਂ ਇਸ ਹਾਊਸ ਦੀ ਤੌਹੀਨ ਨਹੀਂ ਕਰਨੀ ਚਾਹੀਦੀ । ਹਾਊਸ ਇਕ ਮੁਕੱਦਸ ਅਦਾਰਾ ਹੈ ਅਤੇ ਇਸ ਵਿੱਚ ਪੰਜਾਬ ਦੀ ਡੇਢ ਕਰੋੜ ਜਨਤਾ ਵਲੋਂ ਚੁਣ ਕੇ ਆਏ ਮੈਂਬਰ ਬੈਠੇ ਹੋਣ ਅਤੇ ਮਿਨਿਸਟਰ ਨਾ ਬੈਠਣ ਤਾਂ ਇਸ ਤੋਂ ਵਡਾ ਜੁਰਮ ਕੀ ਹੋ ਸਕਦਾ ਹੈ । (ਵਿਘਨ ਸ਼ੋਰ) (ਇਸ ਸਮੇਂ ਦੋਹਾਂ ਪਾਸਿਆਂ ਤੋਂ ਕਈ ਮੈਂਬਰ ਉਠ ਕੇ ਖੜੇ ਹੋ ਗਏ) । (ਸ਼ੋਰ ਵਿਘਨ)

**ਸਰਦਾਰ ਗੁਰਬਚਨ ਸਿੰਘ :** ਤੇਰੇ ਹੁੰਦਿਆਂ ਇਸ ਹਾਊਸ ਵਿਚ ਪੁਲਿਸ ਆਈ ਉਦੋਂ ਹਾਊਸ ਦੀ ਤੌਹੀਨ ਕਿਥੇ ਸੀ । ਫਿਰ ਜਿਸ ਤਰ੍ਹਾਂ ਇਥੇ ਤੇਰੇ ਹੁੰਦਿਆਂ ਬਜਟ ਪਾਸ ਕਰਵਾਇਆ ਗਿਆ ਅਤੇ ਇਸ ਹਾਊਸ ਵਿਚ ਮੈਂਬਰਾਂ ਨਾਲ ਬਦਸਲੂਕੀ ਕੀਤੀ ਗਈ, ਉਸ ਵੇਲੇ ਤੈਨੂੰ ਹਾਊਸ ਦੀ ਇਜ਼ਤ ਦਾ ਖਿਆਲ ਨਹੀਂ ਸੀ (ਵਿਘਨ ਸ਼ੋਰ) ਅਜ ਹਾਊਸ ਦੀ ਇਜ਼ਤ ਦਾ ਖਿਆਲ ਆ ਗਿਆ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਮੈਂ ਇਸ ਮਾਮਲੇ ਬਾਰੇ ਅਪੋਜ਼ੀਸ਼ਨ ਦੀ ਇਸ ਮੰਗ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਹਾਊਸ ਵਿਚ ਇਕ ਵਜ਼ੀਰ ਜ਼ਰੂਰ ਹੋਵੇ। (ਅਪੋਜ਼ੀਸ਼ਨ ਵਲੋਂ ਤਾੜੀਆਂ) ਮੈਂ ਬੇਨਤੀ ਕਰਾਂਗਾ ਕਿ ਇਸ ਹਾਊਸ ਦੀਆਂ ਕਨਵੈਨਸ਼ਨਜ਼ ਨੂੰ ਪੂਰੀ ਤਰ੍ਹਾਂ ਆਬਜ਼ਰਵ ਕੀਤਾ ਜਾਵੇ, ਸਟਰਿਕਟਲੀ ਆਬਜ਼ਰਵ ਕੀਤਾ ਜਾਵੇ। ਇਸ ਬਾਰੇ ਮੈਂ ਰਿਟਨ ਵਾਰਨਿੰਗ ਵੀ ਇਸ਼ੂ ਕਰਾਂਗਾ ਤਾਂ ਜੋ ਉਹ ਅੱਗੇ ਨੂੰ ਹਾਊਸ ਦੀ ਕਨਵੈਨਸ਼ਨ ਨਾ ਤੋੜਨ (ਤਾੜੀਆਂ)

(I fully agree with the demand of the Members of Opposition that at least one Minister must be present in the House. (Cheers from the Opposition Benches) I wou d request that the conventions of this House should be strictly observed. I will also issue a written warning in this respect so that the Government does not act against the conventions of the House.) (Applause)

**Chief Minister :** I am sorry, Sir,

**ਸਰਦਾਰ ਕਿਰਪਾਲ ਸਿੰਘ :** ਮੈਂ ਗਵਰਮੈਂਟ ਬੈਂਚਿਜ਼ ਨੂੰ ਇਹ ਅਰਜ਼ ਕਰਾਂਗਾ ਕਿ ਜੇ ਉਹ ਇਸ ਹਾਊਸ ਵਿਚ ਪੀਸਫੁਲੀ ਕੰਮ ਚਲਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਹਾਊਸ ਵਿਚ ਕਿਸੇ ਤਰ੍ਹਾਂ ਹੀਟ ਕਰੀਏਟ ਨਾ ਕਰਨ। ਹੁਣੇ ਜੋ ਕੁਝ ਹੋਇਆ ਹੈ ਇਹ ਕੀ ਜ਼ਰੂਰੀ ਸੀ ਕਿ ਇਸ ਤਰ੍ਹਾਂ ਦੀ ਅਨਪਲੈਜ਼ੈਂਟਨੈਸ ਕਰੀਏਟ ਕਰਦੇ।

**ਸ੍ਰੀ ਸਪੀਕਰ :** ਹੁਣ ਤੱਕ ਜੋ ਵੀ ਸਪੀਚਿਜ਼ ਹੋਈਆਂ ਹਨ ਭਾਵੇਂ ਉਹ ਕਿਸੇ ਤਰ੍ਹਾਂ ਦੀਆਂ ਹਨ ਪਰ ਅਗੋਂ ਲਈ ਮੈਂ ਇਹੋ ਕਹਾਂਗਾ ਕਿ ਮੈਂਬਰ ਸਹਿਬਾਨ ਨੂੰ ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਉਹ ਆਪਣੀਆਂ ਸਪੀਚਿਜ਼ ਰਾਹੀਂ ਇਕ ਦੂਸਰੇ ਦੇ ਜਜ਼ਬਾਤ ਨੂੰ ਨਾ ਉਭਾਰਨ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਉਸਾਰੂ ਕਰਿਟਿਸਿਜ਼ਮ ਕਰਨਾ ਚਾਹੀਦਾ ਹੈ ਜਿਸ ਰਾਹੀਂ ਕਿ ਇਸ ਮੁਲਕ ਦੀ ਜਮੂਹਰੀਅਤ ਨੂੰ ਠੀਕ ਤਰ੍ਹਾਂ ਚਲਾਉਣ ਵਿਚ ਕੰਟਰੀਬੀਊਸ਼ਨ ਹੋ ਸਕੇ। ਇਕ ਦੂਜੇ ਨੂੰ ਜੋਸ਼ ਦਿਲਾਊ ਸਪੀਚਿਜ਼ ਕਰਕੇ ਅਸੀਂ ਇਸ ਮੁਲਕ ਦੀ ਕੋਈ ਸੇਵਾ ਨਹੀਂ ਕਰ ਸਕਦੇ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਮੈਂਬਰ ਸਾਹਿਬਾਨ ਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਉਹ ਕੰਨਸਟ੍ਰਕਟਿਵ ਸੁਝਾਉ ਦੇਣ।

ਦੂਸਰੀ ਗੱਲ ਇਹ ਹੈ ਕਿ ਹੁਣੇ ਆਪਦੇ ਸਾਹਮਣੇ ਲੀਡਰ ਆਫ ਦੀ ਹਾਊਸ ਨੇ ਹਾਊਸ ਵਿਚੋਂ ਮਨਿਸਟਰਜ਼ ਦੀ ਗ਼ੈਰ ਹਾਜ਼ਰੀ ਸਬੰਧੀ ਰੀਗਰੈਟ ਸ਼ੋ ਕੀਤਾ ਹੈ, ਜਿਹੜਾ ਕਿ ਕਾਫੀ ਹੈ। ਮੈਂ ਫੇਰ ਵੀ ਮਨਿਸਟਰੀਅਲ ਬੈਂਚਿਜ਼ ਨੂੰ ਕਹਾਂਗਾ ਕਿ ਉਹ ਕੋਤਾਹੀ ਨਾ ਕਰਨ। ਜਦੋਂ ਹਾਊਸ ਚਲਦਾ ਹੋਵੇ, ਇਥੇ ਘਟ ਤੋਂ ਘਟ ਇਕ ਮਨਿਸਟਰ ਦਾ ਹਾਜ਼ਰ ਰਹਿਣਾ ਬਹੁਤ ਜ਼ਰੂਰੀ ਹੈ। (Irrespective of the tone of the speeches so far made, I would request the Hon'ble Members of the House to avoid causing provocation to each other through their speeches. Their contribution should be constructive, so that it may help running smoothly the democratic set up of the

Original with;
Punjab Vidhan Sabha
Digitized by;
Panjab Digital Library

country. We cannot do any service to the country by making provocative speeches. I, therefore, request the Hon'ble Members to make constructive suggestions through their speeches.

Next point is this. The Leader of the House has just now expressed regret before the House about the absence of the Ministers. I think it is sufficient. I again request the Ministerial Benches to be careful in future. At least one Minister must be present in the House when the Session is going on.)

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ, ਮੈਂ ਆਪ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਂ ਐਬਸੋਲੀਊਟਲੀ ਉਹੀ ਗਲ ਕਹਾਂਗਾ ਜਿਹੜੀ ਕਿ ਇਸ ਐਡਰੈਸ ਨਾਲ ਸਬੰਧਤ ਹੈ। ਮੇਰਾ ਇਹ ਹਕ ਹੈ ਕਿ ਜਿਤਨੇ ਪਿਛਲੇ ਵਾਕਿਆਤ ਹੋਏ ਹਨ ਜਾਂ ਜਿਨ੍ਹਾਂ ਦਾ ਇਸ ਐਡਰੈਸ ਵਿਚ ਗਵਰਨਰ ਸਾਹਿਬ ਨੇ ਜ਼ਿਕਰ ਕੀਤਾ ਹੈ ਮੈਂ ਉਨ੍ਹਾਂ ਸਭ ਦੇ ਮੁਤਾਲਿਕ ਇਸ ਹਾਉਸ ਦੇ ਵਿੱਚ ਅਰਜ਼ ਕਰਾਂ। ਭਾਵੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਇਥੇ ਹਨ ਜਿਹੜੇ ਮੇਰੇ ਨਾਲੋਂ ਸਿਆਣੇ ਹਨ, ਅਤੇ ਮੇਰੇ ਨਾਲੋਂ ਬਹੁਤ ਦੇਰ ਦੇ ਇਸ ਹਾਊਸ ਵਿਚ ਆ ਰਹੇ ਹਨ, ਪਰ ਮੈਂ ਵੀ ਤੀਸਰੀ ਵਾਰ ਇਲੈਕਟ ਹੋਕੇ ਆਇਆ ਹਾਂ। ਮੇਰਾ ਫਰਜ਼ ਹੈ ਕਿ ਜਿਨ੍ਹਾਂ ਗਲਾਂ ਦਾ ਗਵਰਨਰ ਸਾਹਿਬ ਨੇ ਇਸ ਐਡਰੈਸ ਦੇ ਵਿੱਚ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਮੈਂ ਸਪੈਸਿਫਿਕਲੀ ਪੂਰੇ ਵਿਸਥਾਰ ਨਾਲ ਜਾਵਾਂ। ਇਸ ਵਿੱਚ ਇਸ ਗੱਲ ਦਾ ਵਰਨਣ ਕੀਤਾ ਹੋਇਆ ਹੈ ਕਿ ਕਿਵੇਂ ਰਾਤੋ ਰਾਤ ਡੀਫੈਕਟਰਜ਼ ਦੀ ਇਕ ਪਾਰਟੀ ਬਣੀ ......(ਵਿਘਨ)

**ਕੈਪਟਨ ਰਤਨ ਸਿੰਘ :** ਇਹ ਡੀਫੈਕਟਰਜ਼ ਦਾ ਲਫਜ਼ ਤੁਹਾਨੂੰ ਖਾਸ ਤੌਰ ਤੇ ਕਹਿਣਾ ਫਬਦਾ ਨਹੀਂ। (ਵਿਘਨ)

**ਸਰਦਾਰ ਬਲਵੰਤ ਸਿੰਘ :** ਮੈਂ ਕਹਾਂਗਾ ਕਿ ਡੀਫੈਕਟਰਜ਼ ਦੀ ਇਕ ਸਰਕਾਰ ਬਣੀ। ਕਿ ਜਿਥੇ ਜਿਥੇ ਵੀ ਉਸ ਸਰਕਾਰ ਦੇ ਨੁਮਾਇੰਦੇ ਗਏ, ਉਨ੍ਹਾਂ ਦੀ ਲੋਕਾਂ ਨੇ ਕਿਤਨੀ ਕੁ ਅਤੇ ਕੇਹੋ ਜੇਹੀ ਰੀਸੈਪਸ਼ਨ ਕੀਤੀ ਉਸ ਦਾ ਨਮੂਨਾ ਮੈਂ ਟ੍ਰਿਬਿਊਨ ਅਖਬਾਰ ਦੇ ਵਿਚੋਂ ਕੋਟ ਕਰਨਾ ਚਾਹੁੰਦਾ ਹਾਂ। ਇਸ ਵਿੱਚ ਲਿਖਿਆ ਹੈ—

"FORCE USED TO STALL ANTI GILL RALLY 2 M. L. As., 23 OTHERS ARRESTED.

The police today used lathis to push back demonstrators who broke police cordon thrice during their march on the Circuit House, where the Chief Minister, Mr. L. S. Gill, was scheduled to arrive this afternoon.

The police arrested 25 persons including two MLAs., on the charge of blocking traffic when the Chief Minister arrived here, it was officially stated.

This was Mr. Gill's first visit to the city after becoming Chief Minister".

ਸਰਕਟ ਹਾਊਸ ਵਿੱਚ ਚੀਫ ਮਨਿਸਟਰ ਸਾਹਿਬ ਦੀ ਹਿਫਾਜ਼ਤ ਵਾਸਤੇ ਖਿਆਲ ਕਰੋ, ਤਿੰਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]
ਹਜ਼ਾਰ ਸਿਪਾਹੀਆਂ ਦੀ ਲੋੜ ਪਈ। ਕਿੰਨੀਆਂ ਲਾਠੀਆਂ ਅਤੇ ਰਾਈਫਲਜ਼ ਦੀ ਜ਼ਰੂਰਤ ਪਈ ਇਹ ਅਖ਼ਬਾਰ ਵਿੱਚ ਅੱਗੇ ਚਲਕੇ ਜ਼ਿਕਰ ਕੀਤਾ ਗਿਆ ਹੈ--

"Nearly 3,000 policemen, including those armed with lathis as well as rifles, had been deployed and the entire area of nearly four furlongs around the Circuit House looked like an armed camp.

All roads leading to the Circuit House had been blocked and the police had erected a virtual wall of lathis at the entrances."

(Interruption by Sardar Darshan Singh K. P.)

ਸਾਰੇ ਰਸਤੇ ਬੰਦ ਕੀਤੇ ਗਏ। ਇਸ ਤਰ੍ਹਾਂ ਦਾ ਇੰਤਜ਼ਾਮ ਸੀ ਕਿ ਸਿਵਾਏ 'K. P" ਸਾਹਿਬ ਦੇ ਕੋਈ ਅੰਦਰ ਵੀ ਨਹੀਂ ਜਾ ਸਕਦਾ ਸੀ (ਹਾਸਾ) ਉਸ ਵੇਲੇ ਦਾ ਚੀਫ ਮਨਿਸਟਰ ਜਿਥੇ ਵੀ ਜਾਂਦਾ ਸੀ, ਪਹਿਲਾਂ ਉਥੋਂ ਦੇ ਅਪੋਜ਼ੀਸ਼ਨ ਪਾਰਟੀ ਦੇ ਵਰਕਰਜ਼ ਨੂੰ ਅੰਦਰ ਡੱਕ ਦਿੱਤਾ ਜਾਂਦਾ ਸੀ ਫੇਰ ਕੋਈ ਕਦਮ ਚੁਕਿਆ ਜਾਂਦਾ ਸੀ। ਸਪੀਕਰ ਸਾਹਿਬ ਮੈਂ ਹੋਰ ਕੀ ਦਸਾਂ ਆਪ ਨੂੰ ਤਾਂ ਖ਼ੁਦ ਤਜਰੁਬਾ ਹੈ ਕਿ ਕਿਵੇਂ ਆਪ ਨੂੰ ਦੋ ਦਿਨ ਬਗ਼ੈਰ ਕਿਸੇ ਮੁਕਦਮੇ ਤੋਂ ਜੇਲ ਵਿਚ ਰੱਖਿਆ ਗਿਆ ਸੀ.......

**ਸਰਦਾਰ ਗੁਰਬੰਤਾ ਸਿੰਘ :** ਸਾਨੂੰ ਅਫਸੋਸ ਤਾਂ ਇਹੋ ਹੈ ਕਿ ਉਹ ਤੁਹਾਨੂੰ ਵੀ ਸਾਡੇ ਕੋਲੋਂ ਖੋਹ ਕੇ ਲੈ ਗਏ ਸੀ। (ਹਾਸਾ)

**ਸਰਦਾਰ ਬਲਵੰਤ ਸਿੰਘ :** ਫੇਰ ਸਪੀਕਰ ਸਾਹਿਬ, ਉਸ ਰਾਜ ਵਿੱਚ ਐਗਜ਼ੈਕਟਿਵ ਨੇ ਆਪਣੀ ਤਾਕਤ ਨੂੰ ਮਿਸਯੂਜ਼ ਕੀਤਾ ..... (ਵਿਘਨ)

**ਚੌਧਰੀ ਬਲਬੀਰ ਸਿੰਘ :** ਸਪੀਕਰ ਸਾਹਿਬ, ਅਸਲ ਗੱਲ ਤਾਂ ਇਹ ਹੈ ਕਿ ਇਸ ਹਮਾਮ ਦੇ ਵਿੱਚ ਸਾਰੇ ਹੀ ਨੰਗੇ ਹਨ। (ਹਾਸਾ)

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ, ਇਸ ਭਾਸ਼ਨ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਗਵਰਨਰ ਨੇ ਆਰਡੀਨੈਂਸ ਜਾਰੀ ਕੀਤਾ ਸੀ। ਇਸ ਸਬੰਧੀ ਮੈਂ ਅਰਜ਼ ਕਰਾਂ ਕਿ ਕਰੋੜਾਂ ਰੁਪਏ ਦਾ ਬਜਟ ਮਹਿਜ਼ ਦੋ ਮਿੰਟ ਦੇ ਵਿੱਚ ਪਾਸ ਕੀਤਾ ਗਿਆ। ਇਹ ਇਕ ਅਫਸੋਸ ਨਾਕ ਵਾਕਾ ਸੀ। ਜਦੋਂ ਆਰਡੀਨੈਂਸ ਦੇ ਖਿਲਾਫ ਚੇਅਰ ਵੱਲੋਂ ਫੈਸਲਾ ਕੀਤਾ ਗਿਆ ਕਿ ਇਹ ਆਰਡੀਨੈਂਸ ਗ਼ਲਤ ਹੈ ਅਤੇ ਸਪੀਕਰ ਸਾਹਿਬ ਇਹ ਫੈਸਲਾ ਦੇ ਕੇ ਹਾਊਸ ਐਡਜਰਨ ਕਰਕੇ ਬਾਹਰ ਚਲੇ ਗਏ ਤਾਂ ਇਥੇ ਪੁਲਿਸ ਲਿਆਂਦੀ ਗਈ ........ (ਇੰਟਰਪਸ਼ਨ) ਮੈਨੂੰ ਯਾਦ ਹੈ ਤੁਸੀਂ ਵੀ ਜਾ ਕੇ ਉਸ ਵੇਲੇ ਸਪੀਕਰ ਦੀ ਕੁਰਸੀ ਤੇ ਬੈਠ ਗਏ ਸੀ। (ਹਾਸਾ)

ਉਸ ਵੇਲੇ ਪੁਲਿਸ ਦੇ ਕੋਈ 150 ਆਦਮੀ ਹਾਊਸ ਵਿੱਚ ਦਾਖਲ ਹੋਏ, ਜ਼ਬਰਦਸਤੀ ਸਪੀਕਰ ਦਾ ਡਾਇਸ ਖਾਲੀ ਕਰਾਇਆ ਗਿਆ ਅਤੇ ਮਹਿਜ਼ ਤਿੰਨ ਮਿੰਟ ਦੇ ਅੰਦਰ ਡਿਪਟੀ

Original with;
Punjab Vidhan Sabha
Digitized by;
Panjab Digital Library

ਸਪੀਕਰ ਨੂੰ ਬੁਲਾ ਕੇ ਬਜਟ ਪਾਸ ਕਰਵਾਇਆ ਗਿਆ। ਹਿਸਟਰੀ ਵਿੱਚ ਐਸੀ ਕੋਈ ਮਿਸਾਲ ਨਹੀਂ ਮਿਲਦੀ ਜਿਥੇ ਕਦੇ ਕੋਈ ਇਸ ਤਰ੍ਹਾਂ ਦੀ ਕਾਰਵਾਈ ਹੋਈ ਹੋਵੇ। ਇਸ ਕਾਰਵਾਈ ਨੂੰ ਕੋਰਟ ਵਿੱਚ ਚੈਲੇਂਜ ਕੀਤਾ ਗਿਆ ਪਰ ਜੋ ਹਾਈ ਕੋਰਟ ਦੀ ਜੱਜਮੈਂਟ ਹੋਈ ਅਤੇ ਸੁਪਰੀਮ ਕੋਰਟ ਦਾ ਫੈਸਲਾ ਹੋਇਆ ......... (ਵਿਘਨ)

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਦੋਂ ਸੁਪਰੀਮ ਕੋਰਟ ਨੇ ਆਪਣਾ ਇਕ ਫੈਸਲਾ ਦੇ ਦਿੱਤਾ ਹੋਵੇ, ਕਨਸਟੀਚੂਸ਼ਨਲੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਕਿ ਉਸ ਨੂੰ ਮੁੜ ਰੀਉਪਨ ਕਰਕੇ ਚੈਲੇਂਜ ਕਰੇ। ਮੈਂ ਆਪ ਦੇ ਰਾਹੀਂ ਸਰਦਾਰ ਬਲਵੰਤ ਸਿੰਘ ਨੂੰ ਬੇਨਤੀ ਕਰਾਂਗਾ ਕਿ ਉਹ ਜਮੂਹਰੀਅਤ ਦੇ ਜਿਹੜੇ ਮੁਢਲੇ ਅਸੂਲ ਹਨ ਉਨ੍ਹਾਂ ਤੇ ਚਲਣ ਦੀ ਕੋਸ਼ਿਸ਼ ਕਰਨ। ਜਦੋਂ ਜੁਡੀਸ਼ਰੀ ਨੇ ਕੋਈ ਫੈਸਲਾ ਦੇ ਦਿੱਤਾ ਹੋਵੇ, ਉਸ ਨੂੰ ਮੁੜ ਬਹਿਸ ਵਿੱਚ ਲਿਆਉਣਾ ਇਹ ਸੁਪਰੀਮ ਕੋਰਟ ਦੀ ਤੌਹੀਨ ਹੋਵੇਗੀ। ਆਨਰੇਬਲ ਮੈਂਬਰ ਜੇ ਇਸ ਤਰ੍ਹਾਂ ਦੀਆਂ ਗੱਲਾਂ ਕਰਨਗੇ ਤਾਂ ਉਹ ਇਸ ਤੌਹੀਨ ਦੇ ਇਲਜ਼ਾਮਾਂ ਤੋਂ ਬਚ ਨਹੀਂ ਸਕਣਗੇ ਮੇਰੀ ਉਨ੍ਹਾਂ ਨੂੰ ਇਹੋ ਰਾਏ ਹੈ ਕਿ ਜੇ ਉਹ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰਨ ਤਾਂ ਬਿਹੱਤਰ ਹੋਵੇਗਾ।

**Sardar Balwant Singh :** Sir, before I proceed further I would like to say a few words in this connection. The decision of the Supreme Court is not a verdict of God.

ਮੈਂ ਅਰਜ਼ ਕਰਾਂ ਕਿ ਬਹੁਤ ਸਾਰੇ ਸੁਪਰੀਮ ਕੋਰਟ ਦੇ ਐਸੇ ਫੈਸਲੇ ਹਨ। (ਵਿਘਨ) Sir I don't give way. ਮੈਂ ਅਰਜ਼ ਕਰਾਂ ਕਿ ਪਾਰਲੀਮੈਂਟ ਵਿੱਚ ਹਾਈ ਕੋਰਟ ਦੇ ਐਸੇ ਹਜ਼ਾਰਾਂ ਡੀਸੀਜ਼ਨ ਆਏ ਜਿਹੜੇ ਕਾਨੂੰਨੀ ਤੌਰ ਤੇ ਸਹੀ ਸਨ, ਪਰ ਹਮੇਸ਼ਾ ਉਨ੍ਹਾਂ ਫੈਸਲਿਆਂ ਦੇ ਮੁਤਾਬਿਕ ਹੀ ਗੱਲ ਕੀਤੀ ਜਾਵੇ ਇਸ ਦੀ ਪਾਰਲੀਮੈਂਟ ਵਿਚ ਪਰਵਾਹ ਨਹੀਂ ਕੀਤੀ ਗਈ। ਉਨ੍ਹਾਂ ਵਿਚ ਅਮੈਂਡਮੈਂਟ ਕਰਕੇ ਹੁਣ ਤੱਕ ਹਜ਼ਾਰਾਂ ਕੇਸਿਜ਼ ਲੈਜਿਸਲੇਚਰਜ਼ ਵਿੱਚ ਡੀਲ ਹੋਏ ਹਨ, ਕੈਬਨਿਟ ਲੈਵਲ ਤੇ ਫੈਸਲੇ ਹੋਏ ਹਨ। ਪਾਰਲੀਮੈਂਟ ਨੂੰ ਸਾਰੀਆਂ ਪਾਵਰਜ਼ ਹਨ। ਐਸੇ ਵੀ ਕਾਨੂੰਨ ਹਨ ਜਿਹੜੇ ਹਾਈਕੋਰਟ ਨੇ ਮੰਨੇ ਹਨ ਪਰ ਉਨ੍ਹਾਂ ਨੂੰ ਅਸੈਂਬਲੀ ਨੇ ਨਲ ਐਂਡ ਵਾਇਡ ਕੀਤਾ ਹੈ।

ਇਕ ਚੀਜ਼ ਮੈਂ ਹੋਰ ਕਹਾਂਗਾ। ਉਹ ਇਹ ਹੈ ਕਿ ਸੁਪਰੀਮ ਕੋਰਟ ਨੇ ਬੇਸ਼ਕ ਇਹ ਫੈਸਲਾ ਦਿੱਤਾ ਕਿ ਬਜਟ ਲੀਗਲੀ ਪਾਸ ਹੋਇਆ ਪਰ ਉਨ੍ਹਾਂ ਨੇ ਇਸ ਫੈਸਲੇ ਵਿੱਚ ਇਹ ਜ਼ਿਕਰ ਕਿਤੇ ਵੀ ਨਹੀਂ ਕੀਤਾ ਕਿ ਪੁਲਿਸ ਹਾਉਸ ਦੇ ਵਿਚ ਦਾਖਲ ਹੋਈ, ਇਸ ਆਗਸਟ ਹਾਊਸ ਵਿੱਚ ਦਾਖਲ ਹੋ ਕੇ ਉਸ ਨੇ ਜ਼ਿਆਦਤੀ ਕੀਤੀ। (ਵਿਘਨ)

**ਚੌਧਰੀ ਬਲਬੀਰ ਸਿੰਘ :** On a point of order, Sir. (ਵਿਘਨ) ਸਪੀਕਰ ਸਾਹਿਬ ਪੁਆਇੰਟ ਆਫ ਆਰਡਰ ਰੇਜ਼ ਕਰਨਾ ਮੇਰਾ ਹਕ ਹੈ। ਤੁਹਾਨੂੰ ਮੇਰਾ ਪੁਆਇੰਟ ਆਫ਼ ਆਰਡਰ ਸੁਨਣਾ ਹੀ ਪਏਗਾ। (ਸ਼ੋਰ) ਜੇ ਮੇਰਾ ਪੁਆਇੰਟ ਗਲਤ ਹੋਵੇ ਤਾਂ ਤੁਸੀਂ ਕਹਿ ਸਕਦੇ ਹੋ ਪਰ ਪਹਿਲਾਂ ਤੁਹਾਨੂੰ ਸੁਣਨਾ ਹੀ ਪਏਗਾ। (ਵਿਘਨ) ਰਿਕੁਐਸਟ ਦੀ ਕੋਈ ਗੱਲ

Original with;
Punjab Vidhan Sabha
Digitized by;
Panjab Digital Library

[ਚੌਧਰੀ ਬਲਬੀਰ ਸਿੰਘ]

ਨਹੀਂ ਇਹ ਸਾਡਾ ਹਕ ਹੈ। (ਵਿਘਨ) ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਹੁਣੇ ਸਰਦਾਰ ਬਲਵੰਤ ਸਿੰਘ ਨੇ ਕਿਹਾ ਹੈ ਕਿ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਕਿਸੇ ਫੈਸਲੇ ਤੇ ਡਿਸਕਸ਼ਨ ਕੀਤੀ ਜਾ ਸਕਦੀ ਹੈ। ਇਸ ਬਾਰੇ ਮੇਰੀ ਅਰਜ਼ ਇਹ ਹੈ ਕਿ ਵਿਧਾਨ ਸਭਾ ਜਾਂ ਲੋਕ ਸਭਾ ਨੂੰ ਇਹ ਅਧਿਕਾਰ ਤਾਂ ਹੈ ਕਿ ਉਹ ਕਨੂੰਨ ਵਿਚ ਤਰਮੀਮ ਕਰ ਦੇਣ ਜਿਸ ਬਾਰੇ ਹਾਈ ਕੋਰਟ ਜਾਂ ਸੁਪਰੀਮ ਕੋਰਟ ਨੇ ਕੋਈ ਫੈਸਲਾ ਦਿਤਾ ਹੋਵੇ, ਪਰ ਉਨ੍ਹਾਂ ਨੂੰ ਇਹ ਹੱਕ ਨਹੀਂ ਕਿ ਉਹ ਉਨ੍ਹਾਂ ਦੇ ਕਿਸੇ ਫੈਸਲੇ ਤੇ ਨੁਕਤਾਚੀਨੀ ਕਰ ਸਕਣ। ਹਾਂ ਉਹ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਫੈਸਲੇ ਦਾ ਅਸਰ ਜ਼ਾਇਆ ਕਰਨ ਲਈ ਕਾਨੂੰਨ ਵਿਚ ਤਰਮੀਮ ਜ਼ਰੂਰ ਕਰ ਸਕਦੀਆਂ ਹਨ। (ਸ਼ੋਰ)

**ਸ੍ਰੀ ਸਪੀਕਰ :** ਚੌਧਰੀ ਸਾਹਿਬ, ਮੈਂ ਤੁਹਾਡਾ ਮਤਲਬ ਸਮਝਦਾ ਹਾਂ। ਤੁਹਾਡੀ ਰਾਏ ਬਿਲਕੁਲ ਠੀਕ ਹੈ। ਇਹ ਕੋਈ ਚੰਗੀ ਗਲ ਨਹੀਂ ਹੈ ਕਿ ਸੁਪਰੀਮ ਕੋਰਟ ਦੇ ਫੈਸਲਿਆਂ ਤੇ ਇਥੇ ਕ੍ਰਿਟੀਸਿਜ਼ਮ ਕੀਤੀ ਜਾਵੇ। ਹਾਊਸ ਵਿਚ ਇਨ੍ਹਾਂ ਫੈਸਲਿਆਂ ਤੇ ਕੋਈ ਕ੍ਰਿਟੀਕਲ ਕੁਮੈਂਟਸ ਨਹੀਂ ਹੋ ਸਕਦੇ। (ਵਿਰੋਧੀ ਧਿਰ ਵਲੋਂ ਤਾੜੀਆਂ) ਹਾਂ ਫੇਅਰ ਕੁਮੈਂਟਸ ਕਰਨਾ ਮੈਂਬਰ ਦਾ ਹਕ ਹੈ ਅਤੇ ਉਹ ਕਰ ਸਕਦਾ ਹੈ। (ਸਰਕਾਰੀ ਧਿਰ ਵਲੋਂ ਤਾੜੀਆਂ) (I follow the hon. Members point. He is right. It is not fair to criticise the judgements of the Supreme Court. No critical comments can be made in the House on these judgements. (Thumping from Opposition.) But every Member has the right to give fair comments. (Thumping from the Treasury Benches.)

**ਕਾਮਰੇਡ ਸਤਪਾਲ ਡਾਂਗ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮਾਮਲਾ ਬੜਾ ਅਹਿਮ ਹੈ। ਮੈਂ ਬੜੀ ਹਲੀਮੀ ਨਾਲ ਇਹ ਅਰਜ਼ ਕਰਾਂਗਾ ਕਿ ਸੁਪਰੀਮ ਕੋਰਟ ਦੇ ਫੈਸਲੇ ਨਾ ਕੇਵਲ ਹਾਊਸ ਵਿਚ ਸਗੋਂ ਕਿਸੇ ਵੀ ਸ਼ਹਿਰੀ ਨੂੰ ਇਹ ਹਕ ਹੈ ਕਿ ਉਹ ਇਹ ਆਖ ਸਕੇ ਕਿ ਇਹ ਫੈਸਲਾ ਗ਼ਲਤ ਹੋਇਆ ਹੈ (ਸਰਕਾਰੀ ਬੈਂਚਾਂ ਵਲੋਂ ਤਾੜੀਆਂ) (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਹੇਸਟੀ ਰੂਲਿੰਗ ਦਿਤੀ ਹੈ। ਤੁਸੀਂ ਕਿਸੇ ਨੂੰ ਉਸ ਦੇ ਹਕ ਤੋਂ ਮਹਿਰੂਮ ਨਹੀਂ ਰਖ ਸਕਦੇ। ਦੂਜੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਬਾਰੇ ਕੋਈ ਕਨਫੀਊਜ਼ਨ ਨਹੀਂ ਹੋਣਾ ਚਾਹੀਦਾ। ਸੁਪਰੀਮ ਕੋਰਟ ਦਾ ਫੈਸਲਾ ਇਹ ਹੈ ਕਿ ਬਜਟ ਜੋ ਪਾਸ ਹੋਇਆ ਉਹ ਕਾਨੂੰਨੀ ਹੈ। ਪਰ ਜਿਹੜੀ ਗਲ ਕਾਨੂੰਨੀ ਤੌਰ ਤੇ ਠੀਕ ਵੀ ਹੋਵੇ ਉਹ ਹੋਰ ਕਿਸੇ ਪਹਿਲੂ ਤੋਂ ਗਲਤ ਵੀ ਹੋ ਸਕਦੀ ਹੈ। ਮਿਸਾਲ ਦੇ ਤੌਰ ਤੇ ਜੇ ਮੈਂ 24 ਘੰਟਿਆਂ ਵਿਚੋਂ 20 ਘੰਟੇ ਸੁਤਾ ਰਹਾਂ ਤਾਂ ਕਾਨੂੰਨੀ ਤੌਰ ਤੇ ਇਹ ਗ਼ਲਤ ਨਹੀਂ ਹੋਵੇਗਾ ਪਰ ਇਹ ਵਾਜਬ ਵੀ ਨਹੀਂ ਹੈ। ਜਿਹੜਾ ਬਜਟ 10-15 ਮਿੰਟ ਵਿਚ ਪਾਸ ਹੋਇਆ ਉਹ ਠੀਕ ਸੀ ਜਾਂ ਗ਼ਲਤ ਇਸ ਦਾ ਦੂਜਾ ਪਹਿਲੂ ਵੀ ਹੈ। ਤੀਜੀ ਗਲ ਮੈਂ ਇਹ ਅਰਜ਼ ਕਰਾਂਗਾ ਕਿ ਸੁਪਰੀਮ ਕੋਰਟ ਦੀ ਸਾਰੀ ਜਜਮੈਂਟ ਵਿਚ ਕਿਧਰੇ ਇਕ ਵੀ ਲਫਜ਼ ਅਜਿਹਾ ਨਹੀਂ ਜੋ ਕਿ ਪੁਲਿਸ ਦੀ ਹਾਊਸ ਵਿਚ ਐਂਟਰੀ ਬਾਰੇ ਹੋਵੇ। ਸੁਪਰੀਮ ਕੋਰਟ ਦੇ ਸਾਹਮਣੇ ਇਹ ਇਸ਼ੂ ਹੀ ਨਹੀਂ ਸੀ। ਇਸ ਲਈ ਸਪੀਕਰ ਸਾਹਿਬ ਮੈਂ ਫਿਰ ਅਰਜ਼ ਕਰਾਂਗਾ ਕਿ ਇਸ ਅਹਿਮ ਮਸਲੇ ਤੇ ਹੇਸਟੀ ਰੂਲਿੰਗ ਠੀਕ ਨਹੀਂ ਹੈ। ਸੁਪਰੀਮ ਕੋਰਟ ਦੀ ਜੱਜਮੈਂਟ ਬਾਰੇ ਇਸ ਹਾਊਸ ਵਿਚ ਅਤੇ ਇਸ ਹਾਊਸ ਤੋਂ ਬਾਹਰ

Original with;
Punjab Vidhan Sabha
Digitized by;
Panjab Digital Library

ਹਰ ਇਕ ਨੂੰ ਹਕ ਹੈ ਕਿ ਇਹ **ਆਖ** ਸਕੇ ਕਿ ਸੁਪਰੀਮ ਕੋਰਟ ਦੀ ਇਹ ਰੂਲਿੰਗ ਠੀਕ ਹੈ ਜਾਂ ਗਲ਼ਤ ਹੈ।

**ਇਕ ਮਾਨਯੋਗ ਮੈਂਬਰ :** ਸਪੀਕਰ ਸਾਹਿਬ, ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਆਪ ਦੀ ਰੂਲਿੰਗ ਦੇਣ ਤੋਂ ਬਾਅਦ ਮਾਮਲੇ ਨੂੰ ਰੀਓਪਨ ਕੀਤਾ ਜਾ ਸਕਦਾ ਹੈ ?

**ਸ੍ਰੀ ਸਪੀਕਰ :** ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਫੈਕਟ ਬਾਰੇ ਸੁਪਰੀਮ ਕੋਰਟ ਨੇ ਕੋਈ ਜੱਜਮੈਂਟ ਨਹੀਂ ਦਿਤੀ, ਉਸ ਬਾਰੇ ਇਸ ਹਾਊਸ ਵਿਚ ਖੁਲੀ ਰਾਏ ਦਿਤੀ ਜਾ ਸਕਦੀ ਹੈ। ਪਰ ਜਿਥੋਂ ਤਕ ਸੁਪਰੀਮ ਕੋਰਟ ਦੇ ਡਿਸੀਜ਼ਨ ਦਾ ਸਬੰਧ ਹੈ ਮੈਂ ਮੈਂਬਰ ਸਾਹਿਬਾਨ ਨੂੰ ਮੁੱਦਬਾਨਾ ਅਰਜ਼ ਕਰਾਂਗਾ ਕਿ ਸੁਪਰੀਮ ਕੋਰਟ **ਦੀ** ਸੁਪਰਮੇਸੀ ਨੂੰ ਮੇਨਟੇਨ ਕਰਨ ਦੇ ਲਈ ਉਨ੍ਹਾਂ ਤੇ ਕੁਮੈਂਟ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪਰ ਮੇਰੇ ਖਿਆਲ ਵਿਚ ਹੋਰ ਜਿਹੜੇ ਵੀ ਗਲਤ ਕੰਮ ਸਾਡੇ ਸਦਨ ਵਿਚ ਹੋਏ ਹਨ ਉਨ੍ਹਾਂ ਬਾਰੇ ਖੁਲ ਕੇ ਰਾਏ ਦਿਤੀ ਜਾ ਸਕਦੀ ਹੈ।

(I would not like to say that there is no bar on general discussion taking place on points nct included in the judgement of the Supreme Court. But I would urge upon the Members not to discuss the points ncluded in the judgement. The Members are, however, free to express their views on the objectionable happenings in the House.)

**ਕਾਮਰੇਡ ਸਤਪਾਲ ਡਾਂਗ :** ਸੁਪਰੀਮ ਕੋਰਟ ਦੀ ਰਾਏ ਨਾਲ ਡਿਫਰ ਕਰਨਾ ਸਾਡਾ ਹਕ ਹੈ। (ਸ਼ੋਰ)

**ਸ੍ਰੀ ਜੋਗਿੰਦਰ ਪਾਲ ਪਾਂਡੇ :** ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਜਿਸ ਹਿੱਸੇ ਦਾ ਜਜਮੈਂਟ ਵਿਚ ਜ਼ਿਕਰ ਨਹੀਂ ...... (ਸ਼ੋਰ) ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅੱਜ ਜੋ ਸਾਡੀ ਸਰਕਾਰ ਹੈ, ਜੋ ਉਦੋਂ ਆਪੋਜ਼ੀਸ਼ਨ ਦੇ ਬੈਂਚਾਂ ਤੇ ਬੈਠਦੀ ਸੀ (ਵਿਘਨ) (ਸ਼ੋਰ) ਜੇ ਸਰਕਾਰ ਜੱਜਮੈਂਟ ਦੇ ਉਸ ਹਿਸੇ ਨੂੰ ਮੰਨ ਲਏ ਜਿਹੜਾ ਕਿ ਜੱਜਮੈਂਟ ਵਿਚ ਦਿਤਾ ਹੋਇਆ ਹੈ ਤਾਂ ਤੁਹਾਡੀ ਗਲ ਠੀਕ ਹੋ ਸਕਦੀ ਹੈ। (ਸ਼ੋਰ)

(ਇਸ ਵੇਲੇ ਕਈ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਬਹੁਤ ਸ਼ੋਰ ਸੀ)

ਕੀ ਸਰਕਾਰ ਉਸ ਨੂੰ ਮੰਨਣ ਲਈ ਤਿਆਰ ਹੈ ? (ਸ਼ੋਰ)

**ਕਾਮਰੇਡ ਬਾਬੂ ਸਿੰਘ ਮਾਸਟਰ :** ਸਪੀਕਰ ਸਾਹਿਬ, ਇਨ੍ਹਾਂ ਕਾਂਗਰਸੀ ਵੀਰਾਂ ਨੂੰ ਚੇਤਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਕਾਂਗਰਸੀ ਐਮ. ਐਲ. ਏਜ਼, ਅਤੇ ਐਮ. ਐਲ. ਸੀਜ਼. ਨੇ ਹੀ ਇਹ ਰੈਜ਼ੋਲੀਊਸ਼ਨ ਪਾਸ ਕੀਤਾ ਸੀ ਕਿ ਇਹ ਜੋ ਕੁਝ ਹੋਇਆ ਹੈ ਇਹ ਸ਼ੇਮਫਲ ਹੈ। ਇਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ (ਵਿਘਨ) (ਸ਼ੋਰ) ਇਨ੍ਹਾਂ ਦੇ ਚਵਾਨ ਸਾਹਿਬ ਨੇ ਵੀ ਇਹ ਹੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਾਬੂ ਸਿੰਘ ਮਾਸਟਰ]

ਕਿਹਾ ਸੀ ਕਿ ਇਹ ਬੜੀ ਮਾੜੀ ਗਲ ਹੋਈ ਹੈ (ਵਿਰੋਧੀ ਧਿਰ ਵਲੋਂ ਵਿਘਨ) ਇਸ ਲਈ ਮੈਂ ਇਹ ਅਰਜ਼ ਕਰਾਂਗਾ ਕਿ ਹੁਣ ਤਾਂ ਇਨ੍ਹਾਂ ਨੂੰ ਚੁਪ ਹੀ ਰਹਿਣਾ ਚਾਹੀਦਾ ਹੈ ।

(ਇਸ ਵੇਲੇ ਕਈ ਮੈਂਬਰ ਖੜੇ ਹੋ ਗਏ । ਹਾਊਸ ਵਿਚ ਬਹੁਤ ਸ਼ੋਰ ਸੀ)

**ਸ੍ਰੀ ਮਨਮੋਹਨ ਕਾਲੀਆ** : ਆਨ ਏ ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਨ੍ਹਾਂ ਨੇ ਗਵਰਨਰ ਦਾ ਐਡਰੈਸ ਪੜ੍ਹਿਆ ਹੀ ਨਹੀਂ । (ਸ਼ੋਰ) ਜੇਕਰ ਇਨ੍ਹਾਂ ਨੇ ਪੜ੍ਹਿਆ ਹੁੰਦਾ ਤਾਂ ਇਨ੍ਹਾਂ ਨੂੰ ਪਤਾ ਹੁੰਦਾ ਕਿ ਕੀ ਉਸ ਵਿਚ ਲਿਖਿਆ ਹੈ । ਮੈਂ ਇਨ੍ਹਾਂ ਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ ;

"ਸਾਲਾਨਾ ਬਜਟ........" (ਸ਼ੋਰ) (ਵਿਘਨ)

**ਸ੍ਰੀ ਸਪੀਕਰ** : ਇਹ ਪੁਆਇਟ ਆਫ਼ ਆਰਡਰ ਨਹੀਂ ਹੈ । (It is not point of order.)

**Capt. Rattan Singh** : Sir, the Supreme Court was seized of all the facts. I have got with me a copy of the Judgement of the Supreme Court. At page 7 of the Judgement, it has been stated :

> "The Chief Minister then moved that the consideration of the financial business be completed within half an hour.'

This was the motion moved by the Chief Minister. It was carried. The whole business was then completed within half an hour. The Supreme Court was, therefore, seized of all the facts.

**Voices** : In Punjabi please.

**ਕੈਪਟਨ ਰਤਨ ਸਿੰਘ** : ਮੈਂ ਪੰਜਾਬੀ ਵਿਚ ਵੀ ਦਸਦਾ ਹਾਂ । ਸਪੀਕਰ ਸਾਹਿਬ, ਤੁਸੀਂ ਆਪਣੀ ਰੂਲਿੰਗ ਵਿਚ ਹੁਣੇ ਹੁਣੇ ਇਹ ਕਿਹਾ ਹੈ ਕਿ ਜਿਨ੍ਹਾਂ ਚੀਜ਼ਾਂ ਦੇ ਮੁਤੱਲਕ ਹਾਈ ਕੋਰਟ ਸੀਜ਼ਡ ਹੈ ਉਹ ਗਲਾਂ ਏਥੇ ਜ਼ੇਰੇ ਬਹਿਸ ਨਹੀਂ ਲਿਆਉਣੀਆਂ ਚਾਹੀਦੀਆਂ । ਮੈਂ ਤੁਹਾਡੇ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਜੋ ਕੁਝ ਵੀ ਇਸ ਹਾਊਸ ਵਿੱਚ ਹੋਇਆ ਉਹ ਸੁਪਰੀਮ ਕੋਰਟ ਵਿੱਚ ਸਹੀ ਤੌਰ ਤੇ ਅਤੇ ਕਲੀਅਰਲੀ ਆਇਆ । ਮੇਰੇ ਕੋਲ ਜੱਜਮੈਂਟ ਦੀ ਕਾਪੀ ਹੈ ਜਿਸਨੂੰ ਕਿ ਮੈਂ ਦਿਖਾ ਸਕਦਾ ਹਾਂ । ਉਸ ਵਿਚ ਸੁਪਰੀਮ ਕੋਰਟ ਨੇ ਇਸ ਸਾਰੀ ਗਲ ਦਾ ਜ਼ਿਕਰ ਕੀਤਾ ਹੈ । ਇਸ ਲਈ ਹਾਊਸ ਵਿਚ ਇਹ ਕਹਿਣਾ ਕਿ ਬਜ਼ਟ ਦੋ ਮਿਨਟਾਂ ਵਿਚ ਪਾਸ ਹੋ ਗਿਆ, ਠੀਕ ਨਹੀਂ ਹੈ, ਇਸ ਤੇ ਬਹਿਸ ਨਹੀਂ ਹੋਣੀ ਚਾਹੀਦੀ ।

**ਸ੍ਰੀ ਸਪੀਕਰ** : ਤਾਂ ਕੀ ਮੈਂ ਇਹ ਮੰਨ ਲਵਾਂ ਕਿ ਅੱਧੇ ਘੰਟੇ ਵਿਚ ਜੋ ਕੁਝ ਇਥੇ ਹੋਇਆ ਹੈ ਉਹ ਸਭ ਰੂਲਜ਼ ਦੇ ਮੁਤਾਬਕ ਸੀ । ਅਗਲੀ ਵਾਰੀ ਨੂੰ ਦੋ ਮਿਨਟਾਂ ਵਿਚ ਕਰ ਲੈਣਾ । (Should I conclude that all that happened here within that half hour, was done according to the rules ? Next time it may be completed within two minutes.)

**ਸਰਦਾਰ ਸੰਤੋਖ ਸਿੰਘ ਰੰਧਾਵਾ** : On a point of order, Sir. ਮੇਰਾ

Original with;
Punjab Vidhan Sabha
Digitized by;
Panjab Digital Library

ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਕੇਸ ਹਾਈ ਕੋਰਟ ਵਿੱਚ ਗਿਆ ਔਰ ਹਾਈ ਕੋਰਟ ਨੇ ਫੈਸਲਾ ਦਿੱਤਾ। ਉਸ ਦੇ ਬਾਦ ਇਹ ਸੁਪਰੀਮ ਕੋਰਟ ਵਿਚ ਗਿਆ ਜਿਸ ਨੇ ਪਹਿਲਾ ਫੈਸਲਾ ਉਲਟ ਦਿਤਾ। ਇਥੇ ਕੁਝ ਮੈਂਬਰ ਸਾਹਿਬਾਨ ਬੈਠੇ ਹਨ, ਜਿਨ੍ਹਾਂ ਵਿਚੋਂ ਸ੍ਰੀ ਸਤਪਾਲ ਡਾਂਗ ਵੀ ਹਨ। ਇਨ੍ਹਾਂ ਨੇ ਇਹ ਸਾਰੀਆਂ ਚੀਜ਼ਾਂ ਉਥੇ ਦਸੀਆਂ ਪਰ ਫੇਰ ਵੀ ਸੁਪਰੀਮ ਕੋਰਟ ਨੇ ਬਜਟ ਨੂੰ ਦਰੁਸਤ ਪਾਸ ਹੋਇਆ ਦਸਿਆ। ਹੁਣ ਇਹ ਸੁਪਰੀਮ ਕੋਰਟ ਦੀ ਤੌਹੀਨ ਨਹੀਂ ਕਿ ਇਸ ਤੇ ਰੂਲਿੰਗ ਦਿਤੀ ਜਾਵੇ ?

**ਸ੍ਰੀ ਸਪੀਕਰ :** ਜਿਥੋਂ ਤਕ ਉਸ ਬਜਟ ਦਾ ਤੁਅੱਲਕ ਹੈ ਅਤੇ ਉਸ ਦੇ ਠੀਕ ਹੋਣ ਦਾ ਤੁਅੱਲਕ ਹੈ ਉਸਨੂੰ ਕੋਈ ਚੈਲੰਜ ਨਹੀਂ ਕਰਦਾ। ਲੇਕਿਨ ਹਾਊਸ ਵਿਚ ਹੋਏ ਕੁਝ ਐਕਸ਼ਨਾ ਦੀ ਪ੍ਰੋਪ੍ਰਾਇਟੀ ਬਾਰੇ ਡਿਸਕਸ਼ਨ ਹੋ ਸਕਦੀ ਹੈ। ਇਸ ਸਬੰਧੀ ਬਹੁਤ ਉਤਾਵਲਾ ਨਹੀਂ ਹੋਣਾ ਚਾਹੀਦਾ ਅਤੇ ਠੀਕ ਸੁਭਾ ਨਾਲ ਚਲਣਾ ਚਾਹੀਦਾ ਹੈ। (So far as the validity of the Budget is concerned no one can challenge it. But the propriety of the incidents which took place on that day in the House, can be discussed. No one should feel agitated about it ; instead we should proceed with a cool mind.)

**ਸਰਦਾਰ ਬਲਵੰਤ ਸਿੰਘ :** ਬੇਸ਼ਕ ਤੁਸੀਂ ਸਾਰੀ ਪ੍ਰੋਸੀਡਿੰਗਜ਼ ਪੜ੍ਹ ਕੇ ਵੇਖ ਲਵੋ ਮੈਂ ਬਜਟ ਦੇ ਪਾਸ ਹੋਣ ਨੂੰ ਇੱਲਲੀਗਲ ਨਹੀਂ ਕਿਹਾ। ਮੈਂ ਤਾਂ ਆਪਣੇ ਬਿਆਨ ਵਿਚ, ਪੰਜ ਸਤ ਮਿਨਟਾਂ ਵਿਚ ਜਿਹੜਾ ਪੁਲਿਸ ਦੀ ਐਂਟਰੀ ਦਾ ਸਵਾਲ ਹੈ, ਉਸ ਬਾਰੇ ਕਿਹਾ ਸੀ ਕਿ ਇਸ ਸਬੰਧੀ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੀ ਜੱਜਮੈਂਟ ਸਾਈਲੈਂਟ ਹੈ। ਮੈਂ ਇਹ ਕਿਹਾ ਸੀ ਕਿ ਇਸ ਮੁਤਬਰਕ ਜਗ੍ਹਾ ਉਤੇ ਪੁਲਿਸ ਐਂਟਰ ਹੋਈ ਔਰ ਪੁਲਿਸ ਦੇ ਐਂਟਰ ਹੋਣ ਬਾਰੇ ਪਾਰਲੀਮੈਂਟ ਵਿਚ ਬਹਿਸ ਹੋਈ। ਉਥੇ ਹੋਮ ਮਨਿਸਟਰ ਸ੍ਰੀ ਚਵਾਨ ਨੇ ਕਿਹਾ ਕਿ ਇਹ ਡਿਪਲੋਰੇਬਲ ਇਨਸੀਡੈਂਟ ਸੀ, ਇਸ ਤੇ ਸਾਨੂੰ ਸ਼ਰਮ ਆਉਂਦੀ ਹੈ। (ਸ਼ੋਰ) ਜਿੰਨੀਆਂ ਵੀ ਹਿੰਦੁਸਤਾਨ ਦੀਆਂ ਪਾਰਟੀਆਂ ਹਨ, ਉਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਹਾਊਸ ਵਿਚ ਪੁਲਿਸ ਦੀ ਐਂਟਰੀ ਨੂੰ ਚੰਗਾ ਨਹੀਂ ਸਮਝਿਆ। ਮੈਂ ਸਿਰਫ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਇਸ ਚੀਜ਼ ਦਾ ਖਾਸ ਤੌਰ ਤੇ ਵਰਣਨ ਕੀਤਾ ਹੈ। ਇਸ ਸਬੰਧੀ ਅਸੀਂ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਹਾਂ। ਉਨ੍ਹਾਂ ਨੇ ਸਾਨੂੰ ਵਾਰਨਿੰਗ ਦਿਤੀ ਹੈ ਕਿ ਇਸ ਕਿਸਮ ਦਾ ਇਨਸੀਡੈਂਟ ਮੁੜ ਨਹੀਂ ਹੋਣਾ ਚਾਹੀਦਾ। (ਸ਼ੋਰ) ਪੁਲਿਸ ਦੇ ਆਦਮੀ ਇਸ ਹਾਊਸ ਵਿਚ ਐਂਟਰ ਹੋਏ ਸਨ। ਇਨ੍ਹਾਂ ਨੇ ਉਨ੍ਹਾਂ ਨੂੰ ਇਥੇ ਲਿਆਕੇ ਜਮਹੂਰੀਅਤ ਦਾ ਸਤਿਆਨਾਸ ਕੀਤਾ। ਉਸ ਗੌਰਮਿੰਟ ਨੇ ਉਨ੍ਹਾਂ ਨੂੰ ਆਪਣੇ ਟੂਲ ਦੇ ਤੌਰ ਤੇ ਇਸਤੇਮਾਲ ਕੀਤਾ। ਉਹ ਸਾਰੇ ਦਾ ਸਾਰਾ ਕੇਸ ਪ੍ਰਿਵਿਲੇਜ ਕਮੇਟੀ ਸਾਹਮਣੇ ਪਿਆ ਹੈ। ਸਪੀਕਰ ਸਾਹਿਬ, ਤੁਸੀਂ ਪ੍ਰਿਵੇਲੇਜ ਕਮੇਟੀ ਬਨਾਉਣੀ ਹੈ। ਤੁਸੀਂ ਇਸ ਕਮੇਟੀ ਨੂੰ ਡਾਇਰੈਕਸ਼ਨ ਦਿਉ ਕਿ ਉਹ ਇਸ ਨੂੰ ਟੇਕ ਅਪ ਕਰੇ, ਜਿਨ੍ਹਾਂ ਨੇ ਨਾਜਾਇਜ਼ ਢੰਗ ਨਾਲ ਹਾਊਸ ਦੀ ਬੇਇਜ਼ਤੀ ਕੀਤੀ। ਉਨ੍ਹਾਂ ਕਸੂਰਵਾਰਾਂ ਨੂੰ ਸਜ਼ਾ ਮਿਲੇ ਤਾਕਿ ਸਾਰੇ ਹਿੰਦੁਸਤਾਨ ਨੂੰ ਪਤਾ ਲਗ ਜਾਏ ਕਿ ਕਿਸ ਤਰ੍ਹਾਂ ਜਮਹੂਰੀਅਤ ਨੂੰ ਕਾਇਮ ਰਖਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਸਪੀਕਰ ਸਾਹਿਬ, ਰੋਡਵੇਜ਼ ਵਰਕਰਾਂ ਨੇ ਪਹਿਲੀ ਸਰਕਾਰ ਵੇਲੇ ਹੜਤਾਲਾਂ ਕੀਤੀਆਂ। ਹਰ ਆਦਮੀ ਨੂੰ ਹਕ ਹੈ ਕਿ ਉਹ ਆਪਣੇ ਵੇਜਿਜ਼ ਵਾਸਤੇ ਲੜੇ ਪਰ ਉਸ ਸਰਕਾਰ ਨੇ ਉਨ੍ਹਾਂ ਵਰਕਰਾਂ ਨੂੰ ਹੈਰਾਸ ਕੀਤਾ। ਆਪਣੇ ਏਜੰਟਾਂ ਤੋਂ ਪ੍ਰੋਵੋਕੇਸ਼ਨ ਕਰਾਕੇ ਵਰਕਰਾਂ ਤੇ ਕਈ ਕਿਸਮ ਦੇ ਝੂਠੇ ਮੁਕੱਦਮੇ ਬਣਾਏ। ਮੈਂ ਪੁਛਦਾ ਹਾਂ ਕਿ ਕਿਉਂ ਸਾਰਾ ਪੰਜਾਬ ਸਰਕਾਰ ਤੋਂ ਥਰ ਥਰ ਕੰਬਦਾ ਸੀ ਅਤੇ ਕੋਈ ਵੀ ਆਪਣੇ ਹਕ ਵਾਸਤੇ ਨਹੀਂ ਸੀ ਲੜ ਸਕਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਰਾਜ ਵਿੱਚ ਫਾਲਸ ਕੇਸਿਜ਼ ਇਨਸਟੀਚੂਟ ਕਰਨ ਦੀ ਇਕ ਲੜੀ ਕਾਇਮ ਕੀਤੀ ਗਈ। ਸੰਤ ਚੰਨਣ ਸਿੰਘ ਜੀ ਅਤੇ ਸਰਦਾਰ ਜੀਵਨ ਸਿੰਘ ਉਮਰਾ ਨੰਗਲ ਜੀ ਤੇ ਝੂਠੇ ਕੇਸ ਬਣਾਏ ਗਏ। ਜੇ ਕਾਂਗਰਸ ਬੈਂਚਿਜ਼ ਵਾਲੇ ਇਸ ਕਾਰਵਾਈ ਨਾਲ ਸਹਿਮਤ ਹੋਣਗੇ ਤਾਂ ਹੀ ਇਨ੍ਹਾਂ ਨੇ ਗਿੱਲ ਨੂੰ ਸਪੋਰਟ ਦਿਤੀ (ਸ਼ੋਰ) ਮੇਰੇ ਉਤੇ ਝੂਠਾ ਕੇਸ ਬਣਾਇਆ ਗਿਆ। ਹਜ਼ਾਰਾਂ ਵਰਕਰਾਂ ਅਤੇ ਦਰਜਨਾਂ ਐਮ. ਐਲ. ਏਜ਼ ਦੇ ਖਿਲਾਫ ਝੂਠੇ ਕੇਸ ਇਨਸਟੀਚਿਊਟ ਕੀਤੇ ਗਏ। ਮੈਨੂੰ ਇਹ ਦਸਣ ਵਿੱਚ ਖੁਸ਼ੀ ਹੁੰਦੀ ਹੈ ਕਿ ਜਦੋਂ ਗਵਰਨਰੀ ਰਾਜ ਆਇਆ ਤਾਂ ਗਵਰਨਰ ਨੇ ਆਪਣੇ ਐਡਵਾਈਜ਼ਰਜ਼ ਦੇ ਥਰੂ ਗਿੱਲ ਸਰਕਾਰ ਵੇਲੇ ਦੇ ਸਾਰੇ ਅਜਿਹੇ ਝੂਠੇ ਕੇਸ ਕਿਧਰੇ ਸਿਟਵਾ ਦਿੱਤੇ। ਸਪੀਕਰ ਸਾਹਿਬ, ਜਿਸ ਕਿਸਮ ਦਾ ਐਫ. ਆਈ. ਆਰ ਮੇਰੇ ਖਿਲਾਫ ਬਣਾਏ ਕੇਸ ਵਿਚ ਦਿਤਾ ਗਿਆ ਇਸ ਕਿਸਮ ਦਾ ਐਫ. ਆਈ. ਆਰ. ਮੈਂ ਕਦੇ ਨਹੀਂ ਵੇਖਿਆ। ਇਸ ਬਾਰੇ ਆਨਰੇਬਲ ਜੱਜ ਨੇ ਕਿਹਾ :—

This is the most novel piece of jurisprudence.

ਇਹ ਸਾਰੀਆਂ ਕਾਰਵਾਈਆਂ ਐਸ. ਜੀ. ਪੀ. ਸੀ ਉਤੇ ਗਲਤ ਢੰਗ ਨਾਲ ਕੰਟ੍ਰੋਲ ਕਰਨ ਲਈ ਸਨ। ਜਿੰਨੀਆਂ ਵੀ ਜ਼ਿਆਦਤੀਆਂ ਉਸ ਜ਼ਮਾਨੇ ਵਿਚ ਲੋਕਾਂ ਤੇ ਹੋਈਆਂ ਉਹ ਥੋੜ੍ਹੀਆਂ ਕਹੀਆਂ ਜਾ ਸਕਦੀਆਂ ਹਨ ਪਰ ਇਨ੍ਹਾਂ ਨੂੰ ਸਾਹਮਣੇ ਰਖਕੇ ਪੰਜਾਬ ਦੀ ਜਨਤਾ ਨੇ ਫੈਸਲਾ ਕੀਤਾ ਕਿ ਚੰਡੀਗੜ੍ਹ ਵਿਚ ਇਕ ਬੜਾ ਭਾਰੀ ਪ੍ਰੋਟੈਸਟ ਮਾਰਚ ਕੀਤਾ ਜਾਵੇ। ਜਦੋਂ ਪ੍ਰੋਟੈਸਟ ਮਾਰਚ ਹੋਇਆ, ਉਸ ਵੇਲੇ ਦੀਆਂ ਅਖਬਾਰਾਂ ਦਸਦੀਆਂ ਹਨ ਕਿਵੇਂ ਪੁਲੀਟੀਕਲ ਬੰਦਿਆਂ ਨੂੰ ਚੰਡੀਗੜ੍ਹ ਆਉਣ ਤੋਂ ਰੋਕਿਆ ਗਿਆ। ਰੇਲਵੇ ਸਟੇਸ਼ਨ ਤੇ ਗੱਡੀ ਖੜੀ ਕਰਕੇ ਆਨਰੇਬਲ ਮੈਂਬਰ ਡਾਂਗ ਸਾਹਿਬ ਨੂੰ ਗੱਡੀ ਵਿਚੋਂ ਧੂ ਕੇ ਬਾਹਰ ਕੱਢ ਲਿਆ ਗਿਆ।

**Mr. Speaker :** Kindly wind up now.

**ਸਰਦਾਰ ਬਲਵੰਤ ਸਿੰਘ :** ਮੈਂ ਇਕ ਘੰਟਾ ਪੂਰਾ ਲੈਣਾ ਹੈ ਜੀ। ਜਿਸ ਆਦਮੀ ਕੋਲ ਚੰਡੀਗੜ੍ਹ ਦਾ ਟਿਕਟ ਸੀ ਉਸ ਨੂੰ ਗਡੀ ਤੋਂ ਬਾਹਰ ਕੱਢ ਲਿਆ ਗਿਆ। ਸਾਰੀਆਂ ਬਸਾਂ ਬੰਦ ਕਰ ਦਿਤੀਆਂ, ਟਰੈਕਟਰਾਂ ਦਾ ਚਲਾਉਣਾ ਬੰਦ ਕਰ ਦਿਤਾ। ਉਸ ਜ਼ਮਾਨੇ ਦੀਆਂ ਅਖਬਾਰਾਂ ਪੜ੍ਹਨੀਆਂ ਚਾਹੀਦੀਆਂ ਹਨ ਜਿਨ੍ਹਾਂ ਨੇ ਉਸ ਵੇਲੇ ਦੇ ਹਾਲਾਤ ਤੇ ਰੋਸ਼ਨੀ ਪਾਈ ਹੈ। ਇਹ ਅਖਬਾਰਾਂ 'ਟ੍ਰਿਬਿਊਨ' ਨਹੀਂ ਹੈ ਬਲਕਿ ਇਹ 'ਸਟੇਟਸਮੈਨ' ਹੈ। ਇਸ ਨੇ ਉਹ ਖਬਰ ਇਸ ਤਰ੍ਹਾਂ ਛਾਪੀ ਹੈ —

"PUNJAB POLICE SWOOP ON UNITED FRONT; MASS ARRESTS TO FOIL AGITATION......

The Punjab Government has begun large scale arrests of leaders

Original with;
Punjab Vidhan Sabha
Digitized by;
Panjab Digital Library

and active workers of the Opposition parties apparently to frustrate the United Front's projected massive demonstration in Chandigarh tomorrow.........

In a statement to the Press, Mr. Gurnam Singh alleged that "units of the Punjab Armed Police and the regular police are spread out in all villages of the State to prevent people from coming out of the villages to participate in the demonstration."

Our Bhatinda correspondent says : "By conducting simultaneous secret raids at various places in Bhatinda District, the police have rounded up workers of political parties during the past 24 hours to foil the proposed Chandigarh demonstration tomorrow."

ਇਸ ਦੇ ਵਿਚ ਅੱਗੇ ਜਾ ਕੇ ਲਿਖਿਆ ਹੈ ਕਿ ਹਰ ਸ਼ਹਿਰ ਅਤੇ ਪਿੰਡ ਵਿਚ ਪੁਲਿਸ ਛਾ ਗਈ, ਜਿਸ ਤਰ੍ਹਾਂ ਕਿ ਪਾਕਿਸਤਾਨ ਨਾਲ ਲੜਾਈ ਲੱਗ ਪਈ ਹੋਵੇ । ਹਰ ਪੰਚ, ਸਰਪੰਚ, ਸੰਮਿਤੀ ਦੇ ਮੈਂਬਰ ਅਤੇ ਮਿਊਂਸੀਪਲ ਕਮਿਸ਼ਨਰ ਨੂੰ ਫੜਕੇ ਜੇਲ੍ਹ ਵਿਚ ਪਾ ਦਿੱਤਾ । ਮੈਨੂੰ ਯਾਦ ਹੈ ਕਿ ਮੈਨੂੰ ਨਕੋਦਰ ਹਵਾਲਾਤ ਵਿਚ ਦੋ ਦਿਨ ਰੱਖਿਆ ਗਿਆ । (ਵਿਘਨ)

The Statesmen writes—"Massive Rally against Gill Ministry".........

ਤਿੰਨ ਮੀਲ ਲੰਬਾ ਜਲੂਸ ਕੱਢਿਆ ਗਿਆ । ਇਸ ਤੋਂ ਪਤਾ ਲੱਗਦਾ ਸੀ ਕਿ ਪੰਜਾਬ ਦੀ ਜਨਤਾ ਕਿੰਨੀ ਵਡੀ ਤਬਦੀਲੀ ਚਾਹੁੰਦੀ ਹੈ ਉਸ ਸਰਕਾਰ ਵਿਚ ਜਿਹੜੀ ਇਨ੍ਹਾਂ ਕੁਝ ਦੋਸਤਾਂ ਦੀ ਸਪੋਰਟ ਤੇ ਚਲ ਰਹੀ ਸੀ । (ਵਿਘਨ) ਮੈਂ ਉਨ੍ਹਾਂ ਦੋਸਤਾਂ ਦੇ ਨਾਂ ਨਹੀਂ ਲੈਣਾ ਚਾਹੁੰਦਾ । ਮੈਂ ਅਰਜ਼ ਕਰਦਾ ਹਾਂ ਕਿ ਐਨੀ ਜ਼ਿਆਦਾ ਕੁਰੱਪਸ਼ਨ ਹੋਈ ਕਿ ਸਾਨੂੰ ਮਜਬੂਰ ਹੋ ਕੇ ਇਨ੍ਹਾਂ ਦੇ ਖਿਲਾਫ਼ ਮੈਮੋਰੈਂਡਮ ਦੇਣਾ ਪਿਆ ਜਿਸ ਵਿਚ 18 ਚਾਰਜਿਜ਼ ਲਗਾਏ ਗਏ ਅਤੇ 14 ਪ੍ਰੈਜ਼ੀਡੈਂਟ ਸਾਹਿਬ ਨੂੰ ਭੇਜੇ ਗਏ । (ਵਿਘਨ) ਜਦ ਗਵਰਨਰ ਦਾ ਰੂਲ ਆਇਆ ਤਾਂ ਇਨ੍ਹਾਂ ਚਾਰਜਿਜ਼ ਦੀ ਛਾਨਬੀਨ ਕੀਤੀ ਗਈ ਔਰ ਇਹ ਛਾਨਬੀਨ ਸ੍ਰੀ ਨਰੋਨਾ, ਐਡਵਾਈਜ਼ਰ ਆਫ ਗਵਰਨਰ ਨੇ ਕੀਤੀ । (ਵਿਘਨ) ਤੁਸਾਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਣਾ ਹੈ ਕਿ 18 ਚਾਰਜਿਜ਼ ਇਨ੍ਹਾਂ ਤੇ ਲਗੇ ਸਨ । ਇਸ ਤਰ੍ਹਾਂ ਇਨ੍ਹਾਂ ਤੇ ਕੇਸ ਚਲਾਏ ਜਾ ਸਕਦੇ ਸਨ । ਇਨ੍ਹਾਂ ਦੀ ਮਨਿਸਟਰੀ ਨੂੰ ਪਰਾਸੀਕਿਊਟ ਕੀਤਾ ਜਾ ਸਕਦਾ ਸੀ । (ਵਿਘਨ) ਮੈਨੂੰ ਬੜੀ ਖੁਸੀ ਹੈ ਕਿ ਇਨ੍ਹਾਂ ਚਾਰਜਿਜ਼ ਵਿਚੋਂ ਇਕ ਚਾਲੂ ਕੀਤਾ ਗਿਆ ਹੈ । ਇਹ ਜਿਹੜਾ ਚਾਰਜ ਚਾਲੂ ਹੋਇਆ ਹੈ ਇਹ ਇਕ ਫੈਕਟ ਹੈ । ਇਹ ਤਾਂ ਗਵਰਨਰ ਦੇ ਰਾਜ ਵਿਚ ਚਾਲੂ ਹੋਣਾ ਚਾਹੀਦਾ ਸੀ, ਪਰ ਗਵਰਨਰ ਸੈਂਟਰਲ ਗੌਰਮਿੰਟ ਦਾ ਏਜੰਟ ਹੈ, ਹੋ ਸਕਦਾ ਹੈ ਉਹੀ ਰੋਕਦਾ ਰਿਹਾ ਹੋਵੇ । (ਸ਼ੋਰ) (ਵਿਘਨ) । I have no intention to cast aspersion on the Governor. I am simply stating the facts. (Interruptions) ਪਰ ਜਦ ਸਰਦਾਰ ਗੁਰਨਾਮ ਸਿੰਘ ਦੀ ਨਵੀਂ ਸਰਕਾਰ ਬਣੀ ਤਾਂ ਰੂਲ ਆਫ ਲਾ ਸ਼ੁਰੂ ਹੋਇਆ ਤਾਂ ਅਜਿਹੇ ਆਦਮੀਆਂ ਤੇ ਆਟੋਮੈਟੀਕਲੀ ਮੁਕੱਦਮੇ ਬਣਨੇ ਸ਼ੁਰੂ ਹੋ ਗਏ ਔਰ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ । (ਵਿਘਨ) (ਸ਼ੋਰ) ਔਰ ਇਨ੍ਹਾਂ ਨੂੰ ਜਗਰਾਉਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਲਿਆਂਦਾ ਗਿਆ । (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਅਗਰ ਕੋਈ ਮੁਜਰਮ ਹੋਵੇ, ਚਾਹੇ ਉਹ ਅਸੈਂਬਲੀ ਦਾ ਮੈਂਬਰ ਹੋਵੇ ਜਾਂ ਨਾ, ਲਾ ਸਾਰਿਆਂ ਵਾਸਤੇ ਇਕੋ ਜਿਹਾ ਹੈ । Law must take its course. ਮੈਂ ਸਾਰੇ ਮੈਂਬਰਾਂ ਨੂੰ ਅਪੀਲ ਕਰਾਂਗਾ ਕਿ ਉਹ ਇਸ ਮਸਲੇ ਵਿਚ ਗੌਰਮਿੰਟ ਦੀ ਮੱਦਦ ਕਰਨ ਤਾਕਿ ਅਜਿਹੇ ਆਦਮੀਆਂ ਉਤੇ ਕਨੂੰਨੀ ਤੌਰ ਤੇ ਕਾਰਵਾਈ ਕੀਤੀ ਜਾ ਸਕੇ । (ਵਿਘਨ) ਸਪੀਕਰ ਸਾਹਿਬ, ਗੁਰੂ ਜੀ ਮਹਾਰਾਜ ਫੁਰਮਾਂਉਂਦੇ ਹਨ ਕਿ :—

ਕੂੜ ਨਿਖੁੱਟੇ ਨਾਨਕਾ ਓੜਕ ਸਚ ਰਹੀ ।

ਸੱਚ ਸੱਚ ਹੀ ਹੁੰਦਾ ਹੈ । ਮਿੱਡ ਟਰਮ ਇਲੈਕਸ਼ਨ ਹੋ ਗਏ । ਕਿਥੇ ਗਈ ਉਹ ਜਨਤਾ ਪਾਰਟੀ, ਜਿਹੜੀ ਕਿ ਬੜੀਆਂ ਡੀਂਗਾਂ ਮਾਰਦੀ ਸੀ । ਕਿਥੇ ਗਏ ਕਾਂਗਰਸ ਦੇ ਵੱਡੇ ਵੱਡੇ ਲੀਡਰ । (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਦੁਨੀਆਂ ਦੀ ਹਿਸਟਰੀ ਵਿਚ ਕਿਸੇ ਵੀ ਪਾਰਟੀ ਦੀਆਂ ਇਤਨੀਆਂ ਜ਼ਮਾਨਤਾਂ ਜ਼ਬਤ ਨਹੀਂ ਹੋਈਆਂ ਹੋਣੀਆਂ ਜਿੰਨੀਆਂ ਕਿ ਜਨਤਾ ਪਾਰਟੀ ਦੀਆਂ ਜ਼ਬਤ ਹੋਈਆਂ ਹਨ । ਮੈਂ ਕੈਪਟਨ ਰਤਨ ਸਿੰਘ ਨੂੰ ਪੁਛਣਾ ਚਾਹੁੰਦਾ ਹਾਂ ਉਨ੍ਹਾਂ ਦੇ ਟਾਪ ਲੀਡਰ ਕਿਧਰ ਗਏ ? (ਘੰਟੀ)

ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਆਪਣੇ ਹਲਕੇ ਦੀਆਂ 2-3 ਗੱਲਾਂ ਵੱਲ ਦਿਵਾਉਣਾ ਚਾਹੁੰਦਾ ਹਾਂ । ਜਦ ਮੈਨੂੰ ਅਕਾਲੀ ਪਾਰਟੀ ਨੇ ਟਿਕਟ ਦਿੱਤਾ ਔਰ ਮੈਂ ਨੂਰ ਮਹਿਲ ਹਲਕੇ ਵਿਚ ਗਿਆ ਤਾਂ ਜਨਤਾ ਨੇ ਮੇਰਾ ਬੜਾ ਨਿੱਘਾ ਸੁਆਗਤ ਕੀਤਾ । ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਵਿਚ ਏਨੀ ਨਫਰਤ ਸੀ ਇਨ੍ਹਾਂ ਲੀਡਰਾਂ ਦੇ ਵਿਰੁੱਧ ਜਿਸਦਾ ਕੋਈ ਅੰਦਾਜ਼ਾ ਨਹੀਂ । (ਵਿਘਨ) ਮੇਰੇ ਖਿਲਾਫ਼ ਇਲੈਕਸ਼ਨਾਂ ਵਿਚ ਮੈਨੂੰ ਹਰਾਉਣ ਲਈ ਲੱਖਾਂ ਰੁਪਏ ਖਰਚ ਕੀਤੇ ਗਏ । ਮੇਰਾ ਖਿਆਲ ਹੈ ਕਿ ਹਜ਼ਾਰਾਂ ਪੀਪੇ ਸ਼ਰਾਬ ਦੇ ਇਸਤੇਮਾਲ ਕੀਤੇ ਗਏ । (ਸ਼ੇਮ, ਸ਼ੇਮ) ਮੇਰਾ ਖਿਆਲ ਹੈ ਕਿ ਔਰਤਾਂ ਤੱਕ ਨੂੰ ਵੀ ਪੇਸ਼ ਕੀਤਾ ਗਿਆ । (ਸ਼ੋਰ) (ਵਿਘਨ) ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਧਰ ਗਿਆ ਕਾਂਗਰਸ ਦਾ ਸੈਕੂਲਰਿਜ਼ਮ ।

**ਸ਼੍ਰੀ ਜੋਗਿੰਦਰ ਪਾਲ ਪਾਂਡੇ** : ਸਪੀਕਰ ਸਾਹਿਬ, ਜੇ ਕੋਈ ਮੈਂਬਰ ਝੂਠ ਬੋਲੇ ਤਾਂ ਉਸ ਦਾ ਕੀ ਇਲਾਜ ਹੈ ?

**ਸਰਦਾਰ ਬਲਵੰਤ ਸਿੰਘ** : ਮੈਨੂੰ ਜ਼ਾਤੀ ਪ੍ਰੈਕਟੀਕਲ ਤਜਰਬਾ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਕਿਥੇ ਗਿਆ ਕਾਂਗਰਸ ਦਾ ਸੈਕੂਲਰਿਜ਼ਮ ਜਦ ਮੈਂ ਮੰਜਕੀ ਗਿਆ ਤਾਂ ਇਨ੍ਹਾਂ ਨੇ ਮੇਰੇ ਖਿਲਾਫ ਲੋਕਾਂ ਨੂੰ ਭੜਕਾਇਆ ਕਿ ਇਹ ਤਾਂ ਜੱਟ ਹੈ ਤੇ ਤੁਸੀ ਕੰਬੋਜ਼ ਹੋ ਤੁਸੀਂ ਜੱਟ ਨੂੰ ਵੋਟਾਂ ਨਾ ਦੇਣਾ । (ਵਿਘਨ) ਸਪੀਕਰ ਸਾਹਿਬ, ਤੁਸੀਂ ਮੇਰੇ ਗਵਾਂਢੀ ਹਲਕੇ ਵਿਚੋਂ ਇਲੈਕਸ਼ਨ ਜਿੱਤ ਕੇ ਆਏ ਹੋ ਤੁਹਾਨੂੰ ਪਤਾ ਹੋਣਾ ਹੈ । (ਸ਼੍ਰੀ ਜੋਗਿੰਦਰ ਪਾਲ ਪਾਂਡੇ ਵਲੋਂ ਵਿਘਨ) ਜਦੋਂ ਮੈਂ ਤੁਹਾਡੇ ਪੋਲ ਨੰਗੇ ਕਰਦਾ ਹਾਂ ਤਾਂ ਕਿਉਂ ਰੌਲਾ ਪਾਉਂਦੇ ਹੋ । ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਹਰੀਜਨ ਭਰਾਵਾਂ ਨੂੰ ਇਨ੍ਹਾਂ ਨੇ ਗ਼ਲਤਫਹਿਮੀ ਪਾਉਣ ਦੀ ਕੋਸ਼ਿਸ਼ ਕੀਤੀ । ਉਨ੍ਹਾਂ ਨੂੰ ਕਿਹਾ ਗਿਆ ਕਿ ਇਹ ਜੱਟ ਸਿੱਖ ਹੈ । ਜੇ ਇਨ੍ਹਾਂ ਦਾ ਰਾਜ ਹੋ ਗਿਆ ਤਾਂ ਇਨ੍ਹਾਂ ਨੇ ਤੁਹਾਨੂੰ ਹੁੱਕਾ ਨਹੀਂ ਪੀਣ ਦੇਣਾ । (ਵਿਘਨ) ਮੈਂ ਸਮਝਦਾ ਹਾਂ ਕਿ ਜਿਹੜੇ

Original with;
Punjab Vidhan Sabha
Digitized by;
Panjab Digital Library

ਵੱਡੇ ਵੱਡੇ ਲੀਡਰ ਸਨ, ਮਾਸਟਰ ਗੁਰਬੰਤਾ ਸਿੰਘ ਮੇਰੇ ਨਾਲ ਹੋਣਗੇ ਉਨ੍ਹਾਂ ਨੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ । (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਦੀ ਨਵੀਂ ਗੌਰਮਿੰਟ ਨੂੰ ਵਧਾਈ ਦਿੰਦਾ ਹਾਂ ਜਿਸਨੇ ਕਿ ਇਕ ਬੜਾ ਰੇਵੋਲੂਸ਼ਨਰੀ ਪ੍ਰੋਗਰਾਮ ਗਵਰਨਰ ਦੇ ਰਾਹੀਂ ਇਸ ਹਾਊਸ ਵਿਚ ਪੇਸ਼ ਕੀਤਾ ਹੈ ਅਤੇ ਗਵਰਨਰ ਸਾਹਿਬ ਨੇ ਇਸ ਐਡਰੈਸ ਵਿਚ ਪੜ੍ਹਿਆ ਹੈ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਪਰ ਹਾਊਸ ਨੂੰ ਉੜਾ ਦਿੱਤਾ ਜਾਵੇ । ਸਾਰੀਆਂ ਪੁਲੀਟੀਕਲ ਪਾਰਟੀਆਂ ਅਕਾਲੀਦਲ, ਜਨਸੰਘ, ਕਮਿਊਨਿਸਟ ਸਭ ਪਾਰਟੀਆਂ ਇਸ ਨਾਲ ਮੁਤਫਿਕ ਹਨ । ਇਹ ਜਿਹੜਾ ਅਪਰ ਹਾਊਸ ਹੈ ਇਹ ਅੱਜ ਕੱਲ ਫਰੱਸਟ੍ਰੇਟਿਡ ਅਤੇ ਡਿਫੀਟਿਡ ਆਦਮੀਆਂ ਦਾ "ਡੈਨ" ਬਣਿਆ ਹੋਇਆ ਹੈ । (ਵਿਘਨ) (ਸ਼ੋਰ)

**ਕੈਪਟਨ ਰਤਨ ਸਿੰਘ :** ਪੁਆਇੰਟ ਆਫ ਆਰਡਰ ਸਰ । ਕੀ ਕਿਸੇ ਮੈਂਬਰ ਨੂੰ ਇਹ ਹੱਕ ਹਾਸਿਲ ਹੈ ਕਿ ਉਹ ਅਪਰ ਹਾਊਸ ਲਈ "ਡੈਨ" ਦਾ ਲਫਜ਼ ਵਰਤੀ ਜਾਵੇ । ਇਸ ਨੂੰ ਐਕਸਪੰਜ ਕੀਤਾ ਜਾਵੇ । ਜਦੋਂ ਤੱਕ ਅਪਰ ਹਾਊਸ ਹੈ ਸਾਨੂੰ ਉਸ ਦਾ ਮਾਣ ਕਰਨਾ ਚਾਹੀਦਾ ਹੈ । ਸੋ ਇਸ ਲਫਜ਼ ਨੂੰ ਵਿਦਡਰਾ ਕੀਤਾ ਜਾਵੇ ।

**ਸਰਦਾਰ ਬਲਵੰਤ ਸਿੰਘ :** ਮੈਂ ਵਾਪਿਸ ਲੈਂਦਾ ਹਾਂ ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਮਹੂਰੀ ਰਾਜ ਵਿਚ ਅਜਿਹੀਆਂ ਗਲਾਂ ਨਾ ਹੋਣ ਜਿਹੜੀਆਂ ਪਬਲਿਕ ਦੀ ਮਰਜ਼ੀ ਦੇ ਮੁਤਾਬਕ ਨਾ ਹੋਣ । ਮੈਂ ਗੌਰਮਿੰਟ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਜਿਹੜਾ ਜਜ਼ੀਆ 20 ਸਾਲ ਤੋਂ ਪੰਜਾਬ ਦੇ ਲੋਕਾਂ ਤੇ ਲਗਾ ਹੋਇਆ ਸੀ, ਉਸ ਜਜ਼ੀਏ ਨੂੰ ਖ਼ਤਮ ਕਰਨ ਦੀ ਹੁਣ ਕੋਸ਼ਿਸ਼ ਕੀਤੀ ਹੈ ।

ਮੈਂ ਇਹ ਅਰਜ਼ ਕਰਦਾ ਹਾਂ ਕਿ ਅਨਾਜ ਦੀਆਂ ਰੇਮਨਰੇਟਿਵ ਕੀਮਤਾਂ ਕਿਸਾਨਾਂ ਨੂੰ ਦਿਤੀਆਂ ਜਾਣ । ਮੈਨੂੰ ਉਮੀਦ ਹੈ ਕਿ ਕਾਂਗਰਸ ਬੈਂਚਿਜ਼ ਵਾਲੇ ਵੀ ਇਸ ਗਲ ਵਿਚ ਸਾਥ ਦੇਣਗੇ । ਅਨਾਜ ਦੀਆਂ ਕੀਮਤਾਂ ਨੂੰ ਮੁਕੱਰਰ ਕਰਨ ਵਾਸਤੇ ਕਾਸਟ ਆਫ਼ ਪ੍ਰੋਡਕਸ਼ਨ ਨੂੰ ਮੱਦੇ ਨਜ਼ਰ ਰਖਿਆ ਜਾਵੇ ।

ਮੈਂ ਸੈਂਟਰ ਗੌਰਮਿੰਟ ਵਲੋਂ ਜਿਹੜਾ ਰੀਸੈਂਟਲੀ ਟੈਕਸ ਲਗਾਇਆ ਗਿਆ ਹੈ ਉਸ ਵਲ ਵੀ ਆਪ ਜੀ ਦੀ ਤਵਜੋ ਦੁਆਉਣਾ ਚਾਹੁੰਦਾ ਹਾਂ ।

**ਕੈਪਟਨ ਰਤਨ ਸਿੰਘ :** ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਹਾਊਸ ਵਿਚ ਉਸ ਮਸਲੇ ਨੂੰ ਡਿਸਕਸ ਨਹੀਂ ਕਰਨਾ ਚਾਹੀਦਾ ਜਿਹੜਾ ਇਸ ਦੀ ਜੂਰਿਸਡਿਕਸ਼ਨ ਵਿਚ ਨਹੀਂ । ਜਿਹੜਾ ਟੈਕਸ ਐਗਰੀਕਲਚਰ ਤੇ ਲਗ ਰਿਹਾ ਹੈ ਉਸ ਬਾਰੇ ਇਸ ਵੇਲੇ ਲੋਕ ਸਭਾ ਦੇ ਵਿਚ ਅਤੇ ਰਾਜ ਸਭਾ ਦੇ ਵਿਚ ਜਿਥੇ ਇਹ ਬਹਿਸ ਹੋ ਰਹੀ ਹੈ, ਇਹ ਕਿਹਾ ਗਿਆ ਹੈ ਕਿ ਵਾਪਿਸ ਲੈ ਲਿਆ ਜਾਵੇ । ਸਾਨੂੰ ਨਹੀਂ ਚਾਹੀਦਾ ਕਿ ਜਿਹੜੀ ਚੀਜ਼ ਸਾਡੀ ਜੂਰਿਸਡਿਕਸ਼ਨ ਵਿਚ ਨਹੀਂ, ਉਸ ਤੇ ਵਕਤ ਜ਼ਾਇਆ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਮਸਲਾ ਇਸ ਲਈ ਜ਼ਰੂਰੀ ਹੈ ਕਿ ਪੰਜਾਬ ਦੇ ਲੋਕਾਂ ਤੇ ਭਾਰੀ ਬੋਝ ਪੈ ਰਿਹਾ ਹੈ (ਵਿਘਨ)

**ਸ਼੍ਰੀ ਸਪੀਕਰ** : ਤੁਹਾਡਾ ਮਤਲਬ ਹੈ ਟੈਕਸੇਸ਼ਨ ਦੇ ਖਿਲਾਫ਼ ਨਾ ਬੋਲਣ (ਵਿਘਨ) (Do you mean to say that the hon. Member should not say anything against the taxation?)

**ਸਰਦਾਰ ਬਲਵੰਤ ਸਿੰਘ** : ਮੈਂ ਅਰਜ਼ ਕਰ ਰਿਹਾ ਸੀ..............

**Mr. Speaker** : Please wind up now.

**Sardar Balwant Singh** : Sir, there were many interruptions and I have not been able to say all the things. Sir, I will take 10 minutes more.

**Mr. Speaker** : Five minutes more please.

**ਸਰਦਾਰ ਬਲਵੰਤ ਸਿੰਘ** : ਪੰਜਾਬ ਸਰਕਾਰ ਪਿਛਲੇ 3-4 ਸਾਲਾਂ ਤੋਂ ਇਸ ਦੇ ਮੁਤੱਲਕ ਐਜੀਟੇਟ ਕਰਦੀ ਆ ਰਹੀ ਹੈ। ਸਰਦਾਰ ਗੁਰਨਾਮ ਸਿੰਘ ਗੌਰਮਿੰਟ ਨੇ ਕੀਤਾ, ਸਰਦਾਰ ਲਛਮਣ ਸਿੰਘ ਗੌਰਮਿੰਟ ਨੇ ਵੀ ਇਸ ਗਲ ਲਈ ਐਜੀਟੇਟ ਕੀਤਾ ਕਿ ਖੇਤੀ ਦੀ ਕਾਸਟ ਆਫ਼ ਪ੍ਰੋਡਕਸ਼ਨ ਵਧਾਉਣੀ ਨਹੀਂ ਚਾਹੀਦੀ। ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜੇ ਟੈਕਸ ਲਗਾਏ ਜਾ ਰਹੇ ਹਨ ਹਿੰਦੁਸਤਾਨ ਦੀ ਸਰਕਾਰ ਇਨ੍ਹਾਂ ਨੂੰ ਵਿਦਡਰਾ ਕਰੇ। ਇਹ ਕਿਸਾਨ ਮਾਰੂ ਟੈਕਸ ਹਨ (ਵਿਘਨ) ਮੈਂ, ਸਪੀਕਰ ਸਾਹਿਬ, ਇਨ੍ਹਾਂ ਨੂੰ ਰੀਕੁਐਸਟ ਕਰਾਂਗਾ ਕਿ ਇਹ ਪ੍ਰੋਟੈਸਟ ਕਰਨ (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਮੈਂ ਉਨ੍ਹਾਂ ਨਾਲ ਡਿਫਰ ਕਰਦਾ ਹਾਂ ਅਤੇ ਬੇਨਤੀ ਕਰਾਂਗਾ ਕਿ ਜਿਹੜਾ ਇਨਾਂ ਨੇ ਮੇਰਾ ਟਾਇਮ ਵਿਘਨਾਂ ਵਿਚ ਲਿਆ ਹੈ ਉਹ ਮੈਨੂੰ ਦਿਤੇ ਟਾਇਮ ਵਿਚੋਂ ਡੀਡਕਟ ਕਰ ਦਿਤਾ ਜਾਵੇ। ਮੈਂ ਇਸ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਸੇਲਜ਼ ਟੈਕਸ ਸਬੰਧੀ ਪਾਲਿਸੀ ਨੂੰ ਚੇਂਜ ਕਰਨ, ਇਨਸਪੈਕਟਰੀ ਰਾਜ ਨੂੰ ਛੁੱਟੀ ਕਰਨ ਅਤੇ ਹੋਰ ਕਈ ਅੱਛੇ ਮਯੀਅਰ ਲਿਆਂਦੇ ਹਨ।

ਜਿਹੜਾ ਗੁਡਜ਼ ਟਰਾਂਸਪੋਰਟ ਦਾ ਸਿਸਟਮ ਹੈ, ਉਹ ਖਾਸ ਤੌਰ ਤੇ ਵਰਨਣ ਯੋਗ ਹੈ। ਵਡੇ ਵਡੇ ਟਰੱਕਾਂ ਵਾਲਿਆਂ ਨੇ ਆਪਣੀਆਂ ਏਜੰਸੀਆਂ ਬਣਾਈਆਂ ਹੋਣੀਆਂ ਹਨ ਅਤੇ ਛੋਟੇ ਛੋਟੇ ਟਰੱਕਾਂ ਵਾਲਿਆਂ ਦਾ ਸਫਾਇਆ ਕੀਤਾ ਜਾ ਰਿਹਾ ਹੈ। ਸੂਬੇ ਦੇ ਸੇਲਜ਼ ਟੈਕਸ ਦੀ ਚੋਰੀ ਵਡੇ ਟਰੱਕ ਮਾਲਕ ਕਰ ਰਹੇ ਹਨ। ਇਸ ਲਈ ਟਰੱਕਾਂ ਦੀਆਂ ਬੁਕਿੰਗ ਏਜੰਸੀਆਂ ਨੂੰ ਨੈਸ਼ਨਲਾਈਜ਼ ਕੀਤਾ ਜਾਵੇ। ਮੈਨੂੰ ਉਮੀਦ ਹੈ ਕਿ ਕਾਂਗਰਸ ਪਾਰਟੀ ਜਿਹੜੀ ਕਿ ਸੋਸ਼ਲਿਜ਼ਮ ਵਿਚ ਵਿਸ਼ਵਾਸ ਰਖਦੀ ਹੈ ਅਤੇ ਕਾਗਜ਼ਾਂ ਵਿਚ ਸੋਸ਼ਲਿਜ਼ਮ ਬਾਰੇ ਲਿਖਦੀ ਵੀ ਹੈ, ਇਸ ਦੀ ਸਪੋਰਟ ਕਰੇਗੀ।

Original with;
Punjab Vidhan Sabha
Digitized by;
Panjab Digital Library

ਹਰੀਜਨ ਵੈਲਫੇਅਰ ਬਾਰੇ ਜੋ ਪੰਜਾਬ ਗੌਰਮਿੰਟ ਨੇ ਫੈਸਲਾ ਕੀਤਾ ਹੈ ਮੈਂ ਉਸ ਦਾ ਧੰਨਵਾਦੀ ਹਾਂ। ਮੈਂ ਸਮਝਦਾ ਹਾਂ ਕਿ ਸਰਕਾਰ ਹਰੀਜਨਾਂ ਵਿਚ ਅਤੇ ਬਾਕੀ ਲੋਕਾਂ ਦੇ ਵਿਚ ਤਾਲਮੇਲ ਵਧਾਏ। ਹਰੀਜਨ ਐਸੀ ਕਮਿਊਨਿਟੀ ਹੈ, ਜਿਸ ਨੂੰ ਉਪਰ ਚੁਕਣ ਦੀ ਲੋੜ ਹੈ। 20 ਸਾਲਾਂ ਵਿਚ ਬੜੀਆਂ ਐਫਰਟਸ ਕੀਤੀਆਂ ਗਈਆਂ ਹਨ ਪਰ ਮੈਂ ਕਹਿੰਦਾ ਹਾਂ ਕਿ ਉਹ ਐਫਰਟਸ ਕਨਕਰੀਟ ਨਹੀਂ ਸਨ। ਉਨ੍ਹਾਂ ਵਿਚਾਰਿਆਂ ਪਾਸ ਰਹਿਣ ਲਈ ਮਕਾਨ ਨਹੀਂ, ਉਨ੍ਹਾਂ ਦੀ ਕੋਈ ਅਵਾਜ਼ ਨਹੀਂ ਸੁਣਦਾ। ਮੈਨੂੰ ਅਫਸੋਸ ਹੈ ਕਿ ਉਨ੍ਹਾਂ ਦੇ ਏਰੀਏ ਵਿਚ ਜਿਥੇ ਉਹ ਕਾਫੀ ਅਰਸੇ ਤੋਂ ਆਪਣੀ ਆਪਣੀ ਜ਼ਮੀਨ ਅਬਾਦ ਕਰਕੇ ਬੈਠੇ ਹਨ ਉਥੇ ਸੀਡ ਫਾਰਮ ਬਣਾਉਣ ਲਈ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਤੋਂ ਉਠਾਇਆ ਜਾ ਰਿਹਾ ਹੈ। ਇਸ ਕਿਸਮ ਦੀ ਪਾਲਿਸੀ ਨੂੰ, ਮੈਂ ਅਰਜ਼ ਕਰਾਂਗਾ ਕਿ ਇਹ ਸਰਕਾਰ ਸੋਧੇ ਅਤੇ ਇਸ ਤੇ ਮੁੜ ਕੇ ਵਿਚਾਰ ਕੀਤੀ ਜਾਵੇ। ਅਜਿਹੇ ਕੰਮ ਪਹਿਲੀ ਸਰਕਾਰ ਨੂੰ ਸ਼ੋਭਦੇ ਸਨ, ਇਸ ਸਰਕਾਰ ਨੂੰ ਨਹੀਂ ਸ਼ੋਭਦੇ।

ਪਿਛਲੀ ਸਰਕਾਰ ਨੇ ਅਜਿਹੇ ਕੰਮ ਕਰਨ ਦੀ ਕੋਸ਼ਿਸ਼ ਕੀਤੀ ਅਤੇ ਲੋਕਾਂ ਤੇ ਝੂਠੇ ਮੁਕੱਦਮੇ ਬਣਾਏ ਅਤੇ ਆਪਣੇ ਨਿਜੀ ਮੁਫਾਦ ਲਈ ਕਈ ਹਥਕੰਡੇ ਵਰਤੇ। ਮੈਨੂੰ ਆਸ ਹੈ ਕਿ ਪਹਿਲੀ ਸਰਕਾਰ ਦੀ ਤਰ੍ਹਾਂ ਇਹ ਸਰਕਾਰ ਕੋਈ ਭੈੜੇ ਕੰਮ ਨਹੀਂ ਕਰੇਗੀ। ਇਹ ਜੋ ਐਡਰੈਸ ਹੈ ਮੁਕੰਮਲ ਸੋਸ਼ਲਿਜ਼ਮ ਦਾ ਨਮੂਨਾ ਹੈ। ਇਸਦੇ ਵਿਚ ਸਪੀਕਰ ਸਾਹਿਬ, ਮੈਂ ਆਪਦੀ ਤਵੱਜੋ ਵਾਸਤੇ 11 ਸਫੇ ਦੀਆਂ ਤਿੰਨ ਲਾਈਨਾਂ ਪੜ੍ਹਨੀਆਂ ਚਾਹੁੰਦਾ ਹਾਂ;

> "ਮੇਰੀ ਸਰਕਾਰ ਕਿਰਤੀਆਂ ਦੇ ਮਜ਼ਦੂਰੀ ਢਾਂਚੇ ਦੀ ਪੜਤਾਲ ਕਰੇਗੀ ਅਤੇ ਉਨ੍ਹਾਂ ਦੇ ਜੀਵਨ ਮਿਆਰ ਨੂੰ ਉਚੇਰਾ ਬਣਾਉਣ ਦੇ ਪੂਰੇ ਯਤਨ ਕਰੇਗੀ। ਸਰਕਾਰ ਅਧਿਕਾਰਵੰਚਿਤ ਮਨੁਖਾਂ ਨੂੰ ਉਨ੍ਹਾਂ ਦੀ ਪੱਛੜੀ ਦਸ਼ਾ ਤੋਂ ਮੁਕਤ ਕਰਾਉਣ ਵਿਚ ਸਹਾਇਤਾ ਦੇਵੇਗੀ। ਜੇ ਇਕ ਸੁਤੰਤਰ ਸਮਾਜ ਗਰੀਬਾਂ ਦੀ, ਜਿਹੜੇ ਕਿ ਬਹੁਗਿਣਤੀ ਵਿੱਚ ਹਨ, ਮੱਦਦ ਨਹੀਂ ਕਰ ਸਕਦਾ, ਤਾਂ ਉਹ ਗੇਣਵਿਆਂ ਅਮੀਰਾਂ ਨੂੰ ਵੀ ਨਹੀਂ ਬਚਾ ਸਕੇਗਾ।"

ਇਹ ਰਸਤਾ ਮੁਕੰਮਲ ਸੋਸ਼ਲਿਜ਼ਮ ਦਾ ਨਮੂਨਾ ਹੈ। ਇਸ ਵਿਚ ਸਰਕਾਰ ਦੀ ਸਾਰੀ ਪਾਲਿਸੀ ਦਿਤੀ ਹੈ। ਐਡਰੈਸ ਦੇ ਉਪਰੋਕਤ ਅਖਰਾਂ ਵਿੱਚੋਂ ਹੀ ਮਿਨੀਮੱਮ ਵੇਜਿਜ਼ ਦੀ ਝਲਕ ਆਉਂਦੀ ਹੈ। ਮੈਂ ਤਾਂ ਸਰਕਾਰ ਨੂੰ ਇਹ ਅਰਜ਼ ਕਰਾਂਗਾ ਕਿ ਮਿਨੀਮੱਮ ਵੇਜਿਜ਼ ਬਿਲ ਲਿਆਉਣ। ਇਹ ਬਿਲ ਲਿਆਉਣਾ ਹੀ ਚਾਹੀਦਾ ਹੈ।

ਅਖੀਰ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਨਾਲ ਬਾਕੀਆਂ ਦੀ ਜੋ ਇਹ ਸਾਂਝੀ ਸਰਕਾਰ ਬਣੀ ਹੈ, ਇਹ ਇਕ ਅਸਲ ਮਹਿਨਿਆਂ ਵਿਚ ਜਮਹੂਰੀ ਸਰਕਾਰ ਹੈ ਜਮਹੂਰੀਅਤ, ਅਕਾਲੀਆਂ ਨੂੰ ਚਾਰ ਸੌ ਸਾਲ ਪੁਰਾਣੀ ਵਰਾਸਤ ਵਿਚ ਮਿਲੀ ਰਵਾਇਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਸੌ ਸਾਲ ਪਹਿਲਾਂ ਖਾਲਸਾ ਪੰਥ ਸਜਾਇਆ। ਉਸ ਤੋਂ ਬਾਦ ਸਾਰੀਆਂ ਜਾਤੀਆਂ ਨੂੰ ਇਕ ਥਾਂ ਇਕੱਠਾ ਕੀਤਾ ਅਤੇ ਪੰਥ ਨੂੰ ਆਪੇ ਗੁਰੂ ਅਤੇ ਆਪੇ ਚੇਲਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਕਿਹਾ । ਉਨ੍ਹਾਂ ਨੇ ਇਥੋਂ ਤਕ ਕਿਹਾ ਕਿ, 'ਇਨ ਹੀ ਕੀ ਕਿਰਪਾ ਸੇ ਸਜੇ ਹਮ ਹੈਂ' । ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਕੋਲੋਂ ਹਥ ਜੋੜ ਕੇ ਅੰਮ੍ਰਿਤ ਮੰਗ ਕੇ ਪੀਤਾ । ਜਮਹੂਰੀਅਤ ਅਕਾਲੀ ਪਾਰਟੀ ਨੂੰ ਉਥੋਂ ਵਿਰਾਸਤ ਵਿਚ ਮਿਲੀ ਹੈ, ਅਤੇ ਇਹ ਹਮੇਸ਼ਾ ਜਮਹੂਰੀਅਤ ਦੀ ਕਾਇਲ ਰਹੀ ਹੈ । ਇਸ ਵਿਚ ਅਕਾਲੀ ਪਾਰਟੀ, ਜਨ-ਸੰਘ ਪਾਰਟੀ, ਕਮਿਊਨਿਸਟ ਪਾਰਟੀ ਅਤੇ ਬਾਕੀ ਜਿਹੜੀਆਂ ਪਾਰਟੀਆਂ ਸਾਡੇ ਨਾਲ ਚਲੀਆਂ ਹਨ ਅਸੀਂ ਉਨ੍ਹਾਂ ਨਾਲ ਮਿਲਕੇ ਜਮਹੂਰੀਅਤ ਨੂੰ ਕਾਇਮ ਕਰਾਂਗੇ । ਅਸੀਂ ਐਸੀਆਂ ਜਮਹੂਰੀ ਟਰੈਡੀਸ਼ਨਜ਼ ਕਾਇਮ ਕਰਾਂਗੇ ਜੋ ਕੋਈ ਪਾਰਟੀ ਨਹੀਂ ਕਰ ਸਕੀ । ਕਾਂਗਰਸ ਦੀ 20 ਸਾਲ ਦੀ ਹਕੂਮਤ ਤੋਂ ਬਾਦ 1967 ਵਿਚ ਫਰੰਟ ਦਾ ਸਰਕਾਰ ਵੇਲੇ ਸਭ ਤੋਂ ਪਹਿਲਾਂ ਜਮਹੂਰੀ ਸਰਕਾਰ ਸਥਾਪਤ ਹੋਈ ਸੀ ।

ਇਹ ਸ਼ਬਦ ਕਹਿੰਦਾ ਹੋਇਆ ਮੈਂ ਇਸ ਮਤੇ ਨੂੰ ਤੁਹਾਡੇ ਸਾਹਮਣੇ ਰਖਦਾ ਹਾਂ ਅਤੇ ਪੰਜਾਬ ਸਰਕਾਰ ਨੂੰ ਇਸ ਤੇ ਮੁਬਾਰਕਬਾਦ ਦਿੰਦਾ ਹਾਂ । (ਤਾੜੀਆਂ)

**ਸ੍ਰੀ ਮਨਮੋਹਨ ਕਾਲੀਆ** (ਜਲੰਧਰ, ਦੱਖਣ) : ਮਾਨਯੋਗ ਸਪੀਕਰ ਸਾਹਿਬ, ਮੋਸ਼ਨ ਆਫ਼ ਥੈਂਕਸ, ਜੋ ਸਰਦਾਰ ਬਲਵੰਤ ਸਿੰਘ ਜੀ ਨੇ ਮੂਵ ਕੀਤੀ ਹੈ, ਮੈਂ ਉਸਦੀ ਤਾਈਦ ਕਰਦਾ ਹਾਂ ਔਰ ਆਪਣੇ ਵਿਚਾਰ ਆਪ ਜੀ ਦੇ ਸਾਹਮਣੇ ਰਖਦਾ ਹਾਂ ।

ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਤਬਦੀਲੀ ਕੁਦਰਤ ਦਾ ਅਸੂਲ ਹੈ ਅਤੇ ਇਹ ਜਮਹੂਰੀਅਤ ਤੇ ਵੀ ਲਾਗੂ ਹੁੰਦੀ ਹੈ । 20 ਸਾਲ ਦੇ ਅਰਸੇ ਦੇ ਵਿਚ ਜਿਸ ਵਕਤ ਕਾਂਗਰਸ ਹਕੂਮਤ ਵਿਚ ਸੀ, ਪੰਜਾਬ ਦੀ ਜਨਤਾ ਵਿਚ ਉਸ ਦੌਰਾਨ ਫ਼ਰਸਟਰੇਸ਼ਨ ਆਈ ਜਿਸ ਦਾ ਨਤੀਜਾ ਤਕਰੀਬਨ ਹਰ ਇਕ ਐਮ. ਐਲ. ਏ. ਨੇ ਵੇਖਿਆ ਹੈ । ਇਹ ਉਸੇ ਫ਼ਰਸਟਰੇਸ਼ਨ ਦਾ ਨਤੀਜਾ ਸੀ ਜਿਹੜੀ ਅੱਜ ਇਨੀ ਵਡੀ ਤਬਦੀਲੀ ਆਈ ਹੈ । ਮੈਂ ਕਾਂਗਰਸ ਨੂੰ ਦੋਸ਼ ਨਹੀਂ ਦਿੰਦਾ ਕਿ ਉਨ੍ਹਾਂ ਵਿਚ ਫੇਵਰੇਟਿਜ਼ਮ, ਨੈਪੋਟਿਜ਼ਮ ਅਤੇ ਕੁਰੱਪਸ਼ਨ ਆਈ । ਇਹ ਇਨ੍ਹਾਂ ਦੀ ਗੁਪਤ ਨੀਤੀ ਦਾ ਨਤੀਜਾ ਹੈ । ਇਨ੍ਹਾਂ ਵਿਚ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਆਉਣ ਤੇ 1967 ਦੀਆਂ ਆਮ ਚੋਣਾਂ ਵਿਚ ਕਾਂਗਰਸ ਨੇ ਸ਼ਿਕਸਤ ਖਾਧੀ । ਸ਼ਿਕਸਤ ਖਾਣ ਦੇ ਬਾਵਜੂਦ ਭੀ ਉਸ ਵਕਤ ਇਨ੍ਹਾਂ ਦੇ ਮਨਾਂ ਵਿਚ ਇਹ ਰਿਹਾ ਕਿ ਇਨ੍ਹਾਂ ਦੇ ਬਿਨਾਂ ਸਰਕਾਰ ਬਣ ਹੀ ਨਹੀਂ ਸਕਦੀ । ਇਨ੍ਹਾਂ ਦੇ ਇਹ ਭਰਮ ਵੀ ਦੂਰ ਹੋ ਗਏ ਜਦੋਂ ਬਾਕੀ ਸਾਰੀਆਂ ਪੁਲਿਟੀਕਲ ਪਾਰਟੀਆਂ ਇਕਠੀਆਂ ਹੋ ਗਈਆਂ । ਇਸ ਤੇ ਕਾਂਗਰਸ ਪਾਰਟੀ ਬਿਲਕੁਲ ਹੀ ਨਿਰਾਸ਼ ਹੋ ਗਈ । ਉਨ੍ਹਾਂ ਪਾਰਟੀਆਂ ਨੇ ਇਕਠਾ ਹੋ ਕਿ ਇਕ ਮਿਨੀਮੱਮ 11 ਨੁਕਾਤੀ ਪ੍ਰੋਗਰਾਮ ਬਣਾਇਆ ਅਤੇ ਉਸਦੇ ਅਨੁਸਾਰ ਪੰਜਾਬ ਵਿਚ ਹਕੂਮਤ ਕਰਨੀ ਸ਼ੁਰੂ ਕੀਤੀ । ਮੈਂ ਇਸ ਦੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਲੇਕਿਨ ਇਨਾਂ ਜ਼ਰੂਰ ਕਹਾਂਗਾ ਕਿ ਉਸਦਾ ਸੁਆਗਤ ਜਨਤਾ ਦੇ ਹਰ ਆਦਮੀ ਨੇ ਹਰ ਪੱਖ ਤੋਂ ਕੀਤਾ ਅਤੇ ਉਸ ਗੌਰਮਿੰਟ ਨੇ ਕਾਂਗਰਸ ਦੇ 20 ਸਾਲ ਦੇ ਸ਼ਾਸਨ ਕਾਲ ਨੂੰ ਲੋਕਾਂ ਦੇ ਦਿਲਾਂ ਵਿਚੋਂ ਕਢ ਦਿਤਾ ।

ਉਸ ਫਰੰਟ ਸਰਕਾਰ ਨੇ ਜਨਤਾ ਨੂੰ ਟੈਕਸਾਂ ਤੋਂ ਕਈ ਤਰ੍ਹਾਂ ਦਾ ਰਿਲੀਫ਼ ਦਿਤਾ । ਪ੍ਰਾਪਰਟੀ ਟੈਕਸਾਂ ਤੋਂ ਛੋਟ ਦਿਤੀ, ਪ੍ਰੋਫ਼ੈਸ਼ਨ ਟੈਕਸ ਅਤੇ ਬੈਟਰਮੈਂਟ ਲੈਵੀ ਤੋਂ ਵੀ ਛੋਟ ਦਿੱਤੀ ।

Original with;
Punjab Vidhan Sabha
Digitized by;
Panjab Digital Library

ਇਸ ਸਭ ਪ੍ਰਕਾਰ ਦੇ ਘਾਟੇ ਨੂੰ ਬਰਦਾਸ਼ਤ ਕਰਦੇ ਹੋਏ ਉਸ ਸਰਕਾਰ ਨੇ ਜਿੰਨਾ ਚਿਰ ਹਕਮਤ ਚਲਾਈ, ਉਸ ਦੌਰਾਨ ਵਿਚ ਜਨਤਾ ਦੇ ਜਜ਼ਬਾਤ ਦੀ ਕਦਰ ਕੀਤੀ ।

ਜਦੋਂ ਇਹ ਸਾਰਾ ਕੁਝ ਸ਼ਾਂਤੀ ਔਰ ਅਮਨ ਨਾਲ ਚਲ ਰਿਹਾ ਸੀ ਤਾਂ ਕਾਂਗਰਸ ਇਸ ਨੂੰ ਬਰਦਾਸ਼ਤ ਨਾ ਕਰ ਸਕੀ ਅਤੇ ਇਕ ਨਵਾਂ ਗੁਲ ਖਿਲਿਆ । ਕੁਝ ਡਿਫੈਕਸ਼ਨਜ਼ ਕਰਾਈਆਂ ਗਈਆਂ ਤੇ ਕਾਂਗਰਸ ਦੀ ਸਪੋਰਟ ਨਾਲ ਇਕ ਮਾਈਨਿਆਰਟੀ ਸਰਕਾਰ ਬਣੀ । ਉਸ ਮਾਈਨਿਆਰਟੀ ਸਰਕਾਰ ਦੇ ਰਾਜ ਦੇ ਦੌਰਾਨ ਸਪੀਕਰ ਸਾਹਿਬ ਜੋ ਕੁਝ ਹੋਇਆ ਉਸ ਸਭ ਦੀ ਜ਼ਿਮੇਵਾਰ ਕਾਂਗਰਸ ਪਾਰਟੀ ਹੈ । ਆਪ ਜੀ ਉਸ ਸਭ ਕੁਝ ਤੋਂ ਭਲੀ ਪ੍ਰਕਾਰ ਜਾਣੂ ਹੋ ਕਿਉਂਕਿ ਆਪ ਜੀ ਉਦੋਂ ਵਿਧਾਨ ਸਭਾ ਦੇ ਮੈਂਬਰ ਸੀ । ਉਸ ਸਰਕਾਰ ਦੇ ਮੁੱਖ ਮੰਤਰੀ ਸਰਦਾਰ ਲਛਮਣ ਸਿੰਘ ਗਿਲ ਸਨ, ਜਿਹੜੇ ਹੁਣ ਵੀ ਵਿਧਾਨ ਸਭਾ ਦੇ ਮੈਂਬਰ ਹਨ ।

ਉਸ ਤੋਂ ਬਾਦ ਸਰਦਾਰ ਬਲਵੰਤ ਸਿੰਘ ਨੇ ਦਸਿਆ ਹੈ ਕਿ ਕਿਸ ਤਰ੍ਹਾਂ ਐਡਮਿਨਿਸਟ-ਰੇਸ਼ਨ ਚਲੀ, ਲੋਕਾਂ ਤੇ ਕਿਸ ਤਰ੍ਹਾਂ ਜ਼ੁਲਮ ਕੀਤੇ ਗਏ ਅਤੇ ਕਿਸ ਤਰ੍ਹਾਂ ਥਾਂ ਥਾਂ ਤੇ ਲਾਠੀ ਚਾਰਜ ਹੋਇਆ । ਉਸ ਦੌਰਾਨ ਵਿੱਚ ਜਿਤਨੀਆਂ ਵੀ ਰੀਪਰੈਸ਼ਨਜ਼ ਹੋਈਆਂ ਅਤੇ ਅਰੈਸਟਸ ਹੋਏ ਉਨ੍ਹਾਂ ਦੀ ਮਿਸਾਲ ਦੁਨੀਆਂ ਦੀ ਹਿਸਟਰੀ ਵਿਚ ਨਹੀਂ ਮਿਲਦੀ । ਸਪੀਕਰ ਸਾਹਿਬ, ਪੋਲੀਟੀਕਲ ਪਾਰਟੀਆਂ ਦੇ ਨੇਤਾਵਾਂ ਤੇ ਚਾਹੇ ਉਹ ਅਕਾਲੀ ਸਨ ਚਾਹੇ ਜਨਸੰਘੀ ਚਾਹੇ ਕਮਿਊਨਿਸਟ ਜਾਂ ਸੋਸ਼ਲਿਸਟ ਤੇ ਚਾਹੇ ਕਿਸੇ ਹੋਰ ਪਾਰਟੀ ਦੇ ਸਨ ਜ਼ਲੀਲ ਕਰਨ ਦੀ ਖਾਤਰ ਉਨ੍ਹਾਂ ਤੇ ਨਾਜਾਇਜ਼ ਤੇ ਝੂਠੇ ਮੁਕੱਦਮੇ ਬਣਾਏ । ਇਕ ਜਨਸੰਘ ਦੇ ਮੈਂਬਰ ਤੇ ਨਾਜਾਇਜ਼ ਅਸਲਾ ਰਖਣ ਦਾ ਕੇਸ ਬਣਾਇਆ ਗਿਆ ਮੈਜਿਸਟਰੇਟ ਦੀ ਅਦਾਲਤ ਵਿੱਚ ਸਬੰਧਤ ਅਫ਼ਸਰ ਨੇ ਕਿਹਾ ਕਿ ਮੈਂ ਤਾਂ ਇਨ੍ਹਾਂ ਨੂੰ ਜਾਣਦਾ ਹੀ ਨਹੀਂ । ਇਸ ਤਰ੍ਹਾਂ ਉਸ ਸਮੇਂ ਗਲਤ ਚੀਜ਼ਾਂ ਕੀਤੀਆਂ ਗਈਆਂ । ਪਰ ਅਜਿਹੀਆਂ ਚੀਜ਼ਾਂ ਬਹੁਤਾ ਚਿਰ ਨਹੀਂ ਚਲਦੀਆਂ । (ਵਿਘਨ)

ਮੈਂ ਸਪੀਕਰ ਸਾਹਿਬ, ਅਰਜ਼ ਕਰਨੀ ਚਾਹੁੰਦਾ ਹਾਂ ਜਿਸ ਤਰ੍ਹਾਂ ਸਰਦਾਰ ਲਛਮਣ ਸਿੰਘ ਗਿਲ ਨੇ ਆਪ ਕਿਹਾ ਹੈ ਕਿ ਜ਼ੁਲਮ ਦਾ ਨਾਸ਼ ਹੋ ਜਾਵੇ । ਸੋ ਚੂੰਕਿ ਇਨ੍ਹਾਂ ਨੇ ਜ਼ੁਲਮ ਕੀਤਾ ਸੀ, ਇਸ ਲਈ ਇਨ੍ਹਾਂ ਦਾ ਨਾਸ਼ ਇਨ੍ਹਾਂ ਦੀਆਂ ਅਖਾਂ ਦੇ ਸਾਹਮਣੇ ਹੋ ਗਿਆ ਹੈ । (ਤਾੜੀਆਂ)

ਸਪੀਕਰ ਸਾਹਿਬ, ਇਨ੍ਹਾਂ ਨੇ ਦਾਵਾ ਕੀਤਾ ਸੀ ਕਿ ਮਧਕਾਲੀਨ ਚੋਣਾਂ ਵਿੱਚ ਜਨਤਾ ਪਾਰਟੀ 64 ਸੀਟਾਂ ਤੇ ਇਲੈਕਸ਼ਨ ਲੜੇਗੀ, ਪਰ ਮੌਕੇ ਤੇ 14 ਤੋਂ ਵਧ ਇਨ੍ਹਾਂ ਨੂੰ ਕੈਂਡੀਡੇਟ ਹੀ ਨਹੀਂ ਮਿਲੇ । (ਵਿਘਨ)

ਇਲੈਕਸ਼ਨਾਂ ਦੇ ਦੌਰਾਨ ਭੀ ਮਾਇਨਿਆਰਟੀ ਸਰਕਾਰ ਦਾ ਬੜਾ ਚਰਚਾ ਚਲਿਆ । ਉਸਦੇ ਨਾਲ ਹੀ ਸਪੀਕਰ ਸਾਹਿਬ ਹਾਲਤ ਇਹ ਹੋ ਗਈ ਕਿ ਕਾਂਗਰਸ ਪਾਰਟੀ ਜਿਸਨੇ ਫ਼ਰੰਟ ਸਰਕਾਰ ਨੂੰ ਲੈਟ ਡਾਊਨ ਕਰਨ ਦੀ ਖ਼ਾਤਰ ਸਭ ਕੁਝ ਕੀਤਾ ਸੀ, ਨੂੰ ਖੁਦ ਕਹਿਣਾ ਪਿਆ ਕਿ ਉਸਨੇ ਗ਼ਲਤ ਕਦਮ ਚੁਕਿਆ ਸੀ ।

ਸਪੀਕਰ ਸਾਹਿਬ, ਉਸ ਮਾਇਨਾਰਟੀ ਸਰਕਾਰ ਨੂੰ ਤੋੜਨ ਲਈ ਅਸੀਂ ਡਿਮਾਨਸਟਰੇਸ਼ਨਜ਼

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਨਮੋਹਨ ਕਾਲੀਆ]

ਕੀਤੀਆਂ, ਰਿਪ੍ਰੇਜ਼ੈਂਟੇਸ਼ਨਜ਼ ਕੀਤੀਆਂ ਸਭ ਕੁਝ ਕੀਤਾ, ਪਰ ਕਾਂਗਰਸ ਪਾਰਟੀ ਨੇ ਉਸ ਮਾਇਨਿਆਰਟੀ ਸਰਕਾਰ ਨੂੰ ਉਦੋਂ ਤਕ ਨਾ ਤੋੜੀਆ ਜਦੋਂ ਤਕ ਕਿ ਕਾਂਗਰਸ ਵਾਲੇ ਖੁਦ ਇਸ ਨੂੰ ਤੋੜਨ ਲਈ ਮਜਬੂਰ ਨਾ ਹੋ ਗਏ। ਜਮਹੂਰੀਅਤ ਨੂੰ ਬਦਨਾਮ ਕਰਨ ਵਾਲੇ ਕਾਂਗਰਸੀ ਨੇਤਾਵਾਂ ਪੰਡਿਤ ਮੋਹਨ ਲਾਲ ਜੀ ਔਰ ਸਰਦਾਰ ਰਾੜੇ ਵਾਲਾ ਦੇ ਜਦੋਂ ਬਿਆਨ ਆਉਣੇ ਸ਼ੁਰੂ ਹੋਏ ਤਾਂ ਕਾਂਗਰਸ ਹਾਈ ਕਮਾਂਡ ਨੇ ਕਾਂਗਰਸ ਸਪੋਰਟ ਵਿਦਡਰਾ ਕਰਕੇ ਉਸ ਮਾਇਨਿਆਰਟੀ ਸਰਕਾਰ ਨੂੰ ਫ਼ੇਲ ਕਰ ਦਿਤਾ ਅਤੇ ਪੰਜਾਬ ਵਿਚ ਪ੍ਰੈਜ਼ੀਡੈਂਟ ਰੂਲ ਕਾਇਮ ਹੋਇਆ।

ਸਪੀਕਰ ਸਾਹਿਬ, ਉਸ ਮਾਇਨਿਆਰਟੀ ਗੌਰਮਿੰਟ ਦੇ ਅਹਿਦ ਦੇ ਦੌਰਾਨ ਕਿਹੜੇ ਕਿਹੜੇ ਝੂਠੇ ਮੁਕੱਦਮੇ ਲੋਕਾਂ ਤੇ ਬਣਾਏ ਗਏ ਸਾਨੂੰ ਤਾਂ ਪਤਾ ਹੀ ਨਹੀਂ ਲਗਦਾ। ਜਨਸੰਘ ਦੇ ਪ੍ਰਧਾਨ ਨੂੰ ਸੀਕਿਊਰਿਟੀ ਐਕਟ ਦੇ ਅਧੀਨ ਫੜ ਲਿਆ ਸੀ ਹੋਰ ਵੀ ਸੈਂਕੜੇ ਝੂਠੇ ਕੇਸ ਬਣਾਏ ਗਏ। ਗਵਰਨਰ ਰੂਲ ਵਿੱਚ ਜਾ ਕੇ ਉਹ ਕੇਸ ਵਿਦਡਰਾ ਹੋਏ।

ਸਪੀਕਰ ਸਾਹਿਬ, ਇਤਨਾ ਹੀ ਨਹੀਂ ਮੈਂ ਕਹਾਂਗਾ ਕਿ ਉਸ ਮਾਇਨਿਆਰਟੀ ਸਰਕਾਰ ਨੇ 9 ਮਹੀਨੇ ਜਾਂ ਇਕ ਸਾਲ ਦੇ ਦੌਰਾਨ ਪੰਜਾਬ ਦੇ ਖ਼ਜ਼ਾਨੇ ਦੀ ਬਹੁਤ ਬੁਰੀ ਹਾਲਤ ਕਰ ਦਿਤੀ। ਮੈਂ ਡਿਟੇਲ ਵਿੱਚ ਨਹੀਂ ਜਾਣਾ ਚਾਹੁੰਦਾ ਅਤੇ ਉਨ੍ਹਾਂ ਦੀ ਸਿਰਫ ਛੋਟੀ ਜਿਹੀ ਮਿਸਾਲ ਪੇਸ਼ ਕਰਦਾ ਹਾਂ। ਜਲੰਧਰ ਦੇ ਵਿੱਚ ਇਕ ਮੋਟਰਾਂ ਦੇ ਅੱਡੇ ਤੇ ਆਈਸ ਕਰੀਮ ਦਾ ਠੇਕਾ ਦਿਤਾ ਗਿਆ। (ਵਿਘਨ) ਉਸ ਲਈ ਸ਼ਰਤ ਇਹ ਰਖੀ ਗਈ ਅਤੇ ਦੋ ਦਿਨ ਪਹਿਲਾਂ ਪਬਲਿਸਟੀ ਕੀਤੀ ਗਈ ਕਿ ਇਸ ਵਿਚ ਉਹੀ ਹਿੱਸਾ ਲੈ ਸਕਦਾ ਹੈ ਜੋ ਡਿਸਟ੍ਰਿਕਟ ਮੈਜਿਸਟ੍ਰੇਟ ਪਾਸੋਂ ਸਰਟੀਫ਼ਿਕੇਟ ਲਿਆਵੇ ਕਿ ਉਹ 20 ਸਾਲਾਂ ਤੋਂ ਆਈਸਕ੍ਰੀਮ ਬਨਾਉਣ ਦਾ ਕੰਮ ਕਰ ਰਿਹਾ ਹੈ। ਮੈਂ ਡਿਪਟੀ ਕਮਿਸ਼ਨਰ ਪਾਸ ਗਿਆ ਅਤੇ ਹਲਫ਼ੀਆ ਬਿਆਨ ਦਿੱਤਾ ਕਿ ਇਹ ਆਦਮੀ ਜੋ ਮੇਰੇ ਨਾਲ ਹੈ 20 ਸਾਲਾਂ ਤੋਂ ਆਇਸਕ੍ਰੀਮ ਬਨਾਉਣ ਦਾ ਕੰਮ ਕਰ ਰਿਹਾ ਹੈ ਮਗਰ ਉਸਨੂੰ ਸਰਟੀਫਿਕੇਟ ਨਾ ਦਿਤਾ ਗਿਆ। ਵਜ੍ਹਾ ਇਹ ਸੀ ਕਿ ਸਰਕਾਰੀ ਹਦਾਇਤਾਂ ਸਨ ਕਿ ਕੋਈ ਇਸ ਵਿਚ ਕਮਪੀਟ ਹੀ ਨਾ ਕਰ ਸਕੇ। ਉਹ ਆਦਮੀ ਡੇਢ੍ਹ ਸੌ ਦਾ ਠੇਕਾ ਦੇਣ ਨੂੰ ਤਿਆਰ ਸੀ ਜਿਹੜਾ ਸਰਕਾਰ ਨੇ 60 ਰੁਪਏ ਨੂੰ ਦਿਤਾ। ਇਸੇ ਤਰਾਂ ਸੀਰੇ ਦਾ ਸਕੈਂਡਲ ਸਭ ਨੂੰ ਪਤਾ ਹੈ ਜਿਸ ਵਿਚ 50 ਲਖ ਦੀ ਹੇਰਾਫੇਰੀ ਹੋਈ ਅਤੇ ਇਸ ਪਾਸੇ ਇਕ ਨਵਾਂ ਰਿਕਾਰਡ ਕਾਇਮ ਕੀਤਾ ਗਿਆ। ਉਸ ਵੇਲੇ ਦੇ ਕਾਂਗਰਸਮੈਨ ਵੀ ਇਨ੍ਹਾਂ ਗਲਾਂ ਕਰਕੇ ਆਪਣੀ ਸਰਕਾਰ ਨੂੰ ਕਨਡੈਮ ਕਰਨ ਤੇ ਮਜਬੂਰ ਹੋ ਗਏ ਸਨ। ਪ੍ਰੈਜ਼ੀਡੈਂਟ ਰੂਲ ਤੋਂ ਮਗਰੋਂ ਫਿਰ ਚੋਣਾਂ ਹੋਈਆਂ। ਕਾਂਗਰਸ ਨੂੰ ਗਿਲ ਸਰਕਾਰ ਨੂੰ ਸਪੋਰਟ ਕਰਨ ਦੀ ਸਜ਼ਾ ਮਿਲੀ। ਜਿਸ ਵੇਲੇ ਇਨ੍ਹਾਂ ਦੀ ਹਕੂਮਤ ਸੀ ਇਨ੍ਹਾਂ ਨੇ ਬਹੁਤ ਭੈੜੀਆਂ ਰਵਾਇਤਾਂ ਕਾਇਮ ਕੀਤੀਆਂ। ਇਹ ਇਸ ਗਲ ਨੂੰ ਭੁਲ ਗਏ ਕਿ ਅਗਰ ਅੱਜ ਕਿਸੇ ਪਾਰਟੀ ਦੀ ਹਕੂਮਤ ਹੈ ਤਾਂ ਕਲ੍ਹ ਨੂੰ ਉਸ ਨੂੰ ਜਗ੍ਹਾ ਆਪੋਜ਼ੀਸ਼ਨ ਬੈਂਚਾਂ ਤੇ ਵੀ ਮਿਲ ਸਕਦੀ ਹੈ। ਇਨ੍ਹਾਂ ਨੇ ਇਸ ਪਵਿੱਤਰ ਹਾਊਸ ਵਿਚ ਪੁਲਿਸ ਲਿਆਕੇ ਬਜਟ ਪਾਸ ਕਰਾਇਆ। ਸਪੀਕਰ ਸਾਹਿਬ ਆਪ ਵੀ ਇਥੇ ਮੌਜਦ ਸੋ। ਆਪ ਨੂੰ ਯਾਦ ਹੋਵੇਗਾ ਕਿ ਉਸ ਦਿਨ ਇਥੇ ਹਾਊਸ ਵਿਚ ਇਨ੍ਹਾਂ ਹੀ ਬੈਂਚਾਂ ਦੇ

Original with;
Punjab Vidhan Sabha
Digitized by;
Panjab Digital Library

ਪਿਛੇ ਪੁਲਿਸ ਦੇ ਬੰਦੇ ਲੁਕ ਕੇ ਬੈਠੇ ਸਨ ਤੇ ਸਰਦਾਰ ਗੁਰਚਰਨ ਸਿੰਘ ਦੇ ਪੁਆਇੰਟ ਆਊਟ ਕਰਨ ਤੇ ਸਪੀਕਰ ਸਾਹਿਬ ਨੇ ਕਿਹਾ ਸੀ ਕਿ ਮੈਨੂੰ ਨਹੀਂ ਪਤਾ ਕਿ ਇਹ ਕਿਥੋਂ ਆਏ ਹਨ । ਤਾਂ ਫਿਰ ਉਨ੍ਹਾਂ ਨੂੰ ਉਠਾਇਆ ਗਿਆ ਸੀ । ਇਸ ਹੀ ਸਟੇਜ ਤੇ, ਅਦਮ ਤਸ਼ਦਦ ਦੇ ਬਾਨੀ ਮਹਾਤਮਾ ਗਾਂਧੀ ਦੀ ਇਸ ਤਸਵੀਰ ਦੇ ਪਾਸ ਹੀ ਪੁਲਿਸ ਨੇ ਐਮ. ਐਲ. ਏਜ਼. ਨਾਲ ਬੇਦਰਦੀ ਨਾਲ ਜ਼ੁਲਮ ਕੀਤਾ । ਮੈਂਬਰਾਂ ਨੂੰ ਮਾਰਿਆ ਕੁਟਿਆ । ਉਸ ਮਾਮਲੇ ਬਾਰੇ ਇਕ ਪ੍ਰਿਵਲੇਜ ਮੋਸ਼ਨ ਮੂਵ ਕੀਤੀ ਗਈ ਸੀ, ਜੋ ਉਸ ਵੇਲੇ ਸਪੀਕਰ ਸਾਹਿਬ ਨੇ ਐਡਮਿਟ ਕੀਤੀ ਸੀ । ਮੇਰੀ ਬੇਨਤੀ ਹੈ ਕਿ ਉਹ ਮੋਸ਼ਨ ਪ੍ਰਿਵਲੇਜ ਕਮੇਟੀ ਦੇ ਹਵਾਲੇ ਕੀਤੀ ਜਾਵੇ । ਜਿਸ ਗਲਤ ਰਵਾਇਤ ਨੂੰ ਕਾਇਮ ਕਰਕੇ ਬਜਟ ਪਾਸ ਕੀਤਾ ਗਿਆ ਸੀ, ਉਹ ਇਕ ਗਲਤ ਤਰੀਕਾ ਸੀ । ਹਰ ਮੈਂਬਰ 60,000 ਆਦਮੀਆਂ ਦੀ ਨੁਮਾਇੰਦਗੀ ਕਰਦਾ ਹੈ । ਸਾਨੂੰ ਹੱਕ ਹੋਣਾ ਚਾਹੀਦਾ ਹੈ ਕਿ ਅਸੀਂ ਲੋਕਾਂ ਦੇ ਅਹਿਸਾਸਾਤ ਦਾ ਇਥੇ ਬਿਆਨ ਕਰ ਸਕੀਏ । ਸਾਡਾ ਗਲਾ ਦਬਾ ਕੇ 10-15 ਮਿੰਟਾਂ ਵਿਚ ਬਜਟ ਪਾਸ ਕਰਾਕੇ, ਇਨ੍ਹਾਂ ਨੇ ਬੜੀ ਭੈੜੀ ਰਵਾਇਤ ਕਾਇਮ ਕੀਤੀ ਹੈ ਅਤੇ ਇਨ੍ਹਾਂ ਦੇ ਇਸ ਫੇਅਲ ਨੂੰ ਯੂਨਾਨੀਮਸਲੀ ਕਨਡੈਮ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਜੋ ਐਡਰੈਸ ਪੇਸ਼ ਕੀਤਾ ਹੈ ਇਹ ਬਹੁਤ ਬੇਹਤਰੀਨ ਐਡਰੈਸ ਹੈ । ਇਸ ਵਿਚ ਅਪਰ ਹਾਊਸ ਨੂੰ ਐਬਾਲਿਸ਼ ਕਰਨ ਬਾਰੇ ਜੋ ਗਲ ਹੈ ਉਸ ਬਾਰੇ ਮੈਂ ਕੁਝ ਹੀ ਲਫਜ਼ ਕਹਿਣਾ ਚਾਹੁੰਦਾ ਹਾਂ । ਸਪੀਕਰ ਸਾਹਿਬ ਅਸੀਂ ਪਾਰਲੀਮੈਂਟਰੀ ਡਿਮਾਕਰੇਸੀ ਬ੍ਰਿਟਿਸ਼ ਕਨਸਟੀਟਯੂਸ਼ਨ ਤੋਂ ਬਾਰੋ ਕੀਤੀ ਹੈ । ਜਿਸ ਵਕਤ ਉਥੇ ਅਪਰ ਹਾਊਸ ਤੋਂ ਪਾਵਰਜ਼ ਲੈਕੇ ਲੋਅਰ ਹਾਊਸ ਨੂੰ ਦਿੱਤੀਆਂ ਗਈਆਂ ਤਾਂ ਅਪਰ ਹਾਊਸ ਬਾਰੇ ਇਹ ਗਲ ਕਹੀ ਗਈ ਕਿ ਇਹ ਤਾਂ ਇਕ ਔਰਨਾਮੈਂਟਲ ਹਾਊਸ ਹੈ । ਮਗਰ ਸਾਡਾ ਦੇਸ਼ ਇਕ ਬੜਾ ਗਰੀਬ ਦੇਸ਼ ਹੈ, ਇਥੇ ਦੇ ਲੋਕ ਤਾਂ ਮਾਮੂਲੀ ਟੈਕਸ ਵੀ ਨਹੀਂ ਦੇ ਸਕਦੇ ਤਾਂ ਉਹ ਅਪਰ ਹਾਊਸ ਦਾ ਬੋਝ ਕਿਵੇਂ ਬਰਦਾਸ਼ਤ ਕਰ ਸਕਦੇ ਹਨ । (ਤਾੜੀਆਂ) ਪੰਜਾਬ ਇਕ ਛੋਟਾ ਜਿਹਾ ਸੂਬਾ ਹੈ । ਕਨਸਟੀਟਯੂਸ਼ਨ ਦੇ ਮੁਤਾਬਕ ਪਹਿਲਾਂ ਇਹ ਸੀ ਕਿ ਅਗਰ ਲੋਅਰ ਹਾਊਸ ਦੇ 120 ਮੈਂਬਰ ਹੋਣ ਤਾਂ ਮਿਨੀਮਮ 40 ਮੈਂਬਰਾਂ ਦਾ ਅਪਰ ਹਾਊਸ ਬਣ ਸਕਦਾ ਸੀ । ਮਗਰ ਚੂੰਕਿ ਉਸ ਵੇਲੇ ਜਿਸ ਪਾਰਟੀ ਦੀ ਸਰਕਾਰ ਸੀ ਉਸੇ ਦੇ ਮੈਂਬਰ ਅਪਰ ਹਾਊਸ ਵਿਚ ਵਧ ਸਨ ਇਸ ਲਈ ਉਸ ਨੇ ਕਨਸਟੀਟਯੂਸ਼ਨ ਨੂੰ ਹੀ ਅਮੈਂਡ ਕਰ ਦਿਤਾ । ਇਸ ਤਰ੍ਹਾਂ 104 ਮੈਂਬਰਾਂ ਦੇ ਹਾਊਸ ਲਈ ਵੀ ਅਪਰ ਹਾਊਸ ਰਖ ਲਿਆ ਗਿਆ । ਇਸ ਮਾਮਲੇ ਬਾਰੇ ਬਾਕੀਆਂ ਦੀਆਂ ਸਾਰੀਆਂ ਪਾਰਟੀਆਂ ਦੇ ਰੈਜ਼ੋਲਯੂਸ਼ਨ ਹਨ ਅਕਾਲੀ ਪਾਰਟੀ, ਜਨਸੰਘ ਪਾਰਟੀ ਕਮਯੂਨਿਸਟ ਪਾਰਟੀ, ਪ੍ਰਜਾ ਸੋਸ਼ਲਿਸਟ ਪਾਰਟੀ ਸਭ ਦੀ ਰਾਏ ਹੈ ਕਿ ਅਪਰ ਹਾਊਸ ਨੂੰ ਉੜਾ ਦੇਣਾ ਚਾਹੀਦਾ ਹੈ । ਮੈਂ ਆਪਣੇ ਕਾਂਗਰਸੀ ਭਰਾਵਾਂ ਨੂੰ ਵੀ ਅਪੀਲ ਕਰਾਂਗਾ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਨੂੰ ਯੂਨਾਨੀਮਸਲੀ ਉੜਾ ਦੇਣਾ ਚਾਹੀਦਾ ਹੈ । ਬਾਕੀ ਗਲ ਤਾਂ ਸਿਧੀ ਜਿਹੀ ਹੈ ਕਿ ਜੇ ਨਹੀਂ ਉੜਾਉਗੇ ਤਾਂ ਆਪਦੇ ਮੈਂਬਰਾਂ ਨੇ ਆਪਣੇ ਆਪ ਉੜ ਜਾਣਾ ਹੈ । 1970 ਵਿਚ 13 ਆਦਮੀ ਰੀਟਾਇਰ ਹੋ ਰਹੇ ਹਨ (ਵਿਘਨ) ਅਸੀਂ ਇਸ ਗਲ ਨੂੰ ਸਮਝਦੇ ਹਾਂ ਕਿ 1970 ਵਿਚ ਸਾਡੀ ਉਸ ਹਾਊਸ ਵਿਚ ਮੈਜਾਰਿਟੀ ਆ ਜਾਣੀ ਚਾਹੀਦੀ ਹੈ ਮਗਰ ਫਿਰ ਵੀ ਅਸੀਂ ਕੁਰਬਾਨੀ ਕਰਨ ਲਈ ਤਿਆਰ ਹਾਂ ਅਤੇ ਚਾਹੁੰਦੇ ਹਾਂ ਕਿ ਅਪਰ ਹਾਊਸ ਨੂੰ ਉੜਾ ਦਿਤਾ ਜਾਵੇ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਨਮੋਹਨ ਕਾਲੀਆ]

ਸਪੀਕਰ ਸਾਹਿਬ, ਹੁਣ ਇਨ੍ਹਾਂ ਦੇ ਲਾਏ ਟੈਕਸਾਂ ਨੂੰ ਦੇਖੋ । ਬ੍ਰਿਟਿਸ਼ ਜ਼ਮਾਨੇ ਵਿਚ ਕੇਵਲ ਮਾਲੀਆ ਹੀ ਟੈਕਸ ਹੁੰਦਾ ਸੀ । ਹੌਲੀ ਹੌਲੀ ਉਹ ਢਾਂਚਾ ਬਦਲਿਆ ਅਤੇ ਬਹੁਤ ਜ਼ਿਆਦਾ ਕਮਪਲੀਕੇਟਿਡ ਹੁੰਦਾ ਗਿਆ । ਪਹਿਲਾਂ ਆਮ ਤੌਰ ਤੇ ਪੜ੍ਹੇ ਲਿਖੇ ਲੋਕ ਸਰਕਾਰੀ ਨੌਕਰੀ ਕਰਦੇ ਹੁੰਦੇ ਸਨ, ਤੇ ਅਨਪੜ੍ਹ ਖੇਤੀ ਬਾੜੀ ਜਾਂ ਦੁਕਾਨਦਾਰੀ । ਮਗਰ ਹੁਣ ਅਨਪੜ੍ਹ ਦੀ ਗਲ ਹੀ ਛਡੋ ਪੜ੍ਹੇ ਲਿਖੇ ਵੀ ਅੱਜ ਦੇ ਕਮਪਲੀਕੇਟਿਡ ਟੈਕਸ ਸਟਰਕਚਰ ਨੂੰ ਨਹੀਂ ਸਮਝ ਸਕਦੇ । ਜਦੋਂ ਮੇਰੇ ਪਾਸ ਕੋਈ ਟੈਕਸੇਸ਼ਨ ਦਾ ਕੇਸ ਲੈਕੇ ਆਉਂਦਾ ਹੈ ਤਾਂ ਮੈਂ ਵੀ ਇਸ ਗੁੰਝਲ ਵਿਚ ਫਸ ਜਾਂਦਾ ਹਾਂ, ਕਿਉਂਕਿ ਮੈਂ ਇਸ ਪਾਸੇ ਵਲ ਸਪੈਸ਼ਲਾਈਜ਼ ਨਹੀਂ ਕੀਤਾ ਹੋਇਆ । ਟੈਕਸੇਸ਼ਨ ਸਟਰਕਚਰ ਅਜਿਹਾ ਹੋਣਾ ਚਾਹੀਦਾ ਹੈ ਕਿ ਕਿਸੇ ਦੀ ਐਕਸਪਲਾਇਟੇਸ਼ਨ ਨਾ ਹੋ ਸਕੇ । ਹਰ ਕੋਈ ਆਪਣਾ ਕੰਮ ਕਾਰ ਜਾਂ ਵਪਾਰ ਇਕ ਰੈਸਟ੍ਰਿਕਟਿਡ ਤਰੀਕੇ ਨਾਲ ਕਰ ਸਕੇ ਅਤੇ ਉਸ ਨੂੰ ਇਕ ਕਮਪਲੀਕੇਟਿਡ ਟੈਕਸ ਸਟਰਕਚਰ ਦਾ ਡਰ ਨਾ ਹੋਵੇ । ਇਸ ਲਈ ਮੌਜੂਦਾ ਟੈਕਸ ਸਟਰਕਚਰ ਨੂੰ ਤਬਦੀਲ ਕਰਨਾ ਬਹੁਤ ਜ਼ਰੂਰੀ ਹੈ । ਮੈਂ ਗਵਰਨਰ ਸਾਹਿਬ ਨੂੰ ਇਸ ਢਾਂਚੇ ਬਾਰੇ ਜੋ ਉਨ੍ਹਾਂ ਨੇ ਕਿਹਾ ਹੈ ਕਿ ਇਸ ਵਿਚ ਜਲਦੀ ਹੀ ਤਬਦੀਲੀ ਹੋਵੇਗੀ, ਲਈ ਵਧਾਈ ਦਿੰਦਾ ਹਾਂ । ਮੈਂ ਚੀਫ਼ ਮਨਿਸਟਰ ਸਾਹਿਬ ਪਾਸ ਬੇਨਤੀ ਕਰਾਂਗਾ ਕਿ ਉਹ ਦੇਖਣ ਕਿ ਇਹ ਗਲ ਕਾਗਜ਼ ਤੇ ਹੀ ਨਾ ਰਹਿ ਜਾਵੇ । ਇਸ ਤੇ ਫੌਰੀ ਤੌਰ ਤੇ ਅਮਲ ਕੀਤਾ ਜਾਵੇ । ਅਜ ਤਾਂ ਇਹ ਹਾਲ ਹੈ ਕਿ ਦੁਕਾਨ ਤੇ ਉਨੇ ਗਾਹਕ ਨਹੀਂ ਆਉਂਦੇ, ਜਿੰਨੇ ਇਨਸਪੈਕਟਰ ਆਉਂਦੇ ਹਨ ਅਤੇ ਦੁਕਾਨਦਾਰ ਨੂੰ ਇਹ ਪਤਾ ਨਹੀਂ ਲਗਦਾ ਕਿ ਕਿਹੜਾ ਗਾਹਕ ਹੈ ਅਤੇ ਕਿਹੜਾ ਇਨਸਪੈਕਟਰ ।

ਸਪੀਕਰ ਸਾਹਿਬ, ਪੰਜਾਬ ਅਨਾਜ ਵਲੋਂ ਭਾਰਤ ਦੀ ਗ੍ਰੈਨਰੀ ਹੈ । ਇਸ ਲਈ ਨਾ ਸਿਰਫ ਆਰਥਕ ਨਜ਼ਰੀਏ ਤੋਂ ਹੀ ਬਲਕਿ ਨੈਸ਼ਨਲ ਪੁਆਇੰਟ ਤੋਂ ਵੀ ਇਹ ਜ਼ਰੂਰੀ ਹੈ ਕਿ ਅਸੀਂ ਇਸ ਸੂਬੇ ਵਿਚ ਵੱਧ ਤੋਂ ਵੱਧ ਅਨਾਜ ਪੈਦਾ ਕਰੀਏ । ਇਸ ਐਡਰੈਸ ਵਿਚ ਇਸ ਪਾਸੇ ਵਲ ਧਿਆਨ ਦੇ ਕੇ, ਜਿਵੇਂ ਕਿ ਇਸ ਵਿਚ ਕਿਹਾ ਗਿਆ ਹੈ ਕਿ ਇਰੀਗੇਸ਼ਨ ਵਧਾਈ ਜਾਵੇਗੀ ਜਾਂ ਹੋਰ ਸਬੰਧਤ ਕੰਮ ਕਰਕੇ ਪੈਦਾਵਾਰ ਨੂੰ ਵਧਾਇਆ ਜਾਵੇਗਾ, ਇਹ ਬੜੀ ਚੰਗੀ ਗਲ ਕੀਤੀ ਗਈ ਹੈ । ਇਸ ਨਾਲ ਪੰਜਾਬ ਤਾਂ ਖੁਸ਼ਹਾਲ ਹੋਵੇਗਾ ਹੀ ਮੁਲਕ ਦੀ ਫਾਰਨ ਐਕਸਚੇਂਜ ਵੀ ਬਚੇਗੀ । ਮਗਰ ਜਿਸ ਤਰ੍ਹਾਂ ਕਹਿੰਦੇ ਹਨ ਕਿ 'ਮੈਨ ਪ੍ਰਪੋਜ਼ਿਜ਼ ਗਾਡ ਡਿਸਪੋਜ਼ਿਜ਼" ਕਿਸਾਨ ਮਿਹਨਤ ਵੀ ਕਰਦਾ ਹੈ, ਖੂਹਾਂ ਚੋਂ ਪਾਣੀ ਵੀ ਦਿੰਦਾ ਹੈ, ਔਰ ਇਹ ਗਲ ਹੋ ਵੀ ਗਈ ਹੈ ਕਿ ਹੁਣ ਅਸੀਂ ਬਾਰਿਸ਼ ਤੇ ਬਹੁਤੇ ਨਿਰਭਰ ਨਹੀਂ ਹਾਂ, ਜਗ੍ਹਾ ਜਗ੍ਹਾ ਟਿਊਬਵੈੱਲ ਚਲ ਰਹੇ ਹਨ, ਨਹਿਰਾਂ ਚਲ ਰਹੀਆਂ ਹਨ, ਮਗਰ ਇਨ੍ਹਾਂ ਗਲਾਂ ਦੇ ਬਾਵਜੂਦ ਕਈ ਵਾਰੀ ਕੁਦਰਤੀ ਆਫਤਾਂ ਦਾ ਹਮਲਾ ਹੋ ਜਾਂਦਾ ਹੈ ।

ਜਿਵੇਂ ਕਿ ਗੰਨੇ ਨੂੰ ਡਿਜ਼ੀਜ਼ ਲਗ ਜਾਂਦੀ ਸੀ ਅਤੇ ਹੋਰ ਕਰਾਪਸ ਨੂੰ ਡਿਜ਼ੀਜ਼ ਲਗ ਜਾਂਦੀ ਸੀ ਜਿਸ ਨਾਲ ਕਿਸਾਨਾਂ ਦਾ ਭਾਰੀ ਨੁਕਸਾਨ ਹੁੰਦਾ ਸੀ । ਇਸ ਤਰ੍ਹਾਂ ਹੋ ਜਾਵੇ ਤਾਂ ਉਹ ਵਿਚਾਰਾ ਬੇਬਸ ਹੋ ਜਾਂਦਾ ਹੈ ਕਿਉਂਕਿ ਉਸ ਦੀ ਤਾਂ ਜਾਇਦਾਦ ਹੀ ਇਹ ਹੈ । ਉਸ ਦੀ ਖੇਤੀ ਕਰੋੜਾਂ ਰੁਪਏ ਦੀ ਹੈ ਪਰ ਉਹ ਬੀਮਾਰੀ ਤੋਂ ਨਿਜਾਤ ਨਹੀਂ ਪਾ ਸਕਦਾ । ਲਾਲਾ ਜਾਂ ਦੁਕਾਨਦਾਰ ਤਾਂ ਆਪਣੀ ਲਖਾਂ ਰੁਪਏ ਦੀ ਪੂੰਜੀ ਨੂੰ ਤਿਜੌਰੀਆਂ ਵਿਚ ਸੰਭਾਲ ਕੇ ਰਖ ਲੈਂਦਾ ਹੈ ਪਰ ਕਿਸਾਨ ਪਾਸ ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

ਹਿਫਾਜ਼ਤ ਨਾਲ ਆਪਣੀ ਫਸਲ ਨੂੰ ਸੰਭਾਲ ਲੈਣ ਦਾ ਕੋਈ ਪ੍ਰਬੰਧ ਨਹੀਂ ਅਤੇ ਉਸ ਦੀ ਕਮਾਈ ਕੁਦਰਤ ਦੇ ਰਹਿਮ ਅਤੇ ਕਰਮ ਤੇ ਹੀ ਰਹਿ ਜਾਂਦੀ ਹੈ। ਉਸ ਦੀ ਫਸਲ ਤੇ ਕਿਸੇ ਬੀਮਾਰੀ ਦਾ ਹਮਲਾ ਹੋਇਆ ਤਾਂ ਇਹ ਸਮਝ ਲਿਆ ਜਾਂਦਾ ਕਿ ਇਕ ਦੋ ਮਹੀਨੇ ਬਾਦ ਉਸ ਦੀ 50 ਜਾਂ 60 ਫੀਸਦੀ ਫਸਲ ਤਬਾਹ ਹੋ ਜਾਵੇਗੀ। ਇਹੀ ਉਸ ਦੀ ਸਾਰੀ ਇਨਵੈਸਟਮੈਂਟ ਹੁੰਦੀ ਹੈ। ਇਸ ਨੂੰ ਸਾਹਮਣੇ ਰਖ ਕੇ ਪੰਜਾਬ ਦੀ ਮੌਜੂਦਾ ਸਰਕਾਰ ਨੇ ਫਸਲਾਂ ਨੂੰ ਬੀਮਾਰੀ ਤੋਂ ਬਚਾਉਣ ਲਈ ਯੋਜਨਾ ਬਣਾਈ ਹੈ।ਇਸ ਐਡਰੈਸ ਵਿਚ ਕਰਾਪਸ ਦੀ ਡਿਜ਼ੀਜ਼ਿਜ਼ ਬਾਰ ਜੋ ਕਿਹਾ ਗਿਆ ਹੈ, ਇਹ ਇਕ ਚੰਗਾ ਕਦਮ ਹੈ ਜੋ ਇਹ ਸਰਕਾਰ ਲੈ ਰਹੀ ਹੈ। ਇਕ ਰੋਗ ਨਿਰੋਧਕ ਮੁਹਿੰਮ ਚਲਾਉਣ ਦਾ ਪ੍ਰਬੰਧ ਕੀਤਾ ਗਿਆ ਹੈ। (ਘੰਟੀ)

ਮੈਂ ਸਪੀਕਰ ਸਾਹਿਬ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਥੇ ਆਰਚਰਡਜ਼ ਬਾਰੇ ਜ਼ਿਕਰ ਆਇਆ ਹੈ। ਸਾਨੂੰ ਅਫਸੋਸ ਹੈ ਕਿ ਸਾਡੇ ਪੰਜਾਬ ਦਾ ਉਹ ਇਲਾਕਾ ਜਿਸ ਵਿਚ ਆਰਚਰਡਜ਼ ਜ਼ਿਆਦਾ ਸਨ ਮੌਜੂਦਾ ਪੰਜਾਬ ਨਾਲੋਂ ਕਟ ਗਿਆ ਹੈ। ਇਸ ਲਈ ਬਾਗਬਾਨੀ ਲਈ ਇਲਾਕਾ ਘੱਟ ਰਹਿ ਗਿਆ ਸੀ। ਇਸ ਨੂੰ ਪੂਰਾ ਕਰਨ ਲਈ ਇਸ ਐਡਰੈਸ ਵਿਚ ਜ਼ਿਕਰ ਕੀਤਾ ਹੈ ਕਿ ਇਹ ਸਰਕਾਰ ਰੋਪੜ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਜ਼ਿਲਿਆਂ ਦੇ ਨੀਮ ਪਹਾੜੀ ਇਲਾਕਿਆਂ ਵਿਚ ਆਰਚਰਡਜ਼ ਦੇ ਵਿਕਾਸ ਦਾ ਖਾਸ ਪ੍ਰੋਗ੍ਰਾਮ ਚਲਾਵੇ ਗੀ। (ਵਿਘਨ) ਮੈ ਇਹ ਵੀ ਕਹਾਂਗਾ ਕਿ ਜਿਸ ਤਰ੍ਹਾਂ ਬਾਕੀ ਕਈ ਕੇਸਾਂ ਵਿਚ ਸਿਕਉਰਿਟੀ ਆਫ ਲੈਂਡ ਟੈਨਿਉਅਰ ਤੋਂ ਛੂਟ ਦਿਤੀ ਗਈ ਹੈ ਇਸੇ ਤਰ੍ਹਾਂ ਆਰਚਰਡ ਲਗਾਣ ਵਿਚ ਵੱਧ ਤੋਂ ਵੱਧ ਸਹੂਲਤਾਂ ਦਿਤੀਆਂ ਜਾਣ ਤਾਂ ਕਿ ਇਸ ਪਾਸੇ ਵਿਕਾਸ ਪੂਰੀ ਤਰ੍ਹਾਂ ਨਾਲ ਹੋ ਸਕੇ। ਮੈਂ ਸਰਕਾਰ ਨੂੰ ਕਹਾਂਗਾ ਕਿ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਕਿਸਾਨ ਨੂੰ ਦਿੱਤੀਆਂ ਜਾਣ ਤਾਂ ਕਿ ਕਿਸਾਨ ਤਰੱਕੀ ਕਰ ਸਕੇ ਅਤੇ ਅਨਾਜ ਦੀ ਉਪਜ ਵਿਚ ਹੋਰ ਵਾਧਾ ਕੀਤਾ ਜਾ ਸਕੇ।

(ਇਸ ਸਮੇਂ ਸਰਦਾਰ ਜਸ਼ਪਾਲ ਸਿੰਘ, ਜੋ ਪੈਨਲ ਆਫ ਚੇਅਰਮੈਨ ਦੇ ਮੈਂਬਰ ਹਨ, ਨੇ ਕੁਰਸੀ ਸੰਭਾਲੀ)

ਐਗਰੀਕਲਚਰ ਦੇ ਸੰਦਾ ਬਾਰੇ ਜ਼ਿਕਰ ਇਸ ਐਡਰੈਸ ਵਿਚ ਕੀਤਾ ਗਿਆ ਹੈ ਕਿ ਡਰਿਲਾਂ ਅਤੇ ਡਿਸਕ ਹੈਰੋ ਕਰਜ਼ ਦੇ ਤੌਰ ਤੇ ਦਿਤੀਆਂ ਜਾਣਗੀਆਂ। ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਪਿੰਡਾਂ ਵਿਚ ਐਗਰੀਕਲਚਰਲ ਇਮਪਲੀਮੈਂਟਸ ਦੇ ਸਰਵਿਸ ਸਟੇਸ਼ਨਾਂ ਨੂੰ ਕਾਇਮ ਕਰਨ ਦੀ ਬਹੁਤ ਲੋੜ ਹੈ। ਅਜ ਕਲ ਪਿੰਡਾਂ ਵਿਚ ਹਾਲਤ ਇਹ ਹੈ ਕਿ ਕੋਈ ਤਰੀਕੇ ਨਾਲ ਬਣਾਈ ਗਈ ਵਰਕਸ਼ਾਪ ਨਹੀਂ ਅਤੇ ਨਾ ਹੀ ਕੋਈ ਚੰਗਾ ਮਕੈਨਿਕ ਮਿਲਦਾ ਹੈ ਅਤੇ ਕਈ ਦਫਾ ਮਾਮੂਲੀ ਪੁਰਜ਼ਿਆਂ ਤੇ ਆਮ ਕੀਮਤ ਨਾਲੋਂ ਬਹੁਤ ਜ਼ਿਆਦਾ ਕੀਮਤ ਚਾਰਜ ਕੀਤੀ ਜਾਂਦੀ ਹੈ ਅਤੇ ਕਿਸਾਨ ਨੂੰ ਬਹੁਤ ਦਿੱਕਤ ਪੇਸ਼ ਆਉਂਦੀ ਹੈ। ਇਸ ਲਈ ਸਰਕਾਰੀ ਤੌਰ ਤੇ ਸਰਵਿਸ ਸਟੇਸ਼ਨ ਅਤੇ ਵਰਕਸ਼ਾਪਾ ਕਾਇਮ ਕੀਤੀਆਂ ਜਾਣ ਅਤੇ ਮੈਂ ਇਹ ਵੀ ਕਹਾਂਗਾ ਕਿ ਇਨ੍ਹਾਂ ਨੂੰ ਤਹਿਸੀਲ ਲੈਵਲ ਤੇ ਕਾਇਮ ਕੀਤਾ ਜਾਵੇ। ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਐਗਰੀਕਲਚਰਲ ਇਮਪਲੀਮੈਂਟਸ ਦੇ, ਜਿਵੇਂ ਕਿ ਟ੍ਰੈਕਟਰ ਹਨ, ਸਪੇਅਰਜ਼ ਨਹੀਂ ਮਿਲਦੇ ਅਤੇ ਬਲੈਕ ਵਿਚ ਮਿਲਦੇ ਹਨ। ਇਸ ਨਾਲ ਕਿਸਾਨਾਂ ਨੂੰ ਔਕੜ ਆ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਨਮੋਹਨ ਕਾਲੀਆ]

ਰਹੀ ਹੈ । ਇਸ ਲਈ ਮੈਂ ਇਹ ਕਹਾਂਗਾ ਕਿ ਸਸਤੇ ਭਾ ਤੇ ਅਤੇ ਕੰਟ੍ਰੋਲ ਕੀਮਤ ਤੇ ਇਹ ਸਪੇਅਰਜ਼ ਸਪਲਾਈ ਕਰਨ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ।

ਇਹ ਖੁਸ਼ੀ ਦੀ ਗਲ ਹੈ ਕਿ ਇਸ ਐਡਰਸ ਵਿਚ ਨਵੀਆਂ ਮੰਡੀਆਂ ਬਣਾਉਣ ਦਾ ਜ਼ਿਕਰ ਹੈ । ਅਨਾਜ ਦੇ ਵੇਚਣ ਲਈ ਨਵੀਆਂ ਮੰਡੀਆਂ ਬਣਨੀਆਂ ਚਾਹੀਦੀਆਂ ਹਨ । ਚੇਅਰਮੈਨ ਸਾਹਿਬ, ਜ਼ਿਮੀਂਦਾਰਾਂ ਨੇ ਅਨਾਜ ਨੂੰ ਮੰਡੀਆਂ ਵਿਚ ਢੋ ਕੇ ਲੈ ਆਂਦਾ ਪਰ ਉਥੇ ਇਹ ਵੇਖਿਆ ਗਿਆ ਹੈ ਕਿ ਬਾਰਸ਼ ਜਾਂ ਹੋਰ ਨੁਕਸਾਨ ਤੋਂ ਬਚਾਣ ਲਈ ਕੋਈ ਪ੍ਰਬੰਧ ਨਹੀਂ ਹੁੰਦਾ, ਕਿਉਂਕਿ ਕਿਸੇ ਵੇਅਰ ਹਾਊਸ ਦਾ ਪ੍ਰਬੰਧ ਨਹੀਂ ਹੁੰਦਾ । ਇਸ ਲਈ ਵੇਅਰ ਹਾਊਸ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਕਿ ਮੰਡੀਆਂ ਵਿੱਚ ਜਿਹੜਾ ਮਾਲ ਜਾਵੇ ਉਸ ਦੀ ਪੂਰੀ ਤਰ੍ਹਾਂ ਹਿਫਾਜ਼ਤ ਕੀਤੀ ਜਾ ਸਕੇ ਅਤੇ ਚੰਗੇ ਤਰੀਕੇ ਨਾਲ ਦੇਖਭਾਲ ਹੋ ਸਕੇ । ਕਿਸਾਨ ਨੂੰ ਨੁਕਸਾਨ ਨਾ ਹੋਵੇ ।

ਜ਼ਰਾਇਤੀ ਪੈਦਾਵਾਰ ਦੀ ਉਚਿਤ ਢੋ ਢੁਆਈ ਲਈ ਦਿਹਾਤੀ ਇਲਾਕਿਆਂ ਵਿਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ । ਇਹ ਬਹੁਤ ਚੰਗਾ ਕਦਮ ਹੈ । ਇਸ ਨਾਲ ਕਾਫੀ ਸਹੂਲਤ ਕਿਸਾਨਾਂ ਨੂੰ ਹੋ ਜਾਵੇਗੀ । ਪਰ ਮੈਂ ਇਹ ਕਹਾਂਗਾ ਕਿ ਇਹ ਕਰੈਸ਼ ਪ੍ਰੋਗ੍ਰਾਮ ਦਾ ਨਾਹਰਾ ਹੀ ਨਾ ਰਹਿ ਜਾਵੇ ਸਗੋਂ ਇਸ ਤੇ ਤਤਪਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਸਾਡਾ ਅਸਲੀ ਜਮਹੂਰੀਅਤ ਦਾ ਦ੍ਰਿਸ਼ ਪਿੰਡਾਂ ਵਿਚ ਹੈ ਅਤੇ ਪਿੰਡਾ ਨੂੰ ਵਡੇ ਸ਼ਹਿਰਾਂ ਨਾਲ ਸੜਕ ਰਾਹੀਂ ਜੋੜਨਾ ਜ਼ਰੂਰੀ ਹੈ । ਸੜਕਾਂ ਦਾ ਨੈਟ ਵਰਕ ਛੇਤੀ ਹੀ ਕਾਇਮ ਕਰ ਦੇਣਾ ਚਾਹੀਦਾ ਹੈ । ਇਹ ਖੁਸ਼ੀ ਦੀ ਗਲ ਹੈ ਕਿ ਇਸ ਕੰਮ ਲਈ ਇਸ ਐਡਰਸ ਵਿਚ ਪਹਿਲ ਫਿਕਸ ਕੀਤੀ ਗਈ ਹੈ ।

ਇਸ ਐਡਰੈਸ ਵਿਚ ਡੇਅਰੀ ਫਾਰਮਿੰਗ ਦੇ ਬਾਰੇ ਵਿਚ ਵੀ ਕਿਹਾ ਗਿਆ ਹੈ । ਮੈਂ ਇਸ ਸੰਬੰਧ ਵਿਚ ਇਹ ਕਹਾਂਗਾ ਕਿ ਪਹਿਲਾਂ ਇਸ ਲਈ ਕਰਜ਼ੇ ਦਿਤੇ ਜਾਂਦੇ ਸਨ ਪਰ ਹੁਣ ਬੰਦ ਕਰ ਦਿਤੇ ਗਏ ਹਨ । ਮੈਂ ਸਰਕਾਰ ਨੂੰ ਕਹਾਂਗਾ ਕਿ ਜੇਕਰ ਕੁਝ ਲੋਕ ਕੈਟਲ ਫਾਰਮਿੰਗ ਜਾਂ ਡੇਅਰੀ ਫਾਰਮਿੰਗ ਕਰਨਾ ਚਾਹੁਣ ਤਾਂ ਉਨ੍ਹਾਂ ਨੂੰ ਕਰਜ਼ੇ ਦਿਤੇ ਜਾਣੇ ਚਾਹੀਦੇ ਹਨ ਅਤੇ ਇਸ ਕੰਮ ਲਈ ਵੱਧ ਤੋਂ ਵੱਧ ਰਕਮ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ ।

ਪੰਚਾਇਤੀ ਰਾਜ ਵਿਚ ਤਬਦੀਲੀ ਲਿਆਉਣ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ । ਪਚਾਇਤੀ ਰਾਜ ਪਿੰਡਾਂ ਵਿਚ ਕਾਇਮ ਤਾਂ ਕੀਤਾ ਗਿਆ ਸੀ ਸੇਵਾ ਕਰਨ ਲਈ ਪਰ ਇਸ ਦਾ ਨਤੀਜਾ ਇਹ ਨਿਕਲਿਆ ਕਿ ਧੜੇਬਾਜ਼ੀ ਪੈਦਾ ਹੋ ਗਈ ਅਤੇ ਫੈਕਸ਼ਨਜ਼ ਇਨੀਆਂ ਵਧ ਗਈਆਂ ਕਿ ਕੋਈ ਅੰਤ ਹੀ ਨਹੀਂ ਰਿਹਾ । ਹਰ ਗਲ ਲਈ ਦੋ ਧੜੇ ਬਣ ਗਏ ਅਤੇ ਇਸ ਨਾਲ ਇਤਨੀ ਲਿਟੀਗੇਸ਼ਨ ਵੱਧ ਗਈ ਕਿ ਹਰ ਕੇਸ ਅਦਾਲਤ ਵਿਚ ਜਾਣ ਲਗ ਪਿਆ ਇਕ ਅਦਾਲਤ ਵਿਚ ਹੀ ਨਹੀਂ ਦੋ ਅਦਾਲਤਾਂ ਵਿਚ । ਪਹਿਲਾਂ ਪੰਚਾਇਤ ਵਿਚ ਫੈਸਲਾ । ਫਿਰ ਜੇਕਰ ਜੁਰਮਾਨਾ ਹੋ ਜਾਵੇ ਤਾਂ ਅਪੀਲ ਮੈਜਿਸਟ੍ਰੇਟ ਪਾਸ ਕੀਤੀ ਜਾਣ ਲਗ ਪਈ । ਇਸੇ ਤਰ੍ਹਾਂ ਇਸਤਗਾਸੇ ਵਿਚ ਤੇ ਫਿਰ ਟ੍ਰਾਂਸਫਰ ਐਪਲੀਕੇਸ਼ਨ ਵਿਚ ਹੁੰਦਾ ਹੈ । ਪੰਚਾਇਤੀ ਰਾਜ ਨਾਲ ਜਿਥੇ ਲਿਟੀਗੇਸ਼ਨ ਘਟਾਣ ਦੀ ਥਾ ਵਧ ਗਈ ਹੈ, ਉਥੇ ਪਿੰਡਾਂ ਵਿਚ ਫੈਕਸ਼ਨਜ਼ ਵੀ ਬਹੁਤ ਵਧ ਗਈਆਂ ਹਨ । ਇਸ ਲਈ ਇਹ ਚੰਗਾ ਕਦਮ ਹੈ ਜਿਸ ਦਾ ਜ਼ਿਕਰ ਗਵਰਨਰ ਸਾਹਬ ਦੇ ਐਡਰੈਸ ਵਿਚ ਕੀਤਾ ਗਿਆ ਹੈ ਕਿ ਪੰਚਾਇਤੀ ਰਾਜ ਦੇ ਬਾਰੇ ਵਿਚ ਛੇਤੀ ਹੀ

Original with;
Punjab Vidhan Sabha
Digitized by;
Panjab Digital Library

ਕੋਈ ਅੰਤਮ ਫੈਸਲਾ ਕੀਤਾ ਜਾਵੇਗਾ ਜਿਸ ਨਾਲ ਕਿ ਲਿਟੀਗੇਸ਼ਨ ਅਤੇ ਫੈਕਸ਼ਨਜ਼ ਘੱਟ ਜਾਣਗੀਆਂ।

ਇੰਡਸਟਰੀ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਸਾਰਿਆਂ ਤੋਂ ਜ਼ਰੂਰੀ ਚੀਜ਼ ਹੈ। ਇਸ ਦੇ ਸੰਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਈ ਵੇਰ ਅਜਿਹੀ ਹਾਲਤ ਹੁੰਦੀ ਹੈ ਕਿ ਇਕ ਆਦਮੀ ਕਾਰਖਾਨਾ ਲਗਾਉਂਦਾ ਹੈ ਅਤੇ ਸਭ ਕੁਝ ਤਿਆਰ ਕਰ ਲੈਂਦਾ ਹੈ, ਆਪਣਾ ਮਕਾਨ ਗਹਿਣੇ ਰਖ ਕੇ ਅਤੇ ਕਰਜ਼ਾ ਲੈ ਕੇ ਇਨਡਸਟਰੀ ਕਾਇਮ ਕਰਦਾ ਹੈ, ਰਾ ਮੈਟੀਰੀਅਲ ਵੀ ਮੰਗਵਾ ਲੈਂਦਾ ਹੈ ਪਰ ਜਦ ਮਾਲ ਤਿਆਰ ਕਰਦਾ ਹੈ ਤਾਂ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਮਾਲ ਦੀ ਖਪਤ ਕਿਥੇ ਕੀਤੀ ਜਾਵੇ। ਇਸ ਤਰ੍ਹਾਂ ਦੀ ਇਨਡਸਟ੍ਰੀਅਲਾਇਜ਼ੇਸ਼ਨ ਨਹੀਂ ਹੋਣੀ ਚਾਹੀਦੀ। ਕਿਉਂਕਿ ਇਸ ਨਾਲ ਬਜਾਏ ਖੁਸ਼ਹਾਲੀ ਲਿਆਣ ਦੇ ਨੁਕਸਾਨ ਹੋ ਜਾਂਦਾ ਹੈ। ਇਸ ਲਈ ਮੈਂ ਇਨਡਸਟਰੀ ਦੀ ਡਿਪੈਲਪਮੈਂਟ ਬਾਰੇ ਇਹ ਪ੍ਰਾਰਥਨਾ ਕਰਾਂਗਾ ਕਿ ਤਿਆਰ ਮਾਲ ਦੀ ਖਪਤ ਲਈ ਕਾਰਪੋਰੇਸ਼ਨਾਂ ਬਣਾ ਦਿਤੀਆਂ ਜਾਣ ਅਤੇ ਸਰਕਾਰ ਵਲੋਂ ਨਵੀਂ ਇਨਡਸਟਰੀ ਕਾਇਮ ਕਰਨ ਵਾਲਿਆਂ ਨੂੰ ਇਹ ਅੰਡਰਟੇਕਿੰਗ ਦਿਤੀ ਜਾਣੀ ਚਾਹੀਦੀ ਹੈ ਕਿ ਉਸ ਦਾ ਤਿਆਰ ਕੀਤਾ ਮਾਲ 5 ਸਾਲ ਜਾਂ 3 ਸਾਲ ਤਕ ਉਹ ਚੁਕਣਗੇ ਅਤੇ ਗੌਰਮਿੰਟ ਲੈਵਲ ਤੇ ਮਾਲ ਪਰਚੇਜ਼ ਕੀਤਾ ਜਾਵੇਗਾ ਅਤੇ ਇਸ ਤਰ੍ਹਾਂ ਫਰਮਾਂ ਲਾਸ ਵਿਚ ਨਹੀਂ ਜਾਣਗੀਆਂ।

ਐਕਸ ਸਰਵਿਸਮੈਨ ਬਾਰੇ ਜ਼ਿਕਰ ਇਸ ਐਡਰੈਸ ਵਿਚ ਕੀਤਾ ਗਿਆ ਹੈ। ਇਨ੍ਹਾਂ ਦੀ ਹਾਲਤ ਚਿੰਤਾ ਜਨਕ ਹੈ। ਮੈਨੂੰ ਇਕ ਵੇਰ ਇਕ ਫੌਜੀ ਅਫਸਰ ਮਿਲਿਆ ਜੋ ਇੰਗਲਿਸ਼ ਦਾ ਪ੍ਰੋਫੈਸਰ ਲਗਾ ਹੋਇਆ ਹੈ, ਉਸ ਨੇ ਦਸਿਆ ਕਿ ਇਕ ਦਫਾ ਤਾਂ ਉਸ ਦਾ ਅਤੇ ਉਸ ਦੇ ਸਾਥੀਆਂ ਦਾ ਇਹ ਇਰਾਦਾ ਬਣ ਗਿਆ ਸੀ ਕਿ ਦਿਲੀ ਕਨਾਟ ਪਲੇਸ ਵਿਚ ਜਾ ਕੇ ਸ਼ੂ ਸ਼ਾਈਨ ਕਰਨ ਦਾ ਕੰਮ ਕੀਤਾ ਜਾਵੇ ਤਾਂ ਕਿ ਪਤਾ ਲਗ ਸਕੇ ਕਿ ਜਦ ਦੋ ਦੇਸ਼ਾਂ ਦੀ ਲੜਾਈ ਹੋਈ ਤਾਂ ਇਨ੍ਹਾਂ ਸੂਰਬੀਰਾਂ ਨੇ ਬਹਾਦਰੀ ਵਿਖਾਈ ਤੇ ਅੱਜ ਇਨ੍ਹਾਂ ਦੀ ਇਹ ਹਾਲਤ ਹੈ। ਪਾਕਿਸਤਾਨ ਨਾਲ ਲੜਾਈ ਵਿਚ ਹਜ਼ਾਰਾਂ ਅਫਸਰਾਂ ਨੇ ਕੰਮ ਕੀਤਾ ਅਤੇ ਬਹੁਤ ਕੁਝ ਵਾਰ ਟੈਕਟਿਕਸ ਬਾਰੇ ਤਜਰਬਾ ਹਾਸਲ ਕੀਤਾ ਤੇ ਹੁਣ ਜਦ ਲੜਾਈ ਨਹੀਂ ਰਹੀ ਤਾਂ ਉਨ੍ਹਾਂ ਦਾ ਤਜਰਬਾ ਅਜਾਈਂ ਜਾ ਰਿਹਾ ਹੈ। ਇਸ ਗਲ ਦੀ ਸਭ ਤੋਂ ਵੱਧ ਜ਼ਿਮੇਵਾਰੀ ਹਿੰਦ ਸਰਕਾਰ ਦੀ ਹੋਣੀ ਚਾਹੀਦੀ ਹੈ ਅਤੇ ਦੂਜੇ ਨੰਬਰ ਤੇ ਪੰਜਾਬ ਸਰਕਾਰ ਨੂੰ ਇਹ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਰਕਾਰੀ ਨੌਕਰੀ ਵਿਚ ਜਜ਼ਬ ਕੀਤਾ ਜਾਵੇ। ਤੇ ਜੇਕਰ ਉਨ੍ਹਾਂ ਵਿਚੋਂ ਕੋਈ ਇਨਡਸਟਰੀ ਲਗਾਉਣਾ ਚਾਹੁਣ ਜਾਂ ਕੋਈ ਹੋਰ ਕੰਮ ਕਰਨਾ ਚਾਹੁਣ ਤਾਂ ਉਨ੍ਹਾਂ ਨੂੰ ਬਾਕੀਆਂ ਨਾਲੋਂ ਪ੍ਰੈਫਰੈਂਸ ਦਿਤੀ ਜਾਣੀ ਚਾਹੀਦੀ ਹੈ।

ਇਸ ਐਡਰੈਸ ਵਿਚ ਜਿੰਨੀਆਂ ਲੇਬਰ ਪ੍ਰਾਬਲਮਜ਼ ਹਨ, ਉਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਸਰਕਾਰ ਉਨ੍ਹਾਂ ਦੇ ਹਲ ਲਈ ਕਦਮ ਚੁਕੇਗੀ। ਇਹ ਕਦਮ ਜਲਦੀ ਚੁਕੇ ਜਾਣੇ ਚਾਹੀਦੇ ਹਨ। ਇਹ ਚੰਗੇ ਹਨ!

ਬਿਜਲੀ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ ਅਤੇ ਸਰਕਾਰ ਨੇ ਇਹ ਮਹਿਸੂਸ ਕੀਤਾ ਹੈ ਕਿ ਬਿਜਲੀ ਦੀ ਟੋਟ ਹੈ ਅਤੇ ਜਿਹੜੀ ਕਟ ਲਗਾਈ ਗਈ ਹੈ ਇਸ ਨੂੰ ਰੈਸਟੋਰ ਕੀਤਾ ਜਾਵੇ। ਹੁਣ ਇਹ ਹਾਲਤ ਹੈ ਕਿ ਭਾਖੜੇ ਦੀ ਬਿਜਲੀ ਦੀ ਸਪਲਾਈ ਵਿਚ ਸਾਡੇ ਲਈ 15% ਕਟ ਲਗਿਆ ਹੋਇਆ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਨਮੋਹਨ ਕਾਲੀਆ]

ਹੈ। ਇਸ ਕਟ ਕਰਕੇ ਇਨਡਸਟਰੀ ਵਾਲਿਆਂ ਨੂੰ ਕਾਫੀ ਦਿੱਕਤ ਪੇਸ਼ ਆਈ ਹੈ। ਲੋਕ ਸਾਨੂੰ ਕਈ ਵੇਰ ਨਾਲ ਲੈ ਕੇ ਡੈਪੂਟੇਸ਼ਨਾਂ ਦੀ ਸ਼ਕਲ ਵਿਚ ਵੀ ਗਏ ਹਨ ਪਰ ਕੋਈ ਸੁਣਵਾਈ ਨਹੀਂ ਕੀਤੀ ਗਈ। ਇਕ ਡੈਪੂਟੇਸ਼ਨ ਆਇਆ ਕਿ ਉਨ੍ਹਾਂ ਪਾਸ ਕੇਵਲ 9 ਯੂਨਿਟ ਰਹਿ ਗਏ ਹਨ ਅਤੇ 25 ਬੰਦਿਆਂ ਦੀ ਲੇਬਰ ਹੈ, ਕੀ ਕਰੀਏ। ਉਨ੍ਹਾਂ ਦੇ ਨਾਲ ਜਾ ਕੇ ਅਸੀਂ ਸੰਬੰਧਤ ਅਫਸਰਾਂ ਨੂੰ ਮਿਲੇ ਪਰ ਬਜਾਏ ਬਿਜਲੀ ਰੈਸਟੋਰ ਕਰਨ ਦੇ ਇਹ ਤਜਵੀਜ਼ ਅਫਸਰਾਂ ਨੇ ਦਿੱਤੀ ਕਿ ਆਪਣੇ ਘਰਾਂ ਦੀ ਬਿਜਲੀ ਇਸ ਪਾਸੇ ਵਰਤ ਲਓ ਅਤੇ ਘਰ ਵਿਚ ਗੈਸ ਲੈਂਪ ਜਗਾ ਕੇ ਕੰਮ ਕਰੋ। ਇਹ ਹਾਲਤ ਹੋ ਰਹੀ ਹੈ। ਇਸ ਲਈ ਇਸ ਪਖ ਵਿਚ ਫੌਰੀ ਕਦਮ ਚੁਕਣੇ ਚਾਹੀਦੇ ਹਨ ਤਾਂ ਕਿ ਬਿਜਲੀ ਦੀ ਸਪਲਾਈ ਪੂਰੀ ਰੈਸਟੋਰ ਕਰ ਦਿਤੀ ਜਾਵੇ। ਬਿਜਲੀ ਦੇ ਨਾਲ ਹੀ ਐਗਰੀਕਲਚਰਲ ਇਨਡਸਟਰੀ ਤਰੱਕੀ ਕਰ ਸਕਦੀ ਹੈ ਅਤੇ ਦੂਸਰੀ ਇਨਡਸਟਰੀ ਵੀ ਤਰੱਕੀ ਕਰ ਸਕਦੀ ਹੈ। ਬਠਿੰਡਾ ਵਿਚ ਥਰਮਲ ਪਲਾਂਟ ਲਗਾਉਣ ਬਾਰੇ ਜ਼ਿਕਰ ਕੀਤਾ ਗਿਆ ਹੈ, ਇਹ ਬਹੁਤ ਚੰਗਾ ਕਦਮ ਹੈ। ਇਸ ਨੂੰ ਚਾਲੂ ਕਰਨਾ ਬਹੁਤ ਜ਼ਰੂਰੀ ਹੈ।

ਹਰੀਜਨ ਸੇਵਾ ਕਲਿਆਨ ਦੀਆਂ ਸਕੀਮਾਂ ਨੂੰ ਚਾਲੂ ਕਰਨ ਬਾਰੇ ਜ਼ਿਕਰ ਕੀਤਾ ਗਿਆ ਹੈ। ਇਹ ਠੀਕ ਹੈ ਕਿ ਪਿਛਲੇ 20 ਸਾਲਾਂ ਵਿਚ ਹਰੀਜਨ ਕਲਿਆਨ ਲਈ ਕਾਫੀ ਕੰਮ ਕੀਤਾ ਗਿਆ ਹੈ। ਪਰ ਮੈਂ ਇਸ ਸੰਬਧ ਵਿਚ ਇਹ ਕਹਾਂਗਾ ਕਿ ਇਨ੍ਹਾਂ ਵਿਚ ਸੈਲਫ ਕਾਨਫੀਡੈਂਸ ਪੈਦਾ ਕਰਨਾ ਚਾਹੀਦਾ ਹੈ। ਇਨ੍ਹਾਂ ਵਿਚ ਇੰਨਾਂ ਕਾਨਫੀਡੈਂਸ ਆ ਜਾਣਾ ਚਾਹੀਦਾ ਹੈ ਕਿ ਇਹ ਦੂਜੀਆਂ ਜਾਤੀਆਂ ਦੇ ਐਟ ਪਾਰ ਆਪਣੇ ਆਪ ਨੂੰ ਸਮਝਣ ਲਗ ਪੈਣ। (ਵਿਘਨ)

**ਇਕ ਆਵਾਜ਼ :** ਵਜ਼ੀਰ ਤਾਂ ਤੁਸੀਂ ਹਰੀਜਨ ਇਕ ਵੀ ਨਹੀਂ ਲਿਆ।

**ਸ੍ਰੀ ਮਨਮੋਹਨ ਕਾਲੀਆ :** ਮੇਰੀ ਪ੍ਰਾਰਥਨਾ ਸਿਰਫ ਇਤਨੀ ਹੈ ਕਿ ਇਨ੍ਹਾਂ ਵਿਚ ਆਤਮ ਵਿਸ਼ਵਾਸ ਪੈਦਾ ਕਰਨ ਦੀ ਲੋੜ ਹੈ। ਅਤੇ ਇਹ ਇਸ ਤਰ੍ਹਾਂ ਦਾ ਆਤਮ ਵਿਸ਼ਵਾਸ ਹੋਵੇ ਜਿਸ ਤਰ੍ਹਾਂ ਦਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਣ ਲਗਿਆਂ ਲੋਕਾਂ ਵਿਚ ਭਰਿਆ ਸੀ ਅਤੇ ਉਸੇ ਆਤਮ ਵਿਸ਼ਵਾਸ ਦਾ ਸਦਕਾ ਹੀ ਖਾਲਸਾ ਪੰਥ ਕਾਇਮ ਕੀਤਾ ਗਿਆ ਸੀ। ਇਕ ਇਸ ਤਰ੍ਹਾਂ ਦਾ ਆਤਮ ਵਿਸ਼ਵਾਸ ਕਿ ਹਰ ਬਸ਼ਰ ਇਹ ਸਮਝੇ ਕਿ ਦੇਸ਼ ਦੀ ਖੁਸ਼ਹਾਲੀ ਵਿੱਚ ਉਸ ਦਾ ਹਿੱਸਾ ਹੈ। ਇਸ ਲਈ ਜਿਹੜੀਆਂ ਸਕੀਮਜ਼ ਹਰੀਜਨਾਂ ਦੀ ਤਰੱਕੀ ਲਈ ਹਨ, ਉਨ੍ਹਾਂ ਵਲ ਇਸ ਪਖ ਤੋਂ ਧਿਆਨ ਦੇਣ ਦੀ ਲੋੜ ਹੈ। (ਵਿਘਨ)

ਇਕ ਗੱਲ ਹੋਰ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਪੰਜਾਬ ਵਿਚ ਐਸੀਆਂ ਬਹੁਤ ਸਾਰੀਆਂ ਕਾਲੋਨੀਜ਼ ਹਨ ਜਿਥੇ ਹੁਣ ਤੱਕ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਮੈਂ ਖੁਦ ਭਾਰਗੋ ਕੈਂਪ ਵੇਖਿਆ ਹੈ ਜਿਥੇ ਕਿ ਸੈਨੀਟੇਸ਼ਨ ਦੀ ਬਹੁਤ ਹੀ ਬੁਰੀ ਹਾਲਤ ਹੈ। ਜਿਹੜੇ ਇਕ-ਇਕ, ਦੋ-ਦੋ ਮਰਲੇ ਦੇ ਪਲਾਟ ਇਕ ਇਕ ਬੰਦੇ ਵਾਸਤੇ ਦਿਤੇ ਗਏ ਸਨ ਅੱਜ ਉਥੇ 10-10 ਬੰਦੇ ਬੈਠੇ ਹੋਏ ਹਨ। ਕੋਈ ਪਲੈਨਿੰਗ ਨਹੀਂ ਕੋਈ ਸੈਨੀਟੇਸ਼ਨ ਨਹੀਂ। ਇਸੇ ਤਰ੍ਹਾਂ ਦਾ ਹਾਲ ਲੁਧਿਆਣੇ, ਪਟਿਆਲੇ, ਪਠਾਨਕੋਟ ਅਤੇ ਅੰਮ੍ਰਿਤਸਰ ਦੀ ਕਾਲੋਨੀਜ਼ ਦਾ ਹੈ। ਸਰਕਾਰ ਨੂੰ ਇਸ ਪਾਸੇ ਛੇਤੀ ਤੋਂ ਛੇਤੀ ਤਵੱਜੋ ਦੇਣੀ ਚਾਹੀਦੀ ਹੈ। ਜਿਤਨਾ ਵੀ ਰੁਪਿਆ ਇਨ੍ਹਾਂ ਕਾਲੋਨੀਜ਼ ਨੂੰ

Original with;
Punjab Vidhan Sabha
Digitized by;
Panjab Digital Library

ਡਿਵੈਲਪ ਕਰਨ ਵਾਸਤੇ ਰੱਖਿਆ ਹੈ ਉਹ ਬਾਕਾਇਦਾ ਪਲੈਨ ਕਰਕੇ ਇਨ੍ਹਾਂ ਕਾਲੋਨੀਜ਼ ਦੇ ਸੁਧਾਰ ਹਿਤ ਖਰਚ ਕਰਨਾ ਚਾਹੀਦਾ ਹੈ ।

ਇਕ ਗੱਲ ਹੋਰ ਜੋ ਮੈਂ ਅਰਜ਼ ਕਰਾਂਗਾ ਉਹ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਬਰਸੀ ਮਨਾਈ ਜਾ ਰਹੀ ਹੈ । (ਵਿਘਨ)

**ਇਕ ਮਾਨਯੋਗ ਮੈਂਬਰ :** ਅਪੋਜ਼ੀਸ਼ਨ ਵਾਲਿਆਂ ਨੂੰ ਵੀ ਟਾਈਮ ਦਿਉ, ਸਾਰਾ ਟਾਈਮ ਇਨ੍ਹਾਂ ਵਾਸਤੇ ਨਹੀਂ ਹੈ ।

**ਸ਼੍ਰੀ ਮਨਮੋਹਨ ਕਾਲੀਆ :** ਮੈਂ ਅਰਜ਼ ਕਰਦਾ ਹਾਂ ਕਿ ਅਜ ਜਗ੍ਹਾ ਜਗ੍ਹਾ ਹਰ ਬੜੇ ਸ਼ਹਿਰ ਵਿੱਚ ਹਸਪਤਾਲ ਹਨ ਪਰ ਡਾਕਟਰਾਂ ਦੀ ਅਜੇ ਵੀ ਥੁੜ ਹੈ । ਭਾਵੇਂ ਪਟਿਆਲੇ, ਲੁਧਿਆਣੇ ਅਤੇ ਅਮ੍ਰਿਤਸਰ ਵਿਚ ਮੈਡੀਕਲ ਕਾਲਜਿਜ਼ ਹਨ ਪਰ ਇਹ ਥੋੜੇ ਹਨ ਅਤੇ ਹੋਰ ਵਧ ਹੋਣੇ ਚਾਹੀਦੇ ਹਨ । ਇਹ ਮੁਲਕ ਦੀ ਡੀਮਾਂਡ ਪੂਰੀ ਨਹੀਂ ਕਰਦੇ । ਇਸ ਲਈ ਸਰਕਾਰ ਨੂੰ ਮੈਂ ਪ੍ਰਾਰਥਨਾ ਕਰਾਂਗਾ ਕਿ ਗੁਰੂ ਮਹਾਰਾਜ ਦੀ ਇਸ ਸ਼ਤਾਬਦੀ ਦੇ ਮੌਕੇ ਤੇ ਸਰਕਾਰ ਹੋਰ ਮੈਡੀਕਲ ਕਾਲਜ ਖੋਲਣ ਦਾ ਜ਼ਰੂਰ ਕੋਈ ਬੰਦੋਬਸਤ ਕਰੇ ।

ਨੈਸ਼ਨਲਾਈਜ਼ੇਸ਼ਨ ਦੀ ਪਾਲਸੀ ਨੂੰ ਕਾਮਯਾਬ ਬਨਾਉਣ ਲਈ ਇਸ ਵਿੱਚ ਬੜਾ ਭਾਰੀ ਸੁਧਾਰ ਲਿਆਉਣ ਦੀ ਜ਼ਰੂਰਤ ਹੈ । ਖਾਸ ਤੌਰ ਤੇ ਕੋਆਪਰੇਟਿਵ ਸਟੋਰਜ਼ ਨੂੰ ਬੜਾ ਲਾਸ ਹੋਇਆ ਹੈ । ਮੈਂ ਨੈਸ਼ਨੇਲਾਈਜ਼ੇਸ਼ਨ ਦੇ ਅਸੂਲ ਦੇ ਖਿਲਾਫ ਨਹੀਂ ਪਰ ਇਸ ਨੂੰ ਚਲਾਉਣ ਵਾਲੀ ਜਿਹੜੀ ਮਸ਼ੀਨਰੀ ਹੈ, ਉਹ ਸੁਧਾਰਨੀ ਜ਼ਰੂਰੀ ਹੈ । ਅਸੀਂ ਵੇਖਦੇ ਹਾਂ ਕਿ ਬਹੁਤ ਸਾਰੇ ਕੋਆਪਰੇਟਿਵ ਸਟੋਰਜ਼ ਦੇ ਵਿੱਚ ਲਖਾਂ ਰੁਪਏ ਦਾ ਮਾਲ ਸੇਲਜ਼ ਮੈਨ ਕੋਲ ਪਿਆ ਰਹਿੰਦਾ ਹੈ । ਇਹ ਹੀ ਨਹੀਂ, ਇਨ੍ਹਾਂ ਤੋਂ ਇਲਾਵਾ ਹੋਰ ਵੀ ਅਫਸਰ ਹਨ ਜਿਹੜੇ 1200/-, 1500/- ਰੁਪਏ ਤੱਕ ਮਾਹਵਾਰ ਤਨਖਾਹਾਂ ਲੈਂਦੇ ਹਨ । ਇਹੀ ਲੋਕ ਹੁੰਦੇ ਹਨ ਜੋ ਨੈਸ਼ਨੇਲਾਈਜਡ ਅਦਾਰਿਆਂ ਦੇ ਫੇਲਿਉਰ ਦਾ ਕਾਰਨ ਹੁੰਦੇ ਹਨ । ਆਖਰ ਵਿਚ ਮੈਂ ਇਹੋ ਕਹਾਂਗਾ ਕਿ ਸਾਨੂੰ ਪੰਜਾਬ ਦੀ ਤਰੱਕੀ ਲਈ ਜ਼ੋਰਦਾਰ ਕਦਮ ਉਠਾਉਣੇ ਚਾਹੀਦੇ ਹਨ ।

**Mr. Chairman** (Sardar Shashpal Singh) : Motion moved.

> That the Members of the Vidhan Sabha assembled in this Session are deeply grateful to the Governor for the Address which he has been pleased to deliver to Members of the both the Houses of the State Legislature assembled together on the 14th March, 1969.

I have received notice of an amendment to the Motion of Thanks moved by Sardar Balwant Singh, MLA, and seconded by Shri Manmohan Kalia MLA. This may be deemed to have been read and moved and may be discussed alongwith the main Motion.

1. Captain Rattan Singh ;
2. Sardar Umrao Singh ;

Original with;
Punjab Vidhan Sabha
Digitized by;
Panjab Digital Library

[Mr. Chairman]

3. Sardar Gurbanta Singh ;
4. Shri Jagat Ram ;
5. Sardar Sarup Singh.

That in the motion, the following be added at the end, namely :-

"but regret that no mention has been made in the Address regarding the :-

1) State Trading in food grains in the State ;
2) Crop Insurance in the State ;
3) Remunerative Prices to the farmers ;
4) Removal of harassment of Harijans in the villages after the recent mid-term elections ;
5) Nationalisation of Transport in the State ; and
6) Removal of Scarcity and drinking water in the State."

**ਕੈਪਟਨ ਰਤਨ ਸਿੰਘ** (ਗੜ੍ਹਸ਼ੰਕਰ) : ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਗਵਰਨਰ ਸਾਹਿਬ ਦਾ ਸ਼ੁਕਰੀਆ ਅਦਾ ਕਰਨ ਲਈ ਇਸ ਸਦਨ ਵਿਚ ਸਰਕਾਰੀਆਂ ਵੱਲੋਂ ਪੇਸ਼ ਹੋਇਆ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਦਾ ਔਰ ਸਾਡੇ ਲੀਡਰ ਦਾ ਇਹ ਕਤਈ ਮਤਲਬ ਨਹੀਂ ਸੀ ਕਿ ਇਸ ਰੈਜ਼ੋਲੀਉਸ਼ਨ ਦੀ ਮੁਖਾਲਫਤ ਕੀਤੀ ਜਾਵੇ । ਜਿਸ ਦਿਨ ਇਹ ਅਸੈਂਬਲੀ ਦਾ ਸੈਸ਼ਨ ਸ਼ੁਰੂ ਹੋਇਆ, ਜਿਸ ਖੁਸ਼ ਅਸਲੂਬੀ ਨਾਲ ਸਪੀਕਰ ਦੀ ਚੋਣ ਹੋਈ, ਉਹ ਕਾਬਲੇ ਤਾਰੀਫ਼ ਹੈ । ਅਸੀਂ ਚਾਹੁੰਦੇ ਹਾਂ ਕਿ ਅਜਿਹੀ ਟਰੈਡੀਸ਼ਨ ਕਾਇਮ ਕੀਤੀ ਜਾਵੇ ਜੋ ਆਉਣ ਵਾਲੇ ਸਮੇਂ ਲਈ ਇਕ ਮਿਸਾਲ ਬਣੇ । ਅਸੀਂ ਅੱਜ ਵੀ ਇਸ ਮਤੇ ਨਾਲ ਸਹਿਮਤ ਹੁੰਦੇ ਜਿਸ ਤਰ੍ਹਾਂ ਕਿ ਪਹਿਲਾਂ ਸਪੀਕਰ ਦੀ ਚੋਣ ਸਮੇਂ ਹੋਏ ਸੀ, ਜੇ ਚੀਫ ਮਨਿਸਟਰ ਸਾਹਿਬ ਇਸ ਐਡਰੈਸ ਵਿਚ ਗਵਰਨਰ ਸਾਹਿਬ ਨੂੰ ਪੈਰਾ ਨੰਬਰ 3 ਔਰ 4 ਪੜ੍ਹਨ ਤੇ ਮਜਬੂਰ ਨਾ ਕਰਦੇ ।

ਇਸ ਐਡਰੈਸ ਵਿਚ ਤਿੰਨ ਚਾਰ ਗੱਲਾਂ ਐਸੀਆਂ ਹਨ ਜਿਨ੍ਹਾਂ ਨਾਲ ਅਸੀਂ ਬਿਲਕੁਲ ਸਹਿਮਤ ਹਾਂ ਇਨ੍ਹਾਂ ਗੱਲਾ ਵਿਚ ਅਸੀ ਸਰਕਾਰ ਨਾਲ ਪੂਰਾ ਸਹਿਯੋਗ ਦੇਵਾਂਗੇ ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਗਵਰਨਰ ਸਾਹਿਬ ਨੇ ਜਿਹੜੀ ਇਸ ਐਡਰੈਸ ਵਿਚ ਸੈਂਟਰ ਦੀ ਸਰਕਾਰ ਤੋਂ ਇਹ ਮੰਗ ਕੀਤੀ ਹੈ ਕਿ ਚੰਡੀਗੜ੍ਹ ਅਤੇ ਭਾਖੜਾ ਡੈਮ ਅਤੇ ਹੋਰ ਪੰਜਾਬ ਦੇ ਕੁਝ ਇਲਾਕਿਆਂ ਦੀ ਸੈਂਟਰ ਤੋਂ ਮੰਗ ਕੀਤੀ ਹੈ, ਅਸੀਂ ਵੀ ਉਨ੍ਹਾਂ ਦੇ ਨਾਲ ਹਾਂ ਅਤੇ ਚਾਹੁੰਦੇ ਹਾਂ ਕਿ ਇਹ ਸਾਰੇ ਇਲਾਕੇ ਪੰਜਾਬ ਨੂੰ ਦੇਣ ਦੀ ਅਸ਼ੋਰੈਂਸ ਦਿੱਤੀ ਜਾਵੇ ਅਤੇ ਪੰਜਾਬ ਦੀ ਹਕ ਰਸਾਈ ਕੀਤੀ ਜਾਵੇ (ਤਾੜੀਆਂ) ਇਸ ਮਸਲੇ ਦੇ ਹਲ ਲਈ ਅਸੀਂ ਉਦੋਂ ਵੀ ਜ਼ੋਰ ਲਾਇਆ ਸੀ ਜਦੋ ਕਿ ਪਹਿਲਾਂ ਸਾਡੀ ਤੇ ਫੇਰ ਮੌਜੂਦਾ ਚੀਫ਼ ਮਨਿਸਟਰ ਦੀ ਸਰਕਾਰ ਸੀ । ਪਰ ਇਸ

Original with;
Punjab Vidhan Sabha
Digitized by;
Panjab Digital Library

ਮੁਆਮਲੇ ਦਾ ਅਜੇ ਤਾਈਂ ਕੋਈ ਫ਼ੈਸਲਾ ਨਹੀਂ ਕੀਤਾ ਗਿਆ ਅਤੇ ਬਹੁਤ ਜ਼ਿਆਦਾ ਡੀਲੇ ਕੀਤੀ ਜਾ ਰਹੀ ਹੈ। ਸਾਨੂੰ ਖੁਸ਼ੀ ਹੈ ਕਿ ਅੱਜ ਦੇ ਚੀਫ਼ ਮਨਿਸਟਰ ਨੇ ਇਸ ਮਸਲੇ ਨੂੰ ਹਲ ਕਰਨ ਲਈ ਮਿਤਰਤਾ ਦਾ ਰਾਹ ਵਰਤਿਆ ਹੈ। ਸਾਡੇ ਲੀਡਰ ਅਤੇ ਸਾਡੀ ਪਾਰਟੀ ਨੇ ਇਸ ਮੁਆਮਲੇ ਤੇ ਸਰਕਾਰ ਦਾ ਸਹਿਯੋਗ ਦੇਣ ਦਾ ਫੈਸਲਾ ਕੀਤਾ ਹੈ। (ਤਾੜੀਆਂ)

ਤੀਸਰੀ ਗੱਲ ਜਿਹੜੀ ਮੈਂ ਏਥੇ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ ਐਡਰੈਸ ਵਿਚ ਜ਼ਿਕਰ ਕੀਤਾ ਹੈ ਕਿ ਪੰਜਾਬ ਸਰਕਾਰ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਬਰਸੀ ਮਨਾ ਰਹੀ ਹੈ। ਪਰ ਸ਼ੁਕਰੀਆ ਕਰਨ ਵਾਲੇ ਸੱਜਨ ਇਤਨੇ ਬੜੇ ਅਹਿਮ ਮਸਲੇ ਤੇ ਆਪਣੇ ਖਿਆਲਾਤ ਦਾ ਇਜ਼ਹਾਰ ਕਰਨਾ ਬਿਲਕੁਲ ਹੀ ਭੁਲ ਗਏ। ਮੈਂ ਆਪਣੇ ਸਾਥੀਆਂ ਵੱਲੋਂ ਇਸ ਸਰਕਾਰ ਨੂੰ ਪੂਰਾ ਯਕੀਨ ਦਿਵਾਉਂਦਾ ਹਾਂ ਕਿ ਇਸ ਮੁਆਮਲੇ ਵਿਚ ਵੀ ਸਰਕਾਰ ਨੂੰ ਪੂਰਾ ਪੂਰਾ ਸਹਿਯੋਗ ਦੇਵਾਂਗੇ। ਸੈਂਟਰਲ ਸਰਕਾਰ ਤੇ ਵੀ ਪੂਰਾ ਪੂਰਾ ਜ਼ੋਰ ਦੇਵਾਂਗੇ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਤਾਬਦੀ ਸਾਰੇ ਭਾਰਤ ਵਿਚ ਮਨਾਈ ਜਾਵੇ ਕਿਉਂ ਜੋ ਇਨ੍ਹਾਂ ਨੇ ਇਸ ਸੰਸਾਰ ਨੂੰ ਪਿਆਰ ਅਤੇ ਮੁਹੱਬਤ ਦਾ ਸਬਕ ਸਿਖਾਇਆ, ਇਨ੍ਹਾਂ ਨੇ ਐਸੇ ਅਸੂਲ ਪਰਚਲਤ ਕੀਤੇ ਜਿਹੜੇ ਮਹਾਤਮਾ ਜੀ ਨੇ ਵੀ ਅਪਣਾਏ ਸੀ। ਮੈਂ ਇਸ ਸਬੰਧ ਵਿਚ ਸਰਦਾਰ ਗੁਰਨਾਮ ਸਿੰਘ ਜੀ ਨੂੰ ਅਰਜ਼ ਕਰਾਂਗਾ ਕਿ ਇਸ ਸਬੰਧ ਵਿਚ ਜਿਤਨੀ ਵੀ ਉਹ ਸਾਡੀ ਇਮਦਾਦ ਲੈ ਸਕਣ ਅਸੀਂ ਦੇਣ ਨੂੰ ਤਿਆਰ ਹਾਂ (ਤਾੜੀਆਂ)

ਚੇਅਰਮੈਨ ਸਾਹਿਬ, ਜੋ ਵੀ ਗੱਲ ਕਹੀ ਜਾਂਦੀ ਹੈ ਉਹ ਆਮ ਤੌਰ ਤੇ ਤੁਹਾਡੇ ਰਾਹੀਂ ਹੀ ਕਹੀ ਜਾਂਦੀ ਹੈ। ਏਥੋਂ ਤੱਕ ਕਿ ਜੇ ਪ੍ਰਮਾਤਮਾ ਜਾਂ ਵਾਹਿਗੁਰੂ ਅਗੇ ਅਰਦਾਸ ਵੀ ਕਰਨੀ ਹੋਵੇ ਤਾਂ ਉਹ ਵੀ ਤੁਹਾਡੇ ਰਾਹੀਂ ਹੀ ਏਥੇ ਕਰਨੀ ਪੈਂਦੀ ਹੈ। ਇਸ ਲਈ ਮੈਂ ਆਪਦੇ ਰਾਹੀਂ ਇਸ ਹਾਊਸ ਅਗੇ ਇਹ ਬੇਨਤੀ ਕਰਦਾ ਹਾਂ ਕਿ ਜੇਕਰ ਅਸੀਂ ਗੁਰੂ ਨਾਨਕ ਦੇਵ ਜੀ ਦੇ ਖਿਆਲਾਤ ਦੇ ਮੁਤਾਬਿਕ ਚਲੀਏ ਤਾਂ ਕੋਈ ਵੀ ਦੁਖੀਆ ਨਾ ਰਹੇ। ਮੈਂ ਮੌਜੂਦਾ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਇਸ ਆਧਾਰ ਤੇ ਇਹ ਅਸ਼ੋਰੈਂਸ ਦੇਵੇ ਕਿ ਪੰਜਾਬ ਵਿਚ ਕੋਈ ਐਸਾ ਪਿੰਡ ਨਹੀਂ ਰਹੇਗਾ ਜਿਥੇ ਕਿ ਪੀਣ ਦੇ ਪਾਣੀ ਦੀ ਕਮੀ ਹੋਵੇ। ਇਹ ਇਕ ਬਹੁਤ ਹੀ ਅੱਛਾ ਕੰਮ ਹੋਵੇਗਾ।

ਇਸ ਤੋਂ ਬਾਅਦ ਸਪੀਕਰ ਸਾਹਿਬ ਮੈਂ ਅਪਰ ਹਾਊਸ ਨੂੰ ਅਬਾਲਿਸ਼ ਕਰਨ ਦੀ ਗਲ ਤੇ ਆਉਂਦਾ ਹਾਂ। ਜੇ ਇਨ੍ਹਾਂ ਨੇ ਕੌਂਸਲ ਨੂੰ ਹਟਾਉਣਾ ਹੈ ਤਾਂ ਮੈਂ ਇਨ੍ਹਾਂ ਨੂੰ ਅਸ਼ੋਰੈਂਸ ਦਿੰਦਾ ਹਾਂ ਕਿ ਅਸੀਂ ਮੈਰਿਟਸ ਤੇ ਆਪਣੀ ਪਾਰਟੀ ਵਿਚ ਫ਼ੈਸਲਾ ਕਰਕੇ ਇਨ੍ਹਾਂ ਨੂੰ ਪੂਰੀ ਮਿਲਵਰਤਣ ਦਿਆਂਗੇ ਪਰ ਜੇ ਇਹ ਕਹਿਣ ਕਿ ਅਸੀਂ ਇਸ ਨਾਲ 6 ਲਖ ਰੁਪਿਆ ਬਚਾਉਣਾ ਹੈ ਤਾਂ ਮੈਂ ਇਨ੍ਹਾਂ ਨੂੰ ਦਸ ਦਿਆਂ ਕਿ ਇਨ੍ਹਾਂ ਦਾ ਇਹ ਐਕਸਕਿਊਜ਼ ਬੜਾ ਫ਼ਲਿਮਜ਼ੀ ਹੈ। ਇਨ੍ਹਾਂ ਨੇ ਸਪੀਕਰ ਸਾਹਿਬ ਸਾਢੇ ਚਾਰ ਕਰੋੜ ਰੁਪਏ ਸ਼ਰਾਬ ਦੇ ਠੇਕੇਦਾਰਾਂ ਨੂੰ ਛਡੇ ਹਨ। ਇਹ ਐਵੇਂ ਨਹੀਂ ਕਿਹਾ ਗਿਆ ਸਗੋਂ ਇਕ ਚਾਰਜ ਲਗਾ ਹੈ ਕਿ ਇਸ ਗੌਰਮਿੰਟ ਨੇ 14-15 ਲਖ ਰੁਪਿਆ ਕਾਂਗਰਸੀ ਮੈਂਬਰ ਖਰੀਦਣ ਲਈ ਉਨ੍ਹਾਂ ਤੋਂ ਲਿਆ ਹੈ (ਸ਼ੋਰ) (ਸਰਕਾਰੀ ਬੈਂਚਾਂ ਵਲੋਂ ਵਿਘਨ) ਮੈਨੂੰ ਹੁਣ ਇਹ ਤਾਂ ਪਤਾ ਨਹੀਂ ਕਿ ਵਡੀ ਪਾਰਟੀ ਯਾਨੀ ਅਕਾਲੀ ਪਾਰਟੀ ਨੇ ਇਸ ਵਿਚੋਂ ਕਿਤਨਾ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਲਿਆ ਹੈ ਅਤੇ ਜਨਸੰਘ ਪਾਰਟੀ ਨੇ, ਜੋ ਕਿ ਛੋਟੀ ਪਾਰਟੀ ਹੈ, ਕਿਤਨਾ ਲਿਆ ਹੈ। (ਵਿਘਨ) ਜੇ ਅਪਰ ਹਾਊਸ ਤੋੜਨਾ ਹੈ ਤਾਂ ਬੇਸ਼ਕ ਤੋੜ ਦਿਓ ਪਰ ਇਹ 6 ਲਖ ਦਾ ਬਹਾਨਾ ਨਾ ਲਓ। ਮੈਂਨੂੰ ਯਕੀਨ ਹੈ ਜੇ ਇਹ ਕੌਂਸਲ ਇਕ ਖਿਲ ਵੀ ਦਰੁਸਤ ਕਰ ਦੇਵੇ ਤਾਂ ਇਹ 6 ਲਖ ਪੂਰਾ ਹੋ ਸਕਦਾ ਹੈ।

ਸਪੀਕਰ ਸਾਹਿਬ, ਮੇਰੇ ਹੋਰ ਕਈ ਸਜਣਾਂ ਨੇ ਕਈ ਮਸਲਿਆਂ ਤੇ ਬੋਲਣਾ ਹੈ। ਪਰ ਮੈਂ ਅਰਜ਼ ਕਰਦਾ ਹਾਂ ਕਿ ਇਹ ਇਸ ਵੇਲੇ ਮੇਰੇ ਕੋਲ 1967 ਦੀ ਬਜਟ ਸਪੀਚ ਹੈ, ਡਾਕਟਰ ਬਲਦੇਵ ਪ੍ਰਕਾਸ਼ ਦੀ। ਉਹ ਸਾਡੇ ਬੜੇ ਦੋਸਤ ਹਨ ਅਤੇ ਇਸ ਹਾਊਸ ਵਿਚ ਰਹੇ ਹਨ। ਇਸ ਬਜਟ ਸਪੀਚ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਇਕ ਮਿਲਕ ਪਲਾਂਟ ਲੁਧਿਆਣਾ ਵਿਖੇ ਅਤੇ ਇਕ ਡੇਰੀ ਡਿਵੈਲਪਮੈਂਟ ਪ੍ਰੋਜੈਕਟ ਬਲਾਚੌਰ ਵਿਚ ਖੋਲਿਆ ਜਾਵੇਗਾ। ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਹੋਇਆ ਕੀ ਕਿ ਲੁਧਿਆਣਾ ਵਾਲਾ ਪਲਾਂਟ ਵੀ ਇਕ ਕਰੀਮਰੀ ਬਣ ਕੇ ਰਹਿ ਗਿਆ ਅਤੇ ਬਲਾਚੌਰ ਵਾਲਾ ਡੇਰੀ ਡਿਵੈਲਪਮੈਂਟ ਪ੍ਰੋਜੈਕਟ ਵੀ ਬਠਿੰਡਾ ਵਿਚ ਇਕ ਕਰੀਮਰੀ ਬਣ ਕੇ ਰਹਿ ਗਿਆ। (ਸਰਦਾਰ ਜਸਦੇਵ ਸਿੰਘ ਵਲੋਂ ਵਿਘਨ) ਸਰਦਾਰ ਜਸਦੇਵ ਸਿੰਘ ਤੁਸੀਂ ਉਦੋਂ ਮੈਂਬਰ ਨਹੀਂ ਸੀ ਤੁਹਾਨੂੰ ਨਹੀਂ ਪਤਾ (ਵਿਘਨ)

**ਸਰਦਾਰ ਜਸਦੇਵ ਸਿੰਘ :** ਇਹ ਫੈਸਲਾ ਗਿਲ ਗੌਰਮਿੰਟ ਨੇ ਬਦਲਿਆ ਸੀ। (ਵਿਘਨ)

**ਇਕ ਮਾਨਯੋਗ ਮੈਂਬਰ :** ਅਕਲ ਦੀ ਗਲ ਤਾਂ ਸੁਣ ਲਉ। (ਸ਼ੋਰ)

**ਕੈਪਟਨ ਰਤਨ ਸਿੰਘ :** ਚੇਅਰਮੈਨ ਸਾਹਿਬ, ਮੈਂ ਭਵਿਖ ਦੀ ਗਲ ਕਰਦਾ ਹਾਂ। ਇਹ ਠੀਕ ਹੈ ਕਿ ਪੰਜਾਬ ਅਨਾਜ ਪੈਦਾ ਕਰਨ ਵਿਚ ਸਾਰੇ ਦੇਸ਼ ਵਿਚ ਅਗੇ ਹੈ ਅਤੇ ਉਹ ਇਕ ਦੋ ਸਾਲ ਇਸ ਗਲ ਦਾ ਫਾਇਦਾ ਵੀ ਉਠਾ ਸਕਦਾ ਹੈ। ਪਰ ਜਦੋਂ ਦੇਸ਼ ਦੇ ਸਾਰੇ ਸੂਬੇ ਅਨਾਜ ਦੇ ਮਾਮਲੇ ਵਿਚ ਸੈਲਫ਼ ਸਫ਼ੀਸ਼ੈਂਟ ਹੋ ਗਏ ਤਾਂ ਫਿਰ ਜਿਹੜਾ ਸੂਬਾ ਹੋਰ ਕੰਮਾਂ ਵਿਚ ਅਗੇ ਹੋਵੇਗਾ ਉਹ ਹੀ ਅਗੇ ਰਹੇਗਾ। ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਚੰਗੇ ਦੁਧ ਦੇਣ ਵਾਲੇ ਪਸ਼ੂ ਮੰਗਵਾਵੇ ਅਤੇ ਉਹ ਪਸ਼ੂ ਹਰੀਜਨਾਂ ਨੂੰ ਦੇਵੇ। ਇਸ ਨਾਲ ਦੋ ਫਾਇਦੇ ਹੋਣਗੇ। ਇਕ ਤਾਂ ਉਨ੍ਹਾਂ ਦਾ ਸਟੈਂਡਰਡ ਆਫ਼ ਲਿਵਿੰਗ ਉਚਾ ਹੋਵੇਗਾ ਅਤੇ ਦੂਜਾ ਇਹ ਕਿ ਦੁਧ ਦੀ ਕਮੀ ਜੋ ਅਜੇ 50 ਸਾਲ ਹੋਰ ਦੂਰ ਨਹੀਂ ਹੋ ਸਕਦੀ (ਵਿਘਨ) ਕੁਝ ਹਦ ਤਕ ਪੂਰੀ ਹੋ ਜਾਵੇਗੀ।

**ਸਰਦਾਰ ਜਸਦੇਵ ਸਿੰਘ :** ਤੁਹਾਡੇ ਵਾਂਗ ਮਝਾਂ ਰਖ ਲਈਆਂ ਜਾਣ ?

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਸਰਦਾਰ ਜਸਦੇਵ ਸਿੰਘ ਨੇ ਮੇਰੇ ਤੇ ਚਾਰਜ ਲਗਾਇਆ ਹੈ। ਮੈਂ ਅਜ ਇਹ ਚੈਲੰਜ ਕਰਦਾ ਹਾਂ ਕਿ ਮੈਂ ਜਾਂ ਮੇਰੇ ਪਰਵਾਰ ਦੇ ਕਿਸੇ ਮੈਂਬਰ ਨੇ ਵੀ ਸਰਕਾਰ ਕੋਲੋਂ ਇਕ ਪੈਸੇ ਦੀ ਵੀ ਰਿਆਇਤ ਲਈ ਹੋਵੇ ਤਾਂ ਮੈਂ ਪਬਲਿਕ ਲਾਈਫ਼ ਛਡ ਦਿਆਂਗਾ। (ਵਿਘਨ) ਜਨਰਲ ਮੋਹਨ ਸਿੰਘ ਸਮੇਤ ਜੇ ਅਸੀਂ ਕਿਸੇ ਦੇ ਨਵੇਂ ਪੈਸੇ ਦੇ ਵੀ ਰਵਾਦਾਰ ਹੋਈਏ ਤਾਂ ਮੈਂ ਪਬਲਿਕ ਲਾਈਫ਼ ਛਡ ਦਿਆਂਗਾ। (ਤਾੜੀਆਂ) ਸਰਦਾਰ ਆਤਮਾ ਸਿੰਘ ਜਦੋਂ ਮੈਂਬਰ ਸਨ ਤਾਂ ਬੜੇ ਸਵਾਲ ਪੁਛਿਆ ਕਰਦੇ ਸਨ। ਅਜ ਸਰਕਾਰ ਉਨ੍ਹਾਂ ਕੋਲ

Original with;
Punjab Vidhan Sabha
Digitized by;
Panjab Digital Library

ਹੈ। ਉਹ ਇਨਕੁਆਇਰੀ ਕਰਵਾ ਸਕਦੇ ਹਨ। ਮੈਂ ਤਾਂ ਆਪ ਇਸ ਗਲ ਦੇ ਹਕ ਵਿਚ ਹਾਂ ਕਿ ਜੇ ਕੋਈ ਪਬਲਿਕ ਮਨੀ ਗਲਤ ਵਰਤਦਾ ਹੈ, ਕੁਰਪਸ਼ਨ ਕਰਦਾ ਹੈ ਜਾਂ ਧੋਖਾ ਕਰਦਾ ਹੈ ਤਾਂ ਉਸ ਦੇ ਵਿਰੁਧ ਜ਼ਰੂਰ ਤਹਿਕੀਕਾਤ ਹੋਣੀ ਚਾਹੀਦੀ ਹੈ। (ਤਾੜੀਆਂ)

**ਚੌਧਰੀ ਬਲਬੀਰ ਸਿੰਘ :** ਜੇ ਇਤਨੇ ਹੀ ਈਮਾਨਦਾਰ ਹੋ ਤਾਂ ਉਸ ਪਾਰਟੀ ਵਿਚ ਕਿਉਂ ਬੈਠੇ ਹੋ ? (ਹਾਸਾ)

**ਕੈਪਟਨ ਰਤਨ ਸਿੰਘ :** ਮੈਂ ਇਸ ਲਈ ਇਸ ਪਾਰਟੀ ਵਿਚ ਹਾਂ ਕਿ ਇਸ ਪਾਰਟੀ ਨੇ ਨੇ ਬੜੇ ਬੜੇ ਮਹਾਂ ਪੁਰਖ ਪੈਦਾ ਕੀਤੇ ਹਨ। ਇਸ ਪਾਰਟੀ ਨੇ ਦੇਸ਼ ਦੀ ਇਜ਼ਤ ਨੂੰ ਵਧਾਇਆ ਹੈ। ਮੈਂ ਰਬ ਦਾ ਲੱਖ ਲੱਖ ਧੰਨਵਾਦ ਕਰਦਾ ਹਾਂ ਕਿ ਸਾਡੇ ਵਿਚ ਜੋ ਗੰਦ ਸੀ ਉਹ ਨਿਕਲ ਕੇ ਉਧਰ ਚਲਾ ਗਿਆ ਹੈ। (ਵਿਘਨ, ਸ਼ੋਰ) (ਵਿਰੋਧੀ ਪਖ ਵਲੋਂ ਤਾੜੀਆਂ)

**ਸਰਦਾਰ ਗੁਰਬਚਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ ਅਜ ਇਹ ਚੌਧਰੀ ਛਾਤੀ ਤੇ ਹਥ ਮਾਰ ਕੇ ਇਹ ਆਖਦਾ ਹੈ ਕਿ ਮੈਂ ਬੜਾ ਈਮਾਨਦਾਰ ਹਾਂ ਪਰ ਜਦੋਂ ਦੂਸਰਿਆਂ ਦੀਆਂ ਪਗੜੀਆਂ ਉਛਾਲਦੇ ਹਨ......... (ਵਿਘਨ) (ਸ਼ੋਰ)

**ਸ਼੍ਰੀ ਚੇਅਰਮੈਨ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਕੈਪਟਨ ਸਾਹਿਬ ਤੁਸੀਂ ਡਿਸਕਸ਼ਨ ਕਰੋ। (It is not a point of order Captain Sahib, may please continue with the discussion.)

**ਕੈਪਟਨ ਰਤਨ ਸਿੰਘ :** ਚੇਅਰਮੈਨ ਸਾਹਿਬ, ਮੈਂ ਡਿਸਕਸ਼ਨ ਜਾਰੀ ਰਖਦਾ ਹੋਇਆ ਆਪ ਰਾਹੀਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਡੇਰੀ ਡਿਵੈਲਪਮੈਂਟ ਤੇ ਸਭ ਤੋਂ ਜ਼ਿਆਦਾ ਧਿਆਨ ਦਿਤਾ ਜਾਵੇ। ਜਿਤਨੇ ਵਧ ਪਸ਼ੂ ਡੇਰੀ ਫਾਰਮ ਲਈ ਰਖੇ ਜਾਣਗੇ ਉਤਨਾ ਹੀ ਫਾਇਦਾ ਪੰਜਾਬ ਨੂੰ ਅਗਲੇ 10-15 ਸਾਲਾਂ ਵਿਚ ਹੋਵੇਗਾ।

ਫਿਰ ਸਪੀਕਰ ਸਾਹਿਬ, ਕਈ ਗਲਾਂ ਹਨ ਜਿਨ੍ਹਾਂ ਦਾ ਗਵਰਨਰ ਦੇ ਐਡਰੇਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਖਾਸ ਕਰਕੇ ਇਸ ਐਡਰੇਸ ਵਿਚ ਕਣਕ ਦੀ ਰੈਮੂਨਰੇਟਿਵ ਪਰਾਈਸ ਫਿਕਸ ਕਰਨ ਬਾਰੇ ਕੋਈ ਗਲ ਨਹੀਂ ਆਖੀ ਗਈ ਅਤੇ ਫੂਡ ਗਰੇਨ ਦੀ ਸਟੇਟ ਟਰੇਡਿੰਗ ਬਾਰੇ ਵੀ ਕੁਝ ਨਹੀਂ ਕਿਹਾ ਗਿਆ। ਫਿਰ ਸਪੀਕਰ ਸਾਹਿਬ, ਇਸ਼ ਵਿਚ ਪੀਣ ਵਾਲੇ ਪਾਣੀ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਰੋਪੜ ਜ਼ਿਲੇ ਵਿਚ ਹੀ ਕੋਈ 250 ਪਿੰਡ ਅਜਿਹੇ ਹਨ......... (ਵਿਘਨ)

**ਇਕ ਮਾਨਯੋਗ ਮੈਂਬਰ :** ਪਹਿਲਾਂ 20 ਸਾਲ ਤੁਸੀਂ ਕਿਥੇ ਰਹੇ ? (ਸ਼ੋਰ)

**ਕੈਪਟਨ ਰਤਨ ਸਿੰਘ :** ਉਸ ਬਾਰੇ ਮੈਂਬਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਜਿਹੜੇ ਵਾਟਰ ਵਰਕਸ ਬਣਾਏ ਸੀ ਉਹ ਹਿਮਾਂਚਲ ਵਿਚ ਚਲੇ ਗਏ ਹਨ। (ਵਿਘਨ) ਪਰ ਜੇ ਕਾਂਗਰਸ ਨੇ ਕੁਝ ਨਹੀਂ ਕੀਤਾ ਤਾਂ ਉਸ ਦਾ ਖਮਿਆਜ਼ਾ ਵੀ ਭੁਗਤਿਆ। ਮੈਂ ਮੰਨਦਾ ਹਾਂ ਕਿ ਕਾਂਗਰਸ ਨੇ ਕੁਝ ਘੱਟ ਕੀਤਾਂ ਤਾਂ ਹੀ ਉਹ ਚੋਣਾਂ ਵਿਚ ਹਾਰੀ। ਪਰ ਜੇ ਹੁਣ ਤੁਸੀਂ ਨਹੀਂ ਕਰੋਗੇ ਤਾਂ ਤੁਹਾਡਾ ਵੀ ਇਹੀ ਹਾਲ ਹੋਵੇਗਾ।

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਹੁਣ ਮੈਂ ਕੁਝ ਕੰਸਟ੍ਰਕਟਿਵ ਗਲਾਂ ਕਰਨੀਆਂ ਚਾਹੁੰਦਾ ਹਾਂ। ਸਰਦਾਰ ਬਲਵੰਤ ਸਿੰਘ ਨੇ ਕਿਹਾ ਹੈ ਕਿ ਝੂਠੇ ਕੇਸ ਨਹੀਂ ਬਣਾਉਣੇ ਚਾਹੀਦੇ ਭਾਵੇਂ ਉਹ ਮੈਂਬਰ ਆਪੋਜ਼ੀਸ਼ਨ ਦੇ ਹੋਣ ਜਾਂ ਸਰਕਾਰ ਦੇ, ਝੂਠੇ ਮੁਕੱਦਮੇ ਕਿਸੇ ਤੇ ਨਹੀਂ ਬਣਾਉਣੇ ਚਾਹੀਦੇ ਪਰ ਮੈਂ ਅਰਜ਼ ਕਰਦਾ ਹਾਂ ਕਿ ਇਹ ਰਵਾਇਤ ਕੋਈ ਨਵੀਂ ਰਵਾਇਤ ਨਹੀਂ ਹੈ। ਮਹਾਸ਼ਾ ਸ਼ਾਂਤੀ ਪ੍ਰਕਾਸ਼, ਐਮ. ਐਲ. ਏ. ਤੇ ਝੂਠਾ ਮੁਕਦਮਾ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਨੇ ਬਣਾਇਆ ਸੀ। (ਸ਼ੋਰ) (ਵਿਘਨ)

**ਇਕ ਮਾਨਯੋਗ ਮੈਂਬਰ :** ਉਹ ਕਿਥੋਂ ਦਾ ਐਮ. ਐਲ. ਏ. ਸੀ ?

**ਕੈਪਟਨ ਰਤਨ ਸਿੰਘ :** ਰਾਜਪੁਰੇ ਦਾ (ਵਿਘਨ)

**ਇਕ ਮਾਨਯੋਗ ਮੈਂਬਰ :** ਉਹ ਕਿਹੜੀ ਪਾਰਟੀ ਦਾ ਸੀ ?

**ਕੈਪਟਨ ਰਤਨ ਸਿੰਘ :** ਕਾਂਗਰਸ ਦਾ (ਵਿਘਨ) ਇਹ ਗਲ ਮੈਂ ਇਸ ਕਰਕੇ ਦਸੀ ਹੈ ਕਿ ਇਸ ਤਰ੍ਹਾਂ ਕਰਨਾ ਠੀਕ ਨਹੀਂ। ਇੰਤਕਾਮ ਦਾ ਜਜ਼ਬਾ ਗਲਤ ਹੈ। ਸਰਕਾਰ ਦਾ ਬੜੇ ਤੋਂ ਬੜਾ ਅਫ਼ਸਰ, ਸਰਕਾਰ ਦਾ ਮਨਿਸਟਰ ਡਿਸਮਿਸ ਹੋ ਸਕਦਾ ਹੈ ਅਗਰ ਉਦੇ ਵਲੋਂ ਵਿੰਡਿਕਟਿਵਨੈਸ ਸਾਬਤ ਹੋ ਜਾਏ। ਔਰ ਇਹ ਵਿੰਡਿਕਟਿਵਨੈਸ ਦੀ ਹਦ ਕਰ ਰਹੇ ਹਨ। ਅੱਜ ਹੀ ਕਮਿਊਨਿਸਟ ਪਾਰਟੀ ਦੇ ਬੈਂਚਿਜ਼ ਵਲੋਂ ਇਕ ਪ੍ਰਸ਼ਨ ਦੇ ਉਤਰ ਵਿਚ ਦਸਿਆ ਗਿਆ ਸੀ ਕਿ ਕਿੰਨੇ ਟੀਚਰਾਂ ਦੇ ਤਬਾਦਲੇ ਕਰ ਦਿੱਤੇ ਹਨ। ਕੀ ਇਹ ਇੰਤਕਾਮ ਦੇ ਜਜ਼ਬਾਤ ਨਹੀਂ ? ਹੋਰ ਤਾਂ ਹੋਰ ਚੇਅਰਮੈਨ ਸਾਹਿਬ, ਸਰਦਾਰ ਗੁਰਨਾਮ ਸਿੰਘ ਖੁਦ ਇਹੀ ਗਲਾਂ ਕਰ ਰਹੇ ਹਨ। ਇਹ ਚੀਫ਼ ਮਨਿਸਟਰ ਰਹੇ, ਉਸ ਤੋਂ ਬਾਦ ਆਪੋਜ਼ੀਸ਼ਨ ਦੇ ਲੀਡਰ ਬਣੇ ਅਤੇ ਫੇਰ ਚੀਫ਼ ਮਨਿਸਟਰ ਬਣੇ। ਹੁਣ ਬਤੌਰ ਚੀਫ਼ ਮਨਿਸਟਰ ਦੇ ਹਲਫ਼ ਲੈਣ ਦੇ ਇਕ ਮਿੰਟ ਬਾਦ ਹੀ ਧੜਾ ਧੜ ਸੀਨੀਅਰ ਅਫ਼ਸਰਾਂ ਦੀਆਂ ਬਦਲੀਆਂ ਕਰ ਦਿਤੀਆਂ। ਮੈਨੂੰ ਸਮਝ ਨਹੀਂ ਆਉਂਦੀ ਕਿ ਸੋਚ ਸਮਝ ਕੇ ਕਰਨ ਵਾਲਾ ਕੰਮ ਇਨ੍ਹਾਂ ਨੇ ਇੰਨੀ ਛੇਤੀ ਕਿਵੇਂ ਕਰ ਦਿਤਾ। ਕਿਤੇ ਚਾਰਜ ਲੈਣ ਤੋਂ ਪਹਿਲਾਂ ਹੀ ਇਨ੍ਹਾਂ ਨੇ ਇਹ ਫ਼ੈਸਲਾ ਤਾਂ ਨਹੀਂ ਕਰ ਲਿਆ ਸੀ ? ਇਨ੍ਹਾਂ ਬਦਲੀਆਂ ਦਾ ਕੀ ਕਾਰਨ ਸੀ। (ਵਿਘਨ)

ਮੈਂ ਸਰਦਾਰ ਗੁਰਨਾਮ ਸਿੰਘ ਨੂੰ ਤੁਹਾਡੇ ਰਾਹੀਂ ਵਾਜ਼ਿਆ ਕਰਨਾ ਚਾਹੁੰਦਾ ਹਾਂ ਕਿ ਅਸੀਂ ਉਨ੍ਹਾਂ ਦੇ ਅਛੇ ਦੋਸਤ ਹਾਂ। ਅਛਾ ਦੋਸਤ ਉਹੀ ਹੁੰਦਾ ਹੈ ਜਿਹੜਾ ਕਿਸੇ ਦੋਸਤ ਨੂੰ ਗ਼ਲਤ ਕੰਮ ਕਰਨ ਤੋਂ ਰੋਕਣ ਵਾਲਾ ਹੋਵੇ। ਇਸ ਲਈ ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਰਦਾਰ ਗੁਰਨਾਮ ਸਿੰਘ ਨੂੰ ਹਰ ਮਾੜੇ ਕੰਮ ਤੋਂ ਬਚਣ ਲਈ ਵਾਰਨਿੰਗ ਦੇਈਏ ਅਤੇ ਜੇ ਇਸ ਦੇ ਬਾਵਜੂਦ ਉਹ ਗ਼ਲਤੀਆਂ ਕਰਨ ਤਾਂ ਇਸ ਤੋਂ ਕੋਈ ਉਨ੍ਹਾਂ ਨੂੰ ਰੋਕ ਨਹੀਂ ਸਕਦਾ ਅਤੇ ਉਨ੍ਹਾਂ ਦੀ ਹਾਲਤ ਉਹੋ ਜਿਹੀ ਹੀ ਹੋਵੇਗੀ ਜਿਹੋ ਜਿਹੀ ਕਿ ਅਜਿਹੇ ਲੋਕਾਂ ਦੀ ਹੋਣੀ ਚਾਹੀਦੀ ਹੈ। (ਸ਼ੋਰ) (ਵਿਘਨ)

ਚੇਅਰਮੈਨ ਸਾਹਿਬ, ਹੁਣ ਮੈਂ ਉਨ੍ਹਾਂ ਪੈਰਿਆਂ ਅਤੇ ਉਨ੍ਹਾਂ ਮਸਲਿਆਂ ਵਲ ਆਉਂਦਾ ਹਾਂ, ਜਿਹੜੇ ਕਿ ਮੈਂ ਪਹਿਲਾਂ ਛਡੇ ਸੀ। ਗਵਰਨਰ ਸਾਹਿਬ ਨੇ ਇਕ ਕਲੇਮ ਕੀਤਾ ਹੈ, ਇਹ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਨੂੰ ਨਹੀਂ ਚਾਹੀਦਾ ਸੀ। ਇਸ ਦੇ ਪਹਿਲੇ ਚੈਪਟਰ ਵਿਚ ਇਸ ਸਰਕਾਰ ਦਾ ਨਾਂ ਯੂਨਾਈਟਿਡ ਫਰੰਟ ਗੌਰਮੈਂਟ ਕਹਿੰਦੇ ਹਨ। ਜਿਹੜੀ ਯੂਨਾਈਟਿਡ ਫਰੰਟ ਗੌਰਮੈਂਟ 1967 ਵਿਚ ਬਣੀ ਸੀ ਉਹ ਸੱਤਾਂ ਪਾਰਟੀਆਂ ਦੀ ਸਰਕਾਰ ਸੀ ਲੇਕਿਨ ਅੱਜ ਦੀ ਸਰਕਾਰ ਜੋ ਹੈ ਉਹ ਯੂਨਾਈਟਿਡ ਫਰੰਟ ਨਹੀਂ। ਉਹ ਜਨਸੰਘ ਅਕਾਲੀ ਕੋਲੀਸ਼ਨ ਹੈ ਔਰ ਕਮਿਊਨਿਸਟਾਂ ਦੀ ਉਨ੍ਹਾਂ ਨੂੰ ਕੰਡੀਸ਼ਨਲ ਸਪੋਰਟ ਹੈ।

**ਸ੍ਰੀ ਚੇਅਰਮੈਨ :** ਸਤ ਤੋਂ ਘਟ ਪਾਰਟੀਆਂ ਦਾ ਵੀ ਯੂਨਾਈਟਿਡ ਫਰੰਟ ਹੋ ਸਕਦਾ ਹੈ। (A United Front can be formed even by less than seven parties.)

**ਕੈਪਟਨ ਰਤਨ ਸਿੰਘ :** ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਕਾਂਗਰਸ ਪਾਰਟੀ ਦਾ ਇਹ ਫ਼ੈਸਲਾ ਸੀ ਕਿ ਅਸੀਂ ਇਸ ਸਰਕਾਰ ਦੇ ਚਲਾਉਣ ਵਿਚ ਉਹੀ ਪਾਰਟ ਅਦਾ ਕਰਾਂਗੇ ਜਿਹੜਾ ਕਿ ਆਪੋਜ਼ੀਸ਼ਨ ਨੂੰ ਕਰਨਾ ਚਾਹੀਦਾ ਹੈ। ਅਸੀਂ ਇਹ ਸਹੀ ਫ਼ੈਸਲਾ ਕੀਤਾ ਲੇਕਿਨ ਕਰੀਏ ਕੀ ਇਹ ਸਾਨੂੰ ਸਾਡੇ ਫ਼ੈਸਲੇ ਤੋਂ ਹਟਾਉਣ ਲਈ ਸਾਨੂੰ ਉਕਸਾਉਨ ਦੀ ਕੋਸ਼ਿਸ਼ ਕਰਦੇ ਹਨ। ਫੇਰ ਇਹ ਮਗਰੋਂ ਸਾਨੂੰ ਕਹਿੰਦੇ ਹਨ ਕਿ ਡੈਮੋਕ੍ਰੇਸੀ ਨੂੰ ਅਸੀਂ ਪੈਰਾਂ ਥਲੇ ਕੁਚਲ ਦਿੱਤਾ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਯਾਦ ਦਿਵਾਉਂਦਾ ਹਾਂ ਕਿ 1967 ਵਿਚ ਗਵਰਨਰ ਦੇ ਐਡਰੇਸ ਤੇ ਆਪੋਜ਼ੀਸ਼ਨ ਦੀ ਅਮੈਂਡਮੈਂਟ ਕੈਰੀ ਹੋ ਗਈ ਸੀ। ਉਹ ਪਹਿਲਾ ਟੈਸਟ ਸੀ ਜਮਹੂਰੀਅਤ ਦਾ। ਇਹ ਕਨਵੈਨਸ਼ਨ ਹੈ ਕਿ ਜੇ ਸਰਕਾਰ ਗਵਰਨਰ ਦੇ ਐਡਰੈਸ ਤੇ ਹਾਰ ਖਾ ਜਾਏ ਤਾਂ ਉਸ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਪਹਿਲਾਂ ਜਮਹੂਰੀਅਤ ਦੀ ਰਸਮ ਉਸੇ ਦਿਨ ਖਤਮ ਕਰ ਦਿਤੀ ਸੀ ਅਸਤੀਫਾ ਨਾ ਦੇ ਕੇ। ਜਦੋਂ ਯੂ. ਪੀ. ਵਿੱਚ ਐਨ ਇਨ੍ਹਾਂ ਹੀ ਹਾਲਾਤ ਵਿੱਚ ਕਾਂਗਰਸ ਸਰਕਾਰ ਸੀ, ਉਨ੍ਹਾਂ ਨੂੰ ਵੀ ਐਸੀ ਹਾਰ ਹੋਈ ਸੀ ਤਾਂ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ ਸੀ। ਫੇਰ ਉਥੇ ਐਸ. ਵੀ. ਡੀ. ਦੀ ਗੌਰਮੈਂਟ ਬਣੀ ਸੀ। ਪੰਜਾਬ ਵਿਚ ਅਗਰ ਜਮਹੂਰੀਅਤ ਖਤਮ ਕੀਤੀ ਸੀ ਤਾਂ ਉਹ ਸਰਦਾਰ ਗੁਰਨਾਮ ਸਿੰਘ ਨੇ ਕੀਤੀ ਸੀ। ਅੱਜ ਸਾਰੇ ਹਿੰਦੁਸਤਾਨ ਵਿੱਚ ਡਿਫੈਕਸ਼ਨਜ਼ ਦਾ ਬੜਾ ਰੌਲਾ ਪੈਂਦਾ ਹੈ। ਮੈਨੂੰ ਬੜਾ ਦੁਖ ਹੈ ਕਿ ਡਿਫੈਕਸ਼ਨਜ਼ ਦੀ ਲੜੀ ਵੀ ਇਨ੍ਹਾਂ ਨੇ ਸ਼ੁਰੂ ਕੀਤੀ ਹੈ। ਇਹ ਅਜੇ ਵੀ ਇਸ ਤੋਂ ਬਾਜ਼ ਨਹੀਂ ਆਉਂਦੇ। ਮੈਂ ਇਹ ਨਹੀਂ ਕਹਿੰਦਾ ਕੋਈ ਮੈਂਬਰ ਆਪਣੀ ਮਰਜ਼ੀ ਨਾਲ ਪਾਰਟੀ ਚੇਂਜ ਨਹੀਂ ਕਰ ਸਕਦਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਕੋਈ ਰਵਾਇਤ ਕਾਇਮ ਕਰੋ। ਪਹਿਲਾਂ ਪਾਰਟੀ ਤੋਂ ਅਸਤੀਫਾ ਦੇਵੇ ਫੇਰ ਅਸੈਂਬਲੀ ਤੋਂ ਅਸਤੀਫਾ ਦੇਵੇ। (ਵਿਘਨ) ਚੇਅਰਮੈਨ ਸਾਹਿਬ ਮੈਂ ਅਰਜ਼ ਕਰਾਂਗਾ ਕਿ ਜਿਹੜਾ ਆਪ ਜਮਹੂਰੀਅਤ ਦੀਆਂ ਜੜ੍ਹਾਂ ਵਿੱਚ ਤੇਲ ਪਾਉਂਦਾ ਹੋਵੇ, ਉਹਦਾ ਕੋਈ ਹਕ ਨਹੀਂ ਕਿ ਉਹ ਜਮਹੂਰੀਅਤ ਦਾ ਢੰਡੋਰਾ ਪਿੱਟੇ। ਜਮਹੂਰੀਅਤ ਦੇ ਢੰਡੋਰੇ ਬਾਰੇ ਆਨਰੇਬਲ ਮੈਂਬਰਜ਼ ਨੇ ਜ਼ਿਕਰ ਕੀਤਾ ਹੈ ਜਿਸਦਾ ਕਿ ਮੈਨੂੰ ਦੁਖ ਹੈ। ਇਹ ਗਵਰਨਰ ਹੈ ਕੀ ਚੀਜ਼ ? ਇਹ ਉਹੀ ਗਵਰਨਰ ਹੈ ਜਿਸਨੇ 1968 ਦੇ ਬਜਟ ਨੂੰ ਪਾਸ ਕਰਾ ਦਿੱਤਾ, ਇਹ ਉਸ ਵਿਚ ਪਾਰਟੀ ਸੀ। ਹੁਣ ਉਸ ਨੂੰ ਇਹ ਪੈਰਾ ਨਹੀਂ ਪੜ੍ਹਨਾ ਚਾਹੀਦਾ ਸੀ। ਉਸਨੇ ਆਪਣੀ ਗ਼ੈਰਤ ਨੂੰ ਨਹੀਂ ਸਮਝਿਆ। ਮੈਂ ਤੁਹਾਡੇ ਰਾਹੀਂ ਸੈਂਟਰਲ ਸਰਕਾਰ ਨੂੰ ਅਰਜ਼ ਕਰਾਂਗਾ ਕਿ ਇਹੋ ਜਿਹੇ ਗਵਰਨਰ ਜਿਹੜੇ ਸੋਚਣ ਤੋਂ ਬਗੈਰ ਭਾਸ਼ਣ ਪੜ੍ਹ ਦਿੰਦੇ ਹਨ ਅਜਿਹੇ ਗਵਰਨਰਾਂ ਨੂੰ ਜਲਦੀ ਤੋਂ ਜਲਦੀ ਰੀ-ਕਾਲ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

(ਆਪੋਜ਼ੀਸ਼ਨ ਵਲੋਂ ਥੰਪਿੰਗ)

ਇਸ ਬਾਰੇ ਖਾਸ ਤੌਰ ਤੇ ਪੈਰਾ ਨੰਬਰ ਤਿੰਨ ਔਰ ਚਾਰ ਹਨ। ਉਸ ਦੇ ਮੁਤੱਲਕ ਹਰ ਇਕ ਨੇ ਆਪਣੀ ਆਪਣੀ ਰਾਏ ਕਲੀਅਰ ਕੀਤੀ ਹੈ। ਪਰ ਮੈਂ ਸਮਝਦਾ ਹਾਂ ਇਸ ਦੇ ਇਸ ਪਖ ਬਾਰੇ ਹਾਲੇ ਤਾਈਂ ਕਿਸੇ ਨੇ ਜ਼ਿਕਰ ਨਹੀਂ ਕੀਤਾ ਕਿ ਇਹ ਕਿਉਂ ਜ਼ਰੂਰਤ ਪਈ ਕਿ ਬਜਟ ਅੱਧੇ ਘੰਟੇ ਦੇ ਦਰਮਿਆਨ ਵਿਚ ਮੋਸ਼ਨ ਮੂਵ ਕਰਕੇ ਪਾਸ ਕੀਤਾ ਜਾਵੇ। ਫਰਵਰੀ 1968 ਵਿਚ ਸੈਸ਼ਨ ਲਗਿਆ। ਚਾਰ ਮਾਰਚ, 1968 ਨੂੰ ਇਸ ਬਜਟ ਨੂੰ ਹਾਊਸ ਵਿੱਚ ਪੇਸ਼ ਕੀਤਾ ਗਿਆ। ਚਾਰ, ਪੰਜ ਅਤੇ ਛੇ ਮਾਰਚ ਨੂੰ ਇਸ ਬਜਟ ਤੇ ਤਕਰੀਰਾਂ ਹੋਈਆਂ। ਛੇ ਮਾਰਚ ਨੂੰ ਉਸ ਵੇਲੇ ਦੀ ਅਸੰਬਲੀ ਵਿਚ ਆਪੋਜ਼ੀਸ਼ਨ ਦੇ ਇਕ ਮੈਂਬਰ ਨੇ ਸਪੀਕਰ ਸਾਹਿਬ ਤੋਂ ਮੰਗ ਕੀਤੀ। ਇਹ ਮੰਗ ਸਾਡੇ ਬਿਜ਼ਨੈਸ ਰੂਲਜ਼ ਦੇ ਬਰਖਲਾਫ ਸੀ। ਸਪੀਕਰ ਸਾਹਿਬ ਨੇ ਆਪੋਜ਼ੀਸਨ ਮੈਂਬਰ ਤੇ ਡਿਸਿਪਲਨਰੀ ਐਕਸ਼ਨ ਲਿਆ। ਅਸੀਂ ਆਪਣਾ ਫਰਜ਼ ਸਮਝਿਆ ਕਿ ਜਿਸ ਆਨਰੇਬਲ ਮੈਂਬਰ ਦਾ ਰੂਲਜ਼ ਅਨੁਸਾਰ ਕੋਈ ਹੱਕ ਹੈ ਉਸ ਨੂੰ ਉਹ ਮਿਲਣਾ ਚਾਹੀਦਾ ਹੈ, ਇਸ ਲਈ ਅਸੀਂ ਸਪੀਕਰ ਦੇ ਖਿਲਾਫ ਨੋ ਕਾਨਫੀਡੈਂਸ ਮੋਸ਼ਨ ਲਿਆਂਦੀ ਔਰ ਉਹ ਨੋ ਕਾਨਫੀਡੈਂਸ ਮੋਸ਼ਨ ਐਡਮਿਟ ਹੋਣ ਤੋਂ ਬਾਦ ਰਾਤ ਨੂੰ ਇਨ੍ਹਾਂ ਦੀ ਸਾਜ਼ਸ਼ ਹੋਈ। ਪਤਾ ਨਹੀਂ ਉਥੇ ਰਾਤੋਂ ਰਾਤ ਕੀ ਹੋਇਆ। ਉਸ ਸਾਜ਼ਿਸ਼ ਦਾ ਸਰਦਾਰ, ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਸਰਦਾਰ ਗੁਰਨਾਮ ਸਿੰਘ ਹੈ। ਇਹ ਗਲ ਮੈਂ ਕਿਸ ਆਧਾਰ ਤੇ ਕਹਿੰਦਾ ਹਾਂ ਚੇਅਰਮੈਨ ਸਾਹਿਬ, ਇਹ ਮੇਰੇ ਕੋਲ ਸੁਪਰੀਮ ਕੋਰਟ ਦੀ ਜੱਜਮੈਂਟ ਹੈ। ਇਸ ਦੇ ਪੇਜ ਨੰ: 2 ਤੇ ਲਿਖਿਆ ਹੈ:—

'The Legislative Assembly was then summoned to meet on February 22, 1968 As the budget was to be considered, the Financial Statement was discussed on 4, 5 and 6 March. On the last day, following some disturbance in the House and consequent disciplinary action, resolution was moved expressing no-confidence in the Speaker. The House granted leave and then adjourned itself to the following day.

When the Session commenced Sardar Gurnam Singh raised a point of order under rule 112 of the Rules of Procedure made under Article 208 of the Constitution that there was a contravention of Article 179 (c) in moving the Resolution.'

ਇਨ੍ਹਾਂ ਨੇ ਦੂਸਰੇ ਦਿਨ ਉਸ ਮੋਸ਼ਨ ਦੀ ਰੀਕਨਸਿਡਰੇਸ਼ਨ ਵਾਸਤੇ ਮੂਵ ਕੀਤਾ। ਸਪੀਕਰ ਨੂੰ ਉਸ ਵੇਲੇ ਆਪਣੀ ਪੋਜ਼ੀਸ਼ਨ ਦਾ ਪਤਾ ਨਹੀਂ ਸੀ ਕਿ ਉਹ ਦਰੁਸਤ ਹੈ ਜਾਂ ਗਲਤ ਹੈ। ਉਸਨੇ ਜਿਹੜੀ ਮੋਸ਼ਨ ਐਡਮਿਟ ਹੋਈ ਸੀ ਉਸਨੂੰ ਰੂਲ ਆਊਟ ਕਰ ਦਿੱਤਾ ਔਰ ਇਸ ਹਾਊਸ ਨੂੰ ਦੋ

Original with;
Punjab Vidhan Sabha
Digitized by;
Panjab Digital Library

ਮਹੀਨਿਆਂ ਲਈ ਐਡਜਰਨ ਕਰ ਦਿੱਤਾ। ਬੱਜਟ ਨੇ 31 ਮਾਰਚ ਤੋਂ ਪਹਿਲਾਂ ਪਾਸ ਹੋਣਾ ਸੀ। ਸਾਰੇ ਪੰਜਾਬ ਦੀ ਡਿਵੈਲਪਮੈਂਟ ਰੁਕ ਗਈ ਜਿਸ ਬਾਰੇ ਸਪੀਕਰਜ਼ ਕਾਨਫਰੰਸ ਅਤੇ ਸੁਪਰੀਮ ਕੋਰਟ ਨੇ ਵੀ ਫ਼ੈਸਲਾ ਦਿੱਤਾ ਕਿ ਇਹ ਗਲ ਗਲਤ ਸੀ। ਫਿਰ ਆਰਡੀਨੈਂਸ ਦੇ ਰਾਹੀਂ ਮੁੜਕੇ ਹਾਊਸ ਨੂੰ ਸੱਦਿਆ ਗਿਆ। ਉਸ ਆਰਡੀਨੈਂਸ ਨੂੰ ਇੱਲਲੀਗਲ ਕਰਾਰ ਦੇਣ ਲਈ ਇਥੇ ਬੜੀ ਬਹਿਸ ਹੋਈ। ਇਹ ਬਹਿਸ ਤਿੰਨ ਘੰਟੇ ਹੁੰਦੀ ਰਹੀ। ਮਗਰੋਂ ਸਪੀਕਰ ਨੇ ਰੂਲਿੰਗ ਦੇ ਦਿਤੀ ਕਿ ਇਹ ਇੱਲਲੀਗਲ ਹੈ।

ਸਰਦਾਰ ਗੁਰਨਾਮ ਸਿੰਘ ਦੇ ਉਕਸਾਉਣ ਨਾਲ ਸਪੀਕਰ ਨੇ ਇਹ ਫ਼ੈਸਲਾ ਦਿਤਾ ਇਹ ਇਸ ਦੇ ਸਫ਼ਾ 6 ਵਿਚ ਦਰਜ ਹੈ। (ਸ਼ੇਮ, ਸ਼ੇਮ)।

Page 6 of judgment

'Sardar Gurnam Singh again rose to urge his point of order. He was reminded that a resolution to the same effect was to be brought before the Assembly, but he continued with his point....... It appears that the Speaker at first was of the opinion that he had no power to adjourn the House in view of section 3 of the Ordinance but Sardar Gurnam Singh maintained that he had such power under Rule 105. The Speaker observed : "Yes, I can adjourn the House but what about the Ordinance ?" Sardar Gurnam Singh opined that there was no Ordinance. The Speaker then ruled that the House was prorogued not on 11th March, but on the 18th March and gave the ruling in the following words :

ਇਸ ਕਰਕੇ ਚੇਅਰਮੈਨ ਸਾਹਿਬ, ਮੈਂ ਕਹਿੰਦਾ ਹਾਂ ਕਿ ਇਥੇ ਜਮਹੂਰੀਅਤ ਨੂੰ ਖਤਮ ਕਰਨ ਦੀਆਂ ਜੋ ਤਿਗੜਮਾਂ ਲਾਈਆਂ ਗਈਆਂ ਸਨ ਤਿਗੜਮਬਾਜ਼ਾਂ ਵਲੋਂ ਸਰਦਾਰ ਗੁਰਨਾਮ ਸਿੰਘ ਉਸਦੇ ਆਰਕੀਟੈਕਟ ਸਨ, ਜਿਹੜੇ ਕਿ ਇਕ ਜੱਜ ਰਹੇ ਹਨ। (ਵਿਘਨ)

**ਕਾਮਰੇਡ ਸੱਤਪਾਲ ਡਾਂਗ:** ਚੇਅਰਮੈਨ ਸਾਹਿਬ, 'ਤਿਗੜਮਬਾਜ਼' ਲਫ਼ਜ ਪਾਰਲੀਮੈਂਟਰੀ ਹੈ ਜਾਂ ਅਨਪਾਰਲੀਮੈਂਟਰੀ ਹੈ ?

**ਕੈਪਟਨ ਰਤਨ ਸਿੰਘ :** ਮੈਂ ਸੋਚ ਕੇ ਕਿਹਾ ਹੈ। 'ਤਿਗੜਮਬਾਜ਼' ਇਕ ਬੜਾ ਸ਼ਾਨਦਾਰ ਸ਼ਬਦ ਹੈ।

**ਸ਼੍ਰੀ ਚੇਅਰਮੈਨ :** ਇਨ੍ਹਾਂ ਦੇ ਸਟੈਂਡਰਡ ਮੁਤਾਬਕ ਸੁਹਣਾ ਹੈ। (ਹਾਸਾ) (It is all right according to his standard.) (Laughter)

**ਕੈਪਟਨ ਰਤਨ ਸਿੰਘ :** ਇਹ ਆਪ ਜਮਹੂਰੀਅਤ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਾਲੇ ਸਨ (ਵਿਘਨ)। ਮੈਨੂੰ ਪਤਾ ਹੈ ਜਿਸ ਤਰ੍ਹਾਂ ਤੁਸੀਂ ਜਿੱਤ ਕੇ ਆਏ ਹੋ। ਯੂਨਾਈਟਿਡ ਫਰੰਟ ਸਰਕਾਰ ਦੀ ਪਾਲਿਸੀ ਨੇ ਤੁਹਾਨੂੰ ਨਹੀਂ ਜਿਤਾਇਆ। ਤੁਸੀਂ ਤਾਂ ਜਿੱਤੇ ਹੋ ਕਿ ਦੋ ਅਕਾਲੀ ਦਲ ਇਕੱਠੇ ਹੋਏ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਔਰ ਰਲਕੇ ਸਿੱਖ ਹੋਮ ਲੈਂਡ ਦਾ ਨਾਹਰਾ ਲਾਇਆ (ਵਿਘਨ) (ਸ਼ੋਰ) ਇਹ ਤੁਹਾਡੀ ਬਟਾਲੇ ਵਾਲੀ ਕਾਨਫਰੰਸ ਵਿਚ ਵੀ ਪਾਸ ਹੋਇਆ ਸੀ। (ਵਿਘਨ) ਮੈਂ ਮੰਨਦਾ ਹਾਂ ਕਿ ਸ਼ਾਇਦ ਮੈਂ ਗ਼ਲਤ ਹੋਵਾਂ ਪਰ ਮੈਂ ਚਾਹਾਂਗਾ ਕਿ ਸਰਦਾਰ ਗੁਰਨਾਮ ਸਿੰਘ ਜੀ ਇਸ ਹਾਊਸ ਨੂੰ ਇਥੇ ਬੈਠਕੇ ਐਸ਼ੋਰੈਂਸ ਦੇਣ ਅਤੇ ਸੰਤ ਫਤਹਿ ਸਿੰਘ ਅਕਾਲ ਤਖਤ ਤੇ ਜਾਕੇ ਇਹ ਕਹਿ ਦੇਣ ਕਿ ਸਾਨੂੰ ਸਿੱਖ ਹੋਮ ਲੈਂਡ ਨਹੀਂ ਚਾਹੀਦਾ। (ਸ਼ੋਰ) (ਵਿਘਨ) ਪੰਜਾਬ ਬਹਾਦਰਾਂ ਦਾ ਸੂਬਾ ਹੈ। ਇਸ ਪੰਜਾਬ ਦੀ ਜਨਤਾ ਵਿਚ ਏਕਤਾ ਹੈ। ਅਸੀਂ ਲੜਾਈ ਬਿਲਕੁਲ ਨਹੀਂ ਚਾਹੁੰਦੇ।

ਸਪੀਕਰ ਸਾਹਿਬ, ਮੈਂ ਕੁਝ ਮੈਂਬਰਾਂ ਦੀਆ ਸਪੀਚਾਂ ਸੁਣੀਆਂ ਹਨ। ਮੈਨੂੰ ਖੁਸ਼ੀ ਹੈ ਕਿ ਜਿਹੜੇ ਕੰਮ ਅਸੀਂ ਨਹੀਂ ਕਰ ਸਕੇ ਉਹ ਇਹ ਕਰਨ ਦੀ ਕੋਸ਼ਿਸ਼ ਕਰਨਗੇ। (ਵਿਘਨ) ਪੰਜਾਬ ਦੀ ਡਿਵੈਲਪਮੈਂਟ ਵੀ ਤਦ ਹੀ ਹੋਵੇਗੀ ਜੇ ਹਿੰਦੂ, ਸਿੱਖ ਤੇ ਹਰੀਜਨ ਇਕੱਠੇ ਮਿਲ ਕੇ ਰਹਿਣ ਅਤੇ ਤਰੱਕੀ ਕਰਨ। (ਵਿੰਘਨ) ਮੈਂ ਤਾਂ ਆਪਣੀ ਪਾਰਟੀ ਤੋਂ ਮੁਲਕ ਨੂੰ ਉੱਚਾ ਸਮਝਦਾ ਹਾਂ। ਮੈਂ ਮੁਲਕ ਦੀ ਸ਼ਾਨ ਉਚੀ ਦੇਖਣਾ ਚਾਹੁੰਦਾ ਹਾਂ ਅਤੇ ਇਸ ਨੂੰ ਆਜ਼ਾਦ ਰੱਖਣ ਲਈ ਜੋ ਕੁਝ ਹੋ ਸਕਿਆ ਹੈ ਕੀਤਾ ਹੈ ਅਤੇ ਕਰਾਂਗਾ। (ਵਿਘਨ) ਗਲਤੀ ਤਾਂ ਹਰ ਇਕ ਕੋਲੋਂ ਹੋ ਜਾਂਦੀ ਹੈ। ਅਸਾਂ ਤਾਂ ਗਲਤੀ 20 ਸਾਲਾਂ ਤੋਂ ਬਾਅਦ ਕੀਤੀ ਪਰ ਤੁਸੀਂ ਤਾਂ ਸ਼ੁਰੂ ਵਿਚ ਹੀ ਕਰਨੀਆਂ ਸ਼ੁਰੂ ਕਰ ਦਿੱਤੀਆਂ।

**Mr. Chairman** (Sardar Shashpal Singh) : It is 6.30 p. m. The hon. Member Capt. Rattan Singh can continue his speech tomorrow.

The House stands adjourned till 2.00 p. m. on Tuesday, the 18th March, 1 69.

6.30 P. M.

*The Sabha then adjourned till 2.00 P. M. on Tuesday, the 18th March, 1969.*

— — —

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

"C"

Published under the authority of the Punjab Vidhan Sabha and printed by the Chandigarh Times Press, Manimajra (Chandigarh).

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

# PUNJAB VIDHAN SABHA

## DEBATES

18th March, 1969

Vol. I—No. 4

## OFFICIAL REPORT

CONTENTS

Tuesday, the 18th March, 1969.


| | | Page |
|---|---|---|
| Starred Questions and Answers | ... | (4)1 |
| Questions of Privilege | ... | (4)20 |
| Call Attention Notices | ... | (4)22 |
| Papers laid on the Table | ... | (4)26 |
| Announcement by the Secretary | ... | (4)27 |
| Discussion on the Governor's Address (Resumption) | ... | (4)28 |


**Punjab Vidhan Sabha Secretariat, Chandigarh.**

Price : Rs. 2.75

Original with;
Punjab Vidhan Sabha
Digitized by;
Panjab Digital Library

Original with
Punjab Vidhan Sabha
Digitized by;
Panjab Digit

## ERRATA

TO

## PUNJAB VIDHAN SABHA DEBATES

Vol. 1 No.—4

DATED THE 18TH MARCH, 1969

| Read | For | Page | Line |
|---|---|---|---|
| ਜਾਵੇਗਾ | ਗਾਵੇਗਾ | (4)19 | 16 |
| ਛੱਕ | ਛੇਕ | (4)19 | 16 |
| ਮੈਂ | ਮੈਂ | (4)23 | 22 |
| ਪ੍ਰਗਟ | ਪ੍ਰਕਟ | (4)24 | 3 |
| 1967 | 1067 | (4)27 | 17th from below |
| Bill | Gill | (4)28 | 15th from below |
| Discussion | Discuision | (4)28 | 1 |
| Country | Countary | (4)28 | 4th from below |
| ਹੱਥੀਂ | ਹੱਥੀ | (4)31 | 10 |
| ਅਛਾ | ਅਡਾ | (4)36 | 6 |
| ਸਰਕਾਰ | ਰਕਾਰ | (4)37 | 1 |
| ਅਨੌਮਲੀਜ਼ | ਅਨੌਪਲੀਜ | (4)41 | 6 |
| ਦਿਵਾਇਆ | ਦਿਵਾਇਆ | (4)49 | 2 |
| ਉਹ ਜਲਦੀ | ਹ ਉਜਲਦੀ | (4)50 | 14th from below |
| 20 | 0 | (4)50 | 8th from below |
| चौधरी बलबोर सिह | चौधरी बल्बीर सिह | (4)54 | 1 |
| भाकड़ा | भागड़ा | (4)58 | 14 |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

**Tuesday, the 18th March, 1969.**

*The Vidhan Sabha met in the Hall of the Vidhan Bhavan, Sector 1, Chandigarh, at 2.00 P. M. of the Clock. Mr. Speaker (Sardar Darbara Singh) in the Chair.*

---

## STARRED QUESTIONS AND ANSWERS.

### SETTING UP OF A FERTILIZER AT FACTORY BHATINDA.

*15. **Comrade Babu Singh Master :** Will the Minister for Industries be pleased to state :

(a) whether there is any proposal under the consideration of the Government to set up a fertilizer Factory in the State; if so, the time by which it is likely to be finalised ;

(b) if the reply to part (a) above be in the affirmative, whether the said factory is proposed to be located at Bhatinda ?

**Shri Balramji Dass Tandon :**

(a) Yes, in the Public Sector. Application of the Punjab State Industries Development Corporation for the issue of Industrial Licence is pending with the Government of India.

(b) Yes.

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਗੌਰਮਿੰਟ ਆਫ ਇੰਡੀਆ ਤੋਂ ਕਿਤਨੇ ਟਾਈਮ ਵਿਚ ਲਾਈਸੈਂਸ ਲੈ ਲੈਣਗੇ ?

**ਉਦਯੋਗ ਮੰਤਰੀ :** ਸਾਡੀ ਕੋਸ਼ਿਸ਼ ਇਹ ਹੈ ਕਿ ਜਲਦੀ ਤੋਂ ਜਲਦੀ ਹੋਵੇ। ਇਸ ਕੰਮ ਵਾਸਤੇ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ।

**ਕੈਪਟਨ ਰਤਨ ਸਿੰਘ :** ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਕਿਹੜੇ ਕਿਹੜੇ ਸਟੈਪਸ ਉਨ੍ਹਾਂ ਨੇ ਲਏ ਹਨ ਜਿਨ੍ਹਾਂ ਨਾਲ ਕਿ ਇਹ ਲਾਇਸੈਂਸ ਸਾਨੂੰ ਜਲਦੀ ਮਿਲ ਜਾਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਉਸ ਦੇ ਵਾਸਤੇ ਇਹ ਜ਼ਰੂਰੀ ਹੈ ਕਿ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਜਾਵੇ। ਉਹ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਗਈ ਹੈ ਅਤੇ ਉਹ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਪ੍ਰਾਸੈਸ ਕਰ ਰਹੀ ਹੈ। ਇਹ ਮੈਟਰ ਉਨ੍ਹਾਂ ਕੋਲ ਹਾਲੀਂ ਪੈਂਡਿੰਗ ਹੈ।

**ਸਰਦਾਰ ਨਰਿੰਦਰ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਬਠਿੰਡੇ ਤੋਂ ਸਾਈਟ ਚੇਂਜ ਕਰਨ ਦਾ ਵਿਚਾਰ ਤਾਂ ਨਹੀਂ ?

**ਮੰਤਰੀ :** ਜਿਥੋਂ ਤਕ ਇਸ ਚੀਜ਼ ਦਾ ਤੁੱਲਕ ਹੈ ਉਸ ਵਾਸਤੇ ਐਪਲੀਕੇਸ਼ਨ ਸਾਡੇ ਪਾਸ ਬਠਿੰਡੇ ਵਾਸਤੇ ਹੀ ਹੈ ਅਤੇ ਅਸੀਂ ਇਸ ਗੱਲ ਤੇ ਸਟਿਕ ਕਰ ਰਹੇ ਹਾਂ।

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਮੰਤਰੀ ਸਾਹਿਬ ਦਸਣਗੇ ਕਿ ਸਾਈਟ, ਜਿਥੇ ਫੈਕਟਰੀ ਲਾਉਣੀ ਹੈ, ਉਸ ਸਬੰਧੀ ਕੋਈ ਕੰਮ ਸ਼ੁਰੂ ਹੋ ਗਿਆ ਹੈ ਜਾਂ ਨਹੀਂ ? ਇਸ ਸਬੰਧ ਵਿਚ ਕੋਈ ਰੋਸ਼ਨੀ ਪਾਉਣਗੇ ?

**ਮੰਤਰੀ :** ਇਹ ਸਾਰੀ ਚੀਜ਼ ਉਸ ਵੇਲੇ ਸ਼ੁਰੂ ਹੋਣੀ ਹੈ ਜਿਸ ਵੇਲੇ ਲਾਇਸੈਂਸਿੰਗ ਅਥਾਰਟੀ ਤੋਂ ਲਾਈਸੈਂਸ ਮਿਲ ਜਾਵੇਗਾ।

**ਸਰਦਾਰ ਉਮਰਾਓ ਸਿੰਘ :** ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਕਲੈਬੋਰੇਸ਼ਨ ਕਿਸ ਪਾਰਟੀ ਨਾਲ ਹੋ ਰਹੀ ਹੈ ?

**ਮੰਤਰੀ :** ਇਹ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਆਪਣੇ ਤੌਰ ਤੇ ਹੀ ਪਰਸੂ ਕਰ ਰਹੀ ਹੈ।

**ਚੌਧਰੀ ਬਲਬੀਰ ਸਿੰਘ :** ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਬਿਜੂ ਪਟਨਾਇਕ ਨੇ ਵੀ ਲਾਇਸੈਂਸ ਵਾਸਤੇ ਦਰਖਾਸਤ ਦਿਤੀ ਹੈ ?

**ਮੰਤਰੀ :** ਇਹ ਇਕ ਅਲੱਗ ਚੀਜ਼ ਹੈ। ਗੌਰਮਿੰਟ ਆਫ਼ ਇੰਡੀਆ ਨੇ ਉਸ ਨੂੰ ਲਾਇਸੈਂਸ ਦਿਤਾ ਹੈ।

**ਚੌਧਰੀ ਬਲਬੀਰ ਸਿੰਘ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਗੌਰਮਿੰਟ ਆਫ਼ ਇੰਡੀਆ ਨੇ ਲਾਇਸੈਂਸ ਕਿਸ ਚੀਜ਼ ਲਈ ਦਿਤਾ ਹੈ ?

**ਮੰਤਰੀ :** ਫਰਟੇਲਾਈਜ਼ਰ ਫੈਕਟਰੀ ਵਾਸਤੇ।

**ਚੌਧਰੀ ਬਲਬੀਰ ਸਿੰਘ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਉਹ ਫਰਟੇਲਾਈਜ਼ਰ ਫੈਕਟਰੀ ਬਠਿੰਡੇ ਲਗੇਗੀ ਜਾਂ ਕਿਸੇ ਹੋਰ ਜਗ੍ਹਾ ਤੇ ਲਗ ਰਹੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਬਠਿੰਡਾ ਅਤੇ ਸਰਹੰਦ ਦੋ ਜਗ੍ਹਾਂ ਸਨ, ਪਰ ਉਨ੍ਹਾਂ ਨੇ ਸਰਹੰਦ ਵਿਚ ਲਾਉਣ ਲਈ ਡੀਸਾਈਡ ਕੀਤਾ ਹੈ ?

**ਕੈਪਟਨ ਰਤਨ ਸਿੰਘ** : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਕਲੈਬੋਰੇਸ਼ਨ ਕਿਸ ਪਾਰਟੀ ਨਾਲ ਹੈ ?

**ਮੰਤਰੀ** : ਇਹ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਸੂਓ ਮੋਟੋ, ਆਪਣੇ ਤੌਰ ਤੇ ਹੀ ਕਰ ਰਹੀ ਹੈ ?

**ਚੌਧਰੀ ਬਲਬੀਰ ਸਿੰਘ** : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਮੈਸਰਜ਼ ਬਿਜੂ ਪਟਨਾਇਕ ਨੇ ਪੰਜਾਬ ਗੌਰਮਿੰਟ ਨੂੰ ਕਰਜ਼ੇ ਵਾਸਤੇ ਕੋਈ ਦਰਖਾਸਤ ਦਿਤੀ ਹੈ ?

**ਮੰਤਰੀ** : ਉਨ੍ਹਾਂ ਨੇ ਕਰਜ਼ੇ ਵਾਸਤੇ ਦਰਖਾਸਤ ਨਹੀਂ ਦਿਤੀ ਸਗੋਂ ਉਨ੍ਹਾਂ ਦੀ ਇਹ ਖਾਹਸ਼ ਹੈ ਕਿ ਅਸੀਂ ਉਨ੍ਹਾਂ ਦੇ ਕੁਝ ਸ਼ੇਅਰ ਖਰੀਦੀਏ ।

**ਕਾਮਰੇਡ ਸਤਪਲ ਡਾਂਗ** : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਪਬਲਿਕ ਸੈਕਟਰ ਵਿਚ ਫੈਕਟਰੀ ਲਾਉਣ ਵਾਸਤੇ ਪੰਜਾਬ ਗੌਰਮਿੰਟ ਕੋਈ ਸਟੈਪ ਲੈ ਰਹੀ ਹੈ ਜਾਂ ਨਹੀਂ ?

**Chief Minister** : Mr. Speaker, Sir, if you see the question and its answer, you will find that these supplementaries do not arise. The first part of the question is -

> "whether there is any proposal under the consideration of the Government to set up a fertilizer factory in the State; if so, the time by which it is likely to be finalised.'

The answer has come that there is a proposal.

The second part of the question is —

> 'If the reply to part (a) be in the affirmative, whether the said factory is proposed to be located at Bhatinda.

Its reply has also come — 'Yes'.

**ਮੇਜਰ ਹਰਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਕਿਸ ਕੁਐਸਚਨ ਦਾ ਕੀ ਸਕੋਪ ਹੈ ਇਹ ਤੁਹਾਡੇ ਪਰਵੀਊ ਵਿਚ ਹੈ ਜਾਂ ਚੀਫ਼ ਮਨਿਸਟਰ ਦੇ ?

**ਕਈ ਆਵਾਜ਼ਾਂ** : ਪੁਆਇੰਟ ਆਊਟ ਕਰ ਸਕਦੇ ਨੇ ।

**ਮੇਜਰ ਹਰਿੰਦਰ ਸਿੰਘ** : ਮੈਂ ਰੂਲਿੰਗ ਚਾਹੁੰਦਾ ਹਾਂ । ਸਪੀਕਰ ਸਾਹਿਬ ਕਹਿ ਦੇਣ ।

Original with;
Punjab Vidhan Sabha
Digitized by;
Panjab Digital Library

**चौधरी बलबीर सिंह** : ग्रान ए प्वायंट ग्राफ ग्राडर, सर। स्पीकर साहिब, मेरा प्वायंट ग्राफ ग्रार्डर यह है कि मिनिस्टर साहिब अगर किसी सवाल का कोई जवाब दे दें तो उनके जवाब का स्कोप और बड़ा हो जाता है। मिनिस्टर साहिब ने खुद बयान दिया है कि बीजू पटनायक की कम्पनी एक फर्टेलाईजर फैक्टरी पंजाब में लगाने की कोशिश कर रही है। उन्होंने हाऊस को यह इनफर्मेशन दी। तो हाऊस का यह हक हो जाता है कि अगर उस प्वायंट पर कोई सप्लीमैंटरी पैदा हो तो वह सप्लीमैंटरी किया जाए। जब मन्त्री महोदय ने हाऊस को इत्तलाह दी तो उस बिना पर सवाल पूछने का हक हो जाता है। मिनिस्टर महोदय के पास अगर सवाल का जवाब नहीं तो वह कह सकते हैं कि उसके लिये सैपरेट नोटिस चाहिए। उन्होंने खुद तो कुछ नहीं कहा मगर मुख्य मन्त्री साहिब ने कह दिया कि बात गलत है। अगर मिनिस्टर हाऊस को कोई इनफर्मेशन दें तो हाऊस उसके बारे में कोई मज़ीद इनफर्मेशन लेना चाहे तो ले सकता है।

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜਿਹੜੇ ਸਪਲੀਮੈਂਟਰੀ ਪੁਛੇ ਗਏ ਹਨ ਉਹ ਇਰੈਲੇਵੈਂਟ ਹਨ। ਮੈਂ ਤੁਹਾਡੇ ਰਾਹੀਂ ਦਰਖਾਸਤ ਕਰਾਂਗਾ ਕਿ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨ ਕਿ ਕੋਲੈਬੋਰੇਸ਼ਨ ਕਿਸ ਪਾਰਟੀ ਨਾਲ ਹੋਈ ਹੈ। ਮੈਂ ਬੀਜੂ ਪਟਨਾਇਕ ਜੀ ਦਾ ਨਾਂ ਨਹੀਂ ਲਿਆ।

ਸਵਾਲ ਇਹ ਸੀ :—

"whether there is any proposal under the consideration of the Government to set up a........."

*(Interruptions)*

**ਸ਼੍ਰੀ ਸਪੀਕਰ** : ਕੈਪਟਨ ਰਤਨ ਸਿੰਘ ਜੀ, ਤੁਹਾਡੇ ਸਪਲੀਮੈਂਟਰੀ ਆ ਚੁਕੇ ਹਨ। (The hon. Member Captain Rattan Singh has already put the Supplementary questions.)

**ਕਾਮਰੇਡ ਸਤਪਾਲ ਡਾਂਗ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਸਕੋਪ ਤੋਂ ਬਾਹਰ ਹੈ, ਦਰੁਸਤ ਨਹੀਂ। ਕਿਉਂਕਿ ਸਵਾਲ ਇਹ ਹੈ ਕਿ ਖਾਦ ਦੀ ਇਕ ਫੈਕਟਰੀ ਖੁਲ੍ਹ ਰਹੀ ਹੈ ਅਤੇ ਇਸ ਦੇ ਬਾਰੇ ਅਖਬਾਰਾਂ ਵਿਚ ਵੀ ਆ ਰਿਹਾ ਹੈ। ਇਹ ਹਾਊਸ ਵਿਚ ਵੀ ਕਹਿ ਦੇਣ ਕਿ ਬੀਜੂ ਪਟਨਾਇਕ ਦੀ ਕੰਪਨੀ ਜ਼ਰੂਰ ਫੈਕਟਰੀ ਖੋਲ੍ਹੇਗੀ। ਜਦੋਂ ਹਾਲਤ ਇਹ ਹੋਵੇ ਤਾਂ ਸਵਾਲ ਅਰਾਈਜ਼ ਹੁੰਦਾ ਹੈ ਕਿ ਗੌਰਮਿੰਟ ਨੇ ਜੋ ਪਰੋਪੋਜ਼ਲ ਪਬਲਿਕ ਸੈਕਟਰ ਵਿਚ ਫੈਕਟਰੀ ਲਾਉਣ ਦੀ ਬਣਾਈ ਹੈ ਅਤੇ ਉਸ ਦੇ ਲਾਈਸੈਂਸ ਲਈ ਜਿਹੜੀ ਦਰਖ਼ਾਸਤ ਦਿਤੀ ਹੋਈ

Original with;
Punjab Vidhan Sabha
Digitized by;
Panjab Digital Library

ਹੈ, ਉਹ ਕਿਤੇ ਗੌਰਮਿੰਟ ਆਫ਼ ਇੰਡੀਆ ਬੀਜੂ ਪਟਨਾਇਕ ਦੇ ਮੁਕਾਬਲੇ ਵਿਚ ਗੌਰਮਿੰਟ ਆਫ਼ ਪੰਜਾਬ ਨੂੰ ਲਾਈਸੈਂਸ ਰਿਫ਼ਿਊਜ਼ ਨਾ ਕਰ ਦੇਵੇ । ਇਸਦੇ ਬਾਰੇ ਗੌਰਮਿੰਟ ਨੂੰ ਜਵਾਬ ਦੇਣਾ ਚਾਹੀਦਾ ਹੈ ।

**ਉਦਯੋਗ ਮੰਤਰੀ :** ਮੇਰਾ ਖਿਆਲ ਹੈ ਕਿ ਮੈਂ ਹਾਊਸ ਵਿਚ ਇਹ ਗਲ ਕਲੀਅਰ ਕਰ ਚੁਕਾ ਹਾਂ (ਵਿਘਨ) (ਸ਼ੋਰ) "ਮੈਂ" ਤੋਂ ਮੇਰਾ ਮਤਲਬ ਹੈ ਸਰਕਾਰ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਮੈਂ ਪਹਿਲਾਂ ਇਹ ਗਲ ਹਾਊਸ ਵਿਚ ਕਲੀਅਰ ਕਰ ਚੁਕਾ ਹਾਂ ਕਿ ਜਿਥੋਂ ਤਕ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਦਾ ਤਾਅਲੁਕ ਹੈ ਅਸੀਂ ਪਰੋਪੋਜ਼ਲ ਦਿਤੀ ਹੋਈ ਹੈ ਔਰ ਪਰਸੂ ਕਰਦੇ ਹਾਂ । ਗੌਰਮਿੰਟ ਪੂਰੀ ਕੋਸ਼ਿਸ਼ ਕਰੇਗੀ ਕਿ ਲਾਈਸੈਂਸ ਸਾਨੂੰ ਮਿਲੇ । ਇਹ ਗਲ ਹਾਲੇ ਤਕ ਫ਼ਾਈਨਲ ਨਹੀਂ ਹੋਈ । ਅਸੀਂ ਉਸ ਲਈ ਆਪਣੇ ਵਲੋਂ ਭਰਪੂਰ ਕੋਸ਼ਿਸ਼ ਕਰਾਂਗੇ ।

(ਇਸ ਸਮੇਂ ਕਈ ਮੈਂਬਰ ਸਪਲੀਮੈਂਟਰੀ ਸਵਾਲ ਕਰਨ ਲਈ ਖੜੇ ਹੋ ਗਏ)

**ਸ੍ਰੀ ਸਪੀਕਰ :** ਬਹੁਤ ਸਪਲੀਮੈਂਟਰੀ ਹੋ ਚੁਕੀਆਂ ਹਨ । Quite a number of supplementary questions have already been asked.)

**चौधरी बलबीर सिंह :** स्पीकर साहिब, यह बहुत जरूरी सवाल है। यह पंजाब का नहीं बल्कि सारे हिन्दुस्तान का मसला है। लोग यह समझते हैं कि कहीं इसको पंजाब सरकार न रोक दे। हमारा यह फर्ज़ बन जाता है कि पता करें कि सरकार की क्या पालिसी है, ताकि इसमें कोई तब्दीली न हो। (विघ्न)

क्या मन्त्री महोदय बताएंगे कि क्या पंजाब सरकार हिन्द सरकार को लिखेगी कि अगर एक फैक्ट्री का लाइसैंस मिलना है तो वह पंजाब सरकारको ही मिले। स्पीकर साहिब, इन से कहें कि यह साफ जवाब दें।

**Mr. Speaker :** I cannot force the Government to make a specific statement.

Original with;
Punjab Vidhan Sabha
Digitized by;
Panjab Digital Library

**चौधरी बलबीर सिंह** : स्पीकर साहिब, सरकार ने जो कुछ कहा है, वह उन्होंने अपनी पालिसी बताई है । डैफिनिट क्वैस्चन पर डैफिनिट जवाब देवें । (विघ्न)

**Comrade Satya Pal Dang** : Mr. Speaker the Government has given two different answers. The Government should make its position clear by giving a definite answer. (ਵਿਘਨ) ਜਿਹੜੀ ਚੀਫ਼ ਮਨਿਸਟਰ ਸਾਹਿਬ ਗਲ ਆਪ ਕਹਿਣੀ ਚਾਹੁੰਦੇ ਹਨ, ਉਹ ਉਠ ਕੇ ਕਹਿ ਦੇਣ ਕਿ ਪੰਜਾਬ ਗੌਰਮਿੰਟ ਪੂਰੀ ਕੋਸ਼ਿਸ਼ ਕਰੇਗੀ ਅਤੇ ਗੌਰਮਿੰਟ ਆਫ਼ ਇੰਡੀਆ ਕੋਲ ਕੇਸ ਨੂੰ ਪਰਸੂ ਕਰੇਗੀ । (ਵਿਘਨ) (ਸ਼ੋਰ)

———

## REMISSION OF LAND REVENUE TO PERSONS OWNING LAND UPTO TEN ACRES

*17. **Comrade Babu Singh Master** : Will the Minister for Revenue and Rehabilitation be pleased to state whether it is a fact that the Government had decided to give remission in land revenue to the persons owning land upto ten acres in the State ; if so, the time by which it is likely to be implemented ?

**Sardar Atma Singh :**

(a) No. Remission has been allowed on land holdings upto 5 standard acres.

[**ਸਰਦਾਰ ਆਤਮਾ ਸਿੰਘ** :

(ੳ) ਨਹੀਂ ਜੀ । ਭੋਂ ਮਾਲੀਏ ਦੀ ਮੁਆਫੀ ਪੰਜ ਸਟੈਂਡਰਡ ਏਕੜ ਤਕ ਦਿੱਤੀ ਜਾ ਚੁੱਕੀ ਹੈ ।]

**ਕਾਮਰੇਡ ਬਾਬੂ ਸਿੰਘ ਮਾਸਟਰ** : ਸਪੀਕਰ ਸਾਹਿਬ, ਪਹਿਲਾਂ ਕਈ ਫ਼ੈਸਲੇ ਹੋ ਚੁੱਕੇ ਹਨ ਮਾਮਲਾ ਮਾਫ਼ ਹੋਣ ਦੇ ਬਾਰੇ ਵਿਚ । ਕੀ ਮਿਨਿਸਟਰ ਸਾਹਿਬ ਦਸਣਗੇ ਕਿ ਜੇ 10 ਏਕੜ ਤੇ ਮਾਲੀਆ ਮਾਫ਼ ਹੋਣ ਦਾ ਕੋਈ ਫ਼ੈਸਲਾ ਨਹੀਂ ਤਾਂ ਕਿਹੜਾ ਮਾਲੀਆ ਮਾਫ਼ ਹੋਣਾ ਅੰਡਰ ਕਨਸਿਡ-ਰੇਸ਼ਨ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਜਵਾਬ ਦਿੰਦਾ ਹਾਂ ਕਿ 10 ਏਕੜ ਤੇ ਮਾਲੀਆ ਮਾਫ਼ ਕਰਨ ਦਾ ਕੋਈ ਫ਼ੈਸਲਾ ਨਹੀਂ, 5 ਏਕੜ ਦਾ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸਤਪਾਲ ਡਾਂਗ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਕੀ ਮੌਜੂਦਾ ਸਰਕਾਰ ਦਸ ਏਕੜ ਤੇ ਮਾਲੀਆ ਮਾਫ਼ ਕਰਨ ਦੀ ਤਜਵੀਜ਼ ਤੇ ਕੋਈ ਗ਼ੌਰ ਕਰ ਰਹੀ ਹੈ ਜਾਂ ਕਰਨ ਨੂੰ ਤਿਆਰ ਹੈ ?

**ਮਾਲ ਮੰਤਰੀ** : ਹਾਲੇ ਤਕ ਇਸ ਬਾਰੇ ਕੋਈ ਵਿਚਾਰ ਨਹੀਂ ਕੀਤਾ ।

**ਸਰਦਾਰ ਲਛਮਣ ਸਿੰਘ ਗਿਲ** : ਸਪੀਕਰ ਸਾਹਿਬ, ਕੀ ਰਵੈਨਿਊ ਮਿਨਿਸਟਰ ਸਾਹਿਬ ਆਪਣੇ ਹਾਫ਼ਜ਼ੇ ਤੇ ਜ਼ੋਰ ਪਾ ਕੇ ਇਹ ਦਸਣਗੇ ਕਿ ਕੀ ਉਨ੍ਹਾਂ ਨੂੰ ਖੁਦ ਕੋਈ ਅਜਿਹੀ ਸਟੇਟਮੈਂਟ ਦਿਤੀ ਹੈ ਜਿਸ ਵਿਚ ਕਮਿਟਮੈਂਟ ਕੀਤੀ ਹੋਵੇ ਕਿ ਉਹ ਦਸ ਏਕੜ ਤਕ ਮਾਲੀਆ ਮਾਫ਼ ਕਰਨ ਨੂੰ ਤਿਆਰ ਹਨ ?

**ਮਾਲ ਮੰਤਰੀ** : ਨਹੀਂ ਜੀ ।

**ਸਰਦਾਰ ਲਛਮਣ ਸਿੰਘ ਗਿਲ** : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮਿਨਿਸਟਰ ਸਾਹਿਬ ਗਲਤਬਿਆਨੀ ਤੋਂ ਕੰਮ ਲੈ ਰਹੇ ਹਨ, ਅਸੀਂ ਇਸ ਬਾਰੇ ਪੇਪਰ ਹਾਊਸ ਦੇ ਮੇਜ਼ ਤੇ ਰਖ ਸਕਦੇ ਹਾਂ । (ਵਿਘਨ)

**ਕੈਪਟਨ ਰਤਨ ਸਿੰਘ** : ਰੈਵੇਨਯੂ ਮਿਨਿਸਟਰ ਸਾਹਬ ਨੇ ਜੋ ਬਿਆਨ ਅਖਬਾਰਾਂ ਵਿਚ ਦਿੱਤਾ ਹੈ ਉਸ ਦੀ ਕਨਟਰਾਡਿਕਸ਼ਨ ਨਹੀਂ ਆਈ । ਇਹ ਬਿਆਨ ਜਲੰਧਰ ਵਿਚ ਹੋਇਆ ਸੀ ।

**ਸ੍ਰੀ ਸਪੀਕਰ** : ਮੈਂ ਮਿਨਿਸਟਰ ਸਾਹਿਬ ਤੇ ਇਤਬਾਰ ਕਰਾਂ ਜਾਂ ਆਪ ਦੀਆਂ ਅਖਬਾਰੀ ਖਬਰਾਂ ਤੇ (Should I believe what the Minister says here or should I put faith in the news items appearing in the Press ?)

**ਸਰਦਾਰ ਲਛਮਣ ਸਿੰਘ ਗਿਲ** : ਅਗਰ ਮਿਨਿਸਟਰ ਸਾਹਬ ਗਲਤ ਬਿਆਨੀ ਤੋਂ ਕੰਮ ਲੈਣ ਤਾਂ ਆਪ ਇਥੇ ਬੈਠੇ ਹੋ ਅਤੇ ਮਿਨਿਸਟਰ ਨੂੰ ਗਲਤ ਬਿਆਨੀ ਦੀ ਜੁਰੱਤ ਨਹੀਂ ਹੋਣੀ ਚਾਹੀਦੀ । ਇਹ ਲੈਕਚਰ ਕਰਨ ਲਈ ਪਲੇਟਫ਼ਾਰਮ ਨਹੀਂ ਹੈ । ਮੈਂ ਡੈਫੀਨਿਟ ਚਾਰਜ ਲਗਾਂਦਾ ਹਾਂ ਕਿ ਮਿਨਿਸਟਰ ਸਾਹਬ ਗਲਤਬਿਆਨੀ ਤੋਂ ਕੰਮ ਲੈਂਦੇ ਹਨ । ਇਨ੍ਹਾਂ ਨੇ ਸਟੇਟਮੈਂਟ ਦਿਤੀ ਹੈ ਅਤੇ ਇਹ ਟੇਬਲ ਤੇ ਰਖੀ ਜਾ ਸਕਦੀ ਹੈ । (ਵਿਘਨ) ਸਪੀਕਰ ਸਾਹਬ ਆਪ ਦੀ ਰੂਲਿੰਗ ਕੀ ਹੈ । ਇਨ੍ਹਾਂ ਦੀ ਜਲੰਧਰੋਂ ਸਟੇਟਮੈਂਟ ਆਈ ਹੈ ਜਿਸ ਵਿਚ ਇਨ੍ਹਾਂ ਨੇ ਕਮਿਟ ਕੀਤਾ ਹੈ ਕਿ 10 ਏਕੜ ਤਕ ਮਾਲੀਆ ਮਾਫ਼ ਕਰ ਦਿਤਾ ਜਾਵੇਗਾ । ਅਗਰ ਇਹ ਖਬਰ ਗਲਤ ਹੈ ਤਾਂ ਕੀ ਇਨ੍ਹਾਂ ਨੇ ਉਸ ਨੂੰ ਕਨਟਰਾਡਿਕਟ ਕੀਤਾ ? ਕੀ ਇਹ ਇਨ੍ਹਾਂ ਦਾ ਆਪਣਾ ਫੈਸਲਾ ਹੈ ਜਾਂ ਸਰਕਾਰ ਦਾ ? ਅਸੀਂ ਪੇਪਰ ਮੇਜ਼ ਤੇ ਰਖਣ ਨੂੰ ਤਿਆਰ ਹਾਂ । ਇਹ ਗਲਤ ਬਿਆਨੀ ਕਰਦੇ ਹਨ ।

**ਸ੍ਰੀ ਸਪੀਕਰ** : ਆਪ ਨੇ ਸਵਾਲ ਕੀਤਾ ਹੈ ਜਾਂ ਲੈਕਚਰ ਦਿਤਾ ਹੈ ? (ਤਾੜੀਆਂ) (Has the hon. Member put a supplementary question or delivered a lecture ?)

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਣ ਸਿੰਘ ਗਿਲ** : ਮੇਰਾ ਸਵਾਲ ਇਹ ਹੈ ਕਿ ਇਨ੍ਹਾਂ ਨੇ ਸਟੇਟਮੈਂਟ ਇਸ਼ੂ ਕੀਤੀ ਜਾਂ ਨਹੀਂ ?

**ਸ੍ਰੀ ਸਪੀਕਰ** : ਉਨ੍ਹਾਂ ਇਸ ਦਾ ਜਵਾਬ ਕੈਟੇਗੋਰੀਕਲ ਦਿਤਾ ਹੈ । (He has given a categorical reply.)

**Sardar Lachhman Singh Gill** : Sir, I want a definite answer from the Government. My second question is, whether the Government will make a statement or not ? The Government should clarify the position and make a statement.

**ਸ੍ਰੀ ਸਪੀਕਰ** : ਰਿਕਾਰਡ ਵੇਖ ਲਵੋ, ਉਨ੍ਹਾਂ ਨੇ ਕਿਹਾ ਹੈ ਕਿ ਮੈਂ ਅਜਿਹੀ ਕੋਈ ਸਟੇਟਮੈਂਟ ਨਹੀਂ ਜਾਰੀ ਕੀਤੀ । (The hon. Member may refer to the record. The Minister has replied that he made no such statement.)

**ਸਰਦਾਰ ਉਮਰਾਉ ਸਿੰਘ** : ਅਗਰ ਮਿਨਿਸਟਰ ਇਥੇ ਆਕੇ ਮੁਕਰ ਜਾਵੇ ਤਾਂ ਉਸ ਦਾ ਇਲਾਜ ਹੋਣਾ ਚਾਹੀਦਾ ਹੈ ।

**चौधरी बलबीर सिंह** : अध्यक्ष महोदय, मेरा प्वायंट आफ आर्डर यह है कि मिनिस्टर साहिब के पास अखबारों के कटिंग्ज़ रोज़ जाते हैं और हर अखबार का कटिंग इन के नोटिस में आता है । जब ऐसी बात हो और वज़ीर साहिब की तरफ से उस की तरदीद न हो और यहाँ आ कर कहें कि उन्होंने ऐसा बयान नहीं दिया तो उस हालत में आप की तरफ से रूलिंग होनी चाहिये और यह बात प्रिवलेज कमेटी या किसी और कमेटी के सपुर्द होनी चाहिये ।

**श्री अध्यक्ष** : जो बयान हाऊस में मैंबरज़ देंगे मैं तो उन को दुरुस्त मानूंगा । [I will take as correct the statements made in the House by the hon. Members.]

**चौधरी बलबीर सिंह** : आन ए प्वायंट आफ आर्डर, सर । स्पीकर साहिब, आप का रूलिंग ठीक है मगर सवाल यह है कि जब इन के पास कटिंग्ज़ जाती हैं और यह कोई तरदीद नहीं करते तो एक कन्ट्राडिक्ट्री सी बात हो जाती है । इस बारे में आप कोई कार्यवाही करें । यह बड़ा ज़रूरी है ।

**ਮਾਲ ਮੰਤਰੀ** : ਇਹ ਸਵਾਲ ਪੈਦਾ ਨਹੀਂ ਹੁੰਦਾ ।

**ਕਾਮਰੇਡ ਸੱਤਪਾਲ ਡਾਂਗ** : ਕੀ ਸਰਕਾਰ ਨੂੰ ਪਤਾ ਹੈ ਕਿ 5 ਸਟੈਂਡਰਡ ਏਕੜਵ ਾਲਾ ਫੈਸਲਾ ਲਾਗੂ ਨਹੀਂ ਹੋ ਰਿਹਾ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਅਗਰ ਮੈਂਬਰ ਸਾਹਿਬਾਨ ਦੀ ਇਹ ਰਾਏ ਹੋਵੇਗੀ ਕਿ 10 ਏਕੜ ਤਕ ਇਹ ਫ਼ੈਸਲਾ ਲਾਗੂ ਕੀਤਾ ਜਾਵੇ ਤਾਂ ਇਸ ਬਾਰੇ ਇਨ੍ਹਾਂ ਸਾਰਿਆਂ ਨੂੰ ਕਾਨਫੀਡੈਂਸ ਵਿਚ ਲਿਆ ਜਾਵੇਗਾ। ਮੈਂ ਆਪ ਨੂੰ ਇਕ ਗਲ ਸਮਝਾਉਣਾ ਚਾਹੁੰਦਾ ਹਾਂ ਕਿ ਇਸ ਵਿਚ ਇਹ ਤਕਲੀਫ ਹੈ ਕਿ ਜੋ 5 ਸਟੈਂਡਰਡ ਏਕੜ ਹੈ ਉਹ 10 ਏਕੜ ਤੋਂ ਵਧ ਹੋ ਜਾਂਦਾ ਹੈ। ਅਗਰ ਮੈਂਬਰ ਸਾਹਿਬਾਨ ਦੀ ਖਾਹਿਸ਼ ਹੋਈ ਕਿ ਘਟਾਇਆ ਜਾਵੇ ਤਾਂ ਹੋਰ ਗਲ ਹੈ। 5 ਏਕੜ ਬਾਰੇ ਹੀ ਬਹੁਤ ਦੇਰ ਤਾਈਂ ਫ਼ੈਸਲਾ ਨਹੀਂ ਹੋਇਆ, ਹੁਣ ਅਸੀਂ ਹਲ ਕਢਿਆ ਹੈ। ਉਹ ਵਰਕ ਆਉਟ ਹੋਵੇਗਾ। ਤਕਲੀਫ ਇਹ ਹੋਈ ਕਿ ਸਾਢੇ ਪੰਜ ਸਟੈਂਡਰਡ ਏਕੜ 12 ਆਰਡੀਨਰੀ ਏਕੜ ਹੋ ਜਾਂਦੇ ਹਨ। ਬਾਕੀ ਜੋ ਲੈਜਿਸਲੇਟਰ ਕਹਿਣਗੇ ਕਰ ਦਿਆਂਗੇ।

**ਮੇਜਰ ਹਰਿੰਦਰ ਸਿੰਘ :** ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਇਹ ਜੋ ਸਰਕਾਰ ਨੇ ਪੰਜ ਸਟੈਂਡਰਡ ਏਕੜਾਂ ਤਾਈਂ ਮਾਲੀਆ ਮਾਫ਼ ਕਰਨ ਦਾ ਫ਼ੈਸਲਾ ਕੀਤਾ ਹੈ ਇਸ ਵਿਚ ਕਿੰਨੀ ਐਮਾਂਉਂਟ ਇਨਵਾਲਵਡ ਹੈ ?

**ਮੁੱਖ ਮੰਤਰੀ :** ਇਸ ਲਈ ਨੋਟਿਸ ਦਿਉ।

**चौधरी बलबीर सिंह :** स्पीकर साहिब, इस हाऊस में एक कानून पास हो गया। इस के मुताबिक कुछ लोगों को जो रियायतें मिलनी थीं वह नहीं मिलीं। इस के लिये कौन जिम्मेदार है ? क्या सरकार उस के खिलाफ ऐक्शन लेगी ?

**ਮੁੱਖ ਮੰਤਰੀ :** 17 ਮਾਰਚ ਤੋਂ ਪਹਿਲਾਂ ਤਾਂ ਹੋਰ ਸਰਕਾਰ ਜ਼ਿੰਮੇਦਾਰ ਸੀ। ਉਸ ਤੋਂ ਮਗਰੋਂ ਅਸੀਂ ਜ਼ਿੰਮੇਦਾਰ ਹਾਂ ਅਤੇ ਅਸੀਂ ਇਸ ਪਾਸੇ ਕਾਰਵਾਈ ਕਰ ਰਹੇ ਹਾਂ।

**चौधरी बलबीर सिंह :** अध्यक्ष महोदय, मेरा सवाल क्लियर है। सरकार एक मसलसल प्रासैस है, कन्टीन्यूड प्रासैस है। इस लिये जो आदमी इस ऐक्ट पर अमल न होने के लिये जिम्मेदार है, क्या सरकार उस के खिलाफ ऐक्शन लेगी ?

**ਮਾਲ ਮੰਤਰੀ :** ਐਕਟ ਦੇ ਪਾਸ ਹੋ ਜਾਣ ਮਗਰੋਂ ਇਸ ਤੇ ਅਮਲ ਕੀਤਾ ਜਾ ਰਿਹਾ ਹੈ। ਅਗਰ ਕੋਈ ਸਪੈਸੇਫਿਕ ਕੇਸ ਦਸੋਗੇ ਤਾਂ ਦੇਖ ਲਵਾਂਗੇ।

**चौधरी बलबीर सिंह :** स्पीकर साहिब, 5 स्टैंडर्ड एकड़ का मालिया माफ करने का कानून बना मगर माफ सिर्फ 5 एकड़ वालों का हुआ, 5 स्टैंडर्ड एकड़ वालों को माफ नहीं हुआ। इस बात के लिये जो आदमी जिम्मेदार है, क्या सरकार उस के खिलाफ ऐक्शन लेगी ?

**ਮੁੱਖ ਮੰਤਰੀ :** ਅਮਲ ਤਾਂ ਹੋ ਰਿਹਾ ਹੈ ਬਾਕੀ ਜੇ ਕਿਸੇ ਤੋਂ ਗਲਤ ਵਸੂਲੀ ਹੋ ਗਈ ਹੋਵੇਗੀ ਤਾਂ ਉਹ ਵਾਪਸ ਹੋ ਸਕਦੀ ਹੈ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਜੱਜ ਸਾਹਿਬ ਨੇ ਦਰੁਸਤ ਕਿਹਾ ਸੀ ਕਿ ਇਸ ਤਰ੍ਹਾਂ ਦਾ ਇਕ ਕੇਸ ਵੀ ਨਹੀਂ ਮਿਲਣ ਲਗਾ ਕਿਉਂਕਿ ਇਹ ਫੈਸਲਾ ਹੀ ਨਹੀਂ ਹੋਇਆ ਕਿ 5 ਏਕੜ ਕਿੰਨੇ ਹੁੰਦੇ ਹਨ ਤਾਂ ਸਪੈਸੇਫਿਕ ਕੇਸ ਕਿਥੋਂ ਮਿਲੇਗਾ ?

**चौधरी बलबीर सिंह** : एक कानून पास होता है मगर उस पर अमल नहीं होता तो इस तरह जिन लाखों लोगों को इस का फायदा होना था वह नहीं हो पाता उन लोगों से मालिया वसूल कर लिया जाता है। ठीक है वह वापिस तो हो जायगा मगर जिस आदमी की वजह से उन को तकलीफ हुई क्या उसके खिलाफ ऐक्शन होगा ?

---

CASES PENDING AGAINST STUDENTS.

*4. **Comrade Satya Pal Dang :** Will the Chief Minister be pleased to state :

(a) the number of students against whom any cases/prosecutions were pending in various courts in the State at the time when the new Government took office ;

(b) lay on the Table of the House a statement giving the names of such students and the details of the cases instituted against them ;

(c) state whether the said cases were in connection with some agitations launched by the students ; if so, the circumstances that led to these agitations ;

(d) state whether the Government intends to withdraw these cases ?

ਸਰਦਾਰ ਗੁਰਨਾਮ ਸਿੰਘ :

(ੳ) 15

(ਅ) ਸਟੇਟਮੈਂਟ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ੲ) 12-12-1968 ਨੂੰ ਖਾਲਸਾ ਕਾਲਜ ਸੁਧਾਰ ਦੇ ਵਿਦਿਆਰਥੀਆਂ ਦੇ ਇਕ ਗਰੋਹ ਨੇ ਪੁਲਿਸ ਕੋਲੋਂ ਇਕ ਲੜਕੇ ਨੂੰ ਜਿਹੜਾ ਕਿ ਵਿਦਿਆਰਥੀ ਨਹੀਂ ਸੀ ਅਤੇ ਜਿਸ ਨੂੰ ਲੜਕੀਆਂ ਨੂੰ ਛੇੜਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ, ਛੁੜਾਉਣ ਦੀ ਮੰਗ ਕੀਤੀ। ਪੁਲਿਸ ਦੇ ਉਹਨਾਂ ਦੀ ਮੰਗ ਮੰਨਣ ਤੋਂ ਨਾਂਹ ਕਰਨ ਤੇ ਵਿਦਿਆਰਥੀਆਂ ਨੇ ਪੁਲਿਸ ਚੌਕੀ

Original with;
Punjab Vidhan Sabha
Digitized by;
Panjab Digital Library

ਸੁਧਾਰ ਅਤੇ ਐਸ.ਐਚ.ਓ. ਥਾਣਾ ਰਾਏਕੋਟ, ਜ਼ਿਲ੍ਹਾ ਲੁਧਿਆਣਾ ਤੇ ਹਮਲਾ ਕਰ ਦਿਤਾ। ਇਸ ਸਬੰਧ ਵਿਚ ਜੋ ਕੇਸ ਦਰਜ ਹੋਏ ਅਤੇ ਜਿਹੜੇ ਵਿਦਿਆਰਥੀ ਗ੍ਰਿਫ਼ਤਾਰ ਹੋਏ ਉਹਨਾਂ ਦੀ ਰਿਹਾਈ ਲਈ ਬੰਗਾ ਅਤੇ ਅੰਮ੍ਰਿਤਸਰ ਦੇ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਚਲਾਏ ਗਏ ਅੰਦੋਲਨ ਦੇ ਫਲਸਰੂਪ ਸਟੇਟਮੈਂਟ ਦੀ ਲੜੀ ਨੰ: 8 ਤੋਂ 15 ਤੇ ਦਰਜ ਵਿਦਿਆਰਥੀ ਗ੍ਰਿਫ਼ਤਾਰ ਹੋਏ ਸਨ।

(ਸ) ਸਟੇਟਮੈਂਟ ਦੀ ਲੜੀ ਨੰ: 1 ਤੋਂ 7 ਤਕ ਦੇ ਵਿਦਿਆਰਥੀਆਂ ਵਿਰੁਧ ਕੇਸ ਹੁਣ ਮੌਜੂਦਾ ਸਰਕਾਰ ਨੇ ਵਾਪਸ ਲੈ ਲਏ ਹਨ। ਲੜੀ ਦੇ ਨੰ: 8 ਤੋਂ 11 ਤਕ ਦੇ ਵਿਦਿਆਰਥੀਆਂ ਵਿਰੁਧ ਧਾਰਾ 107/151 ਸੀ.ਆਰ.ਪੀ.ਸੀ. ਅਧੀਨ ਕਾਰਵਾਈ ਰੋਕ ਦਿਤੀ ਸੀ ਅਤੇ ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਅਦਾਲਤ ਨੇ ਮਿਤੀ 14-3-1969 ਨੂੰ ਬਰੀ ਕਰ ਦਿੱਤਾ ਹੈ।

---

Original with;
Punjab Vidhan Sabha
Digitized by;
Panjab Digital Library

## ਸਟੇਟਮੈਂਟ

| ਲੜੀ ਨੰ: | ਉਹਨਾਂ ਵਿਦਿਆਰਥੀਆਂ ਦੇ ਨਾਮ ਜਿਨ੍ਹਾਂ ਦੇ ਵਿਰੁਧ ਅਦਾਲਤਾਂ ਵਿਚ ਕੇਸਾਂ ਦਾ ਫ਼ੈਸਲਾ ਨਹੀਂ ਸੀ ਹੋਇਆ ਜਦ ਕਿ ਮੌਜੂਦਾ ਸਰਕਾਰ ਨੇ ਹਕੂਮਤ ਸੰਭਾਲੀ । | ਕਾਨੂੰਨ ਦੀ ਧਾਰਾ ਜਿਸ ਦੇ ਅਧੀਨ ਕੇਸ ਦਰਜ ਹੋਏ । | ਵਿਵਰਣ |
|---|---|---|---|
| 1 | ਸ਼੍ਰੀ ਸੁਰਿੰਦਰ ਸਿੰਘ | ਕੇਸ ਨੰ: 239 ਅਤੇ 240 ਮਿਤੀ 12.12.1968, ਜ਼ੇਰ ਧਾਰਾ 307/148/149 ਆਈ. ਪੀ. ਸੀ. ਥਾਣਾ ਰਾਏਕੋਟ, ਜ਼ਿਲ੍ਹਾ ਲੁਧਿਆਣਾ । | ਇਹ ਕੇਸ ਵਿਦਿਆਰਥੀਆਂ ਦੇ ਇਕ ਗਰੋਹ ਵਲੋਂ ਪੁਲਿਸ ਚੌਕੀ ਸੁਧਾਰ ਅਤੇ ਥਾਣਾ ਰਾਏਕੋਟ ਦੇ ਐਸ. ਐਚ. ਓ. ਤੇ ਹਮਲੇ ਦੇ ਫ਼ਲਸਰੂਪ ਦਰਜ ਹੋਏ । ਵਿਦਿਆਰਥੀ ਪੁਲਿਸ ਦੀ ਹਿਰਾਸਤ ਚੋਂ ਇਕ ਲੜਕੇ ਨੂੰ ਜਿਹੜਾ ਕਿ ਵਿਦਿਆਰਥੀ ਨਹੀਂ ਸੀ ਅਤੇ ਜਿਸ ਨੂੰ ਲੜਕੀਆਂ ਨੂੰ ਛੇੜਨ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਸੀ ਛੁਡਾਉਣਾ ਚਾਹੁੰਦੇ ਸਨ । |
| 2. | ਸ਼੍ਰੀ ਸੁਰਿੰਦਰ ਕੁਮਾਰ | | |
| 3. | ਸ਼੍ਰੀ ਬੋਧ ਰਾਜ | | |
| 4. | ਸ਼੍ਰੀ ਗੁਰਦੇਵ ਸਿੰਘ | | |
| 5. | ਸ਼੍ਰੀ ਗੁਰਚਰਨ ਸਿੰਘ | | |
| 6. | ਸ਼੍ਰੀ ਦਲੀਪ ਸਿੰਘ | | |
| 7. | ਸ਼੍ਰੀ ਗੁਰਮੀਤ ਸਿੰਘ | | |
| 8. | ਸ਼੍ਰੀ ਦੀਦਾਰ ਕਿਸ਼ਨ | ਜ਼ੇਰ ਧਾਰਾ 107/151 ਸੀ. ਆਰ. ਪੀ. ਸੀ. | ਇਹ ਵਿਦਿਆਰਥੀ ਮਿਤੀ 19.12.1968 ਨੂੰ ਅੰਮ੍ਰਿਤ-ਸਰ ਵਿਚ ਵਿਦਿਆਰਥੀ ਅੰਦੋਲਨ ਕਾਰਨ ਅਮਨੋ ਅਮਾਨ ਭਗ ਹੋਣ ਤੋਂ ਰੋਕਣ ਲਈ ਗ੍ਰਿਫ਼ਤਾਰ ਕੀਤੇ ਗਏ ਸਨ । |
| 9. | ਸ਼੍ਰੀ ਹਰਭਜਨ ਸਿੰਘ | | |
| 10. | ਸ਼੍ਰੀ ਪਿਆਰਾ ਸਿੰਘ ਬਲ | | |
| 11. | ਸ਼੍ਰੀ ਜਰਮਨਜੀਤ ਸਿੰਘ | | |

Original with; Punjab Vidhan Sabha Digitized by; Panjab Digital Library

| | | |
|---|---|---|
| 12. ਸ੍ਰੀ ਗੁਰਨਾਮ ਸਿੰਘ )<br>13. ਸ੍ਰੀ ਭੀਮ ਸੈਨ )<br>14. ਸ੍ਰੀ ਮੁਖਤਿਆਰ ਸਿੰਘ )<br>15. ਸ੍ਰੀ ਇਕਬਾਲ ਸਿੰਘ ) | ਕੇਸ ਨੰ: 222, ਮਿਤੀ 17.12.1968 ਜ਼ੇਰ ਧਾਰਾ 120/121 ਰੇਲਵੇ ਐਕਟ ਅਤੇਜ਼ੇਰ ਧਾਰਾ 424/506 ਆਈ. ਪੀ, ਸੀ. ਗੌਰਮਿੰਟ ਰੇਲਵੇ ਪੁਲਿਸ ਥਾਣਾ ਜਲੰਧਰ। | ਇਹ ਵਿਦਿਆਰਥੀ ਖਟਕੜ ਕਲਾਂ ਰੇਲਵੇ ਸਟੇਸ਼ਨ ਜ਼ਿਲ੍ਹਾਂ ਜਲੰਧਰ, ਦੇ ਬਤੀਆਂ ਅਤੇ ਦਫ਼ਤਰ ਦੇ ਦਰਵਾਜ਼ਿਆਂ ਦੇ ਸ਼ੀਸ਼ੇ ਤੋੜਨ ਦੇ ਦੋਸ਼ ਵਿਚ ਵਿਦਿਆਰਥੀ ਅੰਦੋਲਨ ਸਮੇਂ ਗ੍ਰਿਫ਼ਤਾਰ ਹੋਏ ਸਨ। |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤਪਾਲ ਡਾਂਗ** : ਇਸ ਲਿਸਟ ਵਿਚ 12 ਤੋਂ 15 ਤਕ ਦੇ ਜਿਹੜੇ ਕੇਸ ਹਨ ਉਨ੍ਹਾਂ ਦੇ ਬਾਰੇ ਵਿਚ ਸੀ. ਐਮ. ਸਾਹਿਬ ਨੇ ਕੁਝ ਨਹੀਂ ਕਿਹਾ। ਕੀ ਉਨ੍ਹਾਂ ਨੂੰ ਵੀ ਵਾਪਸ ਲੈਣ ਦਾ ਇਨ੍ਹਾਂ ਦਾ ਵਿਚਾਰ ਹੈ ਜਾਂ ਨਹੀਂ ?

**ਮੁੱਖ ਮੰਤਰੀ** : ਸਾਰਿਆਂ ਦੇ ਮੁਤਾਲਿਕ ਹੀ ਆਰਡਰ ਕਰ ਦਿਤੇ ਗਏ ਹਨ ਕਿ ਕੇਸ ਵਾਪਸ ਹੋ ਜਾਣ। ਜੇਕਰ ਫਿਰ ਵੀ ਕੋਈ ਰਹਿ ਗਿਆ ਹੈ ਤਾਂ ਡਾਂਗ ਸਾਹਿਬ ਮੇਰੇ ਨੋਟਿਸ ਵਿਚ ਲੈ ਆਉਣ ਤਾਂ ਉਸ ਨੂੰ ਵੀ ਵਾਪਸ ਕਰ ਲਿਆ ਜਾਵੇਗਾ। (ਪ੍ਰਸ਼ੰਸਾ)

**ਕਾਮਰੇਡ ਬਾਬੂ ਸਿੰਘ ਮਾਸਟਰ** : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਦ ਇਹ ਸੀ. ਐਮ. ਨਹੀਂ ਸਨ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਇਸ ਕੇਸ ਦੀ ਜੁਡੀਸ਼ਲ ਇਨਕੁਆਇਰੀ ਹੋਣੀ ਚਾਹੀਦੀ ਹੈ। ਹੁਣ ਜਦ ਕਿ ਇਹ ਆਪ ਸੀ. ਐਮ. ਹਨ ਤਾਂ ਕੀ ਇਸ ਕੇਸ ਦੀ ਜੁਡੀਸ਼ਲ ਇਨਕੁਆਇਰੀ ਕਰਾਉਣ ਲਈ ਤਿਆਰ ਹਨ ?

**ਮੁੱਖ ਮੰਤਰੀ** : ਇਸ ਤੋਂ ਤਾਂ ਇਹ ਸਵਾਲ ਨਹੀਂ ਉਠਦਾ, ਪਰ ਜੇਕਰ ਕੋਈ ਗਲ ਇਸ ਤਰ੍ਹਾਂ ਦੀ ਆਵੇਗੀ ਤਾਂ ਉਸ ਨੂੰ ਐਗਜ਼ਾਮਿਨ ਕਰਾਂਗੇ।

**ਸਰਦਾਰ ਤ੍ਰਿਲੋਚਨ ਸਿੰਘ ਰਿਆਸਤੀ** : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿਹੜੇ ਵਿਦਿਆਰਥੀ ਫੜੇ ਗਏ ਇਹ ਸਾਰੇ ਨਕਸਲਬਾੜੀ ਲਹਿਰ ਨਾਲ ਤਆਲੁਕ ਰਖਦੇ ਸਨ ?

**ਮੁੱਖ ਮੰਤਰੀ** : ਇਸ ਸਵਾਲ ਵਿਚੋਂ ਤਾਂ ਇਹ ਪੈਦਾ ਨਹੀਂ ਹੁੰਦਾ, ਨਵਾਂ ਨੋਟਿਸ ਦਿਉ, ਪਤਾ ਕਰਕੇ ਦਸ ਦੇਵਾਂਗਾ।

**ਸਰਦਾਰ ਉਮਰਾਓ ਸਿੰਘ** : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਹ ਜਿਹੜੇ ਕੇਸ ਵਿਦਿਆਰਥੀਆਂ ਦੇ ਖਿਲਾਫ਼ ਬਣਾਏ ਗਏ ਇਹ ਸਿਆਸੀ ਨੌਈਅਤ ਦੇ ਸਨ ਜਾਂ ਕ੍ਰਿਮੀਨਲ ਕਿਸਮ ਦੇ ਸਨ ?

**ਮੁੱਖ ਮੰਤਰੀ** : ਸਿਆਸੀ ਨਹੀਂ ਸਨ। ਇਹ ਤਾਂ ਆਪ ਵਕੀਲ ਹਨ ਸਵਾਲ ਸੋਚ ਕੇ ਕਰ ਲਿਆ ਕਰਨ। (ਹਾਸਾ)

**ਸਰਦਾਰ ਉਮਰਾਓ ਸਿੰਘ** : ਮੈਂ ਤਾਂ ਸਵਾਲ ਬਿਲਕੁਲ ਸਾਫ਼ ਪੁਛਿਆ ਹੈ ਕਿ ਕੀ ਇਨ੍ਹਾਂ ਦੇ ਵਿਰੁਧ ਕੇਸ ਸਿਆਸੀ ਬਿਨਾ ਤੇ ਬਣਾਏ ਗਏ ਜਾਂ ਇਨ੍ਹਾਂ ਦੇ ਖਿਲਾਫ਼ ਕ੍ਰਿਮੀਨਲ ਚਾਰਜਿਜ਼ ਸਨ ?

**ਮੁੱਖ ਮੰਤਰੀ** : ਕ੍ਰਿਮੀਨਲ ਕੇਸਾਂ ਦੇ ਬਾਰੇ ਤਾਂ ਮੈਂ ਦਸ ਹੀ ਦਿਤਾ ਹੈ। ਜੇਕਰ ਕੋਈ ਹੋਰ ਨੋਟਿਸ ਦੇਣ ਤਾਂ ਪਤਾ ਕਰ ਦਿਆਂਗਾ।

**ਕਾਮਰੇਡ ਬਾਬੂ ਸਿੰਘ ਮਾਸਟਰ** : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿਨ੍ਹਾਂ ਵਿਦਿਆਰਥੀਆਂ ਦੇ ਵਿਰੁਧ ਦਫਾ 107/151 ਦੇ ਕੇਸ ਬਣਾਏ ਗਏ, ਸੀ ਉਨ੍ਹਾਂ ਦੇ ਵਿਰੁਧ ਕਿਸ ਨੇ ਕੇਸ ਦਿਤੇ ਸਨ ਅਤੇ ਕਿਸ ਨੂੰ ਉਨਾਂ ਤੋਂ ਖਤਰਾ ਸੀ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਇਹ ਤਾਂ ਡੀਟੇਲਜ਼ ਦਾ ਸਵਾਲ ਹੈ, ਇਸ ਲਈ ਵਖਰੇ ਨੋਟਿਸ ਦੀ ਲੋੜ ਹੈ ।

---

MURDER NEAR SHARIFPURA, AMRITSAR ON OR ABOUT 13-1-1969.

*5. **Comrade Satya Pal Dang:** Will the Chief Minister be pleased to state :

(a) whether one Faqiria (Faqir Singh) s/o Jhanda Singh, a rickshaw puller of Amritsar was murdered on or about 13-1-1969 near Sharifpura, Amritsar ;

(b) if the answer to part (a) above be in the affirmative, whether any case has been registered by the police in connection with the said murder ;

(c) whether any suspects have been arrested ; if so, their names and if not, the reasons for not apprehending them so far ?

**ਸਰਦਾਰ ਗੁਰਨਾਮ ਸਿੰਘ :**

(ੳ) ਹਾਂ ਜੀ ।

(ਅ) ਹਾਂ ਜੀ ।

(ੲ) ਨਹੀਂ, ਮੁਜਰਮ ਨੂੰ ਫੜਨ ਲਈ ਜ਼ਬਰਦਸਤ ਕੋਸ਼ਿਸ਼ ਕੀਤੀ ਜਾ ਰਹੀ ਹੈ ।

**ਸ਼੍ਰੀ ਗਿਆਨ ਚੰਦ ਖਰਬੰਦਾ :** ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਕੀ ਕਾਰਵਾਈ ਕੀਤੀ ਗਈ ਹੈ ਅਤੇ ਕੀ ਕਦਮ ਇਸ ਪਖ ਵਿਚ ਚੁਕੇ ਗਏ ਹਨ ?

**ਮੁੱਖ ਮੰਤਰੀ :** ਜੋ ਪੁਲਿਸ ਵਲੋਂ ਕਦਮ ਚੁਕੇ ਜਾਣੇ ਚਾਹੀਦੇ ਹਨ, ਚੁਕੇ ਗਏ ਹਨ ਅਤੇ ਆਪਣੇ ਵਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਨਵੈਸਟੀਗੇਸ਼ਨ ਤੋਂ ਇਹੀ ਭਾਵ ਹੈ ।

**ਕਾਮਰੇਡ ਸੱਤਪਾਲ ਡਾਂਗ :** ਕੀ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗਲ ਹੈ ਕਿ ਜਿਹੜਾ ਮੁਲਜ਼ਮ ਹੈ ਉਸ ਦਾ ਨਾਮ ਐਫ.ਆਈ.ਆਰ. ਵਿਚ ਦਰਜ ਹੈ ਅਤੇ ਕੀ ਜਿਸ ਆਦਮੀ ਦਾ ਕਤਲ ਕੀਤਾ ਗਿਆ ਉਸ ਦੇ ਰਿਸ਼ਤੇਦਾਰ ਚੀਫ ਮਨਿਸਟਰ ਸਾਹਿਬ ਨੂੰ ਗਿਲਾ ਕਰਦੇ ਹਨ ਕਿ ਕਤਲ ਕਰਨ ਵਾਲਾ ਖੁਲ੍ਹੇ ਆਮ ਚੌਂਕਾਂ ਵਿਚ ਫਿਰਦਾ ਹੈ ਅਤੇ ਪੁਲਿਸ ਉਸਨੂੰ ਫੜਦੀ ਨਹੀਂ ?

**ਮੁੱਖ ਮੰਤਰੀ :** ਇਨ੍ਹਾਂ ਕਾਗਜ਼ਾਂ ਵਿਚ ਤਾਂ ਨਹੀਂ ਦਿਸਦਾ । ਜੇਕਰ ਡਾਂਗ ਸਾਹਿਬ ਪਾਸ ਇਤਲਾਹ ਹੈ ਤਾਂ ਮੈਨੂੰ ਦੇ ਦੇਣ ਮੈਂ ਦਰਿਆਫਤ ਕਰ ਲਵਾਂਗਾ ।

Original with;
Punjab Vidhan Sabha
Digitized by;
Panjab Digital Library

## LADY HEALTH VISITORS

*7. **Comrade Satya Pal Dang**: Will the Chief Minister be pleased to state :

(a) the details of the arrangements made by the Government to train Lady Health Visitors in the State;

(b) the number of Lady Health Visitors who are trained each year ;

(c) the quantum of stipend which is given to each trainee ;

(d) the amount each trainee is required to pay for the food supplied to her from the mess ;

(e) the number of trainees belonging to the Scheduled Castes who were admitted for this training during the last 10 years, year wise ,

(f) whether the Scheduled Caste trainees are given any special extra stipend ?

**ਸਰਦਾਰ ਗੁਰਨਾਮ ਸਿੰਘ** :

(ਏ) ਪੰਜਾਬ ਸਿਹਤ ਸਕੂਲ, ਅੰਮ੍ਰਿਤਸਰ ਅਤੇ ਪੰਜਾਬ ਸਿਹਤ ਸਕੂਲ, ਲੁਧਿਆਣਾ ਵਿਚ ਪ੍ਰਬੰਧ ਕੀਤਾ ਹੋਇਆ ਹੈ ।

(ਬੀ) 42

(ਸੀ) 50 ਰੁਪਏ ਮਹੀਨਾ ।

(ਡੀ) 45 ਰੁਪਏ ਮਹੀਨਾ ।

(ਈ) 61

| | |
|---|---|
| 1959 | 4 |
| 1960 | 0 |
| 1961 | 9 |
| 1962 | 9 |
| 1963 | 7 |
| 1964 | 9 |
| 1965 | 5 |
| 1966 | 8 |
| 1967 | 5 |
| 1968 | 5 |
| | 61 |

(ਐਫ) ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤਪਾਲ ਡਾਂਗ :** ਕੀ ਮੁੱਖ ਮੰਤਰੀ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਸ਼ਡੂਲ ਕਾਸਟ ਲੜਕੀਆਂ ਦੀ ਲੇਡੀ ਹੈਲਥ ਵਿਜ਼ਿਟਰ ਦੇ ਕੋਰਸ ਲਈ ਐਡਮਿਸ਼ਨ ਘਟ ਹੁੰਦੀ ਹੈ ? ਇਸ ਘਾਟ ਨੂੰ ਦੂਰ ਕਰਨ ਲਈ ਕੀ ਸਰਕਾਰ ਇਸ ਗਲ ਤੇ ਵਿਚਾਰ ਕਰੇਗੀ ਕਿ ਜਿਹੜਾ ਜੈਨਰਲ ਸਟਾਈਪੈਂਡ ਦਿਤਾ ਜਾਂਦਾ ਹੈ ਇਸ ਤੋਂ ਇਲਾਵਾ ਹੋਰ ਮਾਲੀ ਸਹਾਇਤਾ ਦਿਤੀ ਜਾਵੇ ਤਾਕਿ ਸ਼ਡੂਲ ਕਾਸਟ ਲੜਕੀਆਂ ਇਹ ਸਿਖਲਾਈ ਲੈ ਸਕਣ ?

**ਮੁੱਖ ਮੰਤਰੀ :** ਮੈਂ ਡਾਂਗ ਸਾਹਿਬ ਆਪ ਦਾ ਸਵਾਲ ਨਹੀਂ ਸਮਝਿਆ ।

**ਕਾਮਰੇਡ ਸੱਤਪਾਲ ਡਾਂਗ :** ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੀਆਂ ਲੜਕੀਆਂ ਲੇਡੀ ਹੈਲਥ ਵਿਜ਼ਿਟਰ ਦੀ ਸਿਖਲਾਈ ਲੈਂਦੀਆਂ ਹਨ ਉਨ੍ਹਾਂ ਨੂੰ 50/- ਰੁਪਏ ਮਹੀਨਾ ਸਟਾਈਪੈਂਡ ਮਿਲਦਾ ਹੈ ਅਤੇ 45/- ਰੁਪਏ ਮਹੀਨਾ ਰੋਟੀ ਦੇ ਕਟ ਲਏ ਜਾਂਦੇ ਹਨ । ਇਸ ਕੋਰਸ ਵਿਚ ਸ਼ਡੂਲ ਕਾਸਟ ਲੜਕੀਆਂ ਦੀ ਪ੍ਰੋਪੋਰਸ਼ਨ ਘਟ ਹੈ ਜਿਸ ਤਰ੍ਹਾਂ ਕਿ ਇਨ੍ਹਾਂ ਨੇ ਸਟੇਟਮੈਂਟ ਦਿਤੀ ਹੈ ਤਾਂ ਕੀ ਸਰਕਾਰ ਜਨਰਲ ਸਟਾਈਪੈਂਡ ਤੋਂ ਇਲਾਵਾ ਹੋਰ ਕੋਈ ਵਖਰਾ ਸਟਾਈਪੈਂਡ ਇਨ੍ਹਾਂ ਲੜਕੀਆਂ ਨੂੰ ਦੇਵੇਗੀ ਤਾਕਿ ਸ਼ਡੂਲ ਕਾਸਟ ਲੜਕੀਆਂ ਇਸ ਕੋਰਸ ਵਿਚ ਦਾਖਲ ਹੋ ਸਕਣ ?

**ਮੁੱਖ ਮੰਤਰੀ :** ਇਸ ਤੋਂ ਤਾਂ ਇਹ ਪਤਾ ਨਹੀਂ ਲਗਦਾ ਕਿ ਕੇਵਲ ਸਟਾਈਪੈਂਡ ਕਰਕੇ ਸ਼ਡੂਲ ਕਾਸਟ ਲੜਕੀਆਂ ਦਾਖਲ ਨਹੀਂ ਹੋ ਸਕੀਆਂ । ਇਨ੍ਹਾਂ ਨੇ ਇਕ ਕੰਪੋਜ਼ਿਟ ਕਾਰਣ ਦਿਤਾ ਹੈ ਕਿ ਇਸ ਵਜਾਹ ਕਰ ਕੇ ਇਹ ਦਾਖਲ ਨਹੀਂ ਹੋਈਆਂ । ਇਹ ਵੀ ਨਹੀਂ ਪਤਾ ਕਿ ਜਾਣਕੇ ਅਗੇ ਨਹੀਂ ਆਉਂਦੀਆਂ ਜਾਂ ਰੀਜੈਕਟ ਹੋ ਜਾਂਦੀਆਂ ਹਨ ।

ਬਾਕੀ 50 ਰੁਪਏ ਸਟਾਈਪੈਂਡ ਇਸ ਸਮੇਂ ਕਾਫੀ ਸਮਝਿਆ ਜਾਂਦਾ ਹੈ । ਜੇਕਰ ਹੋਰ ਕੋਈ ਗਲ ਨੋਟਿਸ ਵਿਚ ਆਈ ਤਾਂ ਦੇਖ ਲਿਆ ਜਾਵੇਗਾ ।

**ਕੈਪਟਨ ਰਤਨ ਸਿੰਘ :** ਕੀ ਮੁਖ ਮੰਤਰੀ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਕੀ ਉਹ ਦਸ ਸਕਦੇ ਹਨ ਕਿ ਕਿੰਨੀਆਂ ਐਪਲੀਕੇਸ਼ਨਾਂ ਸ਼ਡੂਲ ਕਾਸਟ ਲੜਕੀਆਂ ਵਲੋਂ ਆਈਆਂ ਤੇ ਕਿੰਨੀਆਂ ਰੀਜੈਕਟ ਕੀਤੀਆਂ ਗਈਆਂ ?

**ਮੁੱਖ ਮੰਤਰੀ :** ਇਸ ਲਈ ਤਾਂ ਵਖਰਾ ਨੋਟਿਸ ਦਿਉ ।

**ਕਾਮਰੇਡ ਸੱਤਪਾਲ ਡਾਂਗ :** ਕੀ ਮੁੱਖ ਮੰਤਰੀ ਸਾਹਿਬ ਦਸਣਗ ਕਿ ਜਦ 50/- ਰੁਪਏ ਸਟਾਈਪੈਂਡ ਮੁਕੱਰਰ ਕੀਤਾ ਗਿਆ ਸੀ ਤਾਂ ਮੈਸ ਐਕਸਪੈਂਸਿਜ਼ ਘਟ ਲਏ ਜਾਂਦੇ ਸਨ ਪਰ ਹੁਣ ਮੈਸ ਐਕਸਪੈਂਸ ਵਧ ਗਏ ਹਨ ਤਾਂ ਕੀ ਇਸ ਦੇ ਮੁਕਾਬਲੇ ਵਿਚ ਸਰਕਾਰ 50/- ਰੁਪਏ ਦੇ ਸਟਾਈਪੈਂਡ ਨੂੰ ਵਧਾਉਣ ਲਈ ਤਿਆਰ ਹੈ ?

**ਮੁੱਖ ਮੰਤਰੀ :** ਇਹ ਇਸ ਸਵਾਲ ਤੋਂ ਐਰਾਈਜ਼ ਨਹੀਂ ਹੁੰਦਾ ।

———

Original with;
Punjab Vidhan Sabha
Digitized by;
Panjab Digital Library

## CHANGES IN THE PANCHAYAT RAJ STRUCTURE

*16. **Comrade Babu Singh Master** : Will the Chief Minister be pleased to state ,

(a) whether the Government is seriously contemplating any changes in the existing Panchayat Raj structure in the State ; if so, the main guide-lines of the proposed changes ;

(b) the time by which the Government will take a final decision in the matter ?

**ਸਰਦਾਰ ਗੁਰਨਾਮ ਸਿੰਘ** :

(ਏ) ਇਹ ਮਾਮਲਾ ਹਾਲੇ ਤਾਈਂ ਸਰਕਾਰ ਦੇ ਵਿਚਾਰ ਅਧੀਨ ਹੈ ।

(ਬੀ) ਉਪਰੋਕਤ (ਏ) ਦੇ ਅਨੁਸਾਰ ਇਸ ਮਾਮਲੇ ਬਾਰੇ ਅੰਤਮ ਫੈਸਲਾ ਕਰਨ ਲਈ ਹਾਲੇ ਕੁਝ ਸਮਾਂ ਲਗੇਗਾ ।

**ਸਰਦਾਰ ਨਰਿੰਦਰ ਸਿੰਘ** : ਕੀ ਬਜਟ ਸੈਸ਼ਨ ਵਿਚ ਇਸ ਸਬੰਧ ਵਿਚ ਚੀਫ ਮਨਿਸਟਰ ਸਾਹਿਬ ਬਿਲ ਲਿਆਣ ਦਾ ਵਿਚਾਰ ਰਖਦੇ ਹਨ ?

**ਮੁੱਖ ਮੰਤਰੀ** : ਅਜੇ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ।

**ਕਾਮਰੇਡ ਬਾਬੂ ਸਿੰਘ ਮਾਸਟਰ** : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿਹੜੀ ਉਨ੍ਹਾਂ ਨੇ ਇਸ ਹਾਊਸ ਤੋਂ ਬਾਹਰ ਸਟੇਟਮੈਂਟ ਦਿਤੀ ਸੀ ਕਿ ਪੰਚਾਇਤੀ ਰਾਜ ਸਿਸਟਮ ਨੂੰ ਤਬਦੀਲ ਕਰ ਦਿਤਾ ਜਾਵੇਗਾ ਅਤੇ ਇਸ ਦੀ ਥਾਂ ਐਸ. ਪੀ. ਅਤੇ ਡੀ. ਸੀ. ਰਾਹੀ ਕੰਮ ਲਿਆ ਜਾਵੇਗਾ ਤਾਂ ਕੀ ਉਹ ਸਟੇਟਮੈਂਟ ਇਨ੍ਹਾਂ ਦੀ ਇਨਡੀਵਿਜੁਅਲ ਕਪੈਸਿਟੀ ਵਿਚ ਸੀ ਜਾਂ ਐਜ਼ ਸੀ. ਐਮ. ਸੀ ?

**ਮੁੱਖ ਮੰਤਰੀ** : ਕੋਈ ਐਸੀ ਗਲ ਨਹੀਂ ਸੀ । ਮੈਂ ਇਹ ਮਹਿਸੂਸ ਕੀਤਾ ਸੀ ਕਿ ਪੰਚਾਇਤੀ ਰਾਜ ਦਾ ਤਜਰਬਾ ਕਾਮਯਾਬ ਨਹੀਂ ਹੋਇਆ, ਇਸ ਵਿਚ ਤਬਦੀਲੀ ਲਿਆਣ ਦੀ ਲੋੜ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਰੀਆਂ ਸਿਆਸੀ ਪਾਰਟੀਆਂ ਅਤੇ ਲੈਜਿਸਲੇਚਰ ਦੇ ਸਾਰੇ ਮੈਂਬਰ ਸਾਹਿਬਾਨ ਨਾਲ ਸਲਾਹ ਕਰਕੇ ਗਲ ਬਾਤ ਕਰਕੇ ਜੇਕਰ ਰੀਫਾਰਮ ਦੀ ਲੋੜ ਹੋਈ ਤਾਂ ਕੀਤੀ ਜਾਵੇਗੀ ।

**ਸਰਦਾਰ ਉਮਰਾਓ ਸਿੰਘ** : ਕੀ ਚੀਫ ਮਨਿਸਟਰ ਸਾਹਿਬ ਇਸ ਮਸਲੇ ਤੇ ਸਾਰੀਆਂ ਪਾਰਟੀਆਂ ਦੀ ਇਕ ਕਮੇਟੀ ਬਨਾਉਣ ਦੇ ਵਾਸਤੇ ਤਿਆਰ ਹਨ ?

**ਮੁੱਖ ਮੰਤਰੀ** : ਮੈਂ ਅਜੇ ਕੋਈ ਐਸੀ ਕਮੇਟੀ ਬਨਾਉਣ ਦੀ ਜ਼ਰੂਰਤ ਮਹਿਸੂਸ ਨਹੀਂ ਕਰਦਾ । ਮੈਂ ਇਸ ਮੁਆਮਲੇ ਨੂੰ ਹੋਰ ਵਡੇਰੇ ਸਰਕਲ ਵਿਚ ਲੈ ਜਾਣਾ ਚਾਹੁੰਦਾ ਹਾਂ । ਮੈਂ ਇਸ

Original with;
Punjab Vidhan Sabha
Digitized by;
Panjab Digital Library

ਬਾਰੇ ਬਾਹਰਲੇ ਲੋਕਾਂ ਦੀ ਰਾਏ ਅਨੁਸਾਰ ਕੰਮ ਕਰਨਾ ਚਾਹੁੰਦਾ ਹਾਂ। ਜੇ ਉਹ ਕਹਿਣ ਕਿ ਪੰਚਾਇਤੀ ਰਾਜ ਚੰਗਾ ਹੈ ਤਾਂ ਪੰਚਾਇਤਾਂ ਕਾਇਮ ਰਹਿਣਗੀਆਂ ਨਹੀਂ ਤਾਂ ਨਹੀਂ।

**चौधरी बलबीर सिंह :** क्या मुख्य मन्त्री जी यह भी जानते हैं कि पचायती राज्य में हज़ारों आदमियों ने कहा है कि लैजिसलेचर्ज़ ठीक फंक्शन नहीं करतीं ? क्या यह भी तोड़ देंगे ?

**ਮੁੱਖ ਮੰਤਰੀ :** ਨਹੀਂ ਜੀ, ਮੇਰੇ ਪਾਸ ਐਸੀ ਕੋਈ ਇਤਲਾਹ ਨਹੀਂ।

**ਕਾਮਰੇਡ ਸੱਤਪਾਲ ਡਾਂਗ :** ਕੀ ਚੀਫ ਮਨਿਸਟਰ ਸਾਹਿਬ ਦੇ ਇਹ ਗੱਲ ਧਿਆਨ ਵਿਚ ਆਈ ਹੈ ਕਿ ਪਹਿਲੀ ਪੰਜਾਬ ਸਰਕਾਰ ਨੇ ਇਸ ਸਬੰਧ ਵਿਚ ਇਕ ਕਮੇਟੀ ਮੁਕਰੱਰ ਕੀਤੀ ਸੀ, ਜਿਸ ਦੇ ਪ੍ਰਧਾਨ ਸਰਦਾਰ ਰਾਜਿੰਦਰ ਸਿੰਘ ਜੀ ਐਮ. ਐਲ. ਸੀ. ਸਨ ? ਕੀ ਸਰਕਾਰ ਕੋਈ ਕਮੇਟੀ ਬਨਾਉਣ ਤੋਂ ਪਹਿਲਾਂ ਇਸ ਸਬੰਧ ਵਿਚ ਉਨ੍ਹਾਂ ਦੀ ਰਿਪੋਰਟ ਤੇ ਵਿਚਾਰ ਕਰੇਗੀ ?

**ਮੁੱਖ ਮੰਤਰੀ :** ਜੀ ਹਾਂ, ਅਸੀਂ ਉਸ ਰਿਪੋਰਟ ਤੇ ਜ਼ਰੂਰ ਵਿਚਾਰ ਕਰਾਂਗੇ।

**ਮੇਜਰ ਹਰਿੰਦਰ ਸਿੰਘ :** ਮੈਂ ਇਹ ਗੱਲ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਜੋ ਕਦਮ ਉਠਾ ਰਹੀ ਹੈ ਕੀ ਉਹ ਪੰਚਾਇਤੀ ਰਾਜ ਨੂੰ ਖਤਮ ਕਰਨ ਦੇ ਸਿਲਸਿਲੇ ਵਿਚ ਹੈ ਜਾਂ ਇਹ ਇਸ ਵਿਚ ਸੁਧਾਰ ਲਿਆਉਣ ਲਈ ਹੈ ?

**ਮੁੱਖ ਮੰਤਰੀ :** ਜੇਕਰ ਲੋਕ ਰਾਏ ਇਸ ਵਿਚ ਸੁਧਾਰ ਕਰਨ ਲਈ ਹੋਵੇਗੀ ਤਾਂ ਸੁਧਾਰ ਕੀਤਾ ਜਾਵੇਗਾ ਤੇ ਜੇ ਲੋਕ ਰਾਏ ਇਸ ਨੂੰ ਖਤਮ ਕਰਨ ਲਈ ਹੋਵੇਗੀ ਤਾਂ ਇਸ ਨੂੰ ਖਤਮ ਕੀਤਾ ਜਾਵੇਗਾ।

**ਭਗਤ ਗੁਰਾਂ ਦਾਸ ਹੰਸ :** ਕਿਤੇ ਪੰਚਾਇਤੀ ਰਾਜ ਇਸ ਲਈ ਤਾਂ ਨਹੀਂ ਖਤਮ ਕੀਤਾ ਜਾ ਰਿਹਾ ਕਿਉਂਕਿ ਪੰਚਾਇਤਾਂ ਵਿਚ ਬਹੁਤੀ ਗਿਣਤੀ ਹਰੀਜਨਾਂ ਦੀ ਹੈ ?

**ਮੁੱਖ ਮੰਤਰੀ :** ਭਗਤ ਸਾਹਿਬ ਦੀ ਕੋਈ ਸਹੀ ਸੋਚ ਨਹੀਂ।

**ਸਰਦਾਰ ਸੰਤੋਖ ਸਿੰਘ :** ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਉਹ ਲੋਕ ਰਾਏ ਕਿਸ ਤਰ੍ਹਾਂ ਲੈਣਗੇ ? ਕੀ ਉਹ ਆਪਣੀ ਪਾਰਟੀ ਮੀਟਿੰਗ ਵਿਚ ਲੋਕ ਰਾਏ ਲੈਣਗੇ ਜਾਂ ਆਮ ਲੋਕਾਂ ਦੀ ਰਾਏ ਹੋਵੇਗੀ ? ਉਨ੍ਹਾਂ ਦਾ ਲੋਕ ਰਾਏ ਤੋਂ ਕੀ ਭਾਵ ਹੈ ?

**ਮੁੱਖ ਮੰਤਰੀ :** ਮੈਂ ਬਹੁਤੀ ਡੀਟੇਲ ਵਿਚ ਨਹੀਂ ਜਾਂਦਾ। ਉਹ ਕਿਸੇ ਜਗ੍ਹਾ ਦਾ ਨਾਉਂ ਲੈਣ ਅਸੀਂ ਉਥੇ ਇਕਠ ਕਰਕੇ ਵੀ ਪੁਛ ਗਿਛ ਕਰ ਸਕਦੇ ਹਾਂ।

**ਸਰਦਾਰ ਉਮਰਾਓ ਸਿੰਘ :** ਮੈਂ ਮੁੱਖ ਮੰਤਰੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਹ ਇਹ ਗੱਲ ਸਾਫ ਕਰਕੇ ਦਸਣ ਕਿ ਕਿਸ ਏਜੈਂਸੀ ਦੀ ਮਾਰਫਤ ਰਾਏ ਲੈਣਗੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਜਿਹੜੀ ਪਾਰਟੀ ਜਨਤਾ ਨੂੰ ਰਿਪਰੈਜ਼ੈਂਟ ਕਰਦੀ ਹੈ, ਕਾਂਗਰਸ ਜਾਂ ਕੋਈ ਹੋਰ ਉਹ ਇਸ ਬਾਰੇ ਰਾਏ ਦੇ ਸਕਦੀ ਹੈ। ਅਸੀਂ ਲੋਕਾਂ ਦੀ ਰਾਏ ਲੈਣੀ ਹੈ ਕਿਸੇ ਇਕ ਦੀ ਨਹੀਂ।

**चौधरी बलबीर सिंह** : मैं मुख्य मन्त्री के चैलेंज को स्वीकार करता हूं। वह अगर राय शुमारी कराना चाहते हैं तो मेरे ज़िला हुशियारपुर में तशरीफ लायें।

**ਮੇਜਰ ਹਰਿੰਦਰ ਸਿੰਘ** : ਕੀ ਚੀਫ ਮਨਿਸਟਰ ਸਾਹਿਬ ਇਹ ਐਸ਼ੋਰੈਂਸ ਦੇਣ ਲਈ ਤਿਆਰ ਹਨ, ਜਿਸ ਤਰ੍ਹਾਂ ਉਨ੍ਹਾਂ ਨੇ ਫਰਮਾਇਆ ਹੈ ਕਿ ਕਿਸੇ ਪਿੰਡ ਵਿਚ ਚਲੇ ਜਾਉ ਉਹ ਉਥੇ ਰਾਏ ਲੈਣ ਵਾਸਤੇ ਤਿਆਰ ਹਨ ਕਿ ਉਨ੍ਹਾਂ ਦੇ ਉਲਟ ਰਾਏ ਦੇਣ ਵਾਲਿਆਂ ਨੂੰ ਕਿਸੇ ਮੁਕਦਮੇ ਵਿਚ ਫਸਾਇਆ ਨਹੀਂ ਜਾਵੇਗਾ ?

**ਮੁੱਖ ਮੰਤਰੀ** : ਮੈਂ ਮੇਜਰ ਸਾਹਿਬ ਦੀ ਬੜੀ ਇਜਤ ਕਰਦਾ ਹਾਂ, ਪਰ ਮੈਨੂੰ ਅਫਸੋਸ ਹੈ ਕਿ ਉਹ ਗਲਤ ਪਾਸੇ ਕਿਉਂ ਚਲ ਪਏ। ਇਥੇ ਮੈਂ ਨਾ ਕਿਸੇ ਪਿੰਡ ਦਾ ਨਾਉਂ ਲਿਆ ਹੈ ਅਤੇ ਨਾ ਹੀ ਮੈਂ ਕਿਸੇ ਮੁਕਦਮੇ ਦੀ ਗੱਲ ਕੀਤੀ ਹੈ।

**ਕੈਪਟਨ ਰਤਨ ਸਿੰਘ** : ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿਤੇ ਉਨ੍ਹਾਂ ਨੂੰ ਲੁਧਿਆਣੇ ਦੀ ਪੰਚਾਇਤ ਤੋਂ ਕਿਸੇ ਤਰ੍ਹਾਂ ਦੀ ਕੋਈ ਐਲਰਜੀ ਤਾਂ ਨਹੀਂ ?

**ਮੁੱਖ ਮੰਤਰੀ** : ਮੈਨੂੰ ਤਾਂ ਕਿਸੇ ਕਿਸਮ ਦੀ ਐਲਰਜੀ ਨਹੀਂ, ਜੇ ਉਨ੍ਹਾਂ ਨੂੰ ਹੋਵੇ ਤਾਂ ਮੈਨੂੰ ਪਤਾ ਨਹੀਂ। (ਹਾਸਾ)

**ਚੌਧਰੀ ਬਲਬੀਰ ਸਿੰਘ** : ਜੇ ਇਨ੍ਹਾਂ ਨੂੰ ਕਿਸੇ ਮੈਂਟਲ ਹਾਸਪੀਟਲ ਵਿਚ ਭੇਜ ਦਿਤਾ ਜਾਵੇ, ਤਾਂ ਐਲਰਜੀ ਦਾ ਪਤਾ ਲਗ ਸਕਦਾ ਹੈ ਜਾਂ ਨਹੀਂ ?

**ਮੁੱਖ ਮੰਤਰੀ** : ਜੇ ਇਨ੍ਹਾਂ ਨੂੰ ਇਸ ਤਰ੍ਹਾਂ ਬੋਲਣ ਦੀ ਆਦਤ ਰਹੀ ਤਾਂ ਜ਼ਰੂਰ ਭੇਜਣਾ ਹੀ ਪੈਣਾ ਹੈ। (ਹਾਸਾ)

---

## PRIVILEGE MOTIONS

**Mr. Speaker** : Questions on today's list have been answered. Now we will take up the privilege motions.

Original with;
Punjab Vidhan Sabha
Digitized by;
Panjab Digital Library

I have examined the *Privilege Motions (Nos. 2 and 3) given notice of by Comrade Satya Pal Dang and Shri Sarup Singh which relate to the handcuffing of Shri Kulwant Singh, M. L. A. I have decided to refer the matter to the Committee of Privileges which is to be constituted soon.

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੈਂ ਹਾਊਸ ਦੇ ਨੋਟਿਸ ਵਿਚ ਇਕ ਬਹੁਤ ਅਹਿਮ ਮਸਲਾ ਲਿਆਉਣਾ ਚਾਹੁੰਦਾ ਹਾਂ। ਉਹ ਇਹ ਕਿ ਕਲ ਕੌਂਸਲ ਦੇ ਇਜਲਾਸ ਵਿਚ ਪੇ ਕਮੀਸ਼ਨ ਦੀ ਰਿਪੋਰਟ ਹਾਊਸ ਦੀ ਟੇਬਲ ਤੇ ਲੇ ਕੀਤੀ ਗਈ ਹੈ। ਅਸੂਲ ਦੇ ਮੁਤਾਬਿਕ ਜਿਸ ਦਿਨ ਇਹ ਉਥੇ ਲੇ ਕੀਤੀ ਗਈ ਇਸ ਹਾਊਸ ਵਿਚ ਵੀ ਆ ਜਾਣੀ ਚਾਹੀਦੀ ਸੀ। ਹੁਣ ਮੈਂ ਸਿਰਫ ਇਹੋ ਐਸ਼ੋਰੈਂਸ ਸਰਕਾਰ ਵਲੋਂ ਚਾਹੁੰਦਾ ਹਾਂ ਕਿ ਜੇ ਇਹ ਕਲ ਨਹੀਂ ਆਈ ਤਾਂ ਘੱਟ ਤੋਂ ਘੱਟ ਅੱਜ ਜ਼ਰੂਰ ਆ ਜਾਵੇਗੀ ਕਿ ਨਹੀਂ।

**Mr. Speaker** : It is being laid on the Table of the House today.

**ਮੁੱਖ ਮੰਤਰੀ** : ਅੱਜ ਲੇ ਕਰ ਰਹੇ ਹਾਂ।

**ਸਰਦਾਰ ਉਮਰਾਉ ਸਿੰਘ** : ਇਹ ਤਾਂ ਗੌਰਮਿੰਟ ਵਲੋਂ ਪੇਸ਼ ਹੋਣੀ ਹੈ।

**ਸ਼੍ਰੀ ਸਪੀਕਰ** : ਮੈਂ ਤੁਹਾਡੀ ਇਸ ਰਾਏ ਨਾਲ ਸਹਿਮਤ ਹਾਂ। ਆਸ ਹੈ ਕਿ ਅਗੋਂ ਲਈ ਗੌਰਮਿੰਟ ਇਸ ਮੁਆਮਲੇ ਤੇ ਕੋਤਾਹੀ ਨਹੀਂ ਕਰੇਗੀ। (I agree with the hon. Member. The Government, I hope, will be careful in future.)

**ਸਰਦਾਰ ਨਰਿੰਦਰ ਸਿੰਘ** : ਇਕ ਗੱਲ ਮੈਂ ਆਪ ਦੇ ਨੋਟਿਸ ਵਿਚ ਹੋਰ ਲਿਆਉਣੀ

---

***Comrade Satya Pal Dang** : Police Officers of Jullundur District on duty have committed a serious breach of privilege of this House by beating up Shri Kulwant Singh and by handcuffing him, while arresting him in connection with Satyagraha of cane growers yesterday at Bhogpur.

The matter may please be referred to Privileges Committee.

**Sardar Sarup Singh** : That Shri Kulwant Singh, M.L.A., was not only beaten up by the Police authorities of Jullundur in Bhogpur Sugar Mills on 16th March, 1969 but also brought to Jullundur in handcuffs which amounts to a breach of the privilege of the House and hence this matter may be referred to the Committee of Privileges.

**Comrade Satya Pal Dang** : One of the Ministers laid on the Table of the Vidhan Parishad a copy of the Report of the Pay Commission yesterday i. e. on 17th March, 1969. The same has not yet been done as far as Punjab Vidhan Sabha is concerned. This constitutes a breach of privilege of the House by the Minister in question. The matter may kindly be referred to the Privileges Committee.

Original with;
Punjab Vidhan Sabha
Digitized by;
Panjab Digital Library

[ਸਰਦਾਰ ਨਰਿੰਦਰ ਸਿੰਘ]
ਚਾਹੁੰਦਾ ਹਾਂ ਕਿ ਲਿਸਟ ਆਫ ਬਿਜ਼ਨੈਸ ਵੀ ਪ੍ਰਾਪਰਲੀ ਕਿਸੇ ਨੂੰ ਨਹੀਂ ਮਿਲਦੀ, ਇਸ ਦਾ ਠੀਕ ਪ੍ਰਬੰਧ ਹੋਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਦਫਤਰ ਨੂੰ ਇਸ ਮੁਆਮਲੇ ਤੇ ਧਿਆਨ ਰੱਖਣ ਲਈ ਕਿਹਾ ਗਿਆ ਹੈ । (The Office has been asked to be more careful in future.)

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਹਰੀਜਨਾਂ ਦੇ ਮੁਤਾਲਿਕ ਇਸ ਹਾਊਸ ਵਿਚ ਵਿਚਾਰ ਵਾਸਤੇ ਮਸਲਾ ਰਖਿਆ ਸੀ ?

**ਸ੍ਰੀ ਸਪੀਕਰ** : ਅਗਲੀ ਕਾਲ ਅਟੈਨਸ਼ਨ ਮੋਸ਼ਨ ਵੀ ਇਸੇ ਮਸਲੇ ਬਾਰੇ ਹੈ, ਤੁਸੀਂ ਪਹਿਲਾਂ ਇਹ ਸੁਣੋ । (The Call Attention Motion, to be taken up next, also relates to this matter. The hon. Member may please listen.)

---

## CALL ATTENTION NOTICES

**Mr. Speaker** : Now we will take up Call Attention Notices. Call Attention Notice No. 20 by Comrade Satyapal Dang.

**ਕਾਮਰੇਡ ਸੱਤਪਾਲ ਡਾਂਗ** : ਮੈਂ ਸਰਕਾਰ ਦਾ ਧਿਆਨ ਇਕ ਅਤਿ ਜ਼ਰੂਰੀ ਮੁਆਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਜਲੰਧਰ ਵਿਖੇ ਨਕੋਦਰ ਦੇ ਲਾਗੇ ਪਿੰਡ ਬਾਬਲਕੇ ਦੇ ਇਕ ਸਮੂਚੇ ਚਾਰ ਮੈਂਬਰਾਂ ਦੇ ਹਰੀਜਨ ਪਰਵਾਰ ਦੇ ਵਹਿਸ਼ਿਆਨਾ ਕਤਲ ਹੋ ਜਾਣ ਦੇ ਕਾਰਣ ਆਲੇ ਦੁਆਲੇ ਦੇ ਇਲਾਕੇ ਦੇ ਹਰੀਜਨਾਂ ਵਿਚ ਗੰਭੀਰ ਦਹਿਸ਼ਤ ਅਤੇ ਡਰ ਵੇਖਿਆ ਜਾਂਦਾ ਹੈ। ਮਾਮਲੇ ਦੀ ਗੰਭੀਰਤਾ ਨੂੰ ਮੁਖ ਰਖਦੇ ਹੋਏ ਮੁੱਖ ਮੰਤਰੀ ਜੀ ਇਸ ਸੰਬੰਧ ਵਿਚ ਇਕ ਬਿਆਨ ਦੇਣ ।

**Mr. Speaker** : Admitted. The Government may please make a statement.

### ਧਿਆਨ ਦਵਾਊ ਨੋਟਿਸ ਨੰ: 21

**ਕਾਮਰੇਡ ਸੱਤਪਾਲ ਡਾਂਗ** : ਮੈਂ ਸਰਕਾਰ ਦਾ ਧਿਆਨ ਇਕ ਮਹੱਤਵ ਪੂਰਣ ਮੁਆਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਜ਼ਿਲ੍ਹਾ ਜਾਲੰਧਰ ਦੇ ਗੰਨਾ ਉਤਪਾਦਕ ਕਿਸਾਨਾਂ ਨੇ ਮਿਤੀ 16-3-69 ਤੋਂ ਧਰਨਾ ਮਾਰਿਆ ਹੋਇਆ ਹੈ ਕਿ ਉਨ੍ਹਾਂ ਨੂੰ ਗੰਨੇ ਦਾ ਮੁਲ ਘਟ ਤੋਂ ਘਟ 10 ਰੁਪਏ ਪ੍ਰਤੀ ਕੁਇੰਟਲ ਦਿੱਤਾ ਜਾਵੇ ।ਅਖਬਾਰੀ ਖਬਰਾਂ ਅਨੁਸਾਰ ਇਨ੍ਹਾਂ ਅਮਨਪਸੰਦ ਸਤਿਆਗ੍ਰਹੀਆਂ ਨਾਲ ਜੋ ਆਪਣੀਆਂ ਗਰਿਫਤਾਰੀਆਂ ਦੇ ਰਹੇ ਸਨ, ਪੁਲੀਸ ਨੇ ਬੁਰੀ ਤਰ੍ਹਾਂ ਧੂ ਘੜੀਸ ਕੀਤੀ ਹੈ ਅਤੇ ਉਨ੍ਹਾਂ ਨੂੰ ਮਾਰਿਆ ਵੀ ਹੈ। ਇਹ ਵੀ ਪਤਾ ਲੱਗਾ ਹੈ ਕਿ ਕੁਝ ਲੀਡਰਾਂ ਦੀਆਂ ਜਿਹੜੇ ਸਤਿਆਗ੍ਰਹਿ ਲਈ ਆਏ ਹੋਏ ਸਨ ਪੱਗਾਂ ਤਕ ਲਾਹੀਆਂ ਗਈਆਂ ਅਤੇ ਉਨ੍ਹਾਂ ਨੂੰ ਦਾੜ੍ਹੀਆਂ ਤੋਂ ਫੜ ਕੇ ਖਿਚਿਆ ਗਿਆ । ਜਿਹੜੇ ਗਰਿਫਤਾਰ ਕੀਤੇ ਗਏ ਸਨ ਉਨ੍ਹਾਂ ਵਿਚ ਇਕ ਇਸ ਹਾਊਸ ਦਾ

Original with;
Punjab Vidhan Sabha
Digitized by;
Panjab Digital Library

ਮੈਂਬਰ ਵੀ ਹੈ। ਮੁੱਖ ਮੰਤਰੀ ਜਾਂ ਸਬੰਧਤ ਮੰਤਰੀ ਸਦਨ ਵਿਚ ਇਸ ਸੁਬੰਧ ਵਿਚ ਇਕ ਬਿਆਨ ਦੇਣ।

**Mr. Speaker** : Admitted. The Government may please make a statement.

### ਧਿਆਨ ਦਿਵਾਉ ਮਤਾ ਨੰ: 23

**ਸਰਦਾਰ ਤਿਰਲੋਚਨ ਸਿੰਘ ਰਿਆਸਤੀ** : ਸਪੀਕਰ ਸਾਹਿਬ, ਮੈਂ ਆਪਦੇ ਰਾਹੀਂ ਮੁਖ-ਮੰਤਰੀ ਜੀ ਦਾ ਧਿਆਨ ਇਕ ਵਿਸ਼ੇਸ਼ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ। ਉਹ ਇਹ ਕਿ ਥਾਣਾ ਨਿਹਾਲਸਿੰਘ ਵਾਲਾ ਦੇ ਪੁਲਿਸ ਅਧਿਕਾਰੀਆਂ ਨੇ ਮੋਗਾ ਸਬ ਡਵੀਜ਼ਨ ਵਿਖੇ ਲੋਪੋਂ ਦੇ ਸੰਤ ਦਰਬਾਰੀ ਦਾਸ ਦੇ ਲਾਈਸੈਂਸਸ਼ੁਦਾ ਹਥਿਆਰ ਆਪਣੇ ਕਬਜ਼ੇ ਵਿਚ ਇਸ ਲਈ ਲੈ ਲਏ ਹਨ ਕਿ ਉਹ ਪਿਛਲੀਆਂ ਚੋਣਾਂ ਵਿਚ ਕਾਂਗਰਸ ਦੀ ਤਰਫਦਾਰੀ ਕਰਦਾ ਰਿਹਾ ਹੈ ਅਤੇ ਇਸ ਕਰਕੇ ਵੀ ਕਿ ਉਹ ਸਰਦਾਰ ਲਛਮਣ ਸਿੰਘ ਗਿੱਲ ਦਾ ਵੀ ਜ਼ਬਰਦਸਤ ਹਾਮੀ ਸੀ। ਉਥੇ ਪੁਲਿਸ ਗੁਰਦਵਾਰੇ ਵਿਚ 4 ਦਫਾ ਦਾਖਲ ਹੋਈ (ਸ਼ੇਮ-ਸ਼ੇਮ) ਮਿਤੀ 8-3-69 ਨੂੰ ਸੰਤ ਜੀ ਨੂੰ ਰੀਵਾਲਵਰ ਅਤੇ ਰਾਈਫਲ ਥਾਣਾ ਨਿਹਾਲਸਿੰਘ ਵਾਲਾ ਵਿਚ ਦਾਖਲ ਕਰਾਉਣ ਦਾ ਹੁਕਮ ਦਿਤਾ ਗਿਆ। ਉਸ ਨੂੰ ਇਸ ਕਰਕੇ ਦੁਖੀ ਕੀਤਾ ਜਾ ਰਿਹਾ ਹੈ ਕਿਉਂ ਜੋ ਸਿਆਸੀ ਤੌਰ ਤੇ ਉਸ ਦਾ ਝੁਕਾ ਕਾਂਗਰਸ ਦੀ ਤਰਫ ਹੈ ਅਤੇ ਸਰਦਾਰ ਲਛਮਣ ਸਿੰਘ ਗਿੱਲ ਵਲ ਹੈ। ਨਹੀਂ ਤਾਂ ਇਹ ਹਥਿਆਰ ਵੀ ਪਿਛਲੇ 10 ਸਾਲ ਤੋਂ ਉਸ ਦੇ ਪਾਸ ਸਨ।

ਮੈਂ ਇਸ ਲਈ ਇਹ ਕਾਲ ਅਟੈਨਸ਼ਨ ਨੋਟਿਸ ਦੇ ਰਿਹਾ ਹਾਂ ਕਿਉਂ ਜੋ ਇਹ ਇਕ ਢੁਕਵਾਂ ਮੁਆਮਲਾ ਹੈ ਜਿਹੜਾ ਹਾਉਸ ਵਿਚ ਜ਼ੇਰੇ ਬਹਿਸ ਲਿਆਂਦਾ ਜਾ ਸਕੇ।

**Mr. Speaker** : Admitted. The Government may please make a statement.

### ध्यानाकर्षण प्रस्ताव न० 24

**चौधरी बलबीर सिंह** : मैं सरकार का ध्यान एक लोक-महत्व के मामले की ओर दिलाना चाहता हूं। वह यह है कि सप्ताह में दो दिन बिजली के बन्द रहने से खड़ी फसलों को बहुत नुक्सान हो रहा है। इस सम्बन्ध में सरकार को कोई कार्यवाही करनी चाहिए।

**Mr. Speaker** : Admitted. The Government may please make a statement.

### ਧਿਆਨ ਦਵਾਉ ਮਤਾ ਨੰ: 26.

**ਗਿਆਨੀ ਕੇਦਨ ਸਿੰਘ ਪਤੰਗ** : ਮੈਂ ਸਰਕਾਰ ਦਾ ਧਿਆਨ ਇਸ ਮਹਤਵ ਪੂਰਣ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਰਮਚਾਰੀਆਂ ਨੂੰ ਹਰਿਆਣੇ ਦੇ ਕਰਮਚਾਰੀਆਂ ਨਾਲੋਂ ਬਹੁਤ ਘਟ ਤੁਨਖਾਹ ਦੇ ਸਕੇਲ ਮਿਲ ਰਹੇ ਹਨ ਜਦੋਂ ਕਿ ਪੰਜਾਬ ਸਰਕਾਰ ਹਰਿਆਣਾ ਸਰਕਾਰ

Original with;
Punjab Vidhan Sabha
Digitized by;
Panjab Digital Library

[ਗਿਆਨੀ ਕੁੰਦਨ ਸਿੰਘ ਪਤੰਗ]

ਨਾਲੋਂ ਅਮੀਰ ਹੈ । ਇਸ ਨਾਲ ਪੰਜਾਬ ਦੇ ਕਰਮਚਾਰੀਆਂ ਵਿਚ ਰੋਸ਼ ਅਤੇ ਅਸੰਤੋਸ਼ ਦੀ ਭਾਵਨਾ ਪ੍ਰਕਟ ਹੋ ਰਹੀ ਹੈ । ਸਰਕਾਰ ਇਸ ਬਾਰੇ ਆਪਣੀ ਨੀਤੀ ਦਸੇ ਕਿ ਆਇਆ ਇਹ ਇਸ ਵਿਤਕਰੇ ਨੂੰ ਦੂਰ ਕਰਨ ਲਈ ਕਿਸੇ ਤੁਰਤ ਕਾਰਵਾਈ ਕਰਨ ਦਾ ਇਰਾਦਾ ਰਖਦੀ ਹੈ ਜਾਂ ਨਹੀਂ । (ਸਰਦਾਰ ਲਛਮਣ ਸਿੰਘ ਵਲੋਂ ਵਿਘਨ) ।

ਗਿੱਲ ਸਾਹਿਬ ਮੈਂ ਤੁਹਾਡੇ ਨਾਲੋਂ ਜ਼ਿਆਦਾ ਪੜ੍ਹਿਆ ਹੋਇਆ ਹਾਂ । (ਸ਼ੋਰ) ਮੈਂ 22 ਵਰ੍ਹੇ ਪੜ੍ਹਾਉਂਦਾ ਰਿਹਾ ਹਾਂ । (ਸਰਕਾਰੀ ਬੈਂਚਾਂ ਵਲੋਂ ਤਾੜੀਆਂ)

**Mr. Speaker** : Admitted. The Government may please make a statement.

---

CALL ATTENTION NOTICE No. 27

**Sardar Narinder Singh** : I beg to draw the attention of the Government towards an urgent matter of public importance, namely, that a number of trees standing on a katcha road, leading from the crossing of Hoshiarpur-Bajwara road to Chhowni Kalan, which is maintained by the Zila Parishad, Hoshiarpur, have been cut and removed by some persons and a great loss of public property has been caused. But the Zila Parishad has taken no serious notice of this great incident and no report of theft has been lodged with the Police against past practice. The connivance of the officers of the Zila Parishad is suspected in this affair. The Government may make a statement as to what action it propose to take to restore public property and to bring all those responsible for this slackness in pursuing this matter, to book.

**Mr. Speaker** : Admitted. The Government may please make a statement.

CALL ATTENTION NOTICE No. 28

**Sardar Narinder Singh** : I beg, to draw the attention of the Government towards an urgent matter of public importance, namely, that with a recent amendment to the rules regarding appointment of Secretaries of Zila Parishad in the State the employees of these institutions have been subjected to discrimination in as much as they have been excluded from holding this post by prescribing the qualification of having three years experience in the Rural Development on a Gazetted post. In clearer terms this post has been reserved for a set class of Government servants viz. Block Development and Panchayat Officers who alone can have this qualification. The posts of Secretaries, Zila Parishad are non-gazetted ones. It is very anamolous that experience of a Gazetted post has been prescribed for a non-gazetted post. The Government may remove the anamoly and discrimination.

**Mr. Speaker** : Admitted. The Minister may please make a statement.

Original with;
Punjab Vidhan Sabha
Digitized by;
Panjab Digital Library

CALL ATTENTION NOTICE NO. 29

**Sardar Narinder Singh** : I beg, to draw the attention of the Government towards an urgent matter of public importance, namely, the publication of the report of the Pay Commission and implementation of some of its decisions by the Government. The Government have taken no action to revise the pay scales fixed by them in the Punjab Panchayat Samitis and Zila Parishad Services Rules and to bring the employees of the Zila Parishad and Panchayat Samitis at par with Government servants. The Government may make a statement when this injustice will be removed.

**Mr. Speaker** : Admitted. The Minister may please make a statement.

CALL ATTENTION NOTICE NO. 30

**Sardar Narinder Singh** : I would like to draw the attention of the Government towards an urgent matter of public importance, namely, that discrimination has been going on in the Zila Parishad, Hoshiarpur, in the matter of granting dearness allowance to its employees at enhanced rates. The Medical Officers, Veterinary Assistant Surgeons and the Secretary Zila Parishad are getting dearness allowance at enhanced Government rates but other employees have not been granted this concession although all the subordinate bodies of the Zila Parishad viz. Panchayat Samitis have already granted this concession although to their employees as also other Zila Parishads. Will the Government make a statement on this point and remove this discrimination by bringing all the employees at par in regard to payment of dearness allowance from the date it was allowed to other employees by the Zila Parishad and the Panchayat Samitis in the district ?

**Mr. Speaker** : Admitted. The Minister concerned may please make a statement.

CALL ATTENTION NOTICE NO: 31

**Sardar Narinder Singh** : I beg to draw the attention of the Government towards an urgent matter of public importance, namely that since the re-organisation of the Punjab Health Department the Government have been giving piece meal sanctions for maintaining the status-quo in regard to the staff and buildings etc. provided by the Zila Parishad to the former District Medical Officers of Health. The last sanction expired on 28th February, 1969 and threafter no sanction has been issued. This state of suspense has been going on since a pretty long time to the detriment of efficiency although the Government had already taken a dicision in regard to the Education Department when the services of the employees of the erstwhile District Boards were provincialised. When a pattern has been set there should be no hitch to finalize the decision in case of Health Department. The Government may make a statement, in this connection, and indicate the target date by which the whole thing would be finalized and how ?

Original with;
Punjab Vidhan Sabha
Digitized by;
Panjab Digital Library

**Mr. Speaker** : Admitted. The Minister may please make a statement.

**Shri Manmohan Kalia** : I beg to draw the attention of the Government towards an urgent matter of public importance, namely, the strike of Veterinary College students since 21st January, 1969 against the injustice meted out to their profession with respect to service conditions being not at par with Medical and Dental Surgeons.

This has caused great unrest among the students. This House urges the State Government to take necessary steps immediately to redress the grievances. The Minister concerned may be requested to make a statement.

**Mr. Speaker** : Admitted. The Minister may please make a statement.

**ਧਿਆਨ ਦਿਵਾਊ ਮਤਾ ਨੰ: 34**

**ਸਰਦਾਰ ਉਮਰਾਓ ਸਿੰਘ** : ਮੈਂ ਸਰਕਾਰ ਦਾ ਧਿਆਨ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ। ਉਹ ਇਹ ਹੈ ਕਿ ਪੰਜਾਬ ਸਰਕਾਰ ਦੇ ਦੋ ਮਨਿਸਟਰ ਸਰਦਾਰ ਆਤਮਾ ਸਿੰਘ ਅਤੇ ਸ੍ਰੀ ਕ੍ਰਿਸ਼ਨ ਲਾਲ ਨੇ ਸੱਚਰ ਫਾਰਮੂਲੇ ਦੇ ਮੁਤੱਲਕ ਬਿਲਕੁਲ ਇਕ ਦੂਜੇ ਤੋਂ ਅਲਹਿਦਾ ਅਲਹਿਦਾ ਬਿਆਨ ਦਿਤੇ ਹਨ। ਇਸ ਕਾਰਨ ਪਬਲਿਕ ਦੇ ਮਨਾਂ ਵਿਚ ਬੜੀ ਘਬਰਾਹਟ ਪਾਈ ਜਾਂਦੀ ਹੈ। ਇਸ ਸਬੰਧੀ ਗੌਰਮੈਂਟ ਆਪਣੀ ਪੁਜ਼ੀਸ਼ਨ ਦੀ ਵਜ਼ਾਹਤ ਕਰੇ।

**Mr Speaker** : This is admitted. The Government may please make a statement.

---

## PAPERS LAID ON THE TABLE

**Mr. Speaker** : The next item on the agenda is regarding papers to be laid on the Table. A Minister is to lay some documents on the Table of the House.

**ਉਦਯੋਗ ਮੰਤਰੀ** : ਸਪੀਕਰ ਸਾਹਿਬ, ਮੈਂ ਆਪ ਜੀ ਦੀ ਆਗਿਆ ਨਾਲ ਹੇਠਾਂ ਦਰਜ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰਖ ਰਿਹਾ ਹਾਂ :-

1 ਸਟੇਟ ਫਾਈਨੈਨਸ਼ਲ ਕਾਰਪੋਰੇਸ਼ਨ ਐਕਟ, 1951 ਦੀ ਧਾਰਾ 38 (3) ਦੇ ਤਹਿਤ ਫਸਟ ਐਨੂਅਲ ਰਪੋਰਟ ਐਂਡ ਅਕਾਉਂਟਸ ਆਫ਼ ਦੀ ਪੰਜਾਬ ਫਾਈਨੈਂਨਸ਼ਲ ਕਾਰਪੋਰੇਸ਼ਨ ਫਾਰ ਦੀ ਪੀਰੀਅਡ ਐਂਡਿੰਗ 31-3-1968.

2 ਕੰਪਨੀਜ਼ ਐਕਟ 1956 ਦੀ ਧਾਰਾ 619 (ਏ) (3) (ਬੀ) ਦੇ ਅਨੁਸਾਰ ਪੰਜਾਬ ਸਟੇਟ ਸਮਾਲ ਇੰਡਸਟਰੀਜ਼ ਕਾਰਪੋਰੇਸ਼ਨ ਲਿਮਿਟਿਡ ਰਪੋਰਟ ਸਾਲ 1966-67.

Original with;
Punjab Vidhan Sabha
Digitized by;
Panjab Digital Library

(3) ਸਾਲ 1968-69 ਦੇ ਸਪਲੀਮੈਂਟਰੀ ਐਸਟੀਮੇਟਸ (ਦੂਜੀ ਇਨਸਟਾਲਮੈਂਟ).

(4) ਪੰਜਾਬ ਪੇ ਕਮਿਸ਼ਨ ਰਪੋਰਟ 1967-68.

## ANNOUNCEMENTS BY SECRETARY

**Mr. Speaker** : The Secretary will make some announcements.

**Secretary** : Sir, I beg to lay on the Table of the House a Statement showing the Bills which were passed by the Punjab State Legislature during its February-March, March and May, 1968' Sessions and which have since been assented to by the President of India/Governor of Punjab.

### STATEMENT SHOWING THE BILLS WHICH WERE PASSED BY THE PUNJAB STATE LEGISLATURE DURING IST FEBRUARY-MARCH, MARCH AND MAY, 1968, SESSIONS AND WHICH HAVE SINCE BEEN ASSENTED TO BY THE PRESIDENT OF INDIA/GOVERNOR.

1. The Punjab Security of Land Tenures [Amendment] Bill, 1967.
2. The Pepsu Tenancy and Agricultural Lands [Amendment] Bill, 1967.
3. The Punjab Appropriation Bill, 1968.
4. The punjab Appropriation [No. 2] Bill, 1968.
5. The Punjab Cattle Fairs [Regulation] Amendment Bill, 1968.
6. The Punjab Ice Price Control Bill, 1968.
7. The Northern India Canal and Drainage [Punjab Amendment] Bill, 1067.
8. The Punjab Courts [Amendment] Bill, 1967.
9. The Punjab Gram Panchayat [Amendment] Gill, 1967.
10. The Punjab Panchayat Samitis and Zila Parishads [Amendment] Bill, 1967.

---

Sir, I beg to lay on the Table of the House the 12th Report of the Committee on Government Assurances for the year 1967-68. The Report was presented to the Speaker of the last Vidhan Sabha and was printed, published and circulated under his direction, dated the 2nd April, 1969, under Rule 120 of the Rules of Procedure and Conduct of Business in the Punjab Legislative Assembly.

Sir, I also beg to lay on the Table of the House the Report of the Estimates Committee on the Budget Estimates for the year 1967-68. The Report was presented to the Speaker of the last Vidhan Sabha and was printed published and circulated under his direction' dated the 2nd April, 1968, under Rule 120 of the Rules of Procedure and Conduct of Business in the Punjab Legislative Assembly.

Original with;
Punjab Vidhan Sabha
Digitized by;
Panjab Digital Library

DISCUISION ON THE GOVERNOR'S ADDRESS
(RESUMPTION)

**Mr. Speaker :** Now the House will resume discussion on the Motion of Thanks moved by Sardar Balwant Singh, M.L.A, and seconded by Shri Manmohan Kalia, M.L A. Capt. Rattan Singh, M.L.A. was in possession of the House when it adjourned yesterday. He may please resume his speech. I would, however, request him to please wind up his speech within ten minutes.

I have received notice of one more amendment. The notice is from Sardar Tara Singh Lyallpuri, M L.A. It may be deemed to have been read and moved and can be discussed with the main motion, and other amendments

**Sardar Tara Singh Lyallpuri :** That in the motion, the following be added at the end, namely :—

> "but regret that no mention has been made in the Address that the Union Government have deliberately excluded Bhakra Dam etc. and Chandigarh and other Punjabi-speaking areas from the Punjab."

**ਕੈਪਟਨ ਰਤਨ ਸਿੰਘ (ਗੜ੍ਹ ਸ਼ੰਕਰ) :** ਸਪੀਕਰ ਸਾਹਿਬ, ਮੈਂ ਕਲ੍ਹ ਇਸ ਸਦਨ ਵਿਚ ਚੇਅਰਮੈਨ ਸਾਹਿਬ ਦੇ ਰਾਹੀਂ ਇਹ ਸਾਬਤ ਕੀਤਾ ਸੀ ਕਿ ਜਿਹੜੀਆਂ ਘਟਨਾਵਾਂ ਮਾਰਚ, 1968 ਵਿਚ ਹੋਈਆਂ ਉਨ੍ਹਾਂ ਦੀ ਜ਼ਿਮੇਵਾਰੀ ਕਿਸ ਦੇ ਸਿਰ ਸੀ। ਮੈਨੂੰ ਦੁਖ ਹੈ ਕਿ ਇਹ ਕੁਝ ਪੰਜਾਬ ਵਿਚ ਹੋਇਆ। ਉਸ ਬਾਰੇ ਸਾਡੇ ਗਵਰਨਰ ਨੇ ਆਪਣੇ ਭਾਸ਼ਨ ਪੈਰਾ (4) ਵਿਚ ਇਕ ਉਚੀ ਪੱਧਰ ਤੇ ਜਾਂਚ ਪੜਤਾਲ ਕਰਨ ਦਾ ਜ਼ਿਕਰ ਕੀਤਾ ਹੈ। ਮੇਰੀ ਇਹ ਸਮਝ ਤੋਂ ਬਿਲਕੁਲ ਬਾਹਰ ਹੈ ਕਿ ਸੁਪਰੀਮ ਕੋਰਟ ਤੋਂ ਉਪਰ ਕਿਹੜੀ ਜਗ੍ਹਾ ਹੈ ਜਿਥੇ ਜਾਂਚ ਪੜਤਾਲ ਕੀਤੀ ਜਾ ਸਕਦੀ ਹੈ। ਸਪੀਕਰ ਸਾਹਿਬ ਇਸ ਦੇ ਮੁਤੱਕ ਸੁਪਰੀਮ ਕੋਰਟ ਦੀ ਰਾਏ, ਜਿਹੜੀ ਉਨ੍ਹਾਂ ਆਪਣੀ ਜੱਜਮੈਂਟ ਵਿਚ ਦਿਤੀ ਸੀ, ਦਿੰਦੇ ਹੋਏ ਇਹ ਲਫ਼ਜ਼ ਵਰਤੇ ਸਨ :-

> "If ever there was an occasion for the regulation of procedure in the Legislature of the State in relation to the financial business by a law under Act. 209, it was this. The Legislature could not be allowed to hybernate for 2 months while the financial business languished and the constitutional machinery and democracy itself were wrecked. To suggest that the President's rule would have been imposed instead, is to suggest a line of action which a party not in majority would have obviously preferred but it would have cut at the root of parliamentary Government to which our countary is fortunately committed........."

ਸੁਪਰੀਮ ਕੋਰਟ ਦੀ ਇਸ ਰਾਏ ਦੇ ਬਾਦ ਕੋਈ ਹੋਰ ਉੱਚੀ ਜਗ੍ਹਾ ਵੀ ਇਧ ਹਿੰਦੁਸਤਾਨ ਵਿਚ ਹੈ ? ਜੇ ਅਸਮਾਨ ਵਿਚ ਹੋਵੇ ਤਾਂ ਮੈਂ ਮੰਨ ਸਕਦਾ ਹਾਂ ਲੇਕਿਨ ਇਸ ਹਿੰਦੁਸਤਾਨ ਵਿਚ ਕੋਈ

Original with;
Punjab Vidhan Sabha
Digitized by;
Panjab Digital Library

ਐਸੀ ਬਾਡੀ ਨਹੀਂ ਜਿਹੜੀ ਇਸ ਦੇ ਮੁਤੱਲਕ ਕੋਈ ਹੋਰ ਜੱਜਮੈਂਟ ਅਨਾਊਂਸ ਕਰ ਸਕਦੀ ਹੈ। ਐਸੀਆਂ ਘਟਨਾਵਾਂ ਦੇ ਮੁਤੱਲਕ ਫਾਈਨਲ ਫੈਸਲੇ ਲਈ ਅਖੀਰ ਵਿਚ ਸੁਪਰੀਮ ਕੋਰਟ ਨੇ ਇਹ ਸ਼ਬਦ ਵਰਤੇ ਸਨ। ਇਸ ਤੋਂ ਬਾਦ :-

"The situation created in the State of Punjab was unique and was reminiscent of happenings in the age of the Stuarts. The action of the Governor appears to be drastic. It was, however, constitutional and resulted from a desire to set right a desperate situation. As Bacon once said, no remedies cause so much pain as those which are efficacious."

ਇਹ ਗਵਰਨਰ ਪਾਵਟੇ ਸਾਹਿਬ ਉਸ ਵੇਲੇ ਵੀ ਗਵਰਨਰ ਸਨ ਅਤੇ ਉਸ ਵੇਲੇ ਜੋ ਕੁਝ ਵੀ ਹੋਇਆ ਉਸ ਵਿਚ ਹਿੱਸੇਦਾਰ ਸਨ। ਮੈਂ ਸ਼ਬਦ ਵਰਤੇ ਸਨ ਕਿ ਇਹੋ ਜਿਹੇ ਗਵਰਨਰ ਨੂੰ ਰੀਕਾਲ ਕਰਨਾ ਚਾਹੀਦਾ ਹੈ। ਮੈਂ ਤਾਂ ਸਮਝਦਾ ਹਾਂ ਕਿ ਇਹੋ ਜਿਹੇ ਗਵਰਨਰ ਦੀ ਡਿਸਮਿਸਲ ਹੋਣੀ ਚਾਹੀਦੀ ਹੈ। ਇਸ ਨੂੰ ਇਹ ਨਹੀਂ ਪਤਾ ਕਿ ਇਸ ਨੇ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਹੈ। ਸਪੀਕਰ ਸਾਹਿਬ, ਤੁਸੀਂ ਏਸ ਕੁਰਸੀ ਤੇ ਬੈਠੇ ਹੋ। ਪਿਛਲੀ ਵਾਰੀ ਜੋ ਕੁਝ ਹੋਇਆ ਉਸ ਦੇ ਮੁਤੱਲਕ ਦੋ ਆਦਮੀ ਜ਼ਿਮੇਵਾਰ ਹਨ--ਇਕ ਸਰਦਾਰ ਗੁਰਨਾਮ ਸਿੰਘ, ਉਸ ਵੇਲੇ ਦੇ ਆਪੋਜ਼ੀਸ਼ਨ ਦੇ ਲੀਡਰ ਔਰ ਉਨ੍ਹਾਂ ਦਾ ਜ਼ਿਕਰ ਸੁਪਰੀਮ ਕੋਰਟ ਦੀ ਜੱਜਮੈਂਟ ਵਿਚ ਕਈ ਸਫਿਆਂ ਵਿਚ ਆਇਆ ਹੈ ਅਤੇ ਦੂਜੇ ਸਾਡੇ ਉਸ ਵੇਲੇ ਦੇ ਸਪੀਕਰ। ਮੈਨੂੰ ਦੁਖ ਹੈ ਇਹ ਸ਼ਬਦ ਕਹਿਣ ਦਾ। ਮੈਂ ਆਮ ਤੌਰ ਤੇ ਸਪੀਕਰ ਦੀ ਇਜ਼ੱਤ ਦਿਲੋਂ ਔਰ ਸਹੀ ਮਾਨਿਆਂ ਵਿਚ ਕਰਦਾ ਹਾਂ ਲੇਕਿਨ ਉਸ ਸਪੀਕਰ ਦੇ ਮੁਤੱਲਕ ਡਾਕਟਰ ਸੰਜੀਵਾ ਰੇਡੀ ਨੇ ਸਪੀਕਰਜ਼ ਕਾਨਫਰੰਸ ਵਿਚ ਅਜਿਹੇ ਹੀ ਲਫਜ਼ ਵਰਤੇ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਰੀਆਂ ਘਟਨਾਵਾਂ ਦੀ ਜ਼ਿਮੇਵਾਰੀ ਪੰਜਾਬ ਦੇ ਉਨ੍ਹਾਂ ਦੋ ਆਦਮੀਆਂ ਤੇ ਹੈ। ਉਨ੍ਹਾਂ ਨੇ ਕਿਹਾ ਕਿ ਡੈਮੋਕਰੇਸੀ ਨੂੰ ਪੈਰਾਂ ਥਲੇ ਲਤਾੜਿਆ ਜਾ ਰਿਹਾ ਹੈ। ਇਸ ਬਾਰੇ ਡਾਕਟਰ ਸੰਜੀਵਾ ਰੇਡੀ ਦੇ ਇਹ ਸ਼ਬਦ ਹਨ :

I should like to sum up that the developments in the Punjab were unfortunate; ........."

**ਸ੍ਰੀ ਸਪੀਕਰ :** ਇਸ ਮਾਮਲੇ ਨੂੰ ਅਗਰ ਉਚੀ ਪੱਧਰ ਤੇ ਅਸੀਂ ਪੜਤਾਲ ਕਰ ਸਕੀਏ ਤਾਂ ਠੀਕ ਰਹੇ। (It would be better, if we could enquire into the matter at a higher level).

**ਕੈਪਟਨ ਰਤਨ ਸਿੰਘ :** ਜਿਥੋਂ ਤਕ ਇਸ ਕੁਰਸੀ ਦਾ ਸਵਾਲ ਹੈ ਇਹ ਗਲ ਠੀਕ ਹੈ ਕਿ ਜੇ ਉਸ ਵੇਲੇ ਤੁਸੀਂ ਇਸ ਕੁਰਸੀ ਤੇ ਨਾ ਬੈਠਦੇ ਤਾਂ ਸ਼ਾਇਦ ਅਜ ਇਹ ਕੁਰਸੀ ਆਪ ਨੂੰ ਨਾਂ ਮਿਲਦੀ। ਲੇਕਿਨ ਮੈਂ ਸਪੀਕਰ ਦੇ ਮੁਤੱਲਕ ਡਾਕਟਰ ਸੰਜੀਵਾ ਰੇਡੀ ਨੂੰ ਕੋਟ ਕਰ ਰਿਹਾ ਸੀ :-

".. ...the Speaker should not have acted in the manner in which he did and should not have brought a slur on the fair name of Speakership in the country."

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੈਂ ਅਰਜ਼ ਕਰਾਂਗਾ ਕਿ ਇਹ ਕੁਰਸੀ ਸਾਰਿਆਂ ਨੇ ਸੰਮਤੀ ਨਾਲ ਮੈਨੂੰ ਦਿਤੀ ਹੈ । (All sections of the House have elected me to this high office unanimously.)

ਸਰਦਾਰ ਗੁਰਮੀਤ ਸਿੰਘ : ਇਹ ਲਫਜ਼ ਵਾਪਸ ਲੈਣੇ ਚਾਹੀਦੇ ਹਨ ।

ਕੈਪਟਨ ਰਤਨ ਸਿੰਘ : ਇਹ ਸਪੀਕਰਸ਼ਿਪ ਤੁਹਾਨੂੰ ਅਸੀਂ ਸਾਰੇ ਹਾਊਸ ਨੇ ਸਰਵਸੰਮਤੀ ਨਾਲ ਦਿਤੀ ਹੈ, ਸਾਨੂੰ ਜ਼ਬਰਦਸਤ ਖੁਸ਼ੀ ਹੈ । ਮੈਂ ਹੁਣ ਹੋਰ ਪਾਸੇ ਨਹੀਂ ਜਾਣਾ ਚਾਹੁੰਦਾ । ਮੈਂ ਇਹ ਸਾਬਤ ਕਰ ਦਿਤਾ ਹੈ ਕਿ ਜੋ ਕੁਝ ਰੌਲਾ ਪਿਆ ਉਹਦੇ ਜ਼ਿਮੇਵਾਰ ਸਰਦਾਰ ਗੁਰਨਾਮ ਸਿੰਘ ਹਨ ਜੋ ਇਸ ਵੇਲੇ ਲੀਡਰ ਔਫ ਦੀ ਹਾਊਸ ਹਨ ।

ਸ਼੍ਰੀ ਸਪੀਕਰ : ਮੈਂ ਅਰਜ਼ ਕਰਾਂਗਾ ਕੁਝ ਰੌਲਾ ਨਹੀਂ । ਇਨ੍ਹਾਂ ਪੜਤਾਲ ਦੀ ਮੰਗ ਕੀਤੀ ਹੈ ਅਤੇ ਉਹਦੇ ਵਿਚ ਇਹ ਵੀ ਨਾਲ ਆ ਜਾਣਗੇ । (There is no controversy about it. They have demanded an enquiry into the matter and they themselves will also come into it.)

ਕੈਪਟਨ ਰਤਨ ਸਿੰਘ : ਜਿਹੜਾ ਫੈਸਲਾ ਸੁਪਰੀਮ ਕੋਰਟ ਨੇ ਕਰ ਲਿਆ ਉਸ ਤੋਂ ਉਪਰ ਹੋਰ ਕੋਈ ਜਗ੍ਹਾ ਨਹੀਂ । ਹਿੰਦੁਸਤਾਨ ਦੇ ਵਿਧਾਨ ਵਿਚ ਸੁਪਰੀਮ ਕੋਰਟ ਦੀ ਜੱਜਮੈਂਟ ਤੋਂ ਬਾਦ ਹੋਰ ਕੋਈ ਨਹੀਂ ।

ਸ਼੍ਰੀ ਸਪੀਕਰ ; ਮੈਂ ਤੁਹਾਡੇ ਨਾਲੋਂ ਡਿਫਰ ਕਰਦਾ ਹਾਂ । ਮੈਂ ਇਸ ਹਾਊਸ ਨੂੰ ਹਾਲਾਂ ਵੀ ਸੁਪਰੀਮ ਸਮਝਦਾ ਹਾਂ । (I beg to differ with the views of the hon Member. I still hold the House to be supreme.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਹਾਡੇ ਖਿਆਲ ਤੁਹਾਨੂੰ ਮੁਬਾਰਕ ਹੋਣ । ਮੇਰੇ ਖਿਆਲ ਵਿਚ ਸੁਪਰੀਮ ਕੋਰਟ ਦੀ ਜਿਹੜੀ ਜੱਜਮੈਂਟ ਹੈ ਉਸ ਨੂੰ ਚੈਲੇਂਜ ਨਹੀਂ ਕੀਤਾ ਜਾ ਸਕਦਾ ਹੈ । (ਵਿਘਨ)

ਮੁੱਖ ਮੰਤਰੀ : ਹਾਊਸ ਸੁਪਰੀਮ ਹੈ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਫੰਡਾਮੈਂਟਲ ਰਾਈਟਸ ਸੰਵਿਧਾਨ ਗਰੰਟੀ ਕਰਦਾ ਹੈ । ਪਰ ਇਥੇ ਹੁੰਦਾ ਕੀ ਹੈ ਕਿ ਝੂਠੇ ਕਰਿਮੀਨਲ ਕੇਸਿਜ਼ ਬਣਾਏ ਜਾਂਦੇ ਹਨ । (ਸ਼ੋਰ) [ਵਿਘਨ]

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਸਰਦਾਰ ਲਛਮਣ ਸਿੰਘ ਗਿੱਲ ਨੂੰ ਅਰੈਸਟ ਕੀਤਾ। ਉਸਨੇ ਜੋ ਮਾੜੇ ਕੰਮ ਕੀਤੇ ਹਨ ਤਾਂ ਉਹ ਆਪੇ ਭੁਗਤੇਗਾ ਮਗਰ ਤੁਸੀਂ ਥਰਡ ਡਿਗਰੀ ਮੈਥਡ ਯੂਜ਼ ਕਰਨੇ ਸ਼ੁਰੂ ਕਰ ਦਿਤੇ ਹਨ। ਇਹ ਠੀਕ ਨਹੀਂ ਹੈ। (ਵਿਘਨ) ਸ਼ੋਰ) ਤੁਸੀਂ ਜਗਰਾਉਂ ਦੇ ਇਕ ਮੋਤੀ ਸਾਗਰ ਨੂੰ ਫੜਕੇ ਉਸ ਉਤੇ ਥਰਡ ਡਿਗਰੀ ਮੈਥਡ ਯੂਜ਼ ਕਰਨੇ ਸ਼ੁਰੂ ਕਰ ਦਿਤੇ। ਉਸ ਨਾਲ ਨਜਾਇਜ਼ ਸਲੂਕ ਕੀਤਾ ਹੈ। ਉਸ ਨੂੰ ਕਿਹਾ ਗਿਆ ਕਿ ਤੂੰ ਕਹਿ ਕਿ ਮੈਂ ਗਿੱਲ ਨੂੰ ਪੈਸੇ ਦਿਤੇ ਹਨ। (ਸ਼ੋਰ) ('ਗਲਤ ਹੈ', 'ਗਲਤ ਹੈ' ਦੀਆਂ ਆਵਾਜ਼ਾਂ) ਜਦੋਂ ਹਾਈ ਕੋਰਟ ਦਾ ਸੁਪਰੀਡੈਂਟ ਉਥੇ ਗਿਆ ਤਾਂ ਪੁਲਿਸ ਦਾ ਡੀ. ਐਸ. ਪੀ. ਪਿਸਤੌਲ ਲੈ ਕੇ ਉਸ ਦੀ ਛਾਤੀ ਤੇ ਖੜਾ ਉਸ ਨੂੰ ਇਹ ਚੀਜ਼ ਮਨਵਾ ਰਿਹਾ ਸੀ। ('ਇਹ ਗਲਤ ਹੈ', ਦੀਆ ਅਵਾਜ਼ਾਂ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਹਾਊਸ ਨੂੰ ਅਤੇ ਖਾਸ ਤੌਰ ਤੇ ਸੀਨੀਅਰ ਅਫਸਰਾਂ ਨੂੰ ਅਰਜ਼ ਕਰਾਂਗਾ ਅਤੇ ਵਾਰਨ ਕਰਾਂਗਾ ਕਿ ਜਿਹੜੇ ਵੀ ਸੀਨੀਅਰ ਅਫਸਰ ਅਨਸਕਰੂਪਲਸ ਪਾਲਿਟੀਸ਼ਨਜ਼ ਦੇ ਹੱਥੀ ਚੜ੍ਹ ਕੇ ਲੋਕਾਂ ਨਾਲ ਜ਼ਿਆਦਤੀਆਂ ਕਰਦੇ ਹਨ ਉਨ੍ਹਾਂ ਦਾ ਬਦਲਾ ਪਬਲਿਕ ਲਵੇਗੀ। ਇਨ੍ਹਾਂ ਨੂੰ ਇਹ ਨਹੀਂ ਕਰਨਾ ਚਾਹੀਦਾ। ਇਨ੍ਹਾਂ ਦੀਆਂ ਸਰਵਿਸ ਕੰਡੀਸ਼ਨਜ਼ ਹੁੰਦੀਆ ਹਨ (ਸ਼ੋਰ) (ਵਿਘਨ) ਸਰਦਾਰ ਗੁਰਨਾਮ ਸਿੰਘ ਜਿਹੜੇ ਅੱਜ ਚੀਫ਼ ਮਨਿਸਟਰ ਹਨ, ਇਹ ਵਕੀਲ ਵੀ ਰਹੇ ਹਨ ਅਤੇ ਜੱਜ ਵੀ ਰਹੇ ਹਨ ਅਜ ਇਹ ਚੀਫ਼ ਮਨਿਸਟਰ ਹਨ। ਕਦੇ ਇਹ ਆਪੋਜ਼ੀਸ਼ਨ ਦੇ ਲੀਡਰ ਹੁੰਦੇ ਸਨ ਔਰ ਕੱਲ ਨੂੰ ਇਹ ਫਿਰ ਇਧਰ ਆ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਗਰ ਅੱਜ ਇਹ ਜ਼ਿਆਦਤੀਆਂ ਕਰਦੇ ਹਨ, ਐਨੇ ਜ਼ੁਲਮ ਕਰਦੇ ਹਨ ਤਾਂ ਕੱਲ ਨੂੰ ਇਸ ਦੇ ਉਲਟ ਵੀ ਹੋ ਸਕਦਾ ਹੈ। (ਵਿਘਨ) ਇਹ ਠੀਕ ਹੈ ਕਿ ਜਿਸਨੇ ਕੋਈ ਜ਼ੁਲਮ ਕੀਤਾ ਹੋਵੇ ਉਸ ਦੀ ਪੜਤਾਲ ਹੋਣੀ ਚਾਹੀਦੀ ਹੈ ਔਰ ਐਕਸ਼ਨ ਲੈਣਾ ਚਾਹੀਦਾ ਹੈ। ਚੀਫ਼ ਮਨਿਸਟਰ ਸਾਹਿਬ ਨੇ ਆਪਣੀ ਫਿਲੌਰ ਦੀ ਤਕਰੀਰ ਵਿਚ ਕਿਹਾ ਹੈ ਕਿ ਥਰਡ ਡਿਗਰੀ ਮੈਥਡ ਯੂਜ਼ ਨਹੀਂ ਹੋਣਾ ਚਾਹੀਦਾ। (ਵਿਘਨ) ਜੇ ਗਿੱਲ ਦੇ ਖਿਲਾਫ਼ ਕੋਈ ਕੇਸ ਬਣਦਾ ਹੈ ਤਾਂ ਜ਼ਰੂਰ ਬਣਾਉ ਲੇਕਿਨ ਗਲਤ ਨਾ ਬਣਾਉ। (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) (ਸ਼ੋਰ) ਸਪੀਕਰ ਸਾਹਿਬ, ਉਸ ਦੀ ਛਾਤੀ ਤੇ ਪਸਤੌਲ ਰਖਿਆ ਗਿਆ ('ਗਲਤ ਹੈ', 'ਗਲਤ ਹੈ' ਦੀਆਂ ਆਵਾਜ਼ਾਂ)। ਅਗਰ ਇਹ ਗਲਤ ਹੈ ਤਾਂ ਅੱਛਾ ਹੋਵੇਗਾ ...... (ਵਿਘਨ)

**ਸ੍ਰੀ ਸਪੀਕਰ :** ਕੈਪਟਨ ਸਾਹਿਬ ਵਾਈਂਡ ਅੱਪ ਕਰੋ। (Captain Sahib may please wind up now.)

**ਕੈਪਟਨ ਰਤਨ ਸਿੰਘ :** ਸਾਨੂੰ ਇਹ ਪਤਾ ਲਗਾ ਹੈ ਕਿ ਇਨ੍ਹਾਂ ਨੇ ਡੀਫੈਕਸ਼ਨ ਕਰਾਉਣ ਵਾਸਤੇ 4½ ਕਰੋੜ ਰੁਪਿਆ ਰੱਖਿਆ ਹੈ ('ਇਹ ਗਲਤ ਹੈ' ਦੀਆਂ ਆਵਾਜ਼ਾਂ) (ਸ਼ੋਰ) ਮੈਂ ਅਰਜ਼ ਕਰਦਾ ਹਾਂ ਕਿ ਡੀਫੈਕਸ਼ਨ ਦੀ ਸਾਨੂੰ ਕੋਈ ਤਕਲੀਫ਼ ਨਹੀਂ ਲੇਕਿਨ ਇਹ ਤਕਲੀਫ਼ ਇਨ੍ਹਾਂ ਨੂੰ ਹੋਣੀ ਹੈ। ਇਨ੍ਹਾਂ ਨੂੰ ਇਸ ਤੋਂ ਬਚਣਾ ਚਾਹੀਦਾ ਹੈ। ਇਨ੍ਹਾਂ ਨੂੰ ਵਾਰਨਿੰਗ ਦਿਤੀ ਜਾਂਦੀ ਹੈ। ਇਹ ਤਾਂ 10 ਜ਼ਿਲ੍ਹਿਆਂ ਦੀ ਸਰਕਾਰ ਹੈ ਔਰ ਸਾਡੇ ਕੋਲ ਸਾਰੇ ਹਿੰਦੁਸਤਾਨ ਦੀ ਸਰਕਾਰ ਹੈ (ਸ਼ੋਰ) ਜੇ ਇਹ ਇਸ ਤਰ੍ਹਾਂ ਕਰਦੇ ਹਨ ਤਾਂ...... (ਸ਼ੋਰ) (ਵਿਘਨ) ਇਹ ਗੱਲ ਇਨ੍ਹਾਂ ਨੂੰ ਮਹਿੰਗੀ ਪਵੇਗੀ ਇਸ ਲਈ ਇਸ ਤਰ੍ਹਾਂ ਨਾ ਕਰੋ। ਸਪੀਕਰ ਸਾਹਿਬ, ਮੈਂ ਜਿਹੜੇ ਇਨ੍ਹਾਂ ਦੇ, ਜਨਸੰਘੀ ਭਰਾ, ਜੂਨੀਅਰ ਪਾਰਟਨਰਜ਼ ਹਨ, ਉਨ੍ਹਾਂ ਨੂੰ ਕਹਿੰਦਾ ਹਾਂ ਕਿ ਉਹ ਬਚੇ ਰਹਿਣ, ਇਹ ਨੌਂ ਦਸ ਆਦਮੀਆਂ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਨੂੰ ਇਧਰੋਂ ਲੈ ਕੇ ਜਨਸੰਘੀਆਂ ਨੂੰ ਵਿਚੋਂ ਕਢਣਾ ਚਾਹੁੰਦੇ ਹਨ । (ਸ਼ੋਰ) ਮੇਰੇ ਕਮਿਊਨਿਸਟ ਭਰਾ 20 ਸਾਲ ਲੜਦੇ ਰਹੇ ਅਤੇ ਪ੍ਰਾਗ੍ਰੈਸਿਵ ਰਿਜੀਮ ਲਿਆਉਣ ਲਈ ਜਦੋ ਜਹਿਦ ਕਰਦੇ ਰਹੇ । 20 ਸਾਲਾਂ ਦੀ ਕੋਸ਼ਿਸ਼ ਤੋਂ ਬਾਅਦ, ਉਨ੍ਹਾਂ ਦੇ ਆਪਣੇ ਅਲਫਾਜ਼ ਦੇ ਮੁਤਾਬਿਕ, ਇਕ ਰੀਐਕਸ਼ਨਰੀ ਪਾਰਟੀ ਇਨ ਪਾਵਰ ਆ ਗਈ ਹੈ । (ਵਿਘਨ) ਤਦ ਹੀ ਤਾਂ 20 ਸਾਲਾਂ ਦੇ ਬਾਅਦ ਇਹ ਚਾਰ ਛੇ ਰਹਿ ਗਏ ਹਨ । (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਜਨਸੰਘ ਅਕਾਲੀ ਕੁਲੀਸ਼ਨ ਉਨੀ ਦੇਰ ਤਕ ਚੱਲੇਗੀ ਜਿੰਨੀ ਦੇਰ ਤੱਕ ਸਰਦਾਰ ਗੁਰਨਾਮ ਸਿੰਘ ਨੂੰ ਇਨ੍ਹਾਂ ਮੇਰੇ ਭਰਾਵਾਂ ਦੀ ਲੋੜ ਹੈ । (ਸ਼ੋਰ) ਰੱਬ ਦੇ ਵਾਸਤੇ ਪੰਜ ਦਸ ਲੱਖ ਰੁਪਿਆ ਲੈ ਕੇ ਇਹ ਡੀਫੈਕਸ਼ਨ ਨਾ ਕਰਵਾਉ । ਇਸ ਦੀ ਜ਼ਿਮੇਵਾਰੀ ਤੁਹਾਡੇ ਤੇ ਹੋਵੇਗੀ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਗੁਰਨਾਮ ਸਿੰਘ ਨੂੰ ਬੇਨਤੀ ਕਰਦਾ ਹਾਂ ਕਿ ਰੱਬ ਦੇ ਵਾਸਤੇ ਅੱਛੀਆਂ ਟਰੇਡੀਸ਼ਨਜ਼ ਕਾਇਮ ਕਰੋ । ਅੱਜ ਕਲ ਪਤਾ ਨਹੀਂ ਕਿ ਕੌਣ ਅੱਜ ਇਧਰ ਹੈ ਤੇ ਕੌਣ ਉਧਰ ਹੈ । ਜਿਹੋ ਜਿਹਾ ਵਰਤਾਉ ਕਰੋਗੇ ਉਹੋ ਜ਼ਿਹਾ ਮਿਲ ਜਾਵੇਗਾ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਮੈਂ ਹਮੇਸ਼ਾ ਖੁਸ਼ ਰਹਿੰਦਾ ਹਾਂ । ਸ਼ਾਇਦ ਮੈਂ ਜਿੰਨੀ ਖੁਸ਼ੀ ਆਪੋਜ਼ੀਸ਼ਨ ਵਾਲੇ ਪਾਸੇ ਮਹਿਸੂਸ ਕਰਦਾ ਹਾਂ ਉਤਨੀ ਦੂਸਰੇ ਪਾਸੇ ਨਹੀਂ ਕਿਉਂਕਿ ਇਥੇ ਕੋਈ ਜ਼ਿਮੇਵਾਰੀ ਨਹੀਂ । ਸੋ ਤੁਹਾਨੂੰ ਆਪਣੇ ਦੋਸਤ ਪਹਿਚਾਨਣੇ ਚਾਹੀਦੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਪਟਿਆਲੇ ਵਿਚ ਦਿਨ ਦਿਹਾੜੇ ਜਲੂਸ ਤੇ ਪੱਥਰ ਸੁਟੇ ਗਏ । ਫਰੀਦਕੋਟ ਵਿਚ ਗੋਲੀ ਚਲਾਈ ਗਈ । (ਸ਼ੋਰ) (ਵਿਘਨ) ਸੋ ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਤੁਹਾਡੇ ਰਾਹੀਂ ਅੱਜ ਚੀਫ਼ ਮਨਿਸਟਰ ਨੂੰ ਇਹ ਕਹਾਂਗਾਂ ਕਿ ਜੋ ਕੁਝ ਵੀ ਉਹ ਕਰਨਗੇ ਸਿਵਾਏ ਤਿੰਨ ਚਾਰ ਪੈਰਾਗ੍ਰਾਫਜ਼ ਵਿਚ ਦਸੀਆਂ ਗੱਲਾਂ ਦੇ ਅਸੀਂ ਇਨ੍ਹਾਂ ਦੀ ਮਦਦ ਕਰਾਂਗੇ (ਤਾੜੀਆਂ) ਅਸੀਂ ਵੀ ਐਗਜ਼ਾਮਿਨ ਕਰ ਰਹੇ ਹਾਂ ਕਿ ਤਿੰਨ ਚਾਰ ਪੈਰਾਗਰਾਫਜ਼ ਵਿੱਚ ਜੋ ਆਫੀਸੀਅਲਜ਼ ਦਾ ਜ਼ਿਕਰ ਕੀਤਾ ਹੈ ਉਨ੍ਹਾਂ ਦੇ ਖਿਲਾਫ਼ ਅਸੀਂ ਕੀ ਕੰਟੈਂਪਟ ਆਫ ਕੋਰਟ ਪਰੋਸੀਡਿੰਗਜ਼ ਕਰ ਸਕਦੇ ਹਾਂ ਜਾਂ ਨਹੀਂ । ਜੇ ਤੁਸੀਂ ਕਿਸੇ ਦੇ ਖਿਲਾਫ਼ ਐਕਸ਼ਨ ਲੈਣਾ ਹੈ ਤਾਂ ਲਵੋ ਪਰ ਨਜਾਇਜ਼ ਕੰਮ ਨਾ ਕਰੋ । ਲੇਕਿਨ ਇਹ ਗੱਲ ਮੈਂ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਸਰਦਾਰ ਗੁਰਨਾਮ ਸਿੰਘ ਜੀ ਤੁਸੀਂ ਆਪਣੇ ਦੋਸਤਾਂ ਦੀ ਕੁਝ ਭਲਾਈ ਸੋਚੋ । ਜੇ ਕਿਸੇ ਆਦਮੀ ਦੀ ਨਾਜਾਇਜ਼ ਬੇਇਜ਼ਤੀ ਕਰੋਗੇ ਤਾਂ ਕਲ ਨੂੰ ਇਹ ਤੁਹਾਨੂੰ ਵੀ ਭੁਗਤਨੀ ਪਵੇਗੀ । ਮੈਂ ਖਾਸ ਤੌਰ ਤੇ ਅਫਸਰਾਂ ਨੂੰ ਵਾਰਨ ਕਰਦਾ ਹਾਂ ਕਿ ਉਹ ਅਨਸਕਰੂਪੱਲਸ ਪਾਲਿਟੀਸਨਜ਼ ਦੇ ਟੂਲਜ਼ ਜਾ ਬਨਣ ਕਿਉਂਕਿ ਉਹਨਾਂ ਦੀਆਂ ਕੰਡੀਸ਼ਨਜ਼ ਆਫ ਸਰਵਿਸ ਸਪਸ਼ਟ ਹਨ । ਸਾਡੀ ਕੋਈ ਸਿਕਿਉਰਿਟੀ ਆਫ ਸਰਵਿਸ ਨਹੀਂ । ਕਦੇ ਆਪੋਜ਼ੀਸ਼ਨ ਵਿਚ ਅਤੇ ਕਦੇ ਮਨਿਸਟਰੀ ਵਿਚ ਵੀ ਆ ਸਕਦੇ ਹਾਂ । ਇਸ ਲਈ ਮੈਂ ਇਨ੍ਹਾਂ ਨੂੰ ਖਾਸ ਵਾਰਨਿੰਗ ਦਿੰਦਾ ਹਾਂ । ਅਖੀਰ ਵਿਚ ਐਨੀ ਗੱਲ ਕਹਿਕੇ ਵਧਾਈ ਦੇਣਾ ਚਾਹੁੰਦਾ ਹਾਂ ਔਰ ਸਰਦਾਰ ਗੁਰਨਾਮ ਸਿੰਘ ਜੀ ਇਹ ਧਿਆਨ ਨਾਲ ਸੁਣ ਲੈਣ ਕਿ :—

He who Laughs last, Laughs best.

**ਕਾਮਰੇਡ ਸਤਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਨੂੰ ਇਸ ਐਡਰੈਸ ਦੇ ਵਿਚ ਉਨ੍ਹਾਂ ਗਲਾਂ ਲਈ ਵਧਾਈ ਦੇਣਾ ਚਾਹੁੰਦਾ ਹਾਂ ਜਿਹੜੀਆਂ ਗੱਲਾਂ ਚੰਗੀਆਂ ਅਤੇ ਤਰੱਕੀ ਪਸੰਦ ਹਨ । ਗਵਰਨਰ ਸਾਹਿਬ ਨੇ ਇਸ ਗੱਲ ਦਾ ਐਲਾਨ ਕੀਤਾ ਹੈ ਕਿ ਪੰਜਾਬ ਦੇ ਵਿਚ ਅਪਰ ਹਾਊਸ ਨੂੰ ਤੋੜ ਦਿਤਾ ਜਾਵੇਗਾ, ਇਹ ਇਕ ਬੜੀ ਵਧਾਈ ਵਾਲੀ ਗੱਲ ਹੈ ।

Original with;
Punjab Vidhan Sabha
Digitized by;
Panjab Digital Library

ਮੈਂ ਆਸ ਕਰਦਾ ਹਾਂ ਕਿ ਜਦੋਂ ਸਰਕਾਰ ਇਸ ਗੱਲ ਦੇ ਲਈ ਮਤਾ ਲਿਆਵੇ ਤਾਂ ਕਾਂਗਰਸ ਪਾਰਟੀ ਵੀ ਇਸ ਮਤੇ ਦੇ ਨਾਲ ਸਹਿਮਤ ਹੋਵੇਗੀ ਔਰ ਉਸ ਦੇ ਵਿਚ ਰੋੜਾ ਅਟਕਾਉਣ ਦਾ ਯਤਨ ਨਹੀਂ ਕਰੇਗੀ। ਮੈਂ ਇਸ ਗੱਲ ਦੇ ਲਈ ਵੀ ਸਰਕਾਰ ਅਤੇ ਗਵਰਨਰ ਸਾਹਿਬ ਨੂੰ ਵਧਾਈ ਦੇਵਾਂਗਾ ਕਿ ਜਿਹੜਾ ਇਹ ਐਲਾਨ ਕੀਤਾ ਗਿਆ ਹੈ ਕਿ ਪੰਜਾਬ ਜਿਹੜਾ ਕਿ ਹਿੰਦੁਸਤਾਨ ਦਾ ਇਕ ਸਰਹੱਦੀ ਸੂਬਾ ਹੈ ਦੇ ਲੋਕਾਂ ਦਾ ਉਤਸ਼ਾਹ ਵਧਾਉਣ ਲਈ ਉਨ੍ਹਾਂ ਨੂੰ ਉਚੇਚੀਆਂ ਸਹੂਲਤਾਂ ਦਿਤੀਆਂ ਜਾਣਗੀਆਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਕੋਲ ਬੇਨਤੀ ਕਰਾਂਗਾ ਕਿ ਜਦੋਂ ਪਹਿਲਾਂ ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਸਨ, ਉਦੋਂ ਇਥੇ ਇਕ ਸਬ ਕਮੇਟੀ ਬਣੀ ਸੀ। ਉਸ ਸਬ ਕਮੇਟੀ ਨੇ ਕੁਝ ਸਿਫਾਰਸ਼ਾਂ ਕੀਤੀਆਂ ਸਨ।

ਉਨ੍ਹਾਂ ਸਾਰੀਆਂ ਸਿਫ਼ਾਰਸ਼ਾਂ ਨੂੰ ਇਨ ਬਿਨ ਸਰਹੱਦੀ ਇਲਾਕਿਆਂ ਵਿਚ ਲਾਗੂ ਕਰਕੇ ਪੰਜਾਬ ਸਰਕਾਰ ਸਾਰੇ ਦੇਸ਼ ਦੀ ਹਿਫਾਜ਼ਤ ਨੂੰ ਤਕੜਿਆਂ ਕਰਨ ਲਈ ਇਹ ਉਚੇਰਾ ਕਦਮ ਚੁਕੇ। ਸਪੀਕਰ ਸਾਹਿਬ, ਮੈਂ ਇਸ ਗਲ ਲਈ ਵੀ ਵਧਾਈ ਦੇਣਾ ਚਾਹੁੰਦਾ ਹਾਂ ਕੀ ਇਸ ਐਡਰੈਸ ਵਿਚ ਇਕ ਗਲ ਕਹੀ ਗਈ ਹੈ ਕਿ ਟਰਾਂਸਪੋਰਟ ਦਾ ਪ੍ਰੋਗਰੈਸਿਵ ਢੰਗ ਨਾਲ ਜਲਦੀ ਹੀ ਕੌਮੀਕਰਨ ਕੀਤਾ ਜਾਵੇਗਾ। ਪਰ ਮੈਂ ਬੇਨਤੀ ਕਰਾਂਗਾ ਕਿ ਪੰਜਾਬ ਦੀ, ਆਮ ਸਰਕਾਰ ਦੀ ਡਿਕਸ਼ਨਰੀ ਵਿਚ ਲਫਜ਼ ਜਲਦੀ' ਕਦੇ ਖ਼ਤਮ ਨਹੀਂ ਹੁੰਦਾ। ਪ੍ਰੋਗਰੈਸਿਵ ਦੇ ਮੁਤਲਕ ਆਮ ਸਰਕਾਰ ਦੀ ਡਿਕਸ਼ਨਰੀ ਵਿਚ ਲਫ਼ਜ਼ 'ਹੌਲੀ ਹੌਲੀ' ਹੁੰਦਾ ਹੈ। ਜੇ ਵਾਕਈ ਟਰਾਂਸਪੋਰਟ ਨੈਸ਼ਨਲਾਈਜ਼ ਕਰਨੀ ਹੈ ਤਾਂ ਮੈਂ ਇਹ ਅਰਜ਼ ਕਰਾਂਗਾ ਕਿ 1969 ਦੇ ਅਖੀਰ ਵਿਚ ਇਸ ਸਟੇਟ ਦੀ ਪੈਪਸੂ ਰਿਜਨ ਦੀ ਟਰਾਂਸਪੋਰਟ ਸਰਕਾਰੀ ਹੋ ਜਾਣੀ ਚਾਹੀਦੀ ਹੈ ਅਤੇ ਬਾਕੀ ਪੰਜਾਬ ਦੇ ਵਿਚ 1970 ਦੇ ਅਖੀਰ ਤਕ ਟਰਾਂਸਪੋਰਟ ਸਰਕਾਰੀ ਹੋ ਜਾਣੀ ਚਾਹੀਦੀ ਹੈ। ਮੈਂ ਇਹ ਵੀ ਅਰਜ਼ ਕਰਾਂਗਾ ਕਿ ਕੋਈ ਨਵਾਂ ਰੂਟ ਕਿਸੇ ਪ੍ਰਾਈਵੇਟ ਟਰਾਂਸਪੋਰਟਰ ਨੂੰ ਪੰਜਾਬ ਦੇ ਵਿਚ ਨਹੀਂ ਮਿਲਣਾ ਚਾਹੀਦਾ। (ਥੰਪਿੰਗ) ਸਰਕਾਰ ਸਾਰੇ ਰੂਟ ਆਪ ਚਲਾਏ। ਮੈਂ ਸਰਕਾਰ ਦੀ ਤਵੱਜੋ ਇਸ ਗਲ ਵਲ ਵੀ ਦਿਵਾਉਣਾ ਚਾਹੁੰਦਾ ਹਾਂ ਕਿ ਸਿਰਫ ਮੁਸਾਫਰ ਟਰਾਂਸਪੋਰਟ ਹੀ ਨਹੀਂ ਗੁਡਜ਼ ਟਰਾਂਸਪੋਰਟ ਨੂੰ ਵੀ ਸਰਕਾਰੀ ਕਰਨ ਦੀ ਲੋੜ ਹੈ। ਗੁਡਜ਼ ਟਰਾਂਸਪੋਰਟ ਸਰਕਾਰੀ ਹੋ ਜਾਣ ਨਾਲ ਜਿਥੇ ਬਾਕੀ ਸੂਬਿਆਂ ਵਿਚ ਅਨਾਜ ਘੱਟ ਹੁੰਦਾ ਹੈ ਉਥੇ ਪੰਜਾਬ ਆਪਣੀ ਟਰਾਂਸਪੋਰਟ ਰਾਹੀਂ ਸੌਖੀ ਤਰ੍ਹਾਂ ਅਨਾਜ ਪਹੁੰਚਾ ਕੇ ਉਸ ਸੂਬੇ ਦੀ ਸੇਵਾ ਕਰ ਸਕਦੀ ਹੈ।

ਸਪੀਕਰ ਸਾਹਿਬ, ਇਹ ਗਲ ਐਡਰੈਸ ਵਿਚ ਕਹੀ ਗਈ ਹੈ ਕਿ ਸਰਕਾਰ ਛੇਤੀ ਨਾਲ ਟੈਕਸੇਸ਼ਨ ਦੇ ਢਾਂਚੇ ਤੇ ਨਜ਼ਰਸਾਨੀ ਕਰੇਗੀ ਔਰ ਲੋਕਾਂ ਨੂੰ ਰਿਲੀਫ ਦੇਵੇਗੀ। ਮੈਂ ਇਹ ਅਰਜ਼ ਕਰਾਂਗਾ ਕਿ ਇਸ ਤੋਂ ਵੀ ਅਗੇ ਜਾਣ ਦੀ ਲੋੜ ਹੈ। ਕੁਝ ਟੈਕਸ ਹਰ ਹਾਲਤ ਵਿਚ ਮੁਆਫ ਹੋਣੇ ਚਾਹੀਦੇ ਹਨ। ਮਿਸਾਲ ਦੇ ਤੌਰ ਤੇ ਕੁਝ ਕਮੇਟੀਆਂ ਵਲੋਂ, ਬਲਾਕ ਸੰਮਤੀਆਂ ਵਲੋਂ ਪਿੰਡਾਂ ਵਿਚ ਸਾਈਕਲ ਟੈਕਸ, ਚੌਕੀਦਾਰਾ ਟੈਕਸ, ਚੁਲ੍ਹਾ ਟੈਕਸ, ਟੋਲ ਟੈਕਸ ਅਤੇ ਹੋਰ ਇਸੇ ਤਰ੍ਹਾਂ ਦੇ ਕਈ ਟੈਕਸ ਲਗਾਏ ਜਾਂਦੇ ਹਨ ਜੋ ਸਰਕਾਰ ਲਈ ਇਕ ਲਾਅਨਤ ਹਨ। (ਕਾਂਗਰਸ ਬੈਂਚਾਂ ਵਲੋਂ ਥਪਿੰਗ) ਇਹ ਸਾਰੇ ਮੁਆਫ ਹੋਣੇ ਚਾਹੀਦੇ ਹਨ। ਇਸ ਨਾਲ ਜੋ ਘਾਟਾ ਪੈਂਦਾ ਹੈ ਉਹ ਸਰਕਾਰ ਆਪਣੇ ਕੋਲੋਂ ਪੂਰਾ ਕਰੇ। (ਵਿਘਨ) ਮੈਂ ਅਰਜ ਕਰਦਾ ਹਾਂ ਕਿ ਜ਼ਮੀਨ ਦੇ ਮਾਲਕਾਂ ਦੇ ਉਤੇ ਜ਼ਮੀਨ ਦੀ ਮਲਕੀਅਤ ਦੇ ਮੁਤਾਬਿਕ ਚੁਲ੍ਹਾ ਟੈਕਸ ਲਗਾਇਆ ਜਾਵੇ ਜਿੰਨੀ ਕਿਸੇ ਕੋਲ ਜ਼ਮੀਨ ਹੈ ਉਸ ਦੇ ਮੁਤਾਬਿਕ ਹੀ ਟੈਕਸ ਲਗਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਸਤਪਾਲ ਡਾਂਗ ]

ਮੈਂ ਇਕ ਅਰਜ਼ ਸ਼ਰਾਬ ਦੇ ਬਾਰੇ ਵਿਚ ਕਰਨੀ ਚਾਹੁੰਦਾ ਹਾਂ। ਜਿਥੇ ਸ਼ਰਾਬ ਦੇ ਠੇਕੇ ਪਹਿਲੇ ਖੁੱਲ੍ਹੇ ਹੋਏ ਹਨ ਉਥੇ ਹੋਰ ਨਵੇਂ ਸ਼ਰਾਬ ਦੇ ਠੇਕੇ ਖੋਲ੍ਹਣ ਤੋਂ ਪਹਿਲਾਂ ਇਸ ਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ। ਫਿਰ ਇਹ ਸ਼ਰਾਬ ਦੇ ਠੇਕੇ ਬਸਾਂ ਦੇ ਅੱਡਿਆਂ ਦੇ ਨੇੜੇ ਅਤੇ ਬਹੁਤੀ ਵਸੋਂ ਵਾਲੇ ਇਲਾਕਿਆਂ ਵਿਚ ਦਿਤੇ ਗਏ। ਇਨ੍ਹਾਂ ਨੂੰ ਫੌਰੀ ਤੌਰ ਤੇ ਹਟਾਣਾ ਚਾਹੀਦਾ ਹੈ।

ਮੈਂ ਅਰਜ਼ ਕਰਦਾ ਹਾਂ ਕਿ ਸਿਰਫ ਟੈਕਸ ਹੀ ਸਰਕਾਰ ਦੀ ਆਮਦਨੀ ਦਾ ਸਾਧਨ ਨਹੀਂ ਹੋਣਾ ਚਾਹੀਦਾ। ਆਮਦਨੀ ਦੇ ਹੋਰ ਕਈ ਸਾਧਨ ਬਣਾਏ ਜਾ ਸਕਦੇ ਹਨ। ਸਰਕਾਰ ਪਬਲਿਕ ਸੈਕਟਰ ਵਿਚ ਕਾਰਖਾਨੇ ਲਗਾਏ ਅਤੇ ਉਸ ਦੇ ਵਿਚੋਂ ਆਪਣੀ ਆਮਦਨੀ ਪੈਦਾ ਕਰੇ।

ਸਪੀਕਰ ਸਾਹਿਬ, ਮੈਂ ਇਸ ਤੋਂ ਬਾਦ ਇਕ ਗਲ ਦੇ ਉਤੇ ਐਡਰੈਸ ਨਾਲ ਆਪਣੀ ਅਸਹਿਮਤੀ ਪ੍ਰਗਟ ਕਰਨਾ ਚਾਹੁੰਦਾ ਹਾਂ ਜਿਸ ਵਿਚ ਇਹ ਕਿਹਾ ਗਿਆ ਹੈ ਕਿ ਅੱਜ ਦੀ ਸਰਕਾਰ ਜਿਹੜੀ ਬਣੀ ਹੈ ਉਹ ਫਰੰਟ ਸਰਕਾਰ ਹੈ ਪਰ ਮੈਂ ਇਹ ਕਹਾਂਗਾ ਕਿ ਫਰੰਟ ਦੀ ਸਰਕਾਰ 1967 ਦੀਆਂ ਚੋਣਾਂ ਤੋਂ ਬਾਅਦ ਬਣੀ ਸੀ। ਪਰ ਇਹ ਹੁਣ ਦੀ ਸਰਕਾਰ ਅਕਾਲੀ ਜਨਸੰਘ ਕੁਲੀਸ਼ਨ ਦੀ ਹੈ ਅਤੇ ਇਸ ਨੂੰ 6 ਪਾਰਟੀਆਂ ਦੀ ਸਾਂਝੀ ਸਰਕਾਰ ਜਾਂ ਫਰੰਟ ਦੀ ਸਰਕਾਰ ਕਹਿਣਾ ਦਰੁਸਤ ਨਹੀਂ ਹੈ। (ਕਾਂਗਰਸ ਬੈਂਚਾਂ ਵਲੋਂ ਥੰਪਿੰਗ) ਔਰ ਮੈਂ ਸਮਝਦਾ ਹਾਂ ਕਿ ਇਸ ਨੂੰ ਨਹੀਂ ਕਹਿਣਾ ਚਾਹੀਦਾ।

ਮੈਂ ਅਰਜ਼ ਕਰਦਾ ਹਾਂ ਕਿ ਫਰੰਟ ਸਰਕਾਰ ਦੇ ਜਿਨ੍ਹਾਂ ਕੁਝ ਫੈਸਲਿਆਂ ਤੇ ਅਮਲ ਨਹੀਂ ਹੋ ਸਕਿਆ ਉਹ ਇਨ ਬਿਨ ਲਾਗੂ ਹੋਣੇ ਚਾਹੀਦੇ ਹਨ। ਮੈਂ ਸਰਕਾਰ ਦੀ ਤਵੱਜੋ ਇਸ ਗਲ ਵਲ ਦੁਆਉਣਾ ਚਾਹੁੰਦਾ ਹਾਂ ਕਿ ਉਹ ਪੰਜਾਬ ਦੇ ਕਿਸਾਨਾਂ ਦੀਆਂ, ਹਿੰਦੁਸਤਾਨ ਦੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਦੀ ਨਾਂ ਸੋਚਣ ਬਲਕਿ ਰੋਪੜ ਵਿਚ ਬਿਰਲੇ ਨੂੰ ਜਿਹੜੀ ਜ਼ਮੀਨ ਪਟੇ ਤੇ ਦਿਤੀ ਗਈ ਹੈ, ਉਹ ਪਟਾ ਕੈਂਸਲ ਕੀਤਾ ਜਾਵੇ। ਸਰਕਾਰ ਇਹ ਦਸੇ ਕਿ ਇਹ ਪਟਾ ਕਿਉਂ ਕਾਇਮ ਹੈ। ਬਿਰਲੇ ਨੂੰ ਉਸ ਜ਼ਮੀਨ ਦਾ ਪਟਾ ਦੇਣ ਵਿਚ ਕਾਂਗਰਸ ਸਰਕਾਰ ਨੇ ਕੀ ਕੁਝ ਕੀਤਾ, ਮੈਂ ਉਸ ਦੇ ਵਿਚ ਨਹੀਂ ਜਾਣਾ ਚਾਹੁੰਦਾ (ਸ਼ੋਰ) (ਵਿਘਨ) ਮੈਂ ਕਾਂਗਰਸ ਵਲੋਂ ਕੀਤੀ ਗਈ ਹੇਰਾ ਫੇਰੀ ਦਾ ਜ਼ਿਕਰ ਨਹੀਂ ਕਰਦਾ। ਇਹ ਆਪ ਅੱਜ ਸ਼ੋਰ ਪਾਉਂਦੇ ਹਨ। ਇਹ ਸ਼੍ਰੀ ਚੰਦਰ ਸ਼ੇਖਰ ਨੂੰ ਪੁਛ ਲੈਣ (ਵਿਘਨ) ਜੋ ਇਨ੍ਹਾਂ ਦੀ ਪਾਰਟੀ ਦਾ ਮੈਂਬਰ ਹੈ ਕਿ ਉਸ ਦਾ ਇਨ੍ਹਾਂ ਬਾਰੇ ਕੀ ਵਿਚਾਰ ਹੈ।

ਸਪੀਕਰ ਸਾਹਿਬ, ਇਕ ਹੋਰ ਫੈਸਲਾ ਜਿਹੜਾ ਉਸ ਵੇਲੇ ਲਾਗੂ ਨਹੀਂ ਸੀ ਹੋ ਸਕਿਆ ਉਹ ਇਹ ਸੀ ਕਿ ਸਨੱਅਤੀ ਮਜ਼ਦੂਰਾਂ ਦੀਆਂ ਤਨਖਾਹਾਂ ਪ੍ਰਾਈਸ ਇਨਡੈਕਸ ਨਾਲ ਜੋੜ ਦਿਤੀਆਂ ਜਾਣ; ਉਸ ਤੇ ਵੀ ਅਮਲ ਹੋਣਾ ਚਾਹੀਦਾ ਹੈ। ਇਸ ਐਡਰੈਸ ਵਿਚ ਇਹ ਗਲ ਵੀ ਕਹੀ ਗਈ ਹੈ ਕਿ ਹਰੀਜਨ ਅਤੇ ਬੈਕਵਰਡ ਕਲਾਸਾਂ ਵਾਲਿਆਂ ਨੂੰ ਜ਼ਮੀਨਾਂ ਛੇਤੀ ਦਿਤੀਆਂ ਜਾਣਗੀਆਂ। ਉਸ ਬਾਰੇ ਵੀ ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਨੂੰ ਜ਼ਮੀਨਾਂ ਛੇਤੀ ਤੋਂ ਛੇਤੀ ਦਿਤੀਆਂ ਜਾਣ ਅਤੇ

Original with;
Punjab Vidhan Sabha
Digitized by;
Panjab Digital Library

ਬਗੈਰ ਨੀਲਾਮੀ ਤੋਂ ਹੀ ਦਿੱਤੀਆਂ ਜਾਣ ਕਿਉਂਕਿ ਉਹ ਨੀਲਾਮੀ ਤੇ ਜ਼ਮੀਨਾਂ ਨਹੀਂ ਲੈ ਸਕਣਗੇ ਇਸ ਫੈਸਲੇ ਤੇ ਫੌਰੀ ਅਮਲ ਹੋਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਇਹ ਐਡਰੈਸ ਇਕ ਹੋਰ ਗਲੋਂ ਵੀ ਤਰੁਟੀ ਪੂਰਣ ਹੈ । ਮੈਂ ਤੁਹਾਡੀ ਤਵਜੋ ਦਿਲਾਉਣੀ ਚਾਹੁੰਦਾ ਹਾਂ ਕਿ ਲੋਕਲ ਗੌਰਮੈਂਟ ਦਾ ਮਾਮਲਾ ਬੜਾ ਅਹਿਮ ਹੈ । ਲੋਕਲ ਗੌਰਮੈਂਟ ਦੇ ਮਾਮਲੇ ਵਿੱਚ ਜਿਹੜਾ ਮੁਦ ਜਲੰਧਰ ਮਿਉਂਸੰਪਲ ਕਮੇਟੀ ਨੂੰ ਤੋੜ ਕੇ ਬਧਾ ਹੈ ਉਹ ਅਡਾ ਨਹੀਂ ਬਧਾ ਮੇਰੀ ਰਾਏ ਵਿੱਚ ਇਹ ਗਲ ਨਹੀਂ ਹੋਣੀ ਚਾਹੀਦੀ ਸੀ । ਅਗਰ ਇਹ ਸਰਕਾਰ ਉਥੇ ਸੁਧਾਰ ਕਰਨਾ ਚਾਹੁੰਦੀ ਸੀ, ਅਗਰ ਮਿਉਂਸਪੈਲਿਟੀ ਵਿੱਚ ਹਨੇਰ ਗਰਦੀ ਪਈ ਹੋਈ ਸੀ ਤਾਂ ਉਸਦੀ ਫ਼ੌਰੀ ਤੌਰ ਤੇ ਨਵੀਂ ਚੋਣ ਕਰਾ ਦਿਤੀ ਜਾਂਦੀ ।

ਇਸੇ ਤਰੀਕੇ ਨਾਲ ਹਾਊਸ ਵਿਚ ਪੁਲਿਸ ਦੇ ਦਾਖਲੇ ਦਾ ਮਾਮਲਾ ਬੜਾ ਅਹਿਮ ਮ ਮਲਾ ਹੈ । ਉਸਦੇ ਉਤੇ ਇਹ ਐਡਰੈਸ ਬਿਲਕੁਲ ਖਾਮੋਸ਼ ਹੈ । ਸਪੀਕਰ ਸਾਹਿਬ, ਇਸ ਤੋਂ ਬਾਦ ਮੈਂ ਉਸ ਮਸਲੇ ਤੇ ਥੋੜ੍ਹੀ ਜਿਹੀ ਅਰਜ਼ ਕਰਨੀ ਚਾਹੁੰਦਾ ਹਾਂ ਜਿਸਦਾ ਬੜਾ ਚਰਚਾ ਹੈ । ਗਵਰਨਰ ਸਾਹਿਬ, ਨੇ ਗੁਨਾਹ ਕੀਤਾ ਜੋ ਇਸ ਐਡਰੈ ਵਿਚ ਕਿਹਾ ਕਿ ਪੁਲਿਸ ਹਾਊਸ ਵਿਚ ਆਈ । ਕਿਹੜੀ ਵਾਜਬ ਗਲ ਕਹੀ ਜੋ ਆਪਨੇ ਆਪ ਨੂੰ ਕੰਡੈਮ ਕੀਤਾ ।

ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਐਡਰੈਸ ਦੇ ਵਿਚ ਗਵਰਨਰ ਸਾਹਿਬ, ਨੂੰ ਜਿਹੜੀ ਗਲ ਕਹਿਣੀ ਚਾਹੀਦੀ ਸੀ ਉਹ ਨਹੀਂ ਕਹੀ ਅਤੇ ਜਿਹੜੀ ਨਹੀਂ ਕਹਿਣੀ ਚਾਹੀਦੀ ਸੀ ਉਹ ਕਹਿ ਦਿਤੀ । ਗਵਰਨਰ ਸਾਹਿਬ, ਨੇ ਉਸ ਵੇਲੇ ਦੀ ਸਰਕਾਰ ਦੀ ਨੁਕਤਾ ਚੀਨੀ ਕੀਤੀ ਜਿਸ ਸਰਕਾਰ ਨੇ ਪੁਲਿਸ ਹਾਊਸ ਵਿਚ ਵਾੜੀ ਸੀ । ਉਹ ਪੁਲੀਸ ਕਿਉ ਵੜੀ ? ਇਸਦੀ ਜ਼ਿਮੇਵਾਰੀ ਕਿਸਦੀ ਹੈ ? ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਅਰਜ ਕਰਾਂਗਾ ਕਿ ਕਾਂਗਰਸੀ ਦੋਸਤਾਂ ਵਲੋਂ ਅਕਲੀਅਤੀ ਸਰਕਾਰਾਂ ਬਨਾਉਣ ਦਾ ਤਜਰਬਾ ਬਿਲਕੁਲ ਗਲਤ ਸੀ ।ਉਨ੍ਹਾਂ ਅਕਲੀਅਤੀ ਸਰਕਾਰਾਂ ਨੇ ਵਿਧਾਨ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿਤੀ । ਅਕਲੀਅਤੀ ਸਰਕਾਰ ਬਣਨ ਤੋਂ ਪਹਿਲਾਂ ਸਰਦਾਰ ਗੁਰਨਾਮ ਸਿੰਘ ਨੇ ਗਵਰਨਰ ਸਾਹਿਬ ਨੂੰ ਐਡਵਾਇਸ ਦਿਤੀ ਸੀ ਕਿ ਹਾਊਸ ਨੂੰ ਤੋੜ ਕੇ ਨਵੇਂ ਇਲੈਕਸ਼ਨ ਕਰਵਾਏ ਜਾਣ । ਪਰ ਗਵਰਨਰ ਸਾਹਿਬ ਨੇ ਉਸ ਐਡਵਾਈਸ ਨੂੰ ਦੁਤਕਾਰ ਕੇ ਅਕਲੀਅਤੀ ਸਰਕਾਰ ਬਨਾਉਣ ਦਾ ਇਕ ਗਲਤ ਕਦਮ ਲਿਆ ਸੀ । ਐਡਰੈਸ ਵਿਚ ਇਸ ਕਦਮ ਦੀ ਉਸੇ ਤਰ੍ਹਾਂ ਨਿੰਦਾ ਹੋਣੀ ਚਾਹੀਦੀ ਸੀ ਜਿਸ ਤਰ੍ਹਾਂ ਬੰਗਾਲ ਵਿਚ ਹੋਇਆ । ਗਵਰਨਰ ਸਾਹਬ ਨੂੰ ਥੋੜ੍ਹਾ ਜਿਹਾ ਅਗੇ ਜਾਣ ਦੀ ਜੁਰੱਅਤ ਕਰਨੀ ਚਾਹੀਦੀ ਸੀ । ਇਥੇ ਗਵਰਨਰ ਸਾਹਿਬ ਨੇ ਚੀਫ਼ ਮਨਿਸਟਰ ਸਰਦਾਰ ਗੁਰਨਾਮ ਸਿੰਘ ਦੀ, ਨਵੇਂ ਇਲੈਕਸ਼ਨਜ਼ ਕਰਾਉਣ ਦੀ ਰਿਕੁਐਸਟ ਨੂੰ ਰਿਜੈਕਟ ਕਰ ਦਿਤਾ ਸੀ ਤੇ ਪੰਜਾਬ ਦੀ ਜਨਤਾ ਤੇ ਅਕਲੀਅਤੀ ਗੌਰਮੈਂਟ ਠੋਸ ਦਿਤੀ ਸੀ ਔਰ ਉਹ ਗੌਰਮੈਂਟ ਉਦੋਂ ਤਕ ਠੋਸੀ ਰਖੀ ਜਦ ਤਕ ਠੋਸਣ ਵਾਲਿਆਂ ਨੇ ਨਾ ਕਿਹਾ ਕਿ ਅਸੀਂ ਗ਼ਲਤੀ ਕੀਤੀ ਹੈ । (ਸ਼ੋਰ) ਇਸ ਗਲ ਦੀ ਮਜ਼ੰਮਤ ਹੋਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਸਪੀਕਰ ਸਾਹਿਬ, ਇਹ ਐਡਰੈਸ ਇਕ ਹੋਰ ਬੜੇ ਅਹਿਮ ਮਾਮਲੇ ਤੇ ਖਾਮੋਸ਼ ਹੈ। ਉਸ ਮਾਮਲੇ ਤੇ ਸਾਰੇ ਹਿੰਦੁਸਤਾਨ ਵਿਚ ਬਹਿਸ ਹੋ ਰਹੀ ਹੈ। ਮੈਂ ਥੋੜ੍ਹਾ ਜਿਹਾ ਹੈਰਾਨ ਜ਼ਰੂਰ ਹੋਇਆ ਕਿ ਐਡਰੈਸ ਇਸ ਮਾਮਲੇ ਤੇ ਚੁਪ ਕਿਉਂ ਹੈ? ਬਹੁਤ ਸਾਰੇ ਸੂਬਿਆਂ ਵਿਚ ਤਰੱਕੀ ਪਸੰਦ ਸਰਕਾਰਾਂ ਬਣ ਰਹੀਆਂ ਹਨ। ਉਹ ਹਰ ਗਲ ਵਿਚ ਸੈਂਟਰ ਦੀ ਸਰਕਾਰ ਦੀ ਮੁਦਾਖ਼ਲਤ ਪਸੰਦ ਨਹੀਂ ਕਰਦੀਆਂ ਤੇ ਮੰਗ ਕਰਦੀਆਂ ਹਨ ਕਿ ਸੂਬਿਆਂ ਨੂੰ ਅਟਾਨੋਮੀ ਦਿਤੀ ਜਾਏ ਔਰ ਨਾਲ ਹੀ ਦੂਸਰੇ ਸੂਬਿਆਂ ਦੀ ਜਨਤਾ ਵੀ ਇਸ ਗਲ ਦੀ ਮੰਗ ਕਰ ਰਹੀ ਹੈ। ਸਿਰਫ਼ ਕਾਂਗਰਸ ਹੀ ਇਸ ਦੀ ਮੁਖਾਲਫ਼ਤ ਕਰ ਰਹੀ ਹੈ। ਸੂਬਿਆਂ ਦੇ ਰੀਸੋਰਸਿਜ਼ ਅਗੇ ਨਾਲੋਂ ਬਹੁਤ ਵਧ ਰਹੇ ਹਨ। ਫਿਨਾਨਸਿਜ਼ ਦੀ ਵਰਤੋਂ ਠੀਕ ਢੰਗ ਨਾਲ ਹੋਵੇ, ਇਸ ਲਈ ਇਕ ਫਿਨਾਂਨਸ ਕਮੀਸ਼ਨ ਬਨਾਉਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇਸ ਵਿਚ ਇਕ ਘਾਟ ਇਹ ਹੈ ਕਿ ਸਰਕਾਰ ਵਿਚ ਦੋ ਪਾਰਟੀਆਂ ਸ਼ਾਮਲ ਹਨ। ਇਕ ਪਾਰਟੀ ਐਸੀ ਹੈ ਜੋ ਦੂਜੀ ਦੇ ਉਲਟ ਮੰਗ ਕਰਦੀ ਹੈ। ਅਕਾਲੀ ਪਾਰਟੀ ਠੀਕ ਮੰਗ ਕਰਦੀ ਹੈ ਕਿ ਸਾਡੇ ਸੂਬੇ ਵਿਚ ਅਟਾਨੋਮੀ ਹੋਣੀ ਚਾਹੀਦੀ ਹੈ, ਪਰ ਜਨਸੰਘ ਪਾਰਟੀ ਦੀ ਮੰਗ ਇਸ ਤੋਂ ਉਲਟ ਹੈ।

ਸਪੀਕਰ ਸਾਹਿਬ, ਮੈਂ ਅਗੇ ਕਹਾਂਗਾ ਕਿ ਸਾਰੇ ਪੰਜਾਬ ਦੇ ਵਿਚ, ਅੰਮ੍ਰਿਤਸਰ ਦੇ ਵਿਚ 60 ਪਰ ਸੈਂਟ ਕਾਰਖਾਨੇ ਕਿਉਂ ਬੰਦ ਹਨ? ਇਸ ਦਾ ਕਾਰਨ ਹੈ ਕਿ ਜਿਹੜਾ ਧਾਗਾ ਹੈ ਉਸਦੀ ਕੀਮਤ ਤਿੰਨ ਗੁਣਾ ਹੋ ਗਈ ਹੈ। ਸਾਡੇ ਮਨਿਸਟਰ ਸਾਹਿਬ ਖ਼ੁਦ ਇਹੋ ਜਿਹਾ ਇਕ ਕਾਰਖਾਨਾ ਚਲਾ ਰਹੇ ਹਨ ਤੇ ਉਨ੍ਹਾਂ ਨੂੰ ਪਤਾ ਹੈ ਕਿ ਧਾਗੇ ਦੀ ਕੀ ਹਾਲਤ ਹੈ। ਇਸ ਦਾ ਸਭ ਤੋਂ ਵਡਾ ਕਾਰਨ ਇਹ ਹੈ ਕਿ ਇਹ ਧਾਗਾ ਬਿਰਲਾ ਆਦਿ ਬਣਾਉਂਦੇ ਹਨ ਤੇ ਉਸ ਤੇ ਪੰਜਾਬ ਸਰਕਾਰ ਦਾ ਕੋਈ ਕੰਟਰੋਲ ਨਹੀਂ। ਅਗਰ ਪੰਜਾਬ ਸਰਕਾਰ ਦਾ ਇਨ੍ਹਾਂ ਚੀਜ਼ਾਂ ਤੇ ਆਪਣਾ ਕੰਟਰੋਲ ਹੁੰਦਾ ਤਾਂ ਅਜ ਪੰਜਾਬ ਦੀ ਇੰਡਸਟਰੀ ਦੀ ਇਹ ਹਾਲਤ ਨਾ ਹੁੰਦੀ। (ਸ਼ੋਰ)

ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਪਰਸੋਂ ਦੇ ਅਖਬਾਰ ਵਿਚ ਸ਼ਾਇਆ ਹੋਇਆ ਹੈ ਕਿ ਪੰਜਾਬ ਸਰਕਾਰ ਕਿਤਨਾ ਰੁਪਿਆ ਪਬਲਿਕ ਸੈਕਟਰ ਵਿਚ ਖਰਚ ਕਰ ਰਹੀ ਹੈ। ਉਸਦੇ ਨਾਲ ਪੰਜਾਬ ਅਗੇ ਨਾਲੋਂ ਬਹੁਤ ਹੀ ਵਧ ਤਰਕੀ ਕਰੇਗਾ। ਪਰ ਸੈਂਟਰਲ ਗਵਰਨਮੈਂਟ ਵਲੋਂ ਮੱਧ ਪ੍ਰਦੇਸ਼ ਵਿਚ ਜਿਥੇ ਪੰਜ ਹਜ਼ਾਰ ਕਰੋੜ ਰੁਪਿਆ ਪਬਲਿਕ ਸੈਕਟਰ ਲਈ ਦਿਤਾ ਗਿਆ ਹੈ ਉਥੇ ਪੰਜਾਬ ਨੂੰ ਸਿਰਫ਼ 32 ਕਰੋੜ ਰੁਪਿਆ ਦਿਤਾ ਗਿਆ ਹੈ। ਅਜਿਹੀਆਂ ਗਲਾਂ ਕਰਕੇ ਅਸੀਂ ਕਹਿੰਦੇ ਹਾਂ ਸਪੀਕਰ ਸਾਹਿਬ, ਕਿ ਸੂਬਿਆਂ ਦੀ ਅਟਾਨੋਮੀ ਦਾ ਇਕ ਬੜਾ ਅਹਿਮ ਮਸਲਾ ਸੀ, ਜਿਸਦੇ ਉਤੇ ਮੈਨੂੰ ਬਹੁਤ ਅਫ਼ਸੋਸ ਹੈ ਕਿ ਗਵਰਨਰ ਸਾਹਿਬ ਦਾ ਐਡਰੈਸ ਬਿਲਕੁਲ ਖਾਮੋਸ਼ ਹੈ।

ਸਪੀਕਰ ਸਾਹਿਬ, ਇਹ ਬੜੀ ਚੰਗੀ ਗਲ ਹੈ ਕਿ ਪਿਛਲੀ ਸਰਕਾਰ ਦੀ ਧਕੇਸ਼ਾਹੀ ਵਾਲੀ ਨੀਤੀ ਨੂੰ ਬਦਲ ਕੇ ਸਾਰੇ ਜਮਹੂਰੀ ਬੁਨਿਆਦੀ ਅਸੂਲਾਂ ਨੂੰ ਕਾਇਮ ਕੀਤਾ ਜਾਏਗਾ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਇਹ ਯਕੀਨ ਦਿਵਾਇਆ ਜਾ ਰਿਹਾ ਹੈ ਉਥੇ

Original with;
Punjab Vidhan Sabha
Digitized by;
Panjab Digital Library

ਰਕਾਰ ਨੂੰ ਇਹ ਵੀ ਕਰਨਾ ਚਾਹੀਦਾ ਹੈ ਕਿ ਉਸ ਗੌਰਮੈਂਟ ਦੇ ਰਾਜ ਦੇ ਦੌਰਾਨ ਲੋਕਾਂ ਦੇ ਜਿਹੜੇ ਜਮਹੂਰੀ ਹਕਾਂ ਨੂੰ ਕੁਚਲਿਆ ਗਿਆ ਸੀ ਤੇ ਨਾਜਾਇਜ਼ ਮੁਕਦਮੇ ਬਣਾਏ ਗਏ ਸੀ, ਉਨ੍ਹਾਂ ਨੂੰ ਇਨਸਾਫ ਬਖਸ਼ ਕੇ ਫਰਾਖ ਦਿਲੀ ਨਾਲ ਫ਼ੈਸਲਾ ਕੀਤਾ ਜਾਏ। ਇਸ ਤੋਂ ਇਲਾਵਾ ਸੈਂਟਰ ਦੇ ਮੁਲਾਜ਼ਮਾਂ ਤੇ ਜਿਹੜੇ ਝੂਠੇ ਮੁਕਦਮੇ ਬਣਾਏ ਗਏ ਸੀ, ਰੋਟੀ ਮੰਗਣ ਦੇ ਸਿਲਸਲੇ ਵਿਚ, ਉਹ ਮੁਕਦਮੇ ਫ਼ੌਰੀ ਤੌਰ ਤੇ ਵਾਪਸ ਹੋਣੇ ਚਾਹੀਦੇ ਹਨ। ਰੋਡਵੇਜ਼ ਦੇ ਐਮਪਲਾਈਜ਼ ਤੇ ਮੁਕਦਮੇ ਬਣਾਏ ਸਨ ਤੇ ਉਨ੍ਹਾਂ ਨਾਲ ਆਲ ਪਾਰਟੀਜ਼ ਜਿਹੜੀਆਂ ਅਜ ਹਕੂਮਤ ਵਿਚ ਹਨ, ਨੇ ਇਕਰਾਰ ਕੀਤੇ ਸਨ ਕਿ ਮੁਕਦਮੇ ਵਾਪਸ ਲਏ ਜਾਣਗੇ ਉਹ ਵਾਪਸ ਲੈਣੇ ਚਾਹੀਦੇ ਹਨ। ਪਠਾਨਕੋਟ ਵਿਚ ਜਿਹੜੀ ਪੁਲਿਸ ਵਲੋਂ ਸਤੰਬਰ, 1968 ਵਿਚ ਗੋਲੀ ਚਲੀ ਸੀ ਤੇ ਕਈਆਂ ਦਾ ਜਾਨੀ ਨੁਕਸਾਨ ਹੋ ਗਿਆ ਸੀ ਉਸ ਦੀ ਜੁਡੀਸ਼ੀਅਲ ਇਨਕੁਆਰੀ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਲੋਕਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਹੜੇ ਕੇਸਿਜ਼ ਵਿਚ ਫੜ ਕੇ ਅੰਦਰ ਕਰ ਦਿੰਦੇ ਹਨ। ਗੰਨੇ ਦੀ ਕੀਮਤ ਘਟਾਈ ਗਈ। ਜਦੋਂ ਕਿਸਾਨਾਂ ਨੇ ਕਿਹਾ ਕਿ ਇਹ ਦਸ ਰੁਪਏ ਕਵਿੰਟਲ ਹੋਣੀ ਚਾਹੀਦੀ ਹੈ ਤਾਂ ਕਿਹਾ ਕਿ ਖੰਡ ਦੀ ਕੀਮਤ ਸੌ ਰੁਪਇਆ ਕੁਵਿੰਟਲ ਘਟ ਗਈ ਹੈ। ਜਦੋਂ ਉਨ੍ਹਾਂ ਨੇ ਆਪਣੇ ਹਕਾਂ ਲਈ ਆਵਾਜ਼ ਉਠਾਈ ਤਾਂ ਉਨ੍ਹਾਂ ਨੂੰ ਫੜ ਕੇ ਅੰਦਰ ਕਰ ਦਿਤਾ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਇਸ ਦੇ ਬਾਰੇ ਵਿਚ ਵੀ ਕਹਿਦਾ ਹਾਂ ਕਿ ਉਨ੍ਹਾਂ ਨੂੰ ਗੰਨੇ ਦੀ ਪੂਰੀ ਕੀਮਤ ਮਿਲਣੀ ਚਾਹੀਦੀ ਹੈ। ਮੈਂ ਬੈਠਾ ਹਾਂ ਮੈਨੂੰ ਗ੍ਰਿਫ਼ਤਾਰ ਕਰ ਲੋ, ਸਾਨੂੰ ਜੇਲ੍ਹ ਵਿਚ ਸੁਟ ਦਿਓ। ਕਾਨੂੰਨ ਵਿਚ ਜਿਹੜੀਆਂ ਚੀਜ਼ਾਂ ਬੁਨਿਆਦੀ ਤੌਰ ਤੇ ਗਲਤ ਹਨ ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ। 107 151 ਦੀ ਧਾਰਾ ਨੂੰ ਖਤਮ ਕਰਨਾ ਚਾਹੀਦਾ ਹੈ। ਇਹ ਕਾਲਾ ਕਾਨੂੰਨ ਹੈ। ਪੰਜਾਬ ਸਿਕਿਊਰਟੀ ਐਕਟ ਰੀਪੀਲ ਕਰਕੇ ਉਸ ਨੂੰ ਖਤਮ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹਵਾਂਗਾ ਕਿ ਇਹ ਜੋ ਸਰਕਾਰ ਬਣੀ ਹੈ, ਅਸੀਂ ਇਸਦੀ ਨੀਟ ਐਂਡ ਕਲੀਨ ਐਡਮਨਿਸਟ੍ਰੇਸ਼ਨ ਦਾ ਸੁਆਗਤ ਕਰਦੇ ਹਾਂ। ਚੀਫ਼ ਮਨਿਸਟਰ ਸਾਹਿਬ ਨੇ ਐਡਮਨਿਸਟਰੇਸ਼ਨ ਠੀਕ ਰਖਣ ਲਈ ਜ਼ਿਲੇ ਦੇ ਅਫ਼ਸਰਾਂ ਨੂੰ ਹਦਾਇਤਾਂ ਕੀਤੀਆਂ ਹਨ। ਮੈਂ ਅਰਜ਼ ਕਰਾਂਗਾ ਕਿ ਅਗਰ ਐਡਮਨਿਸਟਰੇਸ਼ਨ ਨੂੰ ਠੀਕ ਕਰਨਾ ਹੈ ਤਾਂ ਇਸਦਾ ਆਗਾਜ਼ ਸਕੱਤ੍ਰੇਤ ਤੋਂ ਕੀਤਾ ਜਾਵੇ। ਜੇ ਕਿਸੇ ਦਾ ਕੋਈ ਜ਼ਰੂਰੀ ਮਾਮਲਾ ਹੋਵੇ ਤਾਂ ਮਨਿਸਟਰ ਸਾਹਿਬ ਕੋਲ ਪਹੁੰਚਣ ਲਈ ਪਤਾ ਨਹੀਂ ਕਿੰਨੀਆਂ ਸਟੇਜਾਂ ਤੋਂ ਲੰਘਦਾ ਹੈ। ਲੋਕਾਂ ਦੇ ਕੰਮ ਵਿਚ ਰੁਕਾਵਟ ਪੈਦਾ ਕਰਨ ਵਾਲੇ ਇਸ ਸਾਰੇ ਸਿਸਟਮ ਨੂੰ ਖਤਮ ਕਰਨਾ ਚਾਹੀਦਾ ਹੈ। ਉਥੇ ਅਸਿਸਟੈਂਟ ਸੈਕਟਰੀ, ਡਿਪਟੀ ਸੈਕਟਰੀ ਜੁਆਇੰਟ ਸੈਕਟਰੀ ਅਤੇ ਪਤਾ ਨਹੀਂ ਹੋਰ ਕਿੰਨੇ ਸੈਕਟਰੀ ਹੁੰਦੇ ਹਨ ਜਿਨ੍ਹਾਂ ਕੋਲੋਂ ਕਾਗਜ਼ ਲੰਘ ਕੇ ਮਨਿਸਟਰ ਕੋਲ ਜਾਂਦਾ ਹੈ। ਇਸ ਵਿਚ ਬੁਨਿਆਦੀ ਤਬਦੀਲੀ ਦੀ ਲੋੜ ਹੈ।

ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਜਿਥੋਂ ਤਕ ਪੁਲਿਸ ਦੇ ਮਹਿਕਮੇ ਦਾ ਤਅੱਲੁਕ ਹੈ, ਪੁਲਿਸ ਵਿਚ ਚੰਗੇ ਅਫ਼ਸਰ ਵੀ ਹੋਣਗੇ ਪਰ ਅਸੀਂ ਵੇਖਦੇ ਹਾਂ ਕਿ ਸਰਕਾਰ ਦੇ ਵਿਚ ਇਕ ਹੋਰ ਪੁਲਿਸ ਸਰਕਾਰ ਬਣੀ ਹੋਈ ਹੈ। ਚੀਫ਼ ਮਨਿਸਟਰ ਸਾਹਿਬ ਕਿਤਨੀ ਹੀ ਨੇਕਨੀਤੀ ਨਾਲ ਕੰਮ ਕਰਨ ਦੀ ਕੋਸ਼ਿਸ਼ ਕਰਨ, ਜਦ ਤਕ ਬੁਨਿਆਦੀ ਤਬਦੀਲੀ ਨਹੀਂ ਹੁੰਦੀ ਤਦ ਤਕ ਹਾਲਤ ਸੁਧਰ ਨਹੀਂ ਸਕਦੀ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਕਿ ਐਂਟੀਸੋਸ਼ਲ ਐਲੀਮੈਂਟਸ ਨੂੰ ਪਕੜਿਆ ਹੈ। ਮਗਰ ਹਾਲਤ ਇਹ ਹੈ ਕਿ ਅੰਮ੍ਰਿਤਸਰ ਵਿਚ ਇਕ ਥਾਣੇਦਾਰ ਨੇ ਹੁਕਮ ਕਰ ਦਿਤਾ ਕਿ ਦਸ ਵਜੇ ਤੋਂ ਮਗਰੋਂ ਕੋਈ ਦੁਕਾਨ ਖੁਲ੍ਹੀ ਨਾ ਰਹੇ। ਪੁਛਣ ਤੇ ਉਸ ਨੇ ਕਿਹਾ ਕਿ ਇਹ ਦੁਕਾਨਾਂ ਬਦਮਾਸ਼ਾਂ ਦੇ ਅਡੇ ਹਨ। ਅਫੀਮ ਦੀ ਸਮਗਲਿੰਗ ਹੁੰਦੀ ਹੈ ਅਤੇ ਪੁਲਿਸ ਨੂੰ ਹਰ ਅਡੇ ਦਾ ਪਤਾ ਹੈ ਮਗਰ ਇਨ੍ਹਾਂ ਦੇ ਚੋਟੀ ਦੇ ਅਫਸਰਾਂ ਦਾ ਉਸ ਵਿਚ ਹਿੱਸਾ ਹੁੰਦਾ ਹੈ। ਅਗਰ ਇਹ ਚਾਹੁਣ ਤਾਂ ਇਹ ਸਮਗਲਿੰਗ ਤਾਂ ਇਕ ਦਿਨ ਵਿਚ ਬੰਦ ਹੋ ਸਕਦੀ ਹੈ ਮਗਰ ਇਸ ਤਰ੍ਹਾਂ ਨਾ ਕਰਕੇ ਆਮ ਦੁਕਾਨ-ਦਾਰਾਂ ਨੂੰ ਪੁਲਿਸ ਹੈਰਾਸ ਕਰ ਰਹੀ ਹੈ। ਇਸ ਤਰ੍ਹਾਂ ਰਿਸ਼ਵਤ ਦਾ ਇਕ ਨਵਾਂ ਦੌਰ ਸ਼ੁਰੂ ਕਰ ਰਹੀ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਇਨ੍ਹਾਂ ਦੀ ਪੁਲਿਸ ਕਰਦੀ ਕੀ ਹੈ ਇਕ ਗਰੀਬ ਰਿਕਸ਼ਾ ਵਾਲਾ ਜਿਸ ਮਕਾਨ ਵਿਚ ਰਹਿੰਦਾ ਹੈ ਉਸ ਦੇ ਮਾਲਕ ਨੇ ਉਸ ਦਾ ਸਾਮਾਨ ਬਾਹਰ ਰਖ ਦਿੱਤਾ। ਉਹ ਮਾਲਕ ਮਕਾਨ ਪੁਲਿਸ ਲਈ ਝੂਠੀਆਂ ਗਵਾਹੀਆਂ ਦਿੰਦਾ ਹੈ। ਉਸ ਰਿਕਸ਼ਾ ਵਾਲੇ ਨੂੰ ਥਾਣੇ ਵਾਲਿਆਂ ਨੇ ਕੁਟਿਆ, ਉਸ ਤੇ 107/151 ਦਾ ਝੂਠਾ ਮੁਕਦੱਮਾ ਬਣਾ ਦਿਤਾ। ਅਸੀਂ ਐਸ. ਐਸ. ਪੀ. ਪਾਸ ਗਏ। ਉਸ ਨੇ ਉਸੇ ਥਾਣੇ ਦੇ ਇਨਸਪੈਕਟਰ ਨੂੰ ਕੇਸ ਭੇਜ ਦਿਤਾ ਜਿਥੇ ਇਹ ਕੇਸ ਬਣਾਇਆ ਗਿਆ। ਅਸੀਂ ਕਿਹਾ ਕਿ ਇਹ ਕੀ ਇਨਸਾਫ ਕਰੇਗਾ। ਉਨ੍ਹਾਂ ਜਵਾਬ ਦਿਤਾ ਕਿ ਨਹੀਂ ਮੇਰੇ ਪਾਸ ਇਹ ਝੂਠ ਨਹੀਂ ਬੋਲੇਗਾ। ਸਤ ਦਿਨ ਤਕ ਉਸ ਗਰੀਬ ਦਾ ਸਾਮਾਨ ਉਥੇ ਹੀ ਪਿਆ ਰਿਹਾ ਕਿਸੇ ਨੇ ਇਨਕਵਾਇਰੀ ਨਹੀਂ ਕੀਤੀ। ਇਹ ਇਕ ਮਿਸਾਲ ਨਹੀਂ ਪੁਲਿਸ ਦੀਆਂ ਜ਼ਿਆਦਤੀਆਂ ਦੀਆਂ ਹੋਰ ਵੀ ਮਿਸਾਲਾਂ ਹਨ। ਮੈਂ ਕਹਿੰਦਾ ਹਾਂ ਕਿ ਪੁਲਿਸ ਤੇ ਕੋਈ ਜਨਤਾ ਦਾ ਕੰਟਰੋਲ ਹੋਣਾ ਚਾਹੀਦਾ ਹੈ। ਇਸ ਮਤਲਬ ਲਈ ਆਲ ਪਾਰਟੀਜ਼ ਕਮੇਟੀਆਂ ਬਨਾਉਣੀਆਂ ਚਾਹੀਦੀਆਂ ਹਨ। ਅਗਰ ਆਪ ਕਹੋ ਕਿ ਇਹ ਤਾਂ ਬਹੁਤ ਇਨਕਲਾਬੀ ਸੁਝਾ ਹੈ ਤਾਂ ਘਟੋ ਘਟ ਇਹ ਤਾਂ ਕਰੋ ਕਿ ਐਸ. ਐਸ. ਪੀ. ਡਿਪਟੀ ਕਮਿਸ਼ਨਰ ਦੇ ਮਤਹਿਤ ਹੋਵੇ। ਅਗਰ ਡੀ. ਸੀ. ਇਮਾਨਦਾਰ ਹੋਵੇ ਤਾਂ ਹਰ ਕੋਈ ਉਸ ਦੇ ਪਾਸ ਜਾਵੇਗਾ ਪਰ ਅਜ ਕਲ ਉਹ ਜਵਾਬ ਦਿੰਦਾ ਹੈ ਕਿ ਸਿਧੇ ਐਸ. ਐਸ. ਪੀ. ਨਾਲ ਗਲ ਕਰੋ। ਪੋਜ਼ੀਸ਼ਨ ਇਹ ਹੈ ਕਿ ਇਹ ਦੋਵੇਂ ਮੁਕਾਬਲੇ ਦੇ ਅਫਸਰ ਹਨ। ਇਹ ਸਿਸਟਮ ਗਲਤ ਹੈ ਇਸ ਲਈ ਮੈਂ ਕਹਾਂਗਾ ਕਿ ਐਸ. ਐਸ. ਪੀ. ਨੂੰ ਡੀ. ਸੀ. ਦੇ ਤਹਿਤ ਕੀਤਾ ਜਾਵੇ।

ਸਪੀਕਰ ਸਾਹਿਬ, ਕਲੀਨ ਐਡਮਨਿਸਟ੍ਰੇਸ਼ਨ ਦੇ ਸਿਲਸਿਲੇ ਵਿਚ ਹੀ ਮੈਂ ਇਕ ਹੋਰ ਗਲ ਵੀ ਕਹਿਣੀ ਹੈ। ਮੈਂ ਸਮਝਦਾ ਹਾਂ ਕਿ ਜਿਸ ਸਰਕਾਰ ਨੇ ਕਲੀਨ ਐਡਮਨਿਸਟ੍ਰੇਸ਼ਨ ਦੇਣ ਦਾ ਇਰਾਦਾ ਕੀਤਾ ਹੋਇਆ ਹੋਵੇ ਉਸ ਦਾ ਲੋਕਾਂ ਵਿਚ ਇਮੇਜ ਵੀ ਚੰਗਾ ਹੋਣਾ ਚਾਹੀਦਾ ਹੈ। ਮੈਂ ਇਸ ਬਾਰੇ ਇਕ ਮਿਸਾਲ ਦਿੰਦਾ ਹਾਂ। ਲੰਬੀ ਦਾ ਬਾਈ ਇਲੈਕਸ਼ਨ ਹੋਇਆ। ਇਸ ਵਿਚ ਅਕਾਲੀ ਪਾਰਟੀ ਨੇ ਕਮਿਊਨਿਸਟ ਪਾਰਟੀ ਦੀ ਮਦਦ ਕੀਤੀ। ਸਪੀਕਰ ਸਾਹਿਬ, ਇਹ ਇਕ ਇਸ਼ਤਿਹਾਰ ਹੈ ਜਿਸ ਵਿਚ ਸੰਤ ਫਤਿਹ ਸਿੰਘ ਹੋਰਾਂ ਵਲੋਂ ਕਿਹਾ ਗਿਆ ਹੈ ਕਿ ਜਨਸੰਘ ਕੈਂਡੀਡੇਟ ਦੀ ਮਦਦ ਕਰੋ। ਮੈਨੂੰ ਇਸ ਗਲ ਦਾ ਯਕੀਨ ਹੈ ਕਿ ਇਹ ਇਸ਼ਤਿਹਾਰ ਸੰਤ ਫਤਿਹ ਸਿੰਘ

Original with;
Punjab Vidhan Sabha
Digitized by;
Panjab Digital Library

ਹੋਰਾਂ ਨੇ ਨਹੀਂ ਛਾਪਿਆ। ਫਿਰ ਇਹ ਕਿਸ ਨੇ ਛਾਪਿਆ ? ਇਸ ਤਰ੍ਹਾਂ ਦੀ ਫ਼ੈਬਰੀਕੇਸ਼ਨ ਕਿਉਂ ਹੋਣ ਦਿਤੀ ਜਾਂਦੀ ਹੈ ? ਇਹ ਗਲ ਕਲੀਨ ਐਡਮਨਿਸਟ੍ਰੇਸ਼ਨ ਤੇ ਧੱਬਾ ਹੈ।

ਸਪੀਕਰ ਸਾਹਿਬ, ਇਸ ਵਿਚ ਭਾਖੜਾ ਅਤੇ ਚੰਡੀਗੜ੍ਹ ਵਰਗੇ ਪੰਜਾਬੀ ਬੋਲੀ ਵਾਲੇ ਇਲਾਕਿਆਂ ਦੇ ਪੰਜਾਬ ਵਿਚ ਮਿਲਾਏ ਜਾਣ ਬਾਰੇ ਜ਼ਿਕਰ ਹੈ। ਮੈਂ ਇਸ ਬਾਰੇ ਆਪਣੀ ਪਾਰਟੀ ਦੀ ਪੋਜ਼ੀਸ਼ਨ ਸਾਫ ਕਰਨਾ ਚਾਹੁੰਦਾ ਹਾਂ ਅਸੀਂ ਚਾਹੁੰਦੇ ਹਾਂ ਕਿ ਚੰਡੀਗੜ੍ਹ ਅਤੇ ਹੋਰ ਵੀ ਪੰਜਾਬੀ ਬੋਲੀ ਦੇ ਜੋ ਇਲਾਕੇ ਹਨ, ਜੋ ਐਸੇ ਪਿੰਡ ਹਨ, ਉਨ੍ਹਾਂ ਨੂੰ ਛੇਤੀ ਤੋਂ ਛੇਤੀ ਪੰਜਾਬ ਵਿਚ ਮਿਲਾਇਆ ਜਾਵੇ। ਇਹ ਗਲ ਦਰੁਸਤ ਹੈ। ਪਰ ਇਸ ਦੇ ਨਾਲ ਹੀ ਦੇਸ਼ ਦੀ ਯਕਜਹਿਤੀ ਲਈ ਇਹ ਵੀ ਕੀਤਾ ਜਾਵੇ ਕਿ ਜੋ ਰਾਜਸਥਾਨ ਜਾਂ ਹਰਿਆਣਾ ਦੇ ਨਾਲ ਲਗਦੇ ਪਿੰਡ, ਜਿਨ੍ਹਾਂ ਵਿਚ ਕਿ ਹਿੰਦੀ ਬੋਲੀ ਜਾਂਦੀ, ਹੈ ਉਹ ਉਨ੍ਹਾਂ ਸੂਬਿਆਂ ਵਿਚ ਮਿਲਾਏ ਜਾਣ। ਇਸ ਗਲ ਲਈ ਯੂਨਿਟ ਪਿੰਡਾਂ ਨੂੰ ਮੰਨਿਆ ਜਾਵੇ। ਜਿਥੋਂ ਤਕ ਭਾਖੜੇ ਦਾ ਤਅੱਲੁਕ ਹੈ ਇਹ ਸਾਰਾ ਹਿਮਾਚਲ ਟੈਰੇਟਰੀ ਵਿਚ ਹੈ ਅਤੇ ਪੌਂਗ ਡੈਮ ਦੇ ਨਾਲ ਇਸ ਸਾਰੇ ਦਾ ਸਾਰਾ ਕੰਪਲੈਕਸ ਤਾਮੀਰ ਹੋ ਰਿਹਾ ਹੈ। ਇਸ ਵਿਚ ਸਿਰਫ ਇਹੀ ਗਲ ਨਹੀਂ ਹੈ ਕਿ ਇਸ ਤੇ ਪੰਜਾਬ ਦਾ ਹਕ ਹੈ। ਇਸ ਤੇ ਕਰਜ਼ਾ ਵੀ ਹੈ। ਇਸ ਨਾਲ ਹਰਿਆਣੇ ਦਾ ਵੀ ਤਅੱਲੁਕ ਹੈ। ਹਿਮਾਚਲ ਵਾਲੇ ਅਗਰ ਰੋਕਥਾਮ ਨਾ ਕਰਨਗੇ ਤਾਂ ਇਸ ਡੈਮ ਵਿਚ ਸਿਲਟ ਹੋ ਜਾਵੇਗੀ। ਇਨ੍ਹਾਂ ਗਲਾਂ ਨੂੰ ਮੁਖ ਰਖਕੇ ਇਹ ਜ਼ਰੂਰੀ ਹੈ ਕਿ ਇਹ ਸਾਰੀਆਂ ਦੀਆਂ ਸਾਰੀਆਂ ਸਰਕਾਰਾਂ ਇਕ ਥਾਂ ਬੈਠਕੇ ਇਸ ਦਾ ਹਲ ਲੱਭਣ। ਇਸੇ ਸਿਲਸਿਲੇ ਵਿਚ ਮੈਂ ਇਕ ਗਲ ਹੋਰ ਕਹਿਣੀ ਹੈ। ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਚੰਡੀਗੜ੍ਹ ਜਲਦੀ ਲੈਣਾ ਹੈ ਅਤੇ ਫਿਰ ਸ਼ਾਇਦ ਇਸ ਗਲ ਲਈ ਕਿਸੇ ਮੋਰਚੇ ਦੀ ਵੀ ਲੋੜ ਨਹੀਂ ਪਵੇਗੀ ਮਗਰ ਉਹ ਤਾਂ ਹੀ ਹੋਵੇਗਾ ਅਗਰ ਸਰਕਾਰ ਵਿਚ ਸ਼ਾਮਲ ਦੋਵੇਂ ਪਾਰਟੀਆਂ ਆਲ ਇੰਡੀਆ ਲੈਵਲ ਤੇ ਠੀਕ ਸਟੈਂਡ ਲੈਣ। ਮੈਂ ਚੀਫ ਮਨਿਸਟਰ ਸਾਹਿਬ ਦਾ ਬਿਆਨ 'ਟ੍ਰਿਬਯੂਨ' ਦੀ ਇਕ ਖਬਰ ਵਲ ਦਿਵਾਉਣਾ ਚਾਹੁੰਦਾ ਹਾਂ। ਇਨ੍ਹਾਂ ਦੀ ਸਰਕਾਰ ਨੇ ਜਿਸ ਵਿਚ ਕਿ ਜਨਸੰਘ ਵੀ ਸ਼ਾਮਲ ਹੈ, ਇਹ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਇਸ ਨੂੰ ਮਿਲਣਾ ਚਾਹੀਦਾ ਹੈ। ਇਸ ਤੇ ਹਰਿਆਣਾ ਦੀ ਜਨਸੰਘ ਪਾਰਟੀ ਦੇ ਚੇਅਰਮੈਨ ਚੌਧਰੀ ਮੁਖਤਿਆਰ ਸਿੰਘ ਹੋਰਾਂ ਦਾ ਇਕ ਬਿਆਨ ਉਸ ਅਖਬਾਰ ਵਿਚ ਨਿਕਲਿਆ ਕਿ ਅਗਰ ਸਰਦਾਰ ਗੁਰਨਾਮ ਸਿੰਘ ਨੇ ਚੰਡੀਗੜ੍ਹ ਨੂੰ ਪੰਜਾਬ ਵਿਚ ਮਿਲਾਉਣ ਤੇ ਜ਼ੋਰ ਪਾਇਆ ਤਾਂ ਅਸੀਂ ਇਨ੍ਹਾਂ ਦੀ ਕਾਰ ਹਰਿਆਣਾ ਟੈਰੇਟਰੀ ਵਿਚੋਂ ਲੰਘ ਕੇ ਦਿੱਲੀ ਨਹੀਂ ਜਾਣ ਦਿਆ ਕਰਾਂਗੇ, ਇਨ੍ਹਾਂ ਨੂੰ ਹੋਰ ਪਾਸਿਉਂ ਜਾਣਾ ਪਿਆ ਕਰੇਗਾ। ਮੈਂ ਅਰਜ਼ ਕਰਦਾ ਹਾਂ ਕਿ ਹਰਿਆਣੇ ਦੀ ਜਨਸੰਘ ਪਾਰਟੀ ਗਲਤ ਸਟੈਂਡ ਛਡ ਦੇਵੇ ਤਾਂ ਚੰਡੀਗੜ੍ਹ ਪੰਜਾਬ ਨੂੰ ਮਿਲਣ ਵਿਚ ਕੋਈ ਮੁਸ਼ਕਿਲ ਪੇਸ਼ ਨਹੀਂ ਆਏਗੀ।

ਫਿਰ, ਸਪੀਕਰ ਸਾਹਿਬ, ਮਜ਼ਦੂਰ ਜਮਾਤ ਬਾਰੇ ਇਸ ਐਡਰੈਸ ਵਿਚ ਜੋ ਗਲ ਕਹੀ ਗਈ ਹੈ ਮੈਂ ਉਸ ਦਾ ਜ਼ਿਕਰ ਜ਼ਰੂਰ ਕਰ ਦੇਣਾ ਚਾਹੁੰਦਾ ਹਾਂ। ਇਸ ਵਿਚ ਗਵਰਨਰ ਸਾਹਿਬ ਨੇ ਕਿਹਾ ਹੈ :

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤਪਾਲ ਡਾਂਗ]

"My Government will have the wage structure for the labourers examined and take appropriate measures to improve their lot."

ਮੈਂ ਅਰਜ਼ ਕਰਦਾ ਹਾਂ ਕਿ ਇਹ ਕਾਨੂੰਨ ਵਾਲੀ ਤਾਂ ਬੜੀ ਲੰਬੀ ਗਲ ਹੈ। ਪਹਿਲਾਂ ਵੀ ਝਗੜੇ ਹੋਏ, 25 ਕਮੇਟੀਆਂ ਬਣੀਆਂ ਅਤੇ ਉਨ੍ਹਾਂ ਦੀਆਂ ਸਿਫਾਰਸ਼ਾਂ ਆਈਆਂ। ਮਗਰ ਨੋਰੋਨਾ ਸਾਹਿਬ ਨੇ ਆਰਡਰ ਕਰ ਦਿਤੇ ਕਿ ਪਾਪੂਲਰ ਸਰਕਾਰ ਇਨ੍ਹਾਂ ਨੂੰ ਲਾਗੂ ਕਰੇਗੀ। ਉਨ੍ਹਾਂ ਕਮੇਟੀਆਂ ਦੇ ਵਿਚ ਐਂਪਲਾਇਰਜ਼ ਦੇ ਵੀ ਨੁਮਾਇੰਦੇ ਸਨ ਅਤੇ ਉਨ੍ਹਾਂ ਦੀਆਂ ਯੂਨਾਨੀਮਸ ਰਿਪੋਰਟਾਂ ਸਨ ਮਗਰ ਉਨ੍ਹਾਂ ਦੀਆਂ ਸਿਫਾਰਿਸ਼ਾਂ ਹਾਲੇ ਤਾਈਂ ਵੀ ਲਾਗੂ ਨਹੀਂ ਹੋਈਆਂ ਜਦ ਕਿ ਇਸ ਸਰਕਾਰ ਨੂੰ ਬਣੀ ਨੂੰ ਵੀ ਇਕ ਮਹੀਨਾ ਹੋ ਗਿਆ ਹੈ। ਉਹ ਨੋਟੀਫਾਈ ਨਹੀਂ ਕੀਤੀਆਂ ਜਾ ਰਹੀਆਂ, ਮਿਨੀਮਮ ਵੇਜਿਜ਼ ਰੀਕਮੈਂਡ ਨਹੀਂ ਕੀਤੀਆਂ ਜਾ ਰਹੀਆਂ। ਮੈਂ ਮੁਖ ਮੰਤਰੀ ਨੂੰ ਕਹਾਂਗਾ ਕਿ ਉਹ ਦੇਖਣ ਕਿ ਇਨ੍ਹਾਂ ਦੀ ਵਜ਼ਾਰਤ ਵਿਚ ਕੋਈ ਐਂਟੀ ਵਰਕਿੰਗ ਕਲਾਸ ਤਤ ਹੈ ਜਾਂ ਨਹੀਂ, ਅਗਰ ਹੈ ਤਾਂ ਉਸ ਨੂੰ ਠੀਕ ਕਰਨ। ਮੈਂ ਅਰਜ਼ ਕਰਦਾ ਹਾਂ ਕਿ ਲੇਬਰ ਮਿਨਿਸਟਰ ਸਾਹਿਬ ਦਾ ਬਿਆਨ ਆਇਆ ਹੈ ਕਿ ਅਗਰ ਵਰਕਰ ਪੰਜਾਬ ਵਿਚ ਕੋਈ ਘੇਰਾਉ ਕਰਨਗੇ ਤਾਂ ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਪੀਕਰ ਸਾਹਿਬ, ਘੇਰਾਉ ਦਾ ਸਭ ਤੋਂ ਜ਼ਿਆਦਾ ਪਰਚਾਰ ਸਾਡੇ ਸਾਬਕਾ ਚੀਫ ਮਨਿਸਟਰ ਸਰਦਾਰ ਲਛਮਣ ਸਿੰਘ ਗਿੱਲ ਨੇ ਕੀਤਾ ਸੀ ਮਗਰ ਉਨ੍ਹਾਂ ਨੂੰ ਵੀ ਨਵੰਬਰ, 1968 ਵਿਚ ਸ੍ਰੀ ਵਿਸ਼ਵਨਾਥਨ ਦੇ ਇਕ ਸਵਾਲ ਦੇ ਜਵਾਬ ਵਿਚ ਇਹ ਕਹਿਣਾ ਪਿਆ ਸੀ ਕਿ ਫਰੰਟ ਮਨਿਸਟਰੀ ਦੇ ਵਕਤ ਵਿਚ ਪੰਜਾਬ ਵਿਚ ਕੋਈ ਘੇਰਾਉ ਨਹੀਂ ਹੋਇਆ। ਮੈਂ ਚੀਫ ਮਨਿਸਟਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦ ਪੰਜਾਬ ਵਿਚ ਕੋਈ ਘੇਰਾਉ ਹੋਇਆ ਹੀ ਨਹੀਂ, ਜਦ ਟ੍ਰੇਡਯੂਨੀਅਨਜ਼ ਦੀ ਇਹ ਨੀਤੀ ਹੀ ਨਹੀਂ ਤਾਂ ਅਗਰ ਮਨਿਸਟਰ ਸਾਹਿਬ ਮਜ਼ਦੂਰਾਂ ਨੂੰ ਐਵੇਂ ਹੀ ਧਮਕੀਆਂ ਦੇਣ ਤਾਂ ਇਹ ਗਲ ਬਰਦਾਸ਼ਤ ਨਹੀਂ ਹੋਵੇਗੀ। ਇਹ ਸਰਮਾਇਆਦਾਰਾਂ ਦੀ ਮਦਦ ਲਈ ਪਰਚਾਰ ਹੈ ਜੋ ਕਿ ਬੰਦ ਹੋਣਾ ਚਾਹੀਦਾ ਹੈ। ਅਗਰ ਇਨ੍ਹਾਂ ਤਾਕਤ ਦਿਖਾਣੀ ਹੀ ਹੈ ਤਾਂ ਇਥੇ ਪਾਸ ਹੀ ਖਰੜ ਵਿਚ ਮਜ਼ਦੂਰ ਚਾਰ ਮਹੀਨਿਆਂ ਤੋਂ ਭੁਖੇ ਮਰ ਰਹੇ ਹਨ, ਮਿਲ ਮਾਲਕਾਂ ਦੀ ਹਠਧਰਮੀ ਕਰਕੇ। ਜਿਹੜੀ ਤਨਖਾਹ ਹਰ ਮਹੀਨੇ ਦੀ 7 ਤਰੀਕ ਨੂੰ ਮਿਲਣੀ ਚਾਹੀਦੀ ਸੀ, ਅਜ 5 ਮਹੀਨੇ ਤੋਂ ਨਹੀਂ ਦਿਤੀ ਗਈ। ਉਥੇ ਸਟਰੈਂਗਥ ਦਿਖਾਉਣ ਨਾ ਕਿ ਮਜ਼ਦੂਰਾਂ ਨੂੰ ਐਵੇਂ ਹੀ ਧਮਕੀਆਂ ਦੇਣ ਵਿਚ।

ਸਪੀਕਰ ਸਾਹਿਬ, ਪੇ ਕਮਿਸ਼ਨ ਦੀ ਗਲ ਕਰਨ ਤੋਂ ਪਹਿਲਾਂ ਮੈਂ ਹਰੀਜਨਾਂ ਬਾਰੇ ਇਕ ਗਲ ਕਰਨੀ ਚਾਹੁੰਦਾ ਹਾਂ। ਇਸ ਐਡਰੈਸ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਜ਼ਮੀਨ ਦਿਤੀ ਜਾਵੇਗੀ। ਮੈਂ ਇਸ ਗਲ ਦਾ ਸਵਾਗਤ ਕਰਦਾ ਹਾਂ। ਪਰ ਨਾਲ ਹੀ ਇਹ ਵੀ ਕਹਾਂਗਾ ਕਿ ਇਸ ਕੰਮ ਲਈ ਕੁਝ ਲਖ ਨਹੀਂ ਸਗੋਂ ਘਟੋ ਘਟ 50 ਕਰੋੜ ਰੁਪਏ ਦਾ ਇਕ ਰਿਵਾਲਵਿੰਗ ਫੰਡ ਕਾਇਮ ਕੀਤਾ ਜਾਵੇ ਜਿਸ ਵਿਚੋਂ ਹਰੀਜਨਾਂ ਦੀ ਭਲਾਈ ਕੀਤੀ ਜਾਵੇ। ਨਾਲ ਹੀ ਜ਼ਮੀਨ ਦੇਣ ਬਾਰੇ ਜੋ ਪਹਿਲਾ ਫੈਸਲਾ ਹੈ ਉਹ ਬਹਾਲ ਕੀਤਾ ਜਾਵੇ। (ਤਾੜੀਆਂ) ਇਹ ਗਲ ਕਹੀ ਗਈ ਹੈ ਕਿ ਇਹ ਸਰਕਾਰ ਭਾਰਤ ਸਰਕਾਰ ਪਾਸ ਸਿਫਾਰਸ਼ ਕਰੇਗੀ ਕਿ ਈਸਾਈਆਂ ਨੂੰ ਵੀ ਉਹੀ ਸਹੂਲਤਾਂ ਦਿਤੀਆਂ ਜਾਣ ਜੋ ਦੂਜੀਆਂ ਸ਼ੈਡੂਊਲਡਕਾਸਟ ਜਾਤੀਆਂ ਨੂੰ ਦਿਤੀਆਂ ਜਾਂਦੀਆਂ ਹਨ। ਇਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਪੇ ਕਮਿਸ਼ਨ ਦੀ ਰਿਪੋਰਟ ਦੀ ਕਾਫ਼ੀ ਚਰਚਾ ਹੈ। ਮੈਂ ਇਸ ਗਲ ਦਾ ਸਵਾਗਤ ਕਰਦਾ ਹਾਂ ਕਿ ਅਨੌਮਲੀਜ਼ ਦੂਰ ਕੀਤੀਆਂ ਜਾਣਗੀਆਂ। ਇਹ ਗਲ ਕਿੰਨੀ ਅਹਿਮ ਹੈ ਅਤੇ ਇਹ ਕਿਵੇਂ ਠੀਕ ਹੋ ਸਕਦੀ ਹੈ ਇਸ ਬਾਰੇ ਮੈਂ ਇਕ ਦੋ ਗਲਾਂ ਹੀ ਕਹਾਂਗਾ :

**Mr. Speaker :** Please w up.

**ਕਾਮਰੇਡ ਸਤਪਾਲ ਡਾਂਗ :** ਬਸ ਜੀ, ਦਸ ਮਿਨਟ ਹੋਰ ਦਿਉ। ਸਪੀਕਰ ਸਾਹਿਬ, ਇਸ ਵਿਚ ਜੋ ਅਨੌਪਲੀਜ਼ ਹਨ ਉਨ੍ਹਾਂ ਦੀ ਹੀ ਗਲ ਨਹੀਂ ਹੈ ਬਲਕਿ ਇਸ ਵਿਚ ਹਾਉਲਰਜ਼ ਦੀ ਗਲ ਹੈ। ਨਰਸਿੰਘ ਸਟਾਫ ਅਤੇ ਡਾਕਟਰਾਂ ਬਾਰੇ ਬੜੀ ਅਜੀਬ ਗਲ ਹੈ। ਡਾਇਰੈਕਟਰ ਸਾਹਿਬ ਦੀ ਤਨਖਾਹ ਵਧੀ ਹੈ, ਪ੍ਰੋਫੈਸਰਾਂ ਦੀ ਵਧੀ ਹੈ, ਲੈਕਚਰਰਜ਼ ਦੀ ਤਨਖਾਹ ਘਟੀ ਹੈ ਸੀਨੀਅਰ ਨਰਸਾਂ ਦੀ ਤਨਖਾਹ ਘਟੀ ਹੈ। ਹੋਰ ਵੀ ਕਈ ਅਜੀਬ ਗਲਾਂ ਹਨ। ਆਈ. ਟੀ. ਆਈਜ਼. ਦੇ ਡਾਇਰੈਕਟਰ ਨੇ ਇਸ ਵਿਚ ਲਿਖਵਾਇਆ ਹੈ ਕਿ ਐਡਮਿਸ਼ਨ ਲਈ ਮਿਡਲ ਕਵਾਲੀਫਿਕੇਸ਼ਨ ਹੈ ਜਦ ਕਿ ਹਕੀਕਤ ਵਿਚ ਇਹ ਮੈਟਰਿਕ ਹੈ। ਇਹ ਸਾਰੀਆਂ ਗਲਾਂ ਠੀਕ ਹੋਣੀਆਂ ਚਾਹੀਦੀਆਂ ਹਨ। ਮਗਰ ਇਹ ਬੜੀ ਲੰਬੀ ਚੌੜੀ ਗਲ ਹੈ। ਇਸ ਲਈ ਐਸੀ ਮਸ਼ੀਨਰੀ ਹੋਣੀ ਚਾਹੀਦੀ ਹੈ ਜਿਸ ਨੂੰ ਇਸ ਬਾਰੇ ਵਾਕਫੀ ਹੋਵੇ। ਇਸ ਬਾਰੇ ਸਰਕਾਰੀ ਮੁਲਾਜ਼ਮਾਂ ਨੂੰ ਬੜੀਆਂ ਸ਼ਕਾਇਤਾਂ ਹਨ। ਜਿਸ ਕਮਿਸ਼ਨ ਨੇ ਇਹ ਰਿਪੋਰਟ ਲਿਖੀ ਹੈ ਉਹ ਹਾਈਕੋਰਟ ਦੇ ਜੱਜ ਹਨ, ਬੜੇ ਨੇਕ ਹਨ, ਪਰ ਉਨ੍ਹਾਂ ਨੂੰ ਇਸ ਸਾਰੀ ਗਲ ਦੀ ਪੂਰੀ ਵਾਕਫੀ ਨਹੀਂ ਸੀ। ਮਹਿਕਮਿਆਂ ਨੇ ਜਿਸ ਤਰ੍ਹਾਂ ਕਿਹਾ ਉਨ੍ਹਾਂ ਨੇ ਕਰ ਦਿਤਾ। ਇਸ ਵਲ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਵਿਦਿਆ ਦੇ ਬਾਰੇ ਵਿਚ ਇਹ ਕਿਹਾ ਗਿਆ ਹੈ ਕਿ ਵਿਦਿਆ ਬੋਰਡ ਬਣਾਇਆ ਜਾਵੇਗਾ। ਇਹ ਬੜੀ ਚੰਗੀ ਗਲ ਹੈ ਅਤੇ ਮੈਂ ਵੀ ਸਮਝਦਾ ਹਾਂ ਕਿ ਤਾਲੀਮ ਦੇ ਢਾਂਚੇ ਵਿਚ ਤਰਮੀਮ ਦੀ ਲੋੜ ਹੈ। ਮੈਂ ਇਸ ਸਮੇਂ ਇਸ ਦੇ ਵਿਸਥਾਰ ਵਿਚ ਨਾ ਜਾਂਦਾ ਹੋਇਆ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਪ੍ਰਾਈਵੇਟ ਟੀਚਰਾਂ ਦੀ ਸਰਵਿਸ ਦੀ ਸਿਕਉਰੇਟੀ ਲਈ ਇਕ ਬਿਲ ਲਿਆਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਜ਼ਰੂਰੀ ਹੈ ਅਤੇ ਆਣਾ ਚਾਹੀਦਾ ਹੈ ਪਰ ਮੈਂ ਇਹ ਬੇਨਤੀ ਕਰਾਂਗਾ ਕਿ ਸਿਰਫ਼ ਟੀਚਰਾਂ ਦਾ ਹੀ ਸਵਾਲ ਨਹੀਂ, ਉਨ੍ਹਾਂ ਪ੍ਰੋਫੈਸਰਾਂ ਦਾ ਵੀ ਸਵਾਲ ਹੈ ਜਿਹੜੇ ਪ੍ਰਾਈਵੇਟ ਕਾਲਜਾਂ ਵਿਚ ਕੰਮ ਕਰਦੇ ਹਨ। ਇਸ ਲਈ ਉਨ੍ਹਾਂ ਦੇ ਬਾਰੇ ਵਿਚ ਜ਼ਰੂਰ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਜਿਥੇ ਤਕ ਕਲੀਨ ਐਡਮਨਿਸਟ੍ਰੇਸ਼ਨ ਦਾ ਸਬੰਧ ਹੈ ਮੈਂ ਤਾਲੀਮ ਦੇ ਮਾਮਲੇ ਵਿਚ ਜਿਹੜੀ ਧਾਂਦਲੀ ਮਚੀ ਹੋਈ ਹੈ ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਜੇ. ਬੀ. ਟੀ. ਦੇ ਦਾਖਲੇ ਵਿਚ ਇਕ ਇਨ੍ਹਾਂ ਨੇ ਡੀ, ਪੀ. ਆਈ. ਦਾ ਕੋਟਾ ਰਖਿਆ ਹੋਇਆ ਹੈ। ਇਹ ਇਸ ਲਈ ਹੈ ਕਿ ਜਿਹੜਾ ਵਿਦਿਆਰਥੀ ਮੈਰਿਟ ਤੇ ਨਾ ਆਵੇ ਅਤੇ ਉਸ ਨੂੰ ਟ੍ਰੇਨਿੰਗ ਕਾਲਜ ਵਿਚ ਦਾਖਲਾ ਨਾ ਮਿਲ ਸਕੇ ਤਾਂ ਕੰਪੈਸ਼ਨੇਟ ਗਰਾਉਂਡ ਤੇ ਡੀ. ਪੀ. ਆਈ. ਸਾਹਿਬ ਹੁਕਮ ਦੇ ਕੇ ਫੈਸਲਾ ਕਰ ਸਕਦੇ ਹਨ ਕਿ ਇਸ ਨੂੰ ਦਾਖਲ ਕਰ ਲਿਆ ਜਾਵੇ। ਸਪੀਕਰ ਸਾਹਿਬ, ਤੁਹਾਨੂੰ ਇਹ ਪਤਾ ਹੈ ਕਿ ਫੈਸਲੇ ਕਿਸ ਤਰੀਕੇ ਨਾਲ ਕੀਤੇ ਜਾਂਦੇ ਹਨ। ਜਿਸ ਨੇ ਇਸ ਤਰੀਕੇ ਨਾਲ ਦਾਖਲ ਹੋਣਾ ਹੋਵੇ ਉਹ ਕਿਸੇ ਐਮ.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤਪਾਲ ਡਾਂਗ]

ਐਲ.ਏ. ਨੂੰ ਨਾਲ ਲਿਜਾ ਕੇ ਜਾਂ ਕਿਸੇ ਮਨਿਸਟਰ ਸਾਹਿਬ ਦੀ ਚਿਟ ਲੈ ਕੇ ਡੀ. ਪੀ. ਆਈ ਦੇ ਕੋਟੇ ਵਿਚੋਂ ਆਪਣਾ ਦਾਖਲਾ ਲੈ ਲੈਂਦਾ ਹੈ। ਤੇ ਫਿਰ ਜੇ ਕਰ ਡੀ. ਪੀ. ਆਈ. ਦਾ ਕੋਟਾ ਘਟ ਹੋਵੇ ਤਾਂ ਉਹ ਵਧਵਾ ਲਿਆ ਜਾਂਦਾ ਹੈ। ਇਸ ਲਈ ਮੈਂ ਤਾਂ ਇਹ ਕਹਾਂਗਾ ਕਿ ਡੀ. ਪੀ. ਆਈ. ਦਾ ਇਹ ਕੋਟਾ ਬੰਦ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਨੈਪੋਟਿਜ਼ਮ ਅਤੇ ਫੇਵਰਿਟਿਜ਼ਮ ਹੁੰਦੀ ਹੈ ਅਤੇ ਇਨ੍ਹਾਂ ਟ੍ਰੇਨਿੰਗ ਕਾਲਜਾਂ ਵਿਚ ਦਾਖਲਾ ਮੈਰਿਟ ਤੇ ਕੀਤਾ ਜਾਵੇ। ਇਸੇ ਤਰ੍ਹਾਂ ਹੀ ਮੈਡੀਕਲ ਕਾਲਜਾਂ ਵਿਚ ਦਾਖਲਾ ਮੈਰਿਟ ਨਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਡੀ. ਪੀ. ਆਈ. ਜਾਂ ਕਿਸੇ ਹੋਰ ਅਥਾਰੇਟੀ ਦਾ ਕੋਟਾ ਨਹੀਂ ਹੋਣਾ ਚਾਹੀਦਾ। ਇਸ ਤਰਾਂ ਤਰੀਕਾ ਰਖਣ ਨਾਲ, ਜਿਹੜਾ ਕਿ ਹੁਣ ਅਡਾਪਟ ਕੀਤਾ ਹੋਇਆ ਹੈ, ਇਨਡੀਵਿਜੂਐਲਿਟੀ ਤਰੱਕੀ ਨਹੀਂ ਕਰ ਸਕਦੀ (ਘੰਟੀ) ਮੈਂ ਦਸ ਮਿੰਟਾਂ ਵਿਚ ਖਤਮ ਕਰ ਦੇਵਾਂਗਾ।

**ਸ਼੍ਰੀ ਸਪੀਕਰ :** ਡਾਂਗ ਸਾਹਿਬ ਆਪ ਨੂੰ ਪਤਾ ਹੈ ਕਿ ਸਾਡੇ ਪਾਸ ਟਾਈਮ ਘਟ ਹੈ, ਇਸ ਲਈ ਤੁਸੀਂ ਪੰਜਾਂ ਮਿੰਟਾਂ ਵਿਚ ਆਪਣੀ ਸਪੀਚ ਖਤਮ ਕਰ ਦਿਉ। ਬਹੁਤ ਸਾਰੇ ਮੈਂਬਰਾਂ ਨੇ ਬੋਲਣਾ ਹੈ। The hon. Member, Shri Dang, is already aware of the fact that time at our disposal is very limited. He should please wind up within five minutes. There is quite a large number of members who want to speak.)

**ਕਾਮਰੇਡ ਸਤਪਾਲ ਡਾਂਗ :** ਸਪੀਕਰ ਸਾਹਿਬ, ਮੈਂ ਪੰਜ ਮਿੰਟ ਹੀ ਹੋਰ ਲਵਾਂਗਾ। ਅਨਾਜ ਦੀਆਂ ਕੀਮਤਾਂ ਬਾਰੇ ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ। ਕਿਸਾਨ ਨੂੰ ਰਿਮੁਨਰੇਟਿਵ ਕੀਮਤ ਦੇਣ ਦਾ ਫ਼ੈਸਲਾ ਪਿਛਲੀ ਸਰਕਾਰ ਨੇ ਕੀਤਾ ਸੀ। ਇਸ ਦੇ ਨਾਲ ਹੀ ਇਹ ਬੇਨਤੀ ਕਰਦਾ ਹਾਂ ਕਿ ਸਰਕਾਰ ਫੂਡ ਕਾਰਪੋਰੇਸ਼ਨ ਅਤੇ ਆਪਣੇ ਰਾਹੀਂ ਸਟੋਰ ਬਣਾਵੇ। ਜਿਸ ਵਿਚ ਅਨਾਜ ਨੂੰ ਰਖਿਆ ਜਾ ਸਕੇ। ਇਸ ਦੇ ਨਾਲ ਹੀ ਸਰਕਾਰ ਅਤੇ ਫੂਡ ਕਾਰਪੋਰੇਸ਼ਨ ਦੀ ਆਪਣੀ ਅਨਾਜ ਢੋਣ ਲਈ ਟ੍ਰਾਂਸਪੋਰਟ ਹੋਣੀ ਚਾਹੀਦੀ ਹੈ। ਇਕ ਗਲ ਮੈਂ ਇਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਤਕ ਝੋਨੇ ਦਾ ਸਵਾਲ ਹੈ ਕਿਸਾਨ ਦੇ ਹਿਤ ਦੀ ਹਿਫਾਜ਼ਤ ਨਹੀਂ ਕੀਤੀ ਗਈ ਅਤੇ ਇਹ ਹਿਫਾਜ਼ਤ ਤਦ ਤਕ ਨਹੀਂ ਕੀਤੀ ਜਾ ਸਕਦੀ ਜਦ ਤਕ ਕਿ ਸਰਕਾਰੀ ਖੇਤਰ ਵਿਚ ਸ਼ੈਲਰ ਨਾ ਲਗਾਏ ਜਾਣ। ਕਿਉਂਕਿ ਕੁਝ ਅਨਸਕਰੂਪਲਸ ਐਲੀਮੈਂਟ ਹੈ ਜਿਹੜਾ ਝੋਨੇ ਦੇ ਮਾਰਕਿਟ ਵਿਚ ਆਣ ਤੇ ਭਾ ਤੋੜ ਕੇ ਕਿਸਾਨ ਨੂੰ ਲੁਟਦਾ ਹੈ ਅਤੇ ਉਸ ਦੀ ਕਮਾਈ ਨੂੰ ਆਪ ਖਾ ਜਾਂਦਾ ਹੈ ਕਿਉਂਕਿ ਉਸ ਪਾਸ ਆਪਣੇ ਸ਼ੈਲਰ ਹਨ। ਇਸ ਲਈ ਜਦ ਤਕ ਸਰਕਾਰ ਆਪਣੇ ਸ਼ੈਲਰ ਨਹੀਂ ਲਗਾਂਦੀ ਤਦ ਤਕ ਇਹ ਧਾਂਧਲੀ ਦੂਰ ਨਹੀਂ ਕੀਤੀ ਜਾ ਸਕਦੀ।

ਗੰਨੇ ਦੀ ਕੀਮਤਾਂ ਬਾਰੇ ਕਿਸਾਨ ਦੀ ਕੀ ਹਾਲਤ ਹੋ ਰਹੀ ਹੈ ? ਇਸ ਮਾਮਲੇ ਵਿਚ ਸਰਕਾਰ ਨੂੰ ਫੌਰੀ ਤੌਰ ਤੇ ਦਖਲ ਦੇ ਕੇ ਇਸ ਨੂੰ ਸੁਲਝਾ ਦੇਣਾ ਚਾਹੀਦਾ ਹੈ ਅਤੇ ਫੈਸਲਾ ਕਰ ਦੇਣਾ ਚਾਹੀਦਾ ਹੈ ਤਾਂਕਿ ਕਿਸਾਨ ਅਤੇ ਖਾਸ ਤੌਰ ਤੇ ਛੋਟੇ ਕਿਸਾਨ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ।

Original with;
Punjab Vidhan Sabha
Digitized by;
Panjab Digital Library

ਇਥੇ ਕਿਹਾ ਤਾਂ ਜਾਂਦਾ ਹੈ ਕਿ ਕਿਸਾਨ ਨੂੰ ਉਸ ਦੀ ਉਪਜ ਦੀ ਰੀਮੂਨਰੇਟਿਵ ਪ੍ਰਾਈਸ ਦਿਤੀ ਜਾਵੇਗੀ ਪਰ ਅਸਲ ਵਿਚ ਕੀ ਹੁੰਦਾ ਹੈ ਕਿ ਬਲੈਕ ਕੀਤੀ ਜਾਂਦੀ ਹੈ ਅਤੇ ਸੋ ਕਾਲਡ ਪ੍ਰੋਗ੍ਰੈਸਿਵ ਫਾਰਮਰਜ਼ ਰੇਟ ਵਧਾ ਕੇ ਛੋਟੇ ਕਿਸਾਨ ਨੂੰ ਰੀਮੂਨਰੇਟਿਵ ਕੀਮਤ ਨਹੀਂ ਲੈਣ ਦਿੰਦੇ। ਹੁਣ ਵੀ ਇਨ੍ਹਾਂ ਵਲੋਂ ਨਾਅਰਾ ਦਿਤਾ ਜਾ ਰਿਹਾ ਹੈ ਕਿ ਭਾ 15 ਰੁਪਏ ਕਵਿੰਟਲ ਕਰ ਦਿਤਾ ਜਾਵੇ। ਮੈਂ ਆਪਣੀ ਪਾਰਟੀ ਵਲੋਂ ਇਹ ਕਹਾਂਗਾ ਕਿ ਪਰੋਕਿਉਰਮੈਂਟ ਰੇਟ ਵਿਚ ਬਿਲਕੁਲ ਇਕ ਪੈਸੇ ਦਾ ਵੀ ਇਜ਼ਾਫਾ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਇਸ ਸਮੇਂ ਇਸ ਰੇਟ ਨੂੰ ਵਧਾਉਣ ਲਈ ਕੋਈ ਜਸਟੀਫਿਕੇਸ਼ਨ ਨਹੀਂ। ਕਿਉਂਕਿ ਇਸ ਨਾਲ ਛੋਟੇ ਕਿਸਾਨ ਨੂੰ ਨੁਕਸਾਨ ਪਹੁੰਚਦਾ ਹੈ। ਉਸ ਨੇ ਆਪਣੀ ਜ਼ਮੀਨ ਦੀ ਕਣਕ ਤਾਂ ਮੰਡੀ ਵਿਚ ਲੈ ਆਂਦੀ ਹੈ ਅਤੇ ਫਿਰ ਵਡੇ ਜ਼ਿਮੀਂਦਾਰ ਨੇ ਕਿਸੇ ਤਰ੍ਹਾਂ ਦੀ ਹੇਰਾ ਫੇਰੀ ਨਾਲ ਭਾ ਡੇਗ ਕੇ ਕਣਕ ਖਰੀਦ ਕਰ ਲੈਣੀ ਹੈ ਅਤੇ ਬਾਦ ਵਿਚ ਉਸ ਕਿਸਾਨ ਨੂੰ ਜੋ ਛੋਟਾ ਹੈ ਮੁੜ ਕੇ ਦੋ ਮਹੀਨਿਆਂ ਬਾਦ ਮੰਡੀ ਵਿਚੋਂ ਹੀ ਕਣਕ ਮੁਲ ਲੈਣ ਲਈ ਜਾਣਾ ਪੈਣਾ ਹੈ। ਮੇਰੀ ਪਾਰਟੀ, ਇਹ ਗਲ ਜ਼ੋਰਦਾਰ ਲਫਜ਼ਾਂ ਵਿਚ ਕਹਿਣੀ ਚਾਹੁੰਦੀ ਹੈ ਕਿ ਕਣਕ ਦੀ ਪ੍ਰਕਿਉਰਮੈਂਟ ਕੀਮਤ ਨੂੰ ਬਿਲਕੁਲ ਵਧਾਉਣ ਦਾ ਯਤਨ ਨਾ ਕੀਤਾ ਜਾਵੇ।

ਸਪੀਕਰ ਸਾਹਿਬ, ਬੜੀ ਹੈਰਾਨੀ ਦੀ ਗਲ ਹੈ ਕਿ ਇਸ ਐਡਰੈਸ ਵਿਚ ਸਿੰਗਲ ਸਟੇਟ ਫੂਡ ਜ਼ੋਨ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਪਤਾ ਨਹੀਂ ਕਿਉਂ ਇਹ ਚੁਪ ਹਨ। ਮੈਂ ਤੇ ਮੇਰੀ ਪਾਰਟੀ ਇਸ ਗਲ ਦੀ ਪੁਰਜ਼ੋਰ ਮੰਗ ਕਰਦੀ ਹੈ ਕਿ ਪੰਜਾਬ ਦਾ ਸਿੰਗਲ ਸਟੇਟ ਫੂਡ ਜ਼ੋਨ ਕਾਇਮ ਰਹਿਣਾ ਚਾਹੀਦਾ ਹੈ ਅਤੇ ਸਟੇਟ ਟ੍ਰੇਡਿੰਗ ਦਾ ਜ਼ਿਕਰ ਇਸ ਵਿਚ ਕੀਤਾ ਜਾਣਾ ਚਾਹੀਦਾ ਸੀ। ਗਵਾਂਢੀ ਪ੍ਰਾਂਤ ਹਿਮਾਚਲ ਨੂੰ ਇਸ ਜ਼ੋਨ ਵਿਚ ਹੀ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਜੇਕਰ ਉਹ ਇਸ ਗਲ ਦੀ ਮੰਗ ਕਰੇ ਤਾਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਨਾ ਤਾਂ ਸਿੰਗਲ ਸਟੇਟ ਫੂਡ ਜ਼ੋਨ ਦਾ ਜ਼ਿਕਰ ਹੈ ਤੇ ਨਾ ਹੀ ਸਟੇਟ ਟ੍ਰੇਡਿੰਗ ਦਾ ਜ਼ਿਕਰ ਹੈ। ਇਸ ਗਲ ਵਲ ਫ਼ੌਰੀ ਧਿਆਨ ਦੇ ਕੇ ਐਲਾਨ ਕਰ ਦੇਣਾ ਚਾਹੀਦਾ ਹੈ।

ਪੰਚਾਇਤ ਰਾਜ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਇਸ ਨੂੰ ਤੋੜ ਦਿਤਾ ਜਾਵੇ ਅਤੇ ਚੀਫ਼ ਮਨਿਸਟਰ ਵਲੋਂ ਇਹ ਬਿਆਨ ਆਏ ਹਨ। ਮੇਰੀ ਪਾਰਟੀ ਦੀ ਇਸ ਸਬੰਧ ਵਿਚ ਇਹ ਰਾਏ ਹੈ ਕਿ ਪੰਚਾਇਤ ਰਾਜ ਨੂੰ ਖਤਮ ਕਰਨ ਦੀ ਸੋਚ ਇਕ ਗਲਤ ਸੋਚ ਹੈ। ਅਜ ਪੰਚਾਇਤ ਰਾਜ ਨੂੰ ਖਤਮ ਕਰਨ ਦੀ ਸੋਚ ਸਰਕਾਰ ਨੂੰ ਆ ਗਈ ਹੈ ਤਾਂ ਕਲ ਮਯੂਨਿਸਪਲ ਕਮੇਟੀਆਂ ਨੂੰ ਤੋੜਨ ਦੀ ਸੋਚ ਆ ਜਾਵੇਗੀ। ਇਹ ਠੀਕ ਹੈ ਕਿ ਕੁਝ ਪੰਚਾਇਤ ਸੰਮਤੀਆਂ ਵਿਚ ਖਰਾਬੀ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਨੂੰ ਤੋੜ ਦਿਤਾ ਜਾਵੇ। ਕਈ ਮਯੂਨਿਸਪਲ ਕਮੇਟੀਆਂ ਵੀ ਚੰਗੀ ਤਰ੍ਹਾਂ ਨਹੀਂ ਚਲ ਰਹੀਆਂ। ਮੈਂ ਪੰਚਾਇਤ ਸੰਮਤੀਆਂ ਨਾਲੋਂ ਕਿਤੇ ਭੈੜੀਆਂ ਮਯੂਨਿਸਪਲ ਕਮੇਟੀਆਂ ਵਿਖਾ ਸਕਦਾ ਹਾਂ ਅਤੇ ਕਈ ਭੈੜੀਆਂ ਮਯੂਨਿਸਪਲ ਕਮੇਟੀਆਂ ਨਾਲੋਂ ਪੰਚਾਇਤਾਂ ਚੰਗੀਆਂ ਹਨ। ਜੇਕਰ ਇਸ ਤਰ੍ਹਾਂ ਦੀ ਨੀਤੀ ਅਪਣਾ ਲਈ ਗਈ ਤਾਂ ਡੈਮੋਕਰੇਸੀ ਦਾ ਖੂਨ ਕਰ ਦਿਤਾ ਜਾਵੇਗਾ ਅਤੇ ਪੁਰਾਣੀ ਡਿਕਟੇਟਰਸ਼ਿਪ ਕਾਇਮ ਕਰ ਦਿਤੀ ਜਾਵੇਗੀ। (ਵਿਘਨ) ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਜਿਥੇ ਪੰਚਾਇਤ ਸੰਮਤੀਆਂ ਵਿਚ ਨੁਕਸ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ ਤਾਕਿ

Original with;
Punjab Vidhan Sabha
Digitized by;
Panjab Digital Library

ਕਾਮਰੇਡ ਸਤਪਾਲ ਡਾਂਗ ]

ਇਹ ਜਿਹੜੀ ਪੰਚਾਇਤ ਰਾਜ ਦੀ ਇਨਸਟੀਚਿਊਸ਼ਨ ਹੈ ਇਸ ਨੂੰ ਚੰਗੇ ਤਰੀਕੇ ਨਾਲ ਚਲਾਇਆ ਜਾ ਸਕੇ ਅਤੇ ਪਿੰਡਾਂ ਦੀ ਜਨਤਾ ਦੇ ਹਥ ਵਿਚ ਉਨ੍ਹਾਂ ਦਾ ਆਪਣਾ ਲੋਕਲ ਨਜ਼ਾਮ ਆ ਜਾਵੇ। ਪੰਚਾਇਤੀ ਰਾਜ ਨੂੰ ਬਿਲਕੁਲ ਨਹੀਂ ਤੋੜਨਾ ਚਾਹੀਦਾ। (ਵਿਰੋਧੀ ਪਖ ਵਲੋਂ ਪ੍ਰਸ਼ੰਸਾ) ਪਿੰਡਾਂ ਦੀ ਜਨਤਾ ਦੇ ਹਥ ਵਿਚ ਦਿਤੀ ਗਈ ਤਾਕਤ ਨੂੰ ਪੰਚਾਇਤੀ ਰਾਜ ਤੋੜਨ ਦੇ ਐਲਾਨ ਨਾਲ ਖਤਮ ਕੀਤਾ ਜਾ ਰਿਹਾ ਹੈ। ਪੰਚਾਇਤੀ ਰਾਜ ਵਿਚ ਜਿਥੇ ਕੋਈ ਨੁਕਸ ਹੈ ਉਸ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਅਸੀਂ ਆਪ ਨੁਕਸ ਦਸ ਸਕਦੇ ਹਾਂ ਜਿਨ੍ਹਾਂ ਨੂੰ ਹਟਾਉਣਾ ਚਾਹੀਦਾ ਹੈ। ਪੰਚਾਇਤੀ ਰਾਜ ਨੂੰ ਖਤਮ ਕਰਨ ਦੀ ਮੇਰੀ ਪਾਰਟੀ ਸਖਤ ਵਿਰੋਧਤਾ ਕਰਦੀ ਹੈ। ਇਨ੍ਹਾਂ ਸ਼ਬਦਾਂ ਨਾਲ ਸਪੀਕਰ ਸਾਹਿਬ, ਮੈਂ ਆਪ ਤੋਂ ਖਿਮਾ ਮੰਗਦਾ ਹਾਂ।

**ਮੁੱਖ ਮੰਤਰੀ :** ਤੁਹਾਨੂੰ ਅਸੀਂ ਇਸ ਕੰਮ ਵਿਚ ਪੁੱਛ ਕੇ ਚਲਾਂਗੇ।

**Mr. Speaker :** (Sardar Gurmit Singh)

(ਵਿਘਨ)

WALK—OUT.

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਅੱਜ ਸਪੀਕਰ ਸਾਹਿਬ, ਜਿਸ ਵੇਲੇ ਅਸੀਂ ਇਨਫਾਰਮਲੀ ਮੀਟ ਕੀਤਾ ਸੀ ਤਾਂ ਤੁਸੀਂ ਸਾਨੂੰ ਇਹ ਐਸ਼ੋਯਰ ਕੀਤਾ ਸੀ ਕਿ ਜਿੰਨਾ ਟਾਈਮ ਸਾਡੇ ਹਿੱਸੇ ਦਾ ਬਣਦਾ ਹੈ ਸਾਨੂੰ ਦਿਉਗੇ। ਹੁਣ ਕਿਉਂਕਿ ਡਾਂਗ ਸਾਹਿਬ ਕਾਫ਼ੀ ਸਮਾਂ ਬੋਲੇ ਹਨ ਉਨ੍ਹਾਂ ਦਾ ਸਮਾਂ ਸਾਡੀ ਪਾਰਟੀ ਦੇ ਟਾਇਮ ਵਿਚੋਂ ਨਹੀਂ ਕਟਿਆ ਜਾਣਾ ਚਾਹੀਦਾ। ਡਾਂਗ ਸਾਹਿਬ ਨਾ ਤਾਂ ਗੌਰਮੈਂਟ ਵਿਚ ਹਨ ਤੇ ਨਾ ਹੀ ਆਪੋਜ਼ੀਸ਼ਨ ਵਿਚ ਹਨ, ਵਿਚਕਾਰ ਹੀ ਲਟਕਦੇ ਹਨ। ਇਸ ਲਈ ਇਨ੍ਹਾਂ ਨੇ ਜਿੰਨਾ ਵਕਤ ਲਿਆ ਹੈ ਇਹ ਸਾਡੇ ਟਾਈਮ ਵਿਚੋਂ ਨਹੀਂ ਕਟਿਆ ਜਾਣਾ ਚਾਹੀਦਾ। ਟ੍ਰੈਜ਼ਰੀ ਬੈਂਚਾਂ ਨੂੰ ਕਾਫ਼ੀ ਵਕਤ ਦਿਤਾ ਗਿਆ ਹੈ, ਕਲ ਵੀ ਉਹ ਕਾਫ਼ੀ ਚਿਰ ਬੋਲੇ ਸਨ। ਸਾਨੂੰ ਪੂਰਾ ਵਕਤ ਹਿਸਾਬ ਨਾਲ ਮਿਲਣਾ ਚਾਹੀਦਾ ਹੈ। ਹੁਣ ਗੁਰਮੀਤ ਸਿੰਘ ਦੀ ਥਾਂ ਇਸ ਪਾਸੇ ਤੋਂ ਕਿਸੇ ਮੈਂਬਰ ਨੂੰ ਬੁਲਾਉਣਾ ਚਾਹੀਦਾ ਹੈ। ਪਰ ਤੁਸੀਂ ਸਾਨੂੰ ਬੋਲਣ ਲਈ ਪੂਰਾ ਵਕਤ ਨਹੀਂ ਦੇ ਰਹੇ। (ਵਿਘਨ)

**ਸ਼੍ਰੀ ਸਪੀਕਰ :** ਤੁਹਾਨੂੰ ਅਤੇ ਤੁਹਾਡੀ ਪਾਰਟੀ ਨੂੰ ਡਿਊ ਹਿੱਸੇ ਦਾ ਵਕਤ ਦਿਤਾ ਜਾਵੇਗਾ। ਹੁਣ ਮੈਂ ਸਰਦਾਰ ਗੁਰਮੀਤ ਸਿੰਘ ਨੂੰ ਕਾਲ ਕਰ ਲਿਆ ਹੈ, ਇਨ੍ਹਾਂ ਨੂੰ ਬੋਲਣ ਦਿਉ।

ਸਰਦਾਰ ਗੁਰਮੀਤ ਸਿੰਘ ਜੀ, ਕਿਉਂਕਿ ਵਕਤ ਘਟ ਹੈ ਇਸ ਲਈ ਤੁਸੀਂ 15 ਮਿੰਟ ਤੋਂ ਵਧ ਨਾ ਲੈਣਾ। (The hon. Member and his party would be given due share of the time for the discussion. I have called upon Sardar Gurmit Singh. Let him speak now.

Addressing Sardar Gurmit Singh : Since the time at our disposal is very short, you would please finish your speech within fiteen minutes.)

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਸਾਨੂੰ ਪੂਰਾ ਟਾਈਮ ਦਿਤਾ ਜਾਣਾ ਚਾਹੀਦਾ ਹੈ (ਵਿਘਨ) ਇਸ ਸਮੇਂ ਕਈ ਮਾਨਯੋਗ ਮੈਂਬਰ ਵਿਰੋਧੀ ਸੀਟਾਂ ਤੇ ਖੜੇ ਹੋ ਗਏ ।

**Mr. Speaker :** Order please.

**ਸਰਦਾਰ ਗੁਰਬੰਤਾ ਸਿੰਘ :** ਕੋਈ ਟਾਈਮ ਲਿਮਟ ਵੀ ਹੋਣੀ ਚਾਹੀਦੀ ਹੈ । ਸਾਨੂੰ ਵਕਤ ਨਹੀਂ ਦਿਤਾ ਜਾ ਰਿਹਾ । (ਵਿਘਨ)

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਸਾਨੂੰ ਤਾਂ ਬਿਲਕੁਲ ਟਾਈਮ ਹੀ ਨਹੀਂ ਦਿਤਾ ਜਾ ਰਿਹਾ । ਇਹ ਸਾਡੇ ਨਾਲ ਜ਼ਿਆਦਤੀ ਕੀਤੀ ਜਾ ਰਹੀ ਹੈ । (ਵਿਘਨ)

**ਸ੍ਰੀ ਸਪੀਕਰ :** ਆਰਡਰ ਪਲੀਜ਼ । ਸਰਦਾਰ ਗੁਰਮੀਤ ਸਿੰਘ ਨੂੰ ਬੋਲ ਲੈਣ ਦਿਉ ਫਿਰ ਤੁਹਾਨੂੰ ਤੁਹਾਡੇ ਹਿੱਸੇ ਦਾ ਟਾਈਮ ਦਿਤਾ ਜਾਵੇਗਾ । (ਵਿਘਨ) (Order please. Let Sardar Gurmit Singh speak and thereafter you would be given time.)

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਤੁਸੀਂ ਇਥੇ ਬੈਠੇ ਸਾਰੇ ਮੈਂਬਰਾਂ ਦੇ ਹੱਕਾਂ ਦੇ ਕਸਟੋਡੀਅਨ ਹੋ । ਤੁਹਾਨੂੰ ਇਸ ਗਲ ਦਾ ਧਿਆਨ ਰਖਣਾ ਚਾਹੀਦਾ ਹੈ ਕਿ ਟਾਈਮ ਕਿਸੇ ਨੂੰ ਵੀ ਵਧ ਨਾ ਦਿਤਾ ਜਾਵੇ ਅਤੇ ਦੂਜੇ ਨੂੰ ਘਟ ਨਾ ਮਿਲੇ ਅਸੀਂ ਇਥੇ ਸਾਰੇ ਜੰਨਤਾਂ ਦੇ ਚੁਣੇ ਹੋਏ ਨੁਮਾਇੰਦੇ ਆਏ ਹਾਂ ਅਤੇ ਹਰ ਇਕ ਨੇ ਆਪਣੇ ਇਲਾਕੇ ਦੀਆਂ ਗਲਾਂ ਦਾ ਜ਼ਿਕਰ ਇਥੇ ਕਰਨਾ ਹੈ, ਇਸ ਲਈ ਮੈਂਬਰਾਂ ਦੀ ਪ੍ਰੋਪੋਰਸ਼ਨ ਨਾਲ ਹਰ ਪਾਰਟੀ ਨੂੰ ਬੋਲਣ ਲਈ ਵਕਤ ਪੂਰਾ ਮਿਲਣਾ ਚਾਹੀਦਾ ਹੈ । ਜਿਹੜਾ ਵਕਤ ਸਾਡੇ ਹਿੱਸੇ ਆਉਂਦਾ ਹੈ ਸਾਨੂੰ ਦਿਤਾ ਜਾਣਾ ਚਾਹੀਦਾ ਸੀ, ਪਰ ਨਹੀਂ ਦਿਤਾ ਗਿਆ । ਸਰਦਾਰ ਗੁਰਮੀਤ ਸਿੰਘ ਨੂੰ ਕਾਲ ਅਪਾਨ ਕਰ ਲਿਆ ਗਿਆ, ਇਹ ਠੀਕ ਨਹੀਂ ।

**ਸ੍ਰੀ ਸਪੀਕਰ :** ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜੋ ਇਤਰਾਜ਼ ਕੀਤਾ ਹੈ ਕਿ ਹਿਸਾਬ ਨਾਲ ਟਾਈਮ ਨਹੀਂ ਦਿਤਾ ਜਾ ਰਿਹਾ ਇਸ ਬਾਰੇ ਤਾਂ ਰੀਜ਼ਲਟ ਬਾਦ ਵਿਚ ਹੀ ਕਢਿਆ ਜਾ ਸਕਦਾ ਹੈ । ਮੈਂ ਹਰ ਮੁਮਕਿਨ ਯਤਨ ਕਰਦਾ ਹਾਂ ਕਿ ਪ੍ਰੋਪੋਰਸ਼ਨ ਅਨੁਸਾਰ ਹਰ ਇਕ ਨੂੰ ਟਾਈਮ ਦਿਤਾ ਜਾਵੇ ਅਤੇ ਇਨ ਟਰਨ ਦਿਤਾ ਜਾਵੇ । ਸਰਦਾਰ ਗੁਰਮੀਤ ਸਿੰਘ ਨੂੰ ਬੋਲਣ ਦਿਉ ਉਸ ਤੋਂ ਬਾਦ ਤੁਸੀਂ ਵਕਤ ਲੈ ਲੈਣਾ । (ਵਿਘਨ) (The Leader of the Opposition has raised an objection that time is not being given to his party according to its numerical strength, but it can be ascertained after the discussion is concluded, that I try to allot time to each and every party proportionately and in turn. Let S. Gurmit Singh speak and after him the hon. Member would be given time.) (Interruption).

Original with;
Punjab Vidhan Sabha
Digitized by;
Panjab Digital Library

**ਮੇਜਰ ਹਰਿੰਦਰ ਸਿੰਘ :** ਮੇਰੀ ਤਾਂ ਬੇਨਤੀ ਇਹ ਸੀ ਕਿ ਪਾਰਟੀ ਵਿੱਚ ਮੈਂਬਰਾਂ ਦੀ ਗਿਣਤੀ ਦੇ ਅਧਾਰ ਤੇ ਟਾਈਮ ਦਿਤਾ ਜਾਣਾ ਚਾਹੀਦਾ ਹੈ । ਹਰ ਪਾਰਟੀ ਦੀ ਸਟ੍ਰੈਂਗਥ ਦੇ ਅਧਾਰ ਤੇ ਟਾਈਮ ਦਿਤਾ ਜਾਣਾ ਚਾਹੀਦਾ ਹੈ ਪਰ ਇਥੇ ਟਾਈਮ ਨਹੀਂ ਦਿਤਾ ਜਾ ਰਿਹਾ । ਡਾਂਗ ਸਾਹਿਬ ਨੂੰ ਸਾਡੇ ਟਾਈਮ ਵਿਚੋਂ ਟਾਈਮ ਨਹੀਂ ਦੇਣਾ ਚਾਹੀਦਾ ਕਿਉਂਜੋ ਇਹ ਨਾ ਇਧਰ ਦੇ ਹਨ ਤੇ ਨਾ ਹੀ ਉਧਰ ਦੇ ਹਨ, ਵਿਚਕਾਰ ਲਟਕ ਰਹੇ ਹਨ (ਹਾਸਾ) ਜਾਂ ਤਾਂ ਸਾਡੇ ਨਾਲ ਆ ਰਲਣ ਜਾਂ ਸਰਕਾਰ ਨਾਲ ਸਲਾਹ ਕਰ ਲੈਣ । ਕਦੇ ਤਾਂ ਸਰਕਾਰ ਦੇ ਖਿਲਾਫ ਗਲਾਂ ਕਰਦੇ ਹਨ ਤੇ ਕਦੇ ਪ੍ਰੋ—ਗੌਰਮੈਂਟ ਹੋ ਜਾਂਦੇ ਹਨ ।

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਸਾਨੂੰ ਤਾਂ ਬੋਲਣ ਨੂੰ ਵਕਤ ਹੀ ਨਹੀਂ ਦਿਤਾ ਜਾ ਰਿਹਾ । (ਵਿਘਨ)

**ਸ੍ਰੀ ਸਪੀਕਰ :** ਸਰਦਾਰ ਗੁਰਮੀਤ ਸਿੰਘ ਜੀ, ਤੁਸੀਂ ਸ਼ੁਰੂ ਕਰੋ । (Let Sardar Gurmit Singh start with his speech.) (ਵਿਘਨ)

**ਮੇਜਰ ਹਰਿੰਦਰ ਸਿੰਘ :** ਤੁਸੀਂ ਸਪੀਕਰ ਸਾਹਿਬ, ਬਾਵਜੂਦ ਸਾਡੇ ਕਹਿਣ ਦੇ ਸਾਨੂੰ ਵਕਤ ਨਹੀਂ ਦੇ ਰਹੇ, ਇਸ ਲਈ ਅਸੀਂ ਪ੍ਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਆਪੋਜ਼ੀਸ਼ਨ ਦੇ ਕਾਂਗਰਸੀ ਮੈਂਬਰ ਵਾਕ ਆਊਟ ਕਰ ਗਏ ।)

**ਸਰਦਾਰ ਗੁਰਮੀਤ ਸਿੰਘ :** ਕਪਤਾਨ ਸਾਹਿਬ, ਆਪਣੀਆਂ ਗੱਲਾਂ ਦਾ ਜਵਾਬ ਤਾਂ ਸੁਣ ਕੇ ਜਾਉ । (ਵਿਘਨ) (ਸ਼ੋਰ)

**ਸਰਦਾਰ ਗੁਰਮੀਤ ਸਿੰਘ :** (ਮਲੋਟ) ਬੇਹਤਰ ਹੁੰਦਾ ਕਿ ਕਪਤਾਨ ਸਾਹਿਬ ਮੇਰੀਆਂ ਕੁਝ ਗੱਲਾਂ ਸੁਣ ਕੇ ਜਾਂਦੇ । ਇਸ ਤਰ੍ਹਾਂ ਐਡਰੈਸ ਦੇ ਮੁਤਾਲਿਕ ਬਿਨਾ ਸੁਣੇ ਹੀ ਚਲੇ ਜਾਣਾ ਇਸ ਹਾਊਸ ਦੀ ਅਤੇ ਅਸੈਂਬਲੀ ਦੇ ਮੈਂਬਰਾਂ ਦੀ ਉਨ੍ਹਾਂ ਨੇ ਹਤਕ ਕੀਤੀ ਹੈ । ਖਾਸ ਤੌਰ ਤੇ ਇਹ ਗੱਲ ਬਾਇਸੇ ਸ਼ਰਮ ਹੈ ਉਨ੍ਹਾਂ ਲੋਕਾਂ ਵਾਸਤੇ, ਜਿਹੜੇ ਕਿ ਆਪਣੇ ਆਪ ਨੂੰ ਕਹਿੰਦੇ ਹਨ ਕਿ ਅਸੀਂ ਸ਼ਾਂਤੀ ਦੇ ਪੁਜਾਰੀ ਹਾਂ ਅਤੇ ਮਹਾਤਮਾ ਗਾਂਧੀ ਦੇ ਅਸੂਲਾਂ ਤੇ ਚਲਦੇ ਹਾਂ । ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਐਡਰੈਸ ਦੇ ਵਿਚ ਗਵਰਨਰ ਸਾਹਿਬ ਨੇ ਉਸ ਸ਼ਰਮਨਾਕ ਵਾਕੇ ਦੀ ਇਨਕੁਆਇਰੀ ਕਰਾਉਣ ਦਾ ਜ਼ਿਕਰ ਕੀਤਾ ਹੈ ਜਿਸ ਦੇ ਵਿਚ ਗਿੱਲ ਮਨਿਸਟਰੀ ਵੇਲੇ ਤਿੰਨਾਂ ਮਿੰਟਾਂ ਵਿਚ ਐਪਰੋਪਰੀਏਸ਼ਨ ਬਿਲ ਪਾਸ ਕਰਵਾਇਆ ਗਿਆ ਅਤੇ ਇਸ ਹਾਊਸ ਵਿਚ ਪੁਲਿਸ ਬੁਲਾਈ ਗਈ । ਮੈਂ ਸਮਝਦਾ ਹਾਂ ਕਿ ਕਪਤਾਨ ਸਾਹਿਬ ਨੂੰ ਘਟ ਤੋਂ ਘਟ ਇਹੋ ਜਿਹੀ ਗੱਲ ਤਾਂ ਸੁਣ ਹੀ ਲੈਣੀ ਚਾਹੀਦੀ ਸੀ । ਮੈਂ ਹੁਣ ਬਾਕੀ ਦੀਆਂ ਗੱਲਾਂ ਬਾਰੇ ਆਪਣੇ ਵਿਚਾਰ ਰਖਦਾ ਹਾਂ ਕਿਉਂਜੋ ਉਨ੍ਹਾਂ ਨੂੰ ਸੁਨਾਉਣ ਵਾਲੀ ਜਿਹੜੀ ਗੱਲ ਸੀ ਉਹ ਤਾਂ ਵਿਚਾਲੇ ਹੀ ਛੱਡ ਕੇ ਚਲੇ ਗਏ ।

ਗਵਰਨਰ ਸਾਹਿਬ ਨੇ ਚੰਡੀਗੜ੍ਹ ਅਤੇ ਭਾਖੜਾ ਨੰਗਲ ਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਦੀ ਵਾਪਸੀ ਬਾਰੇ ਪੈਰਾ ਨੰ: 5 ਦੇ ਵਿਚ ਜ਼ਿਕਰ ਕੀਤਾ ਹੈ । ਮੈਂ ਬੇਨਤੀ ਕਰਾਂ ਕਿ ਚੰਡੀਗੜ੍ਹ

Original with;
Punjab Vidhan Sabha
Digitized by;
Panjab Digital Library

ਦਾ ਤਾਂ ਉਹ ਹਾਲ ਹੈ ਕਿ ਜਿਸ ਤਰ੍ਹਾਂ ਦੋ ਧੜੇ ਆਪਸ ਵਿਚ ਲੜਦੇ ਰਹਿਣ ਅਤੇ ਇਕ ਦੁਹਾਜੂ ਵਿਚੋਂ ਰੋਟੀ ਦਾ ਟੁਕੜਾ ਲੈ ਜਾਵੇ। ਕਈ ਕਰੋੜ ਰੁਪਿਆ ਇਸ ਸ਼ਹਿਰ ਦਾ ਕਰਾਏ ਵਜੋਂ ਦੋਹਾਂ ਸਰਕਾਰਾਂ ਵਲੋਂ ਦਿੱਤਾ ਜਾ ਰਿਹਾ ਹੈ, ਕਰੋੜਾਂ ਰੁਪਿਆ ਪੰਜਾਬੀਆਂ ਦਾ ਇਸ ਸ਼ਹਿਰ ਨੂੰ ਵਸਾਉਣ ਤੇ ਖਰਚ ਹੋਇਆ ਹੈ ਪਰ ਇਸ ਦਾ ਅਸਲ ਮਾਲਕ ਇਕ ਤੀਸਰਾ ਬਣਿਆ ਹੋਇਆ ਹੈ ਜਿਹੜਾ ਨਾ ਕੋਈ ਰੁਪਿਆ ਦਿੰਦਾ ਹੈ ਅਤੇ ਨਾ ਹੀ ਉਸ ਦਾ ਸੂਦ ਦੇਂਦਾ ਹੈ, ਖਾਮਖਾਹ ਦਾ ਮਾਲਕ ਬਣਿਆ ਹੋਇਆ ਹੈ। ਇਸ ਤਰ੍ਹਾਂ ਇਕ ਹੋਰ ਵਾਧੂ ਦਾ ਖਰਚ ਇਸ ਸ਼ਹਿਰ ਦੇ ਹਿੱਸੇ ਨੂੰ ਯੂਨੀਅਨ ਟੈਰੀਟਰੀ ਬਣਾਕੇ ਇਕ ਚੀਫ ਕਮਿਸ਼ਨਰ ਅਤੇ ਉਸ ਦੇ ਅਮਲੇ ਦਾ, ਇਕ ਫਾਈਨੈਂਸ ਸੈਕਟਰੀ ਅਤੇ ਇਕ ਐਸ. ਡੀ. ਓ. ਚੰਡੀਗੜ੍ਹ ਸਰਕਲ ਦਾ ਵਾਧੂ ਦਾ ਦੋਹਾਂ ਸਟੇਟਾਂ ਤੇ ਹੋਰ ਪਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਕੈਪੀਟਲ ਦਾ ਹਿੱਸਾ ਅਤੇ ਵਰਕ ਚਾਰਜ ਅਮਲੇ ਦਾ ਖਰਚ ਅਲਗ ਢੰਗ ਖੜਾ ਕਰਕੇ ਇਨ੍ਹਾਂ ਦੋਹਾਂ ਸਟੇਟਾਂ ਤੇ ਖਰਚਾ ਪਾਇਆ ਜਾ ਰਿਹਾ ਹੈ ਪਰ ਕਬਜ਼ਾ ਸੈਂਟਰ ਦਾ ਹੈ। ਚੇਅਰਮੈਨ ਸਾਹਿਬ, ਮੈਂ ਆਪਦੇ ਰਾਹੀਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਘਟੋ ਘਟ ਜੇ ਉਹ ਹੋਰ ਕੁਝ ਨਹੀਂ ਕਰ ਸਕਦੇ ਤਾਂ ਇਹ ਤਾਂ ਜ਼ਰੂਰ ਕਰਨ ਕਿ ਜਿਤਨਾ ਚਿਰ ਇਸ ਸ਼ਹਿਰ ਨੂੰ ਸੈਂਟਰ ਆਪਣੇ ਹਥਾਂ ਦੇ ਵਿਚ ਰੱਖਣਾ ਚਾਹੁੰਦਾ ਹੈ ਬੇਸ਼ਕ ਰੱਖੇ ਪਰ ਇਸ ਲਈ ਦਿੱਤੀਆਂ ਜਾਣ ਵਾਲੀਆਂ ਕਰਜ਼ੇ ਦੀਆਂ ਕਿਸ਼ਤਾਂ ਦੀ ਵਸੂਲੀ ਜਿਤਨਾ ਚਿਰ ਇਸ ਸ਼ਹਿਰ ਦਾ ਫੈਸਲਾ ਨਹੀਂ ਹੁੰਦਾ, ਰੋਕ ਦਿੱਤੀ ਜਾਵੇ। ਇਹ ਰਕਮ 25 ਕਰੋੜ ਰੁਪਏ ਦੇ ਲਗਭਗ ਬਣਦੀ ਹੈ। ਇਸ ਰਕਮ ਨਾਲ ਇਸ ਸੂਬੇ ਦੀ ਹੋਰ ਉਨਤੀ ਕੀਤੀ ਜਾ ਸਕਦੀ ਹੈ। ਇਹ ਦੋ ਦੋ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ ਕਿ ਮਾਲਕੀ ਦਾ ਹੱਕ ਵੀ ਉਹ ਨਾ ਰਖਦੇ ਹੋਣ ਅਤੇ ਨਾ ਹੀ ਕੋਈ ਕਰਾਏਦਾਰ ਦਾ ਇਖਤਿਆਰ ਹੋਵੇ। ਰੈਂਟ ਕੰਟਰੋਲ ਆਰਡਰ ਦੇ ਤਹਿਤ ਕਰਾਏਦਾਰ ਨੂੰ ਬੜੇ ਬੜੇ ਇਖਤਿਆਰ ਹਨ। ਇਥੋਂ ਤੱਕ ਕਿ ਨਾ ਤਾਂ ਉਸ ਦਾ ਕੋਈ ਕਰਾਇਆ ਵਧਾ ਸਕਦਾ ਹੈ ਨਾ ਕੋਈ ਉਸ ਨੂੰ ਘਰ ਤੋਂ ਬਾਹਰ ਕੱਢ ਸਕਦਾ ਹੈ। ਪਰ ਦੂਸਰੇ ਦੇ ਮਾਲ ਤੇ ਕਬਜ਼ਾ ਹੋਣ ਕਰਕੇ ਬਹੁਤ ਹੀ ਜ਼ਿਆਦਾ ਲਾਪਰਵਾਹੀ ਨਾਲ ਖਰਚਾ ਵਧਾਇਆ ਜਾ ਰਿਹਾ ਹੈ। ਜਿਥੇ ਅਗੇ ਇਕ ਇੰਜਨੀਅਰ ਨਾਲ ਸਰ ਜਾਂਦਾ ਸੀ ਅਜ ਵਖਰੇ ਵਖਰੇ ਹਲਕੇ ਜਿਹੇ ਬਣਾ ਕੇ ਇੰਜਨੀਅਰ ਅਤੇ ਉਨ੍ਹਾਂ ਦੇ ਨਾਲ ਸਟਾਫ਼ ਬੇਸ਼ੁਮਾਰ ਗਿਣਤੀ ਵਿਚ ਵਧਾਇਆ ਜਾ ਰਿਹਾ ਹੈ। ਇਨ੍ਹਾਂ ਦਾ ਖਰਚਾ ਦੋਹਾਂ ਸਟੇਟਾਂ ਤੇ ਪੈ ਰਿਹਾ ਹੈ।

ਮੈਂ ਇਸ ਗੱਲ ਲਈ ਗਵਰਨਰ ਸਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਵਿਧਾਨ ਪਰੀਸ਼ਦ ਖਤਮ ਕਰਨ ਦਾ ਫੈਸਲਾ ਕੀਤਾ ਹੈ। ਇਹ ਸਟੇਟ ਐਕਸਚੈਕਰ ਤੇ ਇਕ ਸਫ਼ੈਦ ਹਾਥੀ ਬਣਿਆ ਹੋਇਆ ਹੈ। ਇਸ ਤੋਂ ਵੱਖ ਇਹ ਇਕ ਹਾਰੇ ਹੋਏ ਲੋਕਾਂ ਨੂੰ ਏਥੇ ਲਿਆਉਣ ਦਾ ਇਕ ਚੋਰ ਦਰਵਾਜ਼ਾ ਹੈ। ਇਹ ਸਰਕਾਰ ਵੀ ਵਧਾਈ ਦੀ ਪਾਤਰ ਹੈ ਕਿ ਜਿਹੜਾ ਗਿੱਲ ਸਰਕਾਰ ਨੇ ਪੇ-ਕਮਿਸ਼ਨ ਕਾਇਮ ਕੀਤਾ ਸੀ, ਉਸ ਰਿਪੋਰਟ ਦਾ ਜਿਹੜਾ ਹਿੱਸਾ ਇਸ ਸਰਕਾਰ ਨੂੰ ਪ੍ਰਵਾਨ ਸੀ ਉਸ ਤੇ ਅਮਲ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਜੋ ਐਸੀਆਂ ਕੈਟੇਗਰੀਜ਼ ਸਨ, ਜਿਨ੍ਹਾਂ ਦੇ ਕੁਝ ਅੜਰੇ ਮਸਲੇ ਹਨ ਜਾਂ ਜਿਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਡਿਸਕਰੀਮੀਨੇਸ਼ਨ ਹੋਈ ਹੈ, ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਕੈਟੇਗਰੀਜ਼ ਦੇ ਕੇਸਿਜ਼ ਤੇ ਮੁੜ ਵਿਚਾਰ ਕੀਤਾ ਜਾਵੇਗਾ। ਇਹ ਇਸ ਤਰ੍ਹਾਂ ਦੇ ਕੇਸਿਜ਼ ਹਨ ਜਿਸ ਤਰ੍ਹਾਂ ਕਿ ਵੈਟਰਨਰੀ ਕੰਪਾਊਂਡਰ, ਵੈਟਰਨਰੀ ਡਾਕਟਰਜ਼,

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੀਤ ਸਿੰਘ]

ਇਨ੍ਹਾਂ ਦੇ ਗਰੇਡ ਵੀ ਉਤਨੇ ਹੀ ਕੀਤੇ ਜਾਣ ਜਿਤਨੇ ਕਿ ਐਮ. ਬੀ. ਬੀ. ਐਸ ਅਤੇ ਬੀ. ਡੀ. ਐਸ. ਡਾਕਟਰਾਂ ਦੇ ਜਾਂ ਇਨ੍ਹਾਂ ਦੇ ਕਮਪਾਊਂਡਰਾਂ ਦੇ ਹਨ । ਇਨ੍ਹਾਂ ਦੀਆਂ ਬੇਸਿਕ ਕੁਆਲੀਫੀਕੇਸ਼ਨਜ਼ ਇਕੋ ਜਿਹੀਆਂ ਹਨ । ਇਨ੍ਹਾਂ ਦੇ ਕੋਰਸਿਜ਼ ਵੀ ਉਤਨੇ ਹੀ ਹਨ ਜਿਤਨੇ ਕਿ ਆਮ ਡਾਕਟਰਾਂ ਦੇ ਹੁੰਦੇ ਹਨ । ਇਸੇ ਤਰ੍ਹਾਂ ਟੈਕਨੀਸ਼ਨਜ਼ ਹਨ, ਇੰਜੀਨੀਅਰਜ਼ ਦੀ ਕਲਾਸ ਹੈ । ਇਨ੍ਹਾਂ ਨੂੰ ਵੀ ਇਗਨੋਰ ਨਹੀਂ ਕੀਤਾ ਜਾ ਸਕਦਾ । ਇਨ੍ਹਾਂ ਸਾਰੀਆਂ ਨੂੰ ਪੂਰੀ ਤਰ੍ਹਾਂ ਇਨਸਾਫ ਮਿਲਣਾ ਚਾਹੀਦਾ ਹੈ । ਮੈਨੂੰ ਅਫਸੋਸ ਤਾਂ ਇਹੋ ਹੈ ਕਿ ਅੱਜ ਏਥੇ ਆਪੋਜ਼ੀਸ਼ਨ ਨਹੀਂ ਹੈ । ਉਨ੍ਹਾਂ ਨੂੰ ਚਾਹੀਦਾ ਸੀ ਕਿ ਜੇ ਕਿਸੇ ਦੇ ਹਕਾਂ ਤੇ ਕਿਸੇ ਤਰ੍ਹਾਂ ਦੀ ਚੋਟ ਵੱਜੀ ਹੋਵੇ ਤਾਂ ਆਪੋਜ਼ੀਸ਼ਨ ਆਪਣਾ ਰੋਲ ਪਲੇ ਕਰਦੀ, ਕੋਈ ਕੰਸਟਰਕਟਿਵ ਸੁਝਾਓ ਦਿੰਦੇ, ਪਰ ਉਹ ਆਪਣਾ ਜ਼ਾਇਜ਼ ਪਾਰਟ ਪਲੇ ਕਰਨ ਤੋਂ ਭੀ ਨਾਂਹ ਕਰ ਗਏ ਹਨ ਅਤੇ ਕਪਤਾਨ ਸਾਹਿਬ ਨੂੰ ਸਾਡੀਆਂ ਗੱਲਾਂ ਵੀ ਸੁਣਨੀਆਂ ਮੁਸ਼ਕਲ ਹੋ ਗਈਆਂ ਹਨ ।

ਸਪੀਕਰ ਸਾਹਿਬ, ਗਵਰਨਰ ਦੇ ਅਧਿਕਾਰਾਂ ਬਾਰੇ ਜਦੋਂ ਬਟਾਲੇ ਇਕ ਅਕਾਲੀ ਪਾਰਟੀ ਦੀ ਕਾਨਫ਼ਰੰਸ ਹੋਈ ਤਾਂ ਉਸ ਵਿਚ ਇਹ ਮਤਾ ਰੱਖਿਆ ਗਿਆ ਸੀ ਕਿ ਗਵਰਨਰ ਦੇ ਇਖਤਿਆਰ ਘੱਟ ਕਰਕੇ ਸੂਬਾਈ ਸਰਕਾਰ ਦੇ ਇਖਤਿਆਰ ਵਧਾਏ ਜਾਣ ਤਾਂ ਜੋ ਕਿਸੇ ਤਰ੍ਹਾਂ ਦਾ ਜਬਰ ਜਨਤਾ ਦੀ ਸਰਕਾਰ ਤੇ ਗਵਰਨਰ ਰਾਹੀਂ ਨਾ ਹੋ ਸਕੇ । ਅਸੀਂ ਚਾਹੁੰਦੇ ਸੀ ਕਿ ਇਨ੍ਹਾਂ ਖਿਆਲਾਂ ਦੀ, ਅਪੋਜ਼ੀਸ਼ਨ ਵਾਲੇ ਪਰੋੜ੍ਹਤਾ ਕਰਦੇ, ਸਾਡੇ ਖਿਆਲ ਸੁਣਦੇ ਅਤੇ ਆਪਣੇ ਵਿਚਾਰ ਦਿੰਦੇ, ਪਰ ਉਨ੍ਹਾਂ ਨੇ ਕੋਈ ਕੰਸਟ-ਰਕਟਿਵ ਸੁਝਾਉ ਦੇਣ ਦੀ ਬਜਾਏ ਹਾਊਸ ਵਿਚੋਂ ਵਾਕ-ਆਊਟ ਕਰ ਜਾਣਾ ਹੀ ਬਿਹਤਰ ਸਮਝਿਆ । ਅਸੀਂ ਫੇਰ ਇਸ ਗੱਲ ਤੇ ਜ਼ੋਰ ਦਿੰਦੇ ਹਾਂ ਕਿ ਸੂਬਾਈ ਸਰਕਾਰਾਂ ਨੂੰ ਵਧ ਤੋਂ ਵਧ ਪ੍ਰੋਵਿੰਸੀਅਲ ਅਟਾਨੋਮੀ ਦਿਤੀ ਜਾਵੇ । ਅਸੀਂ ਸਮਝਦੇ ਹਾਂ ਕਿ ਸੂਬੇ ਵਿਚ ਵਧ ਤੋਂ ਵਧ ਖੁਦਮੁਖਤਾਰੀ ਹੋਵੇ ਅਤੇ ਆਹਿਸਤਾ ਆਹਿਸਤਾ ਸਾਨੂੰ ਕੰਸਟੀਚਿਊਸ਼ਨ ਦੇ ਵਿਚ ਵੀ ਕੋਈ ਤਰਮੀਮ ਲਿਖਾਕੇ ਗਵਰਨਰ ਦੇ ਅਹੁਦੇ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਇਸ ਅਹੁਦੇ ਦੀ ਵਰਤੋਂ ਕਰਕੇ ਦੂਸਰੀਆਂ ਸਟੇਟਾਂ ਦੇ ਵਿਚ ਵਾਤਾਵਰਨ ਖਰਾਬ ਕੀਤਾ ਗਿਆ ਅਤੇ ਪੰਜਾਬ ਸਰਕਾਰ ਨੂੰ ਕੋਈ ਕਰੜੇ ਕਦਮ ਉਠਾਉਣ ਲਈ ਹੁਣ ਤੋਂ ਹੀ ਕੋਈ ਲਹਿਰ ਚਲਾਉਣੀ ਚਾਹੀਦੀ ਹੈ ।

(ਇਸ ਵੇਲੇ ਸਭਾਪਤੀਆਂ ਦੇ ਪੈਨਲ ਦੇ ਮੈਂਬਰ, ਸਰਦਾਰ ਸ਼ਸ਼ਪਾਲ ਸਿੰਘ ਨੇ ਕੁਰਸੀ ਸੰਭਾਲੀ)

ਇਸ ਦੇ ਨਾਲ ਹੀ ਮੈਂ ਪੰਜਾਬ ਸਰਕਾਰ ਨੂੰ ਇਸ ਗੱਲ ਲਈ ਵੀ ਵਧਾਈ ਦਿੰਦਾ ਹਾਂ ਜਿਹੜਾ ਉਨ੍ਹਾਂ ਨੇ ਇਸ ਐਡਰੈਸ ਵਿਚ ਇਹ ਜ਼ਿਕਰ ਕੀਤਾ ਹੈ ਕਿ ਸਿੰਜਾਈ ਕਾਰਜਾਂ ਲਈ 11 ਕਰੋੜ ਦੀ ਰਕਮ ਨੂੰ ਵਧਾ ਕੇ 16 ਕਰੋੜ ਕਰ ਦਿੱਤਾ ਜਾਵੇਗਾ । ਇਸ ਤੋਂ ਵੱਧ ਇਹ ਵੀ ਇਕ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਕਿਸਾਨ ਦੀ ਸਹਾਇਤਾ ਲਈ ਜਿਹੜੀ 22 ਕਰੋੜ ਦੀ ਰਕਮ ਛੋਟੇ ਮਿਆਦ ਦੇ ਕਰਜ਼ਿਆਂ ਲਈ ਰੱਖੀ ਗਈ ਸੀ ਉਹ ਵਧਾ ਕੇ 35 ਕਰੋੜ ਰੁਪਏ ਕਰ ਦਿੱਤੀ ਗਈ ਹੈ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਵਿਚੋਂ ਡੀਜ਼ਲ ਇੰਜਨਾਂ ਲਈ ਜਿਹੜੇ ਲੋਕਾਂ ਨੂੰ ਕਰਜ਼ਾ ਦਿੱਤਾ ਜਾਵੇ ਉਹ ਮਹਿਜ਼ ਉਨ੍ਹਾਂ ਨੂੰ ਦਿੱਤਾ ਜਾਵੇ ਜਿਹੜੇ ਖੇਤੀ-ਬਾੜੀ ਵਿਚ ਮਹਾਰਤ ਰਖਦੇ ਹੋਣ ਨਹੀਂ ਤਾਂ ਇਸ ਕਰਜ਼ੇ ਦਾ ਕੋਈ ਲਾਭ ਨਹੀਂ ਹੋਵੇਗਾ । ਏਰੀਅਲ ਸਪਰੇ ਦੇ ਮੁਤਾਬਿਕ ਵੀ ਮੈਂ ਅਰਜ਼ ਕਰ ਦਿਆਂ ਕਿ ਇਸ ਵਿਚ ਵੀ ਬੜਾ ਭਾਰੀ ਸਕੈਂਡਲ ਹੋ ਰਿਹਾ

Original with;
Punjab Vidhan Sabha
Digitized by;
Panjab Digital Library

ਹੈ। ਚਾਰ ਚਾਰ ਜਹਾਜ਼ਾਂ ਦੀ ਸਪਰੇ ਦੇ ਪੈਸੇ ਜਮ੍ਹਾਂ ਕਰਾਏ ਜਾਂਦੇ ਹਨ ਪਰ ਦੋ ਜਹਾਜ਼ ਵੀ ਪੂਰੀ ਤਰ੍ਹਾਂ ਸਪਰੇ ਨਹੀਂ ਕਰਦੇ। ਅਸੀਂ ਬਹੁਤ ਵਾਰੀ ਸਰਕਾਰ ਦਾ ਧਿਆਨ ਵੀ ਇਸ ਪਾਸੇ ਦਿਵਾਇਆ ਹੈ ਪਰ " ਖਾਕ ਹੋ ਜਾਏਂਗੇ ਹਮ ਉਨ ਕੋ ਖ਼ਬਰ ਹੋਨੇ ਤੱਕ।" ਅਜ ਤੱਕ ਇਸ ਪਾਸੇ ਕਿਸੇ ਵੀ ਕੋਈ ਧਿਆਨ ਨਹੀਂ ਦਿੱਤਾ। ਅਸੀਂ ਚਾਹੁੰਦੇ ਹਾਂ ਕਿ ਵਕਤ ਤੇ ਅਤੇ ਰੈਗੂਲਰਲੀ ਸਪਰੇ ਹੋਵੇ ਪਰ ਜਹਾਜ਼ ਆਉਂਦੇ ਉਸ ਵੇਲੇ ਹਨ ਜਦੋਂ ਫਸਲ ਤਬਾਹ ਹੋ ਜਾਂਦੀ ਹੈ। ਐਸੀ ਗ਼ਫ਼ਲਤ ਦੇ ਕਾਰਨ ਜ਼ਿਮੀਂਦਾਰ ਦਾ ਬਹੁਤ ਹੀ ਨੁਕਸਾਨ ਹੁੰਦਾ ਹੈ।

ਇਕ ਹੋਰ ਗੱਲ ਜਿਹੜੀ ਮੈਂ ਸਰਕਾਰ ਦੇ ਧਿਆਨ ਵਿਚ ਲਿਆਉਣੀ ਹੈ ਉਹ ਇਹ ਹੈ ਕਿ ਜੇ ਕੋਈ ਕਰਜ਼ਾ ਇੰਡਸਟਰੀ ਦੇ ਲਈ ਦਿੱਤਾ ਜਾਂਦਾ ਹੈ ਤਾਂ ਉਸ ਤੇ 3% ਸੂਦ ਲਗਦਾ ਹੈ ਪਰ ਜੇ ਖੇਤੀ-ਬਾੜੀ ਲਈ ਕਰਜ਼ਾ ਲਿਆ ਜਾਵੇ ਤਾਂ ਇਹ 9% ਵਸੂਲ ਹੁੰਦਾ ਹੈ। ਮੈਨੂੰ ਸਮਝ ਨਹੀਂ ਆਉਂਦੀ ਸਰਕਾਰ ਇਤਨੀ ਡਿਸਪੈਰਿਟੀ ਕਿਸਾਨ ਦੇ ਨਾਲ ਕਿਉਂ ਵਰਤਦੀ ਹੈ। ਸਰਦਾਰ ਆਤਮਾ ਸਿੰਘ, ਵਜ਼ੀਰ ਮਾਲ ਨੇ ਇਥੇ ਇਹ ਐਲਾਨ ਕੀਤਾ ਹੈ ਕਿ ਕਰਜ਼ੇ ਦੇ ਸੂਦ ਦੀ ਸ਼ਰ੍ਹਾ ਅਸੀਂ ਜਿਤਨੀ ਇੰਡਸਟਰੀ ਵਾਲਿਆਂ ਤੋਂ ਲੈਂਦੇ ਹਾਂ ਉਤਨੀ ਹੀ ਐਗਰੀਕਲਚਰਿਸਟ ਲਈ ਵੀ ਰੱਖਾਂਗੇ। ਇਹ ਇਕ ਬਹੁਤ ਖੁਸ਼ੀ ਦੀ ਗੱਲ ਹੈ। ਮੈਂ ਇਥੋਂ ਤੱਕ ਵੀ ਕਹਿੰਦਾ ਹਾਂ ਕਿ ਇਹ ਫਰਕ ਜੇ ਤਿੰਨ ਨਹੀਂ ਵੀ ਕਰਨਾ ਤਾਂ ਸਾਢੇ ਤਿੰਨ ਜਾਂ ਚਾਰ ਫੀ ਸਦੀ ਤੱਕ ਹੀ ਕਰਜ਼ੇ ਦੇ ਸੂਦ ਦੀ ਸ਼ਰ੍ਹਾ ਕਰ ਦੇਵੋ ਪਰ ਇਤਨਾ ਵਾਜਬ ਨਹੀਂ ਕਿ ਇੰਡਸਟਰੀ ਵਾਲੇ 3% ਦੇਣ ਅਤੇ ਐਗਰੀਕਲਚਰ ਵਾਲੇ 9% ਦੇਣ।

ਜਿਥੋਂ ਤੱਕ ਪੰਜਾਬ ਦੀ ਉਪਜ ਦਾ ਸਬੰਧ ਹੈ ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਬਾਹਰਲੇ ਸੂਬਿਆਂ ਨੂੰ ਹਰ ਸਾਲ ਵਧ ਤੋਂ ਵਧ ਪੈਦਾਵਾਰ ਦੇਣ ਦਾ ਯਤਨ ਕਰਦੇ ਹਾਂ। ਪਿਛਲੇ ਸਾਲ ਜਿਥੇ 15 ਲੱਖ ਟਨ ਅਨਾਜ ਮੰਡੀ ਵਿਚ ਆਇਆ ਸੀ ਉਥੇ ਇਸ ਸਾਲ ਅਸੀਂ 18 ਲੱਖ ਟਨ ਹਿੰਦ ਸਰਕਾਰ ਨੂੰ ਦੇਣ ਦਾ ਟੀਚਾ ਰੱਖਿਆ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਇਸ ਤੋਂ ਵੀ ਜ਼ਿਆਦਾ ਪੈਦਾਵਾਰ ਕਰਕੇ ਬਾਹਰ ਦੇ ਸਕਦਾ ਹੈ ਜੇ ਪੰਜਾਬ ਦੇ ਲੋਕਾਂ ਦੀ ਜ਼ਮੀਨ ਨੂੰ ਟੋਏ ਹੋਣ ਤੋਂ ਬਚਾਇਆ ਜਾਵੇ। ਉਸ ਨੂੰ ਪਹਿਲਾਂ ਤਾਂ ਮੁੱਰਬੇਬੰਦੀ ਵਾਲੇ ਖਰਾਬ ਕਰਦੇ ਹਨ। ਕਿਤੇ ਰੱਦੀ ਰਕਬੇ ਰਕਬਾ ਦੇ ਦਿੱਤਾ ਤੇ ਕਿਤੇ ਪਿੰਡ ਦੇ ਇਕ ਪਾਸੇ ਇਕ ਰਕਬਾ ਅਤੇ ਦੂਸਰੇ ਪਾਸੇ ਦੂਸਰਾ ਰਕਬਾ ਦੇ ਦਿਤਾ। ਫੇਰ ਮੌਜੂਦਾ ਕਾਨੂੰਨ ਦੇ ਮੁਤਾਬਕ ਲੜਕੀਆਂ ਦਾ ਹਿੱਸਾ ਹੋਣ ਕਰਕੇ ਜਾਂ 20—20 ਰਿਸ਼ਤੇਦਾਰੀਆਂ ਦੇ ਵਿਚ ਵੰਡੀ ਜਾਣ ਕਰਕੇ ਜ਼ਮੀਨ ਛੋਟੇ ਛੋਟੇ ਟੋਟਿਆਂ ਵਿਚ ਡੀਵਾਈਡ ਹੁੰਦੀ ਜਾ ਰਹੀ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਜ਼ਮੀਨ ਨੂੰ ਟੋਟੇ ਹੋਣ ਤੋਂ ਬਚਾਇਆ ਜਾਵੇ। ਇਕ ਪਾਸੇ ਮੁਰਬਾਬੰਦੀ ਵਿਚ ਜ਼ਮੀਨ ਖਾਧੀ ਜਾ ਰਹੀ ਹੈ ਅਤੇ ਦੂਸਰੇ ਪਾਸੇ ਰਿਸ਼ਤੇਦਾਰੀਆਂ ਰਾਹੀਂ ਫਰੈਗਮੈਂਟੇਸ਼ਨ ਹੋ ਰਹੀ ਹੈ ਇਸ ਤਰ੍ਹਾਂ ਇਹ ਟੋਟੇ ਹੋ ਰਹੀ ਹੈ ਕਿ ਸੁਪਰਵੀਜ਼ਨ ਵੀ ਕਰਨੀ ਮੁਸ਼ਕਲ ਹੋ ਰਹੀ ਹੈ। ਇਹ ਗੱਲ ਕਲਟੀਵੇਸ਼ਨ ਦੇ ਲਈ ਬੜੀ ਹਾਨੀਕਾਰਕ ਹੈ। ਮੈਂ ਮੌਜੂਦਾ ਸਰਕਾਰ ਦਾ ਇਸ ਗੱਲ ਵੱਲ ਵੀ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪਿਛੇ ਇਕ ਕਮੇਟੀ ਬਣਾਈ ਗਈ ਸੀ, ਜਿਸ ਦਾ ਕਿ ਉਸ ਵੇਲੇ ਮੈਂ ਵੀ ਮੈਂਬਰ ਸੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੀਤ ਸਿੰਘ]

ਉਸ ਨੇ ਪਿੰਡ ਪਿੰਡ ਫ਼ਿਰ ਕੇ ਇਹ ਤਤ ਕੱਢਿਆ ਸੀ ਕਿ ਜ਼ਮੀਨ ਨੂੰ ਟੋਟੇ ਹੋਣ ਤੋਂ ਬਚਾਇਆ ਜਾਵੇ ਅਤੇ ਉਸ ਲਈ ਕੋਈ ਐਸਾ ਕਾਨੂੰਨ ਬਣੇ ਕਿ ਇਕ ਘਰ ਦੀ ਜ਼ਮੀਨ ਦੂਸਰੇ ਘਰ ਨਾ ਜਾਵੇ ।

ਇਸ ਐਡਰੈਸ ਦੇ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਬਹੁਤ ਜ਼ਿਆਦਾ ਫ਼ਸਲ ਨੂੰ ਨਜਿੱਠਣ ਲਈ ਨਵੀਆਂ ਮੰਡੀਆਂ ਵੀ ਬਣਾਈਆਂ ਜਾਣਗੀਆਂ । ਮੈਂ ਅਰਜ਼ ਕਰਾਂ ਕਿ ਜਿਥੇ ਹੋਰ ਜਗ੍ਹਾ ਮੰਡੀਆਂ ਬਣਨ ਉਥੇ ਲਾਂਬੀ ਦੀ ਵੀ ਇਕ ਮੰਡੀ ਬਣਾਈ ਜਾਵੇ ।

ਸਾਡੇ ਪੰਜਾਬ ਦਾ ਬੇਹਤਰੀਨ ਪਸ਼ੂ ਧਨ ਬੰਬਈ ਜਾਂਦਾ ਹੈ । ਪਿਛਲੇ ਸਾਲ ਮੈਂ ਡਾਇਰੈਕਟਰ ਐਨੀਮਲ ਹਸਬੈਂਡਰੀ ਨਾਲ ਬੰਬਈ ਗਿਆ ਸੀ । ਉਥੇ ਅਸੀਂ ਇਕ ਡੇਅਰੀਫਾਰਮ ਵੇਖਿਆ ਜਿਥੇ ਕਿ ਸਾਡੇ ਸੂਬੇ ਦੀਆਂ ਦੋ ਦੋ ਹਜ਼ਾਰ ਰੁਪਏ ਦੀਆਂ ਬਹੁਤ ਜ਼ਿਆਦਾ ਦੁਧ ਦੇਣ ਵਾਲੀਆਂ ਮਝਾਂ ਸਨ । ਪਰ ਉਨ੍ਹਾਂ ਦਾ ਜੋ ਹਸ਼ਰ ਹੁੰਦਾ ਹੈ ਉਹ ਮਹਿਜ਼ ਇਹ ਹੁੰਦਾ ਹੈ ਕਿ ਜਦੋਂ ਦੁਧ ਦੇਣ ਤੋਂ ਇਹ ਮਝਾਂ ਨਠ ਜਾਂਦੀਆਂ ਹਨ ਤਾਂ ਉਨ੍ਹਾਂ ਦਾ 8 ਆਨੇ ਸੇਰ ਮੀਟ ਬਣਾਕੇ ਸ਼ਹਿਰ ਵਿਚ ਵੇਚਿਆ ਜਾਂਦਾ ਹੈ। ਇਸ ਤਰ੍ਹਾਂ ਇਕ ਦੁਧ ਦੇਣ ਵਾਲੀ ਪੰਜਾਬ ਦੀ ਬੇਹਤਰੀਨ ਨਸਲ ਸਾਡੇ ਦੂਰ ਦੇ ਵਡੇ ਵਡੇ ਸ਼ਹਿਰਾਂ ਵਿਚ ਖਤਮ ਹੋ ਰਹੀ ਹੈ । ਅਸੀਂ ਇਸ ਸਬੰਧ ਵਿਚ ਪਹਿਲਾਂ ਇਕ ਐਕਟ ਵੀ ਪਾਸ ਕਰ ਚੁਕੇ ਹਾਂ । ਵਿਪਾਰੀ, ਜਿਹੜੇ ਪੰਜਾਬ ਦਾ ਪਸ਼ੂ ਧਨ ਬਾਹਰ ਲੈ ਜਾਂਦੇ ਹਨ ਉਹ ਉਨ੍ਹਾਂ ਦੇ ਦੁਧ ਹਾਸਲ ਕਰਨ ਤੋਂ ਬਾਅਦ ਪਸ਼ੂਆਂ ਨੂੰ ਪੰਜਾਬ ਵਾਪਸ ਕਰਨ ਦੇ ਵੀ ਜ਼ਿਮੇਵਾਰ ਸਮਝੇ ਜਾਂਦੇ ਹਨ । ਪਰ ਉਹ ਇਸ ਮੁਆਮਲੇ ਵਿਚ ਬੜੀ ਕੋਤਾਹੀ ਕਰਦੇ ਹਨ । ਮੈਂ ਪੰਜਾਬ ਸਰਕਾਰ ਦਾ ਧਿਆਨ ਇਸ ਪਾਸੇ ਦਿਲਾਉਣਾ ਚਾਹੁੰਦਾ ਹਾਂ ਕਿ ਹ ਉਜਲਦੀ ਤੋਂ ਜਲਦੀ ਐਸੇ ਸਟੈਪਸ ਲੈਣ ਜਿਸ ਨਾਲ ਸਾਡਾ ਪਸ਼ੂ ਧਨ ਵਾਪਸ ਆਉਂਦਾ ਰਹੇ ਨਹੀਂ ਤਾਂ ਚੰਗੀ ਨਸਲ ਦੇ ਦੁਧ ਦੇਣ ਵਾਲੇ ਪਸ਼ੂ ਸਾਡੇ ਸੂਬੇ ਦੇ ਵਿਚੋਂ ਖਤਮ ਹੋ ਜਾਣਗੇ ।

ਫਿਰ ਇਸ ਤੋਂ ਅਗੇ ਚੇਅਰਮੈਨ ਸਾਹਿਬ, ਮੈਂ ਅਨਾਜ ਦੀਆਂ ਕੀਮਤਾਂ ਬਾਰੇ ਕੁਝ ਆਖਦਾ ਹਾਂ । ਅਜ ਹਿੰਦੋਸਤਾਨ ਵਿਚ ਪ੍ਰਾਈਸਿਜ਼ ਬਾਰੇ ਬੜੀਆਂ ਗਲਾਂ ਚਲ ਰਹੀਆਂ ਹਨ । ਇਸ ਦੇ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਪਿਛਲੀ ਫਰੰਟ ਸਰਕਾਰ ਨੇ ਇਸ ਸਬੰਧ ਵਿਚ ਉਹ ਕੰਮ ਕੀਤਾ ਜੋ ਕਿ ਕਾਂਗਰਸ ਦੀ ਸਰਕਾਰ ਪਿਛਲੇ -0 ਸਾਲਾਂ ਵਿਚ ਨਹੀਂ ਕਰ ਸਕੀ । ਉਸ ਨੇ ਕਿਸਾਨਾਂ ਨੂੰ 72 ਰੁਪਏ ਤੋਂ ਲੈ ਕੇ 75 ਰੁਪਏ ਤਕ ਅਨਾਜ ਦੀ ਕੀਮਤ ਦਿਤੀ ਅਤੇ ਇਹ ਸਾਰੇ ਹਿੰਦ ਵਿਚ ਇਕ ਵਾਹਿਦ ਮਿਸਾਲ ਹੈ ਕਿ ਗਰੀਬਾਂ ਨੂੰ ਆਟਾ ਸਾਰਾ ਸਾਲ ਇਕੋ ਹੀ ਭਾਅ ਤੇ ਮਿਲਿਆ । ਅਜ ਇਹ ਸ਼ੰਕਾ ਹੋ ਰਹੀ ਹੈ ਕਿ ਪ੍ਰਾਈਸ ਕਮਿਸ਼ਨ ਦੇ ਰਾਹੀਂ ਕਿਤੇ ਭਾ ਘਟ ਨਾ ਕਰ ਦਿਤੇ ਜਾਣ । ਮੈਂ ਸਰਕਾਰ ਅਗੇ ਬੇਨਤੀ ਕਰਾਂਗਾ ਕਿ ਅਨਾਜ ਦੇ ਭਾਅ ਕਿਸਾਨ ਨੂੰ ਘਟ ਨਹੀਂ ਮਿਲਣੇ ਚਾਹੀਦੇ ਅਤੇ ਨਾਲ ਹੀ ਹਰੀਜਨਾਂ ਨੂੰ ਸਾਰਾ ਸਾਲ ਇਕੋ ਹੀ ਭਾਅ ਤੇ ਆਟਾ ਮਿਲੇ । ਕਹਿੰਦੇ ਹਨ ਕਿ ਪੇਟ ਨਾ ਪਈਆਂ ਰੋਟੀਆਂ ਤਾ ਸਭੇ ਗਲਾਂ ਖੋਟੀਆਂ । ਸੋ ਇਸ ਸਰਕਾਰ ਨੂੰ ਉਹ ਸ਼ਾਬਾਸ਼ ਮਿਲਣੀ ਚਾਹੀਦੀ ਹੈ ਜਿਹੜੀ ਕਿ ਪਿਛਲੀ ਸਰਕਾਰ ਨਹੀਂ ਲੈ ਸਕੀ ।

Original with;
Punjab Vidhan Sabha
Digitized by;
Panjab Digital Library

ਫਿਰ ਚੇਅਰਮੈਨ ਸਾਹਿਬ, ਪੰਚਾਇਤ ਸੰਮਤੀਆਂ ਨੂੰ ਖਤਮ ਕਰਨਾ ਅਜ ਦਾ ਬਰਨਿੰਗ ਟਾਪਿਕ ਹੈ। ਇਹ ਐਡਰੈਸ ਵਿਚ ਕਿਹਾ ਗਿਆ ਹੈ ਕਿ ਸ਼ਾਇਦ ਇਸ ਸਿਸਟਮ ਨੂੰ ਤਬਦੀਲ ਕੀਤਾ ਜਾਵੇ। ਮੈਂ ਅਰਜ਼ ਕਰਦਾ ਹਾਂ ਕਿ ਇਹ ਤਰੀਕਾ ਗਲਤ ਨਹੀਂ ਹੈ ਪਰ ਇਸ ਸਬੰਧ ਵਿਚ ਮੈਂ ਅਰਜ਼ ਕਰਦਾ ਹਾਂ ਕਿ ਜੋ ਹੁਣ ਥਰੀ ਟਾਇਰ ਸਿਸਟਮ ਹੈ ਭਾਵ ਪੰਚਾਇਤ ਸੰਮਤੀ, ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰੀਸ਼ਦ ਹੈ—ਇਸ ਨੂੰ ਸੁਧਾਰ ਕੇ ਟੂ ਟਾਇਰ ਬਣਾ ਦਿਤਾ ਜਾਵੇ ਭਾਵ ਕੇਵਲ ਪੰਚਾਇਤ ਅਤੇ ਜ਼ਿਲ੍ਹਾ ਪਰੀਸ਼ਦ ਹੀ ਰਹਿਣ ਦਿਤੀਆਂ ਜਾਣ ਅਤੇ ਬਲਾਕ ਸੰਮਤੀਆਂ ਖਤਮ ਕਰ ਦਿਤੀਆਂ ਜਾਣ। ਪੰਚਾਇਤਾਂ ਵਿਚ ਹੋਰ ਜਿਤਨੇ ਵੀ ਸੁਧਾਰ ਦੀ ਗੁੰਜ਼ਾਇਸ਼ ਹੈ ਉਹ ਸੁਧਾਰ ਵੀ ਕਰ ਲਿਆ ਜਾਵੇ। ਇਸ ਬਾਰੇ ਡਾਇਰੈਕਟ ਇਲੈਕਸ਼ਨਜ਼ ਹੋਣੇ ਚਾਹੀਦੇ ਹਨ। ਗੁਜ਼ਰਾਤ ਅਤੇ ਮਹਾਰਾਸ਼ਟਰ ਦੀ ਮਿਸਾਲ ਸਾਡੇ ਸਾਹਮਣੇ ਹੈ। ਉਥੇ ਵਾਂਗ ਇਥੇ ਵੀ ਇਵੈਲੀਉਏਸ਼ਨ ਕਮੇਟੀ ਬਣਾ ਦਿਤੀ ਜਾਵੇ। ਜਿਥੇ ਵੀ ਸੁਧਾਰ ਦੀ ਲੋੜ ਹੋਵੇ ਉਥੇ ਸੁਧਾਰ ਕਰ ਲੈਣਾ ਚਾਹੀਦਾ ਹੈ ਅਤੇ ਇਸ ਕਾਨੂੰਨ ਨੂੰ ਜਿਥੇ ਲੋੜ ਪਏ ਅਮੈਂਡ ਕਰ ਲੈਣਾ ਚਾਹੀਦਾ ਹੈ। ਇਹ ਤਰੀਕਾ ਇਸ ਤਰ੍ਹਾਂ ਹੋਵੇ ਕਿ ਯੋਗ ਆਦਮੀ ਚੁਣੇ ਜਾਣ ਅਤੇ ਲੋਕਾਂ ਦੀ ਮੈਜਾਰਿਟੀ ਨਾਲ ਹੀ ਇਹ ਬਾਡੀਜ਼ ਚਲਣੀਆਂ ਚਾਹੀਦੀਆਂ ਹਨ।

ਇਸ ਦੇ ਨਾਲ ਮੈਂ ਇਹ ਵੀ ਅਰਜ਼ ਕਰਾਂਗਾ ਕਿ ਸਾਰੇ ਦਾ ਸਾਰਾ ਲੈਂਡ ਰੈਵੇਨਿਯੂ ਇਨ੍ਹਾਂ ਪੰਚਾਇਤਾਂ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ ਤਾਂਜੋ ਉਹ ਪਿੰਡਾਂ ਦਾ ਮੂੰਹ ਮਥਾ ਸਵਾਰ ਸਕਣ। ਇਸ ਲਈ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਬਲਿਕ ਓਪੀਨੀਅਨ ਲਈ ਜਾਵੇ ਅਤੇ ਇਸ ਗਲ ਨੂੰ ਮੁਸ਼ਤਹਰ ਕੀਤਾ ਜਾਵੇ।

ਫਿਰ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਸਭ ਤੋਂ ਜ਼ਰੂਰੀ ਗਲ ਅਰਜ਼ ਕਰਨਾ ਚਾਹੁੰਦਾ ਹਾਂ। ਉਹ ਇਹ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 500 ਸਾਲਾ ਜਨਮ ਦਿਨ ਆ ਰਿਹਾ ਹੈ। ਇਸ ਸਬੰਧ ਵਿਚ ਛੇਤੀ ਤੋਂ ਛੇਤੀ ਇਕ ਕਮੇਟੀ ਕਾਇਮ ਕਰ ਦੇਣੀ ਚਾਹੀਦੀ ਹੈ। ਟਾਈਮ ਬਹੁਤ ਥੋੜ੍ਹਾ ਰਹਿ ਗਿਆ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਦੀ ਸੇਵਾ ਵਿਚ ਇਹ ਬੇਨਤੀ ਕਰਦਾ ਹਾਂ ਕਿ ਉਹ ਭਾਰਤ ਦੀ ਪ੍ਰਧਾਨ ਮੰਤਰੀ ਨਾਲ ਇਸ ਸਬੰਧ ਵਿਚ ਗਲ ਕਰਨ। ਉਨ੍ਹਾਂ ਨੇ ਸ਼ੂਰਬੀਰਤਾ ਦੇ ਪੁੰਜ ਸ਼੍ਰੀ ਗੁਰੂ ਗੋਬਿਦ ਸਿੰਘ ਜੀ ਦੇ ਤਿੰਨ ਸੌਵੇਂ ਜਨਮ ਦਿਨ ਲਈ ਲਖਾਂ ਰੁਪਏ ਇਕੱਠੇ ਕਰਕੇ ਦਿਤੇ ਸਨ। ਜਿਸ ਦੇ ਨਾਲ ਸਾਰੇ ਦੇਸ਼ ਵਿਚ ਬੜਾ ਚੰਗਾ ਪਰਚਾਰ ਕੀਤਾ ਜਾ ਸਕਿਆ ਸੀ ਅਤੇ ਸਾਡੇ ਫੌਜੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਿਚ ਸੂਰਬੀਰਤਾ ਦਾ ਪਰਚਾਰ ਹੋਇਆ ਸੀ ਅਤੇ 'ਦੇਹ ਸ਼ਿਵਾ ਬਰ ਮੋਹੇ ਇਹੋ" ਦਾ ਸ਼ਬਦ ਹਰ ਥਾਂ ਪੁਚਾ ਦਿਤਾ ਗਿਆ ਸੀ। ਮੈਂ ਅਰਜ਼ ਕਰਦਾ ਹਾਂ ਕਿ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਨੈਸ਼ਨਲ ਇੰਟੈਗ੍ਰੇਸ਼ਨ ਦੇ ਬਾਨੀ ਸਨ ਅਤੇ ਇਸ ਲਈ ਇਕ ਪਾਸੇ ਬਾਲਾ ਰਖਦੇ ਸਨ ਅਤੇ ਦੂਜੇ ਪਾਸੇ ਮਰਦਾਨਾ। ਅਸੀਂ ਇੰਟਰਨੈਸ਼ਨਲ ਬਰਦਰਹੁਡ ਦੀ ਗਲ ਵੀ ਕਰਦੇ ਹਾਂ। ਇਹ ਵੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੀ ਸਾਨੂੰ ਸਿਖਾਇਆ ਸੀ। ਸਾਨੂੰ ਕੇਂਦਰੀ ਸਰਕਾਰ ਰਾਹੀਂ ਸਾਰੀਆਂ ਅੰਬੈਸੀਆਂ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਉਹ ਸਾਰੇ ਦੇ ਸਾਰੇ ਸਸਾਰ ਦੇ ਮੁਲਕਾਂ ਵਿਚ ਖਾਲਸੇ ਦੇ ਬਰਦਰਹੁਡ ਦੇ ਅਸੂਲ ਨੂੰ ਪਰਚਾਰਣ ਅਤੇ ਦੇਸ਼ ਵਿਚ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੀਤ ਸਿੰਘ]

ਨੈਸ਼ਨਲ ਇੰਟੈਗਰੇਸ਼ਨ ਜੋ ਕਿ ਗੁਰੂ ਨਾਨਕ ਦੇਵ ਜੀ ਨੇ ਸਿਖਾਈ ਹੈ ਉਸ ਦਾ ਪੂਰੀ ਤਰ੍ਹਾਂ ਪਰਚਾਰ ਕੀਤਾ ਜਾਵੇ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਇਹ ਸੰਦੇਸ਼ ਹਰ ਇਕ ਘਰ ਵਿਚ ਜ਼ਰੂਰ ਪਹੁੰਚਾਣਾ ਚਾਹੀਦਾ ਹੈ।

ਅਖੀਰ ਵਿਚ ਚੇਅਰਮੈਨ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ਼੍ਰੀ ਚੇਅਰਮੈਨ :** ਹੁਣ ਮਾਸਟਰ ਗੁਰਬੰਤਾ ਸਿੰਘ ਜੀ ਕਿਉਂਕਿ ਹਾਜ਼ਰ ਨਹੀਂ ਹਨ ਇਸ ਲਈ ਚੌਧਰੀ ਬਲਬੀਰ ਸਿੰਘ ਬੋਲਣਗੇ। (Because Master Gurbanta Singh is not present in the House, Ch. Balbir Singh may please speak.)

**चौधरी बलबीर सिंह (होशियारपुर) :** सभापति महोदय गवर्नर साहिब के भाषण में जो बातें कही गई हैं उन के लिये मैं उनको मुबारकबाद देता हूँ। लेकिन इस में कुछ बातें ऐसी कही गई हैं जो कि इस में नहीं होनी चाहिएं थीं। उन के बारे में मैं सरकार को कुछ सुझाव देना चाहता हूं। अभी कांग्रेस के डिप्टी लीडर कैप्टन रत्न सिंह बाहर चले गए हैं। उन्होंने कुछ कहा था। कुछ रोना रोए थे। एक शायर ने कहा है :—

ऊम्र तो सारी कटी इश्केबुतां में मोमिन,
आखरी ऊम्र में क्या खाक मुसलमां होंगे।

जब उनकी कांग्रेस पार्टी ने श्री पट्टम थानु पिले को केरला से लाकर पंजाब का गवर्नर बना दिया था तब उन्होंने यह महसूस न किया कि एक मैम्बर को उस की पार्टी से तोड़ना कितनी बुरी बात है। आज एक गुरदीप सिंह शहीद के उधर जाने से इन को तकलीफ महसूस हुई है। हालाँ कि अपने राज्य को कायम करने के लिये कांग्रेस ने ही बड़े पैमाने पर दूसरी पार्टियों से मैम्बर तोड़ने शुरु किये थे जिस के नतीजे के तौर पर आज देश की सियासत में हफरा-तफरी फैली हुई है। इस बारे में मैं यह अर्ज करता हूं कि आज भी देश की सब सियासी पार्टियों को मिल कर इस का हल सोचना चाहिए ताकि देश में इखलाक की कोई कीमतें कायम की जा सकें और सियासत में भी कोई मौरल कदरें कायम की जा सकें। कोई कोड आफ कंडक्ट बनाना चाहिए ताकि देश में पार्लीमैन्ट्री डैमोक्रैसी ज़िंदा रह सके।

दूसरी बात यह है कि इस हाऊस में पंचायती राज्य के सिस्टम को खत्म करने का संकेत दिया गया है। आज सरदार गुरनाम सिंह जी ने प्रश्नों के उत्तर में जो कुछ कहा है उस से मायूसी और बढ़ती है। ऐसा लगता है कि बड़े

Original with;
Punjab Vidhan Sabha
Digitized by;
Panjab Digital Library

बड़े जागीरदार राज्य कर रही पार्टी पर हावी हो गए हैं। यदि कोई पंचायत या पंचायतें अच्छे काम नहीं कर रहीं तो उन को सुधारना चाहिए न कि उनको खत्म कर देना चाहिए। इस से तो यह मालूम होता है कि जागीरदार तबका अपने स्वार्थ के लिए इस पंचायत सिस्टम को खत्म करना चाहता है। वह यह शरेआम नहीं कर सकते इस लिए अंडरग्रौंऊड रह कर कर रहे हैं। यह कहा जाता है कि पंचायतों में झगड़े होते हैं इस लिए इन को खत्म कर देना चाहिए लेकिन सभापति महोदय, मैं यह अर्ज़ करना चाहता हूं कि यहां विधान सभा में भी जो कि प्रांत की सब से बड़ी सभा है, सब से बड़ा सदन है यहां भी बहुत झगड़े होते हैं। तो क्या इस सभा को भी तोड़ दिया जाना चाहिए फिर तो पार्लियामैंट को भी तोड़ दिया जाना चाहिए। यह उन लोगों की सोच है जो कि लोकतंत्र को नही देखना चाहते। हमारे पड़ौसी देश में इसका तजुर्बा किया गया। कुछ सालों के बाद नतीजा सामने है। आज पाकिस्तान के लोग फिर लोकतंत्र की मांग कर रहे हैं। तो मैं यह कहूंगा कि यह जो सोच है यह एक बीमार सोच है, सेहतमन्द सोच नहीं है। यदि इस सिस्टम में कुछ नुक्स हैं तो उनको दूर करने की कोशिश की जानी चाहिए। एक कमेटी कायम कर देनी चाहिए यह नहीं होना चाहिए कि इस सिस्टम को ही खत्म कर दिया जाए। अगर इस देश में लोकतत्र ने तरक्की करनी है, आगे जाना है तो इस के लिये जो सब से इबतदाई जगह है वह पंचायत है, म्युनिसिपल कमेटी है और इस के आगे ज़िला परिषद है। बजाए इस के कि इस में कोई सुधार करने का प्रोग्राम बनाया जाए यहाँ इस को खत्म करने वाला प्रोग्राम है। अकाली इक्टठ करके फैसला कर सकते हैं। सारी जनता को, दिहात वालों को इक्टठा करके अपना मसला पेश करें। मैं बताऊंगा कि अगर देश में सही लोक राज कायम करना है, सही पंचायती राज कायम करना है तो इस महकमे का काम ठीक करने के लिए कदम उठाना चाहिए।

इस के आगे ला एण्ड आर्डर को जो पोज़ीशन अब चल रही है उस का ज़िक्र करुंगा। अगर यह हालत ऐसी ही चलती गई तो कोई फायदा नहीं। गवर्नर साहिब के ऐड्रेस में जितना मर्ज़ी ऐलान कर दिया जाए और मुख्य मन्त्री भी जितना मर्ज़ी ऐलान कर दें कि पंजाब में क्लीन ऐडमिनिस्ट्रेशन होगी, मगर यह सब कुछ केवल ऐलान करने से तो नहीं होगा यह तब तक नहीं होगा जब तक कि इन की बुनियादी बातों की तरफ ध्यान न दिया जाए। होना यह चाहिए कि अगर कोई भी दरखास्त हो और वह सरकारी अफसर के पास जाए तो वह अफसर इस दरखास्त को अपने पास ज्यादा देर तक न रख सके और

Original with;
Punjab Vidhan Sabha
Digitized by;
Panjab Digital Library

[चौधरी बलबीर सिंह]

किसी भी सूरत में यह वक्त 1 हफ्ते से ज्यादा नहीं होना चाहिए। उसका सीनियर अफसर उस दरखास्त को 15 दिन से ज्यादा न रख सके। ज़िला लैवल तक दरखास्त का फैसला चाहे हक में हो चाहे खिलाफ, एक महीने के अन्दर अन्दर हो जाना चाहिए। अगर इस के खिलाफ किसी ने अपील करनी है तो सूबाई लैवल तक उस का फैसला भी दो महीने के अन्दर अन्दर हो जाना चाहिए। इस तरीके से इस में सुधार हो सकता है।

एक दफा किसी गांव में बारात आई। वहां पुलिस ने बड़ी धांधली मचाई इस मामले को मैं मुख्य मन्त्री के नोटिस में लाया। वहां के डी.आई.जी. (सी. आई.डी.) के नोटिस में लाया। सरकार ने इन्कवायरी शुरु की। उस के बाद अगले साल जब बजट सैशन हुआ तो उस में मैंने फिर कहा कि जो मैंने दरखास्त दी थी उस का कोई फैसला नहीं हुआ। इस पर मुख्य मन्त्री ने कहा कि सरकार ऐक्शन ले रही है और ज़रुरी कार्यवाही की जा रही है। कितनी हैरानी की बात है कि पूरे दो साल हो गए हैं लेकिन किसी अफसर ने मुझे इसके बारे में पूछने की तकलीफ गवारा नहीं की। इन्कवायरी अफसर को कम से कम दरखास्त देने वाले को बुला कर उस की तकलीफ के बारे में पूछना तो चाहिए। एक आदमी दरखास्त देता है कि उस को थानेदार से या सुपरिन्टेंडैन्ट पुलिस या किसी और अफसर से तकलीफ है। जब यह दरखास्त मुख्य मन्त्री को भेजी जाती है तो मुख्य मन्त्री इस को चीफ सैक्रेटरी के पास भेज देता है, चीफ सैक्रेटरी ज़िले के डिप्टी कमिश्नर को भेज देता है और डिप्टी कमिश्नर इस को आगे उसी अफसर को भेज देता है जिस के खिलाफ यह शिकायत होती है। बजाए इस के कि कोई सीनियर आफिसर इसकी इन्कवायरी करे। जो दरखास्त मुख्य मन्त्री को भेजी जाती है वह वापिस उसी अफसर के पास पहुँच जाती है जिसके खिलाफ शिकायत होती है। अगर चाहते हो कि काम ईमानदारी से हो, कोई धांधली न मचे तो शिकायत करने वाले को इन्क्वायरी के वक्त ज़रुर बुलाया जाना चाहिए। उस को तसल्ली करानी चाहिए। जिस अफसर के खिलाफ शिकायत हो उस से सीनियर अफसर को इन्क्वायरी करनी चाहिए।

Original with;
Punjab Vidhan Sabha
Digitized by;
Panjab Digital Library

जब सेंट्रल गवर्नमेंट ऐम्पलाइज़ ने पठानकोट में अपनी मांगें मनवाने के सिलसिले मे हड़ताल की तो हिंद सरकार उनके पीछे ऐसी पड़ी जैसे कि चीन या पाकिस्तान ने हमला कर दिया होता है। इस पर पठानकोट में गोली चलाई गई। इस के बारे में जो इन्क्वायरी हो रही है इस में छोटा अफसर बड़े अफसर के खिलाफ इन्क्वायरी कर रहा है।

एक पुरानी बात है कि किसी आदमी की एक मौलवी साहिब से बात तय हो गई कि वह अपनी दाढ़ी पर हाथ फेरेंगे। अगर उनके हाथ में दाढ़ी का कोई बाल आ गया तो वे उस के लिये यह काम करेंगे। इस पर मौलवी साहिब ने दाढ़ी पर हाथ फेर कर कहा कि मेरे हाथ में तो कुछ आया नहीं इस लिये तुम्हारे लिए मैं कुछ नहीं कर सकता। इस पर उस आदमी ने मौलवी को कहा कि मौलवी साहिब, दाढ़ी आपकी हो और हाथ मेरा हो फिर देखो कुछ हाथ में आता है कि नहीं। (हंसी) जिस के खिलाफ शिकायत हो उस के सीनीयर अफसर को ही उसकी इन्क्वायरी करनी चाहिये और जिस की शिकायत हो उस की बात भी सुनी जानी चाहिये।

रैवेन्यू डिपार्टमैंट की तरफ देखो। रैवेन्य मिनिस्टर साहिब बैठे हैं। इन के महिकमे में सुधार आ जाए अगर यह फैसला कर लें कि पटवारी से फरद या और कोई नकल बगैर वह एक हफते के अन्दर मिलनी चाहिये। अगर एक हफते के अन्दर पटवारी नहीं देता तो वह अपना ऐक्सपलानेशन खुद ही भेजें। अगर ऐसा हो जाता है तो कोई भी आदमी पटवारी को पांच या दस रुपये वगैरह नहीं देगा। इसी तरह तहसीलदार के दफतर में खसरा या गिरदावरी वगैरह या किसी और काम के लिए एक महीने से ज्यादा वक्त नहीं लगना चाहिए। अगर ऐसा न किया गया तो सरकारी काम काज में देर लगने के मामले को हल करने के लिए कोई भी रास्ता नहीं निकलेगा, चाहे यह बात गवर्नर साहिब के ऐड्रैस में दर्ज हो, चाहे मुख्य मन्त्री कितने भी ऐलान क्यों न कर दें। यह चीज ऐलानों से हल नहीं होगी। अगर साफ सुथरा एडमिनिस्ट्रेशन चाहते हो, इनसाफ चाहते हो तो इस बारे में पोज़ेटिव स्टैपस लेने चाहिएं तभी सुधार हो सकता है। नहीं तो यह ऐलान बिल्कुल फज़ूल रहेंगे।

चेयरमैन साहिब, एक और बात है कि यह नई सरकार जो बनी है, इस को मालूम होना चाहिये कि पंजाब की इकानोमी किस ढंग पर चलनी चाहिये। यह ठीक है कि पंजाब में खेती प्रधान है। अगर इस को बढ़ावा देने के लिए हमारी सरकार कोई कदम उठाए तो फिर पंजाब काफी तरक्की कर सकता है और इस की इंडस्ट्री तरक्की कर सकती है। पंजाब की इंडस्ट्री की तरक्की

Original with;
Punjab Vidhan Sabha
Digitized by;
Panjab Digital Library

[चौधरी बलबीर सिंह]
देने के लिए यहाँ रा मैटीरियल पैदा नहीं होता, काफी गन्ना पैदा नहीं होता और दूसरा सामान पैदा नहीं होता। इस से यहां कारखाने तरक्की नहीं कर सकते। आप को मालूम है कि सारे हिन्दुस्तान में पंजाब का जो गन्ना है, उस से चीनी बहुत कम मात्रा में पैदा होती है। इस के मुकाबले में यू० पी० और महाराष्ट्र के गन्ने में काफी ज्यादा चीनी होती है। इस लिए रीसर्च डिपार्टमैंट वाले यह देखें कि गन्ने को कौन सी बीमारी है। क्या मौसम इस का कारण तो नहीं ?

केन्द्र की सरकार ने इस बारे में थोड़ी सी कोशिश की है। एक नया कारखाना जगाधरी में लगाया है जहां चकंदर से चीनी बनाने की योजना है। चकंदर तो पंजाब में भी काफी मात्रा में पैदा हो सकता है। अगर चकंदर से चीनी बनाने की फैक्ट्री पंजाब में लगाई जाए तो चीनी काफी मात्रा में तैयार हो सकती है।

**श्री सभापति** : आप को सिर्फ 4 मिनट और मिलेंगे। (The hon. Member will get only four minutes.)

**चौधरी बलबीर सिंह** : जनाब, मैं ने अभी बहुत कुछ कहना है।

**श्री सभापति** : हाऊस ने जल्दी ऐडजर्न हो जाना है। इस लिए जल्दी खत्म करें। सिर्फ 5 मिनट में खत्म करें। (Since the House is to be adjourned shortly, the hon. Member should please wind up within five minutes.)

**चौधरी बलबीर सिंह** : जनाब, अगर हाऊस जल्दी खत्म करना है तो मैं कल को बाल लूंगा। इस तरह ठीक नहीं रहेगा। मैं ज्यादा वक्त नहीं लूंगा, दूसरों से आधा ही समय लूंगा।

तो मैं अर्ज करता हूं कि ऐग्रीकलचर के लिए किन २ बातों की ज़रुरत है। सब से पहले मौसम ठीक रहे और बारिश ठीक ढंग से हो। अगर बारिश ठीक समय पर न हो तो पानी कुयें नहरों या ट्यूबवैल्ज़ द्वारा देना पड़ता है। अगर पानी ज्यादा आ जाए तो उसकी निकासी का इंतज़ाम किया जाए। सरकार को इस सिलसिला में पूरी तरह कारवाही करनी चाहिए। चेयरमैन साहिब, कितनी हैरानी की बात है कि 5 लाख रुपया जो समाल ड्रेन्ज़ स्कीम के लिए, डाक्टर जगजीत सिंह, जो कि गिल सरकार में खज़ाना मन्त्री थे, ने होशयारपुर ज़िला के लिए रखा था। आप होशयारपुर ज़िला के साथ तअ़ल्लुक रखते थे। लेकिन इस नई सरकार ने वह 5 लाख रुपया भी

Original with;
Punjab Vidhan Sabha
Digitized by;
Panjab Digital Library

खत्म कर दिया है। और जो छोटी २ स्कीमज थीं उन को भी नामन्जूर कर दिया है। (विघ्न) मैं मुख्य मंत्री से कहूंगा कि होशयारपुर को बैकवर्ड तो करार दे दिया लेकिन बैकवर्ड करार देने के बाद जो उस इलाके के लोगों को सहूलतें देनी थीं वह तो दें। लेकिन इन्होंने तो जो 5 लाख मनजूर किया था वह भी छीन लिया है। सो मैं अर्ज करूंगा कि अगर आप ऐग्रीकलचर को बढ़ावा दें तो हमारा सूबा सारे हिन्दुस्तान से आगे बढ़ जायेगा। इस लिए जरूरी है सब से पहले पानी का इंतज़ाम करें, नहरों या कूओं द्वारा। टयूबवैलों के लिए बिजली लानी चाहिये। गवर्नर साहिब ने अपने ऐड्रैस में बताया है कि सरकार बठिंडा में थर्मल पलाँट लगा रही है। मगर इस से भी पंजाब में बिजली की कमी पूरी नहीं होगी। हमारे जो नए प्राजैक्ट है इन से प्लान के आखिर में 545 मैगावाट तक बिजली की पैदावार बढ़ जाने की उमीद है। लेकिन इस में भी पंजाब में बिजली की कमी कायम रहेगी। इस को दूर करने के लिए फौरी कदम उठाने चाहिए।

भाखड़ा के बारे में मेरे मित्रों ने बड़ा प्रचार किया है। कोई भी आदमी जो बाहर से आया तो उस को भाखड़ा लेकर चले गए। (विघ्न) जनाब आप को पता होगा कि जब पाकिस्तान या चीन के साथ हमारी लड़ाई हुई थी तो भाखड़ा का पानी हमें कम करना पड़ा था ताकि कोई नुकसान की सूरत में तबाही न करे। इसी तरह अगर फिर कभी ज़रूरत हुई तो भाखड़े का पानी लाज़मी तौर पर कम करना होगा। उस का नतीजा यह होगा कि पानी से जो बिजली बनती है वह बंद हो जाएगी और ज़मीनों को पानी मिलना बंद हो जायेगा। जब भी कभी ऐमरजैंसी होगी तो हिन्दुस्तान सरकार सब से पहले फखर के योग्य इस डैम की रक्षा का प्रबन्ध करेगी। तो उस बारे में भी हमें लाज़मी तौर पर सोचना पड़ेगा। अगर पंजाब ने तरक्की करनी है तो बिजली की सप्लाई लगातार जारी रहे। अगर बिजली की सप्लाई लगातार न हुई तो कारखाने बंद हो जाएंगे। अगर पानी फसलों को वक्त पर न मिला तो फसले खराब हो जायेंगी। मैं ने आज भी जो काल अटैनशन नोटिस दिया उस में भी इस बात का ज़िक्र था।

चेयरमैन साहिब, आज कल तो बिजली की भी ब्लैक मार्कीट शुरु हो गई है। हर किसान चाहे वह कोई भी हो वह 8 पैसे फी यूनिट देगा। इस तरह जिस के पास ज्यादा ज़मीन है ज्यादा बिजली हासिल करेगा और उसे कम पैसे देने पड़ेंगे, और छोटा किसान जो है, जिस को दो दो एकड़ ज़मीन है, उन को आठ दस रुपए पड़ेंगे।

Original with;
Punjab Vidhan Sabha
Digitized by;
Panjab Digital Library

[चौधरी बलबीर सिंह]

होशयारपुर में बिजली ज्यादा बंद ही रहती है। दिन को बिजली बार बार फेल हो जाती है। रात को भी यही हाल होता है। इस का नतीजा यह है कि किसानों और कारखानेदारों को बहुत नुकसान होता है। मान लो किसी आदमी ने टयूबवैल लगाया और उस के लिए बिजली मंगाई और एक मजदूर (कामा) भी काम के लिए रखा। अगर बिजली बंद हो जाती है और 2 घंटे नहीं आती तो मजदूर ने तो अपनी मजदूरी ले ही लेनी है। इसी तरह यह सारा खर्च उस पर ही पड़ेगा। अगर सारा दिन ही बिजली नहीं आती तो मजदूर जो उसने रखा होता है उस को तो सारे दिन के ही पैसे देने पड़ेंगे। इस लिये इस चीज़ को ध्यान में रखने की ज़रुरत है कि बिजली को रैगुलर सप्लाई मिल सके। जब कभी भी बिजली देने का सवाल आता है तो सरकार को, इंडस्ट्रीज़ को और खेतों को बिजली देने के बारे में टाईम मुकर्रर करना पड़ता है उस शक्ल में जब बिजली की लाईन पर पीक लोड होता है तो वोलटेज ठीक नहीं रहती। यह वोलटेज तभी ठीक हो सकती है अगर भाखड़ा, जोगिंद्र नगर के साथ साथ और थर्मल प्लांट लगाये जाएं और बिजली की प्रोडक्शन बढ़ाई जाए। ऐसा करने से ही बिजली रैगूलर मिल सकती है। जब हम लोगों को पूरी बिजली दे सकेंगे तब ही हम इस प्रांत को ऊँचा ले जा सकेंगे। मैं मुख्य मंत्री साहिब के नोटिस में लाया हूं और जाती तौर पर भी कहा है कि फसलों के तैयार होने का वक्त है। थोड़े समय में कटाई होने वाली है। इन के लिये और सब्ज़ियों के लिये पानी की सख्त ज़रुरत है। बिजली की ठीक ढंग से सप्लाई न होने के कारण अगर सब्जियों को एक दिन भी पानी लेट मिले तो सारी की सारी फसल खराब हो जाती है। यह सरकार जो अपने आप को किसानों की हितैषी सरकार होने का दावा करती है उस को किसानों की भलाई के लिये काम करने चाहिएं। मैं सरदार आत्मा सिंह का जो सामने बैठे हैं और जो महकमा माल के मंत्री हैं अर्ज़ करूंगा कि इस सम्बन्ध में जल्दी से जल्दी स्टैप उठाये जाएं ताकि खड़ी फसलों को नुकसान न पहुंचे। (विघ्न) महकमे के कुछ अफसरों की एक जुन्डली बनी हुई है। बजट का ज्यादा से ज्यादा रुपया अपनी जेब में डालना ही इन का काम है। करोड़ों रुपये का बजट मन्ज़ूर होता है लेकिन इस रुपये से काम बहुत कम होता है। इन को स्पर और डैम बनाने के लिये पैसे दिये जाते हैं लेकिन यह पैसे अपनी जेब में डाल लेते हैं और सारे पैसे स्पर्ज़ और डैम्ज़ पर नहीं लगाते जिस का नतीजा यह होता है कि जिस साल ही यह स्पर वगैरा बनते हैं उसी साल बरसात में बह जाते है और बाढ़ से गरीब किसानों की फसलें आदि नष्ट हो जाती हैं। स्पीकर साहिब, यह जुन्डली इतनी ताकतवर है कि इस को मिनिस्टर

Original with;
Punjab Vidhan Sabha
Digitized by;
Panjab Digital Library

साहिब भी दबा नहीं सकते। मैं आप को एक रीसेंट मिसाल बताता हूं। बासी साहिब, एक अैक्स ई. ऐन को एक जगह भेजना चाहते थे और उन्होंने इस के बारे में आर्डर भी कर दिया लेकिन चीफ और दूसरे अैक्स. ई. ऐन. वगैरह यह नहीं चाहते थे कि वह अैक्स. ई. अैन. वहां जाये और इन की धांधली पर से पर्दा उठ जाये और हुआ भी यही कि वह अैक्स. ई. अैन. वहाँ नहीं जा सका।

**ਸ਼੍ਰੀ ਸਭਾਪਤੀ** (ਸਰਦਾਰ ਜਸਪਾਲ ਸਿੰਘ) ਚੌਧਰੀ ਸਾਹਿਬ, ਬੈਠ ਜਾਓ। ਤੁਹਾਡਾ ਟਾਈਮ ਹੋ ਗਿਆ ਹੈ। ਮੈਂ ਹਾਊਸ ਐਡਜਰਨ ਕਰਨਾ ਹੈ। (Chaudhri Sahib, may please resume his seat. His time is over. I have to adjourn the House.)

**चौधरी बलबीर सिंह** : मुझे कल बोलने की इजाज़त मिल जाये। मैं ने कुछ और बातें कहनी हैं।

**ਸ਼੍ਰੀ ਸਭਾਪਤੀ** : ਕਲ ਤੁਹਾਨੂੰ ਟਾਈਮ ਨਹੀਂ ਮਿਲੇਗਾ। ਤੁਸੀਂ ਅਗੇ ਹੀ ਕਾਫੀ ਟਾਈਮ ਲੈ ਲਿਆ ਹੈ।

ਕਿਉਂਕਿ ਅੱਜ 5.00 ਵਜੇ ਗਵਰਨਰ ਸਾਹਿਬ ਦੀ ਪਾਰਟੀ ਹੈ, ਇਸ ਲਈ ਹਾਊਸ ਐਡਜਰਨ ਕੀਤਾ ਜਾਂਦਾ ਹੈ। ਹਾਊਸ ਕੱਲ 1.00 ਵਜੇ ਫਿਰ ਮਿਲੇਗਾ।

(The hon. Member will not be given time to speak tomorrow as he has already taken a lot of time today. Since the Governor will be At Home today at 5.00 P.M. the House is adjourned now to meet at 1.00 p.m. tomorrow.)

4.45 p.m. | (ਇਸ ਸਮੇਂ ਸਦਨ ਬੁਧਵਾਰ 19.3.69 ਦਿਨ ਦੇ 1.00 ਵਜੇ ਤਕ ਲਈ ਸਥਗਿਤ ਹੋ ਗਿਆ।)

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

"C" 1969
Published under the authority of the Punjab Vidhan Parishad and printed by the Chandigarh Times Press Manimajra, (Chandigarh).

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

# PUNJAB VIDHAN SABHA

## DEBATES

19th March, 1969

Vol. I—No. 5

## OFFICIAL REPORT

CONTENTS

Wednesday, the 19th March, 1969.

| | | Page |
|---|---|---|
| Starred Questions and Answers | ... | (5)1 |
| Question of Privilege | ... | (5)49 |
| Walk-out | ... | (5)53 |
| Call Attention Notice | ... | (5)54 |
| Papers laid on the Table | ... | (5)55 |
| Discussion on the Governor's Address (Resumption) | ... | (5)56-64 |
| Announcement by the Speaker | ... | (5)69 |
| Discussion on the Governor's Address (Resumption) | ... | (5)69 |

Punjab Vidhan Sabha Secretariat, Chandigarh.

Price : Rs. 6.05

Original with;
Punjab Vidhan Sabha
Digitized by;
Panjab Digital Library

*Original wit*
Punjab Vidh Sabha
*Digitized by*
Panjab Digi

# ERRATA

TO

PUNJAB VIDHAN SABHA DEBATES

DATED 19TH MARCH, 1969

VOL-1, No. 5

| Read | For | Page | Line |
|---|---|---|---|
| Halwais | Halwas | (5)3 | 11 |
| ਸ੍ਰੀ ਕ੍ਰਿਸ਼ਨ ਲਾਲ | ੀ ਕ੍ਰਿਸ਼ਨ ਲਾਲ | (5)4 | 17 |
| ਅਸਲੀਅਤ | ਅਸਲੀ ਅਤੇ | (5)8 | 16/17th from below |
| ਸਮਝਿਆ | ਸਸਝਿਆ | (5)8 | 9th from below |
| ਨਿਯੁਕਤ | ਨਿਯੁਕਟ | (5)9 | 10th from below |
| ਕਮੇਟੀ | ਕਮੇਟ | (5)12 | 3 |
| ਕਮੇਟੀ | ਕਸੇਟੀ | (5)16 | 12 |
| Lakhs | tlakhs | (5)31 | 12th from below |
| the | tho | (5)35 | 11 |
| asked | aked | (5)36 | 4 |
| ਬੜਾ | ਕੜਾ | (5)41 | 1 |
| Corporation | Coporation | (5)57 | 7 |
| wrong | Wron | (5)58 | 3 |
| ਚੌਧਰੀ ਸੱਤ ਦੇਵ | ਚੌਧ ੀ ਸੱਤ ਦੇਵ | (5)58 | 2nd from below |
| ਮੇਜਰ ਹਰਿੰਦਰ ਸਿੰਘ | ਹਰਿੰਦਚ ਸਿੰਘ | (5)60 | 6th from below |
| ਕੀ | ਕਿ | (5)60 | last |
| ਮੈਂ | ਸੈ | (5)67 | 2nd from below |
| ਮੇਜਰ ਹਰਿੰਦਰ ਸਿੰਘ | ਮੇਜਰ ਹਰਿੰਦਰ ਮਿੰਘ | (5)70 | 1 |
| ਮੈਂ | ਮੋਂ | (5)76 | 13 |
| ਰੋਹਬ | ਰੋਰਬ | (5)76 | 17 |
| ਰੁਪਏ | ਪੁਪਏ | (5)78 | 15 |
| ਸਰਦਾਰ ਗੁਰਬੰਤਾ ਸਿੰਘ | ਸਰਦਾਰ ਗੁ ਬੰਤਾ ਸਿੰਘ | (5)80 | 1 |
| ਸਰਦਾਰ ਗੁਰਨਾਮ ਸਿੰਘ | ਸਰਦਾਰ ਗੁਰਨਾਮ ਘਿੰਘ | (5)81 | 5th from below |
| ਕਰ | ਰਕ | (5)82 | 17 |
| ਹੈ | ਦੇ | (5)82 | 19 |
| ਦਿੜਾ | ਧੀੜਾ | (5)82 | 7th from below |

Original with;
Punjab Vidhan Sabha
Digitized by;
Panjab Digital Library

| Read | For | Page | Line |
|---|---|---|---|
| 196९ | 1962 | (5)95 | 7 |
| मास्टर तेग राम जी | मास्टर तेग राम जां | (5)95 | 8th from below |
| ਨੂੰ | ਨੇ | (5)101 | 14th from below |
| ਬੋਗਸ | ਬੋਗਮ | (5)104 | 17 |
| ਆਦਮੀ | ਆਚਮੀ | (5)104 | 6th from below |
| ਸ੍ਰੀ ਸਰਦਾਰੀ ਲਾਲ ਕਪੂਰ | ਸ੍ਰੀ ਸਰਦਾ ੀ ਲਾਲ ਕਪੂਰ | (5)108 | 13 |
| ਮੈਨੂੰ | ਮੈਂ | (5)108 | 14 |
| ਕਰਨੀ | ਕਰ | (5)114 | 11th from below |
| ਨੇ | ਨੂੰ | (5)116 | 12th from below |
| ਸਿਧਾਂਤਾਂ | ਸਿਧਤਾ | (5)122 | 10th from below |
| ਕੀਤਾ | ਕਿਤਾ | (5)132 | 13 |
| ਸਰਦਾਰ ਗੁਰਬੰਤਾ ਸਿੰਘ | ਮਾਸਟਰ ਗਰਬੰਤਾ ਸਿੰਘ | (5)133 | 12 |
| ਸਰਦਾਰ ਗੁਰਬੰਤਾ ਸਿੰਘ | ਸਰਦਾਚ ਗੁਰਬੰਤਾ ਸਿੰਘ | (5)135 | 8th from below |
| ਰਹਿ | ਰਰਿ | (5)136 | 8th from below |
| licensees | licensces | (5)137 | 1 |

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

Wednesday, the 19th March, 1969

*The Sabha met in the Hall of Vidhan Bhawan, Sector 1, Chandigarh at 1.00 p m. of the Clock. Mr. Speaker (Sardar Darbara Singh) in the Chair.*

---

## STARRED QUESTIONS AND ANSWERS

### ABOLITION OF COMMERCIAL CROPS CESS

*18. **Comrade Babu Singh Master :** Will the Minister for Revenue and Rehabilitation be pleased to state :---

(a) whether the Government propose to abolish the commercial crops cess in the State ;

(b) if the reply to part (a) above be in the affirmative, the extent to which the State revenue is likely to be affected as a result thereof ?

**Sardar Atma Singh :** (a) No.

(b) Question does not arise.

[(ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।]

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਮਾਲ ਮੰਤ੍ਰੀ ਅਤੇ ਮੁੱਖ ਮੰਤ੍ਰੀ ਜ਼ਿਮੀਂਦਾਰਾਂ ਤੇ ਕਿਸਾਨ ਦੀਆਂ ਸੇਵਾਵਾਂ ਨੂੰ ਮੁੱਖ ਰਖਦੇ ਹੋਏ ਇਹ ਜ਼ਰੂਰੀ ਸਮਝਦੇ ਹਨ ਕਿ ਕਮਰਸ਼ਲ ਕਰਾਪਸ ਸੈਸ ਮਾਫ਼ ਕਰਨਾ ਚਾਹੀਦਾ ਹੈ ?

(No reply)

**ਕਾਮਰੇਡ ਬਾਬੂ ਸਿੰਘ ਮਾਸਟਰ :** ਸਪੀਕਰ ਸਾਹਿਬ, ਮੇਰੇ ਸੁਆਲ ਦਾ ਉਤਰ ਨਹੀਂ ਆਇਆ ।

**ਮੁੱਖ ਮੰਤਰੀ :** ਗ਼ੌਰ ਕਰ ਲਵਾਂਗੇ ।

**चौधरी बलबीर सिंह :** क्या माल मन्त्री बतायेंगे कि यह जो कमर्शल क्रापस सैस लगाया गया है उसके सिलसिले में उस कैटेगरी को कोई सहूलत सरकार देती है ? मेरा प्रश्न यह है कि सरकार कमर्शल क्राप्स सैस लेती है, और लगान लगाती है । उनके बदले क्या सरकार कोई और सहूलत देती है ?

Original with;
Punjab Vidhan Sabha
Digitized by;
Panjab Digital Library

**ਮਾਲ ਮੰਤਰੀ :** ਕਮਰਸ਼ਲ ਕਰਾਪਸ ਸੈਸ ਸਿਰਫ ਗੰਨੇ, ਕਪਾਹ ਅਤੇ ਮਿਰਚ ਦੇ ਹਿੱਸੇ ਤੇ ਆਇਦ ਹੁੰਦਾ ਹੈ।

**चौधरी बलबीर सिंह :** स्पीकर साहिब, इन्होंने बताया कि गन्ने और कपास पर लगाया है। मैं ने पूछा था कि क्या सरकार उनको पानी, बीज, बिजली और खाद के लिये कोई और सहूलतें देती है ?

**ਮਾਲ ਮੰਤਰੀ :** ਕੋਈ ਸਹੂਲਤਾਂ ਨਹੀਂ ਹੁੰਦੀਆਂ।

---

REPORTS OF COMMITTEES APPOINTED UNDER THE MINIMUM WAGES ACT

*23. **Comrade Satya Pal Dang :** Will the Minister for Finance be pleased to state :-

(a) the total number of reports submitted by the Committees appointed by the Government under the Minimum Wages Act which were pending before the Government for decision when the President's Rule in the State ended and the new Government took over ;

(b) the names of the Industries to which the said reports related;

(c) the details of the reports out of those mentioned in part (a) above, which were unanimous and of those which were majority reports ;

(d) whether any decision has been taken by the Government on any of the reports of the said committees ; if not, the action, if any, proposed to be taken thereon ?

**ਸ਼੍ਰੀ ਕ੍ਰਿਸ਼ਨ ਲਾਲ :** (ੳ) 12 ਸਲਾਹਕਾਰ ਕਮੇਟੀਆਂ ਦੀਆਂ ਰਿਪੋਰਟਾਂ ਸਰਕਾਰ ਨੂੰ ਪ੍ਰਾਪਤ ਹੋਈਆਂ।

(ਅ) ਜਿਨ੍ਹਾਂ ਉਦਯੋਗਾਂ ਨਾਲ ਇਨ੍ਹਾਂ ਕਮੇਟੀਆਂ ਦਾ ਸਬੰਧ ਹੈ, ਉਨ੍ਹਾਂ ਦੇ ਨਾਉਂ ਇਸ ਪ੍ਰਕਾਰ ਹਨ :–

1. Employment in Electroplating by using salts of Choromium, Nicle or any other Compound and the connected Buffing and Polishing Industry.
2. Employment in Chemical & Distillery Industry.
3. Employment in respect of operation of Tube-wells.
4. Employment in Tanneries and Leather Manufacturies.
5. Employment in Foundries with or without attached Machine Shops.

Original with;
Punjab Vidhan Sabha
Digitized by;
Panjab Digital Library

6. Employment in Sports and Goods Industry.
7. Employment in Cotton Ginning and Pressing Factories.
8. Employment in Private Presses.
9. Employment in Saw Mills and Timber Trade.
10. Employment in (i) Non Ferrous Metal Rolling and Re-rolling industry (ii) Brass, Copper and Alluminium Utensils making Industry.
11. Employment in the following categories of shops and Commercial Establishments ;
    (i) Grocers, Karyana Merchants and Grain Dealers.
    (ii) Hotels, Restauratns, Tea Stalls and Halwas.

(ੲ) ਉਪਰੋਕਤ ਲੜੀ ਨੰ: 1, 3, 5, 6, 7, 8 ਤੇ 11 ਤੇ ਦਸੇ ਉਦਯੋਗਾਂ ਵਿੱਚ ਸਲਾਹਕਾਰ ਕਮੇਟੀਆਂ ਨੇ ਸਰਬ-ਸਮੰਤੀ ਨਾਲ ਆਪਣੀਆਂ ਸਿਫਾਰਸ਼ਾਂ ਕੀਤੀਆਂ ਹਨ। ਲੜੀ ਨੰ: 2, ਤੇ 4 ਤੇ ਲਿਖੇ ਓਦਯੋਗਾਂ ਵਿੱਚ ਸਲਾਹਕਾਰ ਕਮੇਟੀਆਂ ਨੇ ਬਹੁ-ਸਮੰਤੀ ਨਾਲ ਸਿਫਾਰਸ਼ਾਂ ਭੇਜੀਆਂ ਹਨ।

(ਸ) ਇਹ ਸਿਫਾਰਸ਼ਾਂ ਅਜੇ ਸਰਕਾਰ ਦੇ ਵਿਚਾਰ ਅਧੀਨ ਹਨ।

**ਕਾਮਰੇਡ ਸੱਤਪਾਲ ਡਾਂਗ :** ਕੀ ਮਿਨਿਸਟਰ ਸਾਹਿਬ ਦਸਣਗ ਕਿ ਜਿੰਨੀਆਂ ਕਮੇਟੀਆਂ ਦੀਆਂ ਸਫਾਰਸ਼ਾਂ ਸਰਬਸੰਮਤੀ ਨਾਲ ਆਈਆਂ ਹਨ, ਉਨ੍ਹਾਂ ਦਾ ਮਤਲਬ ਇਹ ਹੈ ਕਿ ਉਹ ਤਨਖਾਹ ਦੇਣ ਨੂੰ ਤਿਆਰ ਹਨ। ਕੀ ਇਸ ਵਿੱਚ ਸਰਕਾਰ ਦਾ ਕੋਈ ਦੇਰ ਕਰਨ ਦਾ ਇਰਾਦਾ ਹੈ ?

**ਮੰਤਰੀ :** ਇਸ ਵਿੱਚ ਦੇਰ ਕਰਨ ਦਾ ਤਾਂ ਕੋਈ ਇਰਾਦਾ ਨਹੀਂ। ਸਾਰੀਆਂ ਕਮੇਟੀਆਂ ਨਾਲ ਬੈਠਣ ਦਾ ਮੌਕਾ ਹੀ ਨਹੀਂ ਮਿਲਿਆ। ਮੈਂ ਵਕਤ ਕੱਢ ਰਿਹਾ ਹਾਂ ਤੇ ਜੇਕਰ ਰੈਕਮੈਂਡੇਸ਼ਨਜ਼ ਯੂਨਾਨੀਮੱਸ ਹੋਈਆਂ ਤਾਂ ਬਗੈਰ ਕਿਸੇ ਦੇਰੀ ਤੋਂ ਕਰ ਦਿਆਂਗੇ।

**ਕਾਮਰੇਡ ਸੱਤਪਾਲ ਡਾਂਗ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਕੀ ਇਹ ਹਕੀਕਤ ਹੈ ਕਿ ਇਨ੍ਹਾਂ 11 ਰਿਪੋਰਟਾਂ ਤੋਂ ਬਾਅਦ 14 ਹੋਰ ਕਮੇਟੀਆਂ ਦੀਆਂ ਰਿਪੋਰਟਾਂ ਡਿਪਾਰਟਮੈਂਟ ਕੋਲ ਆਈਆਂ ਹਨ ?

**ਮੰਤਰੀ :** ਇਹ ਨਹੀਂ ਮੈਂ ਕਹਿ ਸਕਦਾ। ਡਿਪਾਰਟਮੈਂਟ ਜਦੋਂ ਕਮੈਂਟਸ ਪੂਰੇ ਕਰ ਦੇਵੇਗਾ, ਪਾਸ ਕਰ ਦਿਆਂਗੇ।

**ਕਾਮਰੇਡ ਸੱਤਪਾਲ ਡਾਂਗ :** ਕੀ ਮਿਨਿਸਟਰ ਸਾਹਿਬ ਯਕੀਨ ਦਿਲਾ ਸਕਦੇ ਹਨ ਕਿ 31 ਮਾਰਚ ਤਕ ਕਮੈਂਟਸ ਦੇ ਦਿਤੇ ਜਾਣਗੇ।

**ਮੰਤਰੀ :** ਕੋਸ਼ਿਸ਼ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤਪਾਲ ਡਾਂਗ : ਇਸ ਉਤੇ ਛੇਤੀ ਕਾਰਵਾਈ ਕਰਨ ਵਾਸਤੇ ਕਿਹੜੇ ਕਦਮ ਚੁਕੇ ਜਾ ਰਹੇ ਹਨ ?

ਮੰਤਰੀ : ਕਦਮ ਚੁਕਣ ਦੀ ਲੋੜ ਹੀ ਨਹੀਂ । ਇਹ ਸਾਡਾ ਆਪਣਾ ਕੰਮ (ਵਿਘਨ)

---

SUPERSESSION OF MUNICIPAL COMMITTEE, JULLUNDUR

*24. **Comrade Satya Pal Dang** : Will the Minister for Finance be pleased to state :

(a) the reasons which led the Government to supersede the Municipal Committee, Jullundur ;

(b) whether the show-cause notice was issued to the said Committee; if so, a copy of the same alongwith the reply received from the said Committee, be placed on the Table of the House ; and

(c) whether the Committee, before its supersession, had recommended removal of any Members; if so, their names and the reasons therefor ?

ਸ਼੍ਰੀ ਕ੍ਰਿਸ਼ਨ ਲਾਲ : (ੳ) ਨਗਰ ਪਾਲਕਾ, ਜਲੰਧਰ, ਦਾ ਅਧਿਲੰਘਣ ਇਸ ਲਈ ਕੀਤਾ ਗਿਆ ਸੀ ਕਿ ਇਹ ਨਗਰ ਪਾਲਿਕਾ ਆਪਣੇ ਕਾਨੂੰਨੀ ਫ਼ਰਜ਼ਾਂ ਨੂੰ ਨਿਭਾਉਣ ਵਿਚ ਅਨਿਪੁੰਨਤ ਸੀ ਅਤੇ ਲਗਾਤਾਰ ਕੋਤਾਹੀ ਵੀ ਕਰਦੀ ਰਹੀ ਸੀ । ਨਾਲੇ ਇਹ ਨਗਰ ਪਾਲਕਾ ਆਪਣੇ ਅਧਿਕਾਰਾਂ ਦੀ ਲੋੜ ਤੋਂ ਵੱਧ ਅਤੇ ਨਾਜਾਇਜ਼ ਵਰਤੋਂ ਵੀ ਕਰਦੀ ਰਹੀ ਸੀ ।

(ਅ) ਹਾਂ । ਨਗਰ ਪਾਲਕਾ, ਜਲੰਧਰ ਨੂੰ ਦਿਤੇ ਗਏ ਸ਼ੋ-ਕਾਜ਼ ਨੋਟਿਸ ਅਤੇ ਉਨ੍ਹਾਂ ਵਲੋਂ ਆਏ ਜਵਾਬ ਦੀਆਂ ਕਾਪੀਆਂ ਸਭਾ ਦੇ ਮੇਜ਼ ਤੇ ਰੱਖੀਆਂ ਗਈਆਂ ਹਨ ।

(ੲ) ਨਹੀਂ ਜੀ ।

From

The Secretary to Government, Punjab, Local Government Department.

To

The President,
Municipal Committee,
Jullundur.

Memo No. 7222-ICI-68/35525,

Original with;
Punjab Vidhan Sabha
Digitized by;
Panjab Digital Library

Dated Chandigarh, the 26th September, 1968.

Subject : Proposal for the supersession of the Municipal Committee, Jullundur.

It has been brought to the notice of the Punjab Government that the Municipal Committee, Jullundur, is incompetent to perform and has made persistent default in the performance of its statutory duties and has exceeded and abused its powers within the meaning of section 238 (1) of the Punjab Municipal Act, 1911, on the following grounds :

1. **Incompetency to perform statutory duties.**

(i) The provisions of rule XVII, 17(2) of the Municipal Account Code, 1930, requires that annotations to the audit reports should be submitted to the Examiner, Local Fund Accounts and Government within three months, but the Municipal Committee. Jullundur, failed to submit annotations to the audit reports since the year 1962 63. Pointing out the default a number of times by the Examiner, Local Fund Accounts, Punjab, had no effect on the said Municipal Committee. Audit objections, which run into hundreds have been piling up and no satisfactory steps have been taken by the Committee to remove them.

(ii) The Municipal dues are heavily in arrears as indicated below :

| | |
|---|---|
| House Tax. | Rs. 7,48,873 |
| Octroi | Rs. 29, 318 |
| Show Tax | Rs. 3,732 |
| Total | Rs. 7,81,923 |

No serious efforts have been made by the Municipal Committee to effect recoveries of these dues, despite the fact that the services of a whole time Tehsildar have been placed at the disposal of the Municipal Committee for the purpose of effecting recoveries of municipal taxes and dues.

(iii) The Officer-in-Charge, Local Bodies, Jullundur, attended the meeting of Municipal Committee, Jullundur, on 16-8-1968 as an observer. He was shocked to see the rowdy way and indisciplined manner in which the business of the Commitree was transacted. Out of 73 items on Agenda only 3 items were disposed of in 2½ hours, when the President of the Committee was obliged to adjourn the meeting as he found it impossible to conduct the meeting any longer in that atmosphere.

(2) Persistent default in the performance of statutory duties.

The financial position of the Municipal Committee is far from satisfactory. Its closing balance for the year 1967-68 was Rs. 71,184. In order to improve the financial position of the Municipal Committee, Government vide their notification No. 3977-2(123)-201-68/18632. dated the 13th May, 1968 (copy enclosed as annexure) required the Municipal Committee to impose 25 percent surcharge on the rates of octroi leviable

Original with;
Punjab Vidhan Sabha
Digitized by;
Panjab Digital Library

[Minister for Finance]

in respect of all items of its Octroi Schedule, except item Nos. 1 and 32 to 35, but the Municipal Committee failed to do so.

(3) Exceeding its powers.

Section 35 of the Punjab Municipal Act, 1911, vests extra-ordinary powers in the President or in his absence the Vice-President, to be exercised in case of emergency, within the meaning of that section. But in the case of Municipal Committee, Jullundur, the President and the Vice-President, have been exercising these powers very extensively in cases where there has been absolutely no justification or necessity to make use of these powers. During the period from 16.9.1967 to 26.6.1968, as many as 89 orders were passed either by the President or the Vice-President of the Committee, under the said section.

(4) Abuse of powers.

The Municipal Committee has effected drastic upward revision of amounts of estimates in a large number of cases of works pertaining to improvement of roads, drains etc. involving additional expenditure of Rs. 3 lakhs. These upward revisions have been reported to be done with a view to benefiting the contractors concerned.

2. In view of the above, Government consider that the Municipal Committee appears to have been incompetent to discharge its statutory duties, making persistent default in the performance of its statutory duties and exceeding and abusing its powers, which made it a fit case for its supersession. Before taking final action, the Government have decided to give an opportunity to the Municipal Committee to explain its position in respect of the above charges. The Municipal Committee, is, therefore, called upon, through you to show cause why it should not be superseded under section 238 of the Punjab Municipal Act, 1911. The explanation of the Municipal Committee should reach the Government by the 10th October, 1968, failing which it will be presumed that it has none to offer and the Government will decide the case on its merits.

4. Please acknowledge receipt of this communication.

Sd/-
Deputy Secretary,
for Secretary to Government, Punjab,
Local Government Department.

---

Endt. No. 7222-ICI-68/35526, dated, Chandigarh, the 26th Sept., 1968.

A copy is forwarded to :

(1) The Deputy Commissioner, Jullundur, and

(2) The Deputy Director, Local Government, Jullundur, for information and necessary action.

Original with;
Punjab Vidhan Sabha
Digitized by;
Panjab Digital Library

Sd/-
Section Officer,
for Secretary to Government, Punjab.
Local Government Department.

---

**(To be Published in Punjab Government Gazette Part 1-A**
**Local Government Department**

**Committees**

**Notification**

**Dated 13th May, 1969.**

No. 3977-3(123)-2CI-68/18632 In excercise of the powers conferred by section 62-A(2) of the Punjab Municipal Act, 1911 the Governor of Punjab is pleased to direct that the Municipal Committee, Jullundur District shall impose a surcharge at the rate of 25% on the rates of octroi leviable in respect of all items, except item Nos. 1 and 32 to 35) of its Octroi (without refund) Schedule within a period of 60 days from the date of publication of the notification in the official Gazette.

Paramjit Singh
Secretary to Government, Punjab,
Local Government Department.

ਵਲੋਂ:

ਸ੍ਰੀ ਚੰਦਰ ਪਰਕਾਸ਼ ਅੰਗਰੀਸ਼,
ਪਰਧਾਨ,
ਨਗਰ ਪਾਲਕਾ,
ਜਲੰਧਰ ।

ਸੇਵਾ ਵਿਚ

ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ ।
ਚੰਡੀਗੜ੍ਹ ।

ਯਾਦ ਪੱਤਰ ਨੰ: 2351/ਜੀ
ਮਿਤੀ 9. 10. 1968.

ਵਿਸ਼ਾ:- ਨਗਰ ਪਾਲਕਾ, ਜਲੰਧਰ, ਦੇ ਅਧਿਲੰਘਣ ਬਾਰੇ ਤਜਵੀਜ਼

ਉਪਰੋਕਤ ਵਿਸ਼ੇ ਤੇ ਆਪਜੀ ਦੇ ਯਾਦ ਪੱਤਰ ਨੰ: 7222-1 ਜੀ 1 -68/35525, ਮਿਤੀ ਨਿਲ ਸਤੰਬਰ, 1968, ਜਿਹੜਾ ਕਿ ਇਸ ਦਫਤਰ ਵਿਚ ਮਿਤੀ 27-9-1968 ਨੂੰ ਵਸੂਲ ਹੋਇਆ, ਦੇ ਸਿਲਸਲੇ ਵਿਚ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

2. ਕਮੇਟੀ ਦਵਾਰਾ ਪਰਵਾਨਤ ਉਪਰੋਕਤ ਚਿਠੀ ਰਾਹੀਂ ਆਏ ਸ਼ੋ ਕਾਜ਼ ਨੋਟਿਸ ਦਾ ਜਵਾਬ ਕਮੇਟੀ ਦੇ ਮਤਾ ਨੰ: 4, ਮਿਤੀ 9.10.1968, ਦੇ ਨਾਲ ਭੇਜਿਆ ਜਾਂਦਾ ਹੈ ।

ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸ਼ੋ ਕਾਜ਼ ਨੋਟਿਸ ਕਮੇਟੀ ਦੀ ਬਿਨੈ ਅਨੁਸਾਰ ਵਾਪਸ ਲੈਣ ਦੀ ਕਿਰਪਾ ਕੀਤੀ ਜਾਵੇ ।

ਸਹੀ/-

ਪਰਧਾਨ ।

ਨੱਥੀ :

ਜਵਾਬ ਸ਼ੋ ਕਾਜ਼ ਅਤੇ ਕਾਪੀ ਮਤਾ ।

ਮੀਮੋ ਨੰ: 7222-1 ਸੀ 1-68/ 35525, ਮਿਤੀ ਨਿਲ ਸਤੰਬਰ, 1968, ਵਿਚ ਮੰਗੇ ਗਏ ਸ਼ੋ ਕਾਜ਼ ਨੋਟਿਸ, ਜਿਹੜਾ ਮਿਤੀ 27,9.1968 ਨੂੰ ਇਸ ਦਫਤਰ ਵਿਚ ਵਸੂਲ ਹੋਇਆ, ਦਾ ਪਹਿਰੇ-ਵਾਰ ਜਵਾਬ ਹੇਠ ਦਿਤਾ ਜਾਂਦਾ ਹੈ ।

ਹਵਾਲੇ ਅਧੀਨ ਸ਼ੋ ਕਾਜ਼ ਨੋਟਿਸ ਵਿਚ ਲਿਖੇ ਗਏ ਕਾਰਨ ਤੱਤ ਜਾਂ ਅਸਲੀਅਤ ਤੇ ਅਧਾਰਤ ਨਹੀਂ ਹਨ, ਅਤੇ ਨਾ ਹੀ ਇਹ ਕਾਰਨ ਐਨੇ ਕਾਫ਼ੀ ਤੇ ਨਿਆਪੂਰਣ ਹਨ ਕਿ ਪੰਜਾਬ ਮਿਉਂਸੀਪਲ ਐਕਟ, 1911, ਦੀ ਧਾਰਾ 238 (1) ਅਧੀਨ ਦੀਆਂ ਆਸਾਧਾਰਣ ਸ਼ਕਤੀਆਂ ਸਰਕਾਰ ਅਪਣਾਵੇ । ਇਹ ਸ਼ੋ ਕਾਜ਼ ਨੋਟਿਸ ਗੈਰ ਕਾਨੂੰਨੀ ਅਤੇ ਬਦਨੀਤੀ ਨਾਲ ਦਿਤਾ ਗਿਆ ਹੈ, ਕਿਉਂਕਿ ਇਹ ਅਸਲੀ-ਅਤੇ ਤੇ ਅਧਾਰਤ ਨਹੀਂ । ਹਰੇਕ ਚਾਰਜ ਤੇ ਵੇਰਵੇ ਸਹਿਤ ਜਵਾਬ ਅਗਲੇ ਪਹਿਰਿਆਂ ਵਿਚ ਦਿਤਾ ਗਿਆ ਹੈ ।

(1) ਕਾਨੂੰਨੀ ਡਿਊਟੀਆਂ ਨਿਭਾਣ ਵਿਚ ਅਸਮਰਥਤਾ ।

(1) ਆਡਿਟ ਰਿਪੋਰਟ ਦੀ ਐਨੋਟੇਸ਼ਨ, ਇਗਜ਼ਾਮੀਨਰ, ਲੋਕਲ ਫੰਡ ਅਕਾਂਊਟਸ ਅਤੇ ਸਰਕਾਰ ਨੂੰ ਭੇਜਣ ਦਾ ਮੰਤਵ ਹੈ ਕਿ ਆਡਿਟ ਇਤਰਾਜ਼ਾਂ ਤੇ ਕੜੀ ਨਿਗਾਹ ਰੱਖੀ ਜਾਵੇ ਅਤੇ ਇਨ੍ਹਾਂ ਇਤਰਾਜ਼ਾਂ ਦੀ ਸੰਖਿਆ ਘਟਾਣ ਵਿਚ ਜਿਥੇ ਤੀਕ ਸੰਭਵ ਹੋਵੇ, ਯਤਨ ਕੀਤਾ ਜਾਵੇ । ਦੋਸ਼ ਵਿਚ ਕਹੇ ਗਏ ਸਾਲਾਂ ਵਿਚ ਆਡਿਟ ਰੀਪੋਟ ਦਾ ਮਾਮਲਾ ਐਸੇ ਮੈਂਬਰ ਕਮੇਟੀ ਨੂੰ ਸੌਂਪਿਆ ਗਿਆ ਜਿਹੜਾ ਕਿ ਅਜਿਹੇ ਕੰਮ ਵਿਚ ਕਾਫੀ ਨਿਪੁੰਨ ਸਸਝਿਆ ਜਾਂਦਾ ਹੈ । ਉਹ ਆਪਣੀ ਅੱਛੀ ਤੋਂ ਅੱਛੀ ਕੋਸ਼ਿਸ਼ ਨਾਲ ਜਿਥੇ ਤੀਕ ਮੁਮਕਿਨ ਹੈ, ਇਨ੍ਹਾਂ ਇਤਰਾਜ਼ਾਂ ਨੂੰ ਨਿਪਟਾਨ ਦਾ ਯਤਨ ਕਰਦੇ ਆਏ ਹਨ । ਨਗਰ ਪਾਲਕਾਂ ਖੁਦ ਹੀ ਹਮੇਸ਼ਾਂ ਇਸ ਕੰਮ ਵਲ ਸਚਾਈ ਨਾਲ ਧਿਆਨ ਦਿੰਦੀ ਆਈ ਹੈ । ਸਾਲ 1968 ਵਿਚ ਲਗਪਗ 550 ਆਡਿਟ ਇਤਰਾਜ਼ ਦੂਰ ਕਰਵਾਏ ਗਏ ਹਨ । 50 ਇਤਰਾਜ਼ ਤਾਂ ਸਹਾਇਕ ਇਗਜ਼ਾਮੀਨਰ ਸਾਹਿਬ ਨੇ ਆਪ ਹੀ ਆਪਣੇ 5 ਸਤੰਬਰ ਤੋਂ 9 ਸਤੰਬਰ 1968 ਤੱਕ ਦੇ ਇਸ ਨਗਰ ਪਾਲਕਾ ਵਿਚ ਦੌਰੇ ਦੇ ਦੌਰਾਨ ਹੀ ਦੂਰ ਕਰ ਦਿਤੇ ਹਨ । ਉਪਰੋਕਤ ਵਾਕਿਆਤ ਇਸ ਗਲ ਦੀ ਪੁਸ਼ਟੀ ਕਰਦੇ ਹਨ ਕਿ ਨਗਰ ਪਾਲਕਾ ਸਮੇ ਸਮੇ ਤੇ ਯਤਨ ਕੀਤੇ ਅਤੇ ਇਹ ਵੀ ਪ੍ਰਗਟ ਹੈ ਕਿ ਨਗਰ ਪਾਲਕਾ ਇਸ ਮਾਮਲੇ ਵਿਚ ਕਿੰਨਾ ਹਿੱਤ ਰਖੱਦੀ ਹੈ ਅਤੇ ਇਸ ਨੂੰ ਕਿਨੀ ਮਹੱਤਤਾ ਦਿੰਦੀ ਹੈ । ਇਹ ਇਲਜ਼ਾਮ ਕਾਫੀ ਨਹੀਂ ਕਿ ਅਧੀਨ ਧਾਰਾ 238(1)

Original with;
Punjab Vidhan Sabha
Digitized by;
Panjab Digital Library

ਪੰਜਾਬ ਮਿਊਂਸੀਪਲ ਐਕਟ ਦੇ ਕਾਰਵਾਈ ਕੀਤੀ ਜਾਵੇ । ਇਹ ਠੀਕ ਹੈ ਕਿ ਆਡਿਟ ਰੀਪੋਟ ਦੀ ਐਨੋਟੇਸ਼ਨ ਭੇਜਣੀ ਚਾਹੀਦੀ ਸੀ, ਮਗਰ ਇਸ ਦੇ ਭੇਜਣ ਦਾ ਮੰਤਵ ਤਾਂ ਪੂਰਾ ਹੋ ਜਾਂਦਾ ਹੈ ਕਿ ਜਦ ਕਿ ਇਤਰਾਜ਼ਾਂ ਵੱਲ ਧਿਆਨ ਦਿਤਾ ਗਿਆ ਹੈ, ਪਹਿਰਿਆਂ ਨੂੰ ਜਾਂਚਿਆ ਤੇ ਵੇਖਿਆ ਗਿਆ ਹੈ ਅਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦਾ ਤਾਂ ਨਿਪਟਾਰਾ ਵੀ ਹੋ ਚੁਕਿਆ ਹੈ । ਸਰਕਾਰ ਨੇ ਇਸ ਤੋਂ ਪਹਿਲਾਂ ਕਦੇ ਇਸ ਗਲ ਦਾ ਸੰਕੇਤ ਨਹੀਂ ਕੀਤਾ ਕਿ ਰਸਮ ਅਨੁਸਾਰ ਇਸ ਐਨੋਟੇਸ਼ਨ ਦੇ ਭੇਜਣ ਨੂੰ ਐਨੀ ਗੰਭੀਰਤਾ ਨਾਲ ਲਿਆ ਜਾਵੇਗਾ । ਕਮੇਟੀ ਸ਼ੀਘਰ ਹੀ ਇਸ ਨੂੰ ਭੇਜਣ ਲਈ ਤਿਆਰ ਹੈ, ਕਿਉਂਕਿ ਸਰਕਾਰ ਨੇ ਇਸ ਚੀਜ਼ ਨੂੰ ਪਹਿਲਾਂ ਨਾ ਕਰਨ ਕਾਰਨ ਰੋਸ਼ ਪ੍ਰਗਟ ਕੀਤਾ ਹੈ ।

(ii) ਇਹ ਦੋਸ ਕਿ ਨਗਰ ਪਾਲਕਾ ਨੇ ਬਕਾਇਆ ਦੀ ਵਸੂਲੀ ਬਾਰੇ ਕੋਈ ਗੰਭੀਰ ਯਤਨ ਨਹੀਂ ਕੀਤੇ ਨਾ ਤੇ ਤੱਥ ਤੇ ਆਧਾਰਤ ਹੈ ਅਤੇ ਨਾ ਹੀ ਸਹੀ ਹੈ । ਕਮੇਟੀ ਆਪਣੇ ਬਕਾਇਆਂ ਦੀ ਵਸੂਲੀ ਬਾਰੇ ਹਮੇਸ਼ਾ ਉਤਾਵਲੀ ਰਹੀ ਹੈ ਅਤੇ ਇਸ ਬਾਰੇ ਸੰਭਵ ਯਤਨ ਕਰਦੀ ਆਈ ਹੈ । ਆਪਣੇ ਇਸ ਨੇਮ ਦੀ ਪੂਰਤੀ ਵਾਸਤੇ ਕਮੇਟੀ ਨੇ ਸਰਕਾਰ ਪਾਸੋਂ ਇਕ ਪੂਰਾ-ਸਮਾ ਤਹਿਸੀਲਦਾਰ (ਸਹਾਇਕ ਕੁਲੈਕਟਰ ਪਹਿਲਾ ਦਰਜਾ) ਦੀਆਂ ਸੇਵਾਵਾਂ ਮੰਗੀਆਂ ਅਤੇ ਫਲਸਰੂਪ ਸਰਕਾਰ ਨੇ ਇਕ ਤਹਿਸੀਲਦਾਰ ਦੀ ਨਿਯੁਕਤੀ ਕੀਤੀ, ਜਿਸਨੇ ਕਿ ਮਿਤੀ 19.10.1966 ਨੂੰ ਆਪਣੀ ਡਿਊਟੀ ਸੰਭਾਲੀ । ਉਸਨੂੰ ਇਕ ਲੰਬੇ ਸਮੇਂ ਵਾਸਤੇ ਇਥੇ ਰਹਿਣ ਨਹੀਂ ਦਿਤਾ ਗਿਆ ਅਤੇ ਮਿਤੀ 15.3.67 ਨੂੰ ਉਸਦਾ ਤਬਾਦਲਾ ਕਰ ਦਿਤਾ ਗਿਆ । ਮਿਤੀ 20.3.1967 ਤੋਂ ਉਸ ਨੂੰ ਇਕ ਮਹੀਨੇ ਦੀ ਛੁਟੀ ਵੀ ਦੇ ਦਿਤੀ ਗਈ । ਮਿਤੀ 17.5 1967 ਨੂੰ ਉਸ ਦੇ ਉਤਰਾਧਿਕਾਰੀ ਹਾਜ਼ਰ ਹੋਏ ਅਤੇ ਮਿਤੀ 7.9.1967 ਨੂੰ ਉਨ੍ਹਾਂ ਨੂੰ ਪਹਿਲੇ ਦਰਜੇ ਦੇ ਸਹਾਇਕ ਕੁਲੈਕਟਰ ਦੇ ਅਧਿਕਾਰ ਪ੍ਰਾਪਤ ਹੋਏ । ਉਹ ਵੀ ਖਾਸ ਸਮਾਂ ਤੱਕ ਨਹੀਂ ਠਹਿਰੇ ਅਤੇ ਮਿਤੀ 30.4.1968 ਨੂੰ ਉਹ ਵੀ ਤਬਦੀਲ ਕਰ ਦਿਤੇ ਗਏ । ਤਹਿਸੀਲਦਾਰ ਦੇ ਜਲਦ-ਜਲਦ ਤਬਾਦਲੇ ਅਤੇ ਅਸਾਮੀ ਦਾ ਲੰਬੇ ਅਰਸੇ ਵਾਸਤੇ ਖਾਲੀ ਰਹਿਣ ਨਾਲ ਕਮੇਟੀ ਦਾ ਮੁਫਾਦ ਜੋਖਮ ਵਿਚ ਪੈ ਗਿਆ । ਟੈਕਸਾਂ ਦੇ ਬਕਾਏ ਦੀ ਵਸੂਲੀ ਉਨੀ ਨਾ ਹੋ ਸਕੀ ਜਿਸਦੀ ਕਿ ਆਸ ਸੀ । ਸਹਾਇਕ ਕੁਲੈਕਟਰ ਨੂੰ ਲੋੜੀਂਦੀ ਵਸੂਲੀ ਦੀਆਂ ਸ਼ਕਤੀਆਂ ਦੇਣ ਵਿਚ ਹੀ ਕਾਫੀ ਸਮਾਂ ਲਗਾਇਆ ਗਿਆ । ਦੂਸਰਾ ਸਟਾਫ ਜਿਹੜਾ ਕਿ ਤਹਿਸੀਲਦਾਰ ਦੀ ਮੱਦਦ ਵਾਸਤੇ ਨਿਯੁਕਟ ਕੀਤਾ ਹੋਇਆ ਸੀ, ਨੌਕਰੀ ਵਿਚ ਚਾਲੂ ਰਖਣਾ ਪਿਆ ਅਤੇ ਪੂਰੀ ਵਾਪਸੀ ਨਾ ਪ੍ਰਾਪਤ ਹੋਣ ਦੇ ਬਾਵਜੂਦ ਵੀ ਕਮੇਟੀ ਨੂੰ ਉਨ੍ਹਾਂ ਨੂੰ ਤਨਖਾਹ ਆਦਿ ਦੇਣੀ ਪਈ ।

ਹਾਲੇ ਤੀਕ ਸਾਡੇ ਮੁਲਕ ਵਿਚ ਖੁਸ਼ੀ ਨਾਲ ਟੈਕਸਾਂ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ ਅਤੇ ਸਾਰੇ ਮਹਿਕਮਿਆਂ ਵਿਚ ਚਾਹੇ ਉਹ ਸਰਕਾਰੀ ਹਨ ਜਾਂ ਅਧ ਸਰਕਾਰੀ ਟੈਕਸਾਂ ਦੇ ਬਕਾਏ ਨਿਕਲਦੇ ਹਨ । ਹਰ ਜਗ੍ਹਾ ਕਦਮ ਉਠਾਏ ਜਾਂਦੇ ਹਨ ਅਤੇ ਇਨ੍ਹਾਂ ਨੂੰ ਘਟਾਣ ਵਾਸਤੇ ਕਮੇਟੀ ਨੇ ਵੀ ਤਹਿਸੀਲਦਾਰ ਦੀ ਨਿਯੁਕਤੀ ਕਰਕੇ ਇਕ ਸਿਆਣਾ ਕਦਮ ਉਠਾਇਆ । ਆਪਣੇ ਫਰਜ਼ ਨੂੰ ਨਿਭਾਣ ਵਿਚ ਇਹੋ ਕਮੇਟੀ ਦੀ ਸਮਰੱਥਾ ਵਿਚ ਸੀ ਕਿ ਵਸੂਲੀ ਵਾਸਤੇ ਤਹਿਸੀਲਦਾਰ ਨਿਯੁਕਤ ਕਰੇ ਜੋ ਕਿ ਵਸੂਲੀ ਦੇ ਕੰਮ ਦੀ ਕਾਰਵਾਈ ਵਿਚ ਉਤਰੇ । ਜੋ ਕਮੇਟੀ ਲਈ ਸੰਭਵ ਸੀ, ਕਮੇਟੀ ਨੇ ਕੀਤਾ । ਬਾਕੀ ਤਹਿਸੀਲਦਾਰ ਜਾਂ ਨਗਰ ਪਾਲਕਾ ਦੀ ਸ਼ਾਸਣ-ਪਰਣਾਲੀ ਦਾ ਕੰਮ ਸੀ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨਾਗਰਿਕ ਸਭਾ ਨਾਲ ਸਮਝੌਤੇ ਤੇ ਇਕ ਦਮ ਹੀ ਹਾਊਸ ਟੈਕਸ ਲਾਇਆ ਗਿਆ। ਵਿਰਾਸਤ ਅਤੇ ਤਬਾਦਲਿਆਂ ਵਿਚ ਬਹੁਤ ਸਾਰੇ ਯੂਨਿਟਾਂ ਦੀ ਮਲਕੀਅਤ ਬਦਲ ਗਈ। ਅਜਿਹੇ ਪੁਰਾਣੇ ਕੇਸ ਜਿਨ੍ਹਾਂ ਵਿਚ ਕਿ ਬਹੁਤ ਸਾਰੇ ਲੋਕ ਮਲਕੀਅਤ ਤੋਂ ਇਨਕਾਰੀ ਕਰਦੇ ਹਨ ਬਕਾਇਆ ਦੇ ਇਕੱਠ ਵਿਚ ਕਾਫੀ ਮਿਕਦਾਰ ਵਿਚ ਹਿਸੇਦਾਰ ਹਨ। ਬਾਕੀ ਦੀਆਂ ਯੂਨਿਟਾਂ ਵਿਚ ਆਮ ਕਰਕੇ ਵਸੂਲੀ ਹਮੇਸ਼ਾ ਹੋ ਜਾਂਦੀ ਹੈ। ਇਹ ਇਕ ਹਿਤਕਾਰੀ ਰਾਸ਼ਟਰ ਹੈ। ਪੁਲਿਸ ਕਾਰਵਾਈ ਦੀ ਚਾਹਤ ਨਹੀਂ ਕੀਤੀ ਜਾਂਦੀ। ਇਸ ਦਾ ਸਹੀ ਢੰਗ ਹੈ ਲੋਕਾਂ ਨੂੰ ਬਕਾਏ ਦੀ ਅਦਾਇਗੀ ਵਾਸਤੇ ਸਮਝਾਣਾ ਅਤੇ ਇਸ ਵਿਚ ਜਦੋਂ ਕੁਝ ਅਸਫਲਤਾ ਮਿਲੀ ਤਾਂ ਵਸੂਲੀ ਵਾਸਤੇ ਤਹਿਸੀਲਦਾਰ ਨਿਯੁਕਤ ਕੀਤੇ ਗਏ। ਇਹ ਉਨ੍ਹਾਂ ਲਈ ਬਣਦਾ ਹੈ ਕਿ ਬਕਾਏ ਵਾਸਤੇ ਜਵਾਬ ਦੇਣ।

ਉਪਰੋਕਤ ਤੋਂ ਇਹ ਸਾਬਤ ਹੁੰਦਾ ਹੈ ਕਿ ਟੈਕਸਾਂ ਦੇ ਬਕਾਏ ਦੀ ਵਸੂਲੀ ਵਿਚ ਅਸਫਲਤਾ ਦਾ ਕਾਰਨ ਹੈ ਕਿ ਸਰਕਾਰ ਪਾਸੋਂ ਕਮੇਟੀ ਨੂੰ ਮੁਨਾਸਬ ਸਹਾਇਤਾ ਪ੍ਰਾਪਤ ਨਹੀਂ ਹੋਈ। ਜੇਕਰ ਨਿਯਮਿਤ ਰੂਪ ਵਿਚ ਬਿਨਾ ਦੇਰੀ ਤੋਂ ਤਹਿਸੀਲਦਾਰ ਨਿਯੁਕਤ ਹੁੰਦਾ ਰਹਿੰਦਾ ਤਾਂ ਬਕਾਏ ਵਾਲੀ ਸੂਚੀ ਹੁਣ ਤੋਂ ਕਿਤੇ ਘਟ ਹੋਣੀ ਸੀ। ਇਹ ਵਰਨਣ ਯੋਗ ਹੈ ਕਿ ਰੁ. 29,318/- ਜੋ ਚੁੰਗੀ ਦਾ ਬਕਾਇਆ ਵਿਖਾਇਆ ਗਿਆ ਹੈ, ਇਸ ਵਿਚੋਂ ਇਕ ਭਾਰੀ ਹਿਸਾ ਸਰਕਾਰੀ ਮਹਿਕਮਿਆਂ ਵਲੋਂ ਨਿਕਲਦਾ ਹੈ, ਜਿਸਦਾ ਕਿ ਵੇਰਵਾ ਨਿਮਨ ਦਿਤਾ ਜਾਂਦਾ ਹੈ :-

| ਨੰ: | ਮਹਿਕਮੇ ਦਾ ਨਾਂ | ਰਕਮ ਰੁਪਏ |
|---|---|---|
| (ੳ) | ਕਾਰਜਕਾਰੀ ਇੰਜੀਨੀਅਰ, ਜਲੰਧਰ ਪ੍ਰਾਂਤਿਕ ਉਪਖੰਡ, ਜਲੰਧਰ। | 5517.72 |
| (ਅ) | ਉਪ-ਮੰਡਲ ਅਧਿਕਾਰੀ, ਉਪ ਮੰਡਲ ਕਨਾਲ ਕਾਲੋਨੀ। | 195.13 |
| (ੲ) | ਕਾਰਜਕਾਰੀ ਇੰਜੀਨੀਅਰ, ਪੰਜਾਬ ਰਾਜ ਬਿਜਲੀ ਵਿਭਾਗ, ਜਲੰਧਰ। | 333.[illegible]3 |
| (ਸ) | ਉਪਰੋਕਤ | 24.28 |
| (ਹ) | ਆਬਕਾਰੀ ਤੇ ਕਰ ਅਧਿਕਾਰੀ, ਜਲੰਧਰ। | 661.06 |
| (ਕ) | ਫੂਡ ਅਤੇ ਸਪਲਾਈ ਕੰਟਰੋਲਰ | 128.71 |
| (ਖ) | ਇੰਸਪੈਕਟਰ, ਨਾਪ ਤੋਲ ਜਲੰਧਰ। | 17.19 |
| | ਜੋੜ | 6[illegible]77.82 |

Original with;
Punjab Vidhan Sabha
Digitized by;
Panjab Digital Library

ਕਮੇਟੀ ਬਹੁਤ ਦਫਾ ਸਰਕਾਰ ਨੂੰ ਬੇਨਤੀ ਕਰ ਚੁਕੀ ਹੈ ਕਿ ਸਬੰਧਤ ਮਹਿਕਮਿਆਂ ਨੂੰ ਬਕਾਏ ਦੀ ਵਸੂਲੀ ਵਾਸਤੇ ਹਦਾਇਤ ਕੀਤੀ ਜਾਵੇ । ਇਥੋਂ ਤੱਕ ਕਿ ਸਹਾਇਕ ਕੁਲੈਕਟਰ ਵੀ ਇਨ੍ਹਾਂ ਪਾਸੋਂ ਵਸੂਲੀ ਕਰਨ ਵਿਚ ਨਾ-ਕਾਮਯਾਬ ਰਹੇ । ਇਹ ਵੀ ਲਿਖਣ ਯੋਗ ਹੈ ਕਿ ਚੁੰਗੀ ਦਾ ਬਕਾਇਆ ਹੋਣ ਦਾ ਕਾਰਨ ਹੈ ਕਿ ਪੰਜਾਬ ਮਿਊਂਸਪਲ ਅਕਾਂਊਟ ਕੋਡ ਦੇ ਨਿਯਮ ਵੀ. 18 (ਸੀ) ਅਨੁਸਾਰ ਸਰਕਾਰੀ ਮਹਿਕਮਿਆਂ ਪਾਸੋਂ ਚੁੰਗੀ ਲੈਣ ਦਾ ਖਾਸ ਤਰੀਕਾ ਹੈ ਅਤੇ ਇਨ੍ਹਾਂ ਪਾਸੋਂ ਚੁੰਗੀ ਪੋਸਟ ਤੇ ਵਸੂਲੀ ਤੋਂ ਛੁਟ ਹੈ । ਜੇਕਰ ਸਰਕਾਰੀ ਵਿਭਾਗਾਂ ਨੂੰ ਇਹ ਰਿਆਇਤ ਨਾ ਦਿਤੀ ਗਈ ਹੋਵੇ ਤਾਂ ਚੁੰਗੀ ਦੇ ਬਕਾਏ ਐਨੇ ਨਹੀਂ ਹੋ ਸਕਦੇ । ਅਸਚਰਜ ਹੈ ਕਿ ਸਰਕਾਰ ਨੇ ਇਨ੍ਹਾਂ ਬਾਕੀ-ਦਾਰ ਵਿਭਾਗਾਂ ਦੇ ਖਿਲਾਫ ਕਾਰਵਾਈ ਕਰਨ ਦੀ ਬਜਾਏ ਨਗਰ ਪਾਲਕਾ ਤੇ ਇਹ ਦੋਸ਼ ਲਗਾਇਆ ਹੈ ਜਿਹੜੀ ਕਿ ਪਹਿਲਾਂ ਹੀ ਇਨ੍ਹਾਂ ਵਿਭਾਗਾਂ ਨੂੰ ਪ੍ਰਾਪਤ ਰਿਆਇਤ ਦੀ ਸ਼ਿਕਾਰ ਹੈ । ਚੁੰਗੀ ਦਾ ਬਾਕੀ ਬਕਾਇਆ ਰਾਹਦਾਰੀਆਂ ਦੇ ਕਾਰਨ ਹੈ ਜਿਹੜੇ ਕਿ ਨਿਰਯਾਤ ਚੁੰਗੀ ਤੇ ਪੇਸ਼ ਨਹੀਂ ਕੀਤੇ ਗਏ । ਹਰ ਕੇਸ ਬਾਰੇ ਜਾਂਚ ਕੀਤੀ ਜਾ ਰਹੀ ਹੈ ਕਿ ਆਇਆ ਉਹ ਚੀਜ਼ਾਂ ਵਾਸਤਵ ਵਿਚ ਕਮੇਟੀ ਦੀ ਹਦੂਦ ਤੋਂ ਬਾਹਰ ਗਈਆਂ ਹਨ । ਇਸ ਸਭ ਕੁਛ ਦੇ ਬਾਵਜੂਦ ਵੀ ਚੁੰਗੀ ਤੋਂ ਹੋਣ ਵਾਲੀ ਆਮਦਨ ਦੇ ਮੁਕਾਬਲੇ ਇਹ ਬਕਾਇਆ ਬਹੁਤ ਮਾਮੂਲੀ ਹੈ ।

ਇਹ ਲਿਖਣਾ ਮਹੱਤਵਪੂਰਣ ਹੈ ਕਿ ਕੋਈ ਵੀ ਸਰਕਾਰੀ ਵਿਭਾਗ ਐਸਾ ਨਹੀਂ ਜਿਥੇ ਟੈਕਸਾਂ ਦੇ ਬਕਾਏ ਨਾ ਹੋਣ । ਇਥੇ ਤੀਕ ਕਿ ਇਸ ਕਮੇਟੀ ਵਿਚ ਵੀ ਟੈਕਸਾਂ ਦੇ ਬਕਾਏ ਹਮੇਸ਼ਾਂ ਚਲਦੇ ਆਏ ਹਨ, ਜਿਵੇਂ ਕਿ ਹੇਠ ਸੰਕੇਤ ਕੀਤਾ ਗਿਆ ਹੈ :

| ਸਾਲ | ਚੁੰਗੀ | ਹਾਊਸ ਟੈਕਸ | ਸ਼ੋ ਟੈਕਸ |
|---|---|---|---|
| | ਰੁ. | ਰੁ. | ਰੁ. |
| 1964-65 | 25,849.46 | 5,42,908.12 | 2,904.00 |
| 1965-66 | 26,742.64 | 6,16,986.75 | 2,798.00 |
| 1966-67 | 30,759.03 | 7,22,989.12 | 2 99).00 |
| 1967-68 | 29,318.98 | 7,03,103.67 | 3,732.00 |

ਇਸ ਗਲ ਦੀ ਸਮਝ ਨਹੀਂ ਆਈ ਕਿ ਬਕਾਏ ਹੋਣ ਦੇ ਕਾਰਨ ਅਜਿਹੀ ਕਾਰਵਾਈ ਪਿਛਲੇ ਸਾਲਾਂ ਵਿਚ ਕਿਉਂ ਨਹੀਂ ਕੀਤੀ ਗਈ । ਕਮੇਟੀ ਇਹ ਮਹਿਸੂਸ ਕਰਦੀ ਹੈ ਕਿ ਬਕਾਇਆਂ ਬਾਰੇ ਸਰਕਾਰ ਨੇ ਪਹਿਲਾਂ ਕਦੀ ਵੀ ਗੰਭੀਰਤਾ ਨਹੀਂ ਵਿਖਾਈ ਅਤੇ ਇਹ ਦੋਸ਼ ਸਿਰਫ ਇਲਜ਼ਾਮਾ ਦੀ ਸੂਚੀ ਵਿਚ ਸੰਖਿਆ ਵਧਾਨ ਲਈ ਲਿਖਿਆ ਗਿਆ ਹੈ । ਪਿਛਲੇ ਸਾਲਾਂ ਤੋਂ ਬਕਾਏ ਦਾ ਚਲਦੇ ਆਉਣਾ ਅਸਲ ਵਿਚ ਤਾਂ ਸਰਕਾਰ ਦੀ ਤਹਿਸੀਲਦਾਰ ਦੀ ਜਲਦ-ਜਲਦ ਬਦਲੀ ਕਰਨ, ਉਸਦੀ ਥਾਂ ਦੇਰੀ ਨਾਲ ਵਿਅੱਕਤੀ ਭੇਜਣ ਅਤੇ ਫੇਰ ਉਸ ਨੂੰ ਅਖਤਿਆਰ ਦੇਣ ਵਿਚ ਦੇਰੀ ਕਰਨ, ਦਾ ਕਾਰਨ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(iii) ਇਸ ਪਹਿਰੇ ਵਿਚ ਲਗਾਏ ਇਲਜ਼ਾਮ ਗਲਤ ਹਨ ਅਤੇ ਇਨ੍ਹਾਂ ਦੀ ਗਲਤ ਢੰਗ ਨਾਲ ਹੀ ਵਿਆਖਿਆ ਕੀਤੀ ਗਈ ਹੈ । ਕਮੇਟ ਨੂੰ ਭਾਰਤ ਦੇ ਸੰਵੀਧਾਨ ਅਨੁਸਾਰ ਲੋਕ ਰਾਜੀ ਬਣਤਰ ਦਾ ਇਕ ਹਿਸਾ ਮੰਨਿਆ ਗਿਆ ਹੈ । ਇਸ ਨਿਗਮ ਸੰਸਥਾ ਦੇ ਮੈਂਬਰ ਨੂੰ ਹਰ ਆਈਟਮ ਜਿਹੜੀ ਉਨ੍ਹਾਂ ਦੇ ਸਾਹਮਣੇ ਹੈ, ਬਾਰੀਕੀ ਨਾਲ ਵਿਚਾਰ ਕਰਨ ਤੇ ਭਾਸ਼ਣ ਕਰਨ ਦਾ ਅਧਿਕਾਰ ਹੈ । ਇਹ ਇਲਜ਼ਾਮ ਕਿ ਤਿੰਨ ਆਈਟਮਾਂ ਦੇ ਫੈਸਲੇ ਵਾਸਤੇ ਢਾਈ ਘੰਟੇ ਦਾ ਸਮਾਂ ਲਗਿਆ ਹੈ, ਇਸ ਨੂੰ ਨਗਰ ਪਾਲਕਾ ਦੀ ਅਸਮਰਥਤਾ ਦਾ ਦੋਸ਼ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਕਿਸੇ ਆਈਟਮ ਤੇ ਵਿਚਾਰ ਕਰਨ ਲਈ ਕਾਫੀ ਸਮੇਂ ਦੀ ਲੋੜ ਹੁੰਦੀ ਹੈ । ਹਰੇਕ ਆਈਟਮ ਤੇ ਵਿਸਤਰਤ ਵਿਚਾਰ ਦੀ ਲੋੜ ਹੁੰਦੀ ਹੈ ਅਤੇ ਅਸਲੀ ਚੀਜ਼ ਤਾਂ ਫੈਸਲਾ ਹੁੰਦਾ ਹੈ, ਨਾ ਕਿ ਫੈਸਲਾਂ ਕਰਨ ਵਿਚ ਖਰਚ ਹੋਇਆ ਸਮਾਂ ।

ਇਹ ਨਹੀਂ ਮੰਨਿਆ ਜਾਂਦਾ ਕਿ ਮੀਟਿੰਗ ਰਾਊਡੀ (rowdy) ਹੋ ਗਈ ਸੀ । ਵਾਸਤਵ ਵਿਚ ਕੁਛ ਵਿਰੋਧੀ ਦਲ ਦੇ ਮੈਂਬਰਾਂ ਨੇ ਚਿਲਾਂਣਾ ਸ਼ੁਰੂ ਕਰ ਦਿਤਾ ਸੀ, ਜਿਸਦੇ ਨਾਲ ਕਿ ਅੱਗੇ ਕਾਰਵਾਈ ਚਲਾਉਣਾ ਸੰਭਵ ਨਹੀਂ ਸੀ । ਪਰੇਖਕ ਦੇ ਰਿਪੋਰਟ ਦੀ ਕਾਪੀ ਇਸ ਦੋਸ਼ ਨਾਲ ਨਹੀਂ ਦਿਤੀ ਗਈ । ਇਹ ਜਾਪਦਾ ਹੈ ਕਿ ਪ੍ਰੇਖਕ ਨੇ ਉਨ੍ਹਾਂ ਮੈਂਬਰਾਂ ਬਾਰੇ ਜਿਨ੍ਹਾਂ ਨੇ ਖੱਪ ਵਾਲੇ ਹਾਲਾਤ ਪੈਦਾ ਕੀਤੇ, ਰਿਪੋਰਟ ਕਰਨ ਦੀ ਬਜਾਏ ਉਨ੍ਹਾਂ ਕੁਝ ਵੀ ਕਾਰਵਾਈ ਵਾਸਤੇ ਬਾਕੀ ਕਮੇਟੀ ਨੂੰ ਜ਼ਿਮੇਦਾਰ ਠਹਿਰਾਇਆ ਹੈ । ਕੁਝ ਮੈਂਬਰਾਂ ਦੇ ਵਤੀਰੇ ਤੇ ਇਕ ਸੰਸਥਾ ਦੀ ਨਿੰਦਾ ਨਹੀਂ ਕੀਤੀ ਜਾ ਸਕਦੀ । ਇਹ ਲਿਖ ਦਿਤਾ ਜਾਂਦਾ ਹੈ ਕਿ ਪੁਰਾਤਣ ਵਿਚ ਵੀ ਵਿਰੋਧੀ ਦਲ ਦੇ ਕੁਝ ਮੈਂਬਰ ਬੁਰਾ ਵਤੀਰਾ ਅਪਣਾਉਂਦੇ ਰਹੇ ਹਨ । ਅਤੇ ਬੈਠਕ ਵਿਚ ਖੱਪ ਵਾਲੇ ਹਾਲਾਤ ਪੈਦਾ ਕਰਦੇ ਆਏ ਹਨ । ਵਿਰੋਧੀ ਦਲ ਦੇ ਕੁਝ ਮੈਂਬਰਾਂ ਦੇ ਵਤੀਰੇ ਨੂੰ ਵੇਖਦੇ ਹੋਏ ਹੀ ਪਰਧਾਨ, ਨਗਰ ਪਾਲਕਾ, ਨੇ ਡਿਪਟੀ ਕਮਿਸ਼ਨਰ ਨੂੰ ਕਮੇਟੀ ਦੀਆਂ ਬੈਠਕਾਂ ਵਿਚ ਪਰੇਖਕ ਭੇਜਣ ਲਈ ਪਰਾਰਥਨਾ ਕੀਤੀ ਸੀ ।

ਇਸ ਗਲ ਦਾ ਦੁਖ ਹੈ ਕਿ ਪ੍ਰੇਖਕ ਨੇ ਅਸਲੀਅਤ ਪ੍ਰਗਟ ਨਹੀਂ ਕੀਤੀ । ਪ੍ਰੇਖਕ ਦੀ ਰਿਪੋਰਟ ਦੀ ਕਾਪੀ ਸ਼ੋ ਕਾਜ਼ ਨੋਟਿਸ ਨਾਲ ਕਮੇਟੀ ਨੂੰ ਭੇਜੀ ਨਹੀਂ ਗਈ । ਇਸ ਕਾਰਨ ਇਸ ਇਲਜ਼ਾਮ ਬਾਰੇ ਹੋਰ ਕੁਝ ਕਹਿਣ ਤੋਂ ਕਮੇਟੀ ਅਸਮਰੱਥ ਹੈ ।

ਜਾਪਦਾ ਹੈ ਕਿ ਪ੍ਰੇਖਕ ਦੀ ਰਿਪੋਰਟ ਸਹੀ ਤੱਥਾਂ ਤੇ ਆਧਾਰਤ ਨਹੀ ਹੈ ਜਿਵੇਂ ਕਿਪ੍ਰੇਖਕ ਦੀ ਰਿਪੋਰਟ ਦਾ ਇਸ ਪਹਿਰੇ ਵਿਚ ਜ਼ਿਕਰ ਹੈ ਕਿ ਹਵਾਲੇ ਤਹਿਤ ਮੀਟਿੰਗ (ਮਿਤੀ 16.8.1968) ਦੀ ਪਰਧਾਨਤਾ ਪਰਧਾਨ ਨੇ ਕੀਤੀ ਜਦ ਕਿ ਇਸ ਮੀਟਿੰਗ ਦੀ ਪਰਧਾਨਗੀ ਉਪ-ਪਰਧਾਨ ਨੇ ਕੀਤੀ ਸੀ । ਪਰਧਾਨ ਤਾਂ ਉਸ ਦਿਨ ਹਾਜ਼ਰ ਵੀ ਨਹੀਂ ਸੀ ।

(2) ਕਾਨੂੰਨਣ ਡਿਊਟੀਆਂ ਨਿਭਾਣ ਵਿਚ ਲਗਾਤਾਰ ਕੋਤਾਹੀ

ਇਹ ਇਲਜ਼ਾਮ ਕਿ ਨਗਰ ਪਾਲਕਾ ਦੀ ਮਾਲੀ ਹਾਲਤ ਬਹੁਤ ਨਾ-ਸੰਤੋਸ਼ਜਨਕ ਹੈ, ਗਲਤ ਹੈ ਅਤੇ ਤੱਥਾਂ ਤੇ ਆਧਾਰਤ ਨਹੀਂ । ਇਹ ਵੀ ਗਲਤ ਹੈ ਕਿ ਨਗਰ ਪਾਲਕਾ ਦਾ ਸਾਲ 1967-68 ਦਾ ਅੰਤਿਮ ਬਾਕੀ 71,184/- ਰੁਪਏ ਸੀ । ਜਾਪਦਾ ਹੈ ਕਿ ਇਹ ਦੋਸ਼ ਲਗਾਉਣ ਤੋਂ

Original with;
Punjab Vidhan Sabha
Digitized by;
Panjab Digital Library

ਪਹਿਲਾਂ ਸਹਕਾਰ ਨੇ ਸਹੀ ਤੱਥਾਂ ਵੱਲ ਧਿਆਨ ਨਹੀਂ ਦਿਤਾ । ਸਾਲ 1967-68 ਦੇ ਬਜਟ ਅਨੁਮਾਨ ਵਿਚ 22,943/-ਰੁਪਏ ਦਾ ਅੰਤਿਮ ਬਾਕੀ ਰੱਖਿਆ ਗਿਆ ਸੀ । ਸਾਲ 1968-69 ਦੇ ਬੱਜਟ ਵਿਚ ਰੁਪਏ 4,31,880/- ਦੀ ਮੁਢਲੀ ਬਾਕੀ ਰੱਖੀ ਗਈ ਸੀ । ਮਗਰ ਕਮੇਟੀ ਇਸ ਮੁੱਢਲੀ ਬਾਕੀ ਨੂੰ ਰਖ ਨਾ ਸਕੀ ਕਿਉਂਕਿ ਫਰਵਰੀ ਅਤੇ ਮਾਰਚ, 1968, ਦੇ ਮਹੀਨੇ ਨਗਰ ਪਾਲਕਾ ਨੂੰ 2,02, 925/- ਰੁਪਏ ਦੀ ਰਕਮ ਮਹਿੰਗਾਈ ਭੱਤੇ ਦੇ ਬਕਏ ਵਜੋਂ ਆਪਣੇ ਕਰਮ-ਚਾਰੀਆਂ ਨੂੰ ਦੇਣੀ ਪਈ । ਇਸ ਅਦਾਇਗੀ ਦੀ ਜ਼ਰੂਰਤ ਇਸ ਕਰਕੇ ਪਈ ਕਿਉਂਕਿ ਮਹਿੰਗਾਈ ਭੱਤਾ ਵਧਾਉਣ ਵਾਲੇ ਹੁਕਮ ਸਥਾਨਕ ਸੰਸਥਾਵਾਂ ਤੇ ਵੀ ਲਾਗੂ ਸਨ ਅਤੇ ਇਹ ਹੁਕਮ ਉਸ ਵਕਤ ਕਮੇਟੀ ਪਾਸ ਆਏ ਜਦੋਂ ਕਿ ਕਮੇਟੀ ਆਪਣਾ ਬਜਟ ਸਰਕਾਰ ਨੂੰ ਮਨਜ਼ੂਰੀ ਵਾਸਤੇ ਭੇਜ ਚੁਕੀ ਸੀ । ਸਰਕਾਰ ਨੇ ਨਗਰ ਪਾਲਕਾ ਦੀਆਂ ਕਠਨਾਈਆਂ ਬਾਰੇ ਕਦੇ ਨਹੀਂ ਸੋਚਿਆ ਸਗੋਂ ਕਮੇਟੀ ਨੂੰ ਬਿਨਾ ਮੁਆਵਜ਼ਾ ਜਾਂ ਸਹਾਇਤਾ ਦਿਤੇ ਅਦਾਇਗੀਆਂ ਕਰਨ ਵਾਸਤੇ ਮਜਬੂਰ ਕੀਤਾ ਹੈ । ਜੇਕਰ ਇਹ ਮਹਿੰਗਾਈ ਭੱਤਾ ਵਧਾਇਆ ਨਾ ਜਾਂਦਾ, ਜਾਂ ਫ਼ੇਰ ਸਰਕਾਰ ਕਮੇਟੀ ਨੂੰ ਸਹਾਇਤਾ ਦੇ ਦਿੰਦੀ, ਤਾਂ ਕਮੇਟੀ ਦੀ ਮਾਲੀ ਹਾਲਤ ਨੂੰ ਧੱਕਾ ਨਾ ਪਹੁੰਚਦਾ । ਹੁਣ ਤੱਕ ਕਮੇਟੀ ਆਪਣੀ ਮਾਲੀ ਹਾਲਤ ਸਵਾਰ ਚੁਕੀ ਹੈ ਅਤੇ ਮਿਤੀ 30.9.1968 ਨੂੰ ਇਸ ਪਾਸ 5,23,290.93 ਰੁਪਏ ਨਕਦੀ ਸਨ ।

ਇਹ ਇਲਜ਼ਾਮ ਕਿ ਨਗਰ ਪਾਲਕਾ ਆਪਣੀ ਆਮਦਨ ਵਧਾਉਣ ਵਿਚ ਸੰਕੋਚਸ਼ੀਲ ਰਹੀ ਹੈ, ਗਲਤ ਹੈ । ਕਮੇਟੀ ਹਮੇਸ਼ਾਂ ਆਪਣੀ ਆਮਦਨ ਵਧਾਉਣ ਵਾਸਤੇ ਸੱਚੀ ਤਰ੍ਹਾਂ ਅਤੇ ਜ਼ੋਰਦਾਰ ਯਤਨ ਕਰਦੀ ਆਈ ਹੈ । ਨਗਰ ਪਾਲਕਾ ਸਰਕਾਰ ਦੀ ਇਸ ਤਜ਼ਵੀਜ ਨਾਲ ਸਹਿਮਤ ਨਹੀਂ ਸੀ ਕਿ ਚੁੰਗੀ ਦੇ ਮੌਜੂਦਾ ਰੇਟ ਤੇ 25 ਫੀ ਸਦੀ ਸਰਚਾਰਜ ਲਗਾਇਆ ਜਾਵੇ ਕਿਉਂਕਿ ਚਾਲੂ ਰੇਟ ਕਾਫੀ ਜ਼ਿਆਦਾ ਹਨ ।

ਕਮੇਟੀ ਸਰਕਾਰ ਦੀ ਧੰਨਵਾਦੀ ਹੈ ਕਿ ਉਨ੍ਹਾਂ ਨੂੰ ਕਮੇਟੀ ਦੀ ਮਾਲੀ ਹਾਲਤ ਵੇਖਣ ਦਾ ਧਿਆਨ ਆਇਆ, ਮਗਰ ਕਮੇਟੀ ਨੂੰ ਇਸ ਗਲ ਦਾ ਰੋਸ਼ ਹੈ ਕਿ ਸਰਕਾਰ ਦਾ ਹਮਦਰਦੀ ਕਰਨ ਦਾ ਤਰੀਕਾ ਬੜਾ ਗਲਤ ਹੈ ਅਤੇ ਕਮੇਟੀ ਦੇ ਹਿਤ ਵਿਚ ਨਹੀਂ । ਪੰਜਾਬ ਸਰਕਾਰ ਕਮੇਟੀ ਦੀ ਰਾਏ ਤੋਂ ਬਿਨਾ ਹੀ ਕਈ ਕਰਾਂ ਵਿਚ ਕਟੌਤੀ ਕਰਦੀ ਆ ਰਹੀ ਹੈ ਅਤੇ ਕਈ ਆਈਟਮਾਂ ਤੇ ਚੁੰਗੀ ਤੋਂ ਮੁਆਫ਼ੀ ਦਿੰਦੀ ਆ ਰਹੀ ਹੈ ਅਤੇ ਇਸ ਗਲ ਨੂੰ ਵੀ ਬਿਨਾ ਵਿਚਾਰੇ ਕਿ ਇਸ ਨਾਲ ਕਮੇਟੀ ਦੀ ਮਾਲੀ ਹਾਲਤ ਨੂੰ ਸੱਟ ਪਹੁੰਚੇਗੀ । ਅਜਿਹੇ ਭਿੰਨ ਕੇਸਾਂ ਦੇ ਉਦਾਹਰਣ ਹੇਠਾਂ ਦੱਸੇ ਜਾਂਦੇ ਹਨ :

ੳ(1) ਸਰਕਾਰ ਨੇ ਆਪਣੇ ਨੋਟੀਫਿਕੇਸ਼ਨ ਨੰ: 10577-ਸੀ 1( 4 ਸੀ 1) 60/ 66079, ਮਿਤੀ 9.12.60 ਰਾਹੀਂ ਸਰਕਾਰ ਨੇ, ਬਿਨਾ ਕੋਈ ਕਾਰਨ ਦਿਤੇ ਅਤੇ ਬਿਨਾ ਇਸ ਗਲ ਦਾ ਧਿਆਨ ਰਖੇ ਕਿ ਇੰਜ ਕਰਨ ਨਾਲ ਨਗਰ ਪਾਲਕਾ ਦੀ ਮਾਲੀ ਹਾਲਾਤ ਨੂੰ ਧੱਕਾ ਪਹੁੰਚੇਗਾ, ਫੂਡ ਗਰੇਨਜ਼ ਤੇ ਚੁੰਗੀ ਦੀ ਮੁਆਫੀ ਕਰ ਦਿਤੀ । ਸਰਕਾਰ ਦੀ ਇਸ ਇਕ ਪੱਖੀ ਕਾਰਵਾਈ ਨਾਲ ਕਮੇਟੀ ਨੂੰ ਚਾਰ ਲੱਖ ਰੁਪਏ ਸਾਲਾਨਾ ਨੁਕਸਾਨ ਪਹੁੰਚਿਆ । ਕਮੇਟੀ ਨੇ ਆਪਣੀ ਮਾਲੀ ਹਾਲਤ ਸੁਧਾਰਨ ਅਤੇ ਆਮਦਨ ਵਧਾਉਣ ਲਈ ਮਤਾ ਨੰ: 6 ਮਿਤੀ 16.3.68

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਰਹੀਂ ਸਰਕਾਰ ਨੂੰ ਦੁਬਾਰਾ ਫੂਡ ਗਰੇਨਜ਼ ਤੇ ਚੁੰਗੀ ਲਗਾਉਣ ਦੀ ਬੇਨਤੀ ਕੀਤੀ । ਕਮੇਟੀ ਦਾ ਮਤਾ ਚਿੱਠੀ ਨੰ: 5662/ਜੀ, ਮਿਤੀ 21.3.68 ਰਾਹੀਂ ਸਰਕਾਰ ਨੂੰ ਭੇਜਿਆ ਜਾ ਚੁਕਾ ਹੈ, ਜਿਸਦਾ ਹਾਲੇ ਤੱਕ ਕੋਈ ਜਵਾਬ ਨਹੀਂ ਆਇਆ ।

(ii) ਸਰਕਾਰ ਨੇ ਆਪਣੇ ਨੋਟੀਫ਼ੀਕੇਸ਼ਨ ਨੰ: 5452-2 ਸੀ (4 ਸੀ 1) 63 27292, ਮਿਤੀ 1.8.63 ਰਾਹੀਂ ਅੰਡੇ ਕੁੱਕੜ ਆਦਿ ਅਤੇ ਮੁਰਗੀ ਦਾਣਾ ਤੇ ਚੁੰਗੀ ਦੀ ਮੁਆਫ਼ੀ ਕੀਤੀ ਹੈ ।

(iii) ਸਰਕਾਰ ਨੇ ਆਪਣੇ ਨੋਟੀਫਿਕੇਸ਼ਨ ਨੰ: 5170-ਸੀ (4 ਸੀ1) 60/27757, ਮਿਤੀ 16.8.63 ਰਾਹੀਂ ਕੁਝ ਡੇਰੀ ਫਾਰਮਾਂ ਦੇ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਨੂੰ ਜਦੋਂ ਕਿ ਉਹ ਇਸ ਸ਼ਹਿਰ ਵਿੱਚ ਲਿਆਏ ਜਾਣ ਚੁੰਗੀ ਤੋਂ ਮੁਆਫੀ ਕੀਤੀ ਹੈ ।

(ਅ) ਸਰਕਾਰ ਨੇ ਸਟੀਲ ਗੁਡਸ ਤੇ ਚੁੰਗੀ ਦੀ ਦਰ ਰੁ. 5.70 ਪੈਸੇ ਪਰਤੀ ਕਵਿੰਟਲ ਤੋਂ ਘਟਾ ਕੇ ਰੁ. 1-75 ਪੈਸੇ ਪ੍ਰਤੀ ਕਵਿੰਟਲ ਕਰ ਦਿਤੀ ਹੈ, ਜਿਸ ਨਾਲ ਕਿ ਨਗਰ ਪਾਲਕਾ ਦੀ ਆਮਦਨ ਤੇ ਬੁਰੀ ਤਰ੍ਹਾਂ ਅਸਰ ਪਿਆ ਹੈ ।

(ੲ) ਸ਼ਰਾਬ ਦੇ ਠੇਕੇ ਨੀਲਾਮ ਕਰਨੇ ਵਾਲੀ ਸਰਕਾਰ ਦੀ ਪਾਲਸੀ ਇਸ ਤਰੀਕੇ ਨਾਲ ਬਣਾਈ ਹੋਈ ਹੈ ਜਿਸ ਨਾਲ ਕਿ ਸਿਰਫ ਸਰਕਾਰ ਨੇ ਆਪਣੇ ਹਿਤ ਨੂੰ ਹੀ ਧਿਆਨ ਵਿੱਚ ਰਖਿਆ ਹੈ। ਸਰਕਾਰ ਦੀ ਇਸ ਪਾਲਸੀ ਨੇ ਕਮੇਟੀ ਦੀ ਆਮਦਨ ਤੇ ਬਹੁਤ ਬੁਰੀ ਤਰ੍ਹਾਂ ਅਸਰ ਪਾਇਆ ਹੈ । ਇਹ ਵੇਖ ਕੇ ਹੈਰਾਨਗੀ ਹੁੰਦੀ ਹੈ ਕਿ ਇਕ ਪਰੂਫ ਲਿਟਰ ਸ਼ਰਾਬ ਦੀ ਕੀਮਤ ਸਿਰਫ 0-64 ਪੈਸੇ ਹੈ, ਜਦ ਕਿ ਠੇਕੇਦਾਰ 10/- ਰੁ. ਪਰਤੀ ਬੋਤਲ ਦੇ ਵੇਚ ਰਹੇ ਹਨ । ਚੁੰਗੀ ਦਰ ਸਰਕਾਰ ਦੁਆਰਾ ਨੀਯਤ ਕੀਮਤ ਤੇ ਲਗਾਈ ਜਾਂਦੀ ਹੈ ਨਾ ਕਿ ਉਸ ਕੀਮਤ ਤੇ ਜਿਸ ਤੇ ਕਿ ਇਹ ਬਿਕਰੀ ਕੀਤੀ ਜਾਂਦੀ ਹੈ । ਕਮੇਟੀ ਇਹ ਮਹਿਸੂਸ ਕਰਦੀ ਹੈ ਕਿ ਸਰਕਾਰ ਦੀ ਇਹ ਪਾਲਸੀ ਨਾ ਕੇਵਲ ਸੁਆਰਥੀ ਹੈ ਬਲਕਿ ਗੈਰ-ਕਾਨੂੰਨੀ ਵੀ ਹੈ । ਚਿੱਠੀ ਨੰ: 848-/ਜੀ, ਮਿਤੀ 4.6.68 ਰਾਹੀਂ ਕਮੇਟੀ ਦੇ ਵਿਚਾਰ, ਸਕੱਤਰ, ਸਥਾਨਕ ਸਰਕਾਰ, ਪੰਜਾਬ, ਨੂੰ ਭੇਜੇ ਜਾ ਚੁਕੇ ਹਨ, ਮਗਰ ਹਾਲੇ ਤੱਕ ਕੋਈ ਜਵਾਬ ਨਹੀਂ ਆਇਆ ।

ਆਪਣੀ ਆਮਦਨ ਵਿਚ ਵਾਧਾ ਕਰਨ ਵਾਸਤੇ ਕਮੇਟੀ ਨੇ ਮਤਾ ਨੰ.1 ਮਿਤੀ 17.6.68 ਰਾਹੀਂ ਸ਼ਰਾਬ ਤੇ ਚੁੰਗੀ ਦੀ ਦਰ ਵਧਾਉਣ ਦਾ ਫੈਸਲਾ ਕੀਤਾ ਹੈ । ਇਹ ਤਜਵੀਜ਼ ਮਨਜ਼ੂਰੀ ਵਾਸਤੇ ਸਰਕਾਰ ਨੂੰ ਭਿਜਵਾਈ ਜਾ ਰਹੀ ਹੈ ।

ਉਪਰੋਕਤ ਵਰਨਣ ਇਸ ਗਲ ਦੀ ਪੁਸ਼ਟੀ ਕਰਦਾ ਹੈ ਕਿ ਹਮੇਸ਼ਾ ਹੀ ਕਮੇਟੀ ਆਪਣੀ ਆਮਦਨ ਵਧਾਉਣ ਲਈ ਯਤਨ ਕਰਦੀ ਆਈ ਹੈ ਤਾਂਕਿ ਜਿਥੇ ਤੱਕ ਸੰਭਵ ਹੈ ਸਹੂਲਤਾਂ ਪਰਦਾਨ ਕਰ ਸਕੇ । ਦੂਜੇ ਪਾਸੇ ਸਰਕਾਰ ਨੇ ਜਾਂ ਤਾਂ ਕਮੇਟੀ ਦੀਆਂ ਤਜਵੀਜ਼ਾਂ ਤੇ ਕੋਈ ਧਿਆਨ ਹੀ ਨਹੀਂ ਦਿਤਾ ਜਿਸ ਨਾਲ ਕਿ ਕਮੇਟੀ ਦੀ ਆਮਦਨ ਵਧ ਸਕਦੀ, ਜਾਂ ਫੇਰ ਸਰਕਾਰ ਨੇ ਇਕ ਤਰਫਾ ਫੈਸਲਾ ਕੀਤਾ ਜਿਸ ਨਾਲ ਕਿ ਕਮੇਟੀ ਦੀ ਮਾਲੀ ਹਾਲਤ ਤੇ ਬੁਰੀ ਤਰ੍ਹਾਂ ਅਸਰ ਪਿਆ । ਅਸਲ ਵਿਚ ਤਾਂ

Original with;
Punjab Vidhan Sabha
Digitized by;
Panjab Digital Library

ਸਰਕਾਰ ਚਾਹੁੰਦੀ ਹੈ ਕਿ ਕਮੇਟੀ ਸਰਕਾਰ ਦੀ ਇਛਾ ਅਤੇ ਪਸੰਦ ਮੁਤਾਬਕ ਚਲੇ ਤੇ ਕੰਮ ਕਰੇ। ਕਮੇਟੀ ਨੂੰ ਮੌਕਾ ਹੀ ਨਹੀਂ ਦਿਤਾ ਗਿਆ ਕਿ ਕਮੇਟੀ ਆਜ਼ਾਦੀ ਨਾਲ ਕੰਮ ਕਰੇ ਅਤੇ ਜਿਥੇ ਜਿਤ ਤਰ੍ਹਾਂ ਮੁਨਾਸਬ ਸਮਝੇ ਆਪਣੀ ਆਮਦਨ ਵਧਾਵੇ। ਕਮੇਟੀ ਤਾਂ ਇਹ ਵੀ ਚਾਹੁੰਦੀ ਹੈ ਕਿ ਸਰਕਾਰ ਮੋਟਰ ਵਹੀਕਲ ਐਕਟ ਦੇ ਤਹਿਤ ਅਤੇ ਮਨੋਰੰਜਨ ਟੈਕਸ ਦੀ ਆਮਦਨ ਵਿਚੋਂ ਕਮੇਟੀ ਨੂੰ ਹਿੱਸਾ ਦਿਤਾ ਜਾਵੇ ਜਦ ਕਿ ਸੜਕਾਂ ਦੀ ਦੇਖ ਭਾਲ ਅਤੇ ਸਿਨੇਮਾ ਘਰਾਂ ਦੇ ਏਰੀਆ ਅ ਦਿ ਦਾ ਕੰਮ ਕਮੇਟੀ ਕਰਦੀ ਹੈ। ਕਮੇਟੀ ਦੀਆਂ ਇਸ ਬਾਰੇ ਬੇਨਤੀਆਂ ਤੇ ਸਰਕਾਰ ਨੇ ਕਦੀ ਧਿਆਨ ਹੀ ਨਹੀਂ ਦਿਤਾ। ਇਸੇ ਤਰ੍ਹਾਂ ਮਿਊਂਸੀਪਲ ਹਦੂਦ ਵਿਚ ਆਉਂਦੀ ਕਾਸ਼ਤ ਵਾਲੀ ਜ਼ਮੀਨ ਦਾ ਮਾਲੀਆ ਕੋਈ ਹੋਰ ਮਹਿਕਮਾ ਲਿਜਾ ਰਿਹਾ ਹੈ ਜਦ ਕਿ ਮਿਊਂਸੀਪਲ ਹਦੂਦ ਵਿਚ ਪੈਂਦੀ ਜ਼ਮੀਨ ਦੇ ਮਾਲੀਏ ਦੀ ਕਾਨੂੰਨਣ ਕਮੇਟੀ ਹੱਕਦਾਰ ਹੈ ਅਤੇ ਇਸ ਬਾਰੇ ਨਗਰ ਪਾਲਕਾ ਦੀ ਬੇਨਤੀ ਹੈ ਜਿਹੜੀ ਪੱਤਰ ਨੰ: 1193/ਡੀ.ਸੀ. ਮਿਤੀ 20.1.66 ਤੋਂ ਕੀਤੀ ਜਾ ਰਹੀ ਹੈ ਹਾਲੇ ਤੱਕ ਕੋਈ ਧਿਆਨ ਨਹੀਂ ਦਿੱਤਾ ਗਿਆ।

ਉਪਰ ਦਿਤੇ ਗਏ ਤੱਥਾਂ ਨੂੰ ਧਿਆਨ ਵਿਚ ਰਖਦੇ ਹੋਏ ਕਮੇਟੀ ਦੀ ਰਾਏ ਵਿਚ ਜੇਕਰ ਸਰਕਾਰ ਨਗਰ ਪਾਲਕਾ ਦੀਆਂ ਇਨ੍ਹਾਂ ਤਜਵੀਜਾਂ, ਜਿਹੜੀਆਂ ਕਿ ਸਮੇਂ ਸਮੇਂ ਤੇ ਸਰਕਾਰ ਨੂੰ ਭੇਜੀਆਂ ਗਈਆਂ ਸਨ, ਪ੍ਰਵਾਨਗੀ ਦੇ ਦਿੰਦੀ ਤਾਂ 25 ਫੀ ਸਦੀ ਸਰਚਾਰਜ ਚੁੰਗੀ ਤੇ ਲਗਾਉਣ ਦੀ ਜ਼ਰੂਰਤ ਨਹੀਂ ਪੈਂਣੀ ਸੀ।

(3) ਅਖਤਿਆਰ ਤੋਂ ਬਾਹਿਰ ਜਾਣਾ।

ਇਹ ਇਲਜ਼ਾਮ ਕਿ ਪ੍ਰਧਾਨ ਅਤੇ ਉਪ-ਪ੍ਰਧਾਨ ਧਾਰਾ 35 ਦੀ ਵਰਤੋਂ ਵੈਸੇ ਹੀ ਕਰਦੇ ਰਹੇ ਹਨ ਚਾਹੇ ਇਨ੍ਹਾਂ ਕੇਸਾਂ ਵਿਚ ਇਸ ਧਾਰਾ ਦੀ ਵਰਤੋਂ ਕਰਨ ਦੀ ਕੋਈ ਜਰੂਰਤ ਜਾਂ ਉਚਿੱਤਤਾ ਨਹੀਂ ਸੀ, ਸਹੀ ਨਹੀਂ। ਪ੍ਰਧਾਨ ਅਤੇ ਉਪ ਪ੍ਰਧਾਨ ਨੇ ਧਾਰਾ 35 ਦੀ ਵਰਤੋਂ ਹਰ ਕੇਸ ਦੇ ਹਾਲਾਤ ਅਤੇ ਉਸ ਦੀ ਜ਼ਰੂਰਤ ਨੂੰ ਵੇਖਦੇ ਹੋਏ ਕੀਤੀ ਹੈ। ਇਸ ਅਖਤਿਆਰ ਦੀ ਵਰਤੋਂ ਕਰਨ ਵਾਲਾ ਅਧਿਕਾਰੀ ਹੀ ਅਜਿਹੇ ਹੁਕਮ ਪਾਸ ਕਰਨ ਵਿਚ ਹਾਲਾਤ ਨੂੰ ਸਹੀ ਪ੍ਰਕਾਰ ਸਮਝ ਸਕਦਾ ਹੈ। ਇਸ ਕਰਕੇ ਅਜਿਹੇ ਹੁਕਮ ਦੀਵਾਨੀ ਅਦਾਲਤ ਵਿਚ ਵੀ ਪੁਛੇ ਨਹੀਂ ਜਾ ਸਕਦੇ। ਪ੍ਰਧਾਨ ਅਤੇ ਉਪ-ਪ੍ਰਧਾਨ ਦੁਆਰਾ ਸਮੇਂ ਸਮੇਂ ਤੇ ਪਾਸ ਕੀਤੇ ਗਏ ਹੁਕਮ ਡਾਇਰੈਕਟਰ ਸਥਾਨਕ ਸਰਕਾਰ ਅਤੇ ਹੋਰ ਦੂਜੇ ਅਧਿਕਾਰੀਆਂ ਨੂੰ ਬਿਨਾ ਦੇਰੀ ਕੀਤੇ, ਸੂਚਤ ਕੀਤੇ ਗਏ।

ਸਰਕਾਰ ਜਾਂ ਡਾਇਰੈਕਟਰ ਨੇ ਸਰਕਾਰ ਦੀ ਤਰਫੋਂ, ਜਿਸ ਪਾਸ ਧਾਰਾ 232 ਪੰਜਾਬ ਮਿਊਂਸੀਪਲ ਐਕਟ, 1911, ਦੀਆਂ ਸ਼ਕਤੀਆਂ ਹਨ ਕਿਸੇ ਵੀ ਹੁਕਮ ਤੇ ਕਦੀ ਕੋਈ ਇਤਰਾਜ਼ ਨਹੀਂ ਕੀਤਾ। ਇਸ ਤੋਂ ਇਹ ਸਾਫ ਹੈ ਕਿ ਸਰਕਾਰ ਨੂੰ ਪ੍ਰਧਾਨ ਜਾਂ ਉਪ-ਪ੍ਰਧਾਨ ਦੁਆਰਾ ਧਾਰਾ 35 ਪੰਜਾਬ ਮਿਊਂਸੀਪਲ ਐਕਟ ਦੇ ਸ਼ਕਤੀ ਵਰਤਣ ਦਾ ਕਦੀ ਵੀ ਕੋਈ ਇਤਰਾਜ਼ ਨਹੀਂ ਹੋਇਆ ਅਤੇ ਸਰਕਾਰ ਨੇ ਇਨ੍ਹਾਂ ਹੁਕਮਾ ਨੂੰ ਸਹੀ ਅਤੇ ਠੀਕ ਸਮਝਿਆ। ਦੋਸ਼ ਇਕ ਆਮ ਕਰਕੇ ਹੈ। ਐਸਾ ਕੋਈ ਉਦਾਹਰਣ ਨਹੀਂ ਦਿਤਾ ਗਿਆ ਹੈ ਜਿਸ ਵਿੱਚ ਕਿ ਧਾਰਾ 35 ਵਿਚ ਦਿਤੇ ਗਏ ਹਾਲਾਤ ਅਨੁਸਾਰ ਬਿਨਾ ਜ਼ਰੂਰਤ ਅਤੇ ਹਾਲਾਤ ਦੇ ਇਸ ਸ਼ਕਤੀ ਦੀ ਵਰਤੋਂ ਕੀਤੀ ਗਈ ਹੋਵੇ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(4) ਅਖਤਿਆਰ ਦੀ ਗਲਤ ਵਰਤੋਂ

ਇਸ ਪਹਿਰੇ ਵਿਚ ਲਗਾਇਆ ਗਿਆ ਦੋਸ਼ ਕਿ ਇਹ ਤਖਮੀਨੇ ਠੇਕੇਦਾਰਾਂ ਨੂੰ ਫਾਇਦਾ ਪਹੁੰਚਾਉਣ ਵਾਸਤੇ ਸੋਧੇ ਗਏ ਸਨ, ਅਸਲੀਅਤ ਤੇ ਆਧਾਰਤ ਨਹੀਂ ਹਨ । ਇਨ੍ਹਾਂ ਤਖਮੀਨਿਆਂ ਦਾ ਸੋਧ ਕਰਨ ਵਕਤ ਕਮੇਟੀ ਦਾ ਮਕਸਦ ਕਿ ਸ਼ਹਿਰੀਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਪਹੁੰਚਾਉਣ ਦਾ ਸੀ । ਇਨ੍ਹਾਂ ਤਖਮੀਨਿਆਂ ਦੇ ਸੋਧਨ ਨਾਲ ਕਮੇਟੀ ਨੂੰ ਕੋਈ ਨੁਕਸਾਨ ਨਹੀਂ ਹੋਇਆ ਅਤੇ ਨਾਂ ਹੀ ਠੇਕੇਦਾਰਾਂ ਨੂੰ ਕੋਈ ਫਾਇਦਾ ਪਹੁੰਚਿਆ ਹੈ । ਇਨ੍ਹਾਂ ਤਖਮੀਨਿਆਂ ਦੀਆਂ ਫਾਈਲਾਂ ਸਰਕਾਰ ਨੇ ਮਈ, 1968 ਵਿਚ ਮੰਗਾ ਲਈਆਂ ਸਨ ਅਤੇ ਬਾਰ ਬਾਰ ਇਨ੍ਹਾਂ ਫਾਈਲਾਂ ਦੇ ਮੰਗਣ ਤੇ ਫਾਈਲਾਂ ਵਾਪਿਸ ਨਹੀਂ ਭੇਜੀਆਂ ਗਈਆਂ । ਜੇਕਰ ਇਹ ਫ਼ਾਈਲਾਂ ਨਗਰ ਪਾਲਕਾ ਨੂੰ ਵਾਪਸ ਕੀਤੀਆਂ ਜਾਂਦੀਆਂ ਤਾਂ ਹਰੇਕ ਕੇਸ ਨੂੰ ਤਫਸੀਲ ਵਿਚ ਸਮਝਿਆ ਜਾ ਸਕਦਾ ਸੀ । ਨਗਰ ਪਾਲਕਾ ਇਹ ਵੀ ਕਹਿਣਾ ਚਾਹੁੰਦੀ ਹੈ ਕਿ ਇਨ੍ਹਾਂ ਫਾਈਲਾਂ ਦੇ ਇਤਨੀ ਦੇਰ ਸਰਕਾਰ ਕੋਲ ਰਹਿਣ ਨਾਲ ਕਮੇਟੀ ਨੂੰ ਔਕੜ ਦਾ ਸਾਹਮਣਾ ਹੀ ਨਹੀਂ ਕਰਨਾ ਪਿਆ ਬਲਕਿ ਲੋਕਾਂ ਨੂੰ ਵਧੇਰੀ ਸਹੂਲਤਾਂ ਮਿਲਣ ਤੋਂ ਵੀ ਮਹਿਰੂਮ ਕੀਤਾ ਗਿਆ ਹੈ । ਇਨ੍ਹਾਂ ਫਾਈਲਾਂ ਦੇ ਰੋਕਣ ਨਾਲ ਅਤੇ ਨਗਰ ਪਾਲਕਾ ਨੂੰ ਨਾ ਭੇਜਣ ਨਾਲ ਨਗਰ ਪਾਲਕਾ ਨੂੰ ਇਸ ਦੋਸ਼ ਨੂੰ ਹੋਰ ਚੰਗੀ ਤਰ੍ਹਾਂ ਸਮਝਾਉਣ ਵਾਸਤੇ ਦਰੁੱਸਤ ਅਤੇ ਸਹੀ ਮੌਕੇ ਤੋਂ ਮਹਿਰੂਮ ਕੀਤਾ ਗਿਆ ਹੈ ।

ਉਪਰੋਕਤ ਪਹਿਰਿਆਂ ਵਿਚ ਲਿਖੇ ਗਏ ਜਵਾਬਾਂ ਨੂੰ ਮੁਖ ਰਖਕੇ ਨਗਰ ਪਾਲਕਾ ਇਹ ਮਹਿਸੂਸ ਕਰਦੀ ਹੈ ਕਿ ਵਜ੍ਹਾ ਬਿਆਨ ਕਰੋ ਨੋਟਿਸ ਦੇ ਵਿਚ ਅਤੇ ਉਨ੍ਹਾਂ ਦੇ ਵਿਚ ਲਿਖੀਆਂ ਗਈਆਂ ਵਜ੍ਹਾਂ ਵਾਕਿਆਤ ਦੇ ਵਿਰੁਧ ਹਨ ਅਤੇ ਇਸ ਵਾਸਤੇ ਨੋਟਿਸ ਗੈਰ ਕਾਨੂੰਨੀ ਹੈ । ਵਜ੍ਹਾ ਬਿਆਨ ਕਰੋ ਨੋਟਿਸ ਦੇ ਵਿਚ ਜੋ ਦੋਸ਼ ਲਗਾਏ ਗਏ ਹਨ ਉਹ ਧਾਰਾ 238 ਪੰਜਾਬ ਮਿਉਂਸੀਪਲ ਐਕਟ,1911 ਦੇ ਅਧੀਨ ਦਿਤੇ ਗਏ ਅਖਤਿਆਰ ਦੀ ਵਰਤੋਂ ਕਰਨ ਵਾਸਤੇ ਨਿਆਂ ਪੂਰਣ ਅਤੇ ਕਾਫੀ ਨਹੀਂ ਹਨ । ਨਗਰ ਪਾਲਕਾ ਨੂੰ ਫਾਈਲਾਂ, ਸੂਚਨਾ ਅਤੇ ਰਿਪੋਰਟ ਦੀਆਂ ਕਾਪੀਆਂ ਜਿਨ੍ਹਾਂ ਦੇ ਆਧਾਰ ਦੇ ਦੋਸ਼ ਲਗਾਏ ਗਏ ਹਨ ਨਾ ਦੇ ਕੇ ਪਾਲਕਾ ਨੂੰ ਸਫ਼ਾਈ ਦੇਣ ਦੇ ਦਰੁਸਤ ਅਤੇ ਸਹੀ ਮੌਕੇ ਤੋਂ ਮਹਿਰੂਮ ਕੀਤਾ ਗਿਆ ਹੈ । ਇਸ ਵਾਸਤੇ ਪਾਲਕਾ ਸਰਕਾਰ ਨੂੰ ਬੇਨਤੀ ਕਰਦੀ ਹੈ ਕਿ ਧਾਰਾ 238 ਪੰਜਾਬ ਮਿਉਂਸੀਪਲ ਐਕਟ ਅਧੀਨ ਦਿਤਾ ਗਿਆ । ਨੋਟਿਸ ਵਾਪਿਸ ਲੈ ਲਵੇ ਅਤੇ ਕਮੇਟੀ ਦੇ ਵਿਰੁਧ ਕੋਈ ਕਾਰਵਾਈ ਨਾ ਕੀਤੀ ਜਾਵੇ । ਕਮੇਟੀ ਇਹ ਵੀ ਬੇਨਤੀ ਕਰਦੀ ਹੈ ਕਿ ਆਖਰੀ ਫੈਸਲਾ ਕਰਨ ਤੋਂ ਪਹਿਲਾਂ ਸਰਕਾਰ ਪ੍ਰਧਾਨ ਨਗਰ ਪਾਲਕਾ ਨੂੰ ਸਾਰਾ ਕੇਸ ਜ਼ਬਾਨੀ ਸਮਝਾਣ ਵਾਸਤੇ ਮੌਕਾ ਦੇਵੇ ।

ਹਸ/-

ਚੰਦਰ ਪ੍ਰਕਾਸ਼ ਅੰਗਰੀਸ਼

9.10.68

**ਸਰਦਾਰ ਗੁਰਬੰਤਾ ਸਿੰਘ :** ਕੀ ਮੈਂ ਮਨਿਸਟਰ ਸਾਹਿਬ ਨੂੰ ਪੁਛ ਸਕਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਮਿਊਨਿਸਪਲ ਕਮੇਟੀ ਦੇ ਪ੍ਰੈਜ਼ੀਡੈਂਟ ਨੇ ਦੋ ਮੈਂਬਰਾਂ ਦੇ ਖਿਲਾਫ਼ ਇਹ ਲਿਖ ਕੇ ਭੇਜਿਆ ਹੈ ਕਿ ਉਹ ਮਿਊਨਸਪਲ ਕਮੇਟੀ ਦੀ ਕਾਰਵਾਈ ਨਹੀਂ ਚਲਣ ਦਿੰਦੇ ?

**ਮੰਤਰੀ :** ਦੋ ਮੈਂਬਰਾਂ ਦੇ ਬਾਰੇ ਮਿਊਨਿਸਪਲ ਕਮੇਟੀ ਨੇ ਸ਼ਿਕਾਇਤ ਭੇਜੀ ਸੀ।

**ਡਾਕਟਰ ਅਮੀਰ ਸਿੰਘ :** ਕੀ ਮਨਿਸਟਰ ਸਾਹਿਬ ਮੈਨੂੰ ਦਸਣਗੇ ਕਿ ਹੋਰ ਕੋਈ ਕੀ ਅਜਿਹੀ ਮਿਊਨਿਸਪਲਟੀ ਹੈ, ਜਿਹੜੀ ਕਾਂਗਰਸ ਡੋਮੀਨੇਟਿਡ ਹੋਵੇ ਅਤੇ ਜਿਸ ਨੂੰ ਸੁਪਰਸੀਡ ਕਰਨ ਦਾ ਇਰਾਦਾ ਹੋਵੇ ?

**ਮੰਤਰੀ :** ਕਾਂਗਰਸ ਡੋਮੀਨੇਟਿਡ ਹੈ ਜਾਂ ਨਹੀਂ, ਇਸ ਵਿੱਚ ਕੋਈ ਫ਼ਰਕ ਨਹੀਂ ਰਖਿਆ ਗਿਆ ਹਾਲਾਤ ਅਨੁਸਾਰ ਪੰਜਾਬ ਮਿਊਂਨਿਸਪਲ ਐਕਟ 1911 ਦੇ ਅਧੀਨ ਉਹ ਮਿਊਂਨਸਪਲਿਟੀ ਸੁਪਰਸੀਡ ਕਰਨੀ ਪਈ। ਅਸੀਂ ਕਾਮਨ ਵਿਊ ਲੈਂਦੇ ਹਾਂ।

**ਕਾਮਰੇਡ ਸਤਪਾਲ ਡਾਂਗ :** ਕੀ ਵਜ਼ੀਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਜਲੰਧਰ ਮਿਊਂਨਸਪਲ ਕਮੇਟੀ ਤੇ ਇਹ ਜੋ ਇਲਜ਼ਾਮ ਸੀ ਕਿ ਉਸ ਨੇ ਰਿਪੋਰਟ ਦੀਆਂ ਐਨੋਟੇਟਿਡ ਕਾਪੀਆਂ 3 ਮਹੀਨੇ ਦੇ ਅੰਦਰ ਅੰਦਰ ਨਹੀਂ ਭੇਜੀਆਂ ਕੀ ਇਹੀ ਡੀਫਾਲਟ ਪੰਜਾਬ ਦੀਆਂ ਸਾਰੀਆਂ ਹੀ ਕਮੇਟੀਆਂ ਨਹੀਂ ਕਰਦੀਆਂ ?

**ਵਿੱਤ ਮੰਤਰੀ :** ਮੈਂ ਇਸ ਵੇਲੇ ਇਨਾ ਹੀ ਕਹਿ ਦਿੰਦਾ ਹਾਂ ਕਿ ਬਾਕੀਆਂ ਦੀ ਗਲ ਵੀ ਐਗਜ਼ਾਮਿਨ ਕਰ ਰਹੇ ਹਾਂ। ਅਗਰ ਸੀਰੀਅਸ ਡੀਫਾਲਟ ਹੋਵੇਗਾ ਤਾਂ ਹੋ ਸਕਦਾ ਹੈ ਕਿ ਸਰਕਾਰ ਨੂੰ ਉਸ ਦੇ ਖਿਲਾਫ ਵੀ ਕਦਮ ਉਠਾਉਣਾ ਪਵੇ। ਮਗਰ ਇਸ ਪਰੀਮੀਅਰ ਮਿਊਂਨਿਸਪੈਲੇਟੀ ਦੇ ਖਿਲਾਫ ਐਕਸ਼ਨ ਲੈਣ ਨਾਲ ਬਾਕੀ ਦੀਆਂ ਮਿਊਂਨਿਸਪੈਲੇਟੀਜ਼ ਨੂੰ ਵਾਰਨ ਕੀਤਾ ਹੈ ਕਿ ਉਹ ਆਪਣੀ ਵਰਕਿੰਗ ਨੂੰ ਇਮਪਰੂਵ ਕਰਨ। ਅਗਰ ਇਸ ਤਰ੍ਹਾਂ ਚਾਂਸ ਦੇਣ ਤੇ ਵੀ ਉਹ ਇੰਪਰੂਵ ਨਾ ਕਰਨਗੀਆਂ ਤਾਂ ਕੁਝ ਨਾ ਕੁਝ ਤਾਂ ਕਰਨਾ ਹੀ ਪਵੇਗਾ।

**चौधरी बलबीर सिंह :** क्या मन्त्री महोदय बतायेंगे कि वह इस कमेटी के चुनाव कब करवायेंगे ?

**ਵਿੱਤ ਮੰਤਰੀ :** ਇਸ ਬਾਰੇ ਇਕ ਕਾਲ ਅਟੈਨਸ਼ਨ ਮੋਸ਼ਨ ਵੀ ਆਈ ਪਈ ਹੈ। ਉਸ ਵੇਲੇ ਵੀ ਗਲ ਕਰਾਂਗਾ। ਜਿਸ ਵੇਲੇ ਨਵੀਂ ਸਰਕਾਰ ਆਉਂਦੀ ਹੈ ਤਾਂ ਚੋਣਾਂ ਕਰਕੇ ਮੰਤਰੀ ਵੀ ਘੁੰਮਦੇ ਹਨ। ਅਸੀਂ ਚੱਕਰ ਲਾਉਂਦੇ ਰਹੇ ਹਾਂ। ਇਸ ਬਜਟ ਸੈਸ਼ਨ ਮਗਰੋਂ ਆਪ ਜੋ ਤਰੀਕ ਕਹੋਗੇ ਮੁਕੱਰਰ ਕਰ ਲਵਾਂਗੇ।

**ਸਰਦਾਰ ਸਰੂਪ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਜਲੰਧਰ ਕਮੇਟੀ ਨੂੰ ਤੋੜਨ ਦੀ ਜੋ ਚਿਠੀ ਭੇਜੀ ਗਈ ਸੀ ਇਹ ਡਾਕ ਰਾਹੀਂ ਭੇਜੀ ਗਈ ਸੀ ਜਾਂ ਸਪੈਸ਼ਲ ਮੈਸਜਰ ਰਾਹੀਂ ?

**ਮੰਤਰੀ :** ਇਸ ਲਈ ਨੋਟਿਸ ਦੀ ਲੋੜ ਹੈ।

**ਕੈਪਟਨ ਰਤਨ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਸ ਕਮੇਟੀ ਨੂੰ ਤੋੜਨ ਦੀ ਐਸ਼ੋਰੈਂਸ ਜਲੰਧਰ ਦੀ ਇਲੈਕਟੋਰੇਟ ਨੂੰ ਦਿਤੀ ਗਈ ਸੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਨਹੀਂ, ਇਸ ਤਰ੍ਹਾਂ ਦੀ ਕੋਈ ਐਸ਼ੋਰੈਂਸ ਨਹੀਂ ਦਿਤੀ ਗਈ ਸੀ।

**ਚੌਧਰੀ ਤੁਲਸੀ ਰਾਮ ਚੌਹਾਨ :** ਮੰਤਰੀ ਮਹੋਦਯ ਨੇ ਕਿਹਾ ਹੈ ਕਿ ਜਿਸ ਗੁਨਾਹ ਲਈ ਜਲੰਧਰ ਦੀ ਮਿਊਂਨਿਸਪੈਲੇਟੀ ਤੋੜੀ ਗਈ ਸੀ ਇਸੇ ਤਰ੍ਹਾਂ ਦਾ ਗੁਨਾਹ ਹੋਰ ਵੀ ਕਈ ਕਮੇਟੀਆਂ ਨੇ ਕੀਤਾ ਹੈ। ਤਾਂ ਫਿਰ ਤੋੜਨ ਲਈ ਜਲੰਧਰ ਦੀ ਹੀ ਮਿਊਂਨਿਸਪੈਲੇਟੀ ਨੂੰ ਕਿਉਂ ਸੀਲੈਕਟ ਕੀਤਾ ਗਿਆ ?

**ਮੰਤਰੀ :** ਉਸ ਕਮੇਟੀ ਨੂੰ ਬਾਕੀਆਂ ਦੀਆਂ ਅਜਿਹੀਆਂ ਕਮੇਟੀਆਂ ਨੂੰ ਵਾਰਨ ਕਰਨ ਲਈ ਤੋੜਿਆ ਗਿਆ ਹੈ।

**ਕਾਮਰੇਡ ਸਤਪਾਲ ਡਾਂਗ :** ਇਕ ਇਲਜ਼ਾਮ ਉਸ ਕਮੇਟੀ ਦੇ ਖਿਲਾਫ ਇਹ ਸੀ ਕਿ ਉਸ ਨੇ ਆਕਟ੍ਰਾਏ ਤੇ 25 ਫੀਸਦੀ ਸਰਚਾਰਜ ਲਾਉਣ ਤੋਂ ਇਨਕਾਰ ਕਰ ਦਿਤਾ ਸੀ। ਕੀ ਇਹ ਦਸਣ ਦੀ ਖੇਚਲ ਕਰਨਗੇ ਕਿ ਕੀ ਮਿਊਂਸਪਲ ਕਮੇਟੀਆਂ ਨੂੰ ਟੈਕਸ ਲਾਉਣ ਜਾਂ ਨਾ ਲਾਉਣ ਦਾ ਹੱਕ ਨਹੀਂ ਹੈ ? ਅਤੇ ਕੀ ਹੁਣ ਉਹੀ 25 ਫੀਸਦੀ ਦਾ ਸਰਚਾਰਜ ਲਾ ਦਿਤਾ ਗਿਆ ਹੈ ?

**ਵਿੱਤ ਮੰਤਰੀ :** ਬਹੁਤ ਸਾਰੇ ਫੈਕਟਰਾਂ ਵਿਚੋਂ ਇਹ ਇਕ ਸੀ। ਇਸ ਦਾ ਕੋਈ ਸੀਰੀਅਸ ਨੋਟਿਸ ਨਹੀਂ ਲਿਆ ਗਿਆ ਸੀ। ਵੱਡੀ ਗੱਲ ਤਾਂ ਇਹ ਸੀ ਕਿ ਉਸ ਕਮੇਟੀ ਨੇ ਪਾਰਟੀਬਾਜ਼ੀ ਕਰਕੇ ਫੰਕਸ਼ਨ ਕਰਨਾ ਹੀ ਬੰਦ ਕਰ ਦਿਤਾ ਸੀ। ਸ਼ਹਿਰ ਵਲ ਕੋਈ ਧਿਆਨ ਨਹੀਂ ਸੀ ਦਿਤਾ ਜਾਂਦਾ। ਇਸ ਲਈ ਮਜਬੂਰ ਹੋਕੇ ਇਹ ਕਾਰਵਾਈ ਕਰਨੀ ਪਈ।

**ਸਰਦਾਰ ਗੁਰਬੰਤਾ ਸਿੰਘ :** ਇਨ੍ਹਾਂ ਨੇ ਕਿਹਾ ਹੈ ਕਿ ਉਥੇ ਪਾਰਟੀਬਾਜ਼ੀ ਬਹੁਤ ਹੈ। ਕੀ ਇਹ ਦਸਣਗੇ ਕਿ ਪਾਰਟੀਬਾਜ਼ੀ ਜਨਸੰਘ ਦੇ ਮੈਂਬਰਾਂ ਕਰਕੇ ਸੀ ਜਾਂ ਕਿਸੇ ਹੋਰ ਪਾਰਟੀ ਕਰਕੇ ?

**ਵਿੱਤ ਮੰਤਰੀ :** ਇਸ ਬਾਰੇ ਕੀ ਕਹਿ ਸਕਦਾ ਹਾਂ। ਪਾਰਟੀਬਾਜ਼ੀ ਤਾਂ ਕਾਂਗਰਸ ਵਿਚ ਵੀ ਸੀ।

**ਸਰਦਾਰ ਕਿਰਪਾਲ ਸਿੰਘ :** ਇਨ੍ਹਾਂ ਨੇ ਉਥੇ ਪਾਰਟੀਬਾਜ਼ੀ ਦੀ ਗਲ ਕੀਤੀ ਹੈ। ਕੀ ਇਹ ਦਸਣਗੇ ਕਿ ਕੀ ਕੋਈ ਅਜਿਹੀ ਮਿਊਂਨਿਸਪਲ ਕਮੇਟੀ ਹੈ ਜਿਸ ਵਿਚ ਪਾਰਟੀਬਾਜ਼ੀ ਨਾ ਹੋਵੇ ? ਜਿਥੇ ਤਕ ਕੰਮ ਦਾ ਤੁਅੱਲਕ ਹੈ ਅੰਮ੍ਰਿਤਸਰ ਵਿਚ ਇਨ੍ਹਾਂ ਦੀ ਪਾਰਟੀ ਨੇ ਕਿੰਨੀ ਧਾਂਧਲੀ ਮਚਾਈ ਹੋਈ ਹੈ। ਕੀ ਇਹ ਉਸ ਕਮੇਟੀ ਦੇ ਖਿਲਾਫ ਕੋਈ ਕਾਰਵਾਈ ਕਰਨਗੇ ? (ਤਾੜੀਆਂ) ਸਿਧਾ ਸਵਾਲ ਹੈ ਕਿ ਕੀ ਕੋਈ ਕਮੇਟੀ ਐਸੀ ਹੈ ਜਿਸ ਵਿਚ ਪਾਰਟੀਬਾਜ਼ੀ ਨਹੀਂ ? ਕੀ ਇਹ ਉਸ ਦਾ ਨਾਉਂ ਦਸ ਸਕਦੇ ਹਾਂ ?

**ਮੰਤਰੀ :** ਮੈਂ ਇਸ ਬਾਰੇ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਇਸ ਮਿਊਨਿਸਪੈਲੇਟੀ ਬਾਰੇ ਬਾਕਾਇਦਾ ਇਲਜ਼ਾਮ ਲਗਾਏ ਗਏ। ਉਨ੍ਹਾਂ ਦੀ ਇਨਕਵਾਇਰੀ ਹੋਈ ਹੈ। ਸਾਰੇ ਪ੍ਰੋਸੀਜਰ ਨੂੰ ਫਾਲੋ ਕੀਤਾ ਗਿਆ। ਲੀਡਿੰਗ ਅਖਬਾਰਾਂ ਨੇ ਐਡੀਟੋਰੀਅਲ ਲਿਖੇ ਕਿ ਇਸ ਨੂੰ ਤੋੜਨਾ ਚਾਹੀਦਾ ਹੈ। ਸਿਰਫ਼ ਐਕਸ਼ਨ ਲੈਣਾ ਹੀ ਗਵਰਨਰ ਦਾ ਰਾਜ ਹੋਣ ਕਰਕੇ ਪੋਸਟਪੋਨ

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ ਸੀ। ਬਾਕੀ ਦੀ ਸਾਰੀ ਕਾਰਵਾਈ ਹੋ ਚੁਕੀ ਸੀ। ਅਗਰ ਹੋਰ ਵੀ ਕਿਸੇ ਮਿਊਨਿਸਪੈਲੇਟੀ ਦੇ ਖਿਲਾਫ ਸ਼ਿਕਾਇਤਾਂ ਹੋਣਗੀਆਂ ਤਾਂ ਉਸ ਨੂੰ ਵੀ ਮਾਫ ਨਹੀਂ ਕਰਾਂਗੇ।

**ਕਾਮਰੇਡ ਸਤਪਾਲ ਡਾਂਗ :** ਇਨ੍ਹਾਂ ਨੇ ਕਿਹਾ ਹੈ ਕਿ ਜਿਸ ਇਲਜ਼ਾਮ ਬਾਰੇ ਮੈਂ ਪੁਛਿਆ ਸੀ ਉਸ ਤੇ ਇਨ੍ਹਾਂ ਨੇ ਜ਼ਿਆਦਾ ਧਿਆਨ ਨਹੀਂ ਦਿਤਾ। ਕੀ ਇਹ ਦਸਣਗੇ ਕਿ ਚਾਰਜਸ਼ੀਟ ਵਿਚ ਜੋ ਚਾਰ ਇਲਜ਼ਾਮ ਲਾਏ ਗਏ ਸਨ ਉਨ੍ਹਾਂ ਵਿਚੋਂ ਕਿਸ ਕਿਸ ਤੇ ਧਿਆਨ ਨਹੀਂ ਦਿਤਾ ਗਿਆ ? ਕੀ ਇਹ ਗਲ ਸਹੀ ਹੈ ਕਿ ਚਾਰਜਸ਼ੀਟ ਜਲੰਧਰ ਮਿਊਨਿਸਪਲ ਕਮੇਟੀ ਨੂੰ ਦਿਤਾ ਗਿਆ ਉਸ ਵਿਚ ਪਾਰਟੀਬਾਜ਼ੀ ਦਾ ਇਲਜ਼ਾਮ ਸ਼ਾਮਿਲ ਨਹੀਂ ਸੀ ?

**Finance Minister :** The Gazette Notification is quite clear. It is the totality of circumstances that we have taken into account and not the individual circumstances.

**ਕਾਮਰੇਡ ਸਤਪਾਲ ਡਾਂਗ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਜਲੰਧਰ ਦੀ ਮਿਊਂਸਪੈਲਿਟੀ ਨੂੰ ਇਕ ਸਪੈਸੇਫਿਕ ਸ਼ੋ-ਕਾਜ਼ ਨੋਟਿਸ ਦਿਤਾ ਗਿਆ ਜਿਸ ਦੀ ਨਕਲ ਅਜ ਹਾਊਸ ਦੀ ਟੇਬਲ ਤੇ ਰਖੀ ਗਈ ਹੈ। ਕਮੇਟੀ ਦਾ ਜਵਾਬ ਵੀ ਮੇਜ਼ ਤੇ ਰਖਿਆ ਗਿਆ ਹੈ। ਉਸ ਜਵਾਬ ਨੂੰ ਗੈਰ ਤਸੱਲੀਬਖਸ਼ ਜਾਣਕੇ ਉਸ ਸ਼ੋ-ਕਾਜ਼ ਨੋਟਿਸ ਦੇ ਆਧਾਰ ਤੇ ਉਸ ਕਮੇਟੀ ਨੂੰ ਤੋੜਿਆ ਗਿਆ। ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਪਾਰਟੀਬਾਜ਼ੀ ਕਰਕੇ ਤੋੜਿਆ ਗਿਆ। ਮੈਂ ਇਨ੍ਹਾਂ ਤੋਂ ਪੁਛ ਰਿਹਾਂ ਹਾਂ ਕਿ ਕੀ ਇਹ ਹਕੀਕਤ ਹੈ ਕਿ ਪਾਰਟੀਬਾਜ਼ੀ ਦਾ ਇਲਜ਼ਾਮ ਉਸ ਸ਼ੋ-ਕਾਜ਼ ਨੋਟਿਸ ਵਿਚ ਸ਼ਾਮਿਲ ਨਹੀਂ ਹੈ। ਸਪੀਕਰ ਸਾਹਿਬ, ਇਹ ਆਰਡਨਰੀ ਪ੍ਰਿੰਸੀਪਲ ਆਫ਼ ਨੈਚੁਰਲ ਜਸਟਿਸ ਹੈ ਕਿ ਜੋ ਇਲਜ਼ਾਮ ਕਿਸੇ ਤੇ ਲਾਇਆ ਹੀ ਨਾ ਜਾਏ ਉਸ ਤੇ ਉਸ ਨੂੰ ਫਾਹੇ ਨਹੀਂ ਲਾਇਆ ਜਾ ਸਕਦਾ।

**ਮੰਤਰੀ :** ਇਸ ਬਾਰੇ ਜੋ ਗਜ਼ਟ ਨੋਟੀਫਿਕੇਸ਼ਨ ਹੈ ਉਹ ਬੜੀ ਕਲੀਅਰ ਹੈ। ਕਮੇਟੀ ਦਾ ਜਵਾਬ ਕਨਸਿਡਰ ਕਰ ਲਿਆ ਗਿਆ। ਲੇਕਿਨ ਉਸ ਤੋਂ ਇਲਾਵਾ ਵੀ ਅਗਰ ਸਰਕਾਰ ਫੀਲ ਕਰਦੀ ਹੈ ਕਿ ਉਸ ਦਾ ਐਕਸ਼ਨ ਕਿਸੇ ਹੋਰ ਗਲ ਕਰਕੇ ਜਸਟੀਫਾਈਡ ਸੀ ਤਾਂ ਉਸ ਬਾਰੇ ਮਨਾਹੀ ਨਹੀਂ ਹੋ ਸਕਦੀ।

**ਸਰਦਾਰ ਸੰਤੋਖ ਸਿੰਘ :** ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਹੀ ਕਮੇਟੀ ਤੋੜੀ ਗਈ ਹੈ। ਤਾਂ ਕੀ ਇਹ ਹੋਰ ਕਿਸੇ ਕਮੇਟੀ ਨੂੰ ਨਹੀਂ ਤੋੜਨਗੇ ਅਗਰ ਉਸ ਦੇ ਖਿਲਾਫ ਇਲਜ਼ਾਮ ਇਨ੍ਹਾਂ ਕੋਲ ਪਹੁੰਚਣ ?

**ਮੰਤਰੀ ;** ਇਸ ਲਈ ਨੋਟਿਸ ਦਿਉ।

**ਸਰਦਾਰ ਸੰਤੋਖ ਸਿੰਘ :** ਆਪ ਨੇ ਕਿਹਾ ਹੈ ਕਿ ਇਕ ਹੀ ਕਮੇਟੀ ਤੋੜਨੀ ਸੀ ਅਗਰ ਆਪ ਦੇ ਪਾਸ ਕਿਸੇ ਹੋਰ ਕਮੇਟੀ ਬਾਰੇ ਇਲਜ਼ਾਮ ਪਹੁੰਚਣ ਤਾਂ ਕੀ ਉਸ ਨੂੰ ਨਹੀਂ ਤੋੜੋਗੇ ?

**ਮੰਤਰੀ :** ਅਗਰ ਕਿਸੇ ਕਮੇਟੀ ਤੇ ਇਲਜ਼ਾਮ ਲਗਣਗੇ ਤਾਂ ਉਸ ਬਾਰੇ ਸਾਰਾ ਲੀਗਲ

Original with;
Punjab Vidhan Sabha
Digitized by;
Panjab Digital Library

[ਵਿ. ਮੰਤਰੀ]

ਪ੍ਰਾਸੈਸ ਫਾਲੋ ਕਰਾਂਗੇ। ਇਹ ਕਾਰਵਾਈ ਤਾਂ ਬੜੀ ਰੇਅਰ ਚੀਜ਼ ਹੈ। ਇਸ ਨੂੰ ਜ਼ਿਆਦਾ ਇਸਤੇਮਾਲ ਨਹੀਂ ਕਰਨਾ ਚਾਹੁੰਦੇ। ਇਸ ਲਈ ਕੇਵਲ ਇਕ ਬਾਰੇ ਹੀ ਇਸਤੇਮਾਲ ਕੀਤਾ ਹੈ, ਬਾਕੀ ਬਾਰੇ ਸੋਚ ਲਵਾਂਗੇ।

**ਸ੍ਰੀ ਗਿਆਨ ਚੰਦ ਖਰਬੰਦਾ :** ਕੀ ਵਜ਼ੀਰ ਨੂੰ ਇਸ ਗਲ ਦਾ ਪਤਾ ਹੈ ਕਿ ਅੰਮ੍ਰਿਤਸਰ ਮਿਊਂਸਪੈਲਿਟੀ ਸਫਾਈ ਦੇ ਮਾਮਲੇ ਵਿਚ ਬੜੀ ਨਿਕੱਮੀ ਸਾਬਤ ਹੋਈ ਹੈ ?

**Minister :** This does not arise,

**चौधरी बलबीर सिंह :** इन्होंने कहा है कि पार्टीबाज़ी की बिना पर कमेटी तोड़ी गई है। और बातें......

**ਸ੍ਰੀ ਸਪੀਕਰ :** ਸਵਾਲ ਕਰੋ। (Please put the supplementary)

**चौधरी बलबीर सिंह :** पार्टीबाज़ी का इल्ज़ाम शो-काज़ नोटिस में नहीं है। इन्होंने कहा कि पार्टीबाज़ी की वजह से तोड़ा। इन दो में से कौन सी बात ठीक है ?

**मन्त्री :** दोनों ठीक हैं।

**ਚੌਧਰੀ ਰਾਮ ਸਿੰਘ :** ਇਨ੍ਹਾਂ ਨੇ ਦਸਿਆ ਹੈ ਕਿ ਪਰਧਾਨ ਜੀ ਨੇ ਦੋ ਮੈਂਬਰਾਂ ਬਾਰੇ ਜੋ ਲਿਖਿਆ ਉਸ ਨੂੰ ਡੀ. ਸੀ. ਨੇ ਦਰੁਸਤ ਕਰਾਰ ਨਹੀਂ ਦਿਤਾ। ਜ਼ਾਬਤਾ ਇਸ ਬਾਰੇ ਸਾਫ਼ ਹੈ ਕਿ ਜਦੋਂ ਮਿਉਨਿਸਪੈਲਿਟੀ ਦਾ ਪ੍ਰੈਜ਼ੀਡੈਂਟ ਲਿਖਕੇ ਦੇਵੇ ਤਾਂ ਉਸ ਤੇ ਕਾਰਵਾਈ ਹੋਵੇਗੀ। ਕੀ ਡੀ. ਸੀ. ਨੂੰ ਇਸ ਲਈ ਪਿਕਚਰ ਵਿਚ ਲਿਆਂਦਾ ਗਿਆ ਕਿਉਂਕਿ ਆਪਣੀ ਪਾਰਟੀ ਦੇ ਉਨ੍ਹਾਂ ਦੋ ਮੈਂਬਰਾਂ ਨੂੰ ਬਚਾਉਣਾ ਸੀ ?

**ਮੰਤਰੀ :** ਇਹ ਸਾਰੀ ਕਾਰਵਾਈ ਗਵਰਨਰ ਦੇ ਰਾਜ ਦੇ ਸਮੇਂ ਡੀ. ਸੀ. ਨੇ ਕੀਤੀ ਜਿਸ ਵੇਲੇ ਅਸੀਂ ਪਾਵਰ ਵਿਚ ਨਹੀਂ ਸਾਂ ਆਏ। ਉਹ ਚਾਰਜਿਜ਼ ਸਬਸਟੈਂਸ਼ੀਏਟ ਨਹੀਂ ਹੋਏ ਹੋਰ ਇਸ ਬਾਰੇ ਕੀ ਕਿਹਾ ਜਾ ਸਕਦਾ ਹੈ।

**ਕਾਮਰੇਡ ਸਤਪਾਲ ਡਾਂਗ :** ਕੀ ਵਜ਼ੀਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਲੋਕਲ ਬਾਡੀਜ਼ ਕਾਨਫਰੈਂਸ ਜੋ ਕਿ ਪੰਜਾਬ ਸਰਕਾਰ ਦੇ ਇਨੀਸ਼ੀਏਟਿਵ ਤੇ ਬੁਲਾਈ ਗਈ ਸੀ ਉਸਨੇ ਸਰਵ ਸੰਮਤੀ ਨਾਲ ਸਿਫਾਰਸ਼ ਕੀਤੀ ਸੀ ਕਿ ਇਨ੍ਹਾਂ ਕਮੇਟੀਆਂ ਨੂੰ ਤੋੜਨ ਦਾ ਜੋ ਅਖਤਿਆਰ ਕਾਨੂੰਨ ਦੇ ਤਹਿਤ ਹੈ ਇਹ ਇਸਤੇਮਾਲ ਨਾ ਕੀਤਾ ਜਾਵੇ ਅਤੇ ਅਗਰ ਇਹ ਇਸਤੇਮਾਲ ਕਰਨਾ ਹੀ ਹੋਵੇ ਤਾਂ ਅਰਬਨ ਲੋਕਲ ਬਾਡੀਜ਼ ਕਾਨਫਰੰਸ ਦੀ ਜੋ ਸਟੈਂਡਿੰਗ ਕਮੇਟੀ ਹੈ ਉਸ ਦੀ ਰਾਏ ਲੈਕੇ ਕਮੇਟੀ ਤੋੜੀ ਜਾਵੇ। ਕੀ ਇਨ੍ਹਾਂ ਨੂੰ ਇਸ ਗੱਲ ਦਾ ਪਤਾ ਹੈ ਅਤੇ ਕੀ ਇਨ੍ਹਾਂ ਨੇ ਇਸ ਸਟੈਂਡਿੰਗ ਕਮੇਟੀ ਦੀ ਰਾਏ ਲਈ ਸੀ ?

**ਮੰਤਰੀ :** ਸਰਕਾਰ ਨੇ ਇਸ ਜ਼ੁਮਰੇ ਵਿਚ ਇਸ ਦੀ ਰਾਏ ਲੈਣ ਦੀ ਜ਼ਰੂਰਤ ਨਹੀਂ ਸਮਝੀ।

Original with;
Punjab Vidhan Sabha
Digitized by;
Panjab Digital Library

**चौधरी बलबीर सिंह** : मिनिस्टर साहिब ने कहा है कि गवर्नर साहिब के वक्त में कुछ बातें जो यहाँ हुई उन में गड़बड़ हुई थी तो इस सरकार को उन सारी बातों की तफतीश करने के बाद ही ऐक्शन लेना चाहिए। तो इस के बारे में क्या पोज़ीशन है ?

**ਮੰਤਰੀ** : ਸਾਰਾ ਕੇਸ ਤਿਆਰ ਸੀ ਅਤੇ ਤਫਤੀਸ਼ ਵੀ ਹੋ ਚੁਕੀ ਸੀ। ਅਸੀਂ ਤਾਂ ਸਿਰਫ ਐਕਸ਼ਨ ਹੀ ਲਿਆ ਹੈ।

**ਕਾਮਰੇਡ ਸਤਪਾਲ ਡਾਂਗ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਆਪਣੇ ਸਵਾਲ ਦੇ ਪਾਰਟ 'ਸੀ' ਵਿਚ ਇਹ ਪੁਛਿਆ ਸੀ ਕਿ ਕੀ ਕਿਸੇ ਮੈਂਬਰ ਨੂੰ ਰੀਮੂਵ ਕਰਨ ਦੀ ਸਿਫਾਰਸ਼ ਕਮੇਟੀ ਦੇ ਤੋੜੇ ਜਾਣ ਤੋਂ ਪਹਿਲਾਂ ਕਮੇਟੀ ਵਲੋਂ ਆਈ ਸੀ ? ਜੇਕਰ ਆਈ ਸੀ ਤਾਂ ਉਸ ਮੈਂਬਰ ਦਾ ਨਾਂ ਦਿਤਾ ਜਾਵੇ ਪਰ ਇਸ ਪਾਰਟ ਦਾ ਜਵਾਬ ਨਹੀਂ ਦਿਤਾ ਗਿਆ।

**ਮੰਤਰੀ** : ਮੈਂ ਤਾਂ ਇਸ ਦਾ ਜਵਾਬ ਦਿਤਾ ਹੈ ਕਿ 'ਨੋ'।

**ਕਾਮਰੇਡ ਬਾਬੂ ਸਿੰਘ ਮਾਸਟਰ** : ਮਨਿਸਟਰ ਸਾਹਿਬ ਪਹਿਲਾਂ ਜਵਾਬ ਦੇ ਗਏ ਹਨ ਕਿ ਕਮੇਟੀ ਨੇ ਕੁਝ ਮੈਂਬਰਾਂ ਦੀ ਰੀਮੂਵਲ ਨੂੰ ਰਿਕੁਮੈਂਡ ਕੀਤਾ ਸੀ ਪਰ ਹੁਣ ਇਹ ਕਿਹਾ ਹੈ ਕਿ ਕੋਈ ਇਸ ਤਰ੍ਹਾਂ ਦੀ ਸਿਫਾਰਸ਼ ਨਹੀਂ ਸੀ। ਪਹਿਲਾਂ ਇਨ੍ਹਾਂ ਇਹ ਵੀ ਕਿਹਾ ਕਿ ਉਕਤ ਗੱਲ ਤੇ ਡੀ. ਸੀ. ਸਾਹਿਬ ਨੇ ਕੋਈ ਵਜ਼ਨ ਨਹੀਂ ਦਿਤਾ ਤਾਂ ਇਸ ਵਿਚ ਕਿਹੜੀ ਗੱਲ ਸਹੀ ਹੈ ?

**ਮੰਤਰੀ** : ਦੋਵੇਂ ਹੀ ਠੀਕ ਹਨ।

---

## POSTPONEMENT OF ELECTIONS OF MUNICIPAL COMMITTEES IN THE STATE

*30. **Sardar Umrao Singh** : Will the Minister for Finance be pleased to state :

(a) whether the elections of any of the Municipalities in the State have been postponed recently ; if so, the names of such Municipalities and the reasons for such postponement ;

(b) whether the Government had received any representation in this connection from any party before ordering the said postponement ;

(c) whether any fresh date has been fixed for the elections to the said committees ?

**ਸ਼੍ਰੀ ਕ੍ਰਿਸ਼ਨ ਲਾਲ** : (ੳ) ਹਾਂ ਜੀ ;

ਸਬੰਧਤ 47 ਨਗਰਪਾਲਕਾਵਾਂ ਦੀ ਸੂਚੀ ਹਾਊਸ ਦੀ ਮੇਜ਼ ਤੇ ਰਖੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਜਾਂਦੀ ਹੈ। ਸਰਕਾਰ ਨੇ ਚੋਣਾਂ ਮੁਲਤਵੀ ਕਰਨ ਦਾ ਫੈਸਲਾ 'ਇਸ ਲਈ ਕੀਤਾ ਕਿਉਂਕਿ ਮੱਧਕਾਲੀ ਚੋਣਾਂ 9/2/1969 ਨੂੰ ਸਮਾਪਤ ਹੋਈਆਂ ਸਨ ਅਤੇ ਨਗਰਪਾਲਕਾਵਾਂ ਦੀਆਂ ਚੋਣਾਂ ਦਾ ਪ੍ਰੋਗਰਾਮ 11.2.1969 ਤੋਂ ਆਰੰਭ ਹੋਇਆ ਸੀ ਕਿਉਂਕਿ ਆਮ ਚੋਣਾਂ ਤੇ ਨਗਰਪਾਲਕਾਵਾਂ ਦੀਆਂ ਚੋਣਾਂ ਦੇ ਦਰਮਿਆਨ ਘਟ ਤੋਂ ਘਟ ਵਕਫਾ ਹੋਣਾ ਹੀ ਚਾਹੀਦਾ ਹੈ, ਨਵੀਂ ਸਰਕਾਰ ਨੇ ਬਜਟ ਤਿਆਰ ਕਰਨਾ, ਪੇਸ਼ ਕਰਨਾ ਅਤੇ ਦੂਜੇ ਮਾਮਲਿਆਂ ਨਾਲ ਸਬੰਧਤ ਜ਼ਿਮੇਂਵਾਰੀਆਂ ਵੱਲ ਪੂਰਾ ਧਿਆਨ ਦੇਣਾ ਸੀ।

(ਅ) ਨਹੀਂ ਜੀ।

(ੲ) ਨਹੀਂ ਜੀ।

**47 ਨਗਰਪਾਲਕਾਵਾਂ ਦੇ ਨਾਂ ਜਿਨ੍ਹਾਂ ਦੀਆਂ ਚੋਣਾਂ ਮਾਰਚ 1969 ਦੇ ਪਹਿਲੇ ਬੈਚ ਵਿਚ ਕਰਾਈਆਂ ਜਾਣੀਆਂ ਹਨ।**

---

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਲੜੀ ਨੰ: | ਨਗਰਪਾਲਕਾ ਦਾ ਨਾਂ |
|---|---|---|---|
| 1. | ਅੰਮ੍ਰਿਤਸਰ | 1. | ਪੱਟੀ |
| | | 2. | ਤਰਨ ਤਾਰਨ |
| | | 3. | ਜੰਡਿਆਲਾ |
| | | 4. | ਮਜੀਠਾ |
| | | 5 | ਰਾਮ ਦਾਸ |
| 2. | ਜਲੰਧਰ | 6. | ਫਿਲੌਰ |
| | | 7. | ਕਰਤਾਰਪੁਰ |
| | | 8. | ਨੂਰਮਹਿਲ |
| | | 9. | ਬੰਗਾ |
| | | 10. | ਰਾਹੋਂ |
| | | 11. | ਅਲਾਵਲਪੁਰ |
| 3. | ਲੁਧਿਆਣਾ | 12. | ਰਾਏਕੋਟ |
| | | 13. | ਖੰਨਾ |
| | | 14. | ਸਮਰਾਲਾ |
| 4. | ਗੁਰਦਾਸਪੁਰ | 15. | ਗੁਰਦਾਸਪੁਰ |
| | | 16. | ਦੀਨਾ ਨਗਰ |
| | | 17. | ਕਾਦੀਆਂ |
| | | 18. | ਡੇਰਾ ਬਾਬਾ ਨਾਨਕ |
| | | 19. | ਸੁਜਾਨ ਪੁਰ |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| | | 20. | ਪਠਾਨ ਕੋਟ |
| | | 21. | ਫਤਿਹਗੜ੍ਹ ਚੂੜੀਆਂ |
| | | 22. | ਧਾਰੀ ਵਾਲ |
| 5. | ਹੁਸ਼ਿਆਰਪੁਰ | 23. | ਉੜਮਰਟਾਂਡਾ |
| | | 24. | ਦਸੂਆ |
| | | 25. | ਗੜ੍ਹਦੀਵਾਲਾ |
| | | 26. | ਹਰਿਆਣਾ |
| | | 27. | ਮੁਕੇਰੀਆਂ |
| | | 28. | ਸ਼ਾਮ ਚੁਰਾਸੀ |
| 6. | ਫਿਰੋਜ਼ਪੁਰ | 29. | ਫਿਰੋਜ਼ਪੁਰ ਸ਼ਹਿਰ |
| | | 30. | ਫਾਜ਼ਿਲਕਾ |
| | | 31. | ਅਬੋਹਰ |
| | | 32. | ਮਲੋਟ |
| | | 33. | ਧਰਮ ਕੋਟ |
| | | 34. | ਗੁਰੂ ਹਰ ਸਹਾਏ |
| | | 35. | ਤਲਵੰਡੀ ਭਾਈ |
| 7. | ਰੋਪੜ | 36. | ਰੋਪੜ |
| | | 37. | ਮੋਰਿੰਡਾ |
| | | 38. | ਅਨੰਦਪੁਰ ਸਾਹਿਬ |
| 8. | ਪਟਿਆਲਾ | 39. | ਨਾਭਾ |
| | | 40. | ਸਮਾਨਾ |
| 9. | ਸੰਗਰੂਰ | 41. | ਸੁਨਾਮ |
| | | 42. | ਮਲੇਰਕੋਟਲਾ |
| | | 43. | ਅਹਿਮਦਗੜ੍ਹ |
| | | 44. | ਬਰਨਾਲਾ |
| 10 | ਬਠਿੰਡਾ | 45. | ਮੌੜ |
| | | 46. | ਗੁਨਿਆਨਾ |
| | | 47. | ਭੁਚੋ ਮੰਡੀ |

**ਸਰਦਾਰ ਉਮਰਾਓ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਮਿਉਨਿਸਪਲ ਕਮੇਟੀ ਦੀਆਂ ਚੋਣਾਂ ਇਹ ਖੁਦ ਜਾ ਕੇ ਕਰਵਾਂਉਂਦੇ ਹਨ ?

**ਵਿਤ ਮੰਤਰੀ :** ਇਹ ਗਲ ਨਹੀਂ। ਅਫਸਰਾਂ ਨੂੰ ਜਾਣਾ ਪੈਂਦਾ ਹੈ ਫੀਲਡ ਵਿਚ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਜ ਕਲ ਬਜਟ ਸੈਸ਼ਨ ਹੈ ਇਸ ਲਈ ਸਰਕਾਰ ਦੀ ਇਸ ਪਾਸੇ ਡੀਵਾਈਡਿਡ ਅਟੈਨਸ਼ਨ ਹੋ ਜਾਣੀ ਸੀ। ਇਸ ਗਲ ਨੂੰ ਸਾਹਮਣੇ ਰਖਕੇ ਇਲੈਕਸ਼ਨਾਂ ਪੋਸਟਪੋਨ ਕਰ ਦਿਤੀਆਂ ਗਈਆਂ ਹਨ।

**ਸਰਦਾਰ ਉਮਰਾਓ ਸਿੰਘ :** ਕੀ ਕਿਸੇ ਸਿਆਸੀ ਪਾਰਟੀ ਨੇ ਜਾਂ ਕਿਸੇ ਮਿਊਂਸਪਲ ਕਮੇਟੀ ਨੇ ਇਹ ਕਿਹਾ ਜਾਂ ਰਿਪ੍ਰਜ਼ੈਂਟੇਸ਼ਨ ਕੀਤੀ ਕਿ ਇਲੈਕਸ਼ਨਾਂ ਪੋਸਟਪੋਨ ਕਰ ਦਿਤੀਆਂ ਜਾਣ ਜਾਂ ਮਨਿਸਟਰ ਸਾਹਿਬ ਨੂੰ ਆਪਣੇ ਆਪ ਇਲਹਾਮ ਹੋ ਗਿਆ ਸੀ ?

**ਵਿੱਤ ਮੰਤਰੀ :** ਮੈਂ ਬੇਨਤੀ ਕੀਤੀ ਹੈ ਕਿ ਸਰਕਾਰ ਤੇ ਹਰ ਗਲ ਦੀ ਜ਼ਿਮੇਵਾਰੀ ਆਉਂਦੀ ਹੈ ਅਤੇ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਇਲੈਕਸ਼ਨਾਂ ਛੇਤੀ ਕਰਾਈਆਂ ਜਾਣ। ਬਜਟ ਸੈਸ਼ਨ ਤੋਂ ਬਾਅਦ ਇਨ੍ਹਾਂ ਨੂੰ ਛੇਤੀ ਹੀ ਕਰਵਾਇਆ ਜਾਵੇਗਾ।

**ਸ਼੍ਰੀ ਗਿਆਨ ਚੰਦ ਖਰਬੰਦਾ :** ਕੀ ਇਹ ਹਕੀਕਤ ਹੈ ਕਿ ਸ਼ਹਿਰਾਂ ਵਿਚ ਜਨ ਸੰਘ ਨੂੰ ਸ਼ਕਸਤ ਹੋਈ ਹੈ ਇਸ ਲਈ ਇਨ੍ਹਾਂ ਇਲੈਕਸ਼ਨਾਂ ਨੂੰ ਪੋਸਟਪੋਨ ਕੀਤਾ ਜਾ ਰਿਹਾ ਹੈ ?

**ਵਿੱਤ ਮੰਤਰੀ :** ਇਸ ਵਿਚ ਮੈਂ ਇਹ ਗਲ ਸਪਸ਼ਟ ਕਰ ਦਿਆਂ ਕਿ ਕਿਸੇ ਕਿਸਮ ਦਾ ਕੋਈ ਪੁਲਿਟੀਕਲ ਮੋਟਿਵ ਨਹੀਂ। ਜੇਕਰ ਤੁਸੀਂ ਵੀ ਸਾਡੀ ਥਾਂ ਤੇ ਹੁੰਦੇ ਤਾਂ ਇਸ ਤਰ੍ਹਾਂ ਹੀ ਕਰਦੇ ਜਿਸ ਤਰ੍ਹਾਂ ਕਿ ਅਸਾਂ ਕੀਤਾ ਹੈ।

**चौधरी बलबीर सिंह :** क्या मन्त्री महोदय बताएंगे कि किस तारीख से पहले पहले इलैक्शन्ज़ करवा दिए जाएंगे ?

**ਵਿੱਤ ਮੰਤਰੀ :** ਬਹੁਤ ਜਲਦੀ ਕਰਵਾ ਦਿਤੇ ਜਾਣਗੇ।

**ਸਰਦਾਰ ਉਮਰਾਓ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਗੌਰਮੈਂਟ ਇਸ ਸਿਲਸਿਲੇ ਵਿਚ ਡੈਫਿਨੇਟ ਡੇਟ ਨੀਅਤ ਕਰ ਸਕਦੀ ਹੈ ਕਿ ਇਸ ਤਾਰੀਖ ਤਕ ਇਲੈਕਸ਼ਨਾਂ ਕਰਵਾ ਦਿਤੀਆਂ ਜਾਣਗੀਆਂ ?

**ਵਿੱਤ ਮੰਤਰੀ :** ਬਜਟ ਸੈਸ਼ਨ ਤੋਂ ਬਾਅਦ ਸਾਰਿਆਂ ਨਾਲ ਸਲਾਹ ਕਰਕੇ ਤਾਰੀਖ ਮੁਕੱਰਰ ਕਰ ਦਿਆਂਗੇ। ਬਹੁਤਾ ਘਬਰਾਉਣ ਦੀ ਲੋੜ ਨਹੀਂ। ਤੁਹਾਡੇ ਨਾਲ ਵੀ ਦੋ ਦੋ ਹਥ ਕਰ ਲਵਾਂਗੇ।

---

## RE-CREATION OF THE POST OF ASSISTANT/ADDITIONAL ADVOCATE GENERAL, PUNJAB

*22. **Comrade Satya Pal Dang :** Will the Chief Minister be pleased to state :

(a) the reasons which led the present Government to re-create the post of Assistant/Additional Advocate General, Punjab which was abolished during the regime of the Government headed by Shri Lachhman Singh Gill ;

(b) the name of the person appointed against the said post ;

Original with;
Punjab Vidhan Sabha
Digitized by;
Panjab Digital Library

(c) whether the person mentioned in part (b) above is to be paid salary for any past period ; if so, the exact period for which he is to be paid salary and the reasons for the same ?

ਸਰਦਾਰ ਗੁਰਨਾਮ ਸਿੰਘ :

(ਏ) ਗਿੱਲ ਸਰਕਾਰ ਨੇ ਐਡੀਸ਼ਨਲ ਐਡਵੋਕੇਟ ਜਨਰਲ ਦੀ ਪੱਕੀ ਅਸਾਮੀ 7-12-67 ਨੂੰ ਖ਼ਤਮ ਕਰ ਦਿੱਤੀ ਸੀ। ਇਹ ਫੈਸਲਾ ਸਿਆਸੀ ਵੈਰ ਵਿਰੋਧ ਦੀ ਭਾਵਨਾ ਤੇ ਆਧਾਰਿਤ ਸੀ। ਕਿਉਂ ਜੋ ਇਹ ਫੈਸਲਾ ਨੇਕ ਨੀਤੀ ਨਾਲ ਨਹੀਂ ਕੀਤਾ ਗਿਆ ਸੀ, ਇਸ ਲਈ ਇਸ ਆਸਾਮੀ ਦੇ ਖ਼ਤਮ ਕਰਨ ਦਾ ਹੁਕਮ 19-2-69 ਨੂੰ ਰੱਦ ਕਰ ਦਿੱਤਾ ਗਿਆ ਸੀ।

(ਬੀ) ਐਡੀਸ਼ਨਲ ਐਡਵੋਕੇਟ ਜਨਰਲ ਦੀ ਆਸਾਮੀ ਉਤੇ ਸ਼੍ਰੀ ਭੁਪਿੰਦਰ ਸਿੰਘ ਢਿਲੋਂ ਸਥਾਈ ਤੌਰ ਤੇ ਲੱਗੇ ਹੋਏ ਸਨ। ਪਰ ਉਹਨਾਂ ਦੀ ਨੌਕਰੀ ਨੋਟਸ ਦੇਣ ਦੇ ਇਵਜ਼ ਵਿਚ ਤਿੰਨਾਂ ਮਹੀਨਿਆਂ ਦੀ ਗਰੈਚੁਇਟੀ ਦੇ ਕੇ ਉਸ ਵੇਲੇ ਦੀ ਸਰਕਾਰ ਨੇ ਖ਼ਤਮ ਕਰ ਦਿੱਤੀ ਸੀ। ਆਸਾਮੀ ਦੇ ਜਾਰੀ ਨਾ ਰਹੇ ਜਾਣ ਦੇ ਹੁਕਮ ਨੂੰ ਰੱਦ ਕਰ ਦਿੱਤੇ ਜਾਣ ਦੇ ਕਾਰਨ ਸ਼੍ਰੀ ਭੁਪਿੰਦਰ ਸਿੰਘ ਢਿਲੋਂ ਨੂੰ ਇਸ ਆਸਾਮੀ ਉਤੇ 7-12-1967 ਤੋਂ ਕੰਮ ਕਰਦਿਆਂ ਮਿਥਿਆ ਗਿਆ ਹੈ।

(ਸੀ) ਉਪਰੋਕਤ (ਬੀ) ਨੂੰ ਮੁੱਖ ਰਖਦਿਆਂ, ਸ਼੍ਰੀ ਭੁਪਿੰਦਰ ਸਿੰਘ ਢਿਲੋਂ ਪਹਿਲੇ ਵਾਂਗ 1000 ਰੁਪਏ ਮਹੀਨੇ ਦੀ ਤਨਖਾਹ ਦਾ ਉਸ ਸਾਰੇ ਸਮੇਂ ਲਈ ਹੱਕਦਾਰ ਹੈ ਜਿਸ ਸਮੇਂ ਲਈ ਕਿ ਉਸ ਦੀ ਨੌਕਰੀ ਗੈਰ ਕਾਨੂੰਨੀ ਤੌਰ ਤੇ ਖ਼ਤਮ ਕੀਤੀ ਗਈ ਸੀ। ਇਹ ਸਾਰੀ ਤਨਖਾਹ ਤਕਰੀਬਨ 14,500/- ਰੁਪਏ ਬਣਦੀ ਹੈ। ਸ਼੍ਰੀ ਭੁਪਿੰਦਰ ਸਿੰਘ ਢਿਲੋਂ ਪੈਪਸੂ ਲੈਂਡ ਕਮਿਸ਼ਨ ਦੇ ਮੈਂਬਰ ਸਨ। ਇਸ ਹੈਸੀਅਤ ਵਿਚ ਗੈਰ ਸਰਕਾਰੀ ਮੈਂਬਰ ਦੇ ਰੂਪ ਵਿਚ ਉਨ੍ਹਾਂ ਨੂੰ 100 ਰੁਪਏ ਪ੍ਰਤੀ ਬੈਠਕ ਦੇ ਹਿਸਾਬ ਨਾਲ ਅਦਾਇਗੀ ਹੁੰਦੀ ਰਹੀ ਹੈ। ਤਾਂ ਵੀ ਸ਼੍ਰੀ ਢਿਲੋਂ ਨੇ ਉਸ 3000/- ਰੁਪਏ ਨੂੰ ਛਡ ਕੇ, ਜਿਹੜਾ ਕਿ ਗਿੱਲ ਸਰਕਾਰ ਨੇ ਉਸ ਨੂੰ ਗਰੈਚੁਇਟੀ ਦੇ ਤੌਰ ਤੇ ਦਿੱਤਾ ਸੀ, ਅਤੇ ਉਸ ਮੁਆਵਜ਼ੇ ਨੂੰ ਛੱਡ ਕੇ ਜਿਹੜਾ ਕਿ ਉਸ ਨੇ ਪੈਪਸੂ ਲੈਂਡ ਕਮਿਸ਼ਨ ਦੇ ਮੈਂਬਰ ਦੇ ਰੂਪ ਵਿਚ ਉਪਰੋਕਤ ਸਮੇਂ ਵਿਚ ਵਸੂਲ ਕੀਤਾ ਸੀ ਜਾਂ ਵਸੂਲ ਕਰਨਾ ਹੈ, ਜਿਹੜਾ ਕਿ ਲਗ ਭਗ 3000 ਰੁਪਏ ਹੈ। ਬਾਕੀ ਬਕਾਇਆ ਰਕਮ ਦਾ ਕਲੇਮ ਆਪਣੀ ਖੁਸ਼ੀ ਨਾਲ ਛਡ ਦੇਣ ਦੀ ਪੇਸ਼ਕਸ਼ ਕੀਤੀ ਹੈ। ਇਸ ਤਰੀਕੇ ਨਾਲ ਸਰਕਾਰ ਦੇ ਸਿਰ ਕੋਈ ਵਾਧੂ ਖਰਚਾ ਨਹੀਂ ਹੋਵੇਗਾ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

[(a) The permanent post of Additional Advocate General was abolished by the Gill Government on 3-12-67. It was an act of political victimisation. As this decision was not in good faith, the orders of its discontinuance were rescinded on 19-2-69.

(b) The post of the Additional Advocate General was held by Shri Bhupinder Singh Dhillon on substantive basis but his services were terminated by the then Government by giving him 3 months gratuity in lieu of notice. The orders of discontinuance of the post having been rescinded, Shri Bhupinder Singh is deemed to continue on this post from 8-12-1967.

(c) In view of (b) above, Shri Bhupinder Singh Dhillon is entitled to get the normal salary of Rs. 1,000/p.m., for the period his services remained illegally terminated, totalling approximately Rs. 14,500/- Shri Bhupinder Singh Dhillon was a member of the Pepsu Lands Commission. In this capacity, he has been getting a sum of Rs. 100 per sitting as a non-official member. However, Shri Dhillon has offered to give up voluntarily his claim for the arrears, excepting Rs. 3,000/- ordered to be paid to him as gratuity by the Gill Government and the remuneration which he has received or is to receive as a member of the Pepsu Lands Commission during the above mentioned period, amount to less than Rs 3,000/-. In this manner, Government will not be incurring any extra expenditure.]

**ਸਰਦਾਰ ਉਮਰਾਓ ਸਿੰਘ :** ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਕਿਹਾ ਹੈ ਕਿ ਐਡੀਸ਼ਨਲ ਐਡਵੋਕੇਟ ਜਨਰਲ ਦੇ ਕੇਸ ਵਿਚ ਮੇਲਾਫਾਈਡਜ਼ ਕਰਕੇ ਹਟਾ ਦਿਤਾ ਗਿਆ ਸੀ। ਤਾਂ ਕੀ ਹੁਣ ਕੋਈ ਐਡੀਸ਼ਨਲ ਐਡਵੋਕੇਟ ਜਨਰਲ ਹੈ ?

(No reply)

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

(Interruptions in the House).

**Mr. Speaker :** There should be no interruptions in the House.

**ਸਰਦਾਰ ਉਮਰਾਓ ਸਿੰਘ :** ਕੀ ਮੁੱਖ ਮੰਤਰੀ ਸਾਹਿਬ ਇਹ ਦਸਣਗੇ ਕਿ ਹੁਣ ਐਡੀਸ਼ਨਲ ਐਡਵੋਕੇਟ ਜਨਰਲ ਕੋਈ ਨਹੀਂ ਲਗਾਇਆ ਗਿਆ ਜਾਂ ਅਸਾਮੀ ਹੀ ਖਤਮ ਕਰ ਦਿਤੀ ਗਈ ਹੈ ?

**ਮੁੱਖ ਮੰਤਰੀ :** ਐਡੀਸ਼ਨਲ ਐਡਵੋਕੇਟ ਜਨਰਲ ਦੀ ਪੋਸਟ ਇਨ ਅਬੇਅੰਸ ਰਖੀ ਗਈ ਹੈ।

**ਸਰਦਾਰ ਉਮਰਾਓ ਸਿੰਘ :** ਕੀ ਇਸ ਪੋਸਟ ਨੂੰ ਇਨ ਅਬੇਅੰਸ ਵਿਚ ਰਖਣਾ ਮੇਲਾਫਾਇਡ ਐਕਸ਼ਨ ਨਹੀਂ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਨਹੀਂ ।

**ਕੈਪਟਨ ਰਤਨ ਸਿੰਘ :** ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਕੀ ਅਡੀਸ਼ਨਲ ਐਡਵੋਕੇਟ ਜਨਰਲ ਸਰਕਾਰ ਦੇ ਵਿਰੁਧ ਮੁਕਦਮਿਆਂ ਵਿਚ ਪੇਸ਼ ਹੋ ਸਕਦਾ ਹੈ ?

**ਮੁੱਖ ਮੰਤ ੀ :** ਨਹੀਂ ।

**ਕੈਪਟਨ ਰਤਨ ਸਿੰਘ :** ਕੀ ਇਹ ਗਲ ਚੀਫ਼ ਮਨਿਸਟਰ ਸਾਹਿਬ ਦੇ ਨਾਲਿਜ ਵਿਚ ਹੈ ਕਿ ਸਰਦਾਰ ਭੁਪਿੰਦਰ ਸਿੰਘ ਸਰਕਾਰ ਦੇ ਖ਼ਿਲਾਫ਼ ਮੁਕਦਮਿਆਂ ਵਿਚ ਪੇਸ਼ ਹੋਏ ਅਤੇ ਫੀਸ ਲਈ ?

ਮੁੱਖ ਮੰਤਰੀ : ਇਸ ਲਈ ਨੋਟਿਸ ਦਿਉ ।

**ਕੈਪਟਨ ਰਤਨ ਸਿੰਘ :** ਮੈਂ ਵਜ਼ੀਰ ਸਾਹਿਬ ਤੋਂ ਇਹ ਗਲ ਪੁਛਣੀ ਚਾਹੁੰਦਾ ਹਾਂ ਕਿ ਕੀ ਕਨਸਟੀਚਊਸ਼ਨ ਦੇ ਵਿਚ ਐਡੀਸ਼ਨਲ ਐਡਵੋਕੇਟ ਜਨਰਲ ਰਖਣ ਦੀ ਕੋਈ ਪ੍ਰੋਵੀਜ਼ਨ ਹੈ ?

**ਮੁੱਖ ਮੰਤਰੀ :** ਆਨਰੇਬਲ ਮੈਂਬਰ ਪੜ੍ਹੇ ਲਿਖੇ ਹਨ, ਉਹ ਕਨਸਟੀਚਊਸ਼ਨ ਵੇਖ ਲੈਣ ਮੈਂ ਕਾਪੀ ਦੇ ਦਿੰਦਾ ਹਾਂ । ਮੇਰੇ ਤੋਂ ਕਿਉਂ ਪੁਛਦੇ ਹਨ ? (ਹਾਸਾ)

**ਕੈਪਟਨ ਰਤਨ ਸਿੰਘ :** ਮੈਂ ਮੁੱਖ ਮੰਤਰੀ ਜੀ ਤੋਂ ਇਹ ਗੱਲ ਪੁਛਣੀ ਚਾਹੁੰਦਾ ਹਾਂ ਕਿ ਜਦੋਂ ਐਡੀਸ਼ਨਲ ਐਡਵੋਕੇਟ ਜਨਰਲ ਦੀ 10 ਸਾਲ ਤੋਂ ਘਟ ਦੀ ਸਰਵਿਸ ਸੀ ਉਹ ਕਿਉਂ ਰੱਖਿਆ ਗਿਆ ਸੀ ?

**Chief Minister :** Fresh notice is required.

**Captain Rattan Singh :** The Chief Minister was the appointing authority. He knew that Shri Bhupinder Singh Dhillon did not qualify for the said post.

**ਸਰਦਾਰ ਤਰਲੋਚਨ ਸਿੰਘ ਰਿਆਸਤੀ :** ਕੀ ਚੀਫ਼ ਮਨਿਸਟਰ ਸਾਹਿਬ, ਪੰਜਾਬ, ਨੂੰ ਇਸ ਗੱਲ ਦਾ ਪਤਾ ਹੈ ਕਿ ਐਡੀਸ਼ਨਲ ਐਡਵੋਕੇਟ ਜਨਰਲ ਦੀ ਪੋਸਟ ਸਰਦਾਰ ਪ੍ਰਤਾਪ ਸਿੰਘ ਵੇਲੇ ਹੀ ਕਾਇਮ ਹੋਈ ਸੀ ਪਹਿਲਾਂ ਨਹੀਂ ਸੀ । ਉਸ ਵੇਲੇ ਸਰਦਾਰ ਗੁਰਨਾਮ ਸਿੰਘ ਨੇ ਇਸੇ ਹਾਊਸ ਵਿਚ ਇਸ ਪੋਸਟ ਦੀ ਨਖੇਧੀ ਕੀਤੀ ਸੀ ।

**ਮੁੱਖ ਮੰਤਰੀ :** ਇਸ ਗੱਲ ਦਾ ਉਨ੍ਹਾਂ ਨੂੰ ਪਤਾ ਹੋਣਾ ਹੈ ਮੈਨੂੰ ਤਾਂ ਕੋਈ ਪਤਾ ਨਹੀਂ ।

**ਸਰਦਾਰ ਉਮਰਾਓ ਸਿੰਘ :** ਮੈਂ ਆਪਣੇ ਇਕ ਸਵਾਲ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਿਆ ਸੀ ਕਿ ਐਡੀਸ਼ਨਲ ਐਡਵੋਕੇਟ ਜਨਰਲ ਦਾ ਐਕਸਪੀਰੀਐਂਸ ਕਿਤਨਾ ਹੈ, ਪਰ ਮੇਰਾ ਉਹ ਸਵਾਲ ਹੀ ਡਿਸਅਲਾਓ ਹੋ ਗਿਆ । ਮੈਂ ਇਹ ਗੱਲ ਉਨ੍ਹਾਂ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਉਹ ਉਸ ਨੂੰ ਰੀਵਾਈਜ਼ਡ ਸਮਝ ਕੇ ਜਵਾਬ ਦੇਣਗੇ........

**ਮੁੱਖ ਮੰਤਰੀ :** ਕਿਹੜਾ ਸਵਾਲ ?

**ਸ਼੍ਰੀ ਸਪੀਕਰ :** ਆਨਰੇਬਲ ਮੈਂਬਰ ਇਸ ਬਾਰੇ ਮੇਰੇ ਨਾਲ ਚੈਂਬਰ ਦੇ ਵਿਚ ਆ ਕੇ ਪਹਿਲਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਸਲਾਹ ਕਰ ਲੈਣ । ਮੈਂ ਸਾਰੀ ਚੀਜ਼ ਉਨ੍ਹਾਂ ਨੂੰ ਦੱਸ ਦੇਵਾਂਗਾ । (The hon. Member may please see me in my Chamber. I will explain the position there.)

**ਸਰਦਾਰ ਉਮਰਾਓ ਸਿੰਘ** : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੀ ਐਡੀਸ਼ਨਲ ਐਡਵੋਕੇਟ ਜਨਰਲ ਦੀ ਪੋਸਟ ਹੈ ਉਹਦੀ ਕੀ ਕੁਆਲੀਫੀਕੇਸ਼ਨ ਹੈ ?

**ਮੁੱਖ ਮੰਤਰੀ** : ਕੁਆਲੀਫੀਕੇਸ਼ਨ ਦੇ ਲਈ ਉਹ 210.2 ਵਾਲੀ ਧਾਰਾ ਦੇਖ ਸਕਦੇ ਹਨ, ਪੜ੍ਹ ਲੈਣ ।

**चौधरी बलबीर सिंह** : स्पीकर साहिब, मुख्य मंत्री ने अभी अभी कहा है कि आनरेबल मैंबर मेरे से कापी ले लें और पढ़ लें । यहां पर हज़ारों सवाल आते हैं, इनके मुतालिक कहीं न कहीं रिकार्ड तो होता ही है, इनका हर बात में यह कहना कि आप पढ़ लें, यह मुनासिब नहीं है ।

**Chief Minister** : I will read out Article 217 (2) of the Constitution. A person shall not be qualified for appointment as a Judge of a High Court unless he is a citizen of India and-

(a) has for at least ten years held a judicial office in the territory of India; or

(b) has for atleast ten years been an advocate of a High Court.........'

ਜਿਹੜਾ ਐਡਵੋਕੇਟ ਜਨਰਲ ਜਾਂ ਐਡੀਸ਼ਨਲ ਐਡਵੋਕੇਟ ਜਨਰਲ ਐਪੁਆਇੰਟ ਕਰਨਾ ਹੁੰਦਾ ਹੈ ਉਸ ਦੀ 10 ਸਾਲ ਦੀ ਹਾਈਕੋਰਟ ਵਿਚ ਐਪੁਆਇੰਟਮੈਂਟ ਜਾਂ 10 ਸਾਲ ਦਾ ਹਾਈ ਕੋਰਟ ਵਿਚ ਐਜ਼ ਪਲੀਡਰ ਐਕਸਪੀਰੀਐਂਸ ਦਾ ਹੋਣਾ ਜ਼ਰੂਰੀ ਹੁੰਦਾ ਹੈ ।

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ ਮੈਂ ਆਪ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਸਵਾਲ ਇਸ ਵਾਸਤੇ ਕਰਦੇ ਹਾਂ ਕਿਉਂਕਿ ਰੂਲਜ਼ ਇਜਾਜ਼ਤ ਦਿੰਦੇ ਹਨ ਕਿ ਅਸੀਂ ਸਵਾਲ ਕਰੀਏ ........

**ਸ੍ਰੀ ਸਪੀਕਰ** : ਤੁਸੀਂ ਕਹਿਣਾ ਕੀ ਚਾਹੁੰਦੇ ਹੋ ਪੁਆਇੰਟ ਆਫ਼ ਆਰਡਰ ਤੇ, ਪਹਿਲਾਂ ਉਹੀ ਗੱਲ ਕਰੋ । (The hon. Member should clearly say as to what he wants to say on his point of order.)

**ਕੈਪਟਨ ਰਤਨ ਸਿੰਘ** : ਮੈਂ ਇਹ ਪੁਛਦਾ ਹਾਂ ਕਿ ਰੂਲਜ਼ ਵਿਚ ਜਿਹੜੇ ਪੜ੍ਹ ਕੇ ਸੁਣਾਏ ਹਨ ਮੁਖ ਮੰਤ੍ਰੀ ਜੀ ਨੇ ਇਹ ਦੱਸਿਆ ਹੈ ਕਿ ਐਡੀਸ਼ਨਲ ਐਡਵੋਕੇਟ ਜਨਰਲ ਦਾ 10 ਸਾਲ ਦਾ ਐਕਸਪੀਰੀਐਂਸ ਹੋਣਾ ਚਾਹੀਦਾ ਹੈ । ਮੈਂ ਪੁਛਦਾ ਹਾਂ ਕਿ ਆਇਆ ਉਸ ਦਾ ਐਪੁਾਇੰਟਮੈਂਟ ਵਾਲੇ ਦਿਨ 10 ਸਾਲ ਦਾ ਐਕਸਪੀਰੀਐਂਸ ਸੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਉਨ੍ਹਾਂ ਨੂੰ ਸ਼ਾਇਦ ਭੁਲੇਖਾ ਲਗਾ ਹੈ । ਏਥੇ ਮੈਂ ਐਫਨਪੀਰੀਐਂਸ ਨਹੀਂ ਕਿਹਾ ਮੈਂ ਤਾਂ ਤਜਰਬਾ ਕਿਹਾ ਸੀ । ਪਰ ਏਥੇ ਤਾਂ ਐਡਵੋਕੇਟ ਜਨਰਲ ਜਾਂ ਐਡੀਸ਼ਨਲ ਐਡਵੋਕੇਟ ਜਨਰਲ ਬਾਰੇ ਤਾਂ ਉਨ੍ਹਾਂ ਨੂੰ ਭੁਲੇਖਾ ਲਗਾ ਹੈ । ਇਥੇ ਇਹ ਕੋਈ ਸਵਾਲ ਨਹੀਂ। ਇਹ ਬਿਲਕੁਲ ਇਰੈਲੇਵੈਂਟ ਹੈ ।

**ਕੈਪਟਨ ਰਤਨ ਸਿੰਘ :** ਐਡੀਸ਼ਨਲ ਐਡਵੋਕੇਟ ਜਨਰਲ ਅਤੇ ਅਸਿਸਟੈਂਟ ਜਨਰਲ ਦੀ ਕੁਆਲੀਫੀਕੇਸ਼ਨ ਵਿਚ ਕੋਈ ਫਰਕ ਨਹੀਂ । ਕੀ ਇਹ ਕੁਨਬਾ ਪਰਵਰੀ ਨਹੀਂ ਹੈ ?

**ਮੁੱਖ ਮੰਤਰੀ :** ਇਹ ਨਾ ਹਕ ਪਰਵਰੀ ਹੈ ਨਾ ਕੁਨਬਾ ਪਰਵਰੀ ਹੈ, ਇਹ ਮਹਿਜ਼ ਤੁਹਾਨੂੰ ਵਹਿਮ ਹੀ ਹੈ ।

**ਸਰਦਾਰ ਉਮਰਾਓ ਸਿੰਘ :** ਗਵਰਨਮੈਂਟ ਵੱਲੋਂ ਇਸ ਪੋਸਟ ਲਈ ਕਦੇ ਕੋਈ ਕੁਆਲੀ-ਫੀਕੇਸ਼ਨ ਪ੍ਰੈਸਕਰਾਈਬ ਕੀਤੀ ਗਈ ਸੀ ?

**ਮੁੱਖ ਮੰਤਰੀ :** ਇਸ ਦੇ ਲਈ ਨੋਟਿਸ ਚਾਹੀਦਾ ਹੈ ।

---

## GRANT OF CONCESSIONS TO THE PEOPLE OF THE BORDER AREAS OF THE STATE

*20. **Comrade Babu Singh Master :** Will the Chief Minister be pleased to state the details of the steps so far taken by the Government to implement the recommendations of the Sub-Committee set up by the former United Front Ministry regarding the concessions granted or proposed to be granted to the people of the border areas of the State ?

**Sardar Atma Singh (Revenue and Rehabilitation Minister) :**

The requisite information is given in the Statement laid on the Table of the House.

(ਲੋੜੀਂਦੀ ਸੂਚਨਾ ਸਭਾ ਦੀ ਮੇਜ਼ ਤੇ ਰਖੀ ਗਈ ਸਟੇਟਮੈਂਟ ਵਿਚ ਦਿਤੀ ਗਈ ਹੈ ।)

---

Original with;
Punjab Vidhan Sabha
Digitized by;
Panjab Digital Library

[ਮ ਲ ਮੰਤਰੀ]

STATEMENT

| S. No. | Recommendation | Orders of the Government | Action taken or proposed to be taken on Government orders. |
| --- | --- | --- | --- |
| (1) | (2) | (3) | (4) |
| 1. | **Grant of Industrial Loans.** The proposal of the Industries Department that loans upto Rs. 25,000/- @ Rs 2% and loans upto Rs. 50,000 @ Rs. 3% be granted for setting up new small scale cottage industries in the three border districts namely Amritsar, Ferozepore and Gurdaspur, was approved. The Industries Department will provide a sum of Rs. 2 lakhs for this purpose out of their sanctioned budget allotment and if more funds are needed, they would re-appropriate the amount from other funds. Similar provision would also be made by the Industries Department for the remaining three years of the Fourth Five Year Plan. | This recommendation was approved. | A sum of Rs. 2 lakhs has been earmarked in the Budget Estimates for the year 1968 69 for granting loans at low rates of interest. |
| 2. | **Remission of electricity duty for Agricultural and Industrial purposes.** Electricity duty leviable on the energy supplied for tube-wells and pumping sets installed for agricultural purposes had already been exempted with effect from 1-10-64. As regards the remission of electricity duty for industrial purposes, it was decided that 100% electricity duty for the new and expanding units be also remitted for a period of five years, in the border belt in the same manner as already allowed for industries located at focal points. The additional requirement of finances amounting to Rs. 3.25 lakhs was approved. | This recommendation was accepted in principle and the Government in the Irrigation and Power Deptt. was directed to examine the full implications of the scheme and to implement the recommendation in accordance with a phased programme which would be evolved in consultation with the C.M. | The matter is under the consideration of the Government in the Irrigation and Power Department. |

Original with; Punjab Vidhan Sabha Digitized by; Panjab Digital Library

| 1 | 2 | 3 | 4 |
|---|---|---|---|
| 3: | **Education Concessions.** | | |
| | **(a) Opening of a Degree College in the Border area.** It was agreed that a new Degree College should be opened in the border belt at an estimated cost of Rs. 17.19 lakhs. | This recommendaton was accepted in principle and the Education Department was directed to examine the full implications of the scheme and to implement the same in accordance with a phased programme which would be evolved in consultation with the C.M. | The matter is under the consideration of the Government in Education Department. |
| | **(b) Construction of School building at Government cost.** The Committee was of the view that the School buildings, wherever necessary in the border belt, should be constructed at Govt. cost tune. The expenditure involved was estimated to the tune of Rs. 4.10 tlakhs per year, during the current Plan period and the same was approved. | -do- | The Education Department proposes to provide a sum of Rs. 20 lakhs in the Draft Five Year Plan. |
| | **(c) & Reservation of seats in Medical/Technical College.** | | |
| | (d) It was decided that 5% of the seats be reserved for the border area students in the Medical/Technical Colleges, subject to the condition that they hail from towns/villages with a population of 20,000 at least in the 10 miles border belt and that they studied for at least 5 years in the institutions located in such villages or towns. | This recommendation was approved. | Necessary instructions have since been issued to implement the recommendation. |

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

| 1 | 2 | 3 | 4 |
|---|---|---|---|
| 4. | **Opening of Mobile Dispensaries.**<br>The scheme of the Department was considered. It was felt not practicable to have mobile dispensaries. However, the Sub-Committee approved that the existing dispensaries may be augmented at an estimated cost of Rs. 36.75 lakhs as detailed below :—<br>1. Staff Rs. 8,93,360/-<br>2. Vehicles. Rs. 5,75,000/-<br>3. Medicines & equipment Rs. 2,07,000/-<br>4. Buildings. Rs. 10,00,000/-<br>Total Rs. 36,75,360/-<br>It was further decided that this programme be achieved by phasing it over three years. | This recommendation was accepted in principle and the Health Department was directed to examine the full implications of the scheme and to implement the same in accordance with a phased programme which would be evolved in consultation with the C.M. | The matter is under the consideration of the Government in the Health Department. |
| 5. | **Special consideration for the grant of loans under LIGH/MIGH Schemes.**<br>The proposal of the Department, that a sum of Rs. 25 lakhs may be allocated to the border districts for the grant of loans under LIGH and MIGH Scheme during the current year, was approved. | This recommendation was approved. | Out of Rs. 80 lakhs received from the L.I.C. through the Government of India, a sum of Rs. 26 lakhs has been allocated to the border districts as under :<br>**District** — **LIGH** — **MIGH**<br>Amritsar — Rs. 9.00 lakhs — Rs. 3.00 lakhs<br>Ferozepur — Rs. 6.00 ,, — Rs. 1.50 ,,<br>Gurdaspur — Rs. 6.00 ,, — Rs. 0.50 ,,<br>Total — Rs. 21.00 ,, — Rs. 5.00 ,, |

| 1 | 2 | 3 | 4 |
|---|---|---|---|
| 6. | **100% and 50% remission of land revenue within belt of 10 miles and 20 miles respectively.**<br>It was indicated by the Financial Commissioner, Revenue that in case the land revenue is remitted 100% within the belt of 10 miles and 50% within the belt of 20 miles, from the International border, financial implications involved in the proposal would be to the tune of Rs. 15.11 lakhs and Rs. 6 26 lakhs (Total Rs. 21.37 lakhs). Under this proposal the three border districts will be benefited as under :—<br>Amritsar . . 40%<br>Ferozepore . . 23%<br>Gurdaspur . . 37%<br>The proposal was considered and approved. | This recommendation was accepted in principle and Government in the Revenue Department was directed to examine the full implications of the scheme and to implement the same in accordance with a phased programme which would be evolved in consultation with the C.M. | The matter has been kept pending till the finances of the State permit. |
| | (7) (a) **Interest free loans for agricultural purposes.**<br>(i) **Interest free loans for the installation of Tube-wells, pumping sets, digging of wells.**<br>It was approved that for the purpose of installation of tube-wells, pumping sets, digging of wells, interest free loans may be advanced to the Agriculturists, Penal interest should, however, be charged in case the parties concerned do not repay their dues in time. The financial implications involved in the proposal have been estimated to the tune of Rs. 1 90 lakhs. | This recommendation was accepted in principle and the Government in the Agriculture Deptt. was directed to examine the full implications of the scheme and to implement the same in accordance with a phased programme which would be evolved in consultation with the C.M. | The matter is under the consideration of the Government in the Agriculture Department. |
| | (ii) **Purchase of Bullocks.**<br>The proposal was that a sum of Rs. 10 lakhs may be provided for the grant at Taccavi loans for the purchase of bullocks etc. for the border area people through the Agriculture and Development Department. The same was approved. | | |

Original with; Punjab Vidhan Sabha Digitized by; Panjab Digital Library

| 1 | 2 | 3 | 4 |
|---|---|---|---|
| | **(iii) Purchase cf implements**<br>The suggestion that an additional sum of Rs. 40,000 may be provided for giving subsidy at the enhanced rates of 75% to the agriculturists in the border area, was approved. | | |
| 7. | (b) **Supply of seeds.**<br>It was decided, in principle, that 25% of the cost of seed should be met by the Government and the remaining 75% by the agriculturists themselves. It was estimated that a sum of Rs. 5.80 lakhs would be required for this purpose. The proposal was approved | | |
| | (c) **Supply of spray sets/Insecticides for spraying crops at subsidized rates.**<br>It was agreed that the scheme of supplying spraying sets/Insecticides for spraying crops at subsidized rates at an estimated cost of Rs. 1 lakh may be cotinued | | |
| 8. | **Construction of approach/link roads in the Border area**<br>It was decided that a sum of Rs. 30 lakhs ear marked for this scheme should be spent during the current year. It was further decided to earmarked a sum of Rs. 25 lakhs for the construction of link roads to bring the various villages on the border within four miles of metalled roads. The Chief Engineer was directed to prepare his Plans/estimates accordingly. | This recommendation was accepted in Principle and Government in the P.W.D., B&R was directed to examine the full implications of the scheme and to implement the same with a phased programme which would be evolved in consultation with the C.M. | The matter is under the consideration of the Government in the Public Works Department, B&R. |

Original with;
Punjab Vidhan Sabha
Digitized by;
Panjab Digital Library

| 1 | 2 | 3 | |
|---|---|---|---|
| 9. | **Construction of Complex of Public Buildings at Khem Karan.**<br>(i) The Government of India have given a subsidy to the tune of Rs. 19.18 lakhs for the construction of Public Buildings Complex in the Khem Karan Town The Sub-Committee reiterated that the construction of complex must be completed by the end of March, 1968. At the request of the Chief Engineer, P.W D, B&R, it was decided that for the expeditions completion of the complex, Purchase Committee consisting of tho following be set up :—<br>(i) S.E. Amritsar.<br>(ii) A representative of the Finance Department.<br>(iii) Controller of Stores.<br>(iv) Executive Engineer concerned.<br>9. (ii) It was decided that in view of the paucity of residential accommodation for the officers and their staff, residential quarters be also built at a cost of Rs. 5 lakhs to be constructed by the State.<br>9. (iii) It was also decided that a Rest House for the touring officers/staff be constructed at a cost of Rs. 35,000. The Chief Engineer, P.W.D., B&R was directed to prepare necessary plans and estimates. | These recommendations were accepted. | The work regarding construction of the Public Buildings Complex at Khem Karan is in progress and is likely to be completed by the end of March, 1969. A sum of Rs. 17.67 lakhs has so far been spent against the sanctioned amount of Rs. 19 18 lakhs.<br>(ii) The matter is under the consideration of the Government in the respective Department.<br>(iii) -Do- |
| 10. | **Shifting of the headquarters of the offices of B D.Os B E Os, S D Os. (Electricity/Irrigation)**<br>The Department were directed to shift offices within the border belt as far as possible. | This recommendation was approved. | The Departments concerned have been directed to implement this recommendation as far as possible. |
| 11. | **Special quota of amunition for the licence holders.**<br>It was decided that the Home Secretary should | This recommenda- | The matter is under |

| 1 | 2 | 3 | 4 |
|---|---|---|---|
| | take up the matter with the Government of India for increasing the quota of Arms and ammunition for the border area people. The Home Secretary was aked to study the possibility of distributing Nangal made guns to these people. | tion was approved. | the consideration of the Government in the Home Department. |
| 12 | **Transport facilities.**<br>It was felt that the operation of vehicles on the under-mentioned routes, will be commercially justified :—<br>1. Amritsar—Raja Sansi.<br>2. Amritsar—Khem Karan.<br>3. Tarn Taran—Bhikhiwind.<br>4. Amritsar Chheherata.<br>5. Ferozepore—Mamdet.<br>6. Fazilka—Malout via Panniwala.<br>7. Ferozepur Mukatsar via Sadiq.<br>8. Pathankot—Shalla Pattan.<br>9. Pathankot—Sunder Chak.<br>The final implications involved in the proposal are to the tune of Rs. 6 lakhs. The Committee approved the proposal and the Department was asked to take immediate action for providing transport facilities on these routes. | This recommendation was approved. | Necessary transport services have been introduced and the recommendation has been implemented. |
| 13 | **Rent free accommodation or House rent allowance in lieu thereof in 10 miles border belt.**<br>The proposal for the rent free accommodation or subsidy on house rent @ Rs. 7.50% of the basic pay in lieu thereof within 10 miles border belt, regardless of the population of the town/village in which they have to reside, was approved. | This recommendation was accepted in principle and the Chief Secretary's Organization (Services Branch) was directed to examine the full implications of the scheme and to implement the same with a phased programme which would be evolved in consultation with the C.M. | The matter is under the consideration of the Government. |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਾਬੂ ਸਿੰਘ ਮਾਸਟਰ :** ਸਪੀਕਰ ਸਾਹਿਬ, ਇਹ ਜਿਹੜੀ ਸਟੇਟਮੈਂਟ ਵਿਚ 9 ਲੱਖ ਰੁਪਏ ਦੀ ਇੰਡਸਟਰੀ ਬਾਰੇ ਲੋਨ ਦੇਣ ਲਈ ਗਰਾਂਟ ਰੱਖੀ ਗਈ ਹੈ। ਕੀ ਇਹ ਡਿਸਬਰਸ ਹੋਈ ਹੈ ?

**ਮਾਲ ਮੰਤਰੀ :** ਇਹ ਸਾਰੀ ਤਫਸੀਲ ਹਾਊਸ ਦੀ ਟੇਬਲ ਤੇ ਰਖੀ ਗਈ ਹੈ। ਤੁਸੀਂ ਪੜ੍ਹ ਸਕਦੇ ਹੋ ਕਿ ਵਾਕਈ ਦਿਤੀ ਗਈ ਹੈ ਜਾਂ ਕਿ ਨਹੀਂ।

**ਕਾਮਰੇਡ ਬਾਬੂ ਸਿੰਘ ਮਾਸਟਰ :** ਜੋ ਸਟੇਟਮੈਂਟ ਟੇਬਲ ਤੇ ਲੇ ਕੀਤੀ ਗਈ ਹੈ ਮੇਰਾ ਉਸ ਬਾਰੇ ਇਕ ਸਪਲੀਮੈਂਟਰੀ ਹੈ ਕਿ 9 ਲੱਖ ਦੀ ਰਕਮ ਗਵਰਨਮੈਂਟ ਨੇ ਲੋਨ ਦੇ ਤੌਰ ਤੇ ਬਤੌਰ ਇਕ ਗਰਾਂਟ ਦੇ ਦਿਤੀ ਸੀ ਪਰ ਡਿਸਬਰਸ ਹੋਣ ਦਾ ਮੁਆਮਲਾ ਅਜੇ ਅੰਡਰ ਕਨਸਿਡਰੇਸ਼ਨ ਹੀ ਸੀ। ਮੈਂ ਪੁਛਦਾ ਹਾਂ ਕਿ ਕੀ ਉਹ ਡਿਸਬਰਸ ਹੋਈ ਹੈ ਜਾਂ ਨਹੀਂ ?

**ਮਾਲ ਮੰਤਰੀ :** ਤੁਸੀਂ ਪੜ੍ਹ ਲਵੋ। ਇਹ ਜਵਾਬ ਦੇ ਵਿਚ ਦਿੱਤਾ ਗਿਆ ਹੈ।

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਦਾ ਹਰ ਗੱਲ ਵਿਚ ਇਹ ਜਵਾਬ ਦੇਣਾ ਠੀਕ ਨਹੀਂ ਕਿ ਤੁਸੀਂ ਆਪ ਪੜ੍ਹ ਲਓ। ਸਟੇਟਮੈਂਟ ਵਿਚ ਏਥੇ ਦਸਿਆ ਗਿਆ ਹੈ ਕਿ 9 ਲੱਖ ਰੁਪਿਆ ਏਥੇ ਬਜਟ ਦੇ ਵਿਚ ਪ੍ਰੋਵਾਈਡਿਡ ਹੈ। ਉਹ ਕੋਈ ਨੋਟਿਸ ਮੰਗ ਲੈਣ ਜਾਂ ਕੋਈ ਹੋਰ ਜਵਾਬ ਦੇਣ। ਇਹ ਕੀ ਹੋਇਆ ਕਿ ਹਾਊਸ ਦੀ ਟੇਬਲ ਤੋਂ ਪੜ੍ਹ ਲਓ। ਇਹ ਆਪ ਤਿਆਰੀ ਕਰਕੇ ਆਓਣ ਤਾਂ ਕੋਈ ਜਵਾਬ ਦੇਣ।

(ਮੰਤ੍ਰੀ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ)

**ਸ਼੍ਰੀ ਗਿਆਨ ਚੰਦ ਖਰਬੰਦਾ :** ਕੀ ਇਹ ਹਕੀਕਤ ਹੈ ਗਵਰਨਮੈਂਟ ਨੇ ਇਕ ਤਾਂ ਲੋਨ ਦੀ ਰਿਆਇਤ ਕੀਤੀ ਹੈ ਅਤੇ ਦੂਸਰੀ ਰਿਆਇਤ ਸੇਲਜ਼ ਟੈਕਸ ਦੀ ਕੀਤੀ ਹੈ ?

**ਮਾਲ ਮੰਤਰੀ :** ਇਸ ਦੇ ਲਈ ਪਹਿਲਾਂ ਨੋਟਿਸ ਦੇਓ ਫੇਰ ਦਸ ਦਿਆਂਗੇ।

**ਕਾਮਰੇਡ ਬਾਬੂ ਸਿੰਘ ਮਾਸਟਰ :** ਜੋ ਜਵਾਬ ਦਿੱਤਾ ਗਿਆ ਹੈ, ਇਹ ਦੇ ਵਿਚ ਇਹੋ ਹੈ ਕਿ ਬਾਰਡਰ ਦਾ ਸਵਾਲ ਅਜੇ ਗਵਰਨਮੈਂਟ ਦੇ ਧਿਆਨ ਗੋਚਰੇ ਹੈ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਦਾ ਹਾਂ ਕਿ ਇਹ ਮੁਆਮਲਾ ਕਦੋਂ ਤੱਕ ਫਾਈਨਲ ਰੂਪ ਅਖਤਿਆਰ ਕਰ ਲਵੇਗਾ ?

**ਮਾਲ ਮੰਤਰੀ :** ਜੋ ਮੈਂ ਕਹਿਣਾ ਸੀ ਇਸ ਦੇ ਵਿਚ ਲਿਖਿਆ ਹੈ ਦੇਖ ਲਵੋ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਕਿਸੇ ਸਵਾਲ ਦਾ ਜਵਾਬ ਅਰਲੀ ਦੇਣਾ ਪੈਂਦਾ ਹੈ ਕਿਸੇ ਦਾ ਪੂਰੀ ਤਫਸੀਲ ਨਾਲ। ਇਸ ਤਰਾਂ ਦੇ ਜਵਾਬ ਹਾਊਸ ਵਿਚ ਮੰਤ੍ਰੀ ਨੂੰ ਨਹੀਂ ਦੇਣੇ ਚਾਹੀਦੇ। ਸਪੀਕਰ ਸਾਹਿਬ, ਇਸ ਬਾਰੇ ਤੁਹਾਡਾ ਹੀ ਕੋਈ ਰੂਲਿੰਗ ਹੋਣਾ ਚਾਹੀਦਾ ਹੈ।

(ਕੋਈ ਜਵਾਬ ਨਹੀਂ ਦਿੱਤਾ ਗਿਆ)

**ਕਾਮਰੇਡ ਦਰਸ਼ਨ ਸਿੰਘ ਝਬਾਲ :** ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਆਇਆ ਬਾਰਡਰ ਏਰੀਏ ਨੂੰ ਮੁਖ ਰਖਦੇ ਹੋਏ, ਜਿਥੇ ਕਿਤੇ ਟੇਲ ਤੇ ਪਾਣੀ ਨਹੀਂ ਪਹੁੰਚਦਾ ਕੀ ਇਸ ਬਾਰੇ ਵਜ਼ੀਰ ਸਾਹਿਬ ਕੋਈ ਪ੍ਰਬੰਧ ਕਰਨ ਨੂੰ ਤਿਆਰ ਹਨ ?

**ਮਾਲ ਮੰਤਰੀ :** ਨੋਟਿਸ ਦਿਓ ਮਹਾਰਾਜ । (ਹਾਸਾ)

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਜੇ ਮਾਲ ਮੰਤਰੀ ਸਾਹਿਬ ਜਵਾਬ ਨਹੀਂ ਦੇ ਰਹੇ ਤਾਂ ਕਹੋ ਕਿ ਚੀਫ਼ ਮਨਿਸਟਰ ਸਾਹਿਬ ਹੀ ਮੇਰੇ ਸਪਲੀਮੈਂਟਰੀ ਦਾ ਜਵਾਬ ਦੇ ਦੇਣ । ਮੇਰਾ ਸਪਲੀਮੈਂਟਰੀ ਇਹ ਹੈ ਕਿ ਬਾਰਡਰ ਦੇ ਇਲਾਕਿਆਂ ਵਿਚ ਕੁਝ ਰਿਆਇਤਾਂ ਦੇਣ ਲਈ ਇਕ ਸਬ ਕਮੇਟੀ ਬਣਾਈ ਸੀ । ਚੀਫ਼ ਮਨਿਸਟਰ ਸਾਹਿਬ ਨੂੰ ਵੀ ਸ਼ਾਇਦ ਇਸ ਗੱਲ ਦਾ ਇਲਮ ਹੋਵੇ । ਮੈਂ ਸਰਕਾਰ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਉਸ ਕਮੇਟੀ ਨੇ ਸਿਫਾਰਸ਼ਾਂ ਕੀਤੀਆਂ ਕੀ ਉਨ੍ਹਾਂ ਤੇ ਕੋਈ ਅਮਲ ਹੋਇਆ ਹੈ ?

**ਮੁੱਖ ਮੰਤਰੀ :** ਮੈਂ ਡਾਂਗ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂ ਜਦੋਂ ਗਵਰਨਰ ਐਡਰੈਸ ਦਾ ਜਵਾਬ ਦਿਆਂਗਾ ਤਾਂ ਉਸ ਵੇਲੇ ਇਸ ਗਲ ਦਾ ਵੀ ਜਵਾਬ ਦੇ ਦਿਆਂਗਾ ।

---

## CRIMINAL CASES WITHDRAWN DURING FEBRUARY AND MARCH, 1969.

*28. **Sardar Umrao Singh :** Will the Chief Minister be pleased to state whether any criminal cases pending in courts have been withdrawn by the Government in the months of February and March, 1969 todate, if so, the names of the persons against whom such cases have been withdrawn and the nature of their offence ?

**Sardar Gurnam Singh :** Yes. Four cases of Ludhiana Dist. were withdrawn as shown below :

| Case No. | Name of persons against whom withdrawn. | | Nature of offence. |
|---|---|---|---|
| 1. Case FIR No. 239 dt. 12. 12. 68, P.S. Raikot | 1. Surinder Singh )<br>2. Dalip Singh ) | | 1. u/s 307/225 148/ 149 IPC |
| | 3. Gurdev Singh )<br>4. Gurcharan Singh) | Students of Sudhar | |
| 2. Case FIR No. 240 dt. 12. 12 68, P. S. Raikot | 5. Bodh Singh )<br>6. Surinder Kumar)<br>7. Gurmit Singh ) | College | 2. u/s 307/ 148 149 IPC. |
| 3. Case FIR No. 140 dt. 28. 5. 68, P. S. Jagraon. | 1. Sh. Gajjan Singh SI<br>2 Sh. Gian Chand. ASI | | u/s 342/218 IPC |
| 4 Case FIR No. 298 dt. 15. 12. 68 P. S. Divn. No. 5, Ludhiana. | 1. Sh. Yog Raj s% Naranjan Sen, Ludhiana, | | u/s 452/354 IPC |

Original with;
Punjab Vidhan Sabha
Digitized by;
Panjab Digital Library

(ਹਾਂ ਜੀ । ਲੁਧਿਆਣਾ ਜ਼ਿਲ੍ਹਾ ਦੇ ਨਿਮਨ ਲਿਖਤ 4 ਮੁਕਦਮੇ ਵਾਪਸ ਲਿਤੇ ਗਏ ਸਨ :

| ਮੁਕਦਮਾ ਨੰ: | ਵਿਅਕਤੀਆਂ ਦੇ ਨਾਂ ਜਿਨ੍ਹਾਂ ਵਿਰੁਧ ਮੁਕਦਮਾ ਵਾਪਸ ਲਿਤਾ ਗਿਆ | ਧਾਰਾ ਜਿਸ ਹੇਠ ਮੁਕਦਮਾ ਦਰਜ ਕੀਤਾ ਗਿਆ |
|---|---|---|
| (1) ਨੰ: 239 ਮਿਤੀ 12-12-68 ਥਾਣਾ ਰਾਏਕੋਟ) | | (') 307/225/148/149 ਭ: ਡ: |
| (2) ਨੰ: 240 ਮਿਤੀ 12-12-68 ਥਾਣਾ ਰਾਏਕੋਟ | 1. ਸੁਰਿੰਦਰ ਸਿੰਘ<br>2. ਦਲੀਪ ਸਿੰਘ<br>3. ਗੁਰਦੇਵ ਸਿੰਘ<br>4. ਗੁਰਚਰਨ ਸਿੰਘ<br>5 ਬੁੱਧ ਸਿੰਘ<br>6. ਸੁਰਿੰਦਰ ਕੁਮਾਰ<br>7. ਗੁਰਮੀਤ ਸਿੰਘ | (2) 307/148/149 ਭ: ਡ:<br>ਸੁਧਾਰ ਕਾਲਜ ਦੇ ਵਿਦਿਆਰਥੀ |
| (3) ਨੰ: 140 ਮਿਤੀ 28-5-68 ਥਾਣਾ ਜਗਰਾਉਂ | 1. ਗਜਨ ਸਿੰਘ ਐਸ ਆਈ-<br>2. ਗਿਆਨ ਚੰਦ ਏ.ਐਸ.ਆਈ. | 342/218 ਭ: ਡ: |
| (4) ਨੰ: 298 ਮਿਤੀ 15-12-68 ਥਾਣਾ ਡਵੀਯਨ ਨੰ: 5 ਲੁਧਿਆਣਾ) | 1. ਸ੍ਰੀ ਯੋਗ ਰਾਜ ਪੁਤਰ ਨਰਿੰਜਨ ਸੇਨ ਲੁਧਿਆਣਾ | 452/354 ਭ: ਡ: |

---

## CHECKING RISE IN PRICES OF FOODGRAINS.

*19. **Comrade Babu Singh Master** : Will the Chief Minister be pleased to state the details of the steps being taken by the Government to check the rise in the prices of foodgrains in the State with a view to ensuring their supply to the poor sections of the people in the State at reasonable rates.

**ਸਰਦਾਰ ਗੁਰਨਾਮ ਸਿੰਘ** : ਇਸ ਬਾਰੇ ਜਿਹੜੇ ਜਿਹੜੇ ਕਦਮ ਚੁਕੇ ਗਏ ਹਨ ਉਨ੍ਹਾਂ ਦੀ ਸੂਚੀ ਸਭਾ ਦੇ ਸਾਹਮਣੇ ਪੇਸ਼ ਹੈ ।

ਸੂਚੀ

1. 5.9.68 ਤੋਂ ਸਾਰੇ ਸ਼ਹਿਰੀ ਹਲਕਿਆਂ ਵਿਚ ਮਿੱਲਾਂ ਦੁਆਰਾ ਤਿਆਰ ਕੀਤੇ ਹੋਏ ਮੈਕਸੀਕਨ ਕਣਕ ਦੇ ਹੋਲਸੇਲ ਆਟੇ ਦੀ ਵੰਡ ਸ਼ੁਰੂ ਕੀਤੀ ।

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ]

2. 20-9-1968 ਤੋਂ ਦੇਸੀ ਕਣਕ ਦੀ ਵੰਡ ਸ਼ੁਰੂ ਕੀਤੀ। 1-10-68 ਤੋਂ ਦੇਸੀ ਕਣਕ ਦੇ ਆਟੇ ਦੀ ਵੀ ਵੰਡ ਸ਼ੁਰੂ ਕੀਤੀ ਗਈ। ਰਾਸ਼ਨ ਦੀ ਮਾਤਰਾ 5 ਕਿਲੋ ਪ੍ਰਤੀ ਜੀਅ ਪ੍ਰਤਿ ਮਾਸਕ ਤੇ ਵਧ ਤੋਂ ਵਧ 40 ਕਿਲੋ ਪ੍ਰਤਿ ਕਾਰਡ ਪ੍ਰਤਿ ਮਾਸਕ ਨੀਅਤ ਕੀਤੀ। ਖੱਪਤਕਾਰ ਆਪਣੀ ਮਰਜ਼ੀ ਅਨੁਸਾਰ ਕਣਕ ਜਾਂ ਆਟਾ ਲੈ ਸਕਦਾ ਸੀ

3. 1-11-1968 ਤੋਂ ਰਾਸ਼ਨ ਦੀ ਮਾਤਰਾ ਵੱਧਾ ਕੇ 10 ਕਿਲੋ ਪ੍ਰਤਿ ਜੀਅ ਪ੍ਰਤਿ ਮਾਸਕ ਤੇ ਵੱਧ ਤੋਂ ਵੱਧ 80 ਕਿਲੋ ਪ੍ਰਤਿ ਰਾਸ਼ਨ ਕਾਰਡ ਪ੍ਰਤਿ ਮਾਸਕ ਕੀਤੀ ਗਈ। ਦੇਸੀ ਕਣਕ ਜਾਂ ਉਸ ਦੇ ਆਟੇ ਤੋਂ ਇਲਾਵਾ ਖੱਪਤਕਾਰ ਮੈਕਸੀਕਨ ਕਣਕ ਦਾ ਆਟਾ ਬਿਨਾਂ ਕਿਸੇ ਮਿਕਦਾਰ ਦੀ ਹੱਦ ਦੇ ਲੈ ਸਕਦੇ ਸੀ।

4. 1 ਦਸੰਬਰ, 1968 ਤੋਂ ਪੇਂਡੂ ਮੰਡੀਆਂ ਵਿੱਚ ਤੇ ਸ਼ਹਿਰਾਂ ਦੇ ਨਾਲ ਲਗਵੇਂ 5 ਮੀਲ ਤੇ ਅੰਦਰ ਅੰਦਰ ਦੇ ਪੇਂਡੂ ਇਲਾਕਿਆਂ ਵਿਚ ਕਣਕ/ ਆਟੇ ਦੀ ਵੰਡ ਸ਼ੁਰੂ ਕੀਤੀ ਗਈ। ਇਸ ਦੇ ਬਾਅਦ ਸਾਰੇ ਦਿਹਾਤੀ ਇਲਾਕੇ ਵਿਚ ਜਿਥੇ ਕਿਤੇ ਲੋੜ ਸੀ ਕਣਕ/ ਆਟੇ ਦੀ ਵੰਡ ਸ਼ੁਰੂ ਕੀਤੀ ਗਈ।

5. ਜ਼ਿਲ੍ਹਾ ਅਫਸਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਕਿ ਜਿਥੇ ਵੀ ਲੋੜ ਹੋਵੇ ਉਹ ਕਣਕ ਤੇ ਆਟਾ ਵੰਡਣ ਵਾਸਤੇ ਨਵੇਂ ਡਿਪੂ ਖੋਲ ਦੇਣ।

6. 17-1-1969 ਤੋਂ ਦੇਸੀ ਕਣਕ ਤੇ ਆਟੇ ਦੀ ਪ੍ਰਤਿ ਜੀਅ ਪ੍ਰਤਿ ਮਾਸਕ ਮਾਤਰਾ ਵੱਧਾ ਕੇ 15 ਕਿਲੋ ਪ੍ਰਤਿ ਜੀਅ ਤੇ ਵੱਧ ਤੋਂ ਵੱਧ 80 ਕਿਲੋ ਪ੍ਰਤਿ ਕਾਰਡ ਪ੍ਰਤਿ ਮਾਸਕ ਕੀਤੀ ਗਈ।

7. ਖੁਲ੍ਹੀ ਮਾਰਕੀਟ ਵਿਚ ਕਣਕ ਤੇ ਆਟੇ ਦੀ ਖਪਤ ਘੱਟ ਕਰਨ ਲਈ ਤੰਦੂਰਾਂ ਤੇ ਢਾਬਿਆ ਨੂੰ ਵੀ ਆਟੇ ਦੀ ਸਪਲਾਈ 17-1-69 ਤੋਂ ਸ਼ੁਰੂ ਕੀਤੀ ਗਈ।

8. 7-3-69 ਤੋਂ ਸਰਕਾਰ ਨੇ ਰਾਜ ਵਿਚ ਕਣਕ ਤੇ ਆਟੇ ਦੀ ਵੰਡ ਤੇ ਸਾਰੀਆਂ ਪਾਬੰਦੀਆਂ ਖਤਮ ਕਰ ਦਿਤੀਆਂ। ਹੁਣ ਖਪਤਕਾਰ ਬਿਨਾਂ ਰਾਸ਼ਨ ਕਾਰਡ ਤੇ ਬਿਨਾਂ ਕਿਸੇ ਮਿਕਦਾਰ ਦੀ ਹੱਦ ਦੇ ਡਿਪੂਆਂ ਤੋਂ ਕਣਕ ਤੇ ਆਟਾ ਆਪਣੀ ਲੋੜ ਅਨੁਸਾਰ ਲੈ ਸਕਦੇ ਹਨ।

9. ਕਣਕ ਤੇ ਆਟੇ ਤੋਂ ਛੁਟ ਖਪਤਕਾਰ ਰਾਸ਼ਨ ਤੇ 2 ਕਿਲੋ ਪ੍ਰਤਿ ਜੀਅ ਤੇ ਵੱਧ ਤੋਂ ਵੱਧ 10 ਕਿਲੋ ਚੌਲ ਵੀ ਪ੍ਰਤਿ ਕਾਰਡ ਮਾਸਕ ਲੈ ਸਕਦੇ ਹਨ। ਇਹ ਚੌਲ 5-9-68 ਤੋਂ ਕਣਕ/ ਆਟੇ ਦੀ ਵੰਡ ਦੇ ਸ਼ੁਰੂ ਹੋਣ ਦੇ ਵੇਲੇ ਤੋਂ ਦਿਤੇ ਜਾਂਦੇ ਰਹੇ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ, ਪਹਿਲਾ ਸਵਾਲ ਕੜਾ ਇੰਪੋਰਟੈਂਟ ਹੈ ਇਸ ਲਈ ਉਸ ਤੇ ਸਪਲੀਮੈਂਟਰੀ ਜ਼ਰੂਰ ਹੋਣੇ ਚਾਹੀਦੇ ਹਨ ।

**ਸ਼੍ਰੀ ਸਪੀਕਰ :** ਜੇ ਤੁਸੀਂ ਬੈਠੇ ਰਹੋ ਤਾਂ ਮੈਂ ਕੀ ਕਰ ਸਕਦਾ ਹਾਂ (What can I do, if the hon. Member did not get up to put any supplementary in time.)

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ, ਇਹ ਗਲ ਲੋਕਾਂ ਦੇ ਸਾਹਮਣੇ ਆਉਣੀ ਚਾਹੀਦੀ ਹੈ ਕਿ ਕਿਵੇਂ ਇਨ੍ਹਾਂ ਨੇ ਲੋਕਾਂ ਤੇ ਝੂਠੇ ਮੁਕਦਮੇ ਬਣਾਏ ਅਤੇ ਹੁਣ ਵਾਪਸ ਲੈਣੇ ਪੈ ਰਹੇ ਹਨ ।

**ਸ਼੍ਰੀ ਸਪੀਕਰ :** ਹੁਣ ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ । ਮੈਂਬਰ ਸਾਹਿਬ ਨੇ ਉਹ ਪੁਟ ਕਰ ਦਿਤਾ ਹੈ । ਹੁਣ ਉਸ ਦਾ ਸਪਲੀਮੈਂਟਰੀ ਕਾਮਰੇਡ ਬਾਬੂ ਸਿੰਘ ਪੁਛਣਗੇ । (Now I have called the next question and the hon. Member has put it. Now Com. Babu Singh will put the supplementary to the next question which has already been put.)

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਮੁੱਖ ਮੰਤਰੀ ਸਾਹਿਬ ਇਹ ਦਸਣਗੇ ਕਿ ਸ਼ਹਿਰੀ ਇਲਾਕੇ ਨੂੰ ਜਿਹੜੀਆਂ ਰਿਆਇਤਾਂ ਦਿਤੀਆਂ ਗਈਆਂ ਹਨ ਉਹ ਰਿਆਇਤਾਂ ਰੂਰਲ ਏਰੀਏ ਨੂੰ ਦਿਤੀਆਂ ਜਾਣਗੀਆਂ ?

**ਮੁੱਖ ਮੰਤਰੀ :** ਐਤਕੀ ਕਣਕ ਬਹੁਤ ਹੋਈ ਹੈ ਇਸ ਲਈ ਰਿਆਇਤ ਦੇਣ ਦੀ ਕੋਈ ਲੋੜ ਹੀ ਨਹੀਂ । ਕਣਕ ਆਮ ਕਰ ਦਿਤੀ ਹੈ ਜਿਤਨੀ ਕੋਈ ਚਾਹੇ ਲੈ ਲਵੇ ।

**ਕੈਪਟਨ ਰਤਨ ਸਿੰਘ :** ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਜਿਹੜੇ ਇਲਾਕਿਆਂ ਵਿਚ ਬਾਰਸ਼ਾਂ ਨਹੀਂ ਪਈਆਂ ਅਤੇ ਕਣਕ ਨਹੀਂ ਹੋਈ ਉਨ੍ਹਾਂ ਵਿਚ ਵੀ ਇਹ ਰਿਆਇਤਾਂ ਦਿਤੀਆਂ ਜਾਣਗੀਆਂ ਜਾਂ ਨਹੀਂ ?

**ਮੁੱਖ ਮੰਤਰੀ :** ਤੁਹਾਨੂੰ ਕੀ ਫ਼ਿਕਰ ਹੈ । ਤੁਹਾਡੇ ਆਪਣੇ ਕੋਠੇ ਭਰੇ ਹੋਏ ਨਹੀਂ ।

**ਕੈਪਟਨ ਰਤਨ ਸਿੰਘ :** ਮੈਂ ਆਪਣੇ ਕੋਠਿਆਂ ਬਾਰੇ ਨਹੀਂ ਪੁਛਿਆ ਸਗੋਂ ਜਿਥੇ ਬਾਰਸ਼ਾਂ ਨਹੀਂ ਹੋਈਆਂ ਉਸ ਇਲਾਕੇ ਬਾਰੇ ਪੁਛ ਰਿਹਾ ਹਾਂ । ਚੀਫ਼ ਮਨਿਸਟਰ ਨੂੰ ਪਰਸਨਲ ਨਹੀਂ ਹੋਣਾ ਚਾਹੀਦਾ ।

(ਕੋਈ ਜਵਾਬ ਨਹੀਂ ਦਿਤਾ ਗਿਆ)

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਹਾਊਸ ਵਿਚ ਜੋ ਜਵਾਬ ਲੇ ਕੀਤਾ ਗਿਆ ਹੈ ਉਸ ਵਿਚ ਦਸਿਆ ਗਿਆ ਹੈ ਕਿ ਚੇਤ ਫਗਣ ਵਿਚ ਕੋਟਾ ਵਧਾ ਦਿਤਾ ਜਾਂਦਾ ਹੈ । ਕੀ ਇਨ੍ਹਾਂ ਦਿਨਾਂ ਵਿਚ ਭੁਖ ਵਧੇਰੇ ਲਗਦੀ ਹੈ ਜਾਂ ਕੋਈ ਹੋਰ ਦਿਕਤ ਸੀ ਜਿਸ ਕਰਕੇ ਪਹਿਲਾਂ ਕੋਟਾ ਘੱਟ ਦਿਤਾ ਜਾਂਦਾ ਸੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਜਵਾਬ ਵਿਚ ਇਕ ਤੋਂ ਨੌਂ ਤਕ ਪੁਆਇੰਟ ਦਸੇ ਹੋਏ ਹਨ। ਜੇ ਤੁਸੀਂ ਨਹੀਂ ਪੜ੍ਹੇ ਤਾਂ ਮੈਂ ਦਸ ਦਿੰਦਾ ਹਾਂ ਕਿ ਇਹ ਕਦਮ ਅਨਾਜ ਦੇ ਭਾਅ ਨੂੰ ਸਟੇਬਲ ਰਖਣ ਲਈ ਗਵਰਨਰੀ ਰਾਜ ਸਮੇਂ ਚੁਕੇ ਗਏ ਸਨ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ "ਇਸ ਸਵਾਲ ਵਿਚ ਜੋ ਜਾਇਜ਼ ਕੀਮਤਾਂ ਬਾਰੇ ਲਿਖਿਆ ਹੋਇਆ ਹੈ ਕੀ ਕੋਈ ਕੀਮਤਾਂ ਫਿਕਸ ਕਰ ਦਿਤੀਆਂ ਗਈਆਂ ਹਨ ਕਿ ਨਹੀਂ ?

**ਮੁੱਖ ਮੰਤਰੀ :** 1 ਤੋਂ 9 ਤਕ ਜਵਾਬ ਵਿਚ ਪੁਆਇੰਟ ਦਿਤੇ ਹੋਏ ਹਨ ਜੇ ਮੈਂਬਰ ਸਾਹਿਬ ਕਹਿਣ ਤਾਂ ਮੈਂ ਪੜ੍ਹ ਦਿੰਦਾ ਹਾਂ। ਜੇ ਉਹ ਆਪ ਪੜ੍ਹ ਲੈਣ ਤਾਂ ਹਾਊਸ ਦਾ ਟਾਈਮ ਬਚ ਜਾਵੇਗਾ। ਫਿਰ ਵੀ ਮੈਂ ਇਨ੍ਹਾਂ ਨੂੰ ਦਸ ਦਿਆਂ ਕਿ ਸੈਂਟਰਲ ਗੌਰਮਿੰਟ ਨੇ ਪ੍ਰੋਕਿਓਰਮੈਂਟ ਪ੍ਰਾਈਸਿਜ਼ ਫਿਕਸ ਕੀਤੀਆਂ ਸਨ ਜਿਹੜੀਆਂ ਕਿ 71 ਰੁਪਏ ਤੋਂ 81 ਰੁਪਏ ਤਕ ਸਨ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸਪੀਕਰ ਸਾਹਿਬ, ਸਵਾਲ ਵਿਚ ਇਹ ਲਿਖਿਆ ਹੋਇਆ ਹੈ ਕਿ ਕੀ ਜਾਇਜ਼ ਪ੍ਰਾਈਸਜ਼ ਤੇ ਗਰੀਬਾਂ ਨੂੰ ਅਨਾਜ ਦਿਤਾ ਜਾਵੇਗਾ ? ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਜਾਇਜ਼ ਪ੍ਰਾਈਸ ਮੁਕਰਰ ਕਰ ਦਿਤੀ ਹੈ ਜਾਂ ਨਹੀਂ, ਜੇ ਨਹੀਂ ਤਾਂ ਉਹ ਫਿਕਸ ਕਰਨ ਵਿਚ ਕੀ ਤਰੀਕਾ ਵਰਤਣਗੇ ?

**ਮੁੱਖ ਮੰਤਰੀ :** ਇਹ ਤਾਂ ਸਵਾਲ ਦੇਣ ਵਾਲੇ ਨੂੰ ਪੁਛੋ ਕਿ ਉਸ ਨੇ ਇਹ ਜਾਇਜ਼ ਸ਼ਬਦ ਵਿਚ ਕਿਉਂ ਪਾਇਆ ਹੈ। (ਵਿਘਨ) (ਸ਼ੋਰ)

**ਸਰਦਾਰ ਸੁਰਜੀਤ ਸਿੰਘ ਅਟਵਾਲ :** ਸਪੀਕਰ ਸਾਹਿਬ ਹੁਣੇ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਹਾਊਸ ਦਾ ਟਾਈਮ ਜ਼ਾਇਆ ਹੋਵੇਗਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਮੈਂਬਰ ਕੇਵਲ ਸਵਾਲ ਹੀ ਪੁਛ ਸਕਦਾ ਹੈ, ਸਪਲੀਮੈਂਟਰੀ ਨਹੀਂ ?

**ਸ੍ਰੀ ਸਪੀਕਰ :** ਤੁਸੀਂ ਜਿਹੜੀ ਇਨਫਰਮੇਸ਼ਨ ਮੰਗੀ ਸੀ ਉਹ ਉਨ੍ਹਾਂ ਨੇ ਦੇ ਦਿਤੀ ਹੈ। (The information required by the hon. Member has been supplied by the Chief Minister.)

**ਕੈਪਟਨ ਰਤਨ ਸਿੰਘ :** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸ਼ਹਿਰੀ ਇਲਾਕਿਆਂ ਨੂੰ ਜੋ ਰਿਆਇਤਾਂ ਦਿਤੀਆਂ ਗਈਆਂ ਹਨ ਕੀ ਇਹ ਉਸ ਇਲਾਕੇ ਨੂੰ ਦਿਤੀਆਂ ਜਾਣਗੀਆਂ ਜਿਥੇ ਬਾਰਸ਼ ਨਾ ਹੋਣ ਦੇ ਕਾਰਨ ਕਣਕ ਨਹੀਂ ਹੋ ਸਕੀ ?

**ਸ੍ਰੀ ਮਨਮੋਹਨ ਕਾਲੀਆ :** ਸਪੀਕਰ ਸਾਹਿਬ, ਇਹ ਸਵਾਲ ਪਹਿਲਾਂ ਹੀ ਪੁਛਿਆ ਜਾ ਚੁਕਿਆ ਹੈ, ਇਸ ਲਈ ਇਹ ਦੁਬਾਰਾ ਨਹੀਂ ਪੁਛਿਆ ਜਾਣਾ ਚਾਹੀਦਾ।

**ਕੈਪਟਨ ਰਤਨ ਸਿੰਘ :** ਪਰ ਉਸ ਦਾ ਜਵਾਬ ਨਹੀਂ ਦਿਤਾ ਗਿਆ ਸੀ। ਇਸ ਦਾ ਜਵਾਬ ਆਉਣਾ ਚਾਹੀਦਾ ਹੈ।

(ਕੋਈ ਜਵਾਬ ਨਹੀਂ ਦਿਤਾ ਗਿਆ)

Original with;
Punjab Vidhan Sabha
Digitized by;
Panjab Digital Library

## SCHOOLS UPGRADED/TAKEN OVER BY GOVERNMENT

29*Sardar Umrao Singh : Will the Minister for Irrigation and Power be pleased to state (a) the names of the schools up-graded during the year 1967, 1968 and 1969 (to-date) separtely. (b) the names of the privately managed schools taken over by the Government during each of the year mentioned in part (a) above.

**ਸਰਦਾਰ ਸੋਹਣ ਸਿੰਘ ਬਾਸੀ :** (ੳ) ਤੇ (ਅ) ਸੂਚੀਆਂ ਮੇਜ਼ ਉਤੇ ਰੱਖ ਦਿੱਤੀਆਂ ਹਨ।

**ਪ੍ਰਾਇਮਰੀ ਸਕੂਲ ਜਿਨ੍ਹਾਂ ਦਾ ਪੱਧਰ 1967 ਵਿਚ ਉੱਚਾ ਕੀਤਾ ਗਿਆ।**

**ਜਿਲ੍ਹਾ ਅੰਮ੍ਰਿਤਸਰ**

1. ਮਾਛਲ
2. ਭੀਤ ਵਾਦ
3. ਬਾਬੀ ਖੋੜਾ
4. ਮਾਧੋ ਚੰਗਾ

**ਜ਼ਿਲ੍ਹਾ ਬਠਿੰਡਾ**

5. ਜਿਉਂਦ
6. ਦਿਉਨ
7. ਮਿਸਰੀ ਵਾਲਾ
8. ਹੀਰਾਂ ਕਲਾਂ
9. ਮੂਸਾ
10. ਸ਼ੇਖਪੁਰ ਤਲਵੰਡੀ

**ਜਿਲ੍ਹਾ ਫਿਰੋਜ਼ਪਰ**

11. ਖੋਸਾ ਪੁੰਡੇ
12. ਖਿਵਾਲੀ ਧਾਬ
13. ਨੋਕੇਰੀਆਂ
14. ਮਹਲਾਂ ਕਲਾਂ
15. ਸੁਕਲ ਘਰਲ ਖੁਰਦ
16. ਚਮਨੀਵਾਲ
17. ਝੁਗਨ ਖੇੜਾ

**ਜ਼ਿਲ੍ਹਾ ਹੁਸ਼ਿਆਰਪੁਰ**

18. ਰਾਕਰ ਦਾਹਾ
19. ਅਜਨੋਹਾ
20. ਹਰਿਸ਼ ਕਲੋਟਾ

**ਜ਼ਿਲ੍ਹਾ ਜਲੰਧਰ**

21. ਨਿਹਾਲੂ ਵਾਲਾ
22. ਜਾਜਾ ਕਲਾਂ
23. ਤਲਵਨ
24. ਧਾਲਣਾ ਝਿਕਾ

**ਜ਼ਿਲ੍ਹਾ ਕਪੂਰਥਲਾ**

25. ਉਚਾ ਪਿੰਡ
26. ਪੰਚਾਇਤ

**ਜ਼ਿਲ੍ਹਾ ਲੁਧਿਆਣਾ**

27. ਲਾਲ ਕਲਾਂ
28. ਬੁਰਜ ਹਰੀ ਸਿੰਘ
29. ਭੁੰਡੇਰੀ
30. ਈਸ਼ੇ ਵਾਲ
31. ਕਾਸਾ ਬਾਦ

**ਜ਼ਿਲ੍ਹਾ ਰੋਪੜ**

32. ਭਦੋੜ
33. ਬੂਰ ਮਾਜਰਾ
34. ਧਨੌਰੀ

**ਜ਼ਿਲ੍ਹਾ ਸੰਗਰੂਰ**

35. ਚੀਨੀ ਵਾਲ
36. ਹਮੀਦੀ
37. ਸਾਂਧੂ ਕਲਾਂ

**ਜ਼ਿਲ੍ਹਾ ਪਟਿਆਲਾ**

38. ਰਾਮਗੜ੍ਹ ਬੂਟਾ ਸਿੰਘ ਵਾਲਾ
39. ਭੱਪਲ
40. ਸੋਹਰਾ
41. ਗਦਾਪੁਰ
42. ਕਰਹਾਲੀ

Original with;
Punjab Vidhan Sabha
Digitized by;
Panjab Digital Library

[ਸਿਚਾਈ ਮੰਤਰੀ]

43. ਤਸਿੰਬਲੀ

ਜ਼ਿਲ੍ਹਾ ਗੁਰਦਾਸਪੁਰ

44. ਮਨਵਾਲ

45. ਦਬਣ ਵਾਲਾ

46. ਦਿਆਲ ਗੜ੍ਹ

### ਮਿਡਲ ਸਕੂਲ ਜਿਨ੍ਹਾਂ ਦਾ ਪੱਧਰ 1967 ਵਿਚ ਉਚਾ ਕੀਤਾ ਗਿਆ

ਜ਼ਿਲ੍ਹਾ ਅੰਮ੍ਰਿਤਸਰ

1. ਦੁਲਕ
2. ਚਵਿੰਦਾ ਦੇਵੀ
3. ਪੰਜਾਵਰ
4. ਢੁੰਡਾ
5. ਖਡੂਰ ਸਾਹਿਬ
6. ਸੁਧਾਰ

ਜ਼ਿਲ੍ਹਾ ਬਠਿੰਡਾ

7. ਸਿਆਲ ਬਰਾਹ
8. ਨਰੋਨਾ
9. ਮਾਨਸਾ
10. ਰਾਏ ਕੇ ਵਲਾਂ
11. ਰਾਏ ਪੁਰ

ਜ਼ਿਲ੍ਹਾ ਫਿਰੋਜ਼ਪੁਰ

12. ਵਕੀਲਾ ਵਾਲਾ
13. ਭਰਾਨਾ
14. ਫਤੇਹ ਪੁਰ ਪੰਜਤੂਰ
15. ਮਮਦੂਤ
16. ਲੰਗਿਆਨਾ ਖੁਰਦ

ਜ਼ਿਲ੍ਹਾ ਹੁਸ਼ਿਆਰਪੁਰ

17. ਗੋਂਦ ਪੁਰ
18. ਬੀਰਾਂ ਪੁਰ

ਜ਼ਿਲ੍ਹਾ ਜਲੰਧਰ

19. ਹਰੀ ਪੁਰ
20: ਜਗਤ ਪੁਰ
21. ਤਲਵੰਡੀ ਮਾਧੋ

ਜ਼ਿਲ੍ਹਾ ਕਪੂਰਥਲਾ

22. ਮਹੇਰੂ

ਜ਼ਿਲ੍ਹਾ ਲੁਧਿਆਣਾ

23. ਕੁਬਾ
24. ਕਟਾਨੀ ਕਲਾਂ
25. ਰਸੂਲ ਪੁਰ
26. ਚੱਕਨ

ਜ਼ਿਲ੍ਹਾ ਰੋਪੜ

27. ਸਿੰਘ ਪੁਰਾ
28. ਬਜਰੌਰ

ਜ਼ਿਲ੍ਹਾ ਸੰਗਰੂਰ

29. ਮੀਮਸਾ
30. ਕੰਗ ਵਾਲ
31. ਚੰਨਾਂ ਵਾਲ

ਜ਼ਿਲ੍ਹਾ ਪਟਿਆਲਾ

32. ਤਰੀ ਪੁਰ
33. ਸਰਹੰਦ
34. ਸਮਸ਼ ਪੁਰ

### ਪ੍ਰਾਇਮਰੀ ਸਕੂਲ ਜਿਨ੍ਹਾਂ ਦਾ ਪੱਧਰ 1968 ਵਿਚ ਉਚਾ ਕੀਤਾ ਗਿਆ।

ਜ਼ਿਲ੍ਹਾ ਫੀਰੋਜ਼ਪੁਰ

1. ਦਾਲੀ ਵਾਲ ਕਲਾਂ
2. ਫਤਿਹਪੁਰ ਝੁਗੀਆਂ
3. ਲੋਹਾਰਾ
4. ਡੋਲੇ ਵਾਲ
5. ਕਦੀਰ ਵਾਲਾ
6. ਇੰਦ ਗੜ੍ਹ
7. ਘਲੋਟੀ

Original with;
Punjab Vidhan Sabha
Digitized by;
Panjab Digital Library

8. ਮਹਾਂ ਭਦਰ
9. ਨੱਥੂ ਵਾਲ ਈਸਟ
10. ਧਰਮ ਸਿੰਘ ਵਾਲਾ
11. ਕਲੇ ਕੇ
12. ਦਾਰਾ ਪੁਰ
13. ਪੰਜੇ ਕੇ
14. ਕਾਲੀਏ ਵਾਲਾ
15. ਅਰਫ ਕੇ
16. ਦਲੋਂਹੀ ਕੇ
17. ਅਸਲ
18. ਚਗਾਲੀ ਜੰਦੀਦ

ਜ਼ਿਲ੍ਹਾ ਜਲੰਧਰ

19. ਮਲੀਆਂ ਖੁਰਦ
20. ਗਿਲ
21. ਬਖਲੌਰ
22. ਰਤਿੰਦਾ
23. ਗਰਾਹ
24. ਸ਼ੇਖੂਪੁਰ ਬਾਘ
25. ਮਲੀਆਂ ਕਲਾਂ
26. ਆਲਮ ਪੁਰ
27. ਸਰਹਾਲਾ ਰਨੂਆ
28. ਸੋਹਲ ਜਗੀਰ
29. ਅਥੋਲਾ
30. ਕੋਟ ਰੰਜ਼ਾ
31. ਪੱਤਰ ਕਲਾਂ

ਜ਼ਿਲ੍ਹਾ ਅੰਮ੍ਰਿਤਸਰ

32. ਕਲਾਹ
33. ਤਪਾਈ
34. ਚਾਪਾ

ਜ਼ਿਲ੍ਹਾ ਸੰਗਰੂਰ

35. ਜਲਾਲਦੀ ਵਾਲਾ

ਜ਼ਿਲ੍ਹਾ ਰੋਪੜ

36. ਗਿਗਾ ਮਾਜਰਾ
37. ਮੁੰਧ ਸੰਗਤੀਆਂ

ਜ਼ਿਲ੍ਹਾ ਗੁਰਦਾਸਪੁਰ

38. ਭੂਲਰ
39. ਤਲਵੰਡੀ ਰਾਮਾ
40. ਚੂਹੇਵਾਲ
41. ਲੰਡੇ ਮੰਡੇ
42. ਸ਼ਾਹਪੁਰ ਗਰਾਈਆਂ

ਜ਼ਿਲ੍ਹਾ ਹੁਸ਼ਿਆਰਪੁਰ

43. ਭਾਨਾ
44. ਬਹਾਦੁਰਪੁਰ ਭਾਈਆਂ
45. ਮੀਆਨੀ

ਜ਼ਿਲ੍ਹਾ ਲੁਧਿਆਣਾ

46. ਡਾਲਾ
47. ਮਕਸੂਦਰਾ
48. ਘਾਮਲ
49. ਭੂਟਾ
50. ਮਹੇਰਾਨਾ ਕਲਾਂ
51. ਮਾਛੀਵਾੜਾ

ਜ਼ਿਲ੍ਹਾ ਪਟਿਆਲਾ

52. ਗਾਜੇ ਵਾਲ
53. ਜੱਸੋ ਮਾਜਰਾ
54. ਬਰਾਸ
55. ਪੀਰ ਜੈਨ

ਜ਼ਿਲ੍ਹਾ ਬਠਿੰਡਾ

56. ਮਚਾਕੀ ਕਲਾਂ
57. ਦਲਾਲ ਵਾਲਾ
58. ਮੀਰ ਪੁਰ ਕਲਾਂ
59. ਜਸੀ ਪਾਉ ਵਾਲੀ
60. ਕੁਤੀ ਵਾਲ ਕਲਾਂ
61. ਝੰਡੂ ਕੇ
62. ਭਾਮੇ ਕਲਾਂ
63. ਬੋਧੀਪੁਰ
64. ਰਾਮ ਪੁਰਾ ਫੂਲ
65. ਜਲਾਲੀਆਨਾ

1969

ਨਿਲ

Original with;
Punjab Vidhan Sabha
Digitized by;
Panjab Digital Library

[ਸਿੰਚਾਈ ਮੰਤਰੀ]

ਮਿਡਲ ਸਕੂਲ ਜਿਨ੍ਹਾਂ ਦਾ ਪੱਧਰ 1968 ਵਿਚ ਉਚਾ ਕੀਤਾ ਗਿਆ

ਜ਼ਿਲ੍ਹਾ ਫੀਰੋਜ਼ਪੁਰ

1. ਅਜੀਤ ਵਾਲ
2. ਲੋਪੋ
3. ਕੋਕਰੀ ਕਲਾਂ
4. ਕੋਟ ਈਸ਼ੇ ਖਾਂ
5. ਤਲਵੰਡੀ ਮਲੀਆਂ
6. ਭਿੰਡਰ ਕਲਾਂ
7. ਘੋਸਾ ਰੰਧੀਰ
8. ਕਰੀਆਲ
9. ਬਾਗਾ ਪੁਰਾਨਾ
10. ਖਾਈ ਫਮੇ ਕੇ
11. ਖਿਓਵਾਲੀ ਦਾਬ
12. ਮਲੂਕ ਪੁਰ
13. ਜੁੰਬਾ

ਜ਼ਿਲ੍ਹਾ ਜਲੰਧਰ

14. ਲੰਗੜੋਆ
15. ਕਾਹਮਾ
16. ਸਰੀਹ
17. ਲਸਾਰਾ
18. ਭਾਰ ਸਿੰਘ ਪੁਰ
19. ਖਾਨ ਖਾਨਾ

ਜ਼ਿਲ੍ਹਾ ਅੰਮ੍ਰਿਤਸਰ

20. ਜਥੂਵਾਲ
21. ਨੌਸ਼ਹਿਰਾ ਢਾਲਾ
22. ਟਾਹਲੀ ਸਾਹਿਬ ਸਿਧਵਾਂ

ਜ਼ਿਲ੍ਹਾ ਸੰਗਰੂਰ

23. ਸੰਗੇਰਾ
24. ਖਨੂਰੀ
25. ਸਾਦੀ ਹੇੜੀ
26. ਚਮੀਆਂਰੀ

ਜ਼ਿਲ੍ਹਾ ਰੋਪੜ

27. ਤੀਉੜ
28. ਸਿਆਲਬਾ
29. ਘਨਾਉਲੀ
30. ਮੁਬਾਰਕਪੁਰ

ਜ਼ਿਲ੍ਹਾ ਗੁਰਦਾਸਪੁਰ

31. ਦਾਰ ਫਤੂਪੁਰ
32. ਪਠਾਨਕੋਟ

ਜ਼ਿਲ੍ਹਾ ਹੁਸ਼ਿਆਰਪੁਰ

33. ਜੰਡ ਵਾਲਾ
34. ਜਲੋਵਾਲ ਖਨੂਰ
35. ਖਰੜ ਅੱਚਰਵਾਰ
36. ਚੋਟਾਲਾ
37. ਬਡਾਲਾ

ਜ਼ਿਲ੍ਹਾ ਲੁਧਿਆਣਾ

38. ਗੁਰਾਮ
39. ਪੁਰਾਇਨ
40. ਘਮਾਉ ਕਲਾਂ
41. ਮਾਛੀ ਵਾੜਾ
42. ਸੁਜਾ ਪੁਰ

ਜ਼ਿਲ੍ਹਾ ਪਟਿਆਲਾ

43. ਮਸ਼ਿੰਗਣ
44. ਡਕਾਲਾ
45. ਅਜਰੌਰ

ਜ਼ਿਲ੍ਹਾ ਬਠਿੰਡਾ

46. ਸ਼ੇਰ ਸਿੰਘ ਵਾਲਾ
47. ਕੋਟ ਸ਼ਮੀਰ
48. ਲੈਹਰਾ ਮੁਹੱਬਤ
49. ਅਖਨ ਵਾਲੀ]
50. ਮਕਸੂਦ ਪੁਰ
51. ਜੂਨੀਅਰ ਮਾਡਲ ਸਕੂਲ, ਪਟਿਆਲਾ
52. ਫਤੂ ਢਿੰਗਾ (ਜ਼ਿਲ੍ਹਾ ਕਪੂਰਥਲਾ)

1969

ਨਿਲ

Original with;
Punjab Vidhan Sabha
Digitized by;
Panjab Digital Library

ਪ੍ਰਾਈਵੇਟ ਸਕੂਲ ਜਿਹੜੇ ਸਰਕਾਰ ਦੇ ਅਧੀਨ ਲੀਤੇ ਗਏ

1967

1. ਐਲ. ਐਸ. ਐਸ. ਹਾਈ ਸਕੂਲ ਦੋਰਾਂਗਲਾ (ਗੁਰਦਾਸਪੁਰ)
2. ਰਾਜਪੁਰ ,, ,, ਹਾਜੀ ਪੁਰ (ਹੁਸ਼ਿਆਰਪੁਰ)
3. ਐਸ. ਡੀ. ਖਾਲਸਾ ,, ,, ਪਖੋਂ ਵਾਲ ਬਹਿਰਾਮ ,,
4. ਪਬਲਿਕ ਹਾਈ ,, ਬਾਘ ਪੁਰ ਸਿਤਾਨੀ ,,
5. ਖਾਲਸਾ ,, ,, ਸਰਹਾਲਾ ਮੁੜਿਆਂ ,,
6. ਬੀ. ਐਮ. ਐਸ. ਕੇ. ਖਾਲਸਾ ਹਾਈ ਸਕੂਲ, ਸ਼ੇਰ ਪੁਰ (ਲੁਧਿਆਣਾ)
7. ਖਾਲਸਾ ਹਾਇਰ ਸਕੰਡਰੀ ਸਕੂਲ, ਲਸੋਈ (ਸੰਗਰੂਰ)
8. ਖਾਲਸਾ ਹਾਈ ਸਕੂਲ, ਚੂਹੜ ਚੱਕ (ਫਿਰੋਜ਼ਪੁਰ)
9. ਰਾਜਪੂਤ ਹਾਈ ਸਕੂਲ ਢੋਲ ਬਹਾ (ਹੁਸ਼ਿਆਰਪੁਰ)

1968

1. ਖਾਲਸਾ ਹਾਇਰ ਸੈਕੰਡਰੀ ਸਕੂਲ, ਬੁੰਡਾਲਾ (ਜਲੰਧਰ)

1969 ਅਜ ਤੱਕ

— ਨਿਲ —

**ਸ੍ਰੀ ਗਿਆਨ ਚੰਦ ਖਰਬੰਦਾ :** ਕੀ ਮੰਤਰੀ ਸਾਹਿਬ ਦਸਣਗੇ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਪਿਛਲੇ ਤਿੰਨਾਂ ਸਾਲਾਂ ਵਿਚ ਅੰਮ੍ਰਿਤਸਰ ਵਿਚ ਕੋਈ ਸਕੂਲ ਅਪਗ੍ਰੇਡ ਨਹੀਂ ਕੀਤਾ ਗਿਆ ?

**ਵਿਦਿਆ ਮੰਤਰੀ :** ਅੰਮ੍ਰਿਤਸਰ ਵਿਚ ਪਹਿਲਾਂ ਹੀ ਬੜੇ ਸਕੂਲ ਅਪਗ੍ਰੇਡ ਕੀਤੇ ਹੋਏ ਹਨ ।

**ਚੌਧਰੀ ਸੱਤਦੇਵ :** ਕੀ ਮੰਤਰੀ ਸਾਹਿਬ ਕਿਰਪਾ ਕਰਕੇ ਦਸਣਗੇ ਕਿ ਕੀ ਜ਼ਿਲ੍ਹਾ ਫਿਰੋਜ਼ਪੁਰ ਵਿਚ ਵੀ ਕੋਈ ਸਕੂਲ ਪਿਛਲੇ ਸਾਲ ਅਪਗ੍ਰੇਡ ਕੀਤਾ ਗਿਆ ਹੈ ਕਿ ਨਹੀਂ ?

**ਮੰਤਰੀ :** ਇਸ ਸਾਲ 25 ਸਕੂਲ ਅਪਗ੍ਰੇਡ ਹੋਣੇ ਹਨ । ਉਨ੍ਹਾਂ ਤੇ ਵਿਚਾਰ ਕਰ ਲਿਆ ਜਾਵੇਗਾ ।

**ਇਕ ਮਾਨਯੋਗ ਮੈਂਬਰ :** ਜਦ 25 ਸਕੂਲ ਅਪਗ੍ਰੇਡ ਹੋਏ ਹਨ ਤਾਂ ਉਨ੍ਹਾਂ ਤੇ ਵਿਚਾਰ ਕੀ ਕੀਤਾ ਜਾਵੇਗਾ ? (ਹਾਸਾ)

**ਕਾਮਰੇਡ ਸੱਤਪਾਲ ਡਾਂਗ :** ਮੰਤਰੀ ਸਾਹਿਬ ਨੇ ਹੁਣੇ ਕਿਹਾ ਸੀ ਕਿ ਅੰਮ੍ਰਿਤਸਰ ਵਿਚ ਬਹੁਤ ਸਕੂਲ ਅਪਗ੍ਰੇਡ ਕੀਤੇ ਗਏ ਹਨ । ਕੀ ਉਨ੍ਹਾਂ ਨੂੰ ਪਤਾ ਹੈ ਕਿ ਪੁਤਲੀਘਰ ਵਿਚ ਇਕ ਗੌਰਮਿੰਟ ਦਾ ਸਕੂਲ ਹੈ ਉਹ ਪ੍ਰਾਇਮਰੀ ਹੈ । ਉਥੇ ਦੀ ਸਾਰੀ ਵਸੋਂ ਗਰੀਬ ਹੈ । ਆਸ ਪਾਸ ਡੇਢ ਡੇਢ ਮੀਲ ਤਕ ਹੋਰ ਕੋਈ ਸਕੂਲ ਨਹੀਂ । ਕੀ ਗੌਰਮਿੰਟ ਉਸਨੂੰ ਅਪਗ੍ਰੇਡ ਕਰੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਵੈਸੇ ਤਾਂ ਹਰ ਇਕ ਮੀਲ ਤੇ ਇਕ ਇਕ ਸਕੂਲ ਹੋਣਾ ਚਾਹੀਦਾ ਹੈ ਪਰ ਜਿਥੇ ਨਹੀਂ ਉਥੇ ਬਣਾ ਦਿਤਾ ਜਾਵੇਗਾ । ਤੁਸੀਂ ਮੇਰੇ ਨੋਟਿਸ ਵਿਚ ਲਿਆਓ ।

**ਸਰਦਾਰ ਗੁਰਬੰਤਾ ਸਿੰਘ :** ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਜੋ ਇਹ ਫੈਸਲਾ ਕੀਤਾ ਸੀ ਕਿ ਜੋ ਪਿੰਡ 9 ਹਜ਼ਾਰ ਰੁਪਿਆ ਜਮ੍ਹਾਂ ਕਰਵਾ ਦੇਵੇਗਾ ਜਾਂ ਇਤਨੀ ਜ਼ਮੀਨ ਦੇਵੇਗਾ, ਇਤਨੇ ਕਮਰੇ ਦੇਵੇਗਾ, ਉਥੇ ਪਹਿਲਾਂ ਸਕੂਲ ਬਣਾ ਦਿਤੇ ਜਾਣਗੇ ਜਾਂ ਅਪਗ੍ਰੇਡ ਕਰ ਦਿਤੇ ਜਾਣਗੇ । ਕੀ ਇਸ ਸਰਕਾਰ ਦੀ ਵੀ ਇਹੋ ਪਾਲੀਸੀ ਹੈ ?

**ਮੰਤਰੀ :** ਹੁਣ ਇਹ ਨਹੀਂ, ਵੇਖਾਂਗੇ । ਸਗੋਂ ਇਹ ਗੌਰ ਕਰਾਂਗੇ ਕਿ ਕਿਥੇ ਸਕੂਲ ਦੀ ਲੋੜ ਜ਼ਿਆਦਾ ਹੈ ਅਤੇ ਕਿਥੇ ਨਹੀਂ । ਜਿਥੇ ਲੋੜ ਜ਼ਿਆਦਾ ਹੋਵੇਗੀ ਉਥੇ ਜਲਦੀ ਧਿਆਨ ਦਿਤਾ ਜਾਵੇਗਾ ।

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਵਿਦਿਆ ਮੰਤਰੀ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਹੜੇ ਸਕੂਲ ਅਪਗਰੇਡ ਕਰਨੇ ਹਨ ? ਕੀ ਇਨ੍ਹਾਂ ਨੂੰ ਅਪਗਰੇਡ ਕਰਨ ਦਾ ਕਰਾਈਟੇਰੀਆ ਪੰਜ ਮੀਲ ਦੇ ਡਿਸਟੈਂਸ ਤੇ ਕਰਨ ਦਾ ਹੈ ਜਾਂ ਐਮ.ਐਲ.ਏਜ਼ ਦੀ ਸਿਫਾਰਸ਼ ਦਾ ਵੀ ਹੈ ।

**ਵਿਦਿਆ ਮੰਤਰੀ :** ਕਰਾਇਟੀਰੀਆ ਇਹ ਹੈ ਕਿ ਪ੍ਰਾਇਮਰੀ ਸਕੂਲ ਵਾਸਤੇ ਇਕ ਮੀਲ ਦੀ ਵਿਥ ਚਾਹੀਦੀ ਹੈ, ਪ੍ਰਾਇਮਰੀ ਤੋਂ ਮਿਡਲ ਕਰਨ ਵਾਸਤੇ ਤਿੰਨ ਮੀਲ ਦੀ ਦੂਰੀ ਚਾਹੀਦੀ ਹੈ ਅਤੇ ਮਿਡਲ ਤੋਂ ਹਾਈ ਕਰਨ ਵਾਸਤੇ ਪਜ ਮੀਲ ਡਿਸਟੈਂਸ ਕਰਨ ਦੀ ਲੋੜ ਹੈ । ਜਿਹੜਾ ਪ੍ਰਾਇਮਰੀ ਤੋਂ ਮਿਡਲ ਬਣਨਾ ਹੈ ਉਹਦੇ ਵਾਸਤੇ 150 ਬੱਚੇ ਚਾਹੀਦੇ ਹਨ ਅਤੇ ਅੱਠ ਕਮਰੇ ਹੋਣੇ ਚਾਹੀਦੇ ਹਨ, ਮਿਡਲ ਤੋਂ ਹਾਈ ਵਾਸਤੇ 300 ਬੱਚੇ ਅਤੇ ਗਿਆਰਾਂ ਕਮਰੇ ਹੋਣੇ ਚਾਹੀਦੇ ਹਨ ।

**ਇੱਕ ਮਾਨਯੋਗ ਮੈਂਬਰ :** ਜਿਹੜੀ ਲਿਸਟ ਤਿਆਰ ਕੀਤੀ ਜਾਏਗੀ ਕੀ ਉਹ ਸਕੂਲ ਇਸੇ ਸਾਲ ਵਿੱਚ ਅਪਗਰੇਡ ਕੀਤੇ ਜਾਣਗੇ ਜਾਂ ਇਸ ਤੇ ਐਕਸ਼ਨ ਅਗਲੇ ਸਾਲ ਹੋਵੇਗਾ ।

**ਮੰਤਰੀ :** ਲਿਸਟਾਂ ਜਲਦੀ ਤੋਂ ਜਲਦੀ ਤਿਆਰ ਹੋ ਜਾਣਗੀਆਂ ਅਤੇ ਜਦੋਂ ਤਿਆਰ ਹੋਈਆਂ ਤਾਂ ਤੁਹਾਨੂੰ ਦਸ ਦਿੱਤਾ ਜਾਵੇਗਾ ।

**ਇਕ ਮਾਨਯੋਗ ਮੈਂਬਰ ;** ਜਿਨ੍ਹਾਂ ਸਕੂਲਾਂ ਨੇ ਇਮਾਰਤਾਂ ਬਣਵਾ ਦਿਤੀਆਂ ਹਨ ਅਤੇ ਹੋਰ ਸ਼ਰਤਾਂ ਵੀ ਪੂਰੀਆਂ ਕਰ ਦਿਤੀਆਂ ਹਨ ਅਤੇ ਤਿੰਨ ਚਾਰ ਸਾਲ ਤੋਂ ਅਪਗਰੇਡ ਨਹੀਂ ਹੋਏ ਕੀ ਉਨ੍ਹਾਂ ਵਲ ਤੱਵਜੋ ਪਹਿਲੋਂ ਦਿਤੀ ਜਾਵੇਗੀ ?

**ਸਰਦਾਰ ਸੰਤੋਖ ਸਿੰਘ :** ਕੀ ਵਿਦਿਆ ਮੰਤਰੀ ਇਹ ਦਸਣ ਦੀ ਕਿਰਪਾ ਕਰਨਗੇ ਕਿ 1965 ਵਿਚੱ ਪਾਕਿਸਤਾਨ ਦੇ ਅਗਰੈਸ਼ਨ ਵੇਲੇ ਦਰਿਆ ਰਾਵੀ ਤੋਂ ਪਰੇ ਦੇ ਸਕੂਲਾਂ ਦੀਆਂ ਬਿਲਡਿੰਗਾਂ ਦਾ ਸਮਾਨ ਪਾਕਿਸਤਾਨ ਵਾਲੇ ਲੁਟ ਕੇ ਲੈ ਗਏ ਸੀ ? ਕੀ ਉਨ੍ਹਾਂ ਸਕੂਲਾਂ ਤੇ ਵੀ ਉਹੀ ਸ਼ਰਤਾਂ ਲਾਗੂ ਹੋਣਗੀਆਂ ।

**ਮੰਤਰੀ :** ਇਹ ਵੇਖਣਾ ਪਏਗਾ ਕਿ ਉਹ ਡਿਜ਼ਰਵ ਵੀ ਕਰਦੇ ਹਨ । ਕੀ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ? ਇਸ ਤੇ ਗੌਰ ਕੀਤਾ ਜਾਏਗਾ ।

Original with;
Punjab Vidhan Sabha
Digitized by;
Panjab Digital Library

**चौधरी बलबीर सिंह** : क्या शिक्षा मंत्री बताएंगे कि जिन स्कूलों की सिफारशात के कागज़ात मुकम्मल हो कर डी० ई० ओ०, सी० ई० ओ० और फिर चण्डीगढ़ आ गए हैं, क्या उन स्कूलों से इलावा कोई और स्कूल भी बनाए जाएंगे जिन के कागज़ात मुकमल नहीं हैं। मेरा सवाल है कि जिन स्कूलों के कागज़ात मुकम्मल हो कर ऐजूकेशन महिकमे में पहुंच चुके हैं उन को तो टेक अप नहो किया गया और जिनके कागज़ात मुकम्मल नहीं थे उनको ले लिया गया।

(कोई उत्तर नहीं दिया गया)

**ਮੇਜਰ ਹਰਿੰਦਰ ਸਿੰਘ** : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਅਪਗਰੇਡ ਕਰਨ ਵੇਲੇ ਮੈਂਬਰ ਸਾਹਿਬਾਨ ਦੀ ਸਿਫ਼ਾਰਸ਼ ਨੂੰ ਅਹਿਮੀਅਤ ਦਿਤੀ ਜਾਵੇਗੀ ਜਾਂ ਕਿ ਦਫਤਰਾਂ ਦੀ ਸਿਫਾਰਸ਼ ਨੂੰ ਹੀ ਮੁੱਖ ਰਖਿਆ ਜਾਵੇਗਾ ?

**ਮੰਤਰੀ** : ਇਸ ਨੂੰ ਐਗਜ਼ਾਮਿਨ ਕੀਤਾ ਜਾਵੇਗਾ।

**ਸਰਦਾਰ ਦਰਸ਼ਨ ਸਿੰਘ ਕੇ.ਪੀ.** : ਜਿਸ ਇਲਾਕੇ ਦੇ ਇਕ ਪਿੰਡ ਵਿਚ ਦੋ ਸਕੂਲ ਅਪਗਰੇਡ ਹੋ ਗਏ ਹੋਣ, ਕੀ ਉਨ੍ਹਾਂ ਨੂੰ ਉਸੇ ਤਰ੍ਹਾਂ ਰਹਿਣ ਦਿਤਾ ਜਾਵੇਗਾ ?

**ਮੰਤਰੀ** : ਕੋਈ ਸਪੈਸਿਫਿਕ ਮਿਸਾਲ ਦਿਉ। ਇਨਕੁਆਰੀ ਕਰਵਾ ਲਈ ਜਾਵੇਗੀ।

**ਕਾਮਰੇਡ ਬਬੂ ਸਿੰਘ ਮਾਸਟਰ** : ਇਕੋ ਜਗ੍ਹਾ ਤੇ ਦੋ ਸਕੂਲਾਂ ਨੂੰ ਅਪਗਰੇਡ ਕਰਨ ਦੀ ਕੀ ਲੋੜ ਹੈ ?

**ਮੰਤਰੀ** : ਨੋਟਿਸ ਦੇ ਦਿਉ। ਵੇਖ ਲਵਾਂਗੇ।

**ਸਰਦਾਰ ਗੁਰਮੀਤ ਸਿੰਘ** : ਕੀ ਸਕੂਲ ਅਪਗਰੇਡ ਕਰਨ ਵੇਲੇ ਇਲਾਕੇ ਦੀ ਆਬਾਦੀ ਦਾ ਲਿਹਾਜ਼ ਰਖਣ ਦਾ ਕਰਾਇਟੇਰੀਆ ਬਣਾਇਆ ਜਾਵੇਗਾ ?

**ਮੰਤਰੀ** : ਆਬਾਦੀ ਦਾ ਲਿਹਾਜ਼ ਕੀਤਾ ਜਾਵੇਗਾ।

**ਚੌਧਰੀ ਰਾਮ ਸਿੰਘ** : ਧਾਰ ਬਲੌਕ ਦੇ ਏਰੀਆ ਵਿਚ ਤਾਲੀਮ ਦਾ ਕੋਈ ਇੰਤਜ਼ਾਮ ਨਹੀਂ। ਅਪਗਰੇਡ ਕਰਨ ਵੇਲੇ ਇਸ ਬੈਕਵਰਡ ਏਰੀਏ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ।

**ਮੰਤਰੀ** : ਜ਼ਰੂਰ ਖਿਆਲ ਰਖਿਆ ਜਾਵੇਗਾ।

**ਸਰਦਾਰ ਤਰਲੋਚਨ ਸਿੰਘ ਰਿਆਸਤੀ** : ਕੀ ਵਜ਼ੀਰ ਸਾਹਿਬ ਨੂੰ ਇਨ੍ਹਾਂ ਦੀ ਪਾਰਟੀ (ਅਕਾਲੀਦਲ) ਵਲੋਂ ਕੋਈ ਐਸੀ ਵੀ ਹਦਾਇਤ ਹੋਈ ਹੈ ਕਿ ਕੁਝ ਸਕੂਲ ਘਟਾ ਦਿਤੇ ਜਾਣ, ਕਿਉਂਕਿ ਜ਼ਿਆਦਾ ਸਕੂਲ ਵਧਾਉਣ ਨਾਲ ਪੰਥ ਦੀਆਂ ਵੋਟਾਂ ਘਟ ਜਾਣ ਦਾ ਖਤਰਾ ਹੈ।

**ਮੁੱਖ ਮੰਤਰੀ** : ਲੋੜ ਵੀ ਨਹੀਂ।

Mr. **Speaker** : No more supplementaries please. Question Hour is over.

Original with;
Punjab Vidhan Sabha
Digitized by;
Panjab Digital Library

2.09 P. M. | ਡਾਕਟਰ ਅਮੀਰ ਸਿੰਘ ਕਲਕਟ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਅਸੈਂਬਲੀ ਦੀ ਮੀਟਿੰਗ ਦੇ ਪ੍ਰੋਗਰਾਮ ਬਾਰੇ ਅਰਜ਼ ਕਰਨੀ ਚਾਹੁੰਦਾ ਹਾ । ਸ਼ੁੱਕਰਵਾਰ ਨੂੰ ਸਵੇਰ ਦੀ ਮੀਟਿੰਗ ਕਰ ਦਿੱਤੀ ਜਾਵੇ, ਭਾਵੇ 9 ਤੋਂ ਇਕ ਵਜੇ ਤੱਕ । ਇਸੇ ਤਰ੍ਹਾਂ ਸੋਮਵਾਰ ਨੂੰ ਸ਼ਾਮ ਦੀ ਮੀਟਿੰਗ ਕਰ ਦਿੱਤੀ ਜਾਵੇ । ਕਿਉਂਕਿ ਪਰਸੋਂ ਨੂੰ ਅਸੀਂ ਆਪਣੀ ਆਪਣੀ ਕੰਸਟੀਚਿਊਂਸੀ ਵਿਚ ਜਾਣਾ ਹੈ ਅਤੇ ਬਾਲ ਬੱਚਿਆਂ ਦੇ ਚਿਹਰੇ ਵੀ ਵੇਖਣੇ ਹਨ । (ਹਾਸਾ) (ਵਿਘਨ) ।

**ਸ੍ਰੀ ਸਪੀਕਰ** : ਮੈਂ ਲੀਡਰ ਆਫ ਦੀ ਹਾਊਸ ਦੀ ਰਾਏ ਇਸ ਸਬੰਧ ਵਿਚ ਜਾਣਨਾ ਚਾਹੁੰਦਾ ਹਾਂ । (I would like to know the opinion of the Leader of the House in this connection.)

**ਮੁਖ ਮੰਤਰੀ** : ਕੌਂਸਲ ਦੀ ਮੀਟਿੰਗ ਵੀ ਸਵੇਰੇ 9 ਵਜੇ ਹੈ । ਇਸ ਲਈ ਟਾਈਮ ਦੀ ਐਡਜਸਟਮੈਂਟ ਕਰਨੀ ਮੁਸ਼ਕਿਲ ਹੋ ਜਾਵੇਗੀ । (ਵਿਘਨ)

**ਸਰਦਾਰ ਗੁਰਬੰਤਾ ਸਿੰਘ** : ਸਪੀਕਰ ਸਾਹਿਬ, ਸੋਮਵਾਰ ਨੂੰ ਹਾਊਸ ਦਾ ਟਾਈਮ 9 ਵਜੇ ਨਹੀਂ ਹੋਣਾ ਚਾਹੀਦਾ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਗਰ ਮੈਂਬਰ ਸਾਹਿਬਾਨ ਦੀ ਇਹੀ ਰਾਏ ਹੈ ਤਾਂ 9 ਦੀ ਬਜਾਏ 10 ਵਜੇ ਕਰ ਲਈਏ । ਫ਼ਿਰ ਇਕ ਘੰਟਾ ਕਿਸੇ ਹੋਰ ਦਿਨ ਟਾਈਮ ਵਧਾ ਲਵਾਂਗੇ (ਸ਼ੋਰ) (ਵਿਘਨ) (ਨਹੀਂ ਨਹੀਂ ਦੀਆਂ ਆਵਾਜ਼ਾਂ) ਮੇਰਾ ਭਾਵ ਇਹ ਹੈ ਕਿ ਬੱਜਟ ਦਾ ਵੀ ਸਾਨੂੰ ਖਿਆਲ ਰੱਖਣਾ ਪੈਣਾ ਹੈ । ਵੋਟ ਆਨ ਅਕਾਉਂਟ ਵੀ ਹੈ । ਪਰ ਜੇ ਕਰ ਮੈਂਬਰ ਸਾਹਿਬਾਨ ਦੀ ਇਹੀ ਖਾਹਿਸ਼ ਹੈ ਤਾਂ ਉਹ ਜ਼ਰਾ ਲੇਟ ਆ ਜਾਣ । ਮੈਨੂੰ ਕੋਈ ਇਤਰਾਜ਼ ਨਹੀਂ । ਮਗਰ ਇਹ ਟਾਈਮ ਅਸੀਂ ਕਿਸੇ ਹੋਰ ਦਿਨ ਕੱਢ ਲਵਾਂਗੇ (ਸ਼ੋਰ) ਮਗਰ ਸਪੀਕਰ ਸਾਹਿਬ ਮੁਸ਼ਕਲ ਇਹ ਹੈ ਕਿ ਕੌਂਸਲ ਨੇ ਵੀ 2 ਵਜੇ ਮੀਟ ਕਰਨਾ ਹੈ ਅਤੇ ਸਾਡਾ ਟਾਈਮ 9 ਤੋਂ ਡੇਢ ਮੀਟ ਕਰਨ ਦਾ ਹੈ । ਇਸ ਲਈ ਇਹ ਐਡਜਸਟਮੈਂਟ ਬਹੁਤ ਮੁਸ਼ਕਲ ਹੋ ਜਾਵੇਗੀ । ਅਸੀਂ ਇਹ ਕਰ ਸਕਦੇ ਹਾਂ ਕਿ ਅਗਰ ਮੈਂਬਰ ਸਾਹਿਬਾਨ ਚਾਹੁੰਦੇ ਹੋਣ ਤਾਂ ਇਹ ਟਾਈਮ ਸਾਢੇ ਦਸ ਵਜੇ ਦਾ ਕਰ ਲੈਣ । ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ । ਫਿਰ ਅਸੀਂ ਕਿਸੇ ਦਿਨ ਟਾਇਮ ਕੱਢਕੇ 8 ਵਜੇ ਮੀਟ ਕਰ ਲਵਾਂਗੇ (ਸ਼ੋਰ) (ਵਿਘਨ)

**ਸ੍ਰੀ ਸਪੀਕਰ** : ਲੀਡਰ ਆਫ ਦੀ ਆਪੋਜ਼ੀਸ਼ਨ ਦਾ ਕੀ ਵਿਚਾਰ ਹੈ ? (What are the views of the Leader of the Opposition ?)

**ਮੇਜਰ ਹਰਿੰਦਰ ਸਿੰਘ** : ਮੇਰੀ ਰਾਏ, ਸਪੀਕਰ ਸਾਹਿਬ, ਇਹ ਹੈ ਜੋ ਲੀਡਰ ਆਫ ਦੀ ਹਾਊਸ ਨੇ ਕਿਹਾ ਹੈ, ਕਿਉਂਕਿ ਬਿਜ਼ਨਸ ਵੀ ਜਿਹੜਾ ਹੈ ਉਹ ਵੀ ਪੂਰਾ ਕਰਨਾ ਹੈ ਔਰ ਮੈਂਬਰਜ਼ ਦੀ ਕਨਵੀਨੀਐਂਸ ਵੱਲ ਵੀ ਧਿਆਨ ਦੇਣਾ ਹੈ । ਅਸੀਂ ਚੀਫ ਮਨਿਸਟਰ ਸਾਹਿਬ ਨਾਲ ਕੋਆਪ੍ਰੇਸ਼ਨ ਦਿਆਂਗੇ । ਪਰ ਜੇ ਕਰ ਇਹ ਟਾਈਮ 9 ਵਜੇ ਦੀ ਬਜਾਏ 11 ਵਜੇ ਕਰ ਦਿਤਾ ਜਾਵੇ ਅਤੇ ਉਸ ਤੋਂ ਬਾਅਦ ਅਗਲੇ ਦਿਨ ਅਰਲੀ ਸਿਟਿੰਗ ਕਰ ਲਵੋ ਤਾਂ ਠੀਕ ਹੋਵੇਗਾ । (ਸ਼ੋਰ)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ ਅਗਰ ਉਹ 2 ਘੰਟੇ ਕਿਸੇ ਹੋਰ ਦਿਨ ਜ਼ਿਆਦਾ ਮੀਟ ਕਰ ਲਿਆ ਕਰਨਗੇ । ਇਹ ਠੀਕ ਹੈ (ਵਿਘਨ) ।

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ ਬੇਨਤੀ ਹੈ ਕਿ ਕੌਂਸਿਲ ਨੂੰ ਤੋੜਨ ਵਾਸਤੇ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਹੈ, ਨਾਨ ਆਫੀਸ਼ੀਅਲ ਡੇ ਦਾ, ਉਹ ਇਹ ਵਾਪਸ ਕਰਾ ਰਹੇ ਹਨ । ਇਸ ਕਰਕੇ ਜਿਹੜੀ ਮੋਸ਼ਨ ਆਫ ਥੈਂਕਸ ਦੀ ਡਿਸਕਸ਼ਨ ਹੈ ਉਹ ਕੱਲ ਕਰ ਲਈ ਜਾਵੇ । ਅਰਜ਼ ਹੈ ਕਿ ਬਹੁਤ ਸਾਰੇ ਮੈਂਬਰਜ਼ ਇਸ ਵਿਚ ਹਿੱਸਾ ਨਹੀਂ ਲੈ ਸਕੇ । (ਵਿਘਨ)

**ਮੁੱਖ ਮੰਤਰੀ :** ਇਹ ਨਹੀਂ ਹੋ ਸਕਦਾ । ਜੇ ਉਹ ਵਿਦਡਰਾ ਵੀ ਹੋ ਗਿਆ ਤਾਂ ਅਗਲਾ ਰੈਜ਼ੋਲਿਊਸ਼ਨ ਜਿਹੜਾ ਫਲੈਟ ਰੇਟ ਬਾਰੇ ਹੈ ਡਿਸਕਸ ਹੋ ਸਕਦਾ ਹੈ । (ਸ਼ੋਰ) (ਵਿਘਨ) ।

---

## QUESTION OF PRIVILEGE

**Mr. Speaker :** There is a Privilege Motion* given notice of by Sardar Umrao Singh. He wants to raise a question of privilege about some observations contained in the Governor's Address...........

(Interruptions and noise)

**Sardar Umrao Singh :** Sir I may kindly be given some time to put my views. In parliament the mover of the privilege motion is always given some time. This is a very important question. I will take only a few minutes.

---

***Sardar Umrao Singh** has given notice of the following privilege Motion :-

"That Shri D.C. Pavate, Governor of Punjab, in his Address to both the Houses of the State Legislature on the 14th March, 1969, had made the following observations :-

'ਵਿਧਾਨ ਸਭਾ ਦਾ ਮਾਰਚ 1968 ਦਾ ਬਜਟ ਦੇਸ਼ ਦੀ ਜਮਹੂਰੀਅਤ ਦੀ ਤਾਰੀਖ ਵਿਚ ਇਕ ਬੜਾ ਮੰਦ-ਭਾਗਾ ਅਤੇ ਦੁਖਦਾਈ ਕਾਂਡ ਹੈ । ਪੰਜਾਬ ਰਾਜ ਵਿਧਾਨ ਸਭਾ ਦੇ ਪਵਿਤਰ ਸਦਨ ਵਿਚ ਪੁਲੀਸ ਬੁਲਾਈ ਗਈ ਅਤੇ ਸਾਲਾਨਾ ਬਜਟ ਦੇ ਕਥਿਤ ਪਾਸ ਕਰਾਉਣ ਦੇ ਦੌਰਾਨ ਸੰਵਿਧਾਨਕ ਹੱਕਾਂ ਅਤੇ ਪ੍ਰੰਪਰਾਵਾਂ ਦੀ ਬੁਰੀ ਤਰ੍ਹਾਂ ਉਲੰਘਣਾ ਕੀਤੀ ਗਈ । 1968-69 ਦੇ ਬਜਟ ਵਿਚ ਸ਼ਾਮਲ 18,36,30,690 ਰੁਪਏ ਦੇ ਅਨੁਪੂਰਕ ਤਖ਼ਮੀਨਿਆਂ ਅਤੇ 2,87,70,93 070 ਰੁਪਏ ਦੀ ਗਰਾਂਟ ਅਤੇ ਨਮਿੱਤਣ ਨੂੰ ਮਿੰਟਾਂ ਵਿਚ ਹੀ ਪਾਸ ਹੋਇਆ ਮਿੱਥ ਲਿਆ ਗਿਆ । ਮੇਰੀ ਸਰਕਾਰ ਦਾ ਇਹ ਪੱਕਾ ਨਜ਼ਰੀਆ ਹੈ ਕਿ ਇਨ੍ਹਾਂ ਪਵਿਤਰ ਸਿਧਾਂਤਾਂ ਅਤੇ ਪ੍ਰੰਪਰਾਵਾਂ ਦੀ ਇਹ ਉਲੰਘਣਾ ਜਮਹੂਰੀਅਤ ਲਈ ਘੋਰ ਖਤਰੇ ਦਾ ਕਾਰਣ ਬਣ ਸਕਦੀ ਹੈ । ਅਤਾਂ ਇਸ ਘਟਨਾ ਦੀ ਉਚ ਪਧੱਰ ਤੇ ਜਾਂਚ-ਪੜਤਾਲ ਕਰਾਉਣ ਦਾ ਪੂਰਾ ਨਿਸਚਾ ਕੀਤਾ ਹੋਇਆ ਹੈ ਤਾਂ ਜੋ ਆਉਣ ਵਾਲੇ ਸਮੇਂ ਲਈ ਯੋਗ ਉਪਰਾਲੇ ਕੀਤੇ ਜਾ ਸਕਣ ।

The above observations of the Governor amount to the condemnation of this House and has affected the Privilege of the Members of the House."

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਐਸੀ ਕੋਈ ਕਨਵੈਨਸ਼ਨ ਇਸ ਹਾਊਸ ਵਿਚ ਨਹੀਂ ਹੈ । I do not allow it. (ਵਿਘਨ) । ਮੈਂ ਤੁਹਾਡੇ ਨਾਲ ਇਸ ਬਾਰੇ ਚੈਂਬਰ ਵਿਚ ਵੀ ਡਿਸਕਸ਼ਨ ਕਰ ਲਈ ਹੈ । (ਤਾੜੀਆਂ) । (There is no such convention of this House. I do not allow it. (Interruption) I discussed this matter with the hon. Member in my Chamber also (applause)

**Sardar Umrao Singh :** Sir, my submission is that I may be given some time to put my point of view about the competency of the House to discuss this matter. I think, if you permit me, I can give you arguments which can convince you and the Members of the House that the House is competent to enquire into this matter.

**ਸ਼੍ਰੀ ਸਪੀਕਰ :** ਨਹੀਂ, ਇਥੇ ਕੋਈ ਐਸੀ ਕਨਵੈਨਸ਼ਨ ਨਹੀਂ ਹੈ । ਮੈਂ ਇਸ ਦੀ ਆਗਿਆ ਨਹੀਂ ਦਿੰਦਾ । ਮੈਂ ਤੁਹਾਡੇ ਨਾਲ ਚੈਂਬਰ ਵਿਚ ਵੀ ਇਸ ਬਾਰੇ ਡਿਸਕੱਸ ਕੀਤਾ ਸੀ । (No. there is no such Convention. I do not allow it. I discussed this matter with the hon. Member in my Chamber also.)

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੇਰੇ ਪਾਸ ਕੌਲ ਐਂਡ ਸ਼ਖਦਰ ਦੀ ਕਿਤਾਬ ਹੈ । ਉਸ ਵਿਚ ਲਿਖਿਆ ਹੋਇਆ ਹੈ ਕਿ ਜਦੋਂ ਕੋਈ ਮੈਂਬਰ ਪ੍ਰਿਵਿਲਜ ਮੋਸ਼ਨ ਦੇਵੇ ਤਾਂ ਉਹ ਖੜਾ ਹੋ ਕੇ ਪੜ੍ਹ ਸਕਦਾ ਹੈ । (ਸਰਕਾਰੀ ਬੈਂਚਾਂ ਵਲੋਂ ਨਹੀਂ, ਨਹੀਂ) ।

**ਸ਼੍ਰੀ ਸਪੀਕਰ :** ਨਹੀਂ ਜੀ । (No Please)

**ਸਰਦਾਰ ਉਮਰਾਓ ਸਿੰਘ :** ਮੈਂ 5 ਮਿੰਟ ਤੋਂ ਵੱਧ ਟਾਈਮ ਨਹੀਂ ਲਵਾਂਗਾ । ਜੇ ਇਜਾਜ਼ਤ ਦਿਉ ਤਾਂ ਪੜ੍ਹ ਦੇਵਾਂ ।

(ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ-ਬੈਠ ਜਾਉ, ਬੈਠ ਜਾਉ । ਜਦੋਂ ਸਪੀਕਰ ਸਾਹਿਬ ਰੂਲਿੰਗ ਦੇ ਦੇਣ ਤਾਂ ਫਿਰ ਡਿਸਕੱਸ਼ਨ ਨਹੀਂ ਹੋ ਸਕਦੀ) (ਸ਼ੋਰ)

**ਮੇਜਰ ਹਰਿੰਦਰ ਸਿੰਘ :** ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਤੁਹਾਡੇ ਕੋਲ ਐਨੀਆਂ ਪਾਵਰਜ਼ ਹਨ । ਤੁਸੀਂ ਇਨ੍ਹਾਂ ਨੂੰ ਐਕਸਰਸਾਈਜ਼ ਕਰਦੇ ਸਮੇਂ ਕਿਸੇ ਵੇਲੇ ਕੋਈ ਵੀ ਰੂਲਿੰਗ ਦੇ ਸਕਦੇ ਹੋ । ਮੈਂ ਸਮਝਦਾ ਹਾਂ ਕਿ ਹਾਊਸ ਦਾ ਡੈਕੋਰਮ ਕਾਇਮ ਰੱਖਣਾ ਸਾਡਾ ਫਰਜ਼ ਹੈ । ਅਸੀਂ ਤੁਹਾਨੂੰ ਪੂਰਾ ਸਹਿਯੋਗ ਦਿਆਂਗੇ । ਸਾਡਾ ਬਤੌਰ ਮੈਂਬਰ ਦੇ ਇਹ ਵੀ ਫਰਜ਼ ਹੈ ਕਿ ਅਸੀਂ ਤੁਹਾਡੀ ਰੂਲਿੰਗ ਮੰਨੀਏ । ਲੇਕਿਨ ਮੈਂ ਸਮਝਦਾ ਹਾਂ ਕਿ ਅਗਰ ਕਿਸੇ ਮੈਂਬਰ ਨੇ ਕੋਈ ਪੁਆਇੰਟ ਉਠਾਉਣਾ ਹੋਵੇ ਤਾ ਪਾਵਰ ਤੁਹਾਡੇ ਕੋਲ ਹੈ । ਤੁਸੀਂ ਉਸ ਨੂੰ ਐਲਾਉ ਕਰ ਸਕਦੇ ਹੋ । (ਸ਼ੋਰ)

**ਸ਼੍ਰੀ ਸਪੀਕਰ :** ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਇਹ ਬੇਨਤੀ ਕਰਾਂਗਾ ਕਿ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਦੀ ਪ੍ਰਿਵਿਲਜ ਮੋਸ਼ਨ ਕੰਸਟੀਚਿਊਸ਼ਨਲ ਹੈਡ ਆਫ ਦੀ ਸਟੇਟ ਬਾਰੇ ਹੈ । ਇਹ ਠੀਕ ਨਹੀਂ ਹੋਵੇਗਾ ਕਿ ਉਨ੍ਹਾਂ ਬਾਰੇ ਇਥੇ ਪ੍ਰਿਵਿਲਿਜ ਮੋਸ਼ਨ ਲਿਆਂਦੀ ਜਾਵੇ । ਮੈਂ ਹਾਊਸ ਨੂੰ ਗੁਜ਼ਾਰਸ਼ ਕਰਾਂਗਾ ਕਿ ਇਸ ਮਾਮਲੇ ਨੂੰ ਨਾ ਛੇੜਿਆ ਜਾਵੇ । (I would point out to the Leader of the Opposition that the privilege motion of the hon. Member is against the Constitutional Head of the State. It will not be proper to bring a Privilege motion against the Head of the State in this House. I would request the House to drop this matter.)

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੈਂ ਵਾਜ਼ੇਹ ਕਰਨਾ ਚਾਹੁੰਦਾ ਹਾਂ ਕਿ ਮੈਂ ਕੋਈ ਕੰਪੀਟੈਂਸੀ ਤੋਂ ਬਾਹਿਰ ਨਹੀਂ ਜਾਵਾਂਗਾ । (ਸ਼ੋਰ)

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਗਵਰਨਰਜ਼ ਐਡਰੈਸ ਤੇ ਡਿਸਕੱਸ਼ਨ ਹੋਣੀ ਹੈ ਕੀ ਉਸ ਵੇਲੇ ਵੀ ਸਾਡੇ ਤੇ ਪਾਬੰਦੀ ਹੋਵੇਗੀ ? ਕੀ ਅਸੀਂ ਉਦੋਂ ਵੀ ਟੀਕਾ ਟਿਪਣੀ ਨਹੀਂ ਕਰ ਸਕਦੇ ? ਇਸ ਤੋਂ ਆਟੋਮੈਟੇਕਲੀ ਇਹੀ ਸਮਝਿਆ ਜਾ ਸਕਦਾ ਹੈ ਕਿ ਸਾਡੇ ਤੇ ਬੈਨ ਹੋਵੇਗਾ । ਇਸ ਤਰ੍ਹਾਂ ਅਸੀਂ ਤਾਂ ਗਵਰਨਰਜ਼ ਐਡਰੈਸ ਤੇ ਵੀ ਕੁਝ ਨਹੀਂ ਕਹਿ ਸਕਦੇ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਅਸੀਂ ਤਾਂ ਇਸ ਵਿਚ ਹੋਰ ਜ਼ਿਆਦਾ ਜਾਣਾ ਨਹੀਂ ਚਾਹੁੰਦੇ । ਟਾਈਮ ਤਾਂ ਹਿਸਾਬ ਨਾਲ ਹੀ ਮਿਲੇਗਾ ।

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਮੈਂ ਸਬਮਿਟ ਕਰਨਾ ਚਾਹੁੰਦਾ ਹਾਂ ਕਿ ਇਸ ਹਾਊਸ ਦੀਆਂ ਕਨਵੈਨਸ਼ਨਜ਼ ਰਹੀਆਂ ਹਨ ਕਿ ਅਗਰ ਸਪੀਕਰ ਸਾਹਿਬ ਨੇ ਕਿਸੇ ਮੋਸ਼ਨ ਤੇ ਰੂਲਿੰਗ ਦਿਤੀ ਹੋਵੇ ਤਾਂ ਉਹ ਰੂਲ ਆਊਟ ਵੀ ਕਰ ਸਕਦੇ ਹਨ, ਆਊਟ ਆਫ਼ ਆਰਡਰ ਵੀ ਕਰ ਸਕਦੇ ਹਨ । ਆਨਰੇਬਲ ਮੈਂਬਰ ਨੇ ਬੜੀ ਹਲੀਮੀ ਨਾਲ 5 ਮਿੰਟ ਆਪਣੀ ਸਬਮਿਸ਼ਨ ਕਰਨ ਲਈ ਮੰਗੇ ਹਨ ! ਮੈਂ ਸਮਝਦਾ ਹਾਂ ਕਿ ਉਸ ਨੂੰ 5 ਮਿੰਟ ਦੇ ਦਿਤੇ ਜਾਣੇ ਚਾਹੀਦੇ ਹਨ । ਇਥੇ ਇਨਸਟਾਨਸਿਜ਼ ਹਨ ਕਿ ਚੀਫ਼ ਮਨਿਸਟਰ ਸਾਹਿਬ ਜਿਹੜੇ ਕਿ ਉਸ ਵੇਲੇ ਅਪੋਜ਼ੀਸ਼ਨ ਵਿਚ ਹੁੰਦੇ ਸਨ ਕਈ ਵਾਰੀ ਅਨਾਊਨਸਮੈਂਟ ਹੋ ਚੁਕੀ ਹੁੰਦੀ ਸੀ ਪਰ ਫਿਰ ਵੀ ਉਹ ਆਪਣੀਆਂ ਸਬਮਿਸ਼ਨਜ਼ ਕਰਦੇ ਰਹਿੰਦੇ ਸਨ । ਇਹ ਕਨਵੈਨਸ਼ਨ ਬੜੀ ਹੈਲਦੀ ਕਨਵੈਨਸ਼ਨ ਹੈ । ਇਸ ਤਰ੍ਹਾਂ ਨਾ ਕਰਨ ਨਾਲ ਵਕਤ ਹੋਰ ਜ਼ਾਇਆ ਹੋਵੇਗਾ । ਇਸ ਲਈ ਮੈਂ ਸਮਝਦਾ ਹਾਂ ਕਿ ਆਨਰੇਬਲ ਮੈਂਬਰ ਨੂੰ 5 ਮਿੰਟ ਦੇ ਦਿਤੇ ਜਾਣੇ ਚਾਹੀਦੇ ਹਨ ।

**Mr. Speaker :** The hon. Member has suggested as to what may be the remedy. The Governor is only the Constitutional head of the State and he is not responsible for what is contained in the Address. The Opposition can censure the Government by bringing forward a No Confidence Motion. The Address is drafted by the Government and it is not the Governor but the Government who are responsible for the contents of the Address.

Original with;
Punjab Vidhan Sabha
Digitized by;
Panjab Digital Library

ਸਰਦਾਰ ਉਮਰਾਓ ਸਿੰਘ :* x x x x x
x x x x x x x

**Mr. Speaker :** No discussion please. (Interruption) (Noise) ਜਿਹੜੇ ਇਨ੍ਹਾਂ ਨੇ ਹੁਣ ਤਕ ਲਫਜ਼ ਕਹੇ ਹਨ ਉਹ ਸਾਰੇ ਐਕਸਪੰਜ ਕੀਤੇ ਜਾਣ। (No discussion please (Interruption and noise) The words used by the the hon. Member in this connection be expunged.)

ਸਰਦਾਰ ਉਮਰਾਓ ਸਿੰਘ : x x x x x
x x x x x

ਸ਼੍ਰੀ ਸਪੀਕਰ : ਇਹ ਸਾਰੇ ਲਫਜ਼ ਐਕਸਪੰਜ ਕੀਤੇ ਜਾਣ।
(All these words be expunged)

ਸਰਦਾਰ ਉਮਰਾਓ ਸਿੰਘ : x x x x x
x x x x x x x

(Noise and interruptions in the House)

**Mr. Speaker :** When I am on my legs the hon. Member may please sit down.

**Chief Minister :** This is unfair to the House.

**Sardar Umrao Singh :** * * * * * *

(At this stage many hon. Members rose to speak)

ਸ਼੍ਰੀ ਮਨਮੋਹਨ ਕਾਲੀਆ : ਆਨ ਏ ਪੁਆਇੰਟ ਆਫ਼ ਆਰਡਰ ਸਰ। ਜਦੋਂ ਸਪੀਕਰ ਸਾਹਿਬ ਖੜੇ ਹੁੰਦੇ ਹਨ ਤਾਂ ਮੈਂਬਰ ਨੂੰ ਬੈਠ ਜਾਣਾ ਚਾਹੀਦਾ ਹੈ (ਸ਼ੋਰ)।

ਸ਼੍ਰੀ ਸਪੀਕਰ : ਜੋ ਲਫਜ਼ ਸਰਦਾਰ ਉਮਰਾਓ ਸਿੰਘ ਨੇ ਕਹੇ ਹਨ ਸਾਰੇ ਲਫਜ਼ ਐਕਸਪੰਜ ਕੀਤੇ ਜਾਣ। (All the words used by Sardar Umrao Singh be expunged).

## WALK-OUT

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਹਾਊਸ ਜਾਂ ਪਾਰਲੀਮੈਂਟ ਦਾ ਹੱਕ ਹੈ ਕਿ ਪ੍ਰੈਜ਼ੀਡੈਂਟ ਜਾਂ ਗਵਰਨਰ ਸਾਹਿਬ ਨੂੰ ਇਮਪੀਚ ਕੀਤਾ ਜਾ ਸਕਦਾ ਹੈ। ਹਾਊਸ ਦੇ ਬਿਜ਼ਨੈਸ ਦੇ ਰੂਲ ਦੇ ਮੁਤਾਬਿਕ ਰੂਲਿੰਗ ਦਿਉ, if you have already given your ruling, kindly reconsider it. It is against the Rules of this House. It is against the Constitution and

*Expunged as ordered by the Chair.

Original with;
Punjab Vidhan Sabha
Digitized by;
Panjab Digital Library

the Constitution does not provide any such immunity to the Governor.

**ਕਾਮਰੇਡ ਸੱਤਪਾਲ ਡਾਂਗ :** ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਗਵਰਨਰ ਸਾਹਿਬ ਕਨਸਟੀਚੀਊਸ਼ਨਲ ਹੈਡ ਹੁੰਦਾ ਹੈ। ਤੁਸੀਂ ਗਵਰਨਰ ਸਾਹਿਬ ਦੇ ਕਨਡਕਟ ਬਾਰੇ ਪ੍ਰਿਵਲੇਜ ਮੋਸ਼ਨ ਡਿਸਅਲਾਓ ਕਰ ਦਿਤੀ ਹੈ। ਮੈਂ ਇਨ੍ਹਾਂ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਮਾਮਲਾ ਕਲੋਜ਼ ਹੋਣਾ ਚਾਹੀਦਾ ਹੈ। ਗਵਰਨਰ ਸਾਹਿਬ ਨੇ ਜਿਹੜਾ ਪੈਰਾ ਪੜ੍ਹਿਆ ਹੈ ਉਸ ਦੇ ਬਾਰੇ ਕੁਝ ਮੈਂਬਰ ਸਾਹਿਬਾਨ ਸਮਝਦੇ ਹਨ ਕਿ ਉਹ ਗਲਤ ਹੈ ਅਤੇ ਕੁਝ ਕਹਿੰਦੇ ਹਨ ਕਿ ਇਹ ਠੀਕ ਹੈ। (ਇਸ ਸਮੇਂ ਸਰਦਾਰ ਉਮਰਾਓ ਸਿੰਘ ਆਪਣੀ ਸੀਟ ਤੇ ਆ ਕੇ ਬੈਠ ਗਏ) ਮੇਰੀ ਅਰਜ਼ ਹੈ ਕਿ ਇਹ ਇਕ ਸਬਸਟੈਨਟਿਵ ਮੋਸ਼ਨ ਲੈ ਆਉਣ ਉਸ ਤੇ ਵਖਰੀ ਘੰਟਾ ਜਾਂ ਅੱਧਾ ਘੰਟਾ ਡਿਸ਼ਕਸ਼ਨ ਕਰ ਲੈਣ।

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਸ ਕਾਨੂੰਨ ਹੇਠਾਂ ਪ੍ਰਿਵਿਲੇਜ ਮੋਸ਼ਨ ਨਹੀਂ ਲਿਆਂਦੀ ਜਾ ਸਕਦੀ।

**Mr. Speaker :** I have already given my Ruling and that is final.

**ਸ਼੍ਰੀ ਮਨਮੋਹਨ ਕਾਲੀਆ :** ਸਪੀਕਰ ਸਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ 2 ਮਿੰਟ ਹੋਏ ਸਰਦਾਰ ਉਮਰਾਓ ਸਿੰਘ ਜੀ ਵਾਕ ਆਊਟ ਕਰ ਗਏ ਸਨ, ਹੁਣ ਕਿਹੜੇ ਸਰਦਾਰ ਉਮਰਾਓ ਸਿੰਘ ਬੋਲ ਰਹੇ ਹਨ। (ਸ਼ੋਰ) (ਵਿਘਨ)

**Sardar Umrao Singh :** Then I walk out.

(At this stage Sardar Umrao Singh left the House).

---

## CALL ATTENTION NOTICES

**Mr. Speaker :** Call Attention Notice No. 38.

**Chaudhri Ram Singh :** I beg to draw the attention of the Government towards an urgent matter of public importance, namely, that Harijans of Pathankot are being threatened and so much so Shri Hans Raj, a Harijan Municipal Commissioner of Pathankot was beaten by the rowdy element on the morning of the 11th instant. Due to this there is a lot of tension and a sense of fear amongst Harijans of the area under the circumstances and in view of the urgency of the matter the Chief Minister may please be asked to make a statement in the House.

**Mr. Speaker :** Admitted. The Minister may please make a statement.

**ਸ਼੍ਰੀ ਸਪੀਕਰ :** ਕਾਲ ਅਟੈਨਸ਼ਨ ਮੋਸ਼ਨ ਨੰਬਰ 39. (Call Attention Notice No. 39.)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤਪਾਲ ਡਾਂਗ :** ਮੈਂ ਸਦਨ ਦੀ ਤਵੱਜੋ ਇਸ ਜ਼ਰੂਰੀ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਅੰਬਰੁਏਡਰੀ ਮਿਲਜ਼ ਪ੍ਰਾਈਵੇਟ ਲਿਮਿਟਿਡ, ਛੇਹਰਟਾ, ਦੇ ਮਾਲਕ ਪਿਛਲੇ ਚਾਰ ਪੰਜ ਮਹੀਨਿਆਂ ਤੋਂ ਕਿਸੇ ਮਹੀਨੇ ਵੀ ਆਪਣੇ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਤਨਖਾਹਾਂ ਕਾਨੂੰਨ ਅਨੁਸਾਰ ਵਕਤ ਸਿਰ ਨਹੀਂ ਦੇ ਰਹੇ । ਤਿੰਨ ਚਾਰ ਹਫ਼ਤੇ ਲੇਟ ਦਿੰਦੇ ਹਨ ਤੇ ਇਸ ਕਰਕੇ ਉਸ ਕਾਰਖਾਨੇ ਵਿੱਚ ਖਾਸ ਕਰਕੇ ਛੇਹਰਟੇ ਮਿਲ ਦੇ ਮਜ਼ਦੂਰਾਂ ਅਤੇ ਮੁਲਾਜ਼ਮਾਂ ਵਿੱਚ ਬੇਚੈਨੀ ਫੈਲੀ ਹੋਈ ਹੈ ਔਰ ਸ਼ਾਂਤੀ ਤੇ ਅਮਨ ਭੰਗ ਹੋਣ ਦਾ ਖ਼ਤਰਾ ਹੈ । ਇਸ ਬਾਰੇ ਮਿਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਜਾਏ ਕਿ ਉਹ ਆਪਣਾ ਜਵਾਬ ਦੇਣ ।

**Mr. Speaker :** It is admitted. The Minister concerned may please make a statement.

**Mr Speaker :** Call Attention Notice No. 40 stands in the name of the hon. Member Sardar Umrao Singh. He is not present in the House.

The next Call Attention Notice (No. 42) stands in the name of Sardar Santokh Singh.

**Sardar Santokh Singh :** Sir, I beg to draw the attention of the Government towards an urgent matter of public importance, namely, the situation caused because of the postponement of the elections of Batala Sugar Mills, Batala, without assigning any reason, though the nomination papers by various candidates had been filed by them.

There is great resentment among the share-holders of the Mill because the management of the Mill has been in the hands of the nominated persons since its opening.

**Mr. Speaker :** This is admitted. The Minister concerned may please make a statement.

**ਸ਼੍ਰੀ ਬਲਰਾਮ ਜੀ ਦਾਸ ਟੰਡਨ :** On a point of order, Sir. ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਆਰਡੀਨੈਰੀਲੀ ਇਸ ਹਾਊਸ ਦੀਆਂ ਰਿਵਾਇਤਾਂ ਰਹੀਆਂ ਹਨ ਕਿ ਜਿਸ ਵੇਲੇ ਗਵਰਨਰ ਦੇ ਐਡਰੈਸ ਤੇ ਜਨਰਲ ਡਿਸਕਸ਼ਨ ਹੋਣੀ ਹੋਵੇ ਤਾਂ ਉਸ ਵਿਚ ਸ਼ੁਰੂ ਤੋਂ ਲੈ ਕੇ ਅੰਤ ਤਕ ਹਰ ਇਕ ਚੀਜ਼ ਡਿਸਕਸ ਕੀਤੀ ਜਾ ਸਕਦੀ ਹੈ ਔਰ ਇਨ੍ਹਾਂ ਦਿਨਾਂ ਦੇ ਵਿੱਚ ਕੋਈ ਕਾਲ ਅਟੈਨਸ਼ਨ ਜਾਂ ਐਡਜਰਨਮੈਂਟ ਜਾਂ ਕੋਈ ਹੋਰ ਮੋਸ਼ਨ ਐਡਮਿਟ ਨਹੀਂ ਹੁੰਦੀ । ਇਹ ਜਦੋਂ ਖ਼ਤਮ ਹੋ ਜਾਏ ਅਤੇ ਦੂਸਰਾ ਸੈਕਸ਼ਨ ਸ਼ੁਰੂ ਹੋਵੇ ਯਾਨੀ ਜਿਸ ਵੇਲੇ ਲੈਜਿਸਲੇਟਿਵ ਵਰਕ ਸ਼ੁਰੂ ਹੋਵੇ, ਤਾਂ ਹਰ ਤਰ੍ਹਾਂ ਦੀ ਮੋਸ਼ਨ ਲਿਆਂਦੀ ਜਾ ਸਕਦੀ ਹੈ । ਮੈਂ ਇਤਰਾਜ਼ ਨਹੀਂ ਕਰਨ ਲਗਾ ਪਰ ਮੇਰੀ ਬੇਨਤੀ ਹੈ ਕਿ ਆਪ ਵੇਖ ਲਓ ।

**ਸ਼੍ਰੀ ਸਪੀਕਰ :** ਮੈਂ ਇਸਦੇ ਨਾਲ ਐਗਰੀ ਨਹੀਂ ਕਰਦਾ (I do not agree to it)

Original with;
Punjab Vidhan Sabha
Digitized by;
Panjab Digital Library

## PAPERS LAID ON THE TABLE OF THE HOUSE

**Ministers of Industries :** Sir, I beg to lay on the Table-

> The* Second Annual Report and Accounts for the year 1964-65 of the Punjab Export Corporation Ltd., as required under section 619(3) of the Companies Act, 1956.

**Minister for Irrigation and Power :** Sir, I beg to lay on the Table-

> The* Audit Report on the Accounts Punjab Financial Coporation for the year 1964-65, as required under section 37(7) of the State Financial Corporation Act, 1951.

**ਸਾਥੀ ਰੂਪ ਲਾਲ :** ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਆਈ ਹੋਈ ਹੈ ਪਰ ਮੈਨੂੰ ਬੋਲਣ ਦੀ ਇਜ਼ਾਜ਼ਤ ਨਹੀਂ ਦਿਤੀ ।

**Mr. Speaker :** The Call Attention of the hon. Member is due for tomorrow.

**Minister for Irrigation and Power :** Sir, I beg to lay on the Table-

> the Annual Financial *Statement (Budget Estimates) for the year 1968—69, of the Punjab State Electricity Board, as required under Section 61 (3) of the Electricity (Supply) Act, 1948;
>
> the Annual Statement of Accounts* for the year 1966—67 and Audit Report of the Punjab State Electricity Board as required under Section 69 (5) of the Electricity (Supply) Act, 1948; and
>
> the Annual Administration Report* for the year 1966—67 of the Punjab State Electricity Board, as required under Section 75 (1A) of the Electricity (Supply) Act, 1948.

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਇਹ ਜਿਹੜੀ ਅੰਗਰੇਜ਼ੀ ਹੈ ਇਸਦਾ ਤਰਜਮਾ ਨਹੀਂ ਹੋ ਸਕਦਾ ?

---

## DISCUSSION ON THE GOVERNOR'S ADDRESS (RESUMPTION)

**Mr. Speaker :** The House will now resume discussion on the Motion of Thanks to the Governor for his Address moved by Sardar Balwant Singh and seconded by Shri Manmohan Kalia. On more notice of amendment has been received. It is from Sardar Umrao Singh. It will be deemed to have been read and moved and can be discussed along with the main motion and other amendments.

**Sardar Umrao Singh :**

---

*Placed in the library.

Original with;
Punjab Vidhan Sabha
Digitized by;
Panjab Digital Library

[S. Umrao Singh]

That in the motion, the following be added at the end, namely,-

> "but regret that the observations made in para 4 are wron baseless and uncalled for and had undermined the position and status of the Supreme Court."

**चौधरी बलबीर सिंह :** अध्यक्ष महोदय, आप ने कल चैंबर में, सिर्फ पाँच मिनट बोलने के लिए, इजाज़त दी थी ।

**श्री अध्यक्ष :** आप गलतफहमी में हैं । (The hon. Member is labouring under some misunderstanding.)

**ਮੇਜਰ ਹਰਿੰਦਰ ਸਿੰਘ** (ਅਜਨਾਲਾ) : ਸਪੀਕਰ ਸਾਹਿਬ, ਇਹ ਜੋ ਪ੍ਰਸਤਾਵ ਗਵਰਨਰ ਸਾਹਿਬ ਦੇ ਸ਼ੁਕਰੀਏ, ਦਾ ਹਾਊਸ ਦੇ ਸਾਹਮਣੇ ਹੈ ਮੈਂ ਇਸ ਦੀ ਵਿਰੋਧਤਾ ਕਰਨ ਵਾਸਤੇ ਖੜਾ ਹੋਇਆ ਹਾਂ । ਮੈਂ ਜੋ ਆਪਣੇ ਖਿਆਲਾਤ ਪ੍ਰਗਟ ਕਰਾਂਗਾ ਉਸਦੇ ਤਿੰਨ ਅੰਗ ਹੋਣਗੇ । ਇਕ ਟੀਕਾ ਟਿਪਣੀ, ਦੂਜੇ ਸਰਕਾਰ ਨੂੰ ਵਧਾਈ ਤੇ ਤੀਜੇ ਕੁਝ ਸੁਝਾਉ ।

ਸ਼ੁਰੂ ਦੇ ਵਿਚ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਐਡਰੈਸ ਹੈ ਇਹ ਮੈਨੂੰ ਸਿਰਫ ਝੂਠੀਆਂ ਆਸਾਂ ਦਾ ਪਲੰਦਾ ਹੀ ਨਜ਼ਰ ਆਉਂਦਾ ਹੈ । ਸ਼ੁਰੂ ਦੇ ਵਿੱਚ ਗਵਰਨਰ ਸਾਹਿਬ ਨੇ ਜੋ ਇਸ ਨੂੰ ਯੂਨਾਇਟਿਡ ਫਰੰਟ ਮਿਨਿਸਟਰੀ ਦਾ ਟਾਈਟਲ ਦਿਤਾ ਸੀ ਉਹ ਮੇਰੇ ਮੁਖੋਂ ਨਹੀਂ ਬਲਕਿ ਉਸ ਨੂੰ ਵੀ ਸਤਪਾਲ ਡਾਂਗ ਨੇ ਐਕਸਪੋਜ਼ ਕੀਤਾ ਹੈ । ਇਹ ਯੂਨਾਇਟਿਡ ਫਰੰਟ ਨਹੀਂ ਬਲਕਿ ਅਕਾਲੀ ਜਨ-ਸੰਘ ਮਿਨਿਸਟਰੀ ਹੈ । ਮੈਂ ਕਹਿੰਦਾ ਹਾਂ ਕਿ ਬਿਸਮਿਲਾ ਹੀ ਗ਼ਲਤ ਹੋਇਆ ਹੈ । ਇਸਦਾ ਨਾਂ ਯੂਨਾਇਟਿਡ ਫਰੰਟ ਮਿਨਿਸਟਰੀ ਨਹੀਂ ਕਿਹਾ ਜਾ ਸਕਦਾ ਅਕਾਲੀ ਜਨਸੰਘ ਮਿਨਿਸਟਰੀ ਕਿਹਾ ਜਾ ਸਕਦਾ ਹੈ । (ਸ਼ੋਰ) (ਵਿਘਨ) ਇਸਦੇ ਵਿੱਚ ਅਗੇ ਜ਼ਿਕਰ ਕੀਤਾ ਗਿਆ ਹੈ ਕਿ ਮੱਧ ਕਾਲੀ ਚੋਣਾਂ ਵਿੱਚ ਇਸ ਪਾਰਟੀ ਨੂੰ ਬੜੀ ਸ਼ਾਨਦਾਰ ਜਿਤ ਪ੍ਰਾਪਤ ਹੋਈ ਹੈ । ਮੈਂ ਇਸ ਦੀ ਬੈਕ ਗਰਾਊਂਡ ਵਲ ਰੈਫਰ ਕਰਨਾ ਚਾਹੁੰਦਾ ਹਾਂ । ਅਕਾਲੀ ਜਨ-ਸੰਘ ਅਲਾਏਂਸ ਹੋਇਆ ਹੈ । ਮੈਂ ਦਿਲੋਂ ਬਹੁਤ ਖੁਸ਼ ਹਾਂ । ਮੈਂ ਤਾਂ ਪੰਜਾਬ ਦੀ ਸ਼ਾਂਤੀ, ਸੁਖ ਤਰੱਕੀ ਤੇ ਖੁਸ਼ਹਾਲੀ ਚਾਹੁੰਦਾ ਹਾਂ ਔਰ ਸੱਚੇ ਦਿਲੋਂ ਪਰਮਾਤਮਾ ਪਾਸ ਅਰਦਾਸ ਕਰਦਾ ਹਾਂ ਕਿ ਪੰਜਾਬ ਦੀ ਤਰਕੀ ਹੋਵੇ ਮੈਂ ਚਾਹੁੰਦਾ ਹਾਂ ਕਿ ਸਾਰੇ ਤਬਕੇ ਪਿਆਰ ਨਾਲ ਅਤੇ ਮਿਲ ਕੇ ਰਹਿਣ ਕਿਉਂਕਿ ਇਸਦੇ ਨਾਲ ਹੀ ਪੰਜਾਬ ਦੀ ਖੁਸ਼ਹਾਲੀ ਵਾਬਸਤਾ ਹੈ । ਜਿਹੜਾ ਇਹ ਗਠ ਜੋੜ ਸ਼ੁਰੂ ਹੋਇਆ ਹੈ ਮੈਂ ਇਸਦੇ ਮੁਤਅੱਲਕ ਕੁਝ ਕਹਿਣਾ ਨਹੀਂ ਚਾਹੁੰਦਾ । ਰੈਵੇਨਿਊ ਮਿਨਿਸਟਰ ਦੇ ਬਿਆਨ ਸਾਡੇ ਫਿਨਾਂਨਸ ਮਿਨਿਸਟਰ ਦੇ ਬਿਆਨ ਸਹੀ ਤੌਰ ਤੇ ਦਸਣਗੇ ਕਿ ਇਹ ਜਿਹੜਾ ਗਠਜੋੜ ਹੈ ਕਿੰਨਾਂ ਚਿਰ ਚਲਣ ਵਾਲਾ ਹੈ ? (ਸ਼ੋਰ) (ਵਿਘਨ)

**ਚੌਧਰੀ ਸੱਤ ਦੇਵ :** ਅਰਦਾਸ ਕਰੋ ਮਜ਼ਬੂਤ ਰਹੇ ।

**ਮੇਜਰ ਹਰਿੰਦਰ ਸਿੰਘ :** ਪੰਜਾਬ ਦੇ ਜਿੰਨੇ ਵਸਨੀਕ ਨੇ, ਭਾਵੇਂ ਹਿੰਦੂ ਭਾਵੇਂ ਸਿੱਖ

Original with;
Punjab Vidhan Sabha
Digitized by;
Panjab Digital Library

ਭਾਵੇਂ ਹਰੀਜਨ ਅਤੇ ਭਾਵੇਂ ਕੋਈ ਹੋਰ ਹੋਣ, ਸਭ ਪਿਆਰ ਨਾਲ ਰਹਿਣ। ਜੇ ਅਸੀਂ ਪਿਆਰ ਨਾਲ ਰਹਾਂਗੇ ਤਦ ਹੀ ਸਾਡਾ ਦੇਸ਼ ਅਤੇ ਪੰਜਾਬ ਖੁਸ਼ਹਾਲ ਹੋ ਸਕੇਗਾ। ਔਰ ਇਸਦੇ ਵਿੱਚ ਕੋਈ ਮੈਂਬਰ ਜਿਹੜਾ ਹਿੱਸਾ ਪਾਉਂਦਾ ਹੈ ਬੜਾ ਹੀ ਚੰਗਾ ਮੈਂਬਰ ਹੈ ਅਤੇ ਹਿੰਦੂ ਸਿਖ ਏਕਤਾ ਵਿੱਚ ਉਸ ਦੀ ਮਹਾਨ ਕੰਟਰੀਬਿਊਸ਼ਨ ਹੈ।

ਇਸ ਅਕਾਲੀ ਅਤੇ ਕਮਿਊਨਿਸਟ ਐਲਾਇੰਸ ਦੀ ਮੈਨੂੰ ਸਮਝ ਨਹੀਂ ਆਈ ਕਿ ਇਹ ਕਿਸ ਤਰ੍ਹਾਂ ਦਾ ਐਲਾਇੰਸ ਹੈ। ਆਖਿਰ ਜਿਨ੍ਹਾਂ ਦਾ ਮੇਲ ਹੁੰਦਾ ਹੈ ਉਨ੍ਹਾਂ ਵਿਚ ਕੁਝ ਨਾ ਕੁਝ ਤਾਂ ਸਾਂਝਾ ਹੁੰਦਾ ਹੈ ਜਿਸ ਕਰਕੇ ਉਹ ਐਲਾਇੰਸ ਨਿਭਦੀ ਹੈ। ਵਾਸਤਾ ਪੰਥ ਦਾ ਤੇ ਸਿਖੀ ਦਾ ਤੇ ਵੋਟ ਉਨ੍ਹਾਂ ਨੂੰ, ਜੋ, ਅਗਰ ਖੁਦਾ ਨਾ ਕਰੇ, ਕਿਤੇ ਤਾਕਤ ਵਿਚ ਆ ਗਏ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਪੰਥ ਤੇ ਹੀ ਪੈਣਾ ਹੈ। ਜਿਸ ਵਕਤ ਇਹ ਰੂਸ ਵਿਚ ਤਾਕਤ ਵਿਚ ਆਏ ਤਾਂ ਪਹਿਲਾਂ ਇਨ੍ਹਾਂ ਨੇ ਸੁਹਾਗਾ ਗਿਰਜਿਆਂ ਤੇ ਹੀ ਫੇਰਿਆ ਸੀ। (ਵਿਘਨ) ਇਸ ਲਈ ਇਹ ਗਲ ਠੀਕ ਨਹੀਂ ਲਗਦੀ। ਅਗਰ ਇਨ੍ਹਾਂ ਨੂੰ ਸਚਮੁਚ ਹੀ ਸਿਖੀ ਨਾਲ ਦਰਦ ਹੋਵੇ, ਪੰਥ ਨਾਲ ਦਰਦ ਹੋਵੇ ਤਾਂ ਇਹ ਉਨਾਂ ਨਾਲ ਐਲਾਇੰਸ ਕਰਕੇ ਉਨ੍ਹਾਂ ਨੂੰ ਵੋਟਾਂ ਨਾ ਦਿਵਾਉਣ। (ਵਿਘਨ) ਇਸ ਨੂੰ ਹੋਲੀ ਐਲਾਇੰਸ ਨਹੀਂ ਕਹਿ ਸਕਦੇ, ਇਹ ਤਾਂ ਅਨਹੋਲੀ ਐਲਾਇੰਸ ਹੈ। ਇਨ੍ਹਾਂ ਨੇ ਕਮਿਊਨਿਸਟਾਂ ਨੂੰ ਵੋਟਾਂ ਦਿੱਤੀਆਂ ਤਾਂ ਉਹ ਛੇ ਇਥੇ ਆਏ ਹਨ। ਇਹ ਤਾਂ ਅਕਾਲੀ ਭਾਈਆਂ ਦਾ ਦੇਣਾ ਸਾਰੀ ਉਮਰ ਨਹੀਂ ਦੇ ਸਕਦੇ। ਉਨ੍ਹਾਂ ਨੇ ਹੀ ਇਨ੍ਹਾਂਨੂੰ ਅਸੰਬਲੀ ਦਾ ਮੂੰਹ ਦਿਖਾਇਆ ਹੈ ਵਰਨਾ ਇਹ ਕਮਿਊਨਿਸਟ ਮੈਂਬਰ ਇਥੇ ਨਜ਼ਰ ਨਾ ਆਉਂਦੇ। ਇਨ੍ਹਾਂ ਨੂੰ ਤਾਂ ਮੈਂਬਰੀ ਅਕਾਲੀ ਭਰਾਵਾਂ ਦੀ ਬਖਸ਼ਿਸ਼ ਹੈ। ਅਗਰ ਅਕਾਲੀਆਂ ਦੀ ਮਦਦ ਕਮਿਊਨਿਸਟਾਂ ਨੂੰ ਨਾ ਹੁੰਦੀ ਤਾਂ ਇਹ ਇਥੇ 6 ਨਹੀਂ ਸ਼ਾਇਦ ਇਕ ਹੀ ਹੁੰਦਾ ਅਤੇ ਸਵਾ ਲਾਖ ਸੇ ਏਕ ਲੜਾਊਂ ਵਾਲੀ ਗਲ ਹੀ ਹੁੰਦੀ। (ਵਿਘਨ) ਫਿਰ ਮੇਰੇ ਕਮਿਊਨਿਸਟ ਭਾਈਆਂ ਨੂੰ ਤਾਂ ਇਲੈਕਸ਼ਨਾਂ ਵਿਚ ਪੈਣਾ ਹੀ ਨਹੀਂ ਚਾਹੀਦਾ ਕਿਉਂਕਿ ਇਨ੍ਹਾਂ ਦਾ ਵਿਸ਼ਵਾਸ ਤਾਂ ਬੁਲਿਟ ਵਿਚ ਹੈ ਨਾ ਕਿ ਬੈਲਟ ਵਿਚ। ਇਹ ਆਪਣੇ ਢੰਗ ਨਾਲ ਕੰਮ ਕਰਦੇ ਜਾਣ ਅਤੇ ਜਿਥੇ ਡੈਮਾਕਰੇਸੀ ਹੋਵੇ, ਲੋਕ ਰਾਜ ਹੋਵੇ, ਇਕ ਪਾਰਟੀ ਬਣਦੀ ਤੇ ਇਕ ਢਹਿੰਦੀ ਹੋਵੇ ਉਸ ਸਿਸਟਮ ਵਿਚ ਤਾਂ ਇਨ੍ਹਾਂ ਦਾ ਵਿਸ਼ਵਾਸ ਹੀ ਨਹੀਂ ਹੈ। ਇਹ ਇਲੈਕਸ਼ਨਾਂ ਤਾਂ ਲੋਕਾਂ ਦੀਆਂ ਅਖਾਂ ਵਿਚ ਘੱਟਾ ਪਾਉਣ ਲਈ ਲੜਦੇ ਹਨ। (ਵਿਘਨ)

ਸਪੀਕਰ ਸਾਹਿਬ, ਇਕ ਗਲ ਮੈਂ ਹੋਰ ਅਰਜ਼ ਕਰਨੀ ਹੈ ਅਤੇ ਉਹ ਇਹ ਹੈ ਕਿ ਜੋ ਰੂਲਿੰਗ ਪਾਰਟੀ ਹੈ ਅਤੇ ਖਾਸ ਤੌਰ ਤੇ ਚੀਫ਼ ਮਨਿਸਟਰ ਸਾਹਿਬ ਨੂੰ ਮੈਂ ਵਾਜ਼ਿਆ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਲੋਕਰਾਜ ਵਿਚ ਜੋ ਚੋਣਾਂ ਹੁੰਦੀਆਂ ਹਨ ਉਨ੍ਹਾਂ ਵਿਚ ਲੋਕਾਂ ਦੇ ਵਰਡਿਕਟ ਨੂੰ ਚਾਹੇ ਉਹ ਕਿਸੇ ਵੀ ਪਾਰਟੀ ਦੇ ਹਕ ਵਿਚ ਹੋਵੇ, ਖਿੜੇ ਮਥੇ ਪਰਵਾਨ ਕਰਨਾ ਚਾਹੀਦਾ ਹੈ। ਮਗਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੈਨੂੰ ਰੋਜ਼ 5-6 ਤਾਰਾਂ ਆ ਜਾਂਦੀਆਂ ਹਨ, ਧੜਾ ਧੜ ਲੋਕੀ ਆਕੇ ਕਹਿੰਦੇ ਹਨ ਕਿ ਕਿਤੇ ਕਿਸੇ ਹਰੀਜਨ ਨੂੰ ਮਾਰਿਆ ਕੁਟਿਆ ਗਿਆ ਕਿਤੇ ਕਿਸੇ ਦੂਜੇ ਨੂੰ ਤੰਗ ਕੀਤਾ ਗਿਆ। ਸਿਰਫ ਇਸ ਕਰਕੇ ਕਿ ਉਨ੍ਹਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ ਹਨ।

**ਇਕ ਆਵਾਜ਼ :** ਗਲਤ ਗਲ ਹੈ।

**ਮੇਜਰ ਹਰਿੰਦਰ ਸਿੰਘ :** ਸਰਦਾਰ ਬਲਵੰਤ ਸਿੰਘ, ਆਪ ਤਾਂ ਗਲ ਹੀ ਨਾ ਕਰੋ। ਆਪ ਦੇ ਕਿਰਦਾਰ ਨੂੰ ਤਾਂ ਸਾਰੀ ਦੁਨੀਆਂ ਜਾਣਦੀ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਮੈਂ ਰੀਕੁਵੈਸਟ ਕਰਾਂਗਾ, ਸਾਨੂੰ ਲੀਡਰ ਆਫ ਦੀ ਆਪੋਜ਼ੀਸ਼ਨ ਦੀ ਗਲ ਬੜੇ ਪ੍ਰੇਮ ਨਾਲ ਸੁਣਨੀ ਚਾਹੀਦੀ ਹੈ ਮੈਂ ਇਨ੍ਹਾਂ ਦਾ ਜਵਾਬ ਦੇਵਾਂਗਾ ।

**ਮੇਜਰ ਹਰਿੰਦਰ ਸਿੰਘ :** ਮੈਂ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਕਰਾਂਗਾ ਕਿ ਮੈਂ ਪ੍ਰੋਵੋਕ ਹੋਣ ਵਾਲਾ ਇਨਸਾਨ ਨਹੀਂ । ਮਗਰ ਮੇਰੀ ਬਦਕਿਸਮਤੀ ਹੈ ਕਿ ਮੇਰਾ ਉਨ੍ਹਾਂ ਨਾਲ ਮੁਕਾਬਲਾ ਹੋ ਜਾਂਦਾ ਹੈ ਜੋ ਹਰ ਵੇਲੇ ਦਾਤਰੀ ਤੇ ਕੁਲਹਾੜਾ ਲਈ ਫਿਰਦੇ ਹਨ । ਅਗਰ ਸਰਦਾਰ ਬਲਵੰਤ ਸਿੰਘ ਹੋਰਾਂ ਦਾ ਇਹੀ ਪ੍ਰੋਗਰਾਮ ਹੈ ਤਾਂ ਇਨ੍ਹਾਂ ਨੂੰ ਮੈਂ ਕਹਾਂਗਾ ਕਿ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਜ਼ਰੂਰ ਫੇਰਨ । (ਵਿਘਨ)

**ਕਾਮਰੇਡ ਬਾਬੂ ਸਿੰਘ ਮਾਸਟਰ :** ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਇਹ ਆਪੋਜ਼ੀਸ਼ਨ ਦੇ ਲੀਡਰ ਹਨ ਅਤੇ ਬੜੇ ਸੁਲਝੇ ਹੋਏ ਤੇ ਸਿਆਣੇ ਮੈਂਬਰ ਹਨ । ਇਨ੍ਹਾਂ ਦੇ ਮੂਹ ਤੋਂ ਦਾਤਰੀ, ਕੁਲਹਾੜਾ ਤੇ ਪਰਸਨਲ ਐਸਪਰਸ਼ਨ ਦੇ ਸ਼ਬਦ ਸੋਭਦੇ ਨਹੀਂ । ਸਾਡੀਆਂ ਗਲਾਂ ਦਾ ਜਵਾਬ ਦੇਣ ਪਰ ਐਸੀਆਂ ਗਲਾਂ ਨਾ ਕਰਨ ਜਿਸ ਨਾਲ ਹਾਊਸ ਦੀ ਡੀਸੈਂਸੀ ਨੂੰ ਨੁਕਸਾਨ ਪਹੁੰਚਦਾ ਹੋਵੇ ।

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਮਾਸਟਰ ਹੋਰੀ ਮੇਰੇ ਪੁਰਾਣੇ ਸਾਥੀ ਹਨ । ਮੈਂ ਉਨ੍ਹਾਂ ਦਾ ਬੜਾ ਇਹਤਰਾਮ ਕਰਦਾ ਹਾਂ । ਮੇਰਾ ਕੋਈ ਮਤਲਬ ਕਿਸੇ ਦੇ ਫੀਲਿੰਗਜ਼ ਨੂੰ ਇਨਜਰ ਕਰਨ ਦਾ ਨਹੀਂ ਸੀ ਅਤੇ ਅਗਰ ਕਿਸੇ ਨੂੰ ਮੇਰੇ ਲਫਜ਼ਾਂ ਨਾਲ ਦੁਖ ਹੋਇਆ ਹੈ ਤਾਂ ਮੈਂ ਉਹ ਲਫਜ਼ ਵਾਪਸ ਲੈਂਦਾ ਹਾਂ । ਮੈਂ ਆਪ ਵੀ ਹੀਟ ਜੈਨਰੇਟ ਕਰਨ ਦੇ ਹਕ ਵਿਚ ਨਹੀਂ ਹਾਂ ਅਤੇ ਮੈਂ ਹਰ ਪਾਰਟੀ ਦੇ ਖਿਆਲਾਤ ਦੀ ਕਦਰ ਕਰਦਾ ਹਾਂ । ਬਾਕੀ ਮੈਂ ਵੀ ਆਪਣੇ ਖਿਆਲਾਤ ਜ਼ਾਹਰ ਕਰਨੇ ਹੁੰਦੇ ਹਨ । ਕਿਸੇ ਨੂੰ ਠੇਸ ਪਹੁੰਚੀ ਹੋਵੇ ਤਾਂ ਮੈਂ ਉਹ ਲਫਜ਼ ਵਾਪਸ ਲੈਂਦਾ ਹਾਂ ।

ਸਪੀਕਰ ਸਾਹਿਬ, ਸ਼੍ਰੀ ਸਾਧੂ ਰਾਮ ਜੀ ਮੈਨੂੰ ਮਿਲੇ । ਹੋ ਸਕਦਾ ਹੈ ਕਿ ਉਨ੍ਹਾਂ ਨੇ ਲੀਡਰ ਆਫ ਦੀ ਹਾਊਸ ਨੂੰ ਵੀ ਚਿੱਠੀ ਲਿਖੀ ਹੋਵੇ । ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਕ ਏ. ਐਸ. ਆਈ. ਨੇ ਥਰੈਟਨ ਕੀਤਾ ਹੈ ਅਤੇ ਕਿਹਾ ਹੈ ਕਿ ਅਗਰ ਤੂੰ ਡਿਫੈਕਤ ਕਰਕੇ ਉਧਰ ਨਹੀਂ ਜਾਵੇਗਾ ਤਾਂ ਤੈਨੂੰ ਇਸ ਦਾ ਅੰਜਾਮ ਭੁਗਤਨਾ ਪਵੇਗਾ । (ਅਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਸ ਤੋਂ ਵਧ ਬੁਰੀ ਗਲ ਨਹੀਂ ਹੋ ਸਕਦੀ ।

**ਸਨਅਤ ਮੰਤਰੀ :** ਉਹ ਇਤਲਾਹ ਭੇਜ ਦੇਣ ।

**ਮੇਜਰ ਹਰਿੰਦਰ ਸਿੰਘ :** ਮੈਂ ਉਨ੍ਹਾਂ ਵਲੋਂ ਹੀ ਬੋਲ ਰਿਹਾ ਹਾਂ । ਉਹ ਜ਼ਰੂਰ ਭੇਜਣਗੇ ਸਰਦਾਰ ਗੁਰਨਾਮ ਸਿੰਘ ਹੋਰਾਂ ਨੂੰ ।

ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਾਂਗਾ ਕਿ ਤਾਕਤ ਵਿਚ ਆਕੇ ਨਿੰਮਰਤਾ ਆਉਣੀ ਚਾਹੀਦੀ ਹੈ, ਸੇਵਾ ਭਾਵ ਹੋਣਾ ਚਾਹੀਦਾ ਹੈ । ਜਮਹੂਰੀ ਯੁਗ ਵਿਚ ਕਿਸੇ ਨੂੰ ਰਗੜਾ ਦੜ੍ਹਾਉਣ ਦਾ ਪ੍ਰੋਗਰਾਮ ਨਹੀਂ ਬਣਾਉਣਾ ਚਾਹੀਦਾ । ਬੇਰੀ ਨੂੰ ਫਲ ਲਗਦਾ ਹੈ ਤਾਂ ਉਹ ਝੁਕਦੀ ਹੈ, ਲੋਕ ਪੱਥਰ ਮਾਰਦੇ ਹਨ, ਉਹ ਫਲ ਦਿੰਦੀ ਹੈ । ਵੋਟਾਂ ਦਾ ਕਿ ਪਤਾ ਹੈ ਕਿ ਕਿਸ ਵੇਲੇ ਕਿਸ ਨੂੰ ਪੈਣੀਆਂ ਹਨ ।

Original with;
Punjab Vidhan Sabha
Digitized by;
Panjab Digital Library

ਅਜ ਇਕ ਪਾਰਟੀ ਨੂੰ ਤ ਕਲ ਦੂਜੀ ਪਾਰਟੀ ਨੂੰ ਪੈ ਸਕਦੀਆਂ ਹਨ। ਹਾਰ ਜਿੱਤ ਨੂੰ ਠੀਕ ਸਪਿਰਟ ਵਿਚ ਲੈਣਾ ਚਾਹੀਦਾ ਹੈ ਅਤੇ ਜਦੋਂ ਤਾਕਤ ਹਥ ਵਿਚ ਆ ਜਾਵੇ ਤਾਂ ਤਾਕਤ ਦੀ ਵਰਤੋਂ ਚੰਗੇ ਤਰੀਕੇ ਨਾਲ ਹੀ ਕਰਨੀ ਚਾਹੀਦੀ ਹੈ। ਬਡ਼ਾਪਣ ਇਸ ਗਲ ਵਿਚ ਹੈ ਕਿ ਦੁਸ਼ਮਨ ਨੂੰ ਪਿਆਰ ਨਾਲ ਆਪਣਾ ਬਣਾ ਲਿਆ ਜਾਵੇ। ਦੋ ਅਸੂਲ ਹਨ ਇਕ ਤਾਂ ਇਹ ਕਿ ਦੁਸ਼ਮਨ ਨੂੰ ਮਲੀਆ ਮੇਟ ਕਰ ਦਿਤਾ ਜਾਵੇ ਅਤੇ ਦੂਜਾ ਇਹ ਕਿ ਉਸ ਨੂੰ ਪਿਆਰ ਨਾਲ ਗਲੇ ਲਾ ਲਿਆ ਜਾਵੇ। ਮੈਂ ਇਸ ਫਿਲਾਸਫੀ ਵਿਚ ਭਰੋਸਾ ਰਖਦਾ ਹਾਂ ਕਿ ਜਿਸ ਨਾਲ ਡਿਫਰੈਂਸ ਆਫ ਓਪੀਨੀਅਨ ਹੋਵੇ ਉਸ ਨੂੰ ਪਿਆਰ ਨਾਲ ਗਲੇ ਲਾਇਆ ਜਾਵੇ ਅਤੇ ਉਸ ਦਾ ਹਿਰਦਾ ਜਿਤਿਆ ਜਾਵੇ। ਉਸ ਨੂੰ ਰਗੜਾ ਲਾਕੇ ਨੇਸਤੋ ਨਾਬੂਦ ਨਹੀਂ ਕਰ ਦੇਣਾ ਚਾਹੀਦਾ। ਕੋਈ ਕਿਸੇ ਨੂੰ ਖਤਮ ਨਹੀਂ ਕਰ ਸਕਦਾ ਬਾਣੀ ਵਿਚ, ਆਸਾ ਦੀ ਵਾਰ ਵਿਚ ਕਿਹਾ ਗਿਆ ਹੈ।

ਨਦਰ ਅਪੁਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ਦਰ ਮੰਗਨ ਭਿਖ ਨਾ ਪਾਇਦਾ।

ਇਸ ਲਈ ਤਾਕਤ ਦਾ ਘਮੰਡ ਨਹੀਂ ਹੋਣਾ ਚਾਹੀਦਾ ਹੈ:

ਸੁਖੀ ਵਸੇ ਮਸਕੀਨੀਆਂ ਆਪ ਨਿਵਾਰ ਤਲੇ
ਵਡੇ ਵਡੇ ਹੰਕਾਰੀਆ ਨਾਨਕ ਗਰਭ ਗਲੇ।

ਬਾਣੀ ਵਿਚ ਬੇਸ਼ੁਮਾਰ ਮਿਸਾਲਾਂ ਹਨ, ਸ਼ਬਦ ਹਨ ਜਿਨ੍ਹਾਂ ਵਿਚ ਇਨਸਾਨ ਨੂੰ ਇਸ ਗਲ ਦਾ ਗਿਆਨ ਦਿਤਾ ਗਿਆ ਹੈ ਪਰ ਕੁਰਸੀ ਅਤੇ ਡੰਡੇ ਦਾ ਨਸ਼ਾ ਬੰਦੇ ਨੂੰ ਇਹ ਭੁਲਾ ਦਿੰਦਾ ਹੈ। (ਵਿਘਨ) ਹੁਣ ਸਪੀਕਰ ਸਾਹਿਬ, ਮੈਂ ਕੁਝ ਗੱਲਾਂ ਪੈਰਾਵਾਰ ਅਰਜ਼ ਕਰਾਂਗਾ।

ਪੈਰਾ ਦੋ ਵਿਚ ਜ਼ਿਕਰ ਹੈ:

'Eradication of corruption and Nepotism.........

ਸਪੀਕਰ ਸਾਹਿਬ ਕੁਰਪਸ਼ਨ ਦੋ ਤਰ੍ਹਾਂ ਦੀ ਹੁੰਦੀ ਹੈ: ਇਕ ਮਾਨੇਟਰੀ ਅਤੇ ਦੂਜੀ ਪੁਲੀਟੀਕਲ। ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਤਰ੍ਹਾਂ ਇਸ ਪਾਸਿਉ ਇਕ ਮੈਂਬਰ ਨੂੰ ਖੜਿਆ ਗਿਆ ਹੈ ਉਹ ਇਕ ਦੁਖਦਾਈ ਅਤੇ ਭਿਆਨਕ ਕਾਂਡ ਹੈ ਅਤੇ ਮੈਨੂੰ ਹੈਰਾਨੀ ਹੈ ਕਿ ਚੀਫ਼ ਮਿਨਿਸਟਰ ਸਾਹਿਬ ਨੇ ਬਿਆਨ ਦਿਤਾ ਹੈ ਕਿ ਮੈਨੂੰ ਤਾਂ ਪਤਾ ਹੀ ਨਹੀਂ ਕਿ ਉਹ ਮੈਂਬਰ ਕਦੋਂ ਆਇਆ ਹੈ। ਮੈਂ ਇਸ ਗਲ ਤੇ ਹੋਰ ਐਮਫੇਸਿਸ ਇਸ ਲਈ ਨਹੀਂ ਲੇ ਕਰਨਾ ਚਾਹੁੰਦਾ ਕਿ ਕਿਤੇ ਇਹ ਹੁਣ ਦਬਾ ਹੇਠ ਉਸ ਨੂੰ ਇਹ ਕਹਿਣ ਲਈ ਮਜਬੂਰ ਨਾ ਕਰ ਦੇਣ ਕਿ ਮੇਰੇ ਤਾਂ ਸਿਆਸੀ ਵਿਚਾਰ ਹੀ ਬਦਲ ਗਏ ਹਨ ਇਸ ਲਈ ਮੈਂ ਇਸ ਪਾਸੇ ਆਇਆ ਹਾਂ। ਮਗਰ ਇਹ ਗਲ ਇਨ੍ਹਾਂ ਨੂੰ ਸ਼ੋਭਾ ਨਹੀਂ ਦਿੰਦੀ ਕਿ ਇਹ ਡਿਫੈਕਸ਼ਨਜ਼ ਨੂੰ ਐਨਕਰੇਜ ਕਰਨ। ਇਹ ਪੁਲੀਟੀਕਲ ਕੁਰਪਸ਼ਨ ਹੈ। (ਤਾੜੀਆਂ)

ਸਪੀਕਰ ਸਾਹਿਬ, ਹੁਣ ਮੈਂ ਕੁਝ ਐਡਮਿਨਿਸਟ੍ਰੇਸ਼ਨ ਬਾਰੇ ਵੀ ਅਰਜ਼ ਕਰਨਾ ਚਾਹੁੰਦਾ ਹਾਂ। ਅਜ ਦੇ 'ਹਿੰਦ ਸਮਾਚਾਰ' ਵਿਚ ਇਕ ਖਬਰ ਛਪੀ ਹੈ। ਸਪੀਕਰ ਸਾਹਿਬ ਮੈਨੂੰ ਇਹ ਇਲਮ ਤਾਂ ਹੈ ਨਹੀਂ ਕਿ ਅਖਬਾਰਾਂ ਦੀਆਂ ਖਬਰਾਂ ਨੂੰ ਹਾਊਸ ਕਿੰਨੀ ਅਹਿਮੀਅਤ ਦਿੰਦਾ ਹੈ ਲੀਡਰ ਆਫ਼ ਦੀ ਹਾਊਸ ਕਿੰਨੀ ਅਹਿਮੀਅਤ ਦਿੰਦੇ ਹਨ। ਇਸ ਬਾਰੇ ਤਾਂ ਇਹੀ ਦਸਣਗੇ

Original with;
Punjab Vidhan Sabha
Digitized by;
Panjab Digital Library

[ਮੇਜਰ ਹਰਿੰਦਰ ਸਿੰਘ]

ਬ੍ਰਹਰਹਾਲ ਜੋ ਖਬਰ ਹੈ ਉਹ ਮੈਂ ਆਪ ਦੇ ਸਾਹਮਣੇ ਦੋ ਮਿੰਟਾ ਵਿਚ ਪੜ੍ਹ ਕੇ ਸੁਣਾਵਾਂਗਾ। ਇਸ ਵਿਚ ਛਪਿਆ ਹੈ :

"ਸੁਪਰਡੰਟ ਹਾਈ ਕੋਰਟ ਕਾ ਥਾਣਾ ਜਗਰਾਉਂ ਪਰ ਛਾਪਾ ਦੋਨੋ ਵਪਾਰੀ ਮੌਜੂਦ ਪਾਏ ਗਏ। ਰਿਕਾਰਡ ਪਰ ਕਬਜ਼ਾ ਜਗਰਾਉਂ 18 ਮਾਰਚ : ਪੰਜਾਬ ਹਰਿਆਨਾ ਹਾਈ ਕੋਰਟ ਕੇ ਸੁਪਰਡੰਟ ਕ੍ਰਿਮੀਨਲ ਬ੍ਰਾਂਚ ਨੇ ਕਲ ਰਾਤ ਜਗਰਾਉਂ ਥਾਨਾ ਮੇਂ ਛਾਪਾ ਮਾਰਾ। ਔਰ ਅਨਾਜ ਕੇ ਦੋ ਵਪਾਰੀਉਂ ਮੋਤੀ ਸਾਗਰ ਔਰ ਉਨਕੇ ਲੜਕੇ ਯਸ਼ਪਾਲ ਦੋਨੋ ਕੋ ਥਾਨਾ ਮੇਂ ਮੌਜੂਦ ਪਾਇਆ ਉਨਹੋਂ ਨੇ ਜ਼ਰੂਰੀ ਰਿਕਾਰਡ ਕਬਜ਼ਾ ਮੇਂ ਲੇ ਲੀਆ। ਦੋਨੋ ਕੋ ਚੰਡੀਗੜ੍ਹ ਲੇ ਜਾਇਆ ਗਿਆ ਛਾਪੇ ਜਾਰੀ ਹੈਂ ਔਰ ਹਰਾਸ ਫੈਲਾ ਹੂਆ ਹੈ।"

ਅਗੇ ਸਪੀਕਰ ਸਾਹਿਬ ਆਪਣੇ ਐਡਰੈਸ ਦੇ ਪੈਰਾ 4 ਵਿਚ ਗਵਰਨਰ ਸਾਹਿਬ ਨੇ ਫਰਮਾਇਆ ਹੈ ਕਿ

"ਵਿਧਾਨ ਸਭਾ ਦਾ ਮਾਰਚ, 1968 ਦਾ ਬਜਟ ਸੈਸ਼ਨ ਦੇਸ਼ ਦੀ ਜਮਹੂਰੀਅਤ ਦੀ ਤਾਰੀਖ ਵਿੱਚ ਇਕ ਬੜਾ ਮੰਦ ਭਾਗਾ ਅਤੇ ਦੁਖਦਾਈ ਕਾਂਡ ਹੈ"

ਮੈਂ ਸਪੀਕਰ ਸਾਹਿਬ, ਸੋਚ ਰਿਹਾ ਹਾਂ ਕਿ ਆਪ ਦੇ ਹੁਕਮ ਦੇ ਅਧਾਰ ਤੇ ਅਤੇ ਉਸ ਦੀ ਰੋਸ਼ਨੀ ਵਿਚ ਕਿੰਨਾ ਲਫਜ਼ਾਂ ਵਿਚ ਆਪਣੇ ਖਿਆਲਾਤ ਦਾ ਇਜ਼ਹਾਰ ਕਰਾਂ। ਮੈਂ ਆਪਣੇ ਖਿਆਲਾਤ ਦਾ ਇਜ਼ਹਾਰ ਕਰਨ ਤੋਂ ਰੁਕ ਵੀ ਨਹੀਂ ਸਕਦਾ। ਮੈਂ ਇਥੇ ਇਸ ਦੇ ਬਾਰੇ ਵਿਚ ਇਕ ਦੋ ਅਖਬਾਰਾਂ ਦਾ ਹਵਾਲਾ ਦਿਆਂਗਾ। ਅਖਬਾਰਾਂ ਲੋਕਾਂ ਦੀਆਂ ਰਾਏ ਬਣਾਂਦੀਆਂ ਹਨ ਅਤੇ ਇਸ ਵਿਚ ਉਘਾ ਹਿਸਾ ਪਾਂਦੀਆਂ ਹਨ। ਮੈਂ ਸਿਰਫ ਦੋ ਕਟਿੰਗ ਹੀ ਪੜ੍ਹ ਕੇ ਆਪ ਪਾਸੋਂ ਖਿਮਾ ਮੰਗਾਂ ਗਾ। ਪਹਿਲੀ ਹੈ 'ਪ੍ਰਤਾਪ' 18 ਮਾਰਚ ਦੀ ਇਸ ਦੇ ਐਡੀਟੋਰੀਅਲ ਵਿਚ ਇਹ ਲਿਖਿਆ ਹੋਇਆ ਹੈ—

"ਅਬ ਵੋਹੀ ਡਰਾਮਾ ਪੰਜਾਬ ਮੇਂ ਭੀ ਦੁਹਰਾਇਆ ਗਿਆ ਹੈ ਲੇਕਿਨ ਹਮਾਰੇ ਗਵਰਨਰ ਸਾਹਿਬ ਵਜ਼ਾਰਤ ਕੇ ਜਾਲ ਮੇਂ ਫੰਸ ਗਏ ਔਰ ਅਬ ਇਨ ਕੇ ਮੁਤਾਲਿਕ ਯੇਹ ਸਵਾਲ ਕੀਆ ਜਾ ਰਹਾ ਹੈ ਕਿ ਮਾਰਚ 1968 ਮੇਂ ਜੋ ਕੁਛ ਹੂਆ ਅਗਰ ਇਸ ਕੀ ਤਹਿਕੀਕਾਤ ਹੋਨੀ ਹੈ ਤੋ ਗਵਰਨਰ ਇਸ ਕੀ ਜ਼ਿਮੇਵਾਰੀ ਸੇ ਕੈਸੇ ਬਚ ਸਕਤੇ ਹੈਂ। ਇਸ ਨਾਟਕ ਕੇ ਤੀਨ ਬੜੇ ਐਕਟਰ ਥੇ। ਏਕ ਅਸੈਂਬਲੀ ਕੇ ਸਪੀਕਰ ਸਰਦਾਰ ਜੋਗਿੰਦਰ ਸਿੰਘ ਮਾਨ ਦੂਸਰੇ ਮੁੱਖ ਮੰਤਰੀ ਸਰਦਾਰ ਲਛਮਣ ਸਿੰਘ ਗਿਲ ਔਰ ਤੀਸਰੇ ਪੰਜਾਬ ਕੇ ਗਵਰਨਰ ਡਾਕਟਰ ਪਾਵਟੇ।"

ਇਹ ਕਮੇਂਟ ਹਨ ਪ੍ਰਤਾਪ ਅਖਬਾਰ ਦੇ। ਇਸ ਦੇ ਨਾਲ ਹੀ ਦੂਜਾ ਕਮੇਂਟ ਮਿਲਾਪ ਦਾ ਹੈ ਜਿਸ ਦਾ ਹੈਡਿੰਗ ਹੈ-

"ਰਬੜ ਕੀ ਮੋਹਰ"

"ਅਗਰ ਗਵਰਨਰੋਂ ਨੇ ਯਹੀ ਰੋਲ ਅਦਾ ਕਰਨਾ ਹੈ ਜੋ ਪੰਜਾਬ ਕੇ ਗਵਰਨਰ ਸ਼੍ਰੀ ਪਾਵਟੇ ਨੇ ਕੀਆ

Original with;
Punjab Vidhan Sabha
Digitized by;
Panjab Digital Library

ਤੋਂ ਬੇਹਤਰ ਹੈ ਕਿ ਘਰ ਔਂਦਾ ਉੜਾ ਦੀਆ ਜਾਏ। ਏਕ ਰਬੜ ਕੀ ਮੋਹਰ ਕੇ ਲੀਏ ਲਾਖੋਂ ਰੁਪਏ ਸਾਲਾਨਾ ਖਰਚ ਕਰਨੇ ਜਿਤਫ ਅਵਾਮ ਕੇ ਖੂਨ ਪਸੀਨੇ ਕੀ ਕਮਾਈ ਕਾ ਨਾਜਾਇਜ਼ ਇਸ-ਤੇਮਾਲ ਹੀ ਨਹੀਂ ਬਲਕਿ ਸਰਾਸਰ ਫਜ਼ੂਲ ਖਰਚੀ ਹੈ।"

ਇਹ ਹੈ ਤਾਂ ਬਹੁਤ ਲੰਬਾ ਚੌੜਾ ਪਰ ਮੈਂ ਦੋ ਤਿਨ ਲਾਈਨਾਂ ਹੀ ਪੜ੍ਹ ਕੇ ਖਤਮ ਪਤ ਕਰਦਾ ਹਾਂ।

ਸਪੀਕਰ ਸਾਹਿਬ, ਆਪ ਨੂੰ ਪਤਾ ਹੀ ਹੈ ਕਿ ਕੋਈ ਐਕਟ ਨਹੀਂ ਬਣ ਸਕਦਾ ਕੋਈ ਬਿਲ ਬਿਲ ਨਹੀਂ ਬਣ ਸਕਦਾ ਅਤੇ ਕੋਈ ਬਜਟ ਪਾਸ ਨਹੀਂ ਹੋ ਸਕਦਾ ਜਦ ਤਕ ਕਿ ਗਵਰਨਰ ਸਾਹਿਬ ਦੇ ਉਸ ਤੇ ਕੋਈ ਦਸਖਤ ਨਾ ਹੋਣ। ਅਗਰ ਉਸ ਵੇਲੇ ਗਵਰਨਰ ਸਾਹਿਬ ਨੇ ਇਹ ਮੁਨਾਸਿਬ ਸਮਝਿਆ ਅਤੇ ਆਪ ਦਸਖਤ ਕੀਤੇ ਤਾਂ ਅਜ ਇਹ ਕਹਿਣਾ ਕਿ ਬਜਟ ਗ਼ਲਤ ਪਾਸ ਹੋਇਆ ਹੈ ਇਹ ਠੀਕ ਨਹੀਂ। ਇਸ ਦੇ ਨਾਲ ਹੀ ਇਸ ਬਜਟ ਬਾਰੇ ਹਾਇਅਸਟ ਲੈਵਲ ਦੀ ਜੁਡੀਸ਼ਰੀ ਨੇ, ਇਸ ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਸਾਰਾ ਥਰੈਸ਼ ਆਊਟ ਕੀਤਾ ਹੋਵੇ ਤਾਂ ਇਸ ਤੇ ਇਤਰਾਜ਼ ਨਹੀਂ ਕੀਤਾ ਜਾਣਾ ਚਾਹੀਦਾ ਸੀ। ਇਹ ਕਿਹਾ ਜਾ ਸਕਦਾ ਸੀ ਕਿ ਜਿਸ ਤਰੀਕੇ ਨਾਲ ਇਹ ਪਾਸ ਕੀਤਾ ਗਿਆ ਹੈ ਉਹ ਸਰਾਹਨਾਯੋਗ ਨਹੀਂ ਸੀ ਜਾਂ ਉਹ ਢੰਗ ਕਾਬਲ ਤਾਰੀਫ ਨਹੀਂ ਸੀ। ਪਰ ਇਸ ਬਜਟ ਦੇ ਬਾਰੇ ਵਿਚ ਇਹ ਕਹਿਣਾ ਕਿ ਇਹ ਬਜਟ ਇਲਲੀਗਲ ਹੈ ਜਾਂ ਇਸ ਨੂੰ ਅਨਕਾਂਸਟੀਚੂਸ਼ਨਲ ਕਹਿਣਾ ਜਦ ਕਿ ਹਾਇਅਸਟ ਸੁਪਰੀਮ ਕੋਰਟ ਦੀ ਰੂਲਿੰਗ ਆ ਗਈ ਹੋਵੇ ਕੋਈ ਸ਼ੋਭਾ ਨਹੀਂ ਦਿੰਦਾ। (ਵਿਰੋਧੀ ਪਖ ਵਲੋਂ ਪ੍ਰਸੰਸਾ)। ਮੈਂ ਇਸ ਦੇ ਸਬੰਧ ਵਿਚ ਹੋਰ ਕੁਝ ਨਹੀਂ ਕਹਿੰਦਾ ਕੇਵਲ ਇੰਨਾ ਹੀ ਆਖਾਂਗਾ ਅਤੇ ਜੇਕਰ ਸਪੀਕਰ ਸਾਹਿਬ ਇਨ੍ਹਾਂ ਲਫ਼ਜ਼ਾਂ ਨੂੰ ਅਨਪਾਰਲੀਮੈਂਟਰੀ ਕਰਾਰ ਦੇਣ ਤਾਂ ਇਨ੍ਹਾਂ ਨੂੰ ਇਕ ਮਿੰਟ ਵਿਚ ਹੀ ਵਾਪਸ ਲੈ ਲਵਾਂਗਾ ਕਿ ਗਵਰਨਰ ਸਾਹਿਬ ਨੇ ਇਹ ਗਲ ਕਹਿ ਕੇ ਇਖਲਾਕੀ ਗਿਰਾਵਟ ਅਤੇ ਬੁਜ਼ਦਿਲੀ ਦਾ ਸਬੂਤ ਦਿਤਾ ਹੈ। (ਵਿਰੋਧੀ ਪਖ ਵਲੋਂ ਪ੍ਰਸੰਸਾ)

ਮੈਂ ਇਹ ਸਮਝਦਾ ਸਾਂ ਕਿ ਲੀਡਰ ਆਫ ਦੀ ਹਾਊਸ ਇਕ ਜਜ ਰਹੇ ਹਨ। ਸੀ. ਐਮ. ਸਾਹਿਬ ਬੜੇ ਚੰਗੇ ਰੁਤਬੇ ਤੇ ਰਹੇ ਹਨ ਅਤੇ ਹਾਈ ਕੋਰਟ ਦੇ ਜਜ ਰਹੇ ਹਨ ਅਤੇ ਨਾਮਵਰ ਜਜ ਰਹੇ ਹਨ। ਇਨ੍ਹਾਂ ਨੂੰ ਪਤਾ ਹੈ ਕਿ ਜਦ ਸੁਪਰੀਮ ਕੋਰਟ ਦੀ ਰੂਲਿੰਗ ਆ ਜਾਵੇ ਤਾਂ ਉਸ ਨੂੰ ਸਵੀਕਾਰ ਕਰਨਾ ਜ਼ਰੂਰੀ ਹੈ ਅਤੇ ਉਸ ਫੈਸਲੇ ਦੇ ਕਾਂਸਟੀਚੂਸ਼ਨਲ ਪਹਿਲੂ ਤੇ ਆਰਗੂ ਨਹੀਂ ਕੀਤਾ ਜਾ ਸਕਦਾ ਇਹ ਤਾਂ ਸੁਪਰੀਮ ਕੋਰਟ ਦੀ ਕੰਟੈਂਪਟ ਦਾ ਮੁਰਤਕਿਬ ਹੋਵੇਗਾ ਜਿਹੜਾ ਕਿ ਇਹ ਕਹਿੰਦੇ ਹਨ ਕਿ ਇਨਾਂ ਨੇ ਇਨਕੁਆਇਰੀ ਬਿਠਾਣੀ ਹੈ।

ਗਵਰਨਰ ਸਾਹਿਬ ਨੇ ਪੈਰਾ 5 ਵਿਚ ਜ਼ਿਕਰ ਕੀਤਾ ਹੈ ਕਿ

> "ਸਰਕਾਰ ਚੰਡੀਗੜ੍ਹ, ਭਾਖੜਾ ਨੰਗਲ ਅਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਦੀ ਪੰਜਾਬ ਵਿਚ ਵਾਪਸੀ ਲਈ ਪੂਰਾ ਜ਼ੋਰ ਲਾਵੇਗੀ"

ਇਸ ਸੰਬਧ ਵਿਚ ਮੇਰੀ ਅਤੇ ਮੇਰੀ ਪਾਰਟੀ ਦੀ ਇਹ ਰਾਏ ਹੈ ਅਤੇ ਇਹ ਰਾਏ ਰੋਜ਼ੇ ਰੋਸ਼ਨ ਦੀ ਤਰ੍ਹਾਂ ਅਯਾਂ ਹੈ ਕਿ ਪੰਜਾਬ ਵਿਚ ਭਾਖੜਾ ਨੰਗਲ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਚੰਡੀਗੜ੍ਹ ਜ਼ਰੂਰ ਸ਼ਾਮਿਲ ਹੋਣੇ ਚਾਹੀਦੇ ਹਨ। ਅਤੇ ਹਰ ਪੰਜਾਬੀ ਦੀ ਇਹ ਮੰਗ ਹੈ ਕਿ ਇਨ੍ਹਾਂ ਇਲਾਕਿਆਂ

Original with;
Punjab Vidhan Sabha
Digitized by;
Panjab Digital Library

[ਮੇਜਰ ਹਰਿੰਦਰ ਸਿੰਘ]

ਨੂੰ ਛੇਤੀ ਹੀ ਪੰਜਾਬ ਨੂੰ ਦਿਤਾ ਜਾਵੇ। ਅਸੀਂ ਇਸ ਕੋਸ਼ਿਸ਼ ਵਿਚ ਕਿਸੇ ਹੋਰ ਨਾਲੋਂ ਪਿਛੇ ਨਹੀਂ। (ਪ੍ਰਸ਼ੰਸਾ) ਭਾਖੜਾ ਨੰਗਲ ਤੇ ਹੋਰ ਪੰਜਾਬੀ ਖਿਤੇ ਜਿਹੜੇ ਬਾਹਰ ਰਹਿ ਗਏ ਹਨ ਇਹ ਫੌਰਨ ਸਾਨੂੰ ਮਿਲਣੇ ਚਾਹੀਦੇ ਹਨ।(ਪ੍ਰਸ਼ੰਸਾ) ਇਥੇ ਡਾਂਗ ਸਾਹਿਬ ਨੇ ਹਰਿਆਨਾ ਦੀ ਵਕਾਲਤ ਕੀਤੀ ਹੈ। ਮੈਂ ਹਰਿਆਨਾ ਦਾ ਦੋਖੀ ਨਹੀਂ, ਮੈਂ ਰਾਜਿਸਥਾਨ ਦਾ ਦੋਖੀ ਨਹੀਂ ਤੇ ਨਾ ਹੀ ਹਿਮਾਚਲ ਦਾ ਦੋਖੀ ਹਾਂ। ਮੈਂ ਪੰਜਾਬੀ ਹਾਂ ਅਤੇ ਹਿੰਦੁਸਤਾਨੀ ਹਾਂ। ਮੈਂ ਇਥੇ ਪੰਜਾਬ ਦੀ ਨੁਮਾਇੰਦਗੀ ਕਰਦਾ ਹਾਂ ਅਤੇ ਪੰਜਾਬ ਮੇਰੀ ਜਨਮ ਭੂਮੀ ਹੈ ਅਤੇ ਪੰਜਾਬ ਦੀ ਤਰੱਕੀ ਲਈ ਸੋਚਣਾ ਮੇਰਾ ਪਹਿਲਾ ਕੰਮ ਹੈ। ਪੰਜਾਬ ਦੀ ਤਰੱਕੀ ਅਤੇ ਪੰਜਾਬ ਦੀ ਮਜ਼ਬੂਤੀ ਲਈ ਹਰ ਯਤਨ ਕਰਨ ਲਈ ਤਿਆਰ ਹਾਂ। ਮੈਂ ਕਿਸੇ ਹੋਰ ਸਟੇਟ ਦਾ ਦੋਖੀ ਨਹੀਂ ਪਰ ਪੰਜਾਬ ਦੀ ਤਰਕੀ ਇਜ਼ ਦੀ ਅਪਰਮੋਸਟ ਇਨ ਮਾਈ ਮਾਇੰਡ। ਮੈਨੂੰ ਇਸ ਗਲ ਨਾਲ ਸਰੋਕਾਰ ਨਹੀਂ ਕਿ ਹਰਿਆਨਾ ਕੀ ਚਾਹੁੰਦਾ ਹੈ ਹਿਮਾਚਲ ਕੀ ਚਾਹੁੰਦਾ ਹੈ ਜਾਂ ਰਾਜਿਸਥਾਨ ਕੀ ਚਾਹੁੰਦਾ ਹੈ ਅਤੇ ਨਾ ਹੀ ਕਿਸੇ ਸੂਬੇ ਦੀ ਵਕਾਲਤ ਕਰਨੀ ਮੇਰਾ ਮੰਤਵ ਹੈ ਅਤੇ ਨਾ ਹੀ ਮੇਰੇ ਪਾਸ ਉਨ੍ਹਾਂ ਦੀ ਵਕਾਲਤ ਕਰਨ ਦਾ ਮੁਖਤਾਰਨਾਮਾ ਹੈ। ਮੇਰੇ ਪਾਸ ਤਾਂ ਪੰਜਾਬ ਦੇ ਖਿਤੇ ਦਾ ਮੁਖਤਾਰਨਾਮਾ ਹੈ। ਬਾਕੀਆਂ ਲਈ ਮੁਖਤਾਰਨਾਮਾ ਡਾਂਗ ਸਾਹਿਬ ਜਾਂ ਹੋਰ ਕਿਸੇ ਨੂੰ ਮੁਬਾਰਿਕ ਹੋਵੇ। ਮੈਂ ਤਾਂ ਪੰਜਾਬ ਦੇ ਇਲਾਕੀਆਂ ਨੂੰ ਫੌਰੀ ਤੌਰ ਤੇ ਇਸ ਵਿਚ ਸ਼ਾਮਿਲ ਕਰਨ ਲਈ ਜੋ ਕਦਮ ਉਠਾਏ ਜਾਣ, ਇਸ ਸਰਕਾਰ ਦੇ ਨਾਲ ਹਾਂ।

ਇਸ ਤੋਂ ਅਗਲਾ ਪੈਰਾ 6 ਹੈ ਜਿਸ ਵਿਚ ਅਪਰ ਹਾਊਸ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ। ਯੂਨਾਇਟਿਡ ਫਰੰਟ ਦੀ ਸਰਕਾਰ ਨੇ ਤਹਈਆ ਕੀਤਾ ਹੈ ਅਤੇ ਇਸ ਗਲ ਦਾ ਫ਼ੈਸਲਾ ਕੀਤਾ ਹੈ ਕਿ ਅਪਰ ਹਾਊਸ ਨੂੰ ਖਤਮ ਕਰ ਦਿਤਾ ਜਾਵੇ। ਇਹ ਫੈਸਲਾ ਪਹਿਲਾ ਜਦ ਯੂਨਾਇਟਿਡ ਫਰੰਟ ਦੀ ਸਰਕਾਰ ਬਣੀ ਸੀ ਤਾਂ ਕੀਤਾ ਗਿਆ ਸੀ ਪਰ ਇਸ ਨੂੰ ਪਾਇਆ ਏ ਤਕਮੀਲ ਤਕ ਨਹੀਂ ਪਹੁੰਚਾ ਸਕੀ ਅਤੇ ਫਰੰਟ ਦੀ ਵਜ਼ਾਰਤ ਟੁਟ ਗਈ। ਹੁਣ ਫਿਰ ਇਸ ਗਲ ਦਾ ਜ਼ਿਕਰ ਕੀਤਾ ਗਿਆ ਹੈ। ਇਕ ਇਹ ਅਸੂਲੀ ਸਵਾਲ ਹੈ ਕਿ ਜੇਕਰ ਇਹ ਚਾਹੁੰਦੇ ਹਨ ਕਿ ਅਪਰ ਹਾਉਸ ਨਾ ਰਹੇ ਤਾਂ ਇਨ੍ਹਾਂ ਨੂੰ ਇਸ ਦੀਆਂ ਬਾਈ-ਇਲੈਕਸ਼ਨਾਂ ਵਿਚ ਹਿਸਾ ਨਹੀਂ ਲੈਣਾ ਚਾਹੀਦਾ -(ਪ੍ਰਸ਼ੰਸਾ) ਇਲੈਕਸ਼ਨ ਦਾ ਬਾਈ-ਕਾਟ ਕਿਉਂ ਨਹੀਂ ਕਰਦੇ। ਇਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਸਟੇਟ ਅਸੈਂਬਲੀ ਅਪਰ ਹਾਊਸ ਨੂੰ ਤੋੜਨ ਦੇ ਕੰਪੀਟੈਂਟ ਨਹੀਂ ਸਿਰਫ ਗੌਰਮਿੰਟ ਆਫ਼ ਇੰਡੀਆ (ਪਾਰਲੀਮੈਂਟ) ਪਾਸ ਸਿਫਾਰਸ਼ ਕਰ ਸਕਦੀ ਹੈ। ਕੀ ਚੀਫ ਮਨਿਸਟਰ ਸਾਹਿਬ ਕੈਟੈਗਾਰੀਕਲੀ ਇਹ ਐਸ਼ੋਰੈਂਸ ਦੇਣਗੇ ਕਿ ਜੇਕਰ ਅਪਰ ਹਾਊਸ ਅਬਾਲਿਸ਼ ਨਾ ਹੋਇਆ ਤਾਂ ਇਹ ਪ੍ਰੋਟੈਸਟ ਵਜੋਂ ਰੋਸ ਵਜੋਂ ਅਗੇ ਨੂੰ ਕੋਈ ਐਮ. ਐਲ. ਸੀ. ਨਹੀਂ ਖਲਾਰਨਗੇ। (ਵਰੋਧੀ ਪਖ ਵਲੋਂ ਪ੍ਰਸ਼ੰਸਾ)

ਇਸ ਅਪਰ ਹਾਊਸ ਦੇ ਤੋੜਨ ਦੇ ਬਾਰੇ ਵਿਚ ਇਹ ਕਿਹਾ ਜਾਂਦਾ ਹੈ ਕਿ ਇਸ ਨੂੰ ਰਖਣ ਨਾਲ 6 ਲਖ ਰੁਪਏ ਸਾਲਾਨਾ ਦਾ ਬੋਝ ਪੰਜਾਬ ਦੀ ਜਨਤਾ ਦੇ ਸਿਰ ਪੈਂਦਾ ਹੈ। ਕੀ ਮੈਂ ਇਨ੍ਹਾਂ ਤੋਂ ਇਹ ਪੁਛ ਸਕਦਾ ਹਾਂ ਕਿ 6 ਲਖ ਰੁਪਿਆ ਸੂਬੇ ਦੀ ਸਰਕਾਰ ਵਾਸਤੇ ਅਤੇ ਸੂਬੇ ਦੇ ਬਜਟ ਲਈ ਬਹੁਤ ਵਡੀ ਰਕਮ ਸਮਝੀ ਜਾਂਦੀ ਹੈ ਤਾਂ ਉਹ 4 ਕਰੋੜ ਦੀ ਰਕਮ ਜੋ ਐਕਸਾਈਜ਼ ਦੇ

Original with;
Punjab Vidhan Sabha
Digitized by;
Panjab Digital Library

ਠੇਕੇਦਾਰਾਂ ਨੂੰ ਛਡੀ ਗਈ ਹੈ ਕੀ ਭਾਰੀ ਬੋਝ ਨਹੀਂ ਸੀ। ਜੇਕਰ ਸਪੀਕਰ ਸਾਹਿਬ ਅਨਪਾਰਲੀ-ਮੈਂਟਰੀ ਕਰਾਰ ਨਾ ਦੇਣ ਤਾਂ ਮੈਂ ਇਹ ਕਹਾਂਗਾ ਕਿ ਇਹ ਹਰਾਮ ਦੀ ਕਮਾਈ ਹੈ। (ਵਿਰੋਧੀ ਪਖ ਵਲੋਂ ਪ੍ਰਸ਼ੰਸਾ। ਚਾਰ ਕਰੋੜ ਰੁਪਿਆ ਤਾਂ ਉਨ੍ਹਾਂ ਨੂੰ ਛਡਿਆ ਪਰ 6 ਲਖ ਰੁਪਏ ਦੀ ਰਕਮ ਲਈ ਇਹ ਕੌਂਸਲ ਨੂੰ ਅਬਾਲਿਸ਼ ਕਰਨਾ ਚਾਹੁੰਦੇ ਹਨ। (ਵਿਘਨ)

ਇਨ੍ਹਾਂ ਤੋਂ ਜਨਤਾ ਦੇ ਦਰਬਾਰ ਵਿਚ ਅਵਾਮ ਦੀ ਅਦਾਲਤ ਵਿਚ ਇਹ ਮੰਗ ਕੀਤੀ ਜਾ ਰਹੀ ਹੈ ਕਿ ਕਿਉਂ 4 ਕਰੋੜ ਦੀ ਭਾਰੀ ਰਕਮ ਉਨ੍ਹਾਂ ਐਕਸਾਈਜ਼ ਦੇ ਠੇਕੇਦਾਰਾਂ ਨੂੰ ਛਡ ਦਿਤੀ ਗਈ। ਇਸ ਦਾ ਇਸ ਸਰਕਾਰ ਪਾਸ ਕੀ ਜਵਾਬ ਹੈ ?

ਅਗਰ ਕੋਈ ਐਸਾ ਫੈਸਲਾ ਹੋਇਆ ਹੈ, ਭਾਵੇ 100 ਕਰੋੜ ਵੀ ਦੇਣ ਥੋੜਾ ਹੈ। ਉਸ ਸਰਕਾਰ ਲਈ ਤਾਂ ਇਹ ਜਸਟੀਫੀਕੇਸ਼ਨ ਹੈ ਜਿਹੜੀ ਵੋਟਾਂ ਨਾਲ ਬਣਦੀ ਹੈ। ਪਰ ਜੇ ਇਹ ਠੇਕੇਦਾਰਾਂ ਨੂੰ ਹੀ ਦੇਣ ਤਾਂ ਉਸ ਦੀ ਕੀ ਜਸਟੀਫੀਕੇਸ਼ਨ ਹੈ।

ਮੈਂ ਇਸ ਗੱਲ ਲਈ ਵੀ ਸਰਕਾਰ ਨੂੰ ਵਧਾਈ ਦੇਵਾਂਗਾ ਕਿ ਜਿਹੜਾ ਪੈਰਾ ਨੰ: 7 ਵਿਚ ਇਨ੍ਹਾਂ ਨੇ ਤਹੀਆ ਕੀਤਾ ਹੋਇਆ ਹੈ ਕਿ ਸੇਲਜ਼ ਟੈਕਸ ਦੇ ਵਿਚ ਸੁਧਾਰ ਕੀਤਾ ਜਾਵੇ, ਸਿਮਪਲੀ-ਫੀਕੇਸ਼ਨ ਕੀਤੀ ਜਾਵੇ ਅਤੇ ਪ੍ਰਾਪਰਟੀ ਟੈਕਸ ਨੂੰ ਖਤਮ ਕੀਤਾ ਜਾਵੇ। ਇਹ ਇਕ ਅੱਛੀ ਗੱਲ ਹੋਵੇਗੀ ਜੇਕਰ ਪੰਜਾਬ ਨੂੰ ਇਨ੍ਹਾਂ ਟੈਕਸਾਂ ਤੋਂ ਅਤੇ ਇਨ੍ਹਾਂ ਨਾਲ ਜੁੜੇ ਹੋਏ ਇਨਸਪੈਕਟਰੀ ਰਾਜ ਤੋਂ ਨਿਜਾਤ ਦਿਲਾਈ ਜਾ ਸਕੇ। (ਵਿਘਨ)

**ਇਕ ਮਾਨਯੋਗ ਮੈਂਬਰ :** ਮੇਜਰ ਸਾਹਿਬ, ਇਨਸਪੈਕਟਰੀ ਰਾਜ ਵਾਲੀ ਗੱਲ ਤੁਸੀਂ ਦਿਲੋਂ ਆਖੀ ਹੈ ? (ਹਾਸਾ)

**ਮੇਜਰ ਹਰਿੰਦਰ ਸਿੰਘ :** ਗੁਰਬਾਣੀ ਵਿਚ ਇਕ ਤੁਕ ਆਉਂਦੀ ਹੈ :

"ਜਿਨ੍ ਮਨ ਹੋਰ ਮੁਖ ਹੋਰ ਸੇ ਕਾਂਢੇ ਕੱਚਿਆ"।

(ਵਿਘਨ)

ਮੈਂ ਤੁਹਾਡੀ ਤਰ੍ਹਾਂ ਨਹੀਂ ਕਹਾਂ ਕੁਝ, ਕਰਾਂ ਕੁਝ। ਮੈਂ ਤੁਹਾਡੇ ਨਾਲੋਂ ਜ਼ਿਆਦਾ ਬਾਣੀ ਜਾਣਦਾ ਹਾਂ, ਤੁਹਾਡੇ ਨਾਲੋਂ ਜ਼ਿਆਦਾ ਯਾਦ ਹੈ ਅਤੇ ਤੁਹਾਡੇ ਨਾਲੋਂ ਵਧ ਗੁਰਬਾਣੀ ਦਾ ਮੈਂ ਪ੍ਰਚਾਰ ਵੀ ਕਰ ਸਕਦਾ ਹਾਂ। ਇਕ ਨੀਲੀ ਪੱਗ ਬਨ੍ਹ ਕੇ ਤੁਸੀਂ ਲਾਈਸੈਂਸ ਨਹੀਂ ਲੈ ਲਿਆ ਬਾਣੀ ਦੇ ਪ੍ਰਚਾਰ ਦਾ। ਖੈਰ ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਮੈਂ ਇਕ ਬਹੁਤ ਜ਼ਰੂਰੀ ਗੱਲ ਕਹਿਣ ਲੱਗਿਆ ਹਾਂ ਉਹ ਜ਼ਰਾ ਮੇਰੇ ਵੱਲ ਤਵਜੋ ਦੇਣ। ਕਾਸ਼ ਕਿ ਐਥੇ ਰੈਵਿਨੀਓ ਮਨਿਸਟਰ ਸਾਹਿਬ ਵੀ ਹੁੰਦੇ ਉਹ ਮੇਰੀ ਗੱਲ ਸੁਣਦੇ। ਖੈਰ, ਚੀਫ ਮਨਿਸਟਰ ਸਾਹਿਬ ਹਨ। 'ਹਾਥੀ ਕੇ ਪਾਉਂ ਮੇਂ ਸਭ ਕਾ ਪਾਉਂ", ਉਹ ਮੇਰੀ ਇਸ ਗੱਲ ਵੱਲ ਜ਼ਰੂਰ ਧਿਆਨ ਦੇਣਗੇ। ਉਹ ਇਹ ਕਿ ਤੁਸੀਂ ਇਕ ਗੱਲ ਜ਼ਮੀਂਦਾਰਾਂ ਦੇ ਮੁਫਾਦ ਦੀ ਇਹ ਵੀ ਕਰੋ ਕਿ ਉਨ੍ਹਾਂ ਨੂੰ ਪਟਵਾਰੀਆਂ ਦੇ ਪੰਜੇ ਤੋਂ ਬਚਾਉ। ਪਟਵਾਰੀ ਵੱਡੇ ਤੋਂ ਵਡਾ ਕੰਮ ਕਰਨੋ ਵੀ ਨਹੀਂ ਝਿਜਕਦਾ। ਏਥੋਂ ਤੱਕ ਕਿ ਜੇ ਉਹ ਚਾਹੇ ਤਾਂ ਉਹ ਤੁਹਾਡੀ ਇਸ ਮਨਿਸਟਰੀ ਦਾ ਇੰਤਕਾਲ ਵੀ ਕਿਸੇ ਹੋਰ ਦੇ ਨਾਉਂ ਕਰ ਸਕਦਾ ਹੈ। (ਹਾਸਾ) ਮੈਂ ਅਰਜ਼ ਕਰਾਂਗਾ ਕਿ ਸਰਕਾਰ ਇਸ ਪਾਸੇ ਉਚੇਚਾ ਧਿਆਨ ਦੇਵੇ

Original with;
Punjab Vidhan Sabha
Digitized by;
Panjab Digital Library

[ਮੇਜਰ ਹਰਿੰਦਰ ਸਿੰਘ]

ਜਿਤਨੀ ਦੇਰ ਜ਼ਮੀਦਾਰ ਨੂੰ ਪਟਵਾਰੀ ਤੋਂ ਨਿਜਾਤ ਨਹੀਂ ਮਿਲਦੀ ਉਸ ਦੀ ਤਰੱਕੀ ਨਹੀਂ ਹੋਣੀ, ਉਸ ਦੀ ਕੋਈ ਬਿਹਤਰੀ ਵੀ ਨਹੀਂ ਹੋਣੀ।

ਇਸ ਐਡਰੈਸ ਦੇ ਪੈਰਾ ਨੰ: 8 (ii) ਵਿੱਚ ਮਾਈਨਰ ਇਰੀਗੇਸ਼ਨ ਵਰਕਸ ਦਾ ਵੀ ਜ਼ਿਕਰ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਜੋ ਸੀਡ ਇਸਤੇਮਾਲ ਕੀਤਾ ਜਾਂਦਾ ਹੈ ਭਾਵੇਂ ਉਹ ਇਸ ਸੂਬੇ ਦਾ ਹੈ ਜਾਂ ਬਾਹਰ ਦਾ ਹੈ ਪਰ ਜੇ ਪੂਰੀ ਖਾਦ ਪਾਕੇ ਇਹ ਸੀਡ ਪਾਇਆ ਜਾਵੇ ਤਾਂ ਸੁਹਣੀ ਕਣਕ ਦੇਂਦਾ ਹੈ। ਪੈਦਾਵਾਰ ਵਧੀ ਹੈ, ਦੇਸ਼ ਦਾ ਅੰਨ-ਸੰਕਟ ਦੂਰ ਹੋਇਆ ਹੈ ਅਤੇ ਹੋਰ ਦੂਰ ਹੋਣ ਦੀ ਸੰਭਾਵਨਾ ਹੈ। ਇਕ ਚੀਜ਼ ਜਿਹੜੀ ਇਸ ਸੀਡ ਦੀ ਪੈਦਾਵਾਰ ਵਧਾਉਣ ਵਿੱਚ ਬਹੁਤ ਜ਼ਰੂਰੀ ਹੈ ਉਹ ਇਹ ਹੈ ਕਿ ਜਿਤਨਾ ਚਿਰ ਇਸ ਕਣਕ ਦੀ ਖੇਤੀ ਨੂੰ 7 ਯਾ 8 ਪਾਣੀ ਨਾ ਦਿੱਤੇ ਜਾਣ ਇਹਦੀ ਪੈਦਾਵਾਰ ਠੀਕ ਢੰਗ ਨਾਲ ਨਹੀਂ ਹੁੰਦੀ (ਵਿਘਨ) ਇਸ ਵੇਲੇ ਹਾਲਤ ਇਹ ਹੈ ਕਿ ਜੇ ਇਕ ਵਾਰੀ ਪਾਣੀ ਲਾਇਆ ਜਾਵੇ ਤਾਂ ਜ਼ਿਮੀਂਦਾਰ ਨੂੰ ਪੂਰਾ ਮੁਆਮਲਾ ਪੈ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਨਹਿਰੀ ਮੁਆਮਲੇ ਦੀ ਵਸੂਲੀ ਜਿਹੜੀ ਹੋਵੇ ਉਹ ਕਿਸੇ ਮੀਟਰ ਸਿਸਟਮ ਦੇ ਆਧਾਰ ਤੇ ਹੋਣੀ ਚਾਹੀਦੀ ਹੈ।

ਜਿਥੋਂ ਤੱਕ ਡੀਜ਼ਲ ਇੰਜਨ ਆਦਿ ਜਾਂ ਹੋਰ ਚੀਜ਼ਾਂ ਲਈ ਲੋਨਜ਼ ਦੇਣ ਦਾ ਸਵਾਲ ਹੈ, ਜਿਵੇਂ ਕਿ ਮੈਂ ਸਮਝਦਾ ਹਾਂ ਜੇਕਰ ਨੇਕ ਨੀਅਤੀ ਨਾਲ ਵੇਖਿਆ ਜਾਵੇ ਇਹ ਜ਼ਿਮੀਦਾਰ ਨੂੰ ਪੂਰਾ ਨਹੀਂ ਮਿਲਦਾ। ਇਹ ਐਸੇ ਚੈਨਲਜ਼ ਰਾਹੀਂ ਦਿਤਾ ਜਾਂਦਾ ਹੈ ਕਿ ਉਥੋਂ ਤਕ ਪਹੁੰਚਦਾ ਪਹੁੰਚਦਾ ਇਹ 100 ਵਿਚੋਂ ਮਹਿਜ਼ 25% ਹੀ ਰਹਿ ਜਾਂਦਾ ਹੈ। ਮੈਨੂੰ ਇਸ ਚੀਜ਼ ਦਾ ਆਪਣਾ ਤਜਰਬਾ ਹੈ। ਸਰਕਾਰ ਦੇ ਖਜ਼ਾਨੇ ਵਿਚੋਂ ਰੁਪਿਆ ਪੂਰਾ ਜ਼ਰੂਰ ਨਿਕਲਦਾ ਹੈ ਪਰ ਜ਼ਿਮੀਂਦਾਰ ਨੂੰ ਪੂਰਾ ਨਹੀਂ ਮਿਲਦਾ। ਇਸ ਪੈਸੇ ਦਾ ਲਾਭ ਜਿਹੜਾ ਰਸਤੇ ਵਿਚ ਹੀ ਖੁਰਦ ਬਰਦ ਹੋ ਜਾਂਦਾ ਹੈ, ਨਾ ਜ਼ਿਮੀਦਾਰਾਂ ਨੂੰ ਹੈ ਨਾ ਪੇਂਡੂ ਜਨਤਾ ਨੂੰ ਹੈ ਸਗੋਂ ਇਸ ਦਾ ਸਰਕਾਰ ਨੂੰ ਨੁਕਸਾਨ ਹੁੰਦਾ ਹੈ।

ਜਿਹੜਾ ਸਰਕਾਰ ਵਲੋਂ ਪੈਰਾ ਨੰ: 8 ਵਿਚ ਸੁਝਾਉ ਦਿਤਾ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਬਹੁਤ ਚੰਗਾ ਸੁਝਾਉ ਹੈ। ਮੈਨੂੰ ਖੁਸ਼ੀ ਹੋਵੇਗੀ ਜੇ ਇਸ ਬਾਰੇ ਕ੍ਰਿਕ ਡੀਸੀਜ਼ਨ ਲਿਆ ਜਾਵੇ। ਕਿਤੇ ਇਹ ਪੇਪਰ ਡਿਸੀਜ਼ਨ ਹੀ ਬਣ ਕੇ ਨਾਂ ਰਹਿ ਜਾਵੇ। ਇਸ ਦੇ ਅਮਲ ਵਿੱਚ ਆ ਜਾਣ ਤੇ ਮੈਂ ਸਭ ਤੋਂ ਪਹਿਲਾਂ ਮੈਂਬਰ ਹੋਵਾਂਗਾ ਜੋ ਇਸ ਦੀ ਸਰਾਹਣਾ ਕਰਾਂਗਾ।

ਪੈਰਾ ਨੰ: 8 ਵਿੱਚ ਜਿਥੇ ਜ਼ਿਕਰ ਆਇਆ ਹੈ ਕਿ ਸਰਕਾਰ ਮੁਨਾਸਬ ਕੀਮਤ ਦੇਣ ਦਾ ਉਪਰਾਲਾ ਕਰੇਗੀ ਮੈਂ ਅਰਜ਼ ਕਰਾਂਗਾ ਕਿ ਸਰਕਾਰ ਨੂੰ ਮੁਨਾਸਬ ਕੀਮਤ ਵਾਲੀ ਗੱਲ ਨੂੰ ਡੀਫਾਈਨ ਕਰ ਦੇਣਾ ਚਾਹੀਦਾ ਹੈ ਕਿਉਂਕਿ ਜ਼ਿਮੀਂਦਾਰਾਂ ਦੀ ਮੈਜਾਰਿਟੀ ਅਨਪੜ੍ਹ ਹੈ। ਉਨ੍ਹਾਂ ਦੀ ਇਨ੍ਹਾਂ ਗੋਲ ਮੋਲ ਸ਼ਬਦਾਂ ਨਾਲ ਤਸਲੀ ਨਹੀਂ ਹੋਣੀ, ਕਿਉਂਕਿ ਹੁਣ ਜ਼ਿਮੀਂਦਾਰਾ ਇਕ ਇੰਡਸਟਰੀ ਹੋ ਗਈ ਹੈ। ਉਸ ਨੂੰ ਬੜੀ ਕੀਮਤ ਦੀਆਂ ਖਾਦਾਂ ਅਤੇ ਸੀਡ ਪਾਉਣ ਦੇ ਨਾਲ ਹੋਰ ਵੀ ਬੜੀ ਮਿਹਨਤ ਅਤੇ ਖਰਚੇ ਕਰਨੇ ਪੈਂਦੇ ਹਨ। ਇਸ ਲਈ ਸਰਕਾਰ ਕਾਸਟ ਆਫ ਪ੍ਰੋਡਕਸ਼ਨ ਨੂੰ ਆਪਣੇ ਮਨ ਵਿੱਚ ਰੱਖਕੇ ਅਨਾਜ ਦੀਆਂ ਮੁਨਾਸਿਬ ਕੀਮਤਾਂ ਦਾ ਐਲਾਨ ਕਰੇ। (ਚੌਧਰੀ ਬਲਬੀਰ ਸਿੰਘ

Original with;
Punjab Vidhan Sabha
Digitized by;
Panjab Digital Library

ਵਲੋਂ ਵਿਘਨ ਇਹ ਫੈਸਲਾ ਤਾਂ ਤੁਹਾਡੀ ਦਿੱਲੀ ਦੀ ਸਰਕਾਰ ਕਰ ਸਕਦੀ ਹੈ)। I do not need your guidance. ਅਗਰ ਇਹ ਸੈਂਟਰ ਦੇ ਹਥ ਵਿੱਚ ਹੈ ਤਾਂ ਕੀ ਹੈ। By virtue of being Chief Minister ਇਨ੍ਹਾਂ ਦੀ ਵੀ ਬੇਪਨਾਹ ਤਾਕਤ ਹੈ। ਇਹ ਸੈਂਟਰਲ ਸਰਕਾਰ ਨੂੰ ਵੀ ਦਲੇਰੀ ਨਾਲ ਮੌਲਡ ਕਰ ਸਕਦੇ ਹਨ। ਮੇਰਾ ਭਾਵ ਹੈ ਕਿ ਜ਼ਿਮੀਦਾਰ ਨੂੰ ਉਸਦੇ ਅਨਾਜ ਦੀ ਮੁਨਾਸਬ ਕੀਮਤ ਮਿਲਣੀ ਚਾਹੀਦੀ ਹੈ। ਸਹੀ ਮਾਨਿਆਂ ਵਿੱਚ ਜਨਤਾ ਦੀ ਸਰਕਾਰ ਵੀ ਉਹੀ ਕਹਾ ਸਕਦੀ ਹੈ ਜਿਹੜੀ ਮਜ਼ਦੂਰ ਲਈ ਕੁਲੀ ਗੁੱਲੀ ਅਤੇ ਜੁੱਲੀ ਦਾ ਸਸਤੇ ਭਾਅ ਤੇ ਇੰਤਜ਼ਾਮ ਕਰੇ। ਜੇ ਮਜ਼ਦੂਰ ਨੂੰ ਸਸਤੇ ਭਾਅ ਦਾ ਖਾਣ ਵਾਲਾ ਰਾਸ਼ਨ ਆਟਾ ਵਗੈਰਾ ਮਿਲੇ ਤਦ ਹੀ ਜਨਤਾ ਦੀ ਸਰਕਾਰ ਕਹਾਵੇਗੀ (ਤਾੜੀਆਂ) ਸਰਕਾਰ ਦਾ ਫਰਜ਼ ਹੈ ਕਿ ਸਾਰੇ ਤਬਕਿਆਂ ਦਾ ਧਿਆਨ ਰੱਖਿਆ ਜਾਵੇ। ਇਹ ਵੀ ਨਹੀਂ ਹੋਣਾ ਚਾਹੀਦਾ ਕਿ ਜਿਸ ਵੇਲੇ ਅਨਾਜ ਆਮ ਹੋਵੇ ਤਾਂ ਕੀਮਤਾਂ ਘਟ ਜਾਣ ਜਦੋਂ ਜ਼ਮੀਂਦਾਰ ਨੂੰ ਸਸਤੇ ਭਾਅ ਤੇ ਪੈਸੇ ਮਿਲ ਜਾਣ ਤਾਂ ਮਾਰਕਿਟ ਤੇਜ਼ ਹੋ ਜਾਵੇ। ਉਨ੍ਹਾਂ ਲੋਕਾਂ ਨੂੰ ਕੋਈ ਹੱਕ ਨਹੀਂ ਕਿ ਦੁਕਾਨਾਂ ਤੇ ਬੈਠੇ ਜ਼ਿਮੀਦਾਰ ਦੀ ਕਮਾਈ ਆਪ ਖਾਈ ਜਾਣ। ਮਿਡਲ ਮੈਨ ਨੂੰ ਕੋਈ ਹਕ ਨਹੀਂ ਕਿ ਜ਼ਿਮੀਂਦਾਰਾਂ ਦੀ ਲਹੂ ਪਸੀਨੇ ਦੀ ਕਮਾਈ ਨੂੰ ਦੁਕਾਨ ਤੇ ਬੈਠਾ ਹੀ ਖਾਈ ਜਾਵੇ। ਸੋ ਸਰਕਾਰ ਨੂੰ ਇਸ ਪਾਸੇ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਇਸ ਤੋਂ ਅਗੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਐਡਰੈਸ ਵਿਚ ਪੰਚਾਇਤ ਰਾਜ ਬਾਰੇ ਕੁਝ ਕਿਹਾ ਗਿਆ ਹੈ। ਇਸ ਬਾਰੇ ਮੈਂ ਅਰਜ਼ ਕਰਾਂ ਅਸੀਂ ਲੋਕ ਰਾਜ ਦੇ ਯੁਗ ਵਿਚ ਜੀ ਰਹੇ ਹਾਂ, ਜਮਹੂਰੀਅਤ ਦੇ ਜ਼ਮਾਨੇ ਵਿਚ ਜੀ ਰਹੇ ਹਾਂ। (ਵਿਰੋਧੀ ਪਖ ਵਲੋਂ ਤਾੜੀਆਂ) ਇਸ ਲਈ ਇਹ ਪੰਚਾਇਤੀ ਰਾਜ ਹਰ ਹਾਲਤ ਵਿਚ ਕਾਇਮ ਰਹਿਣਾ ਚਾਹੀਦਾ ਹੈ। ਜਿਥੋਂ ਤਕ ਇਸ ਦੀਆਂ ਕਮਜ਼ੋਰੀਆਂ ਦਾ ਸਵਾਲ ਹੈ. ਨੁਕਸ ਜਾਂ ਡਿਫੈਕਟਸ ਜਾਂ ਵਰਕਿੰਗ ਦਾ ਸਵਾਲ ਹੈ ਇਹ ਦੂਰ ਕੀਤੇ ਜਾਣੇ ਚਾਹੀਦੇ ਹਨ। ਇਸ ਦੇ ਵਰਕਿੰਗ ਮੈਥਡ ਨੂੰ ਵਧੇਰੇ ਇੰਪਰੂਵ ਕਰ ਦਿਉ ਪਰ ਇਹ ਹਰ ਹਾਲਤ ਵਿਚ ਕਾਇਮ ਰਹਿਣਾ ਚਾਹੀਦਾ ਹੈ।

ਫਿਰ ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੇ ਪ੍ਰਾਈਵੇਟ ਟੀਚਰਾਂ ਦੀਆਂ ਸਰਵਸਿਜ਼ ਨੂੰ ਸਿਕਉਰ ਕਰਨ ਲਈ ਕਾਨੂੰਨ ਬਣਾਣ ਲਈ ਕਿਹਾ ਹੈ। ਮੈਂ ਇਨ੍ਹਾਂ ਨੂੰ ਇਸ ਗਲ ਉਤੇ ਵਧਾਈ ਦਿੰਦਾ ਹਾਂ। ਇਹ ਇਕ ਬਿਲਕੁਲ ਠੀਕ ਕਦਮ ਹੈ ਅਤੇ ਇਹ ਛੇਤੀ ਤੋਂ ਛੇਤੀ ਹੋਣਾ ਚਾਹੀਦਾ ਹੈ।

ਹੁਣ, ਸਪੀਕਰ ਸਾਹਿਬ, ਮੈਂ ਆਪਣੇ ਪੁਰਾਣੇ ਮਜ਼ਮੂਨ ਤੇ ਆਉਂਦਾ ਹਾਂ। ਮੈਂ ਤਾਂ ਥਕ ਗਿਆ ਹਾਂ ਡਿਸਟ੍ਰਿਕਟ ਲੇਵਲ ਤੇ ਕੋਸ਼ਿਸ਼ ਕਰ ਕਰ ਕੇ। ਪਰ ਕੋਈ ਸੁਣਵਾਈ ਨਹੀਂ ਹੋਈ। ਮੈਨੂੰ ਅਫਸੋਸ ਹੈ ਕਿ ਬਾਸੀ ਸਾਹਿਬ ਉਠ ਕੇ ਚਲੇ ਗਏ ਹਨ ਜੇ ਉਹ ਆਪ ਇਥੇ ਹੁੰਦੇ ਅਤੇ ਆਪਣੇ ਮਹਿਕਮੇ ਬਾਰੇ ਸੁਣਦੇ ਤਾਂ ਚੰਗਾ ਹੁੰਦਾ। ਇਹ ਮਹਿਕਮਾ ਹੈ ਬਿਜਲੀ ਬੋਰਡ ਦਾ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਤੁਸੀਂ ਇਸ ਬੋਰਡ ਨੂੰ ਜਿਤਨਾ ਜਲਦੀ ਤੋੜੋਗੇ ਉਤਨਾ ਹੀ ਚੰਗਾ ਹੋਵੇਗਾ, ਉਤਨੀ ਹੀ ਤੁਸੀਂ ਸੋਭਾ ਖਟੋਗੇ, ਲੋਕਾਂ ਦੀਆਂ ਅਸੀਸਾ ਲਓਗੇ। ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਜਿਤਨੀ ਤਾਕਤ ਉਨ੍ਹਾਂ ਕੋਲ ਇਸ ਵੇਲੇ ਹੈ ਉਸ ਤੋਂ ਹਜ਼ਾਰ ਗੁਣਾ ਵੀ ਕਰ ਦਿਤੀ

Original with;
Punjab Vidhan Sabha
Digitized by;
Panjab Digital Library

[ਮੇਜਰ ਹਰਿੰਦਰ ਸਿੰਘ]

ਜਾਵੇ ਤਾਂ ਵੀ ਉਹ ਮਹਿਕਮਾ ਇਹ ਸੁਧਾਰ ਨਹੀਂ ਕਰ ਸਕਣਗੇ । ਇਸ ਬੋਰਡ ਦੇ ਐਸੇ ਐਸੇ ਚੇਅਰਮੈਨ ਆਉਂਦੇ ਰਹੇ ਹਨ ਕਿ ਜੇ ਕੋਈ ਸਜਣ ਕਿਸੇ ਮਨਿਸਟਰ ਦੀ ਚਿਠੀ ਲੈਕੇ ਜਾਵੇ ਤਾਂ ਉਹ ਉਸ ਨੂੰ ਕਹਿੰਦੇ ਹਨ, 'ਅਛਾ ਤੂੰ ਇਹ ਚਿਠੀ ਮਨਿਸਟਰ ਦੀ ਲੈ ਕੇ ਆਇਆ ਏ" । ਉਹ ਚਿਠੀ ਪਾੜਕੇ ਰਦੀ ਵਿਚ ਸੁਟ ਦਿੰਦੇ ਹਨ । ਇਹ ਇਜ਼ਤ ਉਹ ਮਨਿਸਟਰਾਂ ਦੀ ਕਰਦੇ ਹਨ । (ਵਿਘਨ) ਤੁਹਾਨੂੰ ਆਇਆਂ ਅਜੇ 10-15 ਦਿਨ ਹੋਏ ਹਨ, ਆਪੇ ਤੁਹਾਨੂੰ ਵੀ ਪਤਾ ਲਗ ਜਾਵੇਗਾ । ਮੈਂ ਤਾਂ ਸਪੀਕਰ ਸਾਹਿਬ, ਇਸ ਮਹਿਕਮੇ ਲਈ ਇਕ ਮੈਯਰਮੈਂਟ ਇਹ ਰਖੀ ਹੈ ਕਿ ਜਿਸ ਦਿਨ ਸਾਰਾ ਦਿਨ ਬਿਜਲੀ ਬਲਦੀ ਰਹੇ ਮੈਂ ਸਮਝਦਾ ਹਾਂ ਕਿ ਅਜ ਜ਼ਰੂਰ ਇਸ ਮਹਿਕਮੇ ਵਾਲੇ ਬਿਮਾਰ ਹੋਣਗੇ । ਅਤੇ ਜੇ ਇਕ ਦਿਨ ਵਿਚ 10 ਵਾਰ ਬਿਜਲੀ ਬੰਦ ਹੋਵੇ ਤਾਂ ਮੈਂ ਸਮਝ ਲੈਂਦਾ ਹਾਂ ਕਿ ਅਜ ਉਹ ਸਾਰੇ ਠੀਕ ਠਾਕ ਹਨ ਅਤੇ ਆਪਣੇ ਕੰਮ ਤੇ ਹਾਜ਼ਰ ਹਨ (ਹਾਸਾ) । ਜ਼ਿਮੀਦਾਰਾਂ ਦੀਆਂ ਮੋਟਰਾਂ ਸੜ ਜਾਂਦੀਆਂ ਹਨ, ਥਰੈਸ਼ਰ ਚਲਦੇ ਨਹੀਂ । ਪਹਿਲਾਂ ਤਾਂ ਕੁਨੈਕਸ਼ਨ ਹੀ ਨਹੀਂ ਮਿਲਦੇ । 5-5 ਅਤੇ 6-6 ਸਾਲ ਲੰਘ ਜਾਂਦੇ ਹਨ ਪੈਸੇ ਜਮ੍ਹਾ ਕਰਵਾਏ ਨੂੰ, ਪਰ ਕੁਨੈਕਸ਼ਨ ਹੀ ਨਹੀਂ ਮਿਲਦੇ । ਮੇਰੇ ਪਾਸ ਅਜਿਹੀਆਂ ਰਸੀਦਾਂ ਹਨ ਪਰ ਕੋਈ ਲਾਗੇ ਹੀ ਨਹੀਂ ਲਗਣ ਦਿੰਦਾ । ਆਖ ਦਿੰਦੇ ਹਨ ਕਿ ਉਹ ਐਸ ਡੀ. ਓ. ਬਦਲ ਗਿਆ ਹੈ । ਉਥੇ ਰਿਸ਼ਵਤ ਚਲਦੀ ਹੈ । ਉਥੇ ਕੁਰਪਸ਼ਨ ਦਾ ਇਹ ਹਾਲ ਹੈ ਕਿ ਜਿਤਨਾ ਘਟ ਆਖਿਆ ਜਾਵੇ ਉਤਨਾ ਚੰਗਾ ਹੈ । ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਇਕ ਹੋਰ ਅਰਜ਼ ਕਰਦਾ ਹਾਂ ਕਿ ਹੁਣੇ ਜਿਹੇ ਇਸ ਬਿਜਲੀ ਬੋਰਡ ਨੇ ਇਕ ਹੋਰ ਬੜਾ ਮਾੜਾ ਡਿਸੀਜ਼ਨ ਕੀਤਾ ਹੈ ਉਹ ਡਿਸੀਜ਼ਨ ਹੈ ਫਲੈਟ ਰੇਟ ਦਾ । ਉਹ ਐਸਾ ਨਾਕਸ ਡਿਸੀਜ਼ਨ ਹੈ ਕਿ ਜੇ ਕੋਈ ਆਦਮੀ ਹਾਈ ਕੋਰਟ ਵਿਚ ਇਸ ਨੂੰ ਲੈ ਜਾਵੇ ਤਾਂ ਇਹ ਉਥੇ ਇਕ ਮਿੰਟ ਵੀ ਨਹੀਂ ਠਹਿਰ ਸਕਦਾ ।

**ਸਨਅੱਤ ਮੰਤਰੀ** (ਸ੍ਰੀ ਬਲਰਾਮ ਦਾਸ ਟੰਡਨ) : ਇਹ ਕਾਰਵਾਈ ਪਿਛਲੀ ਸਰਕਾਰ ਵੇਲੇ ਹੋਈ ਸੀ । ਤੁਸੀਂ ਉਸ ਨੂੰ ਆਖੋ । (ਵਿਘਨ) ਉਸ ਦੀ ਹਿਮਾਇਤ ਤੁਹਾਡੀ ਪਾਰਟੀ ਕਰਦੀ ਸੀ ।

**ਮੇਜਰ ਹਰਿੰਦਰ ਸਿੰਘ** : ਮੇਰੇ ਵਿਚ ਇਤਨੀ ਦਲੇਰੀ ਹੈ ਕਿ ਜੇ ਮੇਰੀ ਪਾਰਟੀ ਵਲੋਂ ਕੋਈ ਗ਼ਲਤ ਗਲ ਹੋਈ ਹੈ ਤਾਂ ਉਸ ਨੂੰ ਡੀਫੈਂਡ ਕਰਨ ਵਾਸਤੇ ਨਹੀਂ ਖੜਾ ਹੋਵਾਂਗਾ । (ਤਾੜੀਆਂ) ਮੈਂ ਇਹ ਮੰਨਦਾ ਹਾਂ ਕਿ "ਭੁਲਣਹਾਰ ਸਭ ਕੋ ਅਭੁਲ ਗੁਰੂ ਕਰਤਾਰ" ਪਰ ਜੇ ਗ਼ਲਤੀ ਇਨਟੈਨਸ਼ਲੀ ਹੋਈ ਹੋਵੇ ਤਾਂ ਮਾੜੀ ਗੱਲ ਹੈ ਪਰ ਜੇ ਉਹ ਅਨਇਨਟੈਨਸ਼ਨਲੀ ਹੋਈ ਹੈ ਤਾਂ ਕੋਈ ਗੱਲ ਨਹੀਂ । ਗਲਤੀ ਕਰਕੇ ਮੰਨ ਲੈਣਾ ਬਹੁਤ ਵੱਡੀ ਦਲੇਰੀ ਹੈ । ਇਸ ਤਰ੍ਹਾਂ ਫਿਰ ਗ਼ਲਤੀ ਹੋਣ ਦੇ ਚਾਂਸ ਘਟ ਜਾਂਦੇ ਹਨ ਪਰ ਜੇ ਗਲਤੀ ਮੰਨੀ ਨਾ ਜਾਵੇ ਤਾਂ ਫਿਰ ਗਲਤੀ ਹੋਣ ਦਾ ਡਰ ਰਹਿੰਦਾ ਹੈ ।

ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਨੇ ਫਲੈਟ ਰੇਟ ਕਰ ਦਿਤਾ ਹੈ । ਹਫਤੇ ਵਿਚ 2 ਜਾਂ 3 ਦਿਨ ਬਿਜਲੀ ਬੰਦ ਰਹਿੰਦੀ ਹੈ ਤਾਂ ਵੀ ਮਹਿਕਮੇ ਵਾਲੇ ਫਲੈਟ ਰੇਟ ਹੀ ਮੰਗਣਗੇ ਅਤੇ ਬਰਸਾਤਾਂ ਵਿਚ ਜਦੋਂ ਟਿਊਬਵੈਲ ਚਲਾਇਆ ਹੀ ਨਹੀਂ ਜਾਂਦਾ ਤਦ ਵੀ ਇਹ ਫਲੈਟ ਰੇਟ ਹੀ ਮੰਗਣਗੇ । ਇਨ੍ਹਾਂ ਨੂੰ ਕੋਈ ਹੱਕ ਨਹੀਂ ਕਿ ਉਹ ਉਸ ਸਮੇਂ ਦੇ ਪੈਸੇ ਲੈਣ । ਜੇ ਲੀਡਰ ਸਾਹਿਬ

Original with;
Punjab Vidhan Sabha
Digitized by;
Panjab Digital Library

ਸਮਝਦੇ ਹਨ ਕਿ ਇਹ ਉਨ੍ਹਾਂ ਨੂੰ ਠੀਕ ਕਰ ਲੈਣਗੇ ਤਾਂ ਬੜੀ ਚੰਗੀ ਗਲ ਹੈ। ਮੈਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਉਹ ਸਾਡੇ ਤਾਂ ਕਾਬੂ ਨਹੀਂ ਆਏ। ਜੇ ਤੁਸੀਂ ਕਾਬੂ ਕਰ ਲਏ ਤਾਂ ਮੈਂ ਸਮਝਾਂਗਾ ਕਿ ਉਹ ਕੋਈ ਭਲਾ ਵੇਲਾ ਸੀ ਜਦੋਂ ਤੁਸੀਂ ਸਹੁੰ ਖਾਧੀ ਸੀ।

**ਇਕ ਮਾਨਯੋਗ ਮੈਂਬਰ :** ਹੁਣ ਤੁਸੀਂ ਸਾਰੀਆਂ ਗੱਲਾਂ ਇਨ੍ਹਾਂ ਨੂੰ ਨਾ ਦੱਸੀ ਜਾਓ। (ਹਾਸਾ)

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ ਜਦੋਂ ਮੇਰਾ ਟਾਈਮ ਖਤਮ ਹੋਵੇ ਤਾਂ ਮੈਨੂੰ ਦਸ ਦੇਣਾ। ਮੈਂ ਨਹੀਂ ਚਾਹੁੰਦਾ ਕਿ ਮੈਂ ਕਿਸੇ ਹੋਰ ਮੈਂਬਰ ਦੇ ਟਾਈਮ ਦੀ ਕਾਸਟ ਤੇ ਬੋਲਾਂ।

**ਸ਼੍ਰੀ ਸਪੀਕਰ :** ਇਹ ਸਾਰਾ ਟਾਈਮ ਤੁਹਾਡੀ ਹੀ ਪਾਰਟੀ ਦੇ ਟਾਈਮ ਵਿਚੋਂ ਕਟਿਆ ਜਾਣਾ ਹੈ। (All this time will be deducted from the time allotted to the hon. Member's party)

**ਮੁੱਖ ਮੰਤਰੀ :** ਮੇਜਰ ਸਾਹਿਬ, ਇਹ ਸਾਰਾ ਟਾਈਮ ਤੁਹਾਡਾ ਹੀ ਹੈ।

**ਮੇਜਰ ਹਰਿੰਦਰ ਸਿੰਘ :** ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਪਹਿਰਾ ਨੰ: 12 ਵਿਚ ਬਾਰਡਰ ਦੇ ਏਰੀਏ ਵਿਚ ਜ਼ਮੀਨ ਦਾ ਮਾਲੀਆ ਮਾਫ਼ ਕਰਨ ਬਾਰੇ ਲਿਖਿਆ ਹੈ। ਮੈਂ ਕਹਿੰਦਾ ਹਾਂ ਉਥੇ 20,20 ਮੀਲ ਤਕ ਪੂਰੀ ਤਰ੍ਹਾਂ ਮਾਲੀਆ ਮਾਫ਼ ਹੋਣਾ ਚਾਹੀਦਾ ਹੈ। ਉਥੇ ਚੰਗੀਆਂ ਸੜਕਾਂ, ਚੰਗੀ ਐਜੂਕੇਸ਼ਨ ਅਤੇ ਇਲਾਜ ਵਾਸਤੇ ਚੰਗੀਆਂ ਡਿਸਪੈਂਸਰੀਆਂ ਹੋਣੀਆਂ ਚਾਹੀਦੀਆਂ ਹਨ। ਕਿਉਂਕਿ ਜੇ ਬਾਰਡਰ ਮਜ਼ਬੂਤ ਰਹੇਗਾ ਤਾਂ ਪੰਜਾਬ ਮਜ਼ਬੂਤ ਰਹੇਗਾ, ਜੇ ਪੰਜਾਬ ਮਜ਼ਬੂਤ ਹੋਵੇ ਤਾਂ ਦੇਸ਼ ਦੀ ਆਜ਼ਾਦੀ ਸੁਰਖਿਅਤ ਹੈ। ਪਰ ਬਾਰਡਰ ਕਮਜ਼ੋਰ ਹੋਵੇ ਤਾਂ ਦੇਸ਼ ਦੀ ਆਜ਼ਾਦੀ ਖਤਰੇ ਵਿਚ ਹੋਵੇਗੀ ਕਿਉਂਕਿ ਸਾਡਾ ਵਾਹ ਦੋ ਸ਼ਰਾਰਤੀ ਗਵਾਂਢੀਆਂ ਨਾਲ ਹੈ। ਮੇਰਾ ਮਤਲਬ ਚੀਨ ਅਤੇ ਪਾਕਿਸਤਾਨ ਤੋਂ ਹੈ। ਇਸ ਲਈ ਬਾਰਡਰ ਦੇ ਇਲਾਕੇ ਨੂੰ ਵਧ ਤੋਂ ਵਧ ਸਹੂਲਤਾਂ ਦੇਣੀਆਂ ਚਾਹਦੀਆਂ ਹਨ।

ਫਿਰ, ਸਪੀਕਰ ਸਾਹਿਬ, ਪੈਰਾ 14 ਵਿਚ ਮਜ਼ਦੂਰਾਂ ਦੀਆਂ ਵੇਜਿਜ਼ ਵਧਾਉਣ ਦੀ ਗਲ ਆਖੀ ਹੈ। ਮੈਂ ਇਨ੍ਹਾਂ ਨੂੰ ਵੈਲਕਮ ਆਖਦਾ ਹਾਂ। ਇਨ੍ਹਾਂ ਦੀ ਤਨਖਾਹ ਜ਼ਰੂਰ ਵਧਣੀ ਚਾਹਦੀ ਹੈ ਅਤੇ ਲਿਵਿੰਗ ਸਟੈਂਡਰਡ ਦੇ ਨਾਲ ਅਤੇ ਪ੍ਰਾਈਸ ਇੰਡੈਕਸ ਨਾਲ ਜੋੜਨੀ ਚਾਹੀਦੀ ਹੈ। ਕਿਉਂਕਿ ਮਜ਼ਦੂਰ ਹੀ ਦੌਲਤ ਪੈਦਾ ਕਰਦਾ ਹੈ ਅਤੇ ਸਰਮਾਏਦਾਰ ਉਸ ਨੂੰ ਲੁਟਦਾ ਹੈ। ਅਵਲ ਤਾਂ ਇਹ ਚਾਹੀਦਾ ਹੈ ਕਿ ਮਜ਼ਦੂਰ ਨੂੰ ਉਸ ਦੀ ਕਮਾਈ ਵਿਚ ਹਿਸਾ ਮਿਲੇ ਪਰ ਜੇ ਨਹੀਂ ਤਾਂ ਘਟ ਤੋਂ ਘਟ ਉਸ ਦੀ ਮਜ਼ਦੂਰੀ ਇਤਨੀ ਜ਼ਰੂਰ ਹੋਵੇ ਕਿ ਉਹ ਰਜਵੀਂ ਰੋਟੀ ਖਾ ਸਕੇ।

ਇਕ ਹੋਰ ਗੱਲ ਇਸ ਵਿਚ ਬੜੀ ਚੰਗੀ ਆਖੀ ਗਈ ਹੈ ਕਿ ਇਸਾਈਆਂ ਨੂੰ ਬੈਕਵਰਡ ਕਲਾਸ ਵਿਚ ਸ਼ਾਮਲ ਕਰ ਰਹੇ ਹਨ। ਮੈਂ ਇਨ੍ਹਾਂ ਨੂੰ ਇਸ ਉਤੇ ਦਿਲੀ ਵਧਾਈ ਦਿੰਦਾ ਹਾਂ। ਇਹ ਇਕ ਬੜਾ ਹੀ ਚੰਗਾ ਕਦਮ ਹੈ। ਕਿਉਂਕਿ ਉਨ੍ਹਾਂ ਲੋਕਾਂ ਦੀ ਹਾਲਤ ਵੀ ਇਤਨੀ ਹੀ ਖਰਾਬ ਹੈ ਜਿਤਨੀ ਕਿ ਬਾਕੀ ਹਰੀਜਨਾਂ ਦੀ। ਸਰਕਾਰ ਨੂੰ ਯਤਨ ਕਰਕੇ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਬੈਕਵਰਡ ਕਲਾਸਿਜ਼ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਮੇਜਰ ਹਰਿੰਦਰ ਸਿੰਘ]

ਅਖੀਰ ਵਿਚ ਅਰਜ਼ ਕਰਾਂਗਾ ਮੇਰੇ ਲਈ ਤਾਂ ਅਖੀਰ ਨਹੀ ਸ਼ੁਰੂ ਹੈ ਕਿ ਮੈਨੂੰ ਖੁਸ਼ੀ ਹੁੰਦੀ ਜੇ 16 ਨੰਬਰ ਦੀ ਬਜਾਏ ਇਸ ਨੂੰ ਨੰ: 2 ਤੇ ਰਖਿਆ ਜਾਂਦਾ । ਮੇਰਾ ਮਨ ਅੱਜ ਗਦ ਗਦ ਖੁਸ਼ੀ ਦੇ ਨਾਲ ਸਮਾਉਂਦਾ । ਮੇਰਾ ਭਾਵ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਵਰ੍ਹੇ ਗੰਢ ਦੀ ਸੈਲੀਬ੍ਰੇਸ਼ਨ ਤੇ ਸੀ । ਇਸ ਨੂੰ 16 ਨੰਬਰ ਤੇ ਰਖਿਆ ਗਿਆ ਹੈ । (ਸ਼ੋਰ) ਮੈਂ ਤਾਂ ਹੁਣੇ ਅਰਜ਼ ਕੀਤੀ ਸੀ ਕਿ ਇਹ 16 ਨੰਬਰ ਤੇ ਆਇਆ ਹੈ । ਮੇਰਾ ਅਖਤਿਆਰ ਹੁੰਦਾ ਤਾਂ ਇਸ ਨੂੰ ਨੰਬਰ(2) ਤੇ ਰਖਦੇ ।

**(ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ :** ਤੁਸੀਂ ਬਹਿਸ ਤਾਂ ਨੰ:(1) ਤੇ ਕਰ ਲੈਂਦੇ)
ਬਾਵਜੂਦ ਇਸ ਗਲ ਦੇ ਪੰਥਕ ਜਜ਼ਬਾ ਰਖਦੇ ਹੋਏ ਤੁਸੀਂ ਇਸਨੂੰ ਨੰਬਰ(16) ਤੇ ਲਿਆਂਦਾ ਹੈ । ਮੈਂ ਤਾਂ ਗੁਰ ਨਾਨਕ ਦੇਵ ਜੀ ਦੇ ਘਰ ਦਾ ਕੁੱਤਾ ਹਾਂ । ਮੈਂ ਸਮਝਦਾ ਹਾਂ ਬਹੁਤ ਚੰਗੀ ਗਲ ਹੈ । ਇਸਨੂੰ ਜਿੰਨੀ ਸ਼ਾਨ ਨਾਲ ਮਨਾਇਆ ਜਾਵੇ ਉਨ੍ਹਾਂ ਘਟ ਹੈ । ਕੁਝ ਇਸ ਕਰਕੇ ਕਿ ਸਿਖ ਹੋਣ ਦੇ ਨਾਤੇ ਮੇਰਾ ਧਰਮ ਬਣ ਜਾਂਦਾ ਹੈ । ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਸਾਂਝੀਵਾਲਤਾ ਦਾ ਅਤੇ ਆਪਸ ਵਿਚ ਪਿਆਰ ਦਾ ਪ੍ਰਚਾਰ ਕੀਤਾ ਉਸਦੇ ਨਾਤੇ ਅੱਜ ਹਿੰਦੂ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਮੁਸਲਮਾਨ ਆਪਣਾ ਪੀਰ ਮਨਦੇ ਹਨ । ਅੱਜ ਅਸੀਂ ਐਨੇ ਗਿਰ ਚੁਕੇ ਹਾ ਕਿ ਸਾਨੂੰ ਧਰਮ ਪ੍ਰਚਾਰ ਦੀ ਬਹੁਤ ਲੋੜ ਹੈ । ਇਸ ਤੋਂ ਜ਼ਿਆਦਾ ਮੈਂ ਨਹੀਂ ਕਹਿਣਾ ਚਾਹੁੰਦਾ ਕਿ ਧਰਮ ਦੀ ਹਮੇਸ਼ਾਂ ਲੋੜ ਰਹੀ ਹੈ । ਹਰ ਇਕ ਨੂੰ ਗੁਰੂ ਨਾਨਕ ਦੇਵ ਜੀ ਦੀ ਰੋਸ਼ਨੀ ਦੀ ਜਰੂਰਤ ਹੈ । ਅੱਗੇ ਮੈਂ ਲੀਡਰ ਔਫ ਦੀ ਹਾਊਸ ਦਾ ਧਿਆਨ ਉਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਜਿਥੇ ਉਨ੍ਹਾਂ ਨੇ ਇਹ ਸੈਲੀਬ੍ਰੇਸ਼ਨਜ਼ ਲਈ ਇਕ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ । ਇਸ ਵਿਚ ਮੈਨੂੰ ਖੁਸ਼ੀ ਹੈ ਉਹ ਖੁਦ ਪ੍ਰੇਜ਼ੀਡੈਂਟ ਹੋਣਗੇ ਲੇਕਿਨ ਮੇਰੀ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਕਮੇਟੀ ਦੇ ਮੈਂਬਰਜ਼ ਮਿਸ਼ਨਰੀ ਜ਼ੀਲ ਨਾਲ ਕੰਮ ਕਰਨ ਵਾਲੇ ਹੋਣੇ ਚਾਹੀਦੇ ਹਨ । ਸਾਨੂੰ ਗੁਰੂ ਜੀ ਦੇ ਦਸੇ ਹੋਏ ਰਸਤੇ ਤੇ ਚਲਣਾ ਚਾਹੀਦਾ ਹੈ । ਇਸ ਕਮੇਟੀ ਨੂੰ ਪੁਲੀਟੀਕਲ ਰੰਗਤ ਨਹੀਂ ਦੇਣੀ ਚਾਹੀਦੀ । ਜੋ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਹੈ ਜੋ ਉਨ੍ਹਾਂ ਦਾ ਉਦੇਸ਼ ਹੈ ਉਸ ਨੂੰ ਦੇਸ਼ ਦੇ ਕੋਨੇ ਕੋਨੇ ਤਕ ਫੈਲਾਉਣਾ ਚਾਹੀਦਾ ਹੈ । ਜੇ ਅਸੀਂ ਗੁਰੂ ਜੀ ਦੇ ਦਸੇ ਹੋਏ ਰਸਤੇ ਤੇ ਚਲਾਂਗੇ ਤਾਂ ਹੀ ਸਫਲਤਾ ਪ੍ਰਾਪਤ ਹੋਵੇਗੀ । ਮੈਂ ਉਨ੍ਹਾਂ ਦਾ ਇਕ ਸੇਵਕ, ਇਕ ਕੂਕਰ ਹੋਣ ਦੇ ਨਾਤੇ ਮੇਰੀਆਂ ਸਰਵਿਸਿਜ਼ ਇਸ ਬਾਰੇ ਲੀਡਰ ਔਫ ਦੀ ਹਾਊਸ ਦੀ ਡਿਸਪੋਜ਼ਲ ਤੇ ਹੋਣਗੀਆਂ ।

ਸਾਰੇ ਹਾਊਸ ਦੇ ਮੈਂਬਰਾਂ ਨੇ ਬੜੇ ਪ੍ਰੇਮ ਨਾਲ ਮੇਰੇ ਸਾਰੇ ਖਿਆਲਾਤ ਸੁਣੇ ਹਨ, ਇਸ ਲਈ ਮੈਂ ਸਭ ਦਾ ਸ਼ੁਕਰੀਆ ਅਦਾ ਕਰਦਾ ਹਾਂ । (ਥੰਪਿੰਗ)

## ANNOUNCEMENT BY THE SPEAKER

**ਸ਼੍ਰੀ ਸਪੀਕਰ :** ਡਿਪਟੀ ਸਪੀਕਰ ਦੀ ਇਲੈਕਸ਼ਨ ਬਾਰੇ ਮੈਂ ਰਾਏ ਜਾਣਨਾ ਚਾਹੁੰਦਾ ਹਾਂ । ਕਲ ਹਾਊਸ ਦੇ ਬਿਜ਼ਨੈਸ ਦਾ ਨਾਨ-ਆਫੀਸ਼ਲ ਡੇ ਹੈ । ਆਫੀਸ਼ਲ ਬਿਜ਼ਨੈਸ ਤਾਂ ਹੈ ਨਹੀਂ । ਉਸਨੂੰ ਪਹਿਲਾਂ ਟੇਕ ਅਪ ਕਰ ਲਉ । (I would like to know the opinion of the House with regard

Original with;
Punjab Vidhan Sabha
Digitized by;
Panjab Digital Library

to the election of the Dy. Speaker. Tomorrow is a Non-Official Day and there is no official business on the order paper. Therefore, we should take up the item regarding election of the Dy. Speaker first)

I hope it will meet with the approval of the House.)
(Voices; Yes)

---

[DISCUSSION ON THE GOVERNOR'S ADDRESS (RESUMPTION)

**ਸਰਦਾਰ ਬਸੰਤ ਸਿੰਘ :** (ਡਕਾਲਾ) ਗਵਰਨਰ ਸਾਹਿਬ ਦੇ ਐਡਰਸ ਵਿਚੱ......

**ਸ੍ਰੀ ਸਪੀਕਰ :** ਟਾਇਮ ਥੋੜਾ ਹੈ । ਤੁਹਾਡੀ ਐਲਾਟਮੈਂਟ ਵਿਚੱ ਦਸ ਮਿੰਟ ਆਏ ਹਨ । (A very little time is there at our disposal. The hon. Member is allotted ten minutes only)

**ਸਰਦਾਰ ਬਸੰਤ ਸਿੰਘ :** ਮੈਂ ਦਸ ਮਿੰਟ ਵਿਚ ਕੰਪਲੀਟ ਕਰ ਦਿਆਂਗਾ । ਗਵਰਨਰ ਸਾਹਿਬ ਦੇ ਐਡਰੈਸ ਵਿਚ ਜਿਹੜੇ ਬੈਂਕ ਰੈਫਰੈਂਸਿਜ਼ ਹਨ ਮੇਰੇ ਖਿਆਲ ਵਿਚ ਉਹ ਅਨਫਾਰਚੂਨੇਟ ਹਨ। ਅਤੇ ਅਨਜਸਟੀਫਾਈਡ ਹਨ । ਇਨ੍ਹਾਂ ਐਡਰੈਸਾਂ ਵਿਚ ਤਾਂ ਕੇਵਲ ਮਨਿਸਟਰੀਆਂ ਦੇ ਪ੍ਰੋਗਰਾਮ ਹੀ ਹੁੰਦੇ ਹਨ । ਬੈਕ ਰੈਫਰੈਸਿਜ਼ ਜਿਹੜੇ ਪਿਛਲੇ ਵਾਕਿਆਤ ਤੇ ਹੋਣ ਉਹ ਵਾਧੂ ਹੁੰਦੇ ਹਨ। ਇਨ੍ਹਾਂ ਚੀਜਾਂ ਨੂੰ ਐਡਰੈਸ ਵਿਚ ਲਿਆਉਣ ਦੀ ਕੋਈ ਲੋੜ ਨਹੀਂ ਹੁੰਦੀ ਹੈ । ਆਜ਼ਾਦ ਹਿੰਦੁਸਤਾਨ ਵਿਚ ਇਸ ਤਰ੍ਹਾਂ ਦੇ ਕਈ ਵਾਕਿਆਤ ਹਨ ਪਰ ਇਹੋ ਜਿਹੀ ਸੈਲਫ ਕੰਡੈਮਨੇਸ਼ਨ, ਸੈਲਫ ਐਕਜ਼ੀ-ਕਿਊਸ਼ਨ ਸੈਲਫ ਵਿੰਡਿਕਟਿਵਨੈਸ ਕਦੀ ਨਹੀਂ ਵੇਖਣ ਵਿਚ ਆਈ । ਮੈਂ ਸਮਝਦਾ ਹਾਂ ਗਵਰਨਰ ਸਾਹਿਬ ਨੂੰ ਠੀਕ ਤਰ੍ਹਾਂ ਗਾਈਡ ਨਹੀਂ ਕੀਤਾ ਗਿਆ । ਸੁਪਰੀਮ ਕੋਰਟ ਦੀ ਹੈਸੀਅਤ ਜੁਡੀਸ਼ੀਰੀ ਔਫ ਦੀ ਲੈਂਡ ਹੈ । ਇਸ ਨੇ ਹਾਈ ਕੋਰਟ ਦੇ ਵਿਰੁਧ ਫੈਸਲਾ ਕੀਤਾ ਹੈ । ਉਹ ਸਾਰੀ ਚੀਜ਼ ਵੈਲਿਡੇਟ ਕੀਤੀ ਹੈ । ਉਹ ਸਾਰੀ ਚੀਜ਼ ਲਾਗੂ ਹੋਈ ਹੈ । ਗਵਰਨਰ ਸਾਹਿਬ ਉਸ ਦੇ ਹਿਸੇਦਾਰ ਸੀ । ਉਸ ਨੂੰ ਇਹ (ਗਵਰਨਰ ਸਾਹਿਬ) ਅਸੈਂਟ ਕਰਦੇ ਹਨ । ਫੇਰ ਜਿਸ ਤਰਾਂ ਕੇ ਨਵੀਂ ਗੌਰਮਿੰਟ ਨੇ ਗਵਰਨਰ ਨੂੰ ਗਲਤ ਰਸਤੇ ਤੇ ਚਲਾਇਆ ਹੈ ਅਸੀਂ ਇਸ ਨੂੰ ਕੰਡੈਮ ਕਰਦੇ ਹਾਂ । ਮੈਂ ਗਵਰਨਰ ਸਾਹਿਬ ਦੀ ਉਚੀ ਪੁਜ਼ੀਸ਼ਨ ਨੂੰ ਨਾ ਭੁਲਦਾ ਹੋਇਆ ਇਹ ਕਹਿ ਸਕਦਾ ਹਾਂ ਕਿ :-

This Act of his is bad in taste, bad in language, bad in morality bad in law, bad in etiquette, bad in precedent and bad in merit.

ਸੁਪਰੀਮ ਕੋਰਟ ਦੇ ਮੁਤੱਲਕ ਕਿਹਾ ਗਿਆ ਹੈ ਕਿ ਸਾਡੇ ਡੈਮੋਕ੍ਰੇਟਿਕ ਸਟਰਕੱਚਰ ਨੂੰ ਪਰੀਜ਼ਰਵ ਕਰਨ ਵਾਸਤੇ ਇਸ ਆਜ਼ਾਦ ਹਿੰਦੁਸਤਾਨ ਵਿਚ ਜਿੰਨਾ ਵੱਡਾ ਹਿਸਾ ਸੁਪਰੀਮ ਕੋਰਟ ਦਾ ਹੈ ਹੋਰ ਕਿਸੇ ਦਾ ਨਹੀਂ ਹੈ । ਇਸ ਰਾਹੀਂ ਲੋਕਾਂ ਨੂੰ ਆਪਣੀ ਸੇਫ ਗਾਰਡ ਕਰਨ ਦਾ ਕਾਂਸਟੀ-ਚੂਸ਼ਨਲੀ ਰਾਈਟ ਹੈ । ਇਹ ਚੀਜ਼ ਮੇਰੀ ਸਮਝ ਤੋਂ ਬਾਹਰ ਹੈ ਕਿ ਕਿਸ ਕਿਸਮ ਦੀ ਇਨਕੁਆਰੀ ਸਾਡੀ ਗੌਰਮਿੰਟ ਕਰਵਾਉਣਾ ਚਾਹੰਦੀ ਹੈ । ਅਇਆ ਉਸ ਬਜਟ ਨੂੰ ਫੇਰ ਵਿਦਡਰਾ ਕਰਨਗੇ ? ਸਾਰੀ ਚੀਜ਼ ਨੂੰ ਖਤਮ ਕਰਕੇ ਕੋਈ ਨਵੀਂ ਚੀਜ਼ ਲਿਆਉਣਗੇ ? ਇਹ ਗਲਤ ਚੀਜ਼ ਹੈ । ਇਹ ਨਹੀਂ ਸੀ ਹੋਣਾ ਚਾਹੀਦਾ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿਘ]

ਸਿਵਿਲ ਲਿਬਰਟੀਜ਼ ਦੀ ਪ੍ਰੀਜ਼ਰਵੇਸ਼ਨ ਦੇ ਮੁਤੱਲਕ ਜੋ ਕੁਝ ਕਿਹਾ ਗਿਆ ਹੈ ਮੈਂ ਉਸ ਨੂੰ ਵੈਲਕਮ ਕਰਦਾ ਹਾਂ ਪਰ ਮੈਂ ਸਮਝਦਾ ਹਾਂ ਸਾਡੀ ਸਰਕਾਰ ਦੀ ਇਹ ਨਿਰੀ ਲਿਪ ਸਿੰਪਥੀ ਹੈ। ਇਸ ਨੂੰ ਟਰੂ ਸਪਿਰਟ ਵਿਚ ਲਾਗੂ ਕਰਨਾ ਚਾਹੀਦਾ ਹੈ। ਜਿਵੇਂ ਕਿ ਸੁਕਰਾਤ ਨੇ ਕਿਹਾ ਹੈ।

Truth and justice are the obligations of a Ruler. Family, community, nation and country are his affections. If for private consideration he tries to reverse the order, he commits a crime.

ਪੰਚਾਇਤੀ ਸਿਸਟਮ ਦੇ ਮੁਤਲਕ ਜਿਸ ਤਰ੍ਹਾਂ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਆਇਆ ਹੈ ਗੌਰਮਿੰਟ ਇਰਾਦਾ ਰਖਦੀ ਹੈ ਇਸ ਨੂੰ ਅਮੈਂਡ ਕਰਨ ਦਾ। ਮੈਂ ਇਸ ਨੂੰ ਵੈਲਕਮ ਕਰਦਾ ਹਾਂ; ਜੇ ਚੰਗੀ ਤਰ੍ਹਾਂ ਨਾਲ ਵੇਖਿਆ ਜਾਵੇ ਤਾਂ ਇਸ ਸਿਸਟਮ ਰਾਹੀ ਪਿੰਡਾਂ ਵਿਚ ਏਕਤਾ ਆਉਂਦੀ ਹੈ ਪਰ ਇਸ ਵਿਚ ਤਰੁਟੀਆਂ ਹੋਣ ਕਾਰਨ ਅਸੀਂ ਪੁਰਾਣੀ ਸਭਿਅਤਾ ਦੀ ਪ੍ਰਾਚੀਨਤਾ ਨੂੰ ਕਾਇਮ ਰਖਣ ਵਿਚ ਫੇਲ ਹੋਏ ਹਾਂ। ਪੰਚਾਇਤਾਂ ਦੀ ਹਾਲਤ ਕਾਫੀ ਮਾੜੀ ਹੈ। ਨਾ ਉਨ੍ਹਾਂ ਦਾ ਕੋਈ ਹਿਸਾਬ ਹੈ ਨਾ ਕੋਈ ਰਜਿਸਟਰ ਹੈ, ਨਾਂ ਕਲਮ ਹੈ, ਨਾਂ ਦਵਾਤ ਹੈ। ਸਾਬਕਾ ਪੈਪਸੂ ਵਿਚ ਹੁਣ ਤਕ ਅੱਠ ਅੱਠ ਆਨੇ ਵਿਘੇ ਦੇ ਹਿਸਾਬ ਨਾਲ ਜ਼ਮੀਨਾਂ ਚੜੀਆਂ ਹੋਈਆਂ ਹਨ।

ਡੀਵੈਲਪਮੈਂਟ ਦੇ ਕੰਮ ਵਿਚ ਵੀ ਜਿਥੇ ਅਸੀਂ ਚਾਹੁੰਦੇ ਸੀ ਇਹ ਪੰਚਾਇਤਾਂ ਦੇ ਰਾਹੀਂ ਹੋਵੇ, ਉਹ ਵੀ ਨਹੀਂ ਹੋਈ। ਇਸ ਕਰਕੇ ਸਾਨੂੰ ਸੋਚਣਾ ਚਾਹੀਦਾ ਹੈ ਕਿ ਇਸ ਵਿਚ ਅਮੈਂਡਮੈਂਟ ਕੀਤੀ ਜਾਵੇ। (ਵਿਘਨ) ਮੈਂ ਇਸ ਕਰਕੇ ਕਹਿੰਦਾ ਹਾਂ ਕਿ ਪੰਚਾਇਤੀ ਰਾਜ ਸਿਸਟਮ ਵਿਚ ਚੇਂਜ ਹੋਣੀ ਚਾਹੀਦੀ ਹੈ।

ਪਹਿਲੇ ਵਕਤਾਂ ਵਿਚ ਜਦੋਂ ਐਲਡਰਮੈਨ ਪਿੰਡਾ ਵਿਚ ਹੁੰਦੇ ਸਨ ਅਤੇ ਜਦ ਉਹ ਕੋਈ ਰਿਸ਼ਤਾ ਆਦਿ ਕਰਕੇ ਬਦਲ ਜਾਂਦੇ ਸਨ ਤਾਂ ਉਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਪਨਿਸ਼ਮੈਂਟ ਦਿਤੀ ਜਾਂਦੀ ਸੀ। ਅੱਜ ਕੱਲ ਅਸੀਂ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਹਾਰ ਪਾ ਕੇ ਜਿਤਾਇਆ ਜਾਂਦਾ ਹੈ। (ਵਿਘਨ) ਪੰਚਾਇਤੀ ਰਾਜ ਵਿਚ ਬੜੀ ਧੜੇਬੰਦੀ ਹੋਈ ਹੋਈ ਹੈ। ਇਸ ਨੂੰ ਦੂਰ ਕਰਨਾ ਚਾਹੀਦਾ ਹੈ। ਮੈਨੂੰ ਬੜਾ ਅਫਸੋਸ ਹੈ ਕਿ ਇਸ ਨਾਲ ਪਿੰਡਾਂ ਦਾ ਸਾਰਾ ਫਾਈਬਰ ਤੇ ਸਟਰਕਚਰ ਖਰਾਬ ਹੋ ਰਿਹਾ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਅਗਰ ਜ਼ਿਲ੍ਹਾ ਪ੍ਰੀਸ਼ਦ ਜਾਂ ਡਿਸਟ੍ਰਿਕਟ ਬੋਰਡਜ਼ ਦੀ ਡਾਇਰੈਕਟ ਇਲੈਕਸ਼ਨ ਹੋ ਜਾਵੇ ਤਾਂ ਠੀਕ ਹੈ, ਕੋਈ ਹਰਜ ਵਾਲੀ ਗੱਲ ਨਹੀ ਹੈ। ਰੂਰਲ ਐਡਮਨਿਸਟ੍ਰੇਸ਼ਨ ਉਨ੍ਹਾਂ ਦੇ ਤਹਿਤ ਚਲੀ ਜਾਵੇ। ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਅਗਰ ਮਾਲੀਏ ਦਾ ਕੰਮ ਅਤੇ ਡੀਵੈਲਪਮੈਂਟ ਦਾ ਕੰਮ ਅੰਡਰ ਦੀ ਐਕਟ ਆਫ਼ ਲੈਜਿਸਲੇਚਰ ਜ਼ਿਲਾ ਪ੍ਰੀਸ਼ਦ ਅਤੇ ਡਿਸਟ੍ਰਿਕਟ ਬੋਰਡ ਦੇ ਸਪੁਰਦ ਕੀਤਾ ਜਾਵੇ ਤਾਂ ਵੀ ਕੋਈ ਹਰਜ਼ ਨਹੀਂ ਹੈ।

ਐਡਰੈਸ ਵਿਚ ਗਵਰਨਰ ਸਾਹਿਬ ਨੇ ਟ੍ਰਾਂਸਪੋਰਟ ਦਾ ਜ਼ਿਕਰ ਕੀਤਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਸ ਵੇਲੇ ਜੋ ਮੌਜੂਦਾ ਸਿਸਟਮ ਹੈ ਉਹ ਬੜਾ ਨਾਕਸ ਹੈ, ਅਨਸਕਰੂਪਲੱਸ ਹੈ, ਅਤੇ ਡਿਸਅਨੈਸਟ ਹੈ। ਇਸ ਸਮੇਂ ਇਸ ਵਿਚ ਬਹੁਤ ਕੁਰੱਪਸ਼ਨ ਚੱਲ ਰਹੀ ਹੈ। ਕੁਝ ਕੁਰੱਪਟ

Original with;
Punjab Vidhan Sabha
Digitized by;
Panjab Digital Library

ਟ੍ਰਾਂਸਪੋਰਟਰਜ਼ ਇਨ੍ਹਾਂ ਨਾਲ ਮਿਲੇ ਹੋਏ ਹਨ। (ਸ਼ੋਰ) ਇਹ ਟ੍ਰਾਂਸਪੋਰਟਰਜ਼ ਪਾਲਿਟੀਸ਼ੀਅਨਜ਼ ਨਾਲ ਮਿਲਕੇ ਪੁਲੀਟੀਕਲ ਢੰਗ ਨਾਲ ਚਲਦੇ ਹਨ। ਕਿਹਾ ਗਿਆ ਹੈ ਕਿ ਇਸ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਮੇਰਾ ਤਾਂ ਖਿਆਲ ਹੈ ਕਿ ਇਸ ਨੂੰ ਡੀਨੈਸ਼ਨੇਲਾਈਜ਼ ਕੀਤਾ ਜਾਵੇ। ਇਸ ਦੇ ਨਾਲ ਬਹੁਤ ਸਾਰਾ ਫਾਇਦਾ ਹੋ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਅਗਰ ਸਾਰੇ ਰੂਟਸ ਦੋ ਜਾਂ ਤਿਨ ਚਾਰ ਸਾਲ ਵਾਸਤੇ ਨੀਲਾਮ ਕੀਤੇ ਜਾਣ ਤਾਂ ਮੇਰਾ ਖਿਆਲ ਹੈ ਕਿ ਹਜ਼ਾਰਾਂ ਰੁਪਿਆ ਸਰਕਾਰ ਨੂੰ ਆ ਸਕਦਾ ਹੈ।

ਸਰਕਾਰ ਨੂੰ ਲੋਕਾਂ ਦੀ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ। ਸਰਕਾਰ ਕੋਲ ਸਰਪਲੱਸ ਪੈਸਾ ਹੈ, ਉਸ ਨਾਲ ਉਹ ਸਾਰੇ ਕੰਮ ਪੂਰੇ ਕਰ ਸਕਦੀ ਹੈ। ਕਈ ਇਹ ਵੀ ਕਹਿੰਦੇ ਹਨ ਕਿ ਸਰਕਾਰ ਨੂੰ ਡੇਅਰੀ ਨੂੰ ਵੀ ਨੈਸ਼ਨੇਲਾਈਜ਼ ਕਰਨਾ ਚਾਹੀਦੀ ਹੈ। ਇਸ ਦੇ ਵਿਚ ਵੀ ਕੁਰੱਪਸ਼ਨ ਹੈ। ਮੈਂ ਤਾਂ ਕਹਿੰਦਾ ਹਾਂ ਕਿ ਇਸ ਨੂੰ ਡੀਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਸਰਕਾਰ ਨੂੰ ਜਨਤਾ ਨੂੰ ਕਲੀਨ ਐਡਮਨਿਸਟਰੇਸ਼ਨ ਦੇਣੀ ਚਾਹੀਦੀ ਹੈ ਅਤੇ ਜੋ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ।

ਸਕੂਲ ਬੋਰਡ ਗੌਰਮਿੰਟ ਨੇ ਕਨਸਿਡਰ ਕਰਨਾ ਹੈ। ਗੌਰਮਿੰਟ ਸਟੂਡੈਂਟਸ ਦੀ ਅਨਰੈਸਟ ਵੱਲ ਵੀ ਧਿਆਨ ਦੇਵੇ। ਇਹ ਸਾਰੀ ਚੀਜ਼ ਸਮਝਣ ਦੀ ਲੋੜ ਹੈ। ਸਟੂਡੈਂਟਸ ਤੇ ਪੁਲਿਸ ਕੰਟ੍ਰੋਲ ਨਹੀਂ ਕਰ ਸਕਦੀ। ਪ੍ਰਿੰਸੀਪਲ ਕੰਟ੍ਰੋਲ ਨਹੀਂ ਕਰ ਸਕਦੇ। ਇਸ ਦੇ ਵਾਸਤੇ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਵਾਸਤੇ ਧਾਰਮਿਕ ਸਟੱਡੀ ਦੇ ਪੀਰੀਅਡ ਚਾਲੂ ਕਰੇ। ਅਗਰ ਐਸੇ ਪੀਰੀਅਡ ਲਗਾਏ ਜਾਣ ਤਾਂ ਇਹ ਸਭ ਠੀਕ ਹੋ ਸਕਦਾ ਹੈ। (ਘੰਟੀ)

ਸਪੀਕਰ ਸਾਹਿਬ, ਮੈਂ ਆਪ ਦਾ ਧਿਆਨ ਇਕ ਜ਼ਰੂਰੀ ਮਸਲੇ ਵੱਲ ਦਿਵਾ ਕੇ ਖਤਮ ਕਰ ਦਿਆਂਗਾ। ਸਾਡੀ ਸਰਕਾਰ ਕਿਸਾਨਾਂ ਦੀ ਵਿਰੋਧੀ ਹੈ। ਤੁਸੀਂ ਅਖਬਾਰਾਂ ਵਿਚ ਵੀ ਪੜ੍ਹਿਆ ਹੋਣਾ ਹੈ ਕਿ ਕਿਸ ਤਰ੍ਹਾਂ ਕੀਮਤਾਂ ਮੁਕੱਰਰ ਕੀਤੀਆਂ ਗਈਆਂ। ਕੀਮਤਾਂ ਘੱਟ ਫਿਕਸ ਕਰਨ ਦੀ ਪਾਲਿਸੀ ਐਂਟੀ ਕਿਸਾਨ ਅਤੇ ਐਂਟੀ ਪ੍ਰੋਡਕਸ਼ਨ ਹੈ। ਪੰਜਾਬ ਦਾ ਕਿਸਾਨ ਐਨੀ ਕਣਕ ਪੈਦਾ ਕਰਦਾ ਹੈ ਕਿ ਹੋਰ ਕੋਈ ਸੂਬਾ ਇਤਨੀ ਕਣਕ ਪੈਦਾ ਨਹੀਂ ਕਰਦਾ। ਲੇਕਿਨ ਸਰਕਾਰ ਉਸ ਨੂੰ ਵਾਜਿਬ ਰੇਟ ਨਹੀਂ ਦੇ ਸਕੀ। ਇਸ ਤਰ੍ਹਾਂ ਕਿਸਾਨ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਜੇ ਕਿਸਾਨ ਦੀ ਤਸੱਲੀ ਨਾ ਹੋਈ ਤਾਂ ਇਥੇ ਇਕ ਇਨਕਲਾਬ ਸ਼ੁਰੂ ਹੋ ਜਾਵੇਗਾ ਜਿਸ ਦਾ ਨਤੀਜਾ ਪੰਜਾਬ ਨੂੰ ਹੀ ਨਹੀਂ ਸਗੋਂ ਹਿੰਦੁਸਤਾਨ ਨੂੰ ਵੀ ਭੁਗਤਣਾ ਪਵੇਗਾ।

When cotton and fire come together, then there is conflagration. With these remarks, Sir, I resume my seat.

**ਸਰਦਾਰ ਮਹਿੰਦਰ ਸਿੰਘ ਬਬੇਹਾਲੀ** (ਗੁਰਦਾਸਪੁਰ): ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਸਰਦਾਰ ਗੁਰਨਾਮ ਸਿੰਘ ਜੀ ਨੂੰ ਮੁੜਕੇ ਸਰਕਾਰ ਬਨਾਉਣ ਦੀ ਮੁਬਾਰਕਬਾਦ ਦਿੱਤੀ ਹੈ। ਮੈਂ ਉਨ੍ਹਾਂ ਨੂੰ ਇਸ ਭਾਸ਼ਨ ਦੇ ਉਤੇ ਬਹੁਤ ਬਹੁਤ ਮੁਬਾਰਕਬਾਦ ਦਿੰਦਾ ਹਾਂ। ਮੇਜਰ ਸਾਹਿਬ ਨੇ ਹੁਣੇ ਹੀ ਇਸ ਅਕਾਲੀ ਔਰ ਜਨਸੰਘ ਦੀ ਕੁਲੀਸ਼ਨ ਦੇ ਵਿਚ ਸਰਕਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ ਬਬੇਹਾਲੀ]

ਗੁਰਨਾਮ ਸਿੰਘ ਜੀ ਦੇ ਉਤੇ ਕਾਮਰੇਡ ਡਾਂਗ ਦੀ ਕੋਆਪ੍ਰੇਸ਼ਨ ਦਾ ਜ਼ਿਕਰ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਸਰਦਾਰ ਗੁਰਨਾਮ ਸਿੰਘ ਜੀ ਮੁਬਾਰਕਬਾਦ ਦੇ ਹੱਕਦਾਰ ਹਨ। ਇਨ੍ਹਾਂ ਨੇ ਸਾਰੀਆਂ ਪਾਰਟੀਆਂ ਦੀ ਕੋਆਪ੍ਰੇਸ਼ਨ ਲੈ ਕੇ ਸੂਬੇ ਦੀ ਜਨਤਾ ਨੂੰ ਜੋ ਫਾਇਦਾ ਪਹੁੰਚਾਇਆ ਹੈ, ਉਤਨਾ ਹੋਰ ਕਿਸੇ ਨੇ ਨਹੀਂ ਪਹੁੰਚਾਇਆ ਗਵਰਨਰ ਸਾਹਿਬ ਨੇ ਵੀ ਆਪਣੇ ਐਡਰੈਸ ਵਿਚ ਇਸ ਯੂਨਾਈਟਡ ਫਰੰਟ ਦੀ ਸਰਕਾਰ ਨੂੰ ਵਧਾਈ ਹੀ ਦਿੱਤੀ ਹੈ।

**ਸ਼੍ਰੀ ਸਾਧੂ ਰਾਮ :** ਕੀ ਤੁਹਾਨੂੰ ਵੀ ਕੋਈ ਭਰੋਸਾ ਦਿਵਾਇਆ ਹੈ ? (ਸ਼ੋਰ)

**ਸਰਦਾਰ ਮਹਿੰਦਰ ਸਿੰਘ ਬਬੇਹਾਲੀ :** ਸਪੀਕਰ ਸਾਹਿਬ, ਇਸ ਐਡਰੈਸ ਵਿਚ ਨੰਬਰ 14 ਤੇ ਈਸਾਈਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਕੰਮ ਲਈ ਸਰਕਾਰ ਵਧਾਈ ਦੀ ਮੁਸਤਹਿਕ ਹੈ। ਈਸਾਈਆਂ ਦੀ ਉਨਤੀ ਵੱਲ ਪਹਿਲੇ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਰਿਹਾ। ਇਸ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਦੀ ਉਨਤੀ ਵੱਲ ਜਲਦੀ ਤੋਂ ਜਲਦੀ ਧਿਆਨ ਦੇਣ ਅਤੇ ਉਨ੍ਹਾਂ ਦੇ ਹਕੂਕ ਉਨ੍ਹਾਂ ਨੂੰ ਦਿਵਾਉਣ।

ਕਿਸੇ ਦੀ ਆਮਦਨੀ ਵਧਾਉਣਾ ਇਹ ਇਕ ਵਖਰੀ ਗਲ ਹੈ ਪਰ ਉਸ ਨੂੰ ਰਹਿਣ ਵਾਸਤੇ ਜਗ੍ਹਾ ਜ਼ਰੂਰ ਦੇਣੀ ਚਾਹੀਦੀ ਹੈ। ਇਸ ਸਰਕਾਰ ਦੀ ਸੇਵਾ ਵਿਚ ਮੈਂ ਬੇਨਤੀ ਕਰਾਂਗਾ ਕਿ ਜਿਥੇ ਹੋਰ ਕਈ ਪ੍ਰੋਗਰਾਮ ਬਣਾਏ ਹਨ ਉਥੇ ਹਰੀਜਨਾਂ ਨੂੰ ਰਿਆਇਤਾਂ ਦੇਣ ਵਾਸਤੇ ਵੀ ਕੋਈ ਉਪਰਾਲਾ ਕੀਤਾ ਜਾਵੇ। ਉਨ੍ਹਾਂ ਪਾਸ ਡੰਗਰ ਰਖਣ ਲਈ ਜਗ੍ਹਾ ਨਹੀਂ। ਅਗਰ ਕੋਈ ਗਾਂ ਜਾਂ ਮਝ ਰਖਣ ਦਾ ਉਪਰਾਲਾ ਕਰਦਾ ਹੈ ਤਾਂ ਉਸ ਵਿਚਾਰੇ ਪਾਸ ਕੋਈ ਥਾਂ ਨਹੀਂ ਹੁੰਦੀ ਜਿਥੇ ਕਿ ਡੰਗਰ ਨੂੰ ਬੰਨ ਰਖਿਆ ਜਾਵੇ। ਜਿਹੜੀ ਖਾਨਾ ਬਦੋਸ਼ ਕੌਮ ਹੈ ਉਸ ਦੇ ਨਾਲ ਮੁਲਕ ਵਿਚ ਬੜਾ ਜ਼ੁਲਮ ਹੋ ਰਿਹਾ ਹੈ। ਜਿਹੜੇ ਲੋਕ ਟਪਰੀਵਾਸ ਹਨ ਉਨ੍ਹਾਂ ਨੂੰ ਜਗ੍ਹਾ ਦਿਤੀਆਂ ਜਾਣ।

ਇਥੇ ਵਿਧਾਨ ਸਭਾ ਵਿਚ ਪੁਲਿਸ ਦੇ ਦਖਲ ਹੋਣ ਬਾਰੇ ਜ਼ਿਕਰ ਕੀਤਾ ਗਿਆ ਹੈ। ਪੁਲਿਸ ਬਾਰੇ ਮੈਂ ਆਪਣੀ ਹੀ ਗਲ ਆਪ ਜੀ ਦੇ ਸਾਹਮਣੇ ਰਖਦਾ ਹਾਂ ਕਿ ਪੁਲਿਸ ਨੇ ਸਾਡੇ ਤੇ ਕਿੰਨੇ ਜ਼ੁਲਮ ਕੀਤੇ। ਨਾਂ ਸਿਰਫ ਮੈਨੂੰ ਹੀ ਸਗੋਂ ਮੇਰੇ ਪਰਿਵਾਰ ਨੂੰ ਵੀ ਲੇਡੀ ਪੁਲਿਸ ਦੀ ਰਾਹੀਂ ਹੈਰਾਸ ਕੀਤਾ ਗਿਆ। ਸਾਡੇ ਤੇ ਲਾਠੀ ਚਾਰਜ ਕੀਤੀ ਗਈ। ਅਜੇ ਵੀ ਮੇਰੀ ਪਿਠ ਦੇ ਉਤੇ ਦਾਗ ਕਾਇਮ ਹਨ। ਉਸ ਇਲਾਕੇ ਦੇ ਕਾਂਗਰਸੀ ਮੈਂਬਰਾਂ ਨੇ ਜਿਨ੍ਹਾਂ ਨੇ ਸ਼ਰਾਰਤਾਂ ਕਰਵਾਈਆਂ ਹਨ ਉਨ੍ਹਾਂ ਦੇ ਖਿਲਾਫ ਇਨਕੁਆਰੀ ਹੋਣੀ ਚਾਹੀਦੀ ਹੈ। ਮੇਰੇ ਤੇ ਬਤੌਰ ਸਰਪੰਚ ਦੇ ਮੁਕਦਮੇ ਚਲਾਏ ਗਏ ਅਤੇ ਬਤੌਰ ਚੇਅਰਮੈਨ ਡਿਸਮਿਸ ਕੀਤਾ ਗਿਆ ਬਾਅਦ ਵਿਚ ਹਾਈ ਕੋਰਟ ਨੇ ਮੈਨੂੰ ਬਹਾਲ ਕਰ ਦਿਤਾ। (ਵਿਘਨ) ਹਾਈ ਕੋਰਟ ਦੇ ਬਹਾਲ ਕਰਨ ਤੇ ਉਸੇ ਵੇਲੇ ਮੈਨੂੰ ਸਸਪੈਂਡ ਕੀਤਾ ਗਿਆ ਅਤੇ ਫਿਰ ਗਵਰਨਰੀ ਰਾਜ ਵਿਚ ਬਹਾਲ ਹੋਇਆ ਹਾਂ।

ਮੈਂ ਅਰਜ਼ ਕਰਦਾ ਹਾਂ ਕਿ ਜਿਥੇ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਅਠਵੇਂ ਪੈਰੇ ਵਿਚ ਪ੍ਰੋਗਰਾਮ ਖੇਤੀ ਬਾੜੀ ਸਬੰਧੀ ਦਸਿਆ ਹੈ ਉਸ ਵਾਸਤੇ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ। ਛੋਟੀ ਮਿਆਦ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਹਨ ਪਰ ਜ਼ਿਮੀਦਾਰਾਂ ਦੀ ਬਿਹਤਰੀ ਇਸ ਵਿਚ

Original with;
Punjab Vidhan Sabha
Digitized by;
Panjab Digital Library

ਹੈ ਕਿ ਵਡੀ ਮਿਆਦ ਦੇ ਕਰਜ਼ੇ ਦਿਤੇ ਜਾਣ । ਗੁਰਦਾਸਪੁਰ ਦਾ ਇਲਾਕਾ ਬੜਾ ਪਿਛੜਿਆ ਹੋਇਆ ਇਲਾਕਾ ਹੈ । ਉਸ ਇਲਾਕੇ ਵਿਚ ਮੇਰੇ ਤੋਂ ਪਹਿਲਾਂ ਕਾਂਗਰਸੀ ਮੈਂਬਰ ਅਸੈਂਬਲੀ ਵਿਚ ਬੜੀ ਦੇਰ ਰਹੇ ਹਨ । ਜਨਤਾ ਡਾਕਟਰ ਗੋਪੀ ਚੰਦ ਭਾਰਗੋ ਵੇਲੇ ਅਤੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਵਜ਼ਾਰਤ ਵੇਲੇ ਤਰੱਕੀ ਦੀ ਮੰਗ ਕਰਦੀ ਰਹੀ ਹੈ ਤੇ ਉਦੋਂ ਵੀ ਇਹੀ ਜਵਾਬ ਮਿਲਦਾ ਰਿਹਾ ਹੈ ਕਿ ਚੀਫ ਮਨਿਸਟਰ ਨਾਲ ਲੜਾਈ ਦੀ ਵਜ੍ਹਾ ਨਾਲ ਇਲਾਕੇ ਦੀਆਂ ਮੰਗਾ ਨਹੀਂ ਮਨੀਆਂ ਜਾ ਸਕਦੀਆਂ । ਉਸ ਇਲਾਕੇ ਵਲ ਕੋਈ ਧਿਆਨ ਨਹੀਂ ਦਿਤਾ ਗਿਆ । ਰਾਮ ਕਿਸ਼ਨ ਮਨਿਸਟਰੀ ਵੇਲੇ ਗੁਰਮੁਖ ਸਿੰਘ ਮੁਸਾਫਰ ਦੀ ਮਨਿਸਟਰੀ ਵੇਲੇ ਵੀ ਉਸ ਇਲਾਕੇ ਦੀ ਉਹੀ ਹਾਲਤ ਰਹੀ । ਮੈਂ ਹੁਣ ਦੀ ਸਰਕਾਰ ਅਗੇ ਬੇਨਤੀ ਕਰਾਂਗਾ ਕਿ ਉਹ ਇਲਾਕਾ ਬੜਾ ਪਛੜਿਆ ਹੋਇਆ ਹੈ । ਤਾਲੀਮ ਦੇ ਲਿਹਾਜ਼ ਨਾਲ, ਖੇਤੀ ਬਾੜੀ ਦੇ ਲਿਹਾਜ਼ ਨਾਲ ਗਲ ਕੀ ਹਰ ਲਿਹਾਜ਼ ਨਾਲ ਉਸ ਨੂੰ ਉਚਾ ਚੁਕਣ ਦੀ ਕੋਸ਼ਿਸ਼ ਕੀਤੀ ਜਾਵੇ । ਇਹ ਜਿਹੜੇ ਸਰਹੱਦੀ ਇਲਾਕੇ ਹਨ ਜਿਸ ਤਰਾਂ ਕਿ ਗੁਰਦਾਸਪੁਰ, ਅੰਮ੍ਰਿਤਸਰ, ਫੀਰੋਜ਼ਪੁਰ ਇਨ੍ਹਾਂ ਨੂੰ ਪੂਰੀਆਂ ਪੂਰੀਆਂ ਸਹੂਲਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ । ਉਥੇ ਜ਼ਿਮੀਦਾਰਾਂ ਨੂੰ ਮਾਲੀਏ ਦੀ ਮਾਫੀ ਦੇ ਇਲਾਵਾ ਬਿਨਾਂ ਸੂਦ ਕਰਜ਼ੇ ਮਿਲਣੇ ਚਾਹੀਦੇ ਹਨ । ਜ਼ਿਮੀਦਾਰਾਂ ਦੀ ਤਰੱਕੀ ਤਾਂ ਹੀ ਹੋ ਸਕਦੀ ਹੈ ਜੇ ਵਡੀ ਮਿਆਦ ਦੇ ਕਰਜ਼ੇ ਦਿਤੇ ਜਾਣ ਔਰ ਸੂਦ ਘੱਟ ਤੋਂ ਘੱਟ ਲਿਆ ਜਾਵੇ । ਸਰਹੱਦੀ ਜ਼ਿਲ੍ਹਿਆ ਵਿਚ ਤਾਂ ਇਹ ਸੂਦ ਬਿਲਕੁਲ ਨਹੀਂ ਹੋਣਾ ਚਾਹੀਦਾ ।

ਗਵਰਨਰ ਸਾਹਿਬ ਦੇ ਐਡਰੈਸ ਵਿਚ ਬਾਗਬਾਨੀ ਦਾ ਵੀ ਜ਼ਿਕਰ ਕੀਤਾ ਗਿਆ ਹੈ । ਮੈਂ ਅਰਜ਼ ਕਰਾਂਗਾ ਕਿ ਗੁਰਦਾਸਪੁਰ ਵਿਚ ਬੇਟ ਲਾਗੇ ਦਾਵੇ ਦਾ ਇਲਾਕਾ ਨੀਮ ਪਹਾੜੀ ਇਲਾਕੇ ਵਰਗਾ ਹੀ ਹੈ ਉਸ ਨੀਮ ਪਹਾੜੀ ਇਲਾਕੇ ਨੂੰ ਬਾਗਬਾਨੀ ਦੇ ਪ੍ਰੋਗਰਾਮ ਵਿਚ ਰਖਿਆ ਜਾਣਾ ਚਾਹੀਦਾ ਹੈ ।

ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਅਨਾਜ ਦੀ ਸੰਭਾਲ ਵਾਸਤੇ ਗੁਦਾਮ ਬਣਾਉਣ ਦੇ ਉਪਰਾਲੇ ਕੀਤੇ ਜਾਣ ਔਰ ਜਿਥੇ ਜਿਥੇ ਸੇਮ ਹੁੰਦੀ ਹੈ ਉਥੇ ਉਨ੍ਹਾਂ ਵਾਸਤੇ ਜਿਸਤੀ ਡਰੱਮ ਬਣਾਉਣੇ ਚਾਹੀਦੇ ਹਨ । (ਘੰਟੀ)

ਵਿਦਿਅਕ ਸਹੂਲਤਾਂ ਵਾਸਤੇ ਜਿਹੜਾ ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ, ਉਸ ਬਾਰੇ ਵੀ ਮੈਂ ਅਰਜ਼ ਕਰਾਂਗਾ । ਇਹ ਸਹੂਲਤਾਂ ਗੁਰਦਾਸਪੁਰ ਦੇ ਹਲਕੇ ਨੂੰ ਵੀ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਹਰੀਜਨਾਂ ਨੂੰ ਖਾਸ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ।

**ਸ਼੍ਰੀ ਸਪੀਕਰ :** ਸਰਦਾਰ ਮਹਿੰਦਰ ਸਿੰਘ ਜੀ, ਤੁਹਾਡਾ ਟਾਈਮ ਖਤਮ ਹੋ ਗਿਆ ਹੈ । ਬਸ ਕਰੋ ਹੁਣ । (The time allotted to hon. Member is over. He should please wind up now).

**ਸਰਦਾਰ ਮਹਿੰਦਰ ਸਿੰਘ ਬਬੇਹਾਲੀ :** ਮੈਨੂੰ ਟਾਈਮ ਬਹੁਤ ਥੋੜਾ ਦਿਤਾ ਗਿਆ ਹੈ । ਸਪੀਕਰ ਸਾਹਿਬ ਜੇਕਰ ਮੇਰਾ ਪ੍ਰੈਡੀਸੈਸਰ ਕਾਮਯਾਬ ਹੋ ਕੇ ਆਇਆ ਹੁੰਦਾ ਤਾਂ ਇਸ ਸਦਨ ਵਿਚ nuisance create ਕਰਕੇ ਹਾਊਸ ਦਾ ਬੜਾ ਵਕਤ ਜ਼ਾਇਆ ਕਰਦਾ । ਮੈਨੂੰ ਇਸੇ ਹਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ ਬਬੇਹਾਲੀ]

ਨਾਲੋਂ ਜ਼ਿਆਦਾ ਵਕਤ ਦੇਣਾ ਚਾਹੀਦਾ ਸੀ। ਕਿਉਂਕਿ ਤੁਹਾਡਾ ਹੁਕਮ ਹੈ ਇਸ ਲਈ ਮੈਂ ਇਥੇ ਹੀ ਖਤਮ ਕਰਦਾ ਹਾਂ। ਆਪ ਦਾ ਸ਼ੁਕਰੀਆ।

**ਸਰਦਾਰ ਗੁਰਬੰਤਾ ਸਿੰਘ** (ਕਰਤਾਰਪੁਰ) : ਸਪੀਕਰ ਸਾਹਿਬ, ਅੱਜ ਸਾਰੇ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਪੇਸ਼ ਕਰ ਰਹੇ ਹਨ। ਪਰ ਮੈਂ ਇਸ ਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ। ਮੈਂ ਕਿਸ ਤਰ੍ਹਾਂ ਧੰਨਵਾਦ ਕਰਾਂ, ਸਪੀਕਰ ਸਾਹਿਬ ਜਦੋਂ ਕਿ ਬੇਸ਼ੁਮਾਰ ਚੀਜ਼ਾ ਐਡਰੈਸ ਵਿਚ ਛੱਡੀਆਂ ਗਈਆਂ ਹਨ। ਸਭ ਤੋਂ ਵਡੀ ਚੀਜ਼ ਜੋ ਗਵਰਨਰ ਸਾਹਿਬ ਆਪਣੇ ਐਡਰੈਸ ਵਿਚ ਛਡ ਗਏ ਉਹ ਇਹ ਹੈ ਕਿ ਉਨ੍ਹਾਂ ਨੇ ਹਿੰਦੀ ਪੰਜਾਬੀ ਦੇ ਬਾਰੇ ਕੁਝ ਨਹੀਂ ਦੱਸਿਆ। ਹਿੰਦੀ ਪੰਜਾਬੀ ਦਾ ਝਗੜਾ ਪੰਜਾਬ ਵਿਚੋਂ ਨਿਬੜਨਾ ਚਾਹੀਦਾ ਹੈ। (ਵਿਘਨ) ਸਰਦਾਰ ਆਤਮਾ ਸਿੰਘ ਅਗਰ ਕਿਤੇ ਜਾਂਦੇ ਹਨ ਤਾਂ ਕੁਝ ਹੋਰ ਬਿਆਨ ਦਿੰਦੇ ਹਨ ਔਰ ਜੇ ਕੋਈ ਸਾਡਾ ਮਿਤਰ ਹੋਰ ਜਾਂਦਾ ਹੈ ਤਾਂ ਉਹ ਕੁਝ ਹੋਰ ਬਿਆਨ ਦਿੰਦਾ ਹੈ। (ਵਿਘਨ) ਕਦੇ ਸਚਰ ਫਾਰਮੂਲਾ ਲਿਆ ਜਾਂਦਾ ਹੈ ਅਤੇ ਕਦੇ ਇਹ ਫਾਰਮੂਲਾ ਖਤਮ ਕੀਤਾ ਜਾਂਦਾ ਹੈ। ਇਹ ਹਿੰਦੀ ਪੰਜਾਬੀ ਦਾ ਝਗੜਾ ਨਿਬੇੜਿਆ ਜਾਵੇ। ਇਹ ਪੰਜਾਬ ਨੂੰ ਕਿਸੇ ਪਾਸੇ ਨਹੀਂ ਲੱਗਣ ਦਿੰਦਾ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਸ ਗਲ ਦਾ ਜਲਦੀ ਤੋਂ ਜਲਦੀ ਫੈਸਲਾ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਲਮਕਾਈ ਨਾ ਜਾਣ।

ਸਪੀਕਰ ਸਾਹਿਬ, ਜਿਸ ਵੇਲੇ ਇਹ ਮਨਿਸਟਰੀ ਬਣੀ ਉਸ ਵੇਲੇ ਹੀ ਇਨ੍ਹਾਂ ਨੇ ਲੋਕਾਂ ਤੇ ਰੋਹਬ ਪਾਉਣਾ ਸ਼ੁਰੂ ਕਰ ਦਿਤਾ। ਇਹ ਅਫਸਰਾਂ ਤੋਂ ਬੜੇ ਰੋਰਬ ਨਾਲ ਕੰਮ ਲੈਂਦੇ ਹਨ। (ਵਿਘਨ) ਅਫਿਸ ਹਾਲੀਂ ਸੰਭਾਲਿਆ ਹੀ ਨਹੀਂ ਕਿ ਬੇਸ਼ੁਮਾਰ ਅਫਸਰਾਂ ਦੀਆਂ ਤਬਦੀਲੀਆਂ ਕਰ ਦਿਤੀਆਂ। ਇਹ ਸਰਕਾਰ ਅਫਸਰਾਂ ਤੇ ਦਬਾਉ ਪਾ ਕੇ ਰਾਜ ਕਰਨਾ ਚਾਹੁੰਦੀ ਹੈ। ਇਨ੍ਹਾਂ ਨੂੰ ਇਹ ਕੰਮ ਛਡ ਦੇਣਾ ਚਾਹੀਦਾ ਹੈ।

ਜਲੰਧਰ ਮਿਉਨਿਸਪਲ ਕਮੇਟੀ ਤੋੜੀ, ਜਵਾਬ ਨਹੀਂ ਦੇ ਸਕੇ। ਕਦੇ ਕਹਿੰਦੇ ਪਾਰਟੀ ਬਾਜ਼ੀ ਕਰਕੇ, ਕਦੇ ਕਹਿੰਦੇ ਉਥੇ ਉਨ੍ਹਾਂ ਦਾ ਕਬਜ਼ਾ ਨਹੀਂ ਸੀ। ਸਚ ਮੁਚ, ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਕਮੇਟੀ ਨੇ ਇਕ ਰੈਜ਼ੋਲਿਉਸ਼ਨ ਪਾਸ ਕਰਕੇ ਗੌਰਮੈਂਟ ਨੂੰ ਲਿਖਿਆ ਕਿ ਇਹ ਦੋ ਮੈਂਬਰ ਕਮੇਟੀ ਚਲਣ ਨਹੀਂ ਦਿੰਦੇ। ਜਿਸ ਦਿਨ ਦਰਖ਼ਾਸਤ ਆਈ ਉਸੇ ਦਿਨ ਹੀ ਕਮੇਟੀ ਤੋੜ ਦਿਤੀ। ਨਾ ਕੋਈ ਪੁਛ ਗਿਛ ਕੀਤੀ ਤੇ ਨਾ ਹੀ ਕੋਈ ਸ਼ੋ-ਕਾਜ਼ ਨੋਟਿਸ ਦਾ ਜਵਾਬ ਪੁਛਿਆ। ਅਜ ਮਨਿਸਟਰ ਸਾਹਿਬ ਖੁਦ ਕਹਿ ਗਏ ਹਨ ਕਿ ਅਸੀਂ ਇਕ ਦਾਣਾ ਲੈ ਕੇ ਬਾਕੀਆਂ ਨੂੰ ਸਬਕ ਦਿਤਾ ਹੈ ਕਿ ਸਮਝ ਜਾਉ। ਉਨ੍ਹਾਂ ਦਾ ਇਹ ਰਵੱਇਆ ਠੀਕ ਨਹੀਂ।

ਸਪੀਕਰ ਸਾਹਿਬ, ਮਿਨਿਸਟਰ ਜਿੰਨੇ ਵੀ ਬਿਆਨ ਦਿੰਦੇ ਹਨ ਉਨ੍ਹਾਂ ਤੋਂ ਮੁਕੱਰ ਜਾਂਦੇ ਹਨ। ਕਲ ਮਨਿਸਟਰ ਸਾਹਿਬ ਮੁਕੱਰੇ ਹਨ ਕਿ ਉਹ ਅਖਬਾਰ ਤੇ ਇਤਬਾਰ ਨਹੀਂ ਕਰਦੇ।

ਸਪੀਕਰ ਸਾਹਿਬ, ਇਨ੍ਹਾਂ ਨੇ ਅਗੇ ਦਬਾ ਦਿਤਾ ਕਿ ਅਸੀਂ ਜ਼ਿਲਿਆਂ ਦੀ ਹੱਦਬੰਦੀ ਉਲਟ ਕਰਾਂਗੇ ਕਿਉਂਕਿ ਇਹ ਪੁਲੀਟੀਕਲ ਡਿਮੀਜ਼ਨ ਹੈ। ਉਨ੍ਹਾਂ ਨੇ ਕਿਹਾ ਕਿ ਕਰਤਾਰਪੁਰ ਦਾ

Original with;
Punjab Vidhan Sabha
Digitized by;
Panjab Digital Library

ਥਾਣਾ ਕਪੂਰਥਲੇ ਨਾਲ ਲਾ ਦਿਆਂਗੇ। ਮਿਨਿਸਟਰ ਸਾਹਿਬ ਨੂੰ ਪਤਾ ਨਹੀਂ ਕਿ ਕਰਤਾਰਪੁਰ ਦੇ ਇਕ ਦੋ ਪਿੰਡ ਹਨ ਜਿਹੜੇ ਜਲੰਧਰ ਤੋਂ ਦੂਰ ਹਨ, ਲੇਕਿਨ ਬਾਕੀ ਸਾਰੇ ਜਲੰਧਰ ਦੇ ਨੇੜੇ ਹਨ। ਇਸ ਤਰ੍ਹਾਂ ਕਰਕੇ ਉਥੇ ਦੇ ਲੋਕਾਂ ਨੂੰ ਮੁਸੀਬਤ ਵਿੱਚ ਪਾਉਣ ਲਈ ਸੋਚਿਆ ਜਾ ਰਿਹਾ ਹੈ। ਇਸ ਤਰੀਕੇ ਨਾਲ ਵੋਟਰਾਂ ਤੇ ਰੋਹਬ ਪਾਉਣਾ ਚਾਹੁੰਦੇ ਹਨ। ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਇਹ ਕਹਿੰਦੇ ਹਨ ਕਿ ਤੁਸੀਂ ਘਟ ਵੋਟ ਦਿਤੇ ਹਨ। ਇਸ ਲਈ ਅਸੀਂ ਤੁਹਾਡੀ ਅਦਲਾ ਬਦਲੀ ਕਰਨੀ ਹੈ। ਪਤਾ ਨਹੀਂ ਇਹ ਸਰਕਾਰ ਕਿਧਰ ਤੁਰਦੀ ਹੈ।

ਜਾਂਦੀ ਗੰਗਾ ਨੂੰ ਰਾਹ ਪੈ ਗਈ ਮੜ੍ਹੀਆਂ ਦੇ।

ਸਪੀਕਰ ਸਾਹਿਬ, ਫਿਰ ਇਨ੍ਹਾਂ ਨੇ ਹਰੀਜਨਾ ਦੇ ਸਿਲਸਲੇ ਵਿਚ ਸੁਆਲ ਉਠਾਇਆ। ਮੈਂ ਅਰਜ਼ ਕਰਾਂ ਕਿ ਬਾਬਲਕਾ ਪਿੰਡ ਜ਼ਿਲਾ ਜਲੰਧਰ ਵਿਚ ਇਕ ਪੂਰੇ ਹਰੀਜਨ ਘਰਾਨੇ ਦਾ ਬੜਾ ਬੇਦਰਦੀ ਨਾਲ ਖੂਨ ਹੋ ਗਿਆ। ਉਹ ਬੜਾ ਖਾਂਦਾ ਪੀਂਦਾ ਘਰਾਨਾ ਸੀ। ਚੰਗੀ ਆਮਦਨੀ ਸੀ ਉਨ੍ਹਾਂ ਦੀ। ਬੜੀ ਸੋਹਣੀ ਗੁਜ਼ਰਾਨ ਚਲ ਰਹੀ ਸੀ। ਪਤਾ ਲਗਾ ਕਿ ਉਨ੍ਹਾਂ ਦਾ ਲੜਕਾ ਜਲੰਧਰ ਰੁਪਏ ਕਢਾਣ ਲਈ ਗਿਆ ਹੋਇਆ ਸੀ ਬਾਅਦ ਵਿਚ ਮੈਨੂੰ ਪਤਾ ਲਗਾ ਕਿ ਉਸ ਘਰਾਨੇ ਦਾ ਖੂਨ ਹੋ ਗਿਆ। ਜਦੋਂ ਕਨਸਰਨਡ ਅਥਾਰਟੀ ਨੂੰ ਵਾਰਦਾਤ ਦੀ ਤਫਤੀਸ਼ ਦੇ ਬਾਰੇ ਪੁਛਿਆ ਗਿਆ ਤਾਂ ਕਿਹਾ ਕਿ ਖ਼ੁਦਕਸ਼ੀ ਕਰ ਲਈ ਹੈ। ਇਕ ਗਵਾਹ ਉਨ੍ਹਾਂ ਨੇ ਬਣਾਇਆ ਤੇ ਉਸ ਨੇ ਕਹਿ ਦਿਤਾ ਕਿ ਭੁਖੇ ਰਹਿੰਦੇ ਸੀ ਤੇ ਖਾਣ ਨੂੰ ਕੁਝ ਨਹੀਂ ਸੀ ਮਿਲਦਾ ਇਸ ਕਰਕੇ ਖ਼ੁਦਕਸ਼ੀ ਕਰ ਲਈ ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਜਲੰਧਰ ਦੇ ਇਲਾਕੇ ਵਿਚ ਕੋਈ ਹਰੀਜਨ ਨਹੀਂ ਜਿਹੜਾ ਭੁਖਾ ਮਰਦਾ ਹੋਵੇ। ਉਹ ਸਾਰੇ ਕਿਰਤੀ ਹਨ, ਮਿਹਨਤੀ ਹਨ ਅਤੇ ਚੰਗੇ ਕਾਰੋਬਾਰ ਵਿਚ ਲਗੇ ਹੋਏ ਹਨ। ਕੋਈ ਵੀ ਆਦਮੀ ਖੜਾ ਹੋ ਕੇ ਇਹ ਕਹਿ ਦੇਵੇ ਕਿ ਜਲੰਧਰ ਵਿਚ ਫਲਾਂ ਆਦਮੀ ਆਪਣਾ ਪੇਟ ਭਰਨ ਲਈ ਰੋਟੀ ਨਹੀਂ ਕਮਾ ਸਕਦਾ। ਜਿਥੇ ਅਜਿਹੀ ਹਾਲਤ ਹੋਵੇ ਕਿ ਉਥੇ ਇਕ ਚੰਗਾ ਖਾਂਦਾ ਪੀਂਦਾ ਘਰਾਨਾ ਖੁਦਕਸ਼ੀ ਕਰ ਸਕਦਾ ਹੈ? ਇਹ ਬਿਲਕੁਲ ਗਲਤ ਔਰ ਪੁਲੀਸ ਦੀ ਗਲਤ ਬਿਆਨੀ ਹੈ ਕਿ ਉਨ੍ਹਾਂ ਨੇ ਖੁਦਕਸ਼ੀ ਕਰ ਲਈ। ਸਪੀਕਰ ਸਾਹਿਬ, ਮੈਨੂੰ ਬੜਾ ਦੁਖ ਹੁੰਦਾ ਹੈ ਕਿ ਇਹ ਅਜਿਹੇ ਕੇਸ ਦੀ ਤਫਤੀਸ਼ ਤਕ ਨਹੀਂ ਕਰਾ ਸਕਦੇ। ਇਹ ਹੀ ਨਹੀਂ, ਸਪੀਕਰ ਸਾਹਿਬ ਇਕ ਪਿੰਡ ਵਿਚ ਬਾਲਮੀਕੀ ਦੇ ਘਰ ਕੁਝ ਗੁੰਡਿਆਂ ਨੇ ਹਮਲਾ ਕਰ ਦਿਤਾ ਅਤੇ ਤਖ਼ਤੇ ਭੰਨ ਕੇ ਉਸਦੇ ਘਰ ਵੱੜ ਗਏ। ਅਤੇ ਉਨ੍ਹਾਂ ਦੀ ਬੜੀ ਬੇਇਜ਼ਤੀ ਕੀਤੀ ਤੇ ਨਾਲੇ ਕੁਟਿਆ ਵੀ। ਜਦੋਂ ਉਹ ਪੁਲੀਸ ਕੋਲ ਰਿਪੋਰਟ ਲਈ ਗਏ ਤਾਂ ਜਿਨੇ ਵੀ ਪਿਠ ਤੇ ਸ਼ਹਿਰ ਦੇ ਜਥੇਦਾਰ ਸਨ ਸਾਰੇ ਇਕਠੇ ਹੋ ਕੇ ਥਾਣੇ ਵਿਚ ਪਹੁੰਚ ਗਏ। ਕਹਿਣ ਲਗੇ ਕਿ ਕੀ ਹੋ ਗਿਆ ਜੇ ਇਕ ਬਾਲਮੀਕੀ ਨੂੰ ਕੁਟ ਦਿਤਾ? ਪੁਲੀਸ ਵਾਲਿਆਂ ਨੇ ਵੀ ਬਾਲਮੀਕੀ ਨੂੰ ਧਮਕਾ ਕੇ ਵਾਪਸ ਭੇਜ ਦਿਤਾ ਤੇ ਉਸਦੀ ਰਿਪੋਰਟ ਤਕ ਦਰਜ ਨਾ ਹੋਈ। ਇਹ ਹੈ ਇਨ੍ਹਾਂ ਦੇ ਲਾਅ ਐਂਡ ਆਰਡਰ ਦੀ ਹਾਲਤ ਅਤੇ ਹਰੀਜਨਾਂ ਦੀ ਭਲਾਈ ਦਾ ਕੰਮ। (ਸ਼ੋਰ)

ਸ਼ੂਗਰ ਮਿਲ ਦੇ ਵਿੱਚ ਕੇਨ ਦੇ ਸਿਲਸਲੇ ਵਿਚ ਸਰਦਾਰ ਕੁਲਵੰਤ ਸਿੰਘ ਹੋਰੀਂ ਗਏ ਹਨ। ਮੈਂ ਵੀ ਤਕਦਾ ਸੀ ਮੈਂ ਜਾਵਾਂ ਤੇ ਗ੍ਰਿਫ਼ਤਾਰੀ ਦੇ ਦਿਆਂ। ਮੈਂ ਔਰ ਕੇ-ਪੀ ਸਾਹਿਬ ਗਏ ਅਤੇ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਕੋਆਪ੍ਰੇਟਿਵ ਰਜਿਸਟਰਾਰ ਨੂੰ ਪੁਛਿਆ ਤੇ ਉਹ ਕਹਿਣ ਲਗਾ ਕਿ ਇਸ ਮਿਲ ਵਿਚ 7 ਫੀਸਦੀ ਰਿਕਵਰੀ ਹੈ, ਬਟਾਲੇ ਵਿਚ 8 ਫ਼ੀਸਦੀ ਹੈ, ਮਿਲ ਵਾਲੇ 9 ਰੁਪਏ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ]

ਦਿੰਦੇ ਹਨ ਤੇ ਮੋਰਿੰਡਾ ਵਿਚ 7.37 ਰੁਪਏ ਇਕ ਕੁਐਂਟਲ ਦੇ ਹਨ। ਮੈਂ ਅਰਜ਼ ਕਰਾਂ ਕਿ ਅਸਲ ਰਿਕਵਰੀ ਨੂੰ ਪ੍ਰਾਈਸ ਨਾਲ ਲਿੰਕ ਕਰ ਦਿਤਾ ਜਾਏ। ਨਾ ਇਹ ਝਗੜੇ ਰਹਿਣ ਤੇ ਨਾ ਹੀ ਮੈਂਬਰ ਜਾ ਕੇ ਗ੍ਰਿਫਤਾਰ ਹੋਣ। ਭੋਗਪੁਰ ਮਿਲ ਦੇ 13–14 ਹਜ਼ਾਰ ਹਿਸੇਦਾਰ ਹਨ। ਮੈਂ ਵੀ ਮਿਲ ਦਾ ਹਿਸੇਦਾਰ ਹਾਂ। ਉਹ ਦਸ ਰੁਪਏ ਜ਼ਮੀਂਦਾਰ ਨੂੰ ਦਿੰਦੇ ਸਨ। ਜੇ 7. ਫੀਸਦੀ ਖੰਡ ਨਿਕਲਦੀ ਹੈ ਤਾਂ ਇਸ ਵਿਚ ਜ਼ਮੀਂਦਾਰ ਦਾ ਕੀ ਕਸੂਰ ਹੈ। ਇਹ ਤਾਂ ਮਹਿਕਮੇ ਦਾ ਕਸੂਰ ਹੈ। ਕਿਉਂ ਨਹੀਂ ਉਨ੍ਹਾਂ ਨੇ ਸਮੇ ਸਿਰ ਗੰਨੇ ਨੂੰ ਸਪਰੇ ਕੀਤਾ, ਗੰਨੇ ਨੂੰ ਬੀਮਾਰੀ ਤੋਂ ਕਿਉਂ ਨਹੀਂ ਬਚਾਇਆ ? ਜੇ ਮਹਿਕਮੇ ਵਾਲੇ ਠੀਕ ਢੰਗ ਨਾਲ ਕੰਮ ਕਰਨ ਤਾਂ ਕਿਉਂ ਉਥੇ ਜਾ ਕੇ ਲੋਕ ਗ੍ਰਿਫਤਾਰੀਆਂ ਦੇਣ। ਅਗੇ ਪੁਲੀਸ ਦੀ ਗੱਲ ਸੁਣ ਲੌ। ਉਹ ਉਨ੍ਹਾਂ ਲੋਕਾਂ ਨਾਲ ਕਿੰਨਾ ਬੁਰਾ ਸਲੂਕ ਕਰਦੇ ਹਨ। ਉਨ੍ਹਾਂ ਦੀਆਂ ਪਗਾਂ ਉਤਾਰੀਆਂ ਗਈਆਂ, ਜਥੇਦਾਰਾਂ ਦੀਆਂ ਦਾੜ੍ਹੀਆਂ ਨੋਚੀਆਂ ਗਈਆਂ। ਅਜਿਹੀ ਹਾਲਤ ਵੇਖ ਕੇ ਮੈਨੂੰ ਕਹਿੰਦੇ ਹੋਏ ਵੀ ਸ਼ਰਮ ਆਉਂਦੀ ਹੈ। ਮੈਂ ਅਰਜ਼ ਕਰਾਂ ਕਿ ਉਥੇ ਮੌਕੇ ਤੇ ਇਨ੍ਹਾਂ ਹਾਲਾਤ ਦੀ ਤਫਤੀਸ਼ ਹੋਣੀ ਚਾਹੀਦੀ ਹੈ ਤੇ ਮਿਲ ਵਿਚ ਕੇਨ ਦੀ ਅੱਛੀ ਕੀਮਤ ਮੁਕਰੱਰ ਕਰਨੀ ਚਾਹੀਦੀ ਹੈ। ਮੈਨੂੰ ਇਹ ਵੀ ਪਤਾ ਲਗਾ ਹੈ ਕਿ ਪਹਿਲਾਂ ਮਿਲ ਵਿਚ 10 ਰੁਪਏ ਜ਼ਮੀਂਦਾਰ ਨੂੰ ਦਿਤੇ ਜਾਂਦੇ ਸਨ, ਪਰ ਜਦ ਦੀ ਇਹ ਸਰਕਾਰ ਆਈ ਹੈ ਉਸ ਦਿਨ ਤੋਂ 9 ਰੁਪਏ ਹੋ ਗਏ ਹਨ। ਅਗਰ ਇਹ ਚੀਜ਼ ਠੀਕ ਹੈ ਤਾਂ ਬੜੀ ਸ਼ਰਮ ਦੀ ਗਲ ਹੈ, ਇਹ ਨਹੀਂ ਹੋਣਾ ਚਾਹੀਦਾ। (At this stage Sardar Shashpal Singh, a member of the Panel of Chairmen, occupied the Chair.)

ਚੇਅਰਮੈਨ ਸਾਹਿਬ ਇਹੀ ਗਲ ਨਹੀਂ। ਜਲੰਧਰ ਵਿਚ ਸਹਿਗਲ ਮੈਮੋਰੀਅਲ ਬਣਿਆ ਹੈ। ਉਸਦੇ ਵਾਸਤੇ ਰੰਗ-ਰਤਨ ਕੀਤੇ ਹਨ। ਉਥੇ ਟੰਡਨ ਸਾਹਿਬ ਵੀ ਗਏ ਹੋਣਗੇ (ਸ਼ੋਰ) ਚੇਅਰਮੈਨ ਸਾਹਿਬ ਉਥੇ ਸਹਿਗਲ ਮੈਮੋਰੀਅਲ ਦੇ ਵਾਸਤੇ ਫੰਡ ਇੱਕਠਾ ਕੀਤਾ ਗਿਆ। ਹਰ ਮੋਟਰ, ਹਰ ਟਰਕ ਅਤੇ ਹਰ ਇੰਡਸਟਰੀ ਵਾਲੇ ਕੋਲੋਂ ਜ਼ਬਰਦਸਤੀ ਚੰਦੇ ਲਏ ਗਏ। ਜਿਨ੍ਹਾਂ ਕੋਲੋਂ ਪੰਜ ਪੰਜ ਸੌ ਚੰਦਾ ਲਿਆ ਗਿਆ ਉਨ੍ਹਾਂ ਨੂੰ ਨੀਚੇ ਬਿਠਾਇਆ ਗਿਆ ਤੇ ਬਾਕੀ ਕੁਰਸੀਆਂ ਤੇ ਬੈਠੇ। ਇਸ ਫੰਡ ਦੇ ਸਿਲਸਲੇ ਵਿਚ ਉਥੇ ਇਕ ਸਕੈਂਡਲ ਬਣਿਆਂ ਹੋਇਆ ਹੈ। ਓਸਦੀ ਤਫਤੀਸ਼ ਕਰਨੀ ਚਾਹੀਦੀ ਹੈ।

ਇਥੇ ਹੀ ਨਹੀਂ ਕਲ ਮੇਰੇ ਇਕ ਦੋਸਤ ਨੇ ਕਿਹਾ ਸੀ ਕਿ ਇਥੇ ਤਾਂ ਬਟੇਰਾਂ ਵਾਲੀ ਗਲ ਹੈ, ਜਿਸ ਤਰ੍ਹਾਂ ਇਕ ਬਟੇਰ ਲੜਾਉਣ ਵਾਲਾ ਕਣਕ ਵਿਚ ਇਕ ਬਟੇਰ ਛੱਡ ਦਿੰਦਾ ਹੈ ਅਤੇ ਉਹ ਬਾਕੀਆਂ ਨੂੰ ਘੇਰ ਕੇ ਲੈ ਆਉਂਦਾ ਹੈ। ਇਸੇ ਤਰ੍ਹਾਂ ਇਕ ਬਟੇਰ ਅਕਾਲੀਆਂ ਨੇ ਛਡਿਆ (ਸ਼ੋਰ) (ਵਿਘਨ) ਤੇ ਉਹ ਆਪਣੇ ਨਾਲ ਬਾਕੀਆਂ ਨੂੰ ਘੇਰ ਕੇ ਲੈ ਗਿਆ।

"ਕੁਕੜ ਕਾਂ ਕੰਬੋ ਕਬੀਲਾ ਪਾਲਦਾ,
ਜਟ ਮੈਹਾਂ ਸੰਸਾਰ ਕਬੀਲਾ ਗਾਲਦਾ।

ਵਾਲੀ ਗਲ ਹੈ (ਸ਼ੋਰ) (ਵਿਘਨ) ਕੰਬੋਆਂ ਦੀਆਂ ਵੋਟਾਂ ਮਿਲ ਗਈਆਂ ਤੇ ਜਿਤ ਗਿਆ। ਇਸ ਵਿਚ ਖੂਬੀ ਕਾਹਦੀ ਹੈ। ਕਲ ਕਿਹਾ ਸੀ ਕਿ ਡਿਫੈਕਸ਼ਨ ਨਹੀਂ ਹੋਣੀ ਚਾਹੀਦੀ। ਪਹਿਲਾਂ ਇਸ

Original with;
Punjab Vidhan Sabha
Digitized by;
Panjab Digital Library

ਨੇ ਕੀਤੀ। ਕਾਂਗਰਸ ਇਸ ਦੀ ਬੜੀ ਕਦੱਰ ਕਰਦੀ ਸੀ, ਲੇਕਿਨ ਲਾਲਚ ਵਿਚ ਆ ਕੇ ਉਹ ਉਧਰ ਚਲਾ ਗਿਆ। ਮੈਂ ਕਾਂਗਰਸ ਹਾਈ ਕਮਾਂਡ ਨੂੰ ਵਧਾਈ ਦਿੰਦਾ ਹਾਂ ਕਿ ਉਸਨੇ ਇਨ੍ਹਾਂ ਨੂੰ ਮਿਡਟਰਮ ਇਲੈਕਸ਼ਨਾ ਵਿਚ ਟਿਕਟ ਨਹੀਂ ਦਿਤੀ। ਮੈਨੂੰ ਅਫਸੋਸ ਹੁੰਦਾ ਹੈ ਕਿ ਜਿਨ੍ਹਾਂ ਨੂੰ ਅਸੀਂ ਟਿਕਟਾਂ ਨਹੀਂ ਦਿਤੀਆਂ, ਤੁਸੀਂ ਉਨ੍ਹਾਂ ਨੂੰ ਟਿਕਟਾਂ ਦੇ ਕੇ ਕਾਮਯਾਬ ਕੀਤਾ।

ਚੇਅਰਮੈਨ ਸਾਹਿਬ, ਮੈਂ ਹੁਣ ਐਗਰੀਕਲਚਰ ਜਾਂ ਖੇਤੀਬਾੜੀ ਦੇ ਮੁਤਅੱਲਕ ਦਸਾਂਗਾ।

ਕੋਆਪਰੇਟਿਵ ਸੋਸਾਈਟੀਆਂ ਰਾਹੀਂ ਖਾਦ ਲਈ 35 ਕਰੋੜ ਰੁਪਿਆ ਰਖਿਆ ਜਾਣਾ ਹੈ। ਪਰ ਇਹ ਸੋਸਾਈਟੀਆਂ ਡੀਫਾਲਟਰ ਹਨ। ਕੋਅਪਰੇਟਿਵ ਸੋਸਾਈਟੀਆਂ ਰਾਹੀਂ ਛੋਟਿਆਂ ਜ਼ਮੀਂਦਾਰਾਂ ਨੂੰ ਖਾਦ ਨਹੀਂ ਮਿਲਦੀ। ਵਡੇ ਵਡੇ ਜ਼ਿਮੀਂਦਾਰ ਲੈ ਜਾਂਦੇ ਹਨ। ਇਸ ਦਾ ਇਲਾਜ ਕਰਨ ਚਾਹੀਦਾ ਹੈ। (ਵਿਘਨ) ਮੈਂ ਜਾਣਦਾ ਹਾਂ ਕਿ ਸਰਦਾਰ ਜਸਦੇਵ ਸਿੰਘ ਆਲੂ ਬੀਜਦਾ ਹੈ, ਸਰਦਾਰ ਉਮਰਾਓ ਸਿੰਘ ਆਲੂ ਬੀਜਦਾ ਹੈ ਕਾਮਰੇਡ ਕੁਲਵੰਤ ਸਿੰਘ, ਜੋ ਕਮਿਊਨਿਸਟ ਮੈਂਬਰ ਹੈ 100 ਏਕੜ ਵਿਚ ਆਲੂ ਬੀਜਦਾ ਹੈ। ਇਹੀ ਸਾਰੀ ਖਾਦ ਲੈ ਜਾਂਦੇ ਹਨ, ਗਰੀਬ ਕਿਸਾਨ ਨੂੰ ਖਾਦ ਨਹੀਂ ਮਿਲਦੀ। ਕੋਅਪਰੇਟਿਵ ਸੋਸਾਇਟੀਆਂ ਡੀਫਾਲਟਰ ਹਨ। ਮੈਨੂੰ ਤਾਂ ਦੁਖ ਹੈ ਕਿ ਗਵਰਨਰ ਸਾਹਿਬ ਨੇ ਇਸ ਗਲ ਦਾ ਜ਼ਿਕਰ ਨਹੀਂ ਕੀਤਾ। ਇਸ ਵਿਚ ਬੀਜ ਬਾਰੇ ਵੀ ਕੋਈ ਗਲ ਨਹੀਂ ਕੀਤੀ ਗਈ। ਸਭ ਨੂੰ ਪਤਾ ਹੈ ਕਿ ਇਸ ਸਿਲਸਿਲੇ ਵਿਚ ਕਿੰਨਾ ਸਕੈਂਡਲ ਬਣਿਆ ਹੋਇਆ ਹੈ। ਇਕ ਫਰਜ਼ੀ ਜਿਹਾ ਬੀਜ ਜਿਸ ਦਾ ਨਾਮ ਟ੍ਰਿਪਲ ਡਵਾਰਫ ਦਸਿਆ ਜਾਂਦਾ ਹੈ। ਚਾਰ ਪੰਜ ਸੌ ਰੁਪਏ ਕਿਲੋ ਵਿਕਦਾ ਰਿਹਾ ਹੈ। ਇਸ ਬਾਰੇ ਕਲ ਕੌਂਸਲ ਵਿਚ ਬਹਿਸ ਹੋਈ ਹੈ। ਮੈਨੂੰ ਪਤਾ ਹੈ ਕਿ ਪਿਛਲੇ ਸਾਲ ਸਰਕਾਰ ਨੇ ਹਾਈਬ੍ਰਿਡ ਮੇਜ਼ ਦਾ ਬੀਜ ਬੋਰੀਆਂ ਵਿਚ ਬੰਦ ਕਰਕੇ ਬੇਚਿਆ ਸੀ, ਉਹ ਕਿੰਨਾ ਨਿਕੰਮਾ ਨਿਕਲਿਆ। ਉਹ ਸਿਰਫ 25% ਹੀ ਉਗਿਆ ਅਤੇ ਸਿਰਫ 10% ਛੱਲੀਆਂ ਉਸ ਤੋਂ ਪਰਾਪਤ ਹੋਈਆਂ। ਕਿਸਾਨਾਂ ਦਾ ਨੁਕਸਾਨ ਹੋਇਆ ਗਵਰਨਰ ਸਾਹਿਬ ਨੇ ਇਸ ਗਲ ਦਾ ਵੀ ਜ਼ਿਕਰ ਨਹੀਂ ਕੀਤਾ। (ਵਿਘਨ) ਫਿਰ ਸਪੀਕਰ ਸਾਹਿਬ ਇਸ ਐਡਰੈਸ ਵਿਚ ਸੇਮ ਦਾ ਵੀ ਜ਼ਿਕਰ ਨਹੀਂ ਕੀਤਾ ਹੋਇਆ। ਇਸ ਬਾਰ ਬਾਰਿਸ਼ ਘਟ ਹੋਈ ਹੈ ਇਸ ਲਈ ਇਹ ਸਮਝਦੇ ਹਨ ਕਿ ਸੇਮ ਨਹੀਂ ਹੈ। ਮਗਰ ਸੇਮ ਹੈ ਅਤੇ ਅਗਰ ਇਸ ਸਾਲ ਮੀਂਹ ਜ਼ਿਆਦਾ ਹੋ ਗਏ ਤਾਂ ਸੇਮ ਵਧ ਜਾਣੀ ਹੈ ਅਤੇ ਜ਼ਮੀਨ ਦੀ ਹਾਲਤ ਖਰਾਬ ਹੋ ਜਾਣੀ ਹੈ ਗਵਰਨਰ ਸਾਹਿਬ ਨੇ ਇਸ ਦਾ ਵੀ ਜ਼ਿਕਰ ਨਹੀਂ ਕੀਤਾ।

ਚੇਅਰਮੈਨ ਸਾਹਿਬ, ਇਸ ਵਿਚ ਕਿਹਾ ਗਿਆ ਹੈ ਕਿ ਕਣਕ ਦਾ ਭਾਅ ਠੀਕ ਰਖਾਂਗਾ। ਮਗਰ ਇਸ ਨੂੰ ਖਰੀਦੇਗਾ ਕੌਣ। ਇਸ ਵਿਚ ਸਟੇਟ ਟ੍ਰੇਡਿੰਗ ਤਾਂ ਜ਼ਿਕਰ ਨਹੀਂ ਕੀਤਾ ਗਿਆ ਇਸ ਦਾ ਜ਼ਿਕਰ ਇਨ੍ਹਾਂ ਨੇ ਟੰਡਨ ਸਾਹਿਬ ਤੋਂ ਡਰਦੇ ਹੋਏ ਨਹੀਂ ਕੀਤਾ। ਜ਼ਿਮੀਂਦਾਰ ਨੂੰ ਉਸ ਦੀ ਉਪਜ ਦਾ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਇਹ ਸਟੇਟ ਟ੍ਰੇਡਿੰਗ ਬਿਨਾ ਨਹੀਂ ਹੋ ਸਕਦਾ।

ਇਸ ਵਿਚ ਪੰਚਾਇਤਾਂ ਅਤੇ ਪੰਚਾਇਤੀ ਰਾਜ ਦਾ ਜ਼ਿਕਰ ਹੈ। ਇਕ ਦੋਸਤ ਨੇ ਪੰਚਾਇਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ]

ਦੀ ਮੁਖਾਲਫਤ ਕੀਤੀ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਅਦਾਰਿਆਂ ਨੇ ਬਹੁਤ ਕੰਮ ਕੀਤਾ ਹੈ। ਆਪ ਨੇ ਦੇਖਿਆ ਕਿ ਇਨ੍ਹਾਂ ਨੇ ਚੀਨ ਦੀ ਜੰਗ ਵਿਚ ਕਿੰਨਾ ਕੰਮ ਕੀਤਾ। ਪਾਕਿਸਤਾਨ ਦੀ ਜੰਗ ਵਿਚ ਕਿੰਨਾ ਕੰਮ ਕੀਤਾ। ਫਿਰ ਇਨ੍ਹਾਂ ਅਦਾਰਿਆਂ ਨੇ ਨਵੀਂ ਲੀਡਰਸ਼ਿਪ ਪੈਦਾ ਕੀਤੀ ਹੈ। ਸਾਡੇ ਸਪੀਕਰ ਸਾਹਿਬ ਵੀ ਇਨ੍ਹਾਂ ਅਦਾਰਿਆਂ ਵਿਚੋਂ ਆਏ ਹਨ। (ਵਿਘਨ) ਸਰਦਾਰ ਜਸਦੇਵ ਸਿੰਘ ਵੀ ਪੰਚਾਇਤ ਸੰਮਤੀ ਵਿਚੋਂ ਹੀ ਆਇਆ ਹੈ। ਇਨ੍ਹਾਂ ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਨੇ ਨਵੀਂ ਲੀਡਰਸ਼ਿਪ ਨੂੰ ਜਨਮ ਦਿਤਾ ਹੈ। ਜਦੋਂ ਅਸੀਂ ਇਹ ਪੰਚਾਇਤ ਸੰਮਤੀਆਂ ਆਦਿ ਦਾ ਬਿਲ ਬਣਾਇਆ ਸੀ ਤਾਂ ਨੌਕਰਸ਼ਾਹੀ ਨੇ ਇਸਦੀ ਮੁਖਾਲਫਤ ਕੀਤੀ ਸੀ ਸਾਨੂੰ ਉਸ ਵੇਲੇ ਪੰਚਾਇਤ ਸੰਮਤੀਆਂ ਤਸੀਲ ਲੈਵਲ ਤੇ ਹੀ ਬਣਾਉਣੀਆਂ ਪਈਆਂ ਸਨ ਤਾਕਿ ਨੌਕਰਸ਼ਾਹੀ ਨੂੰ ਕੁਝ ਸੈਟਿਸਫਾਈ ਕਰ ਸਕੀਏ ਅਤੇ ਫਿਰ ਦਾਅ ਲਗਣ ਤੇ ਬਲਾਕਵਾਈਜ਼ ਬਣਾਈਆਂ ਮੈਨੂੰ ਅਫਸੋਸ ਹੈ ਕਿ ਇਸ ਵੇਲੇ ਚੀਫ ਮਨਿਸਟਰ ਸਾਹਿਬ ਇਥੇ ਹਾਜ਼ਰ ਨਹੀਂ ਹਨ। ਇਹ ਵੀ ਜੁਡੀਸ਼ਰੀ ਵਿਚੋਂ ਹੀ ਆਏ ਹਨ। ਮੁਮਕਿਨ ਹੈ ਇਨ੍ਹਾਂ ਦੇ ਮਨ ਵਿਚ ਉਸ ਵੇਲੇ ਹੀ ਹੋਵੇ ਕਿ ਪੰਚਾਇਤ ਸੰਮਤੀਆਂ ਨਾ ਬਣਨ। ਸਾਰਾ ਕਾਰੋਬਾਰ ਨੌਕਰਸ਼ਾਹੀ ਦੇ ਹਥ ਵਿਚ ਹੀ ਰਹੇ। ਚੇਅਰਮੈਨ ਸਾਹਿਬ ਆਪ ਨੂੰ ਪਤਾ ਹੋਵੇਗਾ ਕਿ ਇਨ੍ਹਾਂ ਅਦਾਰਿਆਂ ਨੇ ਸੜਕਾਂ ਬਨਾਉਣ ਦੇ ਕ੍ਰੈਸ਼ ਪ੍ਰੋਗ੍ਰਾਮ ਵਿਚ ਕਿੰਨਾ ਹਿਸਾ ਪਾਇਆ। ਹਰ ਇਕ ਸੰਮਤੀ 30-35 ਮੀਲ ਦੀਆਂ ਸੜਕਾਂ ਤੇ ਮਿਟੀ ਪਾਉਣ ਦਾ ਕੰਮ ਕੀਤਾ। ਅਗਰ ਕਹੋ ਕਿ ਪਾਰਟੀਬਾਜ਼ੀ ਹੈ ਤਾਂ ਇਹ ਤਾਂ ਹਰ ਥਾਂ ਹੈ, ਅਸੈਂਬਲੀ ਵਿਚ ਵੀ ਹੈ, ਮਿਉਨਿਸਪੈਲਟੀਆਂ ਵਿਚ ਵੀ ਹੈ। ਜਲੰਧਰ ਦੀ ਮਿਉਨਿਸਪੈਲੇਟੀ ਜੋ ਅੰਮ੍ਰਿਤਸਰ ਨੂੰ ਛਡ ਕੇ ਪੰਜਾਬ ਵਿਚ ਦੂਜੇ ਦਰਜੇ ਤੇ ਸੀ ਇਸ ਕਰਕੇ ਤੋੜਨੀ ਪਈ। ਸੋ ਪਾਰਟੀਬਾਜ਼ੀ ਕਿਥੇ ਨਹੀਂ ਹੈ? ਇਸ ਲਈ ਅਗਰ ਸਰਕਾਰ ਨੇ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਨੂੰ ਤੋੜਨ ਦੀ ਗਲ ਕੀਤੀ ਤਾਂ ਪਿੰਡਾਂ ਦੇ ਲੋਕ ਸਮਝਣਗੇ ਕਿ ਉਨ੍ਹਾਂ ਦੇ ਸਿਆਸੀ ਹਕਾਂ ਤੇ ਛਾਪਾ ਮਾਰਿਆ ਗਿਆ ਹੈ। (ਵਿਘਨ)

**ਸ੍ਰੀ ਸਭਾਪਤੀ :** ਆਪ ਦੇ ਪੰਜ ਮਿੰਟ ਰਹਿ ਗਏ ਹਨ। (Only five minutes are left at the disposal of the hon. Member.)

**ਸਰਦਾਰ ਗੁਰਬੰਤਾ ਸਿੰਘ :** ਬਹੁਤ ਅਛਾ ਜੀ। ਅਗਰ ਮੈਂ ਕੁਝ ਜ਼ਿਆਦਾ ਸਮਾਂ ਲੈ ਵੀ ਲਵਾਂ ਤਾਂ ਆਪ ਮੇਰੀ ਪਾਰਟੀ ਦੇ ਟਾਈਮ ਵਿਚੋਂ ਕਟ ਲੈਣਾ। ਪੰਚਾਇਤਾਂ ਵਿਚ ਅਗਰ ਕੋਈ ਨੁਕਸ ਹਨ ਤਾਂ ਉਹ ਦੂਰ ਕੀਤੇ ਜਾਣ। ਇਹ ਅਬਾਲਿਸ਼ ਨਹੀਂ ਹੋਣੀਆਂ ਚਾਹੀਦੀਆਂ। ਨਾ ਹੀ ਅਸੀਂ ਕਰਨ ਦਿਆਂਗੇ। ਅਗਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਪਿੰਡਾਂ ਦੀ ਜਨਤਾ ਤੁਹਾਨੂੰ ਟੁਟ ਕੇ ਪੈ ਜਾਵੇਗੀ। ਇਹ ਸੰਸਥਾਵਾਂ ਪਿੰਡਾਂ ਦੀ ਬਿਹਤਰੀ ਲਈ ਹਨ। ਉਨ੍ਹਾਂ ਦੀ ਤਰਕੀ ਲਈ ਕੰਮ ਕਰਦੀਆਂ ਹਨ। ਨਵੀਂ ਲੀਡਰਸ਼ਿਪ ਬਣਾਉਂਦੀਆਂ ਹਨ। ਇਨ੍ਹਾਂ ਸੰਸਥਾਵਾਂ ਨੂੰ ਤਾਂ ਸਗੋਂ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ।

ਇਨ੍ਹਾਂ ਨੇ ਚੇਅਰਮੈਨ ਸਾਹਿਬ, ਹਰੀਜਨਾਂ ਲਈ 25 ਲਖ ਰੁਪਿਆ ਰਖ ਕੇ ਬੜੀ ਹਾਤਮਤਾਈ ਦੀ ਕਬਰ ਤੇ ਲਤ ਮਾਰੀ ਹੈ। ਟੰਡਨ ਸਾਹਿਬ ਨੇ ਕਿਹਾ ਇਸ ਨਾਲ ਉਨ੍ਹਾਂ ਦਾ

Original with;
Punjab Vidhan Sabha
Digitized by;
Panjab Digital Library

ਬੜਾ ਭਲਾ ਹੋ ਜਾਵੇਗਾ। ਚੇਅਰਮੈਨ ਸਾਹਿਬ ਮੈਂ ਅਰਜ਼ ਕਰਾਂ ਕਿ 3-4 ਲਖ ਏਕੜ ਨਾਕਸ ਜ਼ਮੀਨ ਸੀ ਜੋ ਸਿਰਫ ਹਰੀਜਨਾਂ ਨੂੰ ਹੀ ਨੀਲਾਮ ਹੁੰਦੀ ਸੀ ਇਹ ਇਨ੍ਹਾਂ ਨੇ ਬੰਦ ਹੀ ਕਰ ਦਿਤਾ ਹੈ। ਇਹ ਗਲਤ ਗਲ ਕੀਤੀ ਹੈ। ਹੋਰ ਵੀ ਇਨ੍ਹਾਂ ਨੇ ਹਰੀਜਨਾਂ ਦੇ ਹਕਾਂ ਤੇ ਛਾਪਾ ਮਾਰਿਆ ਹੈ। ਜਿਹੜੇ ਕਾਲੀਆ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਇਥੇ ਹਰੀਜਨਾਂ ਦੀ ਗਲ ਕਰਦੇ ਸੀ ਉਹ ਹੁਣ ਇਥੇ ਨਹੀਂ ਹਨ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਹਰੀਜਨਾਂ ਦੇ ਹੱਕਾਂ ਤੇ ਕਿਸ ਤਰ੍ਹਾਂ ਛਾਪਾ ਮਾਰਿਆ ਗਿਆ ਹੈ। ਇਸ ਗਲ ਦਾ ਜ਼ਿਕਰ ਵੀ ਗਵਰਨਰ ਸਾਹਿਬ ਦੇ ਐਡ੍ਰੈਸ ਵਿਚ ਨਹੀਂ ਆਇਆ। ਇਹ ਐਲਾਨ ਕਰ ਦਿਤਾ ਗਿਆ ਕਿ 1965 ਤਕ ਨਿਕਾਸੀ ਜ਼ਮੀਨ ਪਰ ਜਿਸਦਾ ਕਬਜ਼ਾ ਹੈ ਉਹੀ ਉਸ ਦਾ ਮਾਲਕ ਹੋਵੇਗਾ। ਇਹ ਹਰੀਜਨਾਂ ਦੇ ਹੱਕਾਂ ਤੇ ਛਾਪਾ ਹੈ। ਇਕ ਜ਼ਮੀਨ ਹੋਰਨਾਂ ਨੂੰ ਦਿਤੀ ਜਾ ਰਹੀ ਹੈ। ਇਸ ਤੋਂ ਅਲਾਵਾ ਮਕਾਨਾਂ ਲਈ ਜ਼ਮੀਨ ਹਰੀਜਨਾਂ ਨੂੰ ਲੈਕੇ ਦੇਣ ਦੀ ਸਕੀਮ ਵੀ ਇਸ ਸਰਕਾਰ ਨੇ ਬੰਦ ਕਰ ਦਿਤੀ ਹੈ। ਇਸੇ ਤਰ੍ਹਾਂ ਹੋਰ ਵੀ ਜੋ ਸਹੂਲਤਾਂ ਅਸੀਂ ਹਰੀਜਨਾਂ ਨੂੰ ਦਿਤੀਆਂ ਸਨ ਪਿਛਲੇ 20 ਸਾਲਾਂ ਵਿਚ, ਉਹ ਇਨ੍ਹਾਂ ਨੇ ਖੋਹ ਲਈਆਂ ਹਨ। ਇਹ ਡੀਗਾਂ ਹੀ ਮਾਰਦੇ ਹਨ। ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਦੀ ਪੋਸਟ 19 ਮਹੀਨੇ ਖਾਲੀ ਪਈ ਰਹੀ, ਇਨ੍ਹਾਂ ਨੇ ਭਰੀ ਨਹੀਂ। ਹਰੀਜਨਾਂ ਨੂੰ ਪ੍ਰੋਮੋਸ਼ਨਜ਼ ਵਿਚ 10% ਰੀਜ਼ਰਵੇਸ਼ਨ ਦਿਤੀ ਗਈ ਸੀ। ਇਹ ਇਕ ਆਦਮੀ ਨੇ ਚੈਲਂਜ ਕੀਤੀ। ਹਾਈਕੋਰਟ ਨੇ ਦਾਵਾ ਮਨਸੂਖ ਕਰ ਦਿਤਾ। ਇਹਨਾਂ ਨੇ ਇਹ ਰੀਜ਼ਰਵੇਸ਼ਨ ਵਿਚ ਪ੍ਰੋਮੋਸ਼ਨਜ਼ ਵੀ ਬੰਦ ਕਰ ਦਿਤੀਆਂ ਇਹ ਠੀਕ ਗਲ ਨਹੀਂ ਹੋਈ।

4.00 P.M.

ਹਰੀਜਨਾਂ ਨੂੰ ਪ੍ਰੋਮੋਸ਼ਨ ਨਹੀਂ ਦਿਤੀ ਜਾ ਰਹੀ। 10 ਫੀ ਸਦੀ ਦਾ ਪ੍ਰੋਮੋਸ਼ਨਜ਼ ਵਿਚ ਫੈਸਲਾ ਕੀਤਾ ਗਿਆ ਸੀ ਅਤੇ ਇਹ ਬਹੁਤ ਘਟ ਹੈ ਪਰ ਇਹ ਵੀ ਪੂਰਾ ਨਹੀਂ ਦਿਤਾ ਜਾਂਦਾ। ਹਰੀਜਨਾਂ ਦੀ ਬੇਹਤਰੀ ਲਈ ਪ੍ਰੋਮੋਸ਼ਨਜ਼ ਵਿਚ ਹਿਸਾ ਦੇਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਇਹੋ ਹਰੀਜਨ ਕਲਿਆਨ ਫੰਡ ਬਣਾਇਆ ਗਿਆ। ਇਥੇ ਗਿਆਨੀ ਕਰਤਾਰ ਸਿੰਘ ਨਹੀਂ ਬੈਠੇ ਹੋਏ ਜਿਨ੍ਹਾਂ ਨੂੰ ਇਸ ਦੇ ਬਾਰੇ ਵਿਚ ਪਤਾ ਹੈ ਕਿ 5 ਕਰੋੜ ਰੁਪਿਆ ਇਕਠਾ ਹੋਇਆ ਸੀ। ਇਸ ਸੰਬਧ ਵਿਚ ਬਿਲ ਵੀ ਪਾਸ ਕੀਤਾ ਗਿਆ ਪਿਛਲੀ ਸਰਕਾਰ ਵੇਲੇ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਗੁਰਨਾਮ ਸਿੰਘ ਹੋਰਾਂ ਵੇਲੇ ਅਤੇ ਗਿਲ ਸਾਹਿਬ ਵੇਲੇ ਇਸ ਰੁਪਏ ਦਾ ਨਾਜਾਇਜ਼ ਤੌਰ ਤੇ ਇਸਤੇਮਾਲ ਕੀਤਾ ਗਿਆ ਹੈ ਅਤੇ ਬਿਲ ਦੇ ਅਨੁਸਾਰ ਇਸ ਨੂੰ ਖਰਚ ਨਹੀਂ ਕੀਤਾ ਗਿਆ। ਜਿਹੜੇ ਲੋਨਜ਼ ਦਿਤੇ ਗਏ ਹਨ। ਉਹ ਵਜ਼ੀਰਾਂ ਦੇ ਰਿਸ਼ਤੇਦਾਰਾਂ ਅਤੇ ਕਰੀਬੀ ਆਦਮੀਆਂ ਨੂੰ ਦਿਤੇ ਗਏ ਹਨ। ਮੈਂ ਸਰਦਾਰ ਗੁਰਨਾਮ ਸਿੰਘ ਪਾਸ ਬੇਣਤੀ ਕਰਾਂਗਾ ਕਿ ਇਸ ਸਾਰੀ ਗਲ ਦੀ ਤਫਤੀਸ਼ ਕਰਾਣ ਕਿ ਕਿਸੇ ਤਰੀਕੇ ਨਾਲ ਹਰੀਜਨ ਕਲਿਆਨ ਫੰਡ ਨੂੰ ਵੰਡਿਆ ਗਿਆ ਅਤੇ ਜਿਹੜਾ ਬਾਕੀ ਬਚ ਰਿਹਾ ਹੈ ਉਸ ਦੇ ਬਾਰੇ ਵਿਚ ਮੈਂ ਇਹ ਕਹਾਂਗਾ ਕਿ ਜ਼ਿਲੇਵਾਰ ਸਾਰੇ ਐਮ. ਐਲ. ਏਜ਼ ਦੀਆਂ ਕਮੇਟੀਆਂ ਬਣਾ ਦਿਤੀਆਂ ਜਾਣ ਤਾ ਕਿ ਉਨ੍ਹਾਂ ਦੇ ਕਹਿਣ ਦੇ ਮੁਤਾਬਿਕ ਇਹ ਰਕਮ ਵੰਡੀ ਜਾ ਸਕੇ। (ਪ੍ਰਸੰਸਾ)

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ]

ਇਕ ਗਲ ਮੈਂ ਹੋਰ ਇਥੇ ਕਹਿਣੀ ਚਾਹੁੰਦਾ ਹਾਂ ਕਿ ਸਰਦਾਰ ਗੁਰਨਾਮ ਸਿੰਘ ਹੋਰੀ ਇਥੇ ਨਹੀਂ ਬੈਠੇ ਹੋਏ ਮੈਂ ਉਨ੍ਹਾਂ ਨੂੰ ਦੱਸਾਂ ਕਿ ਕਿਸ ਤਰ੍ਹਾਂ ਲੋਕਾਂ ਨਾਲ ਜ਼ਿਆਦਤੀ ਕੀਤੀ ਜਾ ਰਹੀ ਹੈ। ਇਕ ਵਜ਼ੀਰ ਸਾਹਿਬ ਦੇ ਭਤੀਜੇ ਦੀ ਸ਼ਾਦੀ ਤੇ ਰੀਸੈਪਸ਼ਨ ਸੀ ਜਿਸ ਵਿਚ ਮੁੱਖ ਵਜ਼ੀਰ ਸਾਹਿਬ ਵੀ ਗਏ ਸਨ। ਤਾਂ ਉਸ ਵਜ਼ੀਰ ਦੇ ਭਰਾ 100 ਦੇ ਕਰੀਬ ਬੋਗਸ ਅਤੇ ਝੂਠੇ ਪਰਮਿਟਾਂ ਤੇ ਖੰਡ ਲੈਂਦੇ ਰਹੇ ਅਤੇ 4 ਰੁਪਏ ਕਿਲੋ ਬਲੈਕ ਵਿਚ ਵੇਚਦੇ ਰਹੇ। ਉਨ੍ਹਾਂ ਦੇ ਮੁਕਦਮੇ ਵੀ ਬਣਾਏ ਗਏ ਪਰ ਸਰਕਾਰ ਨੇ ਹਸ਼ਅਪ ਕਰਵਾ ਦਿਤੇ। ਇਨ੍ਹਾਂ ਕੇਸਾਂ ਨੂੰ ਹਸ਼ਅਪ ਨਹੀਂ ਸੀ ਕਰਾਣਾ ਚਾਹੀਦਾ। ਸਾਨੂੰ ਡਰ ਹੈ ਕਿ ਇਸ ਤਰ੍ਹਾਂ ਹੁਣ ਵੀ ਕਿਸੇ ਵਜ਼ੀਰ ਦੇ ਭਤੀਜੇ ਵਲੋਂ 100 ਮਣ ਖੰਡ ਨਾ ਇਕੱਠੀ ਕਰ ਲਈ ਜਾਵੇ। ਮੈਂ ਸਰਦਾਰ ਆਤਮਾ ਸਿੰਘ ਜੀ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਮੈਂ ਇਸ ਤੋਂ ਅਗੇ ਅਰਜ਼ ਕਰਾਂ ਕਿ ਜਦ ਹਰੀਜਨ ਬਚਿਆਂ ਦੀਆਂ ਫੀਸਾਂ ਮਾਫ ਕਰਨ ਦਾ ਇਲਾਨ ਕੀਤਾ ਗਿਆ ਸੀ ਤਾਂ ਇਹ ਵੇਖਿਆ ਗਿਆ ਕਿ ਇਸ ਵਿਚ ਕਈ ਤਰ੍ਹਾਂ ਦੀਆਂ ਔਕੜਾਂ ਆ ਰਹੀਆਂ ਹਨ। ਗੈਰਮੁਲਾਜ਼ਮ ਤਾਂ ਹੇਠ ਉਪਰ ਕਰਕੇ ਆਪਣੀ ਆਮਦਨੀ ਤਸਦੀਕ ਕਰਵਾ ਲੈਂਦੇ ਹਨ ਪਰ ਸਰਕਾਰੀ ਮੁਲਾਜ਼ਮਾਂ ਲਈ ਔਕੜ ਆਂਦੀ ਹੈ। ਪਹਿਲਾਂ ਆਮਦਨ 150 ਰੁਪਏ ਤਕ ਨੀਅਤ ਕੀਤੀ ਗਈ ਸੀ ਕਿ ਜਿਸ ਦੀ ਆਮਦਨੀ 150 ਰੁਪਏ ਤਕ ਮਹੀਨਾ ਹੋਵੇ ਉਸ ਦੇ ਬਚਿਆਂ ਦੀ ਫ਼ੀਸ ਮਾਫ਼ ਕਰ ਦਿਤੀ ਜਾਵੇ ਪਰ ਹੁਣ ਹਾਲਾਤ ਬਦਲ ਗਏ ਹਨ। ਇਸ ਲਈ ਇਸ ਆਮਦਨ ਦੀ ਹਦ 300 ਰੁਪਏ ਮਹੀਨੇ ਤਕ ਰਕ ਦੇਣੀ ਚਾਹੀਦੀ ਹੈ ਤਾਂ ਕਿ ਹਰੀਜਨ ਬਚਿਆਂ ਨੂੰ ਫਾਇਦਾ ਪਹੁੰਚ ਸਕੇ। ਇਹ ਇਕ ਅਹਿਮ ਮਸਲਾ ਹੈ ਜਿਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਹ ਸਰਕਾਰ ਬੜੀ ਡੀਂਗ ਮਾਰਦੀ ਹੈ ਕਿ ਹਰੀਜਨਾਂ ਲਈ ਬਹੁਤ ਕੁਝ ਕਰਨ ਨੂੰ ਤਿਆਰ ਹੈ ਪਰ ਇਸ ਪਾਸੇ ਅਜੇ ਤਕ ਧਿਆਨ ਨਹੀਂ ਦਿਤਾ ਗਿਆ। ਹਰੀਜਨ ਪਹਿਲਾਂ ਹੀ ਗ਼ਰੀਬ ਹੈ ਤੇ ਜੇਕਰ ਮੁੰਡਾਂ ਇਕ ਸਾਲ ਫੇਲ ਹੋ ਜਾਵੇ ਤਾਂ ਉਸ ਨੂੰ ਫੀਸ ਮਾਫ ਵਾਲੀ ਰਿਆਇਤ ਮਿਲਣੀ ਬੰਦ ਹੋ ਜਾਂਦੀ ਹੈ। ਕਈ ਵੇਰ ਮੁੰਡਾਂ ਪਾਸ ਹੋ ਜਾਦਾ ਹੈ ਤੇ ਕਈ ਵੇਰ ਫੇਲ ਹੋ ਜਾਂਦਾ ਹੈ। 9 ਵੀਂ ਜਮਾਤ ਵਿਚ ਜੇਕਰ ਫੇਲ ਹੋ ਜਾਵੇ ਤਾਂ ਉਸ ਨੂੰ ਦੁਬਾਰਾ ਨੌਵੀਂ ਜਮਾਤ ਵਿਚ ਪੜ੍ਹਨਾ ਪੈਂਦਾ ਹੈ ਇਸ ਲਈ ਉਸ ਦੀ ਫੀਸ ਮਾਫ ਹੋਣੀ ਚਾਹੀਦੀ ਹੈ ਅਤੇ ਦੁਬਾਰਾ ਨਹੀਂ ਲਗਣੀ ਚਾਹੀਦੀ। ਇਸ ਤਰ੍ਹਾਂ ਹਰੀਜਨ ਵਿਦਿਆ ਪ੍ਰਾਪਤ ਨਹੀਂ ਕਰ ਸਕਣਗੇ।

ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਇਕ ਪੈਰਾ ਐਸਾ ਲਿਖ ਦੀਤਾ ਹੈ ਜਿਸ ਦੇ ਬਾਰੇ ਵਿਚ ਇਥੇ ਜ਼ਿਕਰ ਕਰਨਾ ਜ਼ਰੂਰੀ ਹੈ। (ਸਰਦਾਰ ਜਸਦੇਵ ਸਿੰਘ ਵਲੋਂ ਵਿਘਨ) ਨਾ ਤਾਂ ਮੈਂ ਹਾਜਰ ਸੀ ਤੇ ਨਾ ਹੀ ਜਸਦੇਵ ਸਿੰਘ ਜੀ ਤੁਸੀਂ ਹਾਜ਼ਰ ਸੀ। ਪਰ ਇਹ ਹਕੀਕਤ ਹੈ ਕਿ ਤਿੰਨ ਦਿਨ ਤਕ ਬਜਟ 68 ਤੇ ਬਹਿਸ ਹੁੰਦੀ ਰਹੀ ਤੇ ਫਿਰ ਪਾਸ ਕਿਤ ਗਿਆ। ਇਸ ਲਈ ਇਹ ਕਹਿ ਦੇਣਾ ਕਿ ਬਜਟ ਦੋ ਮਿੰਟ ਵਿਚ ਪਾਸ ਕਰ ਦਿਤਾ ਗਿਆ ਸੀ ਬਿਲਕੁਲ ਗ਼ਲਤ ਅਤੇ ਝੂਠ ਹੈ। (ਵਿਰੋਧੀ ਪਖ ਵਲੋਂ ਪ੍ਰਸ਼ੰਸਾ) ਮੈਂ ਇਸ ਸਰਕਾਰ ਨੂੰ ਕਹਾਂਗਾ ਕਿ ਤੁਹਾਨੂੰ ਗਵਰਨਰ ਸਾਹਿਬ ਪਾਸੋਂ ਇਸ ਤਰ੍ਹਾਂ ਦੀਆਂ ਗਲਾਂ ਨਹੀਂ ਸਨ ਅਖਵਾਣੀਆਂ ਚਾਹੀਦੀਆਂ।

Original with;
Punjab Vidhan Sabha
Digitized by;
Panjab Digital Library

ਇਥੇ ਇਹ ਮਤਾ ਲਿਆਏ ਹਨ ਕਿ ਅਪਰ ਹਾਊਸ ਨੂੰ ਤੋੜ ਦੇਣਾ ਹੈ ਇਹ ਅਸੀਂ ਨਹੀਂ ਚਾਹੁੰਦੇ ਅਤੇ, ਚੇਅਰਮੈਨ ਸਾਹਿਬ, ਇਹ ਆਪ ਵੀ ਨਹੀਂ ਚਾਹੁੰਦੇ । ਦਿਲੋਂ ਇਹ ਵੀ ਇਸ ਮਤੇ ਦੇ ਹੱਕ ਵਿਚ ਨਹੀਂ ਅਤੇ ਨਾ ਹੀ ਅਪਰ ਹਾਊਸ ਨੂੰ ਤੋੜਨਾ ਚਾਹੁੰਦੇ ਹਨ । ਇਹ ਤਾਂ ਕਰੈਡਿਟ ਇਸ ਗੱਲ ਦਾ ਲੈਣਾ ਚਾਹੁੰਦੇ ਹਨ ਕਿ ਅਸੀਂ ਤਾਂ ਚਾਹੁੰਦੇ ਸੀ ਕਿ ਅਪਰ ਹਾਊਸ ਨੂੰ ਤੋੜ ਦਿਤਾ ਜਾਵੇ ਪਰ ਇਹ ਨਹੀ ਚਾਹੁੰਦੇ । ਇਨ੍ਹਾਂ ਨੂੰ ਇਸ ਗਲ ਦਾ ਪਤਾ ਹੈ ਕਿ ਇਕੱਲੇ ਤਾਂ ਇਹ ਤੋੜ ਨਹੀਂ ਸਕਦੇ । ਕਾਂਗਰਸ ਵਾਲਿਆਂ ਤੋਂ ਬਿਨ੍ਹਾਂ ਇਹ ਤੋੜ ਨਹੀਂ ਸਕਦੇ । ਇਸ ਲਈ ਮੈਂ ਹੁਣ ਵੀ ਇਨ੍ਹਾਂ ਨੂੰ ਕਹਾਂਗਾ ਕਿ ਇਸ ਨੂੰ ਵਾਪਿਸ ਲੈ ਲੈਣ । ਜੇਕਰ ਇਨ੍ਹਾਂ ਦਾ ਮਨਸ਼ਾ ਹੈ ਕਿ ਅਪਰ ਹਾਊਸ ਨਾ ਰਹੇ ਤਾਂ ਇਹ ਸਾਡੇ ਨਾਲ ਸਲਾਹ ਕਰਨ ਅਤੇ ਇਕ ਕਮੇਟੀ ਬਣਾ ਦੇਣ ਤਾਂ ਅਸੀਂ ਦਸਾਂਗੇ ਕਿ ਕਿਵੇਂ ਇਸ ਨੂੰ ਤੋੜਿਆ ਜਾ ਸਕਦਾ ਹੈ । ਇਸ ਗਲ ਤੇ ਤਾਂ ਤੁਹਾਡੇ ਵਿਚੋਂ ਹੀ ਦਸ ਆਦਮੀ ਤਿਆਰ ਨਹੀਂ ਜਿਹੜੇ ਇਸ ਦੀ ਹਿਮਾਇਤ ਕਰਨ । (ਸਰਦਾਰ ਗੁਰਮੀਤ ਸਿੰਘ ਵਲੋਂ ਵਿਘਨ) ਮੈਂ ਸਰਦਾਰ ਗੁਰਮੀਤ ਸਿੰਘ ਹੋਰਾਂ ਨੂੰ ਕਹਾਂਗਾ ਕਿ ਸ਼ਾਇਦ ਉਹ ਵੀ ਉਨ੍ਹਾਂ ਦਸਾਂ ਵਿਚ ਹੋਣ ਜਿਹੜੇ ਅਪਰ ਹਾਊਸ ਨੂੰ ਤੋੜਣ ਦੇ ਹੱਕ ਵਿਚ ਨਹੀਂ । ਤੁਸੀਂ ਸਚਮੁਚ ਨਹੀਂ ਕਹਿ ਰਹੇ ਕਿ ਅਪਰ ਹਾਊਸ ਨੂੰ ਤੋੜ ਦਿਤਾ ਜਾਵੇ । ਐਂਵੇ ਉਪਰੋਂ ਹੀ ਕਹਿ ਰਹੇ ਹੋ । ਇਸ ਲਈ ਮੈਂ ਕਹਾਂਗਾ ਕਿ ਪਬਲਿਕ ਓਪੀਨੀਅਨ ਕਰੀਏਟ ਕਰੋ ।

ਚੇਅਰਮੈਨ ਸਾਹਿਬ ਬਹੁਤ ਸਾਰੀਆਂ ਗਲਾਂ ਕਹੀਆਂ ਗਈਆਂ ਹਨ ਇਸ ਐਡਰੈਸ ਵਿਚ ਕਿ ਇਹ ਚੀਜਾਂ ਸਰਕਾਰ ਕਰਨਾ ਚਾਹੁੰਦੀ ਹੈ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕਈ ਬਹੁਤ ਜ਼ਰੂਰੀ ਗਲਾਂ ਨੂੰ ਛਡ ਦਿਤਾ ਗਿਆ ਹੈ । ਇਸ ਵਿਚ ਸਟੇਟ ਟ੍ਰੇਡਿੰਗ ਦਾ ਜ਼ਿਕਰ ਨਹੀਂ ਕੀਤਾ ਗਿਆ ਅਤੇ ਸਰਕਾਰ ਨੇ ਆਪਣੀ ਪਾਲੇਸੀ ਵਾਜ਼ਿਹ ਨਹੀਂ ਕੀਤੀ । ਅੱਛੇ ਬੀਜਾਂ ਬਾਰੇ ਕੋਈ ਗਲ ਨਹੀਂ ਲਿਖੀ ਗਈ ਕਿਉਂਕਿ ਸਰਕਾਰ ਬੰਗਲਿੰਗ ਕਰਨੀ ਚਾਹੁੰਦੇ ਹਨ । ਅਤੇ ਇਹ ਆਪਣੀਆਂ ਹੀ ਕੰਪਨੀਆਂ ਬਣਵਾਕੇ ਬੀਜਾਂ ਦਾ ਮੁਖਤਾਰ ਬਨਾਉਣਾ ਚਾਹੁੰਦੇ ਹਨ ।

ਇਸ ਐਡਰੈਸ ਵਿਚ ਸੇਮ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਤੇ ਨਾ ਹੀ ਇਸ ਦਾ ਜ਼ਿਕਰ ਇਸ ਵਿਚ ਕੀਤਾ ਗਿਆ ਹੈ । ਤੁਸੀਂ, ਚੇਅਰਮੈਨ ਸਾਹਿਬ, ਵੇਖਿਆ ਹੋਣਾ ਹੈ ਕਿ ਥਾਂ ਥਾਂ ਤੇ ਫੈਮੀਲੀ ਪਲਾਨਿੰਗ ਦੇ ਫਟੇ ਲਗੇ ਹੋਏ ਹਨ ਕਿ "ਦੋ ਜਾਂ ਤਿੰਨ ਬਚੇ ਹੁੰਦੇ ਨੇ ਘਰ ਵਿਚ ਅਛੇ" ਅਤੇ ਇਨੀ ਰਕਮ ਖਰਚ ਕੀਤੀ ਜਾ ਰਹੀ ਹੈ ਪਰ ਇਸ ਗਲ ਦੇ ਬਾਰੇ ਵਿਚ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ । ਫਸਲਾਂ ਦਾ ਬੀਮਾ ਕਰਨ ਬਾਰੇ ਕੋਈ ਧਿਆਨ ਨਹੀਂ ਦਿਤਾ ਗਿਆ ਅਤੇ ਨਾ ਹੀ ਜ਼ਿਕਰ ਕੀਤਾ ਗਿਆ ਹੈ । ਇਸ ਐਡਰੈਸ ਵਿਚ ਲਾ ਐਂਡ ਆਰਡਰ ਦੀ ਹਾਲਤ ਨਹੀਂ ਦਸੀ ਗਈ ਇਕ ਲਫਜ਼ ਵੀ ਨਹੀਂ ਲਿਖਿਆ ਗਿਆ । ਸਾਡੇ ਸੂਬੇ ਦੀ ਸਾਰੀ ਜੰਗਲ ਵੈਲਥ ਹਿਮਾਚਲ ਵਿਚ ਚਲੀ ਗਈ ਹੈ ਅਤੇ ਪਿੰਡਾਂ ਵਿਚ ਗੋਬਰ ਜਲਾਈ ਜਾਂਦੀ ਹੈ ਇਸ ਨਾਲ ਅਸੀਂ ਖਾਦ ਤਿਆਰ ਕਰ ਸਕਦੇ ਹਾਂ ਜੇਕਰ ਅਸੀਂ ਜੰਗਲਾਤ ਲਗਾਣ ਬਾਰੇ ਫੌਰੀ ਤੌਰ ਤੇ ਪ੍ਰਬੰਧ ਕਰੀਏ । ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਦਾ ਜ਼ਿਕਰ ਇਸ ਐਡਰੈਸ ਵਿਚ ਨਹੀਂ ਕੀਤਾ ਗਿਆ ।

ਚੇਅਰਮੈਨ ਸਾਹਿਬ, ਇਹ ਖੁਸ਼ੀ ਦੀ ਗਲ ਹੈ ਕਿ ਇਨ੍ਹਾਂ ਨੇ ਹਰੀਜਨਾਂ ਵਿਚ ਇਸਾਈਆਂ ਨੂੰ ਸ਼ਾਮਿਲ ਕਰਨ ਦਾ ਜ਼ਿਕਰ ਕੀਤਾ ਹੈ । ਇਸਾਈਆਂ ਦੀ ਹਰੀਜਨਾਂ ਵਿਚ ਰੀਪਰੈਜ਼ਟੇਸ਼ਨ ਹੋਣੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ]

ਚਾਹੀਦੀ ਸੀ । ਕਿਉਂਕਿ ਇਨ੍ਹਾਂ ਦੀ ਸੁਣਵਾਈ ਨਹੀਂ ਸੀ । ਕਾਂਗਰਸ ਸਰਕਾਰ ਨੇ ਵੀ ਇਕ ਖਾਸ ਕਦਮ ਚੁਕਿਆ ਸੀ ਪਰ ਪਾਦਰੀਆਂ ਨੂੰ ਅਤੇ ਜਿਹੜੇ ਹਿੰਦੂ ਅਤੇ ਸਿਖਾਂ ਤੋਂ ਇਸਾਈ ਬਣੇ ਹਨ ਉਨ੍ਹਾਂ ਨੂੰ ਇਹ ਗਲ ਚੰਗੀ ਨਹੀਂ ਸੀ ਲਗਦੀ । ਮੈਂ ਇਹ ਸਮਝਦਾ ਹਾਂ ਕਿ ਇਹ ਚੰਗਾ ਕਦਮ ਇਸ ਸਰਕਾਰ ਨੇ ਲਿਆ ਹੈ ਅਤੇ ਇਸ ਦਾ ਜ਼ਿਕਰ ਇਸ ਐਡਰੈਸ ਵਿਚ ਕੀਤਾ ਗਿਆ ਹੈ, ਇਸ ਲਈ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । (ਪ੍ਰਸੰਸਾ) ਪਰ ਇਥੇ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਜਿੰਨੇ ਪੈਸੇ ਰਖੇ ਗਏ ਹਨ ਉਹ ਥੋੜੇ ਹਨ । ਇਨ੍ਹਾਂ ਨੂੰ ਹਰੀਜਨਾਂ ਵਿਚ ਸ਼ਾਮਿਲ ਕਰ ਲਿਆ ਗਿਆ ਹੈ ਤਾਂ ਇਸਦੇ ਨਾਲ ਹੀ ਨਾਲ ਇਨ੍ਹਾਂ ਲਈ ਰਕਮ ਵੀ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ । ਇਹ ਨਾ ਹੋਵੇ ਕਿ ਇਨ੍ਹਾਂ ਨੂੰ ਰਿਆਇਤ ਦੇਣ ਦਾ ਇਲਾਨ ਤਾਂ ਕਰ ਦਿਤਾ ਪਰ ਰਕਮ ਬਰਾਏ ਨਾਮ ਹੀ ਰਖੀ ਜਾਵੇ । ਇਸ ਪਖ ਵਿਚ ਸਰਕਾਰ ਵਧਾਈ ਦੀ ਪਾਤਰ ਹੈ ।

ਇਕ ਗਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਇਹ ਵੇਖ ਕੇ ਦੁਖ ਹੁੰਦਾ ਹੈ ਕਿ ਬਿਜਲੀ ਬੋਰਡ ਵਲੋਂ ਕੁਨੈਕਸ਼ਨ ਨਹੀਂ ਦਿਤੇ ਜਾਂਦੇ । ਕਿੰਨਾ ਕਿੰਨਾ ਚਿਰ ਫਿਰਨ ਤੇ ਵੀ ਅਮਲ ਨਹੀਂ ਕੀਤਾ ਜਾਂਦਾ । ਮੈਂ ਸਰਦਾਰ ਆਤਮਾ ਸਿੰਘ ਹੋਰਾਂ ਦੇ ਧਿਆਨ ਵਿਚ ਇਹ ਗਲ ਲਿਆਣੀ ਚਾਹੁੰਦਾ ਹਾਂ ਕਿ ਇਕ ਇਤਹਾਸਕ ਗੁਰਦਵਾਰੇ ਲਈ ਬਿਜਲੀ ਦਾ ਕੁਨੈਕਸ਼ਨ ਚਾਹੀਦਾ ਸੀ ਪਰ ਕਈ ਵੇਰ ਜਾਣ ਤੇ ਵੀ ਕੰਮ ਨਾ ਬਣਿਆ । ਮੈਂ ਆਪ ਉਥੇ ਇਕ ਐਸ. ਡੀ. ਓ ਕਪੂਰਥਲੇ ਤੋਂ ਤਬਦੀਲ ਕਿਰਵਾ ਲਿਆ ਤਾਂ ਕਿ ਇਹ ਕੰਮ ਹੋ ਸਕੇ ਪਰ ਉਸ ਵੀ ਆਪਣੀ ਲਾਚਾਰੀ ਦੱਸੀ ਅਤੇ ਦੱਸਿਆ ਕਿ ਸਾਮਾਨ ਢੋਹਣ ਦਾ ਕੋਈ ਪ੍ਰਬੰਧ ਨਹੀਂ । ਮੈਂ ਉਸਦੇ ਦਫਤਰ ਦੇ ਮੂਹਰੇ 10 ਗਡੇ ਸਾਮਾਨ ਲਜਾਣ ਲਈ ਲਿਆ ਖੜੇ ਕੀਤੇ ਫਿਰ ਵੀ ਲੋਕਾਂ ਦੀ ਖਾਹਿਸ਼ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ । (ਘੰਟੀ) ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ।

ਜਲੰਧਰ ਸ਼ਹਿਰ ਦੀ ਇਹ ਹਾਲਤ ਹੈ ਕਿ ਕਈ ਕਾਰਖਾਨੇਦਾਰਾਂ ਦੇ ਕੁਨੈਕਸ਼ਨ ਕਟੇ ਗਏ ਹਨ । ਕੀ ਇਹ ਦਸਣਗੇ ਕਿ ਇਹ ਕੁਨੈਕਸ਼ਨ ਕਿਸ ਅਥਾਰਟੀ ਤੇ ਕਟੇ ਗਏ ਹਨ ਅਤੇ ਕਿਸ ਰੂਲ ਦੇ ਤਹਿਤ ਕੱਟੇ ਗਏ ਹਨ । ਫਲੈਟ ਰੇਟ ਚਾਰਜ ਕੀਤਾ ਜਾਂਦਾ ਹੈ ਅਤੇ ਪੈਸੇ ਮੁਕਰਰ ਕੀਤੇ ਹੋਏ ਹਨ ਪਰ ਜਿਨ੍ਹਾਂ ਦਿਨਾਂ ਵਿਚ ਬਿਜਲੀ ਨਹੀਂ ਦਿਤੀ ਜਾਂਦੀ ਉਨ੍ਹਾਂ ਦਿਨਾਂ ਦਾ ਕੋਈ ਇਵਜ਼ਾਨਾ ਨਹੀਂ ਦਿਤਾ ਜਾਂਦਾ । ਹਫਤੇ ਵਿਚ ਦੋ ਦਿਨ ਜਾਂ ਤਿੰਨ ਦਿਨ ਬਿਜਲੀ ਬੰਦ ਰਹਿੰਦੀ ਹੈ । ਜ਼ਿਮੀਂਦਾਰ ਆਪਣੇ ਟਿਊਬਵੈਲ ਨਹੀਂ ਚਲਾ ਸਕਦੇ ਪਰ ਜ਼ਿਮੀਂਦਾਰਾਂ ਨੂੰ ਇਸ ਨੁਕਸਾਨ ਲਈ ਕੋਈ ਮੁਆਵਜ਼ਾ ਨਹੀਂ ਦਿਤਾ ਜਾਂਦਾ ।

ਫਿਰ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਬਿਕਰੀ ਟੈਕਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹਾਲਾਂਕਿ ਇਹ ਕਿੰਨੇ ਚਿਰ ਦੀ ਲੋਕਾਂ ਦੀ ਮੰਗ ਚਲੀ ਆ ਰਹੀ ਹੈ ਕਿ ਟੈਕਸ ਪਹਿਲੇ ਮਰਹਲੇ ਤੇ ਹੀ ਲਗਣਾ ਚਾਹੀਦਾ ਹੈ । ਜਿੰਨੀਆਂ ਵੀ ਚੀਜ਼ਾਂ ਜ਼ਰੂਰੀ ਸਨ ਉਨ੍ਹਾਂ ਦੇ ਬਾਰੇ ਵਿਚ ਜ਼ਿਕਰ ਇਸ ਵਿਚ ਨਹੀਂ ਕੀਤਾ ਗਿਆ । ਇਸ ਲਈ ਮੇਰਾ ਹੌਸਲਾ ਨਹੀਂ ਪੈਂਦਾ ਕਿ ਮੈਂ ਗਵਰਨਰ ਸਾਹਿਬ ਦਾ ਸ਼ੁਕਰੀਆ ਕਰਾਂ ਕਿਉਂਕਿ ਜਿੰਨੀਆਂ ਵੀ ਜ਼ਰੂਰੀ ਗਲਾਂ ਹਨ ਇਹ ਛੱਡ ਗਏ ਹਨ ।

Original with;
Punjab Vidhan Sabha
Digitized by;
Panjab Digital Library

ਜਿਸ ਦਿਨ ਬਜਟ ਪਾਸ ਕਰਨਾ ਸੀ, ਉਸ ਦਿਨ ਨਾਂ ਮੈਨੂੰ ਪਤਾ ਸੀ ਨਾਂ ਜਸਦੇਵ ਸਿੰਘ ਹੋਰਾਂ ਨੂੰ ਪਤਾ ਹੋਣਾ ਹੈ (ਹਾਸਾ) ਪਰ ਮੈਨੂੰ ਇਹ ਦੱਸਿਆ ਗਿਆ ਕਿ ਗਵਰਨਰ ਸਾਹਿਬ ਨੇ ਕਿਹਾ ਕਿ ਬਜਟ ਜ਼ਰੂਰ ਪਾਸ ਕਰਾਕੇ ਲਿਆਓ ਕਿਉਂਕਿ ਇਹ ਮੇਰੇ ਪਰੈਸਟੀਜ ਦਾ ਸਵਾਲ ਹੈ । ਜਿਹੜਾ ਕਨਸਟੀਚੂਸ਼ਨਲ ਹੈਡ ਪਰੇਸਟੀਜ ਦਾ ਸਵਾਲ ਬਣਾਕੇ ਲੋਕਾਂ ਨਾਲ ਧਕਾ ਕਰਦਾ ਹੈ । ਉਹ ਧੱਕਾ ਹੀ ਜਨਤਕ ਰਾਜ ਦੀ ਫੇਲੀਉਰ ਬਣਦਾ ਹੈ । ਮੈਂ ਸਮਝਦਾ ਹਾਂ ਇਹ ਚੰਗੀ ਗਲ ਨਹੀਂ । ਇਹ ਇਕ ਮਾੜੀ ਗੱਲ ਹੋਈ ਹੈ । ਰਵਾਇਤ ਦੇ ਬਿਲਕੁਲ ਉਲਟ ਹੈ । ਇਹੋ ਜਿਹੇ ਹਾਲਾਤ ਪੈਦਾ ਕਰਨ ਵਾਲੇ ਗਵਰਨਰ ਦੇ ਐਡਰੈਸ ਦਾ ਮੈਂ ਤਾਂ ਧੰਨਵਾਦ ਨਹੀਂ ਕਰ ਸਕਦਾ ਨਾਲ ਹੀ ਆਪਣੇ ਭਰਾਵਾਂ ਨੂੰ ਵੀ ਕਹਾਂਗਾ ਕਿ ਤੁਸੀਂ ਵੀ ਧੰਨਵਾਦ ਹਰਗਿਜ਼ ਨਾ ਕਰੋ । ਚੇਅਰਮੈਨ ਸਾਹਿਬ, ਇਨ੍ਹਾਂ ਲਫਜ਼ਾਂ ਨਾਲ ਮੈਂ ਆਪਦਾ ਸ਼ੁਕਰੀਆ ਅਦਾ ਕਰਦਾ ਹਾਂ ।

(ਚੇਅਰਮੈਨ ਸਾਹਿਬ ਨੇ ਸਰਦਾਰ ਤਾਰਾ ਸਿੰਘ ਲਾਇਲਪੁਰੀ ਨੂੰ ਇਸ ਸਮੇਂ ਬੋਲਣ ਲਈ ਕਿਹਾ)

**ਸਰਦਾਰ ਕਿਰਪਾਲ ਸਿੰਘ** : ਚੇਅਰਮੈਨ ਸਾਹਿਬ, ਹੁਣ ਤੱਕ ਟਰੇਯਰੀ ਬੈਂਚਿਜ਼ ਦੇ ਲਗਾਤਾਰ ਤਿੰਨ ਤਿੰਨ ਚਾਰ- ਚਾਰ ਮੈਂਬਰ ਬੋਲ ਚੁਕੇ ਹਨ । ਆਖਰ ਸਾਨੂੰ ਵੀ ਵਕਤ ਮਿਲਣਾ ਚਾਹੀਦਾ ਹੈ.............

**ਸ੍ਰੀ ਸਭਾਪਤੀ** : ਸਰਦਾਰ ਕਿਰਪਾਲ ਸਿੰਘ, ਤੁਹਾਨੂੰ ਵੀ ਟਾਈਮ ਦਿਤਾ ਜਾਵੇਗਾ (Hon. Member, Sardar Kirpal Singh, will also be given time.)

**ਸਰਦਾਰ ਕਿਰਪਾਲ ਸਿੰਘ** : ਟਾਈਮ ਦੇਣ ਜਾਂ ਨਾ ਦੇਣ ਦੀ ਏਥੇ ਕੋਈ ਗਲ ਨਹੀਂ । ਸਵਾਲ ਤਾਂ ਇਹ ਹੈ ਕਿ ਟਾਈਮ ਦੀ ਵੰਡ ਠੀਕ ਤਰੀਕੇ ਨਾਲ ਨਹੀਂ ਹੋ ਰਹੀ ।

**ਸ੍ਰੀ ਸਭਾਪਤੀ** : ਸਰਦਾਰ ਕਿਰਪਾਲ ਸਿੰਘ ਤੁਸੀਂ ਬੈਠ ਜਾਓ (Hon. Member, Sardar Kirpal Singh, may please resume his seat.)

**ਸਰਦਾਰ ਤਾਰਾ ਸਿੰਘ ਲਾਇਲਪੁਰੀ** (ਜੰਡਿਆਲਾ ਐਸ. ਸੀ.) : ਚੇਅਰਮੈਨ ਸਾਹਿਬ ਮੈਂ ਇਸ ਐਡਰੈਸ ਬਾਰੇ ਜਿਹੜਾ ਕਿ ਗਵਰਨਰ ਸਾਹਿਬ ਨੇ ਇਸ ਹਾਊਸ ਵਿਚ ਰਖਿਆ ਹੈ ਧੰਨਵਾਦ ਕਰਨ ਲਈ ਖੜਾ ਹੋਇਆ ਹਾਂ । ਮੈਂ ਸਮਝਦਾ ਹਾਂ ਕਿ ਗੌਰਮਿੰਟ ਦੀ ਪਾਰਟੀ ਸ਼ਲਾਘਾ ਯੋਗ ਹੈ । ਗਿੱਲ ਦੀ ਪਿਛਲੀ ਸਰਕਾਰ ਵੇਲੇ ਜਦੋਂ ਕਿ ਬਜਟ ਪਾਸ ਕਰਵਾਇਆ ਗਿਆ, ਉਨ੍ਹਾਂ ਨੇ ਇਕ ਗੈਰ ਜਮਹੂਰੀ ਕਦਮ ਉਠਾਇਆ ਅਤੇ ਕਰੋੜਾਂ ਰੁਪਏ ਦਾ ਬਜਟ ਮਿੰਟਾਂ ਸਕਿੰਟਾਂ ਵਿਚ ਪਾਸ ਕਰਵਾਇਆ । ਮੈਂ ਸਮਝਦਾ ਹਾਂ ਇਹ ਇਕ ਗੈਰ-ਜਮਹੂਰੀ ਕਦਮ ਸੀ ਜਿਹੜਾ ਕਿ ਨਿੰਦਨ ਯੋਗ ਹੈ ਚੇਅਰਮੈਨ ਸਾਹਿਬ, ਗਿਲ ਸਰਕਾਰ ਜਿਸ ਨੂੰ ਕਿ ਕਾਂਗਰਸ ਦੀ ਹਮਾਇਤ ਹਾਸਲ ਸੀ, ਇਕ ਧੋਖੇ ਦੀ ਅਤੇ ਫਰਾਡ ਦੀ ਸਰਕਾਰ ਸੀ, ਇਸ ਦੇ ਕਿਰਦਾਰਾਂ ਨੂੰ ਹੀ ਮੁਖ ਰਖਦਿਆਂ ਹੋਇਆਂ ਜਨਤਾ ਪਾਰਟੀ ਅਤੇ ਕਾਂਗਰਸ ਪਾਰਟੀ ਦਾ ਇਨ੍ਹਾਂ ਦਿਨਾਂ ਵਿੱਚ ਖਾਤਮਾ ਹੋਇਆ । ਲੋਕਾਂ ਨੇ ਅਕਾਲੀ ਪਾਰਟੀ ਨੂੰ, ਜਿਸ ਦੇ ਨੇਤਾ ਗੁਰਨਾਮ ਸਿੰਘ ਜੀ ਹਨ, ਪੰਜਾਬ ਦੀ ਪੁਲੀਟੀਕਲ ਸੱਤਾ ਦੀ ਬਾਗ ਡੋਰ ਸੰਭਾਲੀ । ਅਜ ਪੰਜਾਬ ਦੀ ਸਰਕਾਰ ਮੁਬਾਰਕਬਾਦ ਦੀ ਹੱਕਦਾਰ ਹੈ ਜਿਸਨੇ ਜਮਹੂਰੀ ਰਵਾਇਤਾਂ ਨੂੰ ਮੁੜ ਸੁਰਜੀਤ ਕੀਤਾ ਹੈ । ਨਹੀਂ ਤਾਂ ਗਿੱਲ ਸਰਕਾਰ ਹਾਊਸ ਅੰਦਰ ਪੁਲਿਸ ਦਾਖਲ ਕਰਕੇ

Original with;
Punjab Vidhan Sabha
Digitized by;
Panjab Digital Library

[ਸਰਦ ਰ ਤਾਰਾ ਸਿੰਘ ਲਾਇਲਪੁਰੀ]

ਜਮਹੂਰੀਅਤ ਨੂੰ ਭੰਗ ਕਰ ਚੁੱਕੀ ਸੀ । ਖੁਦ ਗਵਰਨਰ ਸਾਹਿਬ ਨੇ ਉਨ੍ਹਾਂ ਗੈਰ ਜਮਹੂਰੀ ਘਟਨਾਵਾਂ ਦਾ ਇਸ ਐਡਰੈਸ ਦੇ ਅੰਦਰ ਜ਼ਿਕਰ ਕੀਤਾ ਹੈ । ਅਸੀਂ ਵੀ ਇਸ ਗਲ ਤੇ ਜ਼ੋਰ ਦਿੰਦੇ ਹਾਂ ਕਿ ਇਨ੍ਹਾਂ ਘਟਨਾਵਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ।

ਸੁਪਰੀਮ ਕੋਰਟ ਨੇ ਬਜਟ ਪਾਸ ਕਰਾਉਣ ਬਾਰੇ ਫ਼ੈਸਲਾ ਦਿੱਤਾ, ਉਨ੍ਹਾਂ ਨੇ ਇਹ ਫੈਸਲਾ ਤਾਂ ਜਰੂਰ ਦੇ ਦਿੱਤਾ, ਪਰ ਪੁਲਿਸ ਦੇ ਮੁਤਾਲਿਕ ਕੋਈ ਜ਼ਿਕਰ ਨਹੀਂ ਕੀਤਾ ਕਿ ਕਿਵੇਂ ਦਾਖਲ ਹੋਈ ਅਤੇ ਕਿਵੇਂ ਬਜਟ ਪਾਸ ਕਰਵਾਇਆ । ਸਾਡਾ ਇਹ ਇਤਰਾਜ਼ ਅਜ ਵੀ ਕਾਇਮ ਹੈ ਅਸੀਂ ਮੰਗ ਕਰਦੇ ਹਾਂ ਕਿ ਇਸ ਮੁਆਮਲੇ ਦੀ ਜ਼ਰੂਰ ਇਨਕੁਆਇਰੀ ਹੋਣੀ ਚਾਹੀਦੀ ਹੈ ।

ਚੰਡੀਗੜ੍ਹ ਦੇ ਮੁਤਾਲਿਕ ਅਤੇ ਹੋਰ ਦੂਸਰੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਨ ਦਾ ਜੋ ਫੈਸਲਾ ਕੀਤਾ ਹੈ ਇਹ ਬੜਾ ਸ਼ਲਾਘਾ ਯੋਗ ਹੈ । ਅਸੀਂ ਆਸ ਰਖਦੇ ਹਾਂ ਕਿ ਇਨ੍ਹਾਂ ਇਲਾਕਿਆਂ ਨੂੰ ਛੇਤੀ ਤੋਂ ਛੇਤੀ ਸੈਂਟਰ ਦੀ ਸਰਕਾਰ ਤੋਂ ਲੈਕੇ ਪੰਜਾਬ ਵਿਚ ਸ਼ਾਮਲ ਕਰਨ ਦਾ ਪ੍ਰਬੰਧ ਕੀਤਾ ਜਾਵੇ ।

ਇਸ ਸਰਕਾਰ ਦਾ ਆਪਣਾ ਇਹ ਵਿਚਾਰ ਹੈ ਕਿ ਪੰਚਾਇਤ ਰਾਜ ਦੀ ਨੀਤੀ ਪਿਛਲੇ 20 ਸਾਲਾਂ ਤੋਂ ਇਕ ਫੇਲਿਓਰ ਸਾਬਤ ਹੋਈ ਹੈ । ਪੰਜਾਬ ਸਰਕਾਰ ਨੇ ਰਾਏ ਆਮਾ ਲੈਣ ਦਾ ਪ੍ਰਬੰਧ ਕੀਤਾ ਹੈ ਜਿਹੜਾ ਪਿੰਡ ਪਿੰਡ ਪਹੁੰਚ ਕੇ ਲੋਕਾਂ ਦੀ ਰਾਏ ਲਵੇਗੀ ਅਤੇ ਇਹ ਇਸ ਲਈ ਤਾਂ ਜੋ ਉਨਤੀ ਕਰਨ ਦੇ ਕੋਈ ਸਾਧਨ ਲੱਭੇ ਜਾਣ ।

ਆਸਾਮੀਆਂ ਦੇ ਮੁਤਾਲਿਕ ਪੇ ਕਮਿਸ਼ਨ ਦੀ ਰੀਪੋਰਟ ਦੇ ਆਧਾਰ ਤੇ ਲੋਕਾਂ ਦੀਆਂ ਤਨਖਾਹਾਂ ਵਧਾਈਆਂ ਗਈਆਂ ਹਨ । ਪਰ ਅਜੇ ਵੀ ਕੁਝ ਐਸੀਆਂ ਆਸਾਮੀਆਂ ਰਹਿ ਗਈਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਮੁਤਾਬਿਕ ਪੂਰੀ ਤਨਖਾਹ ਨਹੀਂ ਮਿਲੀ । ਉਨ੍ਹਾਂ ਵਰਗੀਆਂ ਆਸਾਮੀਆਂ ਦੀਆਂ ਤਨਖਾਹਾਂ ਵਿਚ ਕਾਫੀ ਅੰਤਰ ਹੈ । ਅਸੀਂ ਚਾਹੁੰਦੇ ਹਾਂ ਕਿ ਜਿਸ ਤਰਾਂ ਮੈਡੀਕਲ ਦੇ ਡਾਕਟਰ ਹਨ ਡੰਗਰ ਡਾਕਟਰਾਂ ਦੀਆਂ ਵੀ ਉਤਨੀਆਂ ਹੀ ਤਨਖਾਹਾਂ ਹੋਣੀਆਂ ਚਾਹੀਦੀਆਂ ਹਨ ' ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਨ੍ਹਾਂ ਲਕਾਂ ਦੀਆਂ ਤਨਖਾਹਾਂ ਵਧਾਕੇ, ਜਿਨ੍ਹਾਂ ਨੂੰ ਪੇ ਕਮਿਸ਼ਨ ਦੀ ਦੀ ਰੀਪੋਰਟ ਦੇ ਆਧਾਰ ਤੇ ਫਰਕ ਰ੍ਹਹਿੰਦਾ ਹੈ, ਖੁਲ੍ਹ ਦਿਲੀ ਦਾ ਸਬੂਤ ਦੇਣਾ ਚਾਹੀਦਾ ਹੈ ।

ਸਰਕਾਰ ਇਸ ਗੱਲ ਲਈ ਵੀ ਧੰਨਵਾਦ ਦੀ ਮੁਸਤਹਿਕ ਹੈ ਕਿ ਜਿਸ ਨੇ ਖੇਤੀਬਾੜੀ ਦੀ ਉਪਜ ਦੇ ਨਿਸ਼ਾਨੇ ਨੂੰ ਹੋਰ ਵੀ ਉਚਾ ਕੀਤਾ ਹੈ । ਸਰਕਾਰ ਇਸ ਲਈ ਵੀ ਵਧਾਈ ਦੀ ਹੱਕਦਾਰ ਹੈ ਕਿ ਉਸਨੇ ਉਪਜ ਵਧਾਉਣ ਲਈ ਵਧ ਤੋਂ ਵਧ ਸਾਧਨ ਵਰਤ ਕੇ, ਕਿਸਾਨਾਂ ਨੂੰ ਬਿਜਲੀ ਦੇ ਕੇ ਅਤੇ ਖਾਦ ਵਗੈਰਾ ਦੀ ਸਪਲਾਈ ਕਰਕੇ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕੀਤੀ ਹੈ ।

ਇਸੇ ਤਰ੍ਹਾਂ ਕਿਸਾਨਾਂ ਦੀ ਹੋਰ ਹੌਂਸਲਾ ਅਫਜ਼ਾਈ ਕਰਨ ਲਈ ਮੈਂ ਸਰਕਾਰ ਨੂੰ ਇਹ ਵੀ ਕਹਾਂਗਾ ਕਿ ਕਿਸਾਨ ਨੂੰ ਉਸ ਦੀ ਫਸਲ ਦੇ ਪੂਰੇ ਦਾਮ ਮਿਲਣ । ਇਸੇ ਤਰ੍ਹਾਂ 10 ਏਕੜ ਤੱਕ ਦੀ ਜ਼ਮੀਨ ਦੇ ਮਾਲਕ ਦਾ ਮਾਲੀਆ ਵੀ ਮੁਆਫ ਹੋਣਾ ਚਾਹੀਦਾ ਹੈ । ਖਾਦ ਦੀਆਂ ਅੱਗੇ ਨਾਲੋਂ ਬਹੁਤ ਹੀ

Original with;
Punjab Vidhan Sabha
Digitized by;
Panjab Digital Library

ਜ਼ਿਆਦਾ ਕੀਮਤਾਂ ਵਧ ਗਈਆਂ ਹਨ । ਪੰਜਾਬ ਸਰਕਾਰ ਨੂੰ ਸੈਂਟਰਲ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਵਧ ਰਹੀਆਂ ਕੀਮਤਾਂ ਨੂੰ ਰੋਕਿਆ ਜਾਵੇ, ਇਨ੍ਹਾਂ ਦੀ ਮੇਹਨਤ ਨੂੰ ਦੇਖਦੇ ਹੋਏ, ਜਿਹੜੇ ਕਿ ਮੁਲਕ ਦੀ ਭੁਖ ਨੂੰ ਦੂਰ ਕਰਦੇ ਹਨ, ਕਾਰਖਾਨਿਆਂ ਨੂੰ ਰਾ ਮੈਟੀਰੀਅਲ ਦੇਂਦੇ ਹਨ, ਉਨ੍ਹਾਂ ਦੀ ਇਸ ਸਰਕਾਰ ਨੂੰ ਇਮਦਾਦ ਕਰਨੀ ਚਾਹੀਦੀ ਹੈ । ਉਨ੍ਹਾਂ ਨੂੰ ਸਸਤੇ ਭਾਅ ਤੇ ਟਰੈਕਟਰ, ਖਾਦ ਅਤੇ ਆਲ੍ਹਾ ਕਿਸਮ ਦੇ ਬੀਜ ਮਿਲਣੇ ਚਾਹੀਦੇ ਹਨ । ਇਹ ਸੈਂਟਰਲ ਸਰਕਾਰ ਨੂੰ ਚਾਹੀਦਾ ਸੀ ਕਿ ਮੁਲਕ ਦੇ ਫਾਇਦੇ ਨੂੰ ਮੁਖ ਰਖਦੇ ਹੋਏ ਉਹ ਇਕਦਮ ਕਿਸਾਨ ਦੀ ਇਮਦਾਦ ਕਰਦੀ, ਕਿਸਾਨ ਹਰ ਪਰਕਾਰ ਨਾਲ ਇਸ ਮੁਲਕ ਦੀ ਰਾਖੀ ਕਰ ਰਿਹਾ ਹੈ । 1965 ਵਿਚ ਬਾਰਡਰ ਏਰੀਆ ਦੇ ਕਿਸਾਨਾਂ ਦੀ ਰਿਆਇਤ ਕਰਨ ਦੀ ਖਾਤਰ ਸਪੈਸ਼ਲ ਰਿਆਇਤਾਂ ਲਈ ਸਰਕਾਰ ਵਲੋਂ ਐਲਾਨ ਕੀਤੇ ਗਏ ਪਰ ਉਹ ਅਜੇ ਤੱਕ ਵਿਚੇ ਹੀ ਹਨ, ਮੌਜੂਦਾ ਸਰਕਾਰ ਨੂੰ ਇਹ ਗੱਲਾਂ ਧਿਆਨ ਵਿਚ ਰੱਖਣੀਆਂ ਚਾਹੀਦੀਆਂ ਹਨ ।

ਪਿਛਲੇ 20 ਸਾਲਾਂ ਤੋਂ ਹਰੀਜਨਾਂ ਨੂੰ ਰੀਲੀਫ ਦੇਣ ਦੇ ਵਾਸਤੇ ਪੰਜਾਬ ਵਿਚ ਜਿਤਨੀਆਂ ਵੀ ਸਰਕਾਰਾਂ ਆਈਆਂ ਉਹ ਇਹੋ ਕਹਿੰਦੇ ਰਹੇ ਕਿ ਅਸੀਂ ਹਰੀਜਨਾਂ ਨੂੰ ਵਧ ਤੋਂ ਵਧ ਰੀਲੀਫ ਦੇ ਰਹੇ ਹਾਂ । ਪਰ ਅਜੇ ਤੱਕ ਹਰੀਜਨ ਪਛੜਿਆ ਹੀ ਹੋਇਆ ਹੈ, ਇਸ ਦਾ ਕਾਰਨ ਇਹ ਹੈ ਕਿ ਹਰੀਜਨ ਦੀ ਇਮਦਾਦ ਵਾਸਤੇ ਜਿਤਨਾ ਰੀਲੀਫ ਮਿਲਨਾ ਚਾਹੀਦਾ ਸੀ ਉਹ ਨਹੀਂ ਮਿਲ ਸਕਿਆ । ਇਸ ਲਈ ਸਮਾਜ ਦਾ ਇਹ ਅੰਗ ਇਕ ਐਸਾ ਪਛੜਿਆ ਹੋਇਆ ਅੰਗ ਜਾਂ ਟੁਟਾ ਹੋਇਆ ਅੰਗ ਹੈ ਜਿਸ ਤੋਂ ਬਗੈਰ ਸਮਾਜ ਦਾ ਸਰੀਰ ਅਧੂਰਾ ਹੀ ਹੈ । ਅਸੀਂ ਮੁਲਕ ਦੀ ਤਰੱਕੀ ਉਦੋਂ ਤਕ ਅਧੂਰੀ ਸਮਝਾਂਗੇ ਜਦੋਂ ਤਕ ਕਿ ਇਹ ਅੰਗ ਸਬੂਤ ਨਹੀਂ ਹੋ ਜਾਂਦਾ ।

ਮੈਂ ਸਮਝਦਾ ਹਾਂ ਕਿ ਸਰਕਾਰ ਫਿਰਕਾਪ੍ਰਸਤੀ ਤੋਂ ਉਚੀ ਉਠ ਕੇ ਇਸ ਪਾਸੇ ਧਿਆਨ ਦੇ ਸਕਦੀ ਹੈ । ਸਰਕਾਰ ਨੇ 25 ਲੱਖ ਰੁਪਿਆ ਧਰਮਸ਼ਾਲਾਂ ਲਈ ਅਤੇ 9 ਲੱਖ ਰੁਪਿਆ ਚੌਪਾਲਾਂ ਲਈ ਦਿਤਾ ਹੈ । ਮੈਂ ਇਨ੍ਹਾਂ ਦੇ ਖਿਲਾਫ ਨਹੀਂ ਹਾਂ । ਸਗੋਂ ਚੰਗਾ ਹੁੰਦਾ ਕਿ ਜੇ ਉਹ ਇਕ ਕਰੋੜ ਰੁਪਿਆ ਦਿਤਾ ਜਾਂਦਾ । ਪਰ ਇਸ ਤਰੀਕੇ ਨਾਲ ਤਾਂ ਹਰੀਜਨਾਂ ਦੀ ਭਲਾਈ ਨਹੀਂ ਹੋ ਸਕਦੀ । ਮੈਂ ਅਰਜ਼ ਕਰਦਾਂ ਹਾਂ ਕਿ ਇਹ ਤਾਂ ਹਰੀਜਨਾਂ ਦੇ ਲੀਡਰਾਂ ਨੂੰ ਪੁਛਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਸਾਡੀ ਬਿਮਾਰੀ ਦਾ ਇਲਾਜ ਹੋ ਸਕਦਾ ਹੈ । (ਵਿਰੋਧੀ ਪਖ ਵਲੋਂ ਤਾੜੀਆਂ)

ਇਕ ਹੋਰ ਗੱਲ ਦੀ ਮੈਂ ਸ਼ਲਾਘਾ ਕਰਦਾ ਹਾਂ ਕਿ ਇਸ ਸਰਕਾਰ ਨੇ ਅਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਨੂੰ ਉਨਤ ਕਰਨ ਦਾ ਇਰਾਦਾ ਕੀਤਾ ਹੈ । ਇਹ ਉਹ ਥਾਂ ਹੈ ਜਿਥੇ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਿਦੇਸ਼ੀ ਰਾਜ ਨੂੰ ਖਤਮ ਕਰਕੇ ਦੇਸੀ ਰਾਜ ਸਥਾਪਤ ਕੀਤਾ ਸੀ । ਮੈਂ ਇਸ ਗਲ ਦੀ ਸ਼ਲਾਘਾ ਕਰਦਾ ਹਾਂ । ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਉਥੋਂ ਦੀਆਂ ਗਲੀਆਂ ਅਤੇ ਦੀਵਾਰਾਂ ਦੀ ਉਨਤੀ ਨਹੀਂ ਸਗੋਂ ਉਥੇ ਕੋਈ ਅਜਿਹੀ ਟੈਕਨੀਕਲ ਸੰਸਥਾ ਸਥਾਪਤ ਕੀਤੀ ਜਾਵੇ ਜਿਸ ਨਾਲ ਲੋਕ ਯਾਦ ਕਰਨ ਕਿ ਹਾਂ ਇਸ ਥਾਂ ਤੇ ਗੁਰੂ ਗੋਬਿੰਦ ਸਿੰਘ ਜੀ ਹੋਏ ਸਨ ਅਤੇ ਉਨ੍ਹਾਂ ਦੀ ਯਾਦ ਵਿਚ ਇਹ ਸੰਸਥਾ ਬਣੀ ਹੈ ਅਤੇ ਇਥੇ ਹੀ ਗੁਰੂ ਤੇਗ ਬਹਾਦਰ ਜੀ ਹਿੰਦ ਦੀ ਚਾਦਰ ਰਹਿੰਦੇ ਸਨ ਜਿਨ੍ਹਾਂ ਨੇ ਹਿੰਦੁਸਤਾਨ ਲਈ ਕੁਰਬਾਨੀ ਦਿਤੀ । ਮੈਂ ਸਮਝਦਾ ਹਾਂ ਕਿ ਇਹ ਥਾਂ ਸਾਰੇ ਹਿੰਦੁਸਤਾਨ ਵਿਚੋਂ ਪਵਿਤਰ ਹੈ ਅਤੇ ਮੈਨੂੰ ਉਮੀਦ ਹੈ ਕਿ ਕੋਈ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਤਾਰਾ ਸਿੰਘ ਲਾਇਲਪੁਰੀ]

ਇਸ ਦੀ ਵਿਰੋਧਤਾ ਨਹੀਂ ਕਰੇਗਾ ਭਾਵੇਂ ਉਹ ਹਿੰਦੂ ਹੋਵੇ ਜਾਂ ਮੁਸਲਮਾਨ। ਸਾਰੇ ਹੀ ਇਸ ਦੀ ਸ਼ਲਾਘਾ ਕਰਨਗੇ।

**ਇਕ ਮਾਨਯੋਗ ਮੈਂਬਰ :** ਵਿਰੋਧਤਾ ਕੀਤੀ ਹੀ ਕਿਸ ਨੇ ਹੈ ? (ਵਿਘਨ) (ਸ਼ੋਰ)

**ਸਰਦਾਰ ਉਮਰਾਓ ਸਿੰਘ :** ਚੇਅਰਮੈਨ ਸਾਹਿਬ ਮੈਂਬਰ ਨੇ ਇਹ ਕਿਹਾ ਹੈ ਕਿ ਅਸੀਂ ਇਸ ਗੱਲ ਦੀ ਵਿਰੋਧਤਾ ਕੀਤੀ ਹੈ। ਇਸ ਹਾਊਸ ਦੇ ਮੈਂਬਰਾਂ ਤੇ ਐਸਪਰਸ਼ਨ ਹੈ। ਇਸ ਲਈ ਇਹ ਐਕਸਪੰਜ ਹੋਣਾ ਚਾਹੀਦਾ ਹੈ। (ਵਿਘਨ) (ਸ਼ੋਰ)

**ਸਰਦਾਰ ਤਾਰਾ ਸਿੰਘ ਲਾਇਲਪੁਰੀ :** ਚੇਅਰਮੈਨ ਸਾਹਿਬ, ਮੈਂ ਤਾਂ ਇਹ ਆਖਿਆ ਹੀ ਨਹੀਂ ਹੈ। ਅਖੀਰ ਵਿਚ ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਸਰਕਾਰ ਦੀਆਂ ਪਾਲਿਸੀਆਂ ਨੂੰ ਹਾਊਸ ਵਿਚ ਪੜ੍ਹ ਕੇ ਪੰਜਾਬ ਦੇ ਲੋਕਾਂ ਦੀ ਅਗਵਾਈ ਕੀਤੀ ਹੈ।

**ਕਾਮਰੇਡ ਹਰਦਿਤ ਸਿੰਘ ਭਠੱਲ** (ਧਨੌਲਾ) : ਚੇਅਰਮੈਨ ਸਾਹਿਬ, ਮੈਂ ਇਸ ਐਡਰੈਸ ਦੀ ਤਾਈਦ ਕਰਨ ਵਾਸਤੇ ਖੜਾ ਹੋਇਆ ਹਾਂ ਅਤੇ ਇਸ ਵਿਚ ਜੋ ਕਮੀਆਂ ਹਨ ਉਹ ਮੈਂ ਇਨ੍ਹਾਂ ਦੇ ਪੇਸ਼ ਕਰਨੀਆਂ ਚਾਹੁੰਦਾ ਹਾਂ। ਸਭ ਤੋਂ ਪਹਿਲੀ ਕਮੀ ਇਸ ਐਡਰੈਸ ਵਿਚ ਇਹ ਹੈ ਕਿ ਸਾਡੀ ਪਿਛਲੀ ਸਾਂਝੀ ਫਰੰਟ ਦੀ ਗੌਰਮਿੰਟ ਨੇ ਇਹ ਫੈਸਲਾ ਕੀਤਾ ਸੀ ਕਿ ਮੁਜ਼ਾਰਿਆਂ ਨੂੰ ਬੇਦਖਲ ਨਹੀਂ ਕੀਤਾ ਜਾਵੇਗਾ। ਪਰ ਹੁਣ ਧੜਾ ਧੜ ਮੁਜ਼ਾਰੇ ਬੇਦਖਲ ਕੀਤੇ ਜਾ ਰਹੇ ਹਨ। ਬੇਟ ਅਤੇ ਜ਼ਿਲਾ ਫਿਰੋਜ਼ਪੁਰ ਵਿਚ ਹਜ਼ਾਰਾਂ ਮੁਜ਼ਾਰੇ ਉਜਾੜੇ ਜਾ ਰਹੇ ਹਨ। ਇਨ੍ਹਾਂ ਮੁਜ਼ਾਰਿਆਂ ਨੇ ਜ਼ਮੀਨਾਂ ਪੁਟ ਕੇ ਉਨ੍ਹਾਂ ਨੂੰ ਵਾਹੀਯੋਗ ਬਣਾਇਆ ਸੀ ਪਰ ਹੁਣ ਉਨ੍ਹਾਂ ਤੋਂ ਉਹ ਜ਼ਮੀਨ ਸੀਡ ਫਾਰਮ ਬਣਾਉਣ ਦੇ ਬਹਾਨੇ ਖੋਹੀ ਜਾ ਰਹੀ ਹੈ। ਮੈਂ ਕਹਿੰਦਾ ਹਾਂ ਕਿ ਸੀਡ ਫਾਰਮ ਜ਼ਰੂਰ ਬਣਾਓ ਪਰ ਉਸ ਵਾਸਤੇ ਹੋਰ ਨਵੀਂ ਜ਼ਮੀਨ ਕਢੋ, ਉਸ ਵਾਸਤੇ ਮੁਜ਼ਾਰਿਆਂ ਨੂੰ ਨਾ ਉਜਾੜੋ। ਫਿਰ ਸਾਡੇ ਸੰਗਰੂਰ ਵਿਚ ਇਕ ਪਿੰਡ ਹੈ, ਗੜਖੜੀ। ਉਸ ਵਿਚੋਂ ਮੁਜ਼ਾਰਿਆਂ ਨੂੰ ਪਕੀਆਂ ਹੋਈਆਂ ਕਣਕਾਂ ਤੋਂ ਉਜਾੜਿਆ ਜਾ ਰਿਹਾ ਹੈ। ਸਰਕਾਰ ਇਸ ਪਾਸੇ ਧਿਆਨ ਦੇ ਕੇ ਇਹ ਬੇਦਖ਼ਲੀਆਂ ਰੋਕੇ।

ਦੂਜੀ ਗਲ ਇਹ ਹੈ ਕਿ ਇਕ ਖੁਸ਼ਹੈਸੀਅਤੀ ਟੈਕਸ ਲਗਾ ਸੀ। ਉਸ ਬਾਰੇ ਇਕ ਬੜੀ ਭਾਰੀ ਐਜੀਟੇਸ਼ਨ ਵੀ ਚਲੀ ਸੀ। ਅਤੇ ਸਰਕਾਰ ਨਾਲ ਉਸ ਬਾਰੇ ਗਲ ਬਾਤ ਵੀ ਹੋਈ ਸੀ ਜਿਸ ਵਿਚ ਇਕ ਸਮਝੌਤਾ ਵੀ ਹੋਇਆ ਸੀ। ਪਰ ਬਾਦ ਵਿਚ ਸਰਕਾਰ ਉਸ ਸਮਝੌਤੇ ਤੋਂ ਮੁਕਰ ਗਈ ਸਾਡੇ ਸਾਂਝੇ ਫਰੰਟ ਦੀ ਸਰਕਾਰ ਨੇ ਇਹ ਮੰਨਿਆ ਸੀ ਕਿ ਇਹ ਟੈਕਸ ਗਲਤ ਹੈ। ਉਸ ਨੇ ਇਹ ਫੈਸਲਾ ਕੀਤਾ ਸੀ ਕਿ ਜਿਹੜਾ ਟੈਕਸ ਉਗਰਾਹਿਆ ਗਿਆ ਹੈ ਉਹ ਵਾਪਸ ਕੀਤਾ ਜਾਵੇ ਅਤੇ ਐਜੀਟੇਸ਼ਨ ਦੇ ਵੇਲੇ ਜਿਹੜੇ ਜੁਰਮਾਨੇ ਵਸੂਲ ਕੀਤੇ ਗਏ ਸਨ ਉਹ ਵਾਪਸ ਦੇ ਦੇਣੇ ਹਨ ਅਤੇ ਜੋ ਬਕਾਇਆ ਹਨ ਉਹ ਵਸੂਲ ਨਹੀਂ ਕਰਨੇ। ਅਤੇ ਜਿਹੜੇ ਅਸਲੇ ਦੇ ਲਾਇਸੈਂਸ ਜ਼ਬਤ ਕੀਤੇ ਗਏ ਹਨ ਉਹ ਵੀ ਵਾਪਸ ਕਰ ਦਿਤੇ ਜਾਣਗੇ। ਇਹ ਕਾਨੂੰਨ ਕਿਸਾਨ ਮਾਰੂ ਹੈ। ਇਸ ਲਈ ਇਹ ਖਤਮ ਕਰ ਦੇਣਾ ਚਾਹੀਦਾ ਹੈ। ਫਿਰ ਪੰਜਾਬ ਦੇ ਛੋਟੇ ਮੁਲਾਜ਼ਮਾਂ ਦੀ ਗਲ ਹੈ। ਉਨ੍ਹਾਂ ਦੀ ਤਨਖਾਹ ਲਈ ਇਕ ਕਮਿਸ਼ਨ ਬਣਾਇਆ ਗਿਆ ਸੀ। ਪਰ ਇਸ ਸਰਕਾਰ ਦੇ ਵਜ਼ੀਰ ਨੇ

Original with;
Punjab Vidhan Sabha
Digitized by;
Panjab Digital Library

ਆਪ ਮੰਨਿਆ ਸੀ ਕਿ ਉਹ ਠੀਕ ਨਹੀਂ ਸੀ । ਅਤੇ ਉਨ੍ਹਾਂ ਨੇ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਲਈ ਬਿਆਨ ਵੀ ਦਿਤਾ ਸੀ । ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਜਲਦੀ ਤੋਂ ਜਲਦੀ ਮੰਨੀਆਂ ਜਾਣ ।

ਫਿਰ ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਕਿਸਾਨਾਂ ਦੀ ਬੇਹਤਰੀ ਲਈ ਚੰਗੇ ਚੰਗੇ ਕਦਮ ਚੁਕੇ ਜਾਣ । ਅਸਲ ਵਿਚ ਕਿਸਾਨ ਹੀ ਸਾਰੀਆਂ ਚੀਜ਼ਾਂ ਪੈਦਾ ਕਰਦਾ ਹੈ । ਉਹ ਹੀ ਇਸ ਸਾਰੇ ਸਮਾਜ ਦੀ ਬੁਨਿਆਦ ਹੈ । ਉਹ ਚੀਜ਼ਾਂ ਪੈਦਾ ਕਰਦਾ ਹੈ ਤਾਂ ਹੀ ਮੰਡੀਆਂ ਚਲਦੀਆਂ ਹਨ । ਤਾਂ ਹੀ ਆੜਤ ਹੁੰਦੀ ਹੈ । ਕਿਸਾਨ ਗੰਨਾ ਪੈਦਾ ਕਰਦਾ ਹੈ ਤਾਂ ਹੀ ਸ਼ੂਗਰ ਮਿਲਾਂ ਚਲਦੀਆਂ ਹਨ ਅਤੇ ਕਿਸਾਨ ਕਪਾਹ ਪੈਦਾ ਕਰਦਾ ਹੈ ਤਾਂ ਹੀ ਕਪੜਾ ਮਿਲਾਂ ਚਲਦੀਆਂ ਹਨ । ਇਸ ਲਈ ਕਿਸੇ ਪਾਸੇ ਵੇਖ ਲਓ ਕਿਸਾਨ ਹੀ ਹਰ ਚੀਜ਼ ਪੈਦਾ ਕਰ ਰਿਹਾ ਹੈ । ਪਰ ਉਸ ਦੀ ਤਰਕੀ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ । ਉਨ੍ਹਾਂ ਨੂੰ ਨਹਿਰ ਦਾ ਪੂਰਾ ਪਾਣੀ ਵੀ ਨਹੀਂ ਦਿਤਾ ਜਾਂਦਾ । ਸਾਡੇ ਸੰਗਰੂਰ ਜ਼ਿਲੇ ਵਿਚ ਨਹਿਰ ਦਾ ਪਾਣੀ 7-8 ਸਾਲਾਂ ਨਾਲੋਂ ਬਹੁਤ ਘਟ ਦਿਤਾ ਜਾ ਰਿਹਾ ਹੈ । ਜਿਥੇ ਪਹਿਲਾਂ ਰਜਵਾਹੇ ਹੁੰਦੇ ਸਨ ਹੁਣ ਉਥੇ ਇਕ ਹੀ ਚਲ ਰਿਹਾ ਹੈ । ਦੇਖੋ ਦੁਗ ਬਹਾਦਰਪੁਰ ਫਿਰ ਪਾਣੀ ਵੀ ਬੜਾ ਘਟ ਆ ਰਿਹਾ ਹੈ । ਪਹਿਲਾਂ ਜਿਹੜਾ ਪਾਣੀ ਪੰਜ ਵਿਘੇ ਜ਼ਮੀਨ ਨੂੰ ਸਿੰਜਦਾ ਸੀ ਹੁਣ ਉਹ ਮੁਸ਼ਕਲ ਨਾਲ ਅਧੇ ਵਿਘੇ ਨੂੰ ਹੀ ਸਿੰਜ ਸਕਦਾ ਹੈ । ਫਿਰ ਚੇਅਰਮੈਨ ਸਾਹਿਬ ਜ਼ਿਲਾ ਸੰਗਰੂਰ ਦਾ ਤੇ ਬਠਿੰਡਾ ਦਾ ਉਹ ਪਾਣੀ ਥਲੇ ਦਾ ਤੇ ਬੜਾ ਨਾਕਸ ਪਾਣੀ ਹੁੰਦਾ ਹੈ । ਉਸ ਨਾਲ ਸਾਰੀ ਧਰਤੀ ਬਰਬਾਦ ਹੋ ਜਾਵੇਗੀ । ਇਸ ਲਈ ਉਨ੍ਹਾਂ ਨੂੰ ਨਹਿਰ ਦਾ ਪਾਣੀ ਵਧ ਤੋਂ ਵਧ ਦਿਤਾ ਜਾਣਾ ਚਾਹੀਦਾ ਹੈ ਜਿਤਨਾ ਕਿ 7-8 ਸਾਲ ਪਹਿਲਾਂ ਦਿਤਾ ਜਾਂਦਾ ਸੀ । ਫਿਰ ਚੇਅਰਮੈਨ ਸਾਹਿਬ ਇਹ ਸਕੀਮਾਂ ਬਣਾਉਂਦੇ ਹਨ ਕਿ ਇਤਨੀ ਜ਼ਮੀਨ ਹੋਵੇਗੀ ਤਾਂ ਨਾਲ ਲਗੇਗੀ । ਇਸ ਤਰ੍ਹਾਂ 2-2 ਅਤੇ ਢਾਈ ਢਾਈ ਮੀਲ ਤੋਂ ਪਾਣੀ ਆਉਂਦਾ ਹੈ । ਰਾਹ ਵਿਚ ਕਈ ਕਈ ਹੇਰਾਫੇਰੀਆਂ ਹੋ ਜਾਂਦੀਆਂ ਹਨ । ਫਿਰ ਦੋ ਦੋ ਸਾਲ ਤਕ ਪਾਣੀ ਹੀ ਨਹੀਂ ਮਿਲਦਾ । ਲੋਕ ਹੁਣ ਟਿਊਬਵੈਲ ਲਗਾ ਰਹੇ ਹਨ । ਇਕ ਹੋਰ ਬੜਾ ਜ਼ੁਲਮ ਤੇ ਧੱਕਾ ਹੋ ਰਿਹਾ ਹੈ ਕਿ ਨਹਿਰਾਂ ਦਾ ਪਾਣੀ ਤਾਂ ਦਿਤਾ ਨਹੀਂ ਜਾਂਦਾ ਪਰ ਉਸ ਨਹਿਰੀ ਪਾਣੀ ਦਾ ਆਬਿਆਨਾ ਲੈ ਲਿਆ ਜਾਂਦਾ ਹੈ ।

ਨਹਿਰ ਦੇ ਮਹਿਕਮੇ ਵਿਚ ਕਿਸਾਨਾਂ ਨਾਲ ਹੁੰਦੇ ਜ਼ੁਲਮ ਨੂੰ ਬੰਦ ਕਰਨਾ ਚਾਹੀਦਾ ਹੈ । ਖੇਤਾਂ ਨੂੰ ਨਹਿਰ ਦਾ ਪਾਣੀ ਦੇਣ ਦਾ ਸਹੀ ਪਰਬੰਧ ਕੀਤਾ ਜਾਵੇ । ਦੋ ਦੋ, ਢਾਈ ਢਾਈ, ਮੀਲ ਤਕ ਪਾਣੀ ਮਿਲਦਾ ਹੀ ਨਹੀਂ । ਨੇੜੇ ਤੋਂ ਨੇੜੇ ਨਾਲ ਲਗਣੀ ਚਾਹੀਦੀ ਹੈ; ਮੇਰੀ ਬੇਨਤੀ ਹੈ ਕਿ ਨਹਿਰ ਦਾ ਪਾਣੀ ਖੁਲ੍ਹਾ ਦਿਤਾ ਜਾਵੇ । ਦੂਜੇ ਪਾਸੇ ਕਪਾਹ ਉਤੇ, ਇਖ ਉਤੇ, ਮਿਰਚ ਉਤੇ ਚਾਰ ਰੁਪਏ ਏਕੜ ਦੇ ਹਿਸਾਬ ਨਾਲ ਟੈਕਸ ਲਗਾ ਕੇ ਕਿਸਾਨਾਂ ਨਾਲ ਜ਼ੁਲਮ ਕੀਤਾ ਗਿਆ ਹੈ ।

ਬਿਜਲੀ ਦੇ ਮੁਤੱਲਕ ਪਹਿਲੀ ਗਲ ਤਾਂ ਇਹ ਹੈ ਕਿ ਫਲੈਟ ਰੇਟ ਦਾ ਸਿਸਟਮ ਬਿਲਕੁਲ ਗ਼ਲਤ ਚੀਜ਼ ਹੈ । ਇਸ ਨਾਲ ਛੋਟੇ ਜ਼ਿਮੀਦਾਰਾਂ ਨਾਲ ਧਕਾ ਕੀਤਾ ਗਿਆ ਹੈ, ਜਿਸ ਨਾਲ ਉਨ੍ਹਾਂ ਨੂੰ ਬੜਾ ਨੁਕਸਾਨ ਹੋਇਆ ਹੈ ਅਤੇ ਬੜੇ ਜ਼ਿਮੀਦਾਰਾਂ ਨੂੰ ਜਿਨ੍ਹਾਂ ਦੀ ਜ਼ਮੀਨ 100 ਵਿਘੇ ਤੋਂ ਉਤੇ ਹੈ ਇਸ ਨਾਲ ਉਨ੍ਹਾਂ ਨੂੰ ਫਾਇਦਾ ਹੋਇਆ ਹੈ । ਇਹ ਸਾਰਾ ਕੁਝ ਕਿਸਾਨਾਂ ਨੂੰ ਮਾਰਨ ਵਾਸਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦਿਤ ਸਿੰਘ ਭੱਠਲ]

ਅਤੇ ਵਡੇ ਜ਼ਿਮੀਦਾਰਾਂ ਦੀ ਮਦਦ ਕਰਨ ਵਾਸਤੇ ਕੀਤਾ ਗਿਆ ਹੈ। ਬਿਜਲੀ ਦਾ ਬੜਾ ਗੰਦਾ ਇੰਤਜ਼ਾਮ ਹੈ। ਜਿਹੜੀ ਲਾਇਨ ਮੇਰੇ ਪਿੰਡ ਨੂੰ ਆਉਂਦੀ ਹੈ ਉਹੋ ਤਕਰੀਬਨ ਪੰਜ ਦਿਨ ਬੰਦ ਰਹਿੰਦੀ ਹੈ। ਸੋਮਵਾਰ ਨੂੰ ਅਤੇ ਬੁਧਵਾਰ ਨੂੰ ਤਾਂ ਬਿਜਲੀ ਬਿਲਕੁਲ ਬੰਦ ਰਹਿੰਦੀ ਹੈ। ਤਿੰਨ ਦਿਨ ਜੁਮਾਵਾਰ, ਐਤਵਾਰ ਨੂੰ ਬਿਜਲੀ ਅੱਧਾ ਦਿਨ ਬੰਦ ਰਹੇਗੀ ਪਰ ਆਉਂਦੀ ਸਾਰਾ ਸਾਰਾ ਦਿਨ ਹੀ ਨਹੀਂ। ਕਈ ਵਾਰੀ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਜਦੋਂ ਖੇਤ ਦੇ ਕੰਨੇ ਵਿਚ ਪਾਣੀ ਜਾਂਦਾ ਹੈ, ਉਦੋਂ ਹੀ ਬੰਦ ਹੋ ਜਾਂਦੀ ਹੈ। ਬਿਜਲੀ ਦੀ ਲੋੜ ਹੁੰਦੀ ਹੈ ਉਦੋਂ ਤਾਂ ਬਿਜਲੀ ਆਉਂਦੀ ਨਹੀਂ ਅਤੇ ਜਦੋਂ ਬਿਜਲੀ ਦੀ ਲੋੜ ਨਹੀਂ ਹੁੰਦੀ ਉਦੋਂ ਆ ਜਾਂਦੀ ਹੈ। ਇਸ ਤਰ੍ਹਾਂ ਦਾ ਸਿਲਸਿਲਾ ਗਰੀਬ ਕਿਸਾਨਾਂ ਵਾਸਤੇ ਬਹੁਤ ਹਾਨੀਕਾਰਕ ਹੈ। ਫੇਰ ਫਲੈਟ ਰੇਟ ਦੀ ਬਜਾਏ ਜਿੰਨਾ ਖਰਚ ਹੋਵੇ ਉਨਾਂ ਟੈਕਸ ਲਗਣਾ ਚਾਹੀਦਾ ਹੈ। ਦੂਜੀ ਗਲ ਇਹ ਹੈ ਕਿ ਕਿਸਾਨਾਂ ਦੀ ਕਿੰਨੀ ਮਹਾਨ ਕਮਾਈ ਹੈ। ਇਕ ਇਕ ਦਾਣਾ ਉਨ੍ਹਾਂ ਦੇ ਖੂਨ ਦੇ ਇਕ ਇਕ ਕਤਰੇ ਤੋਂ ਬਣਦਾ ਹੈ। ਬਠਿੰਡੇ ਅਤੇ ਮਾਲੇਰਕੋਟਲੇ ਦੀਆਂ ਨਹਿਰਾਂ ਬੰਦ ਪਈਆਂ ਹਨ। ਟਿਊਬਵੈਲ ਅਤੇ ਇੰਜਣ ਨਾਲ ਕੰਮ ਕਰਨ ਤੇ ਤੇਲ ਮਹਿੰਗਾ ਪੈਂਦਾ ਹੈ। ਕਿਸਾਨਾ ਦੀ ਹਾਲਤ ਬਹੁਤ ਬੁਰੀ ਹੋ ਰਹੀ ਹੈ। ਇਸ ਨੂੰ ਠੀਕ ਕਰਨਾ ਸਰਕਾਰ ਦਾ ਕੰਮ ਹੈ। ਜਿਸ ਵੇਲੇ ਕਣਕ ਵੇਚਣ ਜਾਂਦਾ ਹੈ ਤਾਂ ਮੰਡੀ ਵਿਚ ਸਸਤਾ ਭਾ ਹੋਣ ਕਰਕੇ ਲੁਟਿਆ ਜਾਂਦਾ ਹੈ ਅਤੇ ਜਦੋਂ ਮੰਡੀ ਜਾਂ ਬਜ਼ਾਰ ਵਿਚ ਲੋੜੀਦੀਆਂ ਚੀਜ਼ਾਂ ਖਰੀਦਣ ਜਾਂਦਾ ਹੈ ਤਾਂ ਉਸਨੂੰ ਚੀਜ਼ਾਂ ਮਹਿੰਗੀਆਂ ਮਿਲਦੀਆਂ ਹਨ। ਜਿਵੇਂ ਕਿ ਕਪੜਾ ਪਿੰਡ ਰੇਹ ਆਦਿਕ ਇਸ ਤਰ੍ਹਾਂ ਨਾਲ ਦੋਵੇਂ ਪਾਸੇ ਲੁਟਿਆ ਜਾਂਦਾ ਹੈ। 30 ਰੁਪਏ 32 ਰੁਪਏ ਦਾ ਤਾਂ ਹਲ ਹੋ ਗਿਆ ਹੈ। ਚੀਜ਼ਾਂ ਦੇ ਭਾਅ ਮੁਕੱਰਰ ਕਰਨ ਵੇਲੇ ਛੋਟੇ ਕਿਸਾਨਾਂ ਅਤੇ ਮੁਲਾਜ਼ਮਾਂ ਦਾ ਖਿਆਲ ਰਖਣਾ ਚਾਹੀਦਾ ਹੈ। ਮੈਂ ਕਿਸਾਨਾਂ ਦੇ ਮੁਤੱਲਕ ਕਹਿੰਦਾ ਹਾਂ ਕਿ ਇਹ ਸਾਰੀਆਂ ਚੀਜ਼ਾਂ ਨੂੰ ਮੁਖ ਕਰਕੇ ਇਨ੍ਹਾਂ ਤਕਲੀਫਾਂ ਨੂੰ ਦੂਰ ਕਰਨਾ ਚਾਹੀਦਾ ਹੈ। ਜੇ ਅੰਨ ਦਾ ਭਾ ਘਟ ਕਰਨਾ ਹੈ ਤਾਂ ਹੋਰ ਲੋੜੀਦੀਆਂ ਚੀਜ਼ਾਂ ਦੇ ਭਾ ਵੀ ਘਟ ਹੋਣੇ ਚਾਹੀਦੇ ਹਨ। ਵਿਦਿਆ ਬਾਰੇ ਮੈਂ ਕਹਿੰਦਾ ਹਾਂ ਕਿ ਵਿਦਿਆ ਬਗ਼ੈਰ ਕੁਝ ਨਹੀਂ ਬਣਦਾ। ਸਾਡੇ ਇਲਾਕੇ ਵਿਚ ਮਿਡਲ ਤੇ ਹਾਈ ਸਕੂਲ ਬਹੁਤ ਘਟ ਹਨ। ਕਾਂਗਰਸ ਸਰਕਾਰ ਵੇਲੇ ਜਾਂ ਫੇਰ ਫਰੰਟ ਸਰਕਾਰ ਵੇਲੇ ਕੋਈ ਸਕੂਲ ਨਹੀਂ ਖੋਲ੍ਹਿਆ ਗਿਆ। ਮੇਰੇ ਇਲਾਕੇ ਵਿਚ ਤਿੰਨ ਰਿਆਸਤਾਂ ਪੈਂਦੀਆਂ ਹਨ, ਪਟਿਆਲਾ, ਨਾਭਾ, ਸੰਗਰੂਰ, ਪਰ ਫੇਰ ਵੀ ਵਿਦਿਆ ਵਲੋਂ ਪਛੜਿਆ ਹੋਇਆ ਇਲਾਕਾ ਹੈ। ਮੇਰਾ ਆਪਣਾ ਪਿੰਡ ਭਠਲ ਹੈ ਇਥੇ ਨਾਭੇ ਦੀ ਰਿਆਸਤ ਵੇਲੇ ਦਾ ਮਿਡਲ ਸਕੂਲ ਹੈ ਅਤੇ ਹਾਲੇ ਤਕ ਅਪਗਰੇਡ ਨਹੀਂ ਹੋਇਆ 1962 ਵਿਚ ਬਡਬਰ ਦੀ ਬਜਾਏ ਧੌਲਾ ਹਾਈ ਸਕੂਲ ਬਣਾ ਦਿਤਾ ਗਿਆ। ਧੌਲਾ ਸਕੂਲ ਨਹੀਂ ਚਲ ਸਕਿਆ। ਇਸ ਲਈ ਬਡਬਰ ਨੂੰ ਹਾਈ ਸਕੂਲ ਦੇਣਾ ਚਾਹੀਦਾ ਹੈ।

ਡਰੇਨਜ਼ ਜਾਂ ਚੋਏ ਨਾ ਹੀ ਇਹ ਰਿਆਸਤਾਂ ਵੇਲੇ ਪੁਟੀਆਂ ਗਈਆਂ ਅਤੇ ਨਾ ਹੀ ਇਨ੍ਹਾਂ ਨੇ ਪੁਟਵਾਈਆਂ। ਉਥੇ ਜਿਹੜਾ ਚੋਆ ਹੈ ਉਸਨੂੰ ਚੌੜਾ ਕਰਕੇ ਨਹਿਰ ਬਨਾਉਣੀ ਚਾਹੀਦੀ ਹੈ। ਧਨੌਲਾ ਡਰੇਨ ਚੰਗੀ ਤਰ੍ਹਾਂ ਨਾਲ ਪੁਟੀ ਜਾਏ, ਪੁਲ ਬਣਾਏ ਜਾਣ। ਹਡਿਆਇਆ ਦੇ ਰਾਹ ਤੇ ਪੁਲ ਬਣਾਏ ਜਾਣੇ ਚਾਹੀਦੇ ਹਨ। ਬਡਬਰ ਭੂਹੇ ਢੰਡਰੀਆਂ ਦੂਹਾ ਬਹਾਦਰ ਪੁਰ ਕੇ ਲੌਗੋਵਾਲ ਡਰੇਨ ਨੂੰ ਚੰਗੀ ਤਰ੍ਹਾਂ ਨਾਲ ਪੁਟਿਆ ਜਾਣਾ ਚਾਹੀਦਾ ਹੈ। ਇਸ ਪਛੜੇ ਹੋਏ ਇਲਾਕੇ ਵਿਚ ਸਕੂਲ

Original with;
Punjab Vidhan Sabha
Digitized by;
Panjab Digital Library

ਅਪਗਰੇਡ ਅਤੇ ਨਵੇਂ ਖੋਲ੍ਹਣੇ ਚਾਹੀਦੇ ਹਨ। ਸ਼ੇਰੋ, ਜਖੇਪਾਲ ਦੂਰਾ ਤੇ ਢੰਡਰੀਆਂ ਆਦਿ ਪਿੰਡਾਂ ਵਿਚ ਸਕੂਲ ਬਣਾਉਣੇ ਚਾਹੀਦੇ ਹਨ। ਲਡੇ ਤੋਂ ਬਰਨਾਲਾ ਨੂੰ ਸੜਕ ਬਣਾਉਣੀ ਚਾਹੀਦੀ ਹੈ। ਧਨੌਲੀ ਭੀਖੀ ਸੜਕ ਬਨਾਉਣੀ ਚਾਹੀਦੀ ਹੈ। ਪੁਲ ਬਨਾਉਣੇ ਚਾਹੀਦੇ ਹਨ। ਹਰੀਗੜ੍ਹ ਤੋਂ ਢੰਡੀਆਂ ਤੇ ਹਰੀਗੜ੍ਹ ਤੋਂ ਭਠਲਾਂ ਵਿਚ ਦੀ ਕੱਟੂ ਵਿਚ ਦੀ ਸੇਖੇ ਦ ਸਟੇਸ਼ਨ ਨਾਲ ਮਿਲਾਉਣੀ ਚਾਹੀਦੀ ਹੈ। ਇਹਨਾਂ ਲਫਜ਼ਾਂ ਨਾਲ ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ।

**ਸ਼੍ਰੀ ਗਿਆਨ ਚੰਦ ਖਰਬੰਦਾ (ਅੰਮ੍ਰਿਤਸਰ ਪੂਰਬ)**: ਇਸ ਐਡਰੈਸ ਵਿਚ ਕਿਹਾ ਗਿਆ ਹੈ ਕਿ ਅੱਛੀ ਐਡਮਿਨਿਸਟਰੇਸ਼ਨ ਦਿਆਂਗੇ। (ਸ਼ੋਰ)

ਮੈਂ ਅਰਜ਼ ਕਰਦਾ ਹਾਂ ਕਿ ਕਿਸ ਤਰ੍ਹਾਂ ਜਨਸੰਘੀਆਂ ਨੇ ਕਾਂਗਰਸ ਪਰਜਾ ਸੋਸ਼ਲਿਸਟ ਪਾਰਟੀ ਦੇ ਆਦਮੀਆਂ ਨਾਲ ਬਦਲੇ ਦੀ ਸਪਿਰਟ ਵਿਚ ਉਨ੍ਹਾਂ ਨੂੰ ਧਮਕੀਆਂ ਦਿਤੀਆਂ। ਮਿਸਾਲ ਵੀ ਮੌਜੂਦ ਹੈ ਕਿ ਇਨ੍ਹਾਂ ਕਾਂਗਰਸ ਵਰਕਰਾਂ ਨੂੰ ਬਾਵਰਦੀ ਪੁਲਿਸ ਭੇਜਕੇ ਥਾਣੇ ਇਸੇ ਇਲਜ਼ਾਮ ਵਿਚ ਸਦਿਆ ਕਿ ਇਲੈਕਸ਼ਨਾਂ ਦੇ ਦਿਨਾਂ ਵਿਚ ਉਨ੍ਹਾਂ ਨੇ ਝੰਡੀਆਂ ਫਾੜੀਆਂ ਸਨ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਹੋਇਆ। ਉਨ੍ਹਾਂ ਨੂੰ ਸਜ਼ਾਂ ਕਿਉਂ ਨਹੀਂ ਦਿਤੀ ਜਾਂਦੀ? ਇਸੇ ਤਰ੍ਹਾਂ ਹਰੀਜਨਾਂ ਤੇ ਸਖ਼ਤੀਆਂ ਕੀਤੀਆਂ ਗਈਆਂ ਅਤੇ ਕਿਸ ਤਰ੍ਹਾਂ ਧਾਂਦਲੀ ਮਚਾਈ ਗਈ। ਇਹ ਕੰਮ ਜਨਸੰਘੀਆਂ ਵਾਸਤੇ ਠੀਕ ਨਹੀਂ। ਇਸ ਲਈ ਇਹ ਜਿਹੜੀ ਬਦਲੇ ਦੀ ਸਪਿਰਟ ਚਲ ਰਹੀ ਹੈ ਮੈਨੂੰ ਇਸ ਤੇ ਬੜਾ ਅਫਸੋਸ ਹੈ। ਇਸੇ ਤਰ੍ਹਾਂ 10 ਜਨਵਰੀ ਨੂੰ ਅੰਮ੍ਰਿਤਸਰ ਮਿਉਂਸੀਪਲ ਕਮੇਟੀ ਦੇ ਇਕ ਮਿਉਂਸੀਪਲ ਕਮਿਸ਼ਨਰ ਨੇ ਬਜਟ ਦੀ ਕਾਪੀ ਸਾੜੀ ਇਸ ਬਿਨਾਂ ਤੇ ਕਿ ਉਹ ਅੰਗ੍ਰੇਜ਼ੀ ਵਿਚ ਸੀ। ਉਸ ਨੇ ਮੰਗ ਕੀਤੀ ਸੀ ਕਿ ਉਸ ਨੂੰ ਕਾਪੀ ਪੰਜਾਬੀ ਵਿਚ ਦਿਤੀ ਜਾਵੇ।

ਅੱਜ ਪੂਰੇ ਇਕ ਮਹੀਨਾ 22 ਦਿਨਾ ਬਾਅਦ ਨੋਟਿਸ ਆਇਆ ਹੈ ਕਿ ਕਿਉਂ ਨਾ ਤੁਹਾਨੂੰ ਮਿਉਂਸੀਪਲ ਕਮੇਟੀ ਦੀ ਮੈਂਬਰੀ ਤੋਂ ਹਟਾ ਦਿਤਾ ਜਾਵੇ? ਅਗਰ ਉਹ ਪੰਜਾਬੀ ਵਿਚ ਬੱਜਟ ਮਗਦਾ ਸੀ ਤਾਂ ਕੀ ਅੰਗ੍ਰੇਜ਼ੀ ਦਾ ਬੱਜਟ ਪੜ੍ਹਨਾ ਉਸ ਵੇਲੇ ਜੁਰਮ ਸੀ। ਇਹ ਸਭ ਕੁਝ ਗਵਰਨਰੀ ਰਾਜ ਸਮੇਂ ਹੋਇਆ। (ਸ਼ੋਰ) ਪਰ ਉਸ ਵੇਲੇ ਐਕਸ਼ਨ ਲੈਣ ਦੀ ਲੋੜ ਨਾ ਸਮਝੀ ਪਰ ਹੁਣ ਇਸ ਰਾਜ ਵਿਚ ਨੋਟਿਸ ਮਿਲਿਆ ਹੈ।

ਹੁਣ ਮੈਂ ਗਵਰਨਰ ਸਾਹਿਬ ਦੀ ਸਪੀਚ ਵਿਚੋਂ ਰੈਫਰੈਂਸ ਦਿੰਦਾ ਹਾਂ। ਇਨ੍ਹਾਂ ਨੇ ਪਿਛਲੇ ਬੱਜਟ ਦਾ ਜ਼ਿਕਰ ਕਰਕੇ ਪੰਜਾਬ ਦੇ ਹਾਊਸ ਦੀ ਸ਼ਾਨ ਨੂੰ ਵੱਟਾ ਲਾਇਆ ਹੈ। ਇਸ ਵਿਚ ਸਰਹੱਦੀ ਲੋਕਾਂ ਦੇ ਉਤਸ਼ਾਹ ਦਾ ਜ਼ਿਕਰ ਕੀਤਾ ਹੈ। ਬੜੀ ਅੱਛੀ ਗੱਲ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਸਰਹੱਦੀ ਇਲਾਕਿਆਂ ਦੀ ਹਾਲਤ, ਇਥੋਂ ਦਾ ਕਾਰੋਬਾਰ ਇਸ ਗੱਲ ਦੀ ਮੰਗ ਕਰਦਾ ਹੈ ਕਿ ਗੌਰਮਿੰਟ ਨੇ 1966 ਵਿਚ ਜੋ ਇਸ ਇਲਾਕੇ ਦੀ ਸਨਅਤ ਨੂੰ ਰਿਆਇਤਾਂ ਦੇਣ ਵਾਸਤੇ, ਸੇਲਜ਼ ਟੈਕਸ ਤੋਂ ਅਤੇ ਚੁੰਗੀ ਟੈਕਸ ਤੇ ਬਿਜਲੀ ਰੇਟ ਤੋਂ ਰਿਆਇਤਾਂ ਦੇਣ ਦਾ ਐਲਾਨ ਕੀਤਾ ਸੀ ਉਹ ਇਸ ਨੂੰ ਅਮਲੀ ਜਾਮਾ ਨਹੀਂ ਪਹਿਨਾਂ ਸਕੀ। ਗੌਰਮਿੰਟ ਨੂੰ ਉਨ੍ਹਾਂ ਵਾਅਦਿਆਂ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੀਦਾ ਹੈ। ਸਰਹੱਦੀ ਇਲਾਕਿਆਂ ਵਿਚ ਇੰਡਸਟਰੀ ਵੀ ਨਹੀਂ ਲਗ ਸਕੀ ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਮੈਂ ਮੰਗ ਕਰਾਂਗਾ ਕਿ ਜਿਹੜੇ ਐਮਰਜੈਂਸੀ ਕਰਜ਼ੇ ਦਿਤੇ ਗਏ ਹਨ ਉਨ੍ਹਾਂ ਬਾਰੇ ਸਨਅਤਕਾਰਾਂ ਅਤੇ ਕਾਰੀਗਰਾਂ ਵਲੋਂ ਜੋ ਦਰਖਾਸਤਾਂ ਆਈਆਂ ਹਨ

Original with;
Punjab Vidhan Sabha
Digitized by;
Panjab Digital Library

[ਸ੍ਰੀ ਗਿਆਨ ਚੰਦ ਖਰਬੰਦਾ]

ਕਿ ਸਾਨੂੰ ਜਿਹੜੀ 3 ਸਾਲ ਦੀ ਮਿਆਦ ਹੈ ਉਹ ਵਧਾ ਕੇ 10 ਸਾਲ ਕੀਤੀ ਜਾਵੇ ਉਹ ਪਰਵਾਨ ਕਰ ਲਈਆਂ ਜਾਣ। ਇਹ ਜਾਇਜ਼ ਮੰਗ ਹੈ। ਇਸ ਵਾਸਤੇ ਗੌਰਮਿੰਟ ਨੇ ਜਿਹੜੇ ਕਰਜ਼ੇ 31 ਮਾਰਚ 1969 ਨੂੰ ਵਸੂਲਣੇ ਹਨ, ਉਨ੍ਹਾਂ ਦੀ ਵਸੂਲੀ ਵਿਚ ਢਿੱਲ ਕੀਤੀ ਜਾਵੇ। ਇਹ ਢਿੱਲ ਅੰਮ੍ਰਿਤਸਰ, ਫਿਰੋਜ਼ਪੁਰ ਤੇ ਗੁਰਦਾਸਪੁਰ ਆਦਿ ਸਾਰਿਆਂ ਇਲਾਕਿਆਂ ਵਾਸਤੇ ਹੋਣੀ ਚਾਹੀਦੀ ਹੈ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਸੈਂਟਰਲ ਗੌਰਮਿੰਟ ਨੂੰ ਕਹਿਣਾ ਚਾਹੀਦਾ ਹੈ ਕਿ ਇਨ੍ਹਾਂ ਇਲਾਕਿਆਂ ਵਿਚ ਵੱਡੀ ਇੰਡਸਟਰੀ ਲਾਵੇ ਤਾਂਕਿ ਲੋਕਾਂ ਨੂੰ ਵੀ ਰੁਜ਼ਗਾਰ ਮਿਲ ਸਕੇ ਅੰਮ੍ਰਿਤਸਰ ਦੀ ਇੰਡਸਟਰੀ ਵਲੋਂ ਉਚੇਚੇ ਤੌਰ ਤੇ ਧਿਆਨ ਦੇਣ ਦੀ ਲੋੜ ਹੈ। ਮੈਂ ਗੌਰਮਿੰਟ ਨੂੰ ਅਰਜ਼ ਕਰਾਂਗਾ ਕਿ ਵਿਕਰੀ ਟੈਕਸ ਦਾ ਜੋ ਵਿਉਪਾਰੀ ਲੀਡਰਾਂ ਨਾਲ ਸਮਝੌਤਾ ਕੀਤਾ ਸੀ ਉਸ ਨੂੰ ਵੀ ਪੂਰਾ ਕਰਨਾ ਚਾਹੀਦਾ ਹੈ।

ਸੇਲਜ਼ ਟੈਕਸ ਪੰਜਾਬ ਵਿਚ, ਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਹੈ। ਗੌਰਮਿੰਟ ਨੂੰ ਚਾਹੀਦਾ ਹੈ ਕਿ ਉਸ ਨੂੰ ਘੱਟ ਕਰਕੇ ਇਕੋ ਪੱਧਰ ਤੇ ਲਿਆਂਦਾ ਜਾਵੇ। ਇਸ ਸਿਲਸਿਲੇ ਵਿਚ ਹੱਡੀਆਂ ਤੇ ਖੱਲਾਂ ਤੇ ਸੇਲ ਟੈਕਸ ਦੀ ਮਿਸਾਲ ਤੁਹਾਡੇ ਸਾਹਮਣੇ ਹੈ, ਦਿਲੀ ਵਿਚ 1% ਅਤੇ ਪੰਜਾਬ 3% ਹੈ। ਗੌਰਮਿੰਟ ਨੂੰ ਅਜਿਹਿਆਂ ਮਸਲਿਆਂ ਨੂੰ ਸੁਲਝਾਉਣਾ ਚਾਹੀਦਾ ਹੈ।

ਇਕ ਹੋਰ ਬੇਨਤੀ ਹੈ ਕਿ ਸਰਹੱਦੀ ਇਲਾਕਿਆਂ ਵਿਚ ਬਿਜਲੀ ਦੀ ਸਪਲਾਈ ਰੈਗੂਲਰ ਨਹੀਂ ਹੈ। ਅੰਮ੍ਰਿਤਸਰ ਦੇ ਹਲਕੇ ਵਿਚ ਤਾਂ ਬਹੁਤ ਬੁਰਾ ਹਾਲ ਹੈ।

ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਅਸੀਂ ਗਰੀਬ ਲੋਕਾਂ ਲਈ ਬਹੁਤ ਕੁਝ ਕਰ ਰਹੇ ਹਾਂ। ਮੈਂ ਅਰਜ਼ ਕਰਦਾ ਹਾਂ ਕਿ ਅੰਮ੍ਰਿਤਸਰ ਔਰ ਦੂਸਰਿਆਂ ਇਲਾਕਿਆਂ ਵਿਚ ਵੀ ਖਾਸ ਤੌਰ ਤੇ ਹਰੀਜਨਾਂ ਨੂੰ ਮਕਾਨਾਂ ਦੀ ਬਹੁਤ ਤਕਲੀਫ ਹੋ ਰਹੀ ਹੈ। ਗੌਰਮਿੰਟ ਨੂੰ ਇਸ ਬਾਰੇ ਕੋਈ ਪਲਾਨ ਬਨਾਉਣੀ ਚਾਹੀਦੀ ਹੈ। ਬਲਕਿ ਦੂਸਰਿਆਂ ਲੋਕਲ ਬਾਡੀਜ਼ ਆਦਿ ਨੂੰ ਵੀ ਪ੍ਰੇਰਨਾ ਕਰਨੀ ਚਾਹੀਦੀ ਹੈ ਕਿ ਬੜੀ ਵਾਜਬ ਕਿਸ਼ਤ ਤੇ ਉਨ੍ਹਾਂ ਨੂੰ ਕਰਜ਼ੇ ਦੇਣ ਦੀ ਪਲਾਨ ਬਨਾਉਣ। ਸਸਤੇ ਰੇਟ ਤੇ ਉਨ੍ਹਾਂ ਨੂੰ ਮਕਾਨ ਬਣਾਉਣ ਵਾਸਤੇ ਕਰਜ਼ੇ ਦਿਤੇ ਜਾਣ।

ਚੌਥੇ ਦਰਜੇ ਦੇ ਮੁਲਾਜ਼ਮਾਂ ਦੇ ਕੁਆਰਟਰਾਂ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਜਿਥੇ ਵੱਡੇ ਵੱਡੇ ਅਫ਼ਸਰਾਂ ਲਈ ਵੱਡੀਆਂ ਵੱਡੀਆਂ ਕੋਠੀਆਂ ਉਸਾਰ ਰਹੀ ਹੈ ਉਥੇ ਛੋਟੇ ਮੁਲਾਜ਼ਮਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।

ਅੰਮ੍ਰਿਤਸਰ ਦੇ ਅੱਖਾਂ ਦੇ ਹਸਪਤਾਲ ਦੇ ਕੁਆਟਰਾਂ ਵਿਚ ਬਿਜਲੀ ਨਹੀਂ ਦਿਤੀ ਗਈ। ਚੌਥੇ ਦਰਜ਼ੇ ਦੇ ਮੁਲਾਜਮਾਂ ਦੇ ਕੁਆਰਟਰਾਂ ਵਿਚ ਵੀ ਬਿਜਲੀ ਨਹੀਂ ਮਿਲੀ। ਟੀ. ਬੀ. ਹਸਪਤਾਲ ਅੰਮ੍ਰਿਤਸਰ ਵਿਚ ਕੁਆਰਟਰਾਂ ਵਿਚ ਟੱਟੀਆਂ ਅਤੇ ਬਿਜਲੀ ਦਾ ਇੰਤਜ਼ਾਮ ਵੀ ਨਹੀਂ ਕੀਤਾ ਗਿਆ।

ਗਵਰਨਰ ਦੇ ਐਡਰੈਸ ਵਿਚ ਭਾਸ਼ਾ ਦਾ ਜ਼ਿਕਰ ਕੀਤਾ ਗਿਆ ਹੈ। ਇਹ ਜਿਹੜੀ

Original with;
Punjab Vidhan Sabha
Digitized by;
Panjab Digital Library

ਕੰਟ੍ਰੋਵਰਸੀ ਸ਼ੁਰੂ ਹੋ ਗਈ ਹੈ, ਇਹ ਬੰਦ ਹੋਣੀ ਚਾਹੀਦੀ ਹੈ। ਹਿੰਦੀ ਰਾਸ਼ਟਰ ਭਾਸ਼ਾ ਹੈ। ਸਾਡੇ ਬੱਚਿਆਂ ਨੂੰ ਪੜ੍ਹਨ ਵਾਸਤੇ, ਇਮਤਿਹਾਨਾਂ ਵਿਚ ਅਤੇ ਕੰਪੀਟੀਸ਼ਨਜ਼ ਵਿਚ ਸ਼ਾਮਿਲ ਹੋਣ ਲਈ ਹਿੰਦੀ ਦਾ ਗਿਆਨ ਹੋਣਾ ਜ਼ਰੂਰੀ ਹੈ। ਇਸ ਲਈ ਹਿੰਦੀ ਨੂੰ ਪਰਮ-ਅਗੇਤ ਦੇਣਾ ਚਾਹੀਦਾ ਹੈ। ਪੰਜਾਬ ਰੋਡਵੇਜ਼ ਦੀਆਂ ਬੱਸਾਂ ਅਤੇ ਸੜਕਾਂ ਤੇ ਪੰਜਾਬੀ ਦੇ ਨਾਲ ਹਿੰਦੀ ਵੀ ਲਿਖੀ ਜਾਵੇ। ਸਚਰ ਫਾਰਮੂਲੇ ਵਿਚ ਕੋਈ ਤਬਦੀਲੀ ਨਹੀਂ ਹੋਣੀ ਚਾਹੀਦੀ ਇਹ ਜਾਰੀ ਰਹਿਣਾ ਚਾਹੀਦਾ ਹੈ।

ਐਡਰੈਸ ਵਿਚ ਗੁਰੂ ਨਾਨਕ ਦੇਵ ਜੀ ਦੀ 5 ਸੌ ਸਾਲਾ ਵਰ੍ਹੇ ਗੰਢ ਉਤੇ ਅੰਮ੍ਰਿਤਸਰ ਵਿਚ ਜੋ ਯੂਨੀਵਰਸਿਟੀ ਕਾਇਮ ਕਰਨ ਦਾ ਵਿਚਾਰ ਹੈ, ਇਹ ਬੜਾ ਅੱਛਾ ਵਿਚਾਰ ਹੈ। ਇਸੇ ਤਰ੍ਹਾਂ ਹੀ ਗਾਂਧੀ ਸ਼ਤਾਬਦੀ ਜੋ ਕਿ ਇਸੇ ਸਾਲ ਹੀ ਮਨਾਈ ਜਾ ਰਹੀ ਹੈ, ਦੇ ਸਬੰਧ ਵਿਚ ਵਿਸ਼ਾਲ ਪ੍ਰੋਗਰਾਮ ਬਨਾਉਣ ਲਈ ਮਹਾਤਮਾ ਗਾਂਧੀ ਜੀ ਦੇ ਲਿਟਰੇਚਰ ਨੂੰ ਸਕੂਲਾਂ ਅਤੇ ਲਾਇਬ੍ਰੇਰੀਆਂ ਤੱਕ ਪਹੁੰਚਾਇਆ ਜਾਵੇ ਤਾਂ ਕਿ ਬਕਾਇਦਾ ਉਨ੍ਹਾਂ ਦੇ ਕੰਮ ਤੋਂ ਸਾਰਿਆਂ ਨੂੰ ਪੂਰੀ ਤਰ੍ਹਾਂ ਵਾਕਫੀਅਤ ਹੋ ਸਕੇ। ਇਸੇ ਤਰ੍ਹਾਂ ਨਸ਼ੇਬੰਦੀ ਨੂੰ ਵੀ ਇਸ ਮੌਕੇ ਤੇ ਪਹਿਲਾਂ ਕਿਸੇ ਇਕ ਜ਼ਿਲੇ ਵਿਚ ਇਕ ਦਿਨ ਵਾਸਤੇ ਲਾਗੂ ਕਰਕੇ ਫਿਰ ਹੌਲੀ ਹੌਲੀ ਕਦਮ ਉਠਾਉਣੇ ਚਾਹੀਦੇ ਹਨ। ਖਾਦ ਸਹਿਕਾਰੀ ਕੰਮਾਂ ਵਾਸਤੇ ਖਰੀਦ ਕੀਤੀ ਜਾਵੇ।

ਪੰਜਾਬ ਰੋਡਵੇਜ਼ ਦੇ ਮੁਕਦਮੇ ਵਾਪਿਸ ਲਏ ਜਾਣ। ਲੋਕਲ ਬੱਸਾਂ ਜ਼ਿਆਦਾ ਪ੍ਰੋਵਾਈਡ ਕਰਨੀਆਂ ਚਾਹੀਦੀਆਂ ਹਨ। ਅੰਮ੍ਰਿਤਸਰ ਵਿਚ ਆਮ ਸ਼ਿਕਾਇਤ ਕੀਤੀ ਜਾ ਰਹੀ ਹੈ ਕਿ ਕਚਹਿਰੀਆਂ ਨੂੰ ਜਾਣ ਵੇਲੇ ਕੋਈ ਬੱਸਾਂ ਦਾ ਤੱਸਲੀਬਖਸ਼ ਇੰਤਜ਼ਾਮ ਨਹੀਂ।

ਅੰਮ੍ਰਿਤਸਰ ਵਿਚ 13 ਅਪ੍ਰੈਲ ਨੂੰ ਜ਼ਲ੍ਹਿਆਂ ਵਾਲਾ ਬਾਗ ਵਿਚ ਦਿਨ ਮਨਾਇਆ ਜਾ ਰਿਹਾ ਹੈ। ਪੰਜਾਬ ਗੌਰਮਿੰਟ ਨੂੰ ਚਾਹੀਦਾ ਹੈ ਕਿ ਉਸ ਵਿਚ ਹਿੱਸਾ ਲੈ ਕੇ ਆਪਣੇ ਫਰਜ਼ ਨੂੰ ਅਦਾ ਕਰੇ।

ਮੈਂ ਕਣਕ ਦੇ ਭਾਵਾਂ ਦਾ ਜ਼ਿਕਰ ਕਰਦਾ ਹਾਂ ਕਿ ਵਧਣੇ ਨਹੀਂ ਚਾਹੀਦੇ ਇਸ ਦਾ ਸਾਰਾ ਬੋਝ ਕਨਜ਼ਿਊਮਰ ਤੇ ਪੈਂਦਾ ਹੈ। ਇਨ੍ਹਾਂ ਦੀਆਂ ਸਹੂਲਤਾਂ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ (ਵਿਘਨ) (ਅਵਾਜ਼ਾਂ : ਕਿਸਾਨਾਂ ਦਾ ਵੀ ਖਿਆਲ ਕਰੋ)

ਇਸ ਐਡਰੈਸ ਵਿਚ ਆਯੁਰਵੇਦਕਾਂ ਵਾਸਤੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਗੌਰਮਿੰਟ ਨੂੰ ਇਧਰ ਵੀ ਧਿਆਨ ਦੇਣਾ ਚਾਹੀਦਾ ਹੈ।

ਅੰਮ੍ਰਿਤਸਰ ਸ਼ਹਿਰ ਵਿਚ ਬਹੁਤ ਸਾਰੇ ਸਕੂਲ ਅਪਗ੍ਰੇਡ ਹੋਣੇ ਰਹਿੰਦੇ ਹਨ। ਇਹ ਅੱਠ ਅੱਠ ਦਸ ਦਸ ਸਾਲ ਦੀਆਂ ਨਵੀਆਂ ਨਵੀਆਂ ਇਮਾਰਤਾਂ ਬਣੀਆਂ ਪਈਆਂ ਹਨ ਅਤੇ ਜਿਹੜੀਆਂ ਮਿਊਂਸੀਪਲ ਕਮੇਟੀਆਂ ਪਾਸੋਂ ਗੌਰਮਿੰਟ ਨੇ ਲਈਆਂ ਹਨ ਉਹ ਖਰਾਬ ਹੋ ਰਹੀਆਂ ਹਨ। ਲੋਕਾਂ ਦਾ ਇਸ ਵਿਚ ਕੀ ਕਸੂਰ ਹੈ। ਜਨਤਾ ਨੇ ਤਾਂ ਮੰਗ ਹੀ ਕਰਨੀ ਹੈ। ਇਸ ਲਈ ਜਿੰਨੇ ਵੀ ਸਕੂਲਾਂ ਦੀਆਂ ਇਮਾਰਤਾਂ ਖਸਤਾ ਹਾਲਤ ਵਿਚ ਹਨ, ਉਨ੍ਹਾਂ ਦੀ ਰੀਪੇਅਰ ਵੀ ਕੀਤੀ ਜਾਵੇ। ਅਤੇ ਨਵੀਆਂ ਇਮਾਰਤਾਂ ਵੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ।

ਮੈਂ ਅਰਜ਼ ਕਰਦਾ ਹਾਂ ਕਿ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਕਰਕੇ ਬੜੀ ਅਹਿਮੀਅਤ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗਿਆਨ ਚੰਦ ਖਰਬੰਦਾ]

ਰਖਦਾ ਹੈ। ਲੋਕੀਂ ਦੂਰੋਂ ਦੂਰੋਂ ਯਾਤਰਾ ਲਈ ਉਥੇ ਆਉਂਦੇ ਹਨ। ਯਾਤਰੂਆਂ ਦੀ ਤਾਦਾਦ ਦਿਨੋ ਦਿਨ ਵਧ ਰਹੀ ਹੈ। ਗੌਰਮਿੰਟ ਨੂੰ ਯਾਤਰੂਆਂ ਦੀ ਸਹੂਲਤਾਂ ਲਈ ਟੂਰਿਸਟ ਹਾਊਸ ਬਨਾਉਣਾ ਚਾਹੀਦਾ ਹੈ। ਅਤੇ ਉਥੇ ਵਧ ਤੋਂ ਵਧ ਸਹੂਲਤ ਦਿਤੀਆਂ ਜਾਣ। ਅੰਮ੍ਰਿਤਸਰ ਦੀ ਅਹਿਮੀਅਤ ਨੂੰ ਕਾਇਮ ਰਖਣ ਲਈ ਗੌਰਮਿੰਟ ਨੂੰ ਇਸ ਸਿਲਸਿਲੇ ਵਿਚ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਇਸੇ ਤਰ੍ਹਾਂ ਰਾਮਤੀਰਥ ਅਤੇ ਪੰਜਾਬ ਵਿਚ ਸਭ ਤੋਂ ਪਰਾਚੀਨ ਤੀਰਥ ਅਸਥਾਨ ਜਿਥੇ ਮਾਤਾ ਸੀਤਾ ਨੇ ਮਹਾਰਿਸ਼ੀ ਬਾਲਮੀਕ ਆਸ਼ਰਮ ਵਿਚ ਬਨਵਾਸ ਦੇ ਦਿਨ ਗੁਜ਼ਾਰੇ ਸਨ, ਨਿਵਾਸ ਕੀਤਾ ਸੀ ਉਸ ਦੀ ਉਨਤੀ ਵਾਸਤੇ ਗੌਰਮਿੰਟ ਨੂੰ ਕੋਈ ਨਾ ਕੋਈ ਕਦਮ ਉਠਾਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਾਂਗਾ ਕਿ ਜਿਹੜੀਆਂ ਛੋਟੀਆਂ ਛੋਟੀਆਂ ਬਸਤੀਆਂ ਅਮ੍ਰਿਤਸਰ ਦੇ ਨਾਲ ਅਬਾਦ ਹੋਈਆਂ ਹਨ ਅਤੇ ਹੁਣ ਅੰਮ੍ਰਿਤਸਰ ਦਾ ਹਿੱਸਾ ਬਣ ਗਈਆਂ ਹਨ ਉਨ੍ਹਾਂ ਵਲ ਵੀ ਗੌਰਮਿੰਟ ਨੂੰ ਧਿਆਨ ਦੇਣਾ ਚਾਹੀਦਾ ਹੈ। ਅਤੇ ਮਿਊਂਸੀਪਲ ਕਮੇਟੀ ਦੀ ਹੱਦ ਵਿਚ ਸ਼ਾਮਿਲ ਕਰ ਲੈਣੀਆਂ ਚਾਹੀਦੀਆਂ ਹਨ।

**ਸ਼੍ਰੀ ਚੇਅਰਮੈਨ** : ਤੁਹਾਡਾ ਟਾਈਮ ਹੋ ਗਿਆ ਹੈ।(The time given to the hon. Member is over now.)

**ਸ਼੍ਰੀ ਗਿਆਨ ਚੰਦ ਖਰਬੰਦਾ** : ਅੱਛਾ ਜੀ, ਮੈਂ ਬੈਠ ਜਾਂਦਾ ਹਾਂ।

**चौधरी सत्य देव** (अबोहर) : चेयरमैन साहिब मैं गवर्नर साहिब के एड्रैस के लिये पंजाब सरकार को मुबारकबाद देना चाहता हूं। गवर्नर साहिब ने अपने भाषण में साफ तौर पर एक एक बात का वर्णन किया है जिस से साफ तौर पर मालूम होता है कि पंजाब की जनता को बहुत भारी रिलीफ मिलेगा। गवनर साहिब ने साफ तौर पर कहा है कि यह सरकार भ्रष्टाचार कुनबा परवरी और लाल फीता शाही को खत्म करेगी। (विघ्न)

चेयरमैन साहिब, जैसे सूर्य के उदय होने पर सारा घोर अन्धेरा दूर हो जाता है (विघ्न)। वैसे ही राज्यपाल के भाषण से जनता का अन्धेरा दूर हो गया है परन्तु इन सामने बैठे दोस्तों को अन्धेरा नजर आने लग गया है। जिस प्रकार उल्लू को अन्धेरे में ही नजर आता है। जब सूर्य उदय होता है तो उल्लू को दिखाई नहीं देता। उसी प्रकार इन बेचारों की हालत उल्लू की तरह ही है। (शोर), (बहुत शोर)।

चेयरमैन साहिब चाणक्य ने लिखा है :

नोलू कोप्य विलोकते यदि दिवा सूर्यस्य किं दूषणम्।
यत्पूर्वं विधिना ललाट लिखितं तम्मार जिले सक्षम॥ (ਸ਼ੋਰ)

Original with;
Punjab Vidhan Sabha
Digitized by;
Panjab Digital Library

(ਇਸ ਵਕਤ ਕਈ ਮੈਂਬਰ ਪੁਆਇੰਟ ਆਫ਼ ਆਰਡਰ, ਕਰਨ ਲਈ ਖੜੇ ਹੋ ਜਾਂਦੇ ਹਨ) (ਸ਼ੋਰ) (ਵਿਘਨ) ।

चेयरमैन साहिब, यह बातें अब इन को चुभती हैं। चेयरमैन साहिब, जो पिछले बजट के पास करने सम्बन्धी जांच पड़ताल के बारे अैड्रैस में कहा गया है अब यह इस से डरते हैं (विघ्न) इन को अब डरना नहीं चाहिये। (विघ्न) जो अैड्रैस में पैरा 4 में लिखा है वह मैं पढ़ कर सुनता हूं :

"ਵਿਧਾਨ ਸਭਾ ਦਾ ਮਾਰਚ, 1962 ਦਾ ਬਜਟ ਸੈਸ਼ਨ, ਦੇਸ਼ ਦੀ ਜਮਹੂਰੀਅਤ ਦੇ ਤਾਰੀਖ਼ ਵਿਚ ਇਕ ਬੜਾ ਮੰਦ-ਭਾਗਾ ਅਤੇ ਦੁਖਦਾਈ ਕਾਂਡ ਹੈ। ਪੰਜਾਬ ਰਾਜ ਵਿਧਾਨ ਸਭਾ ਦੇ ਪਵਿੱਤਰ ਸਦਨ ਵਿੱਚ ਪੁਲੀਸ ਬੁਲਾਈ ਗਈ ਅਤੇ ਸਾਲ ਨਾ ਬਜਟ ਦੇ ਕਥਿਤ ਪਾਸ ਕਰਾਉਣ ਦੇ ਦੌਰਾਨ ਸੰਵਿਧਾਨਕ ਹੱਕਾਂ ਅਤੇ ਪ੍ਰੰਪਰਾਵਾਂ ਦੀ ਬੁਰੀ ਤਰ੍ਹਾਂ ਉਲੰਘਣਾ ਕੀਤੀ ਗਈ। 1968-69 ਦੇ ਬਜਟ ਵਿਚ ਸ਼ਾਮਲਾਂ 18, 36, 30, 690 ਰੁਪਏ ਦੇ ਅਨੁਪੂਰਕ ਤਖ਼ਮੀਨਿਆਂਤੇਅਤੇ 2, 87, 70, 93 070 ਰੁਪਏ ਦੀ ਗਰਾਂਟ ਅਤੇ ਨਮਿੱਤਣ ਨੂੰ ਮਿੰਟਾਂ ਵਿਚ ਹੀ ਪਾਸ ਹੋਇਆ ਮਿੱਥ ਲਿਆ ਗਿਆ। ਮੇਰੀ ਸਰਕਾਰ ਦਾ ਇਹ ਪੱਕਾ ਨਜ਼ਰੀਆ ਹੈ ਕਿ ਇਨ੍ਹ ਪਵਿੱਤਰ ਸਿਧਾਂਤਾ ਅਤੇ ਪ੍ਰੰਪਰਾਵਾਂ ਦੀ ਇਹ ਉਲੰਘਣਾ ਜਮਹੂਰੀਅਤ ਲਈ ਘੋਰ ਖਤਰੇ ਦਾ ਕਾਰਨ ਬਣ ਸਕਦੀ ਹੈ। ਅਸਾਂ ਇਸ ਘਟਨਾਂ ਦੀ ਉਚ ਪੱਧਰ ਤੇ ਜਾਂਚ-ਪੜਤਾਲ ਕਰਾਉਣ ਦਾ ਪੂਰਾ ਨਿਸ਼ਚਾ ਕੀਤਾ ਹੋਇਆ ਹੈ ਤਾਂ ਜੋ ਆਉਣ ਵਾਲੇ ਸਮੇਂ ਲਈ ਯੋਗ ਉਪਰਾਲੇ ਕੀਤੇ ਜਾ ਸਕਣ।"

चेयरमैन साहिब, मैं अर्ज़ करूंगा कि पंजाब की जनता को जो इन की मेहरबानियों और काली करतूतों से बोझ उठाना पड़ा, इस का अब जवाब देने में यह डरते हैं। (विघ्न)

चेयरमैन साहिब, मैं एक अर्ज़ और करना चाहता हूँ कि अभी मास्टर गुरबन्ता सिंह जी ने कांग्रेस हाई कमांड को वधाई दी है। मैं भी इस बात की कांग्रेस हाई कमांड को बधाई देता हूं। मैं जानता हूं कि मास्टर तेग राम जो बहुत ही सच्चे और ईमानदार हैं इन सामने बैठे गांधी के पुजारियों में सब से ईमानदार हैं और जिन का इकलौता लड़का था वह पाकिस्तान की जंग में मारा गया उन को कांग्रेस हाई कमांड ने इस की ईमानदारी को देख कर अबोहर क्षेत्र से मेरे मुकाबले में लड़ने के लिये टिकट दी थी। मगर वह बहुत बुरी तरह से हराये गये। हारने का कारण था इन ईमानदार कांग्रेसियों के कारनामे। चेयरमैन साहिब, मैं आपको सच बताता हूं कि मास्टर तेग राम जो की इमदाद कांग्रेस के वर्कर से लेकर अपने आप को जिम्मेवार करने वाले किसी कांग्रेसी ने

Original with;
Punjab Vidhan Sabha
Digitized by;
Panjab Digital Library

[चौधरी सत्य देव]

नहीं की और सहयोग नहीं दिया। और तो और जो ज़िला कांग्रेस के प्रधान थे उन्होंने भी उनकी डट कर मुखालफत की जो के नतीजे के तौर पर कांग्रेस के उम्मीदवार की ज़मानत ज़ब्त हुई।

**ਚੌਧਰੀ ਕੇਵਲ ਕ੍ਰਿਸ਼ਨ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਇਕ ਆਨਰੇਬਲ ਮੈਂਬਰ ਨੂੰ ਇਹ ਹੱਕ ਨਹੀਂ ਕਿ ਸਾਰੇ ਮੈਂਬਰਾਂ ਨੂੰ ਬੇਈਮਾਨ ਕਹੇ। (ਸ਼ੋਰ) (ਵਿਘਨ)।

**श्री जोगिंद्र पाल पांडे** : यह चोरों की पार्टी को बिलोंग करते हैं। (विघ्न)

**चौधरी सत्य देव** : आपकी पार्टी का आदमी है इस की ईमानदारी बतला रहा हूं (शोर) मैंने, चेयरमैन साहिब, यह कब कहा है कि यह बेईमान हैं। चोर की दाढ़ी में तिनके वाली बात है। मैंने तो यह कहा है कि वह बड़ा ईमानदार था। और यह सारे सामने बैठे ईमानदार हैं। कोई इनमें चोर नहीं है।

**ਸ੍ਰੀ ਚੇਅਰਮੈਨ** : ਇਹ ਮੈਂਬਰ ਸਾਹਿਬ ਦੀ ਪਹਿਲੀ ਸਪੀਚ ਹੈ। ਇਸ ਲਈ ਇਨ੍ਹਾਂ ਨੂੰ ਕਨਸੈਸ਼ਨ ਦੇ ਦਿਉ। (ਸ਼ੋਰ) (This is the maiden speech of the hon. Member. He, therefore, deserves some concession.) (noise)

5.00 P.M.

**चौधरी सत्य देव** : चेयरमैन साहिब, जो सरहद्दी ज़िले हैं जैसे फिरोज़पुर, गुरदासपुर तथा अमृतसर, उनकी ओर हमारी सरकार को पूरा २ ध्यान देना चाहिए। उन इलाकों को काश्तकारी की पूरी २ सहूलतें देनी चाहिये ताकि वे अधिक से अधिक उपज कर सकें। तहसील फाज़िलका का जो एरिया है वह पैदावार के लिहाज़ से बहुत अच्छा है. लेकिन कांग्रेस के कारनामों की वजह से वहां के लोग बहुत दु:खी हैं, क्योंकि कांग्रेस सरकार ने वहां पर पानी का प्रबन्ध अच्छा नहीं किया। कम पानी की वजह से उनकी फसल ठीक नहीं होती। जिस से न केवल किसान का नुक्सान होता है बल्कि 'अन्न को दृष्टी से' सारे देश का नुक्सान होता है, इस लिये मैं चेयरमैन साहिब आपके द्वारा आप की सरकार से प्रार्थना करूंगा कि पानी की सपलाई का प्रबन्ध ठीक किया जाये और साथ ही सम्बन्धित महकमे में भी सुधार की जरुरत है। उस इलाके के किसानों ने कनक के नये बीज बड़े महंगे भाव से सरमायेदारों से खरीद कर बोये, मगर पानी कम मिलने की वजह से उनकी फसलें खराब हो गई हैं।

सांझा मोरचा की सरकार ने 1967 में यह आश्वासन दिया था कि इस इलाके में टयूबवैल लगा कर पानी की कमी को पूरा किया जायेगा। इसलिये मैं सरकार से प्रार्थना करूंगा की उस इलाके में टयूबवैल लगा कर पानी की

Original with;
Punjab Vidhan Sabha
Digitized by;
Panjab Digital Library

कमी को पूरा किया जाये। और हो रहें कट्स को सरकार सख्ती से बन्द करवाये।

चेयरमैन साहिब फिर पैदावार में सम्बन्ध है खाद का। खाद उस इलाके में तोन प्रकार की भेजी जाती है यूरिया, किसान खाद और अमोनिया। इस सिलसिले में भो वहाँ के किसानों के साथ बड़ी बेइनसाफी होती है। उनको अमोनिया खाद कोआप्रेटिव सोसाइटियों द्वारा जबदस्ती दी जाती है जब कि यह उनके काम नहीं आती। क्योंकि पानी की कमी होने से फसलों को नुकसान पहुंचातो है। इस इलाके में तो किसान खाद ही चाहिये। यहाँ के जमींदार राजस्थान से परे किसान खाद लाकर जरुरत पूरी करते हैं। मैं अर्ज करूंगा कि सरकार को इस की ओर भी पूरा २ ध्यान देना चाहिए और जिस किसम की खाद जिस इलाके को ज़रुरत हो वही देनी चाहिए। जबर्दस्ती कोई खाद ना ठोंसी जाये।

मैं इन सामने बैठे दोस्तों से कहना चाहता हूं कि उनकी ऐसी बातों से या शोर मचाने से किसान का भला होने वाला नहीं और न ही आज तक हुआ है। किसान दिन प्रतिदिन दबता जा रहा है और उसका बहुत नुकसान हो रहा है।

चेयरमैन साहिब, गवर्नर साहिब के ऐड्रेस में बताया गया है कि हरिजनों की धर्मशालायें, चौपालें बनाने के लिए 25 लाख रुपया खर्च करना है। मुझे इस बात की बड़ो खुशी है। यह होना ही चाहिये था। परन्तु, चेयरमैन साहिब. आप तो अच्छी तरह से जानते है कि जब तक इन गरीबों को रोटी, कपड़ा और मकान आदि नहीं मिलेंगे तब तक उन का मसला पूरी तरह हल हुआ नहीं कहा जा सकता इस लिये चेयरमैन साहिब, मैं आप के द्वारा सरकार से अर्ज़ करूंगा कि उन्हें अपना और अपने परिवार का पेट भरने के लिए थोड़ी बहुत गुज़ारे के लिए ज़मीन दे कर उन की मुश्किल को हल करें।

चेयरमैन साहिब, एक सवाल के जवाब में हमारे शिक्षा मंत्री जी ने बताया कि जहां भी ज़रुरत महसूस हुई वहां पर स्कूल अपग्रेड कर दिये जायेंगे और इस से पहले कई स्थानों पर हो चुके हैं। मैं सरकार का ध्यान फाज़िलका एरिया जो कि सरहदो और पिछड़ा हुआ क्षेत्र है की ओर ध्यान दिलाना चाहता हूं और अर्ज़ करता हूं कि उस एरिया में भी स्कूल खोलने और अपग्रेड करने की ओर पूरी २ तवज़ोह दें ताकि इस क्षेत्र के लोग पीछे न रहें।

दूसरे उस एरिया में कई स्थानों पर जैसे निहाल खेड़ा, दीवानखेड़ा

Original with;
Punjab Vidhan Sabha
Digitized by;
Panjab Digital Library

[चौधरी सत्य देव]

दूतारांवाली आदि ग्रामों में दो दो साल हुए 80 80 हज़ार रुपये की बिल्डिंग्ज़ तैयार की गई हैं और दस दस एकड़ जमीन गांव वालों ने दी है, लेकिन अभी तक उन स्कूलों को अपग्रेड करने के बारे में कुछ भी नहीं हुआ।

चेयरमैन साहिब, शर्म से कहना पड़ता है कि सरहदी इलाकों की ओर कोई ध्यान नहीं दिया जा रहा जबकि वहां के निवासियों को हर प्रकार की सहूलतें देनी चाहिएं।

चेयरमैन साहिब, मैं आप से अब पुलिस के बारे में अर्ज़ करता हूं। वह बदमाशों से मिलकर गरीबों के साथ ज्यादतियां करती है। बार्डर के इलाकों में पुलिस लोगों की रक्षा करने की बजाये उनको तंग करे यह तो उन लोगों को तबाह करने की बात है। मैं पहले भी यह बात सरकार के नोटिस में लाया और सैंट्रल गवर्नमैंट को भी चिठी लिखी थी कि यहां पर जो जुल्म लोगों पर हो रहे हैं उनसे उन्हें छुटकारा दिलाया जाये।

चेयरमैन साहिब, आप देखिये कि 20-8-68 का वाकया है कि थाना खूइयां सरवर के रूपनगर ग्राम की एक 10-12 साल की गरीब लड़की के साथ एक बहुत बड़े लैंड लार्ड ने अपने ही खेत में जबरदस्ती मुँह काला किया फिर बड़ी बेरहिमी से इस लड़की को कत्ल किया गया। इस पूँजीपति द्वारा धन के बलबूते पर उस केस को दबाने की कोशिश की जा रही है इस लड़की के घर वालों सहित मैं एक अफसर के पास गया और उनके नोटिस में सब बातें लाई गई, दरखवास्तें, तारें भी दी गई। गवर्नर साहिब के नोटिस में भी यह बात एक डैपुटेशन द्वारा शुरु से लेकर अखीर तक लाई गई और उन्होंने विश्वास दिलाया कि किसी सी० आई० डी० के उच्च अधिकारी से इन्क्वायरी कराई जायेगी। आई० जी० डी० आई० जी०, सी० आई० डी० ने भी पूर्ण रुप से विश्वास दिलाया कि ठीक जाँच करवाकर कातिलों को सज़ा दिलवायेंगे लेकिन बाद में फाज़िलका में जब एडवाइजर गवर्नर मि० नरोन्हा साहिब आये तो अपो नगर गांव के लोग इकठे हो कर उनके पास यहां गये तो उन्होंने एस० एस० पी० को भेज दिया क्योंकि इनके यहां आने का आडम्बर इन्हीं कातिलों द्वारा किया गया था। इसलिये उन लोगों को अभी तक इनसाफ नहीं मिला। पता नहीं क्यों हर स्टेज पर केस को दबाने की कोशिश की गई और की जा रही है।

मैं अपनी सरकार से चेयरमैन साहिब, आपके द्वारा माँग करता हूं कि

Original with;
Punjab Vidhan Sabha
Digitized by;
Panjab Digital Library

उस केस की इन्क्वायरी किसी उच्च अधिकारी से फिर से कराई जाये और वहां के लोगों को इन्साफ दिलाया जाये। चेयरमैन साहिब मैं आपका धन्यवाद करता हूं और अपनी सरकार से एक बार फिर अर्ज करता हूं कि बार्डर के लोगों की तकलीफों को दूर करने के पूरे पूरे यत्न किये जायें। ताकि यह सरहदी सूबा चढ़ती कला में रहे। धन्यवाद।

**ਸਰਦਾਰ ਕਿਰਪਾਲ ਸਿੰਘ** (ਅੰਮ੍ਰਿਤਸਰ-ਦਖਣ) : ਚੇਅਰਮੈਨ ਸਾਹਿਬ, ਮੇਰੇ ਦੋਸਤ ਆਲ ਇੰਡੀਆਂ ਪਾਰਟੀ ਦੀ ਗੱਲ ਕਰਦੇ ਹਨ। ਜਿਹੜੇ ਆਪ ਤਾਂ ਨਹੀਂ ਜਾਣਦੇ ਕਿ ਇਹਨਾਂ ਦੇ ਸਿਆਸੀ ਖਿਆਲ ਕੀ ਹਨ, ਪਰ ਮਜਬੂਰਨ ਅਸੀਂ ਇਨ੍ਹਾਂ ਦੀ ਮੱਦਦ ਕਰਨੀ ਹੈ। ਸ਼ਾਇਦ ਅਸੀਂ ਸ਼ੁਕਰੀਏ ਦੇ ਪ੍ਰਸਤਾਵ ਤੇ ਵੀ ਵੋਟ ਇਨ੍ਹਾਂ ਨੂੰ ਦੇਣੀ ਹੈ। ਮੈਂ ਦੋਹਾਂ ਧਿਰਾਂ ਨੂੰ ਕਹਾਂਗਾ ਕਿ ਆਰਾਮ ਨਾਲ ਸੁਣੋ। ਇਹ ਜਿਹੜੇ ਸ਼ੋਰ ਕਰਦੇ ਹਨ ਇਨ੍ਹਾਂ ਨੇ 20 ਵਰੇ ਜ਼ਾਇਆ ਕੀਤੇ ਹਨ ਤੇ ਪੰਜਾਬ ਦਾ ਕੁਝ ਨਹੀਂ ਕੀਤਾ ਤੇ ਦੂਜੇ ਜਿਹੜੇ ਹੁਣ ਆਪੋਜ਼ੀਸ਼ਨ ਦੇ ਸਾਹਮਣੇ ਬੈਠੇ ਹਨ ਮੈਂ ਤਾਂ ਦੋਹਾਂ ਦੀ ਸੇਵਾ ਕਰਨੀ ਹੈ। ਅਖੀਰ ਵਿਚ ਜਿਹੜੀ ਗੱਲ ਗਵਰਨਰ ਸਾਹਿਬ (ਸ਼ੋਰ) ਨੇ ਆਪਣੇ ਬਜਟ ਤਕਰੀਰ ਨੂੰ ਸਮ ਅੱਪ ਕਰਦਿਆਂ ਐਡਰੈਸ ਵਿਚ ਕਹੀ ਕਿ :

"ਦੋਸਤੋ। ਜਨਤਾ ਦੇ ਚੁਣੇ ਹੋਏ ਪ੍ਰਤੀਨਿਧ ਹੋਣ ਕਾਰਨ ਤੁਹਾਡੇ ਮੋਢਿਆਂ ਤੇ ਇਕ ਵੱਡੀ ਜ਼ਿੰਮੇਵਾਰੀ ਆ ਪਈ ਹੈ। ਸਰਹੱਦੀ ਸੂਬੇ ਦੇ ਲੋਕਾਂ ਦੀ ਭਲਾਈ ਦਾ ਕੰਮ ਹੁਣ ਤੁਹਾਨੂੰ ਸੌਂਪਿਆ ਗਿਆ ਹੈ। ਉੱਚੇ ਹੌਸਲੇ, ਨਿਆਂ ਅਤੇ ਨੇਕਨੀਤੀ ਜਿਹੇ ਇਤਿਹਾਸਕ ਗੁਣ ਅਜਿਹੇ ਮਿਸ਼ਨਰੀ ਭਾਵਨਾ ਵਾਲੇ ਮਨੁਖਾਂ ਦੀ ਮੰਗ ਕਰਦੇ ਹਨ ਜਿਨ੍ਹਾਂ ਦਾ ਸਵੈ-ਮਾਣ ਕਿਸੇ ਇਕ ਵਿਅਕਤੀ ਜਾਂ ਕਿਸੇ ਇਕ ਗੁਟ ਨਾਲ ਗਹਿਣੇ ਨਹੀਂ ਪਿਆ ਹੋਇਆ ਅਤੇ ਉਹ ਕਿਸੇ ਨਿੱਜੀ ਸਵਾਰਥ ਜਾਂ ਨਿਸ਼ਾਨੇ ਤੇ ਆਧਾਰਿਤ ਨਹੀਂ, ਸਗੋਂ ਪੰਜਾਬ ਰਾਜ ਦੇ ਹਿਤ ਵਿੱਚ ਲੋਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਨੇਕਨੀਤੀ ਜੋ ਆਪਣੇ ਆਪ ਵਿੱਚ ਇਕ ਨਿਸਚਿਤ ਖੂਬਸੂਰਤ ਇਨਾਮ ਹੈ। ਤੇ ਇਤਿਹਾਸ ਜੋ ਸਾਡੀਆਂ ਕੀਤੀਆਂ ਦਾ ਅੰਤਮ ਨਿਰਣਾਇਕ ਹੈ, ਆਓ। ਪੰਜਾਬ ਜਿਸਨੂੰ ਅਸੀਂ ਪਿਆਰਦੇ ਹਾਂ, ਦੀ ਖੁਸ਼ਹਾਲੀ ਅਤੇ ਉੱਨਤੀ ਲਈ

[ਸਰਦਾਰ ਕ੍ਰਿਪਾਲ ਸਿੰਘ]

ਅਗਵਾਈ ਕਰੀਏ ਅਤੇ ਇਸ ਕਾਰਜ ਦੀ ਸਫਲਤਾ ਲਈ ਸਰਬ ਸ਼ਕਤੀਮਾਨ ਅਕਾਲਪੁਰਖ ਦੀ ਆਸ਼ੀਰਵਾਦ ਅਤੇ ਸਹਾਇਤਾ ਲਈ ਅਰਦਾਸ ਕਰੀਏ ਅਤੇ ਇਹ ਨਾ ਭੁਲੀਏ ਕਿ ਧਰਤੀ ਤੇ "ਉਸ" ਦੀ ਸਿਕਦਾਰੀ ਹੀ ਸਾਡਾ ਸੱਚਾ ਸ਼ੌਂਵਾ ਹੈ।"

ਮੈਂ ਕਹਿ ਸਕਦਾ ਹਾਂ ਕਿ ਇਹ ਸ਼ਬਦ ਸਾਡੇ ਵਾਸਤੇ ਹੀ ਹਨ। ਇਸ ਵਾਸਤੇ ਇਹ ਕੰਮ ਮੇਰਾ ਕਰਣਾ ਬਣਦਾ ਹੈ ਕਿ ਮੈਂ ਗਵਰਨਰ ਦੇ ਐਡਰੇਸ ਦੇ ਸਿਲਸਿਲੇ ਵਿਚ ਇਹ ਕਹਾਂ ਕਿ :

"ਹੈ ਵਹੀ ਅਫ਼ਸਾਨਾ ਲੇਕਿਨ ਕਹਿਨੇ ਵਾਲੇ ਔਰ ਹੈਂ।
ਹੈ ਵਹੀ ਉਨਵਾਨ ਮਗਰ ਲੰਬੀ ਕਹਾਨੀ ਹੋ ਗਈ।"

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਦਰਅੱਸਲ ਇਸ ਐਡਰੈਸ ਵਿੱਚ ਗਲ ਉਹੀ ਹੈ, ਅਸੂਲ ਉਹੀ ਹੈ ਜਿਹੜਾ ਪਹਿਲਾਂ ਕਿਹਾ ਗਿਆ ਹੈ। ਖੈਰ ਇਸ ਵਿਚ ਜਿਹੜੀਆਂ ਚੰਗੀਆਂ ਗਲਾਂ ਨੇ ਉਨ੍ਹਾਂ ਦੀ ਤਾਰੀਫ਼ ਕਰਨ ਵਿਚ ਕੰਜੂਸੀ ਕਰਨ ਦਾ ਸੁਆਲ ਹੀ ਨਹੀਂ। ਇਸ ਵਿਚ ਦੋ ਤਿੰਨ ਪਹਿਰੇ ਦੁਖ ਦੇ ਵੀ ਰਖੇ ਹਨ। ਮੈਂ ਉਨ੍ਹਾਂ ਨੂੰ ਅਖੀਰ ਵਿਚ ਰਖਾਂਗਾ ਪਹਿਲੇ ਮੈਂ ਚੰਗੇ ਕੰਮਾਂ ਦੀ ਗਲ ਕਰਾਂਗਾ........

ਉਨ੍ਹਾਂ ਵਿਚੋਂ 5 ਨੰਬਰ ਤੇ ਚੰਡੀਗੜ੍ਹ, ਭਾਖੜਾ ਨੰਗਲ ਅਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਵਾਪਸ ਲੈਣ ਬਾਰੇ ਨੰਬਰ 6 ਤੇ ਵਿਧਾਨ ਪਰੀਸ਼ਦ ਨੂੰ ਤੋੜਨ ਬਾਰੇ, ਫਿਰ ਸਰਹੱਦ ਦੇ ਲੋਕਾਂ ਨੂੰ ਸਹੂਲਤਾਂ ਦੇਣ ਦੀ ਗਲ, 1965 ਤੋਂ ਮਗਰੋਂ ਛਾਂਟੀ ਹੋਣ ਵਾਲੇ ਫੌਜੀਆਂ ਨੂੰ ਸਹੂਲਤਾਂ ਦੇਣ ਦੀ ਗਲ, ਗੁਰੂ ਨਾਨਕ ਯੂਨੀਵਰਸਟੀ ਦੇ ਸਥਾਪਤ ਕਰਨ ਦੀ ਗਲ, ਗਾਂਧੀ ਸ਼ਤਾਬਦੀ ਮਨਾਉਣ ਦੀ ਗਲ ਆਨੰਦਪੁਰ ਸਾਹਬ-ਨੈਨਾ ਦੇਵੀ ਦੇ ਇਲਾਕੇ ਦੇ ਵਿਕਾਸ ਦੀ ਗਲ, ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਭਲਾਈ ਦੀ ਗੱਲ, ਹਰੀਜਨਾਂ ਅਤੇ ਦੂਜੇ ਕਿਰਤੀਆਂ ਬਾਰੇ ਜੋ ਸਕੀਮਾਂ ਸਰਕਾਰ ਬਣਾ ਰਹੀ ਹੈ, ਮੈਂ ਇਨ੍ਹਾਂ ਦਾ ਸਵਾਗਤ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਇਨ੍ਹਾਂ ਨੂੰ ਹਿੰਮਤ ਦੇਵੇ ਅਤੇ ਇਹ ਆਪਣਿਆਂ ਇਨ੍ਹਾਂ ਨੇਕ ਇਰਾਦਿਆਂ ਵਿਚ ਸਫਲ ਹੋਣ।

ਸਪੀਕਰ ਸਾਹਿਬ, ਜਿਥੇ ਤਕ ਕਿਰਤੀਆਂ ਅਤੇ ਹਰੀਜਨਾਂ ਦਾ ਤਅੱਲਕ ਹੈ ਉਨ੍ਹਾਂ ਬਾਰੇ ਜ਼ਬਾਨੀ ਕੁਝ ਕਹਿਣ ਨਾਲ ਨਹੀਂ ਬਣਦਾ। ਉਨ੍ਹਾਂ ਦੀ ਜ਼ਬਾਨੀ ਤਾਂ ਇਹ ਗੱਲ ਸੁਣਨੀ ਪੈਂਦੀ ਹੈ :

ਦੀਏ ਫਰੇਬ ਨਜ਼ਾਰੋਂ ਨੇ ਬਾਰ ਬਾਰ ਮੁਝੇ,
ਕਿ ਹਰ ਖਿਜ਼ਾਂ ਕੋ ਸਮਝਨਾ ਪੜਾ ਬਹਾਰ ਮੁਝੇ।

ਇਉਂ ਜਾਪਦਾ ਹੈ ਕਿ ਇਹ ਗੱਲਾਂ ਵੀ ਇਕ ਫਰੇਬ ਹੀ ਰਹਿਣਗੀਆਂ। ਇਸ ਵਿਚ ਹਰੀਜਨਾਂ ਨੂੰ ਧਰਮਸ਼ਾਲਾ ਬਣਾਕੇ ਬੈਠਾਣ ਦੀ ਗੱਲ ਕਹੀ ਹੈ। ਕੁਝ ਪਹਿਲਾਂ ਹੀ ਬੈਠੇ ਹਨ, ਕੁਝ ਹੋਰ ਨੂੰ ਬੈਠਾ ਦਿਉਗੇ। ਇਸ ਨਾਲ ਹਰੀਜਨਾਂ ਦਾ ਕਲਿਆਣ ਨਹੀਂ ਹੋ ਜਾਣ ਲਗਾ। ਉਨ੍ਹਾਂ ਨੂੰ ਸਮਾਜ ਦੇ ਬਰਾਬਰ ਦੇ ਪੱਧਰ ਤੇ ਲਿਆਉਣ ਲਈ ਇਹ ਥੋੜਾ ਜਿਹਾ ਰੁਪਿਆ ਕਾਫੀ ਨਹੀਂ ਹੈ। ਬਹਿਰਹਾਲ ਜਿਹੜੀਆਂ ਗਲਾਂ ਮੈਂ ਹੁਣੇ ਇਸ ਐਡਰੈਸ ਵਿਚੋਂ ਕਢ ਕੇ ਦੁਹਰਾਈਆਂ ਜਿਨ੍ਹਾਂ ਗਲਾਂ ਦਾ ਮੈਂ ਹੁਣੇ ਜ਼ਿਕਰ ਕੀਤਾ ਹੈ, ਉਨ੍ਹਾਂ ਲਈ ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਦਾ ਹਾਂ। ਇਨਾਂ ਦਾ ਜ਼ਿਕਰ ਠੀਕ ਹੈ ਅਤੇ ਅਗਰ ਇਨ੍ਹਾਂ ਨੂੰ ਪੂਰਾ ਕਰਨ ਦੀ ਸਲਾਹੀਅਤ ਇਨ੍ਹਾਂ ਵਿਚ ਆ ਗਈ ਤਾਂ ਸ਼ਾਇਦ ਇਹ ਸਰਕਾਰ ਕੁਝ ਚੰਗਾ ਕੰਮ ਕਰ ਸਕੇ। ਅਤੇ ਲੋਕ ਕਾਂਗਰਸ ਦਾ ਚੰਗਾ ਬਦਲ ਲਭਦੇ ਰਹੇ ਹਨ ਉਹ ਉਨ੍ਹਾਂ ਨੂੰ ਮਿਲ ਜਾਵੇਗਾ। ਖੈਰ ਇਨ੍ਹਾਂ ਤੋਂ ਇਲਾਵਾ ਕੁਝ ਹੋਰ ਗਲਾਂ ਵੀ ਹਨ ਜਿਨ੍ਹਾਂ ਦਾ ਖਾਸ ਤੌਰ ਤੇ ਜ਼ਿਕਰ ਕਰਨ ਦੀ ਲੋੜ ਹੈ।

ਸਰਕਾਰੀ ਕਰਮਚਾਰੀਆਂ ਦੇ ਤਨਖਾਹਾਂ ਦੇ ਸਕੇਲਾਂ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਵਿਚ ਕੁਝ ਤਰੁਟੀਆਂ ਰਹਿ ਗਈਆਂ ਹਨ। ਇਸ ਬਾਰੇ ਕਾਫੀ ਡੀਟੇਲਡ ਬਹਿਸ ਹੋ ਚੁਕੀ ਹੈ

Original with;
Punjab Vidhan Sabha
Digitized by;
Panjab Digital Library

ਲੇਕਿਨ ਫਿਰ ਵੀ ਮੈਂ ਇਹ ਕਹਿਣਾ ਹੈ ਕਿ ਜੋ ਤਰੁਟੀਆਂ ਰਹੀਆਂ ਹਨ ਉਹ ਵਡੇ ਗਰੇਡਾਂ ਬਾਰੇ ਨਹੀਂ ਹਨ ਸਗੋਂ ਛੋਟੇ ਸਕੇਲਾਂ ਵਿਚ ਤਰੁਟੀਆਂ ਰਹੀਆਂ ਹਨ। ਥੋੜ੍ਹੀ ਆਮਦਨੀ ਵਾਲੇ ਕਰਮਚਾਰੀਆਂ ਨੂੰ ਸਟ ਵੱਜੀ ਹੈ।

ਫਿਰ ਕੁਝ ਟੈਕਸਾਂ ਦਾ ਵੀ ਇਸ ਵਿਚ ਜ਼ਿਕਰ ਹੈ। ਵਿਕਰੀ ਟੈਕਸ ਬਾਰੇ ਹਰ ਸਰਕਾਰ ਨੇ ਇਹ ਗਲ ਕਹੀ ਹੈ ਪਰ ਕੋਈ ਵੀ ਹਾਲੇ ਤਾਂਈ ਇਸ ਟੈਕਸ ਦੇ ਐਕਟ ਨੂੰ ਆਸਾਨ ਅਤੇ ਪਹਿਲੇ ਮਰਹਲੇ ਤੇ ਟੈਕਸ ਲਾਉਣ ਦੀ ਗੱਲ ਨੂੰ ਪੂਰਾ ਨਹੀਂ ਕਰ ਸਕਿਆ। ਜਿੰਨੀਆਂ ਵੀ ਖਰਾਬੀਆਂ ਇਸ ਮਹਿਕਮੇ ਵਿਚ ਹਨ ਉਹ ਇਸ ਦੇ ਵਸੀਹ ਇਖਤਿਆਰਾਤ, ਕਾਨੂੰਨ ਦੀ ਪੇਚੀਦਗੀ ਅਤੇ ਇਨਸਪੈਕਟਰੀ ਰਾਜ ਕਰਕੇ ਹਨ। ਦੂਜੀ ਗੱਲ ਹੈ ਜਾਇਦਾਦ ਟੈਕਸ ਨੂੰ ਖਤਮ ਕਰਨ ਦੀ। ਇਹ ਗੱਲ ਚਾਹੇ ਆਪ ਨੂੰ ਅਜੀਬ ਹੀ ਲਗੇ ਪਰ ਮੈਂ ਇਸ ਗੱਲ ਦੀ ਪੂਰੀ ਤਾਈਦ ਨਹੀਂ ਕਰ ਸਕਦਾ ਜਿਨ੍ਹਾਂ ਲੋਕਾਂ ਪਾਸ ਲੱਖਾਂ ਕਰੋੜਾਂ ਦੀ ਜਾਇਦਾਦ ਹੈ, ਹਜ਼ਾਰਾਂ ਰੁਪਏ ਮਾਹਵਾਰ ਕਰਾਏ ਦੀ ਆਮਦਨ ਹੈ, ਉਨ੍ਹਾਂ ਨੂੰ ਇਹ ਟੈਕਸ ਛਡਣਾ ਕੋਈ ਸੋਸ਼ਲਿਸਟਿਕ ਕਦਮ ਨਹੀਂ ਹੈ। ਮੈਂ ਇਹ ਗਲ ਤਾਂ ਮਨ ਸਕਦਾ ਹਾਂ ਕਿ ਹਰ ਆਦਮੀ ਨੂੰ 200 ਰੁਪਏ ਮਹਾਵਾਰ ਤਕ ਅਤੇ ਅਗਰ ਕੋਈ ਬੇਵਾ ਹੈ ਡਿਸਏਬਲਡ ਪਰਸਨ ਹੈ, ਉਸ ਨੂੰ 400 ਰੁਪਏ ਤਕ ਕਰਾਏ ਤੇ ਟੈਕਸ ਦੀ ਮਾਫੀ ਦਿਤੀ ਜਾਵੇ ਅਤੇ ਉਸ ਮਕਾਨ ਲਈ ਜਿਸ ਵਿਚ ਕਿ ਆਪ ਰਹਿੰਦਾ ਹੋਵੇ, ਇਹ ਗਲ ਤਾਂ ਠੀਕ ਹੈ ਪਰ ਲਖਾਂ ਦੀ ਜਾਇਦਾਦ ਵਾਲਿਆਂ ਨੂੰ ਇਹ ਛੋਟ ਦੇਣੀ ਕੋਈ ਸ਼ੋਸ਼ਲਿਸਟਕ ਕਦਮ ਨਹੀਂ ਹੈ। ਇਹ ਤਾਂ ਸ਼ਹਿਰਾਂ ਦੇ ਵਡੇ ਸਰਮਾਇਆਦਾਰਾਂ ਨੂੰ, ਜਿਨ੍ਹਾਂ ਦੀ ਨੁਮਾਇੰਦਗੀ ਜਨਸੰਘ ਕਰਦਾ ਹੈ, ਹੌਸਲਾ ਦੇਣ ਦੀ ਗਲ ਹੈ। ਕਿਸੇ ਦੋਸਤ ਨੇ ਕਿਹਾ ਵੀ ਹੈ ਕਿ ਜਨਸੰਘ ਅਕਾਲੀ ਪਾਰਟੀ-ਕਾਂਗਰਸ ਬਣਦੀ ਹੈ। ਮੈਂ ਚਾਹੁੰਦਾ ਹਾਂ ਕਿ ਐਸਾ ਨਾ ਹੋਵੇ। ਤੁਸੀਂ ਕਾਂਗਰਸ ਨਾਲੋਂ ਕੁਝ ਵਧ ਹੀ ਪ੍ਰਾਗਰੈਸਿਵ ਕੰਮ ਕਰ ਸਕੋ। ਚੀਫ ਮਨਿਸਟਰ ਸਾਹਿਬ ਆਪ ਦੇ ਨਾਲ ਜਨਸੰਘ ਦੇ ਉਹ ਲੋਕ ਹਨ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਨੇ ਭੜਕਾਊ ਨਾਹਰਿਆਂ ਤੇ ਹੀ 20 ਸਾਲ ਸੁਕਣੇ ਪਾਈ ਰਖਿਆ ਹੈ। ਇਸ ਐਡਰੈਸ ਦੇ ਪੈਰਾਜ਼ 2—3 ਵਿਚ ਕਿਹਾ ਗਿਆ ਹੈ ਕਿ ਵਖ ਵਖ ਜਾਤੀਆਂ ਵਿਚ ਪਿਆਰ ਤੇ ਭਰੱਪਣ ਦੀ ਭਾਵਨਾ ਪੈਦਾ ਕੀਤੀ ਜਾਵੇਗੀ। ਸ਼ਹਿਰੀ ਆਜ਼ਾਦੀ ਨੂੰ ਸੁਰਖਿਅਤ ਕੀਤਾ ਜਾਵੇਗਾ। ਮੈਂ ਕਿਸੇ ਦਾ ਜ਼ਾਤੀ ਕੈਰੇਕਟਰ ਡਿਸਕਸ ਨਹੀਂ ਕਰਦਾ ਲੇਕਿਨ ਜੋ ਤਜਰਬਾ ਸ਼ਹਿਰੀਆਂ ਨੂੰ ਜਨਸੰਘ ਦਾ ਹੋਇਆ ਹੈ ਉਹ ਕਿਸੇ ਤੋਂ ਭੁਲਿਆ ਹੋਇਆ ਨਹੀਂ ਹੈ। ਇਨ੍ਹਾਂ ਦਾ ਹਰ ਸੇਵਕ ਥਾਣੇਦਾਰ ਹਰ ਕਾਰਜਕਰਤਾ ਇਨਸਪੈਕਟਰ ਬਣਿਆ ਹੋਇਆ ਸੀ। ਇਨ੍ਹਾਂ ਦੇ ਹਥੋਂ ਕਿਸੇ ਦਾ ਬਚਾਅ ਨਹੀਂ ਸੀ। ਮੁਖਾਲਫਾਂ ਦੀਆਂ ਲਿਸਟਾਂ ਤਿਆਰ ਕਰਕੇ ਪੁਲਿਸ ਨੂੰ ਕਾਰਵਾਈ ਲਈ ਦਿਤੀਆ ਜਾਂਦੀਆਂ ਸਨ .. (ਵਿਘਨ) ਅਕਾਲੀ ਭਰਾਂਵਾ ਨੂੰ ਇਹ ਪਤਾ ਨਹੀਂ ਕਿ ਇਨ੍ਹਾਂ ਦੇ ਇਹ ਸਾਥੀ ਕੀ ਕਰ ਰਹੇ ਹਨ ਅਤੇ ਕੀ ਕਰਦੇ ਰਹੇ ਹਨ। ਜਦੋਂ ਇਲੈਕਸ਼ਨ ਖਤਮ ਹੋ ਗਈ ਤਾਂ ਅੰਮ੍ਰਿਤਸਰ ਵਿਚ ਦਫਾ 54 ਤਹਿਤ ਗਰਿਫਤਾਰੀਆਂ ਦਾ ਚਕਰ ਚਲਾਇਆ ਗਿਆ। ਬੇਕਸੂਰ ਲੋਕਾਂ ਨੂੰ ਤੰਗ ਕੀਤਾ ਗਿਆ, ਉਨ੍ਹਾਂ ਨੂੰ ਮਾਰਿਆ ਗਿਆ, ਉਨ੍ਹਾਂ ਦੀਆਂ ਹਡੀਆਂ ਤੋੜੀਆਂ ਗਈਆਂ। ਇਕ ਰਤਨ ਸਿੰਘ ਨਾਂ ਦਾ ਆਦਮੀ ਬਰਫ ਦੇ ਗੋਲੇ ਵੇਚਦਾ ਹੈ। ਉਸ ਦਾ ਨਾਂ ਪੁਲਿਸ ਦੀ ਲਿਸਟ ਤੇ ਨਹੀਂ ਉਸ ਕਦੇ ਕੋਈ ਬੁਰਾ ਕੰਮ ਨਹੀਂ ਕੀਤਾ। ਪੁਲਿਸ ਨੇ ਆਪ ਉਸ ਨੂੰ ਡਿਸਚਾਰਜ ਕਰਾਇਆ ਹੈ। ਉਸ ਗਰੀਬ ਨੂੰ ਮਹਿਜ਼ ਇਨ੍ਹਾਂ ਦੇ ਕਹਿਣ ਤੇ ਪਕੜ ਲਿਆ ਗਿਆ, ਅਤੇ ਮਾਰਿਅ ਕੁਟਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਕ੍ਰਿਪਾਲ ਸਿੰਘ]

ਗਿਆ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਦੇ ਕਹਿਣ ਤੇ ਉਸ ਦੀਆਂ ਹਡੀਆਂ ਤੋੜੀਆਂ ਗਈਆਂ । ਇਨ੍ਹਾਂ ਦਾ ਹਿੰਦੂ ਸਿਖ ਏਕਤਾ ਦੀ ਗਲ ਕਰਨਾ ਮਹਿਜ਼ ਇਕ ਫਰੇਬ ਹੈ । (ਵਿਘਨ) ਮੈਂ ਸਰਦਾਰ ਗੁਰਨਾਮ ਸਿੰਘ ਨੂੰ ਕਹਾਂਗਾ ਕਿ ਜਿਸ ਸਾਜ਼ ਤੇ ਉਹ ਹਿੰਦੂ ਸਿਖ ਏਕਤਾ ਦਾ ਨਗਮਾ ਗਾਉਣਾ ਚਾਹੁੰਦੇ ਹਨ ਉਹ ਸਾਜ਼ ਪੁਰਾਣਾ ਹੈ । ਇਨ੍ਹਾਂ ਦੇ ਇਹ ਸਾਥੀ ਕਹਿੰਦੇ ਕੁਝ ਤੇ ਕਰਦੇ ਕੁਝ ਨੇ । ਲੋਕਾਂ ਦੇ ਸਾਹਮਣੇ ਪੁਰਾਣੀ ਸੰਸਕ੍ਰਿਤੀ ਦੀਆਂ ਗਲਾਂ ਕਰਦੇ ਹਨ ਤੇ ਨਾਲ ਹੀ ਕਹਿੰਦੇ ਹਨ ਕਿ ਸਾਡੇ ਕਦਮ ਅਗੇ ਨੂੰ ਵਧਦੇ ਹਨ । ਇਨ੍ਹਾਂ ਤੋਂ ਇਹ ਗਲ ਢੁਕਦੀ ਹੈ:

ਹਮਾਰੇ ਦੌਰ ਕੇ ਇਨਸਾਨ ਖ਼ੁਦ ਅਪਨੀ ਹੀ ਜ਼ਿਦ ਨਿਕਲੇ
ਤਲਬ ਮਾਜ਼ੀ ਕੀ ਹੋਤੀ ਹੈ ਕਦਮ ਫਰਦਾ ਮੇਂ ਰਖਤੇ ਹੈਂ ।

ਗਲਾਂ ਪੁਰਾਣੀਆਂ ਕਰਦੇ ਹਨ, ਪਰ ਕਦਮ ਅਗੇ ਰਖਣ ਦਾ ਦਾਅਵਾ ਕਰਦੇ ਹਨ । ਇਹ ਜੋ ਜਮਹੂਰੀਅਤ ਦੀਆਂ ਗਲਾਂ ਕਰਦੇ ਹਨ ਇਹ ਫਰੇਬ ਹੈ । ਇਹ ਸਾਜ਼ ਹੀ ਡਿਕਟੇਟਰਾਨਾ ਹਨ, ਗੋਬਲਜ਼ ਅਤੇ ਹਿਟਲਰੀ ਸਾਜ਼ ਹਨ ਅਤੇ ਸਰਦਾਰ ਗੁਰਨਾਮ ਸਿੰਘ ਹੋਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਸਾਜ਼ਾਂ ਤੇ ਜਮਹੂਰੀਅਤ ਦਾ ਨਗਮਾ ਨਹੀਂ ਗਾਇਆ ਜਾਣਾ । ਅਗਰ ਇਹ ਚਾਹੁੰਦੇ ਸਨ ਕਿ ਇਹ ਗੱਲ ਹੋਵੇ ਤਾਂ ਇਨ੍ਹਾਂ ਨੂੰ ਚਾਹੀਦਾ ਸੀ ਕਿ ਪ੍ਰਾਗ੍ਰੈਸਿਵ ਤਾਕਤਾਂ ਨਾਲ ਮਿਲਦੇ ਅਤੇ ਇਸ ਪ੍ਰੋਗ੍ਰਾਮ ਮਰਤੱਬ ਕਰਦੇ । ਇਨ੍ਹਾਂ ਨਾਲ ਇਹ ਕੀ ਪ੍ਰੋਗ੍ਰਾਮ ਬਣਾਉਣਗੇ । ਜਿਥੇ ਤਕ ਇਨ੍ਹਾਂ ਦਾ ਤਅਲੱਕ ਹੈ ਇਨ੍ਹਾਂ ਬਾਰੇ ਇਕ ਸ਼ੇਅਰ ਹੈ :

ਕਿਆ ਨਗਮਾਏ ਨੌ ਸੇ ਬਨਤਾ ਹੈ ਜਬ ਸਾਜ਼ ਪੁਰਾਨੇ ਹੋਤੇ ਹੈਂ
ਕਬ ਪੈਦਾ ਐਸੇ ਸਾਜ਼ੋਂ ਸੇ ਦਿਲ ਸੋਜ਼ ਤਰਾਨੇ ਹੋਤੇ ਹੈਂ ।

ਇਹ ਸਾਜ਼ ਪੁਰਾਣੇ ਹਨ ਇਨ੍ਹਾਂ ਦੀਆਂ ਤਾਰਾਂ ਢਿਲੀਆਂ ਹੋਈਆਂ ਹੋਈਆਂ ਹਨ । ਇਨ੍ਹਾਂ ਤੇ ਆਪ ਕਿਹੜਾ ਚੰਗਾ ਨਗਮਾ ਅਲਾਪ ਸਕਦੇ ਹੋ । ਇਨ੍ਹਾਂ ਦਾ ਤੁਹਾਨੂੰ ਪਤਾ ਨਹੀਂ, ਲੋਕਾਂ ਨੂੰ 20 ਸਾਲ ਸੂਕਣੇ ਪਾਈ ਰਖਿਆ ਹੈ । ਇਹ ਹਰਜਾਈ ਦੀ ਤਰ੍ਹਾਂ ਅਜ ਕਿਸੇ ਦੀ ਗੋਦ ਵਿਚ ਤੇ ਕਲ ਕਿਸੇ ਦੀ ਗੋਦ ਵਿਚ ਜਾ ਬੈਠਦੇ ਹਨ । ਇਨ੍ਹਾਂ ਦੇ ਮਨ ਵਿਚ ਬਾਹਰ ਨਿਕਲਣ ਦੀ ਗੱਲ ਹੈ । ਇਸੇ ਕਰਕੇ ਇਨ੍ਹਾਂ ਨੇ ਸਚੱਰ ਫਾਰਮੂਲਾ ਅਤੇ ਹਿੰਦੀ ਦੀਆਂ ਗਲਾਂ ਨੂੰ ਜੀਉਂਦਾ ਰਖਿਆ ਹੈ । ਇਹ ਬਾਹਰ ਨਿਕਲਣ ਦੇ ਬਹਾਨੇ ਅਤੇ ਰਸਤੇ ਹਨ । ਇਸ ਵਿਚ ਸ਼ਕ ਨਹੀਂ ਹੈ ਕਿ ਅਕਾਲੀ ਅਤੇ ਜਨਸੰਘ ਦੇ ਮੇਲ ਨਾਲ ਪੰਜਾਬ ਵਿਚ ਫਿਰਕਾਪ੍ਰਸਤੀ ਕਿਸੇ ਹੱਦ ਤਕ ਘਟੀ ਹੈ ਭਾਵੇਂ ਇਹ ਸਿਰਫ ਵਜ਼ੀਰੀਆਂ ਲੈਣ ਲਈ ਹੀ ਤੁਹਾਡੇ ਨਾਲ ਮਿਲੇ ਹਨ ਪਰ ਮੈਂ ਇਸ ਨਾਲ ਫਿਰ ਘਟੀ ਫਿਰਕਾਪ੍ਰਸਤੀ ਤੇ ਆਪ ਨੂੰ ਮੁਬਾਰਕਬਾਦ ਦਿੰਦਾ ਹਾਂ । ਇਸ ਨੇ ਪੰਜਾਬੀਆਂ ਨੂੰ ਰੀਲੀਫ ਦਿਤਾ ਹੈ । ਮੈਂ ਚਾਹੁੰਦਾ ਹਾਂ ਕਿ ਇਹ ਅਮਨ ਕਾਇਮ ਰਹੇ ਅਤੇ ਇਹ ਈਮਾਨਦਾਰੀ ਨਾਲ ਕੰਮ ਕਰਦੇ ਰਹਿਣ । ਮੈਨੂੰ ਰਤਾ ਵੀ ਸ਼ਕ ਨਹੀਂ ਹੈ ਕਿ ਮੇਰੀ ਨੁਕਤਾਚੀਨੀ ਦਾ ਸਿਧਾ ਟਾਰਗੇਟ ਜਨਸੰਘ ਹੈ । ਮੈਨੂੰ ਪਤਾ ਹੈ ਕਿ ਅਕਾਲੀ ਵੀਰ ਬਹੁਤੇ ਪਿੰਡਾਂ ਵਿਚੋਂ ਆਏ ਹਨ । ਇਸ ਲਈ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਸ਼ਹਿਰਾਂ ਲਈ ਇਨ੍ਹਾਂ ਦੀ ਪਾਲਸੀ ਕੀ ਹੈ । ਉਥੇ ਇਹ ਕੀ ਕਰਦੇ ਹਨ, ਇਨ੍ਹਾਂ ਦਾ ਉਥੇ ਕਿਰਦਾਰ ਕੀ ਹੈ । ਸਾਨੂੰ ਇਨ੍ਹਾਂ ਨਾਲ ਵਾਸਤਾ ਪੈਂਦਾ ਹੈ ਇਸ ਲਈ ਸਾਨੂੰ ਇਨ੍ਹਾਂ ਬਾਰੇ ਪਤਾ ਹੈ ਕਿ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਦੇ ਦੰਦ ਕਿੰਨੇ ਤਿਖੇ ਹਨ, ਨਾਖੁਨ ਕਿੰਨੇ ਜ਼ਹਿਰੀਲੇ ਹਨ ਅਤੇ ਇਹ ਦਰਿੰਦਾ ਕਿਸ ਕਿਸਮ ਦਾ ਹੈ। ਪੰਜਾਬੀ ਸੂਬਾ ਬਣ ਗਿਆ, ਪੰਜਾਬੀ ਜ਼ਬਾਨ ਲਾਗੂ ਹੋ ਗਈ ਮਗਰ ਫਿਰ ਵੀ ਇਨ੍ਹਾਂ ਨੇ ਸੱਚਰ ਫਾਰਮੂਲਾ ਅਤੇ ਹਿੰਦੀ ਦੀ ਕਹਾਣੀ ਨੂੰ ਜ਼ਿੰਦਾ ਰਖਿਆ ਹੈ। ਇਹ ਨਿਕਲਣ ਲਈ ਇਕ ਚੋਰ ਦਰਵਾਜ਼ਾ ਹੈ। ਦੋਸਤੀ ਤੋੜਨ ਦਾ ਰਾਹ ਹੈ। ਮੈਂ ਕਹਿੰਦਾ ਹਾਂ ਕਿ ਇਹ ਦੋਸਤੀ ਕਾਇਮ ਰਹੇ, ਇਮਾਨਦਾਰੀ ਨਾਲ ਚੱਲੇ ਪੰਜਾਬ ਦੀ ਫਿਜ਼ਾ ਠੀਕ ਰਹੇ ਜਿਸ ਨਾਲ ਪੰਜਾਬ ਦੇ ਡਾਕਖਾਨੇ, ਸਕੂਲ ਅਤੇ ਬਸਾਂ ਠੀਕ ਰਹਿਣ; ਪਰ ਸਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਇਨ੍ਹਾਂ ਨੂੰ ਸਾੜਿਆ ਅਤੇ ਤਬਾਹ ਕੀਤਾ ਸੀ। ਸਾਨੂੰ ਡਰ ਹੈ ਕਿ ਕਿਤੇ ਫਿਰ ਉਹੀ ਹਾਲਤ ਨਾ ਹੋ ਜਾਵੇ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਦੀ ਦੋਸਤੀ ਕਸਮ ਖਾਣ ਲਈ ਹੀ ਬਣੀ ਰਹੀ, ਪੰਜਾਬ ਦੇ ਲੋਕਾਂ ਨੂੰ ਅਮਨ ਮਿਲਦਾ ਰਹੇ। ਅਸੀਂ ਵਜ਼ਾਰਤ ਦੇ ਖਿਲਾਫ ਨਹੀਂ ਹਾਂ। ਅਸੀਂ ਵਿਸ਼ਵਾਸ ਦਿਵਾਇਆ ਹੈ ਕਿ ਬਿਨਾ ਕਿਸੇ ਮੁਆਵਜ਼ੇ ਦੇ ਅਸੀਂ ਇਸ ਦੇ ਨਾਲ ਵੋਟ ਪਾਵਾਂਗੇ ਇਸ ਲਈ ਅਗਰ ਪੰਜਾਬ ਦੇ ਲੋਕਾਂ ਨੂੰ ਇਹ ਸਰਕਾਰ ਅਮਨ ਨਹੀਂ ਦੇ ਸਕਦੀ ਤਾਂ ਫਿਰ ਇਸ ਦਾ ਕੀ ਫਾਇਦਾ ਹੈ। ਅਕਾਲੀ ਦੋਸਤਾਂ ਵਿਚ ਉਹ ਲੋਕ ਮੌਜੂਦ ਹਨ ਜਿਨ੍ਹਾਂ ਨੇ ਇਸ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਹਨ, ਇਸ ਜਦੋ ਜਹਿਦ ਨੂੰ ਜ਼ਿੰਦਾ ਰਖਿਆ। ਇਸ ਲਈ ਆਸ ਕੀਤੀ ਜਾ ਸਕਦੀ ਹੈ ਕਿ ਆਪ ਵਡੇ ਜਾਗੀਰਦਾਰਾਂ, ਸਰਮਾਏਦਾਰਾਂ ਅਤੇ ਅਮੀਰਾਂ ਦੇ ਵਕੀਲ ਬਣ ਕੇ ਉਨ੍ਹਾਂ ਦੇ ਟੈਕਸ ਨਹੀਂ ਘਟਾਉਗੇ।

ਇਥੇ ਮਜ਼ਦੂਰਾਂ ਦੇ ਮੁਤੱਲਿਕ ਗਲ ਚੱਲੀ ਅੰਮ੍ਰਿਤਸਰ ਦੀ ਸਨਅਤ ਦੀ ਗਲ ਚੱਲੀ। ਮੈਂ ਇਸ ਸੰਬੰਧ ਵਿਚ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਇੰਪਰੂਵਮੈਂਟ ਟ੍ਰਸਟ ਵਲੋਂ ਇਕ ਸਅਨਤੀ ਬਸਤੀ ਬਣਾਈ ਗਈ ਪਰ ਇਸ ਵਿਚ ਜਿਹੜੀਆਂ ਅਮੈਨੇਟੀਜ਼ ਚਾਹੀਦੀਆਂ ਹਨ ਉਹ ਮੁਹਈਆਂ ਨਹੀਂ ਕੀਤੀਆਂ ਗਈਆਂ। ਕਿਰਾਇਆ ਵਸੂਲ ਕੀਤਾ ਜਾ ਰਿਹਾ ਹੈ ਨਕਸ਼ੇ ਅਜੇ ਤਕ ਮਨਜ਼ੂਰ ਨਹੀਂ ਕੀਤੇ ਗਏ, ਲੋਨ ਨਹੀਂ ਦਿਤਾ ਗਿਆ ਅਤੇ ਦਿਕਤਾਂ ਪੇਸ਼ ਆ ਰਹੀਆਂ ਹਨ ਇਸ ਤਰੀਕੇ ਨਾਲ ਸਨੱਅਤ ਨੂੰ ਤਰਕੀ ਨਹੀਂ ਦਿਤੀ ਜਾ ਸਕਦੀ। ਲੋਕ ਤੰਗ ਹੋ ਰਹੇ ਹਨ ਮੈਂ ਸਰਕਾਰ ਪਾਸ ਮੰਗ ਕਰਾਂਗਾ ਕਿ ਇਸ ਪਾਸੇ ਫੌਰੀ ਕਦਮ ਉਠਾ ਕੇ ਅੰਮ੍ਰਿਤਸਰ ਦੀ ਸਨੱਅਤ ਦੀ ਤਰੱਕੀ ਲਈ ਕਾਰਵਾਈ ਕਰੇ।

ਅੰਮ੍ਰਿਤਸਰ, ਆਪ ਜਾਣਦੇ ਹੋ ਕਿ ਕਿੰਨਾ ਮਾਲ ਐਕਸਪੋਰਟ ਕਰਦਾ ਹੈ ਪਰ ਅਜੇ ਤਕ ਇਥੇ ਕੁਆਲਟੀ ਮਾਰਕਿੰਗ ਦਾ ਇੰਤਜ਼ਾਮ ਨਹੀਂ ਕੀਤਾ ਗਿਆ ਜਿਸ ਨਾਲ ਲੋਕਾਂ ਨੂੰ ਤਕਲੀਫ ਪੇਸ਼ ਆ ਰਹੀ ਹੈ। (ਘੰਟੀ) ਪੰਜਾਬ ਵਿਚ ਸਰਕਾਰ ਵਲੋਂ ਇੰਡਸਟਰੀਅਲ ਫੋਕਲ ਪੁਆਇੰਟ ਕਾਇਮ ਕੀਤੇ ਗਏ ਹਨ ਪਰ ਇਸ ਵਿਚ ਅੰਮ੍ਰਿਤਸਰ ਲਈ ਕੋਈ ਥਾਂ ਨਹੀਂ ਦਿਤੀ ਗਈ। ਇਥੇ ਵੀ ਫੋਕਲ ਪੁਆਇੰਟ ਕਾਇਮ ਕਰਨਾ ਚਾਹੀਦਾ ਹੈ ਤਾਕਿ ਇਸ ਇਲਾਕੇ ਦੀ ਤਰੱਕੀ ਕੀਤੀ ਜਾ ਸਕੇ।

ਇਸ ਐਡਰੈਸ ਵਿਚ ਇੰਡਸਟਰੀਅਲ ਲੇਬਰ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਸਰਕਾਰ ਨੇ ਇਸ ਪਾਸੇ ਕੁਝ ਥੋੜ੍ਹਾ ਬਹੁਤ ਕੰਮ ਕੀਤਾ ਹੈ ਅਤੇ ਕਰਨ ਦਾ ਵਿਚਾਰ ਵੀ ਹੈ ਪਰ ਇਹ ਨਾਮੀਨਲ ਹੈ ਅਤੇ ਇਸ ਲਈ ਕਰੈਡਿਟ ਨਹੀਂ ਲਿਆ ਜਾ ਸਕਦਾ। ਇੰਡਸਟਰੀਅਲ ਲੇਬਰ ਦੀਆਂ ਕਈ ਸਮਸਿਆਵਾਂ ਹਨ ਜਿਨ੍ਹਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਹਰੀਜਨਾ ਦੇ ਸੁਧਾਰ ਦਾ ਜ਼ਿਕਰ ਕੀਤਾ ਗਿਆ ਹੈ ਪਰ ਇਨ੍ਹਾਂ ਦੀ ਅੰਮ੍ਰਿਤਸਰ ਵਿਚ ਅਜ ਕੀ ਹਾਲਤ ਹੈ ਕਿ ਅੰਨ੍ਹੇ ਹਨੇਰੇ ਵਾਲੀਆਂ ਗਲੀਆਂ ਵਿਚ ਧੂੰ ਦੇ ਮਾਰੇ ਘਰਾਂ ਵਿਚ ਅਤੇ ਗੰਦਗੀ ਦੇ ਵਿਚਕਾਰ ਇਨਸਾਨ ਵਸਦੇ ਹਨ ਜਿਥੇ ਕਿ ਇਨਸਾਨ ਵਸ ਨਹੀਂ ਸਕਦੇ। ਇਨ੍ਹਾਂ ਹਰੀਜਨਾਂ ਦੇ ਰਹਿਣ ਲਈ ਕੋਈ ਸਕੀਮ ਸਰਕਾਰ ਨੇ ਤਿਆਰ ਨਹੀਂ ਕੀਤੀ ਕਾਂਗਰਸ ਸਰਕਾਰ ਨੇ ਕੁਝ ਸਕੀਮਾਂ ਅੰਮ੍ਰਿਤਸਰ ਸ਼ਹਿਰ ਲਈ ਬਣਾਈਆਂ ਸਨ ਪਰ ਕੋਈ ਕਾਰਵਾਈ ਅਗਾਂਹ ਨਹੀਂ ਚਲੀ। ਇਸ ਪਸੇ ਧਿਆਨ ਦੇਣ ਦੀ ਲੋੜ ਹੈ।

ਜਿਥੋਂ ਤਕ ਤਾਲੀਮ ਦਾ ਸਬੰਧ ਹੈ ਪਹਿਲਾਂ ਅੰਮ੍ਰਿਤਸਰ ਦੀ ਮਿਊਂਸਪੈਲਿਟੀ ਦੇ ਜ਼ਿਮੇ ਇਹ ਕੰਮ ਸੀ ਤੇ ਹਰ ਸਾਲ ਇਕ ਬਿਲਡਿੰਗ ਸਕੂਲ ਲਈ ਤਿਆਰ ਕਰ ਲਈ ਜਾਂਦੀ ਸੀ ਪਰ ਜਦ ਤੋਂ ਬਿਲਡਿੰਗ ਫੰਡ ਦੀ ਵਸੂਲੀ ਤੇ ਝਗੜਾ ਸ਼ੁਰੂ ਹੋਇਆ ਇਹ ਕੰਮ ਠਪ ਹੋ ਗਿਆ। ਤਾਲੀਮ ਦਾ ਇੰਤਜ਼ਾਮ ਨਾਕਸ ਬਣ ਗਿਆ ਹੈ। ਹਾਲਾਂਕਿ ਅੰਮ੍ਰਿਤਸਰ ਦੀ ਮਿਊਂਸਪਲ ਕਮੇਟੀ ਵਿਚ ਜਨਸੰਘ ਦਾ ਕਬਜ਼ਾ ਹੈ ਅਤੇ ਇਥੇ ਵੀ ਜਨਸੰਘ ਸਰਕਾਰ ਵਿਚ ਬੈਠੀ ਹੈ। ਇਸ ਲਈ ਮੈਂ ਇਹ ਕਹਾਂਗਾ ਕ ਤਾਲੀਮ ਵਲ ਪੂਰਾ ਧਿਆਨ ਦੇਣ ਦੀ ਲੋੜ ਹੈ।

ਇਥੇ ਜਲੰਧਰ ਦੀ ਮਿਊਂਜਿਪਲ ਕਮੇਟੀ ਨੂੰ ਤੋੜ ਦਿਤੇ ਜਾਣ ਤੇ ਬਹੁਤ ਚਰਚਾ ਕੀਤਾ ਗਿਆ। ਪਰ ਅੰਮ੍ਰਿਤਸਰ ਮਿਊਂਸਪਲ ਕਮੇਟੀ ਵਿਚ ਕੀ ਕੀਤਾ ਜਾ ਰਿਹਾ ਹੈ, ਇਸ ਬਾਰੇ ਸਰਕਾਰ ਨੇ ਧਿਆਨ ਨਹੀਂ ਦਿਤਾ ਕਿ ਕਿਸ ਤਰ੍ਹਾਂ ਦੀ ਧਾਂਦਲੀ ਮਚੀ ਹੋਈ ਹੈ। ਸਤਪਾਲ ਮਹਾਜਨ ਦੀ ਇਕ ਬੋਗਸ ਸੁਸਾਇਟੀ ਦੇ ਨਾਮ ਤੇ ਕਿਸ ਤਰ੍ਹਾਂ ਜ਼ਮੀਨ ਅਲਾਟ ਕਰ ਦਿੱਤੀ ਗਈ ਹੈ। ਮੈਂ ਇਸ ਦੀ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ ਸਿਰਫ ਇਨੀ ਹੀ ਬੇਨਤੀ ਕਰਦਾ ਹਾਂ ਕਿ ਸੁਸਾਇਟੀ ਦੇ ਆਰ-ਟੀਕਲ ਵਿਚ ਇਹ ਪਾਇਆ ਗਿਆ ਹੈ ਕਿ ਤਿੰਨਾ ਸਾਲਾਂ ਵਿਚ ਸੁਸਾਇਟੀ ਦੀ ਮਿਆਦ ਖਤਮ ਹੋ ਜਾਵੇਗੀ ਅਤੇ ਬਾਦ ਵਿਚ ਮੈਨੇਜਰ ਹੀ ਇਸ ਦੀ ਵਾਗ ਡੋਰ ਸੰਭਾਲ ਲਵੇਗਾ ਅਤੇ ਇਸ ਤਰ੍ਹਾਂ ਮੈਨੇਜਰ ਦਾ 2 ਲਖ ਦੀ ਜ਼ਮੀਨ ਤੇ ਕਬਜ਼ਾ ਕਰਾ ਦਿਤਾ ਜਾਵੇਗਾ ਜਿਹੜੀ ਜ਼ਮੀਨ ਕਿ ਅਲਾਟ ਕੀਤੀ ਗਈ ਹੈ। ਹਾਲਾਂਕਿ ਲੋਕਾਂ ਨੇ ਰੌਲਾ ਪਾਇਆ ਪਰ ਕੋਈ ਸੁਣਵਾਈ ਨਹੀਂ ਕੀਤੀ ਗਈ। ਇਹ ਜ਼ਮੀਨ ਪਬਲਿਕ ਪਰਪਜ਼ ਲਈ ਰਖੇ ਜਾਣ ਦਾ ਫੈਸਲਾ ਹੋ ਚੁਕਾ ਸੀ ਮਲਾਜ਼ਮਾ ਨੂੰ ਨਹੀਂ ਦਿਤੀ ਗਈ ਅਤੇ ਹੁਣ ਕਮੇਟੀ ਨੇ 30 ਸਾਲ ਲਈ ਨਾਮੀਨਲ 100 ਰੁਪਏ ਸਾਲ ਲਈ ਲੀਜ਼ ਤੇ ਦੇ ਦਿਤੀ। ਇਸ ਸਬੰਧ ਵਿਚ ਐਜੀਟੇਸ਼ਨ ਕੀਤੀ ਗਈ ਪਰ ਜਦ ਫਾਇਲ ਵੇਖੀ ਗਈ ਤਾਂ ਉਸ ਵਿਚੋਂ ਵਰਕੇ ਹੀ ਗਾਇਬ ਸਨ। ਇਕ ਕਾਗਜ਼ ਪਤਾ ਨਹੀਂ ਕਿਸ ਤਰ੍ਹਾਂ ਰਹਿ ਗਿਆ ਅਤੇ ਇਸ ਤੋਂ ਪਤਾ ਲਗਦਾ ਹੈ ਕਿ ਕਿਸ ਤਰੀਕੇ ਨਾਲ ਇਕ ਖਾਸ ਆਦਮੀ ਨੂੰ ਲਾਭ ਪਹੁੰਚਾਉਣ ਲਈ ਪਬਲਿਕ ਦੇ ਹਿਤ ਨੂੰ ਅਖੋਂ ਉਹਲੇ ਕਰ ਦਿਤਾ ਗਿਆ ਹੈ।

ਲਛਮਣ ਸਰ ਵਿਚ ਇਲੈਕਸ਼ਨ ਕੈਂਪ ਤੇ ਹਮਲਾ ਹੋਇਆ। ਮਾਲ ਸਾਡਾ ਲੁਟਿਆ ਗਿਆ, ਟੈਂਟ ਫੂਕਿਆ ਗਿਆ ਅਤੇ ਨੁਕਸਾਨ ਸਾਰਾ ਸਾਡਾ ਹੋਇਆ ਪਰ ਪੇਪਰ ਵਿਚ ਨਾਮ ਜਨਸੰਘ ਦਾ ਆ ਗਿਆ ਕਿ ਇਨ੍ਹਾਂ ਦਾ ਨੁਕਸਾਨ ਹੋਇਆ ਹੈ। ਅਜੇ ਤਕ ਕੇਸ ਚਲ ਰਿਹਾ ਹੈ। ਅਤੇ ਚੋਰੀ ਦਾ ਮਾਲ ਜਨਸੰਘ ਦੇ ਲੀਡਰ ਦੀ ਹਟੀ ਤੋਂ ਬਰਾਮਦ ਹੋਇਆ (ਵਿਰੋਧੀ ਪਖ ਵਲੋਂ ਪ੍ਰਸ਼ੰਸਾ)

Original with;
Punjab Vidhan Sabha
Digitized by;
Panjab Digital Library

ਇਸ ਲਈ ਮੈਂ ਇਹ ਕਹਾਂਗਾ ਕਿ ਤੁਸੀਂ ਜਨਸੰਘ ਨਾਲ ਰਲਕੇ ਸਰਕਾਰ ਨੂੰ ਚਲਾਣ ਦਾ ਯਤਨ ਕਰ ਰਹੇ ਹੋ ਪਰ ਸਾਜ਼ ਗਲਤ ਫੜ ਲਿਆ ਹੈ । ਇਕ ਸਾਜ਼ ਤੇ ਇਕ ਆਵਾਜ਼ ਹੋਕੇ ਚਲੋ । ਜੇਕਰ ਇਸ ਤਰ੍ਹਾਂ ਇਕ ਆਵਾਜ਼ ਵਿਚ ਨਾ ਚੱਲੋਗੇ ਤਾਂ ਲੋਕ ਤੁਹਾਡਾ ਸਾਥ ਛਡ ਜਾਣਗੇ । ਇਹ ਜਨਸੰਘ ਵਾਲੇ ਤਾਂ ਤੁਹਾਡੇ ਲਈ ਬ੍ਰੇਕਾਂ ਨੇ । ਜਿਹੜੇ ਕਦਮ ਤੁਸੀਂ ਪ੍ਰੋਗ੍ਰੈਸਿਵ ਉਠਾਂਦੇ ਹੋ ਉਸ ਲਈ ਇਹ ਪਿਛਾਂ ਖਿਚ ਲੈਂਦੇ ਨੇ । ਤੁਸੀਂ ਤੱਰਕੀ ਪਸੰਦ ਹੋ ਪਰ ਇਹ ਤੱਰਕੀ ਪਸੰਦ ਨਹੀਂ । ਇਸ ਲਈ ਮੈਂ ਸਰਦਾਰ ਗੁਰਨਾਮ ਸਿੰਘ ਪਾਸ ਕਹਾਂਗਾ ਕਿ ਇਕ ਆਵਾਜ਼ ਹੋ ਕੇ ਚਲੋ ਅਤੇ ਇਹ ਧਿਆਨ ਵਿਚ ਰਖੋ ਕਿ ਤਰੱਕੀ ਦੇ ਕੰਮ ਵਿਚ ਕਿਸੇ ਪਾਸੇ ਤੋਂ ਵਿਘਨ ਨਾ ਪਏ । (ਵਿਘਨ)

**ਸ੍ਰੀ ਸਭਾਪਤੀ** : ਤੁਸੀਂ ਹੁਣ ਵਾਈਂਡ ਅਪ ਕਰੋ । ਤੁਹਾਨੂੰ ਕਾਫੀ ਟਾਈਮ ਦਿਤਾ ਜਾ ਚੁਕਿਆ ਹੈ (The hon. Member should please wind up now. He has been given enough time.)

**ਸਰਦਾਰ ਕ੍ਰਿਪਾਲ ਸਿੰਘ** : ਮੈਨੂੰ ਤੁਸੀਂ ਕਿੰਨਾ ਟਾਈਮ ਦਿੱਤਾ ਹੈ । ਮੇਰੇ ਪਾਸ ਘੜੀ ਹੈ । ਮੈਂ ਆਪਣੇ ਵਕਤ ਵਿਚ ਹੀ ਖਤਮ ਕਰ ਦਿਆਂਗਾ ।

**ਸ੍ਰੀ ਸਭਾਪਤੀ** : ਤੁਹਾਨੂੰ 15 ਮਿੰਟ ਦਿੱਤੇ ਗਏ ਸੀ । ਤੁਸੀਂ ਹੁਣ ਪੰਜ ਮਿੰਟ ਵਿਚ ਆਪਣੀ ਸਪੀਚ ਖਤਮ ਕਰ ਦਿਉ (The hon. Member was allotted fifteen minutes. He should please finish his speech within five minutes.)

**ਸਰਦਾਰ ਕਿਰਪਾਲ ਸਿੰਘ** : ਅਜੇ 15 ਮਿੰਟ ਨਹੀਂ ਹੋਏ । ਪੰਜ ਮਿੰਟ ਵਿਚ ਹੀ ਖਤਮ ਕਰ ਦਿਆਂਗਾ ।

ਖੇਤੀ ਦੀ ਤਰੱਕੀ ਲਈ ਕਿਹਾ ਗਿਆ ਹੈ ਅਤੇ ਇਸ ਤਰ੍ਹਾਂ ਪਤਾ ਲਗਦਾ ਹੈ ਕਿ ਇਹ ਕੋਈ 14 ਨੁਕਾਤੀ ਪ੍ਰੋਗ੍ਰਾਮ ਹੈ ਪਰ ਪਤਾ ਨਹੀਂ ਇਹ ਕਿਥੇ ਤਕ ਚੱਲੇਗਾ । 14 ਜਾਂ 13 ਤਾਂ ਮਨਹੂਸ ਜਿਹਾ ਨੰਬਰ ਹੈ । ਕਾਇਦੇ ਆਜ਼ਮ ਜਿਨਾਹ ਦਾ ਵੀ 13 ਨੁਕਾਸੀ ਪ੍ਰੋਗ੍ਰਾਮ ਸੀ । ਮੈਂ ਆਸ ਕਰਦਾ ਹਾਂ ਕਿ ਇਹ ਖੇਤੀ ਬਾੜੀ ਦੇ ਪ੍ਰੋਗ੍ਰਾਮ ਵਿਚ ਇਨ੍ਹਾਂ ਨੁਕਤਿਆਂ ਤੇ ਚਲਣ ਦੀ ਕੋਸ਼ਿਸ ਕਰਣਗੇ ਕਿਉਂਕਿ ਨੁਕਤੇ ਤਾਂ ਚੰਗੇ ਹਨ ਜੇਕਰ ਇਨ੍ਹਾਂ ਤੇ ਚੱਲਿਆ ਜਾਵੇ । ਇਥੇ ਹੀ ਮੈਂ ਇਹ ਗਲ ਵੀ ਕਹਿਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਕਰਜ਼ੇ ਇਨਡਸਟਰੀ ਵਾਲਿਆਂ ਨੂੰ ਜਿਸ ਤਰ੍ਹਾਂ ਦਿਤੇ ਜਾਂਦੇ ਹਨ ਇਸੇ ਤਰ੍ਹਾਂ ਦੇਣੇ ਚਾਹੀਦੇ ਹਨ । ਇਸ ਦੇ ਨਾਲ ਹੀ ਕਿਸਾਨ ਦੇ ਮਾਲ ਲਈ ਜਿਹੜਾ ਕੇ ਬਾਹਰ ਖਰਾਬ ਹੋ ਜਾਂਦਾ ਸੀ ਗੁਦਾਮ ਬਨਾਣ ਦੀ ਸਕੀਮ ਅਤੇ ਨਵੀਆਂ ਮੰਡੀਆਂ ਬਨਾਣ ਦੀ ਸਕੀਮ ਨੂੰ ਛੇਤੀ ਅਮਲ ਵਿਰ ਲਿਆਣਾ ਚਾਹੀਦਾ ਹੈ ਅਤੇ ਇਸ ਗਲ ਨੂੰ ਧਿਆਨ ਵਿਚ ਰਖਿਆ ਜਾਵੇ ਕਿ ਗੁਦਾਮ ਕਿਥੇ ਕਿਥੇ ਹਨ ਅਤੇ ਕਿਥੇ ਬਨਾਣ ਦੀ ਲੋੜ ਹੈ । ਤਾਕਿ ਕਿਸਾਨ ਦਾ ਜਿਹੜਾ ਮਾਲ ਦਾ ਨੁਕਸਾਨ ਹੁੰਦਾ ਸੀ ਉਸ ਨੂੰ ਬਚਾਇਆ ਜਾ ਸਕੇ ।

ਇਸ ਐਡਰੈਸ ਵਿਚ ਦਿਹਾਤੀ ਸੜਕਾਂ ਦੇ ਬਾਰੇ ਵਿਚ ਚਰਚਾ ਕੀਤੀ ਜਾ ਰਹੀ ਹੈ । ਇਹ ਕਾਂਗਰਸ ਸਰਕਾਰ ਦੇ ਵੇਲੇ ਵੀ ਕੰਮ ਕੀਤਾ ਗਿਆ ਅਤੇ ਗਿਲ ਸਰਕਾਰ ਵੇਲੇ ਵੀ ਕੀਤਾ ਗਿਆ ਅਸੀਂ ਗਿਲ ਸਰਕਾਰ ਦੀ ਨਿੰਦਾ ਕਰਦੇ ਹਾਂ ਅਤੇ ਤੁਹਾਨੂੰ ਸਪੋਰਟ ਕਰਦੇ ਹਾਂ ਪਰ ਇਸ ਦੇ ਨਾਲ ਇਹ ਆਸ ਵੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਕਰਦੇ ਹਾਂ ਕਿ ਜਿੰਨੀਆਂ ਸੜਕਾਂ ਗਿਲ ਦੀ ਸਰਕਾਰ ਨੇ 9 ਮਹੀਨੇ ਵਿਚ ਬਣਵਾਈਆਂ ਤੁਸੀਂ ਉਤਨੇ ਹੀ ਸਮੇਂ ਵਿਚ ਉਸ ਤੋਂ ਵਧ ਬਣਵਾ ਕੇ ਦਸੋ ਤਾਂਕਿ ਤੁਸੀਂ ਸਾਡੀ ਸਪੋਰਟ ਦੇ ਹੱਕਦਾਰ ਸਹੀ ਮਾਹਨਿਆਂ ਵਿਚ ਬਣ ਸਕੋ । ਤੁਹਾਡੇ ਤੋਂ ਇਹ ਵੀ ਆਸ ਕੀਤੀ ਜਾਂਦੀ ਹੈ ਕਿ ਤੁਸੀਂ ਉਨ੍ਹਾਂ ਤੋਂ ਵਧ ਕੰਮ ਕਰ ਕੇ ਵਿਖਾਓ ਅਤੇ ਉਸ ਵੇਲੇ ਜਨਤਾ ਨਾਲ ਜੋ ਵਾਹਦੇ ਕੀਤੇ ਗਏ ਉਨ੍ਹਾਂ ਨੂੰ ਪੂਰ ਕਰਨ ਦਾ ਯਤਨ ਕਰੋ । ਜਿਥੇ ਵਰਕਰਾਂ ਨੂੰ ਟਾਰਚਰ ਕੀਤਾ ਜਾਂਦਾ ਹੈ ਉਥੇ ਲਗਾਮ ਦਿਉ ਤਾਂਕਿ ਤੁਹਾਡੀ ਸਰਕਾਰ ਲਈ ਕੋਈ ਗਲ ਬਦਨਾਮੀ ਦਾ ਬਾਇਸ ਨਾ ਬਣੇ ਅਤੇ ਤਰੱਕੀ ਵਲ ਕਦਮ ਉਠਾਏ ਜਾ ਸਕਣ ।

ਇਸ ਤੋਂ ਇਲਾਵਾ ਤਾਲੀਮ ਦੀ ਤਰੱਕੀ ਲਈ ਸਿਖਿਆ ਬੋਰਡ ਬਣਾਇਆ ਜਾ ਰਿਹਾ ਹੈ । ਇਸ ਦੇ ਬਾਰੇ ਵਿਚ ਮੈਂ ਬੇਨਤੀ ਕਰਾਂਗਾ ਕਿ ਇਸ ਵਿਚ ਟੀਚਰਾਂ ਨੂੰ ਪੂਰੀ ਨੁਮਾਇੰਦਗੀ ਦਿਤੀ ਜਾਣੀ ਚਾਹੀਦੀ ਹੈ ਤਾਂਕਿ ਤਾਲੀਮ ਦੇ ਮਿਆਰ ਨੂੰ ਇਸ ਸੂਬੇ ਵਿਚ ਉਚਾ ਚੁਕਿਆ ਜਾ ਸਕੇ ਅਤੇ ਸਹੀ ਪਧਰ ਤੇ ਲਿਆਂਦਾ ਜਾ ਸਕੇ । ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਸਚਰ ਫਾਰਮੂਲੇ ਦੇ ਬਾਰੇ ਵਿਚ ਸਰਕਾਰ ਦੀ ਪਾਲਿਸੀ ਵਾਜ਼ਿਆਂ ਹੋਣੀ ਚਾਹੀਦੀ ਹੈ । ਇਹ ਵਾਜ਼ਿਆਂ ਨਹੀਂ ਹੈ । ਇਸ ਦੇ ਬਾਰੇ ਵਿਚ ਤੰਬੂਰਾ ਕੁਝ ਬੋਲਦਾ ਹੈ ਅਤੇ ਸਾਜ਼ ਕੁਝ ਕਹਿੰਦਾ ਹੈ । ਇਕ ਸੁਰ ਹੋ ਕੇ ਗਲ ਕਹਿਣੀ ਚਾਹੀਦੀ ਹੈ ਤਾਕਿ ਲੋਕਾਂ ਨੂੰ ਸਰਕਾਰ ਦੀ ਸਪਸ਼ਟ ਪਾਲਿਸੀ ਬਾਰੇ ਸਮਝ ਆ ਸਕੇ । ਬੇਸੁਰੇ ਹੋ ਕੇ ਸਰਕਾਰ ਚਲਾਈ ਨਹੀਂ ਜਾ ਸਕਦੀ ਇਸ ਲਈ ਇਸ ਪਾਸੇ ਧਿਆਨ ਦੀ ਲੋੜ ਹੈ ।

ਡੇਅਰੀ ਦੀ ਡੀਵੈਲਪਮੈਂਟ ਬਾਰੇ ਜ਼ਿਕਰ ਕੀਤਾ ਗਿਆ ਹੈ ਕਿ ਕਰੀਮਰੀ ਪਲਾਟ ਲਗਾ ਦਿਤੀ ਜਾਵੇਗੀ ਇਸ ਤਰ੍ਹਾਂ ਦੁਧ ਵਧਣ ਵਿਚ ਰੁਕਾਵਟ ਆਵੇਗੀ । ਦੁਧ ਪਹਿਲਾਂ ਹੀ ਘਟ ਮਿਲਦਾ ਹੈ । ਇਸ ਲਈ ਮੇਰਾ ਸੁਝਾਵ ਇਹ ਹੈ ਕਿ ਕਰੀਮਰੀ ਪਲਾਂਟ ਲਗਾਣ ਦੀ ਥਾਂ ਤੇ ਜੇਕਰ ਪਸ਼ੂ ਪਾਲਨ ਲਈ ਇੰਤਜਾਮ ਕੀਤਾ ਜਾਵੇ ਤਾਂ ਬਿਹਤਰ ਰਹੇਗਾ । ਜ਼ਿਲ੍ਹਾ ਹੈਡਕੁਆਟਰਾਂ ਦੇ ਪਾਸ ਜਿਥੇ ਚਰਾਂਦ ਮਿਲ ਸਕੇ ਉਥੇ ਪਸ਼ੂ ਪਾਲਣ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ । ਪਸ਼ੂ ਧਨ ਦਾ ਪਹਿਲਾਂ ਵੀ ਪੰਜਾਬ ਵਿਚ ਨੁਕਸਾਨ ਹੋਇਆ ਹੈ ਅਤੇ ਪੰਜਾਬ ਵਿਚ ਪਸ਼ੂ ਘਟ ਹਨ । ਸਾਡੇ ਗਵਾਂਢੀ ਦੇਸ਼ ਪਾਕਿਸਤਾਨ ਨੇ ਬੇਹਤਰੀਨ ਕਿਸਮ ਦੇ ਪਸ਼ੂ ਪਾਲਨ ਦਾ ਇੰਤਜ਼ਾਮ ਕੀਤਾ ਹੋਇਆ ਹੈ । ਇਸ ਤਰ੍ਹਾਂ ਇਸ ਨੂੰ ਵੀ ਕਾਇਮ ਕਰਨਾ ਚਾਹੀਦਾ ਹੈ ਤਾਂ ਕਿ ਪਸ਼ੂ ਧਨ ਨੂੰ ਵਧਾਇਆ ਜਾ ਸਕੇ ਅਤੇ ਦੁਧ ਦੀ ਜੋ ਕਮੀ ਮਹਿਸੂਸ ਕੀਤੀ ਜਾ ਰਹੀ ਹੈ ਉਸ ਨੂੰ ਦੂਰ ਕੀਤਾ ਜਾ ਸਕੇ ।

ਬਿਜਲੀ ਨੂੰ ਵਧਾਨ ਲਈ ਸਕੀਮ ਦਾ ਜ਼ਿਕਰ ਕੀਤਾ ਗਿਆ ਹੈ ਕਿ 1971 ਵਿਚ ਰਾਵੀ ਦੇ ਪਾਣੀ ਤੇ ਅਧਿਕਾਰ ਹੋ ਜਾਣਾ ਹੈ ਤੇ ਫਿਰ ਪ੍ਰੋਜੈਕਟ ਤਿਆਰ ਕੀਤਾ ਜਾਵੇਗਾ । ਮੈਂ ਇਸ ਸਬੰਧ ਵਿਚ ਇਹ ਕਹਾਂਗਾ ਕਿ ਜੇਕਰ ਕੋਈ ਮਯੂਨਿਸਪਲ ਕਮੇਟੀਆਂ ਆਪਣਾ ਥਰਮਲ ਪਲਾਂਟ ਲਗਾਣ ਨੂੰ ਤਿਆਰ ਹੋਣ ਤਾਂ ਉਨ੍ਹਾਂ ਨੂੰ ਇਜਾਜ਼ਤ ਦਿਤੀ ਜਾਣੀ ਚਾਹੀਦੀ ਹੈ ਤਾਂ ਕਿ ਸਰਕਾਰ ਤੋਂ ਇਹ ਬੋਝ ਘਟੇ ਅਤੇ ਬਿਜਲੀ ਦੀ ਤੋਟ ਨੂੰ ਪੂਰਾ ਕੀਤਾ ਜਾ ਸਕੇ । ਜਿਥੇ ਦਰਿਆਈ ਪਾਣੀ ਦਾ ਪ੍ਰੋਜੈਕਟ ਤਿਆਰ ਹੋਣ ਵਿਚ ਦੇਰ ਲਗ ਸਕਦੀ ਹੈ ਉਥੇ ਮਯੂਨਿਸਪਲ ਕਮੇਟੀਆਂ ਨੂੰ ਇਜਾਜ਼ਤ ਦਣੀ ਚਾਹੀਦੀ ਹੈ । ਅੰਮ੍ਰਿਤਸਰ ਦੀ ਮਯੂਨਿਸਪਲ ਕਮੇਟੀ ਨੂੰ ਥਰਮਲ ਪਲਾਂਟ ਦਾ ਪ੍ਰਾਜੈਕਟ ਲਗਾਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

ਅਸੀਂ ਭਾਕੜੇ ਨੂੰ ਉਡੀਕਦੇ ਰਹੇ ਤੇ ਤਰੱਕੀ ਰੁਕੀ ਰਹੀ । ਇਸ ਲਈ ਕਮੀ ਨੂੰ ਪੂਰਾ ਕਰਨ ਲਈ ਛੋਟੇ ਪ੍ਰਾਜੈਕਟਾਂ ਦੀ ਜ਼ਰੂਰਤ ਹੈ ਇਸ ਲਈ ਮੈਂ ਕਹਾਂਗਾ ਕਿ ਸਰਕਾਰ ਜਲਦੀ ਤੋਂ ਜਲਦੀ ਛੋਟੇ ਪ੍ਰਾਜੈਕਟ ਇਸ ਸਬੰਧ ਵਿਚ ਲਗਾਣ ਦੀ ਕੋਸ਼ਿਸ਼ ਕਰੇ । ਟ੍ਰਾਂਸਪੋਰਟ ਦੀ ਨੈਸ਼ਨਲਾਇਜ਼ੇਸ਼ਨ ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ । ਇਸ ਵਿਚ ਇਨਟ੍ਰੈਸਟ ਆਪਸ ਵਿਚ ਨਹੀਂ ਮਿਲਦੇ ਇਹ ਇਕ ਬੁਨਿਆਦੀ ਇਖਤਲਾਫ ਹੈ ਅਤੇ ਇਸ ਸਬੰਧ ਵਿਚ ਯੂਨੀਫਾਰਮ ਪਾਲਿਸੀ ਨਹੀਂ । ਅਤੇ ਅਜ ਕਲ ਜਿਹੜੀ ਦੋ ਅਮਲੀ ਹੈ ਇਸ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਪੂਰੀ ਤਾਕਤ ਇਸ ਕੰਮ ਨੂੰ ਕਰਨ ਵਿਚ ਸਰਕਾਰ ਨੂੰ ਲਗਾਣੀ ਚਾਹੀਦੀ ਹੈ ।

ਪੰਚਾਇਤ ਸਮਤੀਆਂ ਬਾਰੇ ਜ਼ਿਕਰ ਕੀਤਾ ਗਿਆ ਹੈ । ਇਸ ਸਬੰਧ ਵਿਚ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਬਲਾਕ ਲੇਵਲ ਤੇ ਕਿਸੇ ਕਿਸਮ ਦੀ ਆਪਸ ਵਿਚ ਕੁਆਰਡੀਨੇਸ਼ਨ ਨਹੀਂ । ਕੁਆ-ਪ੍ਰੇਟਿਵ ਅਤੇ ਐਗਰੀਕਲਚਰ ਅਤੇ ਡੀਵੈਲਪਮੈਂਟ ਦੇ ਵਖ ਵਖ ਅਫਸਰ ਹਨ ਅਤੇ ਇਨ੍ਹਾਂ ਦਾ ਆਪਸ ਵਿਚ ਕੋਈ ਤੁਆਵਨ ਨਹੀਂ ਅਤੇ ਇਹ ਇਕਠੇ ਹੋ ਕੇ ਕੰਮ ਨਹੀਂ ਕਰਦੇ । ਇਸ ਤਰ੍ਹਾਂ ਸਹੀ ਮਹਿਨਿਆਂ ਵਿਚ ਤਰਕੀ ਨਹੀਂ ਹੋ ਸਕਦੀ। ਇਸ ਲਈ ਮੇਰਾ ਇਹ ਸੁਝਾਵ ਹੈ ਕਿ ਦੋ ਅਮਲੀ ਦੂਰ ਹੋਣੀ ਚਾਹੀਦੀ ਹੈ ਅਤੇ ਇਕ ਹੀ ਅਫਸਰ ਜਾਂ ਤਾਂ ਕਰ ਦਿਤਾ ਜਾਵੇ ਜਾਂ ਸਾਰੇ ਅਫਸਰਾਂ ਦੀ ਆਪਸ ਵਿਚ ਪੂਰੀ ਤਰ੍ਹਾਂ ਨਾਲ ਕੁਆਰਡੀਨੇਸ਼ਨ ਕੀਤੀ ਜਾਣੀ ਚਾਹੀਦੀ ਹੈ ਤਾਕਿ ਕੰਮ ਨਾ ਰੁਕੇ ।

ਇਕ ਗਲ ਦੇਖ ਕੇ ਮੈਨੂੰ ਅਫਸੋਸ ਹੋਇਆ ਕਿ ਇਸ ਅਸੈਂਬਲੀ ਵਿਚ ਇਹ ਕਿਹਾ ਜਾਂਦਾ ਹੈ ਕਿ ਸੋਸ਼ਲਿਜ਼ਮ ਹੈ ਪੈਟ੍ਰੀਆਟਿਜ਼ਮ ਹੈ ਅਤੇ ਇਮਾਨਦਾਰੀ ਨਾਲ ਕਾਰਵਾਈ ਨੂੰ ਚਲਾਇਆ ਜਾਣਾ ਚਾਹੀਦਾ ਹੈ । ਕਈ ਤਰ੍ਹਾਂ ਦੇ ਵਾਸਤੇ ਇਥੇ ਪਾਏ ਜਾਂਦੇ ਹਨ ਕਿ ਪੋਲੀਟੀਕਲ ਕੁਰਪਸ਼ਨ ਨਹੀਂ ਕੀਤੀ ਜਾਣੀ ਚਾਹੀਦੀ । ਪਰ ਧੰਨਵਾਦ ਦਾ ਮਤਾ ਪੇਸ਼ ਕਰਨ ਲਈ ਇਨ੍ਹਾਂ ਨੇ ਸਰਦਾਰ ਬਲਵੰਤ ਸਿੰਘ ਹੋਰਾਂ ਨੂੰ ਕਿਹਾ ਜਿਹੜੇ ਕਿ ਆਪ ਹੀ ਡਿਫੈਕਸ਼ਨ ਕਰਕੇ ਗਏ ਹਨ । (ਵਿਰੋਧੀ ਦਲ ਵਲੋਂ ਪ੍ਰਸ਼ੰਸਾ) ਫਿਰ ਇਨ੍ਹਾਂ ਨੂੰ ਮੁਹਰਲੀ ਸੀਟ ਦਿਤੀ ਗਈ ਹੈ ਜਿਹੜੀ ਕਿ ਇਨ੍ਹਾਂ ਦੀ ਸ਼ਾਨ ਦੀ ਨਹੀਂ । ਅਗਲੀਆਂ ਸੀਟਾਂ ਤਾਂ ਕੈਰੇਕਟਰ ਦੇ ਲੋਕਾਂ ਨੂੰ ਦੇਣੀਆਂ ਚਾਹੀਦੀਆਂ ਹਨ । ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਇੰਨੀਆਂ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੂੰ ਤਾਂ ਤੁਸੀਂ ਸੀਟਾਂ ਪਿਛੇ ਦੇ ਦਿਤੀਆਂ ਹਨ । ਮੈਂ ਸਰਦਾਰ ਬਲਵੰਤ ਸਿੰਘ ਹੋਰਾਂ ਬਾਰੇ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ :

ਸੁਨ ਤੋ ਸਹੀ ਜਹਾਨ ਮੇਂ ਤੇਰਾ ਹੈ ਫਸਾਨਾ ਕਿਆ
ਕਹਿਤੀ ਹੈ ਤੁਝ ਕੋ ਖਲਕੇ ਖੁਦਾ ਗ਼ਾਇਬਾਨਾ ਕਿਆ ।

ਦੁਨੀਆਂ ਕੀ ਕਹਿੰਦੀ ਹੈ । ਮੈਨੂੰ ਅਫਸੋਸ ਹੈ ਕਿ ਇਨ੍ਹਾਂ ਨੂੰ ਧੰਨਵਾਦ ਦਾ ਮਤਾ ਪੇਸ਼ ਕਰਨ ਲਈ ਕਿਹਾ ਗਿਆ ਹੈ । ਮੈਂ ਸੋਚ ਰਿਹਾ ਹਾਂ ਕਿ ਇਸ ਮਤੇ ਦੀ ਕਿਸ ਤਰ੍ਹਾਂ ਸਪੋਰਟ ਕਰਾਂ । ਮੈਂ ਇਸ ਲਈ ਇਸ ਮਤੇ ਦੀ ਸਪੋਰਟ ਕਰਦਾ ਹਾਂ ਕਿ ਇਹ ਆਸ ਹੈ ਕਿ ਇਹ ਸਰਕਾਰ ਉਹ ਕੰਮ ਨਹੀਂ ਕਰੇਗੀ ਜਿਹੜੇ ਕਿ ਕਾਂਗਰਸ ਸਰਕਾਰ ਨੇ ਆਪਣੇ 20 ਸਾਲਾਂ ਦੇ ਰਾਜ ਵਿਚ ਕੀਤੇ ਅਤੇ ਇਹ ਸਰਕਾਰ ਕੋਈ ਗੈਰ ਆਈਨੀ ਕੰਮ ਨਹੀਂ ਕਰੇਗੀ ਅਤੇ ਜਿਹੜੀਆਂ ਭੈੜੀਆਂ ਰਵਾਇਤਾਂ ਕਾਇਮ ਹੋ ਗਈਆਂ ਸਨ ਉਨ੍ਹਾਂ ਨੂੰ ਖਤਮ ਕਰ ਦਿਤਾ ਜਾਵੇਗਾ। ਜਿਹੜਾ ਮੌਕਾ, ਇਸ ਸਰਕਾਰ ਨੂੰ, ਚਲਾਣ ਦਾ ਇਨ੍ਹਾਂ ਨੂੰ ਮਿਲਿਆ ਹੈ ਇਸ ਨੂੰ ਇਹ ਚੰਗੀ ਤਰ੍ਹਾਂ ਇਸਤੇਮਾਲ ਕਰਨਗੇ । ਤਾਂ ਜੋ ਸਾਡੇ ਦੇਸ਼ ਦਾ ਗ਼ਰੀਬ, ਸਾਡੇ ਸੂਬੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਦਾ ਹਰੀਜਨ, ਇਸ ਸੂਬੇ ਦੇ ਕਿਸਾਨ ਅਤੇ ਮਜ਼ਦੂਰ ਇਸ ਆਜ਼ਾਦੀ ਦੇ ਮਾਹੌਲ ਦਾ ਆਸਰਾ ਲੈ ਸਕੇ। ਤੁਸੀਂ ਇਸ ਤਰ੍ਹਾਂ ਦੇ ਕੰਮ ਕਰੋ ਕਿ ਲੋਕ ਤੁਹਾਡੇ ਦੱਸੇ ਹੋਏ ਰਾਹ ਤੇ ਚਲਦੇ ਹੋਏ ਆਪਣੀ ਸਦੀਆਂ ਦੀ ਸੁੱਤੀ ਹੋਈ ਕਿਸਮਤ ਨੂੰ ਜਗਾ ਸਕਣ। ਆਪਣੇ ਸਾਥੀਆਂ ਨੂੰ ਵੀ ਇਸ ਰਾਹ ਤੇ ਚਲਣ ਲਈ ਸਮਝਾ ਸਕਣ। ਉਨ੍ਹਾਂ ਦੇ ਅੰਦਰ ਇਤਨੀ ਸਚਾਈ ਦੀ ਤਾਕਤ ਪੈਦਾ ਹੋ ਜਾਵੇ ਕਿ ਉਹ ਆਪਣੇ ਮੁਖਾਲਫਾਂ ਨੂੰ ਵੀ ਪਛਾੜ ਸਕਣ। ਤੁਹਾਨੂੰ ਇਸ ਗੱਲ ਦਾ ਤਹੱਈਆ ਕਰ ਲੈਣਾ ਚਾਹੀਦਾ ਹੈ ਕਿ ਤੁਸੀਂ ਇਸ ਮੁਲਕ ਦੀ ਉਸਾਰੀ ਲਈ ਇਕ ਦੂਸਰੇ ਨਾਲੋਂ ਵਧ ਕੇ ਕੰਮ ਕਰੋਗੇ।

ਇਸ ਪ੍ਰਸਤਾਵ ਨੂੰ ਪੇਸ਼ ਕਰਨ ਵਾਲੇ ਸਾਹਬ ਦੇ ਪਿਛਲੇ ਹਾਲਾਤ ਤੇ ਜਦੋਂ ਮੈਂ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਕੁਝ ਹਿਚਕਚਾਹਟ ਹੁੰਦੀ ਹੈ ਪਰ ਮੈਂ ਤਾਂ ਇਸ ਗਰਜ਼ ਨਾਲ ਧੰਨਵਾਦ ਕਰਨਾ ਹੈ ਕਿ ਮੇਰੇ ਸੂਬੇ ਦੀ ਉਸਾਰੀ ਲਈ ਕੁਝ ਨਵੇਂ ਦੋਸਤਾਂ ਨੂੰ ਕੰਮ ਕਰਨ ਦਾ ਮੌਕਾ ਦਿਤਾ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਐਡਰੈਸ ਦਾ ਸਵਾਗਤ ਕਰਦਾ ਹਾਂ ਅਤੇ ਧੰਨਵਾਦ ਕਰਦਾ ਹਾਂ।

**ਸ਼੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ): ਚੇਅਰਮੈਨ ਸਾਹਿਬ, ਮੇਰੇ ਕੁਝ ਦੋਸਤਾਂ ਨੇ ਜਿਹੜੇ ਸ਼ਬਦ ਏਥੇ ਕਹੇ ਹਨ, ਮੈਂ ਉਨ੍ਹਾਂ ਦੀ ਮੁਖਾਲਫਤ ਕਰਨ ਲਈ ਖੜ੍ਹਾ ਹੋਇਆ ਹਾਂ। ਮੈਂ ਅਫਸੋਸ ਹੈ ਕਿ ਮੈਂ ਕੁਝ ਐਸੀਆਂ ਗਲਾਂ ਕਹਾਂਗਾ ਜਿਹੜੀਆਂ ਤੁਹਾਨੂੰ ਚੁਭਣ। ਸਭ ਤੋਂ ਪਹਿਲਾਂ ਮੈਂ ਇਹੋ ਕਹਾਂਗਾ ਕਿ ਤੁਹਾਨੂੰ ਜੇਕਰ ਕਿਸੇ ਦਾ ਧੰਨਵਾਦ ਕਰਨਾ ਹੈ ਤਾਂ ਉਹ ਧੰਨਵਾਦ ਕਾਂਗਰਸ ਪਾਰਟੀ ਦਾ ਕਰੋ, ਜਿਸ ਨੇ ਇਸ ਮੁਲਕ ਵਿਚ ਜਮਹੂਰੀਅਤ ਲਿਆਂਦੀ। ਤੁਹਾਡੇ ਵਰਗਿਆਂ ਨੂੰ ਇਨ੍ਹਾਂ ਕੁਰਸੀਆਂ ਤੇ ਲਿਆਕੇ ਸਜਾਇਆ। (ਵਿਘਨ) ਜੇ ਕਾਂਗਰਸ ਚਾਹੁੰਦੀ ਤਾਂ ਜਿਵੇਂ ਅਗਰੇਜ਼ ਨੇ ਆਪਣੇ ਰਾਜ ਵੇਲੇ ਕੀਤਾ ਸੀ ਆਪਣੇ ਪਾਸ ਤਾਕਤ ਰਖਦੀ ਅਤੇ ਰਾਜ ਕਰਦੀ, ਪਰ ਅੱਜ ਕਾਂਗਰਸ ਪਾਰਟੀ ਦੀ ਦੇਣ ਸਮਝੋ ਕਿ ਉਨ੍ਹਾਂ ਤੁਹਾਡੇ ਵਰਗੇ ਲੋਕਾਂ ਤੇ ਵੀ ਮੇਹਰਬਾਨੀ ਕੀਤੀ ਅਤੇ ਨਿਕੰਮੇ ਨਿਕੰਮੇ ਆਦਮੀਆਂ ਨੂੰ ਕੁਰਸੀ ਤੇ ਲਿਆਕੇ ਬਿਠਾਇਆ। (ਸ਼ੋਰ)

**ਸ਼੍ਰੀ ਸਭਾਪਤੀ**: ਆਨਰੇਬਲ ਮੈਂਬਰ ਕੋਈ ਡਿਗਨੀਫਾਈਡ ਸਪੀਚ ਕਰਨ, ਇਸ ਤਰ੍ਹਾਂ ਪ੍ਰੋਵੋਕ ਨਾ ਕਰਨ। (The hon. Member should make a dignified speech. He should not provoke in this way.)

**ਸ਼੍ਰੀ ਸਰਦਾਰੀ ਲਾਲ ਕਪੂਰ**: ਅੱਛਾ ਜੀ, ਮੈਂ ਇਥੇ ਪਾਰਟੀ ਦੇ ਅਸੂਲਾਂ ਦੀ ਗੱਲ ਕਰ ਰਿਹਾ ਸੀ। 1967 ਦੀਆਂ ਇਲੈਕਸ਼ਨਾਂ ਵੇਲੇ ਕਾਂਗਰਸ ਪਾਰਟੀ ਦੇ ਇਲੈਕਟਿਡ ਮੈਂਬਰਾਂ ਦੀ ਗਿਣਤੀ ਸਰਕਾਰ ਬਨਾਉਣ ਵਾਲੀ ਪਾਰਟੀ ਦੇ ਨੰਬਰ ਤੋਂ ਮਹਿਜ਼ 5-4 ਆਦਮੀਆਂ ਦੀ ਘਟ ਸੀ। ਜੇ ਉਹ ਚਾਹੁੰਦੇ ਤਾਂ ਕਿਸੇ ਦੂਸਰੀ ਪਾਰਟੀ ਦੇ ਬੰਦਿਆਂ ਨੂੰ ਨਾਲ ਰਲਾ ਕੇ ਕੋਈ ਸਾਂਝੀ ਸਰਕਾਰ ਬਣਾ ਸਕਦੇ ਸੀ। ਪਰ ਉਹ ਆਪਣੇ ਡੈਮੋਕਰੈਟਿਕ ਅਸੂਲ ਤੇ ਕਾਇਮ ਰਹੇ ਅਤੇ ਅਪੋਜ਼ੀਸ਼ਨ ਵਿਚ ਬੈਠੇ ਅਤੇ ਦੂਸਰਿਆਂ ਨੂੰ ਹਕੂਮਤ ਬਣਾਉਣ ਦੀ ਇਜਾਜ਼ਤ ਦਿੱਤੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇਹ ਕੰਮ ਕੀਤਾ ਕਿ ਜਿਤਨੇ ਵੀ ਏਧਰਲੀਆਂ ਓਧਰਲੀਆਂ ਪਾਰਟੀਆਂ ਦੇ ਡੀਫੈਕਟਰਜ਼ ਇਨ੍ਹਾਂ ਨੂੰ ਮਿਲ ਸਕੇ, ਇਨ੍ਹਾਂ ਨੂੰ ਮਿਲਾ ਕੇ ਇਨ੍ਹਾਂ ਨੇ ਇਕ ਸਰਕਾਰ ਕਾਇਮ ਕੀਤੀ। ਨਤੀਜਾ ਇਸ ਦਾ ਕੀ

Original with;
Punjab Vidhan Sabha
Digitized by;
Panjab Digital Library

ਹੋਇਆ ਕਿ ਏਥੇ ਡੀਕਟੇਟਰਜ਼ ਦਾ ਰਾਜ ਕਾਇਮ ਹੋ ਗਿਆ। ਸਾਡੀ ਪਾਰਟੀ ਨੇ ਜਿਥੇ ਮੁਲਕ ਨੂੰ ਰਾਮ ਰਾਜ ਦਿੱਤਾ ਸੀ ਓਥੇ ਇਨ੍ਹਾਂ ਨੇ ਐਸੇ ਆਦਮੀ ਸ਼ਾਮਲ ਕਰ ਲਏ ਜਿਹੜੇ ਸਾਰੇ ਰਾਜ ਨੂੰ ਖਰਾਬ ਕਰਨ ਵਾਲੇ ਸੀ। ਜਨਸੰਘ ਨੂੰ ਅਪਣੇ ਨਾਲ ਰਲਾਉਣ ਦੀ ਤਾਂ ਕਈ ਗੱਲ ਨਹੀਂ ਸੀ, ਪਰ ਕੁਝ ਐਸੀਆਂ ਪਾਰਟੀਆਂ ਨਾਲ ਸ਼ਾਮਲ ਕੀਤੀਆਂ ਗਈਆਂ ਜਿਨਾਂ ਦੇ ਖਿਆਲਾਤ, ਜਿਨ੍ਹਾਂ ਦੀ ਪਾਲਿਸੀ ਹੀ ਨਹੀਂ ਮਿਲਦੀ ਸੀ ਜਿਨ੍ਹਾਂ ਦੀ ਆਪਸ ਵਿਚ ਟੱਕਰ ਸੀ। ਜਿਸਤਰ੍ਹਾਂ ਵੀ ਰਾਜ ਕਾਜ ਹੋਇਆ ਉਸਦਾ ਤੁਹਾਨੂੰ ਪਤਾ ਹੀ ਹੈ।

ਇਨ੍ਹਾਂ ਅਲੈਕਸ਼ਨਾਂ ਵਿਚ ਵੀ ਤੁਹਾਨੂੰ ਪਤਾ ਹੀ ਹੈ ਕਿ ਕਿਸਤਰ੍ਹਾਂ ਦੀ ਪੁਜ਼ੀਸ਼ਨ ਹੈ। ਕਾਂਗਰਸ ਨੂੰ ਇਸ ਦਫਾ ਵੀ ਬਹੁ-ਸੰਖਿਆ ਪ੍ਰਾਪਤ ਨਹੀਂ ਹੋਈ ਅਤੇ ਜਿਨ੍ਹਾਂ ਦੀ ਬਹੁ ਸੰਖਿਆ ਹੋਈ ਉਨ੍ਹਾਂ ਨੇ ਸਰਕਾਰ ਬਣਾ ਲਈ। ਇਹ ਠੀਕ ਹੈ ਕਿ ਤੁਹਾਡੀ ਹਕੂਮਤ ਬਣ ਗਈ ਹੈ ਪਰ ਤੁਹਾਨੂੰ ਅਭਿਮਾਨ ਨਹੀਂ ਕਰਨਾ ਚਾਹੀਦਾ। ਅਜ ਉਹ ਵੀ ਨਹੀਂ ਰਹੇ ਜਿਹੜੇ 20 ਸਾਲ ਦੇ ਹਕੂਮਤ ਕਰਦੇ ਸੀ। ਇਹ ਜਿੱਤਣਾ ਅਤੇ ਹਾਰਨਾ ਤਾਂ ਬਣਿਆ ਹੋਇਆ ਹੈ। ਇਹ ਕੀ ਹੈ ਰਾਜੇ ਮਹਾਰਾਜੇ ਨਾ ਰਹੇ ਅਤੇ ਰਾਵਣ ਵਰਗੇ ਨਾ ਰਹੇ। ਇਸ ਵਾਸਤੇ ਮੈਂ ਕਹਾਂਗਾ ਕਿ ਕਿਸੇ ਨੂੰ ਵੀ ਹਕੂਮਤ ਦਾ ਅਭਿਮਾਨ ਨਹੀਂ ਹੋਣਾ ਚਾਹੀਦਾ। ਅਸੀਂ ਏਥੇ ਜਨਤਾ ਦੀਆਂ ਤਕਲੀਫਾਂ ਨੂੰ ਦੂਰ ਕਰਨ ਦੀ ਗ਼ਰਜ਼ ਨਾਲ ਆਏ ਹਾਂ, ਪਰ ਜੇ ਏਥੇ ਦਾ ਵਾਤਾਵਰਣ ਹੀ ਠੀਕ ਨਹੀਂ ਹੋਵੇਗਾ ਤਾਂ ਅਸੀਂ ਲੋਕਾਂ ਦੀ ਸੇਵਾ ਕਿਵੇਂ ਕਰ ਸਕਦੇ ਹਾਂ। ਲੋਕਾਂ ਦੇ ਪੈਸੇ ਤੇ ਇਹ ਅਸੈਂਬਲੀ ਬਣੀ ਹੈ, ਤਦ ਹੀ ਅਸੀਂ ਏਥੇ ਆਏ ਹਾਂ। ਸਾਨੂੰ ਏਥੇ ਆਕੇ ਲੋਕਾਂ ਦੀ ਸੇਵਾ ਕਰਨ ਦਾ ਤਦੇ ਮੌਕਾ ਮਿਲਿਆ। ਜੇ ਏਥੇ ਅਸੀਂ ਕੋਈ ਠੋਸ ਸੁਝਾਓ ਦੇਣ ਦੀ ਬਜਾਏ ਲੋਕਾਂ ਨੂੰ ਚੰਗਾ ਮੰਦਾ ਬੋਲਾਂਗੇ ਤਾਂ ਇਹ ਕੋਈ ਚੰਗੀ ਰਵਾਇਤ ਨਹੀਂ ਹੋਵੇਗੀ। ਜਮਹੂਰੀਅਤ ਵਿਚ ਕਦੇ ਕੋਈ ਜਿਤ ਸਕਦਾ ਹੈ ਅਤੇ ਕਦੇ ਕੋਈ। ਇਸ ਅਭਿਮਾਨ ਤੋਂ ਪਰੇ ਹਟਕੇ ਅਤੇ ਸੇਵਾ ਨੂੰ ਮੁਖ ਰਖਕੇ ਸਾਨੂੰ ਇਸ ਸਦਨ ਦਾ ਕੰਮ ਕਰਨਾ ਚਾਹੀਦਾ ਹੈ। ਇਸ ਲਈ ਇਸਤਰ੍ਹਾਂ ਦੇ ਵਾਤਾਵਰਣ ਤੋਂ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਖਬਰਦਾਰ ਰਹਿਣਾ ਚਾਹੀਦਾ ਹੈ। ਮੈਂ ਹਾਊਸ ਦੀ ਵਾਕਫੀਅਤ ਲਈ ਏਥੇ 2-4 ਚੀਜ਼ਾਂ ਅਰਜ਼ ਕਰਾਂਗਾ। ਉਮੀਦ ਹੈ ਕਿ ਮੁਖ ਮੰਤਰੀ ਜੀ ਮੇਰੀ ਇਸ ਅਰਜ਼ ਨੂੰ ਜ਼ਰੂਰ ਧਿਆਨ ਦੇ ਨਾਲ ਸੁਣਨਗੇ।

ਪਹਿਲੀ ਗੱਲ ਤਾਂ ਮੈਂ ਇਮਪਰੂਵਮੈਂਟ ਟਰਸਟ ਦੇ ਮੁਤਾਲਿਕ ਅਰਜ਼ ਕਰਾਂਗਾ। ਉਹ ਇਹ ਕਿ ਟਰਸਟਸ ਰਾਹੀਂ ਮਕਾਨ ਬਣਾਉਣ ਲਈ ਜਿਹੜੀਆਂ ਜ਼ਮੀਨਾਂ ਖਰੀਦੀਆਂ ਜਾ ਰਹੀਆਂ ਹਨ ਉਹ ਮਹਿਜ਼ ਅਮੀਰ ਆਦਮੀ ਹੀ ਖਰੀਦ ਸਕਦੇ ਹਨ, ਗਰੀਬਾਂ ਨੂੰ ਤਾਂ ਕੋਈ ਮੌਕਾ ਹੀ ਨਹੀਂ ਮਿਲਦਾ ਕਿ ਉਹ ਜ਼ਮੀਨ ਲੈ ਸਕਣ ਕਿਉਂ ਜੋ ਉਨ੍ਹਾਂ ਦੇ ਪਾਸ ਸਰਮਾਇਆ ਬਹੁਤ ਹੀ ਘਟ ਹੁੰਦਾ ਹੈ। ਇਹ ਜ਼ਮੀਨਾਂ ਜੋ ਨੀਲਾਮ ਹੁੰਦੀਆ ਹਨ ਤਾਂ ਅਮੀਰ ਆਦਮੀ ਹੀ ਲੈਂਦੇ ਹਨ। ਕੋਠੀਆਂ ਬਣਦੀਆਂ ਹਨ, ਹਵੇਲੀਆਂ ਬਣਦੀਆਂ ਹਨ ਪਰ ਗਰੀਬ ਲਈ ਕੋਈ ਮਕਾਨ ਬਣਾਉਣ ਦੀ ਗੁੰਜਾਇਸ਼ ਹੀ ਨਹੀਂ। ਮੈਂ ਅਰਜ਼ ਕਰਾਂਗਾ ਕਿ ਗਰੀਬ ਮੁਲਾਜ਼ਮਾਂ ਲਈ ਯਾ ਗਰੀਬ ਲੋਕਾਂ ਲਈ ਜਿਨ੍ਹਾਂ ਨੂੰ ਸਵਾਏ ਆਪਣੀ ਕਮਾਈ ਵਿਚੋਂ ਪੈਸਾ ਬਚਾ ਕੇ ਲਾਉਣ ਦੇ ਹੋਰ ਕੋਈ ਸਾਧਨ ਹੀ ਨਹੀਂ ਸਸਤੇ ਭਾ ਤੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ]

ਜ਼ਮੀਨਾਂ ਮਿਲਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਆਮ ਲੋਕਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਅਮੀਰ ਲੋਕ ਤਾਂ ਗਿਨਤੀ ਵਿਚ ਬੜੇ ਘਟ ਹੁੰਦੇ ਹਨ। ਸਾਨੂੰ ਗ਼ਰੀਬ ਜਨਤਾ ਵਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

ਦੂਸਰੀ ਚੀਜ਼ ਜਿਹੜੀ ਮੈਂ ਅਰਜ਼ ਕਰਨੀ ਹੈ ਉਹ ਇਹ ਹੈ ਕਿ ਲਾ ਐਂਡ ਆਰਡਰ ਦੀ ਪੁਜ਼ੀਸ਼ਨ ਵੀ ਸਾਡੀ ਕਾਫੀ ਖਰਾਬ ਹੈ। ਇਸ ਦੀ ਬਹੁਤੀ ਜ਼ਿਮੇਵਾਰੀ ਪੁਲੀਸ ਤੇ ਹੈ। ਇਹ ਹੋ ਸਕਦਾ ਹੈ ਕਿ ਸਾਰੇ ਐਸੇ ਨਾ ਹੋਣ ਪਰ ਕੁਝ ਪੁਲਿਸ ਦੇ ਤਾਂ ਐਸੇ ਲੋਕ ਹਨ ਜਿਹੜੇ ਸਮਝਦੇ ਹਨ ਕਿ ਅਸੀਂ ਹੀ ਹਾਕਮ ਆਲਾ ਹਾਂ। ਉਹ ਜਿਸ ਨੂੰ ਫਸਾਉਣਾ ਹੁੰਦਾ ਹੈ ਉਸ ਤੇ ਝੂਠੇ ਇਲਜ਼ਾਮ ਲਗਾਉਣ ਦੀ ਕੋਸ਼ਿਸ਼ ਕਰਦੇ ਹਨ। ਕਿਸੇ ਪਾਸ ਫੀਮ ਰਖਦੇ ਹਨ, ਕਿਸੇ ਨੂੰ ਸ਼ਰਾਬ ਦੇ ਉਲਝਾਵੇਂ ਦੇ ਵਿਚ ਲਿਆਂਉਦੇ ਹਨ ਅਤੇ ਕਿਸੇ ਨੂੰ ਪਸਤੋਲ ਰਖਕੇ ਫਸਾ ਲੈਂਦੇ ਹਨ ਅਤੇ ਬਿਨਾ ਕਿਸੇ ਕਸੂਰ ਦੇ ਹੈਰਾਸ ਕਰਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਜੇ ਕੋਈ ਕਸੂਰਵਾਰ ਹੈ ਉਸ ਨੂੰ ਸਜ਼ਾ ਨਾ ਦਿੱਤੀ ਜਾਵੇ, ਪਰ ਮੈਂ ਇਸ ਚੀਜ਼ ਦੇ ਖਿਲਾਫ ਹਾਂ ਕਿ ਬੇਗੁਨਾਹਾਂ ਨੂੰ ਉਲਝਾਇਆ ਜਾਂਦਾ ਹੈ। ਅਸੀਂ ਕਹਿੰਦੇ ਹਾਂ ਕਿ ਜਦੋਂ ਖਾਮ ਖਾਹ ਕਿਸੇ ਤੇ ਕੇਸ ਬਣਦਾ ਹੈ ਤਾਂ ਇਹ ਸ਼ਹਿਰੀ ਜ਼ਿੰਦਗੀ ਤੇ ਇਕ ਬਦਨੁਮਾ ਧੱਬਾ ਲਗਦਾ ਹੈ।

ਤੀਸਰੀ ਚੀਜ਼ ਜਿਹੜੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਤਨੇ ਵੀ ਸਾਡੇ ਸਿਵਲ ਹਸਪਤਾਲ ਹਨ ਉਥੇ ਮਰੀਜ਼ਾਂ ਦੀ ਬਹੁਤੀ ਸੇਵਾ ਨਹੀਂ ਹੁੰਦੀ। ਅਜਕਲ ਦੇ ਜ਼ਮਾਨੇ ਵਿਚ ਇਲਾਜ ਜੇ ਕੋਈ ਕਰਾਉਂਦਾ ਹੈ ਤਾਂ ਉਹ ਬਹੁਤ ਹੀ ਮਹਿੰਗਾ ਪੈਂਦਾ ਹੈ। ਗਰੀਬ ਆਦਮੀ ਜਿਹੜੇ ਨੌਕਰੀ ਪੇਸ਼ਾ ਹਨ, ਉਨ੍ਹਾਂ ਦਾ ਹਸਪਤਾਲ ਜਾਣ ਦਾ ਕੋਈ ਜ਼ਰੀਆ ਨਹੀਂ। ਜੇ ਜਾਂਦੇ ਹਨ ਤਾਂ ਕੋਈ ਉਨ੍ਹਾਂ ਦਾ ਇਲਾਜ ਨਹੀਂ ਹੁੰਦਾ ਤੇ ਜੇ ਹੁੰਦਾ ਹੈ ਤਾਂ ਉਹ ਪੂਰੇ ਗ਼ੌਰ ਨਾਲ ਨਹੀਂ ਹੁੰਦਾ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਇਸ ਪਾਸੇ ਉਚੇਚਾ ਧਿਆਨ ਦੇਵੇ ਤਾਂ ਜੋ ਲੋਕਾਂ ਨੂੰ ਤਕਲੀਫ ਨਾ ਹੋਵੇ।

ਇਕ ਤਕਲੀਫ ਬਸ ਅੱਡੇ ਦੇ ਮੁਤਾਲਿਕ ਵੀ ਲੁਧਿਆਣੇ ਵਾਲਿਆਂ ਦੀ ਦੂਰ ਹੋਣੀ ਚਾਹੀਦੀ ਹੈ। ਇਹ ਅਡਾ ਸ਼ਹਿਰ ਦੀ ਹੱਦ ਤੋਂ ਬਹੁਤ ਦੂਰ ਹੈ। ਰਿਕਸ਼ਾ ਵਾਲੇ ਸ਼ਹਿਰ ਤੋਂ ਅਡੇ ਤਕ ਜਾਣ ਦੇ ਜਦੋਂ ਕਦੇ ਅਵੇਰੇ ਸਵੇਰੇ ਜਾਣਾ ਹੁਦਾ ਹੈ ਤਾਂ 3/- ਰੁਪਏ ਤਕ ਚਾਰਜ ਕਰਦੇ ਹਨ, ਪਰ ਦੂਸਰੇ ਪਾਸੇ ਜਦੋਂ ਕਿ ਜਲੰਧਰ ਦਾ ਕਿਰਾਇਆ ਡੇਢ ਰੁਪਿਆ ਹੈ। ਕਿਤਨਾ ਜ਼ੁਲਮ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਇਕ ਦੋ ਛੋਟੇ ਅੱਡੇ ਹੋਰ ਸ਼ਹਿਰ ਦੇ ਵਿਚ ਖੋਲ੍ਹ ਦਿਤੇ ਜਾਣ ਜੋ ਲੋਕਲ ਬਸਾਂ ਰਾਹੀਂ ਵੱਡੇ ਅੱਡੇ ਨੂੰ ਮਿਲਾਏ ਜਾਣ। ਇਸ ਤਰ੍ਹਾਂ ਗਰੀਬ ਲੋਕਾਂ ਦੀ ਬਹੁਤ ਸਾਰੀ ਤਕਲੀਫ ਦੂਰ ਹੋ ਸਕਦੀ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਇਸ ਤਰ੍ਹਾਂ ਦੀਆਂ ਗੱਲਾਂ ਵਲ ਖਾਸ ਧਿਆਨ ਦੇਣ ਦੀ ਲੋੜ ਹੈ। ਮੈਂ ਇਕ ਅਰਜ਼ ਹੋਰ ਕਰਨੀ ਹੈ ਕਿ ਲੁਧਿਆਣੇ ਵਿਚ ਹੌਜ਼ਰੀ ਦੇ ਕਾਰਖਾਨੇ

Original with;
Punjab Vidhan Sabha
Digitized by;
Panjab Digital Library

ਹਨ ਉਨ੍ਹਾਂ ਨੂੰ ਡਾਇਰੈਕਟਰ ਤੋਂ ਉਨ ਦੇ ਪਰਮਿਟ ਮਿਲੇ ਹਨ ਕਿ ਉਨ ਕੱਤ ਕੇ ਲੋਕਾਂ ਨੂੰ ਸਪਲਾਈ ਕਰੋ । ਪਰ ਜਿਨ੍ਹਾਂ ਨੂੰ ਪਿਛਲੀ ਵਾਰ ਉਹ ਪਰਮਿਟ ਮਿਲੇ ਸੀ ਉਹ ਕਹਿੰਦੇ ਹਨ ਸਾਡੇ ਕੋਲ ਕੁਝ ਨਹੀਂ ਬਚਦਾ ਇਸ ਲਈ ਉਨ੍ਹਾਂ ਨੇ ਇਨਕਾਰ ਕਰ ਦਿਤਾ ਹੈ। ਪਰ ਮੈਂ ਅਰਜ਼ ਕਰਦਾ ਹਾਂ ਕਿ ਹੌਜ਼ਰੀ ਦੀ ਇੰਡਸਟਰੀ ਲੁਧਿਆਣੇ ਦੀ ਵਡੀ ਇੰਡਸਟਰੀ ਹੈ। ਹਜ਼ਾਰਾਂ ਮਜ਼ਦੂਰ ਇਸ ਤੇ ਪਲਦੇ ਹਨ। ਇਸ ਲਈ ਸਰਕਾਰ ਨੂੰ ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ।

ਫਿਰ ਸਾਡੇ ਲੁਧਿਆਣੇ ਵਿਚ ਮਜ਼ਦੂਰ ਬਹੁਤ ਬੜੀ ਤਦਾਦ ਵਿਚ ਹਨ। ਜੇਕਰ ਉਨ੍ਹਾਂ ਨੂੰ ਪੇਟ ਭਰ ਕੇ ਰੋਟੀ ਨਾ ਮਿਲੀ ਤਾਂ ਉਹ ਕਾਰਖਾਨੇ ਵੀ ਨਹੀਂ ਚਲ ਸਕਣਗੇ। ਇਕ ਹੋਰ ਗੱਲ ਮੈਂ, ਚੇਅਰਮੈਨ ਸਾਹਿਬ, ਮੈਡੀਕਲ ਲਾਈਨ ਦੇ ਆਧਾਰ ਤੇ ਦਸਦਾ ਹਾਂ ਕਿ ਤਪਦਿਕ ਦੇ ਮਰੀਜ਼ਾਂ ਵਿਚੋਂ 89% ਇਨ੍ਹਾਂ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਹੀ ਹੁੰਦੇ ਹਨ। ਇਸ ਦਾ ਕਾਰਣ ਇਹ ਹੈ ਕਿ ਉਨ੍ਹਾਂ ਨੂੰ ਹਾਈਜੈਨਿਕ ਤੌਰ ਤੇ ਠੀਕ ਰਹਿਣ ਦੀ ਥਾਂ ਨਹੀਂ ਮਿਲਦੀ। ਉਨ੍ਹਾਂ ਦੇ ਮਕਾਨ ਗਲੇ ਸੜੇ ਹੁੰਦੇ ਹਨ। ਤਪਦਿਕ ਇਕ ਰਾਇਲ ਡਜ਼ੀਜ਼ ਹੈ ਅਤੇ ਉਹ ਗ਼ਰੀਬ ਵਿਚਾਰੇ ਇਲਾਜ ਵੀ ਨਹੀਂ ਕਰਵਾ ਸਕਦੇ। ਇਸ ਲਈ ਉਨ੍ਹਾਂ ਦੀਆਂ ਵੇਜਿਜ਼ ਇਤਨੀਆਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ ਕਿ ਉਹ ਰਜ ਕੇ ਰੋਟੀ ਤਾਂ ਖਾ ਸਕਣ। ਅਖੀਰ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਸ ਰਖਦਾ ਹਾਂ ਕਿ ਜਿਹੜੀਆਂ ਗੱਲਾਂ ਮੈਂ ਆਖੀਆਂ ਹਨ ਸਰਕਾਰ ਉਨ੍ਹਾਂ ਵਲ ਧਿਆਨ ਦੇਵੇਗੀ।

**Mr. Chairman :** Nawab of Malerkotla.

**Raja Narinder Singh :** : Sir, you have called upon Nawab of Malerkotala to speak, but he did not rise to speak I, who was standing to catch your eye, have not been permitted to speak.

**Mr. Chairman :** I have called upon Nawab of Mrlerkotla to speak. He will take only five minutes.

**हिज़ हाईनेस नवाब इफ़्तखार अली खां** (मलेरकोटला) : जनाब चेयरमैन साहिब, मैं इस गवर्नर के अैडरेस के लिए इस गवर्नमैंट को मुबारकबाद देता हूं। पिछली बार यह युनाइटिड फ्रंट की सरकार किन्हीं कारणों से टूट गई थी। लेकिन लोगों ने दूसरी बार फिर इस को सेवा करने का मौका दिया है। (तालियां) और यह एक जबरदस्त वरडिक्ट है जनता का और जो दोस्त अब आपोज़ीशन में बैठे हैं उन के बड़े बड़े स्तून चुन चुन कर फेंक दिए गए हैं, क्योंकि वह 20 वर्ष में सेवा नहीं कर सके थे (तालियां)।

दूसरी बात जो अैडरेस के बारे में रैफर की गई है यह है कि पिछले बजट के सिलसिले में सरकार इन्क्वायरी कराना चाहती है। कई दोस्त कहते हैं कि ऐसा नहीं हो सकता लेकिन मेरा ख्याल है कि

The House is Supreme.

Original with;
Punjab Vidhan Sabha
Digitized by;
Panjab Digital Library

[हिज़ हाईनैस नवाब इफ्तखार अली खां]

तीसरी बात मैं बिजली बोर्ड के बारे में कहना चाहता हूं। बिजली एक जरुरी चीज़ है। इंडस्ट्री के लिए यह एक जरुरी शोबा है। इस लिए सरकार को इस तरफ ध्यान देना चाहिए। बिजली की कमी की वजह से काश्तकारों को बहुत दिक्कत हो रही है। चीफ मिनिस्टर ने कहा है कि वह सेंट्रल गवर्नमैंट को ऐपरोच करेंगे कि वह ज्यादा बिजली रिलीज़ करें। इलेक्ट्रीसिटी बोर्ड का जहां तक ताल्लुक है :—

The Electricity Board is the biggest Board. This should be abolished atonce and it should be brought to departmental level.

मैं यह कहना चाहता हूं कि मुझे मलेरकोटला का तजुरबा है कि वहां एक एक कुनैक्शन के लिए 8-8 हज़ार और 10-10 हज़ार रुपया रिश्वत लेते हैं। यदि कोई इनक्वायरी होती है तो वह हश अप हो जाती है। आखिर कोई कुरप्शन होती है तभी हश अप होता है। इस लिये मैं यह अर्ज़ करता हूं कि इस तरफ खास तवजोह दी जानी चाहिए।

चौथी बात स्टेट की प्रासपैरिटी की है।

Prosperity of a State lies in industry, agriculture and electricity.

इन तीनों की ओर सरकार ध्यान दे।

और फिर मैं यह अर्ज़ करता हूं कि हरीजनों की हालत की तरफ ध्यान दिया जाए। सरकार ने २५ लाख रु० दिया है लेकिन यह बहुत कम है। इस मे ज्यादा पैसे रखे जाने चाहिएं। उन की ज़िन्दगी के हालात कुछ अच्छे नहीं हैं। कांग्रेस ने केवल यह किया है कि बैकवर्ड क्लासिज़ को हरिजन कह दिया या उन को कुछ छपरियां बना दी हैं। इसके इलावा मुझे तो और तरक्की नज़र नहीं आती। इस तरफ भी सरकार को ध्यान देना चाहिए।

आखीर में, चेयरमैन साहिब, मैं गुरु नानक देव जी के पांच सौ साला जन्म-दिन के बारे में कहना चाहता हूं। मैं यह अर्ज़ करता हूं कि गुरु जी एक साझे महापुरुष थे। वे केवल पंजाब के नहीं बल्कि सारी दुनियां के थे। इस लिए पंजाब सरकार को चाहिए कि उनके जन्म दिन को न केवल हिन्दुस्तान में ही मनाया जाए बल्कि दूसरे देशों में, समुद्र पार के देशों में भी प्रापेगन्डा कर के गुरु जी का पैगाम फैलाने का प्रबन्ध किया जाए। शुक्रिया।

**Mr. Chairman :** Sardar Jasdev Singh Sandhu (Interruption)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੁਰਦਿਆਲ ਸੈਣੀ** : ਚੇਅਰਮੈਨ ਸਾਹਿਬ, ਤੁਸੀਂ ਇਕੋ ਹੀ ਪਾਰਟੀ ਦੇ ਦੋ ਬੰਦਿਆਂ ਨੂੰ ਵਕਤ ਦੇ ਦਿਤਾ ਹੈ (ਵਿਘਨ)

**ਸ਼੍ਰੀ ਸਭਾਪਤੀ** : ਉਨ੍ਹਾਂ ਨੇ ਕੇਵਲ 5,5 ਮਿੰਟ ਲਏ ਹਨ। ਤੁਹਾਡੇ ਵਲੋਂ ਮਾਸਟਰ ਗੁਰਬੰਤਾ ਸਿੰਘ ਜੀ ਬੋਲ ਗਏ ਹਨ। ਉਨ੍ਹਾਂ ਨੇ ਤੁਹਾਡੀ ਪਾਰਟੀ ਦੇ ਟਾਈਮ ਵਿਚੋਂ ਜ਼ਿਆਦਾ ਟਾਈਮ ਲਿਆ ਹੈ। (They have taken five minutes each. Master Gurbanta Singh has spoken from the side of the hon. Member. He has taken more time out of the total time allotted to his party.)

**ਸਰਦਾਰ ਜਸਦੇਵ ਸਿੰਘ ਸੰਧੂ (ਰਾਏਪੁਰ)** : ਚੇਅਰਮੈਨ ਸਾਹਿਬ, ਇਸ ਗਵਰਨਰ ਐਡਰੈਸ ਵਿਚ ਜੋ ਸਰਕਾਰ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ ਹੈ। ਇਸ ਵਿਚ ਖਾਸ ਤੌਰ ਤੇ ਖੇਤੀ ਬਾੜੀ ਬਾਰੇ ਜੋ ਸੁਝਾਓ ਰਖੇ ਗਏ ਹਨ ਉਹ ਬੜੇ ਪ੍ਰਸੰਸਾਯੋਗ ਹਨ। ਪੰਜਾਬ ਨੇ ਪਹਿਲਾਂ ਹੀ ਖੇਤੀ ਬਾੜੀ ਵਿਚ ਕਾਫੀ ਤਰਕੀ ਕੀਤੀ ਹੈ ਪਰ ਜੇ ਇਨ੍ਹਾਂ ਸੁਝਾਵਾਂ ਤੇ ਅਮਲ ਕੀਤਾ ਜਾਵੇ ਤਾਂ ਹੋਰ ਤਰਕੀ ਹੋ ਸਕਦੀ ਹੈ। ਖੇਤੀਬਾੜੀ ਪੰਜਾਬ ਦੀ ਸਭ ਤੋਂ ਵਡੀ ਇੰਡਸਟਰੀ ਹੈ ਇਸ ਲਈ ਤਰੱਕੀ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

ਫਿਰ, ਚੇਅਰਮੈਨ ਸਾਹਿਬ, ਕਲ ਚੀਫ ਮਨਿਸਟਰ ਨੇ ਸਵਾਲਾਂ ਦੇ ਜਵਾਬ ਵਿਚ ਇਹ ਕਿਹਾ ਸੀ ਕਿ ਅਸੀਂ ਪੰਚਾਇਤੀ ਰਾਜ ਬਾਰੇ ਕਾਹਲੀ ਵਿਚ ਕੋਈ ਕਦਮ ਨਹੀਂ ਉਠਾਵਾਂਗੇ। ਪਰ ਫਿਰ ਵੀ ਅਜ ਇਸ ਦੇ ਬਾਵਜੂਦ ਕਈ ਮੈਂਬਰਾਂ ਨੇ ਕਿਹਾ ਕਿ ਇਹ ਸਿਸਟਮ ਖਤਮ ਨਹੀਂ ਹੋਣਾ ਚਾਹੀਦਾ। ਅਸੀਂ ਵੀ ਬੜਾ ਚਿਰ ਪੰਚਾਇਤੀ ਰਾਜ ਵਾਸਤੇ ਕੰਮ ਕੀਤਾ ਹੈ ਅਤੇ ਇਸ ਦੇ ਬੜੇ ਮਦਾਹ ਰਹੇ ਹਾਂ ਪਰ ਇਹ ਵੀ ਜਾਣਦੇ ਹਾਂ ਕਿ ਇਸ ਵਿਚ ਕਈ ਤਰੁਟੀਆਂ ਆ ਗਈਆਂ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਕਾਹਲੀ ਵਿਚ ਕੋਈ ਫੈਸਲਾ ਨਾ ਕਰੇ ਅਤੇ ਕਲ ਚੀਫ ਮਨਿਸਟਰ ਸਾਹਿਬ ਨੇ ਕਹਿ ਵੀ ਦਿਤਾ ਸੀ ਕਿ ਉਹ ਕੋਈ ਕਾਹਲੀ ਨਹੀਂ ਕਰਨਗੇ। ਇਸ ਤੋਂ ਸਭ ਦੀ ਤਸੱਲੀ ਹੋ ਜਾਣੀ ਚਾਹੀਦੀ ਹੈ।

ਫਿਰ ਇਸ ਤੋਂ ਅਗਲੀ ਗਲ ਮੈਂ ਚੇਅਰਮੈਨ ਸਾਹਿਬ ਇਹ ਅਖਣੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਮਿਉਂਨਿਸਪਲ ਐਕਟ ਬੜਾ ਪੁਰਾਣਾ ਹੈ ਅਤੇ ਇਸ ਵਿਚ ਕਈ ਨੁਕਸ ਪੈ ਚੁਕੇ ਹਨ। ਇਸ ਨੂੰ ਬਦਲਣਾ ਚਾਹੀਦਾ ਹੈ। ਇਸ ਦੇ ਸੁਧਾਰ ਵਾਸਤੇ ਕਈ ਵਾਰੀ ਅਸੈਂਬਲੀ ਵਿਚ ਬਿਲ ਆਏ ਪਰ ਉਹ ਇਕ ਜਾਂ ਦੂਸਰੀ ਵਜ੍ਹਾਂ ਨਾਲ ਪਾਸ ਨਾ ਹੋ ਸਕੇ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਨੂੰ ਮਿਉਂਨਿਸਪਲ ਕਮੇਟੀਆਂ ਦੇ ਐਕਟ ਨੂੰ ਸੁਧਾਰਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮਿਉਂਨਿਸਪਲ ਕਮੇਟੀਆਂ ਵਿਚ ਪੰਚਾਇਤਾਂ ਨਾਲੋਂ ਵਧੇਰੇ ਰੌਲਾ ਗੌਲਾ, ਵਧੇਰੇ ਕੁਰਪਸ਼ਨ ਅਤੇ ਵਧੇਰੇ ਖਰਾਬੀ ਹੈ। ਇਸ ਲਈ ਮੈਂ ਆਸ ਕਰਦਾ ਹਾਂ ਕਿ ਸਰਕਾਰ ਇਸ ਪਾਸੇ ਵਲ ਮੁਨਾਸਬ ਕਦਮ ਉਠਾਏਗੀ। ਮੈਂ ਸਮਝਦਾ ਹਾਂ ਕਿ ਮਿਉਂਸਪਲ ਕਮੇਟੀਆਂ ਦੇ ਐਕਟ ਵਿਚ ਤਰਮੀਮ ਹੋਣੀ ਚਾਹੀਦੀ ਹੈ ਅਤੇ ਕੁਝ ਨਾ ਕੁਝ ਤਰਮੀਮਾਂ ਤਾਂ ਇਸੇ ਸੈਸ਼ਨ ਵਿਚ ਕਰਨੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਦੇਵ ਸਿੰਘ ਸੰਧੂ]

ਪੰਜਾਬ ਵਿਚ ਇਸ ਵੇਲੇ ਤਿੰਨ ਯੂਨੀਵਰਸਟੀਆਂ ਕੰਮ ਕਰ ਰਹੀਆਂ ਹਨ। ਇਨ੍ਹਾਂ ਤਿੰਨਾਂ ਯੂਨੀਵਰਸਟੀਆਂ ਵਿਚ ਜਿੰਨਾਂ ਪੰਜਾਬ ਸਰਕਾਰ ਦਾ ਦਖਲ ਹੋਣਾ ਚਾਹੀਦਾ ਹੈ ਉੱਨਾਂ ਨਹੀਂ ਹੈ। ਸਭ ਤੋਂ ਵਡੀ ਗੱਲ ਪੰਜਾਬੀ ਯੂਨੀਵਰਸਟੀ ਦੀ ਹੈ। ਇਹ ਯੂਨੀਵਰਸਿਟੀ ਬਣਾਈ ਗਈ ਸੀ ਕਿ ਪੰਜਾਬੀ ਬੋਲੀ ਦੀ ਤਰੱਕੀ ਹੋਵੇ, ਪੰਜਾਬੀ ਦੀ ਪ੍ਰਤੀਭਾ ਵਧੇ, ਪੰਜਾਬੀ ਕਲਚਰ ਉੱਨਤੀ ਕਰੇ ਅਤੇ ਉਸ ਥਾਂ ਤੇ ਪਹੁੰਚ ਜਾਵੇ ਜਿਸ ਤੇ ਸਾਰਿਆਂ ਸ਼ੋਭਿਆਂ ਵਿਚ ਪੰਜਾਬੀ ਥਾਂ ਲੈ ਸਕੇ, ਪਰ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਵੇਲੇ ਪੰਜਾਬੀ ਯੂਨੀਵਰਸਟੀ ਪੂਰਾ ਕੰਮ ਨਹੀਂ ਕਰ ਰਹੀ। ਨਾਂ ਹੀ ਪੰਜਾਬੀ ਬੋਲੀ ਨੂੰ ਪੂਰਾ ਸਥਾਨ ਦੇਣ ਵਾਸਤੇ ਕੰਮ ਕਰ ਰਹੀ ਹੈ। ਇਸ ਯੂਨੀਵਰਸਟੀ ਵਿਚ ਕੁਝ ਅਜਿਹੇ ਬੰਦੇ ਹਨ ਜਿਹੜੇ ਪੰਜਾਬੀ ਬੋਲੀ ਦਾ ਸਰੂਪ ਵਿਗਾੜਨ ਦਾ ਯਤਨ ਕਰ ਰਹੇ ਹਨ। ਇਹ ਲੋਕ ਪੰਜਾਬੀ ਬੋਲੀ ਦੇ ਮਿਤਰ ਹੋਣ ਦੀ ਬਜਾਏ ਦੁਸ਼ਮਨ ਬਣੇ ਹੋਏ ਹਨ। ਇਸ ਲਈ ਪੰਜਾਬੀ ਯੂਨੀਵਰਸਟੀ ਦੀ ਸੈਨੇਟ ਨੂੰ ਰੀਕਾਂਸਟੀਚੂਟ ਕਰਨਾ ਚਾਹੀਦਾ ਹੈ। ਪੰਜਾਬ ਯੂਨੀਵਰਸਟੀ ਨੂੰ ਪੰਜਾਬੀ ਬੋਲੀ ਦੀ ਸੇਵਾ ਕਰਨ ਲਈ ਬਣਾਇਆ ਗਿਆ ਸੀ। ਪਰ ਇਸ ਦੀ ਬਜਾਏ ਇਹ ਆਮ ਯੂਨੀਵਰਸਿਟੀ ਬਣਕੇ ਰਹਿ ਗਈ ਹੈ।

ਪੰਜਾਬ ਯੂਨੀਵਰਸਟੀ ਦੇ ਖਰਚ ਦਾ ਕਾਫੀ ਬੋਝ ਪੰਜਾਬ ਸਰਕਾਰ ਦੇ ਖਜ਼ਾਨੇ ਉਤੇ ਪੈਂਦਾ ਹੈ ਪਰ ਜੇ ਸੈਨੇਟ ਦੇ ਮੈਂਬਰਾਂ ਵਲ ਵੇਖੀਏ ਤਾਂ ਉਸ ਵਿਚ ਪੰਜਾਬ ਦਾ ਹਿੱਸਾ ਬਹੁਤ ਘਟ ਹੈ। ਇਸ ਸੰਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜਦੋਂ ਤਕ ਯੂਨੀਵਰਸਟੀ ਦੇ ਸੈਨੇਟ ਵਿਚ ਸਾਨੂੰ ਮੁਨਾਸਬ ਹਿੱਸਾ ਨਾ ਮਿਲ ਜਾਵੇ ਉਦੋਂ ਤਕ ਸਾਡੀ ਸਰਕਾਰ ਨੂੰ ਇਹ ਉੱਦਮ ਕਰਦੇ ਰਹਿਣਾ ਚਾਹੀਦਾ ਹੈ।

ਇਸ ਤੋਂ ਬਾਦ ਮੈਂ ਕਾਮਨ ਲਿੰਕਸ ਤੇ ਆਉਂਦਾ ਹਾਂ ਜਿਵੇਂ ਕਿ ਸਟੇਟ ਐਗਰੀਕਲਚਰਲ ਮਾਰਕਟਿੰਗ ਬੋਰਡ, ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਹੋਰ ਇਹੋ ਜਿਹੇ ਲਿੰਕਸ ਨੂੰ ਖ਼ਤਮ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਅਡ ਅਡ ਕਰਨਾ ਚਾਹੀਦਾ ਹੈ। ਹਰਿਆਣਾ ਦੀ ਅਸੈਂਬਲੀ ਨੇ ਇਹ ਸੁਝਾਉ ਦਿਤਾ ਸੀ ਕਿ ਐਗਰੀਕਲਚਰ ਯੂਨੀਵਰਸਟੀ ਬਾਈਫਰਕੇਟ ਕਰ ਚਾਹੀਦੀ ਹੈ। ਸਾਡੀ ਸਰਕਾਰ ਨੂੰ ਇਹ ਸੁਝਾਓ ਤੁਰਤ ਮਨ ਲੈਣਾ ਚਾਹੀਦਾ ਹੈ। ਇਸ ਯੂਨੀਵਰਸਟੀ ਦੀ ਬਾਈਫਰਕੇਸ਼ਨ ਕਰਕੇ ਪੰਜਾਬ ਦੀ ਐਗਰੀਕਲਚਰਲ ਯੂਨੀਵਰਸਟੀ ਦੀ ਸੈਨੇਟ ਰੀਕਾਂਸਟੀਚੂਟ ਕਰਨਾ ਚਾਹੀਦਾ ਹੈ। ਇਸ ਵਿਚ ਅਜਿਹੇ ਮੈਂਬਰ ਲੈਣੇ ਚਾਹੀਦੇ ਹਨ ਜਿਨ੍ਹਾਂ ਦਾ ਤੱਅਲੁਕ ਪੰਜਾਬ ਦੇ ਆਮ ਲੋਕਾਂ ਨਾਲ ਹੋਵੇ।

ਪਿਛੇ ਜਿਹੇ ਇਹ ਫੈਸਲਾ ਹੋਇਆ ਸੀ ਕਿ ਜਿਨੀਆਂ ਵੀ ਕਾਰਪੋਰੇਸ਼ਨਜ਼ ਹਰਿਆਣਾ ਪੰਜਾਬ ਦੀਆਂ ਸਾਂਝੀਆਂ ਹਨ ਉਹ ਸਾਰੀਆਂ ਪੰਜਾਬ ਸਰਕਾਰ ਨੂੰ ਟਰਾਂਸਫਰ ਹ ਜਾਣਗੀਆਂ ਅਤੇ ਜਿੰਨੇ ਪੈਸੇ ਹਰਿਆਣੇ ਦੇ ਹਿੱਸੇ ਆਉਣਗੇ ਉਹ ਪੰਜਾਬ ਉਨ੍ਹਾਂ ਨੂੰ ਦੇ ਦੇਵੇਗਾ। ਇਸ ਦੀ ਬਜਾਏ ਪਿਛਲੀ ਸਰਕਾਰ (ਗਿੱਲ ਸਰਕਾਰ) ਵੇਲੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਵੰਡ ਮੰਨੀ ਗਈ। ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਸਾਰੀ ਦੀ ਸਾਰੀ ਪੰਜਾਬ ਨੂੰ ਰਖਣੀ ਚਾਹੀਦੀ ਹੈ। ਹਰਿਆਣੇ ਨੂੰ ਰੁਪਿਆ ਦੇ ਦੇਣਾ ਚਾਹੀਦਾ ਹੈ। ਇਸ ਤੋਂ ਬਿਨਾਂ ਮੈਂ ਅਰਜ਼ ਕਰਾਂਗਾ ਕਿ ਪੰਜਾਬ ਨਾਲ ਸੈਂਟਰਲ

Original with;
Punjab Vidhan Sabha
Digitized by;
Panjab Digital Library

ਸਰਕਾਰ ਵਲੋਂ ਬੜਾ ਭਾਰੀ ਧਕਾ ਹੋਇਆ ਹੈ। ਪੰਜਾਬ ਸਟੇਟ ਰੀਆਰਗਾਨਾਈਜ਼ੇਸ਼ਨ ਐਕਟ ਅਨੁਸਾਰ ਪੰਜਾਬ ਸਟੇਟ ਤੋਂ ਬਾਹਰਲੀ ਪਰਾਪਰਟੀ ਦਾ ਮਾਲਕ ਪੰਜਾਬ ਸਰਕਾਰ ਹੈ ਪਰ ਵੇਖਣ ਵਿਚ ਆਇਆ ਹੈ ਕਿ ਸਰੀ ਪਰਾਪਰਟੀ ਪੰਜਾਬ ਸਟੇਟ ਨੂੰ ਨਹੀਂ ਮਿਲੀ। ਕਾਫੀ ਤੋਂ ਜ਼ਿਆਦਾ ਪਰਾਪਰਟੀ ਹਰਿਆਣਾ ਦੇ ਕਬਜ਼ੇ ਵਿਚ ਹੈ ਜਾਂ ਹੋਰ ਸਟੇਟ ਦੇ ਕਬਜ਼ੇ ਵਿਚ ਹੈ। ਇਹ ਸਾਰੀ ਜਾਇਦਾਦ ਚਾਹੀਦੀ ਹੈ। ਦਿੱਲੀ ਵਿਚਲੀ ਵੀ ਜਾਇਦਾਦ ਨੂੰ ਲੈਣ ਦਾ ਸਾਡੀ ਸਰਕਾਰ ਨੂੰ ਉੱਦਮ ਕਰਨਾ ਚਾਹੀਦਾ ਹੈ।

ਇਸ ਤੋਂ ਬਿਨਾਂ ਮੈਂ ਅਰਜ਼ ਕਰਾਂਗਾ ਕਿ ਇਸ ਵੇਲੇ ਫੂਡ ਜ਼ੋਨ ਬਨਾਉਣੇ ਹਨ ਅਤੇ ਇਸ ਸੰਬੰਧ ਵਿਚ ਬੇਨਤੀ ਹੈ ਕਿ ਮੌਜੂਦਾ ਜ਼ੋਨ ਕਾਇਮ ਰਹਿਣਾ ਚਾਹੀਦਾ ਹੈ।

ਜਿਥੋਂ ਤਕ ਪਰੋਕਿਉਰਮੈਂਟ ਪਰਾਈਸ ਦਾ ਸਬੰਧ ਹੈ, ਨਾਂ ਪਰਾਈਸ ਜ਼ਿਆਦਾ ਮੁਕੱਰਰ ਹੋਣੀ ਚਾਹੀਦੀ ਹੈ ਅਤੇ ਨਾਂ ਹੀ ਘੱਟ, ਤਾਂ ਜੋ ਵਿਰਕਾਰਕੇ ਮੇਲ ਨੂੰ ਫਾਇਦਾ ਹੋਵੇ। ਗਰੀਬ ਆਦਮੀਆਂ ਨੂੰ ਸਬਸਿਡਾਈਜ਼ਡ ਰੇਟਸ ਤੇ ਰਾਸ਼ਨ ਦਿਤਾ ਜਾ ਸਕਦਾ ਹੈ। ਪਰਕਿਉਰਮੈਂਟ ਸਰਕਾਰ ਨੂੰ ਕਰਨੀ ਚਾਹੀਦੀ ਹੈ।

ਬਿਜਲੀ ਦਾ ਇੰਤਜ਼ਾਮ ਠੀਕ ਨਾ ਹੋਣ ਕਾਰਨ ਕਈ ਥਾਵਾਂ ਤੇ ਟੀਊਬਵੈਲ ਦਾ ਪਰਯੋਗ ਠੀਕ ਕਰਕੇ ਨਹੀਂ ਹੋ ਰਿਹਾ ਇਨ੍ਹਾਂ ਇਲਾਕਿਆਂ ਵਿਚ ਨਹਿਰਾਂ ਦੀ ਘਾਟ ਹੋਣ ਕਾਰਨ ਪਾਣੀ ਦੀ ਪਰਾਬਲਮ ਰਹਿੰਦੀ ਹੈ ਅਤੇ ਪੈਦਾਵਾਰ ਵਿਚ ਘਾਟਾ ਰਹਿੰਦਾ ਹੈ। ਘਨੌਰ ਤੇ ਡੇਰਾਬਸੀ ਬਲਾਕ ਦੇ ਇਲਾਕਿਆਂ ਵਿਚ ਪਾਣੀ ਬਹੁਤ ਦੂਰ ਹੈ ਉਥੇ ਸਰਕਾਰ ਨੂੰ ਮਸ਼ੀਨਾਂ ਰਾਹੀਂ ਬੋਰ ਕਰਕੇ ਇਸ ਦੀ ਪੌਸਿਬਿਲਿਟੀ ਐਕਸਪਲੋਰ ਕਰਨੀ ਚਾਹੀਦੀ ਹੈ ਸਰਕਾਰੀ ਖਰਚ ਤੇ ਟੀਊਬਵੈਲਾਂ ਦੀ ਡੂੰਘੀ ਬੋਰਿੰਗ ਹੋਣੀ ਚਾਹੀਦੀ ਹੈ ਤਾਂ ਜੋ ਕਿਸਾਨਾਂ ਨੂੰ ਪਾਣੀ ਮਿਲ ਸਕੇ। ਖੇਤੀ ਵੀ ਚੰਗੀ ਹੋ ਸਕੇ। ਇਹਦੇ ਨਾਲ ਹੀ ਘਗਰ ਡੈਮ ਦੇ ਬਣਾਉਣ ਦਾ ਫੈਸਲਾ ਵੀ ਹਰਿਆਣਾ ਸਰਕਾਰ ਨਾਲ ਕਰਨਾ ਚਾਹੀਦਾ ਹੈ। ਤਾਕਿ ਇਨ੍ਹਾਂ ਇਲਾਕਿਆਂ ਨੂੰ ਇਸ ਨਾਲ ਪਾਣੀ ਮਿਲ ਸਕੇ।

ਨਵਾਬ ਸਾਹਿਬ ਨੇ ਫਰਮਾਇਆ ਹੈ ਕਿ ਬਿਜਲੀ ਬੋਰਡ ਇਸ ਵੇਲੇ ਕੁਰਪਸ਼ਨ ਦਾ ਅੱਡਾ ਬਣਿਆ ਹੋਇਆ ਹੈ। ਇਸ ਲਈ ਇਥੇ ਇਨਕੁਆਇਰੀ ਹੋਣੀ ਚਾਹੀਦੀ ਹੈ। ਗਰੀਬ ਕਿਸਾਨਾਂ ਨੂੰ ਦੋ ਦੋ, ਤਿੰਨ ਤਿੰਨ, ਸਾਲ ਹੋ ਗਏ ਹਨ ਅਪਲਾਈ ਕੀਤਿਆਂ ਨੂੰ ਪਰ ਉਨ੍ਹਾਂ ਵਿਚਾਰਿਆਂ ਨੂੰ ਆਪਣੇ ਟੀਊਬਵੈਲਾਂ ਲਈ ਬਿਜਲੀ ਦੇ ਕੁਨੈਕਸ਼ਨ ਨਹੀਂ ਮਿਲਦੇ। ਜਿਹੜੇ ਕੁਰਪਸ਼ਨ ਕਰਦੇ ਹਨ ਅਤੇ ਕੁਨੈਕਸ਼ਨ ਦੇਣ ਵਿਚ ਦੇਰੀ ਕਰਦੇ ਹਨ ਉਨ੍ਹਾਂ ਵਿਰੁਧ ਤਰੰਤ ਕਾਰਵਾਈ ਹੋਣੀ ਚਾਹੀਦੀ ਹੈ। ਅਤੇ ਲੀਗਾਲਾਈਜ਼ਡ ਕੁਰਪਸ਼ਨ ਬੰਦ ਹੋਣੀ ਚਾਹੀਦੀ ਹੈ। ਦਰਜਨਾਂ ਪਿੰਡਾਂ ਦੇ ਕਿਸਾਨਾਂ ਨੂੰ ਬਿਜਲੀ ਬੋਰਡ ਦੇ ਮਹਿਕਮੇ ਨੂੰ ਟੈਸਟ ਰਿਪੋਰਟਾਂ ਦੇਣ ਵਾਸਤੇ ਕਿਹਾ। ਉਨ੍ਹਾਂ ਵਿਚਾਰਿਆਂ ਗਰੀਬ ਕਿਸਾਨਾਂ ਨੇ ਕੋਠੇ ਬਣਾਕੇ, ਮੈਟੀਰੀਅਲ ਖਰਚ ਕਰਕੇ ਅਤੇ ਹੋਰ ਫਾਰਮੈਲਿਟੀਜ਼ ਪੂਰੀਆਂ ਕਰਕੇ ਆਪਣੀਆਂ ਟੈਸਟ ਰਿਪੋਰਟਾਂ ਮਹਿਕਮੇ ਨੂੰ ਦਿਤੇ ਵੀ ਕਾਫੀ ਸਮਾਂ ਹੋ ਗਿਆ ਹੈ ਪਰ ਉਨ੍ਹਾਂ ਗਰੀਬ ਆਦਮੀਆਂ ਨੂੰ ਹਾਲੇ ਤਕ ਬਿਜਲੀ ਦੇ ਕੁਨੈਕਸ਼ਨ ਨਹੀਂ ਮਿਲੇ। ਉਹ ਬੰਦੇ ਜਿਨ੍ਹਾਂ ਨੇ ਆਪਣੀਆਂ ਟੈਸਟ ਰਿਪੋਰਟਾਂ ਟਾਈਮ ਦੇ ਅੰਦਰ ਦੇ ਦਿਤੀਆਂ ਹਨ, ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨ ਛੇਤੀ ਮਿਲਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਦੇਵ ਸਿੰਘ ਸੰਧੂ]

6.00 P.M. | (ਇਸ ਸਮੇਂ ਸਪੀਕਰ ਸਾਹਿਬ ਕੁਰਸੀ ਤੇ ਬਿਰਾਜਮਾਨ ਹੋਏ)

**ਸਪੀਕਰ ਸਾਹਿਬ,** ਬਹੁਤ ਸਾਰੇ ਕਿਸਾਨ ਆਪਣੀਆਂ ਮੋਟਰਾਂ ਲਾ ਚੁੱਕੇ ਹਨ। ਲੱਖਾਂ ਰੁਪਿਆ ਉਨ੍ਹਾਂ ਦਾ ਬਰਬਾਦ ਹੋ ਰਿਹਾ ਹੈ। ਅਰਜ਼ ਇਹ ਹੈ ਕਿ ਕੁਨੈਕਸ਼ਨ ਉਨ੍ਹਾਂ ਨੂੰ ਟਾਈਮ ਨਾਲ ਨਹੀਂ ਮਿਲਦੇ। ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਜਿਥੇ ਕਿਤੇ ਵੀ ਟੈਸਟ ਰਿਪੋਟ ਮੁਕੰਮਲ ਹੋ ਚੁੱਕੀ ਹੈ ਉਥੇ ਕਨੈਕਸ਼ਨ ਤੁਰੰਤ ਦੇਣਾ ਚਾਹੀਦਾ ਹੈ ਔਰ ਦੇਰ ਨਹੀਂ ਕਰਨੀ ਚਾਹੀਦੀ। (ਘੰਟੀ)

**ਸ਼੍ਰੀ ਸਪੀਕਰ :** ਸਰਦਾਰ ਜਸਦੇਵ ਸਿੰਘ ਜੀ, ਵਾਈਂਡ ਅੱਪ ਕਰੋ।

(**The hon. Member** Sardar **Jasdev** Singh may wind **up** now.)

**ਸਰਦਾਰ ਜਸਦੇਵ ਸਿੰਘ ਸੰਧੂ :** ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਪੇ ਕਮਿਸ਼ਨ ਦੀ ਰਿਪੋਰਟ ਵਿਚ ਜੋ ਇਨਾਮੋਲੀਜ਼ ਹਨ, ਉਨ੍ਹਾ ਨੂੰ ਦੂਰ ਕਰਨ ਵਾਸਤੇ ਉਦਮ ਕਰਨੇ ਚਾਹੀਦੇ ਹਨ।

ਸਪੀਕਰ ਸਾਹਿਬ, ਜੇਲ੍ਹ ਦੇ ਸੁਧਾਰ ਵਾਸਤੇ ਇਸ ਐਡਰੈਸ ਵਿਚ ਕੁਝ ਨਹੀਂ ਆਖਿਆ ਗਿਆ। ਜੇਲ੍ਹ ਵਿਚ ਜਿਹੜੇ ਕੈਦੀ ਹਨ ਉਹ ਵੀ ਸਾਡੇ ਸਮਾਜ ਦਾ ਹੀ ਇਕ ਅੰਗ ਹਨ। ਫਿਰੋਜ਼ਪੁਰ ਅਤੇ ਨਾਭਾ ਜੇਲ੍ਹ ਵਿਚ ਬੜਾ ਭਾਰੀ ਝਗੜਾ ਹੋਇਆ। ਜਿਸ ਵਿਚ ਮੈਂ ਸਮਝਦਾ ਹਾਂ ਕਿ ਇਕੱਲੇ ਕੈਦੀਆਂ ਦਾ ਹੀ ਕਸੂਰ ਨਹੀਂ ਸੀ, ਉਸ ਵਿਚ ਸਰਕਾਰੀ ਕਰਮਚਾਰੀਆਂ ਦਾ ਵੀ ਕਸੂਰ ਸੀ। ਸਪੀਕਰ ਸਾਹਿਬ, ਉਥੇ ਮੇਰੀ ਵੀ ਡਿਊਟੀ ਲਗੀ ਸੀ, ਉਸ ਵਿਚ ਕੇਵਲ ਕੈਦੀਆਂ ਦਾ ਹੀ ਕਸੂਰ ਨਹੀਂ ਸੀ ਬਕਾਇਦਾ ਕਰਮਚਾਰੀਆਂ ਦਾ ਵੀ ਕਸੂਰ ਸੀ। (ਵਿਘਨ) ਇਸ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਕੈਦੀਆਂ ਦੀਆਂ ਜੋ ਜ਼ਾਇਜ਼ ਮੰਗਾ ਹਨ ਉਨ੍ਹਾਂ ਨੂੰ ਮੰਨਣਾ ਚਾਹੀਦਾ ਹੈ। ਉਨ੍ਹਾਂ ਨੂੰ ਤੁਹਾਡੇ ਤੇ ਵਿਸ਼ਵਾਸ ਹੈ। ਉਨ੍ਹਾਂ ਨੂੰ ਆਪਣੀਆਂ ਭੁੱਖ ਹੜਤਾਲਾਂ ਤੁਹਾਡੇ ਵਿਸ਼ਵਾਸ ਤੇ ਤੋੜੀਆਂ। ਇਸ ਲਈ ਜਲਦੀ ਤੋਂ ਜਲਦੀ ਉਨ੍ਹਾਂ ਦੀ ਮੰਗਾਂ ਤੇ ਹਮਦਰਦੀ ਨਾਲ ਗੌਰ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਗਵਰਨਰ ਸਾਹਿਬ ਦੇ ਐਡਰੈਸ ਦੀ ਪ੍ਰੋੜਤਾ ਕਰਦਾ ਹਾਂ ਅਤੇ ਆਪ ਜੀ ਦਾ ਧੰਨਵਾਦ ਕਰਦਾ ਹੋਇਆ ਸਮਾਪਤ ਕਰਦਾ ਹਾਂ।

**ਸਰਦਾਰ ਸੰਤੋਖ ਸਿੰਘ ਰੰਧਾਵਾ (ਫਤਹਿ ਗੜ੍ਹ) :** ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਨ ਦੀ ਮੁਖਾਲਫਤ ਕਰਨ ਲਈ ਉਠਿਆ ਹਾਂ ਕਿਉਂਕਿ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਕਿਹਾ ਹੈ ਕਿ ਮੇਰੀ ਸਰਕਾਰ ਦੀ ਇਹ ਵਿਚਾਰ ਕੇ ਦਿੱਤੀ ਹੋਈ ਰਾਏ ਹੈ ਕਿ ਪੰਚਾਇਤੀ ਰਾਜ ਪ੍ਰਣਾਲੀ ਵਿਚ ਸੁਧਾਰ ਦੀ ਗੁੰਜ਼ਾਇਸ਼ ਹੈ ਅਤੇ ਇਹ ਪ੍ਰਣਾਲੀ ਪਿੰਡਾਂ ਵਿਚ ਵਧ ਰਹੀ ਪਾਰਟੀ-ਬਾਜ਼ੀ ਅਤੇ ਵੈਰ-ਵਿਰੋਧ ਵਧਾਉਣ ਦਾ ਮੂਜਬ ਬਣੀ ਹੋਈ ਹੈ। ਇਸ ਕਰਕੇ ਮੈਂ ਸਮਝਦਾ ਹਾ ਕਿ ਇਸ ਭਾਸ਼ਨ ਦੇ ਪਿੱਛੇ ਇਕ ਬਹੁਤ ਵੱਡੀ ਸਾਜ਼ਸ਼ ਹੈ। ਜਿਸ ਦੇ ਰਾਹੀ ਇਹ ਲੋਕ ਚਾਹੁੰਦੇ ਹਨ ਕਿ ਉਹ ਲੋਕਰਾਜ ਜਿਹੜਾ ਅਜੇ ਸਥਾਪਤ ਨਹੀ ਹੋਇਆ, ਜਿਸ ਲੋਕ ਰਾਜ ਵਾਸਤੇ ਸੈਂਕੜੇ ਨਹੀਂ ਹਜ਼ਾਰਾਂ ਮਾਲ ਕੁਰਬਾਨੀਆਂ ਦਿੱਤੀਆਂ, ਉਸ ਲੋਕਰਾਜ ਨੂੰ ਇਕ

Original with;
Punjab Vidhan Sabha
Digitized by;
Panjab Digital Library

ਬਿਆਨ ਰਾਹੀਂ ਖਤਮ ਕੀਤਾ ਜਾਵੇ । ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਪੰਚਾਇਤੀ ਰਾਜ ਨੂੰ ਇਨ੍ਹਾਂ ਨੂੰ ਸਮਝਣਾ ਚਾਹੀਦਾ ਹੈ। ਪੰਚਾਇਤੀ ਰਾਜ ਨੂੰ ਲਿਆਉਣ ਵਾਸਤੇ ਜਦੋਂ ਕਿ ਸਾਡੀ ਜੰਗੇ ਆਜ਼ਾਦੀ ਲਹਿਰ ਚਲ ਰਹੀ ਸੀ, ਉਸ ਵੇਲੇ ਦੇ ਮੁਖੀਆਂ ਅਤੇ ਸੱਤਿਆਗ੍ਰਹੀਆਂ ਨੇ ਨਾਹਰਾ ਦਿੱਤਾ ਸੀ ਕਿ ਤੁਸੀਂ ਸਾਨੂੰ ਖੂਨ ਦਿਉ ਅਸੀਂ ਤੁਹਾਨੂੰ ਰਾਜ ਦਿਆਂਗੇ। ਜਦ ਆਜ਼ਾਦੀ ਮਿਲ ਗਈ ਤਾਂ ਇਨ੍ਹਾਂ ਨੇ ਕਿਹਾ ਕਿ ਜਿਹੜੇ ਚੰਦ ਆਦਮੀ ਸ਼ਹਿਰਾਂ ਵਿਚ ਬੈਠੇ ਹਨ ਉਹ ਰਾਜ ਨਹੀਂ ਕਰਨਗੇ ਬਲਕਿ ਪਿੰਡਾਂ ਦੇ ਵਿਚ ਜਿਹੜੇ 85% ਵਸਦੇ ਹਨ ਉਹ ਬੋਹੜਾ ਥੱਲੇ ਬੈਠਕੇ ਆਪਣੇ ਫੈਸਲੇ ਆਪ ਕਰਨਗੇ । (ਵਿਘਨ) ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਚਾਇਤੀ ਰਾਜ ਉਦੋਂ ਤੋਂ ਹੋਂਦ ਵਿਚ ਆਇਆ ਜਦ ਤੋਂ ਪੰਜਾਬ ਹੋਂਦ ਵਿਚ ਆਇਆ। ਇਹ ਪੰਚਾਇਤੀ ਰਾਜ ਮਹਾਤਮਾ ਬੁੱਧ ਤੋਂ ਲਾਗੂ ਹੋਇਆ। ਜਦ ਅੰਗ੍ਰੇਜ਼ ਆਇਆ ਤਾਂ ਉਸ ਨੇ ਦੇਖਿਆ ਕਿ ਜਦ ਤੱਕ ਹਿੰਦੁਸਤਾਨ ਵਿਚੋਂ ਪੰਚਾਇਤੀ ਰਾਜ ਖਤਮ ਨਹੀਂ ਕੀਤਾ ਜਾਂਦਾ, ਉਦੋਂ ਤਕ ਉਸ ਦੀ ਪੂਰੀ ਪਕੜ ਨਹੀਂ ਹੋ ਸਕਦੀ। ਇਸ ਵਾਸਤੇ ਇਥੋਂ ਦੇ ਆਗੂਆਂ ਨੇ ਉਨ੍ਹਾਂ ਨੂੰ ਰਾਏ ਦਿਤੀ ਕਿ ਅਗਰ ਤੁਸੀਂ ਹਿੰਦੁਸਤਾਨ ਦੇ ਵਿਚ ਆਪਣਾ ਰਾਜ ਕਰਨਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਪੰਚਾਇਤੀ ਰਾਜ ਨੂੰ ਖਤਮ ਕਰੋ। ਇਸ ਲਈ ਪੰਚਾਇਤੀ ਰਾਜ ਬਾਰੇ ਜਿਸ ਨੂੰ ਇਹ ਕਹਿੰਦੇ ਹਨ ਕਿ ਧੜੇ ਬੰਦੀ ਵਿਚ ਪੈ ਗਿਆ ਹੈ। ਸ੍ਰੀ ਜੈ ਪ੍ਰਕਾਸ਼ ਨਰਾਇਣ ਦਾ ਵੀ ਇਕ ਜਨਰਲ ਐਗਰੀਮੈਂਟ ਹੈ। ਉਸਦੇ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਪੰਚਾਇਤੀ ਰਾਜ ਦੇ ਵਿਚ ਪੁਲਿਟੀਕਲ ਪਾਰਟੀਆਂ, ਹਕੂਮਤੀ ਪਾਰਟੀਆਂ ਬਿਲਕੁਲ ਦਖਲ ਨਾ ਦੇਣ। ਲੇਕਿਨ ਇਸ ਦੇ ਬਾਵਜੂਦ ਇਨ੍ਹਾਂ ਆਗੂਆਂ ਨੇ ਦਖ਼ਲ ਦਿਤਾ ਹੈ। ਉਸ ਦੀ ਮੈਂ ਮਿਸਾਲ ਦਿੰਦਾ ਹਾਂ। ਪਿਛੇ ਜਿਹੇ ਜਦ ਫਰੰਟ ਹਕੂਮਤ ਬਣੀ ਸੀ, ਉਸ ਦੇ ਵਿਚ ਵੀ ਇਹ ਖਿਆਲ ਜ਼ਾਹਿਰ ਕਿਤਾ ਗਿਆ ਸੀ ਕਿ ਪੰਚਾਇਤੀ ਰਾਜ ਵਿਚ ਖਾਮੀਆਂ ਹਨ ਇਸ ਲਈ ਇਸ ਨੂੰ ਤੋੜਨਾ ਚਾਹੀਦਾ ਹੈ। (ਵਿਘਨ) ਉਸ ਦੇ ਵਿਚ ਪੰਚਾਇਤੀ ਰਾਜ ਦੀਆਂ ਜਿੰਨੀਆਂ ਵੀ ਸਹੂਲਤਾਂ ਸਨ ਉਹ ਇਕ ਇਕ ਕਰਕੇ (ਵਿਘਨ)

**ਸ੍ਰੀ ਸਪੀਕਰ :** ਵਾਈਂਡ ਅੱਪ ਕਰੋ। (Please wind up)

**ਸਰਦਾਰ ਸੰਤੋਖ ਸਿੰਘ ਰੰਧਾਵਾ :** ਸਪੀਕਰ ਸਾਹਿਬ, ਮੈਂ ਤਾਂ ਹਾਲਾਂ ਸ਼ੁਰੂ ਹੀ ਕੀਤਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਕ ਇਕ ਕਰਕੇ ਇਹ ਸਾਰੀਆਂ ਸਹੂਲਤਾਂ ਵਾਪਿਸ ਲੈ ਲਈਆਂ ਗਈਆਂ ਹਨ। (ਸ਼ੋਰ) ਪੰਚਾਇਤੀ ਰਾਜ ਜਿਸ ਵੇਲੇ ਹੋਂਦ ਵਿਚ ਆਇਆ ਤੁਹਾਨੂੰ ਪਤਾ ਹੈ ਕਿ ਬਲਵੰਤ ਰਾਏ ਮਹਿਤਾ ਇਕ ਕਮੇਟੀ ਬਣੀ ਸੀ। ਜਿਸਨੇ ਸਮੂਹਕ ਵਿਕਾਸ ਸ਼ੁਰੂ ਕੀਤਾ ਔਰ ਇਹ ਸਿਰੇ ਨਹੀਂ ਚੜ੍ਹਿਆ। ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਸ ਪੰਚਾਇਤੀ ਰਾਜ ਦਾ ਸਦਕਾ ਹੀ ਹੀ ਤੁਸੀਂ ਅੱਜ ਇਸ ਕੁਰਸੀ ਤੇ ਸ਼ਸ਼ੋਭਤ ਹੋ, ਬਿਰਾਜਮਾਨ ਹੋ (ਤਾੜੀਆਂ)। ਸੋ ਅਸੀਂ ਜਿੰਨਾਂ ਵੀ ਫ਼ਖਰ ਕਰੀਏ, ਉਹ ਥੋੜ੍ਹਾ ਹੈ।

ਸਪੀਕਰ ਸਾਹਿਬ, ਮੇਰੇ ਜ਼ਿਲ੍ਹੇ ਵਿਚ 394 ਕਿਲੋ ਮੀਟਰ ਲਿੰਕ ਰੋਡਜ਼ ਹਨ ਜਿਨ੍ਹਾਂ ਵਿਚੋਂ 230 ਕਿਲੋ ਮੀਟਰ ਤੇ ਪਿੰਡ ਦੀਆਂ ਪੰਚਾਇਤਾਂ ਨੇ ਆਪ ਮਿੱਟੀ ਪੁਆਈ ਹੈ। ਇਸੇ ਤਰ੍ਹਾਂ ਹੀ ਸਕੂਲਾਂ ਦੀਆਂ ਬਿਲਡਿੰਗਜ਼ ਵਾਸਤੇ ਵੀ ਉਗਰਾਹੀ ਕੀਤੀ ਹੈ, ਪਰ ਸਰਕਾਰ ਕੁਝ ਨਹੀਂ ਕਰਦੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੰਤੋਖ ਸਿੰਘ ਰੰਧਾਵਾ]

ਮੈਂ ਅਰਜ਼ ਕਰਦਾ ਹਾਂ ਕਿ ਇਹ ਕਹਿੰਦੇ ਹਨ ਕਿ ਅਸੀਂ ਪੰਚਾਇਤੀ ਰਾਜ ਦਾ ਸੁਧਾਰ ਕਰਨਾ ਹੈ, ਪਰ ਜੇ ਇਨ੍ਹਾਂ ਨੇ ਸੁਧਾਰ ਕਰਨਾ ਹੈ ਤਾਂ ਜਿਹੜੇ ਪੰਚਾਇਤੀ ਰਾਜ ਟਰੇਨਿੰਗ ਸੈਂਟਰ ਖੋਲ੍ਹੇ ਗਏ ਸਨ ਉਹ ਬੰਦ ਨਹੀਂ ਸਨ ਕਰਨੇ ਚਾਹੀਦੇ। ਇਸ ਤੋਂ ਇਹ ਗੱਲ ਜ਼ਾਹਿਰ ਹੁੰਦੀ ਹੈ ਕਿ ਤੁਸੀਂ ਇਕ ਇਕ ਕਰਕੇ ਸਾਰੀਆਂ ਚੀਜ਼ਾਂ ਬੰਦ ਕਰ ਦੇਣੀਆਂ ਚਾਹੁੰਦੇ ਹੋ। ਜੇ ਤੁਸੀਂ ਪੰਚਾਇਤੀ ਰਾਜ ਨੂੰ ਮਜਬੂਤ ਕਰਨਾ ਚਾਹੁੰਦੇ ਹੋ ਤਾਂ ਫਿਰ ਇਸ ਨੂੰ ਵਧ ਤੋਂ ਵਧ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਵਾਸਤੇ ਮੇਰੇ ਕੋਲ ਕਈ ਤਜ਼ਵੀਜ਼ਾਂ ਹਨ।

**Mr. Speaker : Sardar Santokh Singh Ji**, please wind up.

**ਸਰਦਾਰ ਸੰਤੋਖ ਸਿੰਘ ਰੰਧਾਵਾ :** ਬਹੁਤ ਅੱਛਾ ਜੀ। ਮੈਂ ਅਰਜ਼ ਕਰਦਾ ਹਾਂ ਕਿ ਪੰਚਾਇਤੀ ਰਾਜ ਨੇ ਐਗਰੀਕਲਚਰ ਦੇ ਵਿਚ ਬੜਾ ਵਾਧਾ ਕਰਨ ਵਾਸਤੇ ਹਿੱਸਾ ਪਾਇਆ ਹੈ। ਇਹ ਜੋ ਗਵਰਨਰ ਸਾਹਿਬ ਦਾ ਭਾਸ਼ਨ ਹੈ, ਇਸ ਦੇ ਵਿਚ ਇਹ ਤਾ ਆ ਗਿਆ ਕਿ ਪਿੰਡਾਂ ਵਿਚ ਕਾਸ਼ਤਕਾਰਾਂ ਨੂੰ ਅਸੀਂ ਸਹੂਲਤਾਂ ਦੇਣ ਲਈ ਕਰਜ਼ੇ ਦਿਆਂਗੇ ਲੇਕਿਨ ਇਹ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਕਰਜ਼ਿਆਂ ਦੇ ਨਾਲ ਸਬਸਿਡੀ ਜੋ ਹੈ, ਉਹ ਵੀ ਦਿਆਂਗੇ ਜਾਂ ਨਹੀਂ। ਇਸ ਵਾਸਤੇ, ਸਪੀਕਰ ਸਾਹਿਬ, ਜਿਥੇ ਕਾਸ਼ਤਕਾਰਾਂ ਨੂੰ ਲੋਨ ਦੇਣੇ ਹਨ ਰੂੜੀ ਖਾਦ ਦੇ ਲੋਨ ਦੇਣ ਲਈ 50% ਸਬਸਿਡੀ ਫਸਲਾਂ ਤੇ ਦਵਾਈਆਂ ਛਿੜਕਣ ਵਾਸਤੇ ਜਰੂਰ ਦੇਣੀ ਚਾਹੀਦੀ ਹੈ, ਜੋ ਕਿ ਇਨ੍ਹਾਂ ਨੇ ਵਿਦਡਰਾ ਕਰ ਲਈ ਹੈ। ਇਸ ਦਾ ਕੋਈ ਜ਼ਿਕਰ ਨਹੀਂ ਆਇਆ। ਜ਼ਮੀਨਾਂ ਪਧਰੀਆਂ ਕਰਨ ਵਾਸਤੇ, ਨਾਲੀਆਂ ਨੂੰ ਪੱਕਿਆਂ ਕਰਨ ਵਾਸਤੇ ਕਰਜ਼ੇ ਲਈ, ਮੈਂ ਸਮਝਦਾ ਹਾਂ ਰਕਮ ਨਹੀਂ ਰਖੀ ਗਈ। ਮੈਂ ਕਿਸ ਤਰ੍ਹਾਂ ਸਮਝਾਂ ਕਿ ਇਹ ਬਜਟ ਸਟੇਟ ਦੀ ਵੈਲਫੇਅਰ ਵਾਸਤੇ ਹੈ (ਸ਼ੋਰ) (ਵਿਘਨ)

(**ਇਕ ਅਵਾਜ਼ :** ਇਹ ਬਜਟ ਨਹੀਂ ਹੈ ਜੀ)

ਮੈਂ ਅਰਜ਼ ਕਰਦਾ ਹਾਂ ਕਿ ਗਵਰਨਰ ਸਾਹਿਬ ਦੀ ਜੋ ਸਪੀਚ ਹੈ ਗਵਰਨਰ ਸਾਹਿਬ ਦਾ ਜੋ ਐਡਰੈਸ ਹੈ ਉਸ ਦੇ ਵਿਚ ਕੋਈ ਇਹੋ ਜਿਹੀ ਤਜ਼ਵੀਜ਼ ਨਹੀਂ ਕੀਤੀ ਗਈ। ਜ਼ਿਮੀਦਾਰਾਂ ਨੂੰ ਬਿਜਲੀ ਨਹੀਂ ਮਿਲਦੀ। ਬਿਜਲੀ ਵਕਤ ਸਿਰ ਨਹੀਂ ਮਿਲਦੀ। ਜੇ ਕਿਸੇ ਜ਼ਿਮੀਦਾਰ ਨੂੰ ਬਿਜਲੀ ਮਿਲਦੀ ਵੀ ਰਹੀ ਹੈ ਤਾਂ ਹਫ਼ਤੇ ਵਿਚ ਸਿਰਫ਼ ਦੋ ਦਿਨ ਹੀ ਮਿਲਦੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਸਾਰੇ ਪੈਸੇ ਜ਼ਿਮੀਦਾਰਾਂ ਨੂੰ ਵਾਪਸ ਮਿਲਣੇ ਚਾਹੀਦੇ ਹਨ। ਇਹ ਜਿਹੜੀ ਜ਼ਿਮੀਦਾਰਾਂ ਨਾਲ ਬੇਇਨਸਾਫੀ ਹੋ ਰਹੀ ਹੈ ਇਸ ਤੇ ਗੌਰ ਕਰਨਾ ਚਾਹੀਦਾ ਹੈ (ਵਿਘਨ)

**ਸ਼੍ਰੀ ਸਪੀਕਰ :** ਸਰਦਾਰ ਸੰਤੋਖ ਸਿੰਘ ਜੀ, ਤੁਹਾਡਾ ਟਾਈਮ ਜ਼ਿਆਦਾ ਹੋ ਗਿਆ ਹੈ। (ਵਿਘਨ) (The hon. Member has taken more time than his due.)

(Sardar Santokh Singh ) (Interruption)

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਨਾਮ ਸਿੰਘ** : (ਮੁੱਖ ਮੰਤਰੀ) : ਇਨ੍ਹਾਂ ਨੂੰ 5 ਮਿੰਟ ਦਿਤੇ ਸੀ, ਹੁਣ 10 ਮਿੰਟ ਹੋ ਗਏ ਹਨ। (ਵਿਘਨ)

**ਸ਼੍ਰੀ ਸਪੀਕਰ** : ਸਰਦਾਰ ਸੰਤੋਖ ਸਿੰਘ ਜੀ, ਤੁਹਾਡਾ ਟਾਈਮ ਹੋ ਗਿਆ ਹੈ। ਤੁਸੀਂ ਬੈਠ ਜਾਉ। (Addressing Sardar Santokh S ngh. Time allotted to the hon. Member is over. He may p'ease resume his seat.)

**ਮੁੱਖ ਮੰਤਰੀ** : ਸਪੀਕਰ ਸਾਹਿਬ, ਕਾਂਗਰਸ ਬੈਂਚਿਜ਼ ਤੇ ਕੁਝ ਨਵੇਂ ਮੈਂਬਰ ਆ ਗਏ ਹਨ ਅਤੇ ਕੁਝ ਪੁਰਾਣੇ ਵੀ ਹਨ। ਮੈਨੂੰ ਇਹ ਕਹਿਣ ਵਿਚ ਬੜਾ ਦੁਖ ਹੁੰਦਾ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਔਰ ਡਿਪਟੀ ਲੀਡਰ ਸਾਹਿਬ ਚਲੇ ਗਏ। ਮੈਂ ਬਤੌਰ ਲੀਡਰ ਆਫ ਅਪੋਜ਼ੀਸ਼ਨ ਦੇ ਜਦੋਂ ਕਿ ਲੀਡਰ ਆਫ ਦੀ ਹਾਊਸ ਨੇ ਕਿਸੇ ਅਹਿਮ ਮਾਮਲੇ ਤੇ ਬੋਲਣਾ ਹੁੰਦਾ ਸੀ, ਕਦੇ ਵੀ ਗ਼ੈਰਹਾਜ਼ਰ ਨਹੀਂ ਸੀ ਹੋਇਆ। (ਵਿਘਨ) (ਸ਼ੋਰ)

**ਇਕ ਆਵਾਜ਼** : ਉਨ੍ਹਾਂ ਦੇ ਸਪਾਈ ਇਥੇ ਮੌਜੂਦ ਹਨ।

**ਮੁੱਖ ਮੰਤਰੀ** : ਇਨ੍ਹਾਂ ਸਿਪਾਹੀਆਂ ਦੀਆਂ ਵੀ ਪੇਟੀਆਂ ਲਥੀਆਂ ਹੋਈਆਂ ਹਨ। (ਹਾਸਾ) ਸਪੀਕਰ ਸਾਹਿਬ, ਡੀਬੇਟ ਦਾ ਲੈਵਲ ਕਾਂਗਰਸ ਪਾਰਟੀ ਕੁਝ ਐਸਾ ਨੀਵਾਂ ਲੈ ਗਈ ਹੈ ਕਿ ਮੈਂ ਉਸ ਲੈਵਲ ਤੇ ਨਹੀਂ ਜਾਣਾ ਚਾਹੁੰਦਾ। (ਵਿਘਨ) ਗਵਰਨਰ ਸਾਹਿਬ ਕਨਸਟੀਚੂਸ਼ਨਲ ਹੈਡ ਹਨ। ਗਵਰਨਰ ਸਾਹਿਬ ਦਾ ਐਡਰੈਸ ਗੌਰਮਿੰਟ ਦੀ ਨੀਤੀ ਦੇ ਮੁਤੱਲਕ ਹੁੰਦਾ ਹੈ। ਇਸ ਕਾਂਗਰਸ ਪਾਰਟੀ ਦੇ ਮੈਂਬਰ ਇੰਨੇ ਇਗਨੋਰੈਂਟ ਹਨ ਕਿ ਮੈਂ ਅਜ ਤਕ ਕਿਸੇ ਲੈਜਿਸਲੇਸ਼ਨ ਵਿਚ ਵੇਖੇ ਹੀ ਨਹੀਂ (ਸਰਕਾਰੀ ਬੈਂਚਾਂ ਵਲੋਂ ਥੰਪਿੰਗ) (ਸ਼ੋਰ) ਉਨ੍ਹਾਂ ਆਨਰੇਬਲ ਮੈਂਬਰਾਂ ਨੇ ਨੁਕਤਾਚੀਨੀ ਕੀਤੀ ਜਿਨ੍ਹਾਂ ਨੂੰ ਕਾਨੂੰਨ ਦੀ ਅਲਫ, ਬੇ, ਦਾ ਵੀ ਪਤਾ ਨਹੀਂ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਹਾਊਸ ਇਕ ਸੁਪਰੀਮ ਬਾਡੀ ਹੈ ਅਤੇ ਸੁਪਰੀਮ ਕੋਰਟ ਦੀ ਜਜਮੈਂਟ ਦੀ ਨੁਕਤਾਚੀਨੀ ਕਰਨ ਦਾ ਹੱਕਦਾਰ ਹੈ। ਕਨਸਟੀਚੂਸ਼ਨ ਜੇ ਇਨ੍ਹਾਂ ਨੇ ਪੜ੍ਹੀ ਹੋਵੇ ਤਾਂ ਇਨ੍ਹਾਂ ਨੂੰ ਪਤਾ ਹੋਵੇ। ਬਹੁਤੇ ਤਾਂ ਇਨ੍ਹਾਂ ਵਿਚੋਂ ਅਨਪੜ੍ਹ ਹੀ ਹਨ। (ਸਰਕਾਰੀ ਬੈਂਚਾਂ ਵਲੋਂ ਥੰਪਿੰਗ) (ਸ਼ੋਰ) (ਵਿਘਨ) ਕਨਸਟੀਚੂਸ਼ਨ ਇਹ ਕਹਿੰਦੀ ਹੈ ਕਿ ਜੱਜ ਦੇ ਕਨਡਕਟ ਤੇ ਨੁਕਤਾਚੀਨੀ ਨਹੀਂ ਕੀਤੀ ਜਾ ਸਕਦੀ ਪਰ ਅਗਰ ਕੋਈ ਜੱਜ ਜੱਜਮੈਂਟ ਦੇਵੇ ਫਿਰ ਇਸ ਹਾਊਸ ਨੂੰ ਮੈਂ ਸਮਝਦਾ ਹਾਂ ਕਿ ਹੱਕ ਹੈ ਕਿ ਜੱਜਮੈਂਟ ਤੇ ਨੁਕਤਾਚੀਨੀ ਕਰੇ।

[Interruptions]

**Chief Minister** : I do not give way.

**ਚੌਧਰੀ ਤੁਲਸੀ ਰਾਮ ਚੌਹਾਨ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਅਨਪੜ੍ਹ ਦਾ ਲਫਜ਼ ਕਿਹਾ ਹੈ, ਇਹ ਲਫਜ਼ ਇਨ੍ਹਾਂ ਨੂੰ ਵਾਪਸ ਲੈਣਾ ਚਾਹੀਦਾ ਹੈ। (ਸ਼ੋਰ)

**ਮੁੱਖ ਮੰਤਰੀ** : ਸਪੀਕਰ ਸਾਹਿਬ ਮੈਂ ਇਹ ਕਹਿ ਰਿਹਾ ਸੀ ਕਿ ਸੁਪਰੀਮ ਕੋਰਟ ਦੇ ਜੱਜ ਤੇ ਨੁਕਤਾਚੀਨੀ ਨਹੀਂ ਕੀਤੀ ਜਾ ਸਕਦੀ ਪਰ ਜੱਜਮੈਂਟ ਤੇ ਅਸੀਂ ਨੁਕਤਾਚੀਨੀ ਕਰ ਸਕਦੇ ਹਾਂ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਜਦੋਂ ਇਹ ਸੁਪਰੀਮ ਕੋਰਟ ਵਲੋਂ ਜਜਮੈਂਟ ਦਿਤੀ ਗਈ ਸੀ ਤਾਂ ਮੈਂ ਬਾਹਰੋਂ ਵੀ ਅਖਬਾਰਾਂ ਰਾਹੀਂ ਨੁਕਤਾਚੀਨੀ ਕਰਦਾ ਰਿਹਾ ਹਾਂ। ਇਹ ਸਵਾਲ ਇਰਰੈਲੇਵੈਂਟ ਹਨ ਜਿਹੜੇ ਇਨ੍ਹਾਂ ਨੇ ਕੀਤੇ ਹਨ। ਜ਼ਰਾ ਅਸੀਂ ਐਡਰੈਸ ਵਲ ਧਿਆਨ ਦੇਈਏ ਕਿ ਐਡਰੈਸ ਕੀ ਕਹਿੰਦਾ ਹੈ। (ਵਿਘਨ) ਸੁਪਰੀਮ ਕੋਰਟ ਨੇ ਪੁਲਿਸ ਦਾ ਮਾਮਲਾ ਨਹੀਂ ਸੁਣਿਆ। (ਵਿਘਨ) ਉਨ੍ਹਾਂ ਨੇ ਕਿਹਾ ਕਿ ਪੁਲਿਸ ਦੇ ਮਾਮਲੇ ਵਿਚ ਨਵੀਂ ਇਨਵੈਸਟੀਗੇਸ਼ਨ ਦੀ ਲੋੜ ਹੈ (ਵਿਘਨ) ਸੋ ਇਸ ਕਰਕੇ ਇਹ ਬਿਲਕੁਲ ਹੀ ਫਜ਼ੂਲ ਔਰ ਇਰਰੈਲੇਵੈਂਟ ਗਲਾਂ ਇਨ੍ਹਾਂ ਨੇ ਕੀਤੀਆਂ ਹਨ। ਮੈਂ ਹੁਣ ਤੁਹਾਡੇ ਸਾਹਮਣੇ ਪੈਰਾ ਨੰਬਰ 3-4 ਪੜ੍ਹਦਾ ਹਾਂ (ਵਿਘਨ)।

**ਸਰਦਾਰ ਤਰਲੋਚਨ ਸਿੰਘ ਰਿਆਸਤੀ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਜਿਹੜਾ ਫਜ਼ੂਲ ਲਫਜ਼ ਇਨ੍ਹਾਂ ਨੇ ਇਸਤੇਮਾਲ ਕੀਤਾ ਹੈ ਕੀ ਇਹ ਇਨ੍ਹਾਂ ਨੂੰ ਸ਼ੋਭਾ ਦਿੰਦਾ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਆਪਣੇ ਆਪ ਨੂੰ ਵਕੀਲ ਕਹਿੰਦੇ ਹਨ। ਪਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਪੁਆਇੰਟ ਆਫ਼ ਆਰਡਰ ਕੀ ਹੁੰਦਾ ਹੈ। ਸਪੀਕਰ ਸਾਹਿਬ, ਪਿਛਲੇ ਸਪੀਕਰ ਸਾਹਿਬ ਨੇ ਇਹ ਫੈਸਲਾ ਕੀਤਾ ਹੈ ਕਿ ਜਿਹੜੇ ਇਹੋ ਜਿਹੇ ਪੁਆਇੰਟ ਆਫ਼ ਆਰਡਰ ਉਠਾਏ ਜਾਣ ਉਹ ਕਾਉਂਟ ਹੋਣੇ ਚਾਹੀਦੇ ਹਨ।

ਤੇ, ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਕਾਨਸਟੀਚੂਸ਼ਨ ਕੀ ਹੈ।

"We, the people of India, having solemnly resolved to constitute India into a Sovereign Democratic Republic and to secure to all its citizens :

Justice, social, economic and political; liberty of thought, expression belief, faith and worship ; equality of status and of opportunity ; and to promote among them all etc."

This is the Constitution of India.

What is said in the Address ?

"ਸਾਡਾ ਸੰਵਿਧਾਨ ਸਭਨਾਂ ਸ਼ਹਿਰੀਆਂ ਨੂੰ ਕੁਝ ਬੁਨਿਆਦੀ ਹੱਕ ਅਤੇ ਮੁਢਲੀ ਆਜ਼ਾਦੀ ਪਦਾਨ ਕਰਦਾ ਹੈ। ਬਦ ਕਿਸਮਤੀ ਨਾਲ ਸਾਂਝਾ ਮੋਰਚਾ ਸਰਕਾਰ ਟੁਟਣ ਤੋਂ ਬਾਦ ਇਨ੍ਹਾਂ ਪਵਿੱਤਰ ਹੱਕਾਂ ਦੀ ਉਲੰਘਣਾ ਕੀਤੀ ਗਈ ਅਤੇ ਇਨ੍ਹਾਂ ਨੂੰ ਪੈਰਾਂ ਥੱਲੇ ਲਿਤਾੜਿਆ ਗਿਆ। ਮੇਰੀ ਸਰਕਾਰ ਸਭਨਾਂ ਸ਼ਹਿਰੀਆਂ ਨੂੰ ਉਹਨਾਂ ਦੇ ਬੁਨਿਆਦੀ ਹੱਕਾਂ ਅਤੇ ਸ਼ਹਿਰੀ ਆਜ਼ਾਦੀ ਦੀ ਸੁਰੱਖਿਆ ਦਾ ਪਰਨ ਭਰੋਸਾ ਦਿਵਾਉਂਦੀ ਹੈ। ਇਹ ਸਾਡਾ ਪਵਿਤਰ ਫ਼ਰਜ ਬਣਦਾ ਹੈ ਕਿ ਅਸੀਂ ਹਰ ਸਮੇਂ ਅਤੇ ਹਰ ਕੀਮਤ ਤੇ ਕਾਨੂੰਨ ਅਤੇ ਅਮੱਨ ਅਮਾਨ ਬਣਾਈ ਰਖੀਏ।"

ਅਹਿਮ ਅਤੇ ਬੁਨਿਆਦੀ ਹੱਕਾਂ ਦੀ ਰਖਸ਼ਾ ਕਰਨਾ, ਰੂਲ ਅਤੇ ਲਾਅ ਕਾਇਮ ਕਰਨਾ। ਜਿਹੜੇ ਮੇਰੇ ਆਨਰੇਬਲ ਦੋਸਤ ਸਾਹਮਣੇ ਬੈਠੇ ਹਨ ਉਨ੍ਹਾਂ ਨੂੰ ਇਹ ਪਸੰਦ ਨਹੀਂ। 20 ਸਾਲ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਲੋਕਾਂ ਦੇ ਬੁਨਿਆਦੀ ਹੱਕ ਕੁਚਲੇ, 20 ਸਾਲ ਲੋਕਾਂ ਨੂੰ ਜੇਲ੍ਹਾਂ ਵਿਚ ਸੁਟਿਆ ਤੇ ਜਿਸ ਤਰ੍ਹਾਂ 20 ਸਾਲ ਵਿਧਾਨ ਨੂੰ ਰੋਂਦਿਆਂ ਇਸਦੀ ਮਿਸਾਲ ਕਿਤੇ ਹੋਰ ਨਹੀਂ ਮਿਲ ਸਕਦੀ। (ਸ਼ੋਰ)

ਸਪੀਕਰ ਸਾਹਿਬ, ਕੋਈ ਲੇਡੀ ਬੋਲਦੀ ਹੈ। ਪਤਾ ਨਹੀਂ ਕੌਣ ਹੈ? (ਸ਼ੋਰ)

ਸਪੀਕਰ ਸਾਹਿਬ, ਵੇਖੋ ਇਹ ਇਨ੍ਹਾਂ ਦੀ ਡੈਮੋਕਰੇਸੀ ਦਿਸਦੀ ਹੈ। ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਅਸੀਂ ਕਿਸ ਤਰ੍ਹਾਂ ਸੁਣਿਆ। ਇਨ੍ਹਾਂ ਨੂੰ ਪਤਾ ਨਹੀਂ ਕੀ ਤਕਲੀਫ ਹੋ ਰਹੀ ਹੈ ਇਹ ਸੁਣਨਾ ਹੀ ਨਹੀਂ ਚਾਹੁੰਦੇ। ਪੈਰਾ ਨੰਬਰ 4 ਦੇ ਬਾਰੇ ਕਿਸ ਤਰ੍ਹਾਂ ਇਤਰਾਜ਼ ਕੀਤਾ ਗਿਆ ਹੈ। ਕਿਸ ਤਰ੍ਹਾਂ ਤੂਫਾਨ ਉਠਾਇਆ ਗਿਆ ਹੈ। ਉਹ ਤੂਫ਼ਾਨ ਉਠਾਇਆ ਗਿਆ ਮਹਿਜ਼ ਇਗਨੋਰੈਂਸ ਕਰਕੇ। ਇਨ੍ਹਾਂ ਨੂੰ ਸਮਝ ਨਹੀਂ ਆਈ ਕਿ ਇਸ ਵਿਚ ਲਿਖਿਆ ਕੀ ਹੈ। ਉਸ ਵਿਚ ਲਿਖਿਆ ਹੈ ਕਿ :—

> "4. ਵਿਧਾਨ ਸਭਾ ਦਾ ਮਾਰਚ, 1968 ਦਾ ਬਜਟ ਸੈਸ਼ਨ, ਦੇਸ਼ ਦੀ ਜਮਹੂਰੀਅਤ ਦੀ ਤਾਰੀਖ ਵਿੱਚ ਇਕ ਬੜਾ ਮੰਦ-ਭਾਗਾ ਤੇ ਦੁਖਦਾਈ ਕਾਂਡ ਹੈ।..."

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪਹਿਲਾਂ ਵੀ ਲੀਡਰ ਆਫ਼ ਦੀ ਹਾਊਸ ਨੇ ਇਕ ਲਫ਼ਜ਼ ਬੋਲਿਆ ਸੀ ਕਿ ਅਨ-ਪੜ੍ਹ ਬੰਦੇ ਆਏ ਹਨ। ਇਹ ਲਫ਼ਜ਼ ਹਾਊਸ ਦੇ ਵਿੱਚ ਠੀਕ ਨਹੀਂ ਲਗਦਾ। ਇਸ ਤਰ੍ਹਾਂ ਮੈਂਬਰਾਂ ਦੀ ਬੇਇਜ਼ਤੀ ਕੀਤੀ ਹੈ। ਅਤੇ ਫਿਰ ਹਾਊਸ ਨੂੰ ਮੁਖਾਤਬ ਹੋ ਕੇ ਕਿਹਾ ਕਿ ਲੇਡੀ ਦੀ ਆਵਾਜ਼ ਆਉਂਦੀ ਹੈ ਅਤੇ ਇਸ ਤਰ੍ਹਾਂ ਹਾਊਸ ਦੀ ਬੇਇਜ਼ਤੀ ਕੀਤੀ।

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (It is no point of order)

**ਮੁੱਖ ਮੰਤਰੀ** : ਸਪੀਕਰ ਸਾਹਿਬ, ਨਵੇਂ ਮੈਂਬਰ ਨੇ। ਐਂਜਾਏ ਵੀ ਨਹੀਂ ਕਰ ਸਕਦੇ। ਚਲੋ ਖੈਰ, ਹਾਂ ਮੈਂ ਪੈਰਾ 4 ਪੜ੍ਹ ਰਿਹਾ ਸੀ

> "........ਪੰਜਾਬ ਰਾਜ ਵਿਧਾਨ ਸਭਾ ਦੇ ਪਵਿੱਤਰ ਸਦਨ ਵਿੱਚ ਪੁਲੀਸ ਬੁਲਾਈ ਗਈ ਅਤੇ ਸਾਲਾਨਾ ਬਜਟ ਦੇ ਕਥਿਤ ਪਾਸ ਕਰਾਉਣ ਦੇ ਦੌਰਾਨ ਸੰਵਿਧਾਨਕ ਹੱਕਾਂ ਅਤੇ ਪ੍ਰੰਪਰਾਵਾਂ ਦੀ ਬੁਰੀ ਤਰ੍ਹਾਂ ਉਲੰਘਣਾ ਕੀਤੀ ਗਈ।"

ਸਪੀਕਰ ਸਾਹਿਬ, ਇਨ੍ਹਾਂ ਨੂੰ ਕੋਈ ਇਸਦੇ ਨਾਲ ਮਤਭੇਦ ਨਹੀਂ ਹੋ ਸਕਦਾ ਹੈ, ਕਿਉਂਕਿ ਪੁਲਿਸ ਨੂੰ ਇਸ ਸਦਨ ਵਿੱਚ ਬੁਲਾਉਣਾ, ਜਿਸਦੀ ਮੈਂ ਮਿਸਾਲ ਦਿੰਦਾ ਹਾਂ (ਸ਼ੋਰ)

ਸਪੀਕਰ ਸਾਹਿਬ, ਤੁਸੀਂ ਨਰਮੀ ਨਾਲ ਚਲ ਰਹੇ ਹੋ। ਕਹਿੰਦੇ ਨਹੀਂ, ਬੇਹਦ ਸ਼ੋਰ ਹੋ ਰਿਹਾ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਪੁਲਿਸ ਰਾਹੀਂ ਮੈਂਬਰਾਂ ਨੂੰ ਬਾਹਰ ਸੁਟਾ ਦਿਉ। ਭਾਵੇਂ ਇਹ ਤੁਹਾਡਾ ਹੱਕ ਹੈ, ਸਪੀਕਰ ਸਾਹਿਬ, ਲੇਕਿਨ ਸਦਨ ਦੇ ਵਿੱਚ ਪੁਲਿਸ ਦੇ ਆਉਣ ਦਾ ਕੋਈ ਹੱਕ ਨਹੀਂ। ਪਹਿਲੀ ਗਲ ਕਿ ਪੁਲਿਸ ਨੂੰ ਨਹੀਂ ਆਉਣਾ ਚਾਹੀਦਾ। ਦੂਜੀ ਗਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

1968 69 ਦੇ ਬਜਟ ਵਿਚ ਸ਼ਾਮਲ 18,36,30,690 ਰੁਪਏ ਦੇ ਅਨੁਪੂਰਕ ਤਖਮੀਨੀਆ ਅਤੇ 2,87,70,93,070 ਰੁਪਏ ਦੀਆਂ ਗ੍ਰਾਂਟਾਂ ਅਤੇ ਨਮਿਤਣ ਨੂੰ ਮਿੰਟਾਂ ਵਿੱਚ ਪਾਸ ਹੋਇਆ ਮਿੱਥ ਲਿਆ ਗਿਆ ਤਿੰਨ ਅਰਬ ਦਾ ਬਜਟ world-record ਹੈ ਕਿ ਮਿੰਟਾਂ ਵਿਚ ਪਾਸ ਹੋਵੇ । ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਅਸੀਂ ਗਵਰਨਰ ਦੇ ਐਡਰੈਸ ਵਾਸਤੇ ਤਿੰਨ ਦਿਨ ਰਖੇ ਹਨ । ਉਨ੍ਹਾਂ ਬੈਂਚਾਂ ਤੋਂ ਆਵਾਜ਼ਾਂ ਆਈਆਂ ਕਿ ਤਿੰਨ ਦਿਨ ਬੜੇ ਥੋੜੇ ਨੇ । ਦੂਜੇ ਪਾਸੇ ਇਹ ਪਰੌੜਤਾ ਕਰਦੇ ਨੇ ਉਸ ਬਜਟ ਦੀ ਜਿਹੜਾ ਚੰਦ ਮਿੰਟਾਂ ਵਿਚ ਪਾਸ ਹੋਇਆ । ਕੋਈ ਕਹਿ ਸਕਦਾ ਹੈ ਕਿ ਉਹ ਜਮਹੂਰੀਅਤ ਦੇ ਹੱਕਾਂ ਦੇ ਰਾਖੇ ਹਨ ? ਸੁਆਲ ਹੀ ਨਹੀਂ ਪੈਦਾ ਹੁੰਦਾ । ਕੋਈ ਬਜਟ 5, 7, 10 ਜਾਂ 30 ਮਿੰਟਾਂ ਵਿੱਚ ਪਾਸ ਹੋਵੇ ਜਿਸ ਬਜਟ ਵਿਚ ਤਿੰਨ ਅਰਬ ਰੁਪਈਆ ਹੋਵੇ ਔਰ ਉਹ ਇਸ ਪਾਰਟੀ ਦੀ ਮਦਦ ਨਾਲ ਪਾਸ ਕੀਤਾ ਜਾਵੇ ।

**ਸਰਦਾਰ ਸੰਤੋਖ ਸਿੰਘ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਚੀਫ ਮਨਿਸਟਰ ਸਾਹਿਬ ਦਸ ਰਹੇ ਹਨ ਕਿ ਤਿੰਨ ਮਿੰਟਾਂ ਵਿਚ ਬਜਟ ਪਾਸ ਹੋਇਆ ਹੈ । ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ ?

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ । ਬੈਠ ਜਾਉ । (This is no point of order. The hon. Member may resume his seat)

**ਮੁੱਖ ਮੰਤਰੀ :** ਤੇ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਉਸ ਬਜਟ ਤੇ ਉਸ ਵੇਲੇ ਦੇ ਚੀਫ਼ ਮਿਨਿਸਟਰ ਦੀ ਮੋਸ਼ਨ ਹੈ ਕਿ ਇਸ ਬਜਟ ਨੂੰ 30 ਮਿੰਟਾਂ ਵਿਚ ਪਾਸ ਕੀਤਾ ਜਾਵੇ ਔਰ ਇਸ ਜਮਹੂਰੀਅਤ ਦੇ ਹੱਕਾ ਦੀ ਰਖਸ਼ਾ ਕਰਨ ਵਾਲੀ ਇਸ ਪਾਰਟੀ ਨੇ ਜੋ ਸਾਮਣੇ ਬੈਠੀ ਹੈ ਬਜਟ ਪਾਸ ਕਰਾਉਣ ਵਿਚ ਮਦਦ ਕੀਤੀ ਇਹ ਅਲਹਿਦਾ ਗਲ ਹੈ ਕਿ ਬਾਦ ਵਿਚ, ਹੋ ਸਕਦਾ ਹੈ ਕਿਸੇ ਵੰਡ ਵੰਡਾਈ ਵਿੱਚ ਝਗੜਾ ਪੈ ਗਿਆ ਹੋਵੇ । ਮੈਨੂੰ ਇਸ ਪਾਸੇ ਵਲ ਜਾਣ ਦੀ ਲੋੜ ਨਹੀਂ । ਤੀਸਰੀ ਗਲ ।

> "ਮੇਰੀ ਸਰਕਾਰ ਦਾ ਇਹ ਪੱਕਾ ਨਜ਼ਰੀਆ ਹੈ ਕਿ ਇਨ੍ਹਾਂ ਪਵਿਤਰ ਸਿਧਾਂਤਾਂ ਅਤੇ ਪ੍ਰੰਪਰਾਵਾਂ ਦੀ ਇਹ ਉਲੰਘਣਾ ਜਮਹੂਰੀਅਤ ਲਈ ਘੋਰ ਖ਼ਤਰੇ ਦਾ ਕਾਰਨ ਬਣ ਸਕਦੀ ਹੈ ।"

ਪੁਲਿਸ ਬੁਲਾਓ, ਅਰਬਾਂ ਦਾ ਬਜਟ ਤਿੰਨ ਮਿੰਟਾਂ ਵਿਚ ਪਾਸ ਕਰੋ, ਇਹ ਸਾਡੇ ਕਨਸਟੀਚੂਸ਼ਨਲ ਹੱਕਾਂ ਦੇ ਵਿਰੁਧ ਹੈ ।

> 'ਅਸੀਂ ਇਸ ਘਟਨਾਂ ਦੀ ਉਚ ਪੱਧਰ ਤੇ ਜਾਂਚ ਪੜਤਾਲ ਕਰਾਉਣ ਦਾ ਪੂਰਾ ਨਿਸਚਾ ਕੀਤਾ ਹੋਇਆ ਹੈ ਤਾਂ ਜੋ ਆਉਣ ਵਾਲੇ ਸਮੇਂ ਲਈ ਯੋਗ ਉਪਰਾਲੇ ਕੀਤੇ ਜਾ ਸਕਣ ।"

ਅਸੀਂ ਉਚ ਪਧਰ ਤੇ ਇਨਕੁਆਇਰੀ ਕਰਾਵਾਂਗੇ ਤਾਕਿ ਇਸ ਸਰਕਾਰ ਨੂੰ ਵੀ ਕਦੀ ਟੈਂਪਟੇਸ਼ਨ ਨਾ ਹੋ ਸਕੇ ਤੇ ਇਹ ਵੀ ਪੁਲਿਸ ਲਿਆਵੇ ।

Original with;
Punjab Vidhan Sabha
Digitized by;
Panjab Digital Library

ਇਹ ਹੈ ਚੋਥਾ ਪਹਿਰਾ ਜਿਸਦੇ ਬਾਰੇ ਵਿੱਚ ਇਨ੍ਹਾਂ ਵਲੋਂ ਕਿਹਾ ਗਿਆ ਕਿ ਸੁਪਰੀਮ ਕੋਰਟ ਰਹੀ ਨਹੀਂ। ਉਸ ਵਿਚ ਸੁਪਰੀਮ ਕੋਰਟ ਦਾ ਕੋਈ ਜ਼ਿਕਰ ਹੀ ਨਹੀਂ ਹੈ। ਇਸ ਪਾਰਟੀ ਦੀ ਮਦੱਦ ਨਾਲ ਪੁਲੀਸ ਹਾਊਸ ਦੇ ਅੰਦਰ ਆਈ ਔਰ ਤਿੰਨ ਅਰਬ ਦਾ ਬਜਟ ਚੰਦ ਮਿੰਟਾਂ ਵਿੱਚ ਪਾਸ ਹੋ ਗਿਆ।

ਫਿਰ, ਸਪੀਕਰ ਸਾਹਿਬ, ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਇਕ ਅਖ਼ਬਾਰ "ਪਰਤਾਪ" ਕੋਟ ਕੀਤਾ ਹੈ। "ਪਰਤਾਪ" ਨੇ ਲਿਖਿਆ ਹੈ ਕਿ ਗਵਰਨਰ ਨੇ ਆਪਨੇ ਆਪ ਮੂੰਹ ਤੇ ਚਪਤ ਮਾਰੀ। ਇਸ ਵਿੱਚ ਗਵਰਨਰ ਦਾ ਕੋਈ ਹੱਥ ਨਹੀਂ। ਇਸਦੀ ਜ਼ਿਮੇਵਾਰੀ ਗਵਰਨਮੈਂਟ ਦੀ ਹੈ। ਨੁਕਤਾਚੀਨੀ ਗਵਰਨਰ ਤੇ ਕੀਤੀ ਗਈ। ਇਹ ਬੇਮਾਅਨੀ ਸੀ। ਕਰਨੀ ਨਹੀਂ ਚਾਹੀਦੀ ਸੀ। ਕਿਉਂਕਿ ਇਹ ਰੂਲਜ਼ ਦੇ ਬਰਖਿਲਾਫ਼ ਸੀ। ਕਿਉਂਕਿ ਬਹੁਤ ਸਾਰੇ ਨਵੇਂ ਮੈਂਬਰ ਆ ਗਏ ਔਰ ਬਿਨਾਂ ਸੋਚੇ ਸਮਝੇ ਨੁਕਤਾ ਚੀਨੀ ਮਗਰ ਲਗ ਪਏ। ਜੋ ਕਿਹਾ ਗਿਆ ਕਿ ਚਪਤ ਮਾਰੀ ਮੈਂ ਉਸ ਐਡੀਟਰ ਦਾ ਲੇਖ ਪੜ੍ਹ ਦੇਂਦਾ ਹਾਂ। ਉਨ੍ਹਾਂ ਨੇ ਲਿਖਿਆ ਹੈ ਕਿ :—

"ਜਬ ਕੁਰਸੀਆ ਚਲਨੇ ਲਗੀ"
"18 ਮਾਰਚ ਕੇ ਪੰਜਾਬ ਐਸੰਬਲੀ ਕੇ ਅਜਲਾਸ ਕਾ ਆਂਖੋ ਦੇਖਾ ਹਾਲ"

ਇਹ ਜਿਹੜਾ ਉਨ੍ਹਾਂ ਨੇ ਕੋਟ ਕੀਤਾ, ਸਪੀਕਰ ਸਾਹਿਬ, ਉਹ ਤਾਂ ਕਨਸਟੀਚੂਸ਼ਨ ਨੂੰ ਅਖ਼ਬਾਰ ਨੇ ਕਰੜੇ ਤੌਰ ਤੇ ਕਰੀਟੀਸਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਉਨ੍ਹਾਂ ਦਾ ਅਖਾਂ ਦੇਖਿਆ ਹਾਲ ਹੈ। (ਸ਼ੋਰ) ਮਿਹਰਬਾਨੀ ਕਰਕੇ ਆਰਾਮ ਨਾਲ ਸੁਣੋ।

> "ਕੁਰਸੀਆਂ ਚਲੀ। ਮੁਕੇ ਚਲ। ਪੁਲੀਸ ਆਈ। ਮਾਰਪੀਟ ਹੁਈ। ਲਾਊਡ ਸਪੀਕਰ ਤੋੜੇ ਗਏ। ਮੁਸਲਸਲ ਨਾਅਰੇ ਬਾਜ਼ੀ ਹੋਤੀ ਰਹੀ। ਔਰ ਇਨ ਹਾਲਾਤ ਮੇਂ ਆਧੇ ਘੰਟੇ ਮੇਂ ਪੰਜਾਬ ਕਾ ਏਕ ਅਰਬ 55 ਕਰੋੜ ਕਾ ਬਜਟ ਪਾਸ ਹੋ ਗਿਆ......... ।" (ਸ਼ੋਰ)

ਇਸ ਗਲ ਤੇ, ਸਪੀਕਰ ਸਾਹਿਬ, ਮੈਂ ਇਸ ਵੇਲੇ ਕਹਿਣਾ ਨਹੀਂ ਚਾਹੁੰਦਾ ਹਾਂ। ਉਹ ਜਦੋਂ ਇਨਕੁਆਰੀ ਹੋਈ ਜਿਹੜੇ ਜਿਹੜੇ ਮੈਂਬਰ ਹੋਣਗੇ ਉਹ ਹਾਊਸ ਦੇ ਕਟੜੇ ਵਿੱਚ ਜਾਣਗੇ। ਵੋਹੀ ਅਗੇ ਕਹਿਤਾ ਹੈ,

> "ਇਜਲਾਸ ਕੇ ਸ਼ੁਰੂ ਮੇਂ ਹੀ ਜਬ ਆਪੋਜ਼ੀਸ਼ਨ ਨੇ ਐਸੰਬਲੀ ਮੇਂ ਸਾਦਾ ਕਪੜੋਂ ਮੇਂ ਖੜੀ ਪੁਲੀਸ ਕੀ ਮੌਜੂਦਗੀ ਪਰ ਇਤਰਾਜ਼ ਕਿਆ ਤੋ ਸੂਰਤੇ ਹਾਲ ਕੁਛ ਕਸ਼ੀਦਾ ਹੋ ਗਈ ਲੇਕਿਨ ਸਪੀਕਰ ਕੇ ਪੁਲੀਸ ਕੋ ਬਾਹਰ ਜਾਨੇ ਕਾ ਹੁਕਮ ਦੇਨੇ ਕੇ ਬਾਅਦ ਸਬ ਮੈਂਬਰ ਸ਼ਾਂਤ ਹੋ ਗਏ। ਇਸਕੇ ਬਾਅਦ ਲਗਭਗ ਤੀਨ ਘੰਟੇ ਕੇ ਲੀਏ ਏਕ ਪੁਰ ਸਕੂਨ ਔਰ ਕਾਬਲੇ ਤਾਰੀਫ਼ ਮਾਹੌਲ ਮੇਂ ਗਵਰਨਰ ਕੇ ਆਰਡੀਨੈਂਸ ਪਰ ਬਹਿਸ ਹੋਈ........"

ਦੇਖਨੇ ਵਾਲੋਂ ਕੋ ਲਗਾ ਕਿ ਅਬ ਕ੍ਰਾਈਸਿਜ਼ ਟਲ ਗਿਆ ਹੈ........ਆਪੋਜ਼ੀਸ਼ਨ ਕੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੈਂਬਰ ਭੀ ਸਭ ਚਾਲ ਸਮਝ ਗਏ ਔਰ ਸਰਦਾਰ ਗੁਰਨਾਮ ਸਿੰਘ ਔਰ ਡਾਕਟਰ ਬਲਦੇਵ ਪਰਕਾਸ਼ ਕੋ ਛੋੜਕਰ ਸਭ ਵਹਾਂ ਬੈਠੇ ਰਹੇ। ਹਾਂ ਸਪੀਕਰ ਕ ਚਲੇ ਜਾਨੇ ਕੇ ਬਾਦ ਮੁਤਹਿੱਦਾ ਮਹਾਜ਼ ਕੇ ਸ਼੍ਰੀ ਸਤਨਾਮ ਸਿੰਘ ਬਾਜਵਾ, ਸ਼੍ਰੀ ਟੰਡਨ (ਹਾਸਾ).........ਲਗਭਗ 45 ਮਿਨਟ ਤਕ ਜ਼ਿਆਦਾ ਤਰ ਮੈਂਬਰ ਆਪਣੀ ਜਗੋਂ ਪਰ ਬੈਠੇ ਰਹੇ, ਚਾਹੇ ਮੋਰਚੇ ਕੇ ਕੁਝ ਮੈਂਬਰ ਡਾਇਸ ਕੇ ਨੀਚੇ ਅਸੈਂਬਲੀ ਕੇ ਅਫਸਰਾਨ ਔਰ ਹਾਊਸ ਕੇ ਟਾਈਪਿਸਟੋਂ ਕੀ ਕੁਰਸੀਉਂ ਪਰ ਹੀ ਜਾ ਬੈਠੇ। ਯਾਨੀ ਨਾ ਸਪੀਕਰ ਨਾ ਅਸੈਂਬਲੀ ਕੇ ਸੈਕਰੇਟਰੀ ਔਰ ਨਾ ਕੋਈ ਦੀਗਰ ਕਲਰਕ ਆਪਣੀ ਜਗ੍ਹਾ ਪਰ ਬੈਠ ਸਕਤਾ ਥਾਂ। ਮੁਖ ਮੰਤਰੀ ਔਰ ਕਾਂਗਰਸੀ ਲੀਡਰ ਇਤਨੇ ਮੇਂ ਸਲਾਹ ਮਸ਼ਵਰਾ ਕਰਤੇ ਰਹੇ। ਜਨਸੰਘ ਕੇ ਏਕ ਮੈਂਬਰ ਨੇ ਡਾਈਸ ਕੀ ਸੀ ੜੀਉਂ ਪਰ ਖੜੇ ਹੋਕਰ ਅਖਬਾਰਨਵੀਸੋਂ ਕੋ ਮੁੰਤਖਿਬ ਕਰਤੇ ਏਕ ਛੋਟੀ ਸੀ ਤਕਰੀਰ ਭੀ ਕੀ। .........ਅਸੈਂਬਲੀ ਕੇ ਸੈਕਰੇਟਰੀ, ਕੁਝ ਕਲਰਕੋਂ ਵਗੈਰਾ ਕੇ ਸਾਥ, ਹਾਊਸ ਮੇਂ ਆਤੇ ਦਿਖਾਈ ਦੀਏ। ਸਕੀਮ ਕੇ ਮੁਤਾਬਿਕ ਸਪੀਕਰ ਕੀ ਕੁਰਸੀ ਕੇ ਬਿਲਕੁਲ ਸਾਮਣੇ ਵਾਲੇ ਮੈਂਬਰਾਨ ਕੀ ਕੁਰਸੀਆਂ ਖਾਲੀ ਕਰ ਦੀ ਗਈਂ ਔਰ ਡਿਪਟੀ ਸਪੀਕਰ ਕੋ ਵਹੀਂ ਬੈਠਾਕਰ ਹਾਊਸ ਕੀ ਕਾਰਵਾਈ ਸ਼ੁਰੂ ਕਰ ਦੀ ਗਈ। ਇਸ ਪਰ ਮੁਖਾਲਿਫ ਮੈਂਬਰੋਂ ਨੇ ਜ਼ੋਰ ਜ਼ੋਰ ਸੇ ਨਾਹਰੇ ਲਗਾਨੇ ਸ਼ੁਰੂ ਕਰ ਦੀਏ।"

ਸਪੀਕਰ ਸਾਹਿਬ ਇਹ ਸੀ ਹਾਲਤ ਉਸ ਵੇਲੇ। ਪਹਿਲਾ ਪਲੇਨ ਕਲੋਦਜ਼ ਵਿਚ ਪੁਲਿਸ ਹਾਊਸ ਵਿਚ ਲਿਆਂਦੀ ਗਈ। ਜਿਸ ਤੇ ਕਿ ਆਪੋਜ਼ੀਸ਼ਨ ਨੇ ਇਤਰਾਜ਼ ਕੀਤਾ ਤਾਂ ਉਹ ਬਾਹਰ ਨਿਕਲੇ। ਫਿਰ ਜੋ ਮੈਂਬਰਾਂ ਨਾਲ ਸਲੂਕ ਹੋਇਆ ਉਹ ਵੀ ਮੈਂ ਆਪ ਨੂੰ ਸੁਣਾ ਦਿਤਾ ਹੈ। ਇਹ ਕੁਰਸੀਆਂ ਖਾਲੀ ਕਰਵਾਕੇ ਹਾਊਸ ਦੀ ਕਾਰਵਾਈ ਡਿਪਟੀ ਸਪੀਕਰ ਤੋਂ ਚਲਵਾਈ ਇਹ ਉਸ ਦਿਨ ਦੀ ਆਂਖੋਂ ਦੇਖੀ ਹਾਲਾਤ ਹੈ ਜੋ ਇਸ ਅਖਬਾਰ ਦੇ ਐਡੀਟੋਰੀਅਲ ਲਿਖਣ ਵਾਲੇ ਨੇ ਬਿਆਨ ਕੀਤੀ ਹੈ। ਅਗੇ ਚਲੋ :

The Times of India in its issue dated the 19th March, 1968 wrote-

> "The House had met in a tense atmosphere, Police men in plain clothes guarded all entrances to the Visitors' Galleries. On an objection by Opposition Members, plain clothes policemen were evicted from the House by the Speaker."

The Tribune dated the 19th March, 1968 wrote -

> "After the Speaker had left the House, adjourning it for two months, some Members of the Treasury Benches with the help of security staff many of them are alleged to be policemen in plain clothes-engaged in a free fight with some of the Opposition Members to get the Speaker's Chair vacated and wrest control of the dais from the Opposition Members."

ਸਪੀਕਰ ਸਾਹਿਬ, ਮੈਂ ਇਸ ਗਲ ਤੇ ਬਹੁਤਾ ਟਾਈਮ ਨਹੀਂ ਲੈਣਾ ਚਾਹੁੰਦਾ ਪਰ ਇਹ ਗਲ ਸਾਫ ਹੋ ਗਈ ਹੋਵੇਗੀ ਕਿ ਉਸ ਦਿਨ ਇਥੇ ਕਿਸ ਤਰ੍ਹਾਂ ਦਾ ਵਾਤਾਵਰਨ ਸੀ। ਅਸੀਂ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਦਾ ਵਾਤਾਵਰਨ ਫੇਰ ਕਦੇ ਇਥੇ ਨਾ ਹੋਵੇ। ਅਸੀਂ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਕਰਨ ਦੀ ਸਾਨੂੰ ਵੀ ਟੈਮਪਟੇਸ਼ਨ ਨਾ ਹੋਵੇ ਇਸ ਲਈ ਅਸੀਂ ਇਸ ਦੀ ਇਨਕੁਵਾਇਰੀ

Original with;
Punjab Vidhan Sabha
Digitized by;
Panjab Digital Library

ਕਰਵਾਉਣਾ ਚਾਹੁੰਦੇ ਹਾਂ। ਮੈਂ ਸਾਮਣੇ ਵਾਲੇ ਦੋਸਤਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਸ ਵਿਚ ਇਤਰਾਜ਼ ਵਾਲੀ ਕੀ ਗਲ ਹੈ। (ਵਿਘਨ) ਸੁਪਰੀਮ ਕੋਰਟ ਦਾ ਫੈਸਲਾ ਹਾਊਸ ਵਿਚ ਪੁਲਿਸ ਲਿਆਉਣ ਦਾ ਨਹੀਂ ਹੈ। ਅਗਰ ਪੁਲਿਸ ਨੂੰ ਇਸ ਸਦਨ ਦੇ ਅੰਦਰ ਆਉਣ ਦੀ ਜੁਰੱਤ ਹੋਵੇ ਅਤੇ ਮੈਂਬਰ ਨੂੰ ਚੁਕ ਚੁਕ ਕੇ ਸੁਟਣ ਦੀ ਜੁਰਅਤ ਹੋਵੇ ਤਾਂ ਜਮਹੂਰੀਅਤ ਫੰਕਸ਼ਨ ਨਹੀਂ ਕਰ ਸਕਦੀ। ਮੈਂ ਹੈਰਾਨ ਹਾਂ ਕਿ ਉਹ ਕਾਂਗਰਸੀ ਜਿਹੜੇ ਆਪਣੇ ਆਪ ਨੂੰ ਜਮਹੂਰੀਅਤ ਦੇ ਰਖਸ਼ਕ ਸਮਝਦੇ ਹਨ ਅਤੇ ਜਿਹੜੇ ਇਥੇ ਮੁਲਕ ਵਿਚ ਆਜ਼ਾਦੀ ਲਿਆਉਣ ਦੀ ਗਲ ਕਰਦੇ ਹਨ ਅਤੇ ਜੋ ਕਹਿੰਦੇ ਹਨ ਕਿ ਉਨ੍ਹਾਂ 20 ਸਾਲ ਤਾਈਂ ਇਥੇ ਬੜਾ ਚੰਗਾ ਰਾਜ ਕੀਤਾ ਹੈ। ਉਹ ਇਸ ਸਦਨ ਵਿਚ ਪੁਲਿਸ ਦੇ ਆਉਣ ਦੀ ਕਿਉਂ ਤਾਈਦ ਕਰਦੇ ਹਨ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) (ਵਿਘਨ)

ਸਪੀਕਰ ਸਾਹਿਬ, ਇਥੇ ਕੁਝ ਦੋਸਤਾਂ ਨੇ ਡੀਫੈਕਸ਼ਨਜ਼ ਦੀਆਂ ਗੱਲਾਂ ਕੀਤੀਆਂ। ਬੜਾ ਸ਼ੋਰ ਪਾਇਆ ਅਤੇ ਹੁਣ ਮਿਸ਼ਨਰੀ ਬਣ ਕੇ ਸਾਮਣੇ ਬੈਠੇ ਹਨ। ਹੁਣ ਇਹ ਡਿਫੈਕਸ਼ਨਜ਼ ਨੂੰ ਬੁਰਾ ਸਮਝਣ ਲਗ ਪਏ ਹਨ। ਬੜੀ ਖੁਸ਼ੀ ਹੋਈ ਸੁਣ ਕੇ ਕਿ ਆਪ ਨੂੰ ਇਹ ਗਲ ਸਮਝ ਆ ਗਈ ਹੈ। ਸਪੀਕਰ ਸਾਹਿਬ, 1963-64 ਵਿਚ ਇਨ੍ਹਾਂ ਨੇ ਹੀ ਇਨ੍ਹਾਂ ਦਾ ਰਿਵਾਜ ਪਾਇਆ ਸੀ ਜਦਕਿ ਇਨ੍ਹਾਂ ਸਾਡੇ 23 ਮੈਂਬਰ ਆਪਣੇ ਬੈਂਚਾਂ ਤੇ ਬੈਠਾ ਲਏ ਸਨ। (ਵਿਘਨ) ਸਪੀਕਰ ਸਾਹਿਬ, ਹੁਣ ਤਾਂ ਇਨ੍ਹਾਂ ਵਿਚ ਕਮਪੀਟੀਸ਼ਨ ਹੈ ਕਿ ਮੈਨੂੰ ਲੈਣ, ਮੈਨੂੰ ਲੈਣ। (ਵਿਘਨ) ਇਨ੍ਹਾਂ ਵਿਚੋਂ ਹਰਇਕ ਖਾਹਸ਼ਮੰਦ ਹੈ ਕਿ ਉਸ ਨੂੰ ਅਸੀਂ ਲੈ ਲਈਏ। ਅਸੀਂ ਸਾਰਿਆਂ ਦਾ ਨਾਮ ਨੋਟ ਕਰ ਲੈਂਦੇ ਹਾਂ। ਜਿਸ ਨੂੰ ਜੀ ਕਰੇਗਾ ਲੈ ਲਵਾਂਗੇ। (ਤਾੜੀਆਂ) ਇਹ ਸਾਰੀਆਂ ਗਲਾਂ ਕਿਉਂ ਹੋਈਆਂ। ਇਸ ਲਈ ਹੋਈਆਂ ਕਿ ਕਾਂਗਰਸ ਪਾਰਟੀ ਨੇ ਡੀਫੈਕਸ਼ਨਾਂ ਐਨਕਰਜ ਕੀਤੀਆਂ। ਸਰਦਾਰ ਲਛਮਨ ਸਿੰਘ, ਗਿੱਲ ਨੂੰ ਇਨ੍ਹਾਂ ਨੇ ਵਾਦਾ ਦਿਤਾ ਕਿ ਤੁਸੀਂ ਫਰੰਟ ਸਰਕਾਰ ਵਿਚੋਂ ਨਿਕਲੋ ਅਸੀਂ ਤੈਨੂੰ ਚੀਫ ਮਿਨਿਸਟਰ ਬਣਾ ਦਿਆਂਗੇ। ਵਾਇਦਾ ਤਾਂ ਉਸ ਨਾਲ ਕੀਤਾ ਸੀ ਪਰ ਆਪ ਇਹ ਪਾਰਟੀ ਬੈਕਡੋਰ ਤੋਂ ਐਂਟਰ ਹੋਣਾ ਚਾਹੁੰਦੀ ਸੀ। ਮੈਨੂੰ ਇਸ ਬਾਰੇ ਇਕ ਜਟ ਦੀ ਗਲ ਯਾਦ ਆ ਗਈ ਹੈ। ਕਿਸੇ ਜਟ ਦਾ ਇਕ ਮਰੀਅਲ ਜਿਹਾ ਬੈਲ ਗੁਵਾਚ ਗਿਆ। ਉਸ ਨੇ 500 ਰੁਪਏ ਦੀ ਸੁਖਣ ਸੁਖ ਲਈ। ਉਸ ਦੇ ਗਵਾਂਢੀ ਨੇ ਕਿਹਾ ਕਿ ਇਕ ਮਰੀਅਲ ਜਿਹੇ ਬੈਲ ਦੀ ਇੰਨੀ ਸੁਖਣਾ ਕਿਉਂ ਸੁਖ ਲਈ। ਉਹ ਕਹਿਣ ਲਗਾ ਬੈਲ ਦੇ ਸਿੰਗੀ ਹਥ ਪੈ ਲੈਣ ਦੇ ਮੈਂ ਸਭ ਦੇਵੀ ਦੇਵਤਿਆਂ ਨਾਲ ਸਿਝ ਲਵਾਂਗਾ। ਇਹੀ ਹਾਲ ਇਨ੍ਹਾਂ ਦਾ ਹੋਇਆ। ਇਹ ਤਾਂ ਸਰਦਾਰ ਲਛਮਨ ਸਿੰਘ ਨੂੰ ਅਗੇ ਕਰਕੇ ਬੈਕਡੋਰ ਰਾਹੀਂ ਆਪ ਅਗੇ ਆਉਣਾ ਚਾਹੁੰਦੇ ਸੀ ਪਰ ਉਹਦਾ ਸਿੰਗੀ ਹਥ ਪੈ ਗਿਆ। (ਹਾਸਾ) ਹੋਰਾਂ ਨਾਲ ਵਜ਼ਾਰਤ ਦਾ ਵਾਇਦਾ ਕਰਕੇ ਹੋਰਾਂ ਨੂੰ ਵੀ ਤੋੜਿਆ। ਮੈਨੂੰ ਇਹ ਮਾਫ ਕਰਨਗੇ ਕਿ ਦਰਅਸਲ ਰੌਲਾ ਵੰਡ ਵੰਡਾਈ ਤੇ ਪੈ ਗਿਆ ਵਰਨਾ ਕੰਮ ਇਨ੍ਹਾਂ ਦਾ ਇਸੇ ਤਰ੍ਹਾਂ ਚਲਦਾ ਰਹਿਣਾ ਸੀ। (ਹਾਸਾ) ਮੈਂ ਮਿਸਾਲ ਦਿੰਦਾ ਹਾਂ। ਚੋਰ ਚੋਰੀ ਕਰਦੇ ਹਨ ਪਰ ਮਾਲ ਵੰਡਨ ਤੇ ਲੜ ਪੈਂਦੇ ਹਨ। (ਤਾੜੀਆਂ) (ਵਿਘਨ) ਹੌਸਲਾ ਰਖੋ ਮੈਂ ਤਾਂ ਸਿਰਫ ਮਿਸਾਲ ਦਿਤੀ ਹੈ। ਡੀਫੈਕਸ਼ਨਾਂ ਲਈ ਜ਼ਿੰਮੇਦਾਰ ਇਨ੍ਹਾਂ ਦੀ ਹੀ ਪਾਰਟੀ ਹੈ।

**ਸਰਦਾਰ ਗੁਰਮੇਜ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ। (ਸ਼ੋ ) ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਰਦਾਰ ਲਛਮਣ ਸਿੰਘ ਗਿਆ ਅਤੇ ਕਾਂਗਰਸੀਆਂ ਦਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਝਗੜਾ ਵੰਡ ਵੰਡਾਈ ਤੇ ਹੋ ਪਿਆ। ਪਰ ਕੜਾਹ ਪਰਸ਼ਾਦ ਦੇ ਸਕੈਂਡਲ ਤਾਂ ਇਨ੍ਹਾਂ ਦੇ ਦਰਜ ਹੋਏ ਹਨ ਸਾਡੇ ਤਾਂ ਨਹੀਂ ਦਰਜ ਹੋਏ। (ਵਿਘਨ)

**Mr. Speaker :** It is no point of order.

**ਮੁੱਖ ਮੰਤਰੀ :** ਸਪੀਕਰ ਸਾਹਿਬ, ਸਰਦਾਰ ਲਛਮਣ ਸਿੰਘ ਗ੍ਰਿਫਤਾਰ ਕਰ ਲਿਆ ਗਿਆ ਇਸ ਗਲ ਤੇ ਇਨ੍ਹਾਂ ਨੇ ਰੌਲਾ ਪਾਇਆ ਕਿ ਆਸਮਾਨ ਟੁਟ ਗਿਆ ਅਤੇ ਡੈਮੋਕਰੇਸੀ ਦਾ ਖੂਨ ਹੋ ਗਿਆ ਹੈ। ਇਹ ਸਾਧਾਰਣ ਜਿਹੀ ਗਲ ਹੈ ਕਿ ਜਿਹੜਾ ਕੋਈ ਜੁਰਮ ਕਰਦਾ ਹੈ ਉਸ ਨੂੰ ਕਾਨੂੰਨ ਅਨੁਸਾਰ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਕਾਨੂੰਨ ਦੇ ਅਗੇ ਸਾਰੇ ਇਕੋ ਜਿਹੇ ਹਨ। ਇਸ ਵਿਚ ਨਾ ਕਿਸੇ ਵਡੇ ਦੀ ਤੇ ਨਾ ਕਿਸੇ ਛੋਟੇ ਦੀ ਰਿਆਇਤ ਕੀਤੀ ਜਾਂਦੀ ਹੈ। ਗ਼ਰੀਬ ਤੇ ਵੀ ਉਹੋ ਕਾਨੂੰਨ ਲਾਗੂ ਹੁੰਦਾ ਹੈ ਅਤੇ ਅਮੀਰ ਤੇ ਵੀ ਇਹ ਕਾਨੂੰਨ ਲਾਗੂ ਹੁੰਦਾ ਹੈ। ਫਿਰ ਇਸ ਵਿਚ ਸਾਡੀ ਸਰਕਾਰ ਦਾ ਕੀ ਦਖਲ ਹੈ। ਇਕ ਜ਼ਿਲ੍ਹੇ ਦੀ ਲੋਕਲ ਪੁਲਿਸ ਨੇ ਇਕ ਮੁਕਦਮਾ ਦਰਜ ਕਰਕੇ ਤਫਤੀਸ਼ ਕੀਤੀ ਅਤੇ ਲਛਮਣ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਇਹ ਉਨ੍ਹਾਂ ਦੀ ਜ਼ਿਮੇਵਾਰੀ ਹੈ ਇਸ ਵਿਚ ਚੀਫ ਮਨਿਸਟਰ ਕਿਥੋਂ ਆ ਗਿਆ। ਇਹ ਮਨਿਸਟਰੀ ਦੀ ਜ਼ਿਮੇਵਾਰੀ ਨਹੀਂ। ਪਰ ਮੈਂ ਇਹ ਇਨ੍ਹਾਂ ਇਤਰਾਜ਼ ਕਰਨ ਵਾਲਿਆਂ ਮੈਂਬਰਾਂ ਨੂੰ ਯਾਦ ਕਰਾਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਦੇ ਤਿੰਨ ਮਨਿਸਟਰ ਸੀ। ਡਾਂਗ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ, ਜੋ ਇਸ ਸਮੇਂ ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਹਨ ਅਤੇ ਬਹੁਤ ਸਾਰਿਆਂ ਐਮ. ਐਲ. ਏਜ਼ ਨੂੰ ਅਸੈਂਬਲੀ ਸੈਸ਼ਨ ਵਿਚ ਆਣ ਤੋਂ ਰੋਕਣ ਲਈ ਬਾਹਰੋਂ ਬਾਹਰ ਗਿਫਤਾਰ ਕਰ ਲਿਆ ਗਿਆ ਸੀ ਤਾਂ ਕਿ ਇਹ ਸਾਰੇ ਸੈਸ਼ਨ ਵਿਚ ਹੀ ਨਾ ਪਹੁੰਚ ਸਕਣ (ਸਰਕਾਰੀ ਪਖ ਵਲੋਂ ਸ਼ੇਮ, ਸ਼ੇਮ.) ਅਜ ਇਹ ਇਤਰਾਜ਼ ਕਰਦੇ ਹਨ। ਫਿਰ ਇਥੇ ਹੀ ਬਸ ਨਹੀਂ ਡਾਂਗ ਸਾਹਿਬ ਨੂੰ ਤਾਂ ਦਫਾ 9 ਸਿਕਉਰਿਟੀ ਆਫ ਸਟੇਟ ਹੇਠ ਫੜ ਲਿਆ ਗਿਆ। ਜਦ ਮੈਂਬਰਾਂ ਦੀਆਂ ਜ਼ਮਾਨਤਾਂ ਮੈਜਿਸਟ੍ਰੇਟ ਨੇ ਮਨਜ਼ੂਰ ਕੀਤੀਆਂ ਤਾਂ ਇਹ ਬਾਹਰ ਆਏ ਤਾਂ ਫਿਰ ਦਫਾ 107/151 ਅਧੀਨ ਫੜ ਲਿਆ ਗਿਆ ਅਤੇ ਤਾਂ ਤੁਹਾਨੂੰ ਸਪੀਕਰ ਸਾਹਿਬ, ਯਾਦ ਹੋਣਾ ਹੈ ਕਿ ਕਿਸ ਤਰ੍ਹਾਂ ਨਕੋਦਰ ਦੇ ਥਾਣੇ ਵਿਚ ਤੇ ਹੁਸ਼ਿਆਰਪੁਰ ਦੇ ਥਾਣੇ ਵਿਚ ਹੀ ਬਿਠਾਈ ਰਖਿਆ। ਅਜ ਇਹ ਇਕ ਕੇਸ ਤੇ ਇਤਰਾਜ਼ ਕਰਦੇ ਹਨ ਜਿਸ ਵਿਚ ਚੀਫ ਮਨਿਸਟਰ ਦਾ ਕੋਈ ਦਖਲ ਹੀ ਨਹੀਂ ਸੀ। (ਵਿਘਨ)

**ਸਰਦਾਰ ਦਰਸ਼ਨ ਸਿੰਘ ਕੇ. ਪੀ. :** ਆਨ ਏ ਪੁਆਇੰਟ ਆਫ਼ ਆਰਡਰ ਸਰ। ਡਾਂਗ ਸਾਹਿਬ ਨੂੰ ਇਸ ਲਈ ਦਫਾ 9 ਅਧੀਨ ਫੜਿਆ ਗਿਆ ਸੀ ਕਿ ਇਨ੍ਹਾਂ ਨੇ ਇਹ ਕਿਹਾ ਸੀ ਕਿ ਮੈਂ ਅਸੈਂਬਲੀ ਨੂੰ ਉੜਾ ਦਿਆਂਗਾ।

**Mr Speaker :** This is no point of order.

(**ਇਕ ਮਾਨਯੋਗ ਮੈਂਬਰ :** ਮੂੰਹ ਭੈੜਾ ਹੋਵੇ ਤਾਂ ਗਲ ਤਾਂ ਚੰਗੀ ਕਰਨੀ ਚਾਹੀਦੀ ਹੈ)

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਮੈਂ ਇਹ ਗਲ ਦਸ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਮੁਕਦਮਾ ਇਨ੍ਹਾਂ ਨੇ ਸੈਕਸ਼ਨ 9 ਆਫ ਦੀ ਸਿਕਉਰੇਟੀ ਆਫ਼ ਸਟੇਟ ਅਧੀਨ ਬਣਾਇਆ

Original with;
Punjab Vidhan Sabha
Digitized by;
Panjab Digital Library

ਸੀ ਉਸ ਵਿਚ ਇਹ ਗਲ ਨਹੀਂ ਸੀ ਲਿਖੀ ਕਿ ਅਸੈਂਬਲੀ ਨੂੰ ਉੜਾ ਦਿਤਾ ਜਾਵੇਗਾ ਅਤੇ ਇੰਨਾ ਵਡਾ ਝੂਠ ਉਸ ਵਿਚ ਨਹੀਂ ਸਨ ਪਾ ਸਕੇ ਜਿੰਨਾ ਕੇ. ਪੀ ਸਾਹਿਬ ਨੇ ਇਥੇ ਕਿਹਾ ਹੈ (ਵਿਘਨ)

**ਮੁੱਖ ਮੰਤਰੀ :** ਸਪੀਕਰ ਸਾਹਿਬ ਜੋ ਡਾਂਗ ਸਾਹਿਬ ਨੇ ਇਹ ਗੱਲ ਕਹੀ ਸੀ ਤਾਂ ਸਚੀ ਸਾਬਤ ਹੋ ਗਈ। ਅਸੈਂਬਲੀ ਤਾ ਦੂਜੇ ਦਿਨ ਹੀ ਉੜ ਗਈ (ਹਾਸਾ)। 20 ਸਾਲ ਤੋਂ ਜਿਹੜੀ ਸਿਆਸੀ ਪਾਰਟੀ ਉਠਣਾ ਨਹੀਂ ਸੀ ਸਿਖੀ ਉਸ ਦੀ ਸਿਆਸੀ ਮੌਤ ਹੋ ਗਈ। (ਵਿਘਨ)

**ਸ਼੍ਰੀ ਸਾਧੂ ਰਾਮ :** ਆਨ ਏ ਪੁਆਇੰਟ ਆਫ਼ ਆਰਡਰ ਸਰ।

**ਸ਼੍ਰੀ ਸਪੀਕਰ :** ਮੈਂ ਆਨਰੇਬਲ ਮੈਂਬਰ ਸਾਹਿਬਾਨ ਪਾਸ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਬਿਨਾ ਵਜਾਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਰੇਜ਼ ਕਰਨਾ ਚਾਹੀਦਾ ਅਤੇ ਨਾ ਹੀ ਪੁਆਇੰਟ ਆਫ਼ ਆਰਡਰ ਤੇ ਖੜੇ ਕੇ ਲੈਕਚਰ ਸ਼ੁਰੂ ਕਰ ਦੇਣਾ ਚਾਹੀਦਾ ਹੈ ਇਸ ਤਰ੍ਹਾਂ ਹਾਊਸ ਦੀ ਕਾਰਵਾਈ ਇਨਟਰਪਟ ਹੁੰਦੀ ਹੈ। (I would request the hon. Members not to raise any point of order without any sound reason. Moreover, they should not start delivering a speech while rising on a point of order. The proceedings of this House are interrupted in this way)

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਸੋਸ਼ਲਿਸਟ ਪਾਰਟੀ ਦੇ ਚੇਅਰਮੈਨ ਸਾਹਿਬ ਜੋ ਇਥੇ ਮੌਜੂਦ ਹਨ, ਸਾਥੀ ਰੂਪ ਲਾਲ ਜੀ, ਇਨ੍ਹਾਂ ਨੂੰ ਫੜ ਕੇ ਜੇਲ੍ਹ ਵਿਚ ਦੇ ਦਿਤਾ ਗਿਆ ਅਤੇ ਇਲਜ਼ਾਮ ਇਹ ਲਾਇਆ ਕਿ ਇਨ੍ਹਾਂ ਨੇ ਟਾਇਰ ਚੋਰੀ ਕੀਤੇ ਹਨ ਵਡੀਆਂ ਬਸਾਂ ਦੇ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਉਹ ਟਾਇਰ ਤਾਂ ਇਨ੍ਹਾਂ ਦੇ ਆਪਣੇ ਕਦ ਤੋਂ ਵੀ ਵਡੇ ਸ਼ਾਇਦ ਹੋਣ ਜਿਨ੍ਹਾਂ ਦੇ ਬਾਰੇ ਵਿਚ ਇਲਜ਼ਾਮ ਲਗਾਇਆ ਗਿਆ। ਕਿੰਨੇ ਅਫਸੋਸ ਦੀ ਗਲ ਹੈ। (ਸਰਕਾਰੀ ਪਖ ਵਲੋਂ ਸ਼ੇਮ, ਸ਼ੇਮ.)

ਇਕ ਗੱਲ ਮੇਰੇ ਸਾਹਮਣੇ ਬੈਠੇ ਵੇਰਕਾ ਤੋਂ ਆਏ ਮਾਨਯੋਗ ਮੈਂਬਰ ਨੇ ਕਹੀ ਕਿ ਕੜਾਹ ਪ੍ਰਸ਼ਾਦ ਦਾ ਇਨ੍ਹਾਂ ਨੂੰ ਬੜਾ ਸ਼ੌਕ ਹੈ। ਇਹ ਗਲ ਇਹ ਕਈ ਦਫਾ ਕਹਿ ਚੁਕੇ ਹਨ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜਿਸ ਵਕਤ ਇਹ ਉਠਿਆ ਕਰਨਗੇ ਇਨ੍ਹਾਂ ਦੇ ਮੂੰਹ ਵਿਚ ਕੜਾਹ ਪ੍ਰਸ਼ਾਦ ਪਾ ਦਿਤਾ ਕਰਾਂਗਾ। ਬਾਕੀ ਤੁਹਾਨੂੰ ਪਤਾ ਹੀ ਹੋਣਾ ਹੈ ਕਿ ਕੜਾਹ ਪ੍ਰਸ਼ਾਦ ਸਕੈਂਡਲ ਬਾਰੇ ਰਿਪੋਰਟ ਸੰਤ ਚੰਨਣ ਸਿੰਘ ਹੋਰਾਂ ਆਪ ਦਿਤੀ ਸੀ। ਉਨ੍ਹਾਂ ਦੀ ਮਦਦ ਲਈ ਸਰਕਾਰ ਆਈ ਪਰ ਇਨ੍ਹਾਂ ਦੀ ਸਰਕਾਰ ਨੇ ਸੰਤ ਚੰਨਣ ਸਿੰਘ ਤੇ ਝੂਠੇ ਮੁਕਦਮੇ ਬਣਾਏ ਜਥੇਦਾਰ ਉਮਰਾਨੰਗਲ ਅਤੇ ਹੋਰਨਾਂ ਤੇ ਵੀ ਬਣਾਏ ਅਤੇ ਇਹ ਅਜ ਗੱਲਾਂ ਕਰਨ ਵਾਲੇ ਇਨ੍ਹਾਂ ਝੂਠੇ ਮੁਕਦਮਿਆਂ ਦੀ ਤਾਈਦ ਕਰਦੇ ਰਹੇ। ਇਹ ਆਪਣੇ ਆਪ ਨੂੰ ਅਜ ਫਰਿਸ਼ਤੇ ਕਹਿੰਦੇ ਹਨ। (ਸਰਕਾਰੀ ਪਖ ਵਲੋਂ ਪ੍ਰਸੰਸਾ) ਤੇ ਇਨ੍ਹਾਂ ਕੇਸਾਂ ਦਾ ਇਹ ਹਸ਼ਰ ਹੋਇਆ ਕਿ ਇਨ੍ਹਾਂ ਦੀ ਸਰਕਾਰ ਟੁਟੀ ਤਾਂ ਗਵਰਨਰ ਸਾਹਿਬ ਨੇ ਇਕ ਮਿੰਟ ਨਾ ਲਾਇਆ ਕੇਸ ਵਿਦਡਰਾ ਕਰਵਾ ਲਏ। (ਵਿਘਨ)

(ਇਕ ਅਵਾਜ਼ : ਉਸ ਵੇਲੇ ਕਲਜੁਗੀ ਲਛਮਣ ਦੀ ਹਕੂਮਤ ਸੀ)

Original with;
Punjab Vidhan Sabha
Digitized by;
Panjab Digital Library

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਉਸ ਸਮੇਂ ਐਸ. ਜੀ. ਪੀ. ਸੀ ਦੇ ਸਕੱਤਰ ਕੌਣ ਸਨ ?

ਮੁੱਖ ਮੰਤਰੀ : ਸਰਦਾਰ ਲਛਮਣ ਸਿੰਘ ਗਿਲ ਉਸ ਸਮੇਂ ਐਸ. ਜੀ. ਪੀ. ਸੀ ਦੇ ਜਨਰਲ ਸੈਕਟਰੀ ਸੀ ! ਜਿਸ ਦੀ ਇਹ ਸਾਹਮਣੇ ਬੈਠੇ ਹਮਾਇਤ ਕਰਦੇ ਸਨ। (ਪ੍ਰਸ਼ੰਸਾ) ਇਨ੍ਹਾਂ ਸਾਰਿਆਂ ਮੁਕਦਮਿਆਂ ਦੇ ਬਾਰੇ ਵਿਚ ਮੈਂ ਪ੍ਰਾਇਮ ਮਨਿਸਟਰ, ਡਿਪਟੀ ਪ੍ਰਾਇਮ ਮਨਿਸਟਰ ਅਤੇ ਹੋਮ ਮਨਿਸਟਰ ਨੂੰ ਕਿਹਾ (ਵਿਘਨ)......

ਇਕ ਮਾਨਯੋਗ ਮੈਂਬਰ : ਫਿਰ ਦਰਬਾਰ ਸਾਹਿਬ ਵਿਚ ਕਿਉਂ ਲੁਕਿਆ ਰਿਹਾ (ਵਿਘਨ)

ਮੁੱਖ ਮੰਤਰੀ : ਤੁਹਾਡੀ ਵੀ ਵਾਰੀ ਆ ਜਾਵੇਗੀ। ਤੁਸੀਂ ਵੀ ਲੁਕੋਗੇ। ਤੁਹਾਨੂੰ ਵੀ ਲੁਕਣਾ ਪਏਗਾ।

ਭਗਤ ਗੁਰਾਂ ਦਾਸ ਹੰਸ : ਆਨ ਏ ਪੁਆਇੰਟ ਆਫ਼ ਆਰਡਰ ਸਰ। ਮੈਂ ਇੰਨੀ ਬੇਨਤੀ ਕਰਨੀ ਸੀ ਕਿ ਬੋਲਣ ਦਾ ਢੰਗ ਤਾਂ ਠੀਕ ਹੋਣਾ ਚਾਹੀਦਾ ਹੈ। ਇਹ ਇਕ ਚੀਫ ਮਨਿਸਟਰ ਨੂੰ ਸ਼ੋਭਾ ਨਹੀਂ ਦਿੰਦਾ ਕਿ ਉਹ ਇਹ ਕਹੇ ਕਿ ਤੈਨੂੰ ਵੀ ਲੁਕਣਾ ਪਵੇਗਾ। (ਵਿਘਨ)

ਸਰਦਾਰ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਲੀਡਰ ਆਫ ਦੀ ਹਾਊਸ ਬੜੇ ਸਿਆਣੇ ਤੇ ਸੁਲਝੇ ਹੋਏ ਆਦਮੀ ਨੇ .....

**Mr. Speaker** : What is your point of order ?

ਸਰਦਾਰ ਨਰਿੰਦਰ ਸਿੰਘ : ਮੈਂ ਇਹੀ ਦਸ ਰਿਹਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੂੰ ਥਰੇਟਨਿੰਗ ਲਫਜ਼ ਨਹੀਂ ਵਰਤਣੇ ਚਾਹੀਦੇ ਅਤੇ ਇਸ ਹਾਊਸ ਦੇ ਕਿਸੇ ਆਨਰੇਬਲ ਮੈਂਬਰ ਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਤੈਨੂੰ ਵੀ ਗੁਰਦਵਾਰੇ ਵਿਚ ਲੁਕਦਾ ਵਿਖਾ ਦਿਆਂਗਾ ਅਤੇ ਮੈਂ ਰਾਟੇਲੀਏਟ ਕਰਾਂਗਾ।

**Mr. Speaker** : This is no point of order.

ਮੁੱਖ ਮੰਤਰੀ : ਮੈਂ ਇਨ੍ਹਾਂ ਦੀ ਵੀ ਤਕਲੀਫ ਨੂੰ ਮਹਿਸੂਸ ਕਰਦਾ ਹਾਂ ਇਹ ਉਸ ਸਰਕਾਰ ਦੀ ਕੈਬੀਨਟ ਦੇ ਮੈਂਬਰ ਸੀ ਜਿਨ੍ਹਾਂ ਨੇ ਇਸ ਤਰ੍ਹਾਂ ਜਨਤਾ ਤੇ ਅਤਿਆਚਾਰ ਕੀਤਾ। ਜਿਨ੍ਹਾਂ ਲੋਕਾਂ ਦੀਆਂ ਹਡੀਆਂ ਤੋੜੀਆਂ ਗਈਆਂ ਮੈਂ ਉਨ੍ਹਾਂ ਨੂੰ ਵਿਖਾ ਸਕਦਾ ਹਾਂ। ਮਨਿਸਟਰ ਰਹੇ ਨੇ ਸਿਆਣੇ ਨੇ, ਜੇਕਰ ਇਨ੍ਹਾ ਨੂੰ ਦੋ ਦਿਨ ਥਾਣੇ ਬਿਠਾ ਛਡਿਆ ਜਾਵੇ ਤਾਂ ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਦਾ ਇਨ੍ਹਾਂ ਨੂੰ ਪਤਾ ਲਗ ਜਾਵੇ ਕਿ ਕੀ ਤਕਲੀਫਾਂ ਦਿਤੀਆਂ ਜਾਂਦੀਆਂ ਹਨ। ਇਨ੍ਹਾਂ ਦੀਆਂ ਸਰਕਾਰ ਨੇ ਹਡੀਆਂ ਤੋੜੀਆਂ। ਲਾਠੀ ਚਾਰਜ ਕੀਤੀ, ਟੀਅਰ ਗੈਸ ਛਡੀ। ਮੈਨੂੰ ਅਫਸੋਸ ਹੈ ਕਿ ਕਾਂਗਰਸੀ ਬੈਂਚ ਨਹੀਂ ਚਾਹੁੰਦੇ ਕਿ ਇਨ੍ਹਾਂ ਗੱਲਾਂ ਦੀ ਇਨਕੁਆਇਰੀ ਹੋਵੇ। ਕੀ ਇਹ ਡੈਮੋਕਰੇਸੀ ਵਿਚ ਜ਼ਰੂਰੀ ਨਹੀਂ ? (ਵਿਘਨ)

**Mr. Speaker** : No interruptions please.

ਮੁੱਖ ਮੰਤਰੀ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਵਿਚ ਜੋ ਤੁਹਾਡੇ ਸਾਮਣੇ ਬਣਕੇ ਕੇ ਆਈ ਹੈ ਕਿਸੇ ਗਲ ਲਈ ਬੁਗਜ਼ ਨਹੀਂ ਕਿਸੇ ਨਾਲ ਦੁਸ਼ਮਣੀ ਨਹੀਂ ਕਿਸੇ ਨਾਲ ਦੋਸਤੀ ਨਹੀਂ

Original with;
Punjab Vidhan Sabha
Digitized by;
Panjab Digital Library

ਕਾਨੂੰਨ ਦੀਆਂ ਨਜ਼ਰਾਂ ਵਿਚ ਭਾਵੇ ਛੋਟਾ ਹੈ ਜਾਂ ਵਡਾ ਸਾਰੇ ਇਕੋ ਜਿਹੇ ਹਨ। ਕਿਸੇ ਨਾਲ ਕੋਈ ਵਿਤਕਰੇ ਵਾਲਾ ਸਲੂਕ ਨਹੀਂ ਕੀਤਾ ਜਾਵੇਗਾ। (ਪ੍ਰਸੰਸਾ) ਜੋ ਕਾਨੂੰਨ ਦੇ ਵਿਰੁਧ ਗੱਲ ਕਰੇਗਾ ਉਸ ਵਿਚ ਸਰਕਾਰ ਆਪਣਾ ਫਰਜ਼ ਪੂਰਾ ਕਰੇਗੀ। ਜੋ ਈਮਾਨਦਾਰੀ ਨਾਲ ਆਪਣਾ ਕੰਮ ਕਰੇਗਾ ਉਸ ਦੀ ਸਤਕਾਰ ਕਦਰ ਅਤੇ ਮਾਣ ਕਰੇਗੀ ਪਰ ਜਿਹੜਾ ਸ਼ਹਿਰੀ ਕੋਈ ਗਲਤ ਗੱਲ ਕਰੇਗਾ ਚਾਹੇ ਕਿਸੇ ਵੀ ਥਾਂ ਤੇ ਹੋਵੇ, ਸਰਕਾਰ ਆਪਣਾ ਫਰਜ਼ ਨਿਭਾਣ ਤੋਂ ਕਦੇ ਗੁਰੇਜ਼ ਨਹੀਂ ਕਰੇਗੀ (ਸ੍ਰੀ ਜਗਤ ਰਾਮ ਵਲੋਂ ਵਿਘਨ) ਖੈਰ ਮੈ ਇਸ ਦੁਖਦਾਈ ਮਜ਼ਮੂਨ ਨੂੰ ਛਡਦਾ ਹਾਂ ਕਿ ਅਸੀਂ ਕੀ ਕੀਤਾ ਜਦ ਪਿਛਲੀ ਵੇਰ ਸਰਕਾਰ ਸਾਡੇ ਹਥਾਂ ਵਿਚ ਸੀ ਅਤੇ ਇਨ੍ਹਾਂ ਨੇ ਕੀ ਕੀਤਾ।

ਅਸੀਂ ਹੁਣ ਇਹ ਮਹਿਸੂਸ ਕੀਤਾ ਕੀ ਅਸੀਂ ਹੁਣ ਫਿਰ ਪਾਵਰ ਵਿਚ ਆਏ ਹਾਂ ਇਸ ਲਈ ਸੂਬੇ ਨੂੰ ਤਰੱਕੀ ਅਤੇ ਖੁਸ਼ਹਾਲੀ ਦੀ ਰਾਹ ਤੇ ਲਿਜਾਈਏ। ਅਤੇ ਇਹ ਵੀ ਕਹਾਂਗਾ ਕਿ ਸਾਡੇ ਪਾਸ ਸ਼ਿਕਾਇਤਾਂ ਆਈਆਂ। ਇਹ ਵੀ ਕਿ ਬਜਟ ਪਾਸ ਹੋ ਗਿਆ ਪਰ ਲਿਖਿਆ ਨਹੀਂ ਗਿਆ ਅਤੇ ਬਾਅਦ ਵਿਚ ਲਿਖਵਾਇਆ ਗਿਆ ਅਤੇ ਰੀਕਾਰਡ ਤਿਆਰ ਕਰਵਾਇਆ ਗਿਆ। ਉਸ ਵੇਲੇ ਤਾਂ ਕੁਰਸੀਆਂ ਚਲ ਰਹੀਆਂ ਸਨ, ਨਾਹਰੇ ਲਗ ਰਹੇ ਸਨ ਅਤੇ ਇੰਨਾ ਸ਼ੋਰ ਸੀ ਕਿ ਕੋਈ ਕਾਰਵਾਈ ਲਿਖੀ ਹੀ ਨਹੀਂ ਸੀ ਜਾ ਸਕਦੀ। ਲਿਖਣਾ ਕਿਸ ਨੇ ਸੀ। ਇਸ ਲਈ ਮੈਂ ਸਪੀਕਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਉਹ ਇਸ ਗੱਲ ਦੀ ਇਨਕੁਆਇਰੀ ਕਰਾਣ।

ਇਹ ਗੱਲ ਇਥੇ ਕਹੀ ਗਈ ਕਿ ਅਸਾਂ ਚੰਦ ਮਿੰਟਾਂ ਵਿਚ ਹੀ ਆਫਿਸ ਸੰਭਾਲਣ ਤੋਂ ਬਾਅਦ ਅਫਸਰਾਂ ਨੂੰ ਤਬਦੀਲ ਕਰ ਦਿਤਾ। ਤਬਦੀਲੀ ਕੀਤੀ ਅਤੇ ਜ਼ਿਮੇਵਾਰੀ ਨਾਲ ਕੀਤੀ ਮੈਂ ਚੀਫ ਮਨਿਸਟਰ ਰਿਹਾ ਹਾਂ ਅਤੇ ਆਪੋਜ਼ੀਸ਼ਨ ਦਾ ਲੀਡਰ ਵੀ ਰਿਹਾ ਹਾਂ ਅਤੇ ਜਿਨ੍ਹਾਂ ਅਫਸਰਾਂ ਦੇ ਬਾਰੇ ਵਿਚ ਮੈਂ ਪ੍ਰਾਇਮ ਮਨਿਸਟਰ ਨੂੰ ਲਿਖਿਆ, ਡਿਪਟੀ ਪ੍ਰਾਈਮ ਮਨੀਸਟਰ ਨੂੰ ਲਿਖਿਆ ਅਤੇ ਹੋਮ ਮਨਿਸਟਰ ਨੂੰ ਲਿਖਿਆ ਕਿ ਇਨ੍ਹਾਂ ਅਫਸਰਾਂ ਨੇ ਝੂਠੇ ਮੁਕਦਮੇ ਬਣਾਏ ਅਤੇ ਜ਼ਿਆਦਤੀਆਂ ਕੀਤੀਆਂ ਕੀ ਮੈਂ ਉਨ੍ਹਾਂ ਨੂੰ ਤਬਦੀਲ ਕਰਨ ਵਾਸਤੇ ਇਕ ਹਫਤਾ ਲਾਵਾਂ। ਮੈਂ ਤਾਂ ਇਕ ਮਿੰਟ ਵੀ ਨਹੀਂ ਸੀ ਲਾਣਾ।

**ਇਕ ਮਾਨਯੋਗ ਮੈਂਬਰ :** ਫੇਰ ਸਟੇ ਕਿਉਂ ਕੀਤੀ ?

**ਮੁਖ ਮੰਤਰੀ :** ਕੋਈ ਸਟੇ ਨਹੀਂ ਕੀਤੀ, ਇਹ ਆਨਰੇਬਲ ਮੈਂਬਰ ਦੀ ਇਕ ਤਰ੍ਹਾਂ ਨਾਲ ਇਗਨੋਰੈਂਸ ਹੈ। ਮੈਨੂੰ ਇਹ ਇਤਲਾਹ ਮਿਲੀ ਸੀ ਕਿ ਉਸ ਦੇ ਵਾਲਦ ਸਾਹਿਬ ਦਾ ਆਪਰੇਸ਼ਨ ਹੋਣਾ ਹੈ ਇਸ ਲਈ ਉਸ ਦੀ ਜਗ੍ਹਾ ਦੂਸਰੇ ਨੂੰ ਭੇਜ ਦਿੱਤਾ ਗਿਆ। ਇਹ ਜਿਹੜੀ ਸਟੇ ਵਾਲੀ ਗੱਲ ਹੈ ਕਿ ਜੇ ਕਿਸੇ ਨੂੰ ਤਕਲੀਫ ਹੋਵੇ, ਉਹ ਦੂਰ ਨਾ ਕੀਤੀ ਜਾਵੇ। (ਵਿਘਨ-ਸ਼ੋਰ)

ਮੈਨੂੰ ਸਮਝ ਨਹੀਂ ਆਉਂਦਾ ਕੀ ਇਨ੍ਹਾਂ ਨੂੰ ਜੋ ਤਕਲੀਫ ਹੈ ਉਹ ਕਿਸ ਤਰ੍ਹਾਂ ਦੂਰ ਕੀਤੀ ਜਾਵੇ। ਇਹ ਸਮਝਦੇ ਹਨ ਕਿ ਬਹੁਤਾ ਕੰਮ ਬੋਲਣ ਨਾਲ ਹੀ ਹੋ ਜਾਣਾ ਹੈ। (ਵਿਘਨ) ਕਈ ਟਰਾਂਸਫਰਜ਼ ਸਨ, ਜਿਹੜੀਆਂ ਐਡਮਿਸਟ੍ਰੇਟਿਵ ਗਰਾਊਂਡਸ ਤੇ ਕੀਤੀਆਂ ਗਈਆਂ। ਕੁਝ ਇਕ ਦੀਆਂ ਮਜਬੂਰੀਆਂ ਸੀ, ਤਕਲੀਫ ਸੀ ਉਨ੍ਹਾਂ ਨੂੰ ਰੋਕਿਆ ਵੀ ਗਿਆ। ਆਖਰ ਮੈਂ ਇਕ ਇਨਸਾਨ ਹਾਂ ਕੋਈ ਪਥੱਰ ਤਾਂ ਨਹੀਂ ਕਿ ਜੇਕਰ ਕਿਸੇ ਨੂੰ ਤਕਲੀਫ ਹੋਵੇ ਤਾਂ ਉਹ ਨਾ ਸੁਣਾਂ।

Original with;
Punjab Vidhan Sabha
Digitized by;
Panjab Digital Library

[ਮੁਖ ਮੰਤਰੀ]

ਇਕ ਏਥੇ ਕੌਂਸਲ ਦੇ ਸਵਾਲ ਮੁਤਾਲਿਕ ਵੀ ਜ਼ਿਕਰ ਹੋਇਆ । ਇਸ ਦੇ ਮੁਤਾਲਿਕ ਬੜੀਆਂ ਖੁਲ੍ਹਮ ਖੁਲ੍ਹਾ ਗੱਲਾਂ ਕੀਤੀਆਂ ਗਈਆਂ ਹਨ । ਸਰਦਾਰ ਹਰਿੰਦਰ ਸਿੰਘ, ਲੀਡਰ ਆਫ਼ ਦੀ ਅਪੋਜ਼ੀਸ਼ਨ, ਨੇ ਕਿਹਾ ਹੈ ਕਿ ਸਰਕਾਰ ਕੌਂਸਲ ਤੋੜਨ ਦੀਆਂ ਗੱਲਾਂ ਕਰਦੀ ਹੈ ਅਤੇ ਦੂਸਰੇ ਪਾਸੇ ਆਪਣੀ ਪਾਰਟੀ ਨੂੰ ਮੈਜਾਰਿਟੀ ਵਿਚ ਲਿਆਉਣ ਵਾਸਤੇ ਆਪਣੇ ਬੰਦੇ ਖੜ੍ਹੇ ਕਰ ਰਹੀ ਹੈ । ਜੇ ਤੋੜਨਾ ਚਾਹੁੰਦੇ ਹਨ ਤਾਂ ਇਲੈਕਸ਼ਨ ਦਾ ਬਾਈਕਾਟ ਕਰਨ ਜਿਥੋਂ ਤਕ ਗਵਰਨਮੈਂਟ ਦੀ ਪੁਜ਼ੀਸ਼ਨ ਦਾ ਸਵਾਲ ਹੈ, ਉਹ ਪਹਿਲਾਂ ਹੀ ਮੈਜਾਰਟੀ ਵਿਚ ਹੈ ਬਣਾਉਣ ਨਾ ਬਣਾਉਣ ਦਾ ਸਵਾਲ ਨਹੀਂ । ਪਰ ਗਵਰਨਮੈਂਟ ਮਹਿਸੂਸ ਕਰਦੀ ਹੈ ਕਿ ਸਟੇਟ ਐਕਸਚੇਕਰ ਤੇ ਐਸਾ ਬੋਝ ਹੈ ਜਿਸ ਦਾ ਜਨਤਾ ਨੂੰ ਕੋਈ ਵੀ ਲਾਭ ਨਹੀਂ । ਜਿਤਨਾ ਵੀ ਖਰਚ ਹੁੰਦਾ ਹੈ ਸਾਰਾ ਫਾਲਤੂ ਹੁੰਦਾ ਹੈ । ਜਦੋਂ ਇਹ ਇਸੇ ਹਾਊਸ ਦੀ ਇਸ ਤਰ੍ਹਾਂ ਬੈਠਦੇ ਹਨ, ਲਖਾਂ ਦੀ ਤਾਦਾਦ ਵਿਚੱ ਸਵਾਲ ਐਡਮਿਟ ਹੁੰਦੇ ਹਨ । ਇਹੋ ਵਜੀਰ ਬੈਠਦੇ ਹਨ ਬਹੁਤ ਸਾਰਾ ਟਾਈਮ ਜ਼ਾਇਆ ਹੁੰਦਾ ਹੈ ਪਰ ਇਨ੍ਹਾਂ ਨੂੰ ਕੋਈ ਵੀ ਤਾਮੀਰੀ ਇਖ-ਤਿਆਰ ਨਹੀਂ, ਸਿਵਾਏ ਨੁਕਤਾਚੀਨੀ ਦੇ । ਏਥੋਂ ਤਕ ਕਿ ਇਨ੍ਹਾਂ ਨੂੰ ਮਨੀਬਿਲ ਵਿਚ ਵੀ ਕਿਸੇ ਘਾਟੇ-ਵਾਧੇ ਦੇ ਕਰਨ ਦਾ ਇਖਤਿਆਰ ਨਹੀਂ, ਸਿਵਾਏ ਡੁਪਲੀਕੇਸ਼ਨ ਆਫ ਵਰਕ ਦੇ । ਜਿਸ ਵੇਲੇ ਅਸੈਂਬਲੀਜ਼ ਵਜੂਦ ਵਿਚ ਆਈਆਂ ਸਨ, ਲੋਕਾਂ ਦੀ ਉਸ ਵੇਲੇ ਹੀ ਰਾਏ ਸੀ ਕਿ ਇਹ ਦੋ ਅਸੈਂਬਲੀਆਂ ਹੋਣੀਆਂ ਹੀ ਨਹੀਂ ਚਾਹੀਦੀਆਂ । ਅਪਰ ਹਾਊਸ ਦੀ ਲੋੜ ਹੀ ਨਹੀਂ । ਇਹ ਰਹਿਣਾ ਨਹੀਂ ਚਾਹੀਦਾ । ਜਦੋਂ ਇਸ ਨੂੰ ਕੋਈ ਇਖਤਿਆਰ ਹੀ ਨਹੀਂ ਤਾਂ ਇਹ ਬਣਾਇਆ ਕਾਹਦੇ ਵਾਸਤੇ ਗਿਆ ਹੈ ਮੈਨੂੰ ਨਹੀਂ ਪਤਾ ਇਹ ਕਾਹਦੇ ਵਾਸਤੇ ਬਣਾਇਆ ਗਿਆ ਹੈ, ਪਰ ਇਤਨਾ ਜ਼ਰੂਰ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਅਪਰ ਹਾਊਸ ਵਿਚ ਲਿਆਕੇ ਉਨ੍ਹਾਂ ਨੂੰ ਉਧਰ ਲਿਆਉਣ ਦਾ ਇਕ ਸਾਧਨ ਇਹ ਬਣਿਆ ਹੋਇਆ ਹੈ ।

(ਇਕ ਮਾਨਯੋਗ ਮੈਂਬਰ : ਜਿਸਤਰਾਂ ਤੁਸੀਂ ਲਿਆਂਦਾ ਹੈ) । (ਹਾਸਾ) ਅਸੀਂ ਵੀ ਲਿਆਂਦਾ ਤੁਸੀਂ ਵੀ ਲਿਆਂਦਾ ਹੈ । ਮੈਨੂੰ ਆਸ ਹੈ ਸਪੀਕਰ ਸਾਹਿਬ.. ...(ਵਿਘਨ-ਸ਼ੋਰ)

**Mr. Speaker** : No interruption please.

**ਮੁੱਖ-ਮੰਤ੍ਰੀ** : ਸਪੀਕਰ ਸਾਹਿਬ, ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਜਦੋਂ ਲੀਡਰ ਆਫ਼ ਦੀ ਅਪੋਜ਼ੀਸ਼ਨ ਬੋਲ ਰਹੇ ਸੀ ਮੈਂ ਏਧਰੋਂ ਇਕ ਨੂੰ ਬੋਲਣ ਨਹੀਂ ਦਿਤਾ । ਇਹ ਪਤਾ ਨਹੀਂ ਹੁਣ ਕਿਉਂ ਬੇਲਗਾਮ ਹੋ ਗਏ ਹਨ (ਹਾਸਾ)

(ਮਾਸਟਰ ਗੁਰਬੰਤਾ ਸਿੰਘ ਨੂੰ ਇਸ਼ਾਰਾ ਕਰਦਿਆਂ) । ਤੁਹਾਡੀ ਮਾਸਟਰ ਜੀ ਜ਼ਿਮੇਵਾਰੀ ਹੈ ਇਸ ਵੇਲੇ । ਮੈਂ ਅਰਜ਼ ਕਰਾਂ ਕਿ ਅਗਰ ਤੁਸੀਂ ਦਿਆਨਤਦਾਰੀ ਨਾਲ ਹਲ ਕਰਨਾ ਚਾਹੁੰਦੇ ਹੋ ਇਸ ਹਮਲੇ ਨੂੰ, ਤਾਂ ਇਹ ਰੈਜ਼ੋਲਿਊਸ਼ਨ ਸਰਕਾਰ ਲਿਆਵੇਗੀ । ਡਾਂਗ ਸਾਹਿਬ ਨੂੰ ਅਸੀਂ ਵਾਪਸ ਲੈਣ ਵਾਸਤੇ ਰਿਕੁਐਸਟ ਕੀਤੀ ਸੀ । ਉਹ ਮੰਨ ਗਏ ਸਨ । ਹੁਣ ਸਾਡਾ ਫਰਜ਼ ਹੈ ਕਿ ਅਸੀਂ ਸਾਰੇ ਇਕਠੇ ਇਸ ਨੂੰ ਪਾਸ ਕਰੀਏ । ਇਸ ਮੁਤਾਲਿਕ ਕਿਸੇ ਵੀ ਪਾਰਟੀ ਨੂੰ ਵ੍ਹਿਪ ਨਹੀਂ ਦੇਣਾ ਚਾਹੀਦਾ । ਹਰ ਇਕ ਨੂੰ ਆਪੋ ਆਪਣੀ ਰਾਏ ਦੇਣ ਦੀ ਫਰੀਡਮ ਹੋਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬੰਤਾ ਸਿੰਘ :** ਸੀ. ਐਮ. ਸਾਹਿਬ ਤੁਸੀ ਕਲ੍ਹ ਨੂੰ ਲਿਆਓ ਅਸੀਂ ਤੁਹਾਡੇ ਨਾਲ ਹਾਂ।

**ਮੁੱਖ ਮੰਤਰੀ :** ਅਸੀਂ ਇਹ ਰੈਜ਼ੋਲਿਊਸ਼ਨ ਲਿਆ ਰਹੇ ਹਾਂ ਜੋ ਤੁਸੀਂ ਮਹਿਸੂਸ ਕਰਦੇ ਹੋ ਕਿ ਬੋਝ ਹੈ ਤਾਂ ਸਾਰੇ ਰਲ ਕੇ ਸਪੋਰਟ ਕਰੋ। (ਤਾੜੀਆਂ) ਮੈਂ ਅਰਜ਼ ਕਰਾਂ ਕਿ ਇਸ ਸਦਨ ਦੇ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਹਕ ਹੈ ਔਰ ਇਕ ਵਿਧਾਨਕ ਹਕ ਹੈ ਕਿ ਜੇ ਇਤਨੇ ਮੈਂਬਰਾਂ ਦੀ ਤੋੜਨ ਦੀ ਸਿਫਾਰਸ਼ ਹੋਵੇ ਤਾਂ ਇਹ ਤੋੜ ਦਿਤਾ ਜਾਵੇਗਾ, ਇਸ ਵਿਚੋਂ ਕਿਸੇ ਦੀ ਡਿਸਰਿਸਪੈਕਟ ਦਾ ਕੋਈ ਸਵਾਲ ਨਹੀਂ। ਹਰ ਮੈਂਬਰ ਨੂੰ ਹੱਕ ਹੈ ਕਿ ਉਹ ਇਸ ਸਬੰਧ ਵਿਚ ਬਗੈਰ ਝਿਜਕ ਦੇ ਵਿਚਾਰ ਦੇ ਸਕਦਾ ਹੈ।

ਚੰਡੀਗੜ੍ਹ, ਭਾਖੜਾ ਅਤੇ ਪੰਜਾਬੀ ਸਪੀਕਿੰਗ ਏਰੀਆ ਦੇ ਮੁਤਾਲਿਕ ਬੜੀਆਂ ਬੜੀਆਂ ਦਲੀਲਾਂ ਦੇ ਕੇ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੇ ਸਪੀਚਜ਼ ਕੀਤੀਆਂ ਹਨ। ਸਾਰਿਆਂ ਨੇ ਇਸ ਕਾਜ਼ ਨੂੰ ਸਪੋਰਟ ਕੀਤਾ ਹੈ ਕਿ ਇਹ ਇਲਾਕੇ ਪੰਜਾਬ ਨੂੰ ਮਿਲਣੇ ਚਾਹੀਦੇ ਹਨ ਮੈਨੂੰ ਖੁਸ਼ੀ ਹੈ ਕਿ ਸਾਡੀ ਇਕ ਯੂਨਾਨੀਮਸ ਮੰਗ ਹੈ। ਇਸ ਸਦਨ ਨੇ ਪਹਿਲਾਂ ਵੀ ਯੂਨਾਨੀਮਸਲੀ ਇਕ ਮਤਾ ਪਾਸ ਕੀਤਾ ਸੀ। ਮਾਸਟਰ ਜੀ ਨੂੰ ਪਤਾ ਹੀ ਹੋਵੇਗਾ ਕਿ ਰੀਜਨਲ ਕਮੇਟੀਜ਼ ਵੇਲੇ ਜਿਹੜੀ ਪੰਜਾਬ ਔਰ ਹਰਿਆਨੇ ਦੀ ਇਕ ਜੁਆਇੰਟ ਕਮੇਟੀ ਬਣੀ ਸੀ ਤਾਂ ਉਸ ਵੇਲ ਇਹ ਫੈਸਲਾ ਕੀਤਾ ਗਿਆ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ। ਇਸ ਤੋਂ ਬਾਦ ਕਮਿਸ਼ਨ ਨੇ, ਜਿਹੜੀ ਮੇਜਾਰਟੀ ਵਿਚ ਰਿਪੋਰਟ ਦਿੱਤੀ ਉਹ ਇਹ ਸੀ ਕਿ ਇਹ ਹਰਿਆਨੇ ਨੂੰ ਜਾਣਾ ਚਾਹੀਦਾ ਹੈ ਪਰ ਕਿਉਂ ਨਾ ਗਿਆ ਕਿਉਂਕਿ ਸੈਂਟਰ ਦੀ ਸਰਕਾਰ ਨੇ ਮਹਿਸੂਸ ਕੀਤਾ ਕਿ ਇਹ ਰਿਪੋਰਟ ਗਲਤ ਹੈ। ਇਸ ਤੋਂ ਬਾਅਦ ਪੰਜਾਬ ਅਤੇ ਹਰਿਆਨੇ ਦੋਹਾਂ ਸਰਕਾਰਾਂ ਨੇ ਇਸ ਝਗੜੇ ਦਾ ਨਿਪਟਾਰਾ ਕਰਨ ਲਈ ਸੈਂਟਰ ਦੇ ਪ੍ਰਾਈਮ ਮਨਿਸਟਰ ਨੂੰ ਸਾਲਸ ਮੰਨਿਆ। ਇਸ ਸਵਾਲ ਤੇ ਪ੍ਰਾਈਮ ਮਨਿਸਟਰ ਨੂੰ ਦੇਰ ਨਹੀਂ ਸੀ ਕਰਨੀ ਚਾਹੀਦੀ, ਇਕਦਮ ਕੋਈ ਨਾ ਕੋਈ ਫੈਸਲਾ ਦੇਣਾ ਚਾਹੀਦਾ ਸੀ। ਮੈਨੂੰ ਹੁਣ ਵੀ ਉਮੀਦ ਹੈ 100% ਕਿ ਇਹ ਫੈਸਲਾ ਸਾਡੇ ਹਕ ਵਿਚ ਹੀ ਹੋਵੇਗਾ ਅਸੀਂ ਹਾਰਦੇ ਨਹੀਂ (ਤਾੜੀਆਂ)

ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਸ਼ਤਾਬਦੀ ਦੇ ਮੁਤਾਲਿਕ ਲੀਡਰ ਆਫ ਦੀ ਅਪੋਜ਼ੀਸ਼ਨ ਨੂੰ ਹੋਰ ਤਾਂ ਕੋਈ ਨੁਕਸ ਲਭਾ ਨਹੀਂ ਇਹੋ ਲਭਾ ਕਿ ਇਸ ਐਡਰੈਸ ਵਿਚ ਗੁਰੂ ਸਾਹਿਬ ਦੀ ਸ਼ਤਾਬਦੀ ਦਾ ਜ਼ਿਕਰ ਦਸਵੇਂ ਪੈਰੇ ਤੇ ਕਿਉਂ ਕੀਤਾ ਹੈ। ਸਭ ਤੋਂ ਪਹਿਲਾਂ ਕਰਨਾ ਚਾਹੀਦਾ ਸੀ (ਹਾਸਾ)। ਇਹ ਬੇ ਮਤਲਬ ਜੇਹਾ ਇਤਰਾਜ਼ ਹੈ।

ਡਿਪਟੀ ਲੀਡਰ ਆਫ ਦੀ ਅਪੋਜ਼ੀਸ਼ਨ ਨੇ ਵੀ ਇਹ ਸੁਝਾਉ ਦਿੱਤਾ ਕਿ ਇਸ ਮੌਕੇ ਤੇ ਸਾਨੂੰ ਜਿਨ੍ਹਾਂ ਥਾਵਾਂ ਤੇ ਪੀਣ ਦਾ ਪਾਣੀ ਨਹੀਂ ਮਿਲਦਾ ਉਥੇ ਪ੍ਰਬੰਧ ਕਰਨਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਪੰਜਾਬ ਵਿੱਚ ਕੋਈ ਵੀ ਐਸੀ ਜਗ੍ਹਾ ਨਹੀਂ ਹੈ ਜਿਥੇ ਪੀਣ ਦਾ ਪਾਣੀ ਨਹੀਂ ਮਿਲਦਾ। ਡਿਪਟੀ ਲੀਡਰ ਤਾਂ ਪੰਜਾਬ ਦੇ ਵਜ਼ੀਰ ਰਹੇ ਹਨ, ਉਨ੍ਹਾਂ ਨੂੰ ਹੁਣ ਕਿਥੋਂ ਖਿਆਲ ਆ ਗਿਆ ਪੀਣ ਵਾਲੇ ਪਾਣੀ ਦਾ ਜਦੋਂ ਉਹ 5 ਸਾਲ ਵਜ਼ੀਰ ਰਹੇ ਤਾਂ ਕੀ ਸੁਤੇ ਰਹੇ ?

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਸ ਸਬੰਧ ਵਿਚ ਜਿਹੜੀ ਗੱਲ ਮੈਂ ਕਹਿਣੀ ਹੈ ਉਹ ਇਹ ਹੈ ਕਿ ਪ੍ਰੈਜ਼ੀਡੈਂਟ ਸਾਹਿਬ ਨੇ ਪਾਰਲੀਮੈਂਟ ਵਿੱਚ ਜਦੋਂ ਆਪਣਾ ਭਾਸ਼ਨ ਦਿੱਤਾ ਤਾਂ ਉਥੇ ਗਾਲਬ ਦੀ ਬਰਸੀ ਦੇ ਮੁਤਾਲਿਕ ਤਾਂ ਜ਼ਿਕਰ ਆਇਆ ਪਰ ਗੁਰੂ ਨਾਨਕ ਦੇਵ ਜੀ ਦੇ ਮੁਤਾਲਿਕ ਕੋਈ ਜ਼ਿਕਰ ਨਹੀਂ ਕੀਤਾ। ਇਸ ਮਾਮਲੇ ਤੇ ਸਾਨੂੰ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ ਕਿ ਸਾਨੂੰ ਇਸ ਮੁਆਮਲੇ ਤੇ ਵਿਚਾਰ ਕਰਨਾ ਚਾਹੀਦਾ ਹੈ।

**ਸਰਦਾਰ ਸੁਰਜੀਤ ਸਿੰਘ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਨੂੰ ਅਰਜ਼ ਕਰਾਂ ਕਿ ਇਸ ਮੁਆਮਲੇ ਦੇ ਮੁਤਾਲਿਕ ਸਾਨੂੰ ਇਕ ਰੈਜ਼ੋਲਿਊਸ਼ਨ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜਣਾ ਚਾਹੀਦਾ ਹੈ ਮੈਨੂੰ ਆਸ ਹੈ ਕਿ ਸਾਰੇ ਮੇਰੀ ਇਸ ਤਜਵੀਜ਼ ਨੂੰ ਪ੍ਰਵਾਨ ਕਰਨਗੇ। (ਤਾੜੀਆਂ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਕੁਝ ਇਕ ਦੋ ਗੱਲਾਂ ਰਹਿ ਗਈਆਂ ਹਨ ਉਨ੍ਹਾਂ ਦਾ ਵੀ ਮੈਂ ਏਥੇ ਜ਼ਿਕਰ ਕਰ ਦੇਣਾ ਮੁਨਾਸਿਬ ਸਮਝਦਾ ਹਾਂ ਏਥੇ ਸ਼੍ਰੀ ਸਤਪਾਲ ਡਾਂਗ ਨੇ ਰੀਲੀਫ ਦੇਣ ਦਾ ਜ਼ਿਕਰ ਕਿਤਾ ਹੈ ਅਤੇ ਇਨ੍ਹਾਂ ਦੀ ਤਾਈਦ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਕੀਤੀ ਹੈ। ਜੋ ਗੱਲਾਂ ਉਨ੍ਹਾਂ ਨੇ ਕਹੀਆਂ ਮੈਂ ਉਨ੍ਹਾਂ ਦਾ ਜ਼ਿਕਰ ਏਥੇ ਕਰਨਾ ਚਾਹੁੰਦਾ ਹਾਂ। ਅਤੇ ਉਨ੍ਹਾਂ ਦੇ ਸ਼ਕ ਦੂਰ ਕਰਨਾ ਚਾਹੁੰਦਾ ਹਾਂ।

ਪ੍ਰੋਗ੍ਰੈਸਿਵ ਨੈਸ਼ਨੇਲਾਈਜ਼ੇਸ਼ਨ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ। ਮੈਂ ਅਰਜ ਕਰਾਂ ਕਿ ਪਹਿਲੀ ਮਨਿਸਟਰੀ ਵੇਲੇ ਉਹ ਸਾਡੇ ਨਾਲ ਸ਼ਾਮਲ ਸੀ। ਉਹ ਚੰਗੀ ਤਰਾਂ ਜਾਣਦੇ ਹਨ ਕਿ ਐਸਾ ਸਾਡਾ ਕੋਈ ਇਰਾਦਾ ਨਹੀਂ ਹੈ ਕਿ ਨੈਸ਼ਨਲਾਈਜ਼ੇਸ਼ਨ ਨਾ ਕੀਤੀ ਜਾਵੇ ਪਰ ਇਸ ਸਬੰਧ ਵਿਚ ਜਿਹੜੀਆਂ ਦਿੱਕਤਾਂ ਆ ਰਹੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਦੀਆਂ ਸਕੀਮਾਂ ਸੋਚ ਰਹੇ ਹਾਂ।

ਬਾਰਡਰ ਏਰੀਆ ਦੇ ਮੁਤਾਲਿਕ ਵੀ ਇਕ ਕਮੇਟੀ ਮੁਕਰਰ ਕੀਤੀ ਗਈ ਸੀ ਜਿਸ ਨੇ ਕੁਝ ਸਿਫਾਰਸ਼ਾਂ ਕੀਤੀਆਂ ਹਨ। ਅਸੀਂ ਉਨ੍ਹਾਂ ਸਾਰੀਆਂ ਸਿਫਾਰਸ਼ਾਂ ਬਾਰੇ ਸੋਚ ਰਹੇ ਹਾਂ ਕਿ ਉਹ ਸਾਰੀਆਂ ਫੈਸਿਲਿਟੀਜ਼ ਜੋ ਕਮੇਟੀ ਨੇ ਰੀਕੁਮੈਂਡ ਕੀਤੀਆਂ ਹਨ ਉਹ ਬਾਰਡਰ ਏਰੀਆਂ ਨੂੰ ਦਿੱਤੀਆਂ ਜਾਣ ਇਥੇ ਬਿਰਲੇ ਦੇ ਸੀਡ ਫਾਰਮ ਬਾਰੇ ਵੀ ਕਿਹਾ ਗਿਆ ਹੈ। ਮੇਰੀ ਗੌਰਮਿੰਟ ਦੀ ਇਹ ਰਾਏ ਹੈ ਕਿ ਇਹ ਵਾਪਸ ਲੈ ਲੈਣੇ ਚਾਹੀਦੇ ਹਨ। (ਤਾੜੀਆਂ) ਪਿਛਲੀ ਵਾਰੀ ਜਦੋਂ ਡਾਂਗ ਸਾਹਿਬ ਵੀ ਮਨਿਸਟਰ ਸਨ ਤਾਂ ਮੈਂ ਇਹ ਹੁਕਮ ਲਿਖਿਆ ਸੀ ਕਿ ਕੰਪੈਂਸੇਸ਼ਨ ਦੇ ਕੇ ਉਹ ਜਮੀਨ ਲੈ ਲਈ ਜਾਵੇ। ਹੁਣ ਮੈਂ ਪੜਤਾਲ ਕਰਾਂਗਾ ਕਿ ਉਨ੍ਹਾਂ ਆਰਡਰਜ਼ ਦਾ ਕੀ ਬਣਿਆ ਹੈ। ਇਥੇ ਕਈ ਮੈਂਬਰਾਂ ਨੇ ਜਿਨ੍ਹਾਂ ਵਿਚ ਕਾਂਗਰਸ ਪਾਰਟੀ ਦੇ ਮੈਂਬਰ ਵੀ ਹਨ, ਇਹ ਕਿਹਾ ਹੈ ਕਿ ਲੋਕ ਆਪਣੀ ਬਲੈਕਮਨੀ ਛੁਪਾਣ ਵਾਸਤੇ ਜ਼ਮੀਨਾਂ ਖਰੀਦ ਲੈਂਦੇ ਹਨ। ਮੈਂ ਇਹ ਗੱਲ ਸਾਫ਼ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਅਜਿਹੇ ਲੋਕਾਂ ਦੀ ਕਦੇ ਇਮਦਾਦ ਕਰਨ ਵਾਸਤੇ ਤਿਆਰ ਨਹੀਂ ਹਾਂ। ਬਿਰਲੇ ਕੋਲ ਕਾਰਖਾਨੇ ਹਨ ਫੈਕਟਰੀਆਂ ਹਨ ਇਸ ਲਈ ਇਹ ਜ਼ਮੀਨ ਗਰੀਬ ਕਿਸਾਨਾਂ ਅਤੇ ਮੁਜ਼ਾਰਿਆਂ ਨੂੰ ਮਿਲਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਡਾਂਗ ਸਾਹਿਬ ਅਤੇ ਹੋਰ ਕਈ ਮੈਂਬਰਾਂ ਨੇ ਦਫ਼ਾ 207, 151 ਬਾਰੇ ਕਿਹਾ ਹੈ। ਮੈਂ ਇਸ ਬਾਰੇ ਗਲ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਇਹ ਪਾਵਰ ਜੁਡੀਸ਼ਲ ਮੈਜਿਸਟਰੇਟਾਂ ਕੋਲ ਦੇ ਦੇਣੀ ਹੈ (ਤਾੜੀਆਂ) ਐਗਜ਼ੈਕਟਿਵ ਕੋਲ ਨਹੀਂ ਰਹਿਣ ਦੇਣੀ। (ਤਾੜੀਆਂ) ਅਗੇ ਸਰਕਾਰਾਂ ਨੂੰ ਇਨ੍ਹਾਂ ਦੀ ਟੈਮਪਟੇਸ਼ਨ ਹੁੰਦੀ ਸੀ ਲੋਕਾਂ ਨੂੰ ਡਰਾਉਣ ਲਈ ਜਾਂ ਦਬਾਉਣ ਲਈ ਪਰ ਇਸ ਸਰਕਾਰ ਨੂੰ ਕੋਈ ਐਸੀ ਟੈਮਪਟੇਸ਼ਨ ਨਹੀਂ ਹੈ। ਇਸ ਲਈ ਇਹ ਅਧਿਕਾਰ ਜੁਡੀਸ਼ਲ ਮੈਜਿਸਟ੍ਰੇਟਾਂ ਨੂੰ ਦੇ ਦਿਆਂਗਾ (ਵਿਘਨ) (ਸਰਦਾਰ ਤਰਲੋਚਨ ਸਿੰਘ ਰਿਆਸਤੀ ਨੇ ਕੁਝ ਬੈਠੇ ਬੈਠੇ ਕਿਹਾ ਜੋ ਸੁਣਿਆ ਨਾ ਜਾ ਸਕਿਆ) ਕਈ ਲੋਕ ਬੜੇ ਮੂੰਹ ਅਤੇ ਛੋਟੀ ਬਾਤ ਵਾਲੀ ਗਲ ਕਰਦੇ ਹਨ (ਹਾਸਾ) ਉਹ ਗਲ ਤਾਂ ਛੋਟੀ ਕਰਦੇ ਹਨ ਪਰ ਮੂੰਹ ਬਹੁਤ ਖੋਲ ਲੈਂਦੇ ਹਨ। ਉਹ ਸਾਰੀ ਉਮਰ ਵਕਾਲਤ ਹੀ ਕਰਦੇ ਰਹੇ ਪਰ ਜਜ ਤਾਂ ਨਾ ਬਣ ਸਕੇ।

**ਇਕ ਮਾਨਯੋਗ ਮੈਂਬਰ :** ਪਰ ਉਹ ਤਾਂ ਵਕਾਲਤ ਪਾਸ ਹੀ ਨਹੀਂ ਹਨ।

**ਮੁੱਖ ਮੰਤਰੀ :** ਮੈਨੂੰ ਨਹੀਂ ਸੀ ਪਤਾ। ਚਲੋ ਹੁਣ ਪਤਾ ਲਗ ਗਿਆ ਹੈ। (ਹਾਸਾ)

**ਮਾਸਟਰ ਗੁਰਬੰਤਾ ਸਿੰਘ :** ਜੁਡੀਸ਼ਲ ਮੈਜਿਸਟ੍ਰੇਟ ਵੀ ਤਾਂ ਦੇਵਤੇ ਨਹੀਂ।

**ਮੁੱਖ ਮੰਤਰੀ :** ਜੇ ਮੁਲਕ ਦੇ ਲੋਕਾਂ ਦਾ ਇਖਲਾਕ ਇਤਨਾ ਹੀ ਗਿਰ ਜਾਵੇ ਤਾਂ ਮੈਂ ਕੀ ਕਰ ਸਕਦਾ ਹਾਂ।

ਫਿਰ ਸਪੀਕਰ ਸਾਹਿਬ, ਇਥੇ ਪੰਚਾਇਤੀ ਰਾਜ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਇਸ ਬਾਰੇ ਬਹੁਤ ਗਲਤਫਹਿਮੀਆਂ ਫੈਲਾਈਆਂ ਗਈਆਂ ਹਨ। ਇਸ ਨੂੰ ਇੰਮਪਰੂਵ ਕਰਨਾ ਹੋਇਆ ਤਾਂ ਵੀ ਲੋਕਾਂ ਦੀ ਮਰਜ਼ੀ ਤੋਂ ਬਗੈਰ ਨਹੀਂ ਕੀਤਾ ਜਾ ਸਕਦਾ ਅਤੇ ਜੇ ਹਟਾਉਣਾ ਹੋਇਆ ਤਾਂ ਵੀ ਲੋਕਾਂ ਦੀ ਮਰਜ਼ੀ ਤੋਂ ਬਗੈਰ ਹਟਾਇਆ ਨਹੀਂ ਜਾਵੇਗਾ (ਤਾੜੀਆਂ) ਜਿਥੋਂ ਤਕ ਮੇਰੀ ਰਾਏ ਦਾ ਤਾਅਲੁੱਕ ਹੈ ਮੈਂ ਹੁਣ ਵੀ ਕਹਿੰਦਾ ਹਾਂ ਕਿ ਪੰਚਾਇਤਾਂ ਦਾ ਕੰਮ ਬੜਾ ਡਿਫੈਕਟਿਵ ਹੈ ਅਤੇ ਬਲਾਕ ਸੰਮਤੀਆਂ ਦੀ ਬਿਲਕੁਲ ਲੋੜ ਨਹੀਂ ਹੈ, ਇਨ੍ਹਾਂ ਨੂੰ ਹਰ ਹਾਲਤ ਵਿਚ ਖਤਮ ਕਰ ਦੇਣਾ ਚਾਹੀਦਾ ਹੈ। ਥਰੀ. ਟਾਇਰ ਸਿਸਟਮ ਦੀ ਥਾਂ ਤੇ ਟੂ ਟਾਇਰ ਸਿਸਟਮ ਵੀ ਅਜ਼ਮਾਇਆ ਜਾ ਸਕਦਾ ਹੈ। ਸ੍ਰੀ ਐਸ ਕੇ ਡੇ. ਨੇ ਵੀ ਮੇਰੇ ਨਾਲ ਡਿਸਕਸ਼ਨ ਵਿਚ ਮੰਨਿਆ ਹੈ ਕਿ ਇਸ ਪੰਚਾਇਤੀ ਸਿਸਟਮ ਵਿਚ ਬਹੁਤ ਡਿਫੈਕਟਿਵ ਵਰਕਿੰਗ ਹੋ ਰਹੀ ਹੈ। ਉਹ ਇਸ ਦੇ ਬਾਨੀ ਹਨ। ਫਿਰ ਵੀ ਮੈਂ ਕਹਿੰਦਾ ਹਾਂ ਕਿ ਲੋਕਾਂ ਦੀ ਮਰਜ਼ੀ ਤੋਂ ਬਿਨਾਂ ਕੁਝ ਨਹੀਂ ਕੀਤਾ ਜਾਵੇਗਾ। ਇਸ ਨੂੰ ਉੜਾ ਦੇਣ ਦਾ ਹੀ ਸਵਾਲ ਨਹੀਂ ਸਗੋਂ ਇਸ ਨੂੰ ਠੀਕ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ। ਮੈਂ ਇਨ੍ਹਾਂ ਨੂੰ ਅਸਲੀ ਤਾਕਤ ਦੇਣੀ ਚਾਹੁੰਦਾ ਹਾਂ; ਨਕਲੀ ਤਾਕਤ ਨਹੀਂ ਦੇਣੀ ਚਾਹੁੰਦਾ ਹੁਣ ਇਨ੍ਹਾਂ ਕੋਲ ਕੋਈ ਤਾਕਤ ਨਹੀਂ। ਟੈਕਸੇਸ਼ਨ ਲਗਾਣ ਦੀ ਤਾਕਤ ਇਨ੍ਹਾਂ ਕੋਲ ਨਹੀਂ। ਹੋਰ ਕਈ ਲੋਕਾਂ ਦਾ ਫਾਇਦਾ ਇਹ ਨਹੀਂ ਕਰ ਸਕਦੀਆਂ। ਕਾਂਗਰਸੀਆਂ ਨੇ ਇਨ੍ਹਾਂ ਨੂੰ ਆਪਣੀ ਸਿਆਸੀ ਖੇਡ ਬਣਾਇਆ ਹੋਇਆ ਸੀ। ਮੈਂ ਚਾਹੁੰਦਾ ਹਾਂ ਕਿ ਇਹ ਲੋਕਾਂ ਨੂੰ ਕੋਈ ਫਾਇਦਾ ਪਹੁੰਚਾ ਸਕਣ। ਇਸ ਲਈ ਮੈਂ ਬਲਾਕ ਸਮਿਤੀਆਂ ਨੂੰ ਬਿਲਕੁਲ ਖਤਮ ਕਰਨ ਦੀ ਰਾਏ ਰਖਦਾ ਹਾਂ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ]

ਇਕ ਹੋਰ ਗਲ ਮੈਂ ਸਾਫ਼ ਕਰਨੀ ਚਾਹੁੰਦਾ ਹਾਂ। ਉਹ ਗਲ ਹੈ 4 ਕਰੋੜ ਰੁਪਏ ਦੀ। ਬਦਕਿਸਮਤੀ ਨਾਲ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਨੇ ਜੋ ਕੁਝ ਕਿਹਾ ਸੀ ਉਹ ਮਨਾਸਬ ਨਹੀਂ ਸੀ ਕਿ ਅਸੀਂ ਇਸ ਲਈ ਰੁਪਿਆ ਛਡਿਆ ਹੈ ਕਿ ਅਸੀਂ ਸ਼ਰਾਬ ਦੇ ਠੇਕੇਦਾਰਾਂ ਤੋਂ 15 ਲਖ ਰੁਪਿਆ ਲਿਆ ਹੈ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਅਗਰ ਇਕ ਪੈਸਾ ਵੀ ਮੈਂ ਜਾਂ ਇਸ ਸਰਕਾਰ ਨੇ ਲਿਆ ਹੋਵੇ ਤਾਂ ਮੈਂ ਅਸਤੀਫਾ ਦੇ ਦਿਆਂਗਾ।

ਉਨ੍ਹਾਂ ਦੀ ਪੁਜ਼ੀਸ਼ਨ ਦੇ ਬੰਦੇ ਨੂੰ ਇਸ ਤਰ੍ਹਾਂ ਨਹੀਂ ਸੀ ਕਹਿਣਾ ਚਾਹੀਦਾ। ਪਰ ਫਿਰ ਵੀ ਉਹ ਹਾਊਸ ਤੋਂ ਬਾਹਰ ਇਹ ਸਟੇਟਮੈਂਟ ਦੇ ਕੇ ਦੇਖਣ ਮੈਂ ਫਿਰ ਜੋ ਪ੍ਰਾਸੀਕਿਊਸ਼ਨ ਕਰਨੀ ਹੋਵੇਗੀ ਕਰ ਲਵਾਂਗਾ। (ਵਿਘਨ) (ਸ਼ੋਰ)

**Dr. Amir Singh Kalkat** : Dr. Jagjit Singh, Ex-Finance Minister of the Janta Party, alleges that 25 Lakh Rupees have been accepted by the Government.

**ਮੁੱਖ ਮੰਤਰੀ** : ਮੈਂ ਡਾਕਟਰ ਜਗਜੀਤ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਹ ਪਹਿਲਾਂ ਬਿਆਨ ਵੀ ਐਗਜ਼ਾਮਿਨ ਕਰ ਲਵਾਂਗਾ। ਪਰ ਕਾਂਗਰਸ ਦੇ ਡਿਪਟੀ ਲੀਡਰ ਨੇ ਇਹ ਗਲ ਇਥੇ ਸਦਨ ਵਿਚ ਉਠ ਕੇ ਆਖੀ ਹੈ ਕਿ ਮੈਂ ਇਹ ਪੈਸਾ ਲਿਆ ਹੈ ਮੈਂ ਇਸ ਚੈਲੈਂਜ ਦਿੰਦਾ ਹਾਂ ਕਿ ਜੇ ਉਹ ਸਾਬਤ ਕਰ ਦੇਣ ਤਾਂ ਮੈਂ ਅਸਤੀਫ਼ਾ ਦੇ ਕੇ ਇਥੋਂ ਚਲਿਆ ਜਾਵਾਂਗਾ ਅਤੇ ਜੇਕਰ ਸਾਬਤ ਨਾ ਕਰ ਸਕਣ ਤਾਂ ਉਨ੍ਹਾਂ ਦੀ ਜਗ੍ਹਾਂ ਇਥੇ ਨਹੀਂ ਹੋਣੀ ਚਾਹੀਦੀ। (ਵਿਘਨ) (ਸ਼ੋਰ)

**ਸ਼੍ਰੀ ਗੁਰਦਿਆਲ ਸੈਣੀ** : x x x x x x

**ਸ਼੍ਰੀ ਸਪੀਕਰ** : ਸੈਣੀ ਸਾਹਿਬ, ਬੈਠ ਜਾਓ। (The hon. Member. Mr. Saini may please resume his seat)

**ਸ਼੍ਰੀ ਗੁਰਦਿਆਲ ਸੈਣੀ** : x x x x x x

(ਇਸ ਵੇਲੇ ਮਾਸਟਰ ਗੁਰਬੰਤਾ ਸਿੰਘ ਬੋਲਣ ਲਈ ਖੜੇ ਹੋਏ)

**ਸ਼੍ਰੀ ਸਪੀਕਰ** : ਬੈਠ ਜਾਉ ਬੈਠ ਜਾਓ। ਮਾਸਟਰ ਜੀ, ਤੁਸੀਂ ਵੀ ਬੈਠ ਜਾਓ। ਸ਼੍ਰੀ ਗੁਰਦਿਆਲ ਸੈਣੀ ਨੇ ਜੋ ਕੁਝ ਵੀ ਕਿਹਾ ਹੈ ਉਹ ਐਕਸਪੰਜ ਕਰ ਦਿਤਾ ਜਾਵੇ। (The Member may please resume his seat. Master Ji may also resume his seat. Whatever has been stated by the hon. Member Shri Gurdial Saini, stands expunged)

**ਸ਼੍ਰੀ ਗੁਰਦਿਆਲ ਸੈਣੀ** : x x x x x

---

*Expunged as orderd by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਸਾਰੇ ਸ਼ਬਦ ਐਕਸਪੰਜ ਕਰ ਦਿਤੇ ਜਾਣ (All these words should be expunged.)

**चौधरी बलबीर सिंह।** अध्यक्ष महोदय, इस सदन में चैलेंज ग्रौर काऊंटर चैलेंज हुए ग्रौर ग्रापने कारवाई से एक्सपंज करने का हुक्म दे दिया है। लेकिन यह नहीं होने चाहिए था। क्योंकि यहाँ चलेंज ग्रौर काऊंटर चैलेंज होते रहते हैं। ग्राप पिछली कारवाई को देख सकते हैं। प्रबोध जी के वक्त में भी ऐसा ही होता था। चैलेंज कांग्रेस की बेंचों से भी दिये जाते थे ग्रौर दूसरी तरफ से भी लेकिन कोई ग्रक्सपंज नहीं करता था। (शोर) (विघन)

**श्री ग्रध्यक्ष :** ग्राप बैठ जाएं (The hon. Member may please sit down.)

**चौधरी बलबीर सिंह :** ग्रध्यक्ष महोदय मैं ग्राप को रिकार्ड दिखा सकता हूँ। ग्राप इस पर किसी दिन डिसकसन रख लें। (शोर) (विघ्न) ग्राप इन ग्रलफाज़ को ग्रक्सपंज न करें। (विघन)

**श्री ग्रध्यक्ष :** चौधरी साहिब, इन्होंने without the permission of the Chair. जो कुछ कहा है वह ऐक्सपज किया है।

[Addressing Chaudhri Balbir Singh : Whatever the hon. Member has said without the permission of the Chair has been expunged ]

**ਸਰਦਾਰ ਗੁਰਬੰਤਾ ਸਿੰਘ :** ਆਨ ਦੇ ਪੁਆਇੰਟ ਆਫ਼ ਆਰਡਰ ਸਰ। ਸਪੀਕਰ ਸਾਹਿਬ ਏਥੇ ਦੋ ਗੱਲਾਂ ਹੋਈਆਂ ਹਨ। ਮੈਨੂੰ ਵੀ, ਸਪੀਕਰ ਸਾਹਿਬ 20-22 ਸਾਲ ਦਾ ਤਜਰਬਾ ਹੈ ......

**ਸ਼੍ਰੀ ਸਪੀਕਰ :** ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ। (It is no point of order)

**ਸਰਦਾਰ ਗੁਰਬੰਤਾ ਸਿੰਘ :** ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਇਥੇ ਰਿਵਾਜ ਨਹੀਂ ਕਿ ਜਿਹੜੀ ਗੰਦੀ ਗੱਲ ਨਾ ਹੋਵੇ ਉਸ ਨੂੰ ਵੀ ਐਕਸਪੰਜ ਕਰ ਦਿਤਾ ਜਾਵੇ। ਦੂਸਰੀ ਅਰਜ਼ ਇਹ ਹੈ ਕਿ ..... (ਵਿਘਨ) (ਸ਼ੋਰ) ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਕੁਝ ਇਲਜ਼ਾਮ ਲਗਾਏ ਹਨ ਅਤੇ ਚੀਫ਼ ਮਨਿਸਟਰ ਸਾਹਿਬ ਨੇ ਇਹ ਚੈਲੈਂਜ ਕੀਤਾ ਹੈ ਕਿ ਜੇ ਉਹ ਇਲਜ਼ਾਮ ਸਾਬਤ ਹੋ ਜਾਣ ਤਾਂ ਮੈਂ ਅਸਤੀਫ਼ਾ ਦੇ ਦਿਆਂਗਾ। ਇਹ ਚੈਲੈਂਜ ਸੈਣੀ ਸਾਹਿਬ ਨੇ ਕਬੂਲ ਕਰ ਲਿਆ ਹੈ (ਇਸ ਵੇਲੇ ਸਰਕਾਰੀ ਬੈਂਚਾਂ ਤੋਂ ਬੈਠ ਜਾਓ ਦੀਆਂ ਅਵਾਜ਼ਾਂ ਆ ਰਹੀਆਂ ਸਨ) ਸਪੀਕਰ ਸਾਹਿਬ, ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਇਸ ਸਬੰਧ ਵਿਚ ਇਕ ਇਨਕੁਆਇਰੀ ਕਮੇਟੀ ਬਣਾ ਦਿਤੀ ਜਾਵੇ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਮਾਸਟਰ ਸਾਹਿਬ ਤੁਸੀਂ ਮਿਹਰਬਾਨੀ ਕਰਕੇ ਬੈਠ ਜਾਓ । (The hon. Member Master Gurbanta Singh may please resume his seat.)

**ਮੁੱਖ ਮੰਤਰੀ :** ਇਸ ਦੇ ਮੁਤਾਲਿਕ ਕੁਝ ਵਾਕਿਆਤ ਦਸਣਾ ਚਾਹੁੰਦਾ ਹਾਂ ।

ਇਸ ਸਮੇਂ ਸਰਦਾਰ ਗੁਰਬੰਤਾ ਸਿੰਘ ਅਤੇ ਸ੍ਰੀ ਸੈਣੀ ਨੇ ਖੜੇ ਹੋ ਕੇ ਸਪੀਕਰ ਸਾਹਿਬ ਤੋਂ ਕੁਝ ਬੋਲਣ ਲਈ ਇਜਾਜ਼ਤ ਮੰਗੀ ।) (ਸ਼ੋਰ)

**ਮੁੱਖ ਮੰਤਰੀ :** ਮੈਂ ਨਹੀਂ ਗਿਵ ਵੇ ਕਰਦਾ 1966-67 ਵਿਚ ਕੰਟਰੀ ਲਿੱਕਰ ਦਾ ਕੋਟਾ 53 ਲਖ ਪਰੂਫ ਲਿਟਰਜ਼ ਸੀ ਜਿਹੜਾ ਕੇ 1967-68 ਵਿਚ ਵੱਧ ਕੇ 80 ਲੱਖ ਪਰੂਫ ਲਿਟਰਜ ਹੋ ਗਿਆ (ਸ਼ੋਰ) । 1968-69 ਲਈ ਨਿਲਾਮੀਆਂ ਹੋਈਆਂ ਲੇਕਿਨ ਇਹ ਨੀਲਾਮੀਆਂ ਪੰਜਾਬ ਅਤੇ ਹਰਿਆਨਾ ਹਾਈ ਕੋਰਟ ਨੇ ਬੰਦ ਕਰਾ ਦਿੱਤੀਆਂ ਕਿ ਨਿਲਾਮੀਆਂ ਦਾ ਇਹ ਤਰੀਕਾ ਅਨਕਾਨਸਟੀਚੂਸ਼ਨਲ ਸੀ । ਫੇਰ ਠੇਕੇ ਦਿਤੇ ਗਏ ਅਤੇ ਵਧ ਤੋਂ ਵਧ ਲਿੱਕਰ ਦਾ ਕੋਟਾ 1968-69 ਵਾਸਤੇ 1-20 ਕਰੋੜ ਪਰੂਫ ਲਿਟਰਜ਼ ਮੁਕੱਰਰ ਕੀਤਾ ਗਿਆ । ਫੇਰ ਨਿਲਾਮੀਆਂ ਕੀਤੀਆਂ ਗਈਆਂ ਅਤੇ 28 ਕਰੋੜ ਰਪਏ ਦੀਆਂ ਬੋਲੀਆਂ ਹੋਈਆਂ ਜਿਹੜੀਆਂ ਕਿ ਉਸ ਤੋਂ ਪਿਛਲੇ ਸਾਲ 14 ਕਰੋੜ ਰੁਪਏ ਦੀਆਂ ਹੋਇਆਂ ਸਨ । ਇਹ ਬੋਲੀਆਂ ਤਾਂ ਵਧੀਆਂ ਕਿ ਠੇਕੇਦਾਰਾਂ ਨੇ ਸੋਚਿਆ ਕਿ ਸਰਕਾਰ ਲਿੱਕਰ ਦਾ ਕੋਟਾ ਉਨ੍ਹਾਂ ਨੂੰ ਸਪਲਾਈ ਨਹੀਂ ਕਰ ਸਕੇਗੀ ਜਾਂ ਲਿੱਕਰ ਦੇ ਕੋਟੇ ਵਿਚ ਸਰਕਾਰ reduction ਕਰੇਗੀ ਜਿਸ ਕਾਰਨ ਉਨ੍ਹਾਂ ਨੂੰ ਲਾਈਸੈਂਸ ਫੀ ਘਟ ਦੇਣੀ ਪਏਗੀ । ਪਰ ਇਸ ਤਰ੍ਹਾਂ ਨਾ ਹੋਇਆ ਕਿਉਂਕਿ ਸਰਕਾਰ ਲਿੱਕਰ ਸਪਲਾਈ ਕਰਨ ਦੀ ਪੁਜ਼ੀਸ਼ਨ ਵਿਚ ਸੀ । ਇਸ ਕਾਰਨ ਠੇਕੇਦਾਰਾਂ ਨੇ ਗੌਰਮੈਂਟ ਦੇ ਖਿਲਾਫ ਹੋਲਸੇਲ ਲਿਟੀਗੇਸ਼ਨ ਪੰਜਾਬ ਅਤੇ ਹਰਿਆਨਾ ਹਾਈ ਕੋਰਟ ਰਾਹੀਂ ਕਰਨੀਆਂ ਸ਼ੁਰੂ ਕਰ ਦਿਤੀਆਂ ਤਾਂ ਜੋ ਉਨ੍ਹਾਂ ਨੂੰ ਕੁਝ ਰੀਲੀਫ ਮਿਲ ਸਕੇ । ਹਾਈ ਕੋਰਟ ਵਿਚੋਂ ਜਦੋਂ ਉਨ੍ਹਾਂ ਨੂੰ ਕੁਝ ਨਾ ਮਿਲਿਆ ਤਾਂ ਉਨ੍ਹਾਂ ਨੇ ਆਪਣੀ ਸੇਲ ਵਧਾਉਣ ਵਾਸਤੇ ਲਿਕਰ ਨੂੰ, ਜਿਸ ਦੀ ਕੀਮਤ ਦਸ ਰੁਪਏ ਬੋਤਲ ਮੁਕੱਰਰ ਸੀ, ਘਟ ਕੀਮਤ ਤੇ ਵੇਚਣਾ ਸ਼ੁਰੂ ਕਰ ਦਿਤਾ । ਇਹਦੇ ਨਾਲ ਵੀ ਉਨ੍ਹਾਂ ਦੀ ਪੁਜ਼ੀਸ਼ਨ ਠੀਕ ਨਾ ਹੋਈ । ਨਤੀਜਾ ਇਹ ਹੋਇਆ ਕਿ ਠੇਕੇਦਾਰਾਂ ਨੂੰ ਕਾਫੀ ਨੁਕਸਾਨ ਹੋਇਆ ਔਰ ਗੌਰਮਿਂਟ ਨੂੰ ਲੱਖਾਂ ਰੁਪਏ ਬਤੌਰ ਲਾਈਸੈਂਸ ਫੀਸ ਦੇ ਉਨ੍ਹਾਂ ਵਲੋਂ ਨਾ ਮਿਲਨ ਕਰਕੇ ਏਰੀਅਰਜ਼ ਵਿਚ ਰਹਿ ਗਏ । ਲਾਈਸੰਸ ਫੀਸ ਦੀ ਰਿਕਵਰੀ ਕਰਨ ਵਾਸਤੇ ਸਰਕਾਰ ਨੇ ਕਈ ਠੇਕੇਦਾਰਾਂ ਦੀਆਂ ਕੁਰਕੀਆਂ ਵੀ ਕੀਤੀਆਂ । ਪਰ ਇਸ ਨਾਲ ਉਨ੍ਹਾਂ ਦੇ ਹੌਂਸਲੇ ਟੁਟ ਗਏ ਅਤੇ ਉਨ੍ਹਾਂ ਨੇ ਸਰਕਾਰ ਕੋਲੋਂ ਰਿਲੀਫ ਦੀ ਮੰਗ ਕੀਤੀ । ਮਹਿਕਮੇ ਨੇ ਸਿਫਾਰਸ਼ ਕੀਤੀ ਕਿ ਕੇਸ ਦੇ ਸਾਰੇ ਹਾਲਾਤ ਨੂੰ ਵੇਖਦੇ ਹੋਏ ਇਹ ਰਿਲੀਫ ਲੈਣ ਦੇ ਹੱਕਦਾਰ ਹਨ । ਕੈਬਨਿਟ ਲੈਵਲ ਤੇ ਇਨ੍ਹਾਂ ਸਿਫਾਰਸ਼ਾਂ ਨੂੰ ਮੁਖ ਰਖਦੇ ਹੋਏ ਹੇਠ ਲਿਖੇ ਅਨੁਸਾਰ ਰੀਲੀਫ ਦੇਣ ਦਾ ਫੈਸਲਾ ਕੀਤਾ ਗਿਆ ।

The recommendations of the Department were considered at the Cabinet level and approved and the following relief was given :—

Original with;
Punjab Vidhan Sabha
Digitized by;
Panjab Digital Library

(i) Those licensces who pay upto 80% of the total licence fee, due from them, by 31st March, 1969, will be entitled to 15% remission of their licence fee.

(ii) Those licensees who pay between 75% to 80% of the total licence fee, due from them, by 31st march, 1969, will be entitled to remission in the same proportion as the amount of fee paid by them falls short of the level of 8%

(iii) No licensee who has not paid at least 75% of the total fee, due from him, upto 31st March, 1969, will be entitled to the proposed remission.

(iv) Only those licensees will be entitled to this remission who withdraw all litigation in the form of civil suits, writ petition, appeals in the Supreme Court, etc., etc.

(v) The balance amount of arrears will be recovered according to the normal process of law.

**Mr. Speaker :** I request the Chief Minister to please conclude.

**ਮੁੱਖ ਮੰਤਰੀ :** ਇਸ ਰੀਲੀਫ ਦੇ ਦੇਣ ਨਾਲ ਉਮੀਦ ਹੈ ਕਿ ਗਿਆਰਾਂ ਕਰੋੜ ਦੇ ਏਰੀਅਰਜ਼ ਵਿਚੋਂ ਸਤ ਕਰੋੜ ਰੁਪਿਆ ਇਸ ਮਹੀਨੇ ਦੇ ਅਖੀਰ ਤਕ ਰਿਕਵਰ ਹੋ ਜਾਏਗਾ। 28 ਕਰੋੜ ਦੀ ਕੁਲ ਰਕਮ ਵਿਚੋਂ ਇਸ ਰਿਲੀਫ ਦੇਣ ਤੋਂ ਪਹਿਲਾਂ ਸਿਰਫ 17 ਕਰੋੜ ਰੁਪਿਆ ਇਕੱਠਾ ਹੋਇਆ ਸੀ। ਇਸ ਤਰ੍ਹਾਂ ਨਾਲ ਕੁਲ ਰਿਕਵਰੀ ਹੋਣ ਦੀ ਰਕਮ 24 ਕਰੋੜ ਰੁਪਿਆ ਹੋ ਜਾਏਗੀ। ਇਸ ਤਰ੍ਹਾਂ ਨਾਲ ਸਰਕਾਰ ਨੂੰ ਵਧ ਤੋਂ ਵਧ ਰਿਕਵਰੀ ਵੀ ਹੋ ਗਈ ਅਤੇ ਠੇਕੇਦਾਰਾਂ ਨੂੰ ਰਿਲੀਫ ਮਿਲਨ ਨਾਲ ਉਹ ਅਗੇ ਨੂੰ ਬਿਜ਼ਨੈਸ ਵਿਚ ਲਗੇ ਰਹਿਣਗੇ ਜਿਸ ਨਾਲ ਸਟੇਟ ਦੇ ਰੈਵੇਨਿਯੂ ਵਿਚ ਵਾਧਾ ਹੋਵੇਗਾ।

ਇਸ ਲਈ, ਸਪੀਕਰ ਸਾਹਿਬ, ਉਪ੍ਰੋਕਤ ਸਭ ਚੀਜ਼ਾਂ ਨੂੰ ਮੁੱਖ ਰਖਦੇ ਹੋਏ ਇਹ ਰੀਲੀਫ ਦਿੱਤਾ ਗਿਆ।

ਹਰੀਜਨਾਂ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਜਟ ਵਿਚੋਂ ਬਹੁਤ ਕੁਝ ਆ ਗਿਆ ਹੈ। ਹਰੀਜਨਾ ਨੂੰ ਜ਼ਮੀਨ ਲੌਟਰੀ ਦੇ ਜ਼ਰੀਏ ਦਿਤੀ ਜਾਵੇਗੀ। ਇਸ ਸੰਬੰਧੀ ਜਿਹੜੀ ਕਮੇਟੀ ਹੋਏਗੀ ਉਸ ਵਿੱਚ ਹਰੀਜਨਾਂ ਦੇ ਮੈਂਬਰ ਹੋਣਗੇ। ਜ਼ਮੀਨਾਂ ਨੂੰ ਨਿਲਾਮੀ ਵਿੱਚ ਦੇਣ ਦਾ ਕੰਮ ਹਰੀਜਨਾਂ ਦੇ ਹਿੱਤ ਵਿੱਚ ਨਹੀਂ ਹੋਏਗਾ ਕਿਉਂਕਿ ਇਸ ਨਾਲ ਵਡੇ ਜ਼ਿਮੀਦਾਰ ਇਨ੍ਹਾਂ ਦੇ ਨਾਉ ਤੇ ਆਪ ਜ਼ਮੀਨਾਂ ਖਰੀਦ ਲੈਂਦੇ ਹਨ। (ਸ਼ੋਰ) ਮੈਂ ਇਹ ਵੀ ਕਹਿੰਦਾ ਹਾਂ ਕਿ ਦੋਵੇਂ ਪਾਸਿਆਂ ਦੇ ਹਰੀਜਨ ਮੈਂਬਰ ਆ ਕੇ ਮੈਨੂੰ ਮਿਲ ਲੈਣ। ਜੋ ਕੁਝ ਮੈਂ ਉਨ੍ਹਾਂ ਦੇ ਹਿੱਤ ਲਈ ਕਰ ਸਕਿਆ, ਕਰਾਂਗਾ। (ਸ਼ੋਰ)

Original with;
Punjab Vidhan Sabha
Digitized by;
Panjab Digital Library

**ਚੌਧਰੀ ਸੁੰਦਰ ਸਿੰਘ :** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਬਿਰਲਾ, ਸੀਡ ਫਾਰਮ ਵਾਲੀ ਕਿਸ ਦੀ ਜ਼ਮੀਨ ਹੈ। ਅਗਰ ਉਹ ਇਵੈਕੂਈ ਪ੍ਰਾਪਰਟੀ ਹੈ ਤਾਂ ਉਹ ਹਰੀਜਨਾਂ ਨੂੰ ਮਿਲਣੀ ਚਾਹੀਦੀ ਹੈ।

**ਮੁੱਖ ਮੰਤਰੀ :** ਉਹ ਤਾਂ ਕਾਂਗਰਸ ਬੈਂਚਾਂ ਤੋਂ ਸਪੀਚਾਂ ਆਈਆਂ ਹਨ ਕਿ ਬਿਰਲਾ ਫਾਰਮ ਖੋਹ ਲੈਣੇ ਚਾਹੀਦੇ ਹਨ।

ਬਿਜਲੀ ਬੋਰਡ ਦੇ ਮੁਤਾਅਲਕ ਮੇਰੀ ਇਹ ਰਾਏ ਹੈ ਕਿ ਅਗਰ ਬਿਜਲੀ ਬੋਰਡ ਪੰਜਾਬ ਸਰਕਾਰ ਦੇ ਮਾਤਹਿਤ ਆ ਜਾਵੇ ਤਾਂ ਬਹੁਤ ਚੰਗੀ ਗੱਲ ਹੈ। ਇਹ ਤਾਂ ਸੈਂਟਰਲ ਗੌਰਮਿਟ ਨੇ ਸਾਡੇ ਸਿਰ ਐਵੇਂ ਹੀ ਮੜ੍ਹਿਆ ਹੋਇਆ ਹੈ। ਇਹ ਸਰਕਾਰ ਵਾਪਸ ਲੈਣ ਨੂੰ ਤਿਆਰ ਹੈ।

ਫਲੈਟ ਰੇਟ ਟੀਊਬਵੈਲਾਂ ਦਾ ਸਿਸਟਮ ਵਾਪਸ ਲੈਣ ਨੂੰ ਤਿਆਰ ਹਾਂ।

ਬਾਰਡਰ ਏਰੀਆ ਦੇ ਮੁਤਾਲਿਕ ਲੋਕਾਂ ਨੂੰ ਸਹੂਲਤਾਂ ਦੇਣ ਵਾਸਤੇ ਜੋ ਕਮੇਟੀ ਬਣਾਈ ਗਈ ਸੀ ਜਿਸ ਵਿਚ ਡਾਕਟਰ ਬਲਦੇਵ ਪ੍ਰਕਾਸ਼ ਅਤੇ ਸ੍ਰੀ ਸਤਪਾਲ ਡਾਂਗ ਵੀ ਸਨ, ਉਹ ਦੀਆਂ ਸਿਫਾਰਸ਼ਾਤ ਮਨਜ਼ੂਰ ਕਰਾਂਗਾ।

ਬਿਰਲਾ ਸੀਡ ਫਾਰਮ ਡੀਲ ਕੈਂਸਲ ਕਰਨ ਦਾ ਸਰਕਾਰ ਦਾ ਸੁਝਾਉ ਹੈ।

ਇਸਾਈਆਂ ਨੂੰ ਬੈਕਵਰਡ ਕਲਾਸਿਜ਼ ਦੀਆਂ ਫੈਸਿਲਿਟੀਜ਼ ਦਿਵਾਉਣ ਲਈ ਕੇਂਦਰੀ ਸਰਕਾਰ ਨੂੰ ਲਿਖਾਂਗਾ।

ਸੇਲਜ਼ ਟੈਕਸ ਸੋਰਸ ਤੇ ਲਗਣਾ ਚਾਹੀਦਾ ਹੈ। ਇਸ ਨੂੰ ਸਿੰਪਲੀਫਾਈ ਕਰਨ ਦੀ ਕੋਸ਼ਿਸ਼ ਕੀਤੀ ਜਾਏਗੀ।

ਹੈਵੀ ਇੰਡਸਟ੍ਰੀਜ਼ ਲਗਾਉਣ ਲਈ ਕੇਂਦਰੀ ਸਰਕਾਰ ਨੂੰ ਲਿਖਿਆ ਜਾਵੇਗਾ।

ਇਥੇ ਪੰਜਾਬ ਵਿਚ ਜਿੰਨਾ ਚਿਰ ਹੈਵੀ ਇੰਡਸਟਰੀ ਨਾ ਹੋਵੇ ਉਤਨਾ ਚਿਰ ਸਮਾਲ ਸਕੇਲ ਇੰਡਸਟਰੀ ਨਹੀ ਚਲ ਸਕਦੀ ਸਮਾਲ ਸਕੇਲ ਇੰਡਸਟਰੀ ਤਬਾਹ ਹੋ ਜਾਵੇਗੀ ਚਾਹੇ ਕੋਈ ਸਰਕਾਰੀ ਬੈਂਚਾਂ ਤੇ ਹੈ, ਚਾਹੇ ਕੋਈ ਆਪੋਜ਼ੀਸ਼ਨ ਪਾਰਟੀ ਹੈ, ਚਾਹੇ ਸਿਆਸੀ ਪਾਰਟੀ ਵਿਚ ਹੈ ਕਿਸੇ ਵੀ ਡਿਸਕ੍ਰੀਮੀਨੇਸ਼ਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਹਰ ਇਕ ਨੂੰ ਇਨਸਾਫ ਦਿੱਤਾ ਜਾਵੇਗਾ (ਤਾੜੀਆਂ)

**Mr. Speaker :** First, I will put the amendments to the Motion of Thanks to the Governor for his Address, to the vote of the House. Amendment at Serial Nos. 1 to 5 stands in the name of Captain Rattan Singh Sardar Umrao Singh, Sardar Gurbanta Singh, Shri Jagat Ram and Sardar Sarup Singh M L.As.

**Mr. Speaker :** Question is--

Original with;
Punjab Vidhan Sabha
Digitized by;
Panjab Digital Library

That in the motion, the following be added at the end, namely--

"but regret that no mention has been made in the Address regarding the--

[1] State Trading in the Foodgrain in the State ;

[2] Crop Insurance in the State ;

[3] Remunerative prices to the farmers ;

[4] Removal of harassment of Harijans in the villages after the recent mid-term elections ;

[5] Nationalisation of Transport in the State ; and

[6] Removal of scarcity of drinking water in the State ;

*The motion was lost*

**Mr. Speaker :** Amendment at serial No. 6 has been given notice of by the hon. Member Sardar Tara Singh Lyallpuri.

**Sardar Tara Singh Lyallpuri :** Sir, I beg to withdraw my amendment.

**Mr. Speaker :** Has the hon. Member the leave of the House to withdraw his amendment ?

**Voices :** Yes. Yes.

*The motion was, by leave, withdrawn*

**Mr. Speaker :** Question is--

That in the motion, the following be added at the end, namely--

"but regret that the observations made in para 4 are wrong, baseless and uncalled for and had undermined the position and status of the Supreme Court.!

*The motion was lost*

**Mr. Speaker :** Now, I will put the main motion to the vote of the House.

**Mr. Speaker :** Question is --

"That an Address be presented to the Governor in the following terms --

"That the members of the Vidhan Sabha assembled in this Session are deeply grateful to the Governor for the

Original with;
Punjab Vidhan Sabha
Digitized by;
Panjab Digital Library

Address which he has been pleased to deliver to both the Houses of the State Legislature assembeled together on the 14th March, 1969."

*The motion was carried*

[Cheers]

**Mr. Speaker** : The House stands adjourned till 2.00 p.m. tomorrow.

7.30 P.M.

*(The Sabha then adjourned till 2.00 p.m. on Thursday, the 20th March, 1969)*

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Dig

"C"

Published under the authority of the Punjab Vidhan Sabha and printed by the Chandigarh Times Press, Manimajra (Chandigarh).

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

20th March, 1969

Vol. I—No. 6

## OFFICIAL REPORT

Chief Reporter
Punjab Vidhan Sabha
Chandigarh

CONTENTS

Thursday, the 20th March, 1969.

| | | Page |
|---|---|---|
| Starred Questions and Answers | ... | (6)1 |
| Point of Order | ... | (6)12 |
| Questions of Privilege | ... | (6)15 |
| Call Attention Notices | ... | (6)17 |
| Election of the Deputy Speaker | ... | (9)22 |
| Papers laid on the Table | ... | (6)27 |
| Non-Official Resolution regarding the abolition of Punjab Legislative Council (withdrawan) | ... | (6)30 |
| Statement in reply to Call Attention Notice laid on the Table | ... | (6)30 |
| Resolution regarding the Abolition of Flat Rate charged for the electricity consumed by Tube-wells in the State | ... | (6)31 |

**Punjab Vidhan Sabha Secretariat, Chandigarh.**

Price : Rs. 3.65

Original with;
Punjab Vidhan Sabha
Digitized by;
Panjab Digital Library

*Original with:*
Punjab Vigyan Sabha
*Digitized by:*
Panjab Digital Library

# ERRATA

TO

## PUNJAB VIDHAN SABHA DEBATES

(Vol. I No. 6)

DATED THE 20TH MARCH, 1969.

| Read | For | Page | Line |
|---|---|---|---|
| ਭੋਂ | ਤੋਂ | (6)3 | 2nd from below |
| Listen | Liston | (6)12 | ,, |
| ਕਰ | ਰ | (6)14 | 4th from below |
| ਮਿਲ | ਲ਼ਿਮ | (6)19 | 5 |
| ਸਰਕਾਰ | ਸਰਕਰਾ | (6)21 | 5th from below |
| ਸਮਝਣਗੇ | ਜ਼ਮਝਣਗੇ | (6)21 | 7th from below |
| Orsaying | saying | (6)26 | 2 |
| ਆਫ ਦੀ ਹਾਊਸ | ਆਫ ਦੀ ਆਹਾਊਸ | (6)27 | 2 |
| ਡਿਪਟੀ ਸਪੀਕਰ ਸ਼ਿਪ | ਡਿਪਟੀ ਸਪੀਕਰ ਸਿੰਘ | (6)27 | 14 |
| Centres | Cantres | (6)30 | 7th from below |
| Resolution | Resoiution | (6)31 | Heading |
| Abolition | Abolution | (6)31 | 6 |
| ਕੀਤਾ | ਰੀਤਾ | (6)36 | 7 |
| ਕਲ | ਕਿਲ | (6)39 | 4 |
| ਛਡ | ਡਡ | (6)42 | 8th from below |
| ਦਿਨ | ਜਿਨ | (6)56 | 5th ,, ,, |
| ਬਾਵਾ ਹਰਨਾਮ ਸਿੰਘ | ਬਾਵ ਹਰਨਾਮ ਸਿੰਘ | (6)60 | 1 |
| ਪੰਜਾਬ | ਪੋਜਾਬ | (6)69 | 16 |
| ਫ਼ਸਲ | ਸਲ | (6)71 | 20 |
| Confine | Con ne | (6)73 | 12 |
| ਇਲਾਵਾ | ਵਿਲਾਲਾ | (6)73 | 16 |
| ਨਹਿਰਾਂ | ਮੋਹਰਾਂ | (6)74 | 6th from below |
| ਸਹਿਮਤ | ਸਹਿਮਿਤ | (6)75 | 7th from below |
| ਚਲਾਨ | ਚਾਲਨਾ | (6)78 | 3 |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

Thursday, the 20th March, 1969.

*The Vidhan Sabha met in the Hall of the Punjab Vidhan Bhavan, Sector 1, Chandigarh at 2.00 p.m. of the Clock. Mr. Speaker (Sardar Darbara Singh) in the Chair.*

---

## STARRED QUESTIONS AND ANSWERS

### SETTING UP OF A FERTILIZER PLANT IN COLLABORATION WITH SHRI BIJU PATNAIK

*27. **Comrade Satya Pal Dang** : Will the Minister for Industries be pleased to state :-

(a) whether the Government has any proposal under its consideration to set up a Fertilizer Plant in the State in collaboration with Shri Biju Patnaik or to permit him to set up the same in the private Sector ;

(b) if the reply to part (a) be in the affirmative, the total proposed capital of the said project together with amount proposed to be contributed in one form or the other by the State Government;

(c) the terms and conditions, settled with Shri Biju Patnaik in connection with setting up of the said plant ?

**Shri Balram Dass Tandon :**

(a) the proposal is still under consideration.

(b) & (c) Since the whole matter is at discussion stage nothing definite can be stated at present.

**ਕਾਮਰੇਡ ਸਤਪਾਲ ਡਾਂਗ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਪੰਜਾਬ ਸਰਕਾਰ ਪੰਜਾਬ ਵਿਚ ਜੋ ਖਾਦ ਦਾ ਕਾਰਖਾਨਾ ਖੋਲ੍ਹਣਾ ਚਾਹੁੰਦੀ ਹੈ ਉਸ ਬਾਰੇ ਹਿੰਦੁਸਤਾਨ ਦੀ ਸਰਕਾਰ ਨੂੰ ਕਹੇਗੀ ਕਿ ਬਿਜੂ ਪਟਨਾਇਕ ਦਾ ਕਾਰਖਾਨਾ ਇਥੇ ਨਹੀਂ ਖੁਲ੍ਹਣਾ ਚਾਹੀਦਾ ?

**ਸ਼੍ਰੀ ਬਲਰਾਮ ਦਾਸ ਟੰਡਨ :** ਅਸੀਂ ਇਹ ਕਿਉਂ ਕਹੀਏ ਕਿ ਇਹ ਕਾਰਖਾਨਾ ਨਾ ਖੋਲ੍ਹਿਆ ਜਾਵੇ । ਅਸੀਂ ਤਾਂ ਇਹ ਕੋਸ਼ਿਸ਼ ਕਰਾਂਗੇ ਕਿ ਸਾਨੂੰ ਜਲਦੀ ਮਿਲੇ ਔਰ ਅਸੀਂ ਪਟਨਾਇਕ ਸਾਹਿਬ ਨੂੰ ਇਸ ਗਲ ਲਈ ਵੈਲਕਮ ਕਰਾਂਗੇ ।

Original with;
Punjab Vidhan Sabha
Digitized by;
Panjab Digital Library

**ਡਾਕਟਰ ਅਮੀਰ ਸਿੰਘ ਕਲਕਟ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਜੇ ਖਾਦ ਦੇ ਦੋ ਕਾਰਖਾਨੇ ਲਗਾਏ ਜਾਣ ਤਾਂ ਨੁਕਸਾਨ ਤਾਂ ਨਹੀਂ ਹੋਵੇਗਾ ?

**ਸ਼੍ਰੀ ਬਲਰਾਮ ਦਾਸ ਟੰਡਨ :** ਇਸ ਬਾਰੇ ਕਈ ਤਰ੍ਹਾਂ ਦੀ ਰਾਏ ਹੋ ਸਕਦੀ ਹੈ। ਜੇ ਇਹ ਇਨਫਰਮੇਸ਼ਨ ਪੂਰੀ ਲੈਣਾ ਚਾਹੁੰਦੇ ਹੋ ਤਾਂ ਰਾਈਟ ਫਾਰਮ ਵਿਚ ਇਨਫਰਮੇਸ਼ਨ ਮੰਗ ਲਉ ਅਸੀਂ ਸੋਚ ਕੇ ਜਵਾਬ ਦੇ ਦੇਵਾਂਗੇ।

**ਸਰਦਾਰ ਦਲੀਪ ਸਿੰਘ ਪਾਂਧੀ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਫੈਕਟਰੀ ਕਿਥੇ ਲਗ ਰਹੀ ਹੈ ?

**ਸ਼੍ਰੀ ਬਲਰਾਮ ਦਾਸ ਟੰਡਨ :** ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਪਰੋਪੋਜ਼ਲ ਬਠਿੰਡੇ ਵਾਸਤੇ ਹੈ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਰਾਜਸਥਾਨ ਦੇ ਵਿਚ ਪ੍ਰਾਈਵੇਟ ਸੈਕਟਰ ਦੇ ਅੰਦਰ ਫਰਟੇਲਾਈਜ਼ਰ ਫੈਕਟਰੀ ਲਗਾਈ ਗਈ ਹੈ। ਕੀ ਮਨਿਸਟਰ ਸਾਹਿਬ ਦਸਣਗੇ ਕਿ ਅਗਰ ਰਾਜਸਥਾਨ ਵਿਚ ਪ੍ਰਾਈਵੇਟ ਸੈਕਟਰ ਵਿਚ ਲਗ ਸਕਦੀ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ ਪ੍ਰਾਈਵੇਟ ਸੈਕਟਰ ਵਿਚ ਲਗ ਸਕਦੀ ?

**ਸ਼੍ਰੀ ਬਲਰਾਮ ਦਾਸ ਟੰਡਨ :** ਸਪੀਕਰ ਸਾਹਿਬ, ਇਹ ਤਾਂ ਇਨਫਰਮੇਸ਼ਨ ਦੇ ਰਹੇ ਹਨ। ਮੇਰੇ ਤੋਂ ਜਿਹੜੀ ਇਨਫਰਮੇਸ਼ਨ ਮੰਗਣੀ ਹੈ ਉਹ ਦੱਸਣ।

**ਕਾਮਰੇਡ ਸਤਪਾਲ ਡਾਂਗ :** ਅਗਰ ਫੈਕਟਰੀ ਪੰਜਾਬ ਵਿਚ ਪਬਲਿਕ ਸੈਕਟਰ ਤੋਂ ਇਲਾਵਾ ਪ੍ਰਾਈਵੇਟ ਸੈਕਟਰ ਵਿਚ ਲਗਦੀ ਹੈ ਤਾਂ ਬਿਜੂ ਪਟਨਾਇਕ ਨੇ ਆਪਣੇ ਸੂਬੇ ਵਿਚ ਜਿਹੜੀ ਕੁਰੱਪਸ਼ਨ ਫੈਲਾਈ ਹੈ ਉਹ ਇਥੇ ਆ ਕੇ ਵੀ ਫੈਲਾਉਣਗੇ। ਕੀ ਸਰਕਾਰ ਇਸ ਤੇ ਕੋਈ ਗੌਰ ਕਰਨ ਨੂੰ ਤਿਆਰ ਹੈ ?

**ਸ਼੍ਰੀ ਬਲਰਾਮ ਦਾਸ ਟੰਡਨ :** ਮੇਰਾ ਖਿਆਲ ਹੈ ਕਿ ਇਹ ਗਲ ਡਿਸਕਸ ਹੋ ਚੁਕੀ ਹੈ। ਕੋਈ ਆਦਮੀ ਅਗਰ ਇਥੇ ਬੜੇ ਸਕੇਲ ਦੇ ਉਤੇ ਕੋਈ ਇੰਡਸਟਰੀ ਲਗਾਉਂਦਾ ਹੈ ਤਾਂ ਸਾਨੂੰ ਉਸ ਦੇ ਵਿਚ ਕੀ ਇਤਰਾਜ਼ ਹੋ ਸਕਦਾ ਹੈ। ਜਿੰਨੀ ਸਰਕਾਰ ਹੈਲਪ ਕਰ ਸਕਦੀ ਹੈ ਉਹ ਕਰੇਗੀ। ਜਿਥੋਂ ਤਕ ਦੂਸਰੀ ਫੈਕਟਰੀ ਦਾਂ ਤੱਅਲੁਕ ਹੈ ਉਹ ਹਾਲੀਂ ਅੰਡਰ ਕਨਸਿਡਰੇਸ਼ਨ ਹੈ, ਉਸ ਬਾਰੇ ਗੌਰਮਿੰਟ ਗੌਰ ਕਰ ਰਹੀ ਹੈ।

**ਸਰਦਾਰ ਦਲੀਪ ਸਿੰਘ ਪਾਂਧੀ :** ਕੀ ਇਹ ਫੈਕਟਰੀ ਬਠਿੰਡੇ ਲਗ ਰਹੀ ਹੈ ਜਾਂ ਸਰਹੰਦ ਲਗ ਰਹੀ ਹੈ ?

**ਸ਼੍ਰੀ ਬਲਰਾਮ ਦਾਸ ਟੰਡਨ :** ਜਿਥੋਂ ਤਕ ਬਿਜੂ ਪਟਨਾਇਕ ਸਾਹਿਬ ਦਾ ਤਅੱਲੁਕ ਹੈ, ਉਨ੍ਹਾਂ ਨੇ ਜਗ੍ਹਾ ਸਰਹੰਦ ਦੇਖੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਅਗਰ ਗੌਰਮਿੰਟ ਆਫ ਇੰਡੀਆ ਨੇ ਬਿਜੂ ਪਟਨਾਇਕ ਨੂੰ ਲਾਈਸੈਂਸ ਦੇ ਵੀ ਦਿਤਾ ਤਾਂ ਕੀ ਐਸੇ ਬਦਨਾਮ ਆਦਮੀ ਦਾ ਪੰਜਾਬ ਵਿਚ ਕਦਮ ਰਖਣ ਦਾ ਗੌਰਮਿੰਟ ਪਰੋਟੈਸਟ ਕਰੇਗੀ ?

**ਸ੍ਰੀ ਬਲਰਾਮ ਦਾਸ ਟੰਡਨ :** ਅਸੀਂ ਪੰਜਾਬ ਵਿਚ ਲਗ ਰਹੀ ਇੰਡਸਟਰੀ ਦਾ ਸੁਆਗਤ ਕਰਾਂਗੇ ।

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਜੇ ਸੈਂਟਰ ਦੀ ਸਰਕਾਰ ਇਕੋ ਫਰਟੇਲਾਈਜ਼ਰ ਫੈਕਟਰੀ ਦੀ ਇਜਾਜ਼ਤ ਦਿੰਦੀ ਹੈ ਤਾਂ ਸਾਡੀ ਪੰਜਾਬ ਦੀ ਸਰਕਾਰ ਕਿਹੜੀ ਨੂੰ ਤਰਜੀਹ ਦੇਵੇਗੀ ਪਬਲਿਕ ਸੈਕਟਰ ਨੂੰ ਜਾਂ ਪ੍ਰਾਈਵੇਟ ਸੈਕਟਰ ਨੂੰ ?

**ਸ੍ਰੀ ਬਲਰਾਮ ਦਾਸ ਟੰਡਨ :** ਹਾਈਪੋਥੈਟੀਕਲ ਕੁਐਸਚਨ ਹੈ ।

**चौधरी बलबीर सिंह :** आन ऐ प्वायंट आफ आर्डर, सर । यह एक क्लीयर सवाल है कि गवर्नमैंट प्राईवेट सैक्टर को एनकरेज करेगी या पब्लिक सैक्टर को ? लेकिन वज़ीर साहिब ने इस सवाल को टालने की कोशिश की है ।

**ਸ੍ਰੀ ਬਲਰਾਮ ਦਾਸ ਟੰਡਨ :** ਕੋਈ ਟਾਲਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ।

**ਕਾਮਰੇਡ ਸਤਪਾਲ ਡਾਂਗ :** ਕੀ ਅਸੀਂ ਸਮਝੀਏ ਕਿ ਸਰਕਾਰ ਪਬਲਿਕ ਸੈਕਟਰ ਨੂੰ ਪ੍ਰੈਫਰੈਂਸ ਦੇਵੇਗੀ ?

---

## NON-PAYMENT OF COMPENSATION FOR LAND ACQUIRED FOR CHAND BHAN BAJA DRAIN IN BHATINDA DISTRICT

* 21 **Comrade Babu Singh Master :** Will the Minister for Irrigation and Power be pleased to state :

(a) whether it is a fact that the compensation for the land acquired by the Government in connection with 'Chand Bhan Baja Drain' in Village Guru Sar, Akalia, Jalal, Bhagta, Bhaika, Kotha Guru and Malooka in Sub Tehsil Phul, District Bhatinda has not so far been paid, to the land holders concerned ;

(b) if the reply to part (a) above be in the affirmative, the names of the land-holders to whom compensation has not been paid, the reasons therefor and the amount of compensation payable to each one of them ?

**ਸਰਦਾਰ ਸੋਹਨ ਸਿੰਘ ਬਾਸੀ :**

(ੲ) ਤੋਂ ਪ੍ਰਾਪਤ ਅਫਸਰ ਦੇ ਐਵਾਰਡ ਦਾ ਐਲਾਨ ਕਰਦੇ ਸਮੇਂ ਜਿਹੜੇ ਆਦਮੀ ਪਿੰਡ ਗੁਰੂਸਰ, ਅਕਾਲੀਆਂ, ਜਲਾਨ, ਕੋਠਾ ਗੁਰੂ ਅਤੇ ਆਲੂਕਾ ਦੇ ਹਾਜ਼ਰ

Original with;
Punjab Vidhan Sabha
Digitized by;
Panjab Digital Library

[Minister for Irrigation]

ਸਨ, ਉਹਨਾਂ ਨੂੰ ਪ੍ਰਾਪਤ ਕੀਤੀ ਭੋਂ ਦੇ ਮੁਆਵਜ਼ੇ ਦੀ ਆਦਾਇਗੀ ਕੀਤੀ ਗਈ ਸੀ। ਬਾਕੀ ਦੀ ਰਕਮ ਜਿਹੜੀ ਕਿ ਬਾਕੀ ਦੇ ਉਸ ਪ੍ਰਕਾਰ ਦੇ ਹੋਰ ਲੋਕਾਂ ਵਿਚ ਵੰਡਣੀ ਸੀ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰ ਦਿੱਤੀ ਸੀ ਕਿਉਂਕਿ ਉਹ ਲੋਕ ਆਪਣੀ ਭੋਂ ਦਾ ਮੁਆਵਜ਼ਾ ਲੈਣ ਲਈ ਹਾਜ਼ਰ ਨਹੀਂ ਸਨ। ਭਗਤਾ ਭਾਈਕੇ ਪਿੰਡ ਦੀ ਭੋਂ ਬਾਰੇ ਪ੍ਰਾਪਤ ਅਫ਼ਸਰ ਨੇ ਆਪਣਾ ਅਵਾਰਡ ਅਜੇ ਤਕ ਦੇਣਾ ਹੈ।

(ਬੀ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਈ ਰਕਮ ਦਾ ਵੇਰਵਾ ਪਤੱਰ ਅਤੇ ਪਿੰਡ ਵਾਰ ਜ਼ਿਮੀਦਾਰਾਂ ਦੇ ਨਾਮ ਦੀ ਲਿਸਟ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਭੋਂ ਪ੍ਰਾਪਤ ਅਫਸਰ ਅਜੇ ਤਕ ਮੁਆਵਜ਼ੇ ਦੀ ਆਦਾਇਗੀ ਇਸ ਲਈ ਨਹੀਂ ਕਰ ਸਕਿਆ ਕਿ ਸਬੰਧਤ ਜ਼ਿਮੀਦਾਰ ਆਪਣੀ ਮੁਆਵਜ਼ੇ ਦੀ ਰਕਮ ਅਜੇ ਤਕ ਨਹੀਂ ਲੈਣ ਆਏ।

VILLAGE WISE DETAILS OF UNPAID ITEMS OF LAND COMPENSATION.

1. Malook.

| | | |
|---|---|---|
| 1. | Kalu s/o Man Singh Murthin | 632.28 |
| 2. | Raunqi s/o Kale | 32.20 |
| 3. | Chandu Lal s/o Sada Mal | 10.73 |
| 4. | Darshan Lal s/o Kundan Lal | 21.27 |
| 5. | Nandi w/o Jai Singh | 32.20 |
| 6, | Matruka Majarin | 7277.20 |
| 7. | Puran Singh s/o Mahtab Singh | 75.11 |
| 8. | Jarnail Singh s/o Mohinder Singh Murtahin. | 1274.48 |
| 9. | Maluk Coop Farming Society Batam | 1674.40 |
| 10. | Saula Bai d/o Asha Nand | 998.20 |
| 11. | Jumla Malkin Hasab Rasad Raqba khewat | 85.10 |
| | | 12113 |

2, Kotha Guru

| | | |
|---|---|---|
| 1. | Ram Chand s/o Tulsi Dass | 151.85 |
| 2. | Lachhman Dass s/o Tulsi Dass | 151.85 |
| 3, | Joginder Ram s/o Tulsi Ram | 151.86 |
| 4. | Smt. Poone etc. | 13.12 |
| 5. | Bhagta s/o Julli etc. | 39.33 |
| 6. | Dham Singh, Gulab Singh s/o Gurdit Singh | 201.82 |
| 7. | Punjab Kaur d/o Chanan Singh | 252.37 |
| 8. | Puran Singh s/o Lal Singh | 630.92 |
| 9. | Inder Singh s/o Babu | 465 40 |

Original with;
Punjab Vidhan Sabha
Digitized by;
Panjab Digital Library

| | | |
|---|---|---|
| 10. | Partap Singh s/o Bachhan Singh | 68.32 |
| 11. | Ajaib Singh s/o Bachhan Singh | 68.23 |
| 12. | Chand Singh, Pritam Singh s/o Kehar Singh | 137.66 |
| 13. | Puran Chand s/o Gian Singh | 137.66 |
| 14. | Gurdial Singh s/o Gian Singh | 137.65 |
| 15. | Puran Singh etc. Rahanan Gurdial Singh Murtahin | 111.43 |
| 16. | Bachhita Singh etc. s/o Bhagwan Singh | 19.67 |
| 17. | Titter Singh, Isher Singh s/o Prema. | 840.04 |
| 18. | Ram Chand etc. | 39.33 |
| 19. | Sarwan Singh s/o Dewa Singh | 176.98 |
| 20. | Sarwan Singh etc. Rahanan | 85.21 |
| 21. | Inder Kaur etc. | 115.37 |
| 22. | Kapur Singh s/o Ajaib Singh etc. | 80.84 |
| 23. | Badhwa Singh etc. s/o Inder Singh | 241.24 |
| 24. | Labh Singh etc. s/o Tehal Singh | 98.00 |
| 25.. | Parmanand, Barmanand, Sang Chand s/o Mohnu. | 1789-50 |
| 26. | Dalip Kaur | 52.44 |
| 27· | Mohinder. Jogindher Singh | 13.12 |
| 28. | Gram Panchayat | 103.49 |
| | | 6375.80 |

3. **Gurusar**

| | | |
|---|---|---|
| 1. | Major Singh s/o Sujan Singh | 69.03 |
| 2. | Atma Singh etc. Rahanan Sohen Singh Murthan | 713.00 |
| 3. | Dalip Singh s/o Reham Singh | 350·75 |
| 4. | Santa Singh s/o Bishan Singh | 350.75 |
| | | 1483.50 |

4. Akilia Jalal.

| | | |
|---|---|---|
| 1. | Harnam Singh s/o Narain Singh | 0.13 |
| 2. | Kartar Singh s/o Narain Singh | 00.13 |
| 3. | Pala Singh s/o Nathu | 0.25 |
| 4. | Jawala Singh s/o Nathu | 0.25 |
| 5. | Amar Singh s/o Nihal Singh | 0.39 |
| 6. | Ganda Singh s/o Nihal Singh | 0.38 |
| 7. | Sher Singh s/o Bhola Singh | 0.39 |
| 8. | Tola Singh s/o Bhola Singh | 0.38 |

Original with;
Punjab Vidhan Sabha
Digitized by;
Panjab Digital Library

[Minister for Irrigation]

| | | |
|---|---|---|
| 9. | Sarwan Singh s/o Sucha Singh | 73.60 |
| 10. | Jamiat Singh s/o Bhola Singh | 656.60 |
| 11. | Sher Singh s/o Jaimal Singh Murtahin. | 20.70 |
| 12. | Gajjan Singh s/o Phaman Singh Murtahin. | 139.20 |
| 13. | Smt. Shanti d/o Sucha Singh | 50.60 |
| 14. | Gurbakhash Singh s/o Sucha Singh | 50.60 |
| 15. | Kartar Singh s/o Sucha Singh | 50.60 |
| 16. | Gurbachan Singh s/o Sucha Singh | 50.60 |
| | | 1094.80 |

**ਕਾਮਰੇਡ ਬਾਬੂ ਸਿੰਘ ਮਾਸਟਰ :** ਮਨਿਸਟਰ ਸਾਹਿਬ ਜਵਾਬ ਦੇ ਵਿਚ ਹੀ ਮੰਨੇ ਹਨ ਕਿ ਭਗਤਾ ਭਾਈਕੇ ਪਿੰਡ ਦੀ ਭੋਂ ਬਾਰੇ ਪ੍ਰਾਪਤ ਅਫਸਰ ਨੇ ਆਪਣਾ ਅਵਾਰਡ ਅਜੇ ਤਕ ਦੇਣਾ ਹੈ। ਇਸ ਦਾ ਕੀ ਕਾਰਨ ਹੈ ?

**ਸਿੰਚਾਈ ਮੰਤਰੀ :** ਹਾਲੀਂ ਕਈ ਕਾਗਜ਼ਾਤ ਪਏ ਹਨ। ਉਸ ਦਾ ਫੈਸਲਾ ਹਾਲੀਂ ਕਰਨਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ :** ਕੀ ਮਿਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਉਹ ਅਫਸਰ ਜਿਸਨੇ ਹੁਣ ਤਕ ਪੇਮੈਂਟ ਨਹੀਂ ਕੀਤੀ ਉਸਦੇ ਖਿਲਾਫ਼ ਕੋਈ ਐਕਸ਼ਨ ਲੈਣ ਦਾ ਵਿਚਾਰ ਹੈ ?

**ਮੰਤਰੀ :** ਇਸ ਦਾ ਜਵਾਬ ਪਹਿਲਾਂ ਦਿਤਾ ਗਿਆ ਹੈ, ਉਸ ਦੇ ਖਿਲਾਫ਼ ਕਾਰਵਾਈ ਕਰ ਦਿਤੀ ਜਾਏਗੀ।

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਉਹ ਕੋਈ ਮਹਿਕਮਾਨਾ ਸਰਕੂਲਰ ਜਾਰੀ ਕਰਨਗੇ ਕਿ ਜਿਹੜੇ ਜ਼ਮੀਂਦਾਰਾਂ ਨੂੰ ਪੈਸੇ ਨਹੀਂ ਦਿਤੇ ਗਏ ਅਤੇ ਜਿਸ ਜ਼ਮੀਂਦਾਰ ਦੀ ਜ਼ਮੀਨ ਆ ਚੁਕੀ ਹੈ ਤੇ ਉਹ ਪੈਸਿਆਂ ਲਈ ਪਿਛੇ ਪਿਛੇ ਫਿਰਦੇ ਹਨ, ਉਹ ਆਪਣੇ ਪੈਸੇ ਆਕੇ ਲੈ ਜਾਣ ?

**ਮੰਤਰੀ :** ਇਹ ਤਾਂ ਅਗੇ ਐਲਾਨ ਹੋਇਆ ਹੈ ਤੇ ਹਰ ਇਕ ਨੂੰ ਇੰਨਫਰਮੇਸ਼ਨ ਦਿਤੀ ਹੋਈ ਹੈ। ਉਸਦੇ ਲਈ ਦੁਬਾਰਾ ਇਨਫ਼ਰਮੇਸ਼ਨ ਦੀ ਕੋਈ ਲੋੜ ਨਹੀਂ।

**ਸਰਦਾਰ ਦਲੀਪ ਸਿੰਘ ਪਾਂਧੀ :** ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜੇ ਕੋਈ ਕਿਸਾਨ ਰਿਕਵਰੀ ਨਾ ਦੇਵੇ ਤਾਂ ਅੰਦਰ ਕਰ ਦਿਤਾ ਜਾਂਦਾ ਹੈ। ਕੀ ਕੋਈ ਐਕਸ਼ਨ ਉਸ ਅਫ਼ਸਰ ਦੇ ਖਿਲਾਫ਼ ਲਿਆ ਜਾਏਗਾ ਜਿਸਨੇ ਉਸ ਨੂੰ ਇਤਨੇ ਪੈਸੇ ਕਰਜ਼ੇ ਵਜੋਂ ਦਿਤੇ, ਜਿਹੜਾ ਕਿ ਉਹ ਵਾਪਸ ਨਹੀਂ ਦੇ ਸਕਦਾ ਸੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਐਕਸ਼ਨ ਲਿਆ ਜਾਵੇਗਾ, ਜੇ ਕੋਈ ਸਚਾਈ ਨਜ਼ਰ ਆਈ।

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਮਨਿਸਟਰ ਸਾਹਿਬ ਦਸਣ ਦੀ ਕਿਰਪਾ ਕਰਨਗੇ ਕਿ ਉਹ ਅਫ਼ਸਰ ਕੌਣ ਹਨ ਅਤੇ ਉਨ੍ਹਾਂ ਦਾ ਹੈਡਕਵਾਟਰ ਕਿਥੇ ਹੈ ?

**ਮੰਤਰੀ :** ਇਸ ਦਾ ਸੈਪਰੇਟ ਨੋਟਿਸ ਦੇ ਦਿਉ।

---

SCHOOLS UP—GRADED IN THE STATE

*25. **Comrade Satya Pal Dang** : Will the Minister for Irrigation and Power be pleased to :

(a) state the total number of schools in the State which were upgraded from Primary to Middle and from Middle to High Stage during the period when Shri Lachhman Singh Gill was the Chief Minister ;

(b) lay on the Table of the House a detailed statement showing the names of the said schools in each case giving the name of the place, tehsil, district and Assembly Constituency ?

**ਸਰਦਾਰ ਸੋਹਨ ਸਿੰਘ ਬਾਸੀ :**

(ੳ) (1) ਪ੍ਰਾਇਮਰੀ ਤੋਂ ਮਿਡਲ— 68

(2) ਮਿਡਲ ਤੋਂ ਹਾਈ — 53

(ਅ) ਜ਼ਿਲ੍ਹੇਵਾਰ ਸੂਚੀ ਹਾਊਸ ਦੇ ਟੇਬਲ ਤੇ ਰੱਖੀ ਜਾਂਦੀ ਹੈ। ਕੰਸਟੀਚੂਐਂਸੀ ਵਾਰ ਸੂਚਨਾ ਇੱਕਠੀ ਕੀਤੀ ਜਾ ਰਹੀ ਹੈ।

**1968-69 ਵਿਚ ਅਪ-ਗਰੇਡ ਹੋਏ ਪ੍ਰਾਇਮਰੀ ਤੋਂ ਮਿਡਲ ਸਕੂਲਾਂ ਦੀ ਸੂਚੀ**

**ਜ਼ਿਲਾ ਫੀਰੋਜ਼ਪੁਰ**

1. ਡਬ ਵਾਲਾ ਕਲਾਂ
2. ਫਤਹ ਪੁਰ ਝੁਗੀਆਂ
3. ਲੋਹਾਰਾ
4. ਢੋਲੋਵਾਲ
5 ਕਬੀਰ ਵਾਲਾ
6. ਇੰਦਗੜ੍ਹ
7. ਕਲੋਟੀ
8. ਮਹਾਂ ਬਦਰ
9. ਨਥੂਵਾਲ ਈਸਟ
10. ਧਰਮ ਸਿੰਘ ਵਾਲਾ
11. ਕਾਲੇ ਕੇ
12. ਦਾਰਾ ਪੁਰ
13. ਪੰਜੇਕੇ
14. ਕਾਲੀਅਏ ਵਾਲਾ
15. ਆਰਫ ਕੇ
16. ਧੁਲਚੀ ਕੇ
17. ਅਰਸਲ
18. ਚਿੰਗਾਲੀ

**ਜ਼ਿਲਾ ਜਲੰਧਰ**

19. ਮੱਲੀਆਂ ਖੁਰਦ
20. ਬਖਲੋਰ

Original with;
Punjab Vidhan Sabha
Digitized by;
Panjab Digital Library

[ਸਿੰਚਾਈ ਮੰਤਰੀ]

21. ਗੜ੍ਹ
22. ਮੰਲੀਆਂ ਕਲਾਂ
23. ਸਰਹਾਲਾ ਰਮਨਾ
24. ਸੋਹਲ ਜਗੀਰ
25. ਅਥੋਲਾ
26. ਕੋਟ ਰਾਂਝਾ
27. ਪੱਤਰ ਕਲਾਂ

ਜ਼ਿਲਾ ਅੰਮ੍ਰਿਤਸਰ

28. ਕਲ੍ਹਾਂ
29. ਤਰਪਈ
30. ਛਾਪਾ

ਜ਼ਿਲਾ ਸੰਗਰੂਰ

31. ਜਲਲਦੀ ਵਾਲ
32. ਲਦਾਨਾ ਚੀਕਾ
33. ਗਿਲ
34. ਰਾਟੋਂਡਾਂ
35. ਸ਼ੇਖੂ ਪੁਰਵਾਗ
36. ਆਲਮ ਪੁਰ

ਜ਼ਿਲਾ ਰੋਪੜ

37. ਮੁੰਢੇ ਸੱਤੀਆਂ
38. ਗੀਗਾ ਮਾਜਰਾ
39. ਧਨੌਰੀ

ਜ਼ਿਲਾ ਗੁਰਦਾਸਪੁਰ

40. ਤਲਵੰਡੀ ਰਾਮਾ
41. ਭੁਲਰ
42. ਲਾਂਡੇ ਮਾਂਡੇ
43. ਸ਼ਾਹ ਪੁਰ ਗੁਰਾਈਆਂ
44. ਚੂਹੇਵਾਲ

ਜ਼ਿਲਾ ਹੁਸ਼ਿਆਰਪੁਰ

45. ਬਹਾਦੁਰ ਪੁਰ ਭਾਈਆਂ
46. ਮਿਆਨੀ
47. ਭਾਨਾ

ਜ਼ਿਲਾ ਲੁਧਿਆਣਾ

48. ਜਗਰਾਓਂ ਬਰਿਜ (ਲੁਧਿਆਣਾ)
49. ਦੱਲਾ
50. ਭੁਟਾ
51. ਮਾਛੀਵਾੜਾ
52. ਮਹੇਰਨਾ ਕਲਾਂ
53. ਮਕਸੂਦਰਾ

ਜ਼ਿਲਾ ਪਟਿਆਲਾ

54. ਗਾਜੇ ਵਾਲਾ
55. ਰਸੋ ਮਾਜਰਾ
56. ਬਰਾਸ
57. ਪੀਰ ਜ਼ੈਨ

ਜ਼ਿਲਾ ਬਠਿੰਡਾ

58. ਮਚਾਤੀ ਕਲਾਂ
59. ਦਲੇਲ ਵਾਲਾ
60. ਮੀਰ ਪੁਰ ਕਲਾਂ
61. ਜੱਸੀ ਪਾਓ ਵਾਲੀ
62. ਕੁਤੀ ਵਾਲ ਕਲਾਂ
63. ਝੰਡੂ ਕੇ
64. ਭਾਮੇ ਕਲਾਂ
65. ਰਾਮ ਪੁਰ ਫੂਲ
66. ਜਲਾਲੀਆਨਾ
67. ਬੋਧੀ ਪੁਰਾ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਮਿਡਲ ਸਕੂਲਾਂ ਦੀ ਸੂਚੀ ਜਿਨ੍ਹਾਂ ਸਕੂਲਾਂ ਦਾ ਪੱਧਰ ਜਨਤਾ ਮਨਿਸਟਰੀ ਦੇ ਸਮੇਂ ਉਚਾ ਕੀਤਾ ਗਿਆ ਸੀ।

**ਜ਼ਿਲਾ ਫੀਰੋਜ਼ਪੁਰ**

1. ਲੰਗਿਆਣਾਂ ਖੁਰਦ
2. ਕੋਕਰੀ ਕਲਾਂ
3. ਕੋਟ ਈਸੇ ਖਾਂ
4. ਅਜੀਤ ਵਾਲ
5. ਤਲਵੰਡੀ ਮਲੀਆਂ
6. ਲੋਪੇ
7. ਭਿੰਡਰ ਕਲਾਂ
8. ਖੋਸਾ ਰੰਧੀਰ
9. ਕੜਿਆਲ
10. ਬਾਘਾ ਪੁਰਾਣਾ
11. ਖਾਈ ਖੇਮੇ ਕੀ
12. ਖਿਓ ਵਾਲੀ ਢੱਬ
13. ਜੰਬਾ
14. ਮਲੂਕ ਪੁਰ

**ਜ਼ਿਲਾ ਜਲੰਧਰ**

15. ਲੰਗੜੋਇਆ
16. ਕਾਮਾ
17. ਸਰੀਹ
18. ਲਥਾਰਾਂ
19. ਭਰ ਸਿੰਘ ਪੁਰਾ
20. ਖਨ ਖਾਨਾ

**ਜ਼ਿਲਾ ਅੰਮ੍ਰਿਤਸਰ**

21. ਜੇਠੂ ਵਾਲ
22. ਨੌਸ਼ਹਿਰਾ ਢਾਲਾ
23. ਟਾਹਲੀ ਸਾਹਿਬ ਸਿਧਵਾਂ
24. ਚਮਿਆਰੀ

**ਜ਼ਿਲਾ ਸੰਗਰੂਰ**

25. ਸੰਗੇੜਾ
26. ਧਨੌਰੀ
27. ਸ਼ਾਫੀ ਹੇਰੀ

**ਜ਼ਿਲਾ ਰੋਪੜ**

28. ਸਿਆਲਬਾ
29. ਘਨੌਲੀ
30. ਮੁਬਾਰਕਪੁਰ
31. ਤੀਵੜ

**ਜ਼ਿਲਾ ਗੁਰਦਾਸਪੁਰ**

32. ਡੇਹਰ ਫਤੂ ਪੁਰ
33. ਪਠਾਨਕੋਟ

**ਜ਼ਿਲਾ ਹੁਸ਼ਿਆਰਪੁਰ**

34. ਜਲੋ ਵਾਲ ਖਨੂਰ
35. ਖਰੜ ਅਛਹ ਵਾਲ
36. ਚੋਟਾਲਾ
37. ਬਾਡਲਾ
38. ਜੰਡਵਾਲ

**ਜ਼ਿਲਾ ਲੁਧਿਆਣਾ**

39. ਗੁਰਮ
40. ਪੁਰੇਣ
41. ਖਮਾਣ ਕਲਾਂ
42. ਮਾਛੀ ਵਾੜਾ

Original with;
Punjab Vidhan Sabha
Digitized by;
Panjab Digital Library

[ ਸਿੰਚਾਈ ਮੰਤਰੀ ]

43. ਸੁਜਾ ਪੁਰ

ਜ਼ਿਲਾ ਪਟਿਆਲਾ

44. ਮਸਿੰਗਣ

45. ਡਕਾਲਾ

46. ਅਜਰਾਵਰ

ਜ਼ਿਲਾ ਬਠਿੰਡਾ

47. ਸ਼ੇਰ ਸਿੰਘ ਵਾਲਾ

48. ਕੋਟ ਸਮੀਰ

49. ਲਹਿਰਾ ਮੁਚੱਬਤ

50. ਅਕਾਂ ਵਾਲੀ

51. ਮਕਸੂਦ ਪੁਰ

52. ਰਾਏ ਪੁਰ

ਜ਼ਿਲਾ ਕਪੂਰਥਲਾ

53. ਫਤੂ ਢਿੰਗਾ

**ਕਾਮਰੇਡ ਸਤਪਾਲ ਡਾਂਗ** : 68 ਸਕੂਲ ਪ੍ਰਾਇਮਰੀ ਤੋਂ ਮਿਡਲ ਅਤੇ 53 ਸਕੂਲ ਮਿਡਲ ਤੋਂ ਹਾਈ ਅੱਪ ਗਰੇਡ ਕੀਤੇ ਸਨ ਉਸ ਵੇਲੇ ਦੀ ਸਰਕਾਰ ਨੇ। ਕੀ ਮਨਿਸਟਰ ਸਾਹਿਬ ਦਸਣਗੇ ਕਿ ਉਸਦਾ ਕੀ ਕਰਾਈਟੇਰੀਆ ਸੀ ਤੇ ਕਿਸ ਹਿਸਾਬ ਨਾਲ ਕੀਤੇ ਗਏ ਸਨ ?

**ਸਿੱਖਿਆ ਮੰਤਰੀ** : ਇਹ ਪਿਛਲੀ ਗੌਰਮਿੰਟ ਨੇ ਕੀਤੇ ਸਨ, ਜੇ ਕਹੋ ਤਾਂ ਮੈਂ ਦਸ ਦੇਂਦਾ ਹਾਂ ਪਰ ਇਹ ਕੁਝ ਠੀਕ ਜਿਹਾ ਨਹੀਂ ਲਗਦਾ। (ਸ਼ੋਰ)

**ਸਰਦਾਰ ਦਲੀਪ ਸਿੰਘ ਪਾਂਧੀ** : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਹ ਸਕੂਲ ਜਿਹੜੇ ਉਸ ਵੇਲੇ ਦੀ ਸਰਕਾਰ ਨੇ ਅੱਪ ਗਰੇਡ ਕੀਤੇ ਸਨ, ਸਿਰਫ ਕੁਝ ਹੀ ਜ਼ਿਲ੍ਹਿਆਂ ਵਿੱਚ ਕੀਤੇ ਗਏ ਸਨ, ਜਿਨ੍ਹਾਂ ਨਾਲ ਉਨ੍ਹਾਂ ਨੂੰ ਪਿਆਰ ਸੀ। ਜਿਹੜੇ ਜ਼ਿਲ੍ਹਿਆਂ ਵਿਚ ਨਹੀਂ ਕੀਤੇ ਕੀ ਉਨ੍ਹਾਂ ਨਾਲ ਉਨ੍ਹਾਂ ਨੂੰ ਕੋਈ ਪਿਆਰ ਨਹੀਂ ਸੀ ?

**ਮੁੱਖ ਮੰਤਰੀ** : ਹੋ ਸਕਦਾ ਹੈ।

**ਕਾਮਰੇਡ ਸੱਤਪਾਲ ਡਾਂਗ** : ਕਰਾਈਟੇਰੀਆ ਕੀ ਸੀ ? ਇਨ੍ਹਾਂ ਕਿਹਾ ਕਿ ਪੁਛ ਕੇ ਦਸਾਂਗੇ। ਮਹਿਕਮੇ ਵਾਲੇ ਕੀ ਕਹਿੰਦੇ ਹਨ ? ਰਿਕਾਰਡ ਵਿਚ ਇਸਦੇ ਬਾਰੇ ਕੋਈ ਗਲ ਹੈ ਜਾਂ ਨਹੀਂ ?

**ਸਿਖਿਆ ਮੰਤਰੀ** : ਮੈਂ ਰਿਕਾਰਡ ਵੇਖ ਕੇ ਦਸ ਦਿਆਂਗਾ।

**ਸਰਦਾਰ ਸੁਰਜੀਤ ਸਿੰਘ ਅਟਵਾਲ** : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਕੀ ਜਿਸ ਤਰੀਕੇ ਨਾਲ ਪਿਛਲੀ ਗੌਰਮਿੰਟ ਨੇ ਕੁਝ ਜ਼ਿਲ੍ਹਿਆਂ ਵਿਚ ਸਕੂਲ ਅਪਗਰੇਡ ਕੀਤੇ ਸੀ ਤੇ ਬਾਕੀ ਜ਼ਿਲ੍ਹਿਆਂ ਵਿਚ ਘਟ ਹੋਏ ਸਨ। ਕੀ ਉਹ ਉਨ੍ਹਾਂ ਜ਼ਿਲ੍ਹਿਆਂ ਦੀ ਕਮੀ ਨੂੰ ਪੂਰਾ ਕਰਨਗੇ ?

**ਮੰਤਰੀ** : ਪੂਰੀ ਕੋਸ਼ਿਸ਼ ਕੀਤੀ ਜਾਏਗੀ, ਜੇ ਕੋਈ ਅਜਿਹੀ ਗਲ ਹੋਈ।

**Dr. Amir Singh Kalkat** : Sir, is it in the knowledge of the hon. Minister for Irrigation and Power that during the Gill Government, four schools were upgraded in Tanda Halqa but after the fall of that Government, they were just closed down ?

Original with;
Punjab Vidhan Sabha
Digitized by;
Panjab Digital Library

**Minister** : I need notice.

**ਸਰਦਾਰ ਲਛਮਣ ਸਿੰਘ ਗਿੱਲ** : ਕੀ ਐਜੂਕੇਸ਼ਨ ਮਿਨਿਸਟਰ ਸਾਹਿਬ ਦਸਣਗੇ ਕਿ ਉਹ ਸਕੂਲ ਉਸ ਏਰੀਆ ਵਿੱਚ ਖੋਲ੍ਹੇ ਗਏ ਸਨ, ਜਿਸ ਵਿੱਚ ਪਹਿਲਾਂ ਘੱਟ ਸਨ ?

**ਮੰਤਰੀ** : ਇਸ ਲਈ ਅਲਹਿਦਾ ਨੋਟਿਸ ਦਿਤਾ ਜਾਏ ਤਾ ਕਿ ਤਹਿਕੀਕਾਤ ਕਰਾਈ ਜਾ ਸਕੇ । ਕਿਉਂਕਿ ਮੁਕਾਬਲਾ ਕਰਨ ਲਈ ਸਮਾਂ ਚਾਹੀਦਾ ਹੈ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਕੀ ਐਜੂਕੇਸ਼ਨ ਮਨਿਸਟਰ ਸਾਹਿਬ ਦਸਣਗੇ ਕਿ ਕਿੰਨੇ ਸਕੂਲ ਹੁਣ ਅੱਪਗਰੇਡ ਕਰਨੇ ਹਨ ?

**ਮੰਤਰੀ** : ਪ੍ਰਾਇਮਰੀ ਤੋਂ ਮਿਡਲ 80 ਅਤੇ ਮਿਡਲ ਤੋਂ ਹਾਈ 25 ।

**ਸਰਦਾਰ ਬਲਵੰਤ ਸਿੰਘ** : ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜੋ ਸਕੂਲ ਲਛਮਣ ਸਿੰਘ ਗਿੱਲ ਦੀ ਸਰਕਾਰ ਦੇ ਜ਼ਮਾਨੇ ਵਿੱਚ ਖੋਲ੍ਹੇ ਗਏ ਜਾਂ ਮਨਜ਼ੂਰ ਹੋਏ ਸੀ, ਕੀ ਉਨ੍ਹਾਂ ਤੋਂ ਸਿਵਾ ਹੁਣ ਕਿਤੇ ਵੀ ਨਹੀਂ ਖੋਲ੍ਹੇ ਜਾਣਗੇ ?

**ਸਰਦਾਰ ਲਛਮਣ ਸਿੰਘ ਗਿੱਲ** : ਮੈਂ ਪੁਛ ਲੈਂਦਾ ਹਾਂ । ਕੀ ਐਜੂਕੇਸ਼ਨ ਮਨਿਸਟਰ ਸਾਹਿਬ ਦਸਣਗੇ ਕਿ ਜੋ ਸਕੂਲ ਗਿਲ ਗੌਰਮਿੰਟ ਦੇ ਜ਼ਮਾਨੇ ਵਿੱਚ ਸੈਂਕਸ਼ਨ ਹੋ ਗਏ ਸਨ ਤੇ ਖੁਲ੍ਹੇ ਨਹੀਂ ਸਨ, ਕੀ ਉਨ੍ਹਾਂ ਨੂੰ ਬੰਦ ਕਰ ਦਿਤਾ ਹੈ ? (ਸ਼ੋਰ)

ਸ੍ਰੀ ਸਪੀਕਰ ਮੇਰਾ ਕੁਐਸਚਨ ਸਪੈਸੀਫ਼ਿਕ ਹੈ ਕਿ ਜਿਹੜੇ ਸਕੂਲ ਮੰਨਜ਼ੂਰ ਹੋਏ ਸਨ, ਖੁਲ੍ਹੇ ਨਹੀਂ ਸਨ, ਸਮਾਨ ਚਲਾ ਗਿਆ ਸੀ ਅਤੇ ਟੀਚਰਜ਼ ਚਲੇ ਗਏ ਸੀ, ਕੀ ਉਹ ਬੰਦ ਕਰ ਦਿਤੇ ਗਏ ਹਨ ?

**ਸ੍ਰੀ ਸਪੀਕਰ** : ਨੋਟਿਸ ਦੇ ਦਿਓ (ਸ਼ੋਰ) (The hon. Member may please give a fresh notice) (noise)

**ਸਰਦਾਰ ਲਛਮਣ ਸਿੰਘ ਗਿੱਲ** : ਸਪੀਕਰ ਸਾਹਿਬ, ਇਹ ਬੜਾ ਰੈਲੇਵੈਂਟ ਕੁਐਸਚਨ ਹੈ । ਜਵਾਬ ਹੁਣ ਆ ਜਾਣਾ ਚਾਹੀਦਾ ਹੈ ।

Sir, the statement made by the Minister is absolutely incorrect. I am prepared to impeach the Minister on the point.

**ਸਰਦਾਰ ਸਤਨਾਮ ਸਿੰਘ ਬਾਜਵਾ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੀ ਮਨਿਸਟਰ ਸਾਹਿਬ ਦਸਣਗੇ ਕਿ ਗਿਲ ਗੌਰਮੈਂਟ ਦੇ ਵੇਲੇ ਜਿਹੜੇ ਹੇਰਾ ਫੇਰੀ ਨਾਲ ਸਕੂਲ ਖੁਲ੍ਹੇ ਸਨ, ਕੀ ਉਹ ਬੰਦ ਕਰ ਦਿਤੇ ਗਏ ਹਨ ?

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ । (This is no point of order.)

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਣ ਸਿੰਘ ਗਿੱਲ :** ਸਪੀਕਰ ਸਾਹਿਬ ਮੈਂ ਬੜਾ ਸਪੈਸੀਫ਼ਿਕ ਕੁਐਸਚਨ ਪੁਛਿਆ ਸੀ ਕਿ ਜਿਹੜੇ ਸਕੂਲ ਗਿਲ ਗੌਰਮਿੰਟ ਦੇ ਜ਼ਮਾਨੇ ਵਿੱਚ ਖੁਲ੍ਹੇ ਸੀ, ਸਾਮਾਨ ਔਰ ਸਟਾਫ਼ ਵੀ ਚਲਿਆ ਗਿਆ ਸੀ, ਕੀ ਉਹ ਗੌਰਮਿੰਟ ਨੇ ਬੰਦ ਕਰ ਦਿਤੇ ਹਨ ! ਜੇਕਰ ਬੰਦ ਕਰ ਦਿਤੇ ਹਨ ਤਾਂ ਕੀ ਕਾਰਨ ਹਨ ?

**ਮੰਤਰੀ :** ਮੇਰੀ ਨਾਲਿਜ ਵਿੱਚ ਇਹੋ ਜਿਹਾ ਕੋਈ ਸਕੂਲ ਨਹੀਂ । ਕੋਈ ਹੈ ਤਾਂ ਉਸਦਾ ਨੋਟਿਸ ਦੇ ਦੇਉ ।

**ਸਰਦਾਰ ਲਛਮਣ ਸਿੰਘ ਗਿੱਲ :** ਮੈਂ ਇੰਪੀਚ ਕਰਨ ਲਈ ਤਿਆਰ ਹਾਂ । ਮੈਂ ਸੈਟਿਸਫ਼ਾਈ ਕਰ ਸਕਦਾ ਹਾਂ । ਮਿਨਿਸਟਰ ਸਾਹਿਬ ਨੂੰ ਨਾਲਿਜ ਕੋਈ ਨਹੀਂ ਤੇ ਹਾਊਸ ਵਿੱਚ ਗਲਤ ਬਿਆਨੀ ਕਰ ਰਹੇ ਹਨ ।

**ਮੁਖ ਮੰਤਰੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਰਦਾਰ ਲਛਮਣ ਸਿੰਘ ਗਿੱਲ ਹੋਰੀਂ ਐਜੂਕੇਸ਼ਨ ਮਿਨਿਸਟਰ ਦੇ ਕਮਰੇ ਵਿੱਚ ਜਾ ਕੇ ਦਰਿਆਫ਼ਤ ਕਰ ਲੈਣ । (ਸ਼ੋਰ)

**ਸਰਦਾਰ ਕਪੂਰ ਸਿੰਘ :** ਅਧਿਅਕਸ਼ ਸਾਹਿਬ, ਮੈਂ ਵਿਵਸਥਾ ਦਾ ਪ੍ਰਸ਼ਨ ਉਠਾਣਾ ਚਾਹੁੰਦਾ ਹਾਂ ਮਿਨਿਸਟਰ ਸਾਹਿਬ ਅਤੇ ਸਭਾਸਦ ਬਾਰ ਬਾਰ ਇਸ ਸ਼ਬਦ ਦਾ ਪਰਯੋਗ ਕਰ ਰਹੇ ਹਨ । "ਗਿਲ ਸਰਕਾਰ" ਵੇਲੇ ਕੀ ਹੋਇਆਂ ਤੇ ਕੀ ਨਾ ਹੋਇਆ ; ਮੇਰੀ ਮਤੀ ਹੈ ਕਿ ਕਿਸੇ ਸਰਕਾਰ ਨੂੰ ਕਿਸੇ ਮੁੱਖ ਮੰਤਰੀ ਦੇ ਨਾਮ ਦੇ ਨਾਲ ਸਬੰਧਿਤ ਕਰਨਾ ਵਿਧਾਨ ਦੀਆਂ ਧਾਰਾਵਾਂ ਦੇ ਆਸ਼ਿਆਂ ਦੇ ਵਿਰੁਧ ਹੈ । ਮੈਂ ਆਪ ਦਾ ਨਿਰਣਾ ਮੰਗਦਾ ਹਾਂ ਕਿ ਕੀ ਇਸ ਤਰ੍ਹਾਂ ਕਿਸੇ ਮੰਤ੍ਰੀ ਮੰਡਲ ਨੂੰ ਗਿੱਲ ਸਰਕਾਰ ਜਾਂ ਹੋਰ ਕੋਈ ਇਸ ਪ੍ਰਕਾਰ ਦਾ ਨਾਮ ਦਿੱਤਾ ਜਾ ਸਕਦਾ ਹੈ ?

**ਸ੍ਰੀ ਸਪੀਕਰ :** ਇਹ ਕੋਈ ਅਜਿਹੀ ਗਲ ਨਹੀਂ ਜਿਸ ਨੂੰ ਇਨਾ ਸੀਰੀਅਸਲੀ ਲਿਆ ਜਾਵੇ । (This is not such a matter which should be taken so seriously.)

(At this stage Mr. Speaker called upon Comrade Satya Pal Dang while Sardar Lachhman Singh Gill was also standing in his seat.)

**Sardar Lachhman Singh Gill :** Sir, I am on a point of order. How can you call another hon. Member without hearing my point of order ?

**Mr. Speaker :** What is your point of order ?

**Sardar Lachhman Singh Gill :** Liston and then decide.

(Interruptions and noise)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਥੋੜਾ ਪੋਲਾਈਟਲੀ ਬੋਲੋ । (Please speak a bit politely.)

**ਸਰਦਾਰ ਲਛਮਣ ਸਿੰਘ ਗਿੱਲ** : ਜਨਾਬ ਮੈਂ ਤਹੱਮਲ ਨਾਲ ਹੀ ਬੋਲਾਂਗਾ, ਚੇਅਰ ਨੂੰ ਪ੍ਰਾਪਰਲੀ ਐਡਰੇਸ ਕਰਾਂਗਾ ਮਗਰ ਆਪ ਦੀ ਮਾਰਫਤ ਮੇਰੇ ਹਕੂਕ ਮੈਨੂੰ ਮਿਲਣੇ ਚਾਹੀਦੇ ਹਨ ...... (ਵਿਘਨ)

**ਸਰਦਾਰ ਕਪੂਰ ਸਿੰਘ** : ਅਧਿਅਕਸ਼ ਜੀਓ, ਜੋ ਮੈਂ ਸਮਸਿਆ ਉਠਾਈ ਸੀ, ਉਸ ਦਾ ਨਿਰਣਾ ਮੰਗਦਾ ਹਾਂ ।

**ਸ੍ਰੀ ਸਪੀਕਰ** : ਆਪ ਨੇ ਸਮਸਿਆ ਉਠਾਈ ਹੈ ਕਿ ਪਹਿਲੀ ਸਰਕਾਰ ਨੂੰ ਜੋ ਗਿੱਲ ਸਰਕਾਰ ਕਹਿਕੇ ਰੈਫਰੈਂਸ ਕੀਤੀ ਜਾਂਦੀ ਹੈ ਇਹ ਕੰਸਟੀਟਿਯੂਸ਼ਨ ਦੀ ਧਾਰਾ ਦੇ ਖਿਲਾਫ਼ ਹੈ । ਮੇਰੇ ਮੁਤਾਬਕ ਇਹ ਉਸ ਪੀਰੀਅਡ ਦੀ ਸਰਕਾਰ ਵਲ ਰੈਫਰੈਂਸ ਹੈ ਜਿਸ ਵੇਲੇ ਗਿੱਲ ਸਾਹਿਬ ਚੀਫ਼ ਮਿਨਿਸਟਰ ਸਨ, ਇਸ ਤੋਂ ਜ਼ਿਆਦਾ ਹੋਰ ਕੁਝ ਨਹੀਂ । ਇਸ ਨੂੰ ਇਸੇ ਸਪਿਰਿਟ ਵਿਚ ਲਿਆ ਜਾਵੇ । (The hon. Member has raised the point that to call the previous Govt. as Gill Govt. is unconstitutional. In my view the term refers to the period when Shri Gill was the Chief Minister. It should be taken to mean only that much and in that spirit only.)

**ਸਰਦਾਰ ਲਛਮਣ ਸਿੰਘ ਗਿੱਲ** : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਜਾਨਣਾ ਚਾਹੁੰਦਾ ਹਾਂ ਕਿ ਅਗਰ ਮਨਿਸਟਰ ਸਾਹਿਬ ਨੂੰ ਕੋਈ ਗਲ ਯਾਦ ਨਾ ਹੋਵੇ ਵੈਸੇ ਹੀ ਉਹ ਕੋਈ ਗਲ ਕਹਿ ਦੇਣ ਅਤੇ ਅਗਰ ਕੈਟੇਗੋਰੀਕਲੀ ਕਿਹਾ ਜਾਵੇ ਕਿ ਇਥੇ ਗਲਤ ਬਿਆਨੀ ਤੋਂ ਕੰਮ ਲਿਆ ਜਾਂਦਾ ਹੈ ਤਾਂ ਆਪ ਕਿਸ ਤਰ੍ਹਾਂ ਹਾਊਸ ਦੇ ਮੈਂਬਰਾਂ ਦਾ ਰਾਈਟ ਪ੍ਰੋਟੈਕਟ ਕਰਦੇ ਹੋ ? ਸਾਨੂੰ ਇਸ ਲਈ ਕੀ ਪ੍ਰੋਸੀਜਰ ਐਡਾਪਟ ਕਰਨਾ ਚਾਹੀਦਾ ਹੈ, ਇਸ ਬਾਰੇ ਕੀ ਰੂਲ ਲੇ ਡਾਊਨ ਹੈ । ਇਸ ਬਾਰੇ ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ । (ਵਿਘਨ)

**ਸ੍ਰੀ ਸਪੀਕਰ** : ਅਗਰ ਆਨਰੇਬਲ ਮੈਂਬਰ ਮਹਿਸੂਸ ਕਰਦੇ ਹਨ ਕਿ ਗਲਤ ਬਿਆਨੀ ਹੋਈ ਹੈ ਤਾਂ ਉਹ ਐਕਚੁਅਲ ਫੈਕਟਸ ਲਿਖਕੇ ਭੇਜ ਦੇਣ ਮੈਂ ਦੇਖ ਲਵਾਂਗਾ ਕਿ ਕਿਹੜੀ ਗਲ ਦਰੁਸਤ ਹੈ । (ਤਾੜੀਆਂ) (In case the hon. Members feel that some wrong statement has been made in the House, then they may send me the actual facts in writing. I will then look into the matter.) ......(Cheers)

**ਕਾਮਰੇਡ ਸੱਤਪਾਲ ਡਾਂਗ** : ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਇਸ ਸਾਲ 25 ਮਿਡਲ ਸਕੂਲ ਹਾਈ ਬਨਾਉਣੇ ਹਨ । ਮੈਂ ਪੁਛਦਾ ਹਾਂ ਕਿ ਕੀ ਉਹ ਪੰਜਾਬ ਦੀਆਂ ਤਾਲੀਮੀ ਜ਼ਰੂਰਤਾਂ ਨੂੰ

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਸੱਤਪਾਲ ਡਾਂਗ ]

ਦੇਖਦੇ ਹੋਏ ਇਸ ਬਾਰੇ ਦੋਬਾਰਾ ਗੌਰ ਕਰਨ ਲਈ ਤਿਆਰ ਹਨ ਕਿਉਂਕਿ ਇਨ੍ਹਾਂ 25 ਸਕੂਲਾਂ ਨਾਲ ਕੁਝ ਨਹੀਂ ਬਣਨਾ ।

**ਮੰਤਰੀ :** ਅਗਰ ਜ਼ਰੂਰਤ ਪਈ ਤਾਂ ਦੇਖ ਲਵਾਂਗੇ, ਹਾਲੇ ਤਾਂ ਇਹੀ ਫੈਸਲਾ ਹੈ ਅਗਰ ਫੰਡ ਹੋਏ ਤਾਂ ਜ਼ਿਆਦਾ ਵੀ ਕਰ ਲਵਾਂਗੇ ।

**ਮੇਜਰ ਹਰਿੰਦਰ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ 25 ਅਤੇ 80 ਵੀ ਕਿਸ ਤਰ੍ਹਾਂ ਡੀਸਾਈਡ ਕੀਤਾ ਹੈ ?

**ਮੰਤਰੀ :** ਇਹ ਡਿਪਾਰਮੈਂਟ ਨੇ ਸਾਰੀ ਸਕੀਮ ਤਿਆਰ ਕੀਤੀ ਹੈ ।

**ਚੌਧਰੀ ਤੁਲਸੀ ਰਾਮ ਚੌਹਾਨ :** ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਹ ਜੋ 2 ਸਕੂਲ ਅਪਗ੍ਰੇਡ ਕਰਨੇ ਹਨ ਇਨ੍ਹਾਂ ਵਿਚੋਂ ਕਿੰਨੇ ਹੁਸ਼ਿਆਰਪੁਰ ਦੇ ਬੈਕਵਰਡ ਏਰੀਆ ਵਿਚ ਅਪਗ੍ਰੇਡ ਕੀਤੇ ਜਾਣਗੇ ?

**ਮੰਤਰੀ :** ਕਿਸੇ ਜ਼ਿਲ੍ਹੇ ਵਿਚ ਕਿੰਨੇ ਇਹ ਸਕੂਲ ਦਿਤੇ ਜਾਣੇ ਹਨ ਇਸ ਗਲ ਦਾ ਫੈਸਲਾ ਹਾਲੇ ਨਹੀਂ ਕੀਤਾ ਗਿਆ ।

**ਕੈਪਟਨ ਰਤਨ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਜੋ ਵੀ ਸਫਾਰਸ਼ਾਂ ਮਹਿਕਮੇ ਦੀਆਂ ਹੋਣਗੀਆਂ ਇਹ ਮੰਨਣਗੇ ?

**ਮੰਤਰੀ :** ਬਹੁਤ ਸਾਰੀਆਂ ਗਲਾਂ ਦੇਖਣ ਵਾਲੀਆਂ ਹੁੰਦੀਆਂ ਹਨ । ਮਹਿਕਮਾ ਸਾਰੀ ਗਲ ਫੈਕਟਸ ਐਂਡ ਫਿਗਰਜ਼ ਨਾਲ ਪੇਸ਼ ਕਰਦਾ ਹੈ । ਉਨ੍ਹਾਂ ਨੂੰ ਵੀ ਕਨਸਿਡਰ ਕੀਤਾ ਜਾਂਦਾ ਹੈ ਹੋਰ ਗਲਾਂ ਵੀ ਦੇਖਿਆਂ ਜਾਂਦੀਆਂ ਹਨ ਕਿ ਕਿਸੇ ਜਗ੍ਹਾਂ ਪਹਿਲਾਂ ਕਿੰਨੇ ਸਕੂਲ ਹਨ, ਕਿੰਨਿਆਂ ਦੀ ਲੋੜ ਹੈ, ਫੰਡਜ਼ ਕਿੰਨੇ ਹਨ ਆਦਿ ।

**ਕੈਪਟਨ ਰਤਨ ਸਿੰਘ :** ਹੋਰ ਕੀ ਗਲ ਹੋ ਸਕਦੀ ਹੈ ?

**ਮੰਤਰੀ :** ਹੋਰ ਵੀ ਕਈ ਗਲਾਂ ਹੋ ਸਕਦੀਆਂ ਹਨ । ਹਰ ਗਲ ਤੇ ਵਿਚਾਰ ਕੀਤਾ ਜਾਵੇਗਾ ।

**ਸਰਦਾਰ ਲਛਮਣ ਸਿੰਘ ਗਿੱਲ :** ਵਜ਼ੀਰ ਸਾਹਿਬ, ਨੇ ਕਿਹਾ ਹੈ ਕਿ 25 ਪ੍ਰਾਇਮਰੀ ਸਕੂਲ ਹੋਰ ਖੋਲਣੇ ਹਨ । ਕਾਇਦੇ ਦੇ ਲਿਹਾਜ਼ ਨਾਲ ਹਰ 500 ਬੰਦਿਆਂ ਮਗਰ ਇਕ ਸਕੂਲ ਹੋਣਾ ਚਾਹੀਦਾ ਹੈ, ਇਸ ਤਰ੍ਹਾਂ 25 ਸਕੂਲਾਂ ਨਾਲ ਆਪ ਸਿਰਫ 10 ਹਜ਼ਾਰ ਵਸੋਂ ਦਾ ਹੀ ਪਰਬੰਧ ਰ ਰਹੇ ਹੋ । 1. 12 ਕਰੋੜ ਪਾਪੁਲੇਸ਼ਨ ਵਿਚੋਂ ਬਾਕੀ ਦੀ ਵਸੋਂ ਦਾ ਕੀ ਬਣੇਗਾ ? (ਵਿਘਨ) 25 ਸਕੂਲ ਤਾਂ ਸਿਰਫ 10 000 ਪਾਪੁਲੇਸ਼ਨ ਲਈ ਹੀ ਕਾਫੀ ਹੋਣਗੇ । 1.12 ਕਰੋੜ ਦੀ ਵਸੋਂ ਲਈ ਤਾਂ 4000 ਸਕੂਲਾਂ ਦਾ ਪ੍ਰੋਗਰਾਮ ਹੋਣਾ ਚਾਹੀਦਾ ਹੈ । ਅਗਰ ਸਿਰਫ 25 ਸਕੂਲ ਹੀ ਦਿਤੇ ਜਾਣ ......

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਕਿਉਂ ਰੀਪੀਟ ਕਰਦੇ ਹੋ ਬਾਰ ਬਾਰ । (ਵਿਘਨ) (The hon. Member should not repeat what he has already said.)

ਮੰਤਰੀ : ਜਿੰਨੇ ਇਹ ਸਕੂਲ ਕਹਿੰਦੇ ਹਨ ਇਕ ਸਾਲ ਵਿਚ ਨਹੀਂ ਬਣ ਸਕਦੇ । ਸਕੂਲ ਹਰ ਸਾਲ ਬਣਨੇ ਹਨ । ਇਕੋ ਸਾਲ ਵਿਚ ਬਨਾਉਣ ਲਈ ਪੈਸਾ ਕਿਥੋਂ ਆਵੇ ।

चौधरी बलबीर सिंह : क्या मन्त्री महोदय इस तजवीज पर अमल करने की कोशिश करेंगे कि यह 105 स्कूल हैं 25, और 80 यह 104 हल्कों में इस तरह बांट दिये जाएं कि हर मैम्बर को एक और स्पीकर साहिब के हल्के में दो स्कूल बांट दें ?

ਕੰਵਰ ਲਾਜਿੰਦਰ ਸਿੰਘ ਬੇਦੀ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਸਕੂਲਾਂ ਦਾ ਡਿਸਟ੍ਰਿਕਟਵਾਈਜ਼ ਬ੍ਰੇਕਅਪ ਕੀ ਹੈ ਜੋ ਕਿ ਅਪਗ੍ਰੇਡ ਕੀਤੇ ਜਾਣੇ ਹਨ । ?

ਮੰਤਰੀ : ਹਾਲੇ ਇਸ ਗਲ ਦਾ ਫ਼ੈਸਲਾ ਨਹੀਂ ਕੀਤਾ ਗਿਆ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਕੀ ਐਜੂਕੇਸ਼ਨ ਮਨਿਸਟਰ ਸਾਹਿਬ ਦਸਣਗੇ ਕਿ ਬਹੁਤ ਸਾਰੇ ਇਲਾਕਿਆਂ ਵਿਚ ਲੜਕੀਆਂ ਦੇ ਸਕੂਲਾਂ ਦੀ ਕਮੀ ਹੈ, ਕੀ ਨਵੇਂ ਪ੍ਰੋਗਰਾਮ ਵਿਚ ਲੜਕੀਆਂ ਲਈ ਪ੍ਰਾਇਮਰੀ ਅਤੇ ਹਾਈ ਸਕੂਲ ਖੋਲਣ ਲਈ ਧਿਆਨ ਰਖਿਆ ਜਾਵੇਗਾ ?

ਮੰਤਰੀ : ਜ਼ਿਆਦਾ ਤੋਂ ਜ਼ਿਆਦਾ ਸਕੂਲ ਲੜਕਿਆਂ ਲਈ ਖੋਲ੍ਹੇ ਜਾ ਰਹੇ ਹਨ, ਕੁਝ ਲੜਕੀਆਂ ਦੇ ਸਕੂਲ ਵੀ ਨਵੇਂ ਪ੍ਰੋਗ੍ਰਾਮ ਵਿਚ ਰਖੇ ਹਨ ।

ਚੌਧਰੀ ਸੁੰਦਰ ਸਿੰਘ : ਕੀ ਸਿਖਿਆ ਮੰਤਰੀ ਦਸਣ ਦੀ ਕੋਸ਼ਿਸ਼ ਕਰਨਗੇ ਕਿ ਸਕੂਲ ਖੋਲਣ ਵੇਲੇ ਬੈਕਵਰਡ ਇਲਾਕਿਆਂ ਨੂੰ ਤਰਜੀਹ ਦਿਤੀ ਜਾਵੇਗੀ ?

ਮੰਤਰੀ : ਜੀ ਹਾਂ । ਜ਼ਰੂਰ ਤਰਜੀਹ ਦਿਤੀ ਜਾਵੇਗੀ ।

---

NEW SCHOOLS OPENED BY THE GOVERNMENT IN THE STATE

*26 **Comrade Satya Pal Dang** : Will the Minister for Irrigation and Power be pleased to :

(a) state the total number of new Schools opened by the Government in the State during the period when Shri Lachhman Singh Gill was the Chief Minister ;

(b) lay on the Table of the House a detailed statement giving the location of such schools, the name of the place, district and Assembly Constituency ?

Original with;
Punjab Vidhan Sabha
Digitized by;
Panjab Digital Library

**Sardar Sohan Singh Bassi** :

(a) Nil.

(b) Question does not arise.

[(ੳ) ਕੋਈ ਨਹੀਂ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।]

**Mr. Speaker** : Question hour is over now.

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਨਵਾਂ ਮੈਂਬਰ ਹਾਂ ਤੇ ਮੈਂ ਇਕ ਇਨਫਰਮੇਸ਼ਨ ਲੈਣ ਲਗਾ ਹਾਂ ਕਿ ਕੀ ਕੋਈ ਆਦਮੀ ਵਿਜ਼ਟਰ ਗੈਲਰੀ ਵਿਚ ਜਾਂ ਹਾਊਸ ਵਿਚ ਕਿਰਪਾਨ ਲੈ ਕੇ ਆ ਸਕਦਾ ਹੈ ਜਾਂ ਨਹੀਂ, ਅਤੇ ਕੀ ਇਹ ਰੂਲਜ਼ ਦੇ ਖਿਲਾਫ ਨਹੀਂ ?

**Mr. Speaker** : Galleries of the House do not form part of the House.

---

QUESTIONS OF PRIVILEGE.

**ਸਰਦਾਰ ਬਲਵੰਤ ਸਿੰਘ** : On a ponit of order, sir. ਮੇਰੀ ਪ੍ਰਿਵਿਲਿਜ ਮੋਸ਼ਨ ਸੀ ਸਪੀਕਰ ਸਾਹਿਬ ਜਿਸ ਦੇ ......

**Mr. Speaker** : I have received two motions of privilege, one from Sardar Balwant Singh and the other from Comrade Satya Pal Dang and Comrade Babu Singh. They relate to the observations alleged to have been made by the Chairman of the Punjab Vidhan Prishad regarding the abolition of the Council. I would write to the Hon'ble Chairman, Punjab Vidhan Prishad in this connection .

**ਸਰਦਾਰ ਬਲਵੰਤ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੈਂ ਬੜੇ ਅਦਬ ਦੇ ਨਾਲ ਇਹ ਅਰਜ਼ ਕਰਨੀ ਹੈ ਕਿ ਪੰਜਾਬ ਵਿਧਾਨ ਪ੍ਰੀਸ਼ਦ ਦੇ ਚੇਅਰਮੈਨ ਸਾਹਿਬ ਨੇ ਰੀਮਾਰਕਸ ਵਿਦ ਰਿਗਾਰਡ ਟੂ ਦੀ ਇਨਟੈਨਸ਼ਨ ਆਫ਼ ਦਿਸ ਹਾਊਸ ਕਹੇ ਹਨ ਇਹ ਬੜਾ ਇੰਪਾਰਟੈਂਟ ਮੈਟਰ ਹੈ। ਇਸ ਨੂੰ ਜ਼ਰੂਰ ਪ੍ਰਿਵਿਲਿਜ਼ ਕਮੇਟੀ ਦੇ ਸਾਹਮਣੇ ਰਖਣਾ ਚਾਹੀਦਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ...... (ਵਿਘਨ)

**Mr. Speaker** : Sardar Balwant Singh , please take your seat. I can-not proceed on the basis of newspaper reports. I will have to find out the context in which the observations are alleged to have been made by the Chairman of Punjab Vidhan Parishad .

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ :** ਮੈਂ ਅਰਜ ਕਰਦਾ ਹਾਂ ਕਿ x x x

x x x x x

x x x x x

x x x x (ਵਿਘਨ)

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਜੋ ਕੁਝ ਆਨ- ਰੇਬਲ ਮੈਂਬਰ ਸਰਦਾਰ ਬਲਵੰਤ ਸਿੰਘ ਨੇ ਕਿਹਾ ਹੈ ਜਦ ਕਿ ਤੁਸੀਂ ਆਪ ਇਨ੍ਹਾਂ ਦੀ ਪ੍ਰਿਵੀਲਿਜ਼ ਮੋਸ਼ਨ ਡਿਸਐਲਾਊ ਕਰ ਦਿਤੀ ਹੈ ਤਾਂ ਇਹ ਪ੍ਰੋਸੀਡਿੰਗ ਦਾ ਭਾਗ ਨਹੀਂ ਬਣਨਾ ਚਾਹੀਦਾ ।

**Mr. Speaker :** Whatever Sardar Balwant Singh has said about the Chairman of the Punjab Vidhan Parishad will not form part of the proceedings. It is expunged from to day's proceedings.

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ, ਮੇਰੀ ਇਕ ਹੋਰ ਪ੍ਰਿਵਿਲਿਜ਼ ਮੋਸ਼ਨ ਸੀ ਕਿ ਜਿਹੜਾ ਅੱਪਰ ਹਾਊਸ ਦੇ ਚੇਅਰਮੈਨ ਸਾਹਿਬ ਨੇ ਗਵਰਨਰ ਸਾਹਿਬ ਨੇ ਜੋ ਐਡਰੈਸ ਇਸ ਹਾਊਸ ਵਿਚ ਦਿਤਾ ਉਸ ਦੇ ਬਾਰੇ ਵਿਚ ਰੀਮਾਰਕਸ ਦਿਤੇ ਹਨ, ਉਸ ਦੇ ਬਾਰੇ ਵਿਚ ਸੀ । ਸਪੀਕਰ ਸਾਹਿਬ, ਤੁਸੀਂ ਆਪ ਹੀ ਫ਼ੈਸਲਾ ਦਿਤਾ ਸੀ ਕਿ ਗਵਰਨਰ ਸਾਹਿਬ ਦੇ ਬਾਰੇ ਵਿਚ ਰੀਮਾਰਕਸ ਨਹੀਂ ਦਿਤੇ ਜਾ ਸਕਦੇ । ਫਿਰ ਚੇਅਰਮੈਨ ਸਾਹਿਬ ਨੇ ਇਸ ਤਰ੍ਹਾਂ ਰੀਮਾਰਕਸ ਕੀਤੇ । ਇਹ ਪਿਵਿਲਿਜ਼ ਦੀ ਬ੍ਰੀਚ ਹੈ ਜਦ ਕਿ ਚੇਅਰਮੈਨ ਸਾਹਿਬ ਆਪ ਗਵਰਨਰ ਸਾਹਿਬ ਨੂੰ ਉਸ ਦਿਨ ਰੀਸੀਵ ਕਰਨ ਵਿਚ ਜਿਹੜਾ ਜਲੂਸ ਬਣਿਆ, ਉਸ ਵਿਚ ਸ਼ਾਮਲ ਸਨ । (ਵਿਘਨ)

**Mr. Speaker :** That motion has been disallowed and that involves no breach of privilege of this house.

---

## CALL ATTENTION NOTICES

**ਸਾਥੀ ਰੂਪ ਲਾਲ :** ਸਪੀਕਰ ਸਾਹਿਬ, ਮੇਰੀ ਕਾਲ ਅਟੈਂਨਸ਼ਨ ਮੋਸ਼ਨ ਨੰਬਰ 43 ਸੀ ਮੈਨੂੰ ਉਹ ਪੜ੍ਹਨ ਦੀ ਇਜਾਜ਼ਤ ਦਿਤੀ ਜਾਵੇ ।

**ਸ੍ਰੀ ਸਪੀਕਰ :** ਉਹ ਤਾਂ ਡਿਸਅਲਾਊ ਕਰ ਦਿਤੀ ਗਈ ਹੈ (That has been disallowed.)

**ਸਾਥੀ ਰੂਪ ਲਾਲ :** ਕਲ ਤਾਂ ਤੁਸੀਂ ਮਨਜ਼ੂਰ ਕੀਤੀ ਸੀ ਅਤੇ ਸਰਕੂਲੇਟ ਵੀ ਕੀਤੀ ਹੈ । ਤੁਹਾਨੂੰ ਯਾਦ ਹੋਣਾ ਹੈ । (ਵਿਘਨ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਡਾਕਟਰ ਸਾਧੂ ਰਾਮ** : ਇਹ ਤਾਂ ਝਟ ਕਹਿ ਕੇ ਮੁਕਰ ਜਾਂਦੇ ਹਨ। (ਵਿਘਨ)

**ਸਰਦਾਰ ਜਸਦੇਵ ਸਿੰਘ ਸੰਧੂ** : On a ponit of order sir. ਹੁਣੇ ਡਾਕਟਰ ਸਾਧੂ ਰਾਮ ਨੇ ਕਿਹਾ ਹੈ ਕਿ ਸਪੀਕਰ ਸਾਹਿਬ ਕਹਿ ਕੇ ਮੁਕਰ ਜਾਂਦੇ ਹਨ। ਇਹ ਲਫਜ਼ ਚੇਅਰ ਦੇ ਬਾਰੇ ਵਿਚ ਕਹਿਣੇ ਠੀਕ ਨਹੀਂ। ਵਿਦੜਰਾ ਕਰਨੇ ਚਾਹੀਦੇ ਹਨ ਅਤੇ ਇਨ੍ਹਾਂ ਨੂੰ ਕਿਹਾ ਜਾਵੇ ਚੇਅਰ ਦੀ ਇਜ਼ਤ ਕਰਨ।

**ਡਾਕਟਰ ਸਾਧੂ ਰਾਮ** । ਸਪੀਕਰ ਸਾਹਿਬ, ਮੈਂ ਤਾਂ ਸਰਕਾਰ ਨੂੰ ਕਿਹਾ ਹੈ ਕਿ ਅਖਬਾਰਾਂ ਵਿਚ ਕੁਝ ਕਹਿੰਦੇ ਹਨ ਅਤੇ ਹਾਊਸ ਵਿਚ ਆ ਕੇ ਮੁਕਰ ਜਾਂਦੇ ਹਨ। ਮੈਂ ਤਾਂ ਸਪੀਕਰ ਸਾਹਿਬ ਦੀ ਅਤੇ ਚੇਅਰ ਦੀ ਪੂਰੀ ਇਜ਼ਤ ਕਰਦਾ ਹਾਂ। (ਪ੍ਰਸ਼ੰਸਾ)

---

## CALL ATTENTION NOTICE NO. 44

**Sathi Roop Lal** : I have to draw the attention of the Government towards an urgent matter of public importance, namely, one day's token "Dharna" by the Punjab Government, Mechanical Workers Union, P.W.D. (B & R) in front of the Assembly Hall. These workers are not confirmed even after putting in twenty years. They are neither given other facilities as are given to other categories of employees, such as medical assistance, house rent, cycle allowance etc. Their demands deserve attention in these days of high prices lest this negligence on the part of Government should lead to agitation as a result of which the Government and the public may have to suffer.

**Mr. Speaker** : Admitted. Minister concerned may please make a statement.

**ਸਾਥੀ ਰੂਪ ਲਾਲ** : ਸਪੀਕਰ ਸਾਹਿਬ ਮੈਨੂੰ 43 ਨੰਬਰ ਧਿਆਨ ਦਿਵਾਊ ਮਤਾ ਵੀ ਪੜਨ ਦੀ ਆਗਿਆ ਦਿਤੀ ਜਾਏ। ਕਲ ਤੁਸੀ ਇਜਾਜ਼ਤ ਦੇ ਦਿਤੀ ਸੀ। (ਵਿਘਨ)

**Mr. Speaker** : Please take your seat. That has been disallowed.

**चौधरी बलबीर सिंह** : अध्यक्ष महोदय, मेरा प्वांयट आफ आर्डर यह है कि आप की तरफ से जब काल अटैनशन मोशन सरकुलेट हो जाता है, तो यह समझा जाता है कि आप की तरफ से इजाजत दी गई है और उस को यहां पर पढ़ने की इजाजत होनी चाहिए। अगर उस की नामन्जूरी की इत्तलाह पहले मिल जाए तो आप के चैम्बर में जा कर आप से बात की जा सकती है। अब इस केस में मोशन सरकुलेट हो चुकी है इसलिए इस मते के बारे में हाऊस में बात की

Original with;
Punjab Vidhan Sabha
Digitized by;
Panjab Digital Library

जा सकती है क्योंकि मैम्बर को इत्तलाह नहीं मिली कि यह नामन्ज़ूर है और हाउस में भो आपने इस के बारे में पढ़ने नहीं दिया ।

**ਸ਼੍ਰੀ ਸਪੀਕਰ :** ਹਰ disallowed ਕਾਲ ਅਟੈਂਨਸ਼ਨ ਮੋਸ਼ਨ ਦੇ ਬਾਰੇ ਵਿਚ ਮੈਂਬਰ ਕਨਸਰਨਡ ਨੂੰ ਇਤਲਾਹ ਵੇਲੇ ਸਿਰ ਪਹੁੰਚ ਜਾਂਦੀ ਹੈ । ਮੈਂ ਪਤਾ ਕਰਾਂਗਾ ਕਿ ਇਸ ਕਾਲ ਅਟੈਂਨਸ਼ਨ ਨੋਟਿਸ ਬਾਰੇ ਕਿਉਂ ਇੰਟੀਮੇਸਨ ਨਹੀਂ ਭੇਜੀ ਗਈ ਔਰ ਆਇੰਦਾ ਵੇਲੇ ਸਿਰ ਲਿਮ ਜਾਇਆ ਕਰੇਗੀ । (The decision about every Call Attention Notice that is disallowed is invariably conveyed to the hon. Member concerned. I would see as to why the intimation has not been sent to the Member. And I assure you that in future the intimation in regard to Call Attention Motion not allowed will be sent to the hon. Members concerned well in time.)

**Mr. Speaker :** Now I come to Call Attention Notice No. 47.

**Sardar Santokh Singh :** I beg to draw the attention of the Government towards an urgent matter of public importance, namely, the situation caused due to the failure of the Punjab Government to grant loans to the farmers for constructing Pucca Water Channel to water their fields to level their fields and for demarcating of fields.

The Punjab Government has refused to accept loan of Rs. 6½ Crores from Central Government without assigning any reason though a lot of work yet remains to be completed.

There is a resentment among the farmers. Hence this Call Attention Motion.

**Mr. Speaker :** Admitted. The Minister may please make a statement.

### ध्यानाकर्षण प्रस्ताव नं० 48

**चौधरी बलबीर सिंह :** स्पीकर साहिब, मैं हाऊस का ध्यान इस ध्यानाकर्षण प्रस्ताव के द्वारा इस ज़रूरी बात की तरफ दिलाना चाहता हूं । यह एक बहुत ही गंभीर समस्या है कि डिप्टी डायरेक्टर उद्योग विभाग के गांव ज़हरा, ज़िला होशियारपुर में छापा मारा गया । वहां मौके पर सरकारी ट्रैक्टर्ज़ काम करते हुए पाये गये । यह छापा ज्वायन्ट डायरेक्टर उद्योग ट्रेनिंग चण्डीगढ़ और होशियारपुर पुलिस ने मारा था । अब पता लगा है कि कुछ बड़े आफिसर्ज़ मिल कर इस केस को ठप्प करने की कोशिश कर रहे हैं । सरकार को इस मामले की तरफ ध्यान देना चाहिये और उन लोगों के सख्त खिलाफ ऐक्शन लेना चाहिए ।

Original with;
Punjab Vidhan Sabha
Digitized by;
Panjab Digital Library

**Mr. Speaker** : It is admitted. The Minister concerned may please make a statement.

The next Call Attention Motion (No. 49) has been given notice of by the hon. Member Shri Gurdial Saini.

**Shri Gurdial Saini** : Sir, I beg to draw the attention of the Government towards an urgent matter of public importance, namely that the circular for the combination of subjects for recognised B.A., B Ed, school teachers was circulated on 16-10-68 but the grants of some teachers appointed before this circular were stopped in the name of combination. This is the anti-employee policy of its top by the D.P.I. Department and Government has not yet taken any action.

When the question of combination of subjects for B.A., B.Ed teachers is not anywhere in India, why in Punjab ?

Grants may be immediately released for the Masters/Mistresses working for the last 10/12 months.

**Mr Speaker** : It is admitted. The Minister concerned may please make a statement.

The Next Call Attention Motion (No. 50) stands in the name of the hon. Member Chaudhri Balbir Singh.

**ध्यानाकर्षण प्रस्ताव नं० 50**

**चौधरी बलबीर सिंह** : स्पीकर साहिब, मैं इस ध्यानाकर्षण प्रस्ताव के द्वारा एक बहुत ही गंभीर बात की ओर, हाऊस का ध्यान दिलाना चाहता हूं। गिल सरकार ने छोटी स्कीमों के तहत बजट 1968-69 में होशियारपुर ज़िले में बांध बनाने के लिये 5 लाख रुपये की रकम रखी थी। बरसात के दिनों में चो होशियारपुर जिला में बहुत नुक्सान पहुंचाते हैं। ज़मीन को सैलाब से बचाने के लिये यह ज़रुरी है कि बांध और नाले बनाए जायें। मगर यह स्कीम जिस समय गिल सरकार टूट गई मुल्तवी कर दी गई। मैं सरकार से फिर यह दरखास्त करूंगा कि इस स्कीम को इस बजट साल के दौरान शुरु किया जाए ताकि बरसात के शुरु होने से पहले यह स्कीम पूरी हो जाए।

**Mr. Speaker** : This is admitted. The Minister concerned may please make a statement.

**ਧਿਆਨ ਦਿਵਾਊ ਮਤਾ ਨੰ: 51**

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਇਕ ਬਹੁਤ ਹੀ ਜ਼ਰੂਰੀ ਮਤੇ ਵੱਲ ਦਵਾਉਣਾ ਚਾਹੁੰਦਾ ਹਾਂ। ਉਹ ਇਹ ਹੈ ਕਿ 10-3-63 ਨੂੰ ਅੰਮ੍ਰਿਤਸਰ ਵਿਚ ਗੁਰੂ ਨਾਨਕ ਵਾੜਾ ਵਿਖੇ ਇਕ ਰਿਕਸ਼ਾ ਡਰਾਈਵਰ ਲਖਾ ਸਿੰਘ ਨੂੰ ਮਾਲਕ ਮਕਾਨ ਚੌਧਰੀ ਸੰਤਾ ਸਿੰਘ ਨੇ ਜ਼ਬਰਦਸਤੀ ਅਤੇ ਗ਼ੈਰ ਕਾਨੂੰਨੀ ਤੌਰ ਤੇ ਘਰੋਂ ਕੱਢ ਦਿੱਤਾ, ਜਿਹੜਾ ਕਿ ਪੁਲੀਸ ਦਾ ਟਾਊਟ ਵੀ ਹੈ। ਲਖਾ ਸਿੰਘ ਦੇ ਘਰ ਦਾ ਸਾਮਾਨ ਅਤੇ ਉਸ ਦੇ ਬਚਿਆਂ ਨੂੰ ਵੀ ਮਾਲਕ ਮਕਾਨ

Original with;
Punjab Vidhan Sabha
Digitized by;
Panjab Digital Library

ਨੇ ਘਰੋਂ ਬਾਹਰ ਗਲੀ ਵਿਚ ਕਢ ਸੁਟਿਆ । ਸ੍ਰੀ ਲੱਖਾ ਸਿੰਘ ਨੂੰ ਕਿਰਪਾਨ ਵਗੈਰਾ ਨਾਲ ਡਰਾਇਆ ਧਮਕਾਇਆ ਗਿਆ ।

ਜਦੋਂ ਪੁਲਿਸ ਮੌਕੇ ਤੇ ਆਈ ਤਾਂ ਕਸੂਰਵਾਰਾਂ ਦੇ ਖਿਲਾਫ ਐਕਸ਼ਨ ਲੈਣ ਦੀ ਬਜਾਏ ਸ੍ਰੀ ਲਖਾਂ ਸਿੰਘ ਨੂੰ ਹੀ ਥਾਨੇ ਵਿਚ ਫੜ ਕੇ ਲੈ ਗਈ । ਪੁਲਿਸ ਨੇ ਉਸ ਨੂੰ ਉਥੇ ਮਾਰਿਆ ਵੀ ਅਤੇ ਉਸ ਦੇ ਖਿਲਾਫ਼ ਧਾਰਾ 107/51 ਆਈ. ਪੀ. ਸੀ. ਦੇ ਤਹਿਤ ਮੁਕਦਮਾ ਵੀ ਰਜਿਸਟਰ ਕਰ ਦਿੱਤਾ ।

ਜਦੋਂ ਐਸ. ਐਸ. ਪੀ. ਦੇ ਅੰਮ੍ਰਿਤਸਰ ਪਾਸ 11-3-69 ਨੂੰ ਸ਼ਿਕਾਇਤ ਕੀਤੀ ਗਈ ਤਾਂ ਉਸ ਨੇ ਉਸੇ ਥਾਨੇਦਾਰ ਨੂੰ ਜਿਸ ਦੇ ਥਾਨੇ ਵਿਚ ਲੱਖਾ ਸਿੰਘ ਨੂੰ ਮਾਰਿਆ ਕੁਟਿਆ ਗਿਆ ਸੀ ਤਿੰਨ ਦਿਨਾਂ ਦੇ ਅੰਦਰ ਅੰਦਰ ਤਫਤੀਸ਼ ਕਰਕੇ ਰਿਪੋਰਟ ਦੇਣ ਦਾ ਹੁਕਮ ਦਿੱਤਾ ।

ਮਿਤੀ 15-3-69 ਦੀ ਸ਼ਾਮ ਤੱਕ ਇਕ ਵੀ ਪੁਲਿਸ ਅਫਸਰ ਜਾਂ ਕੋਈ ਹੋਰ ਮੌਕੇ ਤੇ ਇਨਕੁਆਇਰੀ ਕਰਨ ਨਹੀਂ ਗਿਆ, ਭਾਵੇਂ ਹੁਣ ਤੱਕ ਲੱਖਾ ਸਿੰਘ ਦੇ ਘਰ ਦਾ ਸਾਮਾਨ ਗਲੀ ਵਿਚ ਪਿਆ ਹੈ ।

ਉਪਰੋਕਤ ਪੁਲਿਸ ਅਫਸਰਾਂ ਨਾਲ ਮਾਲਕ ਮਕਾਨ ਅਤੇ ਪੁਲਿਸ ਟਾਊਟ ਨੇ ਮਿਲਕੇ ਜੋ ਬੁਰਾ ਅਤੇ ਕਾਬਲੇ ਮੁਜ਼ੱਮਤ ਰਵਈਆ ਇਖਤਿਆਰ ਕੀਤਾ ਹੈ ਅਤੇ ਉਚ ਪੁਲਿਸ ਅਧਿਕਾਰੀਆਂ ਦੇ ਨਿਆਂ ਨਾ ਕਰਨ ਤੇ ਉਸ ਇਲਾਕੇ ਦੇ ਲੋਕਾਂ ਦੇ ਵਿਚ ਬੜੀ ਭਾਰੀ ਬੇਚੈਨੀ ਪਾਈ ਜਾਂਦੀ ਹੈ ।

ਇਸ ਮੁਆਮਲੇ ਦੀ ਮਹਤੱਤਾ ਨੂੰ ਵੇਖਦੇ ਹੋਏ, ਮੁੱਖ-ਮੰਤਰੀ ਜੀ ਇਸ ਮੁਆਮਲੇ ਤੇ ਹਾਊਸ ਵਿਚ ਬਿਆਨ ਦੇਣ ।

**Mr Speaker** : This is admitted. The Minister concerned may please make a statement.

### ਧਿਆਨ ਦਵਾਊ ਨੋਟਿਸ ਨੰ: 52

**ਕਾਮਰੇਡ ਸੱਤਪਾਲ ਡਾਂਗ** : ਮੈਂ ਸਰਕਾਰ ਦਾ ਧਿਆਨ ਇਕ ਅਤੀ ਜ਼ਰੂਰੀ ਮਤੇ ਵਲ ਦਿਵਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜੁਆਇੰਟ ਆਰਬਿਟਰੇਸ਼ਨ ਅਤੇ ਕਨਸਲਟੇਟਿਵ ਕਮੇਟੀ ਦੀ ਸਕੀਮ ਦੇ ਬਾਰੇ ਸਰਕਾਰ ਨੇ ਕੁਝ ਤਜਵੀਜ਼ਾਂ ਮੰਨਣ ਬਾਰੇ ਜ਼ਿਦੀ ਰਵਈਆ ਅਪਣਾਇਆ ਹੈ । ਸਰਕਾਰੀ ਮੁਲਾਜ਼ਮਾ ਵਿਚ ਸਰਕਾਰ ਦੇ ਰਵਈਏ ਦੇ ਖਿਲਾਫ ਬਹੁਤ ਬੇਚੈਨੀ ਪਾਈ ਜਾਂਦੀ ਹੈ । ਸਰਕਾਰ ਉਸ ਸਕੀਮ ਨੂੰ ਐਸੇ ਢੰਗ ਨਾਲ ਲਾਗੂ ਕਰਨਾ ਚਾਹੁੰਦੀ ਹੈ ਜਿਹੜੀ ਸ੍ਰੀ ਤ੍ਰਿਲੋਕ ਨਾਥ, ਪ੍ਰਧਾਨ, ਪੰਜਾਬ ਸਰਕਰਾ ਸਰਵਿਸ ਫੈਡਰੇਸ਼ਨ ਦੇ ਅਨੁਸਾਰ ਹੰਝੂ ਪੂੰਜਣ ਦੇ ਨਿਆਈਂ ਹੈ । ਤਾਲਮੇਲ ਕਮੇਟੀ ਦੇ ਬਾਰੇ ਸਰਕਾਰ ਆਪਣੀ ਪਾਲੀਸੀ ਦਾ ਐਲਾਨ ਕਰੇ ਤਾਂ ਜੋ ਸਰਕਾਰੀ ਕਰਮਚਾਰੀਆਂ ਨੂੰ ਕੋਈ ਮਿਥਿਆ ਹੋਇਆ ਅਗਲੇਰਾ ਕਦਮ ਚੁਕਣ ਤੋਂ ਬਚਾਇਆ ਜਾ ਸਕੇ ।

**Mr. Speaker** : This is admitted. The Minister concerned may please make a statement.

Original with;
Punjab Vidhan Sabha
Digitized by;
Panjab Digital Library

## ਧਿਆਨ ਦਿਵਾਊ ਨੋਟਿਸ ਨੰ: 54

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਮੈਂ ਆਪਣੇ ਕਾਲ ਅਟੈਨਸ਼ਨ ਨੋਟਿਸ ਰਾਹੀਂ ਸਰਕਾਰ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਬਠਿੰਡਾ ਦੇ ਨਜ਼ਦੀਕ ਪਿੰਡ ਚੁਗਾ ਖੁਰਦ ਵਿਚ 16 ਮਾਰਚ, 1969 ਨੂੰ ਜਾਂ ਇਸ ਦੇ ਲਗ ਭਗ ਬਿਸਵੇਦਾਰਾਂ ਵੱਲੋਂ ਮੁਜ਼ਾਰਿਆਂ ਤੇ ਗੋਲੀ ਚਲਾ ਕੇ ਦਹਿਸ਼ਤ ਫੈਲਾਈ ਗਈ ਹੈ। ਮੁਜ਼ਾਰੇ ਉਨ੍ਹਾਂ ਖੇਤਾਂ ਵਿਚ ਕੰਮ ਕਰ ਰਹੇ ਸੀ ਜਿਨ੍ਹਾਂ ਵਿਚ ਇਹ ਪਿਛਲੇ 20 ਸਾਲਾਂ ਤੋਂ ਕਾਸ਼ਤ ਕਰਦੇ ਆ ਰਹੇ ਸਨ ਗੋਲੀ ਚਲਣ ਕਰਕੇ ਮੌਕੇ ਤੇ ਦੋ ਮੁਜ਼ਾਰਿਆਂ ਸਰਦਾਰ ਗੁਲਾਬ ਸਿੰਘ ਅਤੇ ਛੋਟਾ ਸਿੰਘ ਦੇ ਮਾਰੇ ਜਾਣ ਦੀ ਇਤਲਾ ਮਿਲੀ ਹੈ। ਇਹ ਵੀ ਫਿਰ ਜਾ ਕੇ ਪਤਾ ਲੱਗਿਆ ਹੈ ਕਿ ਪਿੰਡ ਦੇ ਲੋਕੀਂ ਜਦੋਂ ਜ਼ਖਮੀਆਂ ਨੂੰ ਲੈ ਕੇ ਗਏ ਤਾਂ ਜਿਹੜਾ ਡਾਕਟਰ ਡਿਊਟੀ ਤੇ ਸੀ ਉਸ ਨੇ ਜ਼ਖਮੀਆਂ ਨੂੰ ਐਡਮਿਟ ਨਹੀਂ ਕੀਤਾ, ਭਾਵੇਂ ਉਨ੍ਹਾਂ ਨੂੰ ਗੰਭੀਰ ਚੋਟਾਂ ਲੱਗਿਆਂ ਸਨ। ਉਹ 4 ਘੰਟੇ ਉਸ ਗੰਭੀਰ ਹਾਲਤ ਵਿਚ ਹਸਪਤਾਲ ਦੇ ਬਰਾਂਡੇ ਵਿਚ ਹੀ ਲੇਟੇ ਰਹੇ।

ਇਸ ਮੁਆਮਲੇ ਦੀ ਸੱਪਸ਼ਟ ਤਤਪਰਤਾ ਨੂੰ ਮੁਖ ਰਖਦਿਆਂ ਹੋਇਆਂ ਚੀਫ਼ ਮਨਿਸਟਰ ਨੂੰ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਜਾਵੇ।

**Mr. Speaker :** This is admitted. The Minister concerned may please make a statement.

---

## ELECTION OF THE DEPUTY SPEAKER.

**ਸ਼੍ਰੀ ਸਪੀਕਰ :** ਡਿਪਟੀ ਸਪੀਕਰ, ਦੀ ਹੁਣ ਚੋਣ ਹੋਵੇਗੀ। (Now the election of the Deputy Speaker will be held.)

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਕਲ੍ਹ ਵੀ ਅਤੇ ਅਜ ਵੀ ਇਹ ਮੁਆਮਲਾ ਇਕ ਦੋ ਦਫ਼ਾ ਇਸ ਹਾਊਸ ਵਿਚ ਆਇਆ ਹੈ ਕਿ ਇਸ ਹਾਊਸ ਦੇ ਮੁਤਅੱਲਿਕ ਜੋ ਵੀ ਗਲ ਬਾਤ ਹੋਵੇ, ਉਹ ਹਾਊਸ ਦੇ ਪ੍ਰਿਵਿਲੇਜ ਦੇ ਤੌਰ ਤੇ ਘੋਖੀ ਜਾਵੇ ਇਹ ਹਾਊਸ ਸੁਪਰੀਮ ਹੈ, ਜੇਕਰ ਇਹ ਹਾਊਸ ਸੁਪਰੀਮ ਹੈ, ਤਾਂ ਮੈਂ ਇਹ ਗੱਲ ਪੁਛਣਾ ਚਾਹੁੰਦਾ ਹਾਂ ਕਿ ਅਗਰ ਕੋਈ ਇਸ ਹਾਊਸ ਦੀ ਤੌਹੀਨ ਕਰੇ ਤਾਂ ਮੁਆਮਲਾ ਪ੍ਰਿਵਿਲੇਜ਼ ਕਮੇਟੀ ਦੇ ਵਿਚ ਲਿਆਇਆ ਜਾ ਸਕਦਾ ਹੈ ਜਾਂ ਨਹੀਂ ? (ਮੁੱਖ-ਮੰਤਰੀ–ਬੈਠੇ-ਬੈਠੇ.- ਕਿਉਂ ਨਹੀਂ ਲਿਆਇਆ ਜਾ ਸਕਦਾ ?) ਉਤਰ ਪ੍ਰਦੇਸ਼ ਵਿਚ ਜੱਜਿਜ਼ ਆਫ਼ ਦੀ ਹਾਈਕੋਰਟ ਨੇ ਉਥੋਂ ਦੀ ਅਸੈਂਬਲੀ ਦੇ ਖਿਲਾਫ਼ ਕੁਝ ਡਿਸ-ਪਲੇਯਰ ਕਰੀਏਟ ਕੀਤਾ ਸੀ, ਤੁਹਾਨੂੰ ਵੀ ਸ਼ਾਇਦ ਇਹ ਗਲ ਯਾਦ ਹੋਵੇਗੀ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਇਹ ਮੁਆਮਲਾ ਕਾਫੀ ਅਹਿਮੀਅਤ ਰਖਦਾ ਹੈ। ਸਾਡੀ ਇਹ ਮੰਗ ਹੈ ਕਿ ਇਸ ਹਾਊਸ ਵਿਚ ਐਡਵੋਕੇਟ ਜਨਰਲ ਨੂੰ ਬੁਲਾ ਕੇ, ਇਸ ਹਾਊਸ ਵਿਚ ਨਿਰਨਾ ਕਰਾਇਆ ਜਾਵੇ ਤਾਂ ਜੋ ਹਮੇਸ਼ਾ ਵਾਸਤੇ ਇਹ ਗੱਲ ਮੁਕ ਜਾਵੇ। ਕਲ੍ਹ ਤੁਸੀਂ ਸਰਦਾਰ ਉਮਰਾਓ ਸਿੰਘ ਦੀ ਇਕ ਪ੍ਰਿਵਿਲੇਜ ਮੋਸ਼ਨ ਵੀ ਨਾਮਨਜ਼ੂਰ ਕੀਤੀ ਹੈ, ਤੁਹਾਨੂੰ ਜਾਪਦਾ ਹੋਵੇਗਾ ਕਿ ਇਸ

Original with;
Punjab Vidhan Sabha
Digitized by;
Panjab Digital Library

ਮੁਆਮਲੇ ਦੀ ਅਹਿਮੀਅਤ ਲਈ ਐਡਵੋਕੇਟ ਜਰਨਲ ਰਾਹੀਂ ਸਪਸ਼ਟੀ ਸੁਣੀ ਜਾਵੇ । ਇਸ ਦਾ ਨਿਰਨਾ ਜ਼ਰੂਰ ਹੀ ਕਰਨਾ ਚਾਹੀਦਾ ਹੈ, ਇਸ ਦੇ ਨਾਲ ਤੁਹਾਡਾ ਵੀ ਕੰਮ ਸੌਖਾ ਹੋ ਜਾਵੇਗਾ ।

**ਸ਼੍ਰੀ ਸਪੀਕਰ :** ਹੁਣ ਡਿਪਟੀ ਸਪੀਕਰ ਦੀ ਚੋਣ ਹੋਵੇਗੀ । (Now the House will proceed to elect the Deputy Speaker.)

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰੀ ਤਜਵੀਜ਼ ਹੈ ਕਿ ਬ੍ਰੀਗੇਡੀਅਰ ਬਿਕਰਮਜੀਤ ਸਿੰਘ ਐਮ, ਐਲ. ਏ. ਨੂੰ ਡਿਪਟੀ ਸਪੀਕਰ ਬਣਾਇਆ ਜਾਵੇ ।

**ਸ਼੍ਰੀ ਬਲਰਾਮ ਦਾਸ ਟੰਡਨ :** ਸਪੀਕਰ ਸਾਹਿਬ, ਮੈਂ ਮੁੱਖ-ਮੰਤਰੀ ਜੀ ਦੇ ਲਫ਼ਜ਼ਾਂ ਦੀ ਤਾਈਦ ਕਰਦਾ ਹਾਂ ।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੈਂ ਆਬਜੈਕਟ ਕਰਦਾ ਹਾਂ ਕਿ ਜਿਹੜੇ ਲਫ਼ਜ਼ਾਂ ਵਿਚ ਮੋਸ਼ਨ ਆਉਣੀ ਚਾਹੀਦੀ ਸੀ ਉਹ ਮੁੱਖ ਮੰਤਰੀ ਸਾਹਿਬ ਨੇ ਨਹੀਂ ਕਹੇ ।

**ਮੁੱਖ ਮੰਤਰੀ ।** ਸਪੀਕਰ ਸਾਹਿਬ, ਬ੍ਰਿਗੇਡੀਅਰ ਬਿਕਰਮਜੀਤ ਸਿੰਘ, ਜਿਹੜੇ ਕਿ ਹਾਜ਼ਰ ਹਨ, ਇਸ ਸਦਨ ਦੇ ਡਿਪਟੀ ਸਪੀਕਰ ਚੁਣਿਆ ਜਾਵੇ ।

**ਸ਼੍ਰੀ ਬਲਰਾਮ ਦਾਸ ਟੰਡਨ :** ਮੈਂ ਇਸ ਦੀ ਤਾਈਦ ਕਰਦਾ ਹਾਂ ।

**Mr. Speaker :** The language of motion should be-

> That Sardar Bikramajit Singh a Member of the Punjab Legislative Assembly and who is present in the House.........

**ਮੁੱਖ ਮੰਤਰੀ :** ਮੈਂ ਪ੍ਰਸਤਾਵ ਕਰਦਾ ਹਾਂ ਕਿ ਬ੍ਰਿਗੇਡੀਅਰ ਬਿਕਰਮਜੀਤ ਸਿੰਘ, ਪੰਜਾਬ ਵਿਧਾਨ ਸਭਾ ਦੇ ਮੈਂਬਰ, ਜਿਹੜੇ ਕਿ ਇਸ ਸਮੇਂ ਸਦਨ ਵਿਚ ਹਾਜ਼ਰ ਹਨ ਨੂੰ ਇਸ ਸਦਨ ਦੇ ਡਿਪਟੀ ਸਪੀਕਰ ਵਜੋਂ ਚੁਣਿਆ ਜਾਵੇ ।

**ਸ਼੍ਰੀ ਬਲਰਾਮ ਦਾਸ ਟੰਡਨ :** ਮੈਂ ਇਸ ਦੀ ਤਾਈਦ ਕਰਦਾ ਹਾਂ ।

**Chief Minister :** Sir, I beg to move :

> That Brig. Bikramajit Singh, a Member of the Punjab Legislative Assembly, who is present in the House, be elected as Deputy Speaker of the House.

**Mr. Speaker :** Motion moved -

> That Brig. Bikramajit Singh, a Member of the Punjab Legislative Assembly, who is present in the House, be elected as Deputy Speaker of the House.

Is there any other proposal ?

Original with;
Punjab Vidhan Sabha
Digitized by;
Panjab Digital Library

(Voices : No, No)

**Mr. Speaker :** Question is -

That Brig. Bikramajit Singh, a Member of the Punjab Legislative Assembly, who is present in the House, be elected as Deputy Speaker of the House.

The motion was carried.

(Thumping from the Treasury Benches.)

(At this stage Brig. Bikramajit Singh occupied the seat of the Deputy Speaker.) (Thumping)

**ਮੁੱਖ ਮੰਤਰੀ (ਸਰਦਾਰ ਗੁਰਨਾਮ ਸਿੰਘ) :** ਸਪੀਕਰ ਸਾਹਿਬ, ਮੈਂ ਬਰੀਗੇਡੀਅਰ ਬਿਕਰਮਾਜੀਤ ਸਿੰਘ ਨੂੰ ਡਿਪਟੀ ਸਪੀਕਰ ਚੁਣੇ ਜਾਣ ਲਈ ਵਧਾਈ ਦਿੰਦਾ ਹਾਂ। ਇਸ ਵਿਚ ਕੋਈ ਸ਼ਕ ਨਹੀਂ ਕਿ ਉਹ ਸਾਡੀ ਪਾਰਟੀ ਦੇ ਮੈਂਬਰ ਹਨ ਪਰ ਬਾਵਜੂਦ ਇਸ ਗਲ ਦੇ ਮੈਂਨੂੰ ਇਹ ਯਕੀਨ ਹੈ ਕਿ ਇਸ ਕੁਰਸੀ ਤੇ ਬੈਠ ਕੇ ਉਹ ਦੋਹਾਂ ਪਾਸਿਆਂ ਦੀ ਰਖਿਆ ਕਰਨਗੇ ਭਾਵੇਂ ਕੋਈ ਮੈਂਬਰ ਆਪੋਜ਼ੀਸ਼ਨ ਦਾ ਹੋਵੇ ਭਾਵੇਂ ਟਰੈਜ਼ਰੀ ਬੈਂਚਾਂ ਦਾ ਹਰ ਇਕ ਨੂੰ ਉਹ ਕਾਨੂੰਨ ਔਰ ਰੂਲਜ਼ ਦੇ ਮੁਤਾਬਿਕ ਇਨਸਾਫ ਦੇਣਗੇ। ਉਹ ਪਹਿਲਾਂ ਵੀ ਇਕ ਚੰਗੇ ਅਹੁਦੇ ਤੇ ਰਹੇ ਹਨ ਅਤੇ ਹੁਣ ਵੀ ਮੈਂਨੂੰ ਆਸ ਹੈ ਕਿ ਉਹ ਆਪਣੇ ਫ਼ਰਜ ਨੂੰ ਚੰਗੀ ਤਰ੍ਹਾਂ ਨਿਭਾਣਗੇ। (ਤਾੜੀਆਂ)

**ਮੇਜਰ ਹਰਿੰਦਰ ਸਿੰਘ (ਅਜਨਾਲ) :** ਸਪੀਕਰ ਸਾਹਿਬ, ਮੈਂ ਬਰਗੇਡੀਅਰ ਸਾਹਿਬ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਆਪਣੀ ਪਾਰਟੀ ਵਲੋਂ ਅਤੇ ਆਪਣੇ ਵਲੋਂ ਵਧਾਈ ਦਿੰਦਾ ਹਾਂ। ਮੈਂਨੂੰ ਇਨ੍ਹਾਂ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਇਕ ਫੌਜੀ ਦੇ ਨਾਤੇ ਵੀ ਬਹੁਤ ਖੁਸ਼ੀ ਹੈ (ਪ੍ਰਸ਼ੰਸਾ) ਇਹ ਫੌਜ ਵਿਚ ਵੀ ਅਹੁਦੇ ਵਿਚ ਮੇਰੇ ਤੋਂ ਸੀਨੀਅਰ ਰਹੇ ਹਨ। ਇਹ ਬਰੀਗੇਡੀਅਰ ਅਤੇ ਮੈਂ ਮੇਜਰ ਅਤੇ ਇਥੇ ਹਾਊਸ ਵਿਚ ਵੀ ਇਹ ਮੇਰੇ ਤੋਂ ਸੀਨੀਅਰ ਹੀ ਹਨ ਕਿਉਂਕਿ ਇਹ ਡਿਪਟੀ ਸਪੀਕਰ ਬਣ ਗਏ ਹਨ। ਇਸ ਲਈ ਮੈਂ ਇਨ੍ਹਾਂ ਨੂੰ ਫਿਰ ਵਧਾਈ ਦਿੰਦਾ ਹਾਂ। ਮੈਂ ਇਹ ਆਸ ਕਰਦਾ ਹਾਂ ਕਿ ਬਰੀਗੇਡੀਅਰ ਸਾਹਿਬ ਹਾਊਸ ਦੇ ਸਾਰੇ ਮੈਂਬਰਾਂ ਨੂੰ ਭਾਵੇਂ ਇਹ ਕਿਸੇ ਵੀ ਪਾਰਟੀ ਨਾਲ ਸਬੰਧ ਰਖਦੇ ਹੋਣ, ਆਪਣੀ ਸੱਜੀ ਅਤੇ ਖਬੀ ਅਖ ਸਮਝਣਗੇ। (ਤਾੜੀਆਂ)

**ਮੁੱਖ ਮੰਤਰੀ :** ਇਕੋ ਅਖ ਸਮਝਣਗੇ।

**ਮੇਜਰ ਹਰਿੰਦਰ ਸਿੰਘ :** ਮੈਂ ਇਕੋ ਅਖ ਹੀ ਆਖਣ ਲਗਾ ਸੀ ਪਰ ਉਸ ਦੇ ਨਾਲ ਕਾਣਾ ਹੋ ਜਾਂਦਾ ਹੈ। (ਹਾਸਾ) ਇਸ ਲਈ ਨਹੀਂ ਆਖਿਆ। ਇਹ ਫੌਜੀ ਅਫ਼ਸਰ ਹਨ। ਫੌਜੀਆਂ ਦਾ ਸੁਭਾਅ ਹੁੰਦਾ ਹੈ ਕਿ ਜਿਸ ਪਾਸੇ ਚੜ੍ਹਾਈ ਕਰ ਦਿਤੀ ਉਸ ਪਾਸੇ ਹੀ ਗੋਲਾਬਾਰੀ ਸ਼ੁਰੂ ਕਰ ਦਿਤੀ। (ਹਾਸਾ) ਪਰ ਮੈਂ ਅਰਜ਼ ਕਰਦਾ ਹਾਂ ਕਿ ਇਥੇ ਤੁਸੀਂ ਇਕ ਪਾਸੇ ਹੀ

Original with;
Punjab Vidhan Sabha
Digitized by;
Panjab Digital Library

ਚੜ੍ਹਾਈ ਨਾ ਕਰਨਾ (ਹਾਸਾ) ਇਥੇ ਤੁਸੀਂ ਹਾਊਸ ਦੀ ਰਖਿਆ ਕਰਨੀ ਹੈ । ਜਿਹੜਾ ਹਾਊਸ ਤੇ ਚੜ੍ਹਾਈ ਕਰੇ ਤੁਸੀਂ ਉਸ ਤੇ ਗੋਲਾਬਾਰੀ ਕਰਨਾ । (ਹਾਸਾ) ਮੈਂਨੂੰ ਆਸ ਹੈ ਕਿ ਸਪੀਕਰ ਦੀ ਕੁਰਸੀ ਤੇ ਬੈਠ ਕੇ ਤੁਸੀਂ ਸਾਰੇ ਮੈਂਬਰਾਂ ਦੇ ਹਕ ਹਕੂਕ ਦੀ ਰਖਿਆ ਕਰੋਗੇ ਅਤੇ ਇਹ ਗਲ ਆਪਣੇ ਮਨ ਵਿਚ ਨਹੀਂ ਰਖੋਗੇ ਕਿ ਕੌਣ ਤੁਹਾਡੇ ਸਜੇ ਬੈਠਾ ਹੈ ਅਤੇ ਕੌਣ ਖਬੇ । ਇਸ ਕੰਮ ਵਿਚ ਮੇਰੀ ਪਾਰਟੀ ਤੁਹਾਨੂੰ ਪੂਰਾ ਸਹਿਯੋਗ ਦੇਵੇਗੀ । (ਤਾੜੀਆਂ)

**ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦਖਣੀ) :** ਸਪੀਕਰ ਸਾਹਿਬ, ਮੈਂ ਬਰੀਗੇਡੀਅਰ ਸਾਹਿਬ ਨੂੰ ਉਨ੍ਹਾਂ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ । ਮੈਂਨੂੰ ਆਸ ਹੈ ਕਿ ਉਹ ਫੌਜੀ ਅਫਸਰ ਹੋਣ ਕਰਕੇ ਇਸ ਹਾਊਸ ਦੀ ਰਖਿਆ ਕਰਨਗੇ ਅਤੇ ਇਸ ਦੇ ਜ਼ਾਬਤੇ ਅਤੇ ਕਵਾਇਦ ਦੀ ਰਖਿਆ ਕਰਨਗੇ (ਹਾਸਾ) ਜਿਥੋਂ ਤਕ ਇਨ੍ਹਾਂ ਦੇ ਪਾਸਟ ਕੈਰੀਅਰ ਦਾ ਸਬੰਧ ਹੈ ਕੁਝ ਚਿਰ ਤੋਂ ਉਨ੍ਹਾਂ ਦਾ ਵਾਹ ਇਕ ਛੂਤ ਦੀ ਬਿਮਾਰੀ ਨਾਲ ਪਿਆ ਹੋਇਆ ਹੈ (ਤਾੜੀਆਂ) ਮੈਨੂੰ ਆਸ ਹੈ ਕਿ ਉਹ ਇਸ ਛੂਤ ਦੀ ਬਿਮਾਰੀ ਜਨਸੰਘ ਦੇ ਅਸਰ ਤੋਂ ਉਪਰ ਉਠ ਕੇ ਤੰਗ ਨਜ਼ਰੀਆ ਛਡ ਦੇਣਗੇ । ਮੈਂਨੂੰ ਉਮੀਦ ਹੈ ਕਿ ਉਹ ਇਸ ਦੇ ਅਸਰ ਨੂੰ ਆਪਣੇ ਉਪਰ ਨਹੀਂ ਰਹਿਣ ਦੇਣਗੇ ।

**ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ-ਪੱਛਮ) :** ਸਪੀਕਰ ਸਾਹਿਬ, ਮੇਰਾ ਵੀ ਫਰਜ਼ ਬਣਦਾ ਹੈ ਕਿ ਮੈਂ ਵੀ ਬਰੀਗੇਡੀਅਰ ਸਾਹਿਬ ਨੂੰ ਉਨ੍ਹਾਂ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦੇਵਾਂ । ਮੈਂਨੂੰ ਆਸ ਹੈ ਕਿ ਉਹ ਨਿਰਪਖ ਹੋ ਕੇ ਆਪਣੇ ਇਸ ਫ਼ਰਜ਼ ਨੂੰ ਨਿਭਾਣਗੇ ।

ਸਪੀਕਰ ਸਾਹਿਬ, ਮੈਂ ਇਕ ਹੋਰ ਗਲ ਵੀ ਕਹਿਣੀ ਚਾਹੁੰਦਾ ਹਾਂ ਕਿ ਹੁਕਮਰਾਨ ਪਾਰਟੀ ਦਾ ਰਵਈਆ ਠੀਕ ਨਹੀਂ । ਮੈਂ ਸਪੀਕਰ ਦੀ ਚੋਣ ਵੇਲੇ ਵੀ ਆਖਿਆ ਸੀ ਕਿ ਚੰਗਾ ਹੁੰਦਾ ਕਿ ਚੋਣ ਤੋਂ ਪਹਿਲਾਂ ਦੂਸਰੀਆਂ ਪਾਰਟੀਆਂ ਨਾਲ ਸਲਾਹ ਕਰ ਲਈ ਜਾਂਦੀ । ਇਹ ਇਕ ਚੰਗੀ ਟਰੈਡੀਸ਼ਨ ਹੈ । ਕਈ ਮੁਲਕਾਂ ਵਿਚ ਤਾਂ ਇਹ ਟਰੈਡੀਸ਼ਨ ਹੈ ਕਿ ਉਥੇ ਡਿਪਟੀ ਸਪੀਕਰ ਦਾ ਅਹੁਦਾ ਆਪੋਜ਼ੀਸ਼ਨ ਨੂੰ ਹੀ ਦੇ ਦਿਤਾ ਜਾਂਦਾ ਹੈ । ਇਸ ਲਈ ਅਜਿਹੀ ਚੋਣ ਹੋਣ ਤੋਂ ਪਹਿਲਾਂ ਆਪੋਜ਼ੀਸ਼ਨ ਅਤੇ ਦੂਸਰੀਆਂ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰ ਲੈਣਾ ਚਾਹੀਦਾ ਹੈ । ਮੈਂ ਫਿਰ ਬਰੀਗੇਡੀਅਰ ਸਾਹਿਬ ਨੂੰ ਇਸ ਅਹੁਦੇ ਤੇ ਚੁਣੇ ਜਾਣ ਲਈ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਨਿਰਪਖ ਹੋਕੇ ਆਪਣੇ ਫਰਜ਼ ਨਿਭਾਉਣਗੇ ।

**चौधरी बलबीर सिंह (होशियारपुर) :** अध्यक्ष महोदय, मैं ब्रिगेडियर साहिब को उपाध्यक्ष के ओहदे पर चुने जाने की वधाई देता हूं । डांग साहिब ने जो गिला किया है वह खुद इस के लिये ज़िम्मेदार हैं । असल में चुनाव के सिलसिले में सरदार गुरनामसिंह का रवैया बहुत खराब है । सब से पहले उन्होंने सरदार यशपाल सिंह का नाम लिया । मेरे साथ भी बात हुई थी और हमने मन्ज़ूर भी कर लिया था फिर उन्होंने श्री मनमोहन कालिया का नाम लिया । लेकिन यहां तो और ही नाम ले दिया है ।

Original with;
Punjab Vidhan Sabha
Digitized by;
Panjab Digital Library

**श्री अध्यक्ष** : आप बधाई दे रहे हैं कि क्या कर रहे हैं ? (Are you Congratulating the Deputy Speaker saying something else ?)

**चौधरी बलबीर सिंह** : अध्यक्ष महोदय, ब्रिगेडियर साहिब को तो मैं बधाई देता हूं। लेकिन अर्ज करना चाहता हूं कि सरदार गुरनाम सिंह जैसे स्यासतदान के लिए यह रवैया ठीक नहीं। वह एक सुलझे हुए स्यासतदान हैं। मैं उन से अर्ज़ करुंगा कि जैसे हाई कोर्ट में जज की कुर्सी पर बैठ कर ठंडे दिल से फैसले करते थे उसी प्रकार यहां भी करें। मिनट मिनट बाद फैसले बदलना उन्हें शोभा नहीं देता। हमारी पार्टी उन को सरकार का समर्थन कर रही है लेकिन इन के इस रवैया को देख कर हमें दोबारा फैसला करना पड़ेगा कि हम इसे समर्थन दें या न (विरोधी पक्ष से तालियां) अध्यक्ष महोदय, अच्छा होता अगर वह सारी पार्टियों के नुमांयदों को बुला कर सलाह कर लेते तो इस में बड़ी खूबसूरती होती। मैं इन से अर्ज करता हूं कि ताकत का नशा बहुत बड़ा होता है। ज़फर ने कहा है कि :—

ज़फर आदमी उसे ना जानियेगा,
हो चाहे कितना भी साहिबे फहमो ज़का,
जिसे ऐश में यादे खुदा न रही
जिसे तैश में खौफ़ खुदा न रहा।

3 P.M.।

**ਜਥੇਦਾਰ ਹਰਦਿੱਤ ਸਿੰਘ ਭੱਠਲ** (ਧਨੌਲਾ) : ਮੈਂ ਬਰੀਗੇਡੀਅਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਔਰ ਆਸ ਰਖਦਾ ਹਾਂ ਕਿ ਇਹ ਈਮਾਨਦਾਰੀ ਅਤੇ ਪੱਖ ਪਾਤ ਤੋਂ ਬਗ਼ੈਰ ਕੰਮ ਕਰਨਗੇ। ਮੈਂ ਆਪਣੀ ਪਾਰਟੀ ਦੀ ਤਰਫੋਂ ਫੇਰ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ।

**ਸਰਦਾਰ ਬੇਅੰਤ ਸਿੰਘ** (ਪਾਇਲ) : ਮੈਂ ਬਰੀਗੇਡੀਅਰ ਸਾਹਿਬ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। ਇਹ ਇਕ ਮਿਸਾਲ ਹੈ ਕਿ ਸਾਰੇ ਪੰਜਾਬ ਵਿੱਚ ਜਿਥੇ ਜਨਸੰਘ ਨੂੰ ਆਮ ਤੌਰ ਤੇ ਕਮਿਊਨਲ ਕਿਹਾ ਜਾਂਦਾ ਹੈ ਉਸ ਦੇ ਟਿਕਟ ਤੇ ਜਿੱਤ ਕੇ ਆਏ ਹਨ। ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਫੌਜ ਦੀ ਨੌਕਰੀ ਦਾ ਤਜਰਬਾ ਹੈ ਜਿਥੇ ਕਿ ਬੰਦਾ ਨਿਊਟਰਲ ਰਹਿ ਸਕਦਾ ਹੈ। ਮੈਂ ਅਰਜ਼ ਕਰਾਂਗਾ ਕਿ ਅਗੇ ਵੀ ਜਿਵੇਂ ਤੁਸੀਂ ਟਾਈਮ ਦਿੰਦੇ ਹੋ ਆਪੋਜ਼ੀਸ਼ਨ ਪਾਰਟੀਆਂ ਨੂੰ, ਰੂਲਿੰਗ ਪਾਰਟੀਆਂ ਨੂੰ, ਮੈਂ ਸਮਝਦਾ ਹਾਂ ਕਿ ਇੰਡੀਪੈਂਡੈਂਟਸ ਨੂੰ ਇਗਨੋਰ ਕੀਤਾ ਜਾਂਦਾ ਹੈ। ਸਾਡੇ ਵਰਗੇ ਥੋੜੇ ਸੱਜਨ ਹੀ ਇਥੇ ਹਾਜ਼ਰ ਹਨ। ਇਨ੍ਹਾਂ ਦਾ ਵੀ ਖਿਆਲ ਰਖਿਆ ਜਾਣਾ ਚਾਹੀਦਾ ਹੈ। ਦੂਜੀ ਗਲ ਇਹ ਹੈ ਕਿ ਸਪੀਕਰ ਦੀ ਚੋਣ ਵੇਲੇ ਜਿਹੋ ਜਿਹਾ ਕਨਜੀਨੀਅਲ ਐਟਮੌਸਫੀਅਰ ਸੀ ਉਹੋ ਜਿਹਾ ਵਾਤਾਵਰਨ

Original with;
Punjab Vidhan Sabha
Digitized by;
Panjab Digital Library

ਅਜ ਨਹੀਂ ਸੀ । ਮੈਂ ਤੁਹਾਡੇ ਰਾਹੀਂ ਨਿਮਰਤਾ ਨਾਲ ਅਰਜ਼ ਕਰਾਂਗਾ ਕਿ ਜਦ ਵੀ ਅਜਿਹੀ ਇਲੈਕਸ਼ਨ ਹੋਵੇ ਲੀਡਰ ਆਫ਼ ਦੀ ਆਹਾਊਸ ਨੂੰ ਚਾਹੀਦਾ ਹੈ ਕਿ ਉਹ ਆਪੋਜ਼ੀਸ਼ਨ ਨਾਲ ਸਲਾਹ ਮਸ਼ਵਰਾ ਕਰ ਲਿਆ ਕਰਨ ।

ਮੈਂ ਬਰੀਗੇਡੀਅਰ ਸਾਹਿਬ ਨੂੰ ਫੇਰ ਵਧਾਈ ਦਿੰਦਾ ਹਾਂ ।

**ਸਰਦਾਰ ਲਛਮਣ ਸਿੰਘ ਗਿੱਲ** : (ਧਰਮਕੋਟ) ਬਰੀਗੇਡੀਅਰ ਸਾਹਿਬ ਦੇ ਚੁਣੇ ਜਾਣ ਤੇ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਲੇਕਿਨ ਇਕ ਚੀਜ਼ ਜ਼ਰੂਰ ਮਹਿਸੂਸ ਕਰਦਾ ਹਾਂ ਕਿ ਰੂਲਿੰਗ ਪਾਰਟੀ ਨੇ ਜਿਨ੍ਹਾਂ ਨੇ ਉਨ੍ਹਾਂ ਦੇ ਨਾਂ ਦੀ ਤਜਵੀਜ਼ ਕੀਤੀ ਉਨ੍ਹਾਂ ਨੇ ਦੋ ਤਿੰਨ ਨਜ਼ਰੀਏ ਸਾਹਮਣੇ ਰਖਕੇ ਇਹ ਕੀਤਾ ਹੈ । ਬਰੀਗੇਡੀਅਰ ਸਾਹਿਬ ਦਾ ਖਾਸ ਤੌਰ ਤੇ ਧਿਆਨ ਮੈਂ ਇਸ ਵਲ ਦਿਵਾਉਂਦਾ ਹਾਂ । ਅਸੀਂ ਨਹੀਂ ਚਾਹੁੰਦੇ ਕਿ ਟਰਾਇਲ ਕੀਤਾ ਜਾਵੇ । ਮੈਂ ਬਰੀਗੇਡੀਅਰ ਸਾਹਿਬ ਨੂੰ ਕਹਾਂਗਾ ਕਿ ਸੌਦੇਬਾਜ਼ੀ ਦੇ ਮਤੇ ਨੂੰ ਭੁਲ ਜਾਣਾ ਚਾਹੀਦਾ ਹੈ ਕਿਉਂਕਿ ਤੁਸੀਂ ਸਾਰੇ ਹਾਊਸ ਦੀ ਜ਼ਿਮੇਵਾਰੀ ਲੈਂਦੇ ਹੋ । ਸਾਰਿਆਂ ਨੂੰ ਸੈਟਿਸਫਾਈ ਕਰਨ ਲਈ ਇਥੇ ਆਏ ਹੋ ।

ਮੈਂ ਫੇਰ ਵਧਾਈ ਦਿੰਦਾ ਹਾਂ ।

**ਸਰਦਾਰ ਬਸੰਤ ਸਿੰਘ** (ਡਕਾਲਾ) : ਬਰੀਗੇਡੀਅਰ ਸਾਹਿਬ ਦੀ ਯੂਨੈਨੇਮਸ ਇਲੈਕਸ਼ਨ ਤੇ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਹਾਊਸ ਦੀ ਸਮੂਥ ਵਰਕਿੰਗ ਵਾਸਤੇ ਡਿਪਟੀ ਸਪੀਕਰਸ਼ਿੱਪ ਆਪੋਜ਼ੀਸ਼ਨ ਨੂੰ ਦੇਣੀ ਚਾਹੀਦੀ ਹੈ । ਬਰੀਗੇਡੀਅਰ ਸਾਹਿਬ ਦੀ ਇਲੈਕਸ਼ਨ ਨਾਲ ਪੰਜਾਬ ਦੀ ਸਿਆਸਤ ਵਿਚ ਨਵਾਂ ਆਗਾਜ਼ ਹੋਇਆ ਹੈ । ਇਹ ਜਨ-ਸੰਘ ਦੇ ਟਿਕਟ ਤੇ ਆਏ ਹਨ । ਮੈਂ ਤਜਵੀਜ਼ ਕਰਾਂਗਾ ਕਿ ਅਕਾਲੀ ਜਨਸੰਘ ਰਲ ਕੇ ਸਟੇਟ ਵਿਚ ਨਵੀਂ ਪਾਰਟੀ ਬਣਾ ਲੈਣ ਜਿਹੜੀ ਕਿ ਇਕਨੌਮੀਕਲੀ ਅਤੇ ਪੁਲੀਟੀਕਲੀ ਦੋਵੇਂ ਫਰੰਟਾਂ ਤੇ ਸਾਂਝੇ ਤੌਰ ਤੇ ਕੰਮ ਕਰੇ । ਇਨ੍ਹਾਂ ਸ਼ਬਦਾਂ ਨਾਲ ਮੈਂ ਬਰੀਗੇਡੀਅਰ ਸਾਹਿਬ ਨੂੰ ਫੇਰ ਵਧਾਈ ਦਿੰਦਾ ਹੋਇਆ ਬੈਠਦਾ ਹਾਂ ।

**ਸ਼੍ਰੀ ਸਪੀਕਰ** : ਮੈਂ ਬਰੀਗੇਡੀਅਰ ਸਾਹਿਬ ਨੂੰ ਸਰਵਸੰਮਤੀ ਨਾਲ ਚੁਣੇ ਜਾਣ ਤੇ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਇਸ ਗਲ ਦਾ ਵਿਸ਼ਵਾਸ਼ ਰਖਦਾ ਹਾਂ ਕਿ ਜਿਸ ਤਰ੍ਹਾਂ ਨਾਲ ਉਨ੍ਹਾਂ ਫੌਜ ਦੀ ਨੌਕਰੀ ਵਿਚ ਉੱਚੀ ਥਾਂ ਪਾਈ, ਆਪਣੀ ਸਿਆਣਪ ਨਾਲ, ਆਪਣੀ ਬਹਾਦਰੀ ਨਾਲ, ਉਸੇ ਤਰ੍ਹਾਂ ਇਥੇ ਵੀ ਇਹ ਆਪਣੀ ਸਿਆਣਪ ਅਤੇ ਇੰਪਾਰਸ਼ੀਐਲਿਟੀ ਨਾਲ ਆਪਣੀ ਉੱਚੀ ਥਾਂ ਬਨਾਉਣਗੇ ।

ਇਨ੍ਹਾਂ ਸ਼ਬਦਾ ਨਾਲ ਮੈਂ ਫੇਰ ਹਾਰਦਿਕ ਵਧਾਈ ਦਿੰਦਾ ਹਾਂ ।

(I heartily congratula'e Brig. Bikramajit Singh on his unanimous election as the Deputy Speaker of the House. I am confident that as he achieved a high position in his Military Career on account of his sagacity and valour, he will attain a place of honour in the Vidhan Sabha by virtue of his wisdom and impartiality.

With these words, I congratulate him once again.)

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਨਾਮ ਸਿੰਘ (ਮੁੱਖ ਮੰਤਰੀ) :** ਹੁਸ਼ਿਆਰਪੁਰ ਦੇ ਆਨਰੇਬਲ ਮੈਂਬਰ ਤਾਂ ਐਂਵੇਂ ਹੀ ਨਾਵਾਂ ਵਲ ਚਲੇ ਗਏ । ਟਰੇਜ਼ਰੀ ਬੈਂਚਿਜ਼ ਦੀ ਯੂਨਾਈਟਿਡ ਫਰੰਟ ਪਾਰਟੀ ਨੇ ਮੁਤਫਿਕ ਹੋਕੇ ਫੈਸਲਾ ਕੀਤਾ ਕਿ ਬਰੀਗੇਡੀਅਰ ਸਾਹਿਬ ਨੂੰ ਡਿਪਟੀ ਸਪੀਕਰ ਬਣਾਇਆ ਜਾਵੇ । ਹੋਰ ਕੋਈ ਮੈਂਬਰ ਇਸ ਵਾਸਤੇ ਖਾਹਸ਼ਮੰਦ ਨਹੀਂ ਸੀ ।

**चौधरी बलबीर सिंह :** लीडर आफ दी हाऊस ने जो बात की है वह परसनल एक्सप्लानेशन की बात है। उन्होंने मेरी बात का रेफरेंस दिया है।

**ਸ੍ਰੀ ਸਪੀਕਰ :** ਆਪ ਜਵਾਬ ਦਰ ਜਵਬ ਦੇ ਰਹੇ ਹੋ । (The hon. Member is giving reply to a reply.)

**चौधरी बलबीर सिंह :** बहुत ज़रुरी बात है।

**ਸ੍ਰੀ ਬਲਰਾਮਜੀ ਦਾਸ ਟੰਡਨ :** ਐਵੇਂ ਰੌਲਾ ਪਾਈ ਜਾਂਦਾ ਹੈ ।

**चौधरी बलबीर सिंह :** टण्डन साहिब को रौला दिखाई देने लग पड़ा है अब मुख्य मन्त्री साहिब ने जो बात कही है वह गलत है। डाँग साहिब मौजूद हैं।

**Mr Speaker :** Take your seat please.

**ਬਰੀਗੇਡੀਅਰ ਬਿਕਰਮਾਜੀਤ ਸਿੰਘ (ਡਿਪਟੀ ਸਪੀਕਰ) :** ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਸਾਰੇ ਹਾਊਸ ਨੇ ਮੁਤਫਿਕ ਹੋਕੇ ਮੈਨੂੰ ਇਹ ਇਜ਼ਤ ਬਖਸ਼ੀ ਹੈ ਮੈਂ ਸਾਰੇ ਹਾਊਸ ਦਾ ਧੰਨਵਾਦੀ ਹਾਂ । ਮੈਂ ਸਾਰੀਆਂ ਪਾਰਟੀਆਂ ਨੂੰ, ਸਾਰੇ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਸ ਵਕਤ ਤੋਂ ਮੈਨੂੰ ਇਸ ਅਹੁਦੇ ਉਤੇ ਮੁਕਰੱਰ ਕਰ ਦਿਤਾ ਗਿਆ ਹੈ ਮੇਰਾ ਫ਼ਰਜ਼ ਬਣ ਗਿਆ ਹੈ ਕਿ ਮੈਂ ਹਰ ਇਕ ਨੂੰ ਇਕ ਨਜ਼ਰ ਨਾਲ ਵੇਖਾਂ । ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਂ ਸਭ ਨੂੰ ਇਕ ਨਜ਼ਰ ਨਾਲ ਵੇਖਾਂਗਾ । ਨਾਲ ਹੀ ਇਸ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਹਾਊਸ ਦੀ ਡਿਗਨਟੀ ਅਤੇ ਡੈਕੋਰਮ, ਜਿਹੜਾ ਕਿ ਮੇਰਾ ਫਰਜ਼ ਹੈ, ਉਸ ਨੂੰ ਨਿਭਾਉਣ ਦੀ ਪੂਰੀ ਕੋਸ਼ਿਸ ਕਰਾਂਗਾ । ਇਕ ਗਲ ਐਥੇ ਕੀਤੀ ਗਈ ਹੈ, ਉਹ ਕੁਝ ਥੋੜੀ ਜਿਹੀ ਪਰਸਨਲ ਹੈ । ਮੈਂ ਉਸ ਦਾ ਜਵਾਬ ਦੇਣਾ ਚਾਹੁੰਦਾ ਹਾਂ । ਮੈਂ ਜਿਸ ਪਾਰਟੀ ਨੂੰ ਬੀਲੋਂਗ ਕਰਦਾ ਹਾਂ ਉਸ ਦਾ ਮੈਂ ਵਫਾਦਾਰ ਬੰਦਾ ਹਾਂ ਉਨੀ ਦੇਰ ਤਕ ਜਿੰਨਾ ਚਿਰ ਕਿ ਮੈਂ ਇਸ ਕੁਰਸੀ ਤੇ ਨਹੀਂ ਬੈਠਦਾ । ਇਸ ਕੁਰਸੀ ਤੇ ਬੈਠਣ ਤੋਂ ਬਾਅਦ ਮੈਂ ਸਾਰੇ ਹਾਊਸ ਦਾ ਸਾਂਝਾ ਹਾਂ ।

---

## PAPERS LAID ON THE TABLE

**ਮਾਲ ਮੰਤਰੀ :** ਮੈਂ, 1969 ਦਾ ਆਰਡੀਨੈਂਸ ਨੰ: 1 ਅਤੇ 2 ਪੰਜਾਬ ਅਚਲ ਜਾਇਦਾਦ ਦਾ ਅਧਿਗ੍ਰਹਿਣ ਅਤੇ ਪ੍ਰਾਪਤੀ (ਪਹਿਲੀ ਸੋਧਨਾ) ਨਿਯਮਾਵਲੀ, 1968, ਜਿਵੇਂ

Original with;
Punjab Vidhan Sabha
Digitized by;
Panjab Digital Library

ਕਿ ਪੰਜਾਬ ਅਚਲ ਜਾਇਦਾਦ ਦਾ ਅਧਿਗ੍ਰਹਿਣ ਅਤੇ ਪ੍ਰਾਪਤੀ ਐਕਟ 1953 ਦੀ ਧਾਰਾ 22(3) ਅਧੀਨ ਲੋੜੀ ਦਾ ਹੈ, ਮੇਜ਼ ਤੇ ਰਖਦਾ ਹਾਂ ।

**ਕੈਪਟਨ ਰਤਨ ਸਿੰਘ :** ਪੁਆਇੰਟ ਆਫ਼ ਆਰਡਰ, ਸਰ । ਜਨਾਬ ਮੈਂ ਇਕ ਪੁਆਇੰਟ ਰੇਜ਼ ਕੀਤਾ ਸੀ ਆਪ ਨੇ ਉਸ ਦਾ ਜਵਾਬ ਨਹੀਂ ਦਿੱਤਾ ।

**ਸ਼੍ਰੀ ਸਪੀਕਰ :** ਮੈਂ ਤਾਂ ਜਵਾਬ ਦੇ ਦਿੱਤਾ ਸੀ ਕਿ ਹਾਊਸ ਸੁਪਰੀਮ ਹੈ । (I have already replied that the House is supreme.)

**Captain Rattan Singh :** On a point of Order, Sir. My submission, Sir, is that a ruling has been given that no hon. Member can raise a question of privilege about the supremacy of this House. If you do not allow us to raise a question of privilege against a matter which cuts at the very roots of the supremacy of the House, then it is a very dangerous trend. I submit that it is a legal and a very serious issue and it may be re-considered. We would like to be benefited by the opinion of the Advocate General.

**ਮੁੱਖ ਮੰਤਰੀ :** ਸਪੀਕਰ ਸਾਹਿਬ ਨੇ ਰੂਲਿੰਗ ਦੇ ਦਿੱਤੀ ਹੈ ।

**Captain Rattan Singh :** There is a precedent that a ruling can be reconsidered by the Chair.

**ਸ਼੍ਰੀ ਸਪੀਕਰ :** ਮੈਂ ਤਾਂ ਪ੍ਰਾਰਥਨਾ ਕਰਾਂਗਾ ਕਿ ਲੋਕ-ਤੰਤਰ ਰਾਜ ਵਿਚ ਇਨ੍ਹਾਂ ਲੋਕਾਂ ਦੇ ਨੁਮਾਇੰਦਿਆਂ ਦੀਆਂ ਚੁਣੀਆਂ ਹੋਈਆਂ ਅਸੈਂਬਲੀਆਂ ਨੂੰ ਸੁਪਰੀਮ ਮੰਨਣ ਲਈ ਉਪਰਾਲਾ ਕਰਨਾ ਚਾਹੀਦਾ ਹੈ ਅਤੇ ਆਪਣੇ ਮਨ ਵਿਚ ਇਹ ਨਿਸਚਾ ਕਰ ਲੈਣਾ ਚਾਹੀਦਾ ਹੈ ਕਿ ਹਾਊਸ ਸੁਪਰੀਮ ਹੈ । ਇਸ ਤੋਂ ਵੱਧ ਮੈਂ ਹੋਰ ਕੀ ਕਹਿ ਸਕਦਾ ਹਾਂ । (ਤਾੜੀਆਂ) (I may point out that the Assemblies of duly elected representatives should be treated as supreme bodies in a democratic set up. We should feel confident in our minds that the House is supreme. I cannot say anything more than that.)

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ ਮੈਂ ਤੁਹਾਡੇ ਨਾਲ ਸੌ ਫ਼ੀ ਸਦੀ ਮੁਤਫ਼ਿਕ ਹਾਂ ਕਿ ਇਹ ਹਾਊਸ ਸੁਪਰੀਮ ਹੈ । ਪਰ ਮੈਂ ਇਹ ਇਸ ਕਰਕੇ ਕਹਿੰਦਾ ਹਾਂ ਕਿ ਇਹ ਜਿਹੜੀ ਪ੍ਰਿਵਿਲਜ ਮੋਸ਼ਨ ਡਿਸਐਲਾਉ ਹੋਈ ਹੈ ਉਹ ਇਸ ਹਾਊਸ ਨੂੰ ਸੁਪਰੀਮ ਨਾ ਮੰਨਣ ਦੇ ਲਈ ਆਪ ਇਕ ਮੇਜ਼ਰ ਇਸ਼ੂ ਹੈ । ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਅਤੇ ਜਿਸ ਤਰ੍ਹਾਂ ਇਹ ਸਾਰਾ ਹਾਊਸ ਚਾਹੁੰਦਾ ਹੈ ਕਿ ਹਾਊਸ ਸੁਪਰੀਮ ਹੋਵੇ ਮੇਰੀ ਵੀ ਇਹੋ ਖਾਹਿਸ਼ ਹੈ ਅਤੇ ਮੇਰੀ ਵੀ ਇਹੋ ਮੰਗ ਹੈ । ਪਰ ਮੈਂ ਸਮਝਦਾ ਹਾਂ ਕਿ ਪ੍ਰਿਵਿਲਿਜ ਮੋਸ਼ਨ ਐਡਮਿਟ ਨਾ ਕਰਨ ਨਾਲ ਇਸ ਹਾਊਸ ਦੀ ਸੁਪਰਮੇਸੀ ਤੇ ਹਰਫ਼ ਆਉਂਦਾ ਹੈ ਅਤੇ ਅਸੀਂ ਸਗੋਂ ਉਸ ਦੇ ਉਲਟ ਚਲਦੇ ਹਾਂ । (ਵਿਘਨ)

Original with;
Punjab Vidhan Sabha
Digitized by;
Panjab Digital Library

## NON-OFFICIAL RESOLUTION REGARDING THE ABOLITION OF PUNJAB LEGISLATIVE COUNCIL (WITHDRAWN).

**ਸ੍ਰੀ ਸਪੀਕਰ :** ਹੁਣ ਅਸੀਂ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਟੇਕ ਅੱਪ ਕਰਦੇ ਹਾਂ। ਪਹਿਲਾ ਰੈਜ਼ੋਲਿਊਸ਼ਨ ਕਾਮਰੇਡ ਬਾਬੂ ਸਿੰਘ ਮਾਸਟਰ ਦੇ ਨਾਂ ਹੈ। (Now the House will take up Non-official Resolutions. The first Resolution stands in the name of Com. Babu Singh Master.)

**ਮੁੱਖ ਮੰਤਰੀ :** ਉਨ੍ਹਾਂ ਨੇ ਵਿਦਡਰਾ ਕਰ ਲਿਆ ਹੈ ਜੀ। ਮੈਂ ਕੱਲ ਵੀ ਕਿਹਾ ਸੀ ਕਿ ਕੌਂਸਿਲ ਨੂੰ ਤੋੜਨ ਦਾ ਜੋ ਰੈਜ਼ੋਲਿਊਸ਼ਨ ਦਿਤਾ ਹੈ, ਮੈਂ ਡਾਂਗ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਉਹ ਆਪਣੇ ਰੈਜ਼ੋਲਿਊਸ਼ਨ ਨੂੰ ਵਿਦਡਰਾ ਕਰ ਲੈਣ ਤਾਂਕਿ ਅਗਲਾ ਰੈਜ਼ੋਲਿਊਸ਼ਨ ਸ਼ੁਰੂ ਕਰ ਸਕੀਏ।

**ਸ੍ਰੀ ਸਪੀਕਰ :** ਉਨ੍ਹਾਂ ਨੇ ਮੂਵ ਹੀ ਨਹੀਂ ਕੀਤਾ। (He has not moved it).

**ਕਾਮਰੇਡ ਬਾਬੂ ਸਿੰਘ ਮਾਸਟਰ :** ਮੈਂ ਇਹ ਮਤਾ ਵਾਪਸ ਲੈਂਦਾ ਹਾਂ। ਸਾਡੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਅਸੀਂ ਇਹ ਮਤਾ ਇਸ ਸੈਸ਼ਨ ਵਿਚ ਹੀ ਲਿਆ ਰਹੇ ਹਾਂ।

---

## STATEMENT IN REPLY TO CALL ATTENTION NOTICE LAID ON THE TABLE.

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਕਾਲਅਟੈਂਨਸ਼ਨ ਮੋਸ਼ਨ ਨੰ: 9 ਦਾ ਜੁਆਬ ਮੇਜ਼ ਤੇ ਰੱਖਦਾ ਹਾਂ।

### CALL ATTENTION MOTION NO. 9

**Comrade Babu Singh Master** : I beg to draw the attention of the Government towards an urgent matter of public importance, namely, that the acts of attacks on the supervisory staff of Matric/Higher Secondary Examination at Patiala and Amritsar This has resulted in serious injuries to Shri Parshotam Loomba, Headmaster High School Sunam, Suprintendent of Matric/Higher Secondary Examination at Patiala and created panic amongst the supervisory staff at various cantresin the State. The serious situation requires immediate action on the part of the Government and hence this notice.

**Chief Minister** : It is correct that some boys had tried to use unfair means in the examination hall at Sanaur (and not Sunam) on 7-3-69. Shri P.D. Loomba, Headmaster and Examiner objected to their unfair means upon which some boys nourished grudge. There after, three boys

Original with;
Punjab Vidhan Sabha
Digitized by;
Panjab Digital Library

are reported to have gone to the residence of the said Headmaster at Patiala where they gave him stick blows. Case F.I.R. No. 86 dated 15-3-69 u/s 308 IPC has since been registered in Police Station Kotwalia Patiala and vigorous efforts are being made for the arrest of culprits. No such incident took place at Amritsar.

---

## RESOLUTION REGARDING THE ABOLUTION OF FLAT RATE CHARGED FOR ELECTRICITY CONSUMED BY TUBEWELLS IN THE STATE.

**Comrade Babu Singh Master** (Phul) : Sir, I beg to move -

This House recommends to the Government to take steps..................

**Mr. Speaker** : Has the hon. Member got written authority from the hon. Member Comrade Kulwant Singh ?

**Comrade Babu Singh Master** : Yes, Sir. I have got it. It has been received through the Jail authorities.

**ਸਰਦਾਰ ਲਛਮਣ ਸਿੰਘ ਗਿੱਲ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕਾਲ ਅਟੈਂਨਸ਼ਨ ਮੋਸ਼ਨ ਨੰ: 9 ਜਿਸਦਾ ਜਵਾਬ ਚੀਫ਼ ਮਨਿਸਟਰ ਸ ਹਿਬਨੇ ਟੇਬਲ ਤੇ ਰੱਖਿਆ ਹੈ, ਆਮ ਤੌਰ ਤੇ ਇਹ ਜਵਾਬ ਟੇਬਲ ਤੇ ਰੱਖਿਆ ਨਹੀਂ ਜਾਂਦਾ। ਇਹ ਹਾਊਸ ਦੀ ਪੈਕਟਿਸ ਰਹੀ ਹੈ ਕਿ ਉਸ ਨੂੰ ਪੜ੍ਹਨਾ ਚਾਹੀਦਾ ਹੈ। ਕਿਉਂਕਿ ਹਾਊਸ ਵਿਚ ਇਸ ਦੇ ਉਤੇ ਸਵਾਲ ਵੀ ਕੀਤਾ ਜਾ ਸਕਦਾ ਹੈ ਇਸ ਕਰਕੇ ਮੈਂ ਅਰਜ਼ ਕਰਾਂਗਾ ਕਿ ਚੀਫ਼ ਮਨਿਸਟਰ ਸਾਹਿਬ ਇਸ ਨੂੰ ਪੜ੍ਹਨ ਔਰ ਸਾਨੂੰ ਜਵਾਬ ਦੇਣ ਦਾ ਹੱਕ ਦੇਣ ਜਾਂ ਉਹ ਆਪ ਪੜ੍ਹ ਦੇਣ ਨਹੀਂ ਤਾਂ ਸਾਨੂੰ ਪੜ੍ਹਨ ਦੀ ਇਜਾਜ਼ਤ ਦਿਤੀ ਜਾਵੇ ਤਾਕਿ ਅਸੀਂ ਸਵਾਲ ਕਰ ਸਕੀਏ।

**ਸ਼੍ਰੀ ਸਪੀਕਰ** : ਇਹ ਕੋਈ ਜ਼ਰੂਰੀ ਨਹੀਂ ਕਿ ਪੜ੍ਹਿਆ ਜਾਵੇ। (ਸ਼ੋਰ) (ਵਿਘਨ) (It is not necessary to read it out) (Noise) (Interruption)

**ਸਰਦਾਰ ਲਛਮਣ ਸਿੰਘ ਗਿੱਲ** : ਮੈਂ ਤੁਹਾਨੂੰ ਵੀ ਅਤੇ ਸੈਕਟਰੀ ਸਾਹਿਬ ਨੂੰ ਵੀ ਕਹਾਂਗਾ ਕਿ ਇਸ ਦੇ ਉਤੇ ਸਵਾਲ ਕਰਨਾ ਜ਼ਰੂਰੀ ਹੈ। ਇਕ ਕੁਐਸ਼ਚਨ ਅਸੀਂ ਕਰ ਸਕਦੇ ਹਾਂ (ਸ਼ੋਰ) (ਵਿਘਨ)

**ਸ਼੍ਰੀ ਸਪੀਕਰ** : ਤੁਹਾਡੇ ਸਵਾਲ ਦਾ ਰਾਈਟ ਸਟੈਂਡ ਕਰਦਾ ਹੈ। (Your right to put a question stands.)

**Comrade Kulwant Singh** : (Moved by Comrade Babu Singh Master.)

Original with;
Punjab Vidhan Sabha
Digitized by;
Panjab Digital Library

[ Com. Babu Singh Master ]

Sir, I beg to move.

This House recommends to the Government to take steps to see that the flat rate charged for electricity consumed by tubewells in the State is abolished with immediate effect.

ਸਾਡਾ ਭਾਰਤ ਦੇਸ਼ ਇਕ ਜ਼ਰਾਇਤੀ ਦੇਸ਼ ਹੈ, ਖੇਤੀ ਬਾੜੀ ਦਾ ਦੇਸ਼ ਹੈ ਜਿਸ ਨੂੰ ਕਿ ਹਿੰਦੁਸਤਾਨ ਦੀ ਜਾਂ ਸਾਡੇ ਸਮਾਜ ਦੀ ਬੈਕ ਬੋਨ ਵੀ ਕਿਹਾ ਜਾਂਦਾ ਹੈ। ਜੇ ਉਸ ਦਾ ਗਲਾ ਘੁਟਣ ਨੂੰ ਅਸੀਂ ਤਿਆਰ ਹੋ ਜਾਈਏ ਤਾਂ ਇਸ ਨਾਲ ਸਾਰੇ ਮੁਲਕ ਦੀ ਤਬਾਹੀ ਹੋ ਸਕਦੀ ਹੈ। ਪਹਿਲਾਂ ਇਥੇ ਸਰਕਾਰਾਂ ਬਣਦੀਆਂ ਰਹੀਆਂ। ਉਨ੍ਹਾਂ ਨੇ ਲੈਂਡ ਰੀਫਾਰਮ ਦੇ ਵਿਚ ਵੀ ਬਹੁਤ ਸਾਰੀਆਂ ਤਰਮੀਮਾਂ ਲਿਆਂਦੀਆਂ। ਲੇਕਿਨ ਉਸ ਦੇ ਵਿਚ ਵੀ ਚਾਲ੍ਹੀ ਪੰਜਾਹ ਤਰਮੀਮਾਂ ਤੋਂ ਬਾਅਦ ਵੀ ਸਾਡੀ ਇਸ ਜ਼ਮੀਨ ਦਾ ਮਸਲਾ ਹੱਲ ਨਹੀਂ ਹੋਇਆ। ਇਸ ਦੇ ਵਿਚ ਬਹੁਤ ਲੂਪ ਹੋਲਜ਼ ਹਨ। ਜਿਸ ਤਰ੍ਹਾਂ 30 ਸਟੈਂਡਰਡ ਏਕੜ ਜ਼ਮੀਨ ਦੀ ਹਦ ਲਾਗੂ ਕੀਤੀ ਗਈ ਹੈ ਪਰ ਵੱਡੇ ਜ਼ਿਮੀਂਦਾਰਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ। ਜਿਸ ਕਿਸੇ ਸਾਧਾਰਨ ਆਦਮੀ ਦੇ ਪਾਸ 32 ਕਿਲੇ ਜ਼ਮੀਨ ਹੈ ਉਸ ਦੇ 4 ਲੜਕੇ ਹਨ, 2 ਲੜਕੀਆਂ ਹਨ, ਉਸ ਕੋਲੋਂ 2 ਕਿਲੇ ਜ਼ਮੀਨ ਕੱਢ ਲਈ ਜਾਂਦੀ ਹੈ, ਉਸ ਨੂੰ ਨੋਟਿਸ ਦਿੱਤਾ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਜਿਹੜੇ ਲੂਪ ਹੋਲਜ਼ ਹਨ ਉਨ੍ਹਾਂ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਅਰਜ਼ ਕਰਦਾ ਹਾਂ ਕਿ ਪੈਪਸੂ ਔਰ ਪੰਜਾਬ ਦੇ ਭਾਗ ਬਹੁਤ ਦੇਰ ਹੋਈ ਮਰਜ ਹੋ ਚੁਕੇ ਹਨ ਲੇਕਿਨ ਹਾਲਾਂ ਵੀ ਟੈਨੈਂਸੀ ਦੇ ਮੁਤਾਬਿਕ ਉਨ੍ਹਾਂ ਵਿਚ ਯੂਨੀਫਾਰਮਿਟੀ ਨਹੀਂ ਆਈ। ਇਸ ਦੇ ਵਿਚ ਬਹੁਤ ਫਰਕ ਹੈ। ਦੂਸਰੇ ਪਾਸੇ ਪਾਣੀ ਦੀ ਬੜੀ ਪ੍ਰਾਬਲਮ ਹੈ। ਬਰਖਾ ਨਹੀਂ ਹੋਈ। ਉਧਰ ਨਹਿਰਾਂ ਵੀ ਗਰਕ (ਸੁੱਕ) ਗਈਆਂ ਹਨ। ਪੰਜਾਬ ਸਰਕਾਰ ਨੇ ਅਤੇ ਸਟੇਟ ਬਿਜਲੀ ਬੋਰਡ ਨੇ ਸਾਡੇ ਕਿਸਾਨਾਂ ਨੂੰ ਹੋਰ ਤੰਗ ਕਰਨ ਵਾਸਤੇ ਉਨ੍ਹਾਂ ਦੇ ਗਲ ਫਲੈਟ ਰੇਟ ਮੜ੍ਹ ਦਿੱਤਾ ਹੈ। ਇਨ੍ਹਾਂ ਨੇ ਇਹ ਕੀਤਾ ਹੈ ਕਿ ਅਗਰ ਕੋਈ ਵੀ 5 ਹਾਰਸ ਪਾਵਰ ਦੀ ਮੋਟਰ ਲਾਉਂਦਾ ਹੈ ਬੇਸ਼ਕ ਉਹ ਜ਼ਮੀਨ ਨੂੰ ਪਾਣੀ ਨਹੀਂ ਲਾਉਂਦਾ, ਉਸ ਕੋਲੋਂ ਵੀ 8 ਰੁਪਏ ਪਰ ਹਾਰਸ ਪਾਵਰ ਲੈਣੇ ਹਨ। ਸੰਗਰੂਰ ਜ਼ਿਲੇ ਵਿਚ ਧੂਰੀ ਦਾ ਜਿੰਨਾ ਸੇਮ ਦਾ ਏਰੀਆ ਹੈ ਉਥੇ ਮੋਟਰਾਂ ਤਿੰਨ ਚਾਰ ਮਹੀਨੇ ਚਲਦੀਆਂ ਨਹੀਂ, ਲੇਕਿਨ ਉਨ੍ਹਾਂ ਤੋਂ ਵੀ ਉਹੀ ਰੇਟ ਚਾਰਜ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਸਾਡੇ ਕਿਸਾਨਾਂ ਦੇ ਉਤੇ ਤਿੰਨ ਸੌ ਰੁਪਿਆ ਮੁਕੱਰਰ ਕੀਤਾ ਸੀ। ਉਸ ਦੀ ਖਾਤਰ ਇਨ੍ਹਾਂ ਨੇ ਸਟਰਗਲ ਕੀਤੀ। ਫਿਰ ਉਹ ਅਬਾਲਿਸ਼ ਕੀਤਾ ਗਿਆ। ਹੁਣ ਕਿਸਾਨ ਦਾ ਗਲਾ ਘੁਟਣ ਲਈ, ਕਿਸਾਨ ਨੂੰ ਤੰਗ ਕਰਨ ਲਈ ਇਹ ਫਲੈਟ ਰੇਟ ਲੈ ਆਏ ਹਨ।

ਫਲੈਟ ਰੇਟ ਦੇ ਬਾਰੇ ਇੰਡਸਟਰੀ ਦਾ ਮੁਕਾਬਲਾ ਅਸੀਂ ਕਰਦੇ ਹਾਂ। ਇੰਡਸਟਰੀ ਵਾਲਿਆਂ ਦੀ ਜਿੰਨੀ ਬਿਜਲੀ ਜਲਦੀ ਹੈ ਉਹ ਮੀਟਰ ਸਿਸਟਮ ਦੇ ਮੁਤਾਬਕ ਉਸ ਦਾ ਮੁੱਲ ਲਿਆ ਜਾਂਦਾ ਹੈ ਲੇਕਿਨ ਕਿਸਾਨਾਂ ਨਾਲ ਇਸ ਤਰ੍ਹਾਂ ਵਤੀਰਾ ਕੀਤਾ ਜਾ ਰਿਹਾ ਹੈ। ਇਕ ਪਾਸੇ ਸੈਂਟਰ ਦੀ ਸਰਕਾਰ "ਜੈ ਜਵਾਨ ਜੈ ਕਿਸਾਨ ਦਾ ਵਿਤਕਰਾ ਨਾਹਰਾ ਲਾਉਂਦੀ ਹੈ ਅਤੇ ਕਹਿੰਦੀ ਹੈ ਕਿ ਅਸੀਂ ਕਿਸਾਨ ਨੂੰ ਉਚਾ ਚੁਕਣਾ ਹੈ, ਦੂਸਰੇ ਪਾਸੇ ਉਸ ਨਾਲ ਇਹ ਕਰੋਪੀ ਕੀਤੀ ਜਾਂਦੀ ਹੈ। ਬੜੇ ਦੁੱਖ ਦੀ ਗੱਲ

Original with;
Punjab Vidhan Sabha
Digitized by;
Panjab Digital Library

ਹੈ ਕਿ ਅੱਜ ਅਖਬਾਰ ਵਿੱਚ ਆਇਆ ਹੈ ਕਿ ਇਕ ਕੀਮਤਾਂ ਮੁੱਕਰਰ ਕਰਨ ਵਾਲੇ ਕਮਿਸ਼ਨ ਨੇ ਰਿਪੋਰਟ ਦਿਤੀ ਹੈ ਜਿਸ ਦੇ ਵਿੱਚ ਸਾਡੇ ਕਿਸਾਨਾਂ ਦੀ ਕਣਕ ਦਾ ਭਾਅ 66 ਰੁਪਏ ਕਵਿੰਟਲ ਮੁਕੱਰਰ ਕੀਤਾ ਹੈ। ਇਸ ਚੀਜ਼ ਦਾ ਬੜਾ ਦੁਖ ਹੈ। ਪਿਛਲੀ ਸਾਡੀ ਪੰਜਾਬ ਦੀ ਸਰਕਾਰ ਜਿਸ ਦੇ ਸਰ-ਦਾਰ ਗੁਰਨਾਮ ਸਿੰਘ ਚੀਫ਼ ਮਨਿਸਟਰ ਸਨ ਅਤੇ ਸ੍ਰੀ ਸੱਤਪਾਲ ਡਾਂਗ ਖੇਤੀ ਬਾੜੀ ਦੇ ਮਹਿਕਮੇ ਦੇ ਮੰਤਰੀ ਸਨ ਤਾਂ ਉਸ ਵਕਤ 85 ਰੁਪਏ ਕਣਕ ਦਾ ਭਾਅ ਮੁਕੱਰਰ ਕੀਤਾ ਸੀ। ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਰਾ ਸਾਲ ਸਾਡੇ ਗਰੀਬ ਹਰੀਜਨਾਂ ਵਾਸਤੇ ਅਤੇ ਛੋਟੇ ਮੁਲਾਜ਼ਮਾਂ ਵਾਸਤੇ ਕੋਈ ਭਾਅ ਵਧਾਉਣ ਨਹੀਂ ਸੀ ਦਿਤਾ। ਇਹ ਕਿਸਾਨਾਂ ਨਾਲ ਬੜਾ ਗਲਤ ਵਤੀਰਾ ਕੀਤਾ ਜਾ ਰਿਹਾ। ਬਿਜਲੀ ਬਾਰੇ ਜੋ ਕੁਝ ਉਨ੍ਹਾਂ ਨਾਲ ਹੁੰਦਾ ਹੈ ਉਹ ਸਾਡੇ ਸਾਹਮਣੇ ਹੈ। ਤਿੰਨ ਦਿਨ ਤਾਂ ਬਿਜਲੀ ਵਾਲਿਆਂ ਨੇ ਕਿਸਾਨਾਂ ਨੂੰ ਮਨ੍ਹਾਂ ਕੀਤਾ ਹੈ ਕਿ ਤਿੰਨ ਦਿਨ ਤਾਂ ਬਿਜਲੀ ਚਾਲੂ ਹੀ ਨਹੀਂ ਕਰ ਸਕਦੇ। ਫਿਰ ਜੇਕਰ ਮਿਲਦੀ ਵੀ ਹੈ ਅਤੇ ਉਹ ਕਣਕ ਨੂੰ ਪਕਾਉਣ ਵਾਸਤੇ ਪਾਣੀ ਦਿੰਦਾ ਹੈ ਤਾਂ ਅਜੇ ਇਕ ਕਿਆਰੇ ਨੂੰ ਪਾਣੀ ਨਹੀਂ ਲਗਿਆ ਹੁੰਦਾ ਕਿ ਬਰੇਕ ਡਾਊਨ ਹੋ ਜਾਂਦੀ ਹੈ ਅਤੇ ਉਹ ਬਰੇਕ ਡਾਊਨ ਦੋ ਦੋ, ਢਾਈ ਢਾਈ ਘੰਟੇ ਤਕ ਕਈ ਵਾਰੀ ਰਹਿੰਦਾ ਹੈ। ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਇਮਤਿਹਾਨਾਂ ਦੇ ਦਿਨਾਂ ਵਿਚ ਜਿਨ੍ਹਾਂ ਦੇ ਬੱਚੇ ਪੜ੍ਹਦੇ ਹਨ ਉਨ੍ਹਾਂ ਨੂੰ ਵੀ ਕਿੰਨੀ ਤਕਲੀਫ ਹੁੰਦੀ ਹੈ। ਇਸ ਦੇ ਬਾਰੇ ਮੈਂ ਹੀ ਨਹੀਂ ਸਾਰਾ ਪੰਜਾਬ ਹੀ ਕਹਿੰਦਾ ਹੈ ਕਿ ਇਸ ਚੀਜ਼ ਦੀ ਕਿੰਨੀ ਤਕਲੀਫ ਹੈ। ਇਸ ਦੇ ਨਾਲ ਹੀ ਮੈਂ ਬਿਜਲੀ ਦੇ ਕੁਨੈਕਸ਼ਨ ਦੇਣ ਬਾਰੇ ਵੀ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ 5 ਹਜ਼ਾਰ ਰੁਪਏ ਡਿਪਾਜ਼ਿਟ ਕਰਾਏ ਉਹ ਫਟਾ ਫਟ ਕੁਨੈਕਸ਼ਨ ਲੈ ਲੈਂਦਾ ਹੈ। ਇਕ ਪਾਸੇ ਕਿਸਾਨਾਂ ਨੂੰ ਕਹਿੰਦੇ ਹਨ ਕਿ 40-50 ਟਿਊਬਵੈਲਾਂ ਵਾਸਤੇ ਅਰਜ਼ੀਆਂ ਦੇਣ ਤਾਂ ਉਨ੍ਹਾਂ ਨੂੰ ਕੁਨੈਕਸ਼ਨ ਦਿਤਾ ਜਾਵੇਗਾ ਅਤੇ ਦੂਸਰੇ ਪਾਸੇ ਜਿਹੜਾ 5 ਹਜ਼ਾਰ ਰੁਪਏ ਜਮ੍ਹਾ ਕਰਾਏ ਤਾਂ ਉਸ ਨੂੰ ਕੁਨੈਕਸ਼ਨ ਜਲਦੀ ਮਿਲ ਜਾਂਦਾ ਹੈ। ਇਕ ਪਾਸੇ ਤੇ ਸਟੇਟ-ਅਲੈਕਟ੍ਰਿਸਿਟੀ ਬੋਰਡ ਦੀਆਂ ਵਡੇ ਕਿਸਾਨਾਂ ਨੂੰ ਉਚਾ ਚੁਕਣ ਅਤੇ ਦੂਸਰੇ ਪਾਸੇ ਛੋਟੇ ਕਿਸਾਨਾਂ ਦਾ ਗਲਾ ਘੁਟਣ ਦੀਆਂ ਸਕੀਮਾਂ ਸਾਡੇ ਸਾਹਮਣੇ ਹਨ। ਬਹਾਨਾ ਇਹ ਲਾਇਆ ਜਾਂਦਾ ਹੈ ਕਿ ਅਸੀਂ ਬਚਤ ਕਰਾਂਗ। ਮੈਂ ਕਹਿੰਦਾ ਹਾਂ ਕਿ ਬਿਜਲੀ ਵਿੱਚ ਚੋਰੀ ਹੁੰਦੀ ਹੈ। ਮੀਟਰ ਖਰਾਬ ਕਰ ਦਿੰਦੇ ਹਨ ਜਾਂ ਮੀਟਰ ਇਸਤੇਮਾਲ ਹੀ ਨਹੀਂ ਕਰਦੇ। ਪਰ ਸਾਡੇ ਤੇ ਇਸ ਬਹਾਨੇ ਨਾਲ ਕਿ ਅਸੀਂ ਬਚਤ ਕਰਾਂਗੇ ਸਾਡੇ ਤੇ ਫਲੈਟ ਰੇਟ ਮੜ੍ਹਿਆ ਗਿਆ ਹੈ ਜਿਹੜਾ ਇਕ ਬਹੁਤ ਅਯੋਗ ਹੈ। ਮੈਂ ਸਮਝਦਾ ਹਾਂ ਕਿ ਜੇ ਸਾਡੇ ਮੁਲਕ ਨੂੰ ਉਚਾ ਲਿਜਾਣਾ ਹੈ ਤਾਂ 70-80% ਵਸੋਂ ਜਿਹੜੀ ਪਿੰਡਾਂ ਵਿੱਚ ਵਸਦੀ ਹੈ, ਜਿਸ ਦਾ ਮੇਨ ਕਿਤਾ ਖੇਤੀ ਬਾੜੀ ਦਾ ਹੈ ਉਸ ਨੂੰ ਪਰਫੁੱਲਤ ਕੀਤਾ ਜਾਵੇ। ਜੇ ਅਸੀਂ ਅੰਨ ਸੰਕਟ ਦਾ ਮਸਲਾ ਹੱਲ ਕਰਨਾ ਹੈ, ਜੇ ਅਸੀਂ ਅਮਰੀਕਾ ਤੋਂ ਕਣਕ ਮੰਗਵਾਉਣ ਤੋਂ ਬਚਣਾ ਹੈ ਤਾਂ ਉਸ ਦੇ ਵਾਸਤੇ ਇਹ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਫੈਸਿਲਿਟੀਜ਼ ਦਿਤੀਆਂ ਜਾਣ ਔਰ ਇਹ ਫਲੈਟ ਰੇਟ ਬੰਦ ਕੀਤਾ ਜਾਵੇ।

ਖਾਦ ਦੇ ਮੁਤਾਲਿਕ ਮੈਂ ਅਰਜ਼ ਕਰਾਂਗਾ ਕਿ ਖਾਦ ਦਾ ਮੁੱਲ ਅਗੇ ਨਾਲੋਂ ਜ਼ਿਆਦਾ ਕਰ ਦਿਤਾ ਗਿਆ ਹੈ। ਬੀਜਾਂ ਬਾਰੇ ਜੋ ਸਾਡੇ ਪੰਜਾਬ ਵਿੱਚ ਹੋ ਰਿਹਾ ਹੈ ਉਸ ਬਾਰੇ ਵੀ ਮੈਂ ਅਰਜ਼ ਕਰਦਾ ਹਾਂ। ਜੇ ਖੇਤੀ ਬਾੜੀ ਮੰਤਰੀ ਸਾਹਿਬ ਇਥੇ ਹੋਣ ਤਾਂ ਉਹ ਨੋਟ ਕਰ ਲੈਣ ਕਿ ਇਸ ਦੇ ਵਿੱਚ ਬੜੀ ਬਲੈਕ ਹੋ ਰਹੀ ਹੈ। ਲੁਧਿਆਣੇ ਵਾਲੀ ਯੂਨੀਵਰਸਿਟੀ ਨੇ ਜੋ ਸੀਡ ਤਿਆਰ ਕੀਤਾ ਹੈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਾਬੂ ਸਿੰਘ ਮਾਸਟਰ]

ਉਸ ਦੇ ਵਿੱਚ ਬਹੁਤ ਚੋਰੀ ਹੋਈ ਹੈ। ਬੜੇ ਮੈਮੋਰੈਂਡਮ ਭੇਜੇ ਗਏ ਕਿ ਜਿਹੜੇ ਬੰਦਿਆਂ ਨੇ ਇਸ ਯੂਨੀਵਰਸਿਟੀ ਵਿਚੋਂ ਸੀਡ ਦੀ ਚੋਰੀ ਕੀਤੀ ਹੈ ਉਨ੍ਹਾਂ ਤੇ ਐਕਸ਼ਨ ਲਿਆ ਜਾਵੇ। ਮੈਂ ਅਰਜ਼ ਕਰਾਂਗਾ ਕਿ ਇਕ ਪਾਸੇ ਤਾਂ ਜੇ ਕੋਈ ਬਜ਼ੁਰਗ ਮਾਤਾ 2-4 ਤੋਲੇ ਅਫ਼ੀਮ ਖਾਂਦੀ ਹੈ ਤਾਂ ਉਸ ਦਾ ਰਤੀਆਂ ਮਗਰ ਵੀ ਚਲਾਨ ਕਰ ਦਿਤਾ ਜਾਂਦਾ ਹੈ ਪਰ ਦੂਸਰੇ ਪਾਸੇ 11 ਸੌ ਕਿਲੋ ਬੀਜ ਚੋਰੀ ਕਰਕੇ ਵੇਚਿਆ ਗਿਆ ਉਸ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਸਬੰਧ ਵਿਚ ਸਖ਼ਤ ਕਦਮ ਚੁਕਣਾ ਚਾਹੀਦਾ ਹੈ। ਜ਼ਿਮੀਦਾਰਾਂ, ਕਿਸਾਨਾਂ, ਹਰੀਜਨ ਭਰਾਵਾਂ ਨੂੰ ਇਹ ਕਾਂਗਰਸ ਸਰਕਾਰ 20-21 ਸਾਲ ਤੋਂ ਲਾਰੇ ਦਿੰਦੀ ਰਹੀ ਕਿ ਅਸੀਂ ਹਰੀਜਨਾਂ ਨੂੰ ਜ਼ਮੀਨਾਂ ਦੇਵਾਂਗੇ। 17 ਲੱਖ ਏਕੜ ਜ਼ਮੀਨ ਹਾਲੀਂ ਵੀ ਗੈਰ ਆਬਾਦ ਪਈ ਹੈ। ਸੋਸ਼ਲਿਜ਼ਮ ਦਾ ਕਦਮ ਸਰਕਾਰ ਨੇ ਕਿਧਰ ਨੂੰ ਪੁਟਿਆ ਹੈ? ਇਸ ਸਰਕਾਰ ਨੇ ਟਾਟੇ ਅਤੇ ਬਿਰਲੇ ਨੂੰ ਫ਼ਾਇਦਾ ਪਹੁੰਚਾਇਆ ਹੈ। ਬਿਰਲੇ ਨੂੰ ਜਿਹੜੀ ਸੀਡ ਫਾਰਮ ਦਿਤੀ ਗਈ ਹੈ ਉਸ ਦੇ ਵਿਚੋਂ ਅਗਰ ਕੋਈ ਬਾਜਰੇ ਦਾ ਬੀਜ ਆਉਂਦਾ ਹੈ ਤਾਂ ਉਹ 9 ਰੁਪਏ ਤੋਂ 17 ਰੁਪਏ ਕਿਲੋ ਵਿਕਦਾ ਹੈ ਮਗਰ ਉਹੀ ਬੀਜ ਕੋਈ ਸਾਧਾਰਨ ਕਿਸਾਨ ਤਿਆਰ ਕਰਦਾ ਹੈ ਤਾਂ ਉਸ ਦਾ ਮੁਲ 9 ਆਨੇ ਕਿਲੋ ਹੈ ਸੋ ਜੇ ਉਹ ਇਕ ਸੌ ਕਿਲੋ ਦੀ ਬੋਰੀ ਵੇਚੇ ਉਸ ਦਾ ਮੁੱਲ ਉਸ ਨੂੰ ਸਿਰਫ 50-60 ਰੁਪਏ ਮਿਲਦਾ ਹੈ। ਇਸੇ ਤਰ੍ਹਾਂ ਮੱਕੀ ਦੇ ਬੀਜ ਬਾਰੇ ਉਨ੍ਹਾਂ ਵਲੋਂ ਲੁੱਟ ਹੈ ਅਤੇ ਉਹ 30 ਰੁਪਏ ਕਿਲੋ ਵਿਕਦਾ ਹੈ। ਮੈਂ ਅਰਜ਼ ਕਰਾਂ ਕਿ ਉਹ ਇਹ ਵੀ ਚਾਹੁੰਦੇ ਹਨ ਕਿ ਇਹ ਬਲੈਕ ਮਨੀ ਵਾਈਟ ਮਨੀ ਵਿਚ ਕਨਵਰਟ ਕਰ ਲਈਏ। ਉਹ ਇਨਕਮ ਟੈਕਸ ਵਿਚ ਚੋਰੀ ਕਰਦੇ ਹਨ। ਇਸ ਚੀਜ਼ ਨੂੰ ਚੈਕ ਅਪ ਕਰਨਾ ਚਾਹੀਦਾ ਹੈ। ਸਾਨੂੰ ਖੁਸ਼ੀ ਹੈ ਕਿ ਕੱਲ ਚੀਫ ਮਨਿਸਟਰ ਸਾਹਿਬ ਨੇ ਵਿਸ਼ਵਾਸ ਦਿਵਾਇਆ ਸੀ ਕਿ ਅਸੀਂ ਬਿਰਲਾ ਫਾਰਮ ਦਾ ਪਟਾ ਤੋੜਾਂਗੇ।

ਮੈਂ ਬਿਜਲੀ ਬਾਰੇ ਵੀ ਕੁਝ ਅੰਕੜੇ ਦੇਣਾ ਚਾਹੁੰਦਾ ਹਾਂ। ਮੈਂ ਅਰਜ਼ ਕਰਦਾ ਹਾਂ ਕਿ ਜੇ ਅਸੀਂ ਹੋਰ ਬਿਜਲੀ ਤਿਆਰ ਕਰਨ ਵਾਸਤੇ ਕੋਈ ਪਲਾਂਟ ਨਹੀਂ ਲਾਉਂਦੇ, ਕੋਈ ਹੋਰ ਸਕੀਮਾਂ ਨਹੀਂ ਤਿਆਰ ਕਰਦੇ ਤਾਂ ਇਹ ਬਿਜਲੀ ਸ਼ਾਰਟੇਜ ਦੀ ਸ਼ਕਲ ਅਖਤਿਆਰ ਕਰ ਲਵੇਗੀ। ਸਾਡੇ ਟਿਊਬਵੈਲਾਂ ਲਈ, ਸਾਡੀ ਇੰਡਸਟਰੀ ਦਾ ਕੰਮ ਢਿਲਾ ਪੈ ਜਾਏਗਾ। ਇਥੋਂ ਤਕ ਕਿ ਸਾਨੂੰ ਮੱਧਮ ਦਿਖਾਈ ਦੇਵੇਗਾ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਦੇ ਬਾਰੇ ਵਿਚ ਛੇਤੀ ਤੋਂ ਛੇਤੀ ਰਾਵੀ ਤੇ ਬੰਨ੍ਹ ਬਣਾ ਕੇ ਥਰਮਲ ਪਲਾਂਟ ਲਾ ਕੇ ਜ਼ਿਲ੍ਹਾ ਪੱਧਰ ਤੇ ਬਿਜਲੀ ਦੇ ਘਾਟੇ ਨੂੰ ਪੂਰਾ ਕਰਨਾ ਚਾਹੀਦਾ ਹੈ ਨਹੀਂ ਤਾਂ ਸਾਨੂੰ ਬਹੁਤ ਨੁਕਸਾਨ ਉਠਾਉਣਾ ਪਵੇਗਾ। ਬਠਿੰਡਾ ਜ਼ਿਲਾ ਬਹੁਤ ਪਛੜਿਆ ਹੋਇਆ ਇਲਾਕਾ ਹੈ। ਬਠਿੰਡੇ ਵਿਚ 18 ਯੂਨਿਟਸ ਪਰ ਕੈਪੀਟਾ ਦੀ ਔਸਤ ਹੈ, ਕਪੂਰਥਲੇ ਵਿਚ 126 ਯੂਨਿਟਸ ਹੈ। ਉਸ ਦੇ ਨਾਲ ਹੀ ਲੁਧਿਆਣੇ ਵਿਚ ਜਿਹੜਾ ਇੰਡਸਟਰੀ ਵਿਚ ਸਾਰੇ ਹਿੰਦੁਸਤਾਨ ਵਿਚ ਮੰਨਿਆ ਹੋਇਆ ਹੈ ਉਸ ਦੀ 85 ਯੂਨਿਟਸ ਹੁੰਦੀ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜ਼ਿਲ੍ਹਾ ਬਠਿੰਡਾ ਬਹੁਤ ਇਸ ਗੱਲ ਵਿਚ ਪਛੜਿਆ ਹੋਇਆ ਹੈ ਉਸ ਵਲ ਪੂਰਾ ਪੂਰਾ ਧਿਆਨ ਦੇਣ ਦੀ ਲੋੜ ਹੈ।

ਇਸੇ ਤਰ੍ਹਾਂ ਪਾਣੀ ਦੀ ਮਿਕਦਾਰ ਬਾਰੇ ਅਰਜ਼ ਕਰਦਾ ਹਾਂ ਕਿ ਪਾਣੀ ਸਾਡੇ ਜ਼ਿਲ੍ਹੇ ਵਿਚ 2.04 ਕਿਊਸਕਸ ਦੇ ਮੁਤਾਬਕ ਚਲਦਾ ਹੈ। ਅੰਮ੍ਰਿਤਸਰ ਵਿਚ 3.5 ਹੈ ਯਾਨੀ ਸਾਡੇ ਨਾਲੋਂ ਡਿਊਢਾ ਪਾਣੀ ਉਥੇ ਚਲਦਾ ਹੈ। ਉਸਦੇ ਮੁਤਾਬਕ ਪਾਣੀ ਦੇਣ ਦਾ ਉਨ੍ਹਾਂ ਦਾ ਫਰਜ਼ ਬਣਦਾ ਹੈ। ਉਹ ਵੀ ਪੂਰਾ ਨਹੀਂ ਕਰਦੇ।

Original with;
Punjab Vidhan Sabha
Digitized by;
Panjab Digital Library

ਇਸਦੇ ਨਾਲ ਫਲੈਟ ਰੇਟ ਦੀ ਜਿਹੜੀ ਗਲ ਚਲ ਰਹੀ ਹੈ, ਉਸ ਦੇ ਬਾਰੇ ਵੇਖ ਲਉ ਜੇ ਕਿਸੇ ਕਿਸਾਨ ਨੇ ਲੋਨ ਲੈਣਾ ਹੋਵੇ, ਬਿਜਲੀ ਦੀ ਮੋਟਰ ਲਈ ਜਾਂ ਡੀਜ਼ਲ ਦੇ ਇੰਜਨ ਲਈ, ਉਹ 7 ਰੁਪਏ ਤੋਂ ਲੈ ਕੇ 11 ਰੁਪਏ ਸੈਂਕੜੇ ਤਕ ਇੰਟਰੈਸਟ ਦਿੰਦਾ ਹੈ। ਦੂਜੇ ਪਾਸੇ ਕਿਸੇ ਚੰਗੇ ਸੇਠ ਬੀਜੂ ਪਟਨਾਇਕ ਵਰਗੇ ਕਿਸੇ ਵਡੇ ਵਪਾਰੀ ਨੇ ਇੰਡਸਟਰੀ ਲਈ ਲੋਨ ਲੈਣਾ ਹੋਵੇ ਤਾਂ ਉਸ ਦਾ ਇੰਟਰੈਸਟ 2.75 ਰੁਪਏ ਤੋਂ ਲੈ ਕੇ ਚਾਰ ਜਾਂ ਸਾਢੇ ਚਾਰ ਰੁਪਏ ਤਕ ਮੈਕਸੀਮੱਮ ਇੰਟਰੈਸਟ ਦੇਣਾ ਪੈਂਦਾ ਹੈ। ਮੈਂ ਸਮਝਦਾ ਹਾਂ ਕਿ ਕਿਸਾਨ ਨਾਲ, ਜਿਹੜਾ ਸਾਡੀ ਰੀੜ੍ਹ ਦੀ ਹਡੀ ਹੈ, ਬੜਾ ਧੱਕਾ ਹੈ। ਇਸ ਦੇ ਨਾਲ ਅੰਨ ਦੀ ਪੈਦਾਵਾਰ ਨੂੰ ਸੱਟ ਪੈਂਦੀ ਹੈ। ਕਮੱਰਸ਼ੀਅਲ ਬੈਂਕਾਂ ਦੀ 1966 ਦੀ ਰਿਪੋਰਟ ਦੇ ਮੁਤਾਬਕ 146.4 ਕਰੋੜ ਰੁਪਈਆ ਸਾਡੇ ਪੰਜਾਬ ਦਾ ਜਮ੍ਹਾ ਹੈ। ਉਸਦੇ ਵਾਸਤੇ ਪੰਜਾਬ ਵਿਚ ਵਰਤਿਆ ਕਿੰਨਾ ਜਾਂਦਾ ਹੈ: 45.5 ਕਰੋੜ। ਬਾਕੀ ਪੈਸਾ ਇਕ ਸੌ ਇਕ ਕਰੋੜ ਦੇ ਲਗਭਗ ਜਿਹੜਾ ਹੈ ਬੰਬਈ, ਦਿੱਲੀ, ਪੂਨਾ ਆਦਿ ਦੇ ਵਡੇ ਵਡੇ ਵਪਾਰੀ ਲੈਂਦੇ ਹਨ ਯਾਨੀ ਸੈਂਟਰ ਵਿਚ ਜਾਂਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸੈਂਟਰ ਨੂੰ ਬੇਨਤੀ ਕਰਨ ਕਿ ਪੰਜਾਬ ਦਾ ਪੈਸਾ ਪੰਜਾਬੀਆਂ ਦੇ ਪਾਸ ਰਹੇ। ਉਸ ਦੇ ਨਾਲ ਪਲਾਂਟ ਲਗਾਏ ਜਾਣ। ਇੰਡਸਟਰੀ ਵਿਚ ਡਿਵੈਲਪਮੈਂਟ ਕਰਨ ਜਾਂ ਹੋਰ ਕਿਸੇ ਕਿਸਮ ਦੀਆਂ ਸਕੀਮਾਂ ਬਨਾਉਣ ਜਿਸ ਨਾਲ ਕਿਸਾਨਾਂ ਨੂੰ ਮਜ਼ਦੂਰਾਂ ਨੂੰ ਫਾਇਦਾ ਹੋਵੇ। ਪਰ ਹਾਲੇ ਇਸ ਵੱਲ ਕੋਈ ਧਿਆਨ ਨਹੀਂ ਦਿਤਾ ਜਾਂਦਾ। ਮੈਂ ਸਮਝਦਾ ਹਾਂ ਸੈਂਟਰ ਨੂੰ ਸਾਡੇ ਚੀਫ ਮਿਨਿਸਟਰ ਸਾਹਿਬ ਅਤੇ ਸਾਡੀ ਕੈਬਨਿਟ ਜ਼ੋਰ ਦੇਕੇ ਮਜਬੂਰ ਕਰਨ ਕਿ ਕਮੱਰਸ਼ੀਅਲ ਬੈਂਕਸ ਤੇ ਸਾਡਾ ਕੰਟਰੋਲ ਹੋਵੇ। ਸਾਡੇ ਪੰਜਾਬ ਵਿਚ ਹੀ ਸਾਡਾ ਪੈਸਾ ਖਰਚ ਹੋਵੇ ਤਾਂਕਿ ਸਾਡੇ ਕਿਸਾਨ ਨੂੰ ਚੰਗੇ ਬੀਜ, ਖਾਦ ਅਤੇ ਘੱਟ ਰੇਟ ਤੇ ਪੈਸਾ ਕਰਜ਼ ਮਿਲ ਸਕੇ ਜਾਂ ਹੋਰ ਸ਼ੂਗਰ ਮਿਲਜ਼ ਚਲਾ ਸਕੀਏ।

ਇਸ ਦੇ ਨਾਲ ਮੈਂ ਬੇਨਤੀ ਕਰਾਂ ਕਿ ਬਠਿੰਡਾ ਜ਼ਿਲੇ ਦੇ ਪਿੰਡਾਂ ਵਿਚ ਸਿਰਫ 14 ਫੀ ਸਦੀ ਬਿਜਲੀ ਦਿਤੀ ਗਈ ਹੈ ਯਾਨੀ 100 ਵਿਚੋਂ 14 ਵਿਚ ਬਿਜਲੀ ਪਹੁੰਚੀ ਹੈ ਜਦ ਕਿ ਕਪੂਰਥਲਾ, ਗੁਰਦਾਸਪੁਰ ਵਿਚ 40 ਫੀ ਸਦੀ ਔਰ ਅੰਮ੍ਰਿਤਸਰ ਵਿਚ 70 ਫੀ ਸਦੀ ਬਿਜਲੀ ਦਿਤੀ ਗਈ ਹੈ। ਇਹ ਠੀਕ ਹੈ ਕਿ ਪਹਿਲਾਂ ਚੀਫ ਮਿਨਿਸਟਰ ਅੰਮ੍ਰਿਤਸਰ ਦਾ ਸੀ ਲੇਕਿਨ ਹੁਣ ਤਾਂ ਲੁਧਿਆਣੇ ਦੇ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਖੇਤਰ ਵਿਚ ਵੀ ਗੌਰ ਕਰਨਾ ਚਾਹੀਦਾ ਹੈ ਹੁਸ਼ਿਆਰਪੁਰ ਵਿੱਚ ਪਾਣੀ ਦੀ ਥੁੜ ਹੈ। ਉਥੇ ਤਾਂ ਪੀਣ ਦਾ ਪਾਣੀ ਹੀ ਨਹੀਂ ਹੈ। ਦੂਜੇ ਪਾਸੇ ਬਠਿੰਡੇ ਦਾ ਇਲਾਕਾ, ਸੜਕਾਂ ਵਿਦਿਆ ਦਸਤਕਾਰੀ ਆਦਿ ਵਿੱਚ ਪਿਛੜ ਗਿਆ ਹੈ। ਇਹ ਗੱਲ ਵੀ ਨਹੀਂ ਕਿ ਉਥੇ ਦੇ ਲੋਕ ਆਰਾਮ ਪ੍ਰਸਤ ਹੋਣ ਜਾਂ ਉਨ੍ਹਾਂ ਵਿੱਚ ਕੋਈ ਭੈੜੀਆਂ ਆਦਤਾਂ ਹੋਣਾ, ਉਹ ਬੜੇ ਮਿਹਨਤੀ ਹਨ ਪਰ ਫਿਰ ਵੀ ਉਨ੍ਹਾਂ ਦੀ ਹਾਲਤ ਭੈੜੀ ਹੈ।

ਸਾਡੇ ਬਠਿੰਡਾ ਵਿੱਚ ਦੋ ਤਿੰਨ ਬਲਾਕ ਰਾਮਪੁਰਾਫੂਲ, ਮਾਨਸਾ ਆਦਿ ਅੰਨ ਦੇ ਭੰਡਾਰ ਹਨ। ਇਹ ਵੱਧ ਅਨਾਜ ਦੀ ਉਪਜ ਵਾਲੇ ਬਲਾਕ ਹਨ। ਲੁਧਿਆਣੇ ਵਿੱਚ ਕੁਝ ਸਕੀਮਾਂ ਬਣ ਗਈਆਂ ਹਨ ਉਪਜ ਵਧਾਉਣ ਦੇ ਸਿਲਸਿਲੇ ਵਿੱਚ, ਫਿਰੋਜ਼ਪੁਰ ਵਿੱਚ ਇਸ ਖੇਤਰ ਵਿੱਚ ਕਈ ਕਦਮ ਚੁਕੇ ਜਾਂਦੇ ਹਨ ; ਉਥੇ ਹਵਾਈ ਜਹਾਜ਼ ਰਾਹੀ ਫਸਲਾਂ ਨੂੰ ਸਪਰੇ ਕੀਤਾ ਜਾਂਦਾ ਹੈ। ਇਸ ਨਾਲ

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਬਾਬੂ ਸਿੰਘ ਮਾਸਟਰ ]

ਕਾਸ਼ਤਕਾਰ ਦੀ ਫ਼ਸਲ ਬੀਮਾਰੀ ਤੋਂ ਬਚ ਜਾਂਦੀ ਹੈ। ਭਾਵੇਂ ਇਸ ਕੰਮ ਵਿੱਚ ਸਾਡੀਆਂ ਕਈ ਜਾਨਾਂ ਜਾਇਆ ਚਲੀਆਂ ਜਾਂਦੀਆਂ ਹਨ, ਕਿਉਂਕਿ ਉਨ੍ਹਾਂ ਨੂੰ, ਸਿਖਲਾਈ ਪੂਰੇ ਪੱਧਰ ਤੱਕ ਨਹੀਂ ਦਿੱਤੀ ਜਾਂਦੀ। ਇਸ ਲਈ ਮੈਂ ਕਹਿੰਦਾ ਹਾਂ ਕਿ ਬਠਿੰਡੇ ਵਿੱਚ ਵੀ ਪੈਦਾਵਾਰ ਦੇ ਸਿਲਸਿਲੇ ਵਿੱਚ ਹੋਰ ਧਿਆਨ ਦਿਤਾ ਜਾਵੇ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਵੱਧ ਤੋਂ ਵੱਧ ਸਾਡੇ ਕਿਸਾਨਾਂ ਵਲ ਧਿਆਨ ਦੇਣ ਤਾਕਿ ਉਪਜ ਵਿੱਚ ਵਾਧਾ ਹੋ ਸਕੇ। ਬਿਜਲੀ ਦਾ ਥਰਮਲ ਪਲਾਂਟ ਲਾ ਕੇ ਬਿਜਲੀ ਦੀ ਕਮੀ ਨੂੰ ਪੂਰਾ ਕੀਤਾ ਜਾਏ। ਬਿਜਲੀ ਕਾਸ਼ਤਕਾਰ ਨੂੰ ਵੀ ਇੰਡਸਟਰੀ ਅਤੇ ਦਸਤਕਾਰੀ ਦੇ ਮੁਕਾਬਲੇ ਵਿੱਚ ਮਿਲਣੀ ਚਾਹੀਦੀ ਹੈ। ਜੇਕਰ ਇੰਡਸਟਰੀ ਵਾਲੇ ਦੇਸ਼ ਦੀ ਸੇਵਾ ਕਰਦੇ ਹਨ ਤਾਂ ਕਿਸਾਨ ਵੀ ਅੰਨ ਦੀ ਉਪਜ ਕਰਕੇ ਦੇਸ਼ ਦੇ ਅੰਨ ਸੰਕਟ ਨੂੰ ਦੂਰ ਕਰਨ ਵਿੱਚ ਬੜੀ ਸੇਵਾ ਕਰਦਾ ਹੈ। ਕੇਰਲਾ ਅਤੇ ਸਾਊਥ ਦੇ ਜਿਹੜੇ ਦੂਜੇ ਸੂਬੇ ਹਨ, ਉਨ੍ਹਾਂ ਦੇ ਬਿਜਲੀ ਦੇ ਚਾਰਜਿਜ਼ ਬਹੁਤ ਘੱਟ ਹਨ।

ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਬਿਜਲੀ ਬੋਰਡ, ਬਿਜਲੀ ਦੇ ਸਿਲਸਿਲੇ ਵਿੱਚ ਕੁਝ ਹੋਰ ਪੈਸੇ ਵਧਾ ਰਿਹਾ ਹੈ, ਜਿਸ ਨਾਲ ਸਾਡੇ ਤੇ ਹੋਰ ਬੋਝ ਪਏਗਾ। ਇਸ ਤੋਂ ਕਿਸਾਨ ਨੂੰ ਬਚਾਉਣਾ ਚਾਹੀਦਾ ਹੈ। ਅਸੀਂ ਚਾਹੁੰਦੇ ਹਾਂ ਕਿ ਹਿੰਦੁਸਤਾਨ ਦਾ ਖੁਰਾਕ ਦਾ ਮਸਲਾ ਹਲ ਹੋਵੇ, 40 ਕਰੋੜ ਲੋਕਾਂ ਦੇ ਮੂੰਹ ਵਿੱਚ ਅਨਾਜ ਪਵੇ, ਜੇ ਅਸੀਂ ਚਾਹੁੰਦੇ ਹਾਂ ਕਿ ਅਨਾਜ ਦੇ ਸਿਲਸਿਲੇ ਵਿੱਚ ਅਮਰੀਕਾ ਦੇ ਮੂੰਹ ਵਲ ਨਾ ਵੇਖੀਏ ਅਤੇ ਆਪਣੀ ਜ਼ਮੀਰ ਨੂੰ ਕਾਇਮ ਰਖੀਏ। ਜਦੋਂ ਸਾਡੇ ਸੈਂਟਰ ਦੇ ਵਜ਼ੀਰ ਅਨਾਜ ਵਾਸਤੇ ਬਾਹਰਲੇ ਮੁਲਕਾਂ ਤੋਂ ਭਿੱਖ ਮੰਗਦੇ ਹਨ ਤਾਂ ਸਾਨੂੰ ਬੜੀ ਸ਼ਰਮ ਆਉਂਦੀ ਹੈ। ਇਸ ਦਾ ਇਕੋ ਹੱਲ ਹੈ ਕਿ ਅਸੀਂ ਕਿਸਾਨ ਨੂੰ ਖੇਤੀ ਦੇ ਸਿਲਸਿਲੇ ਵਿੱਚ ਵੱਧ ਤੋਂ ਵੱਧ ਸਹੂਲਤਾਂ ਪਰੋਵਾਈਡ ਕਰੀਏ। ਹਾਈ ਯੀਲਡ ਦੇ ਬੀਜ, ਪਾਣੀ, ਖਾਦ ਅਤੇ ਸਾਇੰਟਿਫਿਕ ਸੰਦ ਜਿਹੜੇ ਆਏ ਹਨ ਉਨ੍ਹਾਂ ਨੂੰ ਦੇ ਕੇ ਉਪਜ ਦੇ ਮਸਲੇ ਨੂੰ ਹਲ ਕਰੀਏ।

**(ਇਸ ਸਮੇਂ ਡਿਪਟੀ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ)**

**ਸਰਦਾਰ ਗੁਰਬੰਤਾ ਸਿੰਘ** : ਡਿਪਟੀ ਸਪੀਕਰ ਸਾਹਿਬ, ਮੇਰਾ ਇਕ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਥੇ ਕੋਈ ਵਜ਼ੀਰ ਨਹੀਂ ਬੈਠਾ।

[ ਕਈ ਆਵਾਜ਼ਾਂ : ਆ ਗਏ ਹਨ। ਲੌ ਆ ਗਏ। ]

**ਕਾਮਰੇਡ ਬਾਬੂ ਸਿੰਘ ਮਾਸਟਰ** : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕਿਸੇ ਤਰ੍ਹਾਂ ਵੀ ਹੋਵੇ ਹਿੰਦੁਸਤਾਨ ਦਾ ਕਲਿਆਣ ਹੋਣਾ ਚਾਹੀਦਾ ਹੈ। ਸਾਡੇ ਕਾਂਗਰਸੀ ਵੀਰਾਂ ਨੇ ਸੋਸ਼ਲਿਜ਼ਮ ਲਿਆਉਣਾ ਹੈ ਅਤੇ ਸਾਡੇ ਦੇਸ਼ ਦੇ ਨੇਤਾ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਜੀ ਵੀ ਸੋਸ਼ਲਿਜ਼ਮ ਦਾ ਨਾਅਰਾ ਲਾਉਂਦੇ ਰਹੇ। ਪਰ ਹਰੀਜਨ ਕਲਿਆਣ ਅਤੇ ਕਿਸਾਨ ਦੀ ਭਲਾਈ ਦੀਆਂ ਸਕੀਮਾਂ ਨਾ ਲਿਆ ਸਕੇ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਇਹ ਬੇਨਤੀ ਕਰਦਾ ਹਾਂ ਕਿ ਫਲੈਟ ਰੇਟ ਨੂੰ ਤੁਰੰਤ ਖ਼ਤਮ ਕੀਤਾ ਜਾਏ। ਅੱਜ ਕਿਸਾਨ ਨੂੰ 40-40, 50-50, ਅਰਜ਼ੀਆਂ ਦੇਣੀਆਂ ਪੈਂਦੀਆਂ ਹਨ ਤੇ ਬਿਜਲੀ ਦੇ ਕੁਨੈਕਸ਼ਨ ਲਈ ਕਿੰਨਾਂ ਕਿੰਨਾਂ ਚਿਰ ਪਿਛੇ ਫਿਰਨਾ ਪੈਂਦਾ ਹੈ। ਇਸ ਦਾ ਵੀ ਅੰਤ ਹੋਣਾ ਚਾਹੀਦਾ ਹੈ। ਸਟੇਟ ਦੀ ਫੂਡ ਪ੍ਰੋਡਕਸ਼ਨ ਵਾਸਤੇ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਕੁਨੈਕਸ਼ਨ ਦੇ ਕੇ ਅੰਨ-ਸੰਕਟ ਦੇ ਮਸਲੇ ਨੂੰ ਹਲ ਕਰੀਏ। ਮੈਂ ਇਤਨਾ ਕਹਿ ਕੇ ਆਪ ਜੀ ਦਾ ਧੰਨਵਾਦ ਕਰਦਾ ਹਾਂ ਤੇ ਬੈਠਦਾ ਹਾਂ।

**Mr. Deputy Speaker :** Motion moved :

> That this House recommends to the Government to take steps to see that the flat rate charged for electricity consumed by tubewells in the State is abolished with immediate effect.

**ਸਰਦਾਰ ਗੁਰਬੰਤਾ ਸਿੰਘ** (ਕਰਤਾਰਪੁਰ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਜਿਹੜਾ ਮੇਰੇ ਇਕ ਦੋਸਤ ਕਮਿਊਨਿਸਟ ਭਰਾ ਕੁਲਵੰਤ ਸਿੰਘ ਨੇ ਲਿਆਂਦਾ ਹੈ ਮੈਨੂੰ ਸੱਚ ਮੁੱਚ ਇਸ ਗਲ ਦੀ ਖੁਸ਼ੀ ਮਹਿਸੂਸ ਹੋਈ ਹੈ। ਮੈਂ ਸਮਝਦਾ ਹਾਂ ਕਿ ਫ਼ਲੈਟ ਰੇਟ ਗਵਰਨਰ ਸਾਹਿਬ ਦੀ ਹਕੂਮਤ ਦੇ ਵੇਲੇ ਮੁਕਰੱਰ ਕੀਤਾ ਗਿਆ ਸੀ। ਡਿਪਟੀ ਸਪੀਕਰ ਸਾਹਿਬ, ਮੈਨੂੰ ਪੂਰਾ ਸ਼ੱਕ ਹੀ ਨਹੀਂ ਬਲਕਿ ਮੈਨੂੰ ਪੂਰਾ ਯਕੀਨ ਹੈ ਕਿ ਇਹ ਫ਼ਲੈਟ ਰੇਟ ਜਿਹੜਾ ਬਿਜਲੀ ਦਾ ਕੀਤਾ ਗਿਆ ਹੈ ਪੈਦਾਵਾਰ ਵਾਸਤੇ, ਇਹ ਬੜੇ ਬੜੇ ਕਿਸਾਨਾਂ, ਜ਼ਿਮੀਦਾਰਾਂ ਜਿਨ੍ਹਾਂ ਦੇ ਬੜੇ ਬੜੇ ਫ਼ਾਰਮ ਹਨ, ਉਨ੍ਹਾਂ ਦੇ ਵਾਸਤੇ ਕੀਤਾ ਗਿਆ ਹੈ। ਮੇਰੇ ਇਕ ਦੋਸਤ ਨੇ ਮੈਨੂੰ ਦਸਿਆ ਕਿ $7\frac{1}{2}$ ਹਾਰਸ ਪਾਵਰ ਦੀ ਮੋਟਰ ਦਾ ਜਿਸ ਵੇਲੇ ਫ਼ਲੈਟ ਰੇਟ ਨਹੀਂ ਸੀ, ਦੋ ਸੌ $2\frac{1}{2}$ ਸੌ ਰੁਪਏ ਦਾ ਬਿਲ ਆਉਂਦਾ ਸੀ। ਹੁਣ ਉਹੀ 70/- ਰੁਪਏ ਦੇਣੇ ਪੈਂਦੇ ਹਨ। ਇਸ ਲਈ ਮੈਂ ਅਰਜ਼ ਕਰਾਂ ਕਿ ਇਸ ਦਾ ਗਰੀਬ ਕਿਸਾਨ ਤੇ ਗਰੀਬ ਜ਼ਿਮੀਦਾਰ ਤੇ ਬੋਝ ਹੈ ਅਤੇ ਵੱਡਾ ਜ਼ਿਮੀਦਾਰ ਅਤੇ ਕਿਸਾਨ ਇਸਦਾ ਨਾਜਾਇਜ਼ ਫ਼ਾਇਦਾ ਉਠਾਉਂਦਾ ਹੈ। ਪਾਣੀ ਦੀ ਜ਼ਿਆਦਾ ਖਪਤ ਵੱਡੇ ਜ਼ਿਮੀਦਾਰ ਦੀ ਹੁੰਦੀ ਹੈ ਤੇ ਜ਼ਿਆਦਾ ਪੈਸੇ ਵਿਚਾਰੇ ਗਰੀਬ ਕਿਸਾਨ ਨੂੰ ਦੇਣੇ ਪੈਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਇਹ ਜੋ ਫਲੈਟ ਰੇਟ ਆਰੰਭ ਕੀਤਾ ਹੈ ਇਹ ਜਿਹੜੇ ਵੱਡੀਆਂ ਮੋਟਰਾਂ ਵਾਲੇ ਹਨ ਜਿਨ੍ਹਾਂ ਨੇ $7\frac{1}{2}$ ਹਾਰਸ ਪਾਵਰ ਜਾਂ 10 ਹਾਰਸ ਪਾਵਰ ਦੀਆਂ ਮੋਟਰਾਂ ਲਗਾਈਆਂ ਹਨ ਉਨ੍ਹਾਂ ਲਈ ਯੂਜ਼ਫੁਲ ਹੈ। ਛੋਟੇ ਕਿਸਾਨ ਤਿੰਨ ਜਾਂ ਚਾਰ ਜਾਂ ਪੰਜ ਹਾਰਸ ਪਾਵਰ ਤੋਂ ਘੱਟ ਦੀ ਮੋਟਰ ਲਾਉਂਦੇ ਹਨ ਲੇਕਿਨ ਉਨ੍ਹਾਂ ਨੂੰ ਵੱਡੀ ਮੋਟਰ ਵਾਲਿਆਂ ਜਿੰਨੇ ਪੈਸੇ ਫ਼ਲੈਟ ਰੇਟ ਦੇ ਮੁਤਾਬਿਕ ਦੇਣੇ ਪੈਂਦੇ ਹਨ। ਫ਼ਲੈਟ ਰੇਟ ਨਾਲ ਟਿਊਬਵੈਲ ਚਲਦਾ ਹੈ। ਬਿਜਲੀ ਵਾਲੇ ਹਫਤੇ ਵਿਚ ਦੋ ਦਿਨ ਬਿਲਕੁਲ ਛੁਟੀ ਕਰਦੇ ਹਨ।

ਸ਼ਹਿਰਾਂ ਦੇ ਪਾਸ ਜੋ ਟਿਊਬਵੈਲ ਹਨ ਉਨ੍ਹਾਂ ਨੂੰ ਬਿਜਲੀ ਨਹੀਂ ਆਉਂਦੀ ਅਤੇ ਜੇ ਆਉਂਦੀ ਹੀ ਹੈ ਤਾਂ ਕਦੇ ਘਟ ਕਦੇ ਵਧ। ਲੋਕਾਂ ਦੀਆਂ ਮੋਟਰਾਂ ਲੂਹੀਆਂ ਜਾਂਦੀਆਂ ਹਨ। ਕੋਈ ਕਿਸਾਨ ਅਜਿਹਾ ਨਹੀਂ ਹੋਵੇਗਾ ਜਿਸਦੀ ਮੋਟਰ 2-4 ਵਾਰੀ ਇਸ ਤਰ੍ਹਾਂ ਲੂਹੀ ਨਾ ਗਈ ਹੋਵੇ। ਵੋਲਟੇਜ ਘਟ ਜਾਂਦੀ ਹੈ, ਸਟਾਰਟਰ ਖਰਾਬ ਹੋ ਜਾਂਦੇ ਹਨ। ਫਲੈਟ ਰੇਟ ਲਈ ਬਹਾਨਾ ਇਹ

Original with;
Punjab Vidhan Sabha
Digitized by;
Panjab Digital Library

[ ਸਰਦਾਰ ਗੁਰਬੰਤਾ ਸਿੰਘ ]

ਦਿਤਾ ਜਾਂਦਾ ਹੈ, ਕਿਸੇ ਹਦ ਤਕ ਇਹ ਠੀਕ ਵੀ ਹੈ ਕਿ ਬਿਜਲੀ ਦੀ ਚੋਰੀ ਹੁਦੀ ਹੈ। ਤਾਰਾਂ ਇਧਰ ਉਧਰ ਕਰਕੇ ਜਾਂ ਮਹਿਕਮੇ ਦੇ ਕਰਮਚਾਰੀਆਂ ਨਾਲ ਰਲ ਕੇ ਕੁਝ ਕਿਸਾਨ ਨਾਜਾਇਜ਼ ਫ਼ਾਇਦਾ ਉਠਾਉਂਦੇ ਹਨ ਪਰ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਪਕੜੋ ਤਾਕਿ ਬਾਕੀਆਂ ਨੂੰ ਇਸ ਦਾ ਸਬਕ ਮਿਲੇ। ਚੋਰਾਂ ਦਾ ਭਲਾ ਤਾਂ ਨਹੀਂ ਕਰਨਾ ਚਾਹੀਦਾ। ਫਿਰ ਬਿਨਾ ਨੋਟਿਸ ਦੇ ਹੀ ਬਿਜਲੀ ਬੰਦ ਹੋ ਜਾਂਦੀ ਹੈ। ਸ਼ਹਿਰਾਂ ਵਿਚ ਬਿਜਲੀ ਬੰਦ ਹੋਣੀ ਹੋਵੇ ਤਾਂ ਨੋਟਿਸ ਅਖਬਾਰਾਂ ਵਿਚ ਆ ਜਾਂਦਾ ਹੈ ਕਿ ਫਲਾਂ ਦਿਨ ਇੰਨੇ ਵਜੇ ਫਲਾਂ ਪਾਸੇ ਦੀ ਬਿਜਲੀ ਬੰਦ ਰਹੇਗੀ। ਕਿਸਾਨ ਨੂੰ ਇਹ ਵੀ ਨਹੀਂ ਦਸਿਆ ਜਾਂਦਾ। ਇਹ ਛੋਟੇ ਕਿਸਾਨਾਂ ਦੇ ਹਕ ਵਿਚ ਚੰਗੀ ਨਹੀਂ ਹੈ। ਇਸ ਨੂੰ ਹਟਾਨਾ ਚਾਹੀਦਾ ਹੈ। ਫਿਰ ਸਾਡੀ 50 ਫ਼ੀਸਦੀ ਬਿਜਲੀ ਨੰਗਲ ਫਰਟੇਲਾਈਜ਼ਰ ਦੇ ਕਾਰਖਾਨੇ ਨੂੰ ਦਿਤੀ ਜਾਂਦੀ ਹੈ, ਮਗਰ ਜੋ ਇਸ ਵਿਚ ਖਾਦ ਬਣਦੀ ਹੈ ਉਹ ਪੰਜਾਬ ਵਿਚ ਨਹੀਂ ਵਿਕਦੀ, ਦਖਣ ਵਿਚ ਜਾ ਕੇ ਵਿਕਦੀ ਹੈ ਅਤੇ ਦਖਣ ਵਿਚੋਂ ਖਾਦ ਆ ਕੇ ਮਹਿੰਗੇ ਭਾਅ ਤੇ ਪੰਜਾਬ ਵਿਚ ਵਿਕਦੀ ਹੈ। ਖਾਦ ਦੇ ਭਾਅ ਚੜ੍ਹ ਰਹੇ ਹਨ। ਇਸ ਗਲ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਨੰਗਲ ਦੀ ਖਾਦ ਹੀ ਪੰਜਾਬ ਵਿਚ ਵਿਕੇ (ਵਿਘਨ) ਕਾਂਗਰਸ ਸਰਕਾਰ ਨੇ ਬੜਾ ਕੁਝ ਕੀਤਾ ਹੈ। ਮੇਰੇ ਦੋਸਤ ਨੇ ਕਿਹਾ ਹੈ ਕਿ ਕਾਂਗਰਸ ਸਰਕਾਰ ਨੇ ਹਰੀਜਨਾਂ ਦੀ ਭਲਾਈ ਲਈ ਕੁਝ ਨਹੀਂ ਕੀਤਾ। ਮੈਂ ਅਰਜ਼ ਕਰਾਂ ਕਿ ਕਾਂਗਰਸ ਸਰਕਾਰ ਨੇ ਜਿਸ ਜ਼ਮੀਨ ਦਾ ਹਰੀਜਨਾਂ ਨੂੰ ਦੇਣ ਦਾ ਫੈਸਲਾ ਕੀਤਾ ਸੀ ਉਹ ਇਸ ਸਰਕਾਰ ਨੇ ਉਨ੍ਹਾਂ ਪਾਸੋਂ ਖੋਹ ਲਈ ਹੈ। ਉਸ ਤੇ ਹੁਣ ਇਨ੍ਹਾਂ ਕਮਿਊਨਸਟ ਦੋਸਤਾਂ ਨੇ ਕਬਜ਼ਾ ਕਰ ਲਿਆ ਹੈ। ਜਿਸ ਜ਼ਮੀਨ ਨੂੰ ਕਾਂਗਰਸ ਸਰਕਾਰ ਨੇ 1962 ਵਿਚ ਹਰੀਜਨਾਂ ਵਿਚ ਨੀਲਾਮ ਕਰਨ ਦਾ ਫੈਸਲਾ ਕੀਤਾ ਸੀ ਇਸ ਬਾਰੇ ਇਸ ਸਰਕਾਰ ਨੇ ਫ਼ੈਸਲਾ ਕਰ ਦਿਤਾ ਕਿ ਜਿਸ ਦਾ ਉਸ ਜ਼ਮੀਨ ਤੇ 1965 ਵਿਚ ਕਬਜ਼ਾ ਰਿਹਾ ਹੋਵੇਗਾ ਉਹੀ ਮਾਲਕ ਮੰਨਿਆ ਜਾਵੇਗਾ। (ਵਿਘਨ)

**चौधरी बलबीर सिंह** : यह रैलेवैंट नहीं है।

**ਸਰਦਾਰ ਗੁਰਬੰਤਾ ਸਿੰਘ :** ਇਹ ਨਾਨ ਆਫੀਸ਼ਲ ਡੇ ਹੈ। ਮੈਂ ਜ਼ਮੀਨ ਬਾਰੇ ਹੀ ਬੋਲ ਰਿਹਾ ਹਾਂ। ਜ਼ਮੀਨ ਦੀ ਸਿੰਚਾਈ ਨਾਲ ਫਲੈਟ ਰੇਟ ਦਾ ਤਅੱਲੁਕ ਹੈ। ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜੋ ਫ਼ਲੈਟ ਰੇਟ ਦਾ ਸਿਸਟਮ ਹੈ ਇਹ ਬੰਦ ਹੋਣਾ ਚਾਹੀਦਾ ਹੈ, ਪਰ ਮੈਨੂੰ ਸ਼ਕ ਹੈ ਕਿ ਇਹ ਸਰਕਾਰ ਇਸ ਨੂੰ ਜਾਰੀ ਰਖੇਗੀ ਕਿਉਂਕਿ ਇਹ ਸਰਕਾਰ ਵਡੇ ਜ਼ਿਮੀਂਦਾਰਾਂ ਅਤੇ ਸਰਮਾਇ-ਆਦਾਰਾਂ ਦੀ ਸਰਕਾਰ ਹੈ ਅਤੇ ਉਨ੍ਹਾਂ ਲੋਕਾਂ ਦਾ ਹੀ ਫਾਇਦਾ ਕਰੇਗੀ। ਇਨ੍ਹਾਂ ਲੋਕਾਂ ਨੂੰ ਫਲੈਟ ਰੇਟ ਦਾ ਫਾਇਦਾ ਹੈ ਜਦ ਕਿ ਛੋਟੇ ਜ਼ਿਮੀਂਦਾਰਾਂ ਨੂੰ ਇਸ ਦਾ ਨੁਕਸਾਨ ਹੈ। ਫਿਰ ਆਪ ਨੂੰ ਪਤਾ ਹੈ ਕਿ ਖਾਦ ਦੀ ਕੀਮਤ ਪਹਿਲਾਂ ਨਾਲੋਂ ਦੂਣੀ ਹੋ ਗਈ ਹੈ ਪਾਣੀ ਦਾ ਮੁਲ ਵੀ ਵਧ ਗਿਆ ਹੈ, ਬਿਜਲੀ ਦੇ ਰੇਟ ਵੀ ਚੜ੍ਹੇ ਹਨ, ਅਗਰ ਜ਼ਿਮੀਂਦਾਰ ਦੀ ਫਸਲ ਨੂੰ ਨੁਕਸਾਨ ਹੋ ਜਾਵੇ ਤਾਂ ਉਸ ਨੂੰ ਮੁਆਵਜ਼ਾ ਨਹੀਂ ਮਿਲਦਾ। ਆਪ ਨੇ ਦੇਖਿਆ ਕਿ ਲੋਕਾਂ ਨੇ ਕਮਾਦ ਬੜੀ ਮਿਹਨਤ ਨਾਲ ਅਤੇ ਖਰਚ ਤੇ ਬੀਜਿਆ। ਉਹ ਖਰਾਬ ਹੋ ਗਿਆ ਇਸ ਲਈ ਕਿ ਮਹਿਕਮੇ ਨੇ ਉਸ ਦਾ ਇਲਾਜ ਨਹੀਂ ਕੀਤਾ, ਉਸ ਤੇ ਸਪਰੇ ਨਹੀਂ ਕੀਤਾ। ਮਿਲਾਂ ਗੰਨਾ ਲੈਂਦੀਆਂ ਨਹੀਂ ਅਤੇ ਕਹਿੰਦੀਆਂ ਹਨ ਕਿ ਇਸ ਵਿਚ ਤਾਂ ਰਸ ਹੀ ਨਹੀਂ ਹੈ। ਫਿਰ ਬੀਜ ਦਾ ਵੀ ਸਕੈਂਡਲ ਹੈ। ਮੇਰੇ ਦੋਸਤ ਕਹਿ

Original with;
Punjab Vidhan Sabha
Digitized by;
Panjab Digital Library

ਚੁਕੇ ਹਨ ਕਿ ਮਹਿਕਮਾ ਜ਼ਰਾਇਤ ਨੇ ਐਲਾਨ ਕੀਤਾ ਕਿ ਟ੍ਰਿਪਲ ਡਵਾਰਫ ਦਾ ਕੋਈ ਬੀਜ ਨਹੀਂ ਹੈ ਲੇਕਿਨ ਇਸ ਦੇ ਬਾਵਜੂਦ ਕੁਝ ਧੋਖੇਬਾਜ਼ ਲੋਕ ਕਿਸਾਨਾਂ ਨੂੰ ਇਸ ਨਾਮ ਦਾ ਬੀਜ 500 ਰੁਪਏ ਕਵਿੰਟਲ ਦੇ ਭਾਅ ਵੇਚਦੇ ਰਹੇ। ਸਰਕਾਰ ਨੇ ਉਨ੍ਹਾਂ ਤੇ ਕੋਈ ਕੰਟ੍ਰੋਲ ਨਹੀਂ ਕੀਤਾ ਕਿਲ ਵੀ ਮੈਂ ਅਰਜ਼ ਕੀਤਾ ਸੀ ਕਿ ਸਰਕਾਰ ਨੇ ਬੋਰੀਆਂ ਵਿਚ ਬੰਦ ਹਾਈਬ੍ਰਿਡ ਮੇਜ਼ ਦਾ ਬੀਜ ਕਸਾਨਾਂ ਨੂੰ ਸਪਲਾਈ ਕੀਤਾ। ਉਹ ਬਹੁਤ ਨਾਕਸ ਬੀਜ ਸਾਬਤ ਹੋਇਆ ਅਤੇ ਉਸ ਵਿਚੋਂ ਕੇਵਲ 25 ਫ਼ੀਸਦੀ ਹੀ ਉਗਿਆ ਅਤੇ 10% ਨੂੰ ਛਲੀਆਂ ਪਈਆਂ।

ਇਸ ਤੋਂ ਇਲਾਵਾ ਅਗਰ ਬਿਜਲੀ ਸਸਤੀ ਹੋ ਜਾਵੇ ਤਾਂ ਜੋ ਜ਼ਮੀਨਾਂ ਸੇਮ ਕਰਕੇ ਖਰਾਬ ਹੋ ਰਹੀਆਂ ਹਨ ਉਨ੍ਹਾਂ ਦਾ ਸੁਧਾਰ ਹੋ ਸਕਦਾ ਹੈ। ਸ਼ੈਲੋ ਟਿਊਬਵੈਲਜ਼ ਲਾਕੇ ਸੇਮ ਹਟਾਈ ਜਾ ਸਕਦੀ ਹੈ। ਲੇਕਿਨ ਜੇ ਬਿਜਲੀ ਮਹਿੰਗੀ ਹੋਈ ਤਾਂ ਸੇਮ ਦੂਰ ਨਹੀਂ ਕੀਤੀ ਜਾ ਸਕੇਗੀ। ਮੈਨੂੰ ਦੁਖ ਹੁੰਦਾ ਹੈ ਇਹ ਦੇਖ ਕੇ ਕਿ ਲੋਕਾਂ ਨੇ ਸਾਲ ਸਾਲ ਦੋ ਦੋ ਸਾਲ ਤੋਂ ਕੁਨੈਕਸ਼ਨਾਂ ਲਈ ਅਰਜ਼ੀਆਂ ਦਿਤੀਆਂ ਹੋਈਆਂ ਹਨ, ਬਿਜਲੀ ਦੇ ਮਹਿਕਮੇ ਦੇ ਐਸ. ਡੀ. ਉ. ਦੇ ਮਗਰ ਮਗਰ ਮਾਰੇ ਮਾਰੇ ਫਿਰਦੇ ਹਨ ਮਗਰ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਮਿਲਦਾ। ਜੋ ਅਰਜ਼ੀਆਂ 2-3 ਸਾਲ ਤੋਂ ਲਗੀਆਂ ਹੋਈਆਂ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਡਿਸਪੋਜ਼ ਆਫ ਕਰਨਾ ਚਾਹੀਦਾ ਹੈ। ਲੋਕ ਇੰਜਨ ਖਰੀਦ ਨਹੀਂ ਸਕਦੇ ਤੇ ਉਨ੍ਹਾਂ ਨੂੰ ਕੁਨੈਕਸ਼ਨ ਵੀ ਨਾ ਦੇਣਾ ਉਨ੍ਹਾਂ ਨਾਲ ਧੱਕਾ ਹੈ। ਫਿਰ ਡਿਪਟੀ ਸਪੀਕਰ ਸਾਹਿਬ, ਜਦੋਂ ਕਿਸਾਨ ਆਪਣੀ ਉਪਜ ਮੰਡੀ ਵਿਚ ਲੈ ਜਾਂਦਾ ਹੈ ਤਾਂ ਉਸ ਨੂੰ ਪੂਰੀ ਕੀਮਤ ਨਹੀਂ ਮਿਲਦੀ। ਮੰਡੀਆਂ ਵਿਚ ਉਹ ਲੋਕ ਬੈਠੇ ਹਨ ਜੋ ਇਹ ਮਹਿਸੂਸ ਕਰਦੇ ਹਨ ਕਿ ਸਾਡੀ ਤੇ ਸਰਕਾਰ ਹੈ ਅਸੀਂ ਇਨ੍ਹਾਂ ਨੂੰ ਪੂਰੀ ਕੀਮਤ ਦੇਈਏ ਜਾਂ ਨਾ ਦੇਈਏ। ਸਰਕਾਰ ਕਹਿੰਦੀ ਤਾਂ ਹੈ ਕਿ ਇਹ ਕਿਸਾਨ ਨੂੰ ਪੂਰੀ ਕੀਮਤ ਦਿਵਾਇਗੀ ਮਗਰ ਐਡਰੈਸ ਵਿਚ ਸਟੇਟ ਟ੍ਰੇਡਿੰਗ ਦਾ ਜ਼ਿਕਰ ਨਹੀਂ ਕੀਤਾ। ਇਹ ਸਟੇਟ ਟ੍ਰੇਡਿੰਗ ਕਰਨਾ ਵੀ ਨਹੀਂ ਚਾਹੁੰਦੇ ਕਿਉਂਕਿ ਸਰਕਾਰ 2-3 ਆਦਮੀਆਂ ਤੋਂ ਜੋ ਇਨ੍ਹਾਂ ਦੇ ਨਾਲ ਬੈਠੇ ਹਨ ਡਰਦੇ ਹਨ। ਅਗਰ ਸ੍ਰੀ ਟੰਡਨ, ਕ੍ਰਿਸ਼ਨ ਲਾਲ ਸਰਕਾਰ ਛਡ ਦੇਣ ਤਾਂ ਇਹ ਸਟੇਟ ਟ੍ਰੇਡਿੰਗ ਲਾਗੂ ਕਰ ਦੇਣ। ਅਗਰ ਇਨ੍ਹਾਂ ਨੇ ਅਨਾਜ ਦੀ ਕੀਮਤ ਮੁਕਰੱਰ ਕਰ ਵੀ ਦਿਤੀ ਤਾਂ ਵੀ ਖਰੀਦੇਗਾ ਕੌਣ ਜਦ ਤਕ ਕਿ ਸਰਕਾਰ ਮੰਡੀ ਵਿਚ ਨਹੀਂ ਆਉਂਦੀ। ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਕਾਮਰੇਡ ਕੁਲਵੰਤ ਸਿੰਘ ਨੇ ਇਹ ਰੇਜ਼ੋਲਿਊਸ਼ਨ ਪੇਸ਼ ਕੀਤਾ ਹੈ। ਜ਼ਿਲਾ ਜਲੰਧਰ ਵਿਚ ਇਹੀ ਕੁਲਵੰਤ ਸਿੰਘ ਸਭ ਤੋਂ ਜ਼ਿਆਦਾ ਆਲੂ ਬੀਜਣ ਵਾਲਾ ਜ਼ਿਮੀਦਾਰ ਹੈ। ਇਹ ਕਮਿਊਨਿਸਟ ਮੈਂਬਰ ਕੁਲਵੰਤ ਸਿੰਘ ਜਿਸ ਨੇ ਇਹ ਮਤਾ ਦਿਤਾ ਹੈ ਜੋ ਇਸ ਵੇਲੇ ਗੰਨਾ ਐਜੀਟੇਸ਼ਨ ਦੇ ਸਿਲਸਲੇ ਵਿਚ ਜੇਲ੍ਹ ਵਿਚ ਬੈਠਾ ਹੈ ਇਹ ਜ਼ਿਲਾ ਜਲੰਧਰ ਵਿਚ ਸਭ ਤੋਂ ਵਡਾ ਬਿਜਲੀ ਦਾ ਕਨਜ਼ਿਊਮਰ ਹੈ, ਇਹ ਸਭ ਤੋਂ ਜ਼ਿਆਦਾ ਆਲੂ ਬੀਜਣ ਵਾਲਾ, ਗੰਨਾ ਬੀਜਣ ਵਾਲਾ ਹੈ ਤਾਂ ਫਿਰ ਉਹ ਕਿਉਂ ਨਾ ਐਜੀਟੇਸ਼ਨ ਕਰੇ। ਉਸੇ ਦਾ ਤਾਂ ਸਭ ਤੋਂ ਵਧ ਗੰਨਾ ਮਿਲਾਂ ਨੂੰ ਜਾਣਾ ਹੈ।

**ਕਾਮਰੇਡ ਬਾਬੂ ਸਿੰਘ ਮਾਸਟਰ :** ਆਪ ਦੀ ਵਜ਼ੀਰੀ ਵਿਚ ਸਭ ਤੋਂ ਵਧ ਐਕਸ ਗ੍ਰੇਸ਼ੀਆ ਗ੍ਰਾਂਟਸ ਦਿਤੀਆਂ ਗਈਆਂ ਸਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬੰਤਾ ਸਿੰਘ :** ਡਿਪਟੀ ਸਪੀਕਰ ਸਾਹਿਬ, ਸ਼ੂਗਰ ਮਿਲਾਂ ਜੋ ਭੋਗਪੁਰ, ਮੋਰਿੰਡਾ, ਨਵਾਂ ਸ਼ਹਿਰ ਅਤੇ ਬਟਾਲੇ ਵਿਚ ਹਨ ਉਨ੍ਹਾਂ ਦੀ ਰੀਕਵਰੀ ਦੇ ਅਨੁਸਾਰ ਗੰਨੇ ਦੀ ਕੀਮਤ ਮੁਕਰੱਰ ਨਹੀਂ ਕੀਤੀ ਹੋਈ। ਨਵਾਂ ਸ਼ਹਿਰ ਦੀ ਮਿਲ ਵਿਚ ਜੇਕਰ ਰੀਕਵਰੀ 7% ਹੈ ਤਾਂ ਗੰਨੇ ਦੀ ਕੀਮਤ 8 ਜਾਂ 9 ਰੁਪਏ ਕਵਿੰਟਲ ਹੈ। ਬਟਾਲੇ ਵਿਚ ਰੀਕਵਰੀ 8% ਹੈ ਤਾਂ ਪੈਸੇ ਮਿਲਦੇ ਹਨ 10 ਰੁਪਏ ਕਵਿੰਟਲ ਦੇ ਹਿਸਾਬ ਨਾਲ ਇਸੇ ਤਰ੍ਹਾਂ ਜਲੰਧਰ ਵਿਚ ਰੀਕਵਰੀ 7% ਹੈ ਅਤੇ ਮੋਰਿੰਡੇ ਵਿਚ ਇਸ ਤੋਂ ਵੀ ਘਟ ਹੈ ਪਰ ਪੈਸੇ 7.37 ਪ੍ਰਤੀ ਕਵਿੰਟਲ ਗੰਨੇ ਲਈ ਦਿਤੇ ਜਾਂਦੇ ਹਨ; ਭੋਗਪੁਰ ਵਿਚ 9 ਰੁਪਏ ਕਵਿੰਟਲ ਦਿਤੇ ਜਾਂਦੇ ਹਨ। ਕਿੰਨੇ ਦੁਖ ਵਾਲੀ ਗਲ ਹੈ ਕਿ ਵਡੇ ਜ਼ਿਮੀਦਾਰ ਐਜੀਟੇਸ਼ਨਾਂ ਕਰਦੇ ਹਨ ਜਿਨ੍ਹਾਂ ਦੀ ਹਜ਼ਾਰਾਂ ਏਕੜ ਜ਼ਮੀਨ ਹੈ ਅਤੇ ਮਿਲਾਂ ਵਿਚ ਹਿਸੇ ਹਨ। ਛਾਪੇ ਮਾਰੇ ਜਾਂਦੇ ਹਨ। ਐਜੀਟੇਸ਼ਨਾਂ ਕਰਦੇ ਹਨ ਕਿ ਗੰਨੇ ਦੀ ਕੀਮਤ ਜ਼ਿਆਦਾ ਦਿਤੀ ਜਾਵੇ ਕਿਉਂਕਿ ਉਨ੍ਹਾਂ ਦਾ ਆਪਣਾ ਹਿਤ ਉਨ੍ਹਾਂ ਦੇ ਸਾਹਮਣੇ ਹੈ। ਉਹ ਆਪ ਵਡੇ ਜ਼ਿਮੀਦਾਰ ਹਨ ਅਤੇ ਚਾਹੁੰਦੇ ਹਨ ਕਿ ਗੰਨੇ ਦਾ ਮੁਲ ਜ਼ਿਆਦਾ ਮਿਲੇ। ਛੋਟੇ ਜ਼ਿਮੀਦਾਰ ਨੂੰ ਇਸ ਨਾਲ ਕੋਈ ਲਾਭ ਨਹੀਂ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ 9 ਰੁਪਏ ਕਵਿੰਟਲ ਦੇਣ ਵਿਚ ਵੀ ਮਿਲ ਨੂੰ ਡੇਢ ਜਾਂ ਦੋ ਰੁਪਏ ਕਵਿੰਟਲ ਦਾ ਘਾਟਾ ਪੈਂਦਾ ਹੈ ਕਿਉਂਕਿ ਰੀਕਵਰੀ ਘਟ ਹੁੰਦੀ ਹੈ।

ਮੈਂ ਹੈਰਾਨ ਹਾਂ ਕਿ ਕਾਮਰੇਡ ਕੁਲਵੰਤ ਸਿੰਘ ਨੇ ਇਹ ਮਤਾ ਕਿਸ ਤਰ੍ਹਾਂ ਲੈ ਆਂਦਾ ਹੈ ਜਿਸ ਤਰ੍ਹਾਂ ਸੈਕਰੇਟੇਰੀਏਟ ਵਿਚ ਡਰਾਫਟ ਕੀਤਾ ਗਿਆ ਇਥੇ ਭਿਜਵਾ ਦਿਤਾ ਗਿਆ ਕਿ ਬਿਜਲੀ ਲਈ ਫਲੈਟ ਰੇਟ ਨੂੰ ਤੋੜ ਦਿਤਾ ਜਾਵੇ। ਇਸ ਨਾਲ ਵਡੇ ਜ਼ਿਮੀਦਾਰਾਂ ਨੂੰ ਫਾਇਦਾ ਹੈ ਅਤੇ ਛੋਟੇ ਜ਼ਿਮੀਦਾਰਾਂ ਨੂੰ ਨੁਕਸਾਨ ਹੈ।

ਮੈਂ ਇਸ ਸਬੰਧ ਵਿਚ ਇਹ ਬੇਨਤੀ ਕਰਾਂ ਕਿ ਫਲੈਟ ਰੇਟ ਨੂੰ ਇਸ ਲਈ ਸ਼ੁਰੂ ਕਰਨ ਦਾ ਫੈਸਲਾ ਸਰਕਾਰ ਨੇ ਕੀਤਾ ਸੀ ਕਿ ਬਿਜਲੀ ਦੀ ਚੋਰੀ ਹੁੰਦੀ ਹੈ। ਇਹ ਠੀਕ ਹੈ ਕਿ ਬਿਜਲੀ ਦੀ ਚੋਰੀ ਕੁਝ ਆਦਮੀ ਕਰਦੇ ਹਨ ਪਰ ਛੋਟਾ ਕਿਸਾਨ ਬਿਜਲੀ ਦੀ ਚੋਰੀ ਨਹੀਂ ਕਰ ਸਕਦਾ। ਤਿੰਨ ਜਾਂ ਚਾਰ ਏਕੜ ਵਾਲਾ ਜ਼ਿਮੀਦਾਰ ਬਿਜਲੀ ਦੀ ਚੋਰੀ ਨਹੀਂ ਕਰ ਸਕਦਾ। ਫਲੈਟ ਰੇਟ ਨਾਲ ਉਸ ਨੂੰ ਨੁਕਸਾਨ ਹੁੰਦਾ ਹੈ, ਬਿਜਲੀ ਵੀ ਪੂਰੀ ਨਹੀਂ ਮਿਲਦੀ। ਇਸ ਨਾਲ ਤਾਂ ਵਡੇ ਜ਼ਿਮੀਦਾਰਾਂ ਨੂੰ ਲਾਭ ਹੁੰਦਾ ਹੈ ਅਤੇ ਇਹ ਸਰਕਾਰ ਵਡੇ ਫਾਰਮਰਾਂ ਦੀ ਹੈ। ਗੁਰਮੀਤ ਸਿੰਘ ਵਰਗੇ ਪ੍ਰੋਗ੍ਰੈਸਿਵ ਅਤੇ ਵਡੇ ਕਿਸਾਨਾਂ ਦੀ ਹੈ। ਇਸ ਲਈ ਮੈਨੂੰ ਤਾਂ ਡਰ ਹੈ ਕਿ ਇਸ ਮਤੇ ਨੂੰ ਵਾਪਸ ਹੀ ਨਾ ਲੈ ਲਿਆ ਜਾਵੇ। ਫਲੈਟ ਰੇਟ ਖਤਮ ਕਰਕੇ ਕੋਈ ਐਸਾ ਸਿਸਟਮ ਲਾਗੂ ਕਰ ਦਿਤਾ ਜਾਵੇ ਜਿਸ ਨਾਲ ਬਿਜਲੀ ਦੀ ਚੋਰੀ ਕਿਸਾਨ ਨਾ ਕਰ ਸਕੇ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਗੁਰਮੀਤ ਸਿੰਘ** (ਮਲੋਟ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਤੇ ਦਾ ਜਿਹੜਾ ਸਰਦਾਰ ਕੁਲਵੰਤ ਸਿੰਘ ਕਮਿਊਨਿਸਟ ਪਾਰਟੀ ਦੇ ਮੈਂਬਰ ਵਲੋਂ ਪੇਸ਼ ਕੀਤਾ ਗਿਆ ਹੈ, ਸਮਰਥਨ ਕਰਨ ਲਈ ਖੜਾ ਹੋਇਆ ਹਾਂ। ਮਾਸਟਰ ਗੁਰਬੰਤਾ ਸਿੰਘ ਜੀ ਨੇ ਕੁਝ ਗਲਾਂ ਦਾ

Original with;
Punjab Vidhan Sabha
Digitized by;
Panjab Digital Library

ਜ਼ਿਕਰ ਕੀਤਾ ਹੈ। ਮੈਂ ਸਿਰਫ ਇੰਨਾਂ ਹੀ ਕਹਿਣਾ ਚਾਹੁੰਦਾ ਹਾਂ ਕਿ ਕੁਝ ਦਿਨਾਂ ਤੋਂ ਇਹ ਆਪ ਵੀ ਵਡੇ ਜ਼ਿਮੀਦਾਰ ਬਣ ਗਏ ਹਨ ਅਤੇ 30-40 ਏਕੜ ਆਲੂ ਬੀਜਦੇ ਹਨ। ਇਨ੍ਹਾਂ ਨੂੰ ਇਸ ਦੀ ਮੁਖਾਲਫਤ ਨਹੀਂ ਸੀ ਕਰਨੀ ਚਾਹੀਦੀ। ਇਹ ਇਕ ਨੇਕ ਕਦਮ ਹੈ ਅਤੇ ਮੈਂ ਇਸ ਲਈ ਵਧਾਈ ਦਿੰਦਾ ਹਾਂ।

ਬਿਜਲੀ ਬੋਰਡ, ਡਿਪਟੀ ਸਪੀਕਰ ਸਾਹਿਬ, ਇਕ ਅਟਾਨੋਮਸ ਬਾਡੀ ਹੈ ਪਰ ਇਸ ਲਈ ਰਕਮ ਅਸੈਂਬਲੀ ਵਿਚ ਬਜਟ ਦੇ ਰੂਪ ਵਿਚ ਪਾਸ ਕੀਤੀ ਜਾਂਦੀ ਹੈ। ਫੰਡਜ਼ ਸਰਕਾਰ ਦਿੰਦੀ ਹੈ ਫਿਰ ਇਸ ਦੇ ਕੰਮ ਦੀ ਰੀਪੋਰਟ ਵੀ ਇਥੇ ਪੇਸ਼ ਕੀਤੀ ਜਾਂਦੀ ਹੈ ਫਿਰ ਇਸ ਤੇ ਵਜ਼ੀਰ ਸਾਹਿਬ ਨੂੰ ਬਹਿਸ ਕਰਨ ਦੀ ਹਾਊਸ ਵਿਚ ਇਜਾਜ਼ਤ ਦੇਣੀ ਚਾਹੀਦੀ ਹੈ। ਤੁਸੀਂ ਆਪ ਵੀ ਬੜੇ ਕਿਸਾਨ ਹੋ, ਇਥੇ ਬਹੁਤ ਸਾਰੇ ਸਿਆਣੇ ਅਤੇ ਪ੍ਰੋਗ੍ਰੈਸਿਵ ਕਿਸਾਨ ਬੈਠੇ ਹਨ ਇਨ੍ਹਾਂ ਨੂੰ ਬਿਜਲੀ ਬੋਰਡ ਦੇ ਕੰਮ ਤੇ ਆਪਣੀ ਰਾਏ ਪ੍ਰਗਟ ਕਰਨ ਦਾ ਹਕ ਦੇਣਾ ਚਾਹੀਦਾ ਹੈ ਕਿ ਕੀ ਕਿਸਾਨ ਬਿਜਲੀ ਬੋਰਡ ਦੀ ਵਰਕਿੰਗ ਦੇ ਵਿਰੁਧ ਹਨ ਜਾਂ ਹਕ ਵਿਚ ਹਨ ਅਤੇ ਇਨ੍ਹਾਂ ਦੀ ਰਾਏ ਨੂੰ ਸਾਹਮਣੇ ਰਖ ਕੇ ਮੁਨਾਸਬ ਤਬਦੀਲੀ ਬਿਜਲੀ ਬੋਰਡ ਦੇ ਢਾਂਚੇ ਵਿਚ ਕੀਤੀ ਜਾਣੀ ਚਾਹੀਦੀ ਹੈ। ਸਰਦਾਰ ਪ੍ਰਤਾਪ ਸਿੰਘ ਕੈਰੋਂ ਵੇਲੇ, ਜਦ ਉਹ ਉਸ ਸੂਬੇ ਦੇ ਚੀਫ ਮਨਿਸਟਰ ਸਨ, ਇਕ ਦੋ ਗਲਾਂ ਬਿਜਲੀ ਬੋਰਡ ਦੇ ਸਬੰਧ ਵਿਚ ਚੰਗੀਆਂ ਕੀਤੀਆਂ ਗਈਆਂ ਸਨ। ਹਰ ਮਹੀਨੇ ਮੀਟਿੰਗ ਇਥੇ ਸੱਦੀ ਜਾਂਦੀ ਸੀ ਜਿਸ ਵਿਚ ਪ੍ਰੋਗ੍ਰੈਸਿਵ ਫਾਰਮਰਾਂ ਦੀ ਰਾਏ ਲਈ ਜਾਂਦੀ ਸੀ ਪਰ ਅਜ ਕਲ ਇਸ ਤਰ੍ਹਾਂ ਦੀ ਕੋਈ ਮੀਟਿੰਗ ਨਹੀਂ ਬੁਲਾਈ ਜਾਂਦੀ ਇਸ ਨੂੰ ਰੀਵਾਈਵ ਕਰਨਾ ਚਾਹੀਦਾ ਹੈ।

ਕਿਸਾਨ ਨਾਲ ਬੇਇਨਸਾਫੀ ਹਰ ਪਾਸੇ ਹੋ ਰਹੀ ਹੈ। ਬਿਜਲੀ ਬੋਰਡ ਵਿਚ ਨਵਾਬਸ਼ਾਹੀ ਚਲ ਰਹੀ ਹੈ। ਕਿਸਾਨਾਂ ਨਾਲ ਧੱਕਾ ਹੋ ਰਿਹਾ ਹੈ। ਸੂਦ ਲੈਣ ਵਿਚ ਕਿਸਾਨਾਂ ਨਾਲ ਧੱਕਾ, ਬਿਜਲੀ ਕੁਨੈਕਸ਼ਨ ਦੇਣ ਵਿਚ ਧੱਕਾ, ਇਨਾਂ ਨੂੰ ਕੋਈ ਪੁਛਣ ਵਾਲਾ ਨਹੀਂ ਕਿਸਾਨਾਂ ਤੋਂ 9% ਸੂਦ ਕਰਜ਼ਿਆਂ ਤੇ ਲਿਆ ਜਾਂਦਾ ਹੈ ਜਦ ਕਿ ਇੰਡਸਟਰੀ ਦੇ ਕਰਜ਼ਿਆਂ ਤੇ 3% ਸੂਦ ਲਿਆ ਜਾਂਦਾ ਹੈ। ਇਤਨੀ ਵਡੀ ਡਿਸਕ੍ਰਿਮੀਨੇਸ਼ਨ ਇਨ੍ਹਾਂ ਨਾਲ ਕਿਉਂ ਕੀਤੀ ਜਾ ਰਹੀ ਹੈ ?

ਸਭ ਤੋਂ ਵਡਾ ਧੱਕਾ ਬਿਜਲੀ ਬੋਰਡ ਵਿਚ ਕੀਤਾ ਜਾ ਰਿਹਾ ਹੈ ਅਤੇ ਕਟਾਰੀ ਹੈ ਜਿਸ ਵਿਚ ਯੋਗ ਤਬਦੀਲੀ ਦੀ ਲੋੜ ਹੈ। ਇਸ ਲਈ ਮੈਂ ਕਹਾਂਗਾ ਕਿ ਐਸ. ਈ. ਵਲੋਂ ਮਹੀਨੇਵਾਰ ਸਦੀਆਂ ਜਾਣ ਤਾਕਿ ਲੋਕਾਂ ਦੀਆਂ ਸ਼ਿਕਾਇਤਾਂ ਦੂਰ ਹੋ ਸਕਣ। ਜੇਕਰ ਇਹ ਸਰਕਾਰ ਸਮਝੇ ਕਿ ਇਸ ਵਿਚ ਕੋਈ ਸੋਧ ਨਹੀਂ ਕੀਤੀ ਜਾ ਸਕਦੀ ਤਾਂ ਸੈਂਟਰ ਦੀ ਸਰਕਾਰ ਨੂੰ ਕਿਹਾ ਜਾ ਸਕਦਾ ਹੈ ਕਿ ਅਸੀਂ ਅਜੇਹੇ ਬੋਰਡ ਤੋਂ ਬਾਜ਼ ਆਏ ਆਪਣਾ ਬੋਰਡ ਤੋੜ ਦਿਓ ਤੇ ਆਪ ਹੀ ਮਹਿਕਮੇ ਰਾਹੀਂ ਕੰਮ ਚਲਾਇਆ ਜਾ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਆਪ ਨੂੰ ਪਤਾ ਹੈ ਕਿ ਜਟ ਨੂੰ ਪਾਣੀ ਦੀ ਮੁਨਾਸਬ ਸਪਲਾਈ ਨਹੀਂ ਮਿਲਦੀ ਅਤੇ ਇਸ ਵਿਚ ਸੁਧਾਰ ਦੀ ਲੋੜ ਹੈ। ਪ੍ਰੋਗੈਸਿਵ ਫਾਰਮਰ ਵੀ ਔਖੇ ਹਨ ਅਤੇ ਮੰਗ ਕੀਤੀ ਗਈ ਸੀ ਕਿ ਮੀਟਰ ਸਿਸਟਮ ਲਗ ਜਾਵੇ ਪਰ ਅਮਲ ਨਹੀਂ ਕੀਤਾ ਗਿਆ (ਵਿਘਨ)

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੀਤ ਸਿੰਘ]

ਸ਼ਹਿਰਾਂ ਵਿਚ ਮੀਟਰ ਹਨ ਘਰੇਲੂ ਪਾਣੀ ਲਈ ਇਸੇ ਤਰ੍ਹਾਂ ਨਹਿਰਾਂ ਤੇ ਮੀਟਰ ਸਿਸਟਮ ਸ਼ੁਰੂ ਕੀਤਾ ਜਾਏ ਅਤੇ ਉਸੇ ਅਨੁਸਾਰ ਆਬਿਆਨਾ ਲਗੇ।

ਹੁਣ ਹਾਲ ਇਹ ਹੈ ਕਿ ਪਾਣੀ ਕਿਤੇ ਦੋ ਵੇਰ ਕਿਤੇ ਚਾਰ ਤੇ ਕਿਤੇ ਉਕਾ ਹੀ ਨਹੀਂ ਪਰ ਆਬਿਆਨਾ ਪੂਰਾ ਵਸੂਲ ਕਰ ਲਿਆ ਜਾਂਦਾ ਹੈ। ਭਾਖੜੇ ਤੇ ਕੰਟ੍ਰੋਲ ਸੈਂਟਰ ਦਾ ਹੈ ਇਸ ਲਈ ਇਕ ਹੋਰ ਬੜੀ ਦਿਕਤ ਪੇਸ਼ ਆ ਰਹੀ ਹੈ। ਰਾਜਸਥਾਨ ਵਿਚ ਤਾਂ 5 ਜਾਂ 6 ਪਾਣੀ ਫਸਲਾਂ ਨੂੰ ਦਿਤੇ ਗਏ ਹਨ ਪਰ ਇਥੇ ਕਣਕ ਦੀ ਫਸਲ ਤਬਾਹ ਹੋ ਗਈ ਹੈ ਦੋ ਪਾਣੀ ਵੀ ਨਹੀਂ ਦਿਤੇ ਜਾ ਸਕੇ ਹਨ ਅਤੇ ਆਬਿਆਨਾ ਪੂਰਾ ਲਗਾ ਦਿਤਾ ਗਿਆ ਹੈ। ਮੀਟਰ ਸਿਸਟਮ ਕਰਨ ਨਾਲ ਨਹਿਰਾਂ ਦੇ ਪਾਣੀ ਅਤੇ ਸਰਕਾਰੀ ਟਿਊਬਵੈਲ ਦੇ ਪਾਣੀ ਠੀਕ ਤਰੀਕੇ ਨਾਲ ਵਕਤ ਸਿਰ ਮਿਲ ਸਕਦੇ ਹਨ ਪਰ ਇਥੇ ਇਹ ਹਾਲਤ ਹੈ ਕਿ ਟਕੇ ਸੇਰ ਭਾਜੀ ਟਕੇ ਸੇਰ ਖਾਜਾ। 70 ਏਕੜ ਵਾਲੇ ਤੇ ਵੀ ਉਹੀ ਆਬਿਆਨਾ ਲਗੇ ਗਾ ਜੋ ਤਿੰਨ ਏਕੜ ਜਾਂ ਦੋ ਏਕੜ ਵਾਲੇ ਤੇ ਲਗੇਗਾ। ਬਿਜਲੀ ਬੋਰਡ ਵਿਚ ਸੁਧਾਰ ਹੋਵੇ। ਮੈਂ ਉਮੀਦ ਕਰਦਾ ਹਾਂ ਕਿ ਜੇਕਰ ਵਜ਼ੀਰ ਸਾਹਿਬ ਇਨ੍ਹਾਂ ਗਲਾਂ ਵਲ ਧਿਆਨ ਦੇਣ ਤਾਂ ਇਹ ਮਤਾ ਹਾਊਸ ਵਿਚ ਪੇਸ਼ ਹੀ ਨਾ ਹੋਵੇ।

ਇਸ ਵਿਚ ਕਿਸੇ ਵਡੇ ਜਾਂ ਛੋਟੇ ਕਿਸਾਨ ਦਾ ਸਵਾਲ ਨਹੀਂ ਸਮੁਚੇ ਪੰਜਾਬ ਦੀ ਕਿਰਸਾਨੀ ਦੀ ਭਲਾਈ ਦਾ ਸਵਾਲ ਹੈ। ਇਸ ਲਈ ਪਰੋਗਰੈਸਿਵ ਫਾਰਮਰਜ਼ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੇ ਚੇਅਰਮੈਨਾਂ ਨਾਲ ਰਾਏ ਕਰਕੇ ਇਸ ਬਿਜਲੀ ਬੋਰਡ ਦੇ ਸਿਸਟਮ ਵਿਚ ਯੋਗ ਤਬਦੀਲੀ ਲਿਆਣੀ ਚਾਹੀਦੀ ਹੈ। ਤਾਕਿ ਕਿਸਾਨ ਨੂੰ ਯੋਗ ਸਹੂਲਤਾਂ ਮਿਲ ਸਕਣ ਅਤੇ ਕਿਰਸਾਨੀ ਤਰਕੀ ਕਰ ਸਕੇ।

ਇਹ ਕਿਹਾ ਜਾਂਦਾ ਹੈ ਕਿ ਟੈਕਸ ਵਿਚ ਇਵੇਜ਼ਨ ਹੁੰਦਾ ਹੈ, ਬਿਜਲੀ ਦੀ ਚੋਰੀ ਹੁੰਦੀ ਹੈ। ਪੁਠੇ ਮੀਟਰ ਇੰਡਸਟਰੀ ਵਾਲੇ ਘੁੰਮਾ ਲੈਂਦੇ ਹਨ। ਕੁਨੈਕਸ਼ਨਾਂ ਦੇ ਦੇਣ ਵਿਚ ਕੁਰਪਸ਼ਨ ਚਲਦੀ ਹੈ। ਇਥੇ ਸਰਦਾਰ ਅਜਮੇਰ ਸਿੰਘ ਮਾਲ ਮੰਤ੍ਰੀ ਸਨ ਤਾਂ ਉਨ੍ਹਾਂ ਦਸਿਆ ਸੀ ਕਿ ਜਦ ਉਹ ਵਜ਼ੀਰ ਨਹੀਂ ਸਨ ਤਾਂ ਦੋ ਸਾਲ ਤਕ ਕੁਨੈਕਸ਼ਨ ਨਾ ਦਿਤਾ ਅਤੇ 200 ਰੁਪਏ ਮੰਗਦੇ ਸਨ ਪਰ ਇਹ ਅੜੇ ਰਹੇ। ਫਿਰ ਜਦ ਮਨਿਸਟਰ ਬਣੇ ਤਾਂ ਵੀ ਇਨ੍ਹਾਂ ਦੇ ਆਦਮੀਆਂ ਤੋਂ ਦੋ ਬੋਤਲਾਂ ਸ਼ਰਾਬ ਲੈ ਗਏ ਮਨਿਸਟਰ ਕਰਕੇ ਰਿਸ਼ਵਤ ਛਡ ਗਏ, (ਹਾਸਾ) ਅਤੇ ਲਿਹਜ਼ ਕਰ ਗਏ।

ਸੋ ਇਹ ਹਾਲਤ ਹੈ ਕਿ ਜੋ ਧੱਕਾ ਅਤੇ ਜੋ ਬਦਸਲੂਕੀ ਬਿਜਲੀ ਬੋਰਡ ਵਲੋਂ ਕਿਸਾਨ ਨਾਲ ਕੀਤੀ ਜਾਂਦੀ ਹੈ। ਇਸ ਲਈ ਮੈਂ ਵਜ਼ੀਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਠੋਸ ਕਦਮ ਚੁਕੇ ਜਾਣ ਕਿ ਬਿਜਲੀ ਦੀ ਜੋ ਚੋਰੀ ਹੁੰਦੀ ਹੈ ਨਾ ਹੋਵੇ। ਕੁਰਪਸ਼ਨ ਦੂਰ ਹੋਵੇ। ਫਿਰ ਮੋਟਰ ਦੇ ਬਾਰੇ ਵਿਚ ਜੇਕਰ 10 ਐਚ. ਪੀ. ਦੀ ਹੈ ਜਾਂ 5 ਦੀ ਹੈ ਤਾਂ ਲਾਈਨਮੈਨ ਨਾਲ ਮਿਲ ਕੇ ਲਿਖ ਦਿੰਦਾ ਹੈ ਕਿ 10 ਦੀ ਥਾਂ 5 ਦੀ ਹੈ ਤੇ ਰੇਟ ਬਦਲ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਕਿਸਾਨ ਹੋ ਤੁਹਾਨੂੰ ਤਜਰਬਾ ਹੈ ਕਿ ਕਿਸ ਤਰ੍ਹਾਂ ਹਾਲਤ ਹੈ ਅਤੇ ਬਿਜਲੀ ਦੇ ਕੁਨੈਕਸ਼ਨਾਂ ਵਿਚ ਕੀ ਕੁਝ ਕੀਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਜਿਥੇ ਡੀਜ਼ਲ ਇੰਜਨ ਹਨ ਉਥੇ ਡੀਜ਼ਲ ਜੋ ਸਪਲਾਈ ਕੀਤਾ ਜਾਂਦਾ ਹੈ ਦਿਲੀ ਦੇ ਡੀਲਰਾਂ ਨਾਲ ਮਿਲਕੇ ਗੰਦੇ ਤੇਲ ਦੇ ਢੋਲ 100 ਰੁਪਏ ਦੀ ਥਾਂ 150 ਰੁਪਏ ਫ਼ੀ ਢੋਲ ਮਿਲਦਾ ਹੈ 50 ਰੁਪਏ ਫੀ ਢੋਲ ਬਲੈਕ ਕੀਤੀ ਜਾ ਰਹੀ ਹੈ ਪਰ ਕੋਈ ਪੁਛ ਨਹੀਂ। ਇਸ ਤਰ੍ਹਾਂ ਗੰਦੇ ਤੇਲ ਵਰਤਣ ਨਾਲ ਮੋਟਰਾਂ ਸੜ ਜਾਂਦੀਆਂ ਹਨ, ਇੰਜਨ ਠੀਕ ਕੰਮ ਨਹੀਂ ਕਰਦੇ। ਇਸ ਲਈ ਮੈਂ ਕਹਾਂਗਾ ਵਜ਼ੀਰ ਸਾਹਿਬ ਨੂੰ ਕਿ ਸਿਵਲ ਸਪਲਾਈਜ਼ ਡਿਪਾਰਟਮੈਂਟ ਵਲੋਂ ਛਾਪੇ ਮਾਰੇ ਜਾਣ ਜਿਸ ਤਰ੍ਹਾਂ ਕਿ ਧਰਮ ਵੀਰ ਗਵਰਨਰ ਨੇ ਮਾਰ ਕੇ ਕੁਰਪਸ਼ਨ ਦੂਰ ਕੀਤੀ ਸੀ। ਡੀਜਲਾਂ ਦੇ ਗੁਦਾਮ ਚੈਕ ਕਰਨ ਅਤੇ ਜੋ ਲੋ ਕੁਆਲਟੀ ਤੇਲ ਦਿਤਾ ਜਾ ਰਿਹਾ ਹੈ ਉਸ ਨੂੰ ਕਬਜ਼ੇ ਵਿਚ ਕਰਨ ਅਤੇ ਫੌਰੀ ਤੌਰ ਤੇ ਅਜੇਹੇ ਡੀਲਰਾਂ ਨੂੰ ਫੜਿਆ ਜਾਣਾ ਚਾਹੀਦਾ ਹੈ ਜੋ ਇਸ ਤਰ੍ਹਾਂ ਦਾ ਮਾਲ ਸਪਲਾਈ ਕਰਦੇ ਹਨ ਜਿਸ ਨਾਲ ਇੰਜਨ ਖਰਾਬ ਹੋ ਰਹੇ ਹਨ।

ਇਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਸੈਂਟਰ ਨੂੰ ਇਸ ਮਸਲੇ ਤੇ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਜ਼ਮੀਂਦਾਰ ਨੂੰ ਖਾਦ ਜੋ ਸਪਲਾਈ ਹੁੰਦੀ ਹੈ ਉਸਦਾ ਰੇਟ ਬਹੁਤ ਜ਼ਿਆਦਾ ਹੈ। ਹਾਲਾਂਕਿ ਇਨ੍ਹਾਂ ਨੂੰ ਸਸਤੇ ਰੇਟ ਦੀ ਬਿਜਲੀ ਸਪਲਾਈ ਨੰਗਲ ਕਰਦਾ ਹੈ, ਇਹ ਪੈਸਾ ਦੋ ਪੈਸੇ ਯੂਨਿਟ ਤੋਂ ਵਧ ਨਹੀਂ ਹੁੰਦੀ ਇਨਪੁਟ ਵੀ ਕਾਫੀ ਹੈ ਪਰ ਰੇਟ ਫੇਰ ਵੀ ਜ਼ਿਆਦਾ ਹੈ। ਸਰਕਾਰ ਨੂੰ ਖਾਦ ਦੀਆਂ ਕੀਮਤਾਂ ਘਟ ਕਰਨ ਤੇ ਵਿਚਾਰ ਕਰਨਾ ਚਾਹੀਦਾ ਹੈ। ਨਹੀਂ ਤਾਂ ਖੇਤੀ ਬਾੜੀ ਜਿਹੜੀ ਇੰਡਸਟਰੀ ਹੀ ਹੈ ਇਹ ਅਨਇਕਨਾਮਿਕ ਬਣ ਜਾਵੇਗੀ, ਲੋਕ ਖੇਤੀ-ਬਾੜੀ ਵੱਲ ਘੱਟ ਧਿਆਨ ਦੇਣਗੇ ਅਤੇ ਇਹ ਬਿਨਾਂ ਮੁਨਾਫ਼ਾ ਬਣ ਜਾਵੇਗੀ। ਇਹ ਇਕ ਬਹੁਤ ਜ਼ਰੂਰੀ ਫੈਕਟਰ ਹੈ ਜਿਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਖੇਤੀ ਬਾੜੀ ਲਈ ਸਾਨੂੰ ਜਿਹੜੀ ਬਿਜਲੀ ਸਪਲਾਈ ਹੁੰਦੀ ਹੈ, ਇਹ ਫਲੈਟ ਰੇਟ ਤੇ ਸਪਲਾਈ ਹੁੰਦੀ ਹੈ। ਲੋਕਾਂ ਦੀ ਇਹ ਮੰਗ ਹੈ ਕਿ ਫਲੈਟ ਰੇਟ ਸਿਸਟਮ ਬੰਦ ਹੋਣਾ ਚਾਹੀਦਾ ਹੈ। ਪਾਣੀ ਜਿਹੜਾ ਵਰਤੋਂ ਵਿੱਚ ਆਵੇ ਉਸ ਦੀ ਕੀਮਤ ਹੀ ਲੈਣੀ ਚਾਹੀਦੀ ਹੈ ਚਾਹੇ ਮੀਟਰੀ ਸਿਸਟਮ ਹੋਵੇ ਜਾਂ ਕੋਈ ਹੋਰ ਸਿਸਟਮ ਹੋਵੇ। ਦੂਸਰੇ ਕਿਸਾਨ ਤੋਂ ਬੜੇ ਨਾਮੀਨਲ ਰੇਟ ਤੇ ਪਾਣੀ ਦਾ ਮੁਲ ਲੈਣਾ ਚਾਹੀਦਾ ਹੈ ਤਾਂ ਜੋ ਕਿਸਾਨ ਵਧੇਰੇ ਅਨਾਜ ਪੈਦਾ ਕਰ ਸਕੇ। ਦਿਲੀ ਦੀ ਸਰਕਾਰ ਨੂੰ ਮੁਲਕ ਵਿੱਚ ਉਪਜ ਦੀ ਕਮੀ ਨੂੰ ਮੁਖ ਰਖਦੇ ਹੋਏ, ਏਧਰ ਧਿਆਨ ਉਚੇਚੇ ਤੌਰ ਤੇ ਦੇਣਾ ਚਾਹੀਦਾ ਹੈ।

ਇਕ ਬਹੁਤ ਜ਼ਰੂਰੀ ਗੱਲ ਜੋ ਕਿਸਾਨ ਨੂੰ ਵਧ ਅਨਾਜ ਪੈਦਾ ਕਰਨ ਵਿੱਚ ਇਨਸੈਂਟਿਵ ਦੇਂਦੀ ਹੈ, ਉਹ ਇਹੋ ਹੈ ਕਿ ਉਸ ਦੀ ਪੈਦਾਵਾਰ ਦਾ ਮੁਲ ਪੂਰਾ ਮਿਲਨਾ ਚਾਹੀਦਾ ਹੈ ਇਹ ਨਾ ਹੋਵੇ ਕਿ ਫਸਲ ਵੇਲੇ ਸਸਤਾ ਰੇਟ ਹੋਵੇ ਅਤੇ ਜਦੋਂ ਕਿਸਾਨ ਅਪਣੀ ਪੈਦਾਵਾਰ ਵੇਚ ਲੈਣ ਤਾਂ ਉਸ ਦਾ ਮੁੱਲ ਦੁਗਣਾ ਹੋ ਜਾਵੇ ਅਤੇ ਮੁਨਾਫ਼ਾ ਕੋਈ ਤੀਸਰਾ ਹੀ ਲੈ ਜਾਵੇ। ਸੈਂਟਰ ਦੀ ਸਰਕਾਰ ਨੂੰ ਜ਼ਮੀਦਾਰਾਂ ਦੇ ਹਿਤ ਨੂੰ ਮੁਖ ਰਖਦੇ ਹੋਏ ਥਰੂਆਊਟ ਇਕੋ ਰੇਟ ਰਖਣੇ ਚਾਹੀਦੇ ਹਨ। ਇਸ ਵਿੱਚ ਜ਼ਮੀਦਾਰ ਅਤੇ ਗਰੀਬ ਲੋਕਾਂ ਦਾ, ਦੋਨਾਂ ਦਾ ਹੀ ਭਲਾ ਹੈ।

ਇਕ ਹੋਰ ਗਲ ਜਿਹੜੀ ਇਸ ਹਾਊਸ ਵਿੱਚ ਦਸਣੀ ਮੈਂ ਬਹੁਤ ਜ਼ਰੂਰੀ ਸਮਝਦਾ ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੀਤ ਸਿੰਘ]

ਉਹ ਇਹ ਹੈ ਕਿ ਨੰਗਲ ਫਰਟੇਲਾਈਜ਼ਰ ਫੈਕਟਰੀ ਨੂੰ ਭਾਖੜਾ ਵਿੱਚੋਂ ਪੈਦਾ ਹੋਣ ਵਾਲੀ ਬਿਜਲੀ ਦਾ 4% ਦਿੱਤਾ ਜਾਂਦਾ ਹੈ ਅਤੇ ਇਹ ਵੀ ਪੈਸਾ ਦੋ ਪੈਸੇ ਯੂਨਿਟ ਦੇ ਰੇਟ ਤੇ ਜਿਹੜਾ ਕਿ ਸਸਤੇ ਤੋਂ ਸਸਤਾ ਕਿਹਾ ਜਾ ਸਕਦਾ ਹੈ। ਇਸ ਫੈਕਟਰੀ ਵਿੱਚ 2.3/4 ਲਖ ਟਨ ਖਾਦ ਤਿਆਰ ਹੁੰਦੀ ਹੈ ਪਰ ਇਹ ਸਾਰੀ ਦੀ ਸਾਰੀ ਸੂਬੇ ਤੋਂ ਬਾਹਰ ਜਾਂਦੀ ਹੈ। ਅਸੀਂ ਇਸ ਦਾ ਪੰਜਾਬ ਵਿੱਚੋਂ ਬਾਹਰ ਭੇਜਣ ਦਾ ਖਰਚਾ ਵੀ ਬਰਦਾਸ਼ਤ ਕਰਦੇ ਹਾਂ ਬਾਹਰੋਂ ਖਾਦ ਪੰਜਾਬ ਦੇ ਕਿਸਾਨ ਨੂੰ ਖਰੀਦ ਕੇ ਮਹਿੰਗੇ ਭਾਅ ਦੀ ਦਿੱਤੀ ਜਾਂਦੀ ਹੈ ਉਸ ਦੇ ਫਰੇਟ ਚਾਰਜਿਜ਼ ਵੀ ਅਸੀਂ ਦਿੰਦੇ ਹਾਂ। ਮੈਨੂੰ ਸਮਝ ਨਹੀਂ ਆਉਂਦੀ ਕਿ ਪੰਜਾਬ ਦੇ ਕਿਸਾਨ ਨੇ ਕੀ ਗੁਨਾਹ ਕੀਤਾ ਹੈ। ਆਪਣੇ ਸੂਬੇ ਵਿੱਚ ਤਿਆਰ ਹੋਣ ਵਾਲੀ ਖਾਦ ਤਾਂ ਬਾਹਰ ਦੇ ਸੂਬਿਆਂ ਵਿੱਚ ਭੇਜੇ ਅਤੇ ਉਨ੍ਹਾਂ ਦੀ ਮਹਿੰਗੀ ਪਰੋਡੀਊਸ ਕੀਤੀ ਖਾਦ ਜਿਹੜਾ ਕਿਸਾਨ ਸਾਰੇ ਮੁਲਕ ਦਾ ਢਿਡ ਭਰਦਾ ਹੈ, ਆਪਣੇ ਲਈ ਖਰੀਦੇ। ਇਹ ਉਲਟੇ ਬਾਂਸ ਬਰੇਲੀ ਕੋ ਦਾ ਜਿਹੜਾ ਤਰੀਕਾ ਇਖਤਿਆਰ ਕੀਤਾ ਹੋਇਆ ਹੈ, ਸੈਂਟਰ ਦੀ ਸਰਕਾਰ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ। ਅਸੀਂ ਘਰਾਂ ਵਿੱਚ ਬਿਜਲੀ 35 ਪੈਸੇ ਯੂਨਿਟ ਜਲਾਉਂਦੇ ਹਾਂ ਪਰ ਨੰਗਲ ਫੈਕਟਰੀ ਵਾਲਿਆਂ ਨੂੰ ਪੈਸਾ ਦੋ ਪੈਸਾ ਯੂਨਿਟ ਹੀ ਦਿੱਤੀ ਜਾਂਦੀ ਹੈ ਕਿਤਨੀ ਹੈਰਾਨੀ ਦੀ ਗੱਲ ਹੈ। ਉਹੀ ਬਿਜਲੀ ਦਿੱਲੀ ਵਿੱਚ ਜਿਹੜੀ ਕਿ ਸਾਡੇ ਸੂਬੇ ਵਿਚੋਂ ਸਾਨੂੰ ਮਹਿੰਗੀ ਅਤੇ ਉਥੇ ਸਸਤੀ ਦਿੱਤੀ ਜਾਂਦੀ ਹੈ, ਕਾਰਨ ਕੋਈ ਸਮਝ ਵਿੱਚ ਨਹੀਂ ਆਉਂਦਾ। ਅਸੀਂ ਸਮਝਦੇ ਹਾਂ ਪੰਜਾਬੀਆਂ ਨਾਲ ਸਰਕਾਰ ਦਾ ਇਹ ਵਤੀਰਾ ਠੀਕ ਨਹੀਂ, ਮੁਨਾਸਿਬ ਭਾਅ ਤੇ ਸਾਨੂੰ ਵੀ ਇਹ ਬਿਜਲੀ ਮਿਲਨੀ ਚਾਹੀਦੀ ਹੈ। ਇਹ ਨਾ ਹੋਵੇ ਕਿ 10 ਗੁਨਾ ਭਾਅ ਤੇ ਮਿਲੇ। ਇਸੇ ਤਰ੍ਹਾਂ ਐਗਰੀਕਲਚਰ ਲਈ ਜਿਹੜੀ ਬਿਜਲੀ ਖਰਚ ਕੀਤੀ ਜਾਂਦੀ ਹੈ ਉਹ ਫਲੈਟ ਰੇਟ ਤਾਂ ਨਾ ਹੋਵੇ ਸਗੋਂ ਮੀਟਰ ਰੀਡਿੰਗ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਇਸ ਦਾ ਨਾ ਸਰਕਾਰ ਨੂੰ ਕੋਈ ਨੁਕਸਾਨ ਹੋਵੇਗਾ ਕਿਉਂ ਜੋ ਜਿਤਨੀ ਬਿਜਲੀ ਖਰਚ ਹੋਣੀ ਹੈ ਉਹ ਮੀਟਰ ਨੇ ਦਸਣੀ ਹੈ ਪਰ ਕਿਸਾਨ ਤੇ ਜਿਹੜਾ ਫਲੈਟ ਰੇਟ ਦਾ ਬੋਝ ਪੈਂਦਾ ਹੈ ਉਸ ਤੋਂ ਬਚ ਜਾਵੇਗਾ।

ਕਿਸਾਨਾਂ ਨੂੰ ਟਿਊਬਵੈਲਾਂ ਲਈ ਬੜੀ ਛੋਟੀਆਂ ਛੋਟੀਆਂ ਮੋਟਰਾਂ ਦਿੱਤੀਆਂ ਹੋਈਆਂ ਹਨ। ਇਨ੍ਹਾਂ ਨੂੰ ਕੋਆਪਰੇਟਿਵ ਬੇਸਿਜ਼ ਤੇ ਵੱਡੇ ਮੋਟਰ ਦੇ ਟਿਊਬਵੈਲ ਲਾਕੇ ਪਾਣੀ ਦੇਣ ਦਾ ਪ੍ਰਬੰਧ ਕੀਤਾ ਜਾਵੇ। ਅੱਜ ਇਹ ਵੀ ਇਕ ਬੜੀ ਹੀ ਖੁਸ਼ਕਿਸਮਤੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਦੇ ਸਿੰਚਾਈ ਅਤੇ ਬਿਜਲੀ ਮੰਤਰੀ ਇਕ ਬੜੇ ਸੁਲਝੇ ਦਿਮਾਗ ਦੇ ਆਦਮੀ ਹਨ। ਉਨ੍ਹਾਂ ਨੂੰ ਵਡੇ ਵਡੇ ਡੈਮਜ਼ ਦਾ ਅਤੇ ਪ੍ਰੋਜੈਕਟਾਂ ਦਾ ਬੜਾ ਭਾਰੀ ਤਜੁਰਬਾ ਹੈ, ਉਨ੍ਹਾਂ ਨੂੰ ਇਸ ਮਸਲੇ ਨੂੰ ਤੁਰੰਤ ਟੇਕ-ਅਪ ਕਰਨਾ ਚਾਹੀਦਾ ਹੈ। ਛੋਟੀਆਂ ਛੋਟੀਆਂ ਟਿਊਬਵੈਲੀਆਂ ਦੀ ਬਜਾਏ 40-40 ਹਜ਼ਾਰ ਰੁਪਏ ਦੇ ਕਮਿਉਨਿਟੀ ਟਿਊਬਵੈਲਜ਼ ਲਗਾਏ ਜਾਣ, ਜਿਨ੍ਹਾਂ ਰਾਹੀਂ 7 ਰੋਜ਼ਾ ਵਾਰਾ-ਬੰਦੀ ਕੀਤੀ ਜਾਵੇ। ਇਸ ਦਾ ਫਾਇਦਾ ਇਹ ਹੋਵੇਗਾ ਕਿ ਘਟ ਬਿਜਲੀ ਖਰਚ ਹੋਵੇਗੀ ਅਤੇ ਘਟ ਮੇਹਨਤ ਹੋਵੇਗੀ ਪਰ ਲੋਕਾਂ ਨੂੰ ਪਾਣੀ ਪੂਰਾ ਮਿਲੇਗਾ। ਇਹ ਜੇ ਮਿਸਾਲ ਵਜੋਂ ਸਹੀ ਅਤੇ ਢੁਕਵਾਂ ਅੰਦਾਜ਼ਾ ਲਾਉਣਾ ਹੈ, ਤਾਂ ਇਹ ਇਸ ਤਰ੍ਹਾਂ ਹੈ ਕਿ ਜੇ ਪਿੰਡ ਵਿੱਚ 5-5 ਹਾਰਸ ਪਾਵਰ ਦੇ 40 ਇੰਜਨ ਲਗਾਏ ਜਾਣ ਤਾਂ ਇਹ 200 ਹਾਰਸ ਪਾਵਰ ਬਣ ਜਾਂਦੀ ਹੈ ਪਰ ਇਸ ਦੇ ਮੁਕਾਬਲੇ ਵਿਚ ਜੇ ਇਕ ਇੰਜਨ 40 ਹਾਰਸ ਪਾਵਰ ਦਾ ਹੋਵੇ ਤਾਂ ਉਹ 40 ਟਿਊਬਵੈਲਾਂ ਦਾ ਕੰਮ ਦੇਵੇਗਾ ਅਤੇ ਪੰਜਵਾਂ ਹਿੱਸਾ

Original with;
Punjab Vidhan Sabha
Digitized by;
Panjab Digital Library

ਬਿਜਲੀ ਵੀ ਖਰਚ ਕਰੇਗਾ । ਕਮਿਊਨਿਟੀ ਟਿਊਬਵੇਲਜ਼ ਦਾ ਮੈਂ ਵਜ਼ੀਰ ਸਾਹਿਬ ਨੂੰ ਸੁਝਾ ਦੇਵਾਂਗਾ ਕਿ ਇਸਤਰ੍ਹਾਂ ਦੇ ਪ੍ਰਬੰਧ ਕਰਕੇ 160 ਹਾਰਸ ਪਾਵਰ ਦੀ ਬਿਜਲੀ ਦੀ ਬਚਤ ਵੀ ਕਰੋ ਅਤੇ ਲੋਕਾਂ ਦਾ ਭਲਾ ਵੀ ਕਰੋ । ਖੁਦ ਵਜ਼ੀਰ ਸਾਹਿਬ ਤਜਰਬਾਕਾਰ ਹਨ; ਉਹ ਮੇਰੀ ਇਸ ਰਾਏ ਨੂੰ ਜ਼ਰੂਰੀ ਪਸੰਦ ਕਰਨਗੇ । ਅੱਜ ਸਮਾ ਤੁਹਾਡੇ ਤੋਂ ਮੰਗ ਕਰਦਾ ਹੈ ਕਿ ਪੁਰਾਣੀਆਂ ਲੀਹਾਂ ਛਡ ਕੇ ਅਗੇਰੇਵਧੂ ਪ੍ਰੋਗਰਾਮ ਰੱਖੇ ਜਾਣ । ਇਨ੍ਹਾਂ ਛੋਟੀਆਂ ਛੋਟੀਆਂ ਟਿਊਬਵੈਲੀਆਂ ਜਹੀਆਂ ਨਾਲ ਕੁਝ ਨਹੀਂ ਹੁੰਦਾ, ਇਨ੍ਹਾਂ ਸਾਰੇ ਮਾਮਲਿਆਂ ਬਾਰੇ ਸਟਡੀ ਕਰੋ ਅਤੇ ਪੁਰਾਣਿਆਂ ਰਸਮਾਂ ਰਿਵਾਜਾਂ ਨੂੰ ਬਦਲੋ ਹੀ ਨਾ ਬਲਕਿ ਯਕਦਮ ਇਨਕਲਾਬੀ ਸਟੈਪ ਚੁਕੋ ਤਾਂ ਜੋ ਨਗਰ ਨਗਰ ਵਿਚ ਇਸ ਸਰਕਾਰ ਦੇ ਉਸਾਰੀ ਦੇ ਕੰਮਾਂ ਦਾ ਪਤਾ ਲੱਗੇ ।

ਇਸ ਦੇ ਨਾਲ ਹੀ ਮੈਂ ਇਕ ਹੋਰ ਬੇਨਤੀ ਇਹ ਕਰਾਂਗਾ ਕਿ 15 ਹਾਰਸ ਪਾਵਰ ਦੇ ਟਿਊਬਵੈਲਾਂ ਨਾਲ ਜਦੋਂ ਕੋਈ ਥਰੈਸ਼ਰ ਚਲਾਉਂਦੇ ਹਾਂ ਤਾਂ ਉਸ ਦੀਆਂ ਵਖਰੀਆਂ ਸਕਿਊਰਟੀਆਂ, ਵਖਰੇ ਰੇਟਸ ਹੁੰਦੇ ਹਨ ਜਿਹੜੇ ਕਿ ਦੇਣੇ ਪੈਂਦੇ ਹਨ । ਇਹ ਕਿਸਾਨ ਨਾਲ ਬੜਾ ਭਾਰੀ ਧੱਕਾ ਹੈ, ਇਕੋ ਪਾਵਰ ਹੈ ਭਾਵੇਂ ਕਿਸਾਨ ਪਾਣੀ ਲੈਣ ਵਾਸਤੇ ਵਰਤੇ ਭਾਵੇਂ ਥਰੈਸ਼ਿੰਗ ਵਾਸਤੇ । ਇਸ ਦਾ ਅਲਗ ਚਾਰਜ ਕਰਨ ਦਾ ਮਨਸ਼ਾ ਸਮਝ ਨਹੀਂ ਆਉਂਦਾ । ਜਿਥੇ ਟਿਊਬਵੈਲ ਹੋਵੇ ਨਾਲ ਥਰੈਸ਼ਰ ਲਾਉਣ ਦੀ ਵੀ ਇਜਾਜ਼ਤ ਹੋਵੇ ਕਿਉਂਜੋ ਇਸਦਾ ਪਰਪਜ਼ ਇਕੋ ਹੀ ਹੈ । ਮਾਸਟਰ ਗੁਰਬੰਤਾ ਸਿੰਘ ਨੂੰ ਤਾਂ ਪਤਾ ਹੀ ਹੈ ਕਿ ਕਿਸ ਤਰ੍ਹਾਂ ਪਿੰਡਾਂ ਵਿਚ ਜ਼ਮੀਦਾਰਾਂ ਅਤੇ ਹਰੀਜਨਾਂ ਦੇ ਝਗੜੇ ਚਲ ਰਹੇ ਹਨ । ਲੋਕ ਮਿਲ ਮਿਲਾਕੇ, ਕਿਸੇ ਵਜ਼ੀਰ ਨੂੰ ਕਹਿ ਕਹਾ ਕੇ ਘਰਾਂ ਵਿਚ ਕੁਨੈਕਸ਼ਨ ਲੈ ਲੈਂਦੇ ਹਨ । ਲੋਕਾਂ ਦੀਆਂ ਆਪਸ ਵਿਚ ਲੜਾਈਆਂ ਹੁੰਦੀਆਂ ਹਨ, ਅਧੇ ਕਹਿੰਦੇ ਹਨ ਪਿੰਡ ਵਿਚ ਨਾ ਲਗੇ ਅੱਧੇ ਕਹਿੰਦੇ ਹਨ ਲੱਗੇ । ਇਸ ਝਗੜੇ ਦਾ ਨਿਪਟਾਰਾ ਤਾਂ ਹੀ ਹੋ ਸਕਦਾ ਹੈ ਜੇ ਮਹਿਕਮਾ ਬਿਜਲੀ ਨੂੰ ਇਸ ਗੱਲ ਦੀ ਤਾਕੀਦ ਕੀਤੀ ਜਾਵੇ ਕਿ ਉਹ ਕਿਸੇ ਨੂੰ ਵੀ ਪਿੰਡ ਦੀ ਫਿਰਨੀ ਦੇ ਅੰਦਰ ਥਰੈਸ਼ਰ ਦਾ ਕੁਨੈਕਸ਼ਨ ਨਾ ਦੇਣ ।

ਜਿਥੋਂ ਤਕ ਚੰਡੀਗੜ੍ਹ ਦਾ ਸਵਾਲ ਹੈ ਇਸ ਦੇ ਬਾਰੇ ਜਲਦੀ ਤੋਂ ਜਲਦੀ ਫੈਸਲਾ ਹੋਣਾ ਚਾਹੀਦਾ ਹੈ । ਕਿਉਂਕਿ ਭਾਖੜੇ ਦਾ ਜਿਤਨਾ ਵਰਕ ਚਾਰਜ ਹੈ ਉਹ ਵਧੇਰੇ ਪੰਜਾਬ ਤੇ ਪੈ ਰਿਹਾ ਹੈ । ਹਰਿਆਣਾ ਸਰਕਾਰ ਨੇ, ਦਿੱਲੀ ਦੀ ਸੈਂਟਰ ਦੀ ਸਰਕਾਰ ਨੂੰ ਪੈਸੇ ਦੇਣ ਤੋਂ ਨਾਹ ਕਰ ਦਿੱਤੀ ਹੈ । ਪੈਸੇ ਉਹ ਦੇਣਾ ਨਹੀਂ ਚਾਹੁੰਦੇ ਪਰ ਪ੍ਰੋਜੈਕਟ ਨੂੰ ਆਪਣੇ ਕਬਜ਼ੇ ਵਿਚ ਲੈਣ ਦਾ ਕਲੇਮ ਕਰ ਰਹੇ ਹਨ । ਮੈਂ ਇਹੋ ਗੱਲ ਲਈ ਸੈਂਟਰ ਦੀ ਸਰਕਾਰ ਨੂੰ ਕਹਾਂਗਾ ਕਿ ਉਹ ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਜੱਦ ਤਕ ਅਸੀਂ ਕੋਈ ਫੈਸਲਾ ਨਹੀਂ ਦਿੰਦੇ ਇਹ ਸਾਡੇ ਅਧਿਕਾਰ ਵਿਚ ਰਹੇਗਾ ਪਰ ਕਰਜ਼ੇ ਦੀਆਂ ਕਿਸ਼ਤਾਂ ਜਿਸਦਾ ਅੰਦਾਜ਼ਾ 25 ਕਰੋੜ ਰੁਪਿਆ ਜਿਹੜਾ ਬਣਦਾ ਹੈ ਉਹ ਸਾਡੇ ਤੋਂ ਵਸੂਲ ਕੀਤਾ ਜਾ ਰਿਹਾ ਹੈ । ਸਾਨੂੰ ਜਦੋਂ ਤਕ ਭਾਖੜਾ ਪ੍ਰਾਜੈਕਟ ਸਾਡੇ ਹਵਾਲੇ ਨਹੀਂ ਕੀਤਾ ਜਾਂਦਾ ਅਤੇ ਚੰਡੀਗੜ੍ਹ ਦਾ ਕੈਪੀਟਲ ਪ੍ਰਾਜੈਕਟ ਸਾਨੂੰ ਦਿਤਾ ਨਹੀਂ ਜਾਂਦਾ ਇਹ ਕਰਜ਼ਾ ਦੇਣ ਤੋਂ ਜਵਾਬ ਦੇ ਦੇਣਾ ਚਾਹੀਦਾ ਹੈ । ਇਹ 25 ਕਰੋੜ ਰੁਪਿਆ ਸਾਨੂੰ ਸੂਬੇ ਦੀ ਡਿਵੈਲਪਮੈਂਟ ਤੇ ਲਾਉਣਾ ਚਾਹੀਦਾ ਹੈ । ਸੂਬੇ ਦੀ ਇਲੈਕਟਰੀਫਿਕੇਸ਼ਨ ਤੇ ਲਾਉਣਾ ਚਾਹੀਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੀਤ ਸਿੰਘ]

ਹੈ । ਗ਼ਰੀਬ ਹਰੀਜਨਾਂ ਦੇ ਕਲਿਆਣ ਲਈ ਖਰਚ ਕਰਨਾ ਚਾਹੀਦਾ ਹੈ। ਇਸ ਬਾਰੇ ਵਿਚ ਜੋ ਡਿਮਾਂਡ ਕਰਜ਼ਾ ਦੇਣ ਦੀ ਆਈ ਹੈ, ਇਹ ਡੇਵਰ ਕਰਨੀ ਚਾਹੀਦੀ ਹੈ । ਟਿਊਬਵੈਲ, ਹਾਈ ਪਾਵਰ ਦੇ ਕਮਿਊਨਿਟੀ ਟਿਊਬਵੇਲ ਦੇ ਤੌਰ ਤੇ ਲਾਉਣੇ ਚਾਹੀਦੇ ਹਨ । ਇਸ ਹਾਊਸ ਦੇ ਮੁਅਜ਼ਿਜ਼ ਮੈਂਬਰ ਸਰਦਾਰ ਮਹਿਤਾਬ ਸਿੰਘ ਜਿਹੜੇ ਮੇਰੇ ਸਾਹਮਣੇ ਬੈਠੇ ਹਨ ਉਨ੍ਹਾਂ ਨੂੰ ਪੂਰੀ ਵਾਕਫੀਅਤ ਹੈ ਉਨ੍ਹਾਂ ਨੇ ਆਪਣੀਆਂ ਕਣਕਾਂ ਨੂੰ 6-7 ਪਾਣੀ ਦਿੱਤੇ ਹਨ । ........(ਸਰਦਾਰ ਮਹਿਤਾਬ ਸਿਘ: ਬੈਠਿਆਂ ਬੈਠਿਆਂ : ਇਹ ਗ਼ਲਤ ਹੈ 2 ਹੀ ਪਾਣੀ ਲਾਏ ਹਨ) ।

(ਇਸ ਸਮੇਂ, ਸਰਦਾਰ ਜਸਪਾਲ ਸਿੰਘ, ਸਭਾਪਤੀ ਨਾਮਾਵਲੀ ਦੇ ਇਕ ਮੈਂਬਰ ਨੇ ਕੁਰਸੀ ਸੰਭਾਲੀ) ।

ਚੇਅਰਮੈਨ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਜ਼ਿਲ੍ਹਾ ਫਿਰੋਜ਼ਪੁਰ ਅਤੇ ਬਠਿੰਡਾ ਦੇ ਇਲਾਕੇ ਨੂੰ ਪਾਣੀ ਇਨਸਾਫ਼ ਨਾਲ ਮਿਲਣਾ ਚਾਹੀਦਾ ਹੈ। ਦਿਲੀ ਦੀ ਸਰਕਾਰ ਦਾ ਤਾਂ ਇਹ ਹਾਲ ਹੈ ਕਿ ਜਿਸ ਤਰ੍ਹਾਂ ਦੋ ਬਿਲੀਆਂ ਲੜ ਰਹੀਆਂ ਸਨ ਤਾਂ ਕੋਈ ਤੀਸਰਾ ਰੋਟੀ ਲੈ ਗਿਆ ਸੀ । ਪੰਜਾਬ ਅਤੇ ਹਰਿਆਣੇ ਦਾ ਝਗੜਾ ਸੀ ਪਰ ਪਾਣੀ ਸਾਰਾ ਰਾਜਸਥਾਨ ਲੈ ਗਿਆ ਹੈ । ਮੈਂ ਤੁਹਾਡੇ ਰਾਹੀਂ, ਚੇਅਰਮੈਨ ਸਾਹਿਬ, ਵਜ਼ੀਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਸ ਦੀਆਂ ਪੇਮੈਂਟਸ ਲੇਟ ਕਰ ਦਿਤੀਆਂ ਜਾਣ ।

ਹੁਣ ਮੈਂ ਆਖਰੀ ਗਲ ਕਰਨੀ ਚਾਹੁੰਦਾ ਹਾਂ । ਬਿਜਲੀ ਬੋਰਡ ਨੇ ਫਲੈਟ ਰੇਟ ਕਰ ਦਿਤਾ ਹੈ । ਇਸ ਬਾਰੇ ਮਤਾ ਹਾਊਸ ਵਿਚ ਆਇਆ ਹੋਇਆ ਹੈ; ਇਹ ਪਾਸ ਹੁੰਦਾ ਹੈ ਜਾਂ ਨਹੀਂ ਇਹ ਇਸ ਹਾਊਸ ਦੇ ਮੈਂਬਰਾਂ ਦੀ ਮਰਜ਼ੀ ਹੈ । ਮੈਂ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਹਰ ਇਕ ਪਾਰਟੀ ਦੇ 2-2 ਨੁਮਾਇੰਦੇ ਲੈ ਕੇ ਇਕ ਮੀਟਿੰਗ ਉਨ੍ਹਾਂ ਦੀ ਬੁਲਾਉ । ਦੋ ਘੰਟੇ, ਛੇ ਘੰਟੇ ਦਸ ਘੰਟੇ ਜਾਂ 2 ਦਿਨ ਮੀਟਿੰਗ ਰਖੋ ਅਤੇ ਜਿਹੜੇ ਨੁਕਸ ਹਨ ਉਹ ਦੂਰ ਕਰ ਦਿਤੇ ਜਾਣ । ਫਲੈਟ ਰੇਟ ਨੂੰ ਰਿਵਾਈਜ਼ ਕਰਨਾ ਚਾਹੀਦਾ ਹੈ । ਜਿਸ ਨਾਲ ਕਿਸਾਨ ਨੂੰ ਸਹੂਲੀਅਤ ਮਿਲ ਸਕੇ ਅਤੇ ਹਿੰਦੁਸਤਾਨ ਦੇ ਭੁਖਿਆਂ ਬਚਿਆਂ ਨੂੰ ਅਨਾਜ ਮਿਲ ਸਕੇ । ਪਰ ਚੇਅਰਮੈਨ ਸਾਹਿਬ, "ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ" ਜੇ ਕਿਸਾਨ ਨੂੰ ਕੋਈ ਸਹੂਲਤਾਂ ਨਾ ਮਿਲੀਆਂ, ਉਨ੍ਹਾਂ ਦਾ ਖੂਨ ਚੂਸਿਆ ਜਾਣਾ ਬੰਦ ਨਾ ਹੋਇਆ, ਉਨ੍ਹਾਂ ਨੂੰ ਅਨਾਜ ਦੀਆਂ ਪੂਰੀਆਂ ਕੀਮਤਾਂ ਨਾ ਮਿਲੀਆਂ, ਬਿਜਲੀ ਦਾ ਧੱਕਾ ਜਾਰੀ ਰਿਹਾ ਤਾਂ ਅਨਾਜ ਦੀ ਪੈਦਾਵਾਰ ਨਹੀਂ ਵਧ ਸਕੇਗੀ ਅਤੇ ਹਿੰਦੁਸਤਾਨ ਦੇ ਭੁਖੇ ਬਚਿਆਂ ਨੂੰ ਅਨਾਜ ਨਹੀਂ ਮਿਲ ਸਕੇਗਾ । ਤੁਹਾਡੇ ਰਾਹੀਂ ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰਕੇ ਬੈਠ ਜਾਂਦਾ ਹਾਂ ।

**ਕੈਪਟਨ ਰਤਨ ਸਿੰਘ** (ਗੜ੍ਹਸ਼ੰਕਰ) : ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਹਾਊਸ ਵਿਚ ਸਰਦਾਰ ਕੁਲਵੰਤ ਸਿੰਘ ਜੀ ਨੇ ਪੇਸ਼ ਕੀਤਾ ਹੈ ਇਸ ਦੇ ਸਮਰਥਨ ਵਾਸਤੇ ਮੈਂ ਖੜਾ ਹੋਇਆ ਹਾਂ । ਇਹ ਜਿਹੜਾ ਫਲੈਟ ਰੇਟ ਦਾ ਸਿਸਟਮ ਬਿਜਲੀ ਬੋਰਡ ਨੇ ਸ਼ੁਰੂ ਕੀਤਾ ਸੀ, ਇਸ ਦੀ ਵਰਕਿੰਗ ਨੇ ਇਹ ਸਾਬਤ ਕਰ ਦਿਤਾ ਹੈ ਕਿ ਇਹ ਠੀਕ ਨਹੀਂ ਹੈ । ਜੇਕਰ ਪਿਛਲੇ 6-7 ਮਹੀਨਿਆਂ ਦੇ ਆਂਕੜੇ ਲਏ ਜਾਣ ਤਾਂ ਇਹ ਸਾਬਤ ਹੋ ਜਾਵੇਗਾ ਕਿ ਬਿਜਲੀ ਹਫ਼ਤੇ ਵਿਚ ਇਕ

Original with;
Punjab Vidhan Sabha
Digitized by;
Panjab Digital Library

ਦੋ ਦਿਨ ਤੋਂ ਵਧ ਨਹੀਂ ਮਿਲਦੀ ਅਤੇ ਛੋਟੇ ਕਿਸਾਨ ਨੂੰ ਬੜਾ ਘਾਟਾ ਪੈਂਦਾ ਹੈ ਜਿਸ ਦੀ ਕੁਲ ਮਲਕੀਅਤ 2 ਜਾਂ 3 ਏਕੜ ਹੈ। ਉਸ ਨੂੰ ਵੀ 40 ਰੁਪਏ ਹੀ ਦੇਣੇ ਪੈ ਜਾਂਦੇ ਹਨ। ਨਹੀਂ ਤਾਂ ਕਨੈਕਸ਼ਨ ਹੀ ਕਟ ਦਿਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਜਿਸ ਭਾਵਨਾ ਨਾਲ ਇਹ ਸਕੀਮ ਲਾਗੂ ਕੀਤੀ ਗਈ ਸੀ ਬਿਜਲੀ ਬੋਰਡ ਨੇ ਆਪਣੀ ਨਾਅਹਿਲੀਅਤ ਦੇ ਕਾਰਨ ਉਸ ਨੂੰ ਪੂਰਾ ਨਹੀਂ ਹੋਣ ਦਿਤਾ। ਮੈਂ ਸਮਝਦਾ ਹਾਂ ਕਿ ਇਹ ਵਡੇ ਅਤੇ ਛੋਟੇ ਕਿਸਾਨ ਵਿਚ ਵਿਤਕਰਾ ਨਹੀਂ ਕਰ ਸਕੇ ਕਿ ਇਨ੍ਹਾਂ ਵਿਚ ਕੀ ਫਰਕ ਹੁੰਦਾ ਹੈ। ਜਿਸ ਕੋਲ 10 ਏਕੜ ਜ਼ਮੀਨ ਹੋਵੇ ਜੇ ਉਹ ਟਿਊਬਵੈਲ ਚਲਾਏ ਤਾਂ ਉਸ ਨੂੰ ਫਾਇਦਾ ਹੋ ਸਕਦਾ ਹੈ ਪਰ ਛੋਟਾ ਕਿਸਾਨ ਜਿਸ ਕੋਲ 2,3 ਜਾਂ 4 ਜਾਂ 7 ਏਕੜ ਜ਼ਮੀਨ ਹੈ ਉਸ ਨੂੰ ਇਸ ਵਿਚ ਘਾਟਾ ਹੈ। ਫਿਰ ਸਾਲ ਵਿਚ ਦੋ ਤਿੰਨ ਮਹੀਨੇ ਬਰਸਾਤ ਦੇ ਕਾਰਨ ਮੀਂਹ ਪੈਂਦਾ ਹੈ; ਉਸ ਵੇਲੇ ਟਿਊਬਵੈਲ ਨਹੀਂ ਚਲਦੇ ਅਤੇ ਫਿਰ ਬਿਜਲੀ ਵੀ ਆਮ ਤੌਰ ਤੇ ਬੰਦ ਰਹਿੰਦੀ ਹੈ ਪਰ ਕਿਸਾਨਾਂ ਨੂੰ ਪੂਰਾ ਪੈਸਾ ਦੇਣਾ ਪੈ ਜਾਂਦਾ ਹੈ। ਇਹ ਖੁਸ਼ੀ ਦੀ ਗਲ ਹੈ ਕਿ ਬਿਜਲੀ ਦੇ ਮੰਤਰੀ ਸਾਹਿਬ ਸਾਡੇ ਸਾਹਮਣੇ ਬੈਠੇ ਹਨ। ਮੈਂ ਉਨ੍ਹਾਂ ਦੀਆਂ ਮਜਬੂਰੀਆਂ ਸਮਝਦਾ ਹਾਂ ਕਿ ਉਹ ਸਿਧੇ ਤੌਰ ਤੇ ਹੁਕਮ ਨਹੀਂ ਦੇ ਸਕਦੇ। ਕੇਵਲ ਡਾਇ-ਰੈਕਸ਼ਨ ਦੇ ਸਕਦੇ ਹਨ ਅਤੇ ਡਾਇਰੈਕਸ਼ਨ ਵੀ ਕੇਵਲ ਜਨਰਲ ਪਾਲਿਸੀ ਉਤੇ ਹੀ ਦੇ ਸਕਦੇ ਹਨ। ਇਸ ਲਈ ਮੈਂ ਤੁਹਾਡੇ ਰਾਹੀਂ, ਚੇਅਰਮੈਨ ਸਾਹਿਬ, ਉਨ੍ਹਾ ਨੂੰ ਕਹਾਂਗਾ ਕਿ ਇਸ ਸਬੰਧ ਵਿਚ ਉਹ ਪਾਰਲੀਮੈਂਟ ਕੋਲੋਂ ਮਦਦ ਲੈਣ। ਪਰ ਸਰਦਾਰ ਗੁਰਮੀਤ ਸਿੰਘ ਨੇ ਜੋ ਕਿਹਾ ਹੈ ਉਹ ਤਰੀਕਾ ਨਹੀਂ ਵਰਤਣਾ ਚਾਹੀਦਾ ਕਿ ਪੈਸੇ ਦੇਣੇ ਬੰਦ ਕਰ ਦਈਏ। ਪੈਸੇ ਦੇਣੇ ਉਥੇ ਬੰਦ ਕਰਨੇ ਚਾਹੀਦੇ ਹਨ ਜਿਥੇ ਕੁਝ ਦੇਣਾ ਹੀ ਹੋਵੇ ਕੁਝ ਲੈਣਾ ਨਾ ਹੋਵੇ ਪਰ ਅਸੀਂ ਤਾਂ ਕੇਂਦਰੀ ਸਰਕਾਰ ਤੋਂ ਬਹੁਤ ਕੁਝ ਲੈਣਾ ਹੈ। ਜੇ ਅਸੀਂ ਪੈਸੇ ਦੇਣੇ ਬੰਦ ਕਰ ਦਿਤੇ ਤਾਂ ਇਹ ਇਕ ਘਾਟੇ ਦੀ ਗਲ ਹੋਵੇਗੀ।

**ਸਰਦਾਰ ਗੁਰਮੀਤ ਸਿੰਘ :** ਪਰ ਤੁਸੀਂ ਤਾਂ ਸਾਡੇ ਨਾਲ ਰਹੋ।

**ਕੈਪਟਨ ਰਤਨ ਸਿੰਘ :** ਜੇ ਤੁਸੀਂ ਅਕਲ ਦੀ ਗਲ ਕਰੋ ਤਾਂ ਅਸੀਂ ਤੁਹਾਡੇ ਨਾਲ ਹਾਂ ਪਰ ਇਹੋ ਜਿਹੀ ਬੇਅਕਲੀ ਦੀ ਗਲ ਦੇ ਨਾਲ ਅਸੀਂ ਨਹੀਂ ਹੋ ਸਕਦੇ। ਦੂਸਰੀ ਗਲ ਜਿਹੜੀ ਸਰਦਾਰ ਗੁਰਮੀਤ ਸਿੰਘ ਨੇ ਕਹੀ ਹੈ ਫਰਟੇਲਾਈਜ਼ਰ ਫੈਕਟਰੀ ਨੂੰ ਬਿਜਲੀ ਦੇਣ ਬਾਰੇ। ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਜੇ ਫਰਟੇਲਾਈਜ਼ਰ ਫੈਕਟਰੀ ਨੂੰ ਬਿਜਲੀ ਦੇਣਾ ਬੰਦ ਕਰ ਦਈਏ ਤਾਂ ਪੰਜਾਬ ਦਾ ਕੋਈ ਕੋਨਾ ਅਜਿਹਾ ਨਹੀਂ ਰਹਿੰਦਾ ਜਿਥੇ ਅਸੀਂ ਬਿਜਲੀ ਨਾ ਦੇ ਸਕੀਏ। ਪਰ ਮੈਂ ਵਜ਼ੀਰ ਸਾਹਿਬ ਦਾ ਧਿਆਨ ਇਸ ਪਾਸੇ ਦਿਵਾਉਣਾ ਹੈ ਕਿ ਜਿਥੇ ਬਿਜਲੀ ਦੇਣ ਲਈ ਇਕ ਇਕ ਖੰਭੇ ਨੇ ਅਧਾ ਅਧਾ ਵਿਘਾ ਥਾਂ ਮਲੀ ਹੋਈ ਹੈ ਪਰ ਉਥੇ ਹਾਲੇ ਤਕ ਖੰਭੇ ਹੀ ਖੜੇ ਹਨ ਕੋਈ ਇਕ ਵੀ ਲਾਟੂ ਨਹੀਂ ਜਲਿਆ। 22 ਪਿੰਡ ਤਾਂ ਨੰਗਲ ਦੇ ਨਾਲ ਹੀ ਹਨ ਜਿਹੜੇ ਕਿ ਪੰਜਾਬ ਦੀ ਬੋਲੀ ਨਾਲ ਪਿਆਰ ਕਰਕੇ ਇਥੇ ਪੰਜਾਬ ਵਿਚ ਰਹਿ ਗਏ ਹਨ। ਪੰਜਾਬ ਕੋਲ ਹੁਣ ਇਕ ਇਹੋ ਹੀ ਪਹਾੜੀ ਇਲਾਕਾ ਰਹਿ ਗਿਆ ਹੈ। ਜੇ ਅਸੀਂ ਇਨ੍ਹਾਂ ਨੂੰ ਬਿਜਲੀ ਦੀ ਸਹੂਲੀਅਤ ਨਾ ਦਿਤੀ, ਜਾਂ ਹੋਰ ਸਹੂਲਤਾਂ ਨਾ ਦਿਤੀਆਂ ਤਾਂ ਕਿਤੇ ਇਹ ਨਾ ਹੋਵੇ ਕਿ ਇਹ ਵੀ ਅਪਣਾ ਇਰਾਦਾ ਬਦਲ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਲੈਣ. ਕਿਉਂਕਿ ਪਹਿਲਾਂ ਜੋ ਸਾਡਾ ਇਲਾਕਾ ਸੀ ਪਰ ਹੁਣ ਹਿਮਾਚਲ ਵਿਚ ਚਲਾ ਗਿਆ ਹੈ। ਹਿਮਾਚਲ ਸਰਕਾਰ ਨੇ ਸਕੀਮ ਬਣਾਈ ਹੈ ਕਿ ਹਰ ਪਿੰਡ ਵਿਚ ਬਿਜਲੀ ਦਿਤੀ ਜਾਵੇਗੀ, ਸਕੂਲ ਖੋਲ੍ਹੇ ਜਾਣਗੇ ਅਤੇ ਸੜਕਾਂ ਬਣਾਈਆਂ ਜਾਣਗੀਆਂ। ਖਾਸ ਕਰਕੇ ਹੁਸ਼ਿਆਰਪੁਰ ਦੇ ਬੇਟ ਅਤੇ ਕੰਡੀ ਦੇ ਇਲਾਕੇ ਦਾ ਧਿਆਨ ਰਖਣਾ ਚਾਹੀਦਾ ਹੈ। ਮੈਨੂੰ ਬੜੀ ਖੁਸ਼ੀ ਹੈ ਕਿ ਸਰਕਾਰ ਨੇ ਅਨੰਦਪੁਰ ਸਾਹਿਬ ਅਤੇ ਨੈਣਾ ਦੇਵੀ ਦੇ ਇਲਾਕੇ ਨੂੰ ਉਨੰਤ ਕਰਨ ਦਾ ਵਿਚਾਰ ਕੀਤਾ ਹੈ। ਪਰ ਇਹ ਕੇਵਲ ਵਿਚਾਰ ਹੀ ਨਾ ਰਹਿ ਜਾਵੇ। ਉਹ ਇਲਾਕਾ ਵੀ ਹਿਮਾਚਲ ਨਾਲ ਲਗਦਾ ਇਲਾਕਾ ਹੈ ਇਸ ਲਈ ਉਸ ਨੂੰ ਪਛੜਿਆ ਸਮਝ ਕੇ ਛਡ ਹੀ ਨਾ ਦਿਤਾ ਜਾਵੇ, ਸਗੋਂ ਪੂਰਾ ਧਿਆਨ ਦਿਤਾ ਜਾਵੇ ਨਹੀਂ ਤਾਂ ਨਤੀਜੇ ਮਾੜੇ ਨਿਕਲਣਗੇ।

ਸਰਦਾਰ ਗੁਰਮੀਤ ਸਿੰਘ ਨੇ ਇਹ ਇਕ ਚੰਗਾ ਸੁਝਾ ਦਿਤਾ ਹੈ ਕਿ ਬਿਜਲੀ ਦੇ ਪਾਣੀ ਅਤੇ ਨਹਿਰੀ ਪਾਣੀ ਨੂੰ ਰੈਸ਼ਨੇਲਾਈਜ਼ ਕਰ ਲਿਆ ਜਾਵੇ। ਜਿਨ੍ਹਾਂ ਇਲਾਕਿਆਂ ਵਿਚ ਇੰਜਨ ਚਲਦੇ ਹਨ ਉਹ ਉਨ੍ਹਾਂ ਲੋਕਾਂ ਦੀ ਮਜ਼ਬੂਰੀ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਬਿਜਲੀ ਮਿਲੇ ਪਰ ਬਿਜਲੀ ਨਾ ਮਿਲਣ ਕਰਕੇ ਉਨ੍ਹਾਂ ਨੂੰ ਡੀਜ਼ਲ ਇੰਜਨਾਂ ਤੇ ਨਿਰਭਰ ਕਰਨਾ ਪੈਂਦਾ ਹੈ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਅਗੇ ਅਰਜ਼ ਕਰਦਾ ਹਾਂ ਕਿ ਪਾਣੀ ਦੀ ਡਿਸਟਰੀਬਿਊਸ਼ਨ ਦੀ ਪੜਤਾਲ ਕਰਕੇ ਮੁੜ ਇਸ ਨੂੰ ਰੈਸ਼ਨੇਲਾਈਜ਼ ਕਰ ਲਿਆ ਜਾਵੇ। ਕਈ ਇਲਾਕੇ ਹਨ ਜਿਥੇ ਪਾਣੀ ਪਹੁੰਚਦਾ ਹੈ ਅਤੇ ਕਈ ਇਲਾਕੇ ਅਜਿਹੇ ਹਨ ਜਿਥੇ ਪਾਣੀ ਨਹੀਂ ਪਹੁੰਚਦਾ। ਕਈ ਇਲਾਕੇ ਅਜਿਹੇ ਹਨ ਜਿਥੇ ਟਿਊਬਵੈਲ ਸਸਤੇ ਲਗ ਜਾਂਦੇ ਹਨ. ਕਈ ਥਾਂ ਉਹ ਮਹਿੰਗੇ ਪੈਂਦੇ ਹਨ। ਵਜ਼ੀਰ ਸੈਕਰੇਟੇਰੀਅਟ ਵਿਚ ਬੈਠ ਕੇ ਸਕੀਮਾਂ ਬਣਾ ਲੈਂਦੇ ਹਨ। ਪਰ ਜਿਸ ਇਲਾਕੇ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਹੈ ਉਨ੍ਹਾਂ ਨੂੰ ਪਤਾ ਨਹੀਂ ਲਗਦਾ ਅਤੇ ਉਹ ਇਲਾਕਾ ਉਸ ਚੀਜ਼ ਤੋਂ ਰਹਿਤ ਹੀ ਰਹਿ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਗੁਰਦਾਸਪੁਰ ਦੇ ਇਲਾਕੇ ਵਿਚ ਟਿਊਬਵੈਲਾਂ ਨਾਲ ਪਾਣੀ ਜ਼ਿਆਦਾ ਲਿਆ ਜਾ ਸਕਦਾ ਹੈ। ਇਸ ਲਈ ਉਥੋਂ ਦਾ ਨਹਿਰੀ ਪਾਣੀ ਲਿਆ ਕੇ ਬਠਿੰਡੇ ਅਤੇ ਫਿਰੋਜ਼ਪੁਪ ਦੇ ਜ਼ਿਲਿਆਂ ਨੂੰ ਦਿਤਾ ਜਾਣਾ ਚਾਹੀਦਾ ਹੈ।

ਰੈਸ਼ਨਾਲਾਈਜ਼ੇਸ਼ਨ ਔਫ ਵਾਟਰ ਹੋ ਸਕਦੀ ਹੈ। ਕਈ ਥਾਵਾਂ ਤੇ ਜੇ ਟਿਊਬਵੈਲ ਨਾ ਗਏ ਤਾਂ ਉਥੇ ਵਾਟਰ ਲੌਗਿੰਗ ਹੋਣ ਨਾਲ ਨੁਕਸਾਨ ਹੋ ਸਕਦਾ ਹੈ। ਖਾਸ ਤੌਰ ਤੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਟਿਆਲਾ ਤਿੰਨੇ ਜ਼ਿਲਿਆ ਵਿਚ ਜੇ ਡਰੇਨੇਜ ਦਾ ਸਿਸਟਮ ਠੀਕ ਨਾ ਕੀਤਾ ਗਿਆ ਤਾਂ ਉਥੇ ਵਾਟਰ ਲੌਗਿੰਗ ਹੋ ਜਾਏਗੀ। ਇਨ੍ਹਾਂ ਇਲਾਕਿਆਂ ਵਿਚ ਨਹਿਰ ਦਾ ਪਾਣੀ ਬੰਦ ਕੀਤਾ ਜਾਵੇ। ਉਥੇ ਇਹ ਚੀਜ਼ ਫਾਇਦੇਮੰਦ ਹੋਵੇਗੀ। ਸਰਦਾਰ ਗੁਰਮੀਤ ਸਿੰਘ ਨੇ ਕਿਹਾ ਕਿ ਪੰਜ ਪੰਜ ਹਾਰਸ ਪਾਵਰ ਦੇ ਟਿਊਬਵੈਲ ਖ਼ਤਮ ਕਰਕੇ ਬੜੇ ਬੜੇ ਟਿਊਬਵੈਲ ਲਗਾਉਣੇ ਚਾਹੀਦੇ ਹਨ। ਇਹ ਕੋਈ ਅਮਰੀਕਾ ਨਹੀਂ ਹੈ। ਇਹ ਤਜਰਬਾ ਠੀਕ ਨਹੀਂ ਹੋਵੇਗਾ। ਤੁਹਾਨੂੰ ਸੁਣ ਕੇ ਹੈਰਾਨੀ ਹੋਵੇਗੀ ਕਿ ਜਿਹੜਾ ਸ਼ਰਾਬ ਦੀ ਬੋਤਲ ਦੇ ਦਿੰਦਾ ਹੈ ਉਸਨੂੰ ਬਿਜਲੀ ਦਾ ਸਮਾਂ ਵਧਾ ਦਿਤਾ ਜਾਂਦਾ ਹੈ ਅਤੇ ਜਿਹੜਾ ਨਹੀਂ ਦੇਂਦਾ ਉਸ ਨੂੰ ਘਟਾ ਦਿਤਾ ਜਾਂਦਾ ਹੈ। (ਵਿਘਨ)

ਚੰਗੇ ਬੰਦੇ ਪਾਰਟੀਆਂ ਨਹੀਂ ਬਦਲਦੇ ਹੁੰਦੇ। ਮਾੜੇ ਬੰਦੇ ਹੀ ਬਦਲਦੇ ਹੁੰਦੇ ਹਨ।

Original with;
Punjab Vidhan Sabha
Digitized by;
Panjab Digital Library

(ਸ਼ੋਰ) ਮੈਨੂੰ ਬੜੀ ਖੁਸ਼ੀ ਹੈ ਕਿ ਮਾੜੇ ਬੰਦੇ ਇਧਰੋਂ ਉਧਰ ਚਲੇ ਗਏ। ਇਸ ਹਾਊਸ ਵਿਚ ਜਦੋਂ ਸਰਦਾਰ ਗੁਰਨਾਮ ਸਿੰਘ ਲੀਡਰ ਆਫ ਦੀ ਆਪੋਜ਼ੀਸ਼ਨ ਸੀ ਉਸ ਨੇ ਇਹ ਦੂਸ਼ਨ ਲਾਇਆ ਸੀ ਕਿ ਬਾਜਵਾ ਇਕ ਸਮਗਲਰ ਹੈ। ਇਹ ਚੀਜ਼ ਇਸ ਹਾਊਸ ਦੇ ਰਿਕਾਰਡ ਵਿਚ ਹੈ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਸਰਦਾਰ ਸੁਰਿੰਦਰ ਸਿੰਘ ਕੈਰੋਂ ਸਰਦਾਰ ਪਰਤਾਪ ਸਿੰਘ ਕੈਰੋਂ ਦਾ ਲੜਕਾ ਨਹੀਂ ਬਣ ਸਕਦਾ। (ਸ਼ੋਰ)

**ਸਰਦਾਰ ਸਤਨਾਮ ਸਿੰਘ ਬਾਜਵਾ :** ਹਾਲੇ ਤਾਂ ਕੋਈ ਗਲ ਹੋਈ ਹੀ ਨਹੀਂ। ਇਹ ਤਾਂ ਵੀ ਸਾਡੇ ਤੇ ਇਲਜ਼ਾਮ ਲਗਾਈ ਜਾਂਦੇ ਹਨ। ਜੇ ਕੋਈ ਗਲ ਹੋਵੇ ਤਾਂ ਇਹ ਸਾਨੂੰ ਏਥੇ ਬੈਠਣ ਵੀ ਨਾ ਦੇਣ। ਲੇਕਿਨ ਇਨ੍ਹਾਂ ਦੇ ਮੁਤਅੱਲਿਕ ਇਹ ਹੈ ਕਿ ਇਹ ਲਖਾਂ ਰੁਪਏ ਖਾ ਗਏ।

**ਕੈਪਟਨ ਰਤਨ ਸਿੰਘ :** ਚੇਅਰਮੈਨ ਸਾਹਿਬ, ਗਲ ਬੜੀ ਅੱਛੀ ਹੈ। ਹੁਣ ਸਰਕਾਰ ਇਨ੍ਹਾਂ ਦੀ ਹੈ। ਜੇ ਇਹ ਇਲਜ਼ਾਮ ਠੀਕ ਹੈ ਤਾਂ ਇਨਕੁਆਇਰੀ ਕਰ ਲੈਣ। (ਸ਼ੋਰ)

**ਸ਼੍ਰੀ ਚੇਅਰਮੈਨ :** ਤੁਸੀਂ ਪਰੋਵੋਕ ਨਾ ਹੋਵੋ ਬਲਕਿ ਆਪਣੀ ਸਪੀਚ ਜਾਰੀ ਰਖੋ। (The hon. member should be not provoked but should continue his speech.)

**ਸਾਥੀ ਰੂਪ ਲਾਲ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਬਾਜਵਾ ਸਾਹਿਬ ਬਾਰੇ ਜੋ ਕਿਹਾ ਗਿਆ ਹੈ, ਇਹ ਕਹਿਣਾ ਨਹੀਂ ਚਾਹੀਦਾ ਸੀ। ਉਹ ਗਲਾਂ ਪਿਛੇ ਖਤਮ ਹੋ ਗਈਆਂ ਹਨ। ਹੁਣ ਇਹ ਦੁਬਾਰਾ ਚੁਣ ਕੇ ਆਏ ਹਨ। ਇਹ ਗਲਾਂ ਉਨ੍ਹਾਂ ਨੂੰ ਨਹੀਂ ਕਰਨੀਆਂ ਚਾਹੀਦੀਆਂ।

**ਕੈਪਟਨ ਰਤਨ ਸਿੰਘ :** ਚੇਅਰਮੈਨ ਸਾਹਿਬ, ਮੈਂ ਪ੍ਰੋਵੋਕ ਹੋਣਾ ਨਹੀਂ ਚਾਹੁੰਦਾ। ਮੈਂ ਤਾਂ ਕਹਿੰਦਾ ਹਾਂ ਕਿ ਮਾੜੇ ਬੰਦੇ ਹੀ ਇਧਰੋਂ ਉਧਰ ਤੇ ਉਧਰੋਂ ਇਧਰ ਆਉਂਦੇ ਹਨ। ਅਛਾਈ ਇਸੇ ਵਿਚ ਹੈ ਕਿ ਜਿਸ ਜਗ੍ਹਾ ਤੇ ਆਦਮੀ ਇਕ ਵਾਰੀ ਬੈਠੇ ਉਥੇ ਹੀ ਕਾਇਮ ਰਹੇ। ਲੋਟਨ ਪੇਂਦਾ ਬਣਨ ਨਾਲ ਕੋਈ ਇਜ਼ਤ ਨਹੀਂ ਹੁੰਦੀ ਹੈ।

**ਸਰਦਾਰ ਸਤਨਾਮ ਸਿੰਘ ਬਾਜਵਾ :** ਇਹ ਕਿਹੋ ਜਿਹੀਆਂ ਗਲਾਂ ਕਰਦੇ ਹਨ।

**ਕੈਪਟਨ ਰਤਨ ਸਿੰਘ :** ਜਦੋਂ ਦਾ ਕਾਂਗਰਸ ਦਾ ਮੈਂਬਰ ਬਣਿਆ ਹਾਂ ਮੈਂ ਇਹ ਕੁਰਸੀ ਨਹੀਂ ਛਡੀ। ਪਹਿਲਾਂ ਮੈਂ ਫਾਰਵਰਡ ਬਲਾਕ ਮਾਰਕਸਿਸਟ ਦਾ ਮੈਂਬਰ ਸੀ। ਉਸ ਵੇਲੇ ਇਹ ਸਾਰੇ ਫਾਰਵਰਡ ਬਲਾਕ ਮਾਰਕਸਿਸਟ ਵਾਲਿਆਂ ਨੇ ਫੈਸਲਾ ਕੀਤਾ ਅਤੇ ਅਸੀਂ ਕਾਂਗਰਸ ਵਿਚ ਸ਼ਾਮਲ ਹੋ ਗਏ। ਪਰ ਤੁਸੀਂ ਤਾਂ ਮਨਿਸਟਰੀ, ਡਿਪਟੀ ਮਨਿਸਟਰੀ ਲੈਣ ਲਈ ਕਈ ਵਾਰੀ ਇਧਰੋਂ ਉਧਰ ਅਤੇ ਉਧਰੋਂ ਇਧਰ ਗਏ। ਕਿਸੇ ਨੇ ਸਮੱਗਲਿੰਗ ਦੇ ਚਾਰਜਿਜ਼ ਤੋਂ ਬਚਣ ਲਈ ਪਾਰਟੀ ਦੀ ਅਦਲਾ ਬਦਲੀ ਕੀਤੀ। ਸਾਨੂੰ ਛੇੜ ਕੇ ਵੇਖ ਲਿਆ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸਤਨਾਮ ਸਿੰਘ ਬਾਜਵਾ** : ਸਾਨੂੰ ਕੀ ਪਤਾ ਸੀ ਕਿ ਤੁਸੀਂ ਇਸ ਤਰ੍ਹਾਂ ਦੇ ਹੋ ।

**ਕੈਪਟਨ ਰਤਨ ਸਿੰਘ** : ਜਿਹੜਾ ਤੁਸੀਂ ........

**Mr. Chairman** : Please come to the point.

**ਕੈਪਟਨ ਰਤਨ ਸਿੰਘ** : ਮੈਂ ਆਪਦਾ ਬੜਾ ਧੰਨਵਾਦੀ ਹਾਂ । ਮੈਂ ਤਾਂ ਬਿਜਲੀ ਦੀ ਗਲ ਕਰ ਰਿਹਾ ਸੀ ਵਿਚੋਂ ਤੁਸੀਂ ਛੇੜਿਆ ਹੈ । ਮੈਂ ਤਾਂ ਬਿਜਲੀ ਦੇ ਫਲੈਟ ਰੇਟ ਬਾਰੇ ਗਲ ਕਰ ਰਿਹਾ ਸੀ । ਮੈਂ ਬਿਜਲੀ ਮਨਿਸਟਰ ਨੂੰ ਅਰਜ਼ ਕਰਾਂਗਾ ਕਿ ਬਿਜਲੀ ਬੋਰਡ ਦੀ ਜਿਹੜੀ ਵਰਕਿੰਗ ਹੈ ਉਹ ਪੰਜਾਬ ਦੇ ਕਿਸਾਨ ਦੇ ਹਿੱਤ ਦੇ ਅਧਾਰ ਤੇ ਨਹੀਂ ਹੈ । ਇਸ ਵੇਲੇ ਸਭ ਤੋਂ ਜ਼ਿਆਦਾ ਕੁਰੱਪਸ਼ਨ ਜੇ ਕਿਸੇ ਮਹਿਕਮੇ ਵਿਚ ਹੈ ਤਾਂ ਉਹ ਬਿਜਲੀ ਦੇ ਮਹਿਕਮੇ ਵਿਚ ਹੈ । ਜੇ ਕਿਸਾਨ ਦੁਖੀ ਹੈ ਤਾਂ ਉਹ ਬਿਜਲੀ ਦੇ ਮਹਿਕਮੇ ਕਰਕੇ ਹੈ ।

(ਟ੍ਰੈਜ਼ਰੀ ਬੈਂਚਾਂ ਵਲੋਂ ਅਵਾਜ਼ਾਂ : ਇਹ ਬੋਰਡ ਤੁਹਾਡੀ ਹੀ ਸਰਕਾਰ ਵੇਲੇ ਦਾ ਹੈ ।)

**ਕੈਪਟਨ ਰਤਨ ਸਿੰਘ** : ਪਤਾ ਨਾ ਹੋਵੇ ਤਾਂ ਗਲ ਨਾ ਕਰਿਆ ਕਰੋ । ਇਹ ਅਟਾਨੋਮਸ ਬਾਡੀ ਹੈ, ਨਾ ਤੁਹਾਡੀ ਸਰਕਾਰ ਦਾ ਹੈ ਨਾ ਸਾਡੀ ਦਾ ਹੈ । ਮੈਂ ਕਹਿੰਦਾ ਹਾਂ ਖਾਸ ਕਰਕੇ ਉਪਰਲੇ ਲੈਵਲ ਨੂੰ ਛਡ ਕੇ ਜਿਥੇ ਕਿ ਸ਼ਾਇਦ ਕੁਰਪਸ਼ਨ ਨਾ ਹੋਵੇ ਪਰ ਲਾਈਨਮੈਨ, ਐਸ. ਡੀ. ਓ. ਲੈਵਲ ਤਕ ਜੇ ਕਿਸਾਨ ਨੂੰ ਇਜਾਜ਼ਤ ਮਿਲ ਜਾਵੇ ਉਨ੍ਹਾਂ ਨੂੰ ਪੁਲਿਸ ਦਾ ਡਰ ਨਾ ਹੋਵੇ, ਤਾਂ ਜਿੰਨੇ ਵੀ ਆਫੀਸ਼ਲਜ਼ ਹਨ ਉਨ੍ਹਾਂ ਨੂੰ ਉਹ ਜਾਨੋਂ ਮਾਰ ਦੇਣ । ਉਧਰ ਫਸਲਾਂ ਸੁਕਦੀਆਂ ਹਨ ਇਧਰ ਉਹ ਨੋਟਿਸ ਕਢ ਦਿੰਦੇ ਹਨ ਕਿ ਬਿਜਲੀ ਘਟ ਹੈ, ਸ਼ਹਿਰ ਵਿਚ ਬਿਜਲੀ ਬਰਾਬਰ ਜਲਦੀ ਹੈ । ਮੈਂ ਕਹਿੰਦਾ ਹਾਂ ਉਨ੍ਹਾਂ ਨੂੰ ਬਿਜਲੀ ਦਿਉ; ਉਹ ਕਹਿੰਦੇ ਹਨ ਬਿਜਲੀ ਹੈ ਨਹੀਂ । ਹਿੰਦੁਸਤਾਨ ਵਿਚ ਕੁਝ ਐਸਾ ਅਨਸਰ ਵੀ ਮੌਜੂਦ ਹੈ, ਜਿਨ੍ਹਾਂ ਦੇ ਸ਼ਹਿਰਾਂ ਵਿਚ ਕਾਰਖਾਨੇ ਚਲਦੇ ਹਨ, ਉਹ ਕਹਿੰਦੇ ਹਨ ਅਮਰੀਕਾ ਤੋਂ ਅਨਾਜ ਮੰਗਵਾਉਂਦੇ ਰਹਿਣਾ ਚਾਹੀਦਾ ਹੈ । ਕਿਤੇ ਦੇਸ਼ ਖਾਣ ਪੀਣ ਦੇ ਮਾਮਲੇ ਵਿਚ ਸੈਲਫ ਸਫੀਸ਼ੈਂਟ ਨਾ ਹੋ ਜਾਵੇ । ਮੈਂ ਇਸ ਲਈ ਕਹਿੰਦਾ ਹਾਂ ਕਿ ਕਿਸਾਨਾਂ ਨੂੰ ਜਿੰਨੀਆਂ ਵੀ ਸਹੂਲਤਾਂ ਦਿਤੀਆਂ ਜਾਣ ਉਹ ਥੋੜ੍ਹੀਆਂ ਹਨ । ਬਿਜਲੀ ਦੀ ਸਹੂਲਤ ਉਨ੍ਹਾਂ ਨੂੰ ਜ਼ਰੂਰ ਦੇਣੀ ਚਾਹੀਦੀ ਹੈ । ਮੈਂ ਉਮੀਦ ਕਰਦਾ ਹਾਂ ਕਿ ਇਸ ਬਾਰੇ ਕੋਈ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ । ਬਿਜਲੀ ਬੋਰਡ ਵਾਲੇ ਕੀ ਕਰਦੇ ਹਨ । ਬਿਜਲੀ ਦੀਆਂ ਲਾਈਨਾਂ ਖਿਚਣ ਲਈ ਖੰਬੇ ਵੀ ਉਨ੍ਹਾਂ ਵਿਚਾਰਿਆਂ ਤੋਂ ਚੁਕਵਾਉਂਦੇ ਹਨ ਅਤੇ ਦੂਜੇ ਪਾਸੇ ਲੇਬਰ ਚਾਰਜਿਜ਼ ਵੀ ਕਲੇਮ ਕਰ ਲੈਂਦੇ ਹਨ । (ਘੰਟੀ) ਮੈਂ ਹੋਰ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ । ਰਾਤ ਨੂੰ ਬਿਜਲੀ ਫਾਲਤੂ ਹੁੰਦੀ ਹੈ । ਚਾਹੇ ਕਿਸਾਨ ਲਈ ਰਾਤ ਨੂੰ ਕੰਮ ਕਰਨਾ ਬੜਾ ਔਖਾ ਹੈ ਪਰ ਫੇਰ ਵੀ ਉਨ੍ਹਾਂ ਨੂੰ ਰਾਤ ਨੂੰ ਹਾਫ ਰੇਟ ਤੇ ਬਿਜਲੀ ਦੇਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਐਕਸਟੈਨਸ਼ਨ ਅਫਸਰ, ਜੋ ਵੀ ਵਿਜ਼ਿਟਰ ਬਾਹਰੋਂ ਏਥੇ ਆਉਂਦਾ ਹੈ, ਉਸਨੂੰ ਚੰਗੇ ਚੰਗੇ ਖੇਤ ਵਿਖਾ ਕੇ ਕਿ ਕਿਸਾਨ ਨੂੰ ਬੜੀ ਆਮਦਨ ਹੈ ਇਨ੍ਹਾਂ ਤੇ ਹੋਰ ਟੈਕਸ ਲਗਾਉਣ ਦਾ ਰਾਹ ਖੋਲ੍ਹ ਦਿੰਦੇ ਹਨ ।

**Mr. Chairman :** Please come to the point. Let us forget it.

**Captain Rattan Singh :** I am coming to the point, sir. ਨਵੀਆਂ ਸਕੀਮਾਂ ਤੋਂ ਅਮਲ ਵਿਚ ਪੰਜ ਸੱਤ ਫ਼ੀ ਸਦੀ ਲੋਕਾਂ ਨੂੰ ਫਾਇਦਾ ਪਹੁੰਚਿਆ ਹੈ । 95% ਲੋਕ ਐਸੇ ਹਨ ਜਿਨ੍ਹਾਂ ਨੂੰ ਕੋਈ ਫਾਇਦਾ ਨਹੀਂ ਪਹੁੰਚਿਆ । ਇਸ ਲਈ ਟੈਕਸ ਉਨ੍ਹਾਂ ਤੋਂ ਨਾ ਲਿਆ ਜਾਵੇ । ਮੈਂ ਸਮਝਦਾ ਹਾਂ ਕਿ ਪੰਜ ਸੱਤ ਸਾਲਾਂ ਤਾਈਂ ਕਿਸਾਨ ਤੋਂ ਖਾਸ ਤੌਰ ਤੇ ਉਸ ਕਿਸਾਨ ਤੋਂ ਜਿਸ ਦੀ ਜ਼ਮੀਨ 10 ਏਕੜ ਤੋਂ ਘੱਟ ਹੈ, ਉਸ ਤੋਂ ਕਿਸੇ ਕਿਸਮ ਦਾ ਟੈਕਸ ਨਹੀਂ ਲੈਣਾ ਚਾਹੀਦਾ । ਉਸ ਨੂੰ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਤਦ ਹੀ ਉਹ ਤਰੱਕੀ ਕਰ ਸਕਦਾ ਹੈ । ਤਦ ਹੀ ਉਹ ਦੇਸ਼ ਨੂੰ ਸੈਲਫ-ਸ਼ਫੀਸ਼ੈਂਟ ਬਣਾ ਸਕਦਾ ਹੈ ।

ਚੇਅਰਮੈਨ ਸਾਹਿਬ, ਇਸ ਫਲੈਟ ਰੇਟ ਦੇ ਖਿਲਾਫ ਸਾਡੀ ਕਾਂਗਰਸ ਪਾਰਟੀ ਨੇ ਖੁਦ ਹੀ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਕਿ ਇਹ ਨਹੀਂ ਲਗਣਾ ਚਾਹੀਦਾ । ਮੈਂ ਸਮਝਦਾ ਹਾਂ ਕਿ ਇਸ ਹਾਊਸ ਦਾ ਕੋਈ ਵੀ ਅਜਿਹਾ ਮੈਂਬਰ ਨਹੀਂ ਹੋਵੇਗਾ ਜਿਹੜਾ ਇਸ ਫਲੈਟ ਰੇਟ ਦੇ ਵਿਰੁੱਧ ਨਾ ਹੋਵੇ । ਇਸ ਕਰਕੇ ਇਸ ਨੂੰ ਖ਼ਤਮ ਕਰ ਦਿਤਾ ਜਾਵੇ ।

**ਸਾਥੀ ਰੂਪ ਲਾਲ :** ਆਨ ਏ ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਅਰਜ਼ ਇਹ ਹੈ ਕਿ ਤੁਸੀਂ ਦੋਨਾਂ ਪਾਰਟੀਆਂ ਨੂੰ ਹੀ ਟਾਈਮ ਦੇਈ ਜਾਂਦੇ ਹੋ । ਅਸੀਂ ਵੀ ਬੋਲਣਾ ਹੈ । ਕਿਤੇ ਸਾਨੂੰ ਛੋਟੇ ਜਿਹੇ ਸਮਝ ਕੇ ਤਾਂ ਨਹੀਂ ਛੱਡ ਦਿਤਾ ਗਿਆ । ਸਾਡਾ ਵੀ ਕੁਝ ਖਿਆਲ ਕਰੋ ।

**ਸ਼੍ਰੀ ਚੇਅਰਮੈਨ :** ਤੁਹਾਡੀ ਜਲਦੀ ਹੀ ਵਾਰੀ ਆ ਰਹੀ ਹੈ । (The hon. Member will be called upon soon.)

**ਸਰਦਾਰ ਕਰਮ ਸਿੰਘ** (ਸ਼੍ਰੀ ਹਰਗੋਬਿੰਦਪੁਰ) : ਚੇਅਰਮੈਨ ਸਾਹਿਬ, ਅੱਜ ਜੋ ਸਾਡੇ ਸਾਹਮਣੇ ਫਲੈਟ ਰੇਟ ਦੀ ਬਹਿਸ ਚੱਲ ਰਹੀ ਹੈ ਕਿ ਫਲੈਟ ਰੇਟ ਨਹੀਂ ਹੋਣਾ ਚਾਹੀਦਾ, ਮੈਂ ਇਸ ਦੇ ਹੱਕ ਵਿਚ ਹਾਂ । ਮੈਂ ਇਸ ਬਾਰੇ ਬੜਾ ਖੁਸ਼ ਹਾਂ, ਪਰ ਮੈਨੂੰ ਇਕ ਮਿਸਾਲ ਯਾਦ ਆ ਗਈ ਹੈ । ਕੋਈ ਪੁੱਤਰ ਸੀ । ਉਹ ਕਦੇ ਵੀ ਆਪਣੀ ਮਾਂ ਦੇ ਆਖੇ ਨਹੀਂ ਲੱਗਦਾ ਸੀ । ਉਸ ਦੀ ਮਾਂ ਵਿਚਾਰੀ ਨੇ ਉਸ ਨੂੰ ਪਾਲਿਆ ਪੋਸਿਆ । ਪਰ ਜਦ ਉਹ ਬੱਚਾ ਤਕੜਾ ਹੋ ਗਿਆ ਤਾਂ ਮਾਂ ਨੂੰ ਗਾਲ੍ਹਾਂ ਹੀ ਕਢੱਦਾ ਰਿਹਾ ਕਰੇ । ਮਾਂ ਸੋਚਿਆ ਕਰੇ ਕਿ ਕੀ ਕਰਨਾ ਚਾਹੀਦਾ ਹੈ । ਇਕ ਦਿਨ ਉਸ ਲੜਕੇ ਨੂੰ ਤਾਪ ਚੜ੍ਹ ਗਿਆ । ਜਦ ਤਾਪ ਚੜ੍ਹ ਗਿਆ ਤਾਂ ਉਹ ਇਕ ਦਿਨ ਆਪਣੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਮ ਸਿੰਘ]

ਮਾਂ ਕੋਲ ਬਹਿ ਕੇ "ਹਾਏ ਮਾਂ, ਹਾਏ ਮਾਂ" ਕਰਦਾ ਰਿਹਾ। ਤਾਂ ਮਾਂ ਆਖਣ ਲੱਗੀ ਧੰਨ ਭਾਗ ਹੈ ਕਿ ਤੈਨੂੰ ਤਾਪ ਚੜ੍ਹਿਆ। ਇਹ ਤਾਂ ਤੈਨੂੰ ਹਰ ਰੋਜ਼ ਹੀ ਚੜ੍ਹਦਾ ਰਹੇ ਕਿਉਂਕਿ ਇਸ ਤਾਪ ਨੇ ਤੈਨੂੰ ਮਾਂ ਯਾਦ ਕਰਾਈ ਹੈ। ਇਸ ਤਾਪ ਨੇ ਸਾਡੇ ਇਨ੍ਹਾਂ ਵੀਰਾਂ ਨੂੰ ਵੀ ਉਸ ਜੱਟ ਦੀ ਯਾਦ ਕਰਾਈ, ਉਸ ਜ਼ਿਮੀਂਦਾਰ ਦੀ ਯਾਦ ਕਰਾਈ ਜਿਸ ਗਰੀਬ ਵਿਚਾਰੇ ਦੀ ਸਾਰੀ ਦੀ ਸਾਰੀ ਗਾੜ੍ਹੇ ਪਸੀਨੇ ਦੀ ਕਮਾਈ 20 ਸਾਲ ਤੋਂ ਲੁੱਟੀ ਜਾ ਰਹੇ ਸਨ। (ਸ਼ੋਰ)। ਸੋ ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਫਲੈਟ ਰੇਟ ਖਤਮ ਹੋਣਾ ਚਾਹੀਦਾ ਹੈ। ਇਸ ਫਲੈਟ ਰੇਟ ਨਾਲੋਂ ਤਾਂ ਸਾਡੀ ਮਿਹਨਤ ਅਤੇ ਗਾੜ੍ਹੇ ਪਸੀਨੇ ਨਾਲ ਪੈਦਾ ਕੀਤੀਆਂ ਫਸਲਾਂ ਦੇ ਭਾਅ ਘੱਟ ਹਨ। ਇਹ ਫਲੈਟ ਰੇਟ ਤਾਂ ਸਰਮਾਏਦਾਰ ਹੀ ਦੇ ਸਕਦੇ ਹਨ। ਚੇਅਰਮੈਨ ਸਾਹਿਬ, ਮੈਨੂੰ ਬੜੀ ਖੁਸ਼ੀ ਹੈ, ਜਦ ਮਾਸਟਰ ਗੁਰਬੰਤਾ ਸਿੰਘ ਅੱਜ ਉਨ੍ਹਾਂ ਪਛੜੀਆਂ ਜਾਤੀਆਂ ਲਈ ਆਪਣੀ ਹਮਦਰਦੀ ਦੇ ਅੰਸੂ ਸੁੱਟਦੇ ਹਨ। ਬਿਲਕੁਲ ਉਹੀ ਚੀਜ਼ ਸਾਡੇ ਸਾਹਮਣੇ ਆ ਗਈ ਹੈ, ਜਿਸ ਤਰ੍ਹਾਂ ਕਿ ਇਕ ਮਿਸਾਲ ਵਿਚ ਹੈ ਜੋ ਮੈਨੂੰ ਯਾਦ ਆ ਗਈ। ਦੋ ਮਾਵਾਂ ਸਨ। ਇਕ ਅਸਲੀ ਤੇ ਇਕ ਮਤਰੇਈ। ਦੋਨਾਂ ਦਾ ਅਦਾਲਤ ਵਿਚ ਕੇਸ ਚਲਾ ਗਿਆ। ਅਸਲੀ ਮਾਂ ਕਹਿਣ ਲੱਗੀ ਕਿ ਪੁੱਤਰ ਮੇਰਾ ਹੈ ਅਤੇ ਮਤਰੇਈ ਕਹਿਣ ਲੱਗੀ ਕਿ ਨਹੀਂ ਇਹ ਮੇਰਾ ਹੈ। ਮੈਜਿਸਟ੍ਰੇਟ ਨੇ ਕਿਹਾ ਕਿ ਸਾਬਤ ਕਰੋ ਇਹ ਕਿਸਦਾ ਹੈ। ਮਤਰੇਈ ਅਤੇ ਅਸਲੀ ਮਾਂ, ਦੋਨਾਂ ਨੇ ਬੜਾ ਰੌਲਾ ਪਾਇਆ। ਰੌਲੇ ਤੋਂ ਬਾਅਦ ਫੈਸਲਾ ਹੋਇਆ ਕਿ ਇਸ ਨੂੰ ਅੱਧਾ ਅੱਧਾ ਕਰ ਦਿਉ। ਇਸ ਤੇ ਮਤਰੇਈ ਮਾਂ ਬੋਲੀ ਕਿ ਛੇਤੀ ਕਰ ਦਿਉ। ਸੋ ਹੀ ਇਹ ਮਤਰੇਈ ਮਾਂ ਜਿਹੜੀ ਜ਼ਿਮੀਂਦਾਰਾਂ ਨੂੰ ਖਾਂਦੀ ਰਹੀ ਹੈ, ਅੱਜ ਇਹ ਉਨ੍ਹਾਂ ਗਰੀਬਾਂ ਦੇ ਦੁੱਖ ਮਹਿਸੂਸ ਕਰਦੀ ਹੈ। ਮਾਸਟਰ ਗੁਰਬੰਤਾ ਸਿੰਘ ਜਦ ਪਿੰਡਾਂ ਵਿਚ ਇਲੈਕਸ਼ਨਾਂ ਲਈ ਢੋਲ ਵਜਾਂਦੇ ਫਿਰਦੇ ਸਨ ਤਾਂ ਉਹ ਕਿਹਾ ਕਰਦੇ ਸਨ ਕਿ ਅਸੀਂ ਤੁਹਾਨੂੰ ਜ਼ਮੀਨਾਂ ਦਿਆਂਗੇ। ਇਸ ਤੇ ਲੋਕਾਂ ਨੇ ਜ਼ਮੀਨਾਂ ਲੈਣ ਲਈ ਦਰਖਾਸਤਾਂ ਦਿੱਤੀਆਂ ਕਿ ਚਲੋ ਜ਼ਮੀਨ ਹੀ ਮਿਲ ਜਾਵੇਗੀ। ਉਨ੍ਹਾਂ ਵਿਚਾਰਿਆਂ ਨੂੰ ਦਰਖਾਸਤਾਂ ਲਿਖਵਾਉਣ ਲਈ ਪੰਜ ਪੰਜ ਰੁਪਏ ਦੇਣੇ ਪਏ ਅਤੇ ਦਰਖਾਸਤਾਂ ਲਿਖਵਾਈਆਂ। ਪਰ ਹੁਣ ਉਹ ਵਿਚਾਰੇ ਆਪਣੀਆਂ ਦਰਖਾਸਤਾਂ ਨੂੰ ਉਡੀਕਦੇ ਪਏ ਹਨ ਕਿ ਉਨ੍ਹਾਂ ਕੀ ਬਣਿਆ (ਵਿਘਨ)।

**ਸ੍ਰੀ ਚੇਅਰਮੈਨ :** ਤੁਸੀਂ ਆਪਣੀ ਸਪੀਚ ਬੰਦ ਕਰੋ। (Please wind up now.)

**ਚੌਧਰੀ ਤੁਲਸੀ ਰਾਮ ਚੌਹਾਨ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਹਾਊਸ ਦਾ ਟਾਈਮ ਬੜਾ ਕੀਮਤੀ ਹੈ। ਇਕ ਰੈਜ਼ੋਲਿਊਸ਼ਨ ਜਿਹੜਾ ਪੁੱਟ ਹੋਇਆ ਹੈ, ਉਸ ਤੇ ਹੀ ਬੋਲਣਾ ਚਾਹੀਦਾ ਹੈ। ਇਸ ਤਰ੍ਹਾਂ ਇਥੇ ਕਹਾਣੀਆਂ ਵਿਚ ਪੈ ਕੇ ਮੈਂ ਸਮਝਦਾ ਹਾਂ ਕਿ ਹਾਊਸ ਦਾ ਕੀਮਤੀ ਵਕਤ ਜ਼ਾਇਆ ਨਹੀਂ ਕਰਨਾ ਚਾਹੀਦਾ। ਅਸੀਂ ਵੀ ਇਸ ਰੈਜ਼ੋਲਿਊਸ਼ਨ ਤੇ ਬੋਲਣਾ ਹੈ। ਇਸ ਲਈ ਸਾਨੂੰ ਵੀ ਮੌਕਾ ਦਿਉ।

**ਸ੍ਰੀ ਚੇਅਰਮੈਨ :** ਬੈਠ ਜਾਉ। (The hon. Member may resume his seat.)

**ਸਰਦਾਰ ਕਰਮ ਸਿੰਘ :** ਚੇਅਰਮੈਨ ਸਾਹਿਬ, ਮੈਂ ਫਲੈਟ ਰੇਟ ਤੇ ਹੀ ਬੋਲਦਾ ਹਾਂ। ਸਾਡੇ ਇਕ ਹਲਕੇ ਵਿਚ 10-15 ਪਿੰਡਾਂ ਵਿਚ ਬਿਜਲੀ 3 ਪਾਸਿਆਂ ਤੋਂ ਆਉਂਦੀ ਹੈ। ਬਿਜਲੀ

Original with;
Punjab Vidhan Sabha
Digitized by;
Panjab Digital Library

ਵਾਲਿਆਂ ਦਾ ਹੈਡਕੁਆਰਟਰ ਬਹੁਤ ਦੂਰ ਹੈ। ਉਥੇ ਬਿਜਲੀ ਜ਼ਿਆਦਾ ਬੰਦ ਹੀ ਰਹਿੰਦੀ ਹੈ। ਸੜਕਾਂ ਕੱਚੀਆਂ ਹਨ। ਬਾਰਿਸ਼ਾ ਜ਼ਿਆਦਾ ਹੋਣ ਕਰਕੇ ਲੋਕੀ ਵਿਚਾਰੇ ਚਿੱਕੜ ਦੇ ਵਿਚ ਆ ਜਾ ਨਹੀਂ ਸਕਦੇ, ਬਿਜਲੀ ਬੰਦ ਰਹਿੰਦੀ ਹੈ ਪਰ ਫਲੈਟ ਰੇਟ ਦਾ ਅਸਰ ਉਨ੍ਹਾਂ ਤੇ ਵੀ ਹੋਇਆ ਹੈ। ਫਲੈਟ ਰੇਟ ਦਾ ਤਾਂ ਨੁਕਸਾਨ ਛੋਟਿਆਂ ਜ਼ਿਮੀਦਾਰਾਂ ਨੂੰ ਹੈ। ਵੱਡਿਆਂ ਜ਼ਿਮੀਦਾਰਾਂ ਨੂੰ ਕੋਈ ਨੁਕਸਾਨ ਨਹੀਂ। ਇਹ ਤਾਂ ਸਿਰਫ ਉਹੀ ਦੇ ਸਕਦਾ ਹੈ ਜਿਸਦੀ ਸੌ ਏਕੜ ਜ਼ਮੀਨ ਹੋਵੇ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਹਿੰਦੂ ਕੋਡ ਬਿੱਲ ਜਿਹੜਾ ਸਾਡੇ ਸਾਹਮਣੇ ਹੈ ਜਿਸ ਨੇ ਸਾਡੀ ਜ਼ਮੀਨ ਦੇ ਟੁਕੜੇ ਟੁਕੜੇ ਕਰ ਦਿਤੇ, ਭੈਣਾਂ ਅਤੇ ਭਰਾਵਾਂ ਵਿਚ ਵੰਡਾਂ ਪੁਆ ਦਿੱਤੀਆਂ ਹਨ ਜੇ ਫਲੈਟ ਰੇਟ ਨੂੰ ਕਾਇਮ ਰੱਖਿਆ ਗਿਆ ਤਾਂ ਮੈਂ ਸਮਝਦਾ ਹਾਂ ਕਿ (ਸ਼ੋਰ) (ਵਿਘਨ)।

**ਸ੍ਰੀ ਚੇਅਰਮੈਨ :** ਮੈਂ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਅਰਜ਼ ਕਰਾਂਗਾ ਕਿ ਜਿਹੜੇ ਨਵੇਂ ਮੈਂਬਰ ਹਾਊਸ ਵਿਚ ਬੋਲਦੇ ਹਨ, ਉਨ੍ਹਾਂ ਨੂੰ ਪੇਸ਼ੈਂਟਲੀ ਸੁਣਨਾ ਚਾਹੀਦਾ ਹੈ। ਇਹ ਗੱਲ ਮੇਰੇ ਤੇ ਛੱਡ ਦਿਉ ਕਿ ਉਹ ਰੈਲੇਵੈਂਟ ਹੈ ਜਾਂ ਨਹੀਂ। (ਤਾੜੀਆਂ) (I will request the Members of the Opposition to hear the new Members patiently. Leave it to me to see whether they are relevant or not.)

**ਸਰਦਾਰ ਕਰਮ ਸਿੰਘ :** ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਹ ਬਿਲਕੁਲ ਜੱਟ ਨਾਲ ਧੋਖਾ ਹੈ ਕਿ ਇਕ ਪਾਸੇ ਤਾਂ ਫਲੈਟ ਰੇਟ ਲੱਗ ਰਿਹਾ ਹੈ ਔਰ ਦੂਜੇ ਪਾਸੇ ਡੀਜ਼ਲ ਇੰਜਨ ਅਤੇ ਖਾਦ ਆਦਿ ਦੇ ਭਾਅ ਵਧ ਗਏ ਹਨ। ਇਹ ਸਾਰੇ ਦਾ ਸਾਰਾ ਬੋਝ ਜੱਟ ਤੇ ਪੈਣਾ ਹੈ। ਚਾਹੀਦਾ ਤਾਂ ਇਹ ਹੈ ਕਿ ਜੱਟ ਨੂੰ ਖੁੱਲ੍ਹੇ ਦਿਲ ਨਾਲ ਸਹੂਲਤਾਂ ਦਿਤੀਆਂ ਜਾਣ ਤਾਕਿ ਐਨਾ ਅਨਾਜ ਪੈਦਾ ਕਰ ਦੇਵੇ ਕਿ ਜੋ ਅਸੀਂ ਕ੍ਰੋੜਾਂ ਰੁਪਏ ਦਾ ਅਨਾਜ ਬਾਹਰਲੇ ਮੁਲਕਾਂ ਤੋਂ ਮੰਗਵਾਉਂਦੇ ਹਾਂ ਉਹ ਨਾ ਮੰਗਵਾਉਣਾ ਪਵੇ ਅਤੇ ਕਿਸੇ ਅੱਗੇ ਸਾਨੂੰ ਹੱਥ ਨਾ ਅੱਡਣੇ ਪੈਣ। ਇਸ ਲਈ ਜ਼ਿਮੀਦਾਰ ਨੂੰ ਪਾਣੀ ਦੀਆਂ ਪੂਰੀਆਂ ਸਹੂਲਤਾਂ ਦਿਤੀਆਂ ਜਾਣ। ਵਧ ਤੋਂ ਵਧ ਮਸ਼ੀਨਰੀ ਅਤੇ ਟਰੈਕਟਰ ਦਿਤੇ ਜਾਣ ਅਤੇ ਕਾਰਖਨੇ ਲਾਏ ਜਾਣ। ਇਸ ਦੇ ਨਾਲ ਹੀ ਹਿੰਦੁਸਤਾਨ ਦਾ ਭਲਾ ਹੋ ਸਕਦਾ ਹੈ। ਕੋਈ ਵੀ ਦੇਸ਼ ਦੂਸਰੇ ਦੇਸ਼ ਤੋਂ ਖੁਰਾਕ ਮੰਗਣ ਨਾਲ ਨਹੀਂ ਜੀਉ ਸਕਦਾ। ਇਸ ਕਰਕੇ ਮੈਂ ਕਹਿੰਦਾ ਹਾਂ ਕਿ 'ਜੈ ਜੁਆਨ, ਜੈ ਕਿਸਾਨ' ਦੇ ਨਾਹਰੇ ਨੂੰ ਬੁਲੰਦ ਕਰਦੇ ਹੋਏ ਇਨ੍ਹਾਂ ਨੂੰ ਪੂਰੀਆਂ ਸਹੂਲਤਾਂ ਦਿਉ। ਇਹ ਨਾਹਰਾ ਲਾਉਣ ਵਾਲੇ ਲੀਡਰ ਲਾਲ ਬਹਾਦਰ ਸ਼ਾਸਤਰੀ ਦੇ ਮਨ ਵਿਚ ਕਿਸਾਨਾਂ ਦੀ ਕਦਰ ਸੀ। ਲੇਕਿਨ ਉਸ ਦੇ ਅਕਾਲ ਚਲਾਣੇ ਤੋਂ ਬਾਅਦ ਉਹ ਨਾਹਰਾ ਬਸਾਂ ਤੇ ਹੀ ਲਿਖਿਆ ਰਹਿ ਗਿਆ ਉਹ ਨਾਹਰਾ ਕਾਗਜ਼ਾਂ ਤਕ ਹੀ ਮਹਿਦੂਦ ਰਹਿ ਗਿਆ। ਤੇ ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਸਾਨੂੰ ਸਹੀ ਮਹਿਨਿਆਂ ਵਿਚ ਜੈ ਜਵਾਨ ਜੈ ਕਿਸਾਨ ਦਾ ਨਾਹਰਾ ਅਮਲੀ ਤੌਰ ਤੇ ਅਪਨਾਉਣ ਲਈ ਜ਼ਿਮੀਦਾਰਾਂ ਨੂੰ ਬਿਜਲੀ ਦੀ ਬਹੁਤਾਤ ਦੇਣੀ ਚਾਹੀਦੀ ਹੈ, ਖਾਦ ਦੀ ਬਹੁਤਾਤ ਦੇਣੀ ਚਾਹੀਦੀ ਹੈ। ਇਸ ਵਿਚ ਘੱਟ ਤੋਂ ਘੱਟ ਮੁਨਾਫਾ ਲੈਣਾ ਚਾਹੀਦਾ ਹੈ ਅਤੇ ਬਹੁਤ ਘੱਟ ਕੀਮਤ ਤੇ ਖਾਦ ਦੇਣੀ ਚਾਹੀਦੀ ਹੈ ਤਾਕਿ ਜ਼ਮੀਦਾਰ ਖਾਦ ਪਾ ਕੇ ਪੈਦਾਵਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਮ ਸਿੰਘ]

ਵਿਚ ਵਾਧਾ ਕਰ ਸਕੇ । ਮੈਂ ਇਹ ਵੀ ਅਰਜ਼ ਕਰਾਂਗਾ ਕਿ ਟਿਊਬਵੈਲਾਂ ਦੇ ਕੁਨੈਕਸ਼ਨ ਦੇ ਉਤੇ ਕਿਸਾਨਾਂ ਨੂੰ ਥਰੈਸ਼ਰ ਲਾਉਣ ਦਿਤੇ ਜਾਣ ਤਾਕਿ ਹੋਈ ਹੋਈ ਫਸਲ ਬਾਰਸ਼ ਪੈਣ ਨਾਲ ਖਰਾਬ ਨਾ ਹੋ ਜਾਏ, ਗਲ ਨਾ ਜਾਏ । ਇਸ ਲਈ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੰਗ ਕਰਦਾ ਹਾਂ ਕਿ ਮਹਿਕਮਾ ਬਿਜਲੀ ਨੂੰ ਅਨਾਊਂਸ ਕਰ ਦੇਣਾ ਚਾਹੀਦਾ ਹੈ ਕਿ ਜਟ ਨੂੰ ਥਰੈਸ਼ਰ ਚਲਾਉਣ ਦਾ ਹੱਕ ਹਾਸਲ ਹੈ । ਕਿਉਂਕਿ ਬਿਜਲੀ ਖਰਚ ਕਰਨ ਦੇ ਜਟ ਨੇ ਪੈਸੇ ਦੇਣੇ ਹਨ ਜੇ ਉਹ ਥਰੈਸ਼ਰ ਚਲਾਉਣ ਤਾਂ ਮੀਟਰ ਚਲ ਰਿਹਾ ਹੁੰਦਾ ਹੈ ਅਤੇ ਉਸ ਦੇ ਮੁਤਾਬਿਕ ਉਸ ਨੇ ਉਸ ਬਿਲ ਦੇ ਪੈਸੇ ਦੇਣੇ ਹਨ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਚੀਜ਼ ਜਲਦੀ ਹੀ ਹੋਣੀ ਚਾਹੀਦੀ ਹੈ ।

ਇਸ ਦੇ ਨਾਲ ਕਣਕ ਗਾਹੁਣ ਵਾਸਤੇ ਜਟ ਨੂੰ ਇਕ ਹੋਰ ਪ੍ਰਾਬਲਮ ਹੈ । ਕਿਉਂਕਿ ਵਪਾਰੀ ਲੋਕ ਜਿਹੜੇ ਹੁੰਦੇ ਹਨ ਉਹ ਆਰਜ਼ੀ ਤੌਰ ਤੇ ਕੁਨੈਕਸ਼ਨ ਲੈ ਕੇ ਠੇਕੇ ਤੇ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਵਿਚ ਫ਼ਸਲਾਂ ਗਾਹੁੰਦੇ ਹਨ ਉਨ੍ਹਾਂ ਦੀਆਂ ਮੋਟਰਾਂ ਵਡੀਆਂ ਹੁੰਦੀਆਂ ਹਨ ਪਰ ਜਟਾਂ ਦੀਆਂ ਮੋਟਰ ਛੋਟੀਆਂ ਹੁੰਦੀਆਂ ਹਨ ਜਿਸ ਦਾ ਨਤੀਜਾ ਹੁੰਦਾ ਹੈ ਕਿ ਕਿਸਾਨ ਦੀਆਂ ਮੋਟਰਾਂ ਬੰਦ ਰਹਿੰਦੀਆਂ ਹਨ, ਜਟ ਨੂੰ ਬੜੀ ਤਕਲੀਫ ਹੁੰਦੀ ਹੈ । ਇਸ ਦੇ ਲਈ ਵੀ ਮੈਂ ਅਰਜ਼ ਕਰਾਂਗਾ ਕਿ ਜਲਦੀ ਤੋਂ ਜਲਦੀ ਕੋਈ ਹੱਲ ਸੋਚਣਾ ਚਾਹੀਦਾ ਹੈ ।

ਇਸ ਦੇ ਨਾਲ ਹੀ ਮੈਂ ਇਕ ਅਰਜ਼ ਹੋਰ ਕਰਨੀ ਚਾਹੁੰਦਾ ਹਾਂ ਕਿ ਜਿਥੇ ਫਲੈਟ ਰੇਟ ਨੇ ਜ਼ਿਮੀਦਾਰ ਨੂੰ ਕਮਜ਼ੋਰ ਕੀਤਾ ਹੈ ਉਥੇ ਬਿਰਲੇ ਦੇ ਫਾਰਮ ਬਾਰੇ ਵੀ ਮੈਂ ਦਸਦਾ ਹਾਂ । ਜਿਸ ਤਰ੍ਹਾਂ ਮਾਸਟਰ ਜੀ ਨੇ ਕਿਹਾ ਹੈ ਕਿ ਬਿਰਲਾ ਫਾਰਮ ਦਾ ਪਟਾ ਤੋੜ ਦਿਤਾ ਜਾਵੇ ਉਥੇ ਮੈਂ ਵੀ ਅਰਜ਼ ਕਰਦਾ ਹਾਂ ਕਿ ਇਹ ਪਟਾ ਜਲਦੀ ਤੋੜਿਆ ਜਾਵੇ ਅਤੇ ਜ਼ਮੀਨ ਹਰੀਜਨਾਂ ਨੂੰ ਦਿਤੀ ਜਾਵੇ । ਚੇਅਰਮੈਨ ਸਾਹਿਬ, ਮੈਂ ਇਕ ਨਵਾਂ ਮੈਂਬਰ ਹਾਂ ਪਰ ਮੈਂ ਬਾਹਰ ਬੈਠਾ 20 ਸਾਲ ਤੋਂ ਇਹ ਸੁਣਦਾ ਆ ਰਿਹਾ ਹਾਂ ਕਿ ਇਹ ਪੱਟਾ ਤੋੜਿਆ ਜਾਵੇਗਾ (ਵਿਘਨ)

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ ਸਰ । ਤੁਸੀਂ ਚੇਅਰਮੈਨ ਸਾਹਿਬ ਹੁਕਮ ਕੀਤਾ ਸੀ ਕਿ ਜਦੋਂ ਕੋਈ ਮੈਂਬਰ ਇਰਰੈਲੇਵੈਂਟ ਬੋਲੇ ਤਾਂ ਅਸੀਂ ਕੁਝ ਨਾ ਕਹੀਏ । ਅਸੀਂ ਤੁਹਾਡਾ ਹੁਕਮ ਮੰਨ ਲਿਆ ਹੈ । ਲੇਕਿਨ ਚੇਅਰਮੈਨ ਸਾਹਿਬ, ਮੈਂ ਆਪ ਦੇ ਰਾਹੀਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ 20 ਸਾਲ ਦੀ ਫਾਰਮ ਬਾਰੇ ਗਲ ਕਰ ਰਹੇ ਹਨ 20 ਸਾਲ ਦਾ ਤਾਂ ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਸਰਦਾਰ ਕਰਮ ਸਿੰਘ :** ਤੇ ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਫਲੈਟ ਰੇਟ ਜਟ ਲਈ ਹਟਾਉਣਾ ਬਹੁਤ ਜ਼ਰੂਰੀ ਹੈ ਉਥੇ ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਦਾ ਹਾਂ ਕਿ ਜਿਹੜਾ ਜਟ ਸਾਰੇ ਹਿੰਦੁਸਤਾਨ ਨੂੰ ਅਨਾਜ ਦਿੰਦਾ ਹੈ, ਦੇਸ਼ ਦੀ ਤਨੋਂ ਮਨੋਂ ਸੇਵਾ ਕਰਦਾ ਹੈ ਉਸ ਨੂੰ ਸਾਰੀਆਂ ਸਹੂਲਤਾਂ ਦੇ ਕੇ ਉਸ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ । ਇਕ ਹੋਰ ਬੜੀ ਵਡੀ ਰੁਕਾਵਟ ਹੈ ਉਹ ਇਹ ਹੈ ਕਿ ਜਦੋਂ ਜ਼ਿਮੀਦਾਰ ਨੇ ਕਰਜ਼ਾ ਲੈਣਾ ਹੁੰਦਾ ਹੈ ਟਿਊਬਵੈਲ ਵਾਸਤੇ, ਤਾਂ ਉਸ ਨੂੰ ਪਟਵਾਰੀ ਤੋਂ ਲੈ ਕੇ ਗਰਾਮ ਸੇਵਕਾਂ ਅਤੇ ਉਸ ਤੋਂ ਅਗੇ ਬੀ. ਡੀ. ਓ. ਤੋਂ ਧੱਕੇ ਖਾਣੇ ਪੈਂਦੇ ਹਨ (ਘੰਟੀ) ਉਹ ਬੜੀ ਔਖਿਆਈ ਨਾਲ ਕਰਜ਼ ਲੈਂਦਾ ਹੈ ਅਤੇ ਉਸ ਕਰਜ਼ੇ ਦਾ 9% ਸੂਦ ਦਿੰਦਾ ਹੈ । ਉਸ ਦੇ ਮੁਕਾਬਲੇ ਵਿਚ ਇੰਡਸਟਰੀ ਵਾਲਿਆਂ ਨੂੰ ਕਰਜ਼ਾ ਲੈਣ ਵਿਚ

Original with;
Punjab Vidhan Sabha
Digitized by;
Panjab Digital Library

ਵੀ ਕਾਫੀ ਸਹੂਲਤਾਂ ਹਨ ਅਤੇ ਉਨ੍ਹਾਂ ਨੂੰ 3% ਸੂਦ ਦੀ ਸ਼ਰਾ ਦੇਣੀ ਪੈਂਦੀ ਹੈ। ਤੇ ਮੈਂ ਸਮਝਦਾ ਹਾਂ ਕਿ ਜ਼ਿਮੀਦਾਰਾਂ ਅਤੇ ਇੰਡਸਟਰੀ ਵਾਲਿਆਂ ਦੀ ਸ਼ਰਾ ਸੂਦ ਦੀ ਇਕ ਹੋਣੀ ਚਾਹੀਦੀ ਹੈ ਅਤੇ ਬਿਜਲੀ ਦੇ ਰੇਟ ਵੀ ਘੱਟ ਤੋਂ ਘੱਟ ਲਗਣੇ ਚਾਹੀਦੇ ਹਨ। ਇਹ ਰੇਟ ਵੀ ਇੰਡਸਟਰੀ ਵਾਲਿਆਂ ਦੇ ਮੁਤਾਬਿਕ ਲੈਣੇ ਚਾਹੀਦੇ ਹਨ। ਇਨ੍ਹਾਂ ਲਫਜ਼ਾਂ ਨਾਲ ਮੈਂ ਚੇਅਰਮੈਨ ਸਾਹਿਬ, ਆਪ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮੌਕਾ ਦਿਤਾ ਹੈ ਕਿ ਮੈਂ ਆਪਣੇ ਇਲਾਕੇ ਬਾਰੇ ਕੁਝ ਕਹਿ ਸਕਾਂ। ਆਪ ਦਾ ਸ਼ੁਕਰੀਆ।

**ਸਾਥੀ ਰੂਪ ਲਾਲ** (ਮੋਗਾ) . ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬਿਜਲੀ ਦੇ ਵਜ਼ੀਰ ਸਾਹਿਬ ਨੂੰ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਫਲੈਟ ਰੇਟ ਹੈ ਉਹ ਕਿਸਾਨਾਂ ਦੇ ਲਈ ਬੜਾ ਦੁਖਦਾਈ ਹੈ। ਉਸ ਫਲੈਟ ਰੇਟ ਨੇ ਛੋਟੇ ਕਿਸਾਨਾ ਦਾ ਕਚੂਮਰ ਕਢ ਦਿਤਾ ਹੈ। ਮੈਂ ਉਸ ਹਲਕੇ ਵਿਚੋਂ ਚੁਣ ਕੇ ਆਇਆ ਹਾਂ ਜਿਸ ਹਲਕੇ ਦੀ ਤਹਿਸੀਲ ਦੀ ਪੈਦਾਵਾਰ ਸਾਰੇ ਹਿੰਦੁਸਤਾਨ ਦੇ ਬਾਕੀਆਂ ਨਾਲੋਂ ਵਧ ਹੁੰਦੀ ਹੈ। ਸਾਰੇ ਹਿੰਦੁਸਤਾਨ ਵਿਚੋਂ ਇਸ ਹਲਕੇ ਦੀ ਧਰਤੀ ਉਪਜਾਊ ਹੈ ਮਗਰ ਇਸ ਗਲ ਦਾ ਬੜਾ ਦੁਖ ਹੈ ਕਿ ਜਿਸ ਦੀ ਇਹੋ ਜਿਹੀ ਉਪਜਾਊ ਧਰਤੀ ਹੋਵੇ ਔਰ ਉਥੇ ਦੇ ਕਿਸਾਨ ਇਤਨੇ ਮਿਹਨਤੀ ਹੋਣ ਉਸ ਨਾਲ ਇਸ ਤਰ੍ਹਾਂ ਦਾ ਵਤੀਰਾ ਹੋਵੇ। ਉਥੇ ਦਾ ਕਿਸਾਨ ਫਲੈਟ ਰੇਟ ਤੋਂ ਬਹੁਤ ਜ਼ਿਆਦਾ ਦੁਖੀ ਹੈ। ਜਿਹੜੀ ਉਪਜ ਅਸੀਂ ਕਰਨੀ ਸੀ ਉਸ ਵਿਚ ਫਲੈਟ ਰੇਟ ਨੇ ਇਨਤਾਹੀ ਰੁਕਾਵਟ ਪਾ ਦਿਤੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਫਲੈਟ ਰੇਟ ਕਾਨੂੰਨੀ ਤੌਰ ਤੇ ਵੀ ਗਲਤ ਹੈ। ਇਹ ਤਕਨੀਕੀ ਤੌਰ ਤੇ ਵੀ ਬਿਲਕੁਲ ਨਹੀਂ ਹੋਣਾ ਚਾਹੀਦਾ। ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਫਲੈਟ ਰੇਟ ਦਾ ਮਤਲਬ ਕੀ ਹੈ। ਇਨ੍ਹਾਂ ਨੇ ਬਿਜਲੀ ਦੇ ਪੈਸੇ ਪੂਰੇ ਲੈਣੇ ਹਨ ਔਰ ਬਿਜਲੀ ਤਿੰਨ ਦਿਨ ਬੰਦ ਰਖਣੀ ਹੈ। ਜਿਹੜੀ ਬਿਜਲੀ ਚਲਦੀ ਹੈ ਉਹ ਕਈ ਵਾਰ ਤਾਰ ਖਰਾਬ ਹੋ ਜਾਣ ਕਾਰਨ ਜਾਂ ਮਹਿਕਮਿਆਂ ਦੇ ਕਾਰਿੰਦਿਆਂ ਰਾਹੀਂ ਉਸ ਵਿਚ ਕੋਈ ਨੁਕਸ ਰਹਿ ਜਾਂਦਾ ਹੈ ਅਤੇ ਬਿਜਲੀ ਬੰਦ ਹੋ ਜਾਂਦੀ ਹੈ ਅਤੇ ਖੇਤਾਂ ਨੂੰ ਪਾਣੀ ਜਾਣਾ ਬੰਦ ਹੋ ਜਾਂਦਾ ਹੈ। ਜਿਸ ਦਾ ਨਤੀਜਾ ਹੁੰਦਾ ਹੈ ਕਿ ਫਸਲਾਂ ਨੂੰ ਨੁਕਸਾਨ ਪਹੁੰਚਦਾ ਹੈ।

ਜੇ ਕਿਸੇ ਮੌਕੇ ਤੇ ਬਿਜਲੀ ਖਰਾਬ ਹੋ ਜਾਵੇ ਤਾਂ ਬਿਜਲੀ ਦੇ ਮਹਿਕਮੇ ਦੇ ਕਾਰਿੰਦੇ ਮੌਕੇ ਤੇ ਪਹੁੰਚਦੇ ਹੀ ਨਹੀਂ। ਜਾਣ-ਬੁੱਝ ਕੇ ਬਿਜਲੀ ਦੀਆਂ ਤਾਰਾਂ ਜੋੜਦੇ ਨਹੀਂ, ਜੇ ਕਿਸੇ ਮੌਕੇ ਮੋਟਰ ਖੜੀ ਹੋ ਜਾਵੇ। ਇਹ ਕਿਸਾਨ ਨਾਲ ਬੜਾ ਭਾਰੀ ਧੱਕਾ ਹੈ। ਜੇ ਇਹ ਸਾਰੀਆਂ ਚੀਜ਼ਾਂ ਖਤਮ ਹੋਣ ਤਾਂ ਹੀ ਕਿਸਾਨ ਦਾ ਫ਼ਾਇਦਾ ਹੋ ਸਕਦਾ ਹੈ। ਜੇ ਅਸੀਂ ਕਿਸਾਨ ਦੇ ਫ਼ਾਇਦੇ ਨੂੰ ਨਾ ਸੋਚਿਆ ਤੇ ਉਸਦੀ ਮਿਹਨਤ ਨੂੰ ਸਿਰੇ ਲਾਉਣ ਲਈ ਅਸੀਂ ਵਿਚਾਰ ਨਾ ਕੀਤਾ ਤਾਂ ਸਾਡੀ ਪੈਦਾਵਾਰ ਦਾ ਬਹੁਤ ਨੁਕਸਾਨ ਹੋਵੇਗਾ। ਮੈਂ ਇਸ ਬਿਜਲੀ ਦੇ ਫ਼ਲੈਟ ਰੇਟ ਦੇ ਮੁਤੱਅਲਿਕ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ।

"ਛਡੀ ਸੀ ਮੱਝ ਦੇ ਥਣ ਨੂੰ ਜਾ ਪਈ ਝੋਟੇ ਵੱਲ"

ਮੈਂ ਇੰਨੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਫ਼ਲੈਟ ਰੇਟ ਖ਼ਤਮ ਹੋਣਾ ਚਾਹੀਦਾ ਹੈ।

**ਭਗਤ ਗੁਰਾਂ ਦਾਸ ਹੰਸ** (ਸ਼ਾਮ ਚੌਰਾਸੀ) : ਚੇਅਰਮੈਨ ਸਾਹਿਬ, ਇਹ ਫ਼ਲੈਟ ਰੇਟ ਦੇ ਮੁਤੱਅਲਿਕ ਜਿਹੜਾ ਮੱਤਾ ਪੇਸ਼ ਹੋਇਆ ਹੈ, ਮੈਂ ਇਸ ਦੇ ਉਤੇ ਕੁਝ ਕਹਿਣ ਵਾਸਤੇ ਖੜਾ ਹੋਇਆ

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਹਾਂ। ਇਹ ਮੈਂ ਵੀ ਜਾਣਦਾ ਹਾਂ ਤੇ ਤੁਸੀਂ ਵੀ ਜਾਣਦੇ ਹੋ ਕਿ ਜਿਵੇਂ ਕਿ ਮੁਹਾਜ਼ ਤੇ ਇਕ ਸਿਪਾਹੀ ਲੜਦਾ ਹੈ ਤੇ ਦੇਸ਼ ਦੀ ਸੇਵਾ ਕਰਦਾ ਹੈ। ਉਸੇ ਤਰ੍ਹਾਂ ਇਕ ਕਿਸਾਨ ਖੇਤ ਵਿੱਚ ਕੰਮ ਕਰਦਾ ਹੋਇਆ ਇਕ ਕਿਸਮ ਦੀ ਉਹੀ ਦੇਸ਼ ਸੇਵਾ ਕਰਦਾ ਹੈ ਜਿਹੜੀ ਇਕ ਸਿਪਾਹੀ ਕਰਦਾ ਹੈ। ਜੇ ਉਹ ਖੇਤ ਵਿੱਚ ਕੰਮ ਨਾ ਕਰੇ ਤਾਂ ਅਨਾਜ ਪੈਦਾ ਨਹੀਂ ਹੋ ਸਕਦਾ। ਇਸ ਕਰ ਕੇ ਕਿਸਾਨ ਨੂੰ ਜਿਤਨੀ ਵੀ ਸਹੂਲਤ ਦਿਤੀ ਜਾਵੇ, ਥੋੜ੍ਹੀ ਹੈ।

ਇਕ ਜ਼ਿਮੀਂਦਾਰ ਆਪਣੀ ਖੇਤੀ ਬਾੜੀ ਦਾ ਹਿਸਾਬ ਨਹੀਂ ਜਾਣਦਾ। ਉਹ ਵਾਹਿਗੁਰੂ ਦੇ ਭਰੋਸੇ ਤੇ ਕੰਮ ਕਰਦਾ ਹੈ। ਅਗਰ ਕੋਈ ਬਾਣੀਆਂ ਟਾਈਪ ਦਾ ਆਦਮੀ ਹੁੰਦਾ, ਉਹ ਐਸਟੀਮੇਟ ਲਾਉਂਦਾ ਕਿ ਕਿੰਨਾਂ ਖ਼ਰਚ ਹੈ, ਕਿੰਨੀ ਆਮਦਨੀ ਹੈ। ਕਿਸਾਨ ਨੂੰ ਇਸ ਗੱਲ ਦੀ ਬੜੀ ਖੁਸ਼ੀ ਹੁੰਦੀ ਹੈ ਜਦੋਂ ਪਿੰਡ ਵਿੱਚ ਜਾ ਕੇ ਉਸਨੂੰ ਕਹਿੰਦੇ ਹਾਂ ਤੂੰ ਹੀ ਦੇਸ਼ ਦਾ ਰਾਖਾ ਹੈਂ। ਮੈਨੂੰ ਪਤਾ ਹੈ ਕਿ 1965 ਵਿੱਚ ਜਦੋਂ ਅਸੀਂ ਪਾਕਿਸਤਾਨ ਨਾਲ ਲੜਾਈ ਲੜ ਰਹੇ ਸੀ ਤਾਂ ਜਦੋਂ ਜ਼ਿਮੀਂਦਾਰ ਨੂੰ ਜਾ ਕੇ ਮਿਲਦੇ ਤਾਂ ਉਹ ਇਸ ਗੱਲ ਤੇ ਖੁਸ਼ ਸੀ ਕਿ ਜੇ ਮੈਂ ਅੱਛੀ ਫ਼ਸਲ ਉਗਾਂਵਾਂਗਾ ਤਾਂ ਮੈਂ ਵੀ ਉਹੀ ਸੇਵਾ ਕਰਾਂਗਾ ਜਿਹੜੀ ਬਾਰਡਰ ਤੇ ਇਕ ਸਿਪਾਹੀ ਕਰਦਾ ਹੈ। ਅੱਜ ਜਿਹੜਾ ਫ਼ਲੈਟ ਰੇਟ ਲਿਆ ਜਾ ਰਿਹਾ ਹੈ, ਇਸ ਨਾਲ ਵੱਡੇ ਜ਼ਿਮੀਦਾਰ ਨੂੰ ਫ਼ਾਇਦਾ ਹੈ ਕਿਉਂਕਿ ਉਸ ਕੋਲ ਸੈਂਕੜੇ ਏਕੜ ਜ਼ਮੀਨ ਹੈ ਜਿਤਨੇ ਹਾਰਸ ਪਾਵਰ ਦੀ ਚਾਹੇ ਮੋਟਰ ਲਗਾ ਸਕਦਾ ਹੈ ਤੇ ਪੈਸੇ ਉਨੇ ਹੀ ਦੇਣੇ ਪੈਣੇ ਹਨ। ਮਗਰ ਛੋਟੇ ਜ਼ਿਮੀਦਾਰ ਦੀ ਜ਼ਮੀਨ ਬੜੀ ਥੋੜ੍ਹੀ ਹੁੰਦੀ ਹੈ ਤੇ ਉਸਦਾ ਖਰਚ ਵੀ ਉਸੇ ਤਰ੍ਹਾਂ ਥੋੜ੍ਹਾ ਆਉਂਦਾ ਹੈ, ਪਰ ਪੈਸੇ ਬੜੇ ਜ਼ਮੀਦਾਰ ਜਿੰਨੇ ਦੇਣੇ ਪੈਂਦੇ ਹਨ। ਮਿਸਾਲ ਦੇ ਤੌਰ ਤੇ ਹੁਸ਼ਿਆਰਪੁਰ ਦੇ ਮੁਤਅੱਲਿਕ ਦਸਦਾ ਹਾਂ। ਇਹ ਠੀਕ ਹੈ ਕਿ ਕੁਰਬਾਨੀ ਵਿੱਚ ਜਦੋਂ ਦੇਸ਼ ਵਾਸਤੇ ਲੜ ਰਹੇ ਸੀ ਉਸ ਵੇਲੇ ਅੰਗ੍ਰੇਜ਼ਾਂ ਨੂੰ ਕਢਣ ਵਾਸਤੇ ਸਭ ਕੁਝ ਕੁਰਬਾਨ ਕਰ ਦਿਤਾ। ਉਹ ਰੇਤਲਾ ਇਲਾਕਾ ਹੈ। ਹਰ ਇਕ ਜ਼ਿਮੀਂਦਾਰ ਕੋਲ 5 ਜਾਂ 6 ਏਕੜ ਜ਼ਮੀਨ ਹੈ। ਉਹ ਬਹੁਤ ਥੋੜ੍ਹੀ ਜ਼ਮੀਨ ਰਖਦੇ ਹਨ। ਪਰ ਉਥੋਂ ਦੇ ਜ਼ਿਮੀਂਦਾਰਾਂ ਨੂੰ ਖੇਤੀ ਦਾ ਬੜਾ ਸ਼ੌਕ ਹੈ। ਇਕ ਇਕ, ਦੋ ਦੋ ਏਕੜ ਵਾਲਿਆਂ ਨੇ ਵੀ ਟਿਊਬਵੈਲ ਲਾਏ ਹੋਏ ਹਨ ਪਰ ਉਨ੍ਹਾਂ ਨੂੰ ਫ਼ਲੈਟ ਰੇਟ ਦੇਣਾ ਪੈਂਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਫ਼ਲੈਟ ਰੇਟ ਨੂੰ ਜਲਦੀ ਤੋਂ ਜਲਦੀ ਖ਼ਤਮ ਕਰਨਾ ਚਾਹੀਦਾ ਹੈ। ਸਾਨੂੰ ਮੀਟਰ ਸਿਸਟਮ ਲਾਗੂ ਕਰਨਾ ਚਾਹੀਦਾ ਹੈ, ਜਿਤਨੀ ਬਿਜਲੀ ਕੋਈ ਇਸਤੇਮਾਲ ਕਰੇਗਾ ਯੂਨਿਟਸ ਦੇ ਮੁਤਾਬਿਕ ਅਦਾਇਗੀ ਕਰੇਗਾ। ਬਲਕਿ ਮੈਂ ਤਾਂ ਇਹ ਕਹਾਂਗਾ ਕਿ ਜੋ ਬਿਜਲੀ ਦਾ ਰੇਟ ਕਾਰਖ਼ਾਨਿਆਂ ਦਾ ਹੈ, ਉਸੇ ਰੇਟ ਤੇ ਹੀ ਇਨ੍ਹਾਂ ਨੂੰ ਦਿਉ। ਜੇਕਰ ਕਾਰਖਾਨੇਦਾਰ ਦੇਸ਼ ਦੀ ਸੇਵਾ ਕਰਦਾ ਹੈ ਤਾਂ ਇਹ ਵੀ ਕਰਦਾ ਹੈ। ਮਗਰ ਜ਼ਿਮੀਦਾਰ ਨਾਲ ਇਹ ਧੱਕਾ ਕਿਉਂ ਹੋਵੇ। ਜਿਮੀਂਦਾਰ ਨੂੰ ਉਸਦੀ ਫਸਲ ਦਾ ਮੁਲ ਉਸਦੀ ਮਿਹਨਤ ਨੂੰ ਮੱਦੇ ਨਜ਼ਰ ਰਖਦੇ ਹੋਏ ਮਿਲਣਾ ਚਾਹੀਦਾ ਹੈ। ਜੇਕਰ ਫ਼ਲੈਟ ਰੇਟ ਰਖਣਾ ਹੈ ਤਾਂ ਜ਼ਿਮੀਂਦਾਰ ਨੂੰ ਹਫ਼ਤੇ ਵਿੱਚ 7 ਦਿਨ ਬਿਜਲੀ ਮਿਲਣੀ ਚਾਹੀਦੀ ਹੈ। ਹੁਣ ਹਫ਼ਤੇ ਵਿੱਚ ਉਸ ਨੂੰ 5 ਦਿਨ ਬਿਜਲੀ ਮਿਲਦੀ ਹੈ ਅਤੇ ਉਹ ਵੀ ਕਈ ਕਈ ਘੰਟੇ ਬੰਦ ਰਹਿੰਦੀ ਹੈ। ਇਸ ਦੇ ਇਲਾਵਾ ... ਤੀ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਜ਼ਿਮੀਦਾਰ ਨੂੰ ਕਿਹਾ ਜਾਂਦਾ ਹੈ ਕਿ ਸਿਰਫ਼ ਰਾਤ ਨੂੰ ਚਲਾਓ। ਛੋਟੇ ਨੌਕਰ ਪਾਣੀ ਲਾਉਂਦੇ ਹਨ ਵੱਡੇ ਜ਼ਿਮੀਂਦਾਰ ਤਾਂ ਘੱਟ ਹੀ ਕੰਮ ... । ਨੌਕਰ ਵਿਚਾਰੇ ਹਰੀਜਨ ਹੁੰਦੇ ਹਨ ਔਰ ਰਾਤ ਨੂੰ ਪਾਣੀ ਲਾਉਂਦੇ ਹਨ। ਖੇਤ

Original with;
Punjab Vidhan Sabha
Digitized by;
Panjab Digital Library

ਦਾ ਮਾਮਲਾ ਹੁੰਦਾ ਹੈ ਕੋਈ ਸੱਪ ਲੜ ਜਾਏ ਤਾਂ ਉਨ੍ਹਾਂ ਦੀ ਕੋਈ ਜ਼ਿਮੇਵਾਰੀ ਨਹੀਂ । ਜਦ ਕਾਰਖਾਨੇ ਵਾਲਿਆਂ ਨੂੰ ਦਿਨ ਨੂੰ ਬਿਜਲੀ ਮਿਲਦੀ ਹੈ ਤਾਂ ਇਨ੍ਹਾਂ ਨੂੰ ਵੀ ਦਿਨ ਨੂੰ ਮਿਲਣੀ ਚਾਹੀਦੀ ਹੈ । ਪਰ ਜ਼ਿਮੀਂਦਾਰ ਨਾਲ ਧੱਕਾ ਹੁੰਦ ਹੈ ।

ਮੈਂ ਹੁਣ ਖਾਦ ਦੀ ਕੀਮਤ ਦੇ ਬਾਰੇ ਬੇਨਤੀ ਕਰਦਾ ਹਾਂ ਕਿ ਪਹਿਲਾਂ ਖਾਦ ਦੀ ਬੋਰੀ ਦੀ ਕੀਮਤ ਲਗਭਗ 13 ਰੁਪਏ ਦੇ ਕਰੀਬ ਸੀ ਅਤੇ ਹੁਣ ਅਸੀਂ 28 ਜਾਂ 26 ਰੁਪਏ ਦੀ ਬੋਰੀ ਲੈਂਦੇ ਹਾਂ ਅਤੇ ਟੈਕਸ ਹੋਰ । ਕਈ ਕੋਆਪ੍ਰੇਟਿਵ ਸੋਸਾਇਟੀਆਂ ਜਿਹੜੀਆਂ ਖਾਦ ਦੀਆਂ ਬੋਰੀਆਂ ਲੈ ਕੇ ਜਾਂਦੀਆਂ ਹਨ, ਔਸਤਨ ਬੋਰੀਆਂ ਵਿਚੋਂ ਘੱਟ ਨਿਕਲਦੀ ਹੈ । ਕਿਸੇ ਜ਼ਿਮੀਂਦਾਰ ਨੂੰ ਪੂਰੀ ਬੋਰੀ ਨਹੀਂ ਮਿਲਦੀ ਪੌਣੀਆਂ ੨ ਬੋਰੀਆਂ ਉਹ ਲੈ ਜਾਂਦੇ ਹਨ । ਇਹ ਵੀ ਰੌਲਾ ਪੈਂਦਾ ਹੈ ਕਿ ਅਸੀਂ ਖਾਦ ਬੜੀ ਦਿਆਂਗੇ । ਅਗਰ ਤੁਸੀਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਲਾਕੇ ਕੰਡੀ ਵਿੱਚ ਜਾਓ, ਜਿਹੜੀਆਂ ਬੈਂਕ ਦੀਆਂ ਸੋਸਾਇਟੀਆਂ ਬਣੀਆਂ ਹੋਈਆਂ ਹਨ, ਉਹ ਸਾਨੂੰ ਕਹਿੰਦੀਆਂ ਹਨ ਕਰਜ਼ਾ ਤਾਂ ਲੈ ਸਕਦੇ ਹੋ ਜੇ ਪਹਿਲਾਂ ਖਾਦ ਚੁਕੋ । ਜਿਸ ਦੇ ਕੋਲ ਨਾ ਖੂਹ ਹੁੰਦਾ ਹੈ ਨਾਂ ਟਿਊਬਵੈਲ ਲਗਿਆ ਹੁੰਦਾ ਹੈ, ਉਸ ਨੂੰ ਜਾਂ ਕਰਜ਼ਾ ਛਡਣਾ ਪੈਂਦਾ ਹੈ ਜਾਂ ਮਜਬੂਰਨ ਖਾਦ ਲੈਣੀ ਪੈਂਦੀ ਹੈ । ਮੈਂ ਬੇਨਤੀ ਕਰਾਂਗਾ ਕਿ ਖਾਦ ਉਸ ਨੂੰ ਦਿਤੀ ਜਾਏ ਜਿਸਦਾ ਟਿਊਬਵੈਲ ਲਗਾ ਹੋਵੇ ਤਾਕਿ ਉਹ ਉਸ ਦਾ ਪ੍ਰਯੋਗ ਕਰ ਸਕੇ । ਇਸ ਫ਼ਿਕਰ ਕੇ ਮੈਂ ਦੂਸਰੀ ਬੇਨਤੀ ਕਰਦਾ ਹਾਂ ਕਿ ਦੂਸਰੇ ਇਲਾਕਿਆਂ ਵਿੱਚ ਸਰਕਾਰੀ ਟਿਊਬਵੈਲ ਲਗਦੇ ਹਨ ਤੇ ਕਿਸੇ ਇਲਾਕੇ ਵਿੱਚ ਨਹਿਰਾਂ ਰਾਹੀਂ ਪਾਣੀ ਮਿਲਦਾ ਹੈ । ਉਹ ਟਿਊਬਵੈਲ ਬਹੁਤ ਵੱਡੇ ਹੁੰਦੇ ਹਨ ਤੇ 60-70 ਹਜ਼ਾਰ ਰੁਪਏ ਖਰਚ ਆਉਂਦੇ ਹਨ । ਪਰ ਹੁਸ਼ਿਆਰਪੁਰ ਵਿੱਚ 60-70 ਹਜ਼ਾਰ ਰੁਪਏ ਲਗਾ ਕੇ ਜ਼ਿਮੀਂਦਾਰ ਟਿਊਬਵੈਲ ਨਹੀਂ ਲਗਾ ਸਕਦੇ । ਉਥੇ ਵੀ ਸਰਕਾਰੀ ਤੌਰ ਤੇ ਐਕਸਪੈਰੀਮੈਂਟ ਦੇ ਤੌਰ ਤੇ ਸਰਕਾਰੀ ਟਿਊਬਵੈਲ ਲਗਾਏ ਜਾਣ । ਉਹ ਜ਼ਿਮੀਂਦਾਰ ਆਬਿਅਨਾ ਦੇਣ ਨੂੰ ਤਿਆਰ ਹਨ । ਉਨ੍ਹਾਂ ਨੂੰ ਪਾਣੀ ਦੇਣ ਨਾਲ ਅਨਾਜ ਦਾ ਤੋੜਾ ਘੱਟ ਹੋ ਸਕਦਾ ਹੈ । ਇਸ ਵੱਲ ਧਿਆਨ ਦੇਣ ਦੀ ਬੜੀ ਜ਼ਰੂਰਤ ਹੈ । ਦੂਸਰੀ ਗੱਲ ਇਹ ਹੈ ਕਿ ਟਿਊਬਵੈਲਾਂ ਲਈ ਅਮੂਮਨ ਕਰਜ਼ਾ ਲੈਣਾ ਪੈਂਦਾ ਹੈ । ਉਸ ਕਰਜ਼ੇ ਵਾਸਤੇ ਕਈ ਦਿਨ ਖਰਾਬ ਹੋਣਾ ਪੈਂਦਾ ਹੈ । ਜੋ ਕਰਜ਼ਾ ਮਿਲਦਾ ਹੈ ਉਸ ਤੇ ਸੂਦ ਬਹੁਤ ਜ਼ਿਆਦਾ ਦੇਣਾ ਪੈਂਦਾ ਹੈ । ਇਹ ਕਹਿੰਦੇ ਹਨ ਜ਼ਿਮੀਂਦਾਰ ਦੇ ਹੱਕਾਂ ਦੀ ਰਖਵਾਲੀ ਕਰਨੀ ਹੈ, ਇਹ ਠੀਕ ਹੈ ਪਰ ਇਹ ਜਿਹੜੀਆਂ ਗੱਲਾਂ ਕਰਦੇ ਹਨ ਉਨ੍ਹਾਂ ਤੇ ਅਮਲ ਵੀ ਕਰਨ ਤੇ ਤਾਂ ਕੁਝ ਹੋ ਸਕਦਾ ਹੈ । ਇਹ ਗੱਲਾਂ ਤਾਂ ਬਹੁਤ ਕਰਦੇ ਹਨ, ਮਗਰ ਜ਼ਿਮੀਂਦਾਰ ਦੇ ਮੁਤਅੱਲਿਕ ਸੋਚਦੇ ਘਟ ਹਨ । ਮੈਂ ਕਹਿੰਦਾ ਹਾਂ ਕਿ ਜ਼ਿਮੀਂਦਾਰ ਦੇ ਮੁਤਅੱਲਿਕ ਸੋਚਣਾ ਦੇਸ਼ ਦੇ ਮੁਤਅੱਲਿਕ ਸੋਚਣਾ ਹੈ । ਮੈਂ ਕਹਿੰਦਾ ਹਾਂ ਜਿਥੇ ਫਸਲ ਦੀ ਕੀਮਤ ਪੂਰੀ ਮਿਲਣੀ ਚਾਹੀਦੀ ਹੈ, ਉਥੇ ਇਹ ਵੀ ਖਿਆਲ ਕਰਨਾ ਚਾਹੀਦਾ ਹੈ ਕਿ ਛੋਟਾ ਕਿਸਾਨ, ਛੋਟਾ ਦੁਕਾਨਦਾਰ ਅਤੇ ਜੋ ਹੋਰ ਗਰੀਬ ਮਜ਼ਦੂਰ ਤਬਕਾ ਹੈ ਉਹ ਕਿਵੇਂ ਅਨਾਜ ਖਰੀਦ ਕੇ ਆਪਣਾ ਪੇਟ ਭਰ ਸਕੇ । ਗੌਰਮਿੰਟ ਕਈ ਕਿਸਮ ਦੇ ਰਲੀਫ ਦਿੰਦੀ ਹੈ । ਲੋਕਾਂ ਨੂੰ ਇਹ ਵੀ ਰਲੀਫ ਦਿੱਤਾ ਜਾਏ ਜਿਸ ਦੀ ਕਿ ਇਨਕਮ

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਤਿੰਨ ਸੌ ਰੁਪਏ ਤੋਂ ਜ਼ਿਆਦਾ ਨਾ ਹੋਵੇ ਅਤੇ ਉਸ ਨੂੰ ਘੱਟ ਰੇਟ ਤੇ ਅਨਾਜ ਵੀ ਦਿਤਾ ਜਾਣਾ ਚਾਹੀਦਾ ਹੈ ।

ਜਿਮੀਦਾਰਾਂ ਨੂੰ ਰਲੀਫ ਦੇਣ ਲਈ ਉਨ੍ਹਾਂ ਤੋਂ ਬਿਜਲੀ ਦੇ ਪੈਸੇ ਨਹੀਂ ਲੈਣੇ ਚਾਹੀਦੇ । ਖਾਦ ਅੱਧੀ ਕੀਮਤ ਤੇ ਮਿਲੇ ਅਤੇ ਹੋਰ ਵੀ ਸਹੂਲਤਾਂ ਦਿਤੀਆਂ ਜਾਣ । ਮਗਰ ਨਾਲ ਹੀ ਉਸ ਗਰੀਬ ਮਜ਼ਦੂਰ ਦਾ ਵੀ ਖਿਆਲ ਰਖਣਾ ਚਾਹੀਦਾ ਹੈ ਜਿਸ ਦੇ ਅਠ ਬੱਚੇ ਹਨ ਉਸਨੂੰ ਵੀ ਅਨਾਜ ਸਸਤੇ ਭਾਅ ਤੇ ਮਿਲਣਾ ਚਾਹੀਦਾ ਹੈ । ਜਿਸ ਤਰ੍ਹਾਂ ਰੇਲਵੇ ਵਿਚ ਜਾਂ ਹੋਰ ਥਾਂ ਵੀ ਸਰਕਾਰ ਆਪਣੇ ਪਾਸੋਂ ਕੁਝ ਹਿੱਸਾ ਪਾਕੇ ਉਨ੍ਹਾਂ ਦੀ ਮਦਦ ਕਰਦੀ ਸੀ ਇਸੇ ਤਰ੍ਹਾਂ ਇਥੇ ਵੀ ਜਿਸ ਵਰਕਰ ਦੀ ਇਨਕਮ 300 ਰੁ0 ਤੋਂ ਘਟ ਹੋਵੇ ਉਸ ਨੂੰ ਸਸਤੇ ਭਾਅ ਤੇ ਅਨਾਜ ਦਿਤਾ ਜਾਵੇ ਅਤੇ ਕਿਸਾਨ ਨੂੰ ਵੀ ਉਸ ਦੀ ਉਪਜ ਦੀ ਪੂਰੀ ਕੀਮਤ ਮਿਲੇ ।

ਫਿਰ ਕੁਝ ਦੋਸਤਾਂ ਨੇ ਜ਼ਿਕਰ ਕੀਤਾ ਕਿ ਕਾਂਗਰਸ ਨੇ 20 ਸਾਲਾਂ ਵਿਚ ਹਰੀਜਨਾਂ ਲਈ ਕੁਝ ਨਹੀਂ ਕੀਤਾ । ਮੈਂ ਇਸ ਸਮੇਂ ਇਸ ਗਲ ਵਿਚ ਬਹੁਤਾ ਨਹੀਂ ਜਾਣਾ ਚਾਹੁੰਦਾ । 1952 ਤੋਂ ਪਹਿਲਾਂ ਇਥੇ ਇੰਤਕਾਲ ਅਰਾਜ਼ੀ ਐਕਟ ਲਾਗੂ ਹੋਣ ਕਰਕੇ ਕੋਈ ਹਰੀਜਨ ਮਕਾਨ ਛੱਤਣ ਲਈ ਵੀ 3-4 ਮਰਲੇ ਜ਼ਮੀਨ ਵੀ ਨਹੀਂ ਸੀ ਖਰੀਦ ਸਕਦਾ । ਕਾਂਗਰਸ ਨੇ ਉਹ ਕਾਨੂੰਣ ਮਨਸੂਖ ਕਿਤਾ ਅਤੇ ਹੁਣ ਕੋਈ ਵੀ ਹਰੀਜਨ ਜਿੰਨੀ ਚਾਹੇ ਜਗ੍ਹਾ ਖਰੀਦ ਸਕਦਾ ਹੈ ਅਤੇ ਹੁਣ ਕਈ ਹਰੀਜਨਾਂ ਪਾਸ ਕਈ ਜ਼ਮੀਦਾਰਾਂ ਨਾਲੋਂ ਵੀ ਵਧ ਜ਼ਮੀਨ ਹੈ । (ਤਾੜੀਆਂ) ਇਹ ਠੀਕ ਹੈ ਕਿ ਅਗਰ ਹਰੀਜਨ ਗਰੀਬ ਹਨ ਤਾਂ ਕੁਛ ਜਟ ਵੀ ਗਰੀਬ ਹਨ ਇਸ ਬਾਰੇ ਕੋਈ ਫਰਕ ਨਹੀਂ ਹੋਣਾ ਚਾਹੀਦਾ । ਪਰ ਸਾਨੂੰ ਇਸ ਕੇ ਹਕ ਕਾਂਗਰਸ ਨੇ ਦਿਤੇ ਹਨ । ਸਾਡੇ ਕੰਡੀ ਦੇ ਇਲਾਕੇ ਵਿਚ ਬਹੁਤ ਸਾਰੀ ਜ਼ਮੀਨ ਪਈ ਹੈ ਜਿਸ ਨੂੰ ਮੁਸਲਮਾਨ ਛਡ ਗਏ ਹਨ । ਉਹ ਕਿਸੇ ਨੂੰ ਅਲਾਟ ਨਹੀਂ ਹੋਈ । ਅਗਰ ਇਧਰੋਂ ਕਿਸੇ ਨੂੰ ਅਲਾਟ ਹੋਵੇ ਤਾਂ ਉਹ ਕਬਜ਼ਾ ਲੈਣ ਨਹੀਂ ਜਾਂਦਾ । ਸਰਕਾਰ ਨੂੰ ਚਾਹੀਦਾ ਹੈ ਕਿ ਉਸ ਜ਼ਮੀਨ ਦੇ 12-12 ਏਕੜ ਦੇ ਪਲਾਟ ਬਣਾਕੇ, ਸਰਕਾਰੀ ਟਿਊਬਵੈਲਜ਼ ਲਾਕੇ ਹਰੀਜਨਾਂ ਨੂੰ ਦੇ ਦੇਵੇ । ਮੈਂ ਇਹ ਨਹੀਂ ਕਹਿੰਦਾ ਹਾਂ ਕਿ ਇਹ ਉਨ੍ਹਾ ਨੂੰ ਖੈਰਾਤ ਦੇ ਤੌਰ ਤੇ ਦਿਤੇ ਜਾਣ ਉਨ੍ਹਾਂ ਤੋਂ ਕੀਮਤ ਲੈ ਲਉ । ਜਿਸ ਤਰ੍ਹਾਂ ਅਜ ਕਲ ਜ਼ਮੀਨ ਦਿਤੀ ਜਾਂਦੀ ਹੈ, ਉਸ ਦਾ ਕੋਈ ਫਾਇਦਾ ਨਹੀਂ । 900 ਰੁਪਏ ਏਕੜ ਜ਼ਮੀਨ ਨਹੀਂ ਮਿਲਦੀ ਅਗਰ ਮਿਲ ਵੀ ਜਾਵੇ ਤਾਂ ਜ਼ਮੀਨ ਬਹੁਤ ਹੀ ਨਾਕਸ ਹੁੰਦੀ ਹੈ ਅਤੇ ਉਥੇ ਨਾ ਟਿਯੂਬਵੈਲ ਨਾ ਖੂਹ । ਇਸ ਲਈ ਜੋ ਕਰਜ਼ਾ ਮਿਲਦਾ ਹੈ ਉਸ ਦਾ ਕੋਈ ਫਾਇਦਾ ਨਹੀਂ ਹੁੰਦਾ । ਅਗਰ 12 ਏਕੜ ਨਹੀਂ ਦਿਤੇ ਜਾ ਸਕਦੇ ਤਾਂ 8 ਜਾਂ 10 ਏਕੜ ਦੇ ਹੀ ਪਲਾਟ ਬਣਾ ਕੇ ਹਰੀਜਨਾਂ ਅਤੇ ਦੂਜੇ ਗਰੀਬਾਂ ਨੂੰ ਦੇ ਦਿਉ । ਇਸ ਨਾਲ ਮੁਲਕ ਵਿਚੋਂ ਅਨਾਜ ਦਾ ਤੋੜਾ ਖਤਮ ਹੋਵੇਗਾ । (ਵਿਘਨ) ਹੁਣ ਦੇਖਾਂਗੇ ਤੁਸੀਂ ਕੀ ਕਰਦੇ ਹੋ । ਪਹਿਲੀ ਸਰਕਾਰ ਨੇ ਕਾਫੀ ਕੁਝ ਕੀਤਾ ਸੀ । ਮੈਂ ਕਹਿਣਾ ਨਹੀਂ ਸੀ ਚਾਹੁੰਦਾ । ਮੈਂ ਸੰਨ 1952 ਤੋਂ ਐਮ.ਐਲ.ਏ. ਚਲਿਆ ਆ ਰਿਹਾ ਹਾਂ । ਆਪ ਸਭ ਨੂੰ ਪਤਾ ਹੈ ਕਿ ਜਦੋਂ ਕਾਂਗਰਸ ਦਾ ਰਾਜ ਹੁੰਦਾ ਸੀ ਤਾਂ ਹਰੀਜਨਾ ਦੇ 4 4 ਵਜ਼ੀਰ ਰਹਿੰਦੇ ਸੀ । (ਵਿਘਨ) ਤੁਸੀਂ ਪੰਜ ਵਜ਼ੀਰ ਬਣਾਏ ਪਰ ਇਕ ਵੀ ਹਰੀਜਨ ਵਜ਼ੀਰ ਨਹੀਂ ਲਿਆ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹ ਬਹਾਦਰੀ ਤਾਂ ਕਰੋ ਤਾਂ ਜੋ ਗਰੀਬਾਂ ਦਾ ਵੀ ਭਲਾ ਹੋਵੇ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਭਾਪਤੀ** (ਸਰਦਾਰ ਸ਼ਸ਼ਪਾਲ ਸਿੰਘ) : ਇਹ ਕਿਸੇ ਨੂੰ ਹਰੀਜਨ ਸਮਝਦੇ ਹੀ ਨਹੀਂ, ਸਭ ਨੂੰ ਇਕੋ ਜਿਹਾ ਹੀ ਸਮਝਦੇ ਹਨ। (ਹਾਸਾ) (This Govt. do not treat anybody as Harijan; all are equal in their eyes.)

**ਭਗਤ ਗੁਰਾਂ ਦਾਸ ਹੰਸ** : ਮੈਂ ਸਰਕਾਰ ਨੂੰ ਕਹਾਂਗਾ ਕਿ ਅਗਰ ਇਹ ਫਲੈਟ ਰੇਟ ਖਤਮ ਨਹੀਂ ਕਰ ਸਕਦੀ ਤਾਂ ਇਸ ਨੂੰ ਅਧਾ ਤਾਂ ਕਰ ਦੇਵੇ। ਹੁਸ਼ਿਆਰਪੁਰ ਦਾ ਇਲਾਕਾ ਬੈਕਵਰਡ ਇਲਾਕਾ ਹੈ, ਉਸ ਲਈ ਤਾਂ ਇਹ ਸਿਸਟਮ ਖਤਮ ਕਰੇ। ਉਥੇ ਨਾ ਨਹਿਰਾਂ ਹਨ ਨਾ ਕੁਝ ਹੋਰ ਸਾਧਨ ਹੈ, ਸਾਡੀ ਫ਼ਰਾਖਦਿਲੀ ਦੇਖੋ, ਸਾਡੇ ਪਾਸੋਂ ਭਾਖੜਾ ਡੈਮ ਤੋਂ ਬਿਜਲੀ ਬਣਦੀ ਹੈ, ਨਹਿਰਾਂ ਨਿਕਲਦੀਆਂ ਹਨ, ਉਸ ਦਾ ਪਾਣੀ ਅਤੇ ਬਿਜਲੀ ਰਾਜਸਥਾਨ ਤਕ ਪਹੁੰਚਦਾ ਹੈ, ਪਰ ਹੁਸ਼ਿਆਰਪੁਰ ਨੂੰ ਇਸ ਡੈਮ ਦਾ ਕੋਈ ਫਾਇਦਾ ਨਹੀਂ। ਹੁਣ ਤਾਂ ਇਹ ਦੂਜੇ ਪਾਸੇ ਚਲਾ ਗਿਆ ਹੈ। ਅਸੀਂ ਕਹਿੰਦੇ ਹਾਂ ਕਿ ਸਾਡੇ ਸੂਬੇ ਵਿਚ ਹੋਣਾ ਚਾਹੀਦਾ ਹੈ, ਚੰਡੀਗੜ੍ਹ ਵੀ ਸਾਨੂੰ ਮਿਲਣਾ ਚਾਹੀਦਾ ਹੈ, ਇਸ ਲਈ ਸਾਨੂੰ ਲੜਨਾ ਚਾਹੀਦਾ ਹੈ। ਹੁਸ਼ਿਆਰਪੁਰ ਦੇ ਇਲਾਕੇ ਵਿਚ ਨਾਂ ਨਹਿਰਾਂ ਹਨ ਅਤੇ ਨਾਂ ਟਿਊਬਵੈਲ। ਸਰਕਾਰ ਨੂੰ ਚਾਹੀਦਾ ਹੈ ਕਿ ਉਸ ਇਲਾਕੇ ਵਿਚ ਟਿਊਬਵੈਲ ਲਗਾਏ। ਫਿਰ ਅਗਰ ਕੋਈ ਜ਼ਿਮੀਦਾਰ ਟਿਊਬਵੈਲ ਲਈ ਕਰਜ਼ਾ ਲੈਂਦਾ ਹੈ ਤਾਂ ਉਸ ਤੋਂ ਇੰਡਸਟਰੀ ਵਾਲੇ ਸੂਦ ਦੀ ਦਰ ਤੇ ਹੀ ਸੂਦ ਲਿਆ ਜਾਣਾ ਚਾਹੀਦਾ ਹੈ। ਵਧ ਸੂਦ ਨਹੀਂ ਲੈਣਾ ਚਾਹੀਦਾ। ਇਸ ਨਾਲ ਦੇਸ਼ ਦੀ ਤਰਕੀ ਹੋਵੇਗੀ। ਅਗਰ ਪਾਰਟੀਬਾਜ਼ੀ ਵਿਚ ਹੀ ਉਲਝੇ ਰਹੇ ਤਾਂ ਮੁਲਕ ਦੀ ਤਰਕੀ ਨਹੀਂ ਹੋਣ ਲਗੀ। ਇਸ ਬਾਰੇ ਹੋਰ ਨਾ ਕਹਿੰਦਾ ਹੋਇਆ ਅਰਜ਼ ਕਰਾਂਗਾ ਕਿ ਫਲੈਟਰੇਟ ਨੂੰ ਖਤਮ ਕਰੋ ਅਤੇ ਮੀਟਰ ਸਿਸਟਮ ਚਾਲੂ ਕਰੋ। ਬਿਜਲੀ ਜੋ 5 ਦਿਨ ਵੀ ਪੂਰੀ ਨਹੀਂ ਮਿਲਦੀ ਪੂਰਾ ਹਫ਼ਤਾ ਮਿਲਣੀ ਚਾਹੀਦੀ ਹੈ। ਦਿਨ ਨੂੰ ਪਾਣੀ ਦੇਣ ਦੀ ਪਾਬੰਦੀ ਵੀ ਹਟਣੀ ਚਾਹੀਦੀ ਹੈ। ਰਾਤ ਨੂੰ ਸਪਾਂ ਆਦਿ ਦੇ ਲੜਨ ਦਾ ਡਰ ਲਗਾ ਰਹਿੰਦਾ ਹੈ। ਜ਼ਿਮੀਦਾਰਾਂ ਨੂੰ ਦਿਨੇ ਪਾਣੀ ਦੇਣ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਤਰ੍ਹਾਂ ਕਿਸਾਨ ਦੀ ਤਰੱਕੀ ਹੋਵੇਗੀ ਅਤੇ ਦੇਸ਼ ਦਾ ਕਲਿਆਣ ਹੋਵੇਗਾ। ਇੰਨਾ ਕਹਿਕੇ ਆਪ ਦਾ ਧਨੰਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਟਾਈਮ ਦਿਤਾ।

(ਇਸ ਵੇਲੇ ਸ਼੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

**ਬਾਵਾ ਹਰਨਾਮ ਸਿੰਘ** (ਕਪੂਰਥਲਾ) : ਸਪੀਕਰ ਸਾਹਿਬ ਫਲੈਟ ਰੇਟ ਸਬੰਧੀ ਮੈਂ ਕੁਝ ਵਿਚਾਰਾਂ ਪੇਸ਼ ਕਰਨੀਆਂ ਹਨ। ਮੈਂਨੂੰ ਇਹ ਦੇਖ ਕੇ ਬੜੀ ਖੁਸ਼ੀ ਹੋਈ ਕਿ ਜੋ ਕਾਨੂੰਨ ਪਿਛੇ ਜਿਹੇ ਪਾਸ ਹੋਏ ਸਨ ਉਨ੍ਹਾਂ ਦੇ ਸਬੰਧ ਵਿਚ ਅਸਾਂ ਫਿਰ ਤੋਂ ਨਜ਼ਰਸਾਨੀ ਕਰਨੀ ਸ਼ੁਰੂ ਕਿਤੀ ਹੈ। ਮੈਨੂੰ ਇਸ ਗਲ ਦੀ ਵੀ ਖੁਸ਼ੀ ਹੈ ਕਿ ਸਾਡੇ ਜੋ ਬਿਜਲੀ ਮੰਤਰੀ ਬਾਸੀ ਸਾਹਿਬ ਹਨ ਇਹ ਬੜੇ ਤਜਰਬੇਕਾਰ ਹਨ ਅਤੇ ਇਨ੍ਹਾਂ ਨੂੰ ਵਡੇ ਵਡੇ ਡੈਮ ਬਣਵਾਉਣ ਦਾ ਤਜਰਬਾ ਹੈ ਅਤੇ ਇਹ ਵਡੇ ਵਡੇ ਤਜੁਰਬਿਆਂ ਵਿਚੋਂ ਲੰਘੇ ਹੋਏ ਹਨ। ਜਿਥੇ ਤਕ ਫਲੈਟ ਰੇਟ ਦਾ ਸਬੰਧ ਹੈ ਇਹ ਜ਼ਿਮੀਦਾਰਾਂ ਅਤੇ ਕਿਸਾਨਾਂ ਤੇ ਬੋਝਲ ਹੈ। ਜੋ ਕਿਸਾਨ ਹਨ ਉਨ੍ਹਾਂ ਵਿਚੋਂ 85% ਇਸ ਦੇ ਖਿਲਾਫ ਹਨ। ਇਸ ਸਿਸਟਮ ਦਾ ਲੋਕਾਂ ਨੂੰ ਬੜਾ ਸਖਤ ਤਜ਼ਰਬਾ ਹੋ ਚੁਕਾ ਹੈ ਅਤੇ ਆਮ ਜਨਤਾ ਇਸ ਦੇ ਖਿਲਾਫ ਹੈ। ਇਨ੍ਹਾਂ ਇਲੈਕਸ਼ਨਾਂ ਵਿਚ ਆਮ ਦੁਨੀਆਂ ਨੇ ਦੋ ਕਾਨੂੰਨਾਂ ਦੇ ਖਿਲਾਫ ਆਵਾਜ਼ ਉਠਾਈ

Original with;
Punjab Vidhan Sabha
Digitized by;
Panjab Digital Library

[ਬਾਵ ਹਰਨਾਮ ਸਿੰਘ]

ਸੀ। ਇਕ ਤਾਂ ਹਿੰਦੂ ਕੋਡ ਐਕਟ ਦੇ ਖਿਲਾਫ਼ ਤੇ ਇਕ ਇਸ ਫਲੈਟ ਰੇਟ ਸਿਸਟਮ ਦੇ ਖਿਲਾਫ਼। ਇਹ ਬੜਾ ਚੰਗਾ ਹੁੰਦਾ ਅਗਰ ਇਹ ਮਤਾ ਟ੍ਰੈਯਰੀ ਬੈਚਾਂ ਵਲੋਂ ਹੀ ਆਉਂਦਾ ਅਤੇ ਅਜ ਹੀ ਪਾਸ ਹੋ ਜਾਂਦਾ। ਜਿਥੋਂ ਤਕ ਕਪੂਰਥਲੇ ਦਾ ਸਬੰਧ ਹੈ ਉਥੇ ਬਿਜਲੀ ਦੀ ਬਹੁਤ ਕਮੀ ਹੈ।ਬੇਟ ਏਰਿਆ ਹੋਣ ਕਰਕੇ ਝੋਨੇ ਦੀ ਹੀ ਫਸਲ ਹੁੰਦੀ ਹੈ। ਉਥੇ ਦੇ ਲੋਕਾਂ ਨੂੰ ਸਾਰਾ ਸਾਲ ਗੁਜ਼ਾਰਾ ਕਰਨਾ ਪੈਂਦਾ ਹੈ। ਜਿਥੇ ਹੁਣੇ ਜਿਹੇ ਕਣਕ ਦੀ ਖੇਤੀ ਸ਼ੁਰੂ ਹੋਈ ਹੈ ਉਥੇ ਇਕ ਜਾਂ ਦੋ ਪਾਣੀ ਦੇਣਾ ਵੀ ਔਖਾ ਹੁੰਦਾ ਹੈ। ਕਪੂਰਥਲੇ ਤੋਂ ਲੈਕੇ 30 ਮੀਲ ਲੰਬੀ ਲਾਈਨ ਹੈ। ਅਗਰ ਵਿਚੋਂ ਕਿਤੇ ਟ੍ਰਿਪ ਕਰ ਜਾਵੇ ਤਾਂ ਦੋ ਦੋ ਦਿਨ ਦੀਵੇ ਨਹੀਂ ਬਲਦੇ ਅਤੇ ਜ਼ਰਾਇਤ ਦਾ ਕੰਮ ਠਪ ਹੋ ਜਾਂਦਾ ਹੈ।

ਪਰ ਜਲੰਧਰ ਅਤੇ ਕਪੂਰਥਲੇ ਵਿਚ ਫੈਕਟਰੀਆਂ ਚਲਦੀਆਂ ਰਹਿੰਦੀਆਂ ਹਨ ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜ਼ਿਮੀਂਦਾਰ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ। ਉਸ ਦੀ ਫਸਲ ਸੁਕ ਜਾਂਦੀ ਹੈ ਪਾਣੀ ਨਹੀਂ ਦਿਤਾ ਜਾਂਦਾ ਅਤੇ ਭਾਰੀ ਮੁਸ਼ੀਬਤ ਦਾ ਉਸ ਨੂੰ ਸਾਹਮਣਾ ਕਰਨਾ ਪੈਂਦਾ ਹੈ। ਇਹ ਚੀਜ਼ ਖਤਮ ਕੀਤੀ ਜਾਣੀ ਚਾਹੀਦੀ ਹੈ।

ਇਥੇ ਫਲੈਟ ਰੇਟ ਦੇ ਸਬੰਧ ਵਿਚ ਜਿਕਰ ਕੀਤਾ ਜਾ ਰਿਹਾ ਹੈ। ਜਦ ਮਹਿਕਮਿਆਂ ਵਾਲਿਆਂ ਨਾਲ ਇਸ ਦੇ ਬਾਰੇ ਵਿਚ ਗਲ ਕੀਤੀ ਜਾਂਦੀ ਹੈ ਤਾਂ ਇਹ ਕਹਿੰਦੇ ਹਨ ਕਿ ਬਿਜਲੀ ਦੀ ਕਿਉਂਕਿ ਚੋਰੀ ਹੁੰਦੀ ਸੀ ਇਸ ਲਈ ਫਲੈਟ ਰੇਟ ਲਗਾਇਆ ਗਿਆ ਹੈ। ਪਰ ਇਸ ਨਾਲ ਬਹੁਤ ਭਾਰ ਕਿਸਾਨ ਤੇ ਪਾ ਦਿਤਾ ਗਿਆ ਹੈ ਜਿਸ ਤੇ ਪਹਿਲਾਂ ਹੀ ਭਾਰ ਘਟ ਨਹੀਂ। ਇਕ ਪਾਸੇ ਤਾਂ ਪੰਜਾਬ ਸਰਕਾਰ ਉਨ੍ਹਾਂ ਤੋਂ ਹਰ ਹੀਲੇ ਟੈਕਸ ਵਸੂਲ ਕਰ ਰਹੀ ਹੈ ਅਤੇ ਦੂਜੇ ਪਾਸੇ ਸੈਂਟਰ ਦੀ ਸਰਕਾਰ ਨੇ ਇਸ ਸਾਲ ਇਨ੍ਹਾਂ ਤੇ ਹੋਰ ਭਾਰ ਪਾ ਦਿਤ ਹੈ। ਡੀਜ਼ਲ ਦਾ ਭਾਅ ਵਧਾ ਦਿਤਾ ਗਿਆ ਹੈ ਫਰਟੇਲਾਈਜ਼ਰ ਦਾ ਰੇਟ ਵਧਾ ਦਿਤਾ ਗਿਆ ਹੈ ਅਤੇ ਹੁਣ ਟੈਕਸ ਨਵਾਂ ਲਗਾਣ ਦੀ ਸੋਚ ਕੀਤੀ ਜਾ ਰਹੀ ਹੈ, ਇਹ ਸਾਰਾ ਕਿਸਾਨ ਤੇ ਹੀ ਭਾਰ ਹੈ। ਇਸ ਬੋਝ ਦੇ ਸਬੰਧ ਵਿਚ ਇਹ ਕਿਹਾ ਜਾਂਦਾ ਹੈ ਕਿ ਬਲੈਕ ਮਨੀ ਨੂੰ ਵੈਸੇ ਤਾਂ ਸਰਕਾਰ ਫੜ ਨਹੀਂ ਸਕੀ ਜਾਂ ਮੈਂ ਤਾਂ ਇਹ ਕਹਾਂਗਾ ਕਿ ਪਕੜਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਅਤੇ ਇਹ ਕਹਿ ਦਿਤਾ ਗਿਆ ਕਿ ਜਿਨ੍ਹਾਂ ਪਾਸ ਬਲੈਕ ਮਨੀ ਹੈ ਉਨ੍ਹਾਂ ਨੇ ਜ਼ਮੀਨਾ ਖਰੀਦ ਕਰ ਲਈਆਂ ਹਨ ਅਤੇ ਇਸ ਤਰ੍ਹਾਂ ਆਪਣੀ ਰਕਮ ਨੂੰ ਸੁਫੈਦ ਕਰ ਲਿਆ ਹੈ। ਇਸ-ਲਈ ਜ਼ਮੀਨ ਤੇ ਟੈਕਸ ਵਧਾਇਆ ਜਾ ਰਿਹਾ ਹੈ। ਹਰ ਇਕ ਚੀਜ਼ ਜਿਸ ਦੀ ਕਿਸਾਨ ਨੂੰ ਲੋੜ ਹੈ ਉਸ ਦੀ ਕੀਮਤ ਵਧਾ ਦਿਤੀ ਗਈ ਹੈ ਅਤੇ ਇਸ ਤਰੀਕੇ ਨਾਲ ਕਿਸਾਨ ਤੇ ਬੋਝ ਪਾਇਆ ਜਾ ਰਿਹਾ ਹੈ। ਬਜਾਏ ਬਲੈਕ ਮਾਰਕੀਟ ਕਰਨ ਵਾਲਿਆਂ ਜਾ ਬਲੈਕ ਮਨੀ ਬਨਾਣ ਵਾਲਿਆਂ ਨੂੰ ਫੜਿਆ ਜਾਂਦਾ ਉਸ ਦੀ ਸਜ਼ਾ ਕਿਸਾਨ ਨੂੰ ਦਿਤੀ ਜਾ ਰਹੀ ਹੈ। ਬਲੈਕ ਮਨੀ ਤਾਂ ਦੋ ਚਾਰ ਜਾਂ 5 ਫੀ ਸਦੀ ਪਾਸ ਹੈ ਪਰ 85 ਜਾਂ 90 ਫੀਸਦੀ ਬੇਗੁਨਾਹਾਂ ਨੂੰ ਇਸ ਦਾ ਭੁਗਤਾਨ ਭੁਗਤਣਾ ਪੈ ਰਿਹਾ ਹੈ।

ਜਿਥੋਂ ਤਕ ਕਪੂਰਥਲੇ ਦਾ ਸਬੰਧ ਹੈ ਬਿਜਲੀ ਘਟ ਸਪਲਾਈ ਕੀਤੀ ਜਾਂਦੀ ਹੈ ਦਿਲਵਾਂ ਅਤੇ ਧਾਰੀਵਾਲ ਵਿਚ ਕੰਮ ਬਿਜਲੀ ਨਾ ਹੋਣ ਕਾਰਨ ਬੰਦ ਪਿਆ ਹੈ। ਟਿਊਬਵੈਲਾਂ ਨੂੰ ਬਿਜਲੀ

Original with;
Punjab Vidhan Sabha
Digitized by;
Panjab Digital Library

ਨਹੀਂ ਦਿਤੀ ਜਾ ਰਹੀ ਇਸ ਪਾਸੇ ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਫੌਰੀ ਤੌਰ ਤੇ ਧਿਆਨ ਦੇਣ ਅਤੇ ਬਿਜਲੀ ਦੀ ਸਪਲਾਈ ਜਾਰੀ ਕੀਤੀ ਜਾਵੇ ।

ਜਿਥੋਂ ਤਕ ਬਿਜਲੀ ਬੋਰਡ ਦਾ ਤੱਅਲੁਕ ਹੈ ਮੈਂ ਕਹਾਂਗਾ ਕਿ ਬਿਜਲੀ ਬੋਰਡ ਨੂੰ ਦਰੁਸਤ ਕਰਨਾ ਚਾਹੀਦਾ ਹੈ । ਇਸ ਵਿਚ ਭਾਰੀ ਕੁਰਪਸ਼ਨ ਹੈ ਅਤੇ ਮਹਿਕਮੇ ਵਿਚ ਵੀ ਹੈ । ਕਈ ਤਰ੍ਹਾਂ ਦੀਆਂ ਤਕਲੀਫਾਂ ਹਨ ਤੇ ਜਿਹੜੇ ਮੈਂਬਰ ਇਥੇ ਚੁਣੇ ਹੋਏ ਆਏ ਹਨ ਉਨ੍ਹਾਂ ਨੂੰ ਪਤਾ ਹੈ ਕਿ ਕਿਸ ਕਿਸ ਤਰ੍ਹਾਂ ਦੀਆਂ ਤਕਲੀਫਾਂ ਬਿਜਲੀ ਕਾਰਨ ਹਨ ਅਤੇ ਮਹਿਕਮੇ ਵਿਚ ਕੀ ਕੁਝ ਕੀਤਾ ਜਾਂਦਾ ਹੈ । ਅਸਾਨੂੰ ਸਾਰਿਆਂ ਨੂੰ ਇਸ ਬੋਰਡ ਦੀ ਵਰਕਿੰਗ ਦਾ ਤਜਰਬਾ ਹੋ ਚੁਕਿਆ ਹੈ । ਪਹਿਲੇ ਜਿਨੇ ਵੀ ਇਸ ਸਬੰਧ ਵਿਚ ਕਾਨੂੰਨ ਬਣਾਏ ਹੋਏ ਹਨ ਉਨ੍ਹਾਂ ਨੂੰ ਅਜ ਦੇ ਬਦਲੇ ਹੋਏ ਹਾਲਾਤ ਵਿਚ ਨਜ਼ਰਸਾਨੀ ਕਰਨ ਦੀ ਲੋੜ ਹੈ । ਜਿਥੇ ਜਿਥੇ ਨੁਕਸ ਹਨ ਉਨ੍ਹਾਂ ਨੂੰ ਬਦਲ ਦਿਤਾ ਜਾਵੇ । ਜਿਥੇ ਖਾਲਾਂ ਹਨ ਜਾਂ ਸਰਕਾਰੀ ਟਿਊਬਵੈਲ ਹਨ ਉਥੇ ਕਿਸ ਤਰੀਕੇ ਨਾਲ ਮਾਮਲਾ ਲਗਾਇਆ ਜਾਵੇ ਇਸ ਤੇ ਮੁੜ ਕੇ ਵਿਚਾਰ ਕੀਤੇ ਜਾਣ ਦੀ ਲੋੜ ਹੈ । 55 ਏਕੜ ਵਾਲੇ ਨੂੰ ਅਤੇ ਤਿੰਨ ਏਕੜ ਵਾਲੇ ਨੂੰ ਇਕ ਤਰ੍ਹਾਂ ਦਾ ਫਲੈਟ ਰੇਟ ਨਹੀਂ ਲਗਣਾ ਚਾਹੀਦਾ । ਜਿਨ੍ਹਾਂ ਨੇ ਟਿਊਬਵੈਲ ਲਗਾਣੇ ਹਨ ਉਨ੍ਹਾਂ ਦਾ ਹਕ ਹੈ ਕਿ ਉਨ੍ਹਾਂ ਨੂੰ ਬਿਜਲੀ ਸਪਲਾਈ ਕੀਤੀ ਜਾਵੇ ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜਿਥੇ ਸਰਕਾਰੀ ਟਿਊਬਵੈਲ ਲਗੇ ਹੋਏ ਹਨ ਉਨ੍ਹਾਂ ਤੇ ਮੀਟਰ ਲਗਾ ਦਿਤੇ ਜਾਣ ਤਾਕਿ ਪਾਣੀ ਠੀਕ ਤਰੀਕੇ ਨਾਲ ਲਿਆ ਜਾ ਸਕੇ ਅਤੇ ਪਾਣੀ ਖਾਲਾਂ ਰਾਹੀਂ ਜੋ ਦਿਤਾ ਜਾਂਦਾ ਹੈ ਉਸ ਤੇ ਮੀਟਰ ਦਾ ਪਰਬੰਧ ਕੀਤਾ ਜਾਣਾ ਚਾਹੀਦਾ ਹੈ । ਪੈਪਸੂ ਵਿਚ ਵੀ ਇਸ ਪਖ ਵਿਚ ਤਜੁਰਬਾ ਸ਼ੁਰੂ ਕੀਤਾ ਗਿਆ ਸੀ ਚੰਗੇ ਟਿਊਬਵੈਲ ਲਗਾਣ ਦਾ ਇਸ ਤਰ੍ਹਾਂ ਦਾ ਤਜਰਬਾ ਇਥੇ ਵੀ ਹੋਣਾ ਚਾਹੀਦਾ ਹੈ ਕਿ ਸਰਕਾਰੀ ਤੌਰ ਤੇ ਵਡੇ ਵਡੇ ਟਿਊਬਵੈਲ ਲਗਾਏ ਜਾਣ ਅਤੇ ਇਸ ਸਬੰਧ ਵਿਚ ਜਿਥੇ ਲਗੇ ਹੋਏ ਹਨ ਉਥੇ ਨਾ ਨਾਲੀਆਂ ਠੀਕ ਕੀਤੀਆਂ ਜਾਂਦੀਆਂ ਹਨ ਨਾ ਮਸ਼ੀਨਾਂ ਬਦਲਦੀਆਂ ਹਨ । ਜੇਕਰ ਇਕ ਵੇਰ ਖਰਾਬ ਹੋ ਗਈ ਤਾਂ ਫਿਰ ਕੋਈ ਧਿਆਨ ਨਹੀਂ ਦਿੰਦਾ । ਬਿਜਲੀ ਦੀ ਸਪਲਾਈ ਇਨੀ ਨਾਕਸ ਹੈ ਕਿ ਕਈ ਵੇਰ ਲੋ ਵੋਲਟੇਜ ਹੋਣ ਕਾਰਨ ਮੋਟਰਾਂ ਸੜ ਜਾਂਦੀਆਂ ਹਨ । ਅਤੇ ਇਸ ਤਰ੍ਹਾਂ ਭਾਰੀ ਨੁਕਸਾਨ ਹੁੰਦਾ ਹੈ । ਇਸ ਪਾਸੇ ਫੌਰਨ ਧਿਆਨ ਦੇਣ ਦੀ ਲੋੜ ਹੈ । ਇਨ੍ਹਾਂ ਗਲਾਂ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ ਅਤੇ ਜ਼ਿਮੀਦਾਰ ਤੇ ਭਾਰੀ ਬੋਝ ਪਾਇਆ ਜਾ ਰਿਹਾ ਹੈ । ਡੀਜ਼ਲ ਦੀ ਸਪਲਾਈ ਨਾਕਸ ਹੈ ਰੇਟ ਵਧਾ ਦਿਤਾ ਗਿਆ ਹੈ । ਹਿੰਦੂ ਕੋਡ ਬਿਲ ਅਨੁਸਾਰ ਜ਼ਮੀਨ ਵੰਡੀ ਜਾ ਰਹੀ ਹੈ ਫਰੈਗਮੈਂਟੇਸ਼ਨ ਹੋ ਰਹੀ ਹੈ ਅਤੇ ਖਰਚਾ ਵਧ ਰਿਹਾ ਹੈ । ਇਕ ਪਾਸੇ ਤਾਂ ਸ਼ਹਿਰਾਂ ਵਿਚ ਇਕ ਆਦਮੀ ਦਸ ਦਸ ਕਾਰਖਾਨੇ ਲਗਾ ਸਕਦਾ ਹੈ, ਉਸ ਤੇ ਕੋਈ ਪਾਬੰਦੀ ਨਹੀਂ ਪਰ ਇਥੇ ਜ਼ਮੀਨ ਤੇ ਪਾਬੰਦੀ ਲਗਾ ਦਿਤੀ ਗਈ ਹੈ, ਜ਼ਿਮੀਦਾਰ 30 ਏਕੜ ਤੋਂ ਜ਼ਿਆਦਾ ਜ਼ਮੀਨ ਨਹੀਂ ਖਰੀਦ ਕਰ ਸਕਦਾ ।

ਮੈਂ ਇਸੇ ਹੀ ਸਬੰਧ ਵਿਚ ਇਹ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪਾਕਿਸਤਾਨ ਤੋਂ ਲੱਖਾਂ ਸ਼ਰਨਾਰਥੀ ਆਏ ਤੇ ਲਖਾਂ ਏਕੜ ਜ਼ਮੀਨ ਛਡ ਕੇ ਆਏ, ਮਾਲ ਦੇ ਰੀਕਾਰਡ ਵੀ ਆ ਗਏ ਪਰ ਅਜੇ ਤਕ ਉਨ੍ਹਾਂ ਨੂੰ ਪੂਰੀ

Original with;
Punjab Vidhan Sabha
Digitized by;
Panjab Digital Library

[ਬਾਵਾ ਹਰਨਾਮ ਸਿੰਘ]

ਜ਼ਮੀਨ ਨਹੀਂ ਦਿਤੀ । । ਉਨ੍ਹਾਂ ਦੀ ਲਖਾਂ ਏਕੜ ਜ਼ਮੀਨ ਬਕਾਇਆ ਹੈ । ਇਥੇ ਪਹਿਲਾਂ ਇਹ ਕਿਹਾ ਗਿਆ ਸੀ ਕਿ ਇਹ ਜ਼ਮੀਨ ਦੀ ਪਹਿਲੀ ਕਿਸ਼ਤ ਹੈ ਅਤੇ ਇਹ ਲੈ ਲਓ ਫਿਰ ਬਾਅਦ ਵਿਚ ਹੋਰ ਦਿਆਂਗੇ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸ਼ਰਨਾਰਥੀ ਆਪਸ ਵਿਚ ਜਥੇਬੰਦ ਨਾ ਹੋ ਸਕੇ ਅਤੇ ਖਿੰਡ ਗਏ ਵਖ ਵਖ ਥਾਵਾਂ ਤੇ ਇਸ ਲਈ ਉਨ੍ਹਾਂ ਨੂੰ ਜ਼ਮੀਨ ਦੀ ਦੂਜੀ ਕਿਸਤ ਹੀ ਅਲਾਟ ਨਹੀਂ ਕੀਤੀ ਗਈ ਹਾਲਾਂਕਿ ਜ਼ਮੀਨ ਪਈ ਹੋਈ ਹੈ। ਕਾਫੀ ਐਮ. ਐਲ. ਏ. ਵੀ ਆਏ ਹਨ ਜਿਨ੍ਹਾਂ ਪਾਸ ਉਧਰ ਬਹੁਤ ਜ਼ਮੀਨ ਸੀ । 60 ਜਾਂ 70 ਫੀ ਸਦੀ ਕਟੌਤੀ ਉਨ੍ਹਾਂ ਤੇ ਲਗਾ ਦਿਤੀ ਗਈ ਹੈ । ਕੀ ਇਹ ਸਰਕਾਰ ਤੋਂ ਪੁਛਿਆ ਜਾ ਸਕਦਾ ਹੈ ਕਿ ਇਹ ਕਟੌਤੀ ਸ਼ਰਨਾ- ਰਥੀਆਂ ਤੇ ਕਿਉਂ ਲਗਾਈ ਗਈ ਹੈ ਅਤੇ ਇਨ੍ਹਾਂ ਗਰੀਬਾਂ ਤੇ ਕਿਉਂ ਭਾਰ ਪਾ ਦਿਤਾ ਗਿਆ ਹੈ। ਫੌਜੀ ਜਿਹੜਾ ਅੰਗਰੇਜ਼ ਦੀ ਨੌਕਰੀ ਕਰਦਾ ਰਿਹਾ ਜਦ ਉਹ ਵਾਪਸ ਆਉਂਦਾ ਹੈ ਤਾਂ ਉਸ ਨੂੰ ਸਾਰੀ ਉਮਰ ਲਈ ਪੈਨਸ਼ਨ ਮਿਲਦੀ ਰਹਿੰਦੀ ਹੈ ਪਰ ਸ਼ਰਨਾਰਥੀ ਕਿਸਾਨਾਂ ਨੂੰ ਕੁਝ ਵੀ ਨਹੀਂ ਦਿਤਾ ਗਿਆ । ਫਿਰ ਜ਼ਮੀਨ ਦੀ ਜੰਮਾਬੰਧੀ ਹੋਈ ਅਤੇ ਜਮਾਬੰਧੀ ਅਨੁਸਾਰ ਜ਼ਮੀਨ ਕਢ ਦਿਤੀ। ਜਮਾਬੰਧੀ ਤਾਂ ਕਿਸਾਨ ਦਾ ਇਕ ਬੈਂਕ ਹੁੰਦਾ ਹੈ ਅਤੇ ਇਸ ਅਨੁਸਾਰ ਹਰ ਕਿਸਾਨ ਦੀ ਜ਼ਮੀਨ ਪੂਰੀ ਕੀਤੀ ਜਾਣੀ ਚਾਹੀਦੀ ਸੀ ਪਰ ਨਹੀਂ ਕੀਤੀ ਗਈ। ਸ਼ਰਨਾਰਥੀ ਨੂੰ ਤਾਂ ਹਰ ਪਾਸਿਓ ਕਸਰ ਲਗ ਰਹੀ ਹੈ । ਛੋਟੇ ਛੋਟੇ ਟੁਕੜਿਆਂ ਵਿਚ ਉਸ ਨੂੰ ਜ਼ਮੀਨ ਦਿਤੀ ਗਈ, ਇਸ ਲਈ ਮੈਂ ਸਰਕਾਰ ਪਾਸ ਕਹਾਂਗਾ ਕਿ ਜੋ ਜ਼ਮੀਨ ਸ਼ਰਨਾਰਥੀ ਦੀ ਰਹਿ ਗਈ ਹੈ ਉਹ ਉਨ੍ਹਾਂ ਨੂੰ ਦਿਤੀ ਜਾਵੇ ਭਾਵੇਂ ਬੰਜਰ ਜ਼ਮੀਨ ਵਿਚੋਂ ਹੀ ਦੇ ਦਿਤੀ ਜਾਵੇ । ਅਤੇ ਜਿਹੜੀ ਜ਼ਮੀਨ ਰਹਿ ਗਈ ਸੀ ਅਤੇ ਅਲਾਟ ਸ਼ਰਨਾਰਥੀਆਂ ਨੂੰ ਨਹੀਂ ਸੀ ਕੀਤੀ ਗਈ ਉਹ ਅਲਾਟ ਕਰ ਦਿਤੀ ਜਾਵੇ। ਇਹ ਕਿਹਾ ਗਿਆ ਸੀ ਕਿ ਇਹ ਤਾਂ ਪਹਿਲੀ ਕਿਸ਼ਤ ਦਿਤੀ ਜਾ ਰਹੀ ਹੈ, ਕਿ ਸ਼ਰਨਾਰਥੀ ਜਥੇਬੰਦ ਨਹੀਂ ਹੋਏ ਇਸ ਲਈ ਉਨ੍ਹਾਂ ਦੀ ਆਵਾਜ਼ ਨੂੰ ਨਹੀਂ ਉਠਾਇਆ ਜਾ ਸਕਿਆ । ਜਿਨੀਆਂ ਸ਼ਾਮਲਾਤਾਂ ਪਈਆਂ ਹਨ ਇਨ੍ਹਾਂ ਵਿਚ ਵੀ ਹਿਸਾ ਨਹੀਂ ਦਿਤਾ ਗਿਆ ਅਤੇ ਕਈ ਸ਼ਰਨਾਰਥੀ ਭਰਾਵਾਂ ਦੇ ਅਨਸੈਟਿਸਫਾਈਡ ਕਲੇਮ ਪਏ ਹਨ । ਸ਼ਰਨਾਰਥੀ ਦੌੜਦੇ ਫਿਰਦੇ ਹਨ ਪਰ ਉਨ੍ਹਾਂ ਨੂੰ ਜ਼ਮੀਨਾਂ ਅਲਾਟ ਨਹੀਂ ਕੀਤੀਆਂ ਗਈਆਂ । ਅਜ ਤੀਕ ਵੀ ਸੈਂਕੜੇ ਰੋਜ਼ ਆਉਂਦੇ ਨੇ ਅਤੇ ਇਸੇ ਕੰਮ ਲਈ ਫਿਰਦੇ ਰਹਿੰਦੇ ਨੇ ਕਦੇ ਇਕ ਦਫਤਰ ਕਦੇ ਦੂਜੇ ਦਫਤਰ । ਇਸ ਪਾਸੇ ਫੌਰੀ ਤੌਰ ਤੇ ਧਿਆਨ ਦੇਣ ਦੀ ਲੋੜ ਹੈ। (ਵਿਘਨ)

**ਚੌਧਰੀ ਤੁਲਸੀ ਰਾਮ ਚੌਹਾਨ :** ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਡਿਪਟੀ ਸਪੀਕਰ ਸਾਹਿਬ, ਆਪ ਦਾ ਧਿਆਨ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਥੇ ਮਤਾ ਤਾਂ ਫਲੈਟ ਰੇਟ ਦਾ ਪੇਸ਼ ਕੀਤਾ ਗਿਆ ਹੈ ਕਿ ਇਸ ਨੂੰ ਹਟਾ ਦਿਤਾ ਜਾਵੇ ਤੇ ਬਿਜਲੀ ਬੋਰਡ ਦੇ ਢੰਗ ਤੇ ਖਿਆਲਾਤ ਪੇਸ਼ ਕੀਤੇ ਜਾ ਰਹੇ ਹਨ ਪਰ ਮਾਨਯੋਗ ਮੈਂਬਰ ਜੋ ਬੋਲ ਰਹੇ ਹਨ ਉਹ ਸ਼ਰਨਾਰਥੀਆਂ ਨੂੰ ਜ਼ਮੀਨ ਅਲਾਟ ਕਰਾਉਣ ਦੇ ਬਾਰੇ ਵਿਚ ਹਨ । ਇਨ੍ਹਾਂ ਨੂੰ ਕਿਹਾ ਜਾਵੇ ਕਿ ਇਥੇ ਜ਼ਮੀਨ ਦਾ ਮਸਲਾ ਡਿਸਕਸ ਨਾ ਕਰਨ ।

**ਸ਼੍ਰੀ ਡਿਪਟੀ ਸਪੀਕਰ :** ਮੈਂ ਆਨਰੇਬਲ ਮੈਂਬਰ ਪਾਸ ਬੇਨਤੀ ਕਰਾਂਗਾ ਕਿ ਇਹ ਆਪਣੀ ਸਪੀਚ ਫਲੈਟ ਰੇਟ ਦੇ ਮਤੇ ਤਕ ਹੀ ਸੀਮਤ ਰਖਣ । (I would request the hon.

Original with;
Punjab Vidhan Sabha
Digitized by;
Panjab Digital Library

Member that he should confine his speech to the resolution in respect of the Flat Rate.)

**ਬਾਵਾ ਹਰਨਾਮ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਬਿਜਲੀ ਦੇ ਬਾਰੇ ਵਿਚ ਹੀ ਜ਼ਿਕਰ ਕਰ ਰਿਹਾ ਹਾਂ ਇਸ ਦੇ ਨਾਲ ਹੀ ਇਹ ਕਹਿਣਾ ਜ਼ਰੂਰੀ ਬਣ ਜਾਂਦਾ ਹੈ ਕਿ ਜ਼ਮੀਨ ਖੁਸਦੀ ਜਾ ਰਹੀ ਹੈ ਅਤੇ ਇਸ ਦੇ ਨਾਲ ਮੁਕਦਮੇ ਬਾਜ਼ੀ ਵਧ ਰਹੀ ਹੈ ਅਜ ਤਕ ਲੋਕ ਸੈਕਟੇਰੀਐਟ ਵਿਚ ਆ ਰਹੇ ਹਨ ਪਰ ਕੋਈ ਸੁਣਵਾਈ ਨਹੀਂ ਕੀਤੀ ਗਈ। ਬੰਜਰ ਕਦੀਮ ਅਤੇ ਸ਼ਾਮਲਾਤ ਦੇਹ ਨੂੰ ਨਹੀਂ ਕੀਤਾ ਗਿਆ। (ਵਿਘਨ)

**ਸ਼੍ਰੀ ਡਿਪਟੀ ਸਪੀਕਰ :** ਤੁਸੀਂ ਫਲੈਟ ਰੇਟ ਬਾਰੇ ਗਲ ਕਰੋ। (Please confine your speech to the Flat Rate only.)

**ਬਾਵਾ ਹਰਨਾਮ ਸਿੰਘ :** ਸ਼ਰਨਾਰਥੀਆਂ ਦੀਆਂ ਜ਼ਮੀਨਾਂ ਜਿਹੜੀਆਂ ਇਧਰ ਰਹਿ ਗਈਆਂ ਸਨ ਉਨ੍ਹਾਂ ਦਾ 35 ਜਾਂ 40 ਕਰੋੜ ਰੁਪਿਆ ਵਟਿਆ ਗਿਆ ਹੈ ਪਰ ਇਸ ਦਾ ਕੋਈ ਕਨਸਾਲੀਡੇਟਿਡ ਫੰਡ ਕਾਇਮ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਰਕਮ ਵਿਚੋਂ ਇਧਰ ਆ ਕੇ ਆਬਾਦ ਹੋਏ ਸ਼ਰਨਾਰਥੀਆਂ ਨੂੰ ਕੁਝ ਸਹਾਇਤਾ ਦਿਤੀ ਗਈ ਹੈ। (ਵਿਘਨ)

**ਸ਼੍ਰੀ ਡਿਪਟੀ ਸਪੀਕਰ :** ਆਪਣੇ ਆਪ ਨੂੰ ਫਲੈਟ ਰੇਟ ਤਕ ਹੀ ਮਹਿਦੂਦ ਕਰੋ। The hon. Member should please confine himself to the resolution on Flat Rate.)

**ਬਾਵਾ ਹਰਨਾਮ ਸਿੰਘ :** ਪਾਵਰ ਜ਼ਿਆਦਾ ਚਾਹੀਦੀ ਹੈ ਅਤੇ ਨਿਰੇ ਤੇਲ ਨਾਲ ਹੀ ਕੰਮ ਨਹੀਂ ਚਲਾਇਆ ਜਾ ਸਕਦਾ ਅਤੇ ਨਾ ਹੀ ਟਿਊਬਵੈਲਾਂ ਦਾ ਕੰਮ ਬਿਜਲੀ ਤੋਂ ਬਿਨਾ ਹੋ ਸਕਦਾ ਹੈ, ਹਰ ਚੀਜ਼ ਹੁਣ ਤਾਂ ਬਿਜਲੀ ਨਾਲ ਹੀ ਚਲਾਈ ਜਾ ਸਕਦੀ ਹੈ, ਫਸਲਾਂ ਦੀ ਛਟਾਈ ਆਦਿ ਵੀ ਬਿਜਲੀ ਨਾਲ ਹੀ ਹੋਣੀ ਹੈ। ਸਾਨੂੰ ਇਸ ਗਲ ਦੀ ਖੁਸ਼ੀ ਹੈ ਕਿ ਵਜ਼ੀਰ ਸਾਹਿਬ ਤਜਰਬੇਕਾਰ ਹਨ ਅਤੇ ਇਸ ਸਟੇਟ ਵਿਚ ਨਵੀਂ ਗੌਰਮਿੰਟ ਬਣੀ ਹੈ। ਇਸ ਲਈ ਇਹ ਸਰਕਾਰ ਸੈਂਟਰ ਨਾਲ ਝਗੜ ਕੇ ਵੀ, ਜੇਕਰ ਲੋੜ ਪਏ, ਤਾਂ ਫਲੈਟ ਰੇਟ ਨੂੰ ਅਬਾਲਿਸ਼ ਕਰਾਣ ਵਿਚ ਮਦਦ ਕਰੇ ਤਾਂ ਜੋ ਗਰੀਬ ਕਿਸਾਨ ਨੂੰ ਲਾਭ ਪਹੁੰਚ ਸਕੇ।

ਮੈਂ ਚਾਹੁੰਦਾ ਸੀ ਕਿ ਇਕ ਸਰਕਾਰੀ ਮਤਾ ਫਲੈਟ ਰੇਟ ਨੂੰ ਖਤਮ ਕਰਨ ਦਾ ਅੱਜ ਹੀ ਆਉਂਦਾ, ਉਹ ਪਾਸ ਹੋ ਜਾਣਾ ਸੀ, ਕਿਉਂ ਜੋ ਅਸੀਂ ਸਾਰੇ ਇਸ ਦੇ ਮੁਤੱਲਿਕ ਸਹਿਮਤ ਹਾਂ ਪਰ ਐਸਾ ਨਹੀਂ ਹੋ ਸਕਿਆ। ਸਰਕਾਰ ਨੂੰ ਇਹ ਛੇਤੀ ਤੋਂ ਛੇਤੀ ਲਿਆ ਕੇ ਪਾਸ ਕਰਾ ਲੈਣਾ ਚਾਹੀਦਾ ਹੈ ਅਤੇ ਨਾਲ ਹੀ ਸਸਤੇ ਤੋਂ ਸਸਤੇ ਰੇਟ ਤੇ ਬਿਜਲੀ ਦੇਣ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਝਬਾਲ :** (ਅਟਾਰੀ ਐਸ. ਸੀ.) ਕਾਮਰੇਡ ਕੁਲਵੰਤ ਸਿੰਘ ਨੇ ਜੋ ਮਤਾ ਪੇਸ਼ ਕੀਤਾ ਹੈ ਮੈਂ ਉਸ ਦਾ ਤਾਈਦ ਲਈ ਖੜਾ ਹੋਇਆ ਹਾਂ। ਬਿਜਲੀ ਵਾਲੇ ਜਿਹੜਾ ਫਲੈਟ ਰੇਟ ਚਾਰਜ ਕਰਦੇ ਹਨ, ਇਹ ਬੜੀ ਮਾੜੀ ਗੱਲ ਹੈ, ਜਦੋਂ ਕਿ ਕਈ ਕਈ ਦਿਨ ਬਿਜਲੀ ਬੰਦ ਰਹਿੰਦੀ ਹੈ ਤਾਂ ਕਿਉਂ ਲੋਕਾਂ ਤੋਂ ਫਲੈਟ ਰੇਟ ਚਾਰਜ ਕੀਤਾ ਜਾਂਦਾ ਹੈ, ਇਹ ਗੱਲ ਮੈਂ ਹੀ ਨਹੀਂ ਕਹਿੰਦਾ ਸਗੋਂ ਸਾਰੀਆਂ ਪਾਰਟੀਆਂ ਦੇ ਲੋਕ ਇਹੋ ਕਹਿੰਦੇ ਹਨ ਕਿ ਫਲੈਟ ਰੇਟ ਬੰਦ ਹੋਣ ਚਾਹੀਦਾ ਹੈ। ਇਹ ਜਲਦੀ ਤੋਂ ਜਲਦੀ ਬੰਦ ਹੋਣਾ ਚਾਹੀਦਾ ਹੈ। ਫਲੈਟ ਰੇਟ ਲਗੱਣ ਦਾ ਕਾਰਨ ਕੀ ਹੈ, ਉਹ ਇਹੋ ਹੈ ਜੋ ਅੰਗਰੇਜ਼ ਨੇ ਨਹਿਰਾਂ ਦੇ ਪਾਣੀ ਦੇਣ ਵੇਲੇ ਵਰਤਿਆ। ਬਿਜਲੀ ਬੋਰਡ ਵਾਲੇ ਕਿਸਾਨ ਦੇ ਵਿਰੁਧ ਗੱਲਾਂ ਕਰਨ ਲਈ ਤਾਂ ਹਰ ਵੇਲੇ ਤਿਆਰ ਰਹਿੰਦੇ ਹਨ ਪਰ ਜੇ ਕੋਈ ਗੱਲ ਉਨ੍ਹਾਂ ਦੇ ਹਿਤਾਂ ਲਈ ਕਰਨ ਨੂੰ ਕਿਹਾ ਜਾਵੇ ਤਾਂ ਝਗੜਾ ਖੜ੍ਹਾ ਕਰ ਦਿੰਦੇ ਹਨ। ਅੱਜ ਇਸ ਸਬੰਧ ਵਿਚ ਇਕ ਡੈਪੂਟੇਸ਼ਨ ਵੀ ਚੀਫ ਮਨਿਸਟਰ ਸਾਹਿਬ ਨੂੰ ਮਿਲਿਆ। ਸਾਡੀ ਇਹ ਜ਼ਬਰਦਸਤ ਮੰਗ ਹੈ ਕਿ ਏਥੇ ਮੀਟਰ ਸਿਸਟਮ ਲਾਗੂ ਹੋਣਾ ਚਾਹੀਦਾ ਹੈ। ਪਰ ਇਹ ਮੰਗ ਪੂਰੀ ਹੁੰਦੀ ਨਜ਼ਰ ਨਹੀਂ ਆਉਂਦੀ, ਕਿਉਂਕਿ ਜੇ ਇਹ ਪੂਰੀ ਹੋ ਗਈ ਤਾਂ ਜਿਤਨੇ ਵੀ ਆਮਦਨੀ ਦੇ ਸਾਧਨ ਹਨ ਉਹ ਸਾਰੇ ਖਤਮ ਹੋ ਜਾਣਗੇ। ਫਲੈਟ ਰੇਟ ਦਾ ਫੈਸਲਾ ਕਿਸਾਨਾਂ ਤੇ ਇਕ ਬੜਾ ਭਾਰੀ ਧਕਾ ਹੈ। ਜਦੋਂ ਕਿਸਾਨ ਤੇ ਹਰ ਜਗ੍ਹਾਂ ਟੈਕਸ ਹੀ ਟੈਕਸ ਹਨ, ਉਹਦੇ ਲਈ ਕੋਈ ਤਰੱਕੀ ਵਾਲੀ ਨੀਤੀ ਹੀ ਨਹੀਂ ਤਾਂ ਫੇਰ ਇਹ ਕਿਸ ਤਰਾਂ ਹੋ ਸਕਦਾ ਹੈ ਕਿ ਕਿਸਾਨ ਅਗੋਂ ਲਈ ਤਰੱਕੀ ਕਰੇਗਾ। ਫੇਰ ਇਹ ਕਹਿੰਦੇ ਹਨ ਕਿ ਟੈਕਸ ਸੈਂਟਰ ਦੀ ਸਰਕਾਰ ਦੇ ਅਧੀਨ ਹੈ, ਅਸੀਂ ਇਸ ਸਬੰਧ ਦੇ ਵਿਚ ਕੁਝ ਨਹੀਂ ਕਰ ਸਕਦੇ। ਜੇ ਇਹ ਨਹੀਂ ਤਾਂ ਪੰਜਾਬ ਦੀ ਸਰਕਾਰ ਇਹ ਤਾਂ ਕਰ ਸਕਦੀ ਹੈ ਕਿ ਕਿਸਾਨ ਜਿਹੜਾ ਟੈਕਸਾਂ ਦੇ ਭਾਰ ਹੇਠ ਦਬਿਆ ਜਾ ਰਿਹਾ ਹੈ ਉਸ ਉਤੇ ਪੈ ਰਹੇ ਬੋਝੇ ਨੂੰ ਘਟ ਹੀ ਕਰੇ। ਕਿਸਾਨ ਦੀ ਤਰੱਕੀ ਤਦ ਹੀ ਹੋਵੇਗੀ ਜੇ ਕਿਸਾਨ ਨੂੰ ਪਾਣੀ ਦੀਆਂ ਸਹੂਲਤਾਂ ਦਿੱਤੀਆਂ ਜਾਣ। ਇਸ ਤਰ੍ਹਾਂ ਕਿਸਾਨ ਨੂੰ ਲੁਟਣ ਵਾਲਾ ਤਰੀਕਾ ਬੰਦ ਕੀਤਾ ਜਾਵੇ ਅਤੇ ਫਲੈਟ ਰੇਟ ਨੂੰ ਜ਼ਲਦੀ ਤੋਂ ਜਲਦੀ ਖਤਮ ਕੀਤਾ ਜਾਵੇ।

ਇਸ ਦੇ ਨਾਲ ਹੀ ਜਦੋਂ ਦਾ ਬਿਜਲੀ ਬੋਰਡ ਦਾ ਆਪਣਾ ਸਰਕਾਰ ਤੋਂ ਵਖਰਾ ਪ੍ਰਬੰਧ ਹੋਇਆ ਹੈ ਇਹ ਆਪਣੇ ਆਪ ਨੂੰ ਹੀ ਸਰਕਾਰ ਸਮਝਦੇ ਹਨ, ਹੋਰ ਕਿਸੇ ਨੂੰ ਤਾਂ ਇਹ ਸਮਝਦੇ ਹੀ ਨਹੀ। ਜਦੋਂ ਕੋਈ ਪੈਸਾ ਦੇਣ ਵਾਲਾ ਆਵੇ ਉਸੇ ਵੇਲੇ ਹੀ ਕੰਮ ਕਰ ਦਿੰਦੇ ਹਨ। ਨਹੀਂ ਤਾਂ ਪਿਛੇ ਫਿਰਦੇ ਰਹੋ ਕੋਈ ਪੁਛਦਾ ਹੀ ਨਹੀਂ। ਜਦੋਂ ਬਿਜਲੀ ਬੰਦ ਹੋ ਜਾਂਦੀ ਹੈ 2-3 ਦਿਨ ਲਗਾਤਾਰ ਪਾਣੀ ਨਹੀਂ ਮਿਲਦਾ ਤਾਂ ਇਸ ਦਾ ਕੁਛ ਨਾ ਕੁਛ ਮੁਆਵਜ਼ਾ ਤਾਂ ਮਿਲਣਾ ਚਾਹੀਦਾ ਹੈ। ਪਰ ਫਲੈਟ ਰੇਟ ਹੀ ਚਾਰਜ ਹੁੰਦਾ ਹੈ। ਮੈਂ ਇਹ ਅਰਜ਼ ਕਰਨਾਂ ਚਾਹੁੰਦਾ ਹਾਂ ਕਿ ਕਿਸਾਨ ਦੀ ਬੇਹਤਰੀ ਲਈ ਇਹ ਬੜਾ ਜ਼ਰੂਰੀ ਹੈ ਕਿ ਉਸ ਨੂੰ ਸਸਤੇ ਤੋਂ ਸਸਤੇ ਰੇਟ ਤੇ ਬਿਜਲੀ ਦਿਤੀ ਜਾਵੇ, ਜਿਸ ਤਰ੍ਹਾਂ ਸਸਤੇ ਰੇਟ ਤੇ ਸਨਅਤਕਾਰਾਂ ਨੂੰ ਬਿਜਲੀ ਦਿੱਤੀ ਜਾਂਦੀ ਹੈ ਕਿਸਾਨ ਨੂੰ ਵੀ ਸਸਤੇ ਰੇਟ ਤੇ ਬਿਜਲੀ ਦੇਣੀ ਚਾਹੀਦੀ ਹੈ। ਪੰਜਾਬ ਇਤਨਾ ਸਰਪਲਸ ਅਨਾਜ ਪੈਦਾ ਕਰਦਾ ਹੈ ਕਿ ਸਾਰਿਆਂ ਨੂੰ ਬਚਾਉਂਦਾ ਹੈ। ਕੀ ਇਹ ਨੀਤੀ ਇਸ ਲਈ ਅਪਣਾਈ ਗਈ ਹੈ ਕਿ ਉਹ ਇਤਨਾ ਵਧ ਕਿਉਂ ਪੈਦਾ ਕਰਦਾ ਹੈ। ਮੈਂ ਫੇਰ ਕਹਿੰਦਾ ਹਾ ਕਿ ਜੇ ਇਸ ਪਾਸੇ ਪੰਜਾਬ

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਕੋਈ ਨੋਟਿਸ ਨਾ ਲਿਆ ਤਾਂ ਲਾਜ਼ਮੀ ਤੋਰ ਤੇ ਪੈਦਾਵਾਰ ਘਟ ਜਾਵੇਗੀ ਅਤੇ ਅਰਬਾਂ ਰੁਪਏ ਦਾ ਅਨਾਜ ਜਿਹੜਾ ਕਿਸਾਨ ਅੱਜ ਪੈਦਾ ਕਰਦਾ ਹੈ ਉਹ ਨਹੀਂ ਹੋ ਸਕੇਗਾ।

ਮੇਰਾ ਇਲਾਕਾ ਬਾਰਡਰ ਦੇ ਨਾਲ ਤੱਆਲੁਕ ਰਖਦਾ ਹੈ, ਅਗੇ ਤਾਂ ਇਹ ਤਕਲੀਫ਼ ਸੀ ਕਿ ਨਹਿਰ ਦਾ ਪਾਣੀ ਹੀ ਨਹੀਂ ਸੀ ਪਹੁੰਚਦਾ, ਹੁਣ ਜੇ ਲੋਕਾਂ ਨੇ ਟਿਊਬਵੈੱਲ ਲਾ ਕੇ ਪਾਣੀ ਦਾ ਪ੍ਰਬੰਧ ਕੀਤਾ ਹੈ ਤਾਂ ਬਿਜਲੀ ਦੀ ਸਪਲਾਈ ਕਈ ਦਿਨ ਤੱਕ ਬੰਦ ਰਹਿੰਦੀ ਹੈ। ਜਦੋਂ ਕੋਈ ਲਾਈਨ ਖਰਾਬ ਹੁੰਦੀ ਹੈ ਤਾਂ ਲੋਕ ਐਸ.ਡੀ.ਓ. ਦੇ ਦਫਤਰ ਪਹੁੰਚਦੇ ਹਨ ਪਰ, ਇਨ੍ਹਾਂ ਵਿਚਾਰਿਆਂ ਦੀ ਇਤਨੀ ਬੁਰੀ ਹਾਲਤ ਹੁੰਦੀ ਹੈ ਕਿ ਤਿੰਨ ਤਿੰਨ ਦਿਨ ਤਕ ਕੋਈ ਇਨ੍ਹਾਂ ਦੀ ਰਿਪੋਰਟ ਹੀ ਨਹੀਂ ਸੁਣਦਾ। ਬਾਰਡਰ ਦੇ ਇਲਾਕੇ ਵਾਲਿਆਂ ਨੂੰ ਉਚੇਚੀਆਂ ਸਹੂਲਤਾਂ ਹੋਣੀਆ ਚਾਹੀਦੀਆਂ ਹਨ। ਇਨ੍ਹਾਂ ਨੂੰ ਜਲਦੀ ਤੋਂ ਜਲਦੀ ਕੁਨੈਕਸ਼ਨ ਮਿਲਣੇ ਚਾਹੀਦੇ ਹਨ। ਹੁਣ ਇਕ ਮੁਸ਼ਕਲ ਹੋਰ ਖੜ੍ਹੀ ਕੀਤੀ ਗਈ ਹੈ ਕਿ ਕੁਨੈਕਸ਼ਨ ਤਾਂ ਦਿੱਤਾ ਜਾਂਦਾ ਹੈ ਜੇ ਪਹਿਲਾਂ 3000 ਰੁਪਿਆ ਜਮ੍ਹਾਂ ਕਰਾਇਆ ਜਾਵੇ। ਇਸ ਤਰ੍ਹਾਂ ਤਾਂ ਸਾਰੇ ਵਡੇ ਵਡੇ ਲੋਕ ਆਪਣਾ ਕੰਮ ਕਰਾ ਲੈਣਗੇ ਅਤੇ ਗ਼ਰੀਬ ਉਸੇ ਤਰ੍ਹਾਂ ਹੀ ਫਿਰਦੇ ਰਹਿ ਜਾਣਗੇ। ਇਸ ਕਿਸਮ ਦਾ ਜਿਹੜਾ ਇਹ ਰੂਲ ਬਣਾਇਆ ਹੈ ਇਹ ਛੇਤੀ ਤੋਂ ਛੇਤੀ ਬੰਦ ਕੀਤਾ ਜਾਵੇ। ਗ਼ਰੀਬ ਤਾਂ ਦਰਖਾਸਤ ਦੇਣ ਦਾ ਹੌਸਲਾ ਨਹੀਂ ਕਰਦੇ। ਇਕ ਪਾਸੇ ਲੱਗੇ ਹੋਏ ਟਿਊਬਵੈੱਲ ਕੈਂਸਲ ਕਰ ਰਹੇ ਹਨ, ਓਧਰੋਂ ਪੰਪਿੰਗ ਸੈਟਾਂ ਦੀ ਥੁੜ ਹੈ, ਕਿਸਾਨ ਨੂੰ ਸਾਰੀਆਂ ਲੋੜੀਂਦੀਆਂ ਚੀਜ਼ਾਂ ਮਹਿੰਗੀਆਂ ਮਿਲਦੀਆਂ ਹਨ, ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾਉ ਕਿ ਕਿਸਾਨ ਜੇ ਜਾਵੇ ਤਾਂ ਉਹ ਕਿਸ ਬੰਨੇ ਜਾਵੇ। ਮੈਂ ਬਾਸੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਫਲੈਟ ਰੇਟ ਨੂੰ ਖਤਮ ਕੀਤਾ ਜਾਵੇ, ਪੈਸੇ ਜਮ੍ਹਾਂ ਕਰਾਉਣ ਤਾਂ ਕਨੈਕਸ਼ਨ ਮਿਲਣ ਦਾ ਜਿਹੜਾ ਰੂਲ ਬਣਾਇਆ ਹੈ, ਇਹ ਬੰਦ ਹੋਣਾ ਚਾਹੀਦਾ ਹੈ। ਇਹ ਕਹਿੰਦੇ ਹਨ ਕਾਂਗਰਸ ਦੀ ਮਨਿਸਟਰੀ ਵੇਲੇ ਤਾਂ ਟੈਕਸ ਲਗੇ ਪਰ ਏਥੇ ਤਾਂ ਆਪਣੀ ਮਨਿਸਟਰੀ ਹੈ, ਹੁਣ ਕਿਉਂ ਕਿਸਾਨ ਨੂੰ ਰੀਲੀਫ਼ ਨਹੀਂ ਦਿਤਾ ਜਾਂਦਾ। ਅਜ ਸਰਦਾਰ ਗੁਰਨਾਮ ਸਿੰਘ ਅਤੇ ਬਾਸੀ ਸਾਹਿਬ ਪਿੰਡਾਂ ਵਿਚ ਜਾਕੇ ਕਹਿੰਦੇ ਹਨ ਕਿ ਅਸੀਂ ਪੰਜਾਬ ਦੇ ਕਿਸਾਨ ਨੂੰ ਖੁਸ਼ਹਾਲ ਕਰਨਾ ਹੈ, ਤਰਕੀ ਦੇਣੀ ਹੈ, ਪਰ ਕਿਸਾਨ ਦੀ ਤਰਕੀ ਪਾਬੰਦੀਆਂ ਲਗਾਉਣ ਦੇ ਨਾਲ ਨਹੀਂ ਹੋ ਸਕਦੀ, ਇਸ ਤਰ੍ਹਾਂ ਕੋਈ ਤਰਕੀ ਨਹੀਂ ਹੋ ਸਕਦੀ। ਮੈਂ ਇਕ ਗਲ ਰੀਪੀਟ ਨਹੀਂ ਕਰਨਾ ਚਾਹੁੰਦਾ, ਇਸ ਲਈ ਵੀ ਬਹੁਤ ਦੇਰ ਬੋਲਣਾ ਨਹੀਂ ਚਾਹੁੰਦਾ ਕਿ ਮੈਨੂੰ ਗਵਰਨਰ ਦੇ ਭਾਸ਼ਨ ਤੇ ਬਹੁਤਾ ਬੋਲਣ ਦਾ ਮੌਕਾ ਨਹੀਂ ਮਿਲਿਆ ਪਰ ਇਤਨਾ ਜ਼ਰੂਰ ਕਹਾਂਗਾ ਕਿ ਫਲੈਟ ਰੇਟ ਬੰਦ ਹੋਣਾ ਚਾਹੀਦਾ ਹੈ। ਚੀਫ ਮਨਿਸਟਰ ਖੁਦ ਐਲਾਨ ਕਰੇ ਨਹੀਂ ਤਾਂ ਇਸ ਬਹਿਸ ਦਾ ਕੋਈ ਫਾਇਦਾ ਨਹੀਂ, ਹਾਊਸ ਦਾ ਇਹ ਵਕਤ ਕਿਸੇ ਹੋਰ ਕੰਮ ਤੇ ਲਗਾਇਆ ਜਾਣਾ ਚਾਹੀਦਾ ਸੀ। ਇਤਨਾ ਕਹਿੰਦਾ ਹੋਇਆ ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ ਕਿ ਜੋ ਰੈਜ਼ੋਲਿਊਸ਼ਨ ਸਰਦਾਰ ਕੁਲਵੰਤ ਸਿੰਘ ਨੇ ਰਖਿਆ ਹੈ ਇਹ ਪਾਸ ਹੋਣਾ ਚਾਹੀਦਾ ਹੈ ਤਾਂ ਜੋ ਕਿਸਾਨ ਦੀਆਂ ਦਿਕਤਾਂ ਦੂਰ ਹੋਣ।

**ਚੌਧਰੀ ਤੁਲਸੀ ਰਾਮ ਚੌਹਾਨ (ਬਲਾਚੌਰ** : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਇਹ ਜਿਹੜਾ ਮਤਾ ਪੇਸ਼ ਹੋਇਆ ਹੈ ਕਿ ਫਲੈਟ ਰੇਟਸ ਖਤਮ ਹੋਣੇ ਚਾਹੀਦੇ ਹਨ, ਇਸਦੇ ਮੁਤਅੱਲਿਕ ਅਰਜ਼ ਕਰਨ ਲਈ ਖੜਾ ਹੋਇਆ ਹਾਂ। ਮੈਂ ਉਨ੍ਹਾਂ ਨੂੰ ਬਿਜਲੀ ਦੇ ਮਹਿਕਮੇ ਬਾਰੇ ਆਪਣੀ ਇਕ ਮਿਸਾਲ ਪੇਸ਼ ਕਰਨੀ ਚਾਹੁੰਦਾ ਹਾਂ, ਇਹ ਮੇਰੀ ਖੁਸ਼ਕਿਸਮਤੀ ਹੈ ਕਿ ਇਸ ਵੇਲੇ ਬਿਜਲੀ ਦੇ ਮੰਤਰੀ ਵੀ ਇਸ ਹਾਊਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੰਤੋਖ ਸਿੰਘ]

ਪਹਿਲਾਂ ਵੀ ਜਿਹੜਾ ਪੈਸਾ ਵਸੂਲ ਹੋਇਆ ਹੈ ਉਹ ਵੀ ਵਾਪਸ ਕਰਨਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਬਿਜਲੀ ਬੋਰਡ ਨੂੰ ਇਹ ਨਹੀਂ ਸੀ ਚਾਹੀਦਾ ਕਿ ਉਹ ਇਸ ਫਲੈਟ ਰੇਟ ਨੂੰ ਲਾਗੂ ਕਰਦਾ । ਜੇ ਉਹ ਬਿਜ਼ਨੈਸ ਮੈਨ ਵੀ ਬਣ ਗਿਆ ਸੀ ਤਾਂ ਵੀ ਦੁਕਾਨਦਾਰ ਦੇ ਤੌਰ ਤੇ ਆਪਣੇ ਗਾਹਕਾਂ ਨਾਲ ਚੰਗਾ ਵਰਤਾਓ ਕਰਦਾ ਤਾਕਿ ਫਿਰ ਗਾਹਕ ਉਸ ਦੀ ਦੁਕਾਨ ਤੇ ਜਾਂਦਾ ।

ਦੂਜੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਥੇ ਬਿਜਲੀ ਦੀ ਜ਼ਿਆਦਾ ਲੋੜ ਸੀ ਉਥੇ ਬਿਜਲੀ ਨਹੀਂ ਪਹੁੰਚਾਈ ਜਾ ਸਕੀ । ਮਿਸਾਲ ਦੇ ਤੌਰ ਤੇ ਡੇਰਾ ਬਾਬਾ ਨਾਨਕ ਦਾ ਇਲਾਕਾ ਹੈ ਇਸ ਦੇ ਇਕ ਪਾਸੇ ਰਾਵੀ ਹੈ ਅਤੇ ਦੂਜੇ ਪਾਸੇ ਕਿਰਨ ਹੈ । ਉਥੇ ਨਹਿਰ ਦਾ ਪਾਣੀ ਨਹੀਂ ਜਾ ਸਕਦਾ । ਮੈਂ ਸਮਝਦਾ ਹਾਂ ਕਿ ਅਗਰ ਉਥੇ ਕਿਰਨ ਤੇ ਕੋਈ ਸਾਈਫਨ ਬਣਾਇਆ ਜਾਵੇ ਤਾਂ ਉਥੋਂ ਪਾਣੀ ਲੰਘ ਸਕਦਾ ਹੈ ।

ਤੀਸਰੀ ਗਲ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ । ਰਾਵੀ ਤੋਂ ਪਾਰ 10 ਹਜ਼ਾਰ ਏਕੜ ਜ਼ਮੀਨ ਪਈ ਹੈ । ਜੇ ਅੱਜ ਕਲ ਦੇ ਹਿਸਾਬ ਨਾਲ ਵੇਖਿਆ ਜਾਵੇ ਜਦੋਂ ਕਿ ਇਕ ਏਕੜ ਵਿਚੋਂ 40 ਮਣ ਪੱਕੀ ਕਣਕ ਨਿਕਲ ਆਉਂਦੀ ਹੈ ਤਾਂ ਅੰਦਾਜ਼ਾ ਲਗਾਓ ਕਿ 10 ਹਜ਼ਾਰ ਏਕੜ ਵਿਚ ਕੀ ਪੈਦਾਵਾਰ ਹੋਵੇਗੀ । ਪਰ ਉਸ ਇਲਾਕੇ ਵਿਚ ਬਿਜਲੀ ਨਹੀਂ ਪਹੁੰਚ ਸਕੀ । ਇਹ ਉਹ ਇਲਾਕਾ ਹੈ ਜਿਥੇ ਦੇ ਲੋਕਾਂ ਨੇ ਹਿਕਾਂ ਡਾਹ ਕੇ 1965 ਵਿਚ ਪਾਕਿਸਤਾਨ ਦਾ ਮੁਕਾਬਲਾ ਕੀਤਾ ਸੀ । ਪਰ ਉਨ੍ਹਾਂ ਲੋਕਾਂ ਨੂੰ ਕੋਈ ਸਹੂਲਤਾਂ ਨਹੀਂ ਦਿਤੀਆਂ ਗਈਆਂ । ਇਕ ਗਲ ਮੈਂ ਹੋਰ ਆਖਣਾ ਚਾਹੁੰਦਾ ਹਾਂ ਕਿ ਅਜ ਕਲ ਗਹਾਈ ਦਾ ਮੌਸਮ ਆ ਗਿਆ ਹੈ । ਥਰੈਸ਼ਰਾਂ ਦਾ ਪ੍ਰਬੰਧ ਸਰਕਾਰ ਨੂੰ ਪਹਿਲਾਂ ਕਰਨਾ ਚਾਹੀਦਾ ਹੈ । ਇਹ ਨਾ ਹੋਵੇ ਕਿ ਐਨ ਮੌਕੇ ਤੇ ਕਿਸਾਨ ਨੂੰ ਆਖਿਆ ਜਾਵੇ ਕਿ ਪਹਿਲਾਂ ਪੈਸੇ ਜਮ੍ਹਾ ਕਰਵਾਓ ।

ਸਿਆਣੇ ਦਾ ਅਖਾਣ ਹੈ 'ਜਟ ਦੀ ਮਾਂ ਮਰ ਗਈ ਸੀ ਤਾਂ ਉਸ ਨੇ ਉਨੇ ਦਿਨਾਂ ਲਈ ਉਸਨੂੰ ਭੜੋਲੀ ਵਿਚ ਪਾ ਦਿਤਾ ਸੀ" । ਮਤਲਬ ਇਹ ਕਿ ਉਨ੍ਹਾਂ ਦਿਨਾਂ ਵਿਚ ਤਾਂ ਜਟ ਨ੍ਹਾਉਂਦਾ ਹੀ ਨਹੀਂ । 24 ਘੰਟੇ ਬਿਜਲੀ ਮਿਲਣੀ ਚਾਹੀਦੀ ਹੈ । ਕਾਰਖਾਨਿਆਂ ਨੂੰ ਬਿਜਲੀ ਦੀ ਲੋੜ ਹੈ ਲੇਕਿਨ ਜੇ ਇਕ ਮਹੀਨਾ ਕੁਲ ਬਿਜਲੀ ਲੈ ਕੇ ਜੱਟ ਨੂੰ ਦੇ ਦਿਤੀ ਜਾਵੇ ਤਾਂ ਬਹੁਤ ਅੱਛੀ ਗਲ ਹੈ । ਜੱਟ ਨੇ ਮਿਹਨਤ ਨਾਲ ਕਣਕ ਪਾਲੀ ਹੈ । ਸਭ ਦੇ ਖਾਣ ਲਈ ਮੰਡੀਆਂ ਵਿਚ ਪਹੁੰਚਾ ਸਕੇਗਾ । ਇਹ ਫਲੈਟ ਰੇਟ ਜ਼ਰੂਰ ਖਤਮ ਕਰ ਦੇਣਾ ਚਾਹੀਦਾ ਹੈ । ਇਹ ਸਾਰੇ ਹਾਊਸ ਦੀ ਮੁਤਫ਼ਿਕ ਰਾਏ ਹੈ ਲੇਕਿਨ ਜੇ ਇਹ ਫਲੈਟ ਰੇਟ ਖਤਮ ਨਾ ਹੋਵੇ ਤਾਂ ਦਸ ਮੀਲ ਜਿਹੜਾ ਕਿ ਬਾਰਡਰ ਏਰੀਆ ਹੈ ਉਥੇ ਬਿਲਕੁਲ ਫਲੈਟ ਰੇਟ ਨਹੀਂ ਲਗਾਉਣਾ ਚਾਹੀਦਾ । ਉਥੇ ਬਾਰਡਰ ਏਰੀਏ ਵਿੱਚ ਇਲੈਕਟ੍ਰਿਕ ਕੁਨੈਕਸ਼ਨ ਦੇਣ ਲਈ ਤਿੰਨ, ਤਿੰਨ, ਹਜ਼ਾਰ ਪੰਜ, ਪੰਜ ਹਜ਼ਾਰ ਰੁਪਿਆ ਲੈਂਦੇ ਹਨ । ਇਹ ਬਿਲਕੁਲ ਨਹੀਂ ਲੈਣਾ ਚਾਹੀਦਾ । ਉਹ ਮੇਰੇ ਬਹਾਦਰ ਵੀਰ ਹਰ ਵੇਲੇ ਬਾਰਡਰ ਤੇ ਦੇਸ਼ ਦੀ ਰਖਸ਼ਾ ਕਰਦੇ ਹਨ । ਉਥੋਂ ਸਾਰਾ ਪਾਣੀ ਮੋੜ ਕੇ ਰਾਵੀ ਦਰਿਆ ਵਿਚ

Original with;
Punjab Vidhan Sabha
Digitized by;
Panjab Digital Library

ਦੂਜੀ ਗਲ ਇਹ ਹੈ ਕਿ ਪੰਜਾਬ ਵਿਚ ਹੋਲਡਿੰਗ ਬਹੁਤ ਛੋਟੀਆਂ ਛੋਟੀਆਂ ਹਨ । ਤਿੰਨ ਤਿੰਨ ਏਕੜ ਦੀਆਂ ਜਾਂ 5 ਏਕੜ ਤੋਂ ਘਟ ਹੋਲਡਿੰਗ ਤਾਂ ਆਮ ਕਿਸਾਨਾਂ ਕੋਲ ਹਨ । ਇਸ ਤਰ੍ਹਾਂ ਫਲੈਟ ਰੇਟ ਵਿਚ ਛੋਟੇ ਜ਼ਿਮੀਂਦਾਰ ਘਾਟੇ ਵਿਚ ਰਹਿੰਦੇ ਹਨ । ਉਨ੍ਹਾਂ ਨੂੰ ਇਹ ਫਲੈਟ ਰੇਟ ਮਹਿੰਗਾ ਪੈਂਦਾ ਹੈ । ਉਨ੍ਹਾਂ ਨੂੰ ਇਹ ਮੁਆਫ਼ਕ ਨਹੀਂ ਆਉਂਦਾ ।

ਤੀਸਰੀ ਵਜ੍ਹਾ ਇਹ ਹੈ ਕਿ ਇਸ ਦੀ ਵਜ੍ਹਾ ਨਾਲ ਬੋਰਡ ਦੇ ਕਰਮਚਾਰੀ ਬਹੁਤ ਸੁਸਤ ਹੋ ਜਾਂਦੇ ਹਨ । ਉਨ੍ਹਾਂ ਨੂੰ ਪਤਾ ਹੈ ਕਿ ਭਾਵੇਂ ਬਿਜਲੀ ਚਲੇ ਜਾਂ ਨਾ ਚਲੇ ਸਰਕਾਰ ਨੂੰ ਜਾਂ ਬਿਜਲੀ ਬੋਰਡ ਨੂੰ ਤਾਂ ਪੂਰੇ ਪੈਸੇ ਮਿਲ ਜਾਣੇ ਹਨ ਇਸ ਲਈ ਉਹ ਇਸ ਪਾਸੇ ਧਿਆਨ ਹੀ ਨਹੀਂ ਦਿੰਦੇ । ਭਾਵੇਂ ਮੋਟਰ ਚਲੇ ਜਾਂ ਨਾ ਚਲੇ । ਭਾਵੇਂ ਦੋ ਦਿਨ ਬਿਜਲੀ ਬੰਦ ਰਹੇ ਜਾਂ ਤਿੰਨ ਦਿਨ । ਉਨ੍ਹਾਂ ਨੂੰ ਕੋਈ ਪਰਵਾਹ ਨਹੀਂ । ਛੋਟੇ ਛੋਟੇ ਨੁਕਸਾਂ ਕਰਕੇ ਬਿਜਲੀ ਦੋ, ਦੋ, ਤਿੰਨ, ਤਿੰਨ ਦਿਨ ਤਕ ਬੰਦ ਰਹਿੰਦੀ ਹੈ । ਕੰਪਲੇਂਟਾਂ ਵਲ ਕੋਈ ਧਿਆਨ ਹੀ ਨਹੀਂ ਦਿੰਦਾ ।

ਫਿਰ ਅਜ ਖੇਤੀ ਵਪਾਰ ਬਣ ਰਹੀ ਹੈ । ਸ਼ਹਿਰ ਤੋਂ ਖਰੀਦਣ ਵਾਲੇ ਪਿੰਡ ਜਾਂਦੇ ਹਨ ਅਤੇ ਪਿੰਡਾਂ ਦੀ ਉਪਜ ਨੇ ਸ਼ਹਿਰ ਆਉਣਾ ਹੁੰਦਾ ਹੈ । ਇਸ ਲਈ ਜ਼ਰੂਰੀ ਹੈ ਕਿ ਉਹ ਉਥੇ ਚੰਗੀਆਂ ਸੜਕਾਂ ਬਣਾਈਆਂ ਜਾਣ ਤਾਕਿ ਆਉਣ ਜਾਣ ਦੀ ਆਸਾਨੀ ਹੋ ਸਕੇ ।

**ਸ਼੍ਰੀ ਡਿਪਟੀ ਸਪੀਕਰ :** ਮੈਂ ਆਨਰੇਬਲ ਮੈਂਬਰ ਨੂੰ ਬਿਨੇ ਕਰਾਂਗਾ ਕਿ ਉਹ ਕੇਵਲ ਬਿਜਲੀ ਦੇ ਫਲੈਟ ਰੇਟਾਂ ਤਕ ਹੀ ਮਹਿਦੂਦ ਰਹਿਣ । (I would request the hon. Member that he should confine himself to the flat rate only.)

**ਸਰਦਾਰ ਪ੍ਰਤਾਪ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਉਸੇ ਹੀ ਬਾਰੇ ਬੋਲ ਰਿਹਾ ਹਾਂ । ਜੇ ਪਿੰਡਾਂ ਵਿਚ ਜਾਣ ਦਾ ਰਸਤਾ ਹੀ ਨਾ ਹੋਇਆ ਤਾਂ ਕੰਪਲੇਂਟ ਦੂਰ ਕਰਨ ਵਾਲੇ ਕਿਸ ਤਰ੍ਹਾਂ ਜਾ ਸਕਣਗੇ । (ਹਾਸਾ) ਤੇ ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਘਟ ਤੋਂ ਘਟ ਹਾਲੇ ਪਿੰਡਾਂ ਵਿਚ ਇਟਾਂ ਦੀਆਂ ਸੜਕਾਂ ਬਣਾ ਦਿਤੀਆਂ ਜਾਣ । ਰੋੜੀ ਆਦਿ ਅਗਲੇ ਸਾਲ ਪੈ ਸਕਦੀ ਹੈ । ਇਨ੍ਹਾਂ ਅਖਰਾਂ ਨਾਲ ਡਿਪਟੀ ਸਪੀਕਰ ਸਾਹਿਬ ਸਰਦਾਰ, ਕੁਲਵੰਤ ਸਿੰਘ ਦੇ ਪੇਸ਼ ਕੀਤੇ ਹੋਏ ਮਤੇ ਦੀ ਮੈਂ ਤਾਈਦ ਕਰਦਾ ਹਾਂ ।

**ਸਰਦਾਰ ਸੰਤੋਖ ਸਿੰਘ ਰੰਧਾਵਾ** (ਫਤਹਿਗੜ੍ਹ) **: ਮਾਨਯੋਗ** ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਸਰਦਾਰ ਕੁਲਵੰਤ ਸਿੰਘ ਨੇ ਪੇਸ਼ ਕੀਤਾ ਹੈ ਮੈਂ ਇਸ ਦੀ ਤਾਈਦ ਕਰਨ ਵਾਸਤੇ ਖੜਾ ਹੋਇਆ ਹਾਂ । ਇਹ ਫਲੈਟ ਰੇਟ ਜ਼ਿਮੀਦਾਰਾਂ ਵਾਸਤੇ ਰਹਿਮਤ ਨਹੀਂ ਸਗੋਂ ਜ਼ਹਿਮਤ ਹੈ । ਸਿਰਫ ਫਲੈਟ ਰੇਟ ਖਤਮ ਕਰਨ ਨਾਲ ਹੀ ਪੂਰੀ ਗਲ ਨਹੀਂ ਹੁੰਦੀ । ਮੈਂ ਇਰੀਗੇਸ਼ਨ ਔਰ ਪਾਵਰ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਬਿਜਲੀ ਹਫਤਾ ਹਫਤਾ ਬੰਦ ਰਹੀ, ਦੋ, ਦੋ ਦਿਨ ਛਡ ਕੇ ਆਉਂਦੀ ਰਹੀ ਅਤੇ ਫਿਰ ਜਦ ਤੀਸਰੇ ਦਿਨ ਵੀ ਪਹੁੰਚੀ ਅਤੇ ਜਦੋਂ ਕਿਸਾਨ ਨੇ ਪੈਲੀ ਤਕ ਨਕਾਲ ਲਿਜਾਇਆ ਤਾਂ ਪਿਛੋਂ ਬਿਜਲੀ ਬੰਦ ਹੋ ਗਈ । ਇਸ ਹਾਲਤ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੋਹਨ ਸਿੰਘ ਤੁੜ]

ਗਈ ਹੈ। ਇਸ ਦੀ ਹੌਂਸਲਾ ਅਫਜ਼ਾਈ ਕਰਨੀ ਚਾਹੀਦੀ ਹੈ ਤਾਂ ਜੋ ਇਹ ਵੱਧ ਤੋਂ ਵੱਧ ਪੈਦਾਵਾਰ ਕਰ ਕੇ ਇਸ ਘਾਟ ਨੂੰ ਪੂਰਾ ਕਰਕੇ ਦੇਸ਼ ਦੀ ਖੁਰਾਕ ਅਤੇ ਰੋਟੀ ਦਾ ਮਸਲਾ ਹਲ ਕਰਨ ਵਿੱਚ ਵੱਧ ਤੋਂ ਵੱਧ ਸਹਾਇਤਾ ਕਰ ਸਕੇ।

ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਅਪੀਲ ਕਰਾਂਗਾ ਕਿ ਫਲੈਟ ਰੇਟ ਛੇਤੀ ਤੋਂ ਛੇਤੀ ਖਤਮ ਹੋਣਾ ਚਾਹੀਦਾ ਹੈ।

**ਸਰਦਾਰ ਬੇਅੰਤ ਸਿੰਘ** (ਪਾਇਲ) : ਡਿਪਟੀ ਸਪੀਕਰ ਸਾਹਿਬ, ਕਾਮਰੇਡ ਕੁਲਵੰਤ ਸਿੰਘ, ਜਿਨ੍ਹਾਂ ਨੇ ਇਹ ਮਤਾ ਰਖਿਆ ਹੈ, ਮੈਂ ਸਮਝਦਾ ਹਾਂ ਉਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ। ਮੈਂ ਇਨ੍ਹਾਂ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਜਿਸ ਮੁਲਕ ਵਿੱਚ ਫਰੀ ਇਕੋਨੋਮੀ ਹੋਵੇ ਜਿੰਨਾਂ ਮਰਜ਼ੀ ਆਦਮੀ ਖਰੀਦੋ ਫਰੋਖਤ ਕਰ ਸਕੇ, ਉਥੇ ਇਹ ਸ਼ੋਭਾ ਨਹੀਂ ਦਿੰਦਾ ਕਿ ਬਿਜਲੀ ਥੋੜ੍ਹੀ ਖਰਚ ਕਰੇ ਅਤੇ ਪੈਸੇ ਜ਼ਿਆਦਾ ਦੇਵੇ। ਬਿਜਲੀ ਬੋਰਡ ਦਾ ਚੇਅਰਮੈਨ, ਐਡਮਿਨਿਸਟ੍ਰੇਟਰ ਸਾਡੀ ਗੌਰਮੈਂਟ ਮੁਕੱਰਰ ਕਰਦੀ ਹੈ। ਫੇਰ ਇਹ ਸਾਡੀ ਸਰਕਾਰ ਨੂੰ ਸ਼ੋਭਾ ਨਹੀਂ ਦਿੰਦਾ ਜੇ ਉਹ ਕਹਿਣ ਕਿ ਬੋਰਡ ਸੈਂਟਰ ਦੇ ਅਧੀਨ ਹੈ। ਸਾਡੀ ਗੌਰਮੈਂਟ ਨੂੰ ਚਾਹੀਦਾ ਹੈ ਕਿ ਬਿਜਲੀ ਬੋਰਡ ਨਾਲ ਫੈਸਲਾ ਕਰ ਕੇ ਇਹ ਕਿਸਾਨ ਦਾ ਲਹੂ ਚੂਸਣ ਵਾਲਾ ਟੈਕਸ ਖਤਮ ਕਰਾਏ। ਛੋਟੇ ਜ਼ਿਮੀਂਦਾਰਾਂ ਨੂੰ ਇਸ ਟੈਕਸ ਦਾ ਨੁਕਸਾਨ ਹੈ ਅਤੇ ਬੜੇ ਜ਼ਿਮੀਂਦਾਰਾਂ ਨੂੰ ਇਸ ਦਾ ਫਾਇਦਾ ਹੈ ਕਿਉਂਕਿ ਉਨ੍ਹਾਂ ਨੂੰ ਬਿਜਲੀ ਦਾ ਖਰਚ ਜ਼ਿਆਦਾ ਅਤੇ ਪੈਸੇ ਘਟ ਦੇਣੇ ਪੈਂਦੇ ਹਨ। ਸਾਰੀ ਸਾਰੀ ਰਾਤ ਬਿਜਲੀ ਛਡੀ ਰਹਿੰਦੀ ਹੈ ਅਤੇ ਕਿਆਰੇ ਪਾਣੀ ਨਾਲ ਭਰਦੇ ਰਹਿੰਦੇ ਹਨ। ਇਸ ਤਰ੍ਹਾਂ ਸਾਰੀ ਰਾਤ ਜੋ ਬਿਜਲੀ ਜ਼ਾਇਆ ਹੁੰਦੀ ਹੈ ਇਹ ਇਕ ਨੈਸ਼ਨਲ ਲਾਸ ਹੁੰਦਾ ਹੈ।

ਚੋਣਾਂ ਤੋਂ ਪਹਿਲਾਂ ਅਸੀਂ ਕਿਸਾਨਾਂ ਨਾਲ ਵਾਇਦੇ ਕੀਤੇ ਸੀ ਕਿ ਅਸੀਂ ਉਨ੍ਹਾਂ ਲਈ ਬਹੁਤ ਕੁਝ ਕਰਾਂਗੇ ਲੇਕਿਨ ਜੋ ਕੁਝ ਅਸੀਂ ਹੁਣ ਕਰ ਰਹੇ ਹਾਂ ਉਹ ਸਾਡੇ ਸਾਹਮਣੇ ਹੈ। ਇਥੋਂ ਦੀ ਕੁਲ ਆਬਾਦੀ ਦੇ 80% ਬੰਦੇ ਜ਼ਿਮੀਂਦਾਰ ਲੋਕਾਂ ਤੇ ਅਤੇ ਖੇਤੀ ਬਾੜੀ ਤੇ ਨਿਰਭਰ ਹਨ। ਹੁਣ ਜਿਹੜੇ ਕੇਂਦਰ ਨੇ ਅੰਨ ਦੇ ਭਾਅ ਮੁਕਰੱਰ ਕੀਤੇ ਸਨ ਉਹ ਹਨ 66 ਰੁਪਏ, 70 ਰੁਪਏ ਅਤੇ 74 ਰੁਪਏ। ਇਸ ਨਾਲ ਜੱਟ ਦਾ ਲਕ ਟੁਟ ਗਿਆ ਹੈ। ਕੋਈ ਉਤਸ਼ਾਹ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਫੌਜ ਵਿਚ ਰਹੇ। ਤੁਹਾਨੂੰ ਉਤਸ਼ਾਹ ਸੀ ਕਿ ਜੇ ਤੁਸੀਂ ਕੰਮ ਕਰੋਗੇ ਤਾਂ ਤੁਹਾਡਾ ਰੈਂਕ ਵਧ ਜਾਵੇਗਾ। ਤੁਸੀਂ ਕਰਨਲ ਸੀ। ਚੰਗੇ ਕੰਮ ਕੀਤੇ, ਤੁਸੀਂ ਬ੍ਰਿਗੇਡੀਅਰ ਬਣ ਗਏ। ਮਤਲਬ ਜੱਟ ਨੂੰ ਮਿਹਨਤ ਕਰਨ ਨੂੰ ਜ਼ਿਆਦਾ ਅਤੇ ਆਮਦਨ ਘਟ ਹੈ। ਸਾਡਾ ਪੰਜਾਬ ਪ੍ਰੋਗਰੈਸਿਵ ਸੂਬਾ ਹੈ। ਇਸ ਨੇ ਸਾਰੇ ਦੇਸ਼ ਦੀ ਥੁੜ ਨੂੰ ਪੂਰਾ ਕਰਨਾ ਹੈ। 1947 ਵਿਚ ਅਤੇ ਇਸ ਤੋਂ ਬਾਅਦ ਦੇ ਅੰਕੜੇ ਲੈ ਲਉ। ਤੁਹਾਨੂੰ ਪਤਾ ਲਗ ਜਾਵੇਗਾ ਕਿ ਕੀ ਹਾਲਤ ਹੈ। ਪਾਕਿਸਤਾਨ ਵਿਚੋਂ ਲੋਕ ਆਏ, ਚੰਗੇ ਚੰਗੇ ਬੀਜਾਂ ਨਾਲ ਪੈਦਾਵਾਰ ਕੀਤੀ ਗਈ। ਪਰ ਜੇ ਜ਼ਿਮੀਂਦਾਰ ਆਪਣਾ ਹਿਸਾਬ ਕਿਤਾਬ ਰਖ ਸਕੇ ਤਾਂ ਉਸ ਨੂੰ ਪਤਾ ਲਗੇਗਾ ਕਿ ਉਹਦੀ ਮਿਹਨਤ ਔਰ ਖਰਚ ਦੇ ਮੁਕਾਬਲੇ ਵਿਚ ਉਸਦੀ ਆਮਦਨ ਘਟ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਜ਼ਿਮੀਦਾਰੇ ਨੂੰ ਛਡ ਦੇਵੇ ਔਰ ਉਹ ਇਹ ਸਮਝਦੇ ਕਿ ਮੈਨੂੰ ਜ਼ਿਮੀਦਾਰੇ ਵਿਚ ਘਾਟਾ ਹੀ ਹੈ। ਫ਼ਰਟੇਲਾਈਜ਼ਰ, ਦੇ ਭਾਅ ਬਹੁਤ ਵਧ ਗਏ ਹਨ। ਜੇ ਇਨਾਂ ਦਾ

Original with;
Punjab Vidhan Sabha
Digitized by;
Panjab Digital Library

ਪਾਇਆ ਜਾਂਦਾ ਹੈ। ਇਨ੍ਹਾਂ ਲੋਕਾਂ ਨੂੰ ਪਾਣੀ ਦੀ ਬਹੁਤ ਜ਼ਿਆਦਾ ਲੋੜ ਹੈ। ਇਹ ਗਰੀਬ ਲੋਕ ਲੋਨ ਲੈਂਦੇ ਹਨ। ਡਿਪਟੀ ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਮਹਿਕਮੇ ਨੂੰ ਕਹਿਣਾ ਚਾਹੀਦਾ ਹੈ ਕਿ ਕੁਨੈਕਸ਼ਨਜ਼ ਇਨ੍ਹਾਂ ਨੂੰ ਛੇਤੀ ਮਿਲਣ। ਇਨ੍ਹਾਂ ਲਫਜ਼ਾਂ ਨਾਲ ਮੈਂ ਫਲੈਟ ਰੇਟ ਦੀ ਬਹੁਤ ਜ਼ਿਆਦਾ ਵਿਰੋਧਤਾ ਕਰਦਾ ਹਾਂ। ਇਹ ਕਲੰਕ ਮੈਂ ਸਮਝਦਾ ਹਾਂ ਉਸ ਵੇਲੇ ਲਗਿਆ ਜਿਸ ਵੇਲੇ ਮਾੜੀ ਸਰਕਾਰ ਬਣੀ। ਮੈਂ ਉਸ ਸਰਕਾਰ ਨੂੰ ਚੰਗਾ ਨਹੀਂ ਸੀ ਸਮਝਦਾ।

(Thumping from Treasury Benches.)

ਮੈਂ ਅਰਜ਼ ਕਰਾਂ ਕਿ ਗਵਰਨਰੀ ਰਾਜ ਜਿਹੜਾ ਅਫਸਰ ਸ਼ਾਹੀ ਦਾ ਰਾਜ ਕਹਿੰਦੇ ਹਨ ਉਸ ਨੇ ਉਸ ਦੇ ਮੁਤੱਅਲਿਕ ਬਿਲਕੁਲ ਨਹੀਂ ਸੋਚਿਆ। ਇਧਰ, ਉਧਰ ਜਾਂ ਪ੍ਰੋਗਰੈਸਿਵ ਗਰੁਪ ਵਾਲੇ ਜਿੰਨੇ ਵੀ ਭਰਾ ਇਥੇ ਆਏ ਹਨ ਉਨ੍ਹਾਂ ਲੋਕਾ ਨਾਲ ਵਾਇਦੇ ਕਰ ਕੇ ਆਏ ਹਨ ਕਿ ਇਹ ਬਲਾ ਲਾਹ ਦਿਆਂਗੇ। ਮੈਂ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਜਿੰਨੀ ਜਲਦੀ ਤੋਂ ਜਲਦੀ ਹੋ ਸਕੇ ਇਹ ਲਾਹਨਤ ਲਾਹ ਦਿਤੀ ਜਾਵੇ। ਇਹ ਬੜਾ ਭਾਰੀ ਕਿਸਾਨ ਨਾਲ ਪੁੰਨ ਹੋਵੇਗਾ।

**ਸਰਦਾਰ ਮੋਹਨ ਸਿੰਘ ਤੁੜ** (ਖਡੂਰ ਸਾਹਿਬ) : ਜੋ ਇਹ ਰੈਜ਼ੋਲਿਊਸ਼ਨ ਫਲੈਟ ਰੇਟ ਬਾਰੇ ਆਇਆ ਹੈ, ਮੇਰਾ ਵਿਚਾਰ ਹੈ ਕਿ ਜੋ ਕੁਝ ਸਰਕਾਰ ਨੇ ਸੋਚਿਆ ਹੈ ਇਹ ਬੋਝ ਕਿਸਾਨਾਂ ਦੇ ਸਿਰਾਂ ਤੋਂ ਛੇਤੀ ਤੋਂ ਛੇਤੀ ਲਾਹ ਦੇਣਾ ਚਾਹੀਦਾ ਹੈ। ਕਿਸਾਨ ਇਤਨਾ ਮਿਹਨਤੀ ਹੈ ਕਿ ਦੇਸ਼ ਦੀ ਭੁਖ ਦੂਰ ਕਰਨ ਵਿਚ ਅਨਾਜ ਉਗਾ ਕੇ ਆਪਣੀ ਸੇਵਾ ਦਾ ਵਧ ਤੋਂ ਵਧ ਹਿੱਸਾ ਪਾ ਰਿਹਾ ਹੈ। ਜੋ ਅਨਾਜ ਦੀ ਥੁੜ੍ਹ ਹੈ, ਇਸ ਦਾ ਪੰਜਵਾਂ ਹਿੱਸਾ ਪੰਜਾਬ ਦਾ ਕਿਸਾਨ ਪੂਰਾ ਕਰ ਰਿਹਾ ਹੈ। ਜਿਹੜੀ ਬਾਕੀ ਦੀ ਚਾਰ ਹਿੱਸੇ ਥੁੜ ਹੈ ਇਸ ਨੂੰ ਹਾਲੇ ਪੂਰਾ ਕਰਨਾ ਹੈ। ਪਰ ਕਿਸਾਨ ਨੂੰ ਕੁਝ ਫੈਸਿਲਿਟੀਜ਼ ਵੀ ਦੇਣੀਆਂ ਚਾਹੀਦੀਆਂ ਹਨ। ਪਾਣੀ ਇਨ੍ਹਾਂ ਨੂੰ ਸਸਤੇ ਰੇਟ ਤੇ ਮਿਲਨਾ ਚਾਹੀਦਾ ਹੈ। ਵੱਧ ਤੋਂ ਵੱਧ ਟਿਊਬਵੈਲਾਂ ਦਾ ਪ੍ਰਬੰਧ ਹੋਵੇ। ਪੰਜਾਬ ਦੀ ਧਰਤੀ ਸਾਰੇ ਹਿੰਦੁਸਤਾਨ ਦੀ ਅੱਧੀ ਮੰਗ ਪੂਰੀ ਕਰ ਸਕਦੀ ਹੈ। ਹਿੰਦੁਸਤਾਨ ਨੂੰ ਗਵਾਂਢੀ ਦੇਸ਼ਾਂ ਤੋਂ ਕਣਕ ਮੰਗਵਾਉਣੀ ਪੈਂਦੀ ਹੈ, ਇਸ ਤੇ ਜਿੰਨਾ ਖਰਚ ਹੁੰਦਾ ਹੈ ਇਹ ਸਾਰਾ ਬਚਾ ਕੇ ਇਥੇ ਸੜਕਾਂ, ਐਜੂਕੇਸ਼ਨ ਅਤੇ ਹੋਰ ਇਸ ਇਲਾਕੇ ਦੀ ਉਨਤੀ ਵਲ ਖਰਚ ਕੀਤਾ ਜਾਣਾ ਚਾਹੀਦਾ ਹੈ। ਹੋਰ ਜਿੰਨੀ ਵੀ ਕਿਸਾਨ ਦੀ ਮੱਦਦ ਹੋ ਸਕੇ ਛੇਤੀ ਤੋਂ ਛੇਤੀ ਕਰਨੀ ਚਾਹੀਦੀ ਹੈ।

ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਅਪੀਲ ਕਰਦਾ ਹਾਂ ਕਿ ਛੇਤੀ ਤੋਂ ਛੇਤੀ ਇਹ ਫਲੈਟ ਰੇਟ ਖਤਮ ਕਰਕੇ ਕਿਸਾਨਾਂ ਦੀ ਹੌਸਲਾ ਅਫਜ਼ਾਈ ਕਰਨ, ਤਾਂ ਜੋ ਕਿਸਾਨ ਅੰਨ ਉਗਾਉਣ ਵਿਚ ਵੱਧ ਤੋਂ ਵੱਧ ਹਿੱਸਾ ਪਾ ਸਕੇ। ਇਕ ਪਾਸੇ ਕਿਸਾਨ ਟਿਊਬਵੈਲਾਂ ਲਈ ਕਰਜ਼ੇ ਚੁਕਦੇ ਹਨ ਅਤੇ ਉਹਦੇ ਸੂਦ ਨਾਲ ਹੀ ਦੱਬੇ ਰਹਿੰਦੇ ਹਨ। ਦੂਜੇ ਪਾਸੇ ਇਨ੍ਹਾਂ ਨੂੰ ਫਲੈਟ ਰੇਟ ਦੀ ਮਾਰ ਪੈਂਦੀ ਹੈ। ਫਸਲਾਂ ਸੁਕਦੀਆਂ ਹਨ। ਵੇਲੇ ਸਿਰ ਬਿਜਲੀ ਦਾ ਪ੍ਰਬੰਧ ਨਾ ਹੋਣ ਕਾਰਨ ਕਿਸਾਨਾਂ ਨੂੰ ਡੀਮਾਰੇਲਾਈਜ਼ੇਸ਼ਨ ਹੋ ਰਹੀ ਹੈ। ਉਨ੍ਹਾਂ ਦਾ ਹੌਂਸਲਾ ਵਧਾਉਣਾ ਚਾਹੀਦਾ ਹੈ ਕਿਉਂਜੋ ਕਿਸਾਨ ਦੇਸ਼ ਦੀ ਅੰਨ ਦੀ ਕਮੀ ਨੂੰ ਦੂਰ ਕਰਨ ਵਾਸਤੇ ਵੱਧ ਤੋਂ ਵੱਧ ਮਿਹਨਤ ਕਰਦਾ ਹੈ। ਸਜ਼ਾ ਦੀ ਬਜਾਏ ਉਸਦੀ ਹੌਂਸਲਾ ਅਫ਼ਜ਼ਾਈ ਹੋਣੀ ਚਾਹੀਦੀ ਹੈ। ਫਲੈਟ ਰੇਟ ਨਾਲ ਇਸ ਨੂੰ ਸਜ਼ਾ ਦਿਤੀ

Original with;
Punjab Vidhan Sabha
Digitized by;
Panjab Digital Library

**ਚੌਧਰੀ ਕੇਵਲ ਕ੍ਰਿਸ਼ਨ** (ਮੁਕੇਰੀਆਂ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ

6.00 P.M. । ਫਲੈਟ ਰੇਟ ਦੇ ਬਾਰੇ ਪੇਸ਼ ਕੀਤਾ ਗਿਆ ਹੈ, ਮੈਂ ਉਸ ਦੇ ਨਾਲ ਸਹਿਮਤ ਹਾਂ ਕਿ ਇਹ ਖਤਮ ਹੋਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਫਲੈਟ ਰੇਟ ਗਰੀਬ ਜ਼ਿਮੀਂਦਾਰਾਂ ਤੇ ਇਕ ਡਾਕਾ ਹੈ ਔਰ ਜਿਹੜਾ ਵੱਡਾ ਜ਼ਿਮੀਂਦਾਰ ਹੈ ਉਸ ਨੂੰ ਰਿਸ਼ਵਤ ਅਤੇ ਰਿਆਇਤ ਦੇਣਾ ਹੈ। ਇਸ ਨੂੰ ਤਾਂ ਪਹਿਲਾਂ ਹੀ ਸਰਕਾਰ ਨੂੰ ਮਹਿਸੂਸ ਕਰਕੇ ਬੰਦ ਕਰਨਾ ਚਾਹੀਦਾ ਸੀ। ਮੈਂ ਸਾਰੇ ਹਾਊਸ ਅੱਗੇ ਬੇਨਤੀ ਕਰਦਾ ਹਾਂ ਕਿ ਸਾਰੇ ਹੀ ਸਰਬਸਮਤੀ ਨਾਲ ਇਸ ਮਤੇ ਨੂੰ ਪਾਸ ਕਰਨ ਕਿ ਫਲੈਟ ਰੇਟ ਫੌਰਨ ਬੰਦ ਹੋਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਮੀਟਰ ਸਿਸਟਮ ਚਾਲੂ ਹੋਣਾ ਚਾਹੀਦਾ ਹੈ। ਟਿਊਬਵੈਲ ਦੇ ਵਾਸਤੇ ਜਿਹੜੇ ਕਰਜ਼ੇ ਮਿਲਦੇ ਹਨ ਉਨ੍ਹਾਂ ਦਾ ਰੇਟ ਬਹੁਤ ਘੱਟ ਹੋਣਾ ਚਾਹੀਦਾ ਹੈ। ਬਿਜਲੀ ਦੀ ਸਪਲਾਈ ਵੀ ਰੈਗੂਲਰ ਹੋਣੀ ਚਾਹੀਦੀ ਹੈ। ਕੁਨੈਕਸ਼ਨ ਜਲਦੀ ਮਿਲਣੇ ਚਾਹੀਦੇ ਹਨ। ਮੈਨੂੰ ਇਥੇ ਇਕ ਜ਼ਿਮੀਦਾਰ ਦੀ ਕਹਾਣੀ ਯਾਦ ਆ ਗਈ ਹੈ ਜੋ ਕਿ ਫਲੈਟ ਰੇਟ ਦਾ ਸ਼ਿਕਾਰ ਹੋਇਆ। ਸਾਡੇ ਇਲਾਕੇ ਵਿਚ ਇਕ ਸ਼ਾਹ ਨਹਿਰ ਹੈ। ਮੈਂ ਤਾਂ ਸਮਝਦਾ ਹਾਂ ਕਿ ਉਹ ਕੰਗਾਲ ਨਹਿਰ ਹੀ ਹੈ ਉਸ ਉਤੇ ਕੋਈ ਡੈਮ ਨਹੀਂ ਹੈ। ਉਸ ਨਹਿਰ ਵਿਚ ਜਿਹੜਾ ਪਾਣੀ ਆਉਂਦਾ ਹੈ ਉਹ ਬਰਸਾਤ ਦਾ ਪਾਣੀ ਹੁੰਦਾ ਹੈ। ਜਦ ਬਰਸਾਤ ਹੁੰਦੀ ਹੈ ਤਾਂ ਉਦੋਂ ਉਹ ਪਾਣੀ ਆਉਂਦਾ ਹੈ ਪਰ ਜਦੋਂ ਬਰਸਾਤ ਨਹੀਂ ਹੁੰਦੀ ਤਾਂ ਪਾਣੀ ਬੰਦ ਹੋ ਜਾਂਦਾ ਹੈ। ਜਿਸ ਦਾ ਨਤੀਜਾ ਇਹ ਹੈ ਕਿ ਫਸਲਾਂ ਖਰਾਬ ਹੋ ਜਾਂਦੀਆਂ ਹਨ। ਪਿਛਲੇ ਸਾਲ ਖੇਤੀ ਦੀ ਫਸਲ ਮੁਕੇਰੀਆਂ ਵਿਚ ਘੱਟ ਹੋਈ। ਮੈਂ ਕਹਿੰਦਾ ਹਾਂ ਕਿ ਇਸ ਨਹਿਰ ਉਤੇ ਡੋਜ਼ਰ ਲਾ ਕੇ ਡੈਮ ਤਿਆਰ ਕੀਤਾ ਜਾਵੇ। ਪਰ ਸਰਕਾਰੀ ਕਰਮਚਾਰੀਆਂ ਦੀ ਗਲਤੀ ਨਾਲ ਉਹ ਨਹੀਂ ਹੋ ਸਕਿਆ। ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਵਜ਼ੀਰ ਸਾਹਿਬ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਅਤੇ ਡੋਜ਼ਰ ਬਾਕਾਇਦਾ ਪਾਣੀ ਨੂੰ ਸਪਲਾਈ ਕਰਨ ਵਾਸਤੇ ਵਰਤੇ ਜਾਣ।

ਡਿਪਟੀ ਸਪੀਕਰ ਸਾਹਿਬ, ਜਦ ਜ਼ਿਮੀਂਦਾਰ ਨੇ ਵੇਖਿਆ ਕਿ ਪਾਣੀ ਨਹੀਂ ਲੱਗਦਾ ਤਾਂ ਉਸ ਨੇ ਬਿਜਲੀ ਲੈ ਕੇ ਟਿਊਬਵੈਲ ਚਾਲੂ ਕਰਕੇ ਖੇਤਾਂ ਨੂੰ ਪਾਣੀ ਦੇਣਾ ਚਾਹਿਆ। ਉਸ ਨੇ ਆਪਣਾ ਹਲਟ ਬੰਦ ਕਰ ਦਿੱਤਾ। ਆਪਣੇ ਪਸ਼ੂ ਵੇਚ ਦਿੱਤੇ। ਕਰਜ਼ਾ ਲੈ ਕੇ ਟਿਊਬਵੈਲ ਲਗਾਇਆ। ਉਸ ਤੋਂ ਬਾਅਦ ਉਸ ਨੂੰ ਕੁਨੈਕਸ਼ਨ ਲੈਣ ਵਾਸਤੇ 50' ਰੁਪਿਆ ਰਿਸ਼ਵਤ ਦਾ ਦੇਣਾ ਪਿਆ। ਮੈਂ ਅਰਜ਼ ਕਰਦਾ ਹਾਂ ਕਿ ਸਭ ਤੋਂ ਜ਼ਿਆਦਾ ਰਿਸ਼ਵਤ ਬਿਜਲੀ ਦਾ ਕੁਨੈਕਸ਼ਨ ਲੈਣ ਵੇਲੇ ਦੇਣੀ ਪੈਂਦੀ ਹੈ। ਜਿਹੜਾ ਕਹਿੰਦਾ ਹੈ ਕਿ ਮੈਂ ਰਿਸ਼ਵਤ ਨਹੀਂ ਦਿੱਤੀ ਤਾਂ ਉਹ ਝੂਠ ਬੋਲਦਾ ਹੈ। ਬਾਕੀ ਮਹਿਕਮਿਆਂ ਵਿਚ ਵੀ ਰਿਸ਼ਵਤ ਹੈ। ਜਿਸ ਤਰ੍ਹਾਂ ਕਿ ਪੁਲਿਸ ਦਾ ਮਹਿਕਮਾ ਹੈ, ਮਾਲ ਦਾ ਮਹਿਕਮਾ, ਆਦਿ। ਲੇਕਿਨ ਬਿਜਲੀ ਦੇ ਮਹਿਕਮੇ ਵਿਚ ਤਾਂ ਹਰ ਗੱਲ ਲਈ ਰਿਸ਼ਵਤ ਲਈ ਜਾਂਦੀ ਹੈ। ਇਸ ਲਈ ਇਸ ਦਾ ਸੁਧਾਰ ਹੋਣਾ ਚਾਹੀਦਾ ਹੈ। ਤਾਂਕਿ ਗਰੀਬ ਵੀ ਕੁਝ ਫਾਇਦਾ ਉਠਾ ਸਕਣ। ਜਨਾਬ, ਜਦ ਉਸ ਨੇ ਟਿਊਬਵੈਲ ਲਗਾਇਆ, ਉਸ ਨੂੰ ਕੁਨੈਕਸ਼ਨ ਮਿਲ ਗਿਆ ਫਿਰ ਕਦੇ ਬਿਜਲੀ ਫੇਲ ਹੋ ਗਈ ਕਦੇ ਬੰਦ ਹੋ ਗਈ। ਨਤੀਜਾ ਇਹ ਹੋਇਆ ਕਿ ਉਸ ਛੋਟੇ ਜ਼ਿਮੀਦਾਰ ਨੂੰ ਮਜਬੂਰ ਹੋ ਕੇ ਅਪਣਾ ਟਿਊਬਵੈਲ ਛੱਡਣਾ ਪਿਆ। ਮਸ਼ੀਨਰੀ ਛੱਡਣੀ ਪਈ। ਇਸ ਤਰ੍ਹਾਂ ਉਸ ਨੂੰ ਬਹੁਤ ਸਾਰਾ ਘਾਟਾ ਪਿਆ ਜੋ ਕਿ ਪੂਰਾ

Original with;
Punjab Vidhan Sabha
Digitized by;
Panjab Digital Library

ਟਾਕਰਾ ਜਿਨਸ ਨਾਲ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਜਿਨਸ ਨਾਲੋਂ ਇਨਾਂ ਦੇ ਭਾਅ ਕਈ ਗੁਣਾਂ ਵਧ ਹਨ। ਅਗਰ ਇਹੀ ਹਾਲਤ ਰਹੀ ਤਾਂ ਜ਼ਿਮੀਦਾਰ ਨੂੰ ਮੂੰਹ ਦੀ ਖਾਣੀ ਪਵੇਗੀ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਜ਼ਿਮੀਦਾਰ ਨੂੰ ਹਰ ਇਕ ਪਾਸਿਉਂ ਲੁਟਿਆ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਜ਼ਿਮੀਦਾਰ ਹੀ ਸਾਰਿਆਂ ਨੂੰ ਰੋਟੀ ਖਿਲਾਉਂਦਾ ਹੈ ਪਰ ਇਸ ਜ਼ਿਮੀਦਾਰ ਵਾਸਤੇ ਜੋ ਅਸੀਂ ਕਰਦੇ ਪਏ ਹਾਂ ਉਹ ਸਾਡੇ ਸਾਹਮਣੇ ਹੀ ਹੈ। ਹੁਣ ਸਗੋਂ ਹੋਰ ਫਲੈਟ ਰੇਟ ਦਾ ਬੋਝ ਉਸ ਉਤੇ ਪਾਇਆ ਜਾ ਰਿਹਾ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜੇ ਸਾਰਿਆਂ ਦੀ ਇਕ ਰਾਏ ਹੋਵੇ ਤਾਂ ਇਹ ਫਲੈਟ ਰੇਟ ਹਟਾਉਣਾ ਚਾਹੀਦਾ ਹੈ। ਇਸ ਤੋਂ ਬਾਅਦ ਕਿਹਾ ਗਿਆ ਹੈ ਕਿ ਜ਼ਿਮੀਦਾਰ ਵਾਸਤੇ ਟਰੈਕਟਰਾਂ ਦੀ ਫੈਕਟਰੀ ਲੁਧਿਆਣੇ ਵਿਚ ਲਾਵਾਂਗੇ। ਮਗਰ ਅਫਸੋਸ ਹੈ ਕਿ ਜੇ ਪੁਛਿਆ ਗਿਆ ਕਿ ਫੈਕਟਰੀ ਲਈ ਜ਼ਮੀਨ ਲੈ ਲਈ ਗਈ ਹੈ ਤਾਂ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਕਿ ਇਸ ਬਾਰੇ ਅਸੀਂ ਕੋਈ ਗਲ ਨਹੀਂ ਕਰ ਸਕਦੇ। (ਵਿਘਨ) ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇਤਨਾ ਸਟਾਫ਼ ਕਿਉਂ ਰਖਿਆ ਗਿਆ ਹੈ। ਤੁਹਾਨੂੰ ਪਤਾ ਹੈ ਕਿ ਟਰੈਕਟਰ ਕਿੰਨੀ ਬਲੈਕ ਵਿਚ ਮਿਲਦਾ ਹੈ। ਮੈਂ ਜਾਣਦਾ ਹਾਂ ਕਿ ਲੁਧਿਆਣੇ ਜਲੰਧਰ, ਅੰਮ੍ਰਿਤਸਰ ਵਿਚ ਜਿਹੜੇ ਜ਼ਿਮੀਂਦਾਰ ਹਨ ਉਨ੍ਹਾਂ ਦੀਆਂ ਜੁੱਤੀਆਂ ਘਸ ਜਾਂਦੀਆਂ ਹਨ ਟਰੈਕਟਰ ਮਗਰ ਫਿਰਦਿਆਂ ਦੀਆਂ। ਜੋ ਮਿਲਦਾ ਹੈ ਤਾਂ ਉਨ੍ਹਾਂ ਨੂੰ ਬਲੈਕ ਦਾ ਕਿਤਨਾ ਰੁਪਿਆ ਦੇਣਾ ਪੈਂਦਾ ਹੈ। ਹੁਣ ਤੁਸੀਂ ਟਰੇਡਰ ਵੱਲ ਵੇਖੋ। ਉਹ ਤੀਜੇ ਮਹੀਨੇ ਆਪਣੀ ਕਾਰ ਬਦਲ ਲੈਂਦਾ ਹੈ। ਪਰ ਜ਼ਿਮੀਂਦਾਰ ਨੂੰ ਟਰੈਕਟਰ ਜਾਂ ਹੋਰ ਖੇਤੀ ਦੇ ਇੰਪਲੀਮੈਂਟਸ ਨਹੀਂ ਮਿਲਦੇ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਜ਼ਿਮੀਂਦਾਰ ਵਾਸਤੇ ਮਹਿਕਮੇ ਤਾਂ ਬਹੁਤ ਬਣਾਏ ਹੋਏ ਹਨ ਜਿਸ ਤਰ੍ਹਾਂ ਕਿ ਐਗਰੀਕਲਚਰ ਡਿਪਾਰਟਮੈਂਟ, ਕੋਆਪ੍ਰੇਟਿਵ ਅਤੇ ਬਲਾਕ ਡਿਪਾਰਟਮੈਂਟਸ ਹਨ। ਪਰ ਜ਼ਿਮੀਂਦਾਰ ਦਾ ਭਾਰ ਕੋਈ ਨਹੀਂ ਵੰਡਾਉਂਦਾ। ਕੋਈ ਜ਼ਿਮੀਂਦਾਰ ਨੂੰ ਇਹ ਨਹੀਂ ਪੁਛਦਾ ਕਿ ਫਸਲ ਨੂੰ ਕਿੰਨੀ ਖਾਦ ਪਈ ਹੈ ਅਤੇ ਕਿੰਨਾ ਖਰਚ ਆਇਆ ਹੈ। ਹਾਲਾਂਕਿ ਜ਼ਿਮੀਂਦਾਰ ਆਪਣੀ ਮਿਹਨਤ ਨਾਲ ਫਸਲ ਉਗਾਉਂਦਾ ਹੈ ਪਰ ਫਿਰ ਵੀ ਉਸ ਨੂੰ ਨਹੀਂ ਪੁਛਿਆ ਜਾਂਦਾ ਕਿ ਉਸ ਦੀ ਜਿਣਸ ਦਾ ਕੀ ਭਾਅ ਹੋਵੇ। ਕਿਹਾ ਜਾਂਦਾ ਹੈ ਕਿ ਐਗਰੀਕਲਚਰ ਡਿਪਾਰਟਮੈਂਟ ਅਤੇ ਬਲਾਕ ਡਿਪਾਰਟਮੈਂਟ ਜ਼ਿਮੀਂਦਾਰ ਦੀ ਬਹੁਤ ਖਿਦਮਤ (ਸੇਵਾ) ਕਰਦੇ ਹਨ। ਮੈਂ ਸਮਝਦਾ ਹਾਂ ਕਿ ਕੋਈ ਨਹੀਂ ਕਰਦੇ।

ਮੈਂ ਅਰਜ਼ ਕਰਦਾ ਹਾਂ ਕਿ ਜ਼ਿਮੀਂਦਾਰ ਸਾਡੀ ਰੀੜ ਦੀ ਹੱਡੀ ਹੈ। ਜੇ ਇਸ ਨੂੰ ਮਜ਼ਬੂਤ ਨਾ ਕੀਤਾ ਗਿਆ ਤਾਂ ਇਹ ਜਿਹੜੀ ਸਾਡੀ ਇਕਾਨੋਮੀ ਹੈ ਇਹ ਸ਼ੈਟਰ ਹੋ ਜਾਵੇਗੀ। ਮੈਨੂੰ ਡਰ ਹੈ ਕਿ ਜ਼ਿਮੀਂਦਾਰ ਕਿਧਰੇ ਇਹ ਫੈਸਲਾ ਨਾ ਕਰ ਲੈਣ ਕਿ ਅਸੀਂ ਕਣਕ ਪੈਦਾ ਨਹੀਂ ਕਰਾਂਗੇ। ਫਿਰ ਦੇਖਾਂਗੇ ਹਿੰਦੁਸਤਾਨ ਕਿਸ ਤਰ੍ਹਾਂ ਕਣਕ ਪੈਦਾ ਕਰ ਸਕੇਗਾ। ਇਸ ਲਈ ਪੰਜਾਬ ਸਰਕਾਰ ਨੂੰ ਸੈਂਟਰਲ ਗੌਰਮਿੰਟ ਨੂੰ ਲਿਖਣਾ ਚਾਹੀਦਾ ਹੈ ਕਿ ਐਗਰੀਕਲਚਰ ਤੇ ਜੋ ਟੈਕਸ ਲਾਇਆ ਜਾਂਦਾ ਹੈ ਉਸ ਨੂੰ ਹਟਾਇਆ ਜਾਵੇ ਤਾਂਕਿ ਜ਼ਿਮੀਂਦਾਰ ਇਹ ਕਹਿ ਸਕੇ ਕਿ ਮੈਂ ਅੱਗੇ ਨਾਲੋਂ ਸੁਖੀ ਹਾਂ। ਇਸ ਦੇ ਨਾਲ ਹੀ ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ ਕਿ ਇਸ ਮਤੇ ਨੂੰ ਪੂਰੀ ਤਰ੍ਹਾਂ ਪਾਸ ਕਰੋ। ਮੈਂ ਡਿਪਟੀ ਸਪੀਕਰ ਸਾਹਿਬ ਆਪ ਦਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੱਤਨਾਮ ਸਿੰਘ ਬਾਜਵਾ]

ਡਿਪਟੀ ਸਪੀਕਰ ਸਾਹਿਬ, ਫਲੈਟ ਰੇਟ ਦੀ ਲਾਹਨਤ ਦੇ ਬਾਰੇ ਸਾਰਿਆਂ ਬੈਂਚਾਂ ਵਲੋਂ, ਟਰੇਜ਼ਰੀ ਬੈਂਚ ਵਲੋਂ, ਅਪੋਜ਼ੀਸਨ ਵਲੋਂ ਔਰ ਹੋਰ ਸਾਰਿਆਂ ਵਲੋਂ ਇਸ ਦੇ ਖਿਲਾਫ਼ ਤੁਸੀਂ ਸਾਰੇ ਵਿਚਾਰ ਸੁਣੇ ਹਨ । ਇਹ ਜੋ ਫਲੈਟ ਰੇਟ ਹੈ ਇਸ ਨੂੰ ਖਤਮ ਕਰ ਦਿਤਾ ਜਾਵੇ । ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਬਿਜਲੀ ਦੀਆਂ ਮੁਸ਼ਕਲਾਂ ਤੋਂ ਇਲਾਵਾ ਜ਼ਮੀਦਾਰ ਨੂੰ ਹੋਰ ਵੀ ਬੜੀਆਂ ਮੁਸ਼ਕਲਾਂ ਹਨ । ਮੈਂ ਅਰਜ਼ ਕਰਦਾ ਹਾਂ ਕਿ ਜ਼ਮੀਦਾਰ ਜਿਹੜਾ ਹੈ ਇਹ ਪੰਜਾਬ ਦੀ ਬੈਕਬੋਨ ਹੈ ਹਿੰਦੁਸਤਾਨ ਨੂੰ ਜਿਸ ਨੇ ਅਨਾਜ ਪੈਦਾ ਕਰਕੇ ਦੇਣਾ ਹੈ । ਅਸੀਂ ਜਿੰਨਾਂ ਚਿਰ ਇਸ ਨੂੰ ਮਜ਼ਬੂਤ ਨਹੀਂ ਕਰਾਂਗੇ ਉਸ ਨੂੰ ਸਹੂਲਤਾਂ ਨਹੀਂ ਦਿਆਂਗੇ ਤਾਂ ਇਹ ਮੇਰਾ ਸੂਬਾ ਤਰਕੀ ਨਹੀਂ ਕਰ ਸਕਦਾ, ਹਿੰਦੁਸਤਾਨ ਤਰਕੀ ਨਹੀਂ ਕਰ ਸਕਦਾ । ਇਹ ਮੇਰਾ ਹਿੰਦੁਸਤਾਨ ਜਿਹੜਾ ਅਨਾਜ ਅਮਰੀਕਾ ਤੋਂ ਮੰਗਵਾਉਂਦਾ ਹੈ ਮੈਂ ਅਰਜ਼ ਕਰਦਾ ਹਾਂ ਕਿ ਜਿਹੜੀਆਂ ਕੋਈ ਥੋੜੀਆਂ ਬਹੁਤੀਆਂ ਸਹੂਲਤਾਂ ਜ਼ਮੀਦਾਰਾਂ ਨੂੰ ਮਿਲੀਆਂ ਹੋਈਆਂ ਹਨ ਉਸ ਦੇ ਨਾਲ ਅਗਰ ਪੰਜਾਬ ਦਾ ਕਿਸਾਨ ਹਿੰਦੂਸਤਾਨ ਦੇ ਬਾਕੀ ਸੂਬਿਆਂ ਨੂੰ ਅਨਾਜ ਦੇ ਸਕਦਾ ਹੈ ਤਾਂ ਜੇਕਰ ਉਸ ਨੂੰ ਥੋੜੀਆਂ ਜਿਹੀਆਂ ਹੋਰ ਸਹੂਲਤਾਂ ਦਿਤੀਆਂ ਜਾਣ, ਉਸ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣ ਤਾਂ ਉਲਟਾ ਇਹ ਮੇਰਾ ਪੰਜਾਬ ਅਮਰੀਕਾ ਨੂੰ ਅਨਾਜ ਭੇਜੇਗਾ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਜਿਹੜੀ ਭਾਖੜਾ ਡੈਮ ਵਿਚੋਂ 50% ਬਿਜਲੀ ਦਿਲੀ ਨੂੰ ਜਾਂਦੀ ਹੈ, ਉਥੇ ਉਸ ਨਾਲ ਜਿਹੜੀ ਖਾਦ ਤਿਆਰ ਹੁੰਦੀ ਹੈ ਉਸ ਵਿਚੋਂ ਪੰਜਾਬ ਦੇ ਜ਼ਿਮੀਦਾਰ ਨੂੰ ਵੀ ਹਿਸਾ ਮਿਲਣਾ ਚਾਹੀਦਾ ਹੈ । ਇਹ ਹਰ ਸੂਬੇ ਦੀ ਆਪਣੀ ਆਪਣੀ ਖਾਸੀਅਤ ਹੁੰਦੀ ਹੈ ਕਿ ਕਿਸੇ ਸੂਬੇ ਵਿਚ ਲੋਹਾ, ਕਿਸੇ ਵਿਚ ਕੋਲਾ, ਕਿਸੇ ਵਿਚ ਪਟਰੋਲ ਹੁੰਦਾ ਹੈ । ਮੇਰਾ ਸੂਬਾ ਵਾਹੀਕਾਰਾਂ ਦਾ ਸੂਬਾ ਹੈ । ਵਾਹੀਕਾਰਾਂ ਨੂੰ ਸਹੂਲਤਾਂ ਦੇਣ । ਜਿਥੇ ਖਾਦ ਦੀ ਕੀਮਤ ਅਧੀ ਹੋਣੀ ਚਾਹੀਦਾ ਹੈ ਉਥੇ ਇਹ 10 ਫੀ ਸਦੀ ਵਧਾ ਰਹੇ ਹਨ । ਮੈਂ ਤੁਹਾਡੇ ਰਾਹੀਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਖਾਦ ਦਾ ਰੇਟ ਘਟ ਕੀਤਾ ਜਾਣਾ ਚਾਹੀਦਾ ਹੈ । (ਵਿਘਣ)

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਟ ਦੀਆਂ ਜਿਹੜੀਆਂ ਜ਼ਰੂਰੀਆਤੇ ਜ਼ਿੰਦਗੀ ਹਨ ਉਹ ਜ਼ਿਆਦਾ ਮਹਿੰਗੀਆਂ ਹੋ ਰਹੀਆਂ ਹਨ । ਬਿਜਲੀ ਵੀ ਮਹਿੰਗੀ, ਮਜ਼ਦੂਰੀ ਵੀ ਮਹਿੰਗੀ, ਬਿਜਲੀ ਦਾ ਫਲੈਟ ਰੇਟ ਵੀ ਮਹਿੰਗਾ ਹਰ ਚੀਜ਼ ਮਹਿੰਗੀ । ਮੈਂ ਤਾਂ ਇਥੋਂ ਤਕ ਕਹਾਂਗਾ ਕਿ ਕਪੜਾ, ਇੱਟ, ਸੀਮਿੰਟ, ਲੋਹਾ ਆਦਿ ਸਾਰੀਆਂ ਚੀਜ਼ਾਂ ਹੀ ਮਹਿੰਗੀਆਂ ਹਨ । ਇਸ ਲਈ ਜਟਾਂ ਦੀ ਸਹੂਲਤ ਵਾਸਤੇ ਇਹ ਜੋ ਬਾਕੀ ਚੀਜ਼ਾਂ ਵਿਚ ਅਸਾਨੀ ਕਰਨੀ ਚਾਹੀਦੀ ਹੈ ਉਥੇ ਜਟ ਨੂੰ ਜ਼ਰੂਰਤ ਹੈ ਕਿ ਬਿਜਲੀ ਤੇ ਫਲੈਟ ਰੇਟ ਨੂੰ ਖਤਮ ਕੀਤਾ ਜਾਵੇ । ਮੈਂ ਜਿਲਾ ਗੁਰਦਾਸਪੁਰ, ਤੁਹਾਡੇ ਜਿਲੇ, ਦਾ ਰਹਿਣ ਵਾਲਾ ਹਾਂ ਉਹ ਸੇਮ ਦਾ ਇਲਾਕਾ ਹੈ ਉਥੇ ਮੋਹਰਾਂ ਬੰਦ ਰਹਿੰਦੀਆਂ ਹਨ । ਇਕ ਤਾਂ ਫਲੈਟ ਰੇਟ ਦੀ ਮੁਸ਼ਕਲ ਹੈ ਦੂਸਰਾ ਮਹਿਕਮਿਆਂ ਵਾਲਿਆਂ ਨੇ ਮੁਸ਼ਕਲਾਂ ਪਾਈਆਂ ਹੋਈਆਂ ਹਨ । ਜਟ ਨੂੰ ਤਗ ਕਰਦੇ ਹਨ ਕਿਉਂ ਕਿ ਉਨਾਂ ਨੂੰ ਪਤਾ ਹੈ ਕਿ ਜੇ ਕਰ ਇਸ ਤਰ੍ਹਾਂ ਕਰਾਂਗੇ ਤਾਂ ਹੀ ਰਿਸ਼ਵਤ ਮਿਲਦੀ ਹੈ । ਜੇ ਉਹ ਇਸ ਤਾਂ ਨਾ ਕਰਨ ਤਰ੍ਹਾਂ ਉਨਾਂ ਨੂੰ ਕੁਝ ਲਭਦਾ ਨਹੀਂ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਫਲੈਟ ਰੇਟ ਦੀ ਥਾਂ ਤੇ ਅਗਰ ਮੀਟਰ ਸਿਸਟਮ ਚਾਲੂ ਕੀਤਾ ਜਾਵੇ ਤਾਂ ਉਹ ਬੇਹਤਰ ਰਹੇਗਾ । (ਵਿਘਨ)

Original with;
Punjab Vidhan Sabha
Digitized by;
Panjab Digital Library

ਨਹੀਂ ਹੋ ਸਕਿਆ । ਔਰ ਜਿਹੜਾ ਆਦਮੀ ਕਹਿੰਦਾ ਸੀ ਕਿ ਮੈਂ ਦੇਸ਼ ਦਾ ਭਲਾ ਕਰਾਂਗਾ, ਉਹ ਨਹੀਂ ਕਰ ਸਕਿਆ । ਸੋ ਡਿਪਟੀ ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਉਨ੍ਹਾਂ ਦਾ ਬੜਾ ਭਾਰੀ ਅਹਿਸਾਨ ਹੋਵੇਗਾ ਜੇ ਕਰ ਉਹ ਇਸ ਫਲੈਟ ਰੇਟ ਨੂੰ ਬੰਦ ਕਰਨ । ਅਤੇ ਬਿਜਲੀ ਦੇ ਮਹਿਕਮੇ ਦਾ ਸੁਧਾਰ ਕਰਨ । ਬਿਜਲੀ ਦੇ ਕੁਨੈਕਸਨ ਛੋਟੇ ਕਿਸਾਨ ਨੂੰ ਜਲਦੀ ਤੋਂ ਜਲਦੀ ਦਿਵਾਏ ਜਾਣ ਤਾਂਕਿ ਉਹ ਖੇਤਾਂ ਨੂੰ ਪਾਣੀ ਦੇ ਕੇ ਜ਼ਿਆਦਾ ਉਪਜ ਪੈਦਾ ਕਰ ਸਕਣ ਮੈਨੂੰ ਦੁਖ ਹੈ ਕਿ ਲੋਕਾਂ ਨੂੰ ਪੀਣ ਵਾਸਤੇ ਪਾਣੀ ਵੀ ਆਸਾਨੀ ਨਾਲ ਨਹੀਂ ਮਿਲਦਾ । ਜਿਹੜਾ ਤਲਵਾੜੇ ਦਾ ਪਹਾੜੀ ਇਲਾਕਾ ਹੈ, ਉਥੇ ਤਾਂ ਕਈ ਪਿੰਡਾਂ ਵਾਲਿਆਂ ਨੂੰ ਤਿੰਨ ਤਿੰਨ ਮੀਲ ਦੂਰ ਤੋਂ ਵੀ ਪਾਣੀ ਨਹੀਂ ਮਿਲਦਾ । ਉਸ ਇਲਾਕੇ ਵਿਚ ਪੀਣ ਦੇ ਪਾਣੀ ਦਾ ਪ੍ਰਬੰਧ ਵੀ ਬੜਾ ਜ਼ਰੂਰੀ ਹੈ ।

**ਸ੍ਰੀ ਡਿਪਟੀ ਸਪੀਕਰ :** ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਫਲੈਟ ਰੇਟ ਮੁਤਅਲਿਕ ਹੀ ਆਪਣੀ ਸਪੀਚ ਨੂੰ ਮਹਿਦੂਦ ਰਖਣ । (I will request the hon. Member to con. ne his speech to the resolution under discussion.)

**ਚੌਧਰੀ ਕੇਵਲ ਕ੍ਰਿਸ਼ਨ :** ਮੈਂ ਮਹਿਸੂਸ ਕਰਦਾ ਹਾਂ ਕਿ ਜਿਥੇ ਖੇਤਾਂ ਨੂੰ ਪਾਣੀ ਦੇਣ ਲਈ ਪਿੰਡਾਂ ਵਿਚ ਬਿਜਲੀ ਦੇਣ ਦਾ ਧਿਆਨ ਰਖਣਾ ਚਾਹੀਦਾ ਹੈ ਉਥੇ ਪਹਾੜੀ ਇਲਾਕੇ ਵਿਚ ਵੀ ਬਿਜਲੀ ਦੇਣੀ ਚਾਹੀਦੀ ਹੈ ਤਾਂ ਕਿ ਉਹ ਲੋਕ ਵੀ ਟਿਊਬਵੈਲ ਆਦਿ ਲਗਾ ਕੇ ਬਰਸਾਤ ਦੇ ਮੌਸਮ ਤੋਂ ਵਿਲਾਵਾ ਵੀ ਫਸਲਾਂ ਨੂੰ ਪਾਣੀ ਦੇ ਸਕਣ । ਮੈਂ ਅਰਜ਼ ਕਰਾਂਗਾ ਕਿ ਪਿਛਲੇ ਮਨਿਸਟਰ ਸ੍ਰੀ ਰਾਮ ਪ੍ਰਕਾਸ਼ ਜੀ ਨੇ ਕੋਸ਼ਿਸ਼ ਕਰਕੇ ਉਸ ਇਲਾਕੇ ਵਿਚ ਬਿਜਲੀ ਲੈ ਜਾਣ ਦੇ ਯਤਨ ਕੀਤੇ। ਉਹ ਕੰਮ ਅਧੂਰਾ ਹੈ ਉਸ ਕੰਮ ਨੂੰ ਪੂਰਾ ਕੀਤਾ ਜਾਵੇ ਅਤੇ ਉਨ੍ਹਾਂ ਪਹਾੜੀ ਇਲਾਕਿਆਂ ਨੂੰ ਬਿਜਲੀ ਦਿਤੀ ਜਾਵੇ । ਇਨ੍ਹਾਂ ਸ਼ਬਦਾਂ ਨਾਲ ਮੈਂ ਫਲੈਟ ਰੇਟ ਦੀ ਪੁਰ ਜ਼ੋਰ ਮੁਖਾਲਫਤ ਕਰਦਾ ਹਾਂ । ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਇਸ ਫਲੈਟ ਰੇਟ ਨੂੰ ਜਲਦੀ ਤੋਂ ਜਲਦੀ ਬੰਦ ਕੀਤਾ ਜਾਵੇ ।

**ਸਰਦਾਰ ਸਤਨਾਮ ਸਿੰਘ ਬਾਜਵਾ** (ਕਾਦੀਆਂ) : ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਸਰਦਾਰ ਕੁਲਵੰਤ ਸਿੰਘ ਜੀ ਨੇ ਜੋ ਮਤਾ ਫਲੈਟ ਰੇਟ ਦੀ ਲਾਹਨਤ ਨੂੰ ਦੂਰ ਕਰਨ ਲਈ ਪੇਸ਼ ਕੀਤਾ ਹੈ ਉਸ ਦੇ ਉਤੇ ਆਪਣੇ ਵਿਚਾਰ ਰਖਾਂ, ਮੈਂ ਆਪਣੇ ਦਿਲ ਦਾ ਇਕ ਜਜ਼ਬਾ ਜ਼ਾਹਰ ਕਰਦਾ ਹਾਂ । ਜਿਸ ਕੁਰਸੀ ਤੇ ਤੁਸੀਂ ਬਿਰਾਜਮਾਨ ਹੋਏ ਹੋ ਉਸ ਵਾਸਤੇ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੇ ਤੁਹਾਨੂੰ ਮੁਬਾਰਕਾਂ ਦਿਤੀਆਂ ਹਨ । ਸਾਡੇ ਲੀਡਰ ਨੂੰ ਇਸ ਚੀਜ਼ ਦਾ ਹੱਕ ਸੀ ਪਰ ਸਾਨੂੰ ਇਸ ਗਲ ਦਾ ਹੱਕ ਨਹੀਂ ਸੀ । ਪਰ ਮੈਂ ਤੁਹਾਨੂੰ ਇਕ ਭਰਾ ਹੋਣ ਦੇ ਨਾਤੇ ਇਕ ਵਤਨੀ ਹੋਣ ਦੇ ਨਾਤੇ ਇਕ ਬਾਜਵਾ ਭਰਾ ਹੋਣ ਦੇ ਨਾਤੇ ਮੁਬਾਰਕਬਾਦ ਪੇਸ਼ ਕਰਦਾ ਹਾਂ । ਇਹ ਵੀ ਹੋ ਸਕਦਾ ਹੈ ਕਿ ਸ਼ਾਇਦ ਤੁਹਾਡੇ ਕਰਕੇ ਹੀ ਮੈਨੂੰ ਕੁਝ ਬੋਲਣ ਦਾ ਮੌਕਾ ਮਿਲਿਆ ਹੈ ਵੈਸੇ ਪਤਾ ਨਹੀਂ ਮਿਲਦਾ ਵੀ ਕਿ ਨਹੀਂ । (ਵਿਘਨ)

**ਇਕ ਮਾਨਯੋਗ ਮੈਂਬਰ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਤੁਹਾਡੇ ਤੇ ਰਿਆਇਤ ਕਰਨ ਦਾ ਇਲਜ਼ਾਮ ਲਗਾਇਆ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੱਤਨਾਮ ਸਿੰਘ ਬਾਜਵਾ]

ਤਰੀਕਾ ਫੜ ਲਿਆ ਹੈ ਅਤੇ ਹੁਣ ਉਨ੍ਹਾਂ ਦੇ ਨਾਲ ਨਾਲ ਜਟ ਨੂੰ ਵੀ ਉਥੇ ਸੌਣਾ ਪੈਂਦਾ ਹੈ। (ਸ਼ੋਰ) (ਵਿਘਨ)

ਡਿਪਟੀ ਸਪੀਕਰ ਸਾਹਿਬ, ਮੇਰੇ ਆਨਰੇਬਲ ਮੈਂਬਰ ਕੈਪਟਨ ਰਤਨ ਸਿੰਘ ਨੇ ਕਈ ਗਲਾਂ ਕਹੀਆਂ ਸੀ। ਪਰ ਚੂੰਕਿ ਉਹ ਸੀਟ ਤੇ ਹਾਜ਼ਰ ਨਹੀਂ ਮੈਂ ਉਨ੍ਹਾਂ ਬਾਰੇ ਹਾਲੇ ਕੁਝ ਨਹੀਂ ਕਹਿੰਦਾ। (ਸ਼ੋਰ) (ਵਿਘਨ) ਮੈਂ ਤੇਰੇ ਵਾਂਗ ਨਹੀਂ ਕਰਾਂਗਾ। ਜਦ ਤਕ ਉਹ ਸਾਹਮਣੇ ਨਾ ਹੋਣ ਮੈਂ ਵਾਜਬ ਨਹੀਂ ਸਮਝਦਾ ਕਿ ਕੋਈ ਗਲ ਉਨਾਂ ਬਾਰੇ ਕਰਾਂ।

ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਬੜਾ ਮਸ਼ਕੂਰ ਹਾਂ। ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ। ਭਾਵੇਂ ਲੇਟ ਹੀ ਦਿੱਤਾ। ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ।

ਮੈਂ ਇਸ ਮਤੇ ਦੀ, ਜਿਹੜਾ ਸਰਦਾਰ ਕੁਲਵੰਤ ਸਿੰਘ ਨੇ ਪੇਸ਼ ਕੀਤਾ ਹੈ, ਤਾਈਦ ਕਰਦਾ ਹਾਂ। ਫਲੈਟ ਰੇਟ ਦੀ ਲਾਹਨਤ ਖਤਮ ਕਰਨੀ ਚਾਹੀਦੀ ਹੈ।

**चौधरी बलबीर सिंह** : स्पीकर साहिब, मैं प्रस्ताव पेश करता हूं कि इसे अब यहां बन्द करके हाऊस की राये ले ली जाये। (शोर)

**ਕਈ ਅਵਾਜ਼ਾਂ** : ਨੋ, ਨੋ, ਸਾਰੇ ਦੇ ਸਾਰੇ ਹਾਊਸ ਦੀਆਂ ਵੋਟਾਂ ਹੋਣੀਆਂ ਚਾਹੀਦੀਆਂ ਹਨ।

**ਸ਼੍ਰੀ ਡਿਪਟੀ ਸਪੀਕਰ** : ਮਿਹਰਬਾਨੀ ਕਰਕੇ ਚੌਧਰੀ ਬਲਬੀਰ ਸਿੰਘ ਨੂੰ ਗਲ ਕਰ ਲੈਣ ਦਿਉ। (Let Chaudhri Balbir Singh have his say, please.)

**चौधरी बलबीर सिंह** : डिप्टी स्पीकर साहिब, हाऊस के हर हिस्से में कोई भी मैंबर ऐसा नहीं जिसने इस रैज़ोल्यूशन की प्रौढ़ता न की हो। अब कोई और बात कहने वाली नही। सारी कार्यवाही पर बहस हो चुकी है। अब फलैट रेट के बारे में दो लाइनें कही जाती हैं। सड़कें, बिजली और पानी। फलैट रेट के बारे में जब सारा हाऊस मुतफ़िक़ है तो अगर चार आदमी और खड़े हो जाएं तो कोई फर्क नहीं पड़ता। मेरा ख्याल है कि हाऊस की अब राये ले ली जाये।

(ਸਰਕਾਰੀ ਬੈਂਚਾਂ ਵਲੋਂ ਸ਼ੋਰ)

(ਕਈ ਆਵਾਜ਼ਾਂ : ਇਹ ਬੜਾ ਜ਼ਰੂਰੀ ਮਸਲਾ ਹੈ। ਕਈ ਮੈਂਬਰ ਇਸ ਤੇ ਨਹੀਂ ਬੋਲੇ।)

**ਕਾਮਰੇਡ ਸਤਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ ਜਿਥੋਂ ਤਕ ਰੂਲਜ਼ ਦਾ ਸਵਾਲ ਹੈ, ਜੇ ਕੋਈ ਸਾਹਿਬ ਬੋਲਣਾ ਚਾਹੇ ਤਾਂ ਤੁਸੀਂ ਰਿਫਿਊਜ਼ ਨਹੀਂ ਕਰ ਸਕਦੇ। ਜਦ ਸਾਰਾ ਹਾਊਸ ਇਸਦੇ

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਆਪਣੇ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਇਹ ਜੋ ਕਾਦੀਆਂ ਦਾ ਹਲਕਾ ਹੈ, ਜਿਹੜਾ ਇਸ ਵਿਚ ਢਾਏ ਦਾ ਇਲਾਕਾ ਹੈ ਉਥੇ ਪਾਣੀ ਦਾ ਇੰਤਜ਼ਾਮ ਨਾ ਹੋਣ ਕਰ ਕੇ ਬਿਲਕੁਲ ਕੌਡੀ ਦਾ ਹੈ। ਕਈ ਬੇਟ ਦੇ ਇਲਾਕੇ ਹਨ। ਉਥੇ ਬਿਜਲੀ ਦਾ ਕੋਈ ਕੁਨੈਕਸ਼ਨ ਨਹੀਂ ਮਿਲਦਾ। ਕਈ ਕਈ ਥਾਵਾਂ ਤੇ 3-3 ਸਾਲ ਹੋ ਗਏ ਹਨ ਕੁਨੈਕਸ਼ਨ ਨਹੀਂ ਮਿਲਿਆ। ਬਿਜਲੀ ਬੋਰਡ ਵਾਲੇ ਕਹਿੰਦੇ ਹਨ ਕਿ ਜਿਹੜਾ 5 ਹਜ਼ਾਰ ਰੁਪਏ ਜਮਾਂ ਕਰਾਏ ਉਸ ਨੂੰ ਕੁਨੈਕਸ਼ਨ ਮਿਲੇਗਾ। ਜਿਹੜਾ ਗਰੀਬ ਜ਼ਿਮੀਦਾਰ 5 ਹਜ਼ਾਰ ਰੁਪਏ ਨਹੀਂ ਦੇ ਸਕਦਾ ਉਸ ਨੂੰ ਕੁਨੈਕਸ਼ਨ ਨਹੀਂ ਮਿਲੇਗਾ।

ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਲਾਨਤ ਨੂੰ ਦੂਰ ਕੀਤਾ ਜਾਵੇ। ਅਸੀਂ ਕਹਿੰਦੇ ਹਾਂ ਕਿ ਜ਼ਮੀਦਾਰ ਨੂੰ ਸਹੂਲਤਾਂ ਮਿਲਣ। ਘਟ ਰੇਟ ਤੇ ਕਰਜ਼ਾ ਮਿਲੇ ਅਤੇ ਕਰਜ਼ੇ ਦੀ ਸੂਦ ਦੀ ਸ਼ਰ੍ਹਾ ਇੰਡਸਟਰੀ ਵਾਲੀ ਹੋਣੀ ਚਾਹੀਦੀ ਹੈ ਯਾਨੀ 3 ਫੀ ਸਦੀ। ਕਿਉਂਕਿ ਇਹ ਵੀ ਸਾਡੀ ਇੰਡਸਟਰੀ ਹੈ। ਪੰਜਾਬ ਦੇ ਕਿਸਾਨ ਨੂੰ ਇਹ ਕਰਜ਼ਾ 9 ਰੁਪਏ, 10 ਰੁਪਏ ਜਾਂ ਘਟੋ ਘਟ 7 ਰੁਪਏ ਸੂਦ ਤੇ ਦਿਤਾ ਜਾਂਦਾ ਹੈ ਜਦੋਂ ਕਿ ਦੂਜੇ ਲੋਕਾਂ ਨੂੰ 3 ਫੀ ਸਦੀ ਤੇ ਦਿਤਾ ਜਾਂਦਾ ਹੈ! ਇਹ ਜ਼ਮੀਦਾਰ ਨਾਲ ਧਕਾ ਹੈ।

ਗਿਲ ਸਾਹਿਬ ਦੇ ਬਣਾਏ ਬਿਜਲੀ ਬੋਰਡ ਨੂੰ ਭੰਗ ਕਰਕੇ ਸਾਰਾ ਕੰਟਰੋਲ ਸਰਕਾਰ ਲੈ ਲਵੇ। (ਸ਼ੋਰ) (ਬੋਰਡ ਤੁਹਾਡਾ ਬਣਾਇਆ ਹੋਇਆ ਹੈ)। ਜੋ ਕੈਪਟਨ ਰਤਨ ਸਿੰਘ ਨੇ ਇਹ ਗਲ ਕਹੀ ਸੀ ਕਿ ਜਿਹੜੇ ਟਿਊਬਵੈੱਲ ਗੁਰਦਾਸਪੁਰ, ਅਮ੍ਰਿਤਸਰ ਲਈ ਲਏ ਸਨ ਫਿਰੋਜ਼ਪੁਰ ਨੂੰ ਦੇ ਦਿਤੇ ਜਾਣ। ਮੈਂ ਕਹਿੰਦਾ ਹਾਂ ਇਸ ਵਿਚ ਕੋਈ ਹਰਜ ਨਹੀਂ। ਮੈਂ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਹ ਗਲ ਮੰਨ ਲਵਾਂਗੇ। (ਸ਼ੋਰ) (ਵਿਘਨ)

ਟਿਊਬਵੈੱਲ ਸਰਕਾਰੀ ਹੋਣ ਅਤੇ ਬਠਿੰਡਾ ਔਰ ਫਿਰੋਜ਼ਪੁਰ ਨੂੰ ਪਾਣੀ ਦੇਣ। ਸੇਮ ਦਾ ਬੰਦੋ-ਬਸਤ ਕਰਨ। ਮੈਂ ਤੁਹਾਡੇ ਰਾਹੀਂ ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਸੇਮ ਰੋਕਣ ਲਈ ਜਿਹੜੇ ਟਿਊਬਵੈੱਲ ਚਾਲੂ ਕੀਤੇ ਹਨ ਨਹਿਰਾਂ ਵਿਚ ਪਾਣੀ ਪਾਣ ਲਈ ਉਹ ਨਹਿਰਾਂ ਤੋਂ ਮੀਲ ਡੇਢ ਮੀਲ ਦੂਰ ਲਾਏ ਹਨ। ਉਨ੍ਹਾਂ ਕਰਕੇ ਜਮੀਨਾਂ ਵਿਚ ਜਿਹੜੇ ਖੰਬੇ ਲਾਏ ਹਨ ਉਨ੍ਹਾਂ ਨਾਲ ਬਹੁਤ ਸਾਰੀ ਜ਼ਮੀਨ ਜ਼ਾਇਆ ਹੁੰਦੀ ਹੈ, ਇਸ ਲਈ ਟਿਊਬਵੈੱਲ ਨਹਿਰਾਂ ਦੇ ਨਜਦੀਕ ਲਾਏ ਜਾਣ। ਨਹਿਰਾਂ ਵਿਚ ਪਾਣੀ ਸੁਟ ਦੇਣ ਜ਼ਮੀਨ ਖਰਾਬ ਨਾ ਹੋਵੇ। ਮੇਰਾ ਖਿਆਲ ਹੈ ਕਿ ਤੁਸੀਂ ਮੇਰੇ ਨਾਲ ਸਹਿਮਤ ਹੋ ਅਤੇ ਅਸੀਂ ਉਨ੍ਹਾਂ ਦੀ ਗਲ ਮਨ ਲਵਾਂਗੇ। ਇਹ ਗਲ ਕਰ ਰਹੇ ਹਨ ਕਿ ਸਾਡਾ ਪਾਣੀ ਸੰਗਰੂਰ ਅਤੇ ਬਠਿੰਡੇ ਨੂੰ ਦੇ ਦੇਣ ਅਤੇ ਘਟ ਤੋਂ ਘਟ ਰੇਟ ਤੇ ਦੇਣ।

ਭਗਤ ਗੁਰਾਂਦਾਸ ਨੇ ਕਿਹਾ ਸੀ ਕਿ ਸਾਡੇ ਗਰੀਬ ਹਰੀਜਨਾਂ ਨੂੰ ਸੌਣਾ ਨਹੀ ਮਿਲਦਾ। ਮੈਂ ਕਹਿੰਦਾ ਹਾਂ ਕਿ ਅਜ ਕਲ ਸਿਰਫ ਉਨ੍ਹਾਂ ਦੇ ਗਰੀਬ ਹਰੀਜਨ ਮੁਲਾਜਮਾਂ ਨੂੰ ਨਹੀਂ, ਬਲਕਿ ਜਟ ਨੂੰ ਵੀ ਨਾਲ ਰਾਤ ਨੂੰ ਪਾਣੀ ਲਾਉਣ ਵੇਲੇ ਰਹਿਣਾ ਪੈਂਦਾ ਹੈ। ਕਿਉਂਕਿ ਉਹ ਕੰਮ ਕਰਨ ਦੇ ਮਾਰੇ ਉਥੋਂ ਵਾਪਸ ਆ ਜਾਂਦੇ ਹਨ ਬਹਾਨਾ ਲਾ ਕੇ ਕਿ ਬਿਜਲੀ ਬੰਦ ਹੋ ਗਈ ਹੈ। ਫਲੈਟ ਰੇਟ ਕਰ ਕੇ ਬਿਜਲੀ ਜਲਦੀ ਬੰਦ ਕਰ ਦਿੰਦੇ ਹਨ। ਹੁਣ ਅਸੀਂ ਸਮਝ ਲਿਆ ਹੈ ਕਿ ਇਨ੍ਹਾਂ ਨੇ ਕੰਮ ਨਾ ਕਰਨ ਲਈ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ]

ਘੁਟਦਾ ਹੈ, ਉਸ ਤੇ ਬੋਝ ਹੈ। ਇਹ ਕੁਦਰਤੀ ਗਲ ਹੈ ਕਿ ਹਰ ਗਲ ਦਾ ਭੈੜਾ ਅਸਰ ਕਿਸਾਨ ਤੇ ਹੀ ਪੈਂਦਾ ਹੈ। ਅਗਰ ਉਹ ਆਪਣੀ ਕਣਕ ਲੈਕੇ ਸ਼ਹਿਰ ਜਾਂਦਾ ਹੈ ਤਾਂ ਉਸ ਦਾ ਚਾਲਨਾ ਹੋ ਜਾਂਦਾ ਹੈ। ਅਗਰ ਉਹ ਖਾਲੀ ਡ੍ਰਮ ਲੈਕੇ ਤੇਲ ਪਵਾਉਣ ਜਾਂਦਾ ਹੈ ਤਾਂ ਉਸ ਨੂੰ ਖਾਲੀ ਡ੍ਰਮ ਦਾ ਟੈਕਸ ਦੇਣਾ ਪੈਂਦਾ ਹੈ। ਜੋ ਫਲੈਟ ਰੇਟ ਦਾ ਸਿਸਟਮ ਹੈ ਇਸ ਦੀ ਲੋਕਾਂ ਨੇ ਡਟ ਕੇ ਮੁਖਾਲਫਤ ਕੀਤੀ ਹੈ। ਅਸੀਂ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਵੋਟਾਂ ਲੈਕੇ ਆਏ ਹਾਂ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਮਦਦ ਕਰੀਏ। ਜਿਸ ਦੇਸ਼ ਦਾ ਕਿਸਾਨ ਕਮਜ਼ੋਰ ਹੈ ਉਹ ਦੇਸ਼ ਖੁਸ਼ਹਾਲ ਨਹੀਂ ਰਹਿ ਸਕਦਾ। ਜਿਹੜੀ ਸਰਕਾਰ ਆਪਣੇ ਕਿਸਾਨਾਂ ਨੂੰ ਮਜ਼ਬੂਤ ਰਖਦੀ ਹੈ, ਮਜ਼ਦੂਰਾਂ ਨੂੰ ਖੁਸ਼ਹਾਲ ਰਖਦੀ ਹੈ, ਉਹ ਸਦਾ ਗਦੀਆਂ ਮਾਣਦੀ ਹੈ ਇਸ ਲਈ ਇਸ ਸਰਕਾਰ ਨੂੰ ਕਹਿੰਦਾ ਹਾਂ ਕਿ ਫਲੈਟ ਰੇਟ ਨੂੰ ਜਲਦੀ ਤੋਂ ਜਲਦੀ ਖਤਮ ਕਰਨਾਂ ਚਾਹੀਦਾ ਹੈ। ਮੈਂ ਪਹਿਲਾਂ ਹੀ ਕਿਹਾ ਹੈ ਕਿ ਹਰ ਗਲ ਛੋਟੇ ਕਿਸਾਨਾਂ ਤੇ ਹੀ ਭਾਰ ਬਣਦੀ ਹੈ। ਜੋ ਭੈਣ ਅਤੇ ਭਰਾ ਦੀ ਜਾਇਦਾਦ ਦਾ ਬਟਵਾਰਾ ਹੈ ਇਸ ਦਾ ਅਸਰ ਵੀ ਛੋਟੇ ਕਿਸਾਨਾਂ ਤੇ ਹੀ ਹੁੰਦਾ ਹੈ। ਭੈਣ ਅਤੇ ਭਰਾ ਦਾ ਪਵਿੱਤਰ ਰਿਸ਼ਤਾ ਹੈ...(ਵਿਘਨ) ਮੇਰੇ ਕਹਿਣ ਦਾ ਭਾਵ ਹੈ ਕਿ ਹਰ ਗਲ ਦਾ ਅਸਰ ਛੋਟੇ ਕਿਸਾਨਾ ਤੇ ਹੀ ਹੁੰਦਾ ਹੈ। ਮੈਂ ਫਲੈਟ ਰੇਟ ਦੀ ਡਟਕੇ ਵਿਰੋਧਤਾ ਕਰਦਾ ਹਾਂ। ਇਸ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਮੈਂ ਅਰਜ਼ ਕਰਾਂ ਕਿ ਬਿਜਲੀ ਬੋਰਡ ਨੇ ਲਖਾਂ ਰੁਪਿਆ ਕਿਸਾਨਾਂ ਦਾ ਲੁਟਿਆ ਹੈ। ਇਸਨੇ ਸਾਡੇ ਲੋਕਾਂ ਨੂੰ ਕਮਜ਼ੋਰ ਕੀਤਾ ਹੈ। ਇਹ ਮਹਿਕਮਾ ਜਿੰਨੀ ਦੇਰ ਕਿਸਾਨਾਂ ਦੀਆਂ ਜੇਬਾਂ ਟੋਹ ਨਹੀਂ ਲੈਂਦਾ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਲਈ ਮੈਂ ਫਲੈਟ ਰੇਟ ਦੀ ਵਿਰੋਧਤਾ ਕਰਦਾ ਹਾਂ। ਇਹ ਕਹਿਕੇ ਮੈਂ ਆਪਣੀ ਗਲ ਸਮਾਪਤ ਕਰਦਾ ਹਾਂ।

**ਸਰਦਾਰ ਉਮਰਾਓ ਸਿੰਘ** :(ਬੜਾ ਪਿੰਡ) ਡਿਪਟੀ ਸਪੀਕਰ ਸਾਹਿਬ, ਇਹ ਜੋ ਮਤਾ ਆਪ ਦੇ ਸਾਹਮਣੇ ਚਲ ਰਿਹਾ ਹੈ ਇਸ ਬਾਰੇ ਸਾਰੇ ਹਾਊਸ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਅਤੇ ਇਸ ਦੇ ਹਕ ਵਿਚ ਵਿਚਾਰ ਪ੍ਰਗਟ ਕੀਤੇ ਹਨ ਪਰ ਸਾਡੀ ਸਰਕਾਰ ਇਸ ਬਾਰੇ ਆਪਣਾ ਮਨ ਨਹੀਂ ਬਣਾ ਸਕੀ ਕਿਉਂਕਿ ਹੋ ਸਕਦਾ ਹੈ ਕਿ ਇਸਨੇ ਮਹਿਕਮੇ ਦੇ ਆਪਣੇ ਅਫਸਰਾਂ ਨਾਲ ਸਲਾਹ ਮਸ਼ਵਰਾ ਕਰਨਾ ਹੋਵੇ। ਹਰ ਕਦਮ ਸ਼ਲਾਹ ਮਸ਼ਵਰੇ ਨਾਲ ਹੋਣਾ ਚਾਹੀਦਾ ਹੈ ਤਾਕਿ ਇਹ ਪੱਕਾ ਹੋਵੇ। ਕਿਸਾਨਾਂ ਨੂੰ ਫਲੈਟ ਰੇਟ ਵਿਚ ਦਿਲਚਸਪੀ ਹੈ, ਉਹ ਚਾਹੁੰਦੇ ਹਨ ਕਿ ਇਹ ਹਟਣਾ ਚਾਹੀਦਾ ਹੈ ਅਤੇ ਰੇਟ ਯੂਨਿਟ ਅਨੁਸਾਰ ਹੋਵੇ। ਉਸ ਬਾਰੇ ਬਿਜਲੀ ਬੋਰਡ ਨੂੰ ਸ਼ਿਕਾਇਤ ਹੈ। ਸੋ ਦੋ ਸਿਸਟਮਾਂ ਵਿਚੋਂ ਇਕ ਕਿਸਾਨਾਂ ਨੂੰ ਪਸੰਦ ਨਹੀਂ ਤੇ ਦੂਜਾ ਬਿਜਲੀ ਬੋਰਡ ਨੂੰ ਪਸੰਦ ਨਹੀਂ। ਇਸ ਲਈ ਹੋ ਸਕਦਾ ਹੈ ਕਿ ਤੀਜਾ ਸਿਸਟਮ ਸਭ ਨੂੰ ਮਨਜ਼ੂਰ ਹੋਵੇ ਅਤੇ ਇਹ ਸਿਸਟਮ ਏਕੜਜ਼

Original with;
Punjab Vidhan Sabha
Digitized by;
Panjab Digital Library

ਨਾਲ ਸਹਿਮਤ ਹੈ ਤਾਂ ਰੈਜ਼ੋਲਿਊਸ਼ਨ ਨੂੰ ਠਪ ਕਰੀਏ ਤਾਕਿ ਛੇਤੀ ਤੋਂ ਛੇਤੀ ਅਗਲੀ ਕਾਰਵਾਈ ਕਰ ਸਕੀਏ । ਦੂਸਰੀ ਗਲ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜੋ ਕਲੋਜ਼ਰ ਮੋਸ਼ਨ ਆ ਚੁਕੀ ਹੈ ਉਸਦਾ ਫੈਸਲਾ ਕਰ ਦਿਓ ।

ਡਿਪਟੀ ਸਪੀਕਰ ਸਾਹਿਬ, ਇਕ ਰੂਲ ਤੁਹਾਡੇ ਤੇ ਵੀ ਲਾਗੂ ਹੁੰਦਾ ਹੈ ਕਿ ਰੈਪੀਟੀਸ਼ਨ ਨੂੰ ਰੋਕੋ । ਮੈਂ ਸਮਝਦਾ ਹਾਂ ਹੁਣ ਜੋ ਭੀ ਬੋਲਦਾ ਹੈ ਸਿਵਾਏ ਰੈਪੀਟੀਸ਼ਨ ਤੋਂ ਕੁਝ ਨਹੀਂ ਹੋਣ ਲਗਾ । ਇਸ ਲਈ ਇਸ ਨੂੰ ਖਤਮ ਕਰਨਾ ਚਾਹੀਦਾ ਹੈ ।

**ਸਰਦਾਰ ਉਮਰਾਓ ਸਿੰਘ** : ਡਿਪਟੀ ਸਪੀਕਰ ਸਾਹਿਬ, ਕਲੋਜ਼ਰ ਮੋਸ਼ਨ ਆ ਚੁਕੀ ਹੈ । ਉਸ ਮੋਸ਼ਨ ਤੇ ਜਿਹੜੀ ਹਾਊਸ ਦੀ ਰਾਏ ਹੈ ਲੈ ਲਈ ਜਾਏ । (ਸ਼ੋਰ) (ਵਿਘਨ)

**ਸਰਦਾਰ ਗੁਰਦੇਵ ਸਿੰਘ** (ਮੁਕਤਸਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਅਜ ਜਿਹੜਾ ਫਲੈਟ ਰੇਟ ਦਾ ਮਤਾ ਹਾਊਸ ਵਿਚ ਪੇਸ਼ ਹੋਇਆ ਹੈ ਮੈਂ ਉਸਦੇ ਬਾਰੇ ਵਿਚ ਕੁਝ ਆਪਣੇ ਵਿਚਾਰ ਪੇਸ਼ ਕਰਨ ਲਈ ਖੜਾ ਹੋਇਆ ਹਾਂ । ਇਹ ਇਕ ਬੜਾ ਭਾਰੀ ਬੋਝ ਹੈ । (ਸ਼ੋਰ) (ਵਿਘਨ)

**चौधरी बलबीर सिंह** : अध्यक्ष महोदय, जो मैंने प्रस्ताव पेश किया है, उसका फैसला कर दें ।

**ਸ਼੍ਰੀ ਡਿਪਟੀ ਸਪੀਕਰ** : ਮੇਰਾ ਖਿਆਲ ਹੈ ਇਹ ਇਕ ਐਸਾ ਪ੍ਰਸਤਾਵ ਹੈ, ਜਿਸਦਾ ਸਾਰੇ ਪੰਜਾਬ ਦੇ ਕਿਸਾਨਾਂ ਤੇ ਅਸਰ ਪੈਣਾ ਹੈ । ਇਸ ਵਾਸਤੇ ਜਿਤਨਾ ਵੀ ਵਿਚਾਰ ਕੀਤਾ ਜਾਏ ਘੱਟ ਹੈ । ਮੈਂ ਇਸ ਵਾਸਤੇ ਬੇਨਤੀ ਕਰਾਂਗਾ ਕਿ ਅਗਰ ਕੋਈ ਸਾਹਿਬ ਇਸ ਤੇ ਬੋਲਣਾ ਚਾਹੇ ਤਾਂ ਉਸਨੂੰ ਇਜਾਜ਼ਤ ਹੈ । I am of the opinion that since the resolution under discussion is of such a nature that it effects all the farmers in the State, so it should be discussed to the maximum. If any hon. Member wants to speak he may do so.)

**ਕਾਮਰੇਡ ਸਤਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਰੂਲਿੰਗ ਦੇ ਦਿਓ ਕਿਉਂਕਿ ਰੂਲਜ਼ ਪ੍ਰੋਵਾਈਡ ਕਰਦੇ ਹਨ ਕਿ ਰੈਪੀਟੀਸ਼ਨ ਨਹੀਂ ਹੋਣੀ ਚਾਹੀਦੀ ।

**ਸ਼੍ਰੀ ਡਿਪਟੀ ਸਪੀਕਰ** : ਮੈਂ ਡਾਂਗ ਸਾਹਿਬ ਨਾਲ ਮੁਤਫਿਕ ਹਾਂ । ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਜਿਥੋਂ ਤਕ ਬੋਲਣ ਰੈਪੀਟੀਸ਼ਨ ਨਾ ਹੋਵੇ । (I agree with Comrade Sahib and request the hon. Members that they should avoid the repetition in their speeches.)

**ਸਰਦਾਰ ਗੁਰਦੇਵ ਸਿੰਘ** : (ਮੁਕਤਸਰ, ਐਸ. ਸੀ) ਡਿਪਟੀ ਸਪੀਕਰ ਸਾਹਿਬ, ਮੈਂ ਫਲੈਟ ਰੇਟ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ ਕਿਉਂਕਿ ਇਹ ਛੋਟੇ ਕਿਸਾਨ ਦਾ ਗਲ

Original with;
Punjab Vidhan Sabha
Digitized by;
Panjab Digital Library

**Mr. Deputy Speaker :** It is 6.30 p.m. The discussion on this Resolution will continue on the next non-official day.

The House stands adjourned till 2.00 P.M. on Friday, the 21st March, 1969.

*(The Sabha then adjourned till 2.00 p.m. on Friday, the 21st March, 1969.)*

Original with;
Punjab Vidhan Sabha
Digitized by;
Panjab Digital Library

ਦਾ ਹੋ ਸਕਦਾ ਹੈ। ਫਲੈਟ ਰੇਟ ਬਾਰੇ ਕਿਹਾ ਗਿਆ ਕਿ ਇਸ ਦਾ ਛੋਟੇ ਕਿਸਾਨਾਂ ਨੂੰ ਨੁਕਸਾਨ ਹੈ ਵਡਿਆਂ ਨੂੰ ਫਾਇਦਾ ਹੈ। ਮੈਂ ਸਮਝਦਾ ਹਾਂ ਕਿ ਇਸਦਾ ਕਿਸੇ ਨੂੰ ਵੀ ਫਾਇਦਾ ਨਹੀਂ ਹੈ। ਇਸਦਾ ਅਗਰ ਫਾਇਦਾ ਹੈ ਤਾਂ ਉਹਨਾਂ ਨੂੰ ਹੈ ਜੋ ਆਪਣਾ ਪਾਣੀ ਦੂਜਿਆਂ ਨੂੰ ਵੇਚ ਲੈਂਦੇ ਹਨ। ਇਹ ਕਾਇਦਾ, ਸ਼ਹਿਰਾਂ ਦੇ ਪਾਸ ਜੋ ਬੜੇ ਸਿਆਣੇ ਕਿਸਾਨ ਹਨ ਉਨ੍ਹਾਂ ਨੇ ਸ਼ੁਰੂ ਕੀਤਾ ਹੋਇਆ ਹੈ। ਇਹ ਛੋਟੇ ਜਾਂ ਵਡੇ ਕਿਸਾਨਾਂ ਦਾ ਮਸਲਾ ਨਹੀਂ ਹੈ, ਕਿਸਾਨਾਂ ਨੂੰ ਸਮੂਚੇ ਤੌਰ ਤੇ ਇਸਦਾ ਨੁਕਸਾਨ ਹੈ। ਖਾਸ ਤੌਰ ਤੇ ਇਸ ਕਰਕੇ ਕਿ ਹਫਤੇ ਵਿਚ ਬਿਜਲੀ ਦੋ ਜਾਂ ਤਿੰਨ ਦਿਨ ਮਿਲਦੀ ਹੈ। ਰੇਟ ਸਾਰੇ ਮਹੀਨੇ ਦਾ ਪੂਰਾ ਦੇਣਾ ਪੈਂਦਾ ਹੈ। ਇਸ ਗਲ ਦੀ ਕਿਸਾਨਾਂ ਵਿਚ ਬੜੀ ਰੀਜ਼ੈਂਟਮੈਂਟ ਹੈ। (ਵਿਘਨ) ਹਾਂ ਬਿਜਲੀ ਦੀ ਚੋਰੀ ਵੀ ਠੀਕ ਨਹੀਂ ਪਰ ਇਸਦਾ ਹਲ ਇਹ ਨਹੀਂ ਕਿ ਛੋਟੇ ਕਿਸਾਨਾਂ ਤੇ ਬੋਝ ਪਾ ਦਿਤਾ ਜਾਵੇ। ਨਹਿਰਾਂ ਦਾ ਪਾਣੀ ਏਕੜਜ਼ ਦੇ ਹਿਸਾਬ ਨਾਲ ਦਿਤਾ ਜਾਂਦਾ ਹੈ। ਆਬਿਆਨਾ ਅਤੇ ਮਾਲੀਆ ਵੀ ਇਸੇ ਹਿਸਾਬ ਨਾਲ ਲਗਦਾ ਹੈ। ਜਿਸਦੀ 3-4 ਏਕੜ ਜ਼ਮੀਨ ਹੈ 5-6 ਹਾਰਸ-ਪਾਵਰ ਦੀ ਮੋਟਰ ਹੈ ਉਸ ਨੂੰ ਬਿਜਲੀ ਮਿਲੀ ਜਾਂ ਨਹੀਂ ਇਹ ਕੋਈ ਨਹੀਂ ਵੇਖਦਾ। ਅਗਰ ਕੋਈ ਕਿਸਾਨ ਸਰਕਾਰ ਤੇ ਮੁਕਦਮਾ ਕਰ ਦੇਵੇ ਤਾਂ ਸਰਕਾਰ ਪਾਸ ਇਸ ਗਲ ਦਾ ਕੋਈ ਜਵਾਬ ਨਹੀਂ ਹੋਵੇਗਾ ਕਿ ਉਸਨੂੰ ਮਹੀਨੇ ਵਿਚ 15 ਦਿਨ ਬਿਜਲੀ ਹੀ ਨਹੀਂ ਮਿਲਦੀ।

**ਸਰਦਾਰ ਜਸਦੇਵ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂਬਰ ਸਾਹਿਬ ਨੇ ਪਹਿਲਾਂ ਤਾਂ ਕਲੋਯਰ ਮੋਸ਼ਨ ਪੁਟ ਕੀਤੀ ਤਾਂ ਕੀ ਹੁਣ ਇਨ੍ਹਾਂ ਨੂੰ ਇਸ ਤੇ ਬੋਲਣ ਦਾ ਇਖਤਿਆਰ ਹੈ ?

**ਸਰਦਾਰ ਉਮਰਾਉ ਸਿੰਘ :** ਇਨ੍ਹਾਂ ਨੂੰ ਪਤਾ ਹੋਣਾ ਹੈ ਕਿ ਮੋਸ਼ਨ ਮੈਂ ਨਹੀਂ ਸੀ ਪੁਟ ਕੀਤੀ, ਚੌਧਰੀ ਸਾਹਿਬ ਨੇ ਪੇਸ਼ ਕੀਤੀ ਸੀ। ਮੈ ਕਿਹਾ ਸੀ ਕਿ ਕੋਈ ਨਾ ਕੋਈ ਫੈਸਲਾ ਹੋਣਾ ਚਾਹੀਦਾ ਹੈ।

**Mr. Deputy Speaker :** Sardar Umrao Singh to continue.

**ਸਰਦਾਰ ਉਮਰਾਉ ਸਿੰਘ :** ਮੇਰੀ ਬੇਨਤੀ ਹੈ ਕਿ ਜਿਸ ਢੰਗ ਨਾਲ ਬਿਜਲੀ ਦੀ ਸਪਲਾਈ ਹੁੰਦੀ ਹੈ ਉਸ ਦਾ ਫਾਇਦਾ ਹੋਣ ਦੀ ਬਜਾਏ ਨੁਕਸਾਨ ਹੁੰਦਾ ਹੈ। ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਦਿਨਾਂ ਵਿਚ ਮੀਂਹ ਨਹੀਂ ਹੁੰਦਾ ਪਾਣੀ ਦੀ ਜ਼ਿਆਦਾ ਲੋੜ ਹੁੰਦੀ ਹੈ ਤਾਂ ਬਿਜਲੀ ਬੰਦ ਰਹਿੰਦੀ ਹੈ ਜਾਂ ਰਾਤ ਨੂੰ ਆਉਂਦੀ ਹੈ। ਕਾਮੇ ਵੀ ਜਵਾਬ ਦੇ ਜਾਂਦੇ ਹਨ। ਫਰਜ਼ ਕਰੋ ਕਿਸੇ ਨੇ 4 ਆਦਮੀ ਰਖ ਕੇ ਕੰਮ ਸ਼ੁਰੂ ਕਰਾਇਆ। 10 ਵਜੇ ਬਿਜਲੀ ਆਈ ਤਾਂ 11 ਵਜੇ ਬੰਦ ਹੋ ਗਈ। ਪਰ ਦਿਹਾੜੀ ਤਾਂ ਪੂਰੇ ਦਿਨ ਦੀ ਪੈ ਜਾਂਦੀ ਹੈ। ਅਗਰ ਪਤਾ ਹੋਵੇ ਕਿ ਫਲਾਂ ਦਿਨ ਬਿਜਲੀ ਨਹੀਂ ਆਉਣੀ ਤਾਂ ਕਿਸਾਨ ਪਹਿਲਾਂ ਹੀ ਇੰਤਜ਼ਾਮ ਕਰ ਸਕਦਾ ਹੈ। ਪਰ ਇਸ ਗਲ ਤੇ ਨੋਟਿਸ ਨਹੀਂ ਦਿਤਾ ਜਾਂਦਾ ਜਿਵੇਂ ਕਿ ਸ਼ਹਿਰਾਂ ਦੇ ਕੇਸ ਵਿਚ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜਦੋਂ ਇੰਡਸਟਰੀ ਵਾਲਿਆਂ ਨੂੰ ਪਤਾ ਲਗਦਾ ਹੈ ਕਿ ਫਲਾਂ ਦਿਨ ਬਿਜਲੀ ਬੰਦ ਰਹੇਗੀ ਤਾਂ ਉਸ ਦਿਨ ਮਸ਼ੀਨਾਂ ਦੀ ਸਫ਼ਾਈ ਦਾ ਪ੍ਰੋਗ੍ਰਾਮ ਬਣਾ ਸਕਦੇ ਹਨ। ਕਿਸਾਨਾਂ ਨੂੰ ਨੋਟਿਸ ਦੇਣਾ ਤਾਂ ਦਰਕਿਨਾਰ, ਅਗਰ ਉਹ ਸ਼ਿਕਾਇਤ ਵੀ ਕਰਦੇ ਹਨ.....

(The hon Member S. Umrao Singh was still on his legs)

Original with;
Punjab Vidhan Sabha
Digitized by;
Panjab Digital Library

**Mr. Deputy Speaker :** It is 6.30 p.m. The discussion on this Resolution will continue on the next non-official day.

The House stands adjourned till 2.00 P.M. on Friday, the 21st March, 1969.

*(The Sabha then adjourned till 2.00 p.m. on Friday, the 21st March, 1969.)*

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

"C" 1969

Published under the authority of the Punjab Vidhan Parishad and printed by the Chandigarh Times Press Manimajra, (Chandigarh).

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

**21st March, 1969**

**Vol. I No. 7**

**OFFICIAL REPORT**

**CONTENTS**

**Friday, the 21st March, 1969**


| | | Pages |
|---|---|---|
| Point of Order regarding Question Hour | ... | (7)1 |
| Point of order re. shortage of accommodation for Members | ... | (7)4 |
| Call Attention Notices | ... | (7)6 |
| Supplementary Estimates (Second Instalment), 1968-69 | ... | (7)11 |
| Discussion on Estimates of Expenditure Charged on the Revenues of the State | ... | (7)11 |
| Demands for Supplementary Grants | ... | (7)12 |


Price : Rs. 2.70 P.


Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# Errata
# to
# Punjab Vidhan Sabha
# DEBATES
# 21st March, 1969.
# Vol. I No. 7

| *Read* | *For* | *Page* | *Line* |
|---|---|---|---|
| ਆਡੰਰ | ਆਡਰੰ | (7)2 | 13 |
| ਜ਼ਰੂਰੀ | ਜਰਰੀ | (7)9 | 18 |
| ਧਰ | ਭਰ | (7)12 | 9th from below |
| ਕਰਨਾ | ਕਰਤੋਾ | (7)27 | 4 |
| ਵਾਸਤੇ | ਵਾਸ ਤੇ | (7)48 | 13 |
| ਸਮਝਦਾ | ਸਮਝਦ | (7)48 | Last |

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA
Friday, the 21st March, 1969.

*The Vidhan Sabha met in the hall of the Punjab Vidhan Bhawan; Chandigarh—1, at 2.00 P.M of the Clock. Mr. Speaker (Sardar Darbara Singh) in the Chair.*

## POINT OF ORDER REGARDING QUESTION HOUR

**ਕਾਮਰੇਡ ਸੱਤਪਾਲ ਡਾਂਗ** : ਆਨ ਏ ਪੁਆਇੰਟ ਆਫ ਆਰਡਰ, ਸਰ। ਅਜ ਅਜੰਡੇ ਤੇ ਕੁਐਸਚਨ ਆਵਰ ਨਹੀਂ ਰਖਿਆ ਗਿਆ ਅਤੇ ਨਾ ਹੀ ਕੋਈ ਸਵਾਲਾਂ ਦੀ ਲਿਸਟ ਸਰਕੂਲੇਟ ਕੀਤੀ ਗਈ ਹੈ। ਸਵਾਲਾਂ ਦੇ ਬਾਰੇ ਵਿਚ ਕੀ ਹੋਇਆ ਹੈ ?

**ਸ੍ਰੀ ਸਪੀਕਰ** : ਅਜ ਲਈ ਕੋਈ ਸਵਾਲ ਡਿਊ ਨਹੀਂ ਸਨ ਇਸ ਲਈ ਸਵਾਲਾਂ ਦੀ ਲਿਸਟ ਜਾਰੀ ਨਹੀਂ ਕੀਤੀ ਗਈ। (No question was due for today so the list of questions for to-day has not been issued.)

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਆਪ ਨੇ ਫਰਮਾਇਆ ਹੈ ਕਿ ਅਜ ਲਈ ਕੋਈ ਸਵਾਲਾਂ ਦੀ ਲਿਸਟ ਡਿਊ ਨਹੀਂ ਸੀ ਪਰ ਇਸ ਤੋਂ ਬਾਦ ਦੀਆਂ ਲਿਸਟਾਂ 24 ਦੀ 25 ਦੀ ਅਤੇ 26 ਤਾਰੀਖ਼ ਦੀਆਂ ਜਾਰੀ ਕਰ ਦਿਤੀਆਂ ਗਈਆਂ ਹਨ ਫਿਰ ਅਜ ਲਈ ਕੀ ਖਾਸ ਗੱਲ ਸੀ। 21 ਨੂੰ ਕਿਉਂ ਕੋਈ ਡਿਊ ਨਹੀਂ ਸੀ ?

**ਸ੍ਰੀ ਸਪੀਕਰ** : ਕਿਉਂਕਿ ਸਵਾਲਾਂ ਲਈ 15 ਦਿਨ ਦਾ ਨੋਟਿਸ ਚਾਹੀਦਾ ਹੈ ਜਵਾਬ ਆਉਣ ਲਈ, ਇਸ ਲਈ ਅਜ ਲਈ ਨੋਟਿਸ ਡਿਊ ਨਹੀਂ ਸਨ ਇਸ ਲਈ ਸਵਾਲ ਅਜ ਨਹੀਂ ਰਖੇ ਗਏ। (As fifteen days' notice is required for the receipt of replies to questions and there was no notice due for today so no questions have been brought on the order paper.)

**चौधरी बलबीर सिंह** : स्पीकर साहिब, इस मामले में ज़रा आप अपने दफतर से पूछ लें कि क्या वजह है कि सवाल आज के लिए नहीं रखे गए और बाकी दिनों के लिए रखे गए हैं। क्वैस्चन आवर आज ज़रूर होना चाहिए था।

**ਸਿਰਦਾਰ ਕਪੂਰ ਸਿੰਘ** : ਅਧਯਕਸ਼ ਸਾਹਿਬ, ਮੈਂ ਸਨਿਮ੍ਰ ਬੇਨਤੀ ਕਰਦਾ ਹਾਂ ਕਿ ਜਿੰਨਾ ਚਿਰ ਤਕ ਸਦਨ ਦਾ ਕਾਰਜ ਅਰੰਭ ਨਾ ਹੋ ਜਾਵੇ ਉਨਾਂ ਚਿਰ ਵਿਵਸਥਾ ਦਾ ਪ੍ਰਸ਼ਨ ਉਠਾਇਆ ਨਹੀਂ ਜਾ ਸਕਦਾ ਅਤੇ ਜਿਹੜਾ ਅਜਿਹਾ ਪ੍ਰਸ਼ਨ ਉਠਾਇਆ ਜਾਵੇ ਉਹ ਸਦਨ ਦੀ ਕਾਰਵਾਈ ਵਿਚੋਂ ਉਤਪਨ ਹੋਣਾ ਚਾਹੀਦਾ ਹੈ, ਇਸ ਲਈ ਇਹ ਜਿਹੜਾ ਪ੍ਰਸ਼ਨ ਉਠਾਇਆ ਗਿਆ ਹੈ ਉਹ ਨਿਯਮਾਂ ਦੇ ਵਿਰੁਧ ਹੈ ਕਿ ਨਹੀਂ ? ਇਸ ਤੇ ਮੈਂ ਆਪਦਾ ਨਿਰਣਾ ਮੰਗਦਾ ਹਾਂ।

**चौधरी बलबीर सिंह** : मेरी दरख्वास्त यह है कि आप सिरदार कपूर सिंह जी की बात पर अपना रूलिंग देने से पहले हमारी बात सुन लें। इन्होंने कहा है कि सदन की कार्रवाई शुरू होने से पहले प्वायंट आफ आर्डर रेज़ नहीं किया जा सकता। यह एक महत्त्व-

Original with;
Punjab Vidhan Sabha
Digitized by;
Panjab Digital Library

[चौधरी बलबीर सिंह] :
पूर्ण बात है आप इस के बारे में हमारी राए जान लें और हमें सुन लें और फिर अपना रूलिंग दें ।

**ਸ੍ਰੀ ਸਪੀਕਰ** : ਮੈਂ ਇਸ ਸਬੰਧ ਵਿਚ ਦਫਤਰ ਦੀ ਰਿਪੋਰਟ ਲੈ ਲਈ ਹੈ ਅਤੇ ਪੂਰੀ ਤਸੱਲੀ ਕਰ ਲਈ ਹੈ ਫਿਰ ਦੁਬਾਰਾ ਚੈਕ ਕਰ ਲਵਾਂਗਾ । ਡਾਂਗ ਸਾਹਿਬ ਨੇ ਜਿਹੜਾ ਸਵਾਲ ਉਠਾਇਆ ਹੈ ਇਸ ਲਈ ਮੈਂ ਪਹਿਲਾਂ ਹੀ ਕਹਿ ਦਿਤਾ ਹੈ ਕਿ ਅਜ ਲਈ ਕੋਈ ਸਵਾਲ ਡਿਊ ਨਹੀਂ ਸਨ ਇਸ ਵਿਚ ਕਿਸੇ ਕਿਸਮ ਦੀ ਸ਼ਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ । (I have got the report from my office and am fully satisfied. I will again look into it. The point of order raised by hon. Member Comrade Satyapal Dang has already been replied to. There were no questions due for to-day and it leaves no room for any doubt in this respect.)

**चौधरी बलबीर सिंह** : सिरदार कपूर सिंह जी ने प्वायंट आफ आर्डर रेज़ किया है कि हाऊस की कार्रवाई शुरू होने से पहले किसी बात को प्वायंट आफ आर्डर के तौर पर रेज़ नहीं किया जा सकता और हाऊस की कार्रवाई शुरू होने के बाद ही किया जा सकता है । इस के बारे में मेरा निवेदन यह है कि कोई भी बात हाऊस में ठीक तरीका से न हो रही हो तो उस के बारे में प्वायंट रेज़ किया जा सकता है । आज, अगर क्वेसचन आवर नहीं रखा गया तो यह हमारा राईट बनता है कि हम आप से इस के बारे में प्वायंट को रेज़ करने के लिए कह सकें । अगर कार्रवाई शुरू होने में ही कोई कमी रह गई हो या कोई नुक्स रह गया हो तो उस के बारे में आप का ध्यान उस ओर दिलाया जा सकता है ।

**ਸ੍ਰੀ ਸਪੀਕਰ** : ਗਲ ਤਾਂ ਚੌਧਰੀ ਸਾਹਿਬ ਸਿੱਧੀ ਸੀ ਕਿ ਕੁਐਸਚਨ ਆਵਰ ਅਜ ਕਿਉਂ ਨਹੀਂ ਰਖਿਆ ਗਿਆ । ਉਸ ਦੇ ਬਾਰੇ ਵਿਚ ਮੈਂ ਦਸ ਚੁਕਿਆ ਹਾਂ, ਇਸ ਲਈ ਇਸ ਤਰ੍ਹਾਂ ਪੁਆਇੰਟ ਰੇਜ਼ ਕਰਨ ਨਾਲ ਹਾਊਸ ਦਾ ਟਾਈਮ ਵੇਸਟ ਹੋ ਜਾਂਦਾ ਹੈ । (Addressing Chaudhri Balbir Singh : The matter is quite clear as to why the Question Hour has been dispensed with today and I have already informed the hon. Members in this respect. The time of the House is being wasted by raising such points of order.)

**चौधरी बलबीर सिंह** : इस में टाइम वेस्ट करने वाली बात तो कोई थी नहीं ।

**ਸ੍ਰੀ ਸਪੀਕਰ** : ਗ਼ਲਤ ਗਲ ਤਾਂ ਕੋਈ ਹੋਈ ਨਹੀਂ ਸੀ । (Nothing wrong has been done.)

**ਸਰਦਾਰ ਉਮਰਾਓ ਸਿੰਘ** : ਤੁਸੀਂ ਫਿਰ ਇਸ ਗਲ ਦੀ ਇਨਕੁਆਰੀ ਕਰਵਾ ਲਉ ਕਿ ਕੀ ਕਾਰਨ ਹੈ ਕਿ ਅਜ ਲਈ ਸਵਾਲ ਨਹੀਂ ਰਖੇ ਗਏ ।

Original with;
Punjab Vidhan Sabha
Digitized by;
Panjab Digital Library

MR. SPEAKER : It is after full enquiry that I have given my ruling. I have further enquired into the matter from my Secretariat.

SARDAR UMRAO SINGH : On a point of order, Sir. I would like to have your ruling on one point. I would like to know whether the State Government is competent to institute an enquiry about what has happened in this House ?

VOICES : In Punjabi please.

**ਸਰਦਾਰ ਉਮਰਾਓ ਸਿੰਘ** : ਆਨ ਏ ਪੁਆਇੰਟ ਆਫ ਆਰਡਰ । ਮੈਂ ਸਪੀਕਰ ਸਾਹਿਬ, ਆਪ ਦਾ ਇਸ ਗਲ ਬਾਰੇ ਰੂਲਿੰਗ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਗਲ ਲਈ ਕੰਪੀਟੈਂਟ ਹੈ ਕਿ ਇਸ ਹਾਊਸ ਦੇ ਅੰਦਰ ਜੋ ਕੁਝ ਹੋਵੇ ਉਸ ਦੀ ਇਨਕੁਆਰੀ ਕਰਵਾਈ ਜਾਵੇ ?

**ਸ਼੍ਰੀ ਸਪੀਕਰ** : ਇਸ ਹਾਊਸ ਦੇ ਸਾਹਮਣੇ ਇਸ ਤਰ੍ਹਾਂ ਦਾ ਕੋਈ ਇਸ਼ੂ ਨਹੀਂ ਇਸ ਲਈ ਨੋ ਓਕਈਅਨ ਐਰਾਈਜ਼ਿਜ਼ । (No such issue is before the House, therefore, no occasion arises.)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਓਕਈਅਨ ਇਸ ਲਈ ਐਰਾਈਜ਼ ਹੁੰਦਾ ਹੈ ਕਿ ਸੀ. ਐਮ. ਸਾਹਿਬ ਨੇ ਆਪਣੀ ਸਪੀਚ ਵਿਚ ਵੀ ਅਤੇ ਗਵਰਨਰ ਸਾਹਿਬ ਦੇ ਐਡਰੇਸ ਵਿਚ ਇਸ ਗਲ ਦਾ ਜ਼ਿਕਰ ਕੀਤਾ ਹੈ, ਇਸ ਲਈ ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਇਸ ਨੂੰ ਤੁਸੀਂ ਵਿਚਾਰ ਕਰਕੇ ਐਲ. ਆਰ. ਦੀ ਸਲਾਹ ਲੈਕੇ ਜਾਂ ਐਡਵੋਕੇਟ ਜਰਨਲ ਦੀ ਸਲਾਹ ਲੈ ਕੇ ਰੂਲਿੰਗ ਦੇ ਦੇਣੀ ।

ਸਪੀਕਰ ਸਾਹਿਬ, ਮੇਰਾ ਦੂਜਾ ਪੁਆਇੰਟ ਇਹ ਹੈ ਕਿ ਕੀ ਰੂਲਜ਼ ਆਫ ਪ੍ਰੋਸੀਜਰ ਵਿਚ ਕੋਈ ਪ੍ਰੋਵੀਜ਼ਨ ਹੈ ਜਿਸ ਦੇ ਅਧੀਨ ਗਵਰਨਰ ਸਾਹਿਬ ਨੂੰ ਇਮਿਊਨਿਟੀ ਦਿਤੀ ਜਾਂਦੀ ਹੈ ਕਿ ਉਨ੍ਹਾਂ ਦੇ ਖਿਲਾਫ ਕੋਈ ਤਹਿਰੀਕ ਪੇਸ਼ ਨਹੀਂ ਕੀਤੀ ਜਾ ਸਕਦੀ ? ਆਪ ਇਸ ਦੇ ਬਾਰੇ ਐਡਵੋਕੇਟ ਜਰਨਲ ਨਾਲ ਸਲਾਹ ਕਰਕੇ ਰੂਲਿੰਗ ਦੇ ਦੇਣੀ ।

**ਸ਼੍ਰੀ ਸਪੀਕਰ** : ਇਹ ਤਾਂ ਕੈਪਟਨ ਰਤਨ ਸਿੰਘ ਦਾ ਸਟੈਂਡ ਸੀ ਜਿਸ ਦੀ ਤੁਸੀਂ ਰੇਪੀਟੀਸ਼ਨ ਕਰ ਰਹੇ ਹੋ । ਮੈਂ ਇਸ ਦੇ ਬਾਰੇ ਰੂਲਿੰਗ ਦੇ ਦਿਤਾ ਹੈ । (This was the stand taken by Capt. Rattan Singh which has been repeated by the hon. Member. I have already given my ruling on it.)

**ਸਰਦਾਰ ਉਮਰਾਓ ਸਿੰਘ** : ਕਾਨਸਟੀਚੂਸ਼ਨ ਦੀ ਜਾਂ ਰੂਲਜ਼ ਆਫ ਪ੍ਰੋਸੀਜਰ ਦੀ ਕੋਈ ਦਫਾ ਤਾਂ ਹੈ ਹੀ ਕਿ ਜਿਸ ਅਨੁਸਾਰ ਕੋਈ ਇਸ ਤਰ੍ਹਾਂ ਦੀ ਤਹਿਰੀਕ ਪੇਸ਼ ਨਹੀਂ ਕੀਤੀ ਜਾ ਸਕਦੀ ।

MR. SPEAKER : It has been stated in Rule 112 (2) of the Rules of Procedure and Conduct of Business in the Punjab Legislative Assembly that a point of order may be raised in relation to the business before the House at the moment. So, your point of order is ruled out.

Original with;
Punjab Vidhan Sabha
Digitized by;
Panjab Digital Library

## POINT OF ORDER RE. SHORTAGE OF ACCOMMODATION FOR MEMBERS

**ਚੌਧਰੀ ਜਗਤ ਰਾਮ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ 13 ਤਾਰੀਖ ਤੋਂ ਇਜਲਾਸ ਸ਼ੁਰੂ ਹੋਇਆ ਹੈ ਪਰ ਅਜੇ ਤਕ ਐਮ. ਐਲ. ਏਜ਼ ਨੂੰ ਕਮਰੇ ਅਲਾਟ ਨਹੀਂ ਕੀਤੇ ਗਏ ਅਤੇ ਜਿਸ ਢੰਗ ਨਾਲ ਇਹ ਕਾਰਵਾਈ ਕੀਤੀ ਜਾ ਰਹੀ ਹੈ ਉਸ ਤੋਂ ਇਹ ਆਸ ਵੀ ਨਹੀਂ ਲਗਦੀ ਕਿ ਸਾਰਾ ਸੈਸ਼ਨ ਕਮਰੇ ਅਲਾਟ ਵੀ ਕੀਤੇ ਜਾਣਗੇ ਜਾਂ ਨਹੀਂ। ਅਸੀਂ ਰਹਿਣਾ ਤਾਂ ਹੈ ਕਿਸੇ ਪਾਸੇ। ਮੈਂ ਤੁਹਾਡੇ ਕਮਰੇ ਵਿਚ ਵੀ ਦੋ ਤਿੰਨ ਵੇਰ ਮਿਲ ਚੁਕਾ ਹਾਂ ਪਰ ਕੋਈ ਗਲ ਨਹੀਂ ਬਣੀ। ਰੂਲਜ਼ ਦੇ ਮੁਤਾਬਿਕ ਸਾਨੂੰ ਕਮਰੇ ਦਿਤੇ ਜਾਣੇ ਚਾਹੀਦੇ ਹਨ। (ਮਾਸਟਰ ਗੁਰਬੰਤਾ ਸਿੰਘ : ਮੰਜੇ ਇਥੇ ਹੀ ਲੈ ਆਓ ) (ਹਾਸਾ)

**ਸ੍ਰੀ ਸਪੀਕਰ** : ਮੈਂ ਆਪ ਪਰਸਨਲ ਲੈਵਲ ਤੇ ਉਪਰਾਲਾ ਕੀਤਾ ਹੈ ਕਿ ਇਸ ਸਮੱਸਿਆ ਨੂੰ ਹਲ ਕਰ ਸਕਾਂ ਪਰ ਅਜੇ ਤਕ ਮੈਨੂੰ ਕੁਝ ਹਦ ਤਕ ਕੋਆਪ੍ਰੇਸ਼ਨ ਮਿਲੀ ਹੈ ਅਤੇ ਕੁਝ ਹਦ ਤਕ ਨਹੀਂ ਮਿਲੀ। ਇਸ ਲਈ ਹੁਣ ਦੋ ਮੈਂਬਰ ਰੂਮ ਅਵੇਲੇਬਲ ਹਨ (ਵਿਘਨ)(I have taken up this matter on personal level to remove this difficulty but I have been able to get only limited cooperation in this connection. Now only such rooms are available which can be shared by two hon. Members.)

**ਚੌਧਰੀ ਬਲਬੀਰ ਸਿੰਘ** : ਇਨ੍ਹਾਂ ਵਿਚੋਂ ਜਿਨ੍ਹਾਂ ਨੂੰ ਵਜ਼ੀਰ ਬਣਾਉਣਾ ਹੈ ਬਣਾ ਲਉ ਤਾਂਕਿ ਇਹ ਜੋ ਕਮਰੇ ਰੋਕ ਕੇ ਬੈਠੇ ਹਨ, ਚਲੇ ਜਾਣ ਅਤੇ ਕਮਰੇ ਮੈਂਬਰਾਂ ਨੂੰ ਮਿਲ ਸਕਣ। (ਹਾਸਾ)

**ਸ੍ਰੀ ਸਪੀਕਰ** : ਇਹ ਗਲ ਮੈਂ ਹਾਊਸ ਕਮੇਟੀ ਦੇ ਹਵਾਲੇ ਕੀਤੀ ਹੈ ਕਿਉਂਕਿ ਡਿਪਟੀ ਸਪੀਕਰ ਉਸ ਦੇ ਚੇਅਰਮੈਨ ਹੁੰਦੇ ਹਨ ਅਤੇ ਹੁਣ ਤੁਸੀਂ ਉਨ੍ਹਾਂ ਨੂੰ ਚੁਣ ਲਿਆ ਹੈ ਇਸ ਲਈ ਉਹ ਮੀਟਿੰਗ ਕਰਕੇ ਇਸ ਲਈ ਉਚਿਤ ਪ੍ਰਬੰਧ ਕਰਨਗੇ। (I have referred this matter to the House Committee. The Deputy Speaker whom you have already elected is the ex-officio Chairman of this Committee. He will convene a meeting of the House Committee and try to arrange suitable accommodation for the members.)

**ਕਾਮਰੇਡ ਹਰਦਿੱਤ ਸਿੰਘ ਭਠੱਲ** : ਸਪੀਕਰ ਸਾਹਿਬ, ਮੈਂ ਮਾਨ ਸਾਹਿਬ ਨੂੰ ਵੀ ਮਿਲਿਆ ਸਾਂ ਅਤੇ ਸੈਕਟਰੀ ਸਾਹਿਬ ਨੂੰ ਵੀ ਮਿਲਿਆ ਸਾਂ ਪਰ ਅਜ ਤਕ ਮੈਨੂੰ ਕੋਈ ਕਮਰਾ ਅਲਾਟ ਨਹੀਂ ਕੀਤਾ ਗਿਆ।

**ਚੌਧਰੀ ਜਗਤ ਰਾਮ** : ਇਹ ਕਮੇਟੀ ਪਤਾ ਨਹੀਂ ਕਦ ਮੀਟ ਕਰੇਗੀ ਅਤੇ ਕੀ ਫੈਸਲਾ ਕਰੇਗੀ ਤਦ ਤਕ ਕਿਥੇ ਰਹੀਏ।

**ਸ੍ਰੀ ਸਪੀਕਰ** : ਤੁਸੀਂ ਵੀ ਉਸ ਕਮੇਟੀ ਵਿਚ ਸ਼ਾਮਲ ਕਰ ਲਏ ਜਾਉਗੇ ਬੈਠ ਕੇ ਵਿਚਾਰ ਕਰ ਲੈਣਾ। (The hon. Member might also be included in that

Original with;
Punjab Vidhan Sabha
Digitized by;
Panjab Digital Library

Committee where he can consider this issue.)

**ਸ਼੍ਰੀ ਚੌਧਰੀ ਜਗਤ ਰਾਮ** : ਕੀ ਹੁਣ ਸੜਕਾਂ ਤੇ ਸੌਂਈਏ ? ਕਿੰਨੀ ਬੁਰੀ ਗਲ ਹੈ ਕਿ ਇਸ ਹਾਊਸ ਦੇ ਮੈਂਬਰਾਂ ਲਈ ਕੋਈ ਰਿਹਾਇਸ਼ ਦਾ ਪ੍ਰਬੰਧ ਨਹੀਂ ਕੀਤਾ ਗਿਆ ।

**ਸ਼੍ਰੀ ਸਪੀਕਰ** : ਮੈਂ ਤਾਂ ਆਪ ਚੌਧਰੀ ਸਾਹਿਬ ਨੂੰ ਦਸਿਆ ਸੀ ਕਿ ਜਦ ਤਕ ਤੁਹਾਨੂੰ ਕੋਈ ਥਾਂ ਨਹੀਂ ਦਿਤੀ ਜਾਂਦੀ ਤੁਸੀਂ ਮੇਰੀ ਕੋਠੀ ਵਿਚ ਆ ਜਾਉ । ਮੈਂ ਹਾਲੇ ਵੀ ਆਪਣੀ ਆਫਰ ਤੁਹਾਨੂੰ ਦਿੰਦਾ ਹਾਂ । ਮੇਰੇ ਪਾਸ ਜਿਤਨੀ ਜਗਾਹ ਅਵੇਲੇਬਲ ਹੈ ਜ਼ਾਤੀ ਤੌਰ ਤੇ ਮੈਂ ਸਾਰੇ ਮੈਂਬਰਾਂ ਦੀ ਡਿਸਪੋਜ਼ਲ ਤੇ ਕਰਦਾ ਹਾਂ ਜੇਕਰ ਕੋਈ ਵਰਤਣਾ ਚਾਹੇ । ਅਕਾਮੋਡੇਸ਼ਨ ਦੀ ਇਕ ਬੜੀ ਗੰਭੀਰ ਸਮਸਿਆ ਹੈ, ਇਸ ਦੀ ਬਹੁਤ ਸਾਰੇ ਮੈਂਬਰਜ਼ ਨੂੰ ਦਿਕਤ ਹੈ, ਬਾਕੀ ਦੇ ਰਹਿੰਦੇ ਮੈਂਬਰਜ਼ ਨੂੰ ਵੀ ਇਸ ਦਿਕਤ ਦਾ ਅਹਿਸਾਸ ਹੋਣਾ ਚਾਹੀਦਾ ਹੈ, ਉਹ ਆਪ ਵੀ ਰਲ ਕੇ ਇਸ ਦਾ ਕੋਈ ਹਲ ਲੱਭਣ ਵਿਚ ਸਾਡੀ ਮਦਦ ਕਰਨ । (I have already made a personal offer to Chaudhri Jagat Ram that he can come to my residence for the time being. My offer still stands. All the accommodation available with me is at the disposal of the hon. Members if they want to utilise it. Shortage of accommodation for the hon. Members is a great problem for us and quite a number of members are experiencing difficulty on this account. The other hon. Members may also realise the difficulty of their colleagues and extend their cooperation in finding out a solution to this problem.)

**चौधरी बलवीर सिंह** : आप ने एक आनरेबल मैंबर को अपनी कोठी आने को कहा है । मगर वह इस को इनडायरैकट तरीका से **अगवा** हो जाने का तरीका समझते हैं । मुनासिबहोगा कि आप उनको अपनी सारी टमर्ज़ के मुतालिक समझा दें (हंसी)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ ਮੈਂ ਪਹਿਲਾਂ ਵੀ ਰਿਕੁਐਸਟ ਕੀਤੀ ਸੀ, ਹੁਣ ਫੇਰ ਬਨਤੀ ਕਰਦਾ ਹਾਂ ਕਿ ਸਾਨੂੰ ਹਾਊਸ ਕਮੇਟੀ ਦੇ ਵਿਚ ਅਤੇ ਹੋਰ ਵੀ ਇਸ ਹਾਊਸ ਦੀਆਂ ਕਮੇਟੀਆਂ ਬਣਦੀਆਂ ਹਨ ਉਨ੍ਹਾਂ ਵਿਚ ਪੂਰੀ ਪੂਰੀ ਨਾਮਜ਼ਦਗੀ ਮਿਲਣੀ ਚਾਹੀਦੀ ਹੈ । ਜਿਸ ਦਿਨ ਐਡਵਾਇਜ਼ਰੀ ਕਮੇਟੀ ਬਣੀ ਉਸ ਦਿਨ ਵੀ ਮੈਂ ਰਿਕੁਐਸਟ ਕੀਤੀ ਸੀ ।

**ਸ਼੍ਰੀ ਸਪੀਕਰ** : ਮੈਂ ਤਾਂ ਉਸੇ ਦਿਨ ਵੀ ਕਹਿ ਦਿੱਤਾ ਸੀ ਕਿ "He should be one of those members." (I had stated on that very day that he should be one of those members.)

**ਸਰਦਾਰ ਗੁਰਬੰਤਾ ਸਿੰਘ** : ਜਿਹੜੇ ਲਹਿਜੇ ਨਾਲ ਸਪੀਕਰ ਸਾਹਿਬ ਤੁਸੀਂ ਆਕਮੋਡੇਸ਼ਨ ਦਾ ਜ਼ਿਕਰ ਕੀਤਾ ਹੈ ਮੈਨੂੰ ਇਹ ਸੁਣਕੇ ਹੈਰਾਨੀ ਹੋਈ ਹੈ ਸਪੀਕਰ ਸਾਹਿਬ ਤੁਸੀਂ ਗੌਰਮਿੰਟ ਨੂੰ ਕਹੋ ਕਿ ਉਹ ਜੇਕਰ ਕੋਈ ਅਕਾਮੋਡੇਸ਼ਨ ਦਾ ਇੰਤਜ਼ਾਮ ਕਰ ਸਕਦੇ ਹਨ ਤਾਂ ਠੀਕ ਹੈ ਨਹੀਂ ਤਾਂ ਤੁਹਾਨੂੰ ਪੂਰੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ]

ਪਾਵਰਜ਼ ਹਨ ਕਿ ਤੁਸੀਂ ਕੋਈ ਕੋਠੀ ਲੈ ਕੇ ਇਨ੍ਹਾਂ ਰਹਿ ਗਏ ਐਮ. ਐਲ. ਏਜ਼ ਦੀ ਰਿਹਾਇਸ਼ ਦਾ ਪ੍ਰਬੰਧ ਕਰੋ । ਤੁਸੀਂ ਯਤੀਮਾਂ ਦੀ ਤਰ੍ਹਾਂ ਗੱਲ ਨਾ ਕੋਈ ਕਰੋ ਤਕੜੇ ਹੋ ਕੇ ਕੋਈ ਕੰਮ ਕਰੋ । ਇਕ ਨਾਲ ਗੁਜ਼ਾਰਾ ਨਹੀਂ ਚਲਦਾ ਦੋ ਕੋਠੀਆਂ ਲੈ ਲਵੋ ।

**ਸਰਦਾਰ ਬੇਅੰਤ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ । ਕੱਲ੍ਹ ਵੀ ਜਦੋਂ ਇਹ ਗੱਲ ਚੱਲੀ ਸੀ ਤਾਂ ਆਪ ਨੇ ਫ਼ਰਮਾਇਆ ਸੀ ਕਿ ਕੁਝ ਐਕਸ ਐਮ. ਐਲ. ਏਜ਼ ਦੇ ਕੁਝ ਕਮਰੇ ਆਕੂਪਾਈਡ ਹਨ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਤੋਂ ਖਾਲੀ ਕਰਾਉਣ ਲਈ ਕੋਈ ਕਦਮ ਚੁਕੇ ਗਏ ਹਨ ?

**ਸ਼੍ਰੀ ਸਪੀਕਰ :** ਯਤਨ ਉਪਰਾਲੇ ਕਰ ਰਹੇ ਹਾਂ, ਹੋਰ ਕੀ ਹੋ ਸਕਦਾ ਹੈ । (ਵਿਘਨ) ਆਪਣੀ ਸੀਟ ਤੇ ਬੈਠੋ ਜੀ, ਇਸ ਮੁਆਮਲੇ ਬਾਰੇ ਹਾਊਸ ਕਮੇਟੀ ਬਣੀ ਹੈ, ਜਿਸ ਤਰ੍ਹਾਂ ਦੀ ਉਹ ਰਿਪੋਰਟ ਦੇਣਗੇ ਮੈਂ ਵਿਚਾਰ ਕਰਨ ਲਈ ਤਿਆਰ ਹਾਂ । (The hon. Member may please resume his seat. What else can be done except making concerted efforts ? The House Committee has been constituted and I will consider its report when it comes to me.)

## CALL ATTENTION NOTICES

(ਕ੍ਰਮ ਨੰ: 56)

**ਕਾਮਰੇਡ ਦਰਸ਼ਨ ਸਿੰਘ ਝਬਾਲ :** ਮੈਂ ਸਪੀਕਰ ਸਾਹਿਬ, ਸਰਕਾਰ ਦਾ ਧਿਆਨ ਇਸ ਨੋਟਿਸ ਰਾਹੀਂ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਪੱਕੀਆਂ ਇਟਾਂ ਦੇ ਰੇਟ ਬੰਨ੍ਹਣ ਦੇ ਬਾਵਜੂਦ ਭੱਠਿਆਂ ਦੇ ਮਾਲਕ ਸਾਰੇ ਪੰਜਾਬ ਵਿਚ ਇਟਾਂ ਦੀ ਬਲੈਕ ਕਰ ਰਹੇ ਹਨ । ਗਾਹਕਾਂ ਕੋਲੋਂ ਦਸ ਪੰਦਰਾਂ ਰੁਪਏ ਪ੍ਰਤੀ ਹਜ਼ਾਰ ਵਧ ਕੀਮਤ ਵਸੂਲ ਕੀਤੀ ਜਾ ਰਹੀ ਹੈ । ਇਸ ਸਵਾਲ ਤੇ ਲੋਕਾਂ ਵਿਚ ਸਖਤ ਬੇਚੈਨੀ ਹੈ । ਸਬੰਧਤ ਵਜ਼ੀਰ ਸਾਹਿਬ ਇਸ ਮਾਮਲੇ ਤੇ ਜਵਾਬ ਦੇਣ ।

MR. SPEAKER : It is admitted. The Minister concerned may please make a statement.

(ਕ੍ਰਮ ਨੰ : 57)

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਮੈਂ ਇਕ ਅਤਿ ਜ਼ਰੂਰੀ ਮੁਆਮਲੇ ਵੱਲ ਇਸ ਨੋਟਿਸ ਰਾਹੀਂ ਪੰਜਾਬ ਸਰਕਾਰ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਬੜੀ ਦੇਰ ਤੋਂ ਅਪਰ-ਬਾਰੀ ਦੁਆਬ ਨਹਿਰ ਦੀ ਬੰਦੀ ਹੋ ਜਾਣ ਕਾਰਨ, ਰਬੀ ਦੀ ਫਸਲ ਨੂੰ ਕਹਿਤ ਸਾਲੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਸ ਸਾਲ ਇਹ ਡਰ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕਣਕ ਦੀ ਪੈਦਾਵਾਰ ਵਿਚ ਘਾਟਾ ਹੋਵੇਗਾ । ਇਹਦੇ ਨਾਲ ਕਿਸਾਨਾਂ ਦੇ ਵਿਚ ਭਾਰੀ ਬੇਚੈਨੀ ਪਾਈ ਜਾਂਦੀ ਹੈ ।

ਸਬੰਧਤ ਮੰਤ੍ਰੀ ਨੂੰ ਇਸ ਬਾਰੇ ਬਿਆਨ ਦੇਣ ਲਈ ਕਿਹਾ ਜਾਵੇ ।

MR. SPEAKER : It is admitted. The Minister concerned will please make a statement.

The next Call Attention Motion (No. 60) stands in the name of the hon. Member Shri Gurdial Saini.

(The hon. Member was not present in the House).

Original with;
Punjab Vidhan Sabha
Digitized by;
Panjab Digital Library

Now I call upon Chaudhri Ram Singh, to move his Call Attention Motion No 61.

(Serial No. 61)

CHAUDHRI RAM SINGH, Sir, I beg to draw the attention of the Government towards an urgent matter of public importance, namely, the courts of Sub-Judge and Tehsildars have a difference of distance between Judicial Magistrate and S.D.M. of Pathankot is about 1 K. M. and the public, the lawyers of Pathankot are facing serious difficulties in appearing before the courts. It is also brought to our notice that the Government is taking initiative to get the courts to a joint court to avoid inconvenience caused to the public and in view of the urgency of the matter, the Chief Minister may please be asked to make a Statement in the House.

MR. SPEAKER : It is admitted. The Minister concerned may please make a s tatement.

(ਕ੍ਰਮ ਨੰ: 62)

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ ਮੈਂ ਸਦਨ ਦਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਪੰਜਾਬ ਰੋਡਵੇਜ਼ ਦੇ ਭੁਖ-ਹੜਤਾਲੀ ਵਰਕਰਜ਼ ਦਾ ਜਿਹੜੇ ਕਿ ਗਿਲ ਸਰਕਾਰ ਵੇਲੇ ਦੀਆਂ ਹੋਈਆਂ ਉਨ੍ਹਾਂ ਬਦਅਨੁਵਾਨੀਆਂ ਨੂੰ ਨਿਪਟਾਉਣ ਲਈ ਸੈਕਰੀਟੇਰੀਏਟ ਦੇ ਸਾਹਮਣੇ ਬੈਠੇ ਹਨ, ਦਾ ਮਸਲਾ ਹਲ ਕਰਨ ਦੇ ਵਿਚ ਫੇਲ੍ਹ ਹੋਈ ਹੈ, ਇਸ ਤੇ ਉਨ੍ਹਾਂ ਵਿਚ ਸਖ਼ਤ ਬੇਚੈਨੀ ਪਾਈ ਜਾਂਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੇ ਮੁਤਲਿਕ ਛੇਤੀ ਤੋਂ ਛੇਤੀ ਬਿਆਨ ਵਜ਼ੀਰ ਮੁਤਾਲਿਕਾ ਦੇਣ।

MR. SPEAKER : It is admitted. The hon. Minister concerned may please make a statement.

**ਸਰਦਾਰ ਲਛਮਣ ਸਿੰਘ ਗਿੱਲ** : ਆਨ ਏ ਪੁਆਇੰਟ ਆਫ ਆਰਡਰ ਸਰ। ਮੈਂ ਅਰਜ਼ ਕਰਾਂਗਾ ਕਿ ਭਾਵੇਂ ਤਿੰਨ ਜ਼ਬਾਨਾਂ ਇਸ ਹਾਊਸ ਦੀਆਂ ਹਨ, ਪਰ ਇਹ ਮੰਨਿਆ ਜਾ ਚੁਕਾ ਹੈ ਕਿ ਇਸ ਸਟੇਟ ਦਾ ਕੰਮ ਹੌਲੀ ਹੌਲੀ ਅੰਗਰੇਜ਼ੀ ਤੋਂ ਪੰਜਾਬੀ ਵੱਲ ਨੂੰ ਚੱਲੇਗਾ। ਪਰ ਮੈਨੂੰ ਇਸ ਹਾਊਸ ਵਿਚ ਵੇਖਣ ਤੇ ਇਹ ਨਜ਼ਰ ਆ ਰਿਹਾ ਹੈ ਕਿ ਇਥੋਂ ਦਾ ਕੰਮ ਜਿਥੇ ਪੰਜਾਬੀ ਵਲ ਜਾਣਾ ਸੀ ਅਜੇ ਉਸੇ ਤਰ੍ਹਾਂ ਹੀ ਅੰਗਰੇਜ਼ੀ ਵਿਚ ਹੀ ਹੋ ਰਿਹਾ ਹੈ। ਤੁਸੀਂ ਇਸ ਸਬੰਧ ਵਿਚ ਪਿਛਲੇ ਸਪੀਕਰ ਸਾਹਿਬ ਦੇ ਇਸ ਮੁਤਾਲਿਕ ਹੋਏ ਰੂਲਿੰਗ ਵੇਖੋ, ਉਨ੍ਹਾਂ ਨੇ ਵੀ ਇਹੋ ਕਿਹਾ ਹੈ ਅਗੇ ਨੂੰ ਪੰਜਾਬੀ ਵਿਚ ਇਸ ਹਾਊਸ ਦਾ ਕੰਮ ਆਹਿਸਤਾ ਆਹਿਸਤਾ ਹੋਣ ਲੱਗ ਜਾਵੇਗਾ। ਪਰ ਇਸ ਸਟੇਟ ਦੀ ਜ਼ਬਾਨ ਨਾਲ ਇਕ ਧੱਕਾ ਹੈ ਜਦੋਂ ਕਿ ਪੰਜਾਬੀ ਵਿਚ ਕੰਮ ਕਰਨ ਦਾ ਫ਼ੈਸਲਾ ਹੋ ਚੁਕਾ ਹੈ। ਐਕਟ ਪਾਸ ਹੋ ਚੁਕਾ ਹੈ। ਦੋ ਤਿੰਨ ਦਿਨ ਤੋਂ ਮੈਂ ਵੇਖ ਰਿਹਾ ਹਾਂ, ਤੁਸੀਂ ਵੀ ਹਰ ਗੱਲ ਅੰਗਰੇਜ਼ੀ ਵਿਚ ਕਰਦੇ ਹੋ, ਤੁਸੀਂ ਭਾਵੇਂ ਇਸ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਲਛਮਣ ਸਿੰਘ ਗਿੱਲ]
ਫਖਰ ਮਹਿਸੂਸ ਕਰਦੇ ਹੋ, ਪਰ ਮੈਂ ਬੇਨਤੀ ਕਰਾਂਗਾ ਕਿ ਇਸ ਹਾਊਸ ਦੀ ਕਾਰਵਾਈ ਪੰਜਾਬੀ ਦੇ ਵਿਚ ਹੋਣੀ ਚਾਹੀਦੀ ਹੈ।

**ਸ਼੍ਰੀ ਸਪੀਕਰ** : ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਇਸ ਹਾਊਸ ਦੀ ਸਾਰੀ ਕਾਰਵਾਈ ਪੰਜਾਬੀ ਵਿਚ ਆਹਿਸਤਾ ਆਹਿਸਤਾ ਕਰਨ ਦੀ ਕੋਸ਼ਿਸ਼ ਕਰਾਂਗੇ। ਮੈਂ ਇਹ ਵੀ ਦੱਸ ਦਿਆਂ ਕਿ ਮੈਂ ਅੰਗਰੇਜ਼ੀ ਬੋਲਣ ਦੇ ਵਿਚ ਫਖਰ ਤਾਂ ਮਹਿਸੂਸ ਨਹੀਂ ਕਰਦਾ ਪਰ ਆਪਣੀ ਕਮਜ਼ੋਰੀ ਜ਼ਰੂਰ ਮਹਿਸੂਸ ਕਰਦਾ ਹਾਂ। (I assure the hon. Member that in future we will gradually switch over to Punjabi in the transaction of the business of this House. I may also point out that I do not feel proud of speaking in English rather think it to be my weakness.)

(ਕ੍ਰਮ ਨੰ: 63)

**ਕਾਮਰੇਡ ਦਰਸ਼ਨ ਸਿੰਘ ਝਬਾਲ** : ਮੈਂ ਸਰਕਾਰ ਦਾ ਧਿਆਨ ਇਸ ਨੋਟਿਸ ਰਾਹੀਂ ਇਕ ਬਹੁਤ ਜ਼ਰੂਰੀ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਕਾਸ਼ਤਕਾਰ ਅਤੇ ਮਜ਼ਦੂਰ ਕਿਸਾਨਾਂ ਨੂੰ ਜਦੋਂ ਬਾਰਡਰ ਦੇ ਇਲਾਕੇ ਦੇ ਖੇਤਾਂ ਵਿਚ ਫੇਰਾ ਮਾਰਨਾ ਪੈਂਦਾ ਹੈ ਜਾਂ ਪਾਣੀ ਦੇਣਾ ਪੈਂਦਾ ਹੈ ਤਾਂ ਪਾਕਿਸਤਾਨ ਦੀ ਪੁਲੀਸ ਤੋਂ ਇਕ ਪਰਚੀ ਰਾਹੀਂ ਲਿਖਤੀ ਆਗਿਆ ਲੈਣੀ ਪੈਂਦੀ ਹੈ। ਦਿਨ ਵਿਚ ਜਦੋਂ ਉਹ ਕਾਹੀ ਤੱਕ ਲੈਣ ਜਾਂਦੇ ਹਨ ਤਾਂ ਪੁਲੀਸ ਉਨ੍ਹਾਂ ਨੂੰ ਫੜ ਕੇ ਉਨ੍ਹਾਂ ਤੋਂ ਬੇਗਾਰ ਲੈਣਾ ਸ਼ੁਰੂ ਕਰ ਦੇਂਦੀ ਹੈ। ਬਹੁਤਿਆਂ ਤੋਂ ਬੇਗਾਰ ਇਸ ਲਈ ਲਈ ਜਾਂਦੀ ਹੈ ਕਿ ਉਨ੍ਹਾਂ ਤੇ ਸਮਗਲਿੰਗ ਦਾ ਇਲਜ਼ਾਮ ਹੁੰਦਾ ਹੈ। ਰਾਏ ਸਿੱਖ ਕਮਿਊਨਿਟੀ ਖਾਸ ਤੌਰ ਤੇ ਇਸ ਸਖਤੀ ਦਾ ਸ਼ਿਕਾਰ ਹੋ ਰਹੀ ਹੈ। ਵਜ਼ੀਰ ਸਾਹਿਬ ਨੂੰ ਇਸ ਸਬੰਧ ਵਿਚ ਬਿਆਨ ਦੇਣਾ ਚਾਹੀਦਾ ਹੈ ਅਤੇ ਇਹ ਵੀ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਲੋਕਾਂ ਦੀਆਂ ਤਕਲੀਫਾਂ ਜਿਹੜੇ ਬਾਰਡਰ ਤੇ ਰਹਿੰਦੇ ਹਨ ਹੁਣ ਤੱਕ ਦੂਰ ਕਰਨ ਦਾ ਕੀ ਉਪਰਾਲਾ ਕੀਤਾ ਹੈ।

MR. SPEAKER : It is admitted. Minister concerned may please make a statement.

(ਕ੍ਰਮ ਨੰ: 64)

**ਸਰਦਾਰ ਦਲੀਪ ਸਿੰਘ** : ਇਸ ਧਿਆਨ ਦਵਾਊ ਨੋਟਿਸ ਰਾਹੀਂ ਮੈਂ ਸਪੀਕਰ ਸਾਹਿਬ, ਸਰਕਾਰ ਦਾ ਧਿਆਨ ਇਸ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਜਿਹੜਾ ਕਿ ਬਹੁਤ ਹੀ ਜ਼ਰੂਰੀ ਹੈ। ਉਹ ਇਹ ਕਿ ਬੰਦੇ ਤੋਂ ਨਿਹਾਲ ਸਿੰਘ ਵਾਲਾ ਤੱਕ ਇਕ 6 ਮੀਲ ਦੀ ਸੜਕ ਬਣਨ ਲਗ ਚੁਕੀ ਹੈ, ਇਸ ਤੇ 4 ਮੀਲ ਤਕ ਮਿੱਟੀ ਵੀ ਪੈ ਚੁਕੀ ਹੈ। ਪਰ ਸਿਆਸੀ ਦਬਾਓ ਵਿਚ ਆ ਕੇ 2 ਕਿਲੋਮੀਟਰ ਤੱਕ ਵੇਖ ਕੇ ਵਰਕਰ ਨੂੰ ਹਟਾ ਦਿੱਤਾ ਗਿਆ, 15 ਦਿਨ ਹੋਏ ਉਸ ਤੇ ਕੰਮ ਕਰਨ ਵਾਲੀ ਲੇਬਰ ਵੀ ਹਟਾ ਦਿੱਤੀ ਗਈ। ਇਸ ਮੁਆਮਲੇ ਦੀ ਮਹੱਤਤਾ ਨੂੰ ਸਮਝਦੇ ਹੋਏ ਸਰਕਾਰ ਦੇ ਉਸਾਰੀ ਮੰਤ੍ਰੀ ਨੂੰ ਹਾਊਸ ਵਿਚ ਬਿਆਨ ਦੇਣਾ ਚਾਹੀਦਾ ਹੈ।

**ਸ਼੍ਰੀ ਸਪੀਕਰ** : ਨੋਟਿਸ ਮਨਜ਼ੂਰ ਕੀਤਾ ਜਾਂਦਾ ਹੈ। ਵਜ਼ੀਰ ਸਾਹਿਬ, ਇਸ ਮੁਆਮਲੇ ਬਾਰੇ ਬਿਆਨ ਦੇਣ। (It is admitted. Minister concernd may please make a statement.)

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 65)

**ਕਾਮਰੇਡ ਸੱਤਪਾਲ ਡਾਂਗ** : ਮੈਂ ਹਾਊਸ ਦਾ ਧਿਆਨ ਇਸ ਜ਼ਰੂਰੀ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਅੰਮ੍ਰਿਤਸਰ ਦੇ ਸਨਅਤੀ ਵਰਕਰਾਂ ਵਿਚ ਇਸ ਲਈ ਬੜੀ ਬੇਚੈਨੀ ਹੈ ਕਿ ਉਥੇ ਸਰਕਾਰ ਵਲੋਂ ਕਾਇਮ ਕੀਤੀਆਂ ਗਈਆਂ ਕੈਮਿਸਟਸ ਦੀਆਂ ਦੁਕਾਨਾਂ ਤੇ ਕੰਮ ਤਸੱਲੀ ਬਖਸ਼ ਨਹੀਂ ਹੋ ਰਿਹਾ। ਜੋ ਕਿ ਇੰਮਪਲਾਈਜ਼ ਸਟੇਟ ਇੰਸ਼ੋਰੈਂਸ ਸਕੀਮ ਦੇ ਤਾਹਿਤ ਖੋਲ੍ਹੀਆਂ ਗਈਆਂ ਹਨ। ਉਹ ਦੁਕਾਨਾਂ ਛੁਟੀ ਵਾਲੇ ਦਿਨ ਬੰਦ ਰਹਿੰਦੀਆਂ ਹਨ ਅਤੇ ਜੇ ਕੋਈ ਬੀਮਾਰ ਹੋ ਜਾਵੇ ਤਾਂ ਉਸ ਦਾ ਇਲਾਜ ਨਹੀਂ ਕੀਤਾ ਜਾ ਸਕਦਾ ਅਤੇ ਇਹ ਇਕ ਖਤਰੇ ਵਾਲੀ ਗੱਲ ਹੋ ਜਾਂਦੀ ਹੈ। ਦੂਜੀ ਗਲ ਇਹ ਹੈ ਕਿ ਆਮ ਤੌਰ ਤੇ ਉਥੇ ਉਹ ਦਵਾਈਆਂ ਸਪਲਾਈ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਮਿਆਦ ਖਤਮ ਹੋ ਚੁਕੀ ਹੁੰਦੀ ਹੈ। ਤੀਸਰੀ ਗਲ ਇਹ ਹੈ ਕਿ ਆਮ ਤੌਰ ਤੇ ਉਨ੍ਹਾਂ ਡਿਪੋਆਂ ਦੇ ਇੰਚਾਰਜ ਉਥੇ ਹਾਜ਼ਰ ਨਹੀਂ ਰਹਿੰਦੇ ਅਤੇ ਕਲਾਸ ਫੋਰ ਦੇ ਮੁਲਾਜ਼ਮ ਹੀ ਸਾਰਾ ਕੰਮ ਕਰਦੇ ਹਨ। ਇਨ੍ਹਾਂ ਗੱਲਾਂ ਨਾਲ ਵਰਕਰਾਂ ਵਿਚ ਬੜੀ ਬੇਚੈਨੀ ਫੈਲ ਰਹੀ ਹੈ। ਇਸ ਲਈ ਸਬੰਧਤ ਵਜ਼ੀਰ ਸਾਹਿਬ ਇਸ ਬਾਰੇ ਇਕ ਬਿਆਨ ਦੇਣ।

**ਸ਼੍ਰੀ ਸਪੀਕਰ** : ਦਾਖਲ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਧਿਆਨ ਦੇਣ। ਹੁਣ ਕਾਲ ਅਟੈਨਸ਼ਨ ਮੋਸ਼ਨ ਨੰ : 66 ਸ਼੍ਰੀ ਸਤਪਾਲ ਡਾਂਗ ਦੀ ਹੈ। (It is admitted. The hon. Minister concerned may please make a statement. Now Comrade Satyapal Dang to move his Call Attention Motion No. 66.)

(ਕ੍ਰਮ ਨੰ: 66)

**ਕਾਮਰੇਡ ਸੱਤਪਾਲ ਡਾਂਗ** : ਮੈਂ ਹਾਊਸ ਦਾ ਧਿਆਨ ਇਕ ਜ਼ਰਰੀ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਸਨਅਤੀ ਮਜ਼ਦੂਰਾਂ ਵਿਚ ਇਸ ਗਲ ਕਰਕੇ ਬੜੀ ਬੇਚੈਨੀ ਫੈਲੀ ਹੋਈ ਹੈ ਕਿ ਸਰਕਾਰ ਪੈਨਲ ਸਿਸਟਮ ਦੀ ਥਾਂ ਤੇ ਈ. ਐਸ. ਆਈ. ਸਕੀਮ ਦੇ ਤਹਿਤ ਸਰਵਿਸ ਸਿਸਟਮ ਲਾਗੂ ਕਰ ਰਹੀ ਹੈ ਅਤੇ ਇਹ ਉਨ੍ਹਾਂ ਦੀਆਂ ਯੂਨੀਅਨਾਂ ਦੀ ਸਲਾਹ ਬਗ਼ੈਰ ਕਰ ਰਹੀ ਹੈ। ਗੌਰਮਿੰਟ ਨੇ ਇਸ ਤਰ੍ਹਾਂ ਪਹਿਲਾਂ ਛੇਹਰਟੇ ਈ. ਐਸ. ਆਈ. ਹਸਪਤਾਲ ਵਿਚ ਕਰ ਦਿਤਾ ਹੈ। ਸਰਕਾਰ ਦੇ ਇਸ ਕਦਮ ਕਰਕੇ ਮਜ਼ਦੂਰਾਂ ਵਿਚ ਬਹੁਤ ਹੀ ਬੇਚੈਨੀ ਹੈ। ਸਰਕਾਰ ਇਸ ਕਰਕੇ ਮਜ਼ਦੂਰਾਂ ਦੀ ਸਭ ਤੋਂ ਵਡੀ ਜਮਾਤ ਇੰਡੀਅਨ ਲੇਬਰ ਯੂਨੀਅਨ ਦੇ ਫੈਸਲਿਆਂ ਦੀ ਉਲੰਘਣਾ ਕਰ ਰਹੀ ਹੈ। ਮਾਮਲੇ ਦੀ ਮਹੱਤਤਾ ਨੂੰ ਮੁੱਖ ਰਖ ਕੇ ਸਰਕਾਰ ਹਾਊਸ ਵਿਚ ਇਕ ਬਿਆਨ ਦੇਵੇ।

**ਸ਼੍ਰੀ ਸਪੀਕਰ** : ਦਾਖਲ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਹਿਬ, ਕਿਰਪਾ ਕਰਕੇ ਬਿਆਨ ਦੇਣ। ਹੁਣ ਮੋਸ਼ਨ ਨੰ: 70 ਸਰਦਾਰ ਉਮਰਾਓ ਸਿੰਘ ਦੀ ਹੈ। (It is admitted. The Minister concerned may please make a statement. Now Sardar Umrao Singh to move his Call Attention Motion No. 70)

(ਕ੍ਰਮ ਨੰ: 70)

**ਸਰਦਾਰ ਉਮਰਾਓ ਸਿੰਘ** : ਮੈਂ ਗੌਰਮਿੰਟ ਦੀ ਤਵੱਜੋ ਇਕ ਬਹੁਤ ਜ਼ਰੂਰੀ ਗਲ ਵਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ] :
ਦਿਵਾਉਣੀ ਚਾਹੁੰਦਾ ਹਾਂ ਕਿ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਐਮ ਏ. ਪਾਸ ਟੀਚਰਾਂ ਨੂੰ ਜੋ ਸਕੂਲਾਂ ਵਿਚ ਕੰਮ ਕਰਦੇ ਹਨ ਲੈਕਚਰਾਰਾਂ ਦੇ ਗਰੇਡ ਕੁਠਾਰੀ ਕਮਿਸ਼ਨ ਦੇ ਅਨੁਸਾਰ ਦਿਤੇ ਜਾਣਗੇ। ਪਰ ਇਸ ਫੈਸਲੇ ਤੇ ਹਾਲੇ ਤਕ ਅਮਲ ਨਹੀਂ ਹੋਇਆ ਇਸ ਲਈ ਇਹ ਚੀਜ਼ ਅਜ ਦੇ ਤੰਗੀ ਦੇ ਜ਼ਮਾਨੇ ਵਿਚ ਉਨ੍ਹਾਂ ਨਾਲ ਬੇਇਨਸਾਫ਼ੀ ਹੈ। ਸਰਕਾਰ ਨੂੰ ਇਸ ਸਬੰਧ ਵਿਚ ਆਪਣੀ ਪੋਜ਼ੀਸ਼ਨ ਸਪਸ਼ਟ ਕਰਨੀ ਚਾਹੀਦੀ ਹੈ ਅਤੇ ਹਾਊਸ ਵਿਚ ਇਸ ਬਾਰੇ ਬਿਆਨ ਦੇਣਾ ਚਾਹੀਦਾ ਹੈ।

**ਸ਼੍ਰੀ ਸਪੀਕਰ** : ਦਾਖਲ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। ਅਗਲੀ ਕਾਲ ਅਟੈਨਸ਼ਨ ਮੋਸ਼ਨ ਨੰ:71 ਸਰਦਾਰ ਉਮਰਾਓ ਸਿੰਘ ਦੀ ਹੈ। (It is admitted. The Minister concerned may please make a statement. Sardar Umrao Singh to move next Call Attention Motion No. 71.)

(ਕ੍ਰਮ ਨੰ: 71)

**ਸਰਦਾਰ ਉਮਰਾਓ ਸਿੰਘ** : ਮੈਂ ਸਰਕਾਰ ਦਾ ਧਿਆਨ ਇਕ ਬਹੁਤ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਡਿਪਾਰਮੈਂਟ ਦੇ ਇਨਸਪੈਕਟਰਾਂ ਨੇ ਇਨਡੈਫੀਨੇਟ ਹੜਤਾਲ ਕੀਤੀ ਹੋਈ ਹੈ। ਇਸ ਨਾਲ ਮਹਿਕਮੇ ਦਾ ਕੰਮ ਰੁਕ ਗਿਆ ਹੈ ਅਤੇ ਰਿਕਵਰੀਆਂ ਬਿਲਕੁਲ ਬੰਦ ਹੋ ਗਈਆਂ ਹਨ। ਅਤੇ ਕੋਆਪ੍ਰੇਟਿਵ ਸੋਸਾਇਟੀਆਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਇਸ ਸਬੰਧ ਵਿਚ ਆਪਣੀ ਪਾਲੀਸੀ ਦਸੇ ਅਤੇ ਹਾਊਸ ਵਿਚ ਇਸ ਬਾਰੇ ਬਿਆਨ ਦੇਵੇ।

**ਸ਼੍ਰੀ ਸਪੀਕਰ** : ਦਾਖਲ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। ਅਗਲੀ ਕਾਲ ਅਟੈਨਸ਼ਨ ਮੋਸ਼ਨ ਨੰ: 72 ਸ਼੍ਰੀ ਰਾਮ ਸਿੰਘ ਦੀ ਹੈ। (It is admitted. The Minister concerned may please make a statement. Chaudhri Ram Singh to move next Call Attention Motion No 72.)

(Serial No. 72)

CHAUDHRI RAM SINGH : I beg to draw the attention of the Government towards an urgent matter of public importance, namely, the Government had imposed sales-Tax at the rate of Rs. 1.50 percent on paddy and rice before 16. 1. 1968 but thereafter purchase tax on paddy at the rate of 3% and a separate purchase tax on rice at the rate of 3 percent was imposed. As a result thereof every citizen of Punjab has to pay 9paise per Kilogram more under the circumstances. In view of the urgency of the matter, the Chief Minister may please be asked to make a statement in the House.)

**ਸ਼੍ਰੀ ਸਪੀਕਰ** : ਦਾਖਲ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (It is Admitted. The Minister concerned may please make a statement.)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਹਾ ਜਾਵੇ ਕਿ ਖੇਚਲ ਜ਼ਰਾ ਜਲਦੀ ਜਲਦੀ ਕਰਨ। ਬੜੀ ਬੜੀ ਦੇਰ ਤਕ ਜਵਾਬ ਹੀ ਨਹੀਂ ਆਉਂਦਾ।

**ਕੈਪਟਨ ਰਤਨ ਸਿੰਘ** : ਇਸ ਵਾਸਤੇ ਵੀ ਕੋਈ ਟਾਈਮ ਲਿਮਟ ਹੋਣੀ ਚਾਹੀਦੀ ਹੈ।

SUPPLEMENTARY ESTIMATES (Second Instalment) 1968-69

Discussion on Estimates of Expenditure charged on the Revenue of the State.

MR. SPEAKER : Those hon. Members who wish to discuss the charged items, may do so.

(No hon. Member rose to speak)

**ਸਰਦਾਰ ਲਛਮਣ ਸਿੰਘ ਗਿਲ** : ਸਪੀਕਰ ਸਾਹਿਬ ਮੁੱਖ ਮੰਤਰੀ ਜੀ ਨੇ ਇਕ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਦਸਿਆ ਹੈ ਕਿ ਉਹ ਮਿਸਟਰ ਲੂੰਬੇ ਨੂੰ......

**ਸ਼੍ਰੀ ਸਪੀਕਰ** : ਮੁੱਖ ਮੰਤਰੀ ਅਜ ਹਾਜ਼ਰ ਨਹੀਂ ਹਨ। (The Chief Minister is not present today in the House.)

**ਸਰਦਾਰ ਲਛਮਣ ਸਿੰਘ ਗਿਲ** : ਸਪੀਕਰ ਸਾਹਿਬ ਮੈਂ ਪੁਛਣਾ ਚਾਹੁੰਦਾ ਹਾਂ ਕਿ ਅਜ ਉਹ ਨਹੀਂ ਹਨ। ਕੱਲ ਨੂੰ ਮੈਂ ਨਹੀਂ ਹੋਵਾਂਗਾ ਅਤੇ ਅਗਲੇ ਦਿਨ ਕੋਈ ਹੋਰ ਨਹੀਂ ਹੋਵੇਗਾ ......(ਵਿਘਨ)

**ਸ਼੍ਰੀ ਸਪੀਕਰ** : ਕੀ ਉਹ ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਸੀ ? (Did that Call Attention Motion stand in your name ?)

**ਸਰਦਾਰ ਲਛਮਣ ਸਿੰਘ ਗਿਲ** : ਭਾਵੇਂ ਉਹ ਕਿਸੇ ਦੀ ਹੋਵੇ ਪਰ ਹਰ ਇਕ ਮੈਂਬਰ ਨੂੰ ਇਹ ਹਕ ਹੈ ਕਿ ਉਹ ਸਪੀਕਰ ਦੀ ਇਜਾਜ਼ਤ ਨਾਲ ਉਸ ਦੇ ਜਵਾਬ ਦੇ ਸਬੰਧ ਵਿਚ ਇਕ ਸਵਾਲ ਪੁਛ ਸਕੇ ......(ਵਿਘਨ ਸ਼ੋਰ)

MR. SPEAKER : Did you get the permission of the Chair ?

SARDAR LACHHMAN SINGH GILL : Yes Sir. You had given me yesterday. ਸਪੀਕਰ ਸਾਹਿਬ, ਮੈਂ ਹੁਣ ਪੁਛ ਲੈਂਦਾ ਹਾਂ ਕੀ ਤੁਸੀਂ ਮੈਨੂੰ ਸਵਾਲ ਪੁਛਣ ਦੀ ਇਜਾਜ਼ਤ ਦਿੰਦੇ ਹੋ ?

MR. SPEAKER : No please.

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਣ ਸਿੰਘ ਗਿਲ :** ਤਾਂ ਮੈਂ ਤੁਹਾਨੂੰ ਇਸ ਗਲ ਉਤੇ ਵਧਾਈ ਦਿੰਦਾ ਹਾਂ । (ਵਿਘਨ)

**ਕਾਮਰੇਡ ਸੱਤਪਾਲ ਡਾਂਗ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਅਗੇ ਇਸ ਹਾਊਸ ਵਿਚ ਇਹ ਫੈਸਲਾ ਹੋਇਆ ਸੀ ਕਿ ਜਿਸ ਮੈਂਬਰ ਦੀ ਕਾਲ ਅਟੈਨਸ਼ਨ ਮੋਸ਼ਨ ਹੋਵੇ ਉਹ ਉਸ ਦੇ ਜਵਾਬ ਤੇ ਇਕ ਸਵਾਲ ਪੁਛ ਸਕਦਾ ਹੈ । ਮੈਨੂੰ ਕੋਈ ਇਤਰਾਜ਼ ਨਹੀਂ ਅਗਰ ਤੁਸੀਂ ਦੂਸਰੇ ਮੈਂਬਰ ਸਾਹਿਬਾਨ ਨੂੰ ਅਲਾਓ ਕਰਦੇ ਹੋ ਤਾਂ ਪਰ ਮੇਰਾ ਹਕ ਮਹਿਫੂਜ਼ ਰਹਿਣਾ ਚਾਹੀਦਾ ਹੈ ਕਿਉਂਕਿ ਉਹ ਮੇਰੀ ਹੀ ਕਾਲ ਅਟੈਨਸ਼ਨ ਮੋਸ਼ਨ ਸੀ । ਜੇ ਚੀਫ ਮਨਿਸਟਰ ਸਾਹਿਬ ਅਜ ਹਾਜ਼ਰ ਨਹੀਂ ਹਨ ਤਾਂ ਮੈਂ ਫਿਰ ਪੁਛ ਲਵਾਂਗਾ ।

## DEMANDS FOR SUPPLEMENTARY GRANTS

MR. SPEAKER : According to the previous practice all the demands for Supplementary Grants will be deemed to have been read and moved. The hon. Members, while speaking, may indicate the Demand on which they are raising discussion. Normally the Guillotine should be applied at 5.00. But with a view to afford more time to the Members for discussion on the Supplementary Estimates, I will apply the Guillotine at 5.30 P. M. I will then put the Demands to the vote of the House.

ਹੋਰ ਮੈਂਬਰ ਸਾਹਿਬ ਜੇ ਕਹਿਣ ਤਾਂ ਸਾਰੀਆਂ ਡਿਮਾਂਡਾਂ ਇਕਠੀਆਂ ਹੀ ਪੁਟ ਕਰ ਦਿਤੀਆਂ ਜਾਣ । ਡਿਸਕਸ਼ਨ ਸੈਪੇਰੇਟ ਹੋ ਜਾਵੇ ਤੇ ਵੋਟਿੰਗ ਇਕਠੀਆਂ ਤੇ ਹੋ ਜਾਵੇ । (And if the hon. Members agree, all the demands may be put together, discussed separately and put to vote together.)

**ਸਰਦਾਰ ਉਮਰਾਓ ਸਿੰਘ :** ਸੈਪੇਰੇਟ ਹੀ ਹੋਣੀਆਂ ਚਾਹੀਦੀਆਂ ਹਨ ।

**ਸ੍ਰੀ ਸਪੀਕਰ :** ਜੇ ਹਾਊਸ ਚਾਹੇ ਤਾਂ ਹੀ ਇਹ ਹੋ ਸਕਦਾ ਹੈ । (It can be done only if the House agrees.)

**चौधरी बलबीर सिंह :** स्पीकर साहिब आप हर एक डिमांड का नम्बर बोल दें । जिस किसी डिमांड पर किसी मैंबर को बोलना होगा । एक बार बोल लेगा फिर इकट्ठी वोटिंग हो जाए ।

**ਸ੍ਰੀ ਸਪੀਕਰ :** ਚੌਧਰੀ ਸਾਹਿਬ, ਜੇ ਹਰ ਡਿਮਾਂਡ ਅਲਿਹਿਦਾ ਅਲਿਹਿਦਾ ਬੋਲੀ ਤਾਂ ਬਹੁਤ ਵਕਤ ਲਗੇਗਾ । ਇਸ ਲਈ ਇਕਠੀਆਂ ਪੁਟ ਕਰਨੀਆਂ ਚਾਹਦੀਆਂ ਹਨ । (Chaudhry Sahib, if I put these demands one by one, it will take a lot of time. So if the House agrees all these demands may be put together).

**चौधरी बलबीर सिंह :** अध्यक्ष महोदय इस हाऊस में पहले यह कनवेनशन रही है कि 1, 2, 4 आदि डिमांड नः बोला जाता है । यदि कोई मैंबर किसी डिमांड पर बोलना चाहता है तो वह बोल सकता है । फिर इकट्ठी वोटिंग हो जाती है ।

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ ਮੇਰੀ ਸਬਮਿਸ਼ਨ ਇਹ ਹੈ ਕਿ ਹਾਊਸ ਦਾ ਟਾਈਮ ਕਾਫ਼ੀ ਬਚ ਸਕਦਾ ਹੈ ਜੇ ਤੁਸੀਂ ਬਜਟ ਦੀਆਂ ਸਾਰੀਆਂ ਡੀਮਾਂਡਾਂ ਇਕੱਠੀਆਂ ਮੂਵ ਕਰ ਦਿਓ। ਫਿਰ ਜਿਸ ਮੈਂਬਰ ਨੇ ਕਿਸੇ ਡਿਮਾਂਡ ਤੇ ਬੋਲਣਾ ਹੋਵੇਗਾ ਉਹ ਬੋਲੇਗਾ ਤੇ ਫਿਰ ਤੁਸੀਂ ਇਕੱਠੀਆਂ ਡਿਮਾਂਡਾਂ ਤੇ ਵੋਟਿੰਗ ਕਰਵਾ ਲੈਣੀ।

**ਸਰਦਾਰ ਗੁਰਬੰਤਾ ਸਿੰਘ (ਕਰਤਾਰਪੁਰ) (ਐਸ. ਸੀ.) :** ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਥੇ ਇਕ ਡਿਮਾਂਡ ਨੰਬਰ 10 ਵਿਚ ਐਜੂਕੇਸ਼ਨ ਬਾਰੇ ਪੈਸੇ ਮੰਗੇ ਗਏ ਹਨ। ਇਹਦੇ ਵਿਚ 45 ਪਰਾਇਮਰੀ ਸਕੂਲ ਤੋਂ ਮਿਡਲ ਅਤੇ ਐਨੇ ਹੀ ਮਿਡਲ ਤੋਂ ਹਾਈ ਸਕੂਲ ਅਪਗਰੇਡ ਕੀਤੇ ਗਏ ਹਨ। ਜੇ ਇਨ੍ਹਾਂ ਸਕੂਲਾਂ ਦੀ ਫਹਿਰਿਸਤ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਹ ਮੈਰਿਟ ਨਾਲ ਨਹੀਂ ਕੀਤੇ ਗਏ। ਇਸੇ ਤਰ੍ਹਾਂ ਹੀ ਪਿਛਲੇ ਸਾਲ ਕੀਤਾ ਗਿਆ ਸੀ। ਸਾਰੇ ਸਕੂਲ ਮੈਰਿਟ ਤੇ ਅਪਗਰੇਡ ਹੋਣੇ ਚਾਹੀਦੇ ਹਨ। ਜਿਥੇ ਨੇੜੇ ਨੇੜੇ ਪਰਾਇਮਰੀ ਸਕੂਲ ਨਹੀਂ, ਹਾਈ ਸਕੂਲ ਨਹੀਂ। ਇਕ ਪਿੰਡ ਹਰੀਮਪੁਰ ਹੈ। ਇਸ ਬਾਰੇ ਮੈਂ ਕੁਐਸਚਨ ਵੀ ਕੀਤਾ ਸੀ। ਪਿੰਡ ਦੀ ਪੰਚਾਇਤ ਨੂੰ ਕਿਹਾ ਗਿਆ ਸੀ ਕਿ 9 ਹਜ਼ਾਰ ਰੁਪਿਆ ਜਮ੍ਹਾ ਕਰਾਉ, 7 ਕਮਰੇ ਤੇ 2 ਏਕੜ ਜ਼ਮੀਨ ਦਿਉ। ਪੰਚਾਇਤ ਨੇ ਜੋ ਕੁਝ ਸਰਕਾਰ ਨੇ ਕਿਹਾ ਉਹ ਕਰ ਦਿਤਾ ਪਰ ਬਦਕਿਸਮਤੀ ਇਹ ਹੈ ਕਿ ਉਸ ਸਕੂਲ ਨੂੰ ਅਪਗਰੇਡ ਨਹੀਂ ਕੀਤਾ ਗਿਆ। ਇਕ ਹੋਰ ਸਕੂਲ ਵਾਸਤੇ ਸਰਕਾਰ ਨੇ ਕਿਹਾ ਦਸ ਕਮਰੇ ਬਣਾਉ, 5 ਘੁਮਾ ਜ਼ਮੀਨ ਦਿਉ ਤੇ ਸਾਢੇ ਨੌਂ ਹਜ਼ਾਰ ਰੁਪਿਆ ਜਮ੍ਹਾ ਕਰਾਉ। ਇਹ ਸਭ ਕੁਝ ਪਿੰਡ ਨੇ ਕਰ ਦਿਤਾ ਲੇਕਿਨ ਉਹ ਸਕੂਲ ਸਰਕਾਰ ਨੇ ਨਹੀਂ ਲਿਆ। ਇਸ ਲਈ ਸਪੀਕਰ ਸਾਹਿਬ ਤੁਹਾਡੇ ਰਾਹੀਂ ਮੈਂ ਸਰਕਾਰ ਨੂੰ ਕਹਾਂਗਾ ਕਿ ਜਿਥੇ ਪੈਸੇ ਜਮ੍ਹਾਂ ਹੋ ਚੁਕੇ ਹਨ ਉਥੇ ਤਾਂ ਲੋਕਾਂ ਨੂੰ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ। ਕੋਈ ਐਮ. ਐਲ. ਏ. ਜਾ ਮੈਂਬਰ ਜਾ ਚੰਗਾ ਆਦਮੀ ਮਨਿਸਟਰ ਨੂੰ ਅਪਰੋਚ ਕਰ ਲਏ ਉਥੇ ਤਾਂ ਸਕੂਲ ਖੁਲ੍ਹ ਜਾਂਦਾ ਹੈ ਜਿਥੇ ਲੋੜ ਨਹੀਂ ਖੋਲ੍ਹਣ ਦੀ। ਇਥੇ ਬਹੁਤ ਸਾਰਾ ਰੁਪਿਆ ਐਸਾ ਹੈ ਜਿਹੜਾ ਸਰਕਾਰ ਨੂੰ ਦੇਣਾ ਪਿਆ ਸਰਕਾਰ ਦੇ ਖਿਲਾਫ ਡਿਗਰੀਆਂ ਹੋਣ ਬਾਰੇ। ਸਿਖਿਆ ਵਿਭਾਗ ਨੇ ਕਈ ਟੀਚਰ, ਕਲਰਕ ਜਾਂ ਹੋਰ ਕਈ ਕਰਮਚਾਰੀਆਂ ਨੂੰ ਡਿਸਮਿਸ ਕੀਤਾ। ਇਹ ਲੋਕ ਹਾਈ ਕੋਰਟ ਵਿਚ ਗਏ। ਇਨ੍ਹਾਂ ਅਫਸਰਾਂ ਨੇ ਡਿਸਮਿਸ ਕਰਨ ਲਗਿਆਂ ਨਾਂ ਤਾਂ ਠੀਕ ਤਰ੍ਹਾਂ ਨਾਲ ਨੋਟਿਸ ਦਿਤੇ ਨਾਂ ਜਵਾਬ ਤਲਬੀ ਕੀਤੀ। ਇਨ੍ਹਾਂ ਅਫਸਰਾਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਬਗੈਰ ਕਸੂਰ ਕਈ ਅਫਸਰਾਂ ਨੇ ਟੀਚਰਾਂ ਨੂੰ ਡਿਸਮਿਸ ਕੀਤਾ। ਪਰੌਪਰ ਤਰੀਕੇ ਨਾਲ ਇਨਕੁਆਰੀ ਕਰਕੇ ਜੇ ਠੀਕ ਹੋਵੇ ਤਾਂ ਡਿਸਮਿਸ ਕਰਨਾ ਚਾਹੀਦਾ ਹੈ। ਤਾਂ ਕਿ ਕੋਰਟ ਵਿਚ ਜਾ ਕੇ ਕੇਸ ਸਰਕਾਰ ਦੇ ਖਿਲਾਫ ਨਾ ਜਾਵੇ। ਸਰਕਾਰੀ ਵਕੀਲ ਨੂੰ ਕੇਸ ਚੰਗੀ ਤਰ੍ਹਾਂ ਵੇਖ ਕੇ ਪੈਰਵੀ ਕਰਨੀ ਚਾਹੀਦੀ ਹੈ। ਜਿਹੜੇ ਅਫ਼ਸਰਾਂ ਨੇ ਖਾਹ ਮਖਾਹ ਲੋਕਾਂ ਨੂੰ ਤੰਗ ਕੀਤਾ ਉਨ੍ਹਾਂ ਦੇ ਖਲਾਫ ਐਕਸ਼ਨ ਲੈਣਾ ਚਾਹੀਦਾ ਹੈ। (ਸ਼ੋਰ)

(ਆਪੋਜ਼ੀਸ਼ਨ ਵਲੋਂ ਅਵਾਜ਼ : ਬੜੇ ਨੇਕੀ ਦੇ ਕੰਮ ਹੋ ਰਹੇ ਹਨ)

**ਸ੍ਰੀ ਸਪੀਕਰ :** ਸਰਦਾਰ ਗੁਰਬਚਨ ਸਿੰਘ, ਉਨ੍ਹਾਂ ਨੂੰ ਬੋਲਣ ਦਿਉ। (Addressing Sardar Gurbachan Singh : Please let Sardar Gurbanta Singh speak)

**ਸਰਦਾਰ ਗੁਰਬੰਤਾ ਸਿੰਘ :** ਗਵਰਨਰ ਸਾਹਿਬ ਦੇ ਐਡਰੈਸ ਵੇਲੇ ਵੀ ਮੈਂ ਜ਼ਿਕਰ ਕੀਤਾ ਸੀ ਕਿ ਸੇਮ ਦਾ ਕਿਤੇ ਜ਼ਿਕਰ ਨਹੀਂ ਆਇਆ। ਨਹਿਰਾਂ ਦੇ ਕੰਢੇ ਕੰਢੇ ਜਾਂ ਹੜ੍ਹਾਂ ਵੇਲੇ ਸੇਮ ਬਹੁਤ

Original with;
Punjab Vidhan Sabha
Digitized by;
Panjab Digital Library

ਹੁੰਦੀ ਹੈ। ਉਸ ਦਾ ਕੋਈ ਪਰਬੰਧ ਨਹੀਂ ਕੀਤਾ ਗਿਆ। ਜਿਥੇ ਜਿਥੇ ਪੈਸੇ ਮਨਜ਼ੂਰ ਕੀਤੇ ਹਨ ਉਥੇ ਵੀ ਧਿਆਨ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ ਜਲੰਧਰ ਡਿਸਟਰੀਬੀਊਟਰੀ ਅਗੇ ਅੰਨੀ ਸੇਮ ਪੈ ਗਈ ਹੈ ਕਿ ਸੋਨਾ ਉਗਲਨ ਵਾਲੀ ਜ਼ਮੀਨ ਖਰਾਬ ਹੋ ਰਹੀ ਹੈ। ਅਜਿਹੀਆਂ ਜ਼ਮੀਨਾਂ ਦਾ ਮਾਮਲਾ ਮਾਫ ਕਰ ਦੇਣਾ ਚਾਹੀਦਾ ਹੈ। ਸਰਕਾਰ ਨੂੰ ਸੇਮ ਦੂਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਸੇਮ ਨੂੰ ਦੂਰ ਕਰਨ ਨਾਲ ਅੰਨ ਦੀ ਪੈਦਾਵਾਰ ਜ਼ਿਆਦਾ ਹੋਵੇਗੀ ਜੋ ਕਿ ਦੇਸ਼ ਦੀ ਭੁਖ ਨੂੰ ਦੂਰ ਕਰਨ ਵਿਚ ਲੋਕਾਂ ਨੂੰ ਜ਼ਿਆਦਾ ਖੁਸ਼ਹਾਲ ਬਣਾਉਣ ਵਿਚ ਮਦਦਗਾਰ ਹੋਵੇਗਾ। ਜੇ ਲੋੜ ਪਵੇ ਤਾਂ ਸੇਮ ਨੂੰ ਸ਼ੈਲੋ ਟੀਊਬਵੈਲਜ਼ ਲਗਾ ਕੇ ਜਾਂ ਹੋਰ ਯਤਨਾਂ ਨਾਲ ਇਸ ਨੂੰ ਖਤਮ ਕਰਨਾ ਚਾਹੀਦਾ ਹੈ।

ਆਪੋਜ਼ੀਸ਼ਨ ਵਲੋਂ ਆਵਾਜ਼ਾਂ : ਕਿਹੜੀ ਡਿਮਾਂਡ ਤੇ ਬੋਲ ਰਹੇ ਹੋ ?

**ਸਰਦਾਰ ਗੁਰਬੰਤਾ ਸਿੰਘ** : ਇਹ ਡਿਮਾਂਡ ਨੰਬਰ 20 ਹੈ।

ਹੁਣ ਮੈਂ ਡਿਮਾਂਡ ਨੰਬਰ (10) ਤੇ ਆਉਂਦਾ ਹਾਂ। ਕੁਝ ਲੜਕਿਆਂ ਨੂੰ ਵਜ਼ੀਫੇ ਦੇਣੇ ਹਨ। ਹਰੀਜਨ ਤੁਲਬਾ ਨੂੰ ਬਹੁਤ ਥੋੜੇ ਵਜ਼ੀਫੇ ਦਿਤੇ ਜਾਂਦੇ ਹਨ। ਜਿੰਨੀ ਰਕਮ ਵਜ਼ੀਫਿਆਂ ਦੀ 1948 ਵਿਚ ਸੀ ਉਨੀ ਹੀ ਹੁਣ ਹੈ। ਇਹ ਰਕਮ ਵਧਾਉਣੀ ਚਾਹੀਦੀ ਹੈ। ਵਜ਼ੀਫੇ ਦੇਰ ਬਾਦ ਮਿਲਦੇ ਹਨ। ਡੀ. ਈ. ਓ ਜਾਂ ਸੀ. ਈ. ਓ ਨੂੰ ਹੁਕਮ ਹੋਣਾ ਚਾਹੀਦਾ ਹੈ ਕਿ ਹਰ ਦੋ ਮਹੀਨਿਆਂ ਬਾਦ ਬਚਿਆਂ ਨੂੰ ਵਜ਼ੀਫੇ ਮਿਲਣੇ ਚਾਹੀਦੇ ਹਨ ਤਾਂ ਜੋ ਉਹ ਆਪਣਾ ਗੁਜ਼ਾਰਾ ਚੰਗੀ ਤਰ੍ਹਾਂ ਕਰ ਸਕਣ।

ਡਿਮਾਂਡ ਨੰਬਰ (12) ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ 27 ਲਖ ਰੁਪਿਆ ਹਰੀਜਨਾਂ ਦੀ ਅਪਲਿਫਟ ਵਾਸਤੇ ਰਖਿਆ। ਇਸ ਵਿਚ ਜਿਹੜੀਆਂ ਰਿਆਇਤਾਂ ਪਹਿਲੀ ਸਰਕਾਰ ਨੇ ਰਖੀਆਂ ਸਨ ਉਹ ਵੀ ਹੁਣ ਦੀ ਸਰਕਾਰ ਨੇ ਵਾਪਸ ਲੈ ਲਈਆਂ ਹਨ। ਜਿਥੋਂ ਤਕ ਹਰੀਜਨਾਂ ਦੀ ਬੇਹਤਰੀ ਦਾ ਸਵਾਲ ਹੈ, ਜਿਸ ਤਰ੍ਹਾਂ ਸੀ. ਐਮ. ਸਾਹਿਬ ਐਥੇ ਬੈਠੇ ਕਹਿ ਰਹੇ ਸੀ, ਜ਼ਮੀਨਾਂ ਦੀ ਨਿਲਾਮੀ ਖੋਲ੍ਹ ਦੇਣੀ ਚਾਹੀਦੀ ਹੈ। ਵਿਮੁਕਤ ਜ਼ਾਤੀਆਂ ਵਾਸਤੇ ਜ਼ਿਲੇ ਵਿਚ ਬਹੁਤ ਥੋੜ੍ਹਾ ਰੁਪਿਆ ਉਨ੍ਹਾਂ ਦੇ ਮਕਾਨ ਬਣਾਉਣ ਵਾਸਤੇ ਰਖਿਆ ਗਿਆ ਹੈ। ਇਸ ਸਬੰਧੀ ਕੋਈ ਚੰਗੀ ਸਕੀਮ ਲਾਗੂ ਕਰਨੀ ਚਾਹੀਦੀ ਹੈ। ਸਾਡੀ ਸਰਕਾਰ ਨੇ ਬਹੁਤ ਸਾਰੇ ਜ਼ਿਲਿਆਂ ਵਿਚ ਹਰੀਜਨਾਂ ਨੂੰ ਜ਼ਮੀਨਾਂ ਖਰੀਦ ਕੇ ਦਿਤੀਆਂ। ਉਨ੍ਹਾਂ ਦੇ ਪਿੰਡ ਵਸਾਏ। ਬਹੁਤ ਸਾਰੇ ਹਰੀਜਨਾਂ ਨੂੰ 45-45 ਸੌ ਰੁਪਏ ਦੀ ਜ਼ਮੀਨ ਖਰੀਦ ਕੇ ਦਿਤੀ ਸੀ। ਉਹ ਸਕੀਮ ਹੁਣ ਬੰਦ ਹੋ ਗਈ ਹੈ। ਉਹ ਫਿਰ ਜਲਦੀ ਹੀ ਚਾਲੂ ਕਰਨੀ ਚਾਹੀਦੀ ਹੈ।

ਸਪੀਕਰ ਸਾਹਿਬ, ਹਰੀਜਨਾਂ ਵਾਸਤੇ ਜਿਹੜੀ ਰੀਜ਼ਰਵੇਸ਼ਨ ਪ੍ਰੋਮੋਸ਼ਨ ਕੀਤੀ ਸੀ, ਕਲਾਸ ਇਕ ਅਤੇ ਦੋ ਲਈ, ਉਹ ਗਵਰਨਰ ਰਾਜ ਵੇਲੇ ਬੰਦ ਕਰ ਦਿਤੀ ਗਈ। ਇਸੇ ਤਰ੍ਹਾਂ ਕਲਾਸ 3 ਅਤੇ 4 ਦੇ ਮੁਲਾਜ਼ਮਾਂ ਦੀ ਰੀਜ਼ਰਵੇਸ਼ਨ ਆਫ ਪ੍ਰੋਮੋਸ਼ਨ ਸੀ। ਉਨ੍ਹਾਂ ਨੇ ਇਸ ਬਾਰੇ ਹਾਈ ਕੋਰਟ ਵਿਚ ਦਾਅਵਾ ਕਰ ਦਿੱਤਾ। ਇਹ ਦਾਅਵਾ ਉਥੋਂ ਖਾਰਜ ਹੋ ਚੁੱਕਾ ਹੈ। ਸੋ ਸਰਕਾਰ ਨੂੰ ਇਧਰ ਧਿਆਨ ਦੇਣਾ ਚਾਹੀਦਾ ਹੈ।

ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਕਾਂਗਰਸ ਸਰਕਾਰ ਨੇ ਹਰੀਜਨਾਂ ਨੂੰ ਰਿਆਇਤਾਂ ਦਿਤੀਆਂ ਸਨ। ਮੈਂ ਕਹਿੰਦਾ ਹਾਂ ਕਿ ਇਹ ਸਰਕਾਰ ਵੀ ਉਸੇ ਤਰ੍ਹਾਂ ਰਿਆਇਤਾਂ ਦੇਵੇ ਬਲਕਿ ਇਸ ਤੋਂ ਵੀ ਜ਼ਿਆਦਾ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਹਰੀਜਨ ਕਲਿਆਣ ਫੰਡ ਬਾਰੇ ਮੈਂ ਪਿਛੇ ਵੀ ਕਿਹਾ ਸੀ ਕਿ ਇਹ ਪੈਸਾ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਂਦਾ ਜਾਵੇ। ਮੈਂ ਅਰਜ਼ ਕਰਦਾ ਹਾਂ ਕਿ ਉਸ ਵੇਲੇ ਦਿਆਂ ਅਫਸਰਾਂ ਨੇ, ਉਸ ਵੇਲੇ ਦਿਆਂ ਪੁਲਿਟੀਕਲ ਆਦਮੀਆਂ ਨੇ ਬਹੁਤ ਬੇਰਹਿਮੀ ਨਾਲ ਹਰੀਜਨਾਂ ਦਾ ਪੈਸਾ ਇਸਤੇਮਾਲ ਕੀਤਾ। ਇਹ ਉਨ੍ਹਾਂ ਲੋਕਾਂ ਨੂੰ ਵੰਡਿਆ ਗਿਆ ਜਿਹੜੇ ਇਹ ਪੈਸਾ ਖਰਚ ਨਹੀਂ ਕਰ ਸਕਦੇ ਸੀ। ਇਹ ਉਨ੍ਹਾਂ ਵਿਚ ਵੰਡਿਆ ਗਿਆ ਜਿਹੜੇ ਫਜ਼ੂਲ ਖਰਚ ਕਰਦੇ ਸਨ। ਇਸ ਲਈ ਬੇਨਤੀ ਕਰਾਂਗਾ ਕਿ ਇਸ ਦੀ ਤਫਤੀਸ਼ ਹੋਣੀ ਚਾਹੀਦੀ ਹੈ। ਅੱਗੇ ਵਾਸਤੇ ਇਹ ਹਰੀਜਨਾਂ ਵਿਚ ਇਕ ਅੱਛੇ ਤਰੀਕੇ ਨਾਲ ਵੰਡਿਆ ਜਾਣਾ ਚਾਹੀਦਾ ਹੈ ਤਾਂ ਕਿ ਜਿਹੜਾ ਮੈਰਿਟ ਤੇ ਆਦਮੀ ਹੋਵੇ ਉਹ ਲੈ ਸਕੇ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਰਿਆਇਤਾਂ ਸਨ। ਜਿਸ ਵੇਲੇ ਅਸੀਂ ਪੁਲਿਸ ਵਿਚ ਸਿਪਾਹੀ ਦੀ ਰੀਕਰੂਟਮੈਂਟ ਜਾਂ ਪਟਵਾਰੀ ਦੀ ਰੀਕਰੂਟਮੈਂਟ ਕਰਦੇ ਸੀ ਤਾਂ ਉਸ ਵੇਲੇ ਹਰੀਜਨਾਂ ਨੂੰ 50% ਰਿਆਇਤ ਦਿੰਦੇ ਸੀ। ਪਰ ਸਪੀਕਰ ਸਾਹਿਬ, ਹੁਣ ਇਹ ਰਿਆਇਤ ਵੀ ਬੰਦ ਕਰ ਦਿਤੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਰਿਆਇਤ ਜਾਰੀ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਲੋਕਾਂ ਦੇ ਟਰੱਕ ਅਤੇ ਬੱਸਾਂ ਚੱਲਦੇ ਹਨ। ਬੜੀਆਂ ਬੜੀਆਂ ਕੰਪਨੀਆਂ ਹਨ। ਬੜੇ ਬੜੇ ਸਰਮਾਏਦਾਰਾਂ ਨੇ ਬੱਸਾਂ ਅਤੇ ਟਰੱਕਾਂ ਦਾ ਹਿੰਦੁਸਤਾਨ ਵਿਚ ਜਾਲ ਵਿਛਾਇਆ ਹੋਇਆ ਹੈ। ਪਿਛਲੀ (ਕਾਂਗਰਸ) ਸਰਕਾਰ ਨੇ ਫੈਸਲਾ ਕੀਤਾ ਸੀ ਕਿ ਜਿਹੜੇ ਮੋਟਰ ਰਿਕਸ਼ੇ ਹਨ ਉਹ ਸਿਰਫ਼ ਹਰੀਜਨਾਂ ਨੂੰ ਹੀ ਦਿਤੇ ਜਾਣ ਜਾਂ ਥੋੜ੍ਹੀ ਜਿਹੀ ਤਦਾਦ ਵਿਚ ਆਪਣੇ ਰਿਟਾਇਰ ਫੌਜੀਆਂ ਨੂੰ ਦਿਤੇ ਜਾਣ। ਲੇਕਿਨ ਇਹ ਜਿਹੜੀ ਰਿਆਇਤ ਸੀ ਇਹ ਵੀ ਸਰਕਾਰ ਨੇ ਹਰੀਜਨਾਂ ਪਾਸੋਂ ਖੋਹ ਲਈ ਹੈ। ਮੈਂ ਅਰਜ਼ ਕਰਾਂਗਾ ਕਿ ਇਹ ਰਿਆਇਤ ਹਰੀਜਨਾਂ ਨੂੰ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਆਪਣਾ ਕੰਮ ਚਲਾ ਸਕਣ ਔਰ ਮਿਹਨਤ ਕਰਕੇ ਆਪਣਾ ਪੇਟ ਪਾਲ ਸਕਣ।

ਸਪੀਕਰ ਸਾਹਿਬ, ਇਤਨੇ ਪਬਲਿਕ ਤੇ ਅਤਿਆਚਾਰ ਹੁੰਦੇ ਹਨ, ਐਨੇ ਜ਼ੁਲਮ ਹੁੰਦੇ ਹਨ, ਤੁਸੀਂ ਅਖਬਾਰਾਂ ਵਿਚ ਪੜ੍ਹ ਹੀ ਲਿਆ ਹੋਵੇਗਾ ਕਿ ਜਿਸ ਤਰੀਕੇ ਨਾਲ ਇਹ ਲੋਕਾਂ ਵਿਚ ਪ੍ਰਚਾਰ ਕਰਦੇ ਹਨ ਅਤੇ ਨਾਜ਼ਾਇਜ ਦਬਾਅ ਪਾਉਂਦੇ ਹਨ, (ਸ਼ੋਰ) (ਵਿਘਨ) ਇਹ ਤਾਂ ਫਿਰ 5 ਸਾਲ ਬਾਦ ਦੇਖੀ ਜਾਵੇਗੀ। ਲੇਕਿਨ ਇਹ ਜਿਹੜਾ ਕਹਿੰਦੇ ਹਨ ਕਿ ਤੂੰ ਫਲਾਣੇ ਪਾਸੇ ਵੋਟ ਦਿਤਾ ਸੀ, ਤੂੰ ਫਲਾਣੇ ਪਾਸੇ ਦਿੱਤਾ ਸੀ, ਇਸ ਲਈ ਮੈਂ ਤੇਰਾ ਕੰਮ ਨਹੀਂ ਕਰ ਸਕਦਾ। ਮੈਂ ਅਰਜ਼ ਕਰਦਾ ਹਾਂ ਕਿ ਇਹ ਚੀਜ਼ ਨਹੀਂ ਕਰਨੀ ਚਾਹੀਦੀ। ਦਬਾਅ ਦਿੱਤਾ ਜਾਂਦਾ ਹੈ ਕਿ ਇਹ ਕਿਤੇ ਬਾਹਰ ਨਾ ਜਾ ਸਕਣ। ਇਹ ਚੀਜ਼ ਨਹੀਂ ਹੋਣੀ ਚਾਹੀਦੀ।

ਸਪੀਕਰ ਸਾਹਿਬ, ਸਬੋਰਡੀਨੇਟ ਸਰਵਿਸਿਜ਼ ਸਲੈਕਸ਼ਨ ਬੋਰਡ ਹੁੰਦਾ ਸੀ ਅਤੇ ਹਰੀਜਨਾਂ ਨੂੰ ਮੁਲਾਜ਼ਮਤ ਮਿਲਦੀ ਸੀ। ਹੁਣ ਸਬੋਰਡੀਨੇਟ ਸਰਵਿਸਿਜ਼ ਸਲੈਕਸ਼ਨ ਬੋਰਡ ਤੋੜ ਦਿਤਾ ਹੈ। ਮੈਂ ਇਤਰਾਜ਼ ਨਹੀਂ ਕਰਦਾ ਕਿ ਕਿਉਂ ਤੋੜਿਆ ਗਿਆ। ਪਰ ਮੈਂ ਇਹ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਬੋਰਡ ਰਾਹੀਂ ਹਰੀਜਨਾਂ ਨੂੰ ਰਿਆਇਤਾਂ ਮਿਲਦੀਆਂ ਸਨ, ਉਸ ਸਿਸਟਮ ਨੂੰ ਚਾਲੂ ਕਰਨਾ ਚਾਹੀਦਾ ਹੈ। ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਮੈਂ ਕਹਿੰਦਾ ਕਿ ਹਰ ਮਹੀਨੇ ਮਹਿਕਮਿਆਂ ਵਿਚੋਂ ਰਿਪੋਰਟ ਮੰਗੀ ਜਾਵੇ ਕਿਤਨੇ ਰੀਕਰੂਟ ਕੀਤੇ ਅਤੇ ਹਰੀਜਨ ਉਨ੍ਹਾਂ ਵਿਚ ਕਿੰਨੇ ਸਨ।

1951 ਵਿਚ ਫੈਸਲਾ ਕੀਤਾ ਗਿਆ ਸੀ ਕਿ ਜਿਹੜੇ ਹਰੀਜਨ ਦੀ 150 ਰੁਪਿਆ (ਡੇਢ ਸੌ ਰੁਪਿਆ) ਮਹੀਨਾ ਆਮਦਨੀ ਹੋਵੇ ਉਸ ਦੇ ਲੜਕੇ ਅਤੇ ਲੜਕੀ ਦੀ ਦਸਵੀਂ ਤੱਕ ਫੀਸ ਮੁਆਫ ਕੀਤੀ ਜਾਵੇਗੀ। 1951 ਤੋਂ ਹੁਣ ਤੱਕ ਕਿੰਨਾ ਚੀਜ਼ਾਂ ਵਿਚ ਫਰਕ ਪੈ ਗਿਆ ਹੈ। ਇਸ ਲਈ 150 ਰੁਪਏ (ਡੇਢ ਸੌ ਰੁਪਏ) ਦੀ ਸ਼ਰਤ ਨੂੰ ਦੂਰ ਕਰਕੇ ਤਿੰਨ ਸੌ ਰੁਪਏ ਕਰ ਦੇਣਾ ਚਾਹੀਦਾ ਹੈ। ਅੱਜ ਕੱਲ ਤਾਂ ਚਪੜਾਸੀ ਵੀ ਡੇਢ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬੰਤਾ ਸਿੰਘ] :

ਸੌ ਰੁਪਿਏ ਤੋਂ ਜ਼ਿਆਦਾ ਲੈਂਦਾ ਹੈ। ਇਸ ਕਰਕੇ ਇਨ੍ਹਾਂ ਚੀਜ਼ਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਹਰੀਜਨ ਬੱਚਿਆਂ ਨੂੰ ਤਾਲੀਮ ਮਿਲ ਸਕੇ। ਵਜ਼ੀਫਿਆਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ। ਅੱਜ ਕੱਲ ਤਾਂ ਕਿਤਾਬਾਂ ਦੀਆਂ ਕੀਮਤਾਂ ਵੀ ਬਹੁਤ ਹਨ। ਉਤਨਾ ਵਜ਼ੀਫਾ ਨਹੀਂ ਮਿਲਦਾ ਜਿਤਨੀ ਕਿ ਇਕ ਕਿਤਾਬ ਦੀ ਕੀਮਤ ਹੁੰਦੀ ਹੈ। ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਹਨ ਹਰੀਜਨਾਂ ਦੇ ਮੁਤੱਲਕ ਜਦੋਂ ਵੀ ਮੈਨੂੰ ਮੌਕਾ ਮਿਲੇਗਾ ਤਾਂ ਮੈਂ ਦਸਦਾ ਰਹਾਂਗਾ। ਮੈਂ ਅਰਜ਼ ਕਰਾਂਗਾ ਕਿ ਸਰਕਾਰ ਨੂੰ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ। ਇਕ ਪੰਚਾਇਤ ਸੰਮਿਤੀ ਦੇ ਚੇਅਰਮੈਨ ਨੂੰ ਇਕ ਮਾੜੀ ਜਿਹੀ ਗੱਲ ਤੋਂ ਸਸਪੈਂਡ ਕਰ ਦਿਤਾ, ਡਿਸਮਿਸ ਕਰ ਦਿਤਾ। ਜਦ ਉਹ ਹਾਈਕੋਰਟ ਵਿਚ ਗਿਆ ਤਾਂ ਉਸਦੀ ਰਿੱਟ ਮਨਜ਼ੂਰ ਹੋ ਗਈ। ਉਸ ਨੂੰ ਹੁਣ ਬਹਾਲ ਕਰਨਾ ਚਾਹੀਦਾ ਹੈ। ਇਹ ਸਭ ਅਤਿਆਚਾਰ ਪੁਲਿਟੀਕਲ ਆਦਮੀ ਹੀ ਕਰ ਰਹੇ ਹਨ। ਇਹ ਨਹੀਂ ਹੋਣੇ ਚਾਹੀਦੇ। (ਸ਼ੋਰ) (ਵਿਘਨ)

MR. SPEAKER : No interruption please.

**ਸਰਦਾਰ ਗੁਰਬੰਤਾ ਸਿੰਘ** : ਸੋ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਹਰੀਜਨਾਂ ਤੇ ਇਤਨੇ ਅਤਿਆਚਾਰ ਨਾ ਕੀਤੇ ਜਾਣ। ਜਿਹੜੀਆਂ ਰਿਆਇਤਾਂ ਪਿਛਲੀ ਸਰਕਾਰ ਵਲੋਂ ਦਿਤੀਆਂ ਗਈਆਂ ਸਨ, ਉਸੇ ਤਰ੍ਹਾਂ ਦੇਵੇ ਅਤੇ ਜਿਹੜੀਆਂ ਖੋਹੀਆਂ ਗਈਆਂ ਹਨ ਉਨ੍ਹਾਂ ਨੂੰ ਬਹਾਲ ਕਰੇ ਅਤੇ ਇਨ੍ਹਾਂ ਦੀ ਬਿਹਤਰੀ ਦਾ ਖਿਆਲ ਰੱਖਿਆ ਜਾਵੇ। (ਵਿਘਨ) 25 ਲੱਖ ਰੁਪਿਆ ਜਿਹੜਾ ਧਰਮਸਾਲਾ ਵਾਸਤੇ ਰੱਖਿਆ ਗਿਆ ਮੈਨੂੰ ਨਹੀਂ ਪਤਾ ਉਹ ਕਿਸ ਤਰ੍ਹਾਂ ਵਰਤਿਆ ਗਿਆ। (ਵਿਘਨ) ਮੇਰੇ ਦੋਸਤ ਡਾਂਗ ਜੀ ਨੇ ਠੀਕ ਹੀ ਕਿਹਾ ਹੈ ਕਿ ਇਨ੍ਹਾਂ ਵਾਸਤੇ 50 ਕਰੋੜ ਰੁਪਏ ਦਾ ਫੰਡ ਬਣਾਉਣਾ ਚਾਹੀਦਾ ਹੈ।

ਇਕ ਮੈਂ ਹੋਰ ਅਰਜ਼ ਕਰਦਾ ਹਾਂ ਕਿ ਪਿਛਲੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਇਲਾਵਲ ਪੁਰ ਦੇ ਸ਼ਹਿਰ ਵਿਚ ਇਕ ਕਾਟਨ ਮਿੱਲ ਲਗਾਈ ਜਾਵੇ। ਜਿਸ ਦੇ ਵਿਚ ਕਿ ਹਰੀਜਨਾਂ ਦਾ ਵੀ ਹਿੱਸਾ ਪਵੇਗਾ। ਪਰ ਅਫਸੋਸ ਦੀ ਗੱਲ ਹੈ ਕਿ ਉਹ ਨਾਂ ਦੀ ਕਾਟਨ ਮਿਲ ਹੀ ਰਹੀ ਪਰ ਕੀਤਾ ਕੁਝ ਵੀ ਨਹੀਂ। ਜ਼ਮੀਨ ਐਕੁਆਇਰ ਕਰਨ ਵਾਸਤੇ ਵੀ ਕੋਸ਼ਿਸ਼ ਕੀਤੀ ਸੀ। ਕੁਝ ਲੋਕਾਂ ਤੋਂ ਹਿੱਸੇ ਵੀ ਲੈ ਲਏ ਗਏ। ਪਰ ਉਹ ਸਾਰਾ ਕੰਮ ਠੱਪ ਹੀ ਹੋ ਗਿਆ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਸ ਸਕੀਮ ਨੂੰ ਦੁਬਾਰਾ ਰੀਵਿਊ ਕਰਕੇ ਉਥੇ ਕਾਟਨ ਮਿੱਲ ਲਗਾਈ ਜਾਵੇ ਤਾਂ ਕਿ ਉਹ ਦੁਆਬੇ ਦੇ ਕੁਝ ਲੋਕਾਂ ਨੂੰ ਰੁਜ਼ਗਾਰ ਵੀ ਮਿਲ ਸਕੇ।

**ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪੱਛਮ)** : ਸਪੀਕਰ ਸਾਹਿਬ, ਮੰਗ ਨੰ: 15 ਰੋਡਵੇਜ਼ ਨਾਲ ਸਬੰਧ ਰੱਖਦੀ ਹੈ। ਇਸ ਮੰਗ ਦੇ ਹੇਠ ਕਈ ਲੱਖ ਰੁਪਿਆਂ ਦੀ ਸਰਕਾਰ ਨੇ ਹੋਰ ਮੰਗ ਕੀਤੀ ਹੈ। ਮੈਂ, ਸਪੀਕਰ ਸਾਹਿਬ, ਇਸ ਗੱਲ ਤੇ ਅਫਸੋਸ ਦਾ ਇਜ਼ਹਾਰ ਕੀਤੇ ਬਗੈਰ ਨਹੀਂ ਰਹਿ ਸਕਦਾ ਕਿ ਭਾਵੇਂ ਇਸ 23 ਲੱਖ ਰੁਪਏ ਦਾ ਸਪਲਿਟਅੱਪ ਇਸ ਮੈਮੋਰੈਂਡਮ ਵਿਚ ਸਾਫ ਨਹੀਂ ਦੱਸਿਆ ਗਿਆ। ਇਹ ਗੱਲ ਕਹੀ ਗਈ ਕਿ ਇਸ ਵਿਚੋਂ ਕੁਝ ਮਹਿੰਗਾਈ ਅਲਾਊਂਸ ਦੇ ਵਾਧੇ ਲਈ ਹੈ, ਕੁਝ ਹੜਤਾਲ ਦੇ ਸਿਲਸਲੇ ਵਿਚ ਹੈ ਜਿਹੜੇ ਮੁਲਾਜ਼ਮਾਂ ਨੂੰ ਸਸਪੈਂਡ ਕੀਤਾ ਗਿਆ, ਉਨ੍ਹਾਂ ਨੂੰ ਸਬਸਟੈਂਸ਼ੀਅਲ ਅਲਾਊਂਸ ਦੇਣ ਲਈ ਅਤੇ ਹੜਤਾਲੀਆਂ ਨੂੰ ਕੱਢਕੇ ਜਿਹੜੇ ਨਵੇਂ ਮੁਲਾਜ਼ਮ ਰੱਖੇ ਗਏ ਉਨ੍ਹਾਂ ਨੂੰ ਫਾਲਤੂ ਤਨਖਾਹ ਦੇਣ ਲਈ ਹੈ। ਪਰ ਉਹ ਰਕਮ ਜਿਹੜੀ ਮੁਅੱਤਲ ਸ਼ੁਦਾ ਤੇ ਹੜਤਾਲ

Original with;
Punjab Vidhan Sabha
Digitized by;
Panjab Digital Library

ਰੀਟਾਇਰ ਹੋ ਗਿਆ, ਉਸ ਨੂੰ ਕੁਝ ਪੈਸਾ ਦੇਣਾ ਤਾਂ ਹਰ ਕੇਸ ਫਿਨਾਂਸ ਡਿਪਾਰਟਮੈਂਟ ਪਾਸ ਨਹੀਂ ਆਉਣਾ ਚਾਹੀਦਾ ਅਤੇ ਉਥੇ ਆ ਕੇ 6-6 ਮਹੀਨੇ ਨਹੀਂ ਲਟਕਣਾ ਚਾਹੀਦਾ । ਇਹ ਗਲ ਉਦੋਂ ਤਾਂ ਠੀਕ ਸੀ ਜਦੋਂ ਇਥੇ ਅੰਗਰੇਜ਼ਾਂ ਦਾ ਰਾਜ ਸੀ, ਅਜ ਉਹੀ ਐਕਾਉਂਟਿੰਗ ਸਿਸਟਮ ਠੀਕ ਨਹੀਂ ਹੈ । ਬਜਟਿੰਗ ਸਿਸਟਮ ਜਿਸ ਵਿਚ ਹਰ ਆਈਟਮ ਦੀ ਮਨਜ਼ੂਰੀ ਫਿਨਾਂਸ ਡਿਪਾਰਟਮੈਂਟ ਪਾਸੋਂ ਲੈਣੀ ਪੈਂਦੀ ਹੈ ਇਹ ਠੀਕ ਨਹੀਂ ਹੈ । ਇਸ ਨੂੰ ਬਦਲਣਾ ਚਾਹੀਦਾ ਹੈ । ਜਿਵੇਂ ਮਯੂਨਿਸਪੈਲੇਟੀ ਦੀ ਹਾਲਤ ਵਿਚ ਇਕ ਮਦ ਲਈ ਖਰਚ ਕਰਨ ਲਈ ਮਨਜ਼ੂਰੀ ਹੋ ਜਾਂਦੀ ਹੈ ਤਾਂ ਉਹ ਉਸ ਵਿਚੋਂ ਜਿੰਨਾ ਚਾਹੇ ਖਰਚ ਕਰ ਲੈਂਦੀ ਹੈ, ਉਸ ਨੂੰ ਕੋਈ ਨਹੀਂ ਪੁਛਦਾ । ਇਸੇ ਤਰ੍ਹਾਂ ਫਿਨਾਂਸ ਡਿਪਾਰਟਮੈਂਟ ਪਹਿਲਾਂ ਹੀ ਸਾਰੀ ਗਲ ਦੇਖ ਲਵੇ ਬਾਅਦ ਵਿਚ ਛੋਟੀਆਂ ਛੋਟੀਆਂ ਗਲਾਂ ਫਿਨਾਂਸ ਡਿਪਾਰਟਮੈਂਟ ਪਾਸ ਨਹੀਂ ਆਉਣੀਆਂ ਚਾਹੀਦੀਆਂ ।

ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਵਿਚ ਇਕ ਗਲ ਸਾਂਝੀ ਹੈ ਕਿ ਪੇ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਵਾਸਤੇ ਰੁਪਿਆ ਮੰਗਿਆ ਹੈ । ਇਸ ਲਈ ਮੈਂ ਕਿਸੇ ਇਕ ਮੰਗ ਦੀ ਗਲ ਨਹੀਂ ਕਹਾਂਗਾ, ਇਹ ਮੰਗ ਸਾਂਝੀ ਹੈ, ਪੇ ਕਮਿਸ਼ਨ ਦੀਆਂ ਰੀਕਮੈਂਡੇਸ਼ਨਜ਼ ਲਾਗੂ ਕਰਨ ਲਈ ਪੈਸਾ ਮੰਗਿਆ ਗਿਆ ਹੈ । ਜਿਥੋਂ ਤਕ ਪੇ ਕਮਿਸ਼ਨ ਦੀ ਰਿਪੋਰਟ ਦਾ ਤਅਲੁਕ ਹੈ ਇਸ ਵਿਚ ਐਨਾਮਲੀਜ਼ ਨਹੀਂ ਸਗੋਂ ਹਾਉਲਰਜ਼ ਹਨ । ਇਨ੍ਹਾਂ ਦਾ ਮੁਨਾਸਬ ਇਲਾਜ ਹੋਣਾ ਚਾਹੀਦਾ ਹੈ । ਇਸ ਕਮਿਸ਼ਨ ਦਾ ਚੇਅਰਮੈਨ ਇਕ ਜਜ, ਜਿਸ ਦੀ ਇਜ਼ਤ ਸਾਰੇ ਪੰਜਾਬ ਵਿਚ ਬਹੁਤ ਹੈ, ਨੂੰ ਮੁੱਕਰਰ ਕੀਤਾ ਗਿਆ । ਉਨ੍ਹਾਂ ਨੇ ਮਮੋਰੈਂਡਮ ਲਏ, ਹੈਡਜ਼ ਆਫ ਦੀ ਡਿਪਾਰਟਮੈਂਟ ਦੀ ਰਾਏ ਲਈ ਅਤੇ ਫ਼ੈਸਲਾ ਕੀਤਾ । ਗ੍ਰੇਡਜ਼ ਫਿਕਸ ਕਰਨ ਦਾ ਕੰਮ ਐਡਜੂਡੀਕਸ਼ਨ ਕਰਨ ਦੀ ਨੌਈਅਤ ਦਾ ਕੰਮ ਹੈ । ਚੂੰਕਿ ਇਸ ਨੌਈਅਤ ਨੂੰ ਜਜ ਸਾਹਿਬ ਨਹੀਂ ਸਮਝਦੇ ਕਿਸ ਕਰਕੇ ਕ੍ਰਾਸ ਐਗਜ਼ਾਮੀਨੇਸ਼ਨ ਦਾ ਤਰੀਕਾ ਨਹੀਂ ਅਪਣਾਇਆ ਗਿਆ ਨਤੀਜਾ ਹੋਇਆ ਹੈ ਕਿ ਬਹੁਤ ਜ਼ਿਆਦਤੀਆਂ ਹੋਈਆਂ ਹਨ । ਮੈਂ ਕੁਝ ਮਿਸਾਲਾਂ ਆਪ ਦੇ ਸਾਹਮਣੇ ਰਖਦਾ ਹਾਂ । ਸਫ਼ਾ 306 ਤੇ ਆਈ. ਟੀ. ਆਈਜ਼. ਦੇ ਜੋ ਵਰਕਸ਼ਾਪ ਇਨਚਾਰਜ ਹਨ ਉਨ੍ਹਾਂ ਦੇ ਗ੍ਰੇਡ ਦਾ ਜ਼ਿਕਰ ਹੈ, ਲਿਖਿਆ ਹੈ :—

> The Director, Technical Education, suggested that they are middle pass plus nearly two years training or experience or both.

ਮੈਂ ਅਰਜ਼ ਕਰਦਾ ਹਾਂ ਸਪੀਕਰ ਸਾਹਿਬ ਇਹ ਗਲਤ ਹੈ । ਮਿਡਲ ਪਾਸ ਕਵਾਲੀਫਿਕੇਸ਼ਨ ਨਹੀਂ, ਮੈਟ੍ਰਿਕ ਹੈ । ਜਜ ਸਾਹਬ ਨੂੰ ਗਲਤ ਇਨਫਰਮੇਸ਼ਨ ਦਿਤੀ ਗਈ । ਇਸ ਲਈ ਗ੍ਰੇਡ ਘਟ ਮੁੱਕਰਰ ਹੋਇਆ ਹੈ । ਫਿਰ ਸਪੀਕਰ ਸਾਹਿਬ, ਬਹੁਤ ਸਾਰੇ ਸਾਡੇ ਜੋ ਚੰਗੇ ਡਾਕਟਰ ਹਨ ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਅਮਰੀਕਾ ਚਲੇ ਜਾਣਾ ਹੈ । ਉਹ ਕਹਿੰਦੇ ਹਨ ਕਿ ਸਾਡੇ ਤੇ ਵੀ ਪੇ ਕਮਿਸ਼ਨ ਦੀ ਮੇਹਰਬਾਨੀ ਹੋਈ ਹੈ । ਰਿਪੋਰਟ ਵਿਚ ਜਿਥੇ ਤਕ ਡਾਕਟਰਾਂ ਦਾ ਤਅਲੁਕ ਹੈ, ਪ੍ਰੋਫੈਸਰਾਂ ਦੇ ਗਰੇਡ ਵਧਾਏ ਗਏ ਹਨ । ਪਹਿਲਾਂ ਇਹ ਇਕ ਹਜ਼ਾਰ ਤੋਂ ਸ਼ੁਰੂ ਹੁੰਦਾ ਸੀ ਹੁਣ ਇਹ 1300 ਤੋਂ ਸ਼ੁਰੂ ਹੋਵੇਗਾ । ਮਗਰ ਬਾਕੀਆਂ ਦਾ ਕੀ ਹੋਇਆ ਹੈ ? ਐਸੋਸ਼ੀਏਟ ਪ੍ਰੋਫੈਸਰ ਪਹਿਲਾਂ 800-1400 ਦੇ ਗ੍ਰੇਡ ਵਿਚ ਸਨ ਹੁਣ ਇਨ੍ਹਾਂ ਦਾ ਗ੍ਰੇਡ 450-1300 ਕਰ ਦਿਤਾ ਗਿਆ ਹੈ, ਅਸਿਸਟੈਂਟ ਪ੍ਰੋਫੈਸਰ ਦਾ ਪਹਿਲਾ ਗ੍ਰੇਡ ਸੀ 750-1250 ਹੁਣ ਹੋਵੇਗਾ 450-1300, ਸੀਨੀਅਰ ਲੈਕਚਰਰਜ਼ ਦਾ ਪਹਿਲਾ ਗ੍ਰੇਡ ਸੀ 450-900 ਅਤੇ ਹੁਣ ਹੋਵੇਗਾ 400-1300, ਲੈਕਚਰਰਜ਼ ਦਾ ਪਹਿਲਾਂ ਵੀ 400 ਸੀ ਹੁਣ ਵੀ 400 ਹੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤਪਾਲ ਡਾਂਗ]

ਹੈ । ਹੋਰ ਵੀ ਗ੍ਰੇਡਜ਼ ਹਨ ਜੋ ਪਹਿਲਾਂ ਨਾਲੋਂ ਅਧੇ ਕਰ ਦਿਤੇ ਗਏ ਹਨ । ਫਿਰ ਪਹਿਲਾਂ ਜੋ ਗ੍ਰੇਡ ਸਨ ਉਨ੍ਹਾਂ ਵਿਚ ਡੀਅਰਨੈਸ ਪੇ ਸ਼ਾਮਿਲ ਨਹੀਂ ਸੀ ਜਦ ਕਿ ਹੁਣ ਵਾਲਿਆਂ ਵਿਚ ਸ਼ਾਮਿਲ ਹੈ । ਸਟਾਫ ਨਰਸਿਜ਼ ਦਾ ਪਹਿਲਾ ਗ੍ਰੇਡ ਸੀ 100-5-150+ਡੀਅਰਨੈਸ ਪੇ 20-ਤੇ ਹੁਣ ਹੋਵੇਗਾ 110-200 ਪਬਲਿਕ ਹੈਲਥ ਨਰਸਿਜ਼ ਦਾ ਪਹਿਲਾਂ ਸੀ 100-200+ਡੀਅਰਨੈਸ ਪੇ ਹੁਣ ਹੋਵੇਗਾ 140/- ਨਰਸਿੰਗ ਸੁਪਰਡੈਂਟ ਦਾ ਪਹਿਲਾ ਗ੍ਰੇਡ ਸੀ 250-350+ਡੀਅਰਨੈਸ ਪੇ ਅਤੇ ਹੁਣ ਹੋਵੇਗਾ 200-500. ਇਸ ਤਰ੍ਹਾਂ ਹਸਪਤਾਲ਼ੀ ਸਟਾਫ ਦੀ ਇਕ ਅਧ ਕੈਟੇਗਰੀ ਨੂੰ ਛਡ ਕੇ ਬਾਕੀ ਸਭ ਦੀ ਤਨਖਾਹ ਪਹਿਲਾਂ ਨਾਲੋਂ ਘਟੀ ਹੈ । ਇਹੀ ਹਾਲ ਜੇਲ੍ਹ ਸਟਾਫ਼ ਦਾ ਹੈ । ਇਹ ਚੰਗੀ ਗਲ ਹੈ ਕਿ ਹੁਣ ਕੈਦੀਆਂ ਨੂੰ ਚਾਹ ਮਿਲਿਆ ਕਰੇਗੀ । ਮੈਨੂੰ ਵੀ ਵਕਤਨ ਫਵਕਤਨ ਕੈਦੀ ਬਣਨ ਦਾ ਇਤਫ਼ਾਕ ਹੋਇਆ ਹੈ । ਚਾਹ ਨਹੀਂ ਸੀ ਮਿਲਦੀ। ਜੇਲ੍ਹ ਦਾ ਸਟਾਫ਼ ਪੁਲੀਸ ਦੇ ਬਰਾਬਰ ਤਨਖਾਹ ਲੈਂਦਾ ਸੀ । ਦੋਵਾਂ ਦੀ ਹੀ ਡਿਊਟੀ 24 ਘੰਟੇ ਹੁੰਦੀ ਹੈ । ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨਾਲ ਜ਼ਿਆਦਤੀ ਹੋਈ ਹੈ । ਮੈਂਟਲ ਹਸਪਤਾਲਾਂ ਦੇ ਜੋ ਅਟੈਂਡੈਂਟ ਹੁੰਦੇ ਹਨ ਆਪ ਨੂੰ ਪਤਾ ਹੈ ਕਿ ਉਨ੍ਹਾਂ ਨੂੰ ਕਿੰਨ੍ਹਾ ਨਾਲ ਵਾਹ ਪੈਂਦਾ ਹੈ । ਉਨ੍ਹਾਂ ਨੂੰ ਵੀ ਕਲਾਸ 4 ਵਿਚ ਹੀ ਰਖਿਆ ਗਿਆ ਹੈ ਅਤੇ ਉਨ੍ਹਾਂ ਵਾਲਾ ਹੀ ਗ੍ਰੇਡ ਦਿਤਾ ਗਿਆ ਹੈ । ਵੈਟਰਨਰੀ ਕਾਲਜ ਦੇ ਵਿਦਿਆਰਥੀ ਦੋ ਮਹੀਨਿਆਂ ਤੋਂ ਹੜਤਾਲ ਤੇ ਹਨ ਕਿਉਂਕਿ ਉਹ ਮੰਗ ਕਰਦੇ ਹਨ ਕਿ ਪੇ ਕਮਿਸ਼ਨ ਦੀ ਸਿਫਾਰਸ਼ ਨਾਲੋਂ ਉਨ੍ਹਾਂ ਨੂੰ ਵਧ ਗ੍ਰੇਡ ਮਿਲਣਾ ਚਾਹੀਦਾ ਹੈ । ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਸੈਂਕੜੇ ਕੈਟੇਗਰੀਜ਼ ਹਨ ਜਿਨ੍ਹਾਂ ਵਿਚ ਪੇ ਕਮਿਸ਼ਨ ਨੇ ਜ਼ਿਆਦਤੀ ਕੀਤੀ ਹੈ । ਸਪਲੀਮੈਂਟਰੀ ਐਸਟੀਮੇਟਸ ਵਿਚ ਇਹ ਜੋ ਪੈਸਾ ਇਸ ਰਿਪੋਰਟ ਨੂੰ ਲਾਗੂ ਕਰਨ ਲਈ ਮੰਗਿਆ ਗਿਆ ਹੈ ਇਹ ਬੇਸ਼ਕ ਹੁਣ ਲੈ ਲਉ ਪਰ ਇਸ ਦੇ ਨਾਲ ਮਾਮਲਾ ਖਤਮ ਨਹੀਂ ਹੋ ਜਾਣਾ । ਜਿਨ੍ਹਾਂ ਨੂੰ ਐਨਾਮਲੀਜ਼ ਕਿਹਾ ਜਾਂਦਾ ਹੈ ਉਹ ਦਰਹਕੀਕਤ ਹਾਉਲਰਜ਼ ਹਨ । ਉਨ੍ਹਾਂ ਨੂੰ ਦੂਰ ਕਰਨ ਲਈ ਇਸ ਸਰਕਾਰ ਨੂੰ ਫਿਰ ਤੋਂ ਕਦਮ ਚੁਕਣਾ ਚਾਹੀਦਾ ਹੈ । ਮੈਂ ਕਹਾਂਗਾ ਕਿ ਅਗਰ ਫਿਰ ਤੋਂ ਕੋਈ ਜਜ ਇਸ ਕੰਮ ਲਈ ਮੁਕੱਰਰ ਕੀਤਾ ਗਿਆ ਜਿਸ ਨੂੰ ਕਿ ਐਡਜੁਡੀਕੇਸ਼ਨ ਦਾ ਤਜ਼ਰਬਾ ਨਾ ਹੋਇਆ ਤਾਂ ਉਹ ਨਵੇਂ ਹਾਉਲਰਜ਼ ਪੈਦਾ ਕਰ ਦੇਵੇਗਾ । ਮਿਸਾਲ ਦੇ ਤੌਰ ਤੇ ਜਿਥੇ ਸਾਰੇ ਬੀ ਏ ਪਾਸ ਹੋਣਗੇ ਤਾਂ ਉਹ ਕਹੇਗਾ ਕਿ ਸਭ ਨੂੰ ਇਕੋ ਹੀ ਗ੍ਰੇਡ ਦਿਉ ਭਾਵੇਂ ਇਕ ਕੇਸ ਵਿਚ 6 ਮਹੀਨੇ ਦੀ ਟ੍ਰੇਨਿੰਗ ਦੀ ਲੋੜ ਹੋਵੇ ਤੇ ਕਿਸੇ ਵਿਚ 3 ਸਾਲ ਦੀ । ਇਸ ਲਈ ਕਹਾਂਗਾ ਕਿ ਇਹ ਹਾਉਲਰਜ਼ ਦਰੁਸਤ ਕਰਨੇ ਕਿਸੇ ਜਜ ਦਾ ਕੰਮ ਨਹੀਂ, ਕਿਸੇ ਇਕ ਅਧ ਮਨਿਸਟਰ ਦਾ ਵੀ ਕੰਮ ਨਹੀਂ ਹੈ, ਇਸ ਕੰਮ ਲਈ ਕੋਈ ਕਮੇਟੀ ਹੋਣੀ ਚਾਹੀਦੀ ਹੈ ਜਿਸ ਵਿਚ ਮੁਲਾਜ਼ਮਾਂ ਦੇ ਨੁਮਾਇੰਦਿਆਂ ਨੂੰ ਸ਼ਾਮਿਲ ਕੀਤਾ ਜਾਵੇ, ਸਰਕਾਰ ਵਲੋਂ ਸਰਕਾਰ ਦਾ ਕੋਈ ਅਫਸਰ ਹੋ ਜਾਏ ਅਤੇ ਅਗਰ ਤੀਜਾ ਆਦਮੀ ਸ਼ਾਮਿਲ ਕਰਨਾ ਹੋਵੇ ਤਾਂ ਕੋਈ ਅਜਿਹਾ ਹੋਣਾ ਚਾਹੀਦਾ ਹੈ ਜਿਸ ਨੂੰ ਇਨ੍ਹਾਂ ਗੱਲਾਂ ਵਿਚ ਐਡਜੁਡੀਕੇਸ਼ਨ ਦਾ, ਫੈਸਲੇ ਕਰਨ ਦਾ ਤਜਰਬਾ ਹੋਵੇ । ਇਸ ਤਰ੍ਹਾਂ ਦੀ ਕਮੇਟੀ ਇਹ ਅਨੋਮਲੀਜ਼ ਦੂਰ ਕਰਨ ਦੀ ਕੋਸ਼ਿਸ਼ ਕਰੇ ।

ਸਪੀਕਰ ਸਾਹਿਬ, ਹੁਣ ਮੈਂ ਇਨ੍ਹਾਂ ਸਪਲੀਮੈਂਟਰੀ ਐਸਟੀਮੇਟਸ ਦੀ ਮਦ 8 ਵਲ, ਜੋ ਪੁਲਿਸ ਦੀ ਹੈ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਇਸ ਵਿਚ ਵੀ ਪੇ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਰੁਪਿਆ ਮੰਗਿਆ ਹੈ । ਇਸ ਬਾਰੇ ਕੁਝ ਬੇਨਤੀਆਂ ਮੈਂ ਕਰ ਚੁਕਾ ਹਾਂ ਇਕ ਬੇਨਤੀ ਹੋਰ ਕਰਨੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਯੂਨਾਈਟਿਡ ਫਰੰਟ ਸਰਕਾਰ ਦੇ ਫਿਨਾਂਸ ਮਨਿਸਟਰ, ਜਿਸ ਸਰਕਾਰ ਦੇ ਸਕਸੈਸਰ ਹੋਣ ਦਾ ਦਾਵਾ ਇਹ ਸਰਕਾਰ ਕਰਦੀ ਹੈ, ਡਾਕਟਰ ਬਲਦੇਵ ਪਰਕਾਸ਼ ਨੇ ਇਕ ਐਸ਼ੋਰੈਂਸ ਦਿਵਾਈ ਸੀ ਜੋ ਮੈਂ ਪੜ੍ਹਕੇ ਸੁਣਾਉਂਦਾ ਹਾਂ :

Original with;
Punjab Vidhan Sabha
Digitized by;
Panjab Digital Library

ਤੋੜਨ ਵਾਲੇ ਮੁਲਾਜ਼ਮਾਂ ਨੂੰ ਦੇਣ ਲਈ ਇਸ ਵਿਚ ਰੱਖੀ ਗਈ ਹੈ ਉਹ ਲਗਭਗ 11 ਲੱਖ ਰੁਪਿਆ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਹੜਤਾਲ ਜਿਸ ਮੰਗ ਲਈ ਹੋਈ ਉਹ ਇਹ ਹੈ ਕਿ ਮੁਲਾਜ਼ਮਾਂ ਨੂੰ 4% ਬੋਨਸ ਮਿਲਦਾ ਸੀ, ਪਰ ਉਨ੍ਹਾਂ ਨੇ 6% ਦੀ ਮੰਗ ਕੀਤੀ। ਸਰਕਾਰ ਆਰਜ਼ੀ ਤੌਰ ਤੇ ਮੰਨ ਗਈ ਕਿ ਹਰਿਆਣੇ ਦੇ ਬਰਾਬਰ ਬੋਨਸ ਦਿੱਤਾ ਜਾਵੇਗਾ ਅਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਸਾਹਮਣੇ ਰੱਖਦੇ ਹੋਏ ਤੁਹਾਨੂੰ ਬੋਨਸ ਮਿਲ ਜਾਵੇਗਾ। ਜੇਕਰ ਘੱਟ ਹੋਇਆ ਤਾਂ ਤੁਹਾਡੇ ਕੋਲੋਂ ਕੱਟ ਲਿਆ ਜਾਵੇਗਾ।

ਇਹ ਜੋ 2% ਦੇ ਫਰਕ ਦੀ ਗਲ ਹੈ, ਸਪੀਕਰ ਸਾਹਿਬ, ਇਸ ਵਿਚ 4 ਲੱਖ ਰੁਪਿਆ ਸਾਰਾ ਇਨਵਾਲਵਡ ਸੀ। ਗਲ ਸਿਰਫ 4 ਲੱਖ ਰੁਪਏ ਦੀ ਹੈ। 4 ਲੱਖ ਰੁਪਏ ਨਾ ਦੇਣ ਤੇ ਉਸ ਦੇ ਉਤੇ ਝਗੜਾ ਖੜਾ ਕਰਕੇ ਸੈਂਕੜੇ ਮੁਲਾਜ਼ਮਾਂ ਨੂੰ ਸਸਪੈਂਡ ਕਰਕੇ ਝੂਠੇ ਪੁਲਿਸ ਦੇ ਮੁਕਦਮੇ ਬਣਾ ਕੇ, ਨਵਾਂ ਸਟਾਫ ਉਨ੍ਹਾਂ ਦੀ ਥਾਂ ਤੇ ਲਾ ਕੇ 10 ਲੱਖ ਰੁਪਿਆ ਹੋਰ ਮੰਗਿਆ ਹੈ। ਅੱਜ ਦੀ ਸਰਕਾਰ ਭਾਵੇਂ ਇਸ ਗਲ ਲਈ ਜ਼ਿਮੇਵਾਰ ਨਹੀਂ ਪਰ ਸਪੀਕਰ ਸਾਹਿਬ, ਮੈਂ ਅੱਜ ਦੀ ਸਰਕਾਰ ਤੋਂ ਮੰਗ ਕਰਾਂਗਾ ਕਿ ਜਿਨ੍ਹਾਂ ਮੁਲਾਜ਼ਮਾਂ ਦੇ ਖਿਲਾਫ ਝੂਠੇ ਮੁੱਕਦਮੇ ਬਣਾਏ ਗਏ ਹਨ ਉਹ ਸਭ ਫੌਰੀ ਤੌਰ ਤੇ ਵਾਪਸ ਲਏ ਜਾਣ। ਜਿਹੜੇ ਪੱਕੇ ਮੁਲਾਜ਼ਮ ਉਸ ਵੇਲੇ ਕੱਢੇ ਗਏ ਸਨ ਉਹ ਵਾਪਸ ਲੈਣੇ ਚਾਹੀਦੇ ਹਨ ਅਤੇ ਜਿਹੜੇ ਆਰਜ਼ੀ ਮੁਲਾਜ਼ਮਾਂ ਦੀ ਨੌਕਰੀ ਖ਼ਤਮ ਕੀਤੀ ਗਈ ਸੀ ਉਨ੍ਹਾਂ ਨੂੰ ਸਰਵਿਸ ਵਿਚ ਵਾਪਸ ਲਿਆ ਜਾਣਾ ਚਾਹੀਦਾ ਹੈ। ਔਰ ਜਿਹੜਾ ਇਸ ਵਜਾ ਨਾਲ 10-11 ਲੱਖ ਰੁਪਏ ਦੇ ਟੈਕਸ ਦਾ ਬੋਝ ਸਰਕਾਰ ਨੇ ਜਨਤਾ ਤੇ ਪਾਇਆ ਹੈ ਉਹ ਫੌਰੀ ਤੌਰਤੇ ਖ਼ਤਮ ਹੋਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 10 ਵਲ ਆਪ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ। ਇਹ ਡੀਮਾਂਡ ਵਿਦਿਆ ਦੇ ਨਾਲ ਸਬੰਧ ਰਖਦੀ ਹੈ। ਇਸ ਡੀਮਾਂਡ ਦੇ 14 ਹਿਸੇ ਵਿਚ ਮੰਗ ਵਜ਼ੀਫਿਆਂ ਸਬੰਧੀ ਕੀਤੀ ਗਈ ਹੈ। ਇਸ ਗਲ ਦੇ ਵਾਸਤੇ ਮੈਨੂੰ ਖੁਸ਼ੀ ਹੁੰਦੀ ਜੇ ਇਹ ਮੰਗ ਹੋਰ ਜ਼ਿਆਦਾ ਕੀਤੀ ਜਾਂਦੀ। ਮੇਰੀ ਰਾਏ ਹੈ ਕਿ ਪੰਜਾਬ ਦੇ ਵਿਚ ਜਿਹੜੇ ਸਕਾਲਰਸ਼ਿਪ ਦੇ ਰੇਟ ਹਨ ਉਹ ਬਾਬੇ ਆਦਮ ਦੇ ਵਕਤ ਦੇ ਹਨ। ਜਿਸ ਰੇਟ ਨਾਲ ਹੁਣ ਵਿਦਿਆ ਮਹਿੰਗੀ ਹੋ ਰਹੀ ਹੈ, ਕਿਤਾਬਾ ਮਹਿੰਗੀਆਂ ਹੋ ਗਈਆਂ ਹਨ, ਫੀਸਾਂ ਵੱਧ ਗਈਆਂ ਆਦਿ ਉਸ ਰੇਟ ਦੇ ਮੁਤਾਬਕ ਹੀ ਇਹ ਸਕਾਲਰਸ਼ਿਪ ਵਧਾਇਆ ਜਾਣਾ ਚਾਹੀਦਾ ਹੈ।

ਅਗਲੀ ਗਲ ਇਸ ਮੰਗ ਦੇ ਵਿਚ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਨਾਲ ਸਬੰਧ ਰਖਦੀ ਹੈ। ਹਿਸਾ 3 ਵਿਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਅਤੇ ਕੁਠਾਰੀ ਕਮਿਸ਼ਨ ਦੀ ਰਿਪੋਰਟ ਮੁਤਾਬਕ ਜਿਹੜੇ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਦੇ ਗਰੇਡ ਵਧਾਏ ਗਏ ਹਨ। ਉਹ ਗਰਾਂਟ 20% ਪੰਜਾਬ ਸਰਕਾਰ ਨੇ ਆਪਣੇ ਕੋਲੋਂ ਅਤੇ 80% ਹਿੰਦੁਸਤਾਨ ਦੀ ਸਰਕਾਰ ਨੇ ਦੇਣੀ ਹੈ। ਹਿੰਦੁਸਤਾਨ ਦੀ ਸਰਕਾਰ ਨੇ ਇਹ ਗਰਾਂਟ ਪੰਜਾਬ ਦੇ ਨਾਮ ਜਮਾਂ ਕਰਵਾ ਦਿਤੀ। ਪੰਜਾਬ ਸਰਕਾਰ ਦੇ ਕਹਿਣ ਤੋਂ ਬਾਅਦ ਵੀ ਸੈਂਟਰ ਦੀ ਸਰਕਾਰ ਨੇ ਇਹ ਗਰਾਂਟ ਪ੍ਰਾਈਵੇਟ ਕਾਲਜਾਂ ਨੂੰ ਸਿਧੇ ਦੇਣ ਤੋਂ ਨਾ ਕਰ ਦਿਤੀ। ਇਸ ਗਲ ਦੇ ਫੈਸਲੇ ਨੂੰ ਕਾਫੀ ਟਾਈਮ ਲਗ ਗਿਆ। ਫਿਰ ਜਿਹੜੀ ਗਰਾਂਟ ਪੰਜਾਬ ਸਰਕਾਰ ਨੇ ਪ੍ਰਾਈਵੇਟ ਮੈਨੇਜਿੰਗ ਕਮੇਟੀਆਂ ਨੂੰ ਦਿਤੀ ਉਨ੍ਹਾਂ ਵਿਚੋਂ ਕੁਝ ਪ੍ਰਾਈਵੇਟ ਮੈਨੇਜਿੰਗ ਕਮੇਟੀਆਂ ਨੇ ਟੀਚਰਾਂ ਨੂੰ ਉਸ ਤਰੀਖ਼ ਤੋਂ ਉਹ ਪੈਸੇ ਨਹੀਂ ਦਿਤੇ ਜਿਸ ਤਰੀਖ਼ ਤੋਂ ਇਹ ਰਿਪੋਰਟ ਲਾਗੂ ਹੋਈ ਅਤੇ ਮੈਨੇਜਿੰਗ ਕਮੇਟੀਆਂ ਨੂੰ ਪੈਸੇ ਮਿਲੇ। ਇਸ ਸਬੰਧ ਵਿਚ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੋ ਪੈਸਾ 20% ਪੰਜਾਬ ਦੇ ਟੈਕਸ ਪੇਅਰ ਦਾ ਹੈ ਅਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

80% ਹਿੰਦੁਸਤਾਨ ਦੇ ਟੈਕਸ ਪੇਅਰ ਦਾ ਹੈ ਉਹ ਜਿਹੜੀਆਂ ਪ੍ਰਾਈਵੇਟ ਮੈਨੇਜਿੰਗ ਕਮੇਟੀਆਂ ਨੇ ਗਰਾਂਟ ਦੀ ਸ਼ਕਲ ਵਿਚ ਲੈ ਕੇ ਅਗੇ ਆਪਣੇ ਟੀਚਰਾਂ ਜਾਂ ਪ੍ਰੋਫੈਸਰਾਂ ਨੂੰ ਨਹੀਂ ਦਿਤੇ ਉਨ੍ਹਾਂ ਕਮੇਟੀਆਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਅਤੇ ਉਨ੍ਹਾਂ ਟੀਚਰਾਂ, ਪ੍ਰੋਫੈਸਰਾਂ ਨੂੰ ਉਸ ਦਾ ਬਕਾਇਆ ਉਸ ਤਰੀਕ ਤੋਂ ਹੀ ਮਿਲਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸ ਮੰਗ ਦੇ ਹੇਠਾਂ ਸਕੂਲਾਂ ਦੀ ਅਪਗਰੇਡਿੰਗ ਦੇ ਸਿਲਸਲੇ ਵਿਚ ਮੰਗ ਕੀਤੀ ਗਈ ਹੈ ਕਿ ਸਕੂਲ ਅਪਗਰੇਡ ਕੀਤੇ ਗਏ ਜਦੋਂ ਕਿ ਪਲੈਨ ਵਿਚ ਕੋਈ ਪੈਸਾ ਨਹੀਂ ਸੀ। ਇਹ ਪਿੰਡਾਂ ਦੀ ਵਸੋਂ ਨੂੰ ਮੁਖ ਰਖਦੇ ਹੋਏ ਅਤੇ ਪੰਚਾਇਤਾਂ ਦੇ ਜ਼ੋਰ ਦੇਣ ਤੇ ਕੁਝ ਸਕੂਲਾਂ ਨੂੰ ਫੌਰੀ ਤੌਰ ਤੇ, ਇਸ ਐਮਰਜੈਂਸੀ ਨੂੰ ਮੁੱਖ ਰਖਦੇ ਹੋਏ, ਅਪਗਰੇਡ ਕਰਨਾ ਪਿਆ। ਸਪੀਕਰ ਸਾਹਿਬ, ਮਾਫ਼ ਕਰਨਾ ਇਤਨੇ ਹੀ ਸਕੂਲ ਅਪਗਰੇਡ ਕਰਕੇ ਕੋਈ ਐਮਰਜੈਂਸੀ ਨਹੀਂ ਖਤਮ ਹੋ ਜਾਂਦੀ। ਸਾਡਾ ਦੇਸ਼ ਵਿਦਿਆ ਦੇ ਲਿਹਾਜ਼ ਨਾਲ ਬਹੁਤ ਪੱਛੜਿਆ ਹੋਇਆ ਹੈ। ਇਸ ਨੂੰ ਤੇਜ਼ੀ ਨਾਲ ਹੋਰ ਸਕੂਲ ਮਿਲਣੇ ਚਾਹੀਦੇ ਹਨ, ਹੋਰ ਸਕੂਲ ਅਪਗਰੇਡ ਹੋਣੇ ਚਾਹੀਦੇ ਹਨ। ਇਕ ਅਰਜ਼ ਮੈਂ ਹੋਰ ਕਰਦਾ ਹਾਂ ਕਿ ਪਿਛਲੇ ਸਾਲ ਸਕੂਲਾਂ ਦੇ ਸਿਲਸਲੇ ਵਿਚ ਕੀ ਹੋਇਆ, ਸਕੂਲ ਕਿਥੇ ਦਿਤੇ ਗਏ, ਇਸ ਗਲ ਵਲ ਮੈਂ ਨਹੀਂ ਜਾਣਾ ਚਾਹੁੰਦਾ। ਕਿਸੇ ਅਸੂਲ ਦੇ ਮੁਤਾਬਕ ਦਿਤੇ ਗਏ ਜਾਂ ਕਿਸੇ ਲਿਹਾਜ਼-ਬਾਜ਼ੀ ਦੇ ਨਾਲ ਅਪਗਰੇਡ ਕੀਤੇ ਗਏ ਪਰ ਇਹ ਤਾਂ ਖੁਸ਼ੀ ਹੈ ਕਿ ਸਕੂਲ ਅਪਗਰੇਡ ਤਾਂ ਹੋਏ। ਅਸੂਲ ਨਾਲ ਹੁੰਦੇ ਤਾਂ ਮੈਨੂੰ ਹੋਰ ਜ਼ਿਆਦਾ ਖੁਸ਼ੀ ਹੁੰਦੀ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਜੋ ਸਾਰੇ ਬਜਟ ਵਿਚ ਸਿਰਫ 25 ਸਕੂਲਾਂ ਨੂੰ ਮਿਡਲ ਤੋਂ ਹਾਈ ਸਕੂਲ ਕਰਨ ਲਈ ਇਹ ਜੋ ਪੈਸੇ ਰਖੇ ਹਨ, ਇਹ ਥੋੜ੍ਹੇ ਹਨ। ਮੈਂ ਅਰਜ਼ ਕਰਾਂ ਕਿ ਫਿਰ ਤੁਸੀਂ ਸਪਲੀਮੈਂਟਰੀ ਡੀਮਾਂਡ ਲਿਆਉਣੀ ਹੈ ਕਿ ਫਿਰ ਐਮਰਜੈਂਸੀ ਆ ਗਈ ਹੈ ਔਰ ਪੈਸੇ ਦੀ ਜ਼ਰੂਰਤ ਹੈ। ਇਸ ਲਈ ਪਿਛਲੀ ਸਪਲੀਮੈਂਟਰੀ ਤੋਂ ਸਬਕ ਸਿਖਦਿਆਂ ਮੈਂ ਬੇਨਤੀ ਕਰਾਂਗਾ ਕਿ ਅਪਗਰੇਡੇਸ਼ਨ ਵਾਸਤੇ ਇਨ੍ਹਾਂ ਸਕੂਲਾਂ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ।

ਸਪੀਕਰ ਸਾਹਿਬ, ਇਹ ਜਿਹੜਾ ਮਾਸਟਰ ਜੀ ਨੇ ਡਿਗਰੀਆਂ ਦੇ ਬਾਰੇ ਕਿਹਾ ਹੈ ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਇਹ ਕੁਝ ਸਰਕਾਰ ਤੇ ਵੀ ਗਲ ਆਉਂਦੀ ਹੈ। ਇਹ ਨਜ਼ਰੀਆ ਬਦਲਣਾ ਪਵੇਗਾ। ਸਪੀਕਰ ਸਾਹਿਬ, ਮੈਂ ਇਕ ਮਿਸਾਲ ਦਿੰਦਾ ਹਾਂ ਕਿ ਅੰਮ੍ਰਿਤਸਰ ਵਿਚ ਇਕ ਟਰਾਂਸਪੋਰਟ ਮੁਲਾਜ਼ਮ ਦਾ ਡੀਊਟੀ ਤੇ ਹੀ ਕਤਲ ਕਰ ਦਿਤਾ ਗਿਆ ਪਰ ਉਸ ਦੇ ਪਿਛੇ ਉਸ ਦੀ ਬੇਵਾ ਨੂੰ, ਉਸ ਦੇ ਬਚਿਆਂ ਨੂੰ ਕੋਈ ਕਮਪੈਨਸੇਸ਼ਨ ਦਾ ਪੈਸਾ ਨਹੀਂ ਮਿਲਿਆ। ਕਈ ਅਰਜ਼ੀਆਂ ਉਸ ਦੇ ਕਮਪੈਨਸੇਸ਼ਨ ਵਾਸਤੇ ਸਰਕਾਰ ਨੂੰ ਭੇਜੀਆਂ ਗਈਆਂ ਪਰ ਅਜ ਤਕ ਉਸ ਦੇ ਕਮਪੈਨਸੇਸ਼ਨ ਦਾ ਫ਼ੈਸਲਾ ਨਹੀਂ ਹੋਇਆ। ਜ਼ਾਤੀ ਤੌਰ ਤੇ ਵੀ ਇਸ ਚੀਜ਼ ਦਾ ਪਤਾ ਕੀਤਾ ਗਿਆ ਪਰ ਕਿਹਾ ਇਹ ਗਿਆ ਕਿ ਹਾਲੀਂ ਫਾਇਨੈਂਨਸ ਡੀਪਾਰਟਮੈਂਟ ਪਾਸ ਹੀ ਕੇਸ ਹੈ। ਸੋ ਮੇਰੀ ਅਰਜ਼ ਹੈ ਕਿ ਬਜਟ ਦੇ ਵਿਚ ਬੁਨਿਆਦੀ ਤਬਦੀਲੀਦੀ ਲੋੜ ਹੈ ਤੇ ਇਹ ਆਕਊਟਿੰਗ ਸਿਸਟਮ ਨੂੰ ਚੇਂਜ ਕਰਨ ਦੀ ਲੋੜ ਹੈ। ਜਦ ਤਾਈਂ ਬਜਟ ਪਾਸ ਨਾ ਹੋਇਆ ਹੋਵੇ, ਫਿਨਾਂਸ ਡਿਪਾਰਟਮੈਂਟ ਵਾਲੇ ਜਿੰਨੀ ਟੰਗ ਅੜਾਉਣਾ ਚਾਹੁੰਦੇ ਹਨ ਅੜਾ ਲੈਣ ਲੇਕਿਨ ਇਕ ਵਾਰੀ ਜਦੋਂ ਐਲੋਕੇਸ਼ਨ ਹੋ ਗਈ ਫਿਰ ਨਾ ਟੰਗ ਅੜਾਉਣ। ਅਗਰ ਕੋਈ ਮੁਲਾਜ਼ਮ ਮਰ ਗਿਆ, ਉਸ ਦੀ ਬੇਵਾ ਨੂੰ ਕਮਪੈਨਸੇਸ਼ਨ ਦੇਣਾ ਹੈ ਜਾਂ ਅਗਰ ਕੋਈ

Original with;
Punjab Vidhan Sabha
Digitized by;
Panjab Digital Library

ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਆਲ ਇੰਡੀਆ ਪਾਰਟੀ ਦੀਆਂ ਬਾਕੀ ਸ਼ਾਖਾਂ ਤੇ ਵੀ ਜ਼ੋਰ ਦੇਣ ਅਤੇ ਪੰਜਾਬ ਦੀ ਵਕਾਲਤ ਉਸ ਪਹੁੰਚ ਤੇ ਵੀ ਕਰਨ ਦੂਜਿਆਂ ਨੂੰ ਹੀ ਨਾ ਨਿੰਦਦੇ ਰਹਿਣ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗਲ ਵਿਦਿਆ ਦੇ ਸੰਬੰਧ ਵਿਚ ਕਹਾਂ ਕਿ ਬੀ. ਐਸ. ਸੀ. ਇਨਜੀਅਰਿੰਗ ਕਰਕੇ 34 ਮੁੰਡੇ ਨਿਕਲ ਰਹੇ ਹਨ ਪਰ ਉਨ੍ਹਾਂ ਲਈ ਕੋਈ ਨੌਕਰੀ ਦਾ ਪ੍ਰਬੰਧ ਸਰਕਾਰ ਵਲੋਂ ਨਹੀਂ ਕੀਤਾ ਗਿਆ। ਨੌਕਰੀਆਂ ਕਿਥੇ! ਇਸ ਪਾਸੇ ਗੰਭੀਰਤਾ ਨਾਲ ਵਿਚਾਰ ਕਰਕੇ ਸਰਕਾਰ ਨੂੰ ਤਵੱਜੋਂ ਦੇਣੀ ਚਾਹੀਦੀ ਹੈ।

**ਸਰਦਾਰ ਗੁਰਮੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਅਜ ਅਸੀਂ ਸਪਲੀਮੈਂਟਰੀ ਐਸਟੀਮੇਟਸ ਤੇ ਵਿਚਾਰ ਕਰ ਰਹੇ ਹਾਂ। (ਵਿਘਨ)

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਟਾਈਮ ਦੇ ਬਾਰੇ ਫੈਸਲਾ ਕੀਤਾ ਗਿਆ ਸੀ ਕਿ ਟਾਈਮ ਸਾਰੇ ਮੈਂਬਰਾਂ ਨੂੰ ਉਨ੍ਹਾਂ ਦੀਆ ਪਾਰਟੀਆਂ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਮਿਲੇਗਾ। ਪਰ ਸਾਡੀ ਪਾਰਟੀ ਨੂੰ ਟਾਈਮ ਨਹੀਂ ਦਿੱਤਾ ਜਾ ਰਿਹਾ। ਸਾਡੇ ਨਾਲ ਧਕਾ ਕੀਤਾ ਜਾ ਰਿਹਾ ਹੈ। ਮੈਂ ਅਪੀਲ ਕਰਦਾ ਹਾਂ ਕਿ ਟਾਈਮ ਦੇਣ ਵੇਲੇ ਇਸ ਗੱਲ ਦਾ ਧਿਆਨ ਰਖਿਆ ਜਾਵੇ। (ਵਿਘਨ)

(ਇਕ ਆਵਾਜ਼ : ਕੜਾਹ ਪਰਸ਼ਾਦ ਵਾਲੀ ਵੰਡ......) (ਵਿਘਨ)

**ਸਰਦਾਰ ਗੁਰਮੀਤ ਸਿੰਘ ਮਲੋਟ** : ਮੈਂ ਕੈਪਟਨ ਰਤਨ ਸਿੰਘ ਦੀ ਰਾਹੀਂ ਉਨ੍ਹਾਂ ਦੀ ਪਾਰਟੀ ਨੂੰ ਬੇਨਤੀ ਕਰਾਂਗਾ ਕਿ ਹਰ ਗੱਲ ਤੇ ਹਰ ਵੇਲੇ ਕੜਾਹ ਪ੍ਰਸ਼ਾਦ ਦਾ ਜ਼ਿਕਰ ਕਰਨਾ ਸ਼ੋਭਾ ਨਹੀਂ ਦਿੰਦਾ। ਕੜਾਹ ਪ੍ਰਸ਼ਾਦ ਸਿੱਖ ਧਰਮ ਦਾ ਇਸ਼ਟ ਹੈ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਕੇ ਮਹਾਰਾਜ ਦੀ ਹਜ਼ੂਰੀ ਵਿਚ ਪੇਸ਼ ਕੀਤੀ ਜਾਂਦੀ ਹੈ ਅਤੇ ਫਿਰ ਸੰਗਤ ਵਿਚ ਵੰਡੀ ਜਾਂਦੀ ਹੈ। ਜੇਕਰ ਕੁਝ ਮੈਂਬਰ ਖਾਣਾ ਚਾਹੁੰਦੇ ਹਨ ਤਾਂ ਅਸੀਂ ਉਨ੍ਹਾਂ ਦੀ ਸੇਵਾ ਕਰਨ ਲਈ ਤਿਆਰ ਹਾਂ। ਇਹ ਤਾਂ ਗੁਰਸਿੱਖਾਂ ਦੀਆਂ ਟਰਮਜ਼ ਨੇ, ਕੜਾਹ ਪ੍ਰਸ਼ਾਦ ਦੇ ਨਾਲ-ਨਾਲ ਚਾਹਟਾ ਛਕਾਣਾ ਵੀ ਧਰਮ ਹੈ। ਜੇਕਰ ਚਾਹਟਾ ਛਕਣ ਲਈ ਕੋਈ ਤਿਆਰ ਹੋਣ ਤਾਂ ਉਨ੍ਹਾਂ ਦੀ ਸੇਵਾ ਕਰਨ ਨੂੰ ਵੀ ਤਿਆਰ ਹਾਂ। ਅਸੀਂ ਸਾਰਾ ਪ੍ਰਬੰਧ ਕਰ ਦਿਆਂਗੇ। (ਵਿਘਨ)

ਕਿਸੇ ਦਾ ਮਜ਼ਾਕ ਵੀ ਸਹਿ ਲਿਆ ਕਰੋ, ਤੁਹਾਡੀ ਪਾਰਟੀ ਹਾਰ ਗਈ ਹੈ, ਹੁਣ ਵੈਣ ਪਾਈ ਜਾਂਦੇ ਹੋ!

ਅਜ ਅਸੀਂ ਸਪਲੀਮੈਂਟਰੀ ਐਸਟੀਮੇਟਸ ਤੇ ਵਿਚਾਰ ਕਰ ਰਹੇ ਹਾਂ। ਮੈਂ ਅਰਜ਼ ਕਰ ਰਿਹਾ ਸੀ ਕਿ ਫਰੰਟ ਸਰਕਾਰ ਵਧਾਈ ਦੀ ਪਾਤਰ ਹੈ। ਬਾਜਵਾ ਸਾਹਿਬ ਜਦ ਜੇਲ੍ਹਾਂ ਦੇ ਮਨਿਸਟਰ ਫਰੰਟ ਦੀ ਸਰਕਾਰ ਵਿਚ ਪਹਿਲਾਂ ਸਨ ਤਾਂ ਉਨ੍ਹਾਂ ਨੇ ਜੇਲ੍ਹਾਂ ਦੇ ਬਾਰੇ ਮੁਨਾਸਬ ਸੁਧਾਰ ਕਰਨ ਲਈ ਅਤੇ ਜੇਲ੍ਹਾਂ ਵਿਚ ਕੈਦੀਆਂ ਨੂੰ ਸਹੂਲਤਾਂ ਦੇਣ ਬਾਰੇ ਫੈਸਲੇ ਕੀਤੇ ਸਨ। ਪਰ ਫਰੰਟ ਸਰਕਾਰ ਟੁਟ ਗਈ। (ਵਿਘਨ) ਇਥੇ ਕਈ ਮੈਂਬਰ ਵੀ ਯਾਤਰਾ ਕਰ ਕੇ ਆਏ ਨੇ। ਇਸ ਡੀਮਾਂਡ ਨੰਬਰ 7 ਵਿਚ 3 ਲੱਖ 87 ਹਜ਼ਾਰ ਦੀ ਰਕਮ ਰਖੀ ਗਈ ਹੈ ਤਾਂ ਕਿ ਡਾਇਟਰੀ ਆਇਟਮਜ਼ ਤੇ ਖੁਰਾਕ ਦੀਆਂ ਚੀਜ਼ਾਂ ਅਤੇ ਪੈਸਾ ਖਰਚ ਕੀਤਾ ਜਾਵੇ। ਖੁਰਾਕ ਦਾ ਪੱਧਰ ਉਚਾ ਕਰਨ ਲਈ ਰਕਮ ਰਖੀ ਗਈ ਹੈ।

ਡੀਮਾਂਡ ਨੰ: 7 ਵਿੱਚ ਏਥੇ 3,87,660/- ਰੁਪਏ ਦੀ ਹੋਰ ਮੰਗ ਕੀਤੀ ਗਈ ਹੈ। ਇਸ ਰਕਮ ਦੀ ਇਸ ਕਰਕੇ ਲੋੜ ਪਈ ਕਿਉਂਕਿ ਮਹਿੰਗਾਈ ਬਹੁਤ ਹੋ ਗਈ ਹੈ ਅਤੇ ਜੇਲ੍ਹਾਂ ਵਿੱਚ ਕੈਦੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੀਤ ਸਿੰਘ]

ਦੀ ਗਿਣਤੀ ਵਧ ਗਈ ਹੈ । ਇਸ ਦੇ ਨਾਲ ਹੀ ਹਿਊਮੈਨਿਟੀ ਦੇ ਕੀਅਲ ਗਰਾਊਂਡ ਨੂੰ ਮੁਖ ਰਖਦੇ ਹੋਏ ਕੈਦੀਆਂ ਨੂੰ ਇਕ ਵਾਰੀ ਚਾਹ ਦਿਤੀ ਜਾਵੇਗੀ । ਇਸ ਕਰਕੇ ਵੀ ਇਸ ਖਰਚੇ ਦੇ ਵਿਚ ਵਾਧਾ ਹੋਇਆ ਹੈ । ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ । ਕਾਂਗਰਸ ਵੇਲੇ ਜਿਸ ਦੇ ਕੋਲੋਂ ਚਾਹ ਪੱਤੀ ਪਕੜੀ ਜਾਂਦੀ ਸੀ ਉਸ ਦਾ ਚਲਾਨ ਕੀਤਾ ਜਾਂਦਾ ਸੀ ਪਰ ਇਸ ਰਾਜ ਵਿਚ ਉਨ੍ਹਾਂ ਨੂੰ ਸਰਕਾਰੀ ਤੌਰ ਤੇ ਚਾਹ ਦੇਣ ਦਾ ਪ੍ਰਬੰਧ ਕੀਤਾ ਹੈ (ਹਾਸਾ) ਇਨਸਾਨੀਅਤ ਦੇ ਅਸੂਲ ਨੂੰ ਮੁਖ ਰਖਦੇ ਹੋਏ ਐਸਾ ਸਲੂਕ ਉਨ੍ਹਾਂ ਨਾਲ ਕੀਤਾ ਗਿਆ ਹੈ, ਇਹ ਸੋਚਿਆ ਗਿਆ ਹੈ ਕਿ ਕੋਈ ਵਿਤਕਰੇ ਭਰਿਆ ਸਲੂਕ ਨਾ ਕੀਤਾ ਜਾਵੇ ।

ਇਸ ਦੇ ਨਾਲ ਹੀ ਮੌਜੂਦਾ ਸਰਕਾਰ ਵਧਾਈ ਦੀ ਹੱਕਦਾਰ ਹੈ ਕਿ ਉਸ ਨੇ ਪੇ ਕਮਿਸ਼ਨ ਦੀਆਂ ਕਾਫ਼ੀ ਸਿਫਾਰਸ਼ਾਂ ਨੂੰ ਮੰਨ ਲਿਆ ਹੈ । ਪਰ ਅਜੇ ਵੀ ਕਾਫੀ ਡੀਪਾਰਟਮੈਂਟ ਰਹਿ ਗਏ ਹਨ ਜਿਨ੍ਹਾਂ ਬਾਰੇ ਸਰਕਾਰ ਨੇ ਸਿਫਾਰਸ਼ਾਂ ਨਹੀਂ ਮੰਨੀਆਂ, ਸਰਕਾਰ ਨੂੰ ਉਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਵੀ ਮੰਨ ਕੇ ਸਾਰੀ ਰਿਪੋਰਟ ਨੂੰ ਮੰਨਦਿਆਂ ਇਹ ਵਿਤਕਰੇ ਵਾਲਾ ਸਲੂਕ ਜਿਹੜਾ ਅਪਣਾਇਆ ਇਹ ਦੂਰ ਕਰ ਦੇਣਾ ਚਾਹੀਦਾ ਹੈ । ਡੀਮਾਂਡ ਨੰ: 8 ਵਿੱਚ ਵੀ ਜਿਹੜੀ ਮੰਗ ਕੀਤੀ ਗਈ ਹੈ ਉਸ ਦਾ ਵੀ ਇਹੋ ਕਾਰਨ ਹੈ ਕਿ ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਕਰਕੇ ਪੁਲਿਸ ਦੇ ਮਹਿਕਮੇ ਦੀਆਂ ਤਨਖਾਹਾ ਵਧ ਗਈਆਂ ਹਨ ਇਸ ਲਈ 21,01,240 ਰੁਪਏ ਦੀ ਜਿਹੜੀ ਮੰਗ ਕੀਤੀ ਗਈ ਹੈ ਉਹ ਇਸ ਘਾਟੇ ਨੂੰ ਪੂਰਾ ਕਰਨ ਵਾਸਤੇ ਹੀ ਹੈ । ਕਾਂਗਰਸ ਰਾਜ ਵਿਚ ਲੋਕ ਡਰਦੇ ਰਹੇ ਨਾ ਹੀ ਉਨ੍ਹਾਂ ਦੀਆਂ ਦਿਕਤਾਂ ਦਾ ਕਿਸੇ ਨੇ ਅਹਿਸਾਸ ਹੀ ਕੀਤਾ । ਮੌਜੂਦਾ ਸਰਕਾਰ ਨੇ ਸਭ ਤੋਂ ਪਹਿਲਾਂ ਇਸ ਰਿਪੋਰਟ ਦਾ ਵਾਜਬ ਹਿਸਾ ਉਸੇ ਵੇਲੇ ਸਵੀਕਾਰ ਕਰ ਲਿਆ ਅਤੇ ਬਾਕੀ ਦੇ ਲਈ ਅਜੇ ਵਿਚਾਰ ਕੀਤਾ ਜਾ ਰਿਹਾ ਹੈ । ਸਰਕਾਰ ਨੂੰ ਐਡਮਨਿਸਟਰੇਸ਼ਨ ਵਿਚ ਲੋਕਾਂ ਨੂੰ ਕੰਮ ਕਰਨ ਦਾ ਉਤਸ਼ਾਹ ਦੇਣ ਲਈ ਚੰਗੇ ਚੰਗੇ ਤਰੀਕੇ ਵਰਤ ਕੇ ਮੁਲਾਜ਼ਮਾਂ ਨੂੰ ਵਧ ਚੜ੍ਹ ਕੇ ਕੰਮ ਕਰਨ ਦਾ ਉਤਸਾਹ ਤੇ ਇਨਸੈਂਟਿਵ ਦੇਣਾ ਚਾਹੀਦਾ ਹੈ । ਮੈਂ ਇਸ ਦੇ ਨਾਲ ਹੀ ਸਰਕਾਰ ਨੂੰ ਇਹ ਵੀ ਸੁਝਾਉ ਦੇਵਾਂਗਾ ਕਿ ਪ੍ਰਾਸੀਕੀਊਸ਼ਨ ਬਰਾਂਚ ਨੰ:, P. S. I. ਵਗੈਰਾ ਨੂੰ ਜੁਡੀਸ਼ਰੀ ਤੋਂ ਅਲੱਗ ਕਰਨਾ ਚਾਹੀਦਾ ਹੈ । ਮੁਖ ਮੰਤਰੀ ਜੀ ਵਧਾਈ ਦੇ ਪਾਤਰ ਹਨ ਕਿ ਫਲੌਰ ਵਿਖੇ ਬਿਆਨ ਦਿੰਦਿਆਂ ਇਸ ਗਲ ਦਾ ਐਲਾਨ ਕੀਤਾ ਸੀ ਕਿ ਉਹ ਇਸ ਏਜੰਸੀ ਨੂੰ ਵੱਖਰਾ ਕਰ ਦੇਣਗੇ । ਇਕ ਹੋਰ ਸੁਝਾਉ ਮੈਂ ਇਸ ਮਹਿਕਮੇ ਦੇ ਸਬੰਧ ਵਿੱਚ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਥਾਣੇ ਵਿਚ ਜਿਨ੍ਹਾਂ ਨੂੰ ਘੋੜਾ ਅਲਾਉਂਸ ਮਿਲਦਾ ਹੈ ਉਨ੍ਹਾਂ ਨੂੰ ਘੋੜਾ ਰਖਣ ਤੇ ਮਜਬੂਰ ਕੀਤਾ ਜਾਂਦਾ ਹੈ । ਉਸ ਅਲਾਉਂਸ ਵਿਚ ਮਹਿੰਗਾਈ ਕਾਰਨ ਉਹ ਚੰਗੀ ਤਰ੍ਹਾਂ ਉਸ ਦੀ ਸੰਭਾਲ ਕਰ ਨਹੀਂ ਸਕਦਾ । ਮੇਰਾ ਸੁਝਾਵ ਇਹ ਹੈ ਕਿ ਹਰ ਥਾਣੇ ਨੂੰ ਸਰਕਾਰੀ ਤੌਰ ਤੇ ਜੀਪਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਲੋੜ ਪੈਣ ਤੇ ਵਰਤੀਆਂ ਜਾ ਸਕਣ । ਹਰ ਇਨਸਪੈਕਟਰ ਦੇ ਸਪੁਰਦ ਜੇਕਰ ਜੀਪ ਹੋਵੇ ਤਾਂ ਇਲਾਕੇ ਦੇ ਪਰਬੰਧ ਲਈ ਪੂਰਾ ਕੰਟਰੋਲ ਕੀਤਾ ਜਾ ਸਕਦਾ ਹੈ । (ਵਿਘਨ) ਇਹ ਕਾਗਰਸ ਦੀ ਜ਼ਿਮੇਵਾਰੀ ਹੈ । ਇਹ ਤਾਂ ਏਥੇ ਹਰ ਕੋਈ ਜਾਣਦਾ ਹੈ ਕਿ ਇਤਨੇ ਅਲਾਉਂਸ ਵਿੱਚ ਇਕ ਘੋੜਾ ਰੱਖਿਆ ਕਿਵੇਂ ਜਾ ਸਕਦਾ ਹੈ । (ਵਿਘਨ) ਸਰਦਾਰ ਉਮਰਾਓ ਸਿੰਘ ਜੀ ਤੁਸੀਂ ਮੇਰੀ ਗੱਲ ਨੂੰ ਜ਼ਰਾ ਧਿਆਨ ਨਾਲ ਸੁਣੋ । ਇਸ ਸੂਬੇ ਦੀ ਇਕ ਰਿਸੋਰਸਿਜ਼ ਐਂਡ ਡੀਟਰੈਂਚਮੈਂਟ ਕਮੇਟੀ ਨੇ ਅਜੇ ਬਣਨਾ ਹੈ । ਉਸਨੇ ਅਜੇ ਸਾਧਨ ਲਭਣੇ ਹਨ ਕਿਵੇਂ ਫਾਲਤੂ ਖਰਚਾਂ ਤੋਂ ਬਚ ਕੇ ਇਸ ਸੂਬੇ ਦੀ ਉਨਤੀ ਕੀਤੀ ਜਾ ਸਕਦੀ ਹੈ । ਸਰਕਾਰ ਨੇ ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਮੰਨ ਲਈਆਂ ਹਨ, ਇਸ ਦੇ ਨਾਲ ਕਰੋੜਾਂ ਰੁਪਏ ਦੇ ਖਰਚ ਵਿੱਚ ਵਾਧਾ ਹੋਇਆ ਹੈ । ਸਾਨੂੰ ਆਮਦਨੀ ਅਤੇ ਖਰਚ ਵਿੱਚ ਬੈਲੇਂਸ ਰੱਖਣ ਲਈ ਇਹ ਜ਼ਰੂਰੀ ਹੈ ਕਿ ਐਸੇ ਸਾਧਨ ਸੋਚੇ ਜਾਣ

Original with;
Punjab Vidhan Sabha
Digitized by;
Panjab Digital Library

We have to do away with the present top-heavy administration. However, it will take sometime to do so owing to the fact that we shall have to provide alternative jobs for the officers and absorb their attached staff as well suitably.

ਸਪੀਕਰ ਸਾਹਿਬ, ਬਹੁਤ ਸਾਰੀਆਂ ਮੱਦਾਂ ਵਿਚ ਇਹ ਗਲ ਕਹੀ ਗਈ ਹੈ ਇਹ ਨਵਾਂ ਖਰਚ ਆਇਆ ਹੈ—ਪੇ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਕਰਕੇ ਜਾਂ ਕਿਸੇ ਹੋਰ ਗਲ ਕਰਕੇ, ਪਰ ਚੂੰਕਿ ਡਿਪਾਰਟਮੈਂਟ ਨੂੰ ਬਚਤ ਹੋ ਗਈ ਹੈ, ਇਸ ਲਈ ਬਹੁਤੇ ਪੈਸੇ ਦੀ ਲੋੜ ਨਹੀਂ। ਮੈਂ ਅਰਜ਼ ਕਰਾਂ ਕਿ ਕੁਝ ਥਾਈਂ ਇਹ ਰਿਪੋਰਟ ਲਾਗੂ ਵੀ ਨਹੀਂ ਹੋਈ।

ਮੈਂ ਬਨਤੀ ਕਰਾਂਗਾ ਕਿ ਇਸ ਵਕਤ ਸਰਕਾਰ ਦੀ ਟਾਪ ਹੈਵੀ ਐਡਮਿਨਿਸਟ੍ਰੇਸ਼ਨ ਹੈ। ਟਾਪ ਹੈਵੀ ਐਡਮਿਨਿਸਟ੍ਰੇਸ਼ਨ ਦਾ ਭਾਵ ਚਪੜਾਸੀ ਤੇ ਕਲਰਕ ਨਹੀਂ ਇਹ ਤਾਂ ਟਾਪ ਮੋਸਟ ਅਫਸਰਾਂ ਦੀ ਗਿਣਤੀ ਹੈ। ਅਤੇ ਇਹ ਗਲ ਮੰਨੀ ਗਈ ਹੈ ਕਿ ਜਿੰਨੀ ਟਾਪ ਹੈਵੀ ਐਡਮਿਨਿਸਟ੍ਰੇਸ਼ਨ ਪੰਜਾਬ ਵਿਚ ਹੈ ਕਿਸੇ ਵੀ ਹੋਰ ਸਟੇਟ ਵਿਚ ਇੰਨੀ ਹੈਵੀ ਨਹੀਂ। ਅਜ ਦੀ ਰੂਲਿੰਗ ਪਾਰਟੀ ਇਹ ਗਲ ਆਪ ਕਹਿੰਦੀ ਰਹੀ ਹੈ ਕਿ ਪੰਜਾਬ ਵਿਚ ਟਾਪ ਹੈਵੀ ਐਡਮਿਨਿਸਟ੍ਰੇਸ਼ਨ ਹੈ ਅਤੇ ਟਾਪ ਤੇ ਹੈਵੀ ਹੈ। ਇਥੇ ਆਪ ਅੰਦਾਜ਼ਾ ਲਗਾਓ ਕਿ ਕਿੰਨੇ ਹੀ ਸੈਕਟਰੀ ਜਾਇੰਟ ਸੈਕਟਰੀ ਅਤੇ ਡਿਪਟੀ ਸੈਕਟਰੀ ਹਨ ਅਤੇ ਕਿੰਨੇ ਹੀ ਰਖੇ ਗਏ ਹਨ। ਇਸ ਦੇ ਨਾਲ ਹੀ ਜੇਕਰ ਕਿਸੇ ਹੋਰ ਅਫ਼ਸਰ ਨੂੰ ਅਕਾਮੋਡੇਟ ਕਰਨਾ ਹੁੰਦਾ ਤਾਂ ਇਨ੍ਹਾਂ ਅਫਸਰਾਂ ਦੇ ਵਿਚਾਲੇ ਹੋਰ ਪੋਸਟਾਂ ਕਰੀਏਟ ਕਰ ਲਈਆਂ ਗਈਆਂ। ਅਤੇ ਨਵੇਂ ਅਫਸਰ ਰੱਖ ਲਏ ਗਏ। ਮੈਂ ਇਹ ਨਹੀਂ ਕਹਿੰਦਾ ਕਿ ਉਨ੍ਹਾਂ ਸਾਰਿਆਂ ਦੀ ਰਿਟ੍ਰੈਂਚਮੈਂਟ ਕਰ ਦਿਤੀ ਜਾਵੇ ਪਰ ਅਜਿਹਾ ਤਰੀਕਾ ਇਸ ਸਰਕਾਰ ਨੂੰ ਅਡਾਪਟ ਕਰਨਾ ਚਾਹੀਦਾ ਹੈ ਕਿ ਇਹ ਟਾਪ ਹੈਵੀ ਐਡਮਿਨਿਸਟ੍ਰੇਸ਼ਨ ਨੂੰ ਕਿਸੇ ਤਰਾਂ ਨਾਲ ਖ਼ਤਮ ਕੀਤਾ ਜਾਵੇ।

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਪੁਲਿਸ ਦੇ ਮਹਿਕਮੇ ਵਿਚ ਹੀ ਵੇਖ ਲਓ ਕਿ ਕਿੰਨੇ ਹੀ ਡੀ. ਐਸ. ਪੀ. ਹਨ ਅਤੇ ਫਿਰ ਹਰ ਜ਼ਿਲੇ ਵਿਚ ਡੀ. ਐਸ. ਪੀ. ਅਤੇ ਐਡੀਸ਼ਨਲ ਡੀ. ਐਸ. ਪੀ. ਲਗੇ ਹੋਏ ਹਨ ਇਨ੍ਹਾਂ ਦੀ ਕੀ ਲੋੜ ਹੈ।

(ਇਕ ਆਵਾਜ਼ : ਇਹ ਤੁਹਾਡੇ ਲਈ ਰਖੇ ਹੋਏ ਹਨ (ਹਾਸਾ)।)

ਮੈਂ ਇਸ ਲਈ ਇਹ ਬੇਨਤੀ ਕਰਾਂਗਾ ਕਿ ਟਾਪ ਹੈਵੀ ਐਡਮਨਿਸਟ੍ਰੇਸ਼ਨ ਨੂੰ ਫੌਰੀ ਤੌਰ ਤੇ ਖਤਮ ਕੀਤਾ ਜਾਵੇ ਅਤੇ ਕਿਸੇ ਸਿਆਸੀ ਜਾਂ ਹੋਰ ਪ੍ਰੈਸ਼ਰ ਥੱਲੇ ਆ ਕੇ ਕਿਸੇ ਨੂੰ ਐਕਾਮੋਡੇਟ ਕਰਨ ਲਈ ਉਪਰ ਦੀਆਂ ਪੋਸਟਾਂ ਨਾ ਕਰੀਏਟ ਕੀਤੀਆਂ ਜਾਣ ਅਤੇ ਨਾ ਹੀ ਨਵੇਂ ਅਹੁਦੇ ਦਿਤੇ ਜਾਣ। ਜੇਕਰ ਇਸ ਪਾਸੇ ਦਾ ਹੱਲ ਨਾ ਲੱਭਿਆ ਗਿਆ ਤਾਂ ਇਹ ਮਸਲਾ ਇਸੇ ਤਰਾਂ ਹੀ ਰਹੇਗਾ।

ਭਾਖੜੇ ਬਾਰੇ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਸਪਲੀਮੈਂਟ੍ਰੀ ਬਜਟ ਵਿਚ ਦੋ ਮੱਦਾਂ ਦਿਤੀਆਂ ਗਈਆਂ ਹਨ। ਭਾਖੜੇ ਬਾਰੇ ਹਰਿਆਣੇ ਨਾਲ ਮਤ ਭੇਦ ਸੀ। ਡਿਪਟੀ ਸਪੀਕਰ ਸਾਹਿਬ ਮੈਂ ਕੋਈ ਗਲ ਦੁਹਰਾਉਣਾ ਨਹੀਂ ਚਾਹੁੰਦਾ ਜੋ ਮੈਂ ਪਹਿਲੀ ਵੇਰ ਕਹੀਆਂ ਸਨ ਪਰ ਮੈਂ ਇਹ ਕਹਾਂਗਾ ਕਿ ਇਥੇ ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਕਿਹਾ ਗਿਆ ਕਿ ਮੈਂ ਕਿਸੇ ਹੋਰ ਦੀ ਵਕਾਲਤ ਕਰਦਾ ਹਾਂ ਅਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਉਨ੍ਹਾਂ ਆਪਣੇ ਬਾਰੇ ਕਿਹਾ ਕਿ ਉਹ ਪੰਜਾਬ ਦੇ ਹੀ ਵਕੀਲ ਹਨ। ਮੈਨੂੰ ਇਹ ਸੁਣ ਕੇ ਦੁਖ ਹੋਇਆ ਕਿ ਆਪਣੇ ਆਪ ਨੂੰ ਨੇਸ਼ਨਲਿਜ਼ਮ ਦੇ ਇਲੰਮਬਰਦਾਰ ਸਮਝਦੇ ਹਨ ਅਤੇ ਲੀਡਰ ਆਪੋਜ਼ੀਸ਼ਨ ਦੇ ਹੋ ਕੇ ਵੀ ਉਹ ਆਪਣੇ ਆਪਣੇ ਇਲਾਕਾਈ ਖੇਤਰ ਨੂੰ ਵੇਖਦੇ ਹਨ। ਉਹ ਆਪਣਾ ਇਲਾਕਾ ਪੰਜਾਬ ਸਮਝਦੇ ਹਨ ਅਤੇ ਸਾਰੇ ਦੇਸ਼ ਨੂੰ ਨਹੀਂ ਵੇਖਦੇ। ਅਤੇ ਫਿਰ ਡਾਂਗ ਸਾਹਿਬ ਉਨ੍ਹਾਂ ਨੂੰ ਕਿਸੇ ਦੂਜੇ ਸੂਬੇ ਲਈ ਵਕਾਲਤ ਕਰਦਾ ਵਿਖਾਈ ਦਿੰਦਾ ਹੈ। ਮੈਂ ਤਾਂ ਗਲ ਸਹੀ ਦਸਣੀ ਹੈ ਭਾਵੇਂ ਹਰਿਆਣਾ ਹੋਵੇ ਤੇ ਭਾਵੇਂ ਹਿਮਾਚਲ ਹੋਵੇ। ਮੈਨੂੰ ਭਾਵੇਂ ਉਹ ਪੰਜਾਬ ਦਾ ਵਕੀਲ ਨਹੀਂ ਸਮਝਦੇ ਪਰ ਮੈਂ ਉਨ੍ਹਾਂ ਨੂੰ ਪੁਛਦਾ ਹਾਂ ਕਿ ਮਹਾਰਾਸ਼ਟਰ ਵਿਚ ਕੀ ਕੁਝ ਨਹੀਂ ਹੋਇਆ। ਸ਼ਿਵ ਸੈਨਾ ਨੇ ਕੀ ਕੁਝ ਕੀਤਾ। ਮੰਗ ਇਹ ਸੀ ਕਿ ਮਹਾਰਾਸ਼ਟਰ ਵਾਲੇ ਕਹਿੰਦੇ ਸਨ ਕਿ ਜੋ ਪਿੰਡ ਬਾਰਡਰ ਤੇ ਹਨ ਉਹ ਮਹਾਰਾਸ਼ਟਰ ਦਾ ਭਾਗ ਬਣਨ ਤੇ ਮਾਇਸੋਰ ਵਾਲੇ ਕਹਿੰਦੇ ਸਨ ਕਿ ਇਹ ਉਨ੍ਹਾਂ ਦਾ ਹਿੱਸਾ ਬਣ ਜਾਣ। ਮਾਇਸੋਰ ਦੇ ਲੋਕਾਂ ਨੂੰ ਉਭਾਰਿਆ ਗਿਆ ਅਤੇ ਇਸ ਦਾ ਸਿਟਾ ਕੀ ਨਿਕਲਿਆ। ਤੁਸੀਂ ਸਭ ਜਾਣਦੇ ਹੋ ਬੰਬਈ ਵਿਚ ਕੀ ਹੋਇਆ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਕਿਸੇ ਬਾਰੇ ਕਹਿਣਾ ਕਿ ਉਹ ਕਿਸੇ ਦੂਜੇ ਸੂਬੇ ਦੀ ਵਕਾਲਤ ਕਰਦਾ ਹੈ, ਠੀਕ ਨਹੀਂ ਹੁੰਦਾ ਭਾਵੇਂ ਕੋਈ ਇਸ ਪਾਸੇ ਬੈਠਾ ਹੋਵੇ ਜਾਂ ਉਸ ਪਾਸੇ ਇਸ ਤਰ੍ਹਾਂ ਸੋਚਣਾ ਠੀਕ ਨਹੀਂ।

ਇਥੇ ਪੰਜਾਬੀ ਦਾ ਸਵਾਲ ਨਹੀਂ ਨਾ ਹੀ ਪੰਜਾਬ ਦਾ ਸਵਾਲ ਹੈ। ਤੁਹਾਡੇ ਦ੍ਰਿਸ਼ਟੀਕੋਣ ਦਾ ਸਵਾਲ ਹੈ। ਮੈਨੂੰ ਹਰਿਆਣੇ ਦਾ ਵਕੀਲ ਸਮਝਣ ਵਾਲੇ ਆਪ ਕੀ ਕਰ ਰਹੇ ਹਨ ਅਤੇ ਆਪ ਹੀ ਇਕ ਪ੍ਰਾਂਤ ਦੇ ਲੋਕਾਂ ਨੂੰ ਦੂਜੇ ਪ੍ਰਾਂਤ ਦੇ ਲੋਕਾਂ ਵਿਰੁਧ ਉਭਾਰ ਰਹੇ ਹਨ। ਉਨ੍ਹਾਂ ਦਾ ਕੌਮੀਅਤ ਅਤੇ ਨੇਸ਼ਨ-ਲਿਜ਼ਮ ਦਾ ਵਿਚਾਰ ਕਿਥੇ ਗਿਆ। ਫਿਰ ਚੰਡੀਗੜ੍ਹ ਬਾਰੇ ਦੂਜੇ ਪਾਸੇ ਇਨ੍ਹਾਂ ਦੀ ਪਾਰਟੀ ਦੀਆਂ ਬਰਾਂਚਾਂ ਹਰਿਆਣੇ ਵਿਚ ਵੀ ਹਨ। ਜ਼ਰਾ ਉਨ੍ਹਾਂ ਦੀ ਮੰਗ ਵੇਖੋ ਉਹ ਕੀ ਮੰਗ ਰਹੀਆਂ ਹਨ। ਬਿਲਕੁਲ ਇਨ੍ਹਾਂ ਦੀ ਮੰਗ ਦੇ ਉਲਟ ਕੋਈ ਇਕ ਸਟੈਂਡ ਹੀ ਨਹੀਂ। ਸਾਡੀ ਪਾਰਟੀ ਦੀ ਮੰਗ ਸਾਫ ਹੈ ਕਿ ਜੋ ਹਰਿਆਣੇ ਵਿਚ ਪੰਜਾਬੀ ਬੋਲਦੇ ਇਲਾਕੇ ਹਨ ਅਤੇ ਚੰਡੀਗੜ੍ਹ ਦਾ ਇਲਾਕਾ ਹੈ, ਉਹ ਪਜਾਬ ਵਿਚ ਸ਼ਾਮਲ ਕੀਤੇ ਜਾਣ (ਪ੍ਰਸ਼ੰਸਾ) ਅਤੇ ਜੋ ਪਿੰਡ ਹਰਿਆਣੇ ਦੇ ਇਧਰ ਹਨ ਉਹ ਉਨ੍ਹਾਂ ਨੂੰ ਦਿਤੇ ਜਾਣ। ਇਸ ਵਿਚ ਕਿਸੇ ਇਕ ਹਿਸੇ ਦੀ ਵਕਾਲਤ ਦਾ ਸਵਾਲ ਨਹੀਂ। ਜੇਕਰ ਹਿੰਦੀ ਬੋਲਦੇ ਇਲਾਕੇ ਜੋ ਮੌਜੂਦਾ ਪੰਜਾਬ ਵਿਚ ਹਨ ਚਾਹੁਣ ਤਾਂ ਹਰਿਆਣੇ ਵਿਚ ਸ਼ਾਮਲ ਕੀਤੇ ਜਾਣ ਇਸ ਤੇ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ।

ਇਸੇ ਤਰ੍ਹਾਂ ਭਾਖੜੇ ਦੇ ਬਾਰੇ ਦੋ ਮੰਗਾਂ ਹਨ। ਇਹ ਪ੍ਰੋਜੈਕਟ ਸਾਰਾ ਹੀ ਹਿਮਾਚਲ ਦੀ ਜ਼ਮੀਨ ਤੇ ਹੈ। ਜੇਕਰ ਇਸ ਦਾ ਪ੍ਰਬੰਧ ਕਿਸੇ ਵਲੋਂ ਨਾ ਕੀਤਾ ਗਿਆ ਤਾਂ ਸਿਲਟ ਹੋ ਜਾਵੇਗੀ। ਕਨਜ਼ਰਵੇਸ਼ਨ ਕੀਤੀ ਜਾਣੀ ਜ਼ਰੂਰੀ ਹੈ। ਦੂਜੇ ਪਾਸੇ ਭਾਖੜਾ ਦਾ ਕਰਜ਼ਾ ਅਸੀਂ ਵੀ ਲਾਹ ਰਹੇ ਹਾਂ, ਅਤੇ ਹਰਿਆਣਾ ਵੀ। ਸੈਂਟਰ ਦੀ ਸਰਕਾਰ ਨੇ ਸੂਦ ਦੀ ਕੈਪੀਟਲਾਈਜ਼ੇਸ਼ਨ ਨਹੀਂ ਮੰਨੀ। ਇਹ ਗੱਲਾਂ ਆਪਸ ਵਿਚ ਨਿਪਟਾਉਣ ਵਾਲੀਆਂ ਹਨ। ਹਿਮਾਚਲ ਨਾਲ ਵੀ ਗੱਲ ਕਰਨੀ ਪੈਣੀ ਹੈ। ਕਿਉਂਕਿ ਧਰਤੀ ਉਸ ਇਲਾਕੇ ਦੀ ਹੈ ਫਿਰ ਪੌਂਗ ਡੈਮ ਦਾ ਪ੍ਰੋਜੈਕਟ ਜੋ ਤਿਆਰ ਕੀਤਾ ਜਾ ਰਿਹਾ ਹੈ ਇਹ ਵੀ ਭਾਖੜੇ ਦੇ ਨਾਲ ਹੀ ਲਿੰਕ ਹੋ ਜਾਣਾ ਹੈ ਅਤੇ ਹਿਮਾਚਲ ਦਾ ਹੀ ਹਿੱਸਾ ਰਹੇਗਾ, ਪਰ ਇਥੇ ਇਨ੍ਹਾਂ ਨੂੰ ਇਸ ਭਾਖੜਾ ਕੰਪਲੈਕਸ ਦਾ ਫਿਕਰ ਨਹੀਂ, ਇਨ੍ਹਾਂ ਨੂੰ ਤਾਂ ਆਪਣੇ ਆਪਣੇ ਸੂਬੇ ਦਾ ਫਿਕਰ ਹੈ। ਆਲ ਇੰਡੀਆ ਪੱਧਰ ਤੇ ਇਨ੍ਹਾਂ ਦੀਆਂ ਬਰਾਚਾਂ ਹਨ ਪਰ ਸੋਚ ਸ਼ਕਤੀ ਕਿੰਨੀ ਛੋਟੀ ਤੇ ਤੰਗ ਹੈ। ਅਤੇ ਇਹ ਆਪ ਹੀ ਹਿੰਦੁਸਤਾਨ ਦੀ ਏਕਤਾ ਦਾ ਬੇੜਾ ਗਰਕ ਕਰਨ ਤੇ ਤੁਲੇ ਹੋਏ ਹਨ।

Original with;
Punjab Vidhan Sabha
Digitized by;
Panjab Digital Library

ਜਿਨ੍ਹਾਂ ਨਾਲ ਆਮਦਨ ਵੀ ਹੋਵੇ । ਇੱਸ ਗੱਲ ਨੂੰ ਮੁਖ ਰਖਦੇ ਹੋਏ ਇਕ ਮਤਾ ਕੌਂਸਲ ਦੇ ਖਤਮ ਕਰਨ ਦਾ ਸਰਦਾਰ ਗੁਰਨਾਮ ਸਿੰਘ ਵੱਲੋਂ ਹੀ ਲਿਆਂਦਾ ਜਾ ਰਿਹਾ ਹੈ ਤਾਂ ਜੋ ਇਹ ਸਫੈਦ ਹਾਥੀ ਖਤਮ ਕਰਕੇ ਇਹ ਪੈਸਾ ਲੋਕਾਂ ਦੇ ਭਲੇ ਤੇ ਲਾਇਆ ਜਾਵੇ । ਮੈਂ ਇਸ ਹਾਊਸ ਦੇ ਪਰੋਗਰੈਸਿਵ ਮੈਂਬਰਜ਼ ਤੋਂ ਇਹ ਉਮੀਦ ਕਰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਅਤੇ ਕੈਪਟਨ ਰਤਨ ਸਿੰਘ ਤੇ ਹੋਰ ਬਹੁਤ ਸਾਰੇ ਸਾਥੀ ਇਸ ਮਤੇ ਦੀ ਹਮਾਇਤ ਕਰਨਗੇ । ਹਰ ਇਕ ਨੂੰ ਆਪਣੀ ਵੋਟ ਦੇਣ ਦੀ ਖੁਲ੍ਹ ਹੋਣੀ ਚਾਹੀਦੀ ਹੈ । ਕੋਈ ਪਾਰਟੀ ਵਿਪ ਲਾਗੂ ਹੋਣ ਦੇਣਾ ਹੀ ਨਹੀਂ ਚਾਹੀਦਾ । (ਵਿਘਨ) ਮੈਂ ਸ਼੍ਰੀ ਪਾਂਡੇ ਜੀ ਨੂੰ ਕਹਾਂਗਾ ਕਿ ਜਿਹੜੀ ਡਿਊਟੀ ਉਨ੍ਹਾਂ ਦੀ ਹਰ ਚੰਗੀ ਗੱਲ ਤੇ ਵਿਘਨ ਤੇ ਰੌਲਾ ਕਰਨ ਦੀ ਉਨ੍ਹਾਂ ਨੇ ਲਈ ਹੈ ਉਹ ਛੱਡ ਕੇ ਆਪਣਾ ਵਕਤ ਕਿਸੇ ਕਨਟ੍ਰੈਕਟਿਵ ਨੁਕਤਾ-ਚੀਨੀ ਤੇ ਲਾਉਣ । ਸਰਦਾਰ ਉਮਰਾਓ ਸਿੰਘ ਜੀ, ਪਾਰਟੀ ਦੇ ਐਲ. ਆਰ ਹਨ, ਉਨ੍ਹਾਂ ਨੂੰ ਐਸੇ ਮੈਂਬਰਜ਼ ਨੂੰ ਚੁੱਪ ਰੱਖਣਾ ਚਾਹੀਦਾ ਹੈ । ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਇਸ ਸਪਲੀਮੈਂਟਰੀ ਡੀਮਾਂਡ ਦੇ ਸਫਾ 15 ਦੇ ਪੈਰਾ (4) ਵਿੱਚ ਲਿਖਿਆ ਹੈ ਕਿ Grant in aid to Guru Nanak Foundation and the Panjabi University, Patiala in connection with quin-centenery celebrations of Shri Guru Nanak Dev Ji Rs. 13,00,000/- ਮੈਂ ਆਪਦੇ ਰਾਹੀਂ ਸਰਕਾਰ ਨੂੰ ਇਸ ਖਰਚ ਦੇ ਸਬੰਧ ਵਿੱਚ ਬੇਨਤੀ ਕਰਾਂਗਾ ਕਿ ਸੈਲੀਬਰੇਸ਼ਨ ਦੇ ਮੌਕੇ ਲੋਕਲ ਜੱਥੇ-ਬੰਦੀਆਂ, ਪੁਲੀਟੀਕਲ ਆਰਗੇਨਾਈਜ਼ੇਸ਼ਨਜ਼ ਕੀ ਹਿੰਦੂ, ਕੀ ਸਿੱਖ ਅਤੇ ਕੀ ਮੁਸਲਮਾਨ ਸਭ ਦੀ ਨਮਾਇੰਦਗੀ ਹੋਵੇ ਜਿਥੇ ਗੁਰੂ ਨਾਨਕ ਪਾਤਸ਼ਾਹ ਦੀ ਸਿਫਤ ਦੇ ਸਬੰਧ ਵਿੱਚ ਦੀਵਾਨ ਸਜਣ, ਸੈਮੀਨਾਰਜ਼ ਹੋਣ ਅਤੇ ਉਨ੍ਹਾਂ ਦੀ ਟੀਚਿੰਗ ਦਾ ਪ੍ਰਚਾਰ ਹੋਵੇ । ਉਹ ਸਭ ਦੇ ਸਾਂਝੇ ਗੁਰੂ ਨਾਨਕ ਪਾਤਸ਼ਾਹ ਦੀ 500 ਸਾਲਾ ਸ਼ਤਾਬਦੀ ਅਸੀਂ ਮਨਾਉਣ ਜਾ ਰਹੇ ਹਾਂ ਜਿਨ੍ਹਾਂ ਨੇ 32 ਵਰ੍ਹੇ ਪੈਦਲ ਚਲ ਕੇ, ਮੱਕੇ, ਮਦੀਨੇ, ਬਰਮਾ-ਲੰਕਾ, ਕਾਂਸ਼ੀ ਆਦਿ ਵਿੱਚ ਆਪਣੀ ਸਾਂਝੀ ਅਤੇ ਸਾਦੀ ਸਿਖਿਆ ਦੇ ਆਧਾਰ ਤੇ ਲੋਕਾਂ ਦੇ ਮਨਾਂ ਨੂੰ ਜਿਤਿਆ ਸੀ । ਇਥੋਂ ਤਕ ਕਿ ਇਕ ਉਰਦੂ ਦੇ ਸ਼ਾਇਰ ਨੇ ਇਨਾਂ ਦੇ ਮੁਤਾਲਿਕ ਇਹ ਲਿਖਿਆ ਸੀ ਕੀ "ਫਿਰ ਸਦਾ ਤੌਹੀਦ ਕੀ ਆਖਰ ਉਠੀ ਪੰਜਾਬ ਸੇ, ਪੰਜਾਬ ਕੋ ਇਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ" । ਉਸ ਮਰਦੇ ਕਾਮਲ ਨੇ ਜਿਸ ਨੇ ਏਕਤਾ ਦਾ ਸਬਕ ਦਿੱਤਾ ਇਸ ਸੰਸਾਰ ਨੂੰ ਉਸਦੀ ਸ਼ਤਾਬਦੀ ਮਨਾਉਣ ਲਈ ਇਸ ਸਰਕਾਰ ਨੇ 12,00,000/-ਰੁਪਿਆ ਰੱਖਿਆ ਹੈ, ਮੈਂ ਸਮਝਦਾਂ ਹਾਂ ਕਿ ਸਰਕਾਰ ਵਧਾਈ ਦੀ ਪਾਤਰ ਹੈ, ਹੁਣ ਇਨ੍ਹਾਂ ਨੂੰ ਪਰੋਫੈਸਰਜ਼, ਪ੍ਰਿੰਸੀਪਲਜ਼, ਐਜੂਕੇਸ਼ਨਿਸਟ ਦੀ ਅਤੇ ਲਿਟਰਰੇਰੀ ਲੋਕਾਂ ਦੀ ਇਕ ਸਰਬ ਸਾਂਝੀ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਹਰ ਅਦਾਰੇ ਵਿੱਚ ਪਹੁੰਚ ਕਰੇ, ਪ੍ਰੈਜ਼ੀਡੈਂਟ ਇੰਡੀਆ, ਨੂੰ ਅਪਰੋਚ ਕਰੇ, ਪਰਧਾਨ ਮੰਤ੍ਰੀ ਨੂੰ ਮਿਲੇ ਕਿ ਉਹ ਕਿਵੇਂ ਇਹ ਸਾਂਝੇ ਮਿਸ਼ਨ ਦੇ ਪ੍ਰਚਾਰ ਵਿੱਚ ਸਹਾਈ ਹੋ ਸਕਦੇ ਹਨ । ਇਹ ਓਹ ਬਾਣੀ ਦੇ ਬਾਨੀ ਹਨ, ਜਿਸ ਨੂੰ ਅਸੀਂ ਰੋਜ਼ ਕਹਿੰਦੇ ਹਾਂ "ਅਵਲ ਅਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ, ਏਕ ਨੂਰ ਤੋਂ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ" । ਜਿਸ ਵੇਲੇ ਇਸਤ੍ਰੀ ਜਾਤੀ ਨੂੰ ਪੈਰ ਦੀ ਜੁੱਤੀ ਸਮਝ ਕੇ, ਨਾਰੀ ਤੇ ਇਹ ਫਤਵਾ ਸੀ ਕਿ ਇਹ ਤਾੜਨ ਦੀ ਅਧਿਕਾਰੀ ਹੈ ਉਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ "ਸੋ ਕਿਉਂ ਮੰਦਾ ਆਖੀਏ ਜਿਤ ਜਾਮੇ ਰਾਜਾਨ" । ਫੇਰ ਗਰੀਬ ਨਿਵਾਜਤਾ ਦਾ ਇਤਨਾ ਉੱਚਾ ਉਪਦੇਸ਼ ਦਿੱਤਾ ਕਿ "ਨੀਚਾਂ ਅੰਦਰ ਨੀਚ ਜਾਤ ਨਾਨਕ ਤਿਨ ਕੇ ਸੰਗ ਸਾਥ" ਕਹਿਕੇ ਸਭ ਤੋਂ ਉੱਚਾ ਚੁਕਿਆ । ਮੈਂ ਅਰਜ਼ ਕਰਾਂਗਾ ਕਿ ਇਕ ਇੰਟਰਨੈਸ਼ਨਲ ਧਰਮ ਦੇ ਬਾਨੀ ਸ੍ਰੀ ਗੁਰ ਨਾਨਕ ਦੇਵ ਜੀ ਦੀ 5 ਸੌ ਸਾਲਾ ਸ਼ਤਾਬਦੀ ਨੂੰ ਮਨਾਉਣ ਲਈ ਸਭ ਨੂੰ ਮਿਲਕੇ ਪੂਰਾ ਉਪਰਾਲਾ ਤੇ ਉਦੱਮ ਕਰਨਾ ਚਾਹੀਦਾ ਹੈ ਕਿ ਕਿਵੇਂ ਇਹ ਮਹਾਨ ਉਤਸਵ ਮਨਾਇਆ ਜਾਵੇ । ਅਸੀਂ ਪੁਰਾਣੀ ਨਾ-ਸਹਿਨ ਅਤੇ ਕੁਰਪਟ ਸਰਕਾਰ ਦੀ ਇਸ ਗੱਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਮੀਤ ਸਿੰਘ]

ਲਈ ਵੀ ਨਿੰਦਾ ਕਰਦੇ ਹਾਂ ਕਿ ਉਨ੍ਹਾਂ ਨੇ ਇਤਨੇ ਮਹਾਨ ਕਾਰਜ ਲਈ ਇਕ ਸਾਲ ਪਹਿਲਾਂ ਤੋਂ ਕੋਈ ਪੈਸਾ ਇਕੱਠਾ ਕਰਨ ਅਤੇ ਇਸ ਮਹਾਨ ਕਾਰਜ ਨੂੰ ਸਫਲ ਬਣਾਉਣ ਦਾ ਕੋਈ ਉਦਮ ਨਾ ਕੀਤਾ। ਕੋਈ ਕਮੇਟੀ ਨਾ ਬਣਾਈ, ਨਾ ਕੋਈ ਅੱਗੇ ਲਈ ਸੋਚਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਗੁਰਮਖਾਂ ਨੂੰ ਜਨਤਾ ਨੇ ਚੋਣਾਂ ਵਿੱਚ ਐਸਾ ਪ੍ਰਸ਼ਾਦ ਛਕਾਇਆ ਕਿ ਮੁੜ ਇਸ ਅਸੈਂਬਲੀ ਅਤੇ ਸਰਕਾਰ ਦੀ ਕੁਰਸੀ ਸੰਭਾਲਣ ਦੇ ਯੋਗ ਹੀ ਨਾ ਰਹੇ। ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਤੁਸੀਂ ਸਾਰੇ ਰਲ ਕੇ ਇਸ ਖਰਚ ਦੀ ਮੰਗ ਨੂੰ ਪ੍ਰਵਾਨ ਕਰੋਗੇ ਅਤੇ ਸਾਰੇ ਰਲ ਕੇ ਇਕ ਕੰਪਰੀਹੈਂਸਿਵ ਸੈਲੀਬਰੇਸ਼ਨ ਕਮੇਟੀ ਬਣਾਉਗੇ ਕਿ ਕਿਵੇਂ ਨੇਕ ਕੰਮਾਂ ਤੇ ਇਸ ਪੈਸੇ ਨੂੰ ਖਰਚ ਕੀਤਾ ਜਾਵੇ।

ਡਿਮਾਂਡ ਨੰ: 13 ਦੇ ਸਬੰਧ ਵਿੱਚ ਮੈਂ ਅਰਜ਼ ਕਰਾਂਗਾ ਕਿ ਪਿਛਲੀ ਸਰਕਾਰ ਵੇਲੇ ਜਿਸ ਵਿੱਚ ਕਿ ਟੰਡਨ ਜੀ ਜਿਹੜੇ ਕਿ ਹੁਣ ਵੀ ਏਥੇ ਮੌਜੂਦ ਹਨ ਇਹ ਫ਼ੈਸਲਾ ਕੀਤਾ ਸੀ ਕਿ ਹੁਣ ਭਾਖੜਾ ਪਰਾਜੈਕਟ ਨੂੰ ਮੇਨਟੇਨ ਕਰਨ ਵਿੱਚ ਪੰਜਾਬ ਅਤੇ ਹਰਿਆਣੇ ਦੀਆਂ ਦੋਵੇਂ ਸਰਕਾਰਾਂ 60 : 40 ਦੀ ਰੇਸ਼ੋ ਨਾਲ ਖਰਚੇ ਬਰਦਾਸ਼ਤ ਕਰਨਗੀਆਂ ਪਰ ਇਸ ਸਟੇਟ ਨਾਲ ਡਿਸਕ੍ਰਿਮੀਨੇਟਰੀ ਸਲੂਕ ਕੀਤਾ ਗਿਆ। ਸੈਂਟਰ ਨੂੰ ਹਰਿਆਣੇ ਨੇ ਕਰਜ਼ੇ ਦੀ ਕਿਸ਼ਤ ਦੇਣਾ ਅਜੇ ਤੱਕ ਨਹੀਂ ਮੰਨਿਆ ਅਤੇ ਉਹ ਪੈਸਾ ਆਪਣੀ ਸਟੇਟ ਦੀ ਡੀਵੈਲਪਮੈਂਟ ਤੇ ਲਾ ਰਹੇ ਹਨ। ਸਾਨੂੰ ਭੀ ਕਿਸ਼ਤ ਬੰਦ ਕਰਕੇ ਤਰੱਕੀ ਦੇ ਕੰਮਾਂ ਤੇ ਲਾਉਣਾ ਚਾਹੀਦਾ ਹੈ।

ਮੈਂ ਟੰਡਨ ਸਾਹਿਬ ਨੂੰ ਕਹਾਂਗਾ ਕਿ ਉਹ ਸੈਂਟਰਲ ਸਰਕਾਰ ਨੂੰ ਪਰੈਸ ਕਰਨ, ਕਨਵਿੰਸ ਕਰਨ ਕਿ ਉਹ ਸਾਡੇ ਕੋਲੋਂ ਮੂਲ ਨਾ ਲੈਣ ਸਗੋਂ ਸੂਦ ਅਤੇ ਮੇਂਨਟੀਨੈਂਸ ਲਈ ਜਾਣ। ਇਹ ਤਾਂ ਸਪੀਕਰ ਸਾਹਿਬ "ਘਰ ਬਾਹਰ ਤੇਰਾ ਪਰ ਕੋਠੀ ਹਥ ਨਾ ਲਾਈਂ" ਵਾਲੀ ਗਲ ਹੈ। ਕਿਰਾਏਦਾਰਾਂ ਦੇ ਕੁਛ ਹਕੂਕ ਹੁੰਦੇ ਹਨ ਪਰ ਸਾਡਾ ਚੰਡੀਗੜ੍ਹ ਵਿਚ ਕੋਈ ਹਕ ਨਹੀਂ। ਭਾਖੜਾ ਸੈਂਟਰ ਦਾ, ਪ੍ਰਬੰਧ ਸੈਂਟਰ ਦਾ, ਪਰ ਪੈਸਾ ਪੰਜਾਬ ਦਾ ਲਗ ਰਿਹਾ ਹੈ। ਉਹ ਪੈਸਾ ਦੇਰ ਨਾਲ ਦੇਕੇ ਉਹ ਪੰਜਾਬ ਦੀ ਤਰਕੀ ਲਈ ਲਾਉਣਾ ਚਾਹੀਦਾ ਹੈ। ਪਾਣੀ ਸਭ ਤੋਂ ਜ਼ਿਆਦਾ ਰਾਜਿਸਥਾਨ ਲੈ ਜਾਂਦਾ ਹੈ ਦੂਸਰੇ ਨੰਬਰ ਤੇ ਹਰਿਆਣਾ ਪਾਣੀ ਲੈ ਜਾਂਦਾ ਹੈ। ਪੰਜਾਬ ਦੀ ਵਾਰੀ ਤੀਸਰੇ ਨੰਬਰ ਤੇ ਆਉਂਦੀ ਹੈ। ਇਥੋਂ ਦੀਆਂ ਫਸਲਾਂ ਨੂੰ ਦੋ ਜਾਂ ਤਿੰਨ ਤਿੰਨ ਵਾਰ ਮਸਾਂ ਪਾਣੀ ਮਿਲਦਾ ਹੈ। ਪਾਣੀ ਦਾ ਇਹ ਧੱਕਾ ਬਾਹਲਾ ਚਿਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੈਂ ਸਰਦਾਰ ਉਮਰਾਓ ਸਿੰਘ ਨੂੰ ਵੀ ਕਹਾਂਗਾ ਕਿ ਉਹ ਵੀ ਸਾਡੇ ਨਾਲ ਮਿਲਣ। ਹੋ ਸਕਦਾ ਹੈ ਕਿ ਅਸੀਂ ਐਜੀਟੇਸ਼ਨ ਸ਼ੁਰੂ ਕਰੀਏ। ਅਕਾਲੀ ਦਲ ਸ਼ਹੀਦਾਂ ਦੀ ਜਥੇਬੰਦੀ ਹੈ। ਅਗੇ ਇਸ ਨੇ ਅੰਗਰੇਜ਼ਾਂ ਨਾਲ ਟਕਰ ਲਈ ਸੀ। ਹੋ ਸਕਦਾ ਹੈ ਕਿ ਹੁਣ ਦਿੱਲੀ ਦੀ ਸਰਕਾਰ ਨਾਲ ਲੜਨਾ ਪਏ ਮੈਨੂੰ ਉਮੀਦ ਹੈ ਕਿ ਸਰਦਾਰ ਉਮਰਾਓ ਸਿੰਘ ਸਾਡੇ ਨਾਲ ਹੋਣਗੇ। ਉਹ ਬਾਹਰ ਨਹੀਂ ਰਹਿਣਗੇ।

ਫਿਰ ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰਬਰ 14 ਹੈ। ਇਸ ਵਿਚ ਫਿਰੋਜ਼ਪੁਰ ਵਿਚ ਕੰਸਟ੍ਰਕਸ਼ਨ ਆਫ਼ ਸਟ੍ਰੈਟੇਜਿਕ ਰੋਡਜ਼ (ਬਾਰਡਰ ਰੋਡਜ਼) ਲਈ 69 ਲੱਖ 86 ਹਜ਼ਾਰ ਰੁਪਿਆ ਰਖਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਪਾਕਿਸਤਾਨ ਆਪਣੇ ਬਾਰਡਰ ਤੇ ਬੜੀ ਕੰਸਟ੍ਰਕਸ਼ਨ ਕਰ ਰਿਹਾ ਹੈ। ਕਿਤੇ ਇਛੋਗਿਲ ਨਹਿਰ ਬਣਾ ਰਿਹਾ ਹੈ ਕਿਤੇ ਬਾਰਡਰ ਰੋਡਜ਼ ਬਣਾ ਰਿਹਾ ਹੈ ਪਰ ਸਾਡੇ ਪਾਸੇ ਬਹੁਤਾ ਕੁਝ ਨਹੀਂ ਹੋ ਰਿਹਾ। ਇਹ ਇਕ ਕਰੀਮੀਨਲ ਐਕਟ ਹੈ ਇਸ ਪਾਸੇ ਤੋਂ ਲਾਪਰਵਾਹੀ ਵਰਤਣੀ ਨਹੀਂ ਚਾਹੀਦੀ।

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਦੋ ਤਿੰਨ ਮਿੰਟਾਂ ਵਿਚ ਖਤਮ ਕਰ ਦਿਓ। (Please wind

Original with;
Punjab Vidhan Sabha
Digitized by;
Panjab Digital Library

up within two or three minutes.)

**ਸਰਦਾਰ ਗੁਰਮੀਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਰਡਰ ਦੇ ਇਲਾਕੇ ਵਿਚ ਕਿਸੇ ਕਿਸਮ ਦੀ ਢਿੱਲ ਨਹੀਂ ਕੀਤੀ ਜਾਣੀ ਚਾਹੀਦੀ। ਸਰਕਾਰ ਨੂੰ ਇਥੇ ਕਾਬਲ ਅਫ਼ਸਰ ਲਾਕੇ ਇਸ ਦਾ ਛੇਤੀ ਤੋਂ ਛੇਤੀ ਪ੍ਰਬੰਧ ਕਰਣਾ ਚਾਹੀਦਾ ਹੈ ।

ਲਾਸਟ ਪੁਆਇੰਟ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਡਿਮਾਂਡ ਨੰ: 24 ਹੈ ਜਿਸ ਵਿਚ 2 ਲੱਖ 67 ਹਜ਼ਾਰ ਰੁਪਿਆ ਰਖਿਆ ਗਿਆ ਹੈ ਰੀਗਾਰਡਿੰਗ ਐਸਟੈਬਲਿਸ਼ਮੈਂਟ ਆਫ਼ ਫਾਰਮਰਜ਼ ਟਰੇਨਿੰਗ ਸੈਂਟਰ ਐਟ ਖਾਲਸਾ ਕਾਲਜ ਅੰਮ੍ਰਿਤਸਰ ਲਈ। ਡਿਪਟੀ ਸਪੀਕਰ ਸਾਹਿਬ ਇਸ ਗੱਲ ਉਤੇ ਮੈਂ ਗੌਰਮਿੰਟ ਨੂੰ ਵਧਾਈ ਦਿੰਦਾ ਹਾਂ। ਜਦੋਂ ਪਲਾਨਿੰਗ-ਕਮਿਸ਼ਨ ਖੇਤੀ ਪੈਨਲ ਦੇ ਚੇਅਰਮੈਨ ਸ੍ਰੀ ਮਨ ਨਰਾਇਣ ਹੁੰਦੇ ਸਨ ਤਾਂ ਅਸੀਂ ਬੜਾ ਜ਼ੋਰ ਲਾਇਆ ਸੀ ਕਿ ਇਸ ਤਰ੍ਹਾਂ ਦੇ ਸਕੂਲ ਖੋਲ੍ਹੇ ਜਾਣ ਡੈਨਮਾਰਕ ਦੇ ਪੈਟਰਨ ਤੇ। ਪਰ ਉਦੋਂ ਕਿਸੇ ਨੇ ਇਸ ਪਾਸੇ ਧਿਆਨ ਨਾ ਦਿੱਤਾ।

**ਕੈਪਟਨ ਰਤਨ ਸਿੰਘ** : ਹੁਣ ਇਹ ਸਕੀਮ ਕਿਸ ਦੀ ਹੈ ਪੰਜਾਬ ਗੌਰਮਿੰਟ ਦੀ ਜਾਂ ਸੈਂਟਰ ਗੌਰਮਿੰਟ ਦੀ।

**ਸਰਦਾਰ ਗੁਰਮੀਤ ਸਿੰਘ** : ਇਹ ਚੰਗੀ ਗਲ ਹੋਈ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਨੂੰ ਇਕ ਪਰਮਾਨੈਂਟ ਫੀਚਰ ਬਣਾਉਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੇ 5-7 ਟਰੇਨਿੰਗ ਸਕੂਲ ਖੋਲ੍ਹੇ ਜਾਣੇ ਚਾਹੀਦੇ ਹਨ। ਲੁਧਿਆਣਾ ਐਗਰੀਕਲਚਰਲ ਯੂਨੀਵਰਸਿਟੀ ਮਹਿੰਦਰ ਸਿੰਘ ਰੰਧਾਵੇ ਦੇ ਤਾਹਿਤ ਬਹੁਤ ਮੁਫੀਦ ਕੰਮ ਕਰ ਰਹੀ ਹੈ। ਉਨ੍ਹਾਂ ਨੇ ਪਿਛੇ ਜਿਹੇ ਇਕ ਮੇਲਾ ਲਾਇਆ ਜਿਸ ਵਿਚ ਨਵੇਂ ਇੰਮਪਲੀਮੈਂਟਸ ਅਤੇ ਵਾਹੀ ਦੇ ਢੰਗਾਂ ਦੀ ਕਿਸਾਨਾਂ ਨੂੰ ਜਾਣਕਾਰੀ ਦਿਤੀ ਗਈ। ਉਸੇ ਪੈਟਰਨ ਤੇ ਖਾਲਸਾ ਕਾਲਜਾਂ ਵਿਚ ਵੀ ਮੇਲੇ ਹੋਣੇ ਚਾਹੀਦੇ ਹਨ ਜਿਨ੍ਹਾਂ ਵਿਚ ਨਵੀਂ ਰਿਸਰਚ ਤੋਂ ਕਿਸਾਨਾਂ ਨੂੰ ਜਾਣੂ ਕਰਵਾਇਆ ਜਾਵੇ। ਅਗੇ ਇਹੀ ਘਾਟਾ ਰਿਹਾ ਹੈ ਕਿ ਯੂਨੀਵਰਸਿਟੀ ਵਿਚ ਹੀ ਰਿਸਰਚ ਹੋਕੇ ਕਿਤਾਬਾਂ ਛਪ ਜਾਂਦੀਆਂ ਸਨ। ਪਰ ਕਿਸਾਨਾਂ ਦੇ ਘਰ ਤਕ ਕੋਈ ਚੀਜ਼ ਨਹੀਂ ਸੀ ਪਹੁੰਚਦੀ। ਉਨ੍ਹਾਂ ਨੂੰ ਨਵੀਂ ਰਿਸਰਚ ਦਾ ਕੋਈ ਫ਼ਾਇਦਾ ਨਹੀਂ ਸੀ ਹੁੰਦਾ। ਪਰ ਹੁਣ ਇਹ ਜਿਹੜੀ ਸਕੀਮ ਬਣਾਈ ਗਈ ਹੈ ਇਹ ਬਹੁਤ ਅਛੀ ਹੈ। ਮੈਂ ਇਕ ਵਾਰ ਫਿਰ ਸਰਕਾਰ ਨੂੰ ਅਰਜ਼ ਕਰਾਂਗਾ ਕਿ ਇਸ ਨੂੰ ਇਕ ਪਰਮਾਨੈਂਟ ਫੀਚਰ ਬਣਾ ਦਿਤਾ ਜਾਵੇ ਅਤੇ ਇਸ ਤਰ੍ਹਾਂ ਦੇ 5-7 ਟਰੇਨਿੰਗ ਸਕੂਲ ਖੋਲ੍ਹੇ ਜਾਣ।

ਅਖੀਰ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹੋਇਆ ਇਹ ਕਹਿ ਕੇ ਬੈਠਦਾ ਹਾਂ ਕਿ ਇਨ੍ਹਾਂ ਸਪਲੀਮੈਂਟਰੀ ਐਸਟੀਮੇਟਸ ਨੂੰ ਜ਼ਰੂਰ ਪਾਸ ਕਰਨਾ ਚਾਹੀਦਾ ਹੈ।

**ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ)** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਪਹਿਲੀ ਵਾਰ ਇਸ ਹਾਊਸ ਵਿਚ ਬੋਲਣ ਦਾ ਟਾਈਮ ਦਿਤਾ ਹੈ। ਮੈਂ ਬਹੁਤ ਗੱਲਾਂ ਕਰਨ ਦਾ ਮੁਤਲਾਸ਼ੀ ਹਾਂ।

ਡਿਮਾਂਡ ਨੰਬਰ : 1 ਸਰਕਾਰ ਨੇ ਲੈਂਡ ਰੈਵੀਨਿਊ ਬਾਰੇ ਰਖੀ ਹੈ। ਇਸ ਹਾਊਸ ਵਿਚ ਸਰਕਾਰ ਕਦੇ ਕਹਿੰਦੀ ਹੈ ਕਿ ਅਸੀਂ 5 ਏਕੜ ਦਾ ਮਾਲੀਆ ਮੁਆਫ਼ ਕਰ ਦੇਣਾ ਹੈ। ਕਦੇ ਕਹਿੰਦੀ ਹੈ ਕਿ

Original with;
Punjab Vidhan Sabha
Digitized by;
Panjab Digital Library

[ਡਾਕਟਰ ਅਮੀਰ ਸਿੰਘ ਕਲਕਟ]

10 ਏਕੜ ਦਾ ਮਾਲੀਆ ਮਾਫ਼ ਕਰ ਦੇਣਾ ਹੈ । ਮੈਂ ਜਨਤਾ ਪਾਰਟੀ ਦੇ ਇਕ ਵਡੇ ਸਤੂਨ ਦੇ ਵਿਰੁਧ ਚੋਣ ਜਿੱਤ ਕੇ ਇਥੇ ਆਇਆ ਹਾਂ । ਮੇਰੇ ਇਲਾਕੇ ਵਿਚ ਵੀ ਛੋਟੇ ਛੋਟੇ ਹੋਲਡਿੰਗ ਵਾਲੇ ਕਿਸਾਨ 90% ਦੇ ਕਰੀਬ ਹਨ ਅਤੇ ਉਨ੍ਹਾਂ ਨੂੰ ਮਾਲੀਏ ਤੋਂ ਵੀ ਛੋਟ ਹੈ । ਪਰ ਉਹ ਇਸ ਨਾਲ ਖੁਸ਼ ਨਹੀਂ । ਉਹ ਚਾਹੁੰਦੇ ਹਨ ਕਿ ਉਨ੍ਹਾਂ ਤੋਂ ਮਾਲੀਏ ਦੇ 10-15 ਰੁਪਏ ਭਾਵੇਂ ਲੈ ਲਏ ਜਾਣ ਫਿਰ ਉਹ ਸਬਸੇਡਾਈਜ਼ ਕਰਕੇ ਪੰਚਾਇਤਾਂ ਨੂੰ ਦੇ ਦਿੱਤੇ ਜਾਣ ਜਿਸ ਨਾਲ ਕਿ ਉਨ੍ਹਾਂ ਦਾ ਭਲਾ ਹੋਵੇ । ਮੈਂ ਇਸ ਹਾਊਸ ਵਿਚ ਪਹਿਲੀ ਵਾਰ ਆਇਆ ਹਾਂ । ਮੈਂ ਸਮਝਦਾ ਹਾਂ ਕਿ ਜੇ ਕੋਈ ਵਿਦੇਸ਼ੀ ਇਸ ਨੂੰ ਦੇਖ ਕੇ ਸਾਡੇ ਪਿੰਡਾਂ ਨੂੰ ਦੇਖੇ ਤਾਂ ਸਾਨੂੰ ਸ਼ਰਮ ਆ ਜਾਵੇਗੀ ਕਿ ਅਸੀਂ ਕਿਤਨੀ ਲਾਗਰਜ਼ੀ ਕਰਦੇ ਹਾਂ । ਮੈਂ ਚਾਰ ਦਿਨਾਂ ਤੋਂ ਇਸ ਹਾਊਸ ਵਿਚ ਮੈਂਬਰਾਂ ਦੇ ਵਿਚਾਰ ਸੁਣ ਰਿਹਾ ਹਾਂ ਪਰ ਕਿਸੇ ਵੀ ਸਜਣ ਨੇ ਪਿੰਡਾਂ ਦੀ ਹਾਲਤ ਬਾਰੇ ਕੁਝ ਨਹੀਂ ਆਖਿਆ । ਅਸੀਂ ਜੇ ਪਿੰਡਾਂ ਵਿਚੋਂ ਮਲੇਰੀਏ ਨੂੰ ਖਤਮ ਕਰ ਲਿਆ ਹੈ ਤਾਂ ਟਾਈ-ਫਾਈਡ ਅੱਗ ਵਾਂਗ ਫੈਲ ਰਿਹਾ ਹੈ । ਸਰਕਾਰ ਨੂੰ ਮਾਲੀਆ ਲੈ ਕੇ ਉਹ ਪੰਚਾਇਤਾਂ ਨੂੰ ਦੇ ਦੇਣਾ ਚਾਹੀਦਾ ਹੈ ਤਾਂ ਕਿ ਉਹ ਪਿੰਡਾਂ ਦਾ ਭਲਾ ਕਰ ਸਕਣ ਅਤੇ ਸਰਕਾਰ ਇਸ ਚੀਪ ਪਬਲਿਸਿਟੀ ਪ੍ਰਾਪਤ ਕਰਨ ਦਾ ਯਤਨ ਨਾ ਕਰੇ ।

ਦੂਸਰੀ ਗੱਲ ਡਿਪਟੀ ਸਪੀਕਰ ਸਾਹਿਬ, ਮੈਂ ਸੇਲ ਟੈਕਸ ਆਦਿ ਬਾਰੇ ਕਰਨੀ ਚਾਹੁੰਦਾ ਹਾਂ । ਮੈਂ ਸਮਝਦਾ ਹਾਂ ਕਿ ਸਾਡਾ ਟੈਕਸ ਦਾ ਸਟਰੈੱਕਚਰ ਹੀ ਠੀਕ ਨਹੀਂ । ਇਥੇ ਡਾਂਗ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਵਿਚ ਟਾਪ ਹੈਵੀ ਐਡਮਿਨਿਟ੍ਰੇਸ਼ਨ ਹੈ । ਮੈਂ ਸਮਝਦਾ ਹਾਂ ਕਿ ਇਕ ਸੈਕਟਰੀ ਦੀ ਤਨਖਾਹ ਕੋਈ ਬਹੁਤੀ ਨਹੀਂ । ਕਈ ਸੈਕਟਰੀ ਆਦਿ ਮੇਰੇ ਰਿਸ਼ਤੇਦਾਰ ਹਨ । ਮੈਨੂੰ ਪਤਾ ਹੈ ਕਿ ਉਹ ਆਪਣਾ ਗੁਜ਼ਾਰਾ ਕਿਤਨੀ ਮੁਸ਼ਕਲ ਨਾਲ ਚਲਾਉਂਦੇ ਹਨ : ਪਰ ਡਾਂਗ ਸਾਹਿਬ ਨੇ ਕਮਿਊਨਿਸਟਾਂ ਵਾਂਗ ਵਡੇ ਅਫਸਰਾਂ ਨੂੰ ਟਾਪ ਹੈਵੀ ਐਡਮਿਨਿਸਟ੍ਰੇਸ਼ਨ ਕਿਹਾ ਹੈ ਪਰ ਛੋਟਿਆਂ ਵਲ ਉਨ੍ਹਾਂ ਦਾ ਧਿਆਨ ਨਹੀਂ ਜਾਂਦਾ ਇਹ ਤਾਂ ਇਨ੍ਹਾਂ ਦਾ ਪੁਰਾਣਾ ਰਵੱਈਆ ਹੈ ।

**ਕਾਮਰੇਡ ਬਾਬੂ ਸਿੰਘ ਮਾਸਟਰ** : ਤੁਸੀਂ ਗਾਂਧੀ ਜੀ ਵਾਲਾ ਸੋਸ਼ਲਿਜ਼ਮ ਲੈ ਆਓ । (ਵਿਘਨ)

**ਡਾਕਟਰ ਅਮੀਰ ਸਿੰਘ ਕਲਕਟ** : ਉਹ ਵੀ ਆ ਜਾਵੇਗਾ । (ਚੌਧਰੀ ਬਲਬੀਰ ਸਿੰਘ ਵਲੋਂ ਵਿਘਨ) ਤਾਂ ਹੀ ਤੁਸੀਂ ਦੋ ਹੀ ਬੈਂਚਾਂ ਤੇ ਬੈਠੇ ਹੋ । (ਵਿਘਨ) ਫਿਰ ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਪੁਲਿਸ ਬਾਰੇ ਬੋਲਦਿਆਂ ਕਿਹਾ ਹੈ ਕਿ ਡੀ. ਐਸ. ਪੀ. ਦੀਆਂ ਅਸਾਮੀਆਂ ਖਤਮ ਕਰ ਦੇਣੀਆਂ ਚਾਹੀਦੀਆਂ ਹਨ । ਮੈਂ ਇਸ ਬਾਰੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਇਹੋ ਜਿਹੀਆਂ ਸੁਪਰਵਾਈਜ਼ਰੀ ਪੋਸਟਾਂ ਖਤਮ ਕਰ ਦਿਤੀਆਂ ਗਈਆਂ ਤਾਂ ਫਿਰ ਲਾਅ ਕਿਧਰੇ ਨਹੀਂ ਰਹੇਗਾ । ਬਹੁਤ ਸਾਰੇ ਮੈਂਬਰਾਂ ਨੇ ਬਿਜਲੀ ਬੋਰਡ ਨੂੰ ਇਸ ਕਰਕੇ ਦਬਾਈ ਰਖਿਆ ਹੈ ਕਿ ਉਥੇ ਕੁਰਪਸ਼ਨ ਬਹੁਤ ਹੁੰਦੀ ਹੈ । ਰਿਸ਼ਵਤ ਬਹੁਤ ਚਲਦੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਜੇ ਡੀ. ਐਸ. ਪੀ. ਦੀਆਂ ਪੋਸਟਾਂ ਖਤਮ ਕਰ ਦਿਤੀਆਂ ਗਈਆਂ ਤਾਂ ਹੇਠਲਾ ਸਟਾਫ ਇਤਨਾ ਕੁਰਪਟ ਹੈ ਕਿ ਲੋਕਾਂ ਦਾ ਜੀਵਨ ਮੁਸ਼ਕਲ ਹੋ ਜਾਵੇਗਾ । ਮੈਂ ਸਮਝਦਾ ਹਾਂ ਕਿ ਕੁਰਪਸ਼ਨ ਅਜ ਹਰ ਪਾਸੇ ਹੈ । ਜੇ ਇਹ ਸਰਕਾਰ ਇਹ ਕੁਰਪਸ਼ਨ ਹਟਾ ਸਕੀ ਤਾਂ ਮੈਂ ਇਸ ਸਰਕਾਰ ਨੂੰ ਵਧਾਈ ਦਿਆਂਗਾ ! ਪਰ ਜਨਤਾ ਪਾਰਟੀ ਦੇ ਇਕ ਲੀਡਰ ਨੇ, ਜਿਸ ਦਾ ਕਿ ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਇਹ ਇਲਜ਼ਾਮ ਲਗਾਇਆ ਹੈ ਕਿ......(ਵਿਘਨ)

**ਕੈਪਟਨ ਰਤਨ ਸਿੰਘ** : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ । ਡਿਪਟੀ ਸਪੀਕਰ ਸਾਹਿਬ, ਇਕ ਦਿਨ ਪਹਿਲਾਂ ਸਪੀਕਰ ਸਾਹਿਬ ਨੇ ਵੀ ਗੌਰਮਿੰਟ ਨੂੰ ਇਹ ਵਾਰਨਿੰਗ

Original with;
Punjab Vidhan Sabha
Digitized by;
Panjab Digital Library

ਦਿਤੀ ਸੀ ਕਿ ਕੋਈ ਨਾ ਕੋਈ ਮਨਿਸਟਰ ਹਰ ਵੇਲੇ ਹਾਊਸ ਵਿਚ ਹਾਜ਼ਰ ਰਹੇ। ਪਰ ਹੁਣ ਕੋਈ ਵੀ ਮਨਿਸਟਰ ਇਥੇ ਨਹੀਂ ਹੈ। ਅਜ ਤਾਂ ਸਪਲੀਮੈਂਟਰੀ ਐਸਟੀਮੇਟਸ ਤੇ ਬਹਿਸ ਹੋ ਰਹੀ ਹੈ। ਇਹ ਬੜੇ ਅਫਸੋਸ ਦੀ ਗੱਲ ਹੈ। ਮੈਂ ਸੁਝਾਓ ਦਿੰਦਾ ਹਾਂ ਕਿ ਜਦੋਂ ਤਕ ਕੋਈ ਮਨਿਸਟਰ ਨਾ ਆ ਜਾਵੇ ਕਾਰਵਾਈ ਨੂੰ ਬੰਦ ਕਰ ਦਿਓ।

('ਇਸ ਵੇਲੇ ਵਿੱਤ ਮੰਤਰੀ ਅੰਦਰ ਆ ਗਏ)

**ਸ਼੍ਰੀ ਡਿਪਟੀ ਸਪੀਕਰ** : ਮੈਂ ਮਾਨਯੋਗ ਮੈਂਬਰ ਨਾਲ ਸਹਿਮਤ ਹਾਂ ਪਰ ਹੁਣ ਮਨਿਸਟਰ ਸਾਹਿਬ ਆ ਗਏ ਹਨ। (I agree with the hon. Member. The Finance Minister, however, has come now.)

[**ਡਾਕਟਰ ਅਮੀਰ ਸਿੰਘ ਕਲਕਟ**]

ਡਿਮਾਂਡ ਨੰ: 10 : ਐਜੂਕੇਸ਼ਨ ਬਾਰੇ ਮੈਂ ਥੋੜੀ ਜਿਹੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਟਾਂਡਾ ਹਲਕੇ ਵਿਚ ਚਾਰ ਪੰਜ ਸਕੂਲ ਜਨਤਾ ਪਾਰਟੀ ਦੀ ਗੌਰਮੈਂਟ ਵੇਲੇ ਅਪਗਰੇਡ ਹੋਏ ਸਨ ਪਰ ਪਤਾ ਨਹੀਂ ਕਿਵੇਂ ਉਹ ਆਡਰਜ਼ ਕਾਗਜਾਂ ਤੇ ਹੀ ਰਹਿ ਗਏ। ਅਤੇ ਹਾਲੇ ਤਕ ਇਹ ਆਰਡਰਜ਼ ਇੰਪਲੀਮੈਂਟ ਨਹੀਂ ਹੋ ਸਕੇ। ਇਸ ਬਾਰੇ ਇਨਕੁਆਇਰੀ ਹੋਣੀ ਚਾਹੀਦੀ ਹੈ। ਅਨਪੜ੍ਹਤਾ ਬਹੁਤ ਹੈ ਸਾਨੂੰ ਐਜੂਕੇਸ਼ਨ ਦੀ ਮਦ ਵਿਚ ਵਧ ਤੋਂ ਵਧ ਪੈਸਾ ਰਖਣਾ ਚਾਹੀਦਾ ਹੈ।

**ਡਿਮਾਂਡ ਨੰ** : 11 : ਮਾਰਟਗੇਜ ਬੈਂਕ ਜਿਹੜਾ ਕਰਜ਼ਾ ਦਿੰਦਾ ਹੈ। ਇਸ ਵਿਚ ਬਹੁਤ ਕੁਰਪਸ਼ਨ ਹੈ। ਇਹ ਕਰਜ਼ਾ ਨਹੀਂ ਇਕ ਮੁਸੀਬਤ ਦਿੰਦਾ ਹੈ। ਇਸ ਬੈਂਕ ਦੇ ਅਫ਼ਸਰ ਤੇ ਹੋਰ ਕਰਮਚਾਰੀ ਆਪਣੀ ਪੁਜ਼ੀਸ਼ਨ ਦਾ ਮਿਸਯੂਜ਼ ਕਰਦੇ ਹਨ ਅਤੇ ਪੁਲੀਟੀਕਲ ਐਂਡਜ਼ ਵਾਸਤੇ ਵਰਤਦੇ ਹਨ। ਇਸ ਦਾ ਸੁਧਾਰ ਕਰਨਾ ਚਾਹੀਦਾ ਹੈ। (ਸ਼ੋਰ)

**ਡਿਮਾਂਡ ਨੰ**: 20 : ਡਰੇਨੇਜ਼ ਦੀ ਮੱਦ ਹੇਠ ਜਿੰਨਾ ਵੀ ਰੁਪਿਆ ਰਖਿਆ ਜਾਂਦਾ ਹੈ, ਉਹ ਖਰਚ ਨਹੀਂ ਹੁੰਦਾ ਅਤੇ ਜੋ ਰੁਪਿਆ ਖਰਚ ਨਹੀਂ ਹੁੰਦਾ ਉਹ ਮਾਰਿਆ ਜਾਂਦਾ ਹੈ। ਡਰੇਨੇਜ ਦੀ ਬੜੀ ਲੋੜ ਹੈ। ਇਸ ਰੁਪਏ ਨੂੰ ਅਗਲੇ ਸਾਲ ਲਈ ਕੈਰੀ ਆਊਟ ਕਰ ਲੈਣਾ ਚਾਹੀਦਾ ਹੈ।

ਸਰਦਾਰ ਗੁਰਮੀਤ ਸਿੰਘ ਜੀ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਵਰ੍ਹੇਗੰਢ ਬੜੀ ਧੂਮ ਧਾਮ ਨਾਲ ਮਨਾਈ ਜਾ ਰਹੀ ਹੈ। ਇਹ ਬਹੁਤ ਅਛੀ ਚੀਜ਼ ਹੈ। ਮੈਂ ਇਹਦੀ ਤਾਈਦ ਕਰਦਾ ਹਾਂ। ਉਸ ਨਾਨਕ ਪਾਤਸ਼ਾਹ ਵਾਸਤੇ ਵਧ ਤੋਂ ਵਧ ਰੁਪਿਆ ਰਖਕੇ ਉਨ੍ਹਾਂ ਦੀ ਯਾਦ-ਗਾਰ ਮਨਾਉਣੀ ਚਾਹੀਦੀ ਹੈ ਅਤੇ ਉਨ੍ਹਾਂ ਦਾ ਮੈਸੇਜ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚਾਣਾ ਚਾਹੀਦਾ ਹੈ। ਜੋ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਬਣਾਈ ਜਾ ਰਹੀ ਹੈ ਉਸ ਬਾਰੇ ਮੈਂ ਅਰਜ਼ ਕਰਾਂਗਾ ਕਿ ਸ੍ਰੀ ਆਨੰਦ ਪੁਰ ਸਾਹਿਬ ਨੂੰ ਡੀਊ ਇੰਪਾਰਟੈਂਸ ਦੇਣੀ ਚਾਹੀਦੀ ਹੈ ਅਤੇ ਯੂਨੀਵਰਸਿਟੀ ਏਥੇ ਬਣਾਉਣੀ ਚਾਹੀਦੀ ਹੈ। (ਸ਼ੋਰ)

**ਡਿਮਾਂਡ ਨੰ**: 24 : ਬੀਜਾਂ ਰਾਹੀਂ ਬੜੀ ਕੁਰਪਸ਼ਨ ਹੁੰਦੀ ਹੈ। ਚੰਗੇ ਚੰਗੇ ਗਰੋਅਰਜ਼ ਬੀਜਾਂ ਦੀ ਬਲੈਕ ਮਾਰਕਿਟ ਕਰ ਰਹੇ ਹਨ। ਸੀਡਾਂ ਰਾਹੀਂ ਰੁਪਿਆ ਇਕਠਾ ਕੀਤਾ ਜਾ ਰਿਹਾ ਹੈ। ਇਸ ਨੂੰ ਬੰਦ ਕਰਨਾ ਚਾਹੀਦਾ ਹੈ। ਤਾਂ ਜੋ ਬਲੈਕ ਮਾਰਕਿਟ ਨਾ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਉਪ੍ਰੋਕਤ ਦਸੇ ਸੁਝਾਵਾਂ ਨੂੰ ਧਿਆਨ ਵਿਚ ਰਖੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਾਬੂ ਸਿੰਘ ਮਾਸਟਰ :** ਆਨ ਏ ਪੁਆਇੰਟ ਆਫ ਆਰਡਰ ਸਰ। ਮਨਿਸਟਰਾਂ ਨੂੰ ਤੁਸੀਂ ਹਾਜ਼ਰ ਰਹਿਣ ਵਾਸਤੇ ਕਿਹਾ ਸੀ। ਉਹ ਗੈਰ ਹਾਜ਼ਰ ਹਨ।

**ਸਾਥੀ ਰੂਪ ਲਾਲ (ਮੋਗਾ) :** ਤਾਲੀਮ ਦੇ ਮਹਿਕਮੇ ਬਾਰੇ ਮੈਂ ਅਰਜ਼ ਕਰਾਂਗਾ ਕਿ ਸਿਰਫ 25 ਸਕੂਲ ਅਪਗਰੇਡਿੰਗ ਅਧੀਨ ਮਿਡਲ ਤੋਂ ਹਾਈ ਬਣਾਉਣ ਲਈ ਰਖੇ ਗਏ ਹਨ। ਇਹ ਬਹੁਤ ਥੋੜੇ ਹਨ। ਇਹ ਸਕੂਲ 25 ਤੋਂ ਵਧਾ ਕੇ 100 ਹੋਣੇ ਚਾਹੀਦੇ ਹਨ ਅਤੇ ਇਸ ਤੇ ਜੋ ਵੀ ਖਰਚ ਆਵੇ mind ਨਹੀਂ ਕਰਨਾ ਚਾਹੀਦਾ ਹੈ।

ਪੇ ਕਮਿਸ਼ਨ ਵਿਚ ਜਿਥੇ ਵੱਡੇ ਅਫਸਰਾਂ ਦੀਆਂ ਤਨਖਾਹਾਂ ਵਧਾਈਆਂ ਗਈਆਂ ਹਨ ਉਥੇ ਕਲਾਸ IV ਅਤੇ ਪੀ. ਡਬਲਿਊ. ਡੀ ਦੇ ਵਰਕ ਚਾਰਜ ਕਰਮਚਾਰੀਆਂ ਵਲ ਵੀ ਧਿਆਨ ਦਿਤਾ ਜਾਵੇ। ਡਰਾਈਵਰਾਂ ਦਾ ਵੀ ਧਿਆਨ ਕੀਤਾ ਜਾਵੇ ਅਤੇ ਜੋ ਪਹਿਲਾਂ ਇਨ੍ਹਾਂ ਦਾ ਖਿਆਲ ਨਹੀਂ ਰਖਿਆ ਗਿਆ ਹੁਣ ਰਖਿਆ ਜਾਵੇ।

**ਵਿੱਤ ਮੰਤਰੀ :** ਆਨ ਏ ਪੁਆਇੰਟ ਆਫ਼ ਆਰਡਰ ਸਰ, ਇਹ ਜਿਹੜੇ ਸਪਲੀਮੈਂਟਰੀ ਐਸਟੀਮੇਟਸ ਹਨ, ਜਿਹੜੀ ਚੀਜ਼ ਲੈਜਿਸਲੇਟਰਜ਼ ਨੇ ਪਾਸ ਕੀਤੀ ਸੀ ਅਤੇ ਖਰਚ ਉਸ ਤੋਂ ਐਕਸਟਰਾ ਹੋ ਗਿਆ। ਇਹ ਉਸ ਵਾਧੂ ਹੋਏ ਖਰਚ ਦੀ ਮਨਜ਼ੂਰੀ ਲੈ ਰਹੇ ਹਾਂ।

**ਸਾਥੀ ਰੂਪ ਲਾਲ :** ਕ੍ਰਿਸ਼ਨ ਲਾਲ ਜੀ, ਕੱਲ੍ਹ ਪਰਸੋਂ ਪੀ. ਡਬਲਿਊ. ਡੀ. ਦੇ ਮੁਲਾਜ਼ਮਾਂ ਦੇ ਧਰਨੇ ਬਾਰੇ ਤੁਸੀਂ ਕਿਹਾ ਸੀ ਸੈਂਟਰ ਪੈਟਰਨ ਮੁੱਕਰਰ ਕਰਾਂਗੇ। ਜੇ ਇਹ ਐਥੇ ਲੈ ਆਉਂਦੇ ਤਾਂ ਹਰਜ ਵਾਲੀ ਗਲ ਨਹੀਂ ਸੀ।

**ਵਿੱਤ ਮੰਤਰੀ :** ਇਸ ਵਿਚ ਨਵੀਂ ਆਈਟਮ ਨਹੀਂ ਆ ਸਕਦੀ। ਇਹ ਤਾਂ ਮਨਜ਼ੂਰ ਹੋ ਚੁਕੀ ਰਕਮ ਤੋਂ ਵਾਧੂ ਖਰਚ ਹੋ ਚੁਕੀ ਰਕਮ ਦੀ ਮਨਜ਼ੂਰੀ ਵਾਸਤੇ ਹੈ।

**ਸਾਥੀ ਰੂਪ ਲਾਲ :** ਜਦੋਂ ਹਕੂਮਤ ਬਣਦੀ ਹੈ ਕੈਦੀਆਂ ਨੂੰ ਛੋਟ ਦਿਤੀ ਜਾਂਦੀ ਹੈ ਪਰ ਸਰਦਾਰ ਗੁਰਨਾਮ ਸਿੰਘ ਦੀ ਵਜ਼ਾਰਤ ਆਈ ਐਥੇ ਜੇਲ੍ਹਾਂ ਦੇ ਮਾਮਲੇ ਵਿਰ ਕੁਝ ਨਹੀਂ ਕੀਤਾ ਗਿਆ। ਲੋਕਾਂ ਤੇ ਝੂਠੇ ਮੁਕੱਦਮੇ ਬਣਾ ਕੇ ਜੇਲ੍ਹਾਂ ਵਿਚ ਪਾਇਆ ਗਿਆ। ਸਰਕਾਰੀ ਕੋਟਾ ਮੁਕੱਰਰ ਹੁੰਦਾ ਹੈ ਕਿ ਅਫੀਮ ਵਾਲੇ ਫੜਨੇ ਹਨ ਅਤੇ ਹੋਰ ਕਿੰਨੇ ਕਿੰਨੇ ਫੜਨੇ ਹਨ। ਝੂਠੇ ਮੁਕੱਦਮੇ ਬਣਾ ਕੇ ਅੰਦਰ ਸਿਟਿਆ ਜਾਂਦਾ ਹੈ। ਅਜਿਹੇ ਝੂਠੇ ਮੁਕਦਮਿਆਂ ਨੂੰ ਰੋਕ ਕੇ ਲੋਕਾਂ ਨੂੰ ਤੰਗ ਕਰਨ ਤੋਂ ਬਚਾਇਆ ਜਾ ਸਕਦਾ ਹੈ ਅਤੇ ਸਰਕਾਰੀ ਖਰਚ ਹੋਣ ਤੋਂ ਰੋਕਿਆ ਜ਼ਾ ਸਕਦਾ ਹੈ।

ਫਲੱਡ ਸਬੰਧੀ ਜੋ ਰੁਪਿਆ ਰਖਿਆ ਗਿਆ ਹੈ ਇਸ ਵਿਚ ਬੜੀ ਕੁਰੱਪਸ਼ਨ ਹੋ ਰਹੀ ਹੈ। ਫੰਡਜ਼ ਦਾ ਗਬਨ ਹੁੰਦਾ ਹੈ। ਜੋ ਬੰਨ੍ਹ ਲਾਉਣ ਵਾਸਤੇ ਰੁਪਿਆ ਰਖਿਆ ਹੈ ਅਸਲ ਵਿਚ ਕੰਮ ਤਾਂ ਹੁੰਦਾ ਨਹੀਂ ਜਾਂ ਬਹੁਤ ਘਟ ਹੁੰਦਾ ਹੈ ਪਰ ਜਾਲ੍ਹੀ ਰਸੀਦਾਂ ਬਣਾ ਕੇ ਰੁਪਿਆ ਖਾ ਲਿਆ ਜਾਂਦਾ ਹੈ। ਡਰੇਨਜ਼ ਦਾ ਕੋਈ ਪ੍ਰਬੰਧ ਨਹੀ। ਪੁਲਾਂ ਦਾ ਕੋਈ ਇੰਤਜ਼ਾਮ ਨਹੀਂ। ਬਾਰਸ਼ਾਂ ਵਿਚ ਪੁਲ ਨਾਂ ਹੋਣ ਕਾਰਨ ਕਿਸਾਨਾਂ ਨੂੰ ਆਪਣੇ ਖੇਤ ਵਿਚ ਜਾਣਾ ਮੁਸ਼ਕਲ ਹੋ ਜਾਂਦਾ ਹੈ। ਜੇ ਪਕਾ ਪੁਲ ਨਹੀਂ ਤਾਂ ਆਰਜ਼ੀ ਪੁਲ ਨਾਲਾਂ ਦੇਕੇ ਬਣਾਉਣੇ ਚਾਹੀਦੇ ਹਨ।

ਮੈਂ ਅਰਜ਼ ਕਰਦਾ ਹਾਂ ਕਿ ਕੋਆਪ੍ਰੇਟਿਵ ਦਾ ਮਹਿਕਮਾ ਬਹੁਤ ਬਦਨਾਮ ਹੋ ਚੁੱਕਾ ਹੈ। ਇਸ

Original with;
Punjab Vidhan Sabha
Digitized by;
Panjab Digital Library

ਮਹਿਕਮੇ ਵਿਚ ਪੰਜਾਬ ਦੇ ਅੰਦਰ ਜੋ ਕੁਝ ਹੋ ਰਿਹਾ ਹੈ ਉਸ ਦੀ ਮਿਸਾਲ ਨਹੀਂ ਮਿਲ ਸਕਦੀ। ਜ਼ਿਮੀਂਦਾਰਾਂ ਨੂੰ ਖਾਦ ਨਹੀਂ ਦਿੱਤੀ ਜਾਂਦੀ ਹੈ। ਉਹ ਲੋਕ ਆਪ ਹੀ ਰੱਖ ਲੈਂਦੇ ਹਨ ਜਿਹੜੇ ਸੁਸਾਇਟੀਆਂ ਜਾਂ ਬੈਂਕਾਂ ਨੂੰ ਚਲਾਉਂਦੇ ਹਨ। ਇਸ ਲਈ ਬੇਨਤੀ ਹੈ ਕਿ ਜਿਹੜੀਆਂ ਇਹ ਡੀਮਾਂਡਜ਼ ਰੱਖੀਆਂ ਗਈਆਂ ਹਨ, ਅਗਰ ਸਹੀ ਤੌਰ ਤੇ ਪੈਸਾ ਖਰਚ ਕੀਤਾ ਜਾਵੇ ਤਾਂ ਹੋਰ ਪੈਸੇ ਦੀ ਜ਼ਰੂਰਤ ਨਹੀਂ ਹੈ।

(ਇਸ ਸਮੇਂ ਸਰਦਾਰ ਕ੍ਰਿਪਾਲ ਸਿੰਘ ਬੋਲਣ ਲਈ ਖੜ੍ਹੇ ਹੋਏ) (ਵਿਘਨ)।

**ਕੈਪਟਨ ਰਤਨ ਸਿੰਘ :** ਪੁਆਇੰਟ ਆਫ਼ ਆਰਡਰ ਸਰ। ਡਿਪਟੀ ਸਪੀਕਰ ਸਾਹਿਬ, ਕਾਂਗਰਸ ਪਾਰਟੀ ਨੂੰ ਕਿਤਨਾ ਟਾਈਮ ਮਿਲੇਗਾ ?

**ਸ੍ਰੀ ਡਿਪਟੀ ਸਪੀਕਰ :** ਇਹ ਫੈਸਲਾ ਹੋ ਚੁਕਾ ਹੈ। ਤੁਹਾਨੂੰ 45 ਮਿਨਟ ਮਿਲ ਚੁਕੇ ਹਨ। (It has already been decided. Your party has taken forty five minutes.)

**ਕੈਪਟਨ ਰਤਨ ਸਿੰਘ :** ਜਨਾਬ ਚੌਧਰੀ ਰਾਮ ਸਿੰਘ ਕਈ ਦਫ਼ਾ ਬੋਲਣ ਲਈ ਉਠੇ ਹਨ।

**ਸ੍ਰੀ ਡਿਪਟੀ ਸਪੀਕਰ :** ਮੈਂ ਬੇਨਤੀ ਕਰਾਂਗਾ ਕਿ ਤੁਸੀਂ ਬੈਠ ਜਾਉ। ਮੇਰਾ ਇਸ ਪਾਸੇ ਪੂਰਾ ਧਿਆਨ ਹੈ। ਮੈਂ ਟਾਈਮ ਦੇਖੀ ਜਾਂਦਾ ਹਾਂ। ਤੁਹਾਨੂੰ 45 ਮਿਨਟ ਪਹਿਲਾਂ ਮਿਲ ਚੁੱਕੇ ਹਨ। (I would request the hon. Member to resume his seat. I am fully aware of this thing. I am noting the time. The hon. Member has already taken forty five minutes.)

**ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ) :** ਡਿਪਟੀ ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਜਿਹੜਾ ਇਤਰਾਜ਼ ਕੀਤਾ ਹੈ, ਗੱਲ ਇਹ ਹੈ ਕਿ ਮੈਂ ਜਲਦੀ ਜਾਣਾ ਹੈ, ਜਿਸ ਲਈ ਮੈਂ ਇਹ ਜਿਹੜੀਆਂ ਮਨਜ਼ੂਰੀਆਂ ਡੀਪਾਰਟਮੈਂਟਸ ਨੇ ਹੁਣ ਮੰਗੀਆਂ ਹਨ ਉਨ੍ਹਾਂ ਦੀਆਂ ਕੁਝ ਜਨਰਲ ਗੱਲਾਂ ਦੇ ਮੁਤਲਕ ਕਹਿਣਾ ਚਾਹੁੰਦਾ ਹਾਂ। ਸੇਲਜ਼ ਟੈਕਸ ਦੇ ਮੁਤੱਲਕ, ਪੁਲੀਸ, ਕੋਆਪ੍ਰੇਟਿਵ ਅਤੇ ਖੇਤੀਬਾੜੀ ਆਦਿ ਜਿੰਨੇ ਵੀ ਡੀਪਾਰਟਮੈਂਟਸ ਹਨ, ਇਨ੍ਹਾਂ ਵਿਚ ਕਈ ਅਖ਼ਰਾਜਾਤ ਕੀਤੇ ਹਨ। ਇਹ ਜਿੰਨੇ ਵੀ ਅਖ਼ਰਾ-ਜਾਤ ਹਨ, ਇਹ ਆਉਣ ਵਾਲੇ ਬਜਟ ਵਾਸਤੇ ਕੁਝ ਇਸ਼ਾਰਾ ਹੋਣਗੇ ਕਿ ਆਉਣ ਵਾਲੇ ਬਜਟ ਵਿਚ ਇਨ੍ਹਾਂ ਗੱਲਾਂ ਦਾ ਜ਼ਰੂਰ ਖਿਆਲ ਰੱਖਿਆ ਜਾਵੇ। ਜਿਹੜੀਆਂ ਗਲਤੀਆਂ ਕੀਤੀਆਂ ਹਨ ਔਰ ਜਿਹੜਾ ਸਟੇਟ ਦਾ ਰੁਪਿਆ ਜ਼ਾਇਆ ਹੋਇਆ ਹੈ, ਉਸ ਦਾ ਧਿਆਨ ਅੱਗੇ ਆਉਂਦੇ ਬਜਟ ਵਿਚ ਰੱਖਣਾ ਜ਼ਰੂਰੀ ਹੈ।

ਦਰਿਆਵਾਂ ਦੇ ਸਪਰ ਜਿਹੜੇ ਬਣੇ ਹਨ ਉਨ੍ਹਾਂ ਵਿਚ ਬੜੀ ਬੰਗਲਿੰਗ ਹੈ। ਤਾਰ ਜਾਲ ਜਿਹੜੀ ਯੂਜ਼ ਕੀਤੀ ਜਾਂਦੀ ਹੈ ਇਹ ਪੈਸਾ ਤਾਂ ਐਸਟੀਮੇਟ ਵਿਚ ਦਿੱਤਾ ਹੁੰਦਾ ਹੈ ਪਰ ਇਹ ਯੂਜ਼ ਨਹੀਂ ਹੁੰਦਾ ਅਤੇ ਇਹ ਸਾਰਾ ਆਪ ਹੀ ਖਾ ਜਾਂਦੇ ਹਨ। ਲੱਖਾਂ ਰੁਪਿਆ ਇਰੀਗੇਸ਼ਨ ਦੇ ਇੰਨਜੀਨਿਅਰ ਅਤੇ ਠੇਕੇਦਾਰ ਖਾ ਜਾਂਦੇ ਹਨ। ਫਲੱਡ ਕੰਟ੍ਰੋਲ ਨਹੀਂ ਹੁੰਦਾ। ਕਿਉਂਕਿ ਇਨ੍ਹਾਂ ਦੀ ਤਾਮੀਰ ਵਿਚ ਬੜੀ ਖਰਾਬੀ ਹੈ। ਇਸ ਤਰ੍ਹਾਂ ਕਦੇ ਫਲੱਡ ਕੰਟ੍ਰੋਲ ਨਹੀਂ ਹੋ ਸਕਦਾ।

ਇਹ ਜਿਹੜਾ ਪੱਥਰ ਇਤਨਾ ਟਰੱਕਾਂ ਤੇ ਆਉਂਦਾ ਹੈ, ਦਰਿਆਵਾਂ ਵਾਸਤੇ, ਠੇਕੇਦਾਰ ਮਿਲਕੇ ਇਸ ਵਿਚ ਬੜੀ ਹੇਰਾ ਫੇਰੀ ਕਰਦੇ ਹਨ ਅਤੇ ਲੱਖਾਂ ਰੁਪਿਆ ਖਾਂਦੇ ਹਨ। ਇਹ ਦਰਿਆ ਤੇ

Original with;
Punjab Vidhan Sabha
Digitized by;
Panjab Digital Library

[**ਸਰਦਾਰ ਕਿਰਪਾਲ ਸਿੰਘ**] :

ਪਹੁੰਚਦਾ ਹੀ ਨਹੀਂ। ਮਗਰੋਂ ਕਹਿ ਦਿੰਦੇ ਹਨ ਕਿ ਦਰਿਆ ਵਿਚ ਰੁੜ੍ਹ ਗਿਆ ਹੈ। ਇਸ ਤੇ ਜਿਨਾ ਵੀ ਰੁਪਿਆ ਸਰਕਾਰ ਦਾ ਲਗਦਾ ਹੈ ਉਹ ਬਰਬਾਦ ਹੀ ਹੋ ਰਿਹਾ ਹੈ। ਇਹ ਜਿੰਨੇ ਇੰਜੀਨੀਅਰ ਅਤੇ ਠੇਕੇਦਾਰ ਹਨ ਇਹ ਸਾਰੇ ਪੁਲਿਟੀਕਲ ਸਤਾਹ ਨਾਲ ਮਿਲਕੇ ਚਾਹਾਂ ਪੀਂਦੇ ਹਨ ਅਤੇ ਪਾਰਟੀਆਂ ਕਰਦੇ ਹਨ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਇਹ ਜਿਹੜੀ ਕੁਰੱਪਸ਼ਨ ਹੋ ਰਹੀ ਹੈ, ਇਸ ਨੂੰ ਹਟਾਉਣਾ ਚਾਹੀਦਾ ਹੈ। ਇਸ ਨਾਲ ਪੰਜਾਬ ਸਰਕਾਰ ਦੇ ਉਤੇ ਇਕ ਬੜਾ ਭਾਰੀ ਸਲਰ ਹੋਵੇਗਾ, ਇਕ ਬਦਨੁਮਾ ਧੱਬਾ ਹੋਣ ਦਾ ਡਰ ਹੈ। ਇਸ ਦੀ ਸਾਰੀ ਜ਼ਿਮੇਵਾਰੀ ਸਰਕਾਰ ਤੇ ਹੈ। ਲੇਕਿਨ ਜੋ ਆਉਣ ਵਾਲੀ ਸਰਕਾਰ ਹੈ ਉਸ ਨੂੰ ਇਸ ਚੀਜ਼ ਨੂੰ ਯਾਦ ਰੱਖਣਾ ਚਾਹੀਦਾ ਹੈ। ਨਹੀਂ ਤਾਂ ਇਸ ਨਾਲ ਬੜੀ ਬਦਨਾਮੀ ਹੋਵੇਗੀ।

ਪੁਲਿਸ ਦੇ ਡੀ. ਏ. ਬਾਰੇ ਇਸ ਮੰਗ ਵਿਚ ਜ਼ਿਕਰ ਹੈ। ਮੈਂ ਡੀ. ਏ. ਦੇ ਖਿਲਾਫ ਨਹੀਂ ਹਾਂ। ਪਰ ਮੈਂ ਕਹਿੰਦਾ ਹਾਂ ਕਿ ਅਗਰ ਇਸ ਮਹਿਕਮੇ ਦੀ ਵਰਕਿੰਗ ਨੂੰ ਵੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਵਿਚ ਬਹੁਤ ਕੁਰੱਪਸ਼ਨ ਹੋ ਰਹੀ ਹੈ। ਸੇਲਜ਼ ਟੈਕਸ ਬਾਰੇ ਅਰਜ਼ ਹੈ ਕਿ 20 ਸਾਲ ਹੋ ਗਏ ਹਨ ਰੂਲਜ਼ ਸਿੰਪਲੀਫਾਈ ਨਹੀਂ ਕੀਤੇ ਗਏ, ਇਹ ਸਿੰਪਲੀਫਾਈ ਕੀਤੇ ਜਾਣ। ਗਵਰਨਰ ਸਾਹਿਬ ਨੇ ਵੀ ਆਪਣੇ ਐਡਰੈਸ ਵਿਚ ਇਸ ਕੁਰੱਪਸ਼ਨ ਦਾ ਜ਼ਿਕਰ ਕੀਤਾ ਹੈ। ਪਿਛਲੀ ਮਨਿਸਟਰੀ ਦੇ ਦੌਰਾਨ ਸੇਲਜ਼ ਟੈਕਸ ਇਨਸਪੈਕਟਰ ਅਤੇ ਸਬ ਇਨਸਪੈਕਟਰ ਤੋਂ ਲੈ ਕੇ ਜਿੰਨੇ ਅਫਸਰ ਸਨ, ਸਭ ਪ੍ਰਾਫਿਟ ਵਾਲੀਆਂ ਥਾਵਾਂ (ਦਫ਼ਤਰਾਂ) ਵਿਚ ਐਮ. ਐਲ. ਏ. ਅਤੇ ਮਨਿਸਟਰਜ਼ ਨਾਲ ਮਿਲਕੇ ਬਦਲੀਆਂ ਕਰਾਂਦੇ ਰਹੇ। ਇਹ ਇਕ ਹਕੀਕਤ ਹੈ। ਇਹ ਤਾਂ ਆਮ ਲੋਕਾਂ ਨੂੰ ਪਤਾ ਹੈ, ਵਪਾਰੀਆਂ ਨੂੰ ਵੀ ਪਤਾ ਹੈ। ਇਸ ਦਾ ਸਾਰਿਆਂ ਨੂੰ ਪਤਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਮਨਿਸਟਰਾਂ ਨੂੰ ਇਸ ਬਦਨਾਮੀ ਤੋਂ ਬਚਣਾ ਚਾਹੀਦਾ ਹੈ। ਪੁਲਿਸ ਦੀ ਵਰਕਿੰਗ ਬੜੀ ਡਿਫੈਕਟਿਵ ਹੈ, ਭੈੜੀ ਹੈ। ਪੰਜਾਬ ਵਿਚ ਚੀਨ ਤੋਂ ਬਹੁਤ ਸਾਰੀ ਅਫ਼ੀਮ ਆਉਂਦੀ ਹੈ। ਪੁਲਿਸ ਵਾਲੇ ਸਮਗਲਰਾਂ ਨਾਲ ਮਿਲੇ ਹੁੰਦੇ ਹਨ। ਜਿਸ ਕਰਕੇ ਉਹ ਉਨ੍ਹਾਂ ਨੂੰ ਰੋਕਦੇ ਨਹੀਂ। ਪੁਲਿਸ ਦੀਆਂ ਅੱਖਾਂ ਥੱਲੇ ਇਹ ਅਫੀਮ ਵਿਕਦੀ ਹੈ। ਸ਼ਰਾਬ ਦੀਆਂ ਭੱਠੀਆਂ ਹਨ। ਸ਼ਰਾਬ ਵੀ ਇਸੇ ਤਰ੍ਹਾਂ ਵਿਕਦੀ ਹੈ। ਸ਼ਰਾਬ ਵਿਚ ਬਹੁਤ ਸਾਰੀਆਂ ਮਿਲਾਵਟਾਂ ਕਰਕੇ ਪਿਲਾਈ ਜਾਂਦੀ ਹੈ। ਪੰਜਾਬ ਦੇ ਜੁਆਨ ਦੀ ਛਾਤੀ, ਜਿਸ ਤੇ ਸਾਰੇ ਹਿੰਦੁਸਤਾਨ ਨੂੰ ਮਾਣ ਹੈ, ਉਹ ਇਨ੍ਹਾਂ ਅਫੀਮਾਂ ਅਤੇ ਮਿਲਾਵਟ ਵਾਲੀਆਂ ਸ਼ਰਾਬਾਂ ਨੇ ਉਸ ਦੀ ਤਾਕਤ ਖਤਮ ਕਰ ਦਿਤੀ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਅਜਿਹੇ ਕੰਮ ਬੰਦ ਹੋਣੇ ਚਾਹੀਦੇ ਹਨ।

ਹੈਰਾਨੀ ਦੀ ਗੱਲ ਹੈ ਕਿ 9 ਲੱਖ ਰੁਪਿਆ ਵਿਧਾਨ ਸਭਾ ਔਰ ਪਾਰਲੀਮੈਂਟ ਦੇ ਕੰਮ ਵਾਸਤੇ ਮੰਗਿਆ ਗਿਆ ਹੈ। ਇਸ ਦੇ ਵਿਚੋਂ 5 ਲੱਖ ਰੁਪਿਆ ਬੱਚਤ ਵਿਚੋਂ ਖਰਚ ਕਰਨਾ ਹੈ ਅਤੇ 4 ਲੱਖ ਹੋਰ ਮੰਗਦੇ ਹਨ। ਇਹ ਸਾਰੇ ਦੀ ਸਾਰੀ ਕਿਉਂ ਲੋੜ ਪਈ? ਇਸ ਲਈ ਪਈ ਕਿ ਪੁਲਿਟੀਕਲ ਕੁਰੱਪਸ਼ਨ ਹੋ ਰਹੀ ਹੈ। (ਵਿਘਨ)

**ਵਿੱਤ ਮੰਤਰੀ** : ਪੁਆਇੰਟ ਆਫ਼ ਆਰਡਰ ਸਰ। ਇਹ ਕਿਹੜੀ ਡੀਮਾਂਡ ਹੈ ?

**ਸਰਦਾਰ ਕਿਰਪਾਲ ਸਿੰਘ** : ਇਹ ਡੀਮਾਂਡ ਨੰ: 5 ਹੈ। ਸੋ ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਪੈਸਾ ਹੈ ਇਹ ਇਲੈਕਸ਼ਨ ਕਰਾਉਣ ਵਾਸਤੇ ਲੱਗਾ ਹੈ। (ਵਿਘਨ) ਇਹ ਜਿਹੜਾ ਇਲੈਕਸ਼ਨ ਕਰਾਉਣ ਉਤੇ ਲੱਗਾ ਹੈ, ਇਹ ਡੀਫੈਕਟਰਜ਼ ਉਤੇ ਪਾਇਆ ਜਾਣਾ ਚਾਹੀਦਾ ਹੈ। ਜਿਨ੍ਹਾਂ ਨੇ ਲੋਕਾਂ ਦੀ ਰਾਏ ਦੀ ਕਦਰ ਨਹੀਂ ਕੀਤੀ। ਜਿਸ ਨਾਹਰੇ ਔਰ ਝੰਡੇ ਥੱਲੇ ਉਹ ਆਏ ਹਨ ਇਹ ਸਾਰਾ ਖਰਚ ਉਨ੍ਹਾਂ ਡੀਫੈਕਟਰਜ਼ ਤੇ ਪਾਇਆ ਜਾਵੇ।

Original with;
Punjab Vidhan Sabha
Digitized by;
Panjab Digital Library

ਮੈਂ ਇਹ ਅਰਜ਼ ਕੀਤੀ ਹੈ । ਮੈਂ ਇਹ ਨਹੀਂ ਕਹਿੰਦਾ ਕਿ ਅਲੈਕਸ਼ਨ ਤੇ ਖਰਚ ਨਹੀਂ ਹੋਇਆ ।

**ਵਿੱਤ ਮੰਤਰੀ** : ਪੁਆਇੰਟ ਆਫ਼ ਆਰਡਰ ਸਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਜਿਹੜੀ ਗਲ ਸਰਦਾਰ ਕਿਰਪਾਲ ਸਿੰਘ ਕਹਿੰਦੇ ਹਨ ਇਸ ਵਿਚ ਰੈਲੇਵੈਂਸੀ ਨਹੀਂ ਹੈ । ਇਹ ਪੈਸਾ ਜ਼ਿਆਦਾ ਖਰਚ ਹੋਇਆ ਹੈ । (ਵਿਘਨ) ਇਹ ਗਲਾਂ ਬਜਟ ਦੇ ਵੇਲੇ ਹੋਣੀਆਂ ਚਾਹੀਦੀਆਂ ਹਨ । ਇਹ ਹੁਣ ਨਹੀਂ ਹੋਣੀਆਂ ਚਾਹੀਦੀਆਂ । (ਵਿਘਨ)

**ਸਰਦਾਰ ਕਿਰਪਾਲ ਸਿੰਘ** : ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਪ੍ਰਥਾ ਟਰੈਜ਼ਰੀ ਬੈਂਚਾਂ ਨੇ ਪੈਦਾ ਕੀਤੀ ਹੈ । ਇਥੇ ਬਹੁਤ ਸਾਰੀਆਂ ਗਲਾਂ ਕੀਤੀਆਂ ਗਈਆਂ ਹਨ ਉਨ੍ਹਾਂ ਵਿਚੋਂ ਮੈਂ ਇਕ ਗਲ ਕੀਤੀ ਹੈ । ਸ਼੍ਰੀ ਕ੍ਰਿਸ਼ਨ ਲਾਲ ਜੀ ਨਾਲ ਮੈਂ ਸਹਿਮਤ ਹਾਂ ਕਿ ਉਹ ਖਰਚ ਹੋਇਆ ਹੈ । ਮੈਂ ਇਹ ਨਹੀਂ ਕਹਿੰਦਾ ਕਿ ਇਹ ਖਰਚ ਨਹੀਂ ਹੋਇਆ । ਭਾਵੇਂ ਇਹ ਸਪਲੀਮੈਂਟਰੀ ਬਜਟ ਹੈ ਪਰ ਕੁਝ ਨਾ ਕੁਝ ਅਜ਼ਾਦੀ ਗਲ ਕਰਨ ਦੀ ਹੈ ਜੇ ਹੋਰ ਚਾਰ ਗਲਾਂ ਹੋ ਸਕਦੀਆਂ ਹਨ ਤਾਂ ਇਹ ਵੀ ਇਕ ਗਲ ਹੋ ਸਕਦੀ ਹੈ । (ਵਿਘਨ) ।

ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰਬਰ 12 ਹਿਸਾ 2 ਵਿਚ ਕੁਝ ਪ੍ਰਾਈਵੇਟ ਵਕੀਲਾਂ ਨੂੰ ਐਨਕਰਜ ਕਰਨ ਵਾਸਤੇ ਰੁਪਿਆ ਮੰਗਿਆ ਹੈ । ਗੌਰਮਿੰਟ ਕੋਲ ਸਰਕਾਰੀ ਵਕੀਲਾਂ ਦੀ ਭਰਮਾਰ ਰਖੀ ਹੋਵੇ ਤਾਂ ਵੀ ਇਨ੍ਹਾਂ ਪ੍ਰਾਈਵੇਟ ਵਕੀਲਾਂ ਵਾਸਤੇ ਰੁਪਿਆ ਸਪਲੀਮੈਂਟਰੀ ਬਜਟ ਵਿਚ ਰਖਿਆ ਜਾਵੇ ਪਰ ਨਿਆਂ ਵਲ ਕੋਈ ਖਿਆਲ ਨਾ ਰਖਿਆ ਜਾਵੇ ਇਹ ਗਲ ਠੀਕ ਨਹੀਂ ਹੈ ।

ਪੰਹੁਚਨਾ ਦਾਦ ਕਾ ਮਜ਼ਲੂਮ ਕੀ ਮੁਸ਼ਕਲ ਹੀ ਹੋਤਾ ਹੈ,
ਕਭੀ ਕਾਜ਼ੀ ਨਹੀਂ ਮਿਲਤੇ, ਕਭੀ ਕਾਤਲ ਨਹੀਂ ਮਿਲਤਾ ।

ਹਰ ਸਾਲ ਮੁਕਦਮਿਆਂ ਦਾ ਨੰਬਰ ਵੱਧ ਰਿਹਾ ਹੈ । ਤੁਸੀਂ ਲੋਕਾਂ ਦੀ ਮਰਜ਼ੀ ਨਾਲ ਰਬ ਦੀ ਕਿਰਪਾ ਨਾਲ ਵਜ਼ੀਰ ਬਣ ਗਏ ਹੋ ਤਾਂ ਕੁਝ ਨੇਕੀ ਦਾ ਕੰਮ ਵੀ ਕਰੋ । (ਵਿਘਨ) ਤਾਂ ਕਿ ਕੇਸਾਂ ਦਾ ਨੰਬਰ ਘਟੇ ਅਤੇ ਇਸ ਤਰ੍ਹਾਂ ਦੇ ਵਾਧੂ ਖਰਚ ਦਾ ਬੋਝ ਗਰੀਬ ਲੋਕਾਂ ਤੇ ਨਾ ਪਵੇ । (ਘੰਟੀ)

ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਇਕ ਖ਼ੂਬਸੂਰਤ ਗਲ ਹੈ ਜਿਸ ਦਾ ਜ਼ਿਕਰ ਮੇਰੇ ਦੋਸਤਾਂ ਨੇ ਵੀ ਕੀਤਾ ਹੈ ਉਹ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਮਾਹਰਾਜ ਦੀ ਪੰਜ ਸੌ ਸਾਲਾ ਜੈਅੰਤੀ ਮਨਾਉਣ ਬਾਰੇ । ਇਥੇ ਮੈਂ ਇਹ ਵੀ ਅਰਜ਼ ਕਰਾਂਗਾ ਕਿ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੈਅੰਤੀ ਮਨਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਉਥੇ ਇਹ ਗੁਰੂ ਮਹਾਰਾਜ ਜੀ ਦੇ ਦਸੇ ਪੂਰਨਿਆਂ ਤੇ ਚਲਣ ਅਤੇ ਲੋਕਾਂ ਨੂੰ ਚਲਾਉਣ । ਗੁਰੂ ਮਹਾਰਾਜ ਜੀ ਨੇ ਜੋ ਪਰਚਾਰ ਕੀਤਾ ਉਸ ਨੂੰ ਅਪਣਾ ਕੇ ਆਪਣੀ ਜਿੰਦਗੀ ਦੇ ਮਿਆਰ ਨੂੰ ਉਚਾ ਚੁਕਣ । ਇਕ ਥਾਂ ਤੈ ਗੁਰੂ ਜੀ ਫੁਰਮਾਉਂਦੇ ਹਨ :

ਰਾਜੇ ਸ਼ੀਂਹ ਮੁਕਦਮ ਕੁਤੇ, ਜਾਇ ਜਗਾਇਨ ਬੈਠੇ ਸੁਤੇ ।

ਇਥੇ ਇਹ ਰਾਜੇ ਸ਼ੀਂਹ ਨਾ ਬਣ ਜਾਣ ਮੁਕਦਮ ਕੁਤੇ ਨਾ ਬਣ ਜਾਣ । ਇਹ ਲੋਕਾਂ ਦੇ ਸੇਵਕ ਹਨ ਅਤੇ ਇਨ੍ਹਾਂ ਦਾ ਫਰਜ਼ ਹੈ ਕਿ ਲੋਕਾਂ ਦੀ ਸੇਵਾ ਕਰਨ । ਗੁਰੂ ਸਾਹਿਬ ਜੀ ਦੇ ਦਸੇ ਰਾਹ ਤੇ ਚਲਣ ।

ਕਾਜ਼ੀ ਹੋਇ ਰਿਸ਼ਵਤੀਂ ਵਢੀ ਲੈ ਕੇ ਹੱਕ ਗਵਾਇਆ ।

Original with;
Punjab Vidhan Sabha
Digitized by;
Panjab Digital Library

ਇਸ ਦੇ ਕਾਜ਼ੀ ਰਿਸ਼ਵਤੀ ਹਨ ਵਢੀ ਲੈ ਕੇ ਹੱਕ ਗਵਾਉਂਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਲੋਕਾਂ ਦਾ ਹੱਕ ਨਾ ਗਵਾਇਆ ਜਾਵੇ। ਲੋਕਾਂ ਨੂੰ ਪੂਰਾ-ਪੂਰਾ ਇਨਸਾਫ ਮਿਲਣਾ ਚਾਹੀਦਾ ਹੈ।

ਮੈਂ ਬੇਨਤੀ ਕਰਦਾ ਹਾਂ ਕਿ ਗੁਰੂ ਮਹਾਰਾਜ ਦੀ ਪੰਜ ਸੌ ਸਾਲਾ ਜੈਅੰਤੀ ਮਨਾਉਣ ਲਈ ਸਕੂਲ, ਕਾਲਜ ਯੂਨੀਵਰਸਟੀਆਂ ਅਤੇ ਸਾਰੀਆਂ ਪਾਰਟੀਆਂ ਆਪਣਾ ਪੂਰਾ ਪੂਰਾ ਹਿਸਾ ਪਾਉਣ। ਇਥੇ ਹੀ ਨਹੀਂ ਸਗੋਂ ਬਾਹਰ ਦੇ ਮੁਲਕਾਂ ਵਿਚ ਵੀ ਇਸ ਸ਼ੁਭ ਦਿਵਸ ਨੂੰ ਮਨਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਇਸਦੇ ਬਾਦ ਮੈਂ ਇਕ ਹੋਰ ਅਰਜ਼ ਅਦਾਲਤਾਂ ਦੀਆਂ ਡਿਗਰੀਆਂ ਦੀ ਪੇਮੈਂਟ ਬਾਰੇ ਕਰਨਾ ਚਾਹੁੰਦਾ ਹਾਂ। ਮੈਂ ਅਰਜ਼ ਕਰਦਾ ਹਾਂ ਕਿ ਇਹ ਡਿਗਰੀਆਂ ਕਿਉਂ ਹੋਈਆਂ। ਇਕ ਆਦਮੀ ਦੇ ਜਿਹੜੇ ਹੱਕ ਬਣਦੇ ਸੀ ਜਿਹੜੇ ਕਿ ਅਦਾਲਤ ਨੇ ਵੀ ਸਾਬਤ ਕੀਤੇ ਹਨ ਉਸ ਨੂੰ ਉਸ ਦਾ ਹੱਕ ਪਹਿਲਾਂ ਕਿਉਂ ਨਹੀਂ ਦਿਤਾ ਗਿਆ। ਉਸ ਨੂੰ ਅਦਾਲਤ ਵਿਚ ਜਾਣ ਲਈ ਕਿਉਂ ਮਜ਼ਬੂਰ ਕੀਤਾ ਗਿਆ। ਐਸੇ ਕੇਸ ਜਿਨ੍ਹਾਂ ਵਿਚ ਮੁਲਾਜ਼ਮਾਂ ਨਾਲ ਬੇਇਨਸਾਫੀਆਂ ਹੁੰਦੀਆਂ ਹਨ ਉਨ੍ਹਾਂ ਤੇ ਕੜੀ ਨਿਗ੍ਹਾ ਰਖਣ ਦੀ ਲੋੜ ਹੈ। ਲੋਕਾਂ ਨਾਲ ਡਿਸਕਰਿਮੀਨੇਸ਼ਨ ਨਹੀਂ ਹੋਣੀ ਚਾਹੀਦੀ। ਜਿਨ੍ਹਾਂ ਅਫ਼ਸਰਾਂ ਦੀਆਂ ਗਲਤੀਆਂ ਨਾਲ ਡਿਗਰੀਆਂ ਹੁੰਦੀਆਂ ਹਨ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਡਿਗਰੀਆਂ ਨਾਲ ਗੌਰਮਿੰਟ ਬਦਨਾਮ ਨਾ ਹੋਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ।

**ਸਰਦਾਰ ਜਸਦੇਵ ਸਿੰਘ ਸੰਧੂ (ਰਾਏਪੁਰ)** : ਡਿਪਟੀ ਸਪੀਕਰ ਸਾਹਿਬ, ਤਕਰੀਬਨ 20 ਲੱਖ ਰੁਪਏ ਦਾ ਸਪਲੀਮੈਂਟਰੀ ਐਸਟੀਮੇਟਸ ਸਾਡੇ ਸਾਹਮਣੇ ਪੇਸ਼ ਕੀਤਾ ਗਿਆ ਹੈ। ਇਸ ਦਾ ਖਰਚ ਜਾਂ ਤਾਂ ਪਿਛਲੀ ਸਰਕਾਰ ਜਿਸ ਦੇ ਖਿਲਾਫ ਅਸੀਂ ਲੜਦੇ ਰਹੇ ਹਾਂ ਜਾਂ ਗਵਰਨਰ ਸਾਹਿਬ ਦੇ ਰਾਜ ਵਿਚ ਹੋਇਆ ਹੈ। ਮੈਂ ਸਮਝਦਾ ਹਾਂ ਕਿ ਇਹ ਖਰਚ ਬੜੇ ਗਲਤ ਤਰੀਕੇ ਦੇ ਨਾਲ ਹੋਇਆ ਹੈ। ਮੈਂ ਇਹ ਚੀਜ਼ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਤਾਂ ਕਿ ਅਗੇ ਨੂੰ ਇਹ ਸਰਕਾਰ ਕੋਈ ਗਲਤੀ ਨਾ ਕਰੇ। ਇਸ ਦੇ ਵਿਚ ਕਈ ਮਹਿਕਮਿਆਂ ਦੀ ਡਿਗਰੀ ਦੇ ਰੁਪਏ ਦੇਣ ਦਾ ਤਅਲੁਕ ਹੈ। ਮੇਰੀ ਅਰਜ਼ ਹੈ ਕਿ ਮੁਲਾਜ਼ਮਾਂ ਨੇ ਸਰਕਾਰ ਤੇ ਮੁੱਕਦਮੇ ਕੀਤੇ ਜਾਂ ਠੇਕੇਦਾਰਾਂ ਨੇ ਕੀਤੇ ਜਾਂ ਜਿਨ੍ਹਾਂ ਲੋਕਾਂ ਨੂੰ ਇਨਸਾਫ਼ ਨਾ ਮਿਲਿਆ ਉਹ ਅਦਾਲਤ ਵਿਚ ਗਏ। ਅਦਾਲਤ ਨੇ ਡਿਗਰੀਆਂ ਦੇ ਦਿਤੀਆਂ ਅਤੇ ਉਹ ਡਿਗਰੀਆਂ ਹੁਣ ਅਦਾ ਕਰਨੀਆਂ ਪੈ ਰਹੀਆਂ ਹਨ। ਕਈ ਲੱਖ ਰੁਪਏ ਡਿਗਰੀਆ ਦੇ ਇਸ ਸਪਲੀਮੈਂਟਰੀ ਡੀਮਾਂਡ ਵਿਚ ਸ਼ਾਮਲ ਹਨ। ਇਸ ਤੋਂ ਬਿਨਾਂ ਹਰ ਸਾਲ ਲੱਖਾਂ ਰੁਪਏ ਇਨ੍ਹਾਂ ਡਿਗਰੀਆਂ ਰਾਹੀਂ ਸਰਕਾਰ ਨੂੰ ਦੇਣੇ ਪੈਂਦੇ ਹਨ। ਮੈਂ ਅਰਜ਼ ਕਰਾਂਗਾ ਕਿ ਜਦੋਂ ਕੋਈ ਨੋਟਿਸ ਸਰਕਾਰ ਨੂੰ ਆਉਂਦਾ ਹੈ ਉਹ ਅਫ਼ਸਰਾਂ ਦੇ ਕਹਿਣ ਤੇ ਉਹ ਨੋਟਿਸ ਇਗਨੋਰ ਨਾ ਕੀਤਾ ਜਾਵੇ ਸਗੋਂ ਮਹਿਕਮਾ ਉਸ ਨੂੰ ਐਗਜ਼ਾਮਿਨ ਕਰੇ ਅਤੇ ਦੇਖੇ ਕਿ ਆਇਆ ਇਸ ਆਦਮੀ ਦਾ ਕਲੇਮ ਠੀਕ ਹੈ ਤਾਂ ਉਸ ਤੇ ਯੋਗ ਕਾਰਵਾਈ ਕੀਤੀ ਜਾਵੇ। ਅਤੇ ਉਸ ਆਦਮੀ ਦਾ ਉਹ ਹੱਕ ਦਿੱਤਾ ਜਾਵੇ। ਮੈਂ ਅਰਜ਼ ਕਰਦਾ ਹਾਂ ਕਿ ਫਿਰ ਜਿਨ੍ਹਾਂ ਅਫ਼ਸਰਾਂ ਦੀ ਗਲਤੀ ਨਾਲ ਇਹੋ ਜਿਹੀਆਂ ਡਿਗਰੀਆਂ ਹੁੰਦੀਆਂ ਹਨ ਤਾਂ ਸਰਕਾਰ ਉਨ੍ਹਾਂ ਅਫ਼ਸਰਾਂ ਦੇ ਖਿਲਾਫ਼ ਮਹਿਕਮਾਨਾ ਕਾਰਵਾਈ ਕਰੇ ਅਤੇ ਉਨ੍ਹਾਂ ਅਫਸਰਾਂ ਨੂੰ ਸਜ਼ਾ ਦਿਤੀ ਜਾਵੇ।

ਇਸ ਤੋਂ ਬਾਅਦ ਡੀਮਾਂਡ ਨੰਬਰ 2 ਵਿਚ ਮੈਂ ਜਾਣਾ ਚਾਹੁੰਦਾ ਹਾਂ। ਜਿਸ ਅਨੁਸਾਰ 11 ਅਸਾਮੀਆਂ ਡਿਸਟ੍ਰਿਕਟ ਟਰਾਂਸਪੋਰਟ ਅਫ਼ਸਰਾਂ ਦੀਆਂ ਸਾਡੇ ਉਤੇ ਮੜ੍ਹ ਦਿਤੀਆਂ ਗਈਆਂ ਹਨ। ਇਹ ਪੋਸਟਾਂ ਰੀਡੰਡੈਂਟ ਹਨ ਅਤੇ ਇਨ੍ਹਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਇਸ ਸੂਬੇ ਵਿਚ ਹੈਵੀ ਐਡਮਨਿਸ-ਟਰੇਸ਼ਨ ਹੈ। ਰੀਆਰਗੇਨਾਈਜ਼ੇਸ਼ਨ ਵੇਲੇ ਅਗੇ ਹੀ ਪੀ. ਸੀ. ਐਸ. ਅਫ਼ਸਰ ਜਿੰਨੇ ਸਾਨੂੰ ਚਾਹੀਦੇ ਸਨ

Original with;
Punjab Vidhan Sabha
Digitized by;
Panjab Digital Library

ਉਸ ਨਾਲੋਂ ਡਿਊੜੇ ਅਫ਼ਸਰ ਸਾਡੇ ਤੇ ਮੜ੍ਹ ਦਿਤੇ ਗਏ ਸਨ । ਇਸ ਤੋਂ ਬਿਨਾਂ ਐਗਜ਼ੈਕਟਿਵ ਤੇ ਜੁਡੀਸ਼ਰੀ ਅੱਡ ਅੱਡ ਹੋਈਆਂ । ਉਹ ਪੀ. ਸੀ. ਐਸ. ਬਾਹਰ ਨਾ ਭੇਜਣ ਕਰਕੇ ਉਨ੍ਹਾਂ ਦਾ ਫਾਲਤੂ ਬੋਝ ਸਾਡੇ ਤੇ ਪਿਆ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਜਿਹੜੀਆਂ 11 ਡਿਸਟ੍ਰਿਕ ਟਰਾਂਸਪੋਰਟ ਅਫ਼ਸਰਾਂ ਦੀਆਂ ਅਸਾਮੀਆਂ ਹਨ, ਇਹ ਰੀਡੰਡੈਂਟ ਹਨ । ਇਥੇ ਦਲੀਲ ਇਹ ਦਿਤੀ ਗਈ ਹੈ ਕਿ ਇਹ ਅਫ਼ਸਰ ਇਸ ਕਰਕੇ ਲਗਾਏ ਗਏ ਹਨ ਕਿ ਟੈਕਸਾਂ ਦੀ ਉਗਰਾਹੀ, ਰਜਿਸਟਰੇਸ਼ਨ ਅਤੇ ਲਾਇਸੈਂਸ ਆਦਿ ਦਾ ਕੰਮ ਇਕ ਅਫ਼ਸਰ ਕਰੇਗਾ ਜਿਹੜੀ ਕਿ ਪਹਿਲਾਂ ਵੱਖ-ਵੱਖ ਜਗ੍ਹਾ ਤੇ ਹੁੰਦੀ ਸੀ ।

ਇਸ ਤਰ੍ਹਾਂ ਡ੍ਰਾਈਵਰਾਂ, ਕਨਡਕਟਰਾਂ ਦੇ ਲਾਈਸੈਂਸ ਐਸ. ਡੀ. ਓ. ਬਣਾਇਆ ਕਰਦਾ ਸੀ, ਹੁਣ ਡਿਸਟ੍ਰਿਕਟ ਟ੍ਰਾਂਸਪੋਰਟ ਅਫ਼ਸਰ ਬਣਾਇਆ ਕਰੇਗਾ, ਇਸ ਨਾਲ ਲੋਕਾਂ ਦੀ ਤਕਲੀਫ ਵਧੀ ਹੈ । ਫਿਰੋਜ਼ਪੁਰ ਦਾ ਜ਼ਿਲ੍ਹਾ ਹੈਡਕਵਾਰਟਰ ਕਈ ਪਿੰਡਾਂ ਤੋਂ 80 ਮੀਲ ਪੈਂਦਾ ਹੈ, ਹੁਣ ਕਿਸੇ ਨੇ ਲਾਈਸੈਂਸ ਰੀਨੀਊ ਵੀ ਕਰਵਾਉਣਾ ਹੋਵੇਗਾ ਤਾਂ ਉਸ ਨੂੰ ਇੰਨੀ ਦਰ ਜਾਣਾ ਪਿਆ ਕਰੇਗਾ, ਇਸ ਨਾਲ ਐਫੀਸ਼ੈਂਸੀ ਘਟੇਗੀ । ਗਿੱਲ ਸਾਹਿਬ ਨੇ ਇਨ੍ਹਾਂ ਥਾਵਾਂ ਤੇ ਆਪਣੇ ਚਹੇਤਿਆਂ ਨੂੰ ਲਾਇਆ ਹੋਇਆ ਸੀ ਤਾਂ ਜੋ ਉਹ ਟ੍ਰਾਂਸਪੋਰਟਾਂ ਤੋਂ, ਟ੍ਰਕ ਵਾਲਿਆਂ ਤੋਂ ਪੈਸਾ ਇਕੱਠਾ ਕਰ ਸਕਿਆ ਕਰਨ । ਹੁਣ ਸਰਕਾਰ ਪਹਿਲੇ ਗਲਤ ਹੋਏ ਫੈਸਲਿਆਂ ਨੂੰ ਰੀਵੀਊ ਕਰ ਰਹੀ ਹੈ ਇਸ ਨੂੰ ਵੀ ਖਤਮ ਕਰਨਾ ਚਾਹੀਦਾ ਹੈ । ਇਹ 11 ਅਫ਼ਸਰ ਸੂਬੇ ਤੇ ਬੋਝ ਹਨ । ਫਿਰ ਸਰਕਾਰ ਦੀ ਪਾਲਸੀ ਡੀਸੈਂਟ੍ਰਲਾਈਜ਼ੇਸ਼ਨ ਦੀ ਹੈ, ਡੀ. ਸੀ. ਦੀ ਥਾਂ ਇਖਤਿਆਰ ਹਰ ਐਸ. ਡੀ. ਓ. ਨੂੰ ਦਿਤੇ ਜਾ ਰਹੇ ਹਨ, ਉਨ੍ਹਾਂ ਨੂੰ ਜੀਪਾਂ ਵੀ ਦਿਤੀਆਂ ਗਈਆਂ ਹਨ ਮਗਰ ਇਸ ਕੇਸ ਵਿਚ ਕਿਉਂ ਮੁੜਕੇ ਸੈਂਟ੍ਰਲਾਈਜ਼ੇਸ਼ਨ ਕੀਤੀ ਗਈ । ਇਸ ਨੂੰ ਖਤਮ ਕੀਤਾ ਜਾਵੇ ।

ਅਗੇ ਹੈ ਡਿਮਾਂਡ ਨੰ: 6 ਜਿਸ ਬਾਰੇ ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਵੀ ਆਪਣੇ ਵਿਚਾਰ ਦਸੇ । ਇਸ ਵਿਚ ਦਸਿਆ ਗਿਆ ਹੈ ਕਿ ਸਰਕਾਰ ਦੇ ਕੇਸ ਲੜਨ ਲਈ ਪ੍ਰਾਈਵੇਟ ਵਕੀਲਾਂ ਨੂੰ 2,18,620/-ਰੁ: ਦਿਤਾ ਗਿਆ । ਜਦ ਗਿਲ ਸਾਹਿਬ ਨੇ ਆਪਣੀ ਮਰਜ਼ੀ ਦਾ ਐਡਵੋਕੇਟ ਜਨਰਲ ਲਾਇਆ ਹੋਇਆ ਸੀ, ਉਸ ਦਾ ਡਿਪਟੀ ਵੀ ਆਪਣਾ ਚਹੇਤਾ ਲਾਇਆ ਹੋਇਆ ਸੀ ਤਾਂ ਫਿਰ ਇਹ ਲੱਖਾਂ ਰੁਪਿਆ ਪ੍ਰਾਈਵੇਟ ਵਕੀਲਾਂ ਨੂੰ ਕਿਉਂ ਦਿੱਤਾ ਗਿਆ । ਇਹ ਗਲ ਇਸ ਨੂੰ ਧਿਆਨ ਨਾਲ ਪੜ੍ਹਨ ਤੇ ਪਤਾ ਲਗਦੀ ਹੈ । ਪੰਜਾਬ ਸਰਕਾਰ ਨੇ ਉਸ ਵੇਲੇ ਕੁਝ ਗਲਤ ਆਰਡਰ ਪਾਸ ਕੀਤੇ ਉਨ੍ਹਾਂ ਦੇ ਖਿਲਾਫ ਰਿਟਾਂ ਹੋਈਆਂ, ਸਰਕਾਰ ਨੇ ਅਪੀਲਾਂ ਕੀਤੀਆਂ, ਉਨ੍ਹਾਂ ਲਈ ਸੁਪਰੀਮ ਕੋਰਟ ਵਿਚ ਕੇਸ ਲੜਨ ਲਈ ਵਕੀਲ ਕੀਤੇ ਤਾਂ ਇਹ ਐਕਸਟ੍ਰਾ ਆਰਡਨਰੀ ਖਰਚ ਹੋਇਆ । ਇਸ ਗਲ ਨੂੰ ਮਹਿਕਮੇ ਨੇ ਛੁਪਾਉਣ ਦਾ ਯਤਨ ਕੀਤਾ ਹੈ ।

"(ii) for accepting the debit from the Central Agency Section, New Delhi, on account of work done, by them on behalf of the Punjab State in the Supreme Court. During the year 1968-69 heavy payments of fee to legal practitioners, who were engaged to appear in the High Court and Supreme Court in a case, on behalf of the State Government..............."

ਸਿਰਫ ਇਕ ਕੇਸ ਵਿਚ । ਉਹ ਕੇਸ ਸੀ ਧਕੇ ਨਾਲ ਬਜਟ ਪਾਸ ਕਰਨ ਦਾ ਉਸ ਆਪਣੀ ਗਲਤੀ ਨੂੰ ਡੀਫੈਂਡ ਕਰਨ ਤੇ ਲਖਾਂ ਰੁਪਿਆ ਪੰਜਾਬ ਦਾ ਜ਼ਾਇਆ ਕੀਤਾ । ਇਹ ਖਰਚ ਤਾਂ ਹੋ ਚੁਕਾ, ਵਾਪਸ ਨਹੀਂ ਹੋ ਸਕਦਾ ਪਰ ਇਹ ਦੇਖਣਾ ਚਾਹੀਦਾ ਹੈ ਕੀ ਇਹ ਉਨ੍ਹਾਂ ਤੇ ਪਾਇਆ ਜਾ ਸਕਦਾ ਹੈ ਜਿਸ ਨੇ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਦੇਵ ਸਿੰਘ ਸੰਧੂ]

ਆਪਣੇ ਚਹੇਤਿਆਂ ਨੂੰ ਖਟਾਇਆ। ਸਰਕਾਰ ਨੂੰ ਇਹ ਕੇਸ ਆਪਣੇ ਸਰਕਾਰੀ ਵਕੀਲਾਂ ਤੋਂ ਡਿਫੈਂਡ ਕਰਾਉਣਾ ਚਾਹੀਦਾ ਸੀ। ਵਜ਼ੀਰ ਸਾਹਿਬ ਨੂੰ ਜਵਾਬ ਦਿੰਦੇ ਹੋਏ ਇਹ ਗਲ ਕਲੀਅਰ ਕਰਨੀ ਚਾਹੀਦੀ ਹੈ ਕਿ ਇਹ ਰੁਪਿਆ ਜਿਸ ਦਾ ਪ੍ਰੋਵਿਯਨ ਨਹੀਂ ਸੀ, ਡਿਪਾਰਟਮੈਂਟ ਨੇ ਕਿਥੋਂ ਲਿਆ। ਜਿਨ੍ਹਾਂ ਨੇ ਖਰਚ ਕੀਤਾ, ਜਿਨ੍ਹਾਂ ਨੂੰ ਮਿਲਿਆ ਉਨ੍ਹਾਂ ਦੇ ਨਾਮ ਤਾਂ ਸਾਹਮਣੇ ਆਉਣ, ਉਹ ਨੰਗੇ ਤਾਂ ਹੋਣ। ਇਹ ਗਲ ਸੋਚੀ ਜਾਵੇ ਕਿ ਜਿਨ੍ਹਾਂ ਨੇ ਇਹ ਖਰਚ ਕਰਾਇਆ ਉਨ੍ਹਾਂ ਤੋਂ ਵਸੂਲ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੀ ਡੀਮਾਂਡ ਬਾਰੇ ਮੈਂ ਸਿਰਫ ਇਕ ਗਲ ਹੀ ਕਹਿਣੀ ਹੈ। ਇਸ ਬਾਰੇ ਸਰਕਾਰ ਨੇ ਇਕ ਪਾਲਿਸੀ ਬਣਾਈ ਹੋਈ ਸੀ ਅਤੇ ਉਸ ਦੇ ਮੁਤਾਬਿਕ ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਬਜਟ ਵਿਚ ਕੋਈ ਰੁਪਿਆ ਨਹੀਂ ਸੀ। ਉਸ ਦੇ ਬਾਦ ਧਕੇ ਨਾਲ ਗਿਲ ਸਾਹਿਬ ਐਜੂਕੇਸ਼ਨ ਮਨਿਸਟਰ ਬਣੇ। ਇਨ੍ਹਾਂ ਨੇ ਲੋਕਾਂ ਨੂੰ ਰਿਸ਼ਵਤ ਦੇਣ ਲਈ ਆਪਣੇ ਇਲਾਕੇ ਵਿਚ ਬੇਸ਼ੁਮਾਰ ਪ੍ਰਾਈਮਰੀ ਸਕੂਲ, ਮਿਡਲ ਤੇ ਮਿਡਲ ਤੋਂ ਹਾਈ ਕਰ ਦਿਤੇ ਅਤੇ 9,38,0 00/- ਰੁਪਿਆ ਇਸ ਰਿਸ਼ਵਤ ਦੇਣ ਤੇ ਖਰਚ ਕਰ ਦਿੱਤਾ, ਜਦ ਕਿ ਬਜਟ ਵਿਚ ਇਸ ਕੰਮ ਲਈ ਇਕ ਪੈਸਾ ਨਹੀਂ ਸੀ। ਮੈਂ ਵਿੱਤ ਮੰਤਰੀ ਜੀ ਨੂੰ ਕਹਾਂਗਾ ਕਿ ਇਹ ਗਲ ਮੈਂਬਰਾਂ ਦੇ ਸਾਹਮਣੇ ਆਵੇ ਕਿ ਇਨਾਂ ਇਹ ਰੁਪਿਆ ਆਪਣੇ ਹੀ ਹਲਕੇ ਤੇ ਕਿਸ ਤਰ੍ਹਾਂ ਖਰਚ ਕੀਤਾ, ਲੋਕਾਂ ਦੀ ਭਲਾਈ ਦੇ ਖਿਆਲ ਨਹੀਂ ਸਗੋਂ ਆਪਣੇ ਹਲਕੇ ਦੇ ਲੋਕਾਂ ਨੂੰ ਰਿਸ਼ਵਤ ਦੇ ਤੌਰ ਤੇ ਉਸ ਕੰਮ ਲਈ ਕਿਸ ਤਰ੍ਹਾਂ ਖਰਚ ਕੀਤਾ ਜਦ ਕਿ ਇਸ ਦਾ ਬਜਟ ਵਿਚ ਪ੍ਰੋਵਿਯਨ ਨਹੀਂ ਸੀ। ਤਾਕਤ ਦੀ ਇਹ ਗਲਤ ਵਰਤੋਂ ਵਾਲਾ ਇਨ੍ਹਾਂ ਦਾ ਕਿਰਦਾਰ ਲੋਕਾਂ ਦੇ ਸਾਹਮਣੇ ਆਉਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਅਗੇ ਡਿਮਾਂਡ 7 ਵਿਚ ਕਿਹਾ ਗਿਆ ਹੈ ਕਿ ਜੇਲ੍ਹਾਂ ਤੇ ਖਰਚ ਬਹੁਤਾ ਹੋ ਗਿਆ ਹੈ। ਕੈਦੀ ਵਧ ਹੋ ਗਏ ਅਤੇ ਉਨ੍ਹਾਂ ਦੀ ਖੁਰਾਕ ਤੇ ਜ਼ਿਆਦਾ ਖਰਚ ਹੋ ਗਿਆ। ਡਿਪਟੀ ਸਪੀਕਰ ਸਾਹਿਬ ਜਦੋਂ ਗਲਤ ਆਦਮੀ ਵਜ਼ੀਰ ਬਣ ਗਏ, ਗਿਲ ਸਾਹਿਬ ਨੇ ਗਲਤ ਤਰੀਕੇ ਨਾਲ ਹਕੂਮਤ ਸਾਂਭ ਲਈ ਤਾਂ ਇਨ੍ਹਾਂ ਦੇ ਖਿਲਾਫ ਲੋਕ ਮੁਜ਼ਾਹਰੇ ਕਰਦੇ ਸੀ। ਉਸ ਵੇਲੇ ਹਜ਼ਾਰਾਂ ਲੋਕਾਂ ਨੂੰ ਫੜਕੇ ਜੇਲ੍ਹ ਵਿਚ ਦੇ ਦਿਤਾ ਜਾਂਦਾ ਸੀ। ਇਹ ਖਰਚ ਉਸ ਵੇਲੇ ਦਾ ਹੈ। ਇਸ ਖਰਚ ਦੀ ਜ਼ਿਮੇਂਦਾਰੀ ਗਿੱਲ ਸਾਹਿਬ ਤੇ ਹੀ ਹੈ ਜਾਂ ਉਨ੍ਹਾਂ ਤੇ ਹੈ ਜੋ ਉਨ੍ਹਾਂ ਦੀ ਮਦਦ ਕਰਦੇ ਰਹੇ ਹਨ।

ਡਿਪਟੀ ਸਪੀਕਰ ਸਾਹਿਬ, 13 ਲੱਖ ਰੁਪਿਆ ਗੁਰੂ ਨਾਨਕ ਫਾਊਂਡੇਸ਼ਨ ਲਈ ਰਖਿਆ ਗਿਆ ਹੈ—12 ਲੱਖ ਫਾਊਂਡੇਸ਼ਨ ਲਈ ਤੇ ਇਕ ਲਖ ਯੂਨੀਵਰਸਿਟੀ ਲਈ। ਇਹ ਬਹੁਤ ਚੰਗੀ ਗਲ ਹੈ। ਪਰ ਮੈਂ ਇਸ ਬਾਰੇ ਅਰਜ਼ ਕਰਾਂ ਕਿ ਪਹਿਲਾਂ ਵੀ 12 ਲੱਖ ਰੁਪਿਆ ਭਾਰਤ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਲਈ ਦਿਤਾ ਸੀ। ਇਹ ਬੜਾ ਨੇਕ ਕੰਮ ਹੈ ਅਤੇ ਇਹ ਸੁਚਜੇ ਢੰਗ ਨਾਲ ਚਲਣਾ ਚਾਹੀਦਾ ਹੈ ਪਰ ਮੈਨੂੰ ਅਫਸੋਸ ਹੈ ਕਿ ਗੁਰੂ ਨਾਨਕ ਫਾਊਂਡੇਸ਼ਨ ਵਿਚ ਵੀ ਕਾਂਗਰਸੀ ਹੀ ਚੌਧਰੀ ਬਣ ਗਏ ਜਿਨ੍ਹਾਂ ਨੂੰ ਨਾ ਗੁਰੂ ਸਾਹਿਬ ਦੇ ਮਿਸ਼ਨ ਦਾ ਪਤਾ ਸੀ ਅਤੇ ਨਾ ਹੀ ਉਨ੍ਹਾਂ ਪਾਸ ਇਸ ਕੰਮ ਲਈ ਸਮਾਂ ਸੀ ਕਿਉਂਕਿ ਉਨ੍ਹਾਂ ਨੂੰ ਤਾਂ ਆਪਣੀ ਪਾਰਟੀ ਦੇ ਝਗੜਿਆਂ ਤੋਂ ਹੀ ਵਿਹਲ ਨਹੀਂ ਸੀ ਲਗਦਾ। ਇਸ ਕਰਕੇ ਉਸ ਫੰਡ ਦਾ ਮੁੱਦਾ ਪੂਰਾ ਨਹੀਂ ਹੋਇਆ। ਇਸ ਫਾਊਂਡੇਸ਼ਨ ਦੇ ਅਹੁਦੇਦਾਰ ਵੀ ਕਾਂਗਰਸੀ ਹੀ ਹਨ। ਅਗਰ ਪੜਤਾਲ ਹੋਵੇ ਤਾਂ ਪਤਾ ਚਲੇਗਾ ਕਿ ਇਨ੍ਹਾਂ ਨੂੰ ਗੁਰੂ ਸਾਹਿਬ ਦੇ ਮਿਸ਼ਨ ਨਾਲ ਕੋਈ ਦਿਲ-ਚਸਪੀ ਨਹੀਂ। ਇਸ ਤਰ੍ਹਾਂ ਆਪਣੇ ਚਹੇਤਿਆਂ ਨੂੰ ਰੁਪਿਆ ਹੀ ਵੰਡਣਾ ਜਾਣਦੇ ਹਨ। (ਵਿਘਨ) ਮੈਂ ਬੇਨਤੀ ਕਰਾਂਗਾ ਕਿ ਜੋ ਫਾਊਂਡੇਸ਼ਨ ਬਣੇ ਇਸ ਵਿਚ ਪਾਲੇਟੀਸ਼ਨਜ਼ ਨੂੰ ਨਾ ਲਿਆ ਜਾਵੇ। ਉਨ੍ਹਾਂ ਦੀ ਜਗ੍ਹਾ

Original with;
Punjab Vidhan Sabha
Digitized by;
Panjab Digital Library

ਧਰਮ ਵਿਚ ਰੁਚੀ ਰਖਣ ਵਾਲੇ ਸੱਜਣ ਤੇ ਸਕਾਲਰ ਹੋਣ ਜਿਨ੍ਹਾਂ ਦਾ ਮਿਸ਼ਨ ਗੁਰੂ ਨਾਨਕ ਦੇ ਮਿਸ਼ਨ ਦਾ ਪਰਚਾਰ ਕਰਨਾ ਹੋਵੇ । ਇਸ ਵਿਚ ਐਕਟਿਵ ਪਾਲੇਟੀਸ਼ਨਜ਼ ਨਾ ਲਏ ਜਾਣ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ । (ਇਕ ਆਵਾਜ਼: ਉਸ ਵਿਚ ਵੀਰ ਯਗ ਦੱਤ ਵੀ ਹਨ ।) ਉਸ ਵਿਚ ਕੋਈ ਵੀ ਹੋਵੇ ਕਿਸੇ ਧਰਮ ਨਾਲ ਭਾਵੇਂ ਉਸ ਦਾ ਤਅੱਲੁਕ ਹੋਵੇ, ਮਗਰ ਉਸ ਦਾ ਮਿਸ਼ਨ ਗੁਰੂ ਨਾਨਕ ਦੇ ਮਿਸ਼ਨ ਦਾ ਪਰਚਾਰ ਕਰਨਾ ਹੋਵੇ । ਉਹ ਇਸ ਕੰਮ ਲਈ ਟਾਈਮ ਦੇਵੇ ਅਤੇ ਉਦਮ ਕਰੇ, ਪਹਿਲੀ ਫਾਉਂਡੇਸ਼ਨ ਦੀ ਤਰ੍ਹਾਂ ਨਹੀਂ ਹੋਣਾ ਚਾਹੀਦਾ ।

ਡਿਪਟੀ ਸਪੀਕਰ ਸਾਹਿਬ, ਭਾਖੜੇ ਦੀਆਂ ਨਹਿਰਾਂ ਵਿਚੋਂ ਪਾਣੀ ਦਾ ਜਿੰਨਾ ਹਿੱਸਾ ਹਰਿਆਣੇ ਦਾ ਬਣਦਾ ਹੈ ਉਸ ਨੂੰ ਉਸ ਤੋਂ ਵਧ ਪਾਣੀ ਦਿਤਾ ਜਾਂਦਾ ਹੈ ।

ਕੇਂਦਰੀ ਸਰਕਾਰ ਨੇ ਸਾਡੇ ਹਿਸੇ ਰਕਮ ਵਧ ਪਾ ਦਿਤੀ । ਪਾਣੀ ਹਰਿਆਣੇ ਨੂੰ ਜ਼ਿਆਦਾ ਤੇ ਸਾਂਝੀਆਂ ਚੈਨਲਜ਼ ਦੀ ਮੇਨਟੀਨੈਂਸ ਸਾਡੇ ਜ਼ਿਮੇ ਪਾ ਦਿਤੀ । ਸੁਪਰਵਾਇਜ਼ਰੀ ਸਟਾਫ ਦਾ ਹਿਸਾ ਵੀ ਸਾਡਾ ਵਧ । ਇਸ ਲਈ ਕੇਂਦਰੀ ਸਰਕਾਰ ਨੂੰ ਕਹਿਣਾ ਚਾਹੀਦਾ ਹੈ । ਰੋਡਵੇਜ਼ ਦੀ ਸਟ੍ਰਾਈਕ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਰੋਡਵੇਜ਼ ਦੇ ਵਰਕਰਾਂ ਨੂੰ ਸਬਸਿਸਟੈਂਸ ਅਾਲੌਂਸ ਦੇਣਾ ਸੀ ਜੋ ਦਿਤਾ ਗਿਆ । ਇਹ ਡੀਮਾਂਡ ਨੰਬਰ 15 ਹੈ । ਮੈਂ ਇਸ ਸਬੰਧ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਸਪੈਂਡ ਹੋਏ ਰੋਡਵੇਜ਼ ਦੇ ਵਰਕਰਾਂ ਨੂੰ ਕਿਤੇ ਤਾਂ ਮਿਲਿਆ ਹੀ ਨਹੀਂ ਤੇ ਕਿਤੇ ਘਟ ਦਿਤਾ ਗਿਆ ਹੈ । ਬਗੈਰ ਨੋਟਿਸ ਦੇ ਕਢ ਦਿਤੇ ਗਏ ਗਿੱਲ ਸਰਕਾਰ ਨੇ ਇੰਤਕਾਮਨਾ ਕਾਰਵਾਈ ਉਨ੍ਹਾਂ ਦੇ ਵਿਰੁਧ ਕਰਕੇ ਉਨ੍ਹਾਂ ਨੂੰ ਹਟਾ ਦਿਤਾ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਰੋਡਵੇਜ਼ ਦੇ ਕਢੇ ਮੁਲਾਜ਼ਮਾਂ ਨੂੰ ਮੁੜ ਬਹਾਲ ਕੀਤਾ ਜਾਵੇ ਅਤੇ ਉਨ੍ਹਾਂ ਨਾਲ ਜੋ ਜ਼ਿਆਦਤੀ ਕੀਤੀ ਹੈ ਉਸ ਲਈ ਇਨਸਾਫ ਕੀਤਾ ਜਾਵੇ ।

ਆਖਰਲੀ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਗਿਲ ਸਰਕਾਰ ਨੇ ਲੋਕਾਂ ਨਾਲ ਧਕਾ ਕੀਤਾ ਅਤੇ ਇਸ ਹਾਊਸ ਦੇ ਆਨਰਏਬਲ ਮੈਂਬਰ ਸਰਦਾਰ ਮਹਿੰਦਰ ਸਿੰਘ ਨੂੰ ਗੁਰਦਾਸਪੁਰ ਵਿਚ ਫੜ ਲਿਆ, ਝੂਠਾ ਮੁਕੱਦਮਾ ਬਣਾਇਆ ਅਤੇ ਜੋ ਚੇਅਰ ਮੈਨ, ਪੰਚਾਇਤ ਸਮਿਤੀ ਗੁਰਦਾਸਪੁਰ ਸਨ ਉਨ੍ਹਾਂ ਨੂੰ ਹਟਾਇਆ ਉਸ ਦਾ ਭਾਰ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ । ਇਸ ਦਾ ਜ਼ਿਕਰ ਡੀਮਾਂਡ ਨੰ: 17 ਵਿਚ ਹੈ । ਹਟਾਇਆ ਤਾਂ ਗਿੱਲ ਸਰਕਾਰ ਨੇ ਸੀ ਤੇ ਪੈਸੇ ਸਾਨੂੰ ਭਰਨੇ ਪੈ ਰਹੇ ਹਨ । ਸੋ ਮੈਂ ਇਹ ਅਰਜ਼ ਕਰਦਾ ਹਾਂ ਕਿ ਇਸ ਤਰ੍ਹਾਂ ਦੇ ਕੇਸਾਂ ਦੀ ਇਨਕੁਆਰੀ ਹੋਣੀ ਚਾਹੀਦੀ ਹੈ । ਅਤੇ ਵੇਖਣਾ ਚਾਹੀਦਾ ਹੈ ਕਿ ਕਿਸੇ ਤਰ੍ਹਾਂ ਦੀ ਵਧੀਕੀ ਨਾ ਹੋਵੇ ਅਤੇ ਨਾ ਡੀਕ੍ਰੀਟਲ ਐਮਾਊਂਟ ਭਰਨੇ ਪੈਣ ।

**ਚੌਧਰੀ ਰਾਮ ਸਿੰਘ (ਪਠਾਨਕੋਟ)** : ਡਿਪਟੀ ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਬਜਟ ਵਿਚ ਡੀਮਾਂਡ ਨੰ: 14 ਵਿਚ 69 ਲੱਖ ਰੁਪਏ ਦੀ ਰਕਮ ਰਖੀ ਗਈ ਹੈ । ਬਾਰਡਰ ਦੇ ਇਲਾਕੇ ਵਿਚ ਸੜਕਾਂ ਬਣਾਉਣ ਲਈ ਅਤੇ ਇਸ ਲਈ ਬਾਰੀ ਦੀ ਬਾਰੀ ਗਰਾਂਟ ਗੌਰਮੈਂਟ ਆਫ਼ ਇੰਡੀਆ ਨੇ ਦੇਣੀ ਹੈ । ਗੌਰਮੈਂਟ ਆਫ਼ ਇੰਡੀਆ ਨੇ ਪਹਿਲਾਂ ਵੀ 1 ਲਖ 60 ਹਜ਼ਾਰ ਰੁਪਏ ਦੀ ਗਰਾਂਟ ਦਿਤੀ ਸੀ ਸੜਕਾਂ ਬਣਾਉਣ ਲਈ ਪਰ ਸੜਕਾਂ ਵਲ ਧਿਆਨ ਨਹੀਂ ਦਿਤਾ ਗਿਆ । ਬਾਰਡਰ ਏਰੀਆ ਵਿਚ ਸੜਕਾਂ ਦੀ ਭਾਰੀ ਮਹੱਤਤਾ ਹੈ ਅਤੇ ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ । ਹੁਣ ਵੀ ਕਿਉਂਕਿ ਗੌਰਮੈਂਟ ਆਫ਼ ਇੰਡੀਆ 100 ਫੀ ਸਦੀ ਗਰਾਂਟ ਦੇ ਰਹੀ ਹੈ ਇਸ ਲਈ ਇਹ ਵੇਖਣਾ

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਚਾਹੀਦਾ ਹੈ ਕਿ ਸਾਰੀ ਰਕਮ ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਵਿਚ ਸੜਕਾਂ ਤੇ ਹੀ ਖਰਚ ਕੀਤੀ ਜਾਵੇ। ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਹੀ ਇਹ ਰਕਮ ਖਰਚ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚੋਂ ਵੀ ਗੁਰਦਾਸ ਪੁਰ ਦੇ ਜ਼ਿਲ੍ਹੇ ਵਿਚ ਸੜਕਾਂ ਦੀ ਵਧੇਰੇ ਲੋੜ ਹੈ ਇਸ ਲਈ ਉਸ ਪਾਸੇ ਧਿਆਨ ਦਿਤਾ ਜਾਣਾ ਚਾਹੀਦਾ ਹੈ। ਇਥੇ ਮੈਂ ਸਰਕਾਰ ਦਾ ਧਿਆਨ ਇਸ ਪਾਸੇ ਵੀ ਦਿਵਾਣਾ ਚਾਹੁੰਦਾ ਹਾਂ ਕਿ ਪਠਾਨਕੋਟ ਤੇ ਮਾਧੋਪੁਰ ਨੂੰ ਜੋ ਸੜਕ ਕੱਢੀ ਗਈ ਹੈ ਇਹ ਕੋਈ 8 ਮੀਲ ਤੋਂ ਵੀ ਘਟ ਹੈ ਇਸ ਤੇ ਪੁਲ ਬਣ ਰਿਹਾ ਹੈ ਇਸ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਇਸ ਸੜਕ ਨੂੰ ਮੁਕੰਮਲ ਕਰਨ ਦਾ ਕੰਮ ਤਤਪਰ ਕੀਤਾ ਜਾਵੇ ਅਤੇ ਫੌਰੀ ਧਿਆਨ ਦਿੱਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰ: 10 ਵਿਚ ਆਈਟਮ 12 ਵਿਚ ਹਰੀਜਨਾਂ ਦੀ ਵਿਦਿਆ ਲਈ ਰਕਮ ਰਖੀ ਗਈ ਹੈ। ਇਸ ਦੇ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਵਿਚ ਵੀ ਗੌਰਮੈਂਟ ਆਫ਼ ਇੰਡੀਆ ਵਲੋਂ ਹੀ 100 ਫੀ ਸਦੀ ਗਰਾਂਟ ਦਿਤੀ ਗਈ ਹੈ। ਇਸ ਲਈ ਪੰਜਾਬ ਸਰਕਾਰ ਨੂੰ ਵੀ ਆਪਣੇ ਪਾਸ ਤੋਂ ਗਰਾਂਟ ਦੇਣੀ ਚਾਹੀਦੀ ਹੈ ਤਾਂ ਕਿ ਹਰੀਜਨਾਂ ਦੀ ਐਜੂਕੇਸ਼ਨ ਦੀ ਤਰਕੀ ਕੀਤੀ ਜਾ ਸਕੇ। ਗਵਰਨਰ ਸਾਹਿਬ ਦੇ ਐਡਰੇਸ ਵਿਚ ਵੀ ਕਿਹਾ ਗਿਆ ਹੈ ਕਿ ਹਰੀਜਨਾਂ ਨੂੰ ਸਕਾਲਰਸ਼ਿਪ ਦਿਤੇ ਜਾਣਗੇ ਜਿਸ ਤਰ੍ਹਾਂ ਭਾਰਤ ਸਰਕਾਰ ਨੇ 100 ਫੀ ਸਦੀ ਗਰਾਂਟ ਇਸ ਕੰਮ ਲਈ ਦੇਣੀ ਹੈ ਇਸੇ ਤਰ੍ਹਾਂ ਪੰਜਾਬ ਸਰਕਾਰ ਨੂੰ ਵੀ ਇਸ ਮਦ ਵਿਚ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਹਰੀਜਨਾਂ ਦੀ ਵਿਦਿਆ ਦਾ ਪੂਰਾ ਪ੍ਰਬੰਧ ਕੀਤਾ ਜਾ ਸਕੇ। ਅਗੇ-ਹੀ ਮੈਂ ਇਹ ਗਲ ਵੀ ਸਰਕਾਰ ਦੇ ਨੋਟਿਸ ਵਿਚ ਲਿਆਣਾ ਚਾਹੁੰਦਾ ਹਾਂ ਕਿ ਬੈਕਵਰਡ ਕਲਾਸ ਦੀ ਆਮਦਨ ਦੀ ਲਿਮਟ ਪਹਿਲਾਂ 1800 ਰੁਪਏ ਮੁਕਰਰ ਕੀਤੀ ਗਈ ਸੀ ਪਰ ਹੁਣ ਹਾਲਾਤ ਬਦਲ ਗਏ ਹਨ ਇਸ ਲਈ ਇਹ ਹਦ ਨੂੰ 3600 ਰੁਪਏ ਸਾਲ ਤਕ ਵਧਾ ਦਿਤਾ ਜਾਵੇ। ਤਾਂ ਕਿ ਸਹੀ ਮਹਿਨਿਆਂ ਵਿਚ ਹਰੀਜਨਾਂ ਦੀ ਵਿਦਿਆ ਵਲ ਧਿਆਨ ਦਿਤਾ ਜਾ ਸਕੇ।

ਜਿਥੇ ਤਕ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਦਾ ਸਵਾਲ ਹੈ 80 ਪਰਸੈਂਟ ਗਰਾਂਟ ਤਾਂ ਭਾਰਤ ਸਰਕਾਰ ਨੇ ਦੇਣੀ ਹੈ ਜਿਸ ਦੀ ਕਿ ਇਹ ਸਰਕਾਰ ਫਰੰਟ ਦੀ ਜੋ ਇਥੇ ਆਈ ਹੈ ਨਿੰਦਾ ਕਰਦੀ ਹੈ। ਹਰ ਵਕਤ ਪੰਜਾਬ ਸਰਕਾਰ ਦੇ ਲੀਡਰ ਅਤੇ ਮਨਿਸਟਰ ਭਾਰਤ ਸਰਕਾਰ ਦੀ ਨਿੰਦਾ ਕਰਦੇ ਹਨ। ਮੈਂ ਇਹ ਕਹਾਂਗਾ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਬਾਜ਼ ਆ ਜਾਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਆਪਸ ਦੇ ਤਅੱਲੁਕਾਤ ਖਰਾਬ ਹੋਣ ਦਾ ਡਰ ਹੈ। ਜਿਸ ਭਾਰਤ ਸਰਕਾਰ ਪਾਸੋਂ ਇਹ 100 ਫੀ ਸਦੀ ਅਤੇ 80 ਫੀ ਸਦੀ ਗਰਾਂਟ ਹਰ ਸਕੀਮ ਲਈ ਲੈਂਦੇ ਹਨ ਅਤੇ ਆਪਣੇ ਪਾਸ ਤੋਂ ਬਾਜ਼ ਸਕੀਮਾਂ ਵਿਚ ਇਕ ਪੈਸਾ ਵੀ ਨਹੀਂ ਦਿੰਦੇ ਉਸ ਭਾਰਤ ਸਰਕਾਰ ਦੀ ਹਰ ਵਕਤ ਨਿੰਦਾ ਕਰਦੇ ਰਹਿੰਦੇ ਹਨ।

ਫਰਟੇਲਾਈਜ਼ਰ ਲਈ 4 ਕਰੋੜ ਦਾ ਕਰਜ਼ਾ ਲਿਆ ਜਾ ਰਿਹਾ ਹੈ ਇਨ੍ਹਾਂ ਸਾਰੀਆਂ ਗਲਾਂ ਦੇ ਬਾਵਜੂਦ ਹਰ ਵੇਲੇ ਇਕੋ ਹੀ ਗਲ ਕਰੀ ਜਾਣੀ ਠੀਕ ਨਹੀਂ ਲਗਦੀ। ਕਿਉਂਕਿ ਪੰਜਾਬ ਬਾਰਡਰ ਦੀ ਸਟੇਟ ਹੈ ਅਤੇ ਇਹ ਪਾਕਿਸਤਾਨ ਨਾਲ ਲੜਾਈ ਸਮੇਂ ਮਹਿਸੂਸ ਕੀਤਾ ਗਿਆ ਸੀ ਅਤੇ ਇਸ ਪਾਸੇ ਜ਼ਿਆਦਾ ਧਿਆਨ ਸੈਂਟਰ ਦਾ ਗਿਆ ਅਤੇ ਉਨ੍ਹਾਂ ਨੇ ਇਸ ਪਾਸੇ ਤਵਜੋ ਦਿਤੀ ਅਤੇ ਹੁਣ ਵੀ ਇਹ ਦਰਖਾਸਤ ਉਨ੍ਹਾਂ ਪਾਸ ਕੀਤੀ ਜਾ ਸਕਦੀ ਹੈ ਕਿ ਬਾਰਡਰ ਸਟੇਟ ਲਈ ਵਧ ਰਕਮ ਦਿਤੀ ਜਾਵੇ ਅਤੇ ਸੀ. ਐਮ. ਸਾਹਿਬ ਨੇ ਕਿਹਾ ਵੀ ਹੈ ਕਿ ਅਸੀਂ ਕਹਾਂਗੇ ਪਰ ਇਸ ਤਰ੍ਹਾਂ ਸੈਂਟਰ ਨੂੰ ਹਰ ਸਮੇਂ ਕੋਸਣਾ ਠੀਕ ਨਹੀਂ। ਇਸ ਤਰ੍ਹਾਂ ਹੋ ਸਕਦਾ ਹੈ ਕਿ ਜ਼ਾਤੀ ਗੱਲਾਂ ਵਿਚ ਪੈ ਕੇ ਪੰਜਾਬ ਦੀ ਤਰਕੀ

Original with;
Punjab Vidhan Sabha
Digitized by;
Panjab Digital Library

ਵਿਚ ਹੀ ਰੁਕਾਵਟ ਨਾ ਪੈ ਜਾਵੇ । ਆਪਣੇ ਆਪ ਤੇ ਜ਼ਬਤ ਅਤੇ ਕੰਟ੍ਰੋਲ ਤੋਂ ਕੰਮ ਲੈਣਾ ਚਾਹੀਦਾ ਹੈ ।

ਇਕ ਗਲ ਦਾ ਇਥੇ ਬਹੁਤਾ ਚਰਚਾ ਕੀਤਾ ਗਿਆ ਕਿ ਜ਼ਰਈ ਪੈਦਾਵਾਰ ਦੀ ਤਰੱਕੀ ਕਰਨੀ ਹੈ ਇਸ ਦਾ ਸਪਲੀਮੈਂਟਰੀ ਐਸਟੀਮੇਟ ਵਿਚ ਵੀ ਜ਼ਿਕਰ ਕੀਤਾ ਗਿਆ ਹੈ । ਗਰਾਂਟ ਨੰ: 11 ਵਿਚ 4 ਲਖ ਰੁਪਏ ਦੀ ਗਰਾਂਟ ਰਖੀ ਗਈ ਹੈ । ਇਸ ਮਦ ਦੇ ਹੇਠਾਂ ਇਸ ਗਲ ਦਾ ਜ਼ਿਕਰ ਕੀਤਾ ਗਿਆ ਹੈ ਕਿ ਭਾਰਤ ਦੀ ਸਰਕਾਰ ਨੇ 24 ਲਖ ਦੀ ਗਰਾਂਟ ਇਸ ਕੰਮ ਲਈ ਦਿਤੀ ਹੈ ਤਾਕਿ ਐਗਰੀਕਲਚਰ ਪਰੋਡਕਸ਼ਨ ਵਿਚ ਵਾਧਾ ਕੀਤਾ ਜਾ ਸਕੇ । ਇਸ ਤਰ੍ਹਾਂ ਨਾਲ ਹੀ ਪ੍ਰਾਈਵੇਟ ਟੀਚਰਾਂ ਲਈ ਸਕੂਲਾਂ ਨੂੰ ਭਾਰਤ ਸਰਕਾਰ ਨੇ ਗਰਾਂਟ ਦਿਤੀ ਹੈ । ਇਸ ਵਾਸਤੇ ਮੈਂ ਇਸ ਸਰਕਾਰ ਨੂੰ ਅਤੇ ਖਾਸ ਤੌਰ ਤੇ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਆਪ ਅਤੇ ਬਾਕੀ ਦੇ ਵਜ਼ੀਰ ਸਾਹਿਬ ਅਜੇਹੀਆਂ ਤਕਰੀਰਾਂ ਨਾ ਕਰਨ ਜਿਨ੍ਹਾਂ ਨਾਲ ਪੰਜਾਬ ਲਈ ਕੇਸ ਕੋਈ ਸੈਂਟਰ ਵਿਚ ਖਰਾਬ ਹੋ ਜਾਵੇ । ਅਤੇ ਕੋਈ ਗਲ ਅਜਿਹੀ ਨਾ ਹੋਵੇ ਜੋ ਪੰਜਾਬ ਦੇ ਅਗੇਨਸਟ ਜਾਵੇ । ਇਸ ਨਾਲ ਮੁਸ਼ਕਲ ਪੈਦਾ ਹੋ ਜਾਵੇਗੀ ਅਤੇ ਜਿੰਨੀਆਂ ਗਰਾਂਟਾਂ ਭਾਰਤ ਸਰਕਾਰ ਤੋਂ ਮਿਲਦੀਆਂ ਹਨ ਅਤੇ ਜਿੰਨੇ ਲੋਨ ਮਿਲਦੇ ਹਨ ਉਹ ਨਹੀਂ ਮਿਲ ਸਕਣਗੇ । ਸਾਨੂੰ ਬਿਜਲੀ ਦੇ ਪ੍ਰਾਜੈਕਟਾਂ ਲਈ ਅਤੇ ਨਹਿਰਾਂ ਲਈ ਰੁਪਿਆ ਨਹੀਂ ਮਿਲ ਸਕੇਗਾ । ਆਪਣੇ ਆਪ ਤੇ ਇਨ੍ਹਾਂ ਨੂੰ ਕੰਟ੍ਰੋਲ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਪੇ ਕਮਿਸ਼ਨ ਦੀ ਰੀਪੋਰਟ ਪੇਸ਼ ਕੀਤੀ ਜਾ ਚੁਕੀ ਹੈ ਪਰ ਇਸ ਵਿਚ ਕਈ ਕਿਸਮ ਦੀਆਂ ਗ਼ਲਤੀਆਂ ਰਹਿ ਗਈਆਂ ਹਨ ਜਿਨ੍ਹਾਂ ਵਿਚ ਸੁਧਾਰ ਕਰਨ ਦੀ ਲੋੜ ਹੈ । ਮਹਿੰਗਾਈ ਕਲਾਸ 3 ਅਤੇ 4 ਦੇ ਮੁਲਾਜ਼ਮਾਂ ਲਈ ਦਿਨੋ ਦਿਨ ਵਧ ਰਹੀ ਹੈ ਪਰ ਜਿੰਨਾਂ ਰਲੀਫ ਇਸ ਪੇ ਕਮਿਸ਼ਨ ਦੀ ਰਿਪੋਰਟ ਵਿਚ ਹੈ ਉਹ ਪੂਰਾ ਨਹੀਂ । ਕਈ ਤਰ੍ਹਾਂ ਦੀਆਂ ਇਨਾਮਲੀਜ਼ ਇਸ ਰਿਪੋਰਟ ਵਿਚ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ । ਮੈਂ ਮਿਸਾਲ ਦੇ ਤੌਰ ਤੇ ਇਹ ਕਹਾਂਗਾ ਕਿ ਬਿਜਲੀ ਬੋਰਡ ਦੇ ਇੰਨਜੀਨੀਅਰ ਅਤੇ ਇਰੀਗੇਸ਼ਨ ਦੇ ਇੰਨਜੀਨੀਅਰ ਦੀ ਤਨਖਾਹ ਵਿਚ ਫਰਕ ਰਖ ਦਿਤਾ ਗਿਆ ਹੈ ਹਾਲਾਂ ਕਿ ਇਰੀਗੇਸ਼ਨ ਦੇ ਇੰਨਜੀਨੀਅਰ ਜ਼ਰਈ ਪੈਦਾਵਾਰ ਲਈ ਬਹੁਤ ਕੰਮ ਕਰਦੇ ਹਨ ਮੋਘਿਆਂ ਦਾ ਕੰਮ ਨਹਿਰਾਂ ਦੀ ਉਸਾਰੀ ਦਾ ਕੰਮ ਅਤੇ ਹੋਰ ਸਾਰਾ ਕੰਮ ਤਾਂ ਉਹ ਆਪ ਕਰਦੇ ਹਨ, ਪਰ ਉਨ੍ਹਾਂ ਨੂੰ ਕਲਾਸ ਦੋ ਵਿਚ ਰਖਿਆ ਗਿਆ ਹੈ ਅਤੇ ਬਿਜਲੀ ਬੋਰਡ ਦੇ ਇੰਜੀਨੀਅਰਾਂ ਨੂੰ ਕਲਾਸ 1 ਵਿਚ ਰਖ ਦਿਤਾ ਗਿਆ ਹੈ ਇਹ ਇਕ ਵਡੀ ਅਨਾਮਲੀ ਹੈ ਜਿਸਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ । ਇਸ ਪਖ ਵਲ ਸਰਕਾਰ ਨੂੰ ਫੌਰੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਸਰਕਾਰੀ ਮੁਲਾਜ਼ਮਾਂ ਦੀ ਗਲਤੀ ਦੇ ਕਾਰਨ ਬਹੁਤ ਸਾਰੀਆਂ ਰਕਮਾਂ ਇਸ ਸਪਲੀਮੈਂਟਰੀ ਐਸਟੀਮੇਟ ਵਿਚ ਡਿਗਰੀਆਂ ਦੀਆਂ ਰਖੀਆਂ ਗਈਆਂ ਹਨ । ਅਤੇ ਸਰਕਾਰ ਦੇ ਖਿਲਾਫ ਫੈਸਲੇ ਹੋਏ ਹਨ । ਇਕ ਭਾਰੀ ਰਕਮ ਇਸ ਪਖ ਵਿਚ ਦਿਤੀ ਜਾ ਰਹੀ ਹੈ । ਡੀਮਾਂਡ ਨੰ: 2 ਵਿਚ ਹੀ ਵੇਖ ਲਉ ਕਿ 20 ਹਜ਼ਾਰ ਰੁਪਏ ਦੀ ਰਕਮ ਰਖੀ ਗਈ ਹੈ । ਇਸ ਦੇ ਨਾਲ ਹੀ ਇਕ ਹੋਰ ਕੇਸ ਵਿਚ ਵਾਈਨ ਦੇ ਕੰਟ੍ਰੈਕਟਰ 35 ਹਜ਼ਾਰ ਦੀ ਰਕਮ ਮੰਗ ਰਹੇ ਹਨ । ਇਕ ਕੇਸ ਨਹੀਂ ਕਈ ਕੇਸ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਵਿਚ ਅਫ਼ਸਰਾਂ ਦੀਆਂ ਗਲਤੀਆਂ ਨਾਲ ਅਤੇ ਗਲਤ ਆਰਡਰ ਪਾਸ ਕਰਨ ਦੇ ਨਤੀਜੇ ਦੇ ਤੌਰ ਤੇ ਡਿਗਰੀਆਂ ਸਰਕਾਰ ਦੇ ਖਿਲਾਫ਼ ਹੁੰਦੀਆਂ ਹਨ । ਛੋਟੇ ਅਤੇ ਮਾਤਹਿਤ ਮੁਲਾਜ਼ਮਾ ਨੂੰ ਤੰਗ ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ । ਆਏ ਦਿਨ ਹੜਤਾਲਾਂ ਅਤੇ ਟੀਚਰਾਂ ਦੀ ਪ੍ਰੇਸ਼ਾਨੀ ਵਧ ਰਹੀ ਹੈ ਇਸ ਨੂੰ ਸੈਟਲ ਕਰਨਾ ਚਾਹੀਦਾ

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਹੈ ਅਤੇ ਅਫ਼ਸਰਾਂ ਨੂੰ ਸਜ਼ਾ ਦਿਤੀ ਜਾਣੀ ਚਾਹੀਦੀ ਹੈ ਜਿਹੜੇ ਇਸ ਤਰ੍ਹਾਂ ਦੇ ਗਲਤ ਆਰਡਰ ਪਾਸ ਕਰਕੇ ਸਰਕਾਰ ਦੇ ਖਿਲਾਫ ਡਿਗਰੀਆਂ ਕਰਾਂਦੇ ਹਨ ।

**ਵਿੱਤ ਮੰਤਰੀ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਆਨਰੇਬਲ ਮੈਂਬਰ ਸਾਹਿਬ ਗਲਤ ਕੋਟ ਕਰ ਰਹੇ ਹਨ । ਇਨ੍ਹਾਂ ਨੇ ਪੇਜ 3 ਦਾ ਜ਼ਿਕਰ ਕੀਤਾ ਹੈ ਇਸ ਵਿਚ 20 ਹਜ਼ਾਰ ਰੁਪਏ ਦੀ ਰਕਮ ਰਖੀ ਗਈ ਹੈ । ਇਸ ਵਿਚ ਕੇਸ ਤਾਂ ਕੋਰਟ ਵਿਚ ਪੈਂਡਿੰਗ ਹੈ ਅਤੇ ਕੋਈ 20 ਹਜ਼ਾਰ ਦੀ ਰਕਮ ਕਿਸੇ ਨੂੰ ਡਿਗਰੀ ਪਾਸ ਹੋ ਜਾਣ ਦੇ ਇਵਜ਼ ਵਿਚ ਨਹੀਂ ਦਿਤੀ ਗਈ ਤੇ ਨਾ ਹੀ ਦਿਤੀ ਜਾਣੀ ਹੈ । ਇਹ ਤਾਂ ਅਦਾਲਤ ਵਿਚ ਰਕਮ ਰਖੀ ਜਾਣੀ ਹੈ ਤਾਂ ਕਿ ਫੈਸਲਾ ਕੇਸ ਦਾ ਦਿਤਾ ਜਾ ਸਕੇ । ਪਹਿਲਾਂ ਰਕਮ ਜਮ੍ਹਾਂ ਕਰਾਈ ਜਾਂਦੀ ਹੈ ਫਿਰ ਮੁਕਦਮਾ ਚਲ ਸਕਦਾ ਹੈ । ਇਸ ਲਈ ਇਸ ਤਰ੍ਹਾਂ ਦੀ ਗਲਤ ਨੁਕਤਾ-ਚੀਨੀ ਨਹੀਂ ਕਰਨੀ ਚਾਹੀਦੀ ।

CAPT. RATTAN SINGH : On a point of order Sir. The Finance Minister has referred to the last para of Demand No. 2 at page 3, but he has not read para 1 in which it is stated that out of this provision an amount of Rs. 3,935/- was paid in October, 1968. So he should not go into the niceties and therefore, should not interrupt the Member.

MINISTER FOR FINANCE : Since the hon. Member referred to para 2, I clarified the position. In the first case the money was paid but in the second case the payment has not been made, pending decision of the court. This is a civil suit of Shri Ajit Singh son of Shri Ram Dass, Amritsar Versus State which is pending in the court for decision.

**ਚੌਧਰੀ ਰਾਮ ਸਿੰਘ :** ਮੈਂ ਅਰਜ਼ ਕਰ ਰਿਹਾ ਸੀ ਕਿ ਸਰਕਾਰ ਨੂੰ ਇਸ ਤਰ੍ਹਾਂ ਬਹੁਤਾ ਰੁਪਿਆ ਦੇਣਾ ਪੈਂਦਾ ਹੈ ਜਦੋਂ ਪਬਲਿਕ ਖਾਹ ਮਖਾਹ ਹੈਰਸ ਕੀਤੀ ਜਾਂਦੀ ਹੈ ਤਾਂ ਮਜ਼ਬੂਰ ਹੋਕੇ, ਇਹ ਕੋਰਟਸ ਨੂੰ ਜਾਂਦੇ ਹਨ । ਤੁਸੀਂ ਪੰਜਾਬ ਰੋਡਵੇਜ਼ ਦੀ ਮਿਸਾਲ ਲੈ ਲਓ ਸਹਿਜ਼ 4 ਲੱਖ ਉਨ੍ਹਾਂ ਦਾ ਬਣਦਾ ਸੀ ਜਿਸ ਦਾ 12-13 ਲੱਖ ਸਰਕਾਰ ਨੂੰ ਦੇਣਾ ਪਿਆ । ਇਹ ਤਰੀਕਾ ਪਬਲਿਕ ਨੂੰ ਹੈਰਸ ਕਰਨ ਦਾ ਠੀਕ ਨਹੀਂ । ਇਕ ਗਲਤੀ ਚੰਦ ਜ਼ੁਮੇਵਾਰ ਅਫਸਰਾਂ ਦੀ ਹੁੰਦੀ ਹੈ, ਪਬਲਿਕ ਦਾ ਰੁਪਿਆ ਬਰਬਾਦ ਕਰਨ ਦੇ ਇਹ ਜ਼ਿਮੇਵਾਰ ਹੁੰਦੇ ਹਨ, ਮੈਂ ਅਰਜ਼ ਕਰਾਂਗਾ ਕਿ ਜਿਹੜੇ ਅਫਸਰਾਂ ਦੀ ਗਲਤੀ ਹੁੰਦੀ ਹੈ, ਇਹ ਹਰਜੇ ਦੀ ਜ਼ਿਮੇਵਾਰੀ ਵੀ ਉਨ੍ਹਾਂ ਦੀ ਹੀ ਹੋਣੀ ਚਾਹੀਦੀ ਹੈ । ਨੁਕਸਾਨ ਦਾ ਸਾਰਾ ਪੈਸਾ ਇਨ੍ਹਾਂ ਅਫਸਰਾਂ ਤੋਂ ਰਿਕਵਰ ਕਰਨਾ ਚਾਹੀਦਾ ਹੈ ਜਿਹੜੇ ਇਸ ਤਰ੍ਹਾਂ ਦੀਆਂ ਗਲਤੀਆਂ ਕਰਦੇ ਹਨ । ਜਿਸ ਦਾ ਨਤੀਜਾ ਇਹ ਹੋਵੇਗਾ ਕਿ ਅਗੋਂ ਨੂੰ ਗਲਤ ਫੈਸਲੇ ਨਹੀਂ ਹੋਣਗੇ ।

ਇਸ ਤੋਂ ਅਗੇ ਇਸ ਸਪਲੀਮੈਂਟਰੀ ਗਰਾਂਟ ਵਿਚ ਇਨ੍ਹਾਂ ਨੇ ਡੀਮਾਂਡ ਨੰ: 2 ਦੇ ਹੇਠ 2,18,320/- ਰੁਪਏ ਦੀ ਰਕਮ ਮੰਗੀ ਹੈ । ਜਦੋਂ ਆਲਰੈਡੀ ਇਕ ਐਡਵੋਕੇਟ ਜਰਨਲ ਸੀ, ਐਡੀਸ਼ਨਲ ਐਡਵੋਕੇਟ ਜਰਨਲ ਸੀ, ਇਕ ਪੈਸਾ ਵੀ ਖਰਚ ਨਹੀਂ ਸੀ ਹੋਣਾ ਚਾਹੀਦਾ । ਇਸ ਤੋਂ ਤਾਂ ਜਿਹੜਾ ਐਡਵੋਕੇਟ ਜਰਨਲ ਲਗਾਇਆ ਹੈ ਇਸਦੇ ਵਾਸਤੇ ਹੀ ਇਹ ਮੰਗ ਕਰ ਲੈਂਦੇ । ਇਹ ਪੈਸੇ ਦੀ ਇਕ ਨਾਵਾਜਬ ਮੰਗ ਹੈ ।

Original with;
Punjab Vidhan Sabha
Digitized by;
Panjab Digital Library

ਫੇਰ ਅੱਗੇ ਇਸ ਵਿੱਚ ਡਿਸਟਰਿਕਟ ਟਰਾਂਸਪੋਰਟ ਕੰਟਰੋਲਰ ਦੇ ਬਾਰੇ ਕਿਹਾ ਗਿਆ ਹੈ, ਮੈਂ ਅਰਜ਼ ਕਰਾਂਗਾ ਕਿ ਜਿਸ ਵੇਲੇ ਤੋਂ ਇਸ ਤਰ੍ਹਾਂ ਕੰਟਰੋਲਿੰਗ ਅਥਾਰਟੀ ਦੀਆਂ ਪੋਸਟਾਂ ਵਧਣ ਲੱਗੀਆਂ ਹਨ ਟਰਾਂਸਪੋਰਟਰਜ਼ ਘਾਟੇ ਤੇ ਹੀ ਜਾ ਰਹੇ ਹਨ । ਟਰਾਂਸਪੋਰਟ ਨੂੰ ਸੈਂਟਰੇਲਾਈਜ਼ ਕਰਨ ਦੀ ਇਕ ਸਕੀਮ ਸੀ, ਪਰ ਉਸਦੇ ਨਾਲ ਵੀ ਜਨਤਾ ਤੇ ਬੋਝ ਹੀ ਪੈਂਦਾ ਸੀ। ਅਸੀਂ ਇਹ ਖਿਆਲ ਰਖਦੇ ਹਾਂ ਕਿ ਇਹ ਪੋਸਟਾਂ ਡਿਸਟਰਿਕਟ ਟਰਾਂਸਪੋਰਟ ਕੰਟਰੋਲਰ ਦੀਆਂ ਖਤਮ ਹੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਨਾਲ ਲੋਕਾਂ ਦੀ ਪ੍ਰੇਸ਼ਾਨੀ ਵਿੱਚ ਵਾਧਾ ਹੁੰਦਾ ਹੈ । ਇਸ ਤਰ੍ਹਾਂ ਜਿਹੜੀ $1\frac{1}{2}$ ਲਖ ਰੁਪਏ ਦੀ ਬਚਤ ਹੋਵੇਗੀ ਟਰਾਂਸਪੋਰਟ ਦੇ ਆਪਰੇਟਰਜ਼ ਨੂੰ ਸਹੂਲੀਅਤ ਦੇਣ ਤੇ ਖਰਚ ਕਰਨਾ ਚਾਹੀਦਾ ਹੈ।

ਇਕ ਮੰਗ ਰਾਹੀਂ ਏਥੇ ਡਿਪਟੀ ਸਪੀਕਰ ਸਾਹਿਬ ਜੇਲ੍ਹ ਦੀ ਉਸਾਰੀ ਵਾਸਤੇ 3,87,660/- ਰੁਪਏ ਕੀ ਮੰਗ ਕੀਤੀ ਗਈ ਹੈ। ਇਸ ਮੰਗ ਤੋਂ ਇਹ ਗੱਲ ਸਾਫ ਜ਼ਾਹਿਰ ਹੁੰਦੀ ਹੈ ਕਿ ਇਥੇ ਲਾ ਐਂਡ ਆਰਡਰ ਦੀ ਹਾਲਤ ਠੀਕ ਨਹੀਂ, ਸੂਬੇ ਵਿਚ ਕਰਾਈਮਜ਼ ਦੇ ਵਿਚ ਵਾਧਾ ਹੋਣ ਕਰ ਕੇ ਹੀ ਜੇਲ੍ਹਾਂ ਉਸਾਰਨ ਦੀ ਲੋੜ ਪਈ। ਇਲੈਕਸ਼ਨਾਂ ਦੇ ਦਿਨਾਂ ਵਿਚ ਹਰੀਜਨਾਂ ਨੂੰ ਖੇਤਾਂ ਵਿਚ ਜਾਣ ਤੱਕ ਨਹੀਂ ਦਿੱਤਾ ਗਿਆ।

**ਸਰਦਾਰ ਜਸਦੇਵ ਸਿੰਘ ਸੰਧੂ :** ਆਨ ਏ ਪੁਆਇੰਟ ਆਫ ਆਰਡਰ ਸਰ, ਸਪਲੀਮੈਂਟਰੀ ਡੀਮਾਂਡ ਦਾ ਜਿਹੜਾ ਸਕੋਪ ਹੈ ਇਹ ਬੜਾ ਹੀ ਲਿਮਟਿਡ ਹੈ ਇਨ੍ਹਾਂ ਨੂੰ ਹਰ ਪਾਸੇ ਗੱਲ ਲੈ ਜਾਣ ਦੀ ਆਗਿਆ ਨਹੀਂ ਹੋਣੀ ਚਾਹੀਦੀ।

**ਚੌਧਰੀ ਰਾਮ ਸਿੰਘ :** ਅੱਛਾ ਜੀ, ਮੈਂ ਏਥੇ ਹੀ ਇਹ ਗੱਲ ਛਡਦਾ ਹਾਂ। ਪਰ ਮੇਰੀ ਇਹ ਗੱਲ ਤਾਂ ਇਨ੍ਹਾਂ ਨੂੰ ਮੰਨਣੀ ਹੀ ਪੈਣੀ ਹੈ ਕਿ ਜੇਲ੍ਹਾਂ ਲਈ ਡੀਮਾਂਡ ਇਸੇ ਕਰ ਕੇ ਆਈ ਕਿ ਕਰਾਈਮ ਦੇ ਵਿਚ ਵਾਧਾ ਹੋਇਆ ਹੈ।

ਏਥੇ ਇਕ ਡੀਮਾਂਡ ਇਸਤੇਮਾਲ ਇਰਾਜ਼ੀ ਦੇ ਮੁਤਾਲਿਕ ਰੱਖੀ ਹੋਈ ਹੈ, ਇਹ ਮੈਂ ਅਰਜ਼ ਕਰਾਂ ਕਿ ਇਸਤੇਮਾਲ ਅਰਾਜ਼ੀ ਦੇ ਨਾਂ ਉੱਤੇ ਗਰੀਬ ਆਦਮੀਆਂ ਨੂੰ ਲੁਟਿਆ ਜਾ ਰਿਹਾ ਹੈ, ਇਸ ਦੇ ਲਈ ਕੋਈ ਡੇਟ ਮੁਕਰਰ ਹੋ ਜਾਣੀ ਚਾਹੀਦੀ ਹੈ ਕਿ ਕਦੋਂ ਤੱਕ ਇਸਤੇਮਾਲ ਇਰਾਜ਼ੀ ਖਤਮ ਹੋ ਜਾਵੇਗੀ।

ਜਨਰਲ, ਐਡਮਨਿਸਟਰੇਸ਼ਨ ਬਾਰੇ ਵੀ ਇਸ ਦੇ ਵਿਚ ਇਕ ਰਕਮ ਰੱਖੀ ਗਈ ਹੈ, ਪਰ ਇਨ੍ਹਾਂ ਦੀ ਆਪਣੀ ਇਤਲਾਹ ਅਨੁਸਾਰ ਏਥੇ ਇਹ ਲਿਖਿਆ ਹੋਇਆ ਹੈ ਕਿ ਐਡਵਾਈਜ਼ਰ ਸਾਹਿਬ ਸ਼ਿਕਾਰ ਖੇਡਦੇ ਰਹੇ ਹਨ। ਕੀ ਇਸ ਤਰ੍ਹਾਂ ਐਡਮਿਨਿਸਟਰੇਸ਼ਨ ਦਰੁਸਤ ਕੀਤੀ ਜਾਵੇਗੀ ਇਹ ਵੀ ਮੰਗ ਇਨ੍ਹਾਂ ਦੀ ਕੋਈ ਜਚਦੀ ਨਹੀਂ।

ਪਤਾ ਲਗਾ ਹੈ, ਕਿ 56 ਲੱਖ ਰੁਪਿਆ ਬਜਟ ਦਾ ਲੈਪਸ ਹੋ ਗਿਆ ਹੈ, ਮੈਂ ਅਰਜ਼ ਕਰਾਂਗਾ ਡਿਪਕੀ ਸਪੀਕਰ ਸਾਹਿਬ, ਇਹ ਸਾਰੀ ਜ਼ਿਮੇਵਾਰੀ ਟਰੇਜ਼ਰੀ ਬੈਂਚਿਸ ਤੇ ਆਇਦ ਹੁੰਦੀ ਹੈ, ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ, ਕੌਣ ਜ਼ਿਮੇਵਾਰ ਹੈ ਇਸ ਗਲਤੀ ਦਾ।

**ਸਰਦਾਰ ਬਲਵੰਤ ਸਿੰਘ (ਨੂਰਮਹਿਲ) :** ਅੱਜ ਹਾਊਸ ਦੇ ਸਾਮਣੇ 20 ਕਰੋੜ ਰੁਪਏ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਦੀਆਂ ਸਪਲੀਮੈਂਟਰੀ ਡੀਮਾਂਡਜ਼ ਪੇਸ਼ ਹੋਈਆਂ ਹਨ, ਮੈਂ ਇਨ੍ਹਾਂ ਬਾਰੇ ਕੁਝ ਬਹੁਤਾ ਨਹੀਂ ਕਹਿਣਾ ਸਿਰਫ ਤੁਹਾਡੇ 5-7 ਮਿੰਟ ਹੀ ਲਵਾਂਗਾ ।

ਪਹਿਲੀ ਚੀਜ਼ ਜਿਹੜੀ ਮੈਂ ਅਰਜ਼ ਕਰਨੀ ਹੈ ਉਹ ਇਹ ਹੈ ਕਿ ਸਫਾ 9 ਤੇ ਇਕ ਡੀਮਾਂਡ ਨੰ: 6 ਹੈ ਜਿਸ ਵਿਚ ਲਿਖਿਆ ਹੈ ਕਿ 1,72,00,000/- ਰੁਪਿਆ ਪੰਜਾਬ ਹਾਈ ਕੋਰਟ ਨੂੰ ਦੇਣਾ ਹੈ । ਪੰਜਾਬ ਅਤੇ ਹਰਿਆਣਾ ਹਾਈ ਕੋਰਟ ਇਕ ਕਾਮਨ ਲਿੰਕ ਹੈ । ਅੱਜ ਤੋਂ 3 ਸਾਲ ਪਹਿਲਾਂ ਜਦੋਂ ਸੰਤ ਬਾਬਾ ਫਤੇਹ ਸਿੰਘ ਜੀ ਨੇ ਅੰਮ੍ਰਿਤਸਰ ਵਿਚ ਮਰਨ-ਬਰਤ ਰੱਖਿਆ ਸੀ......

**ਕੈਪਟਨ ਰਤਨ ਸਿੰਘ :** ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਫਿਗਰ ਦਰੁਸਤ ਕਰ ਲੈਣ ਇਹ 1,72,000/- ਹੈ ।

**ਸਰਦਾਰ ਬਲਵੰਤ ਸਿੰਘ :** ਠੀਕ ਹੈ ਜੀ ਮੈਂ ਅਰਜ਼ ਕਰ ਰਿਹਾ ਸੀ ਕਿ ਉਸ ਵੇਲੇ ਇਹ ਮੰਗ ਕੀਤੀ ਗਈ ਕਿ ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ, ਭਾਖੜਾ ਡੈਮ ਵਗੈਰਾ ਇਹ ਸਾਰੇ ਪੰਜਾਬ ਨੂੰ ਦਿੱਤੇ ਜਾਣਗੇ, ਇਸ ਦੀ ਅਸ਼ੋਰੈਂਸ਼ ਸੈਂਟਰ ਦੀ ਸਰਕਾਰ ਵੱਲੋਂ ਇਹ ਦਿੱਤੀ ਗਈ ਸੀ ਕਿ ਇਸ ਬਾਰੇ ਜਲਦੀ ਤੋਂ ਜਲਦੀ ਫੈਸਲਾ ਕੀਤਾ ਜਾਵੇਗਾ । ਪਰ ਅਜੇ ਤੱਕ ਕੋਈ ਫੈਸਲਾ ਨਹੀਂ ਦਿੱਤਾ ਗਿਆ, ਪਰ ਇਨ੍ਹਾਂ ਪ੍ਰਾਜੈਕਟਾਂ ਦਾ ਕਰਜ਼ਾ ਪੰਜਾਬ ਸਰਕਾਰ ਨੂੰ ਲੱਖਾਂ ਰੁਪਏ ਦੀ ਸ਼ਕਲ ਵਿਚ ਦੇਣਾ ਪੈਂਦਾ ਹੈ ।

ਹਾਈਕੋਰਟ ਵਿਚ ਬਹੁਤੇ ਮੁਕਦਮੇ ਹਰਿਆਣੇ ਦੇ ਆਉਂਦੇ ਹਨ ਪਰ ਉਹ ਵੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਵੰਡ ਨਾ ਹੋਣ ਕਰਕੇ ਦੂਸਰਿਆਂ ਕੇਸਿਜ਼ ਦੇ ਫੈਸਲਾ ਦੇਣ ਵਿਚ ਡੀਲੇ ਕਰਦੇ ਹਨ । ਚਾਹੀਦਾ ਤਾਂ ਇਹ ਸੀ ਕਿ ਪੰਜਾਬ ਦੇ ਕੇਸਿਜ਼ ਪੰਜਾਬ ਨੂੰ ਆਉਂਦੇ ਅਤੇ ਹਰਿਆਣੇ ਦੇ ਹਰਿਆਣੇ ਨੂੰ ਜਾਂਦੇ, ਪਰ ਮੁਕੱਦਮਿਆਂ ਦੇ ਫੈਸਲੇ 10-10 ਸਾਲ ਤੱਕ ਨਹੀਂ ਹੁੰਦੇ । ਜਿਸ ਤੇ ਇਹ ਗੱਲ ਬਿਲਕੁਲ ਢੁਕਦੀ ਹੈ ਕਿ "ਜਸਟਿਸ ਡੀਲੇਡ ਇਜ਼ ਜਸਟਿਸ ਡੀਨਾਈਡ ।" ਇਸ ਲਈ ਮੇਰੀ ਅਰਜ਼ ਹੈ ਕਿ ਪੰਜਾਬ ਅਤੇ ਹਰਿਆਣੇ ਦੀ ਹਾਈਕੋਰਟ ਅਲਗ ਅਲਗ ਹੋਣੀ ਚਾਹੀਦੀ ਹੈ । ਲੋਕਾਂ ਨੂੰ ਛੇਤੀ ਤੋਂ ਛੇਤੀ ਇਨਸਾਫ ਮਿਲਣ ਦਾ ਇਹੋ ਤਰੀਕਾ ਹੈ ।

ਡੀਮਾਂਡ ਨੰ: 20 ਵਿਚ ਐਮਰਜੈਂਸੀ ਫਲਡ ਕੰਟਰੋਲ ਵਾਸਤੇ 54 ਲੱਖ ਰੁਪਏ ਦੀ ਮੰਗ ਕੀਤੀ ਗਈ ਹੈ ਪਰ ਇਨ ਨੋਵੈਂਬਰ ਦੇਅਰ ਇਜ਼ ਨੋ ਰੇਨੀ ਸੀਜ਼ਨ, ਮੈਨੂੰ ਪਤਾ ਨਹੀਂ ਲੱਗ ਸਕਿਆ ਇਸ ਮਹੀਨੇ ਜਦੋਂ ਫਲਡ ਆਉਂਦੇ ਹੀ ਨਹੀਂ ਰੁਪਿਆ ਕਿਥੇ ਖਾਧਾ ਗਿਆ, ਵਜ਼ੀਰ ਸਾਹਿਬ ਨੂੰ ਇਸ ਖਰਚ ਦੀ ਪੜਤਾਲ ਕਰਨੀ ਚਾਹੀਦੀ ਹੈ । (ਵਿਘਨ)

**ਕੈਪਟਨ ਰਤਨ ਸਿੰਘ :** ਫਲਡਜ਼ ਤੋਂ ਬਾਅਦ ਲੋੜ ਪੈਣੀ ਸੀ, ਜਦੋਂ ਬਾਰਸ਼ਾਂ ਪੈ ਰਹੀਆਂ ਹੋਣ ਉਸ ਵੇਲੇ ਕਿਥੇ ਖਰਚ ਕੀਤਾ ਜਾ ਸਕਦਾ ਹੈ ?

**ਸਰਦਾਰ ਬਲਵੰਤ ਸਿੰਘ :** ਇਹ ਵੀ ਉਸ ਮਹਿਕਮੇ ਦੇ ਇਨਚਾਰਜ ਰਹੇ ਹਨ । ਉਨ੍ਹਾਂ ਨੇ ਵੀ ਸ਼ਾਇਦ ਕੋਈ ਐਸੀ ਪਾਲੀਸੀ ਅਪਣਾਈ ਹੋਵੇ । ਇਹ ਵਰਕ ਜਨਵਰੀ, ਫਰਵਰੀ, ਮਾਰਚ ਜਾਂ ਅਪਰੈਲ ਵਿਚ ਹੁੰਦਾ ਹੈ । ਜਦੋਂ ਹੜ੍ਹ ਆਏ ਅਤੇ ਪਿੰਡ ਰੁੜ੍ਹ ਗਏ ਤਾਂ ਫਿਰ ਕੀ ਫਾਇਦਾ ਹੈ ਇਹ ਬੰਨ੍ਹ ਬੰਨ੍ਹਣ ਦਾ । (ਵਿਘਨ)

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ :** ਸਿਆਣੀਆਂ ਸਰਕਾਰਾਂ ਇਕ ਸਾਲ ਪਹਿਲਾਂ ਹੀ ਪ੍ਰਬੰਧ ਕਰ ਲੈਂਦੀਆਂ ਹਨ । ਤੁਹਾਨੂੰ ਤਾਂ ਕੰਮ ਕਰਨ ਤੋਂ ਬਾਅਦ ਅਕਲ ਆਉਂਦੀ ਹੈ । (ਹਾਸਾ)

**ਸਰਦਾਰ ਬਲਵੰਤ ਸਿੰਘ :** ਡਿਪਟੀ ਸਪੀਕਰ ਸਾਹਿਬ, ਪਤਾ ਨਹੀਂ ਕਿਉਂ ਕਪਤਾਨ ਸਾਹਿਬ ਇਤਨੇ ਟਚੀ ਹੋ ਗਏ ਹਨ (ਵਿਘਨ) ਸ਼ਾਇਦ ਇਨ੍ਹਾਂ ਦਾ ਕੋਈ ਸਬੰਧ ਹੋਵੇਗਾ ।

**ਕੈਪਟਨਰਤਨ ਸਿੰਘ :** ਮੇਰਾ ਕੋਈ ਸਬੰਧ ਨਹੀਂ ਹੈ ।

**ਸਰਦਾਰ ਬਲਵੰਤ ਸਿੰਘ :** ਤਾਂ ਫਿਰ ਕਿਸੇ ਰਿਸ਼ਤੇਦਾਰ ਦਾ ਹੋਵੇਗਾ ।

**ਕੈਪਟਨ ਰਤਨ ਸਿੰਘ :** ਮੇਰੇ ਕਿਸੇ ਰਿਸ਼ਤੇਦਾਰ ਦਾ ਕੋਈ ਸੰਬੰਧ ਉਸ ਨਾਲ ਨਹੀਂ ਹੈ ।

**ਵਿੱਤ ਮੰਤਰੀ :** ਹੋਰ ਕਿਸੇ ਦੋਸਤ ਦਾ ਹੋਵੇਗਾ । (ਹਾਸਾ)

**ਕੈਪਟਨ ਰਤਨ ਸਿੰਘ :** ਜੀ ਨਹੀਂ । (ਹਾਸਾ)

**ਸਰਦਾਰ ਬਲਵੰਤ ਸਿੰਘ :** ਤੇ ਡਿਪਟੀ ਸਪੀਕਰ ਸਾਹਿਬ, ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਸ ਗਲ ਦੀ ਪੜਤਾਲ ਕਰਵਾਉਣ ਕਿ ਕਿਨ੍ਹਾਂ ਹਾਲਤਾਂ ਵਿਚ ਇਹ ਰੁਪਿਆ ਮਨਜ਼ੂਰ ਕੀਤਾ ਗਿਆ ਹੈ । ਮੇਰੀ ਆਪਣੀ ਫੀਲਿੰਗਜ਼ ਇਹ ਹਨ ਕਿ ਪਟਿਆਲੇ ਜਾਂ ਕਿਧਰੇ ਵੀ ਹੋਰ ਕੋਈ ਕੰਮ ਨਹੀਂ ਕੀਤਾ ਗਿਆ ਅਤੇ ਇਹ ਰੁਪਿਆ ਮਿਸਯੂਜ਼ ਹੋਇਆ ਹੈ । ਇਸ ਦੀ ਪੜਤਾਲ ਕਰਵਾਉਣੀ ਚਾਹੀਦੀ ਹੈ ।

**ਅਵਾਜ਼ਾਂ :** ਜ਼ਰੂਰ ਕਰਵਾਓ ।

**ਕੈਪਟਨ ਰਤਨ ਸਿੰਘ :** ਸੁਪਰੀਮ ਕੋਰਟ ਤੋਂ ਇਹ ਇਨਕੁਆਰੀ ਕਰਵਾਓ ।

**ਸਰਦਾਰ ਬਲਵੰਤ ਸਿੰਘ :** ਜ਼ਰੂਰ ਕਰਾਵਾਂਗੇ । ਫਿਰ ਡਿਪਟੀ ਸਪੀਕਰ ਸਾਹਿਬ ਡਿਮਾਂਡ ਨੰ: 18 ਵਿਚ ਨੈਸ਼ਨਲ ਐਗਰੀਕਲਚਰ ਕਰੈਡਿਟ ਵਾਸਤੇ 2 ਕਰੋੜ ਰੁਪਏ ਰਖੇ ਗਏ ਹਨ । ਇਹ ਰੁਪਏ ਖੇਤੀ ਬਾੜੀ ਦੀ ਉਨਤੀ ਵਾਸਤੇ ਰਖੇ ਗਏ ਹਨ । ਪਰ ਇਹ ਰੁਪਏ ਕਿਸਾਨ ਨੂੰ ਬਹੁਤ ਮਹਿੰਗੇ ਪੈਂਦੇ ਹਨ । ਦਿੱਲੀ ਤੋਂ ਇਹ ਰੁਪਿਆ 3-5% ਤੇ ਚਲਦਾ ਹੈ ਪਰ ਜ਼ਿਮੀ-ਦਾਰ ਤਕ ਪਹੁੰਚਦੇ ਪਹੁੰਚਦੇ ਉਹ 9% ਤਕ ਹੋ ਜਾਂਦਾ ਹੈ ਸਗੋਂ ਫਰਟੇਲਾਈਜ਼ਰ ਦੇ ਸੰਬੰਧ ਵਿਚ ਤਾਂ ਇਹ ਰੇਟ 12% ਤਕ ਵਧ ਜਾਂਦਾ ਹੈ । ਇਹ ਕੋਆਪਰੇਟਿਵ ਤਾਂ ਕਿਸਾਨਾਂ ਦਾ ਖ਼ੂਨ ਚੂਸਦੀਆਂ ਹਨ । ਫਾਈਨੈਂਸ ਮਨਿਸਟਰ ਨੂੰ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੂੰ ਖਤਮ ਕਰ ਦਿਤਾ ਜਾਵੇ ਜਾਂ ਇਨ੍ਹਾਂ ਦੀ ਵਰਕਿੰਗ ਠੀਕ ਕਰ ਦੇਣ । ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਪਿਛਲੀ ਫਰੰਟ ਸਰਕਾਰ ਵੇਲੇ ਇਕ ਸਬ ਕਮੇਟੀ ਬਣਾਈ ਗਈ ਸੀ। ਸ੍ਰੀ ਕ੍ਰਿਸ਼ਨ ਲਾਲ ਵੀ ਉਸ ਦੇ ਮੈਂਬਰ ਸਨ । ਪਰ ਸਰਕਾਰ ਦੇ ਟੁਟਣ ਕਰਕੇ ਉਸ ਦੀ ਰਿਪੋਰਟ ਦਾ ਪਤਾ ਨਹੀਂ ਕੀ ਬਣਿਆ ਹੈ । ਉਸ ਕਮੇਟੀ ਦੇ ਹਵਾਲੇ ਇਹੀ ਕੰਮ ਸੀ ਕਿ ਕਿਸ ਤਰ੍ਹਾਂ ਕਿਸਾਨਾਂ ਉਪਰੋਂ ਇੰਟਰੈਸਟ ਦਾ ਬੋਝ ਘੱਟ ਕੀਤਾ ਜਾਵੇ ।

**ਕੈਪਟਨ ਰਤਨ ਸਿੰਘ :** ਸਰਦਾਰ ਬਲਵੰਤ ਸਿੰਘ ਜੀ ਮੈਂ ਸਵਾਲ ਕਰਦਾ ਹਾਂ ਕਿ ਸੈਂਟਰਲ ਸਰਕਾਰ ਤੋਂ ਰੁਪਿਆ ਕਿਸ ਰੇਟ ਤੇ ਆਉਂਦਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ :** 4-5% ਤੇ ।

**ਕੈਪਟਨ ਰਤਨ ਸਿੰਘ :** ਜੀ ਨਹੀਂ ਮੁਫਤ ਜਾਂ 3% ਦੇ ਰੇਟ ਤੇ ?

**ਸਰਦਾਰ ਬਲਵੰਤ ਸਿੰਘ :** ਜੇ 3% ਜਾਂ ਮੁਫਤ ਆਉਂਦਾ ਰਿਹਾ ਤਾਂ ਕਪਤਾਨ ਸਾਹਿਬ ਕਿਸਾਨ ਨੂੰ 9% ਦੇ ਕੇ ਲੁਟਦੇ ਰਹੇ ਹਨ ।

ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਡਿਮਾਂਡ ਨੰ: 16 ਵਿਚ ਪੈਨਸ਼ਨਰਾਂ ਵਲ ਖਿਆਲ ਕੀਤਾ ਗਿਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਕਈ ਐਸੇ ਗ਼ਰੀਬ ਆਦਮੀ ਵੀ ਹਨ ਜਿਨ੍ਹਾਂ ਨੂੰ 10-15 ਮਹੀਨਾ ਪੈਨਸ਼ਨ ਮਿਲ ਰਹੀ ਹੈ । ਜਿਸ ਤਰ੍ਹਾਂ ਮੁਲਾਜ਼ਮਾਂ ਦੀ ਤਨਖਾਹ ਵਧਾਈ ਜਾਂਦੀ ਹੈ ਜਾਂ ਡੀ. ਏ. ਮਰਜ ਕੀਤਾ ਜਾਂਦਾ ਹੈ ਇਸੇ ਤਰ੍ਹਾਂ ਪੈਨਸ਼ਨਰਾਂ ਦੀ ਵੀ ਪੈਨਸ਼ਨ ਵਧਾਈ ਜਾਵੇ । ਉਹ ਵੀ ਇਸ ਸੂਬੇ ਦੇ ਮੁਲਾਜ਼ਮ ਰਹੇ ਹਨ । ਆਪਣੀ ਜ਼ਿੰਦਗੀ ਦਾ ਬੇਹਤਰ ਹਿਸਾ ਉਨ੍ਹਾਂ ਨੇ ਤਨਦੇਹੀ ਨਾਲ ਇਸ ਦੀ ਸੇਵਾ ਵਿਚ ਲਗਾਇਆ ਹੈ । ਇਸ ਮਹਿੰਗਾਈ ਵਿਚ ਉਨ੍ਹਾਂ ਦਾ ਬਹੁਤ ਬੁਰਾ ਹਾਲ ਹੋ ਰਿਹਾ ਹੈ ਇਸ ਲਈ ਉਨ੍ਹਾਂ ਦਾ ਪੂਰਾ ਖਿਆਲ ਰਖਿਆ ਜਾਣਾ ਚਾਹੀਦਾ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਮੁਲਾਜ਼ਮਾਂ ਦੇ ਤਨਖਾਹ ਕਮਿਸ਼ਨ ਦਾ ਜ਼ਿਕਰ ਆਇਆ ਹੈ । ਡਾਂਗ ਸਾਹਿਬ ਨੇ ਵੀ ਉਸ ਬਾਰੇ ਕਿਹਾ ਹੈ । ਇਹ ਦੁਨੀਆਂ ਦਾ ਇਕੋ ਇਕ ਆਪਣੀ ਕਿਸਮ ਦਾ ਤਨਖਾਹ ਕਮਿਸ਼ਨ ਸੀ । ਇਹ ਕਿਸੇ ਨੂੰ ਵੀ ਸੈਟਿਸਫਾਈ ਨਹੀਂ ਕਰ ਸਕਿਆ । ਇਹੋ ਹੀ ਕਮਿਸ਼ਨ ਹੈ ਜਿਸ ਨੇ ਕਿਸੇ ਦੀ ਤਨਖਾਹ ਵਧਾਈ ਅਤੇ ਕਿਸੇ ਦੀ ਘਟਾਈ । ਆਮ ਕਰਕੇ ਛੋਟੇ ਮੁਲਾਜ਼ਮਾਂ ਦੀਆਂ ਤਨਖਾਹਾਂ ਇਸ ਨੇ ਘਟਾ ਦਿਤੀਆਂ । ਨਰਸਾਂ ਦੀਆਂ, ਡਾਕਟਰਾਂ ਦੀਆਂ ਅਤੇ ਜੇਲ੍ਹ ਸਟਾਫ ਦੀਆਂ ਤਨਖਾਹਾਂ ਇਸ ਨੇ ਘਟਾਈਆਂ । ਮੈਨੂੰ ਖਿਆਲ ਹੈ ਕਿ ਗੌਰਮਿੰਟ ਨੂੰ ਪਹਿਲਾਂ ਹੀ ਇਹ ਪਤਾ ਹੈ । ਇਨ੍ਹਾਂ ਦੀਆਂ ਇਸ ਕਿਸਮ ਦੀਆਂ ਤਕਰੀਰਾਂ ਪ੍ਰੈਸ ਵਿਚ ਆਉਂਦੀਆਂ ਰਹੀਆਂ । ਮੈਂ ਅਰਜ਼ ਕਰਦਾ ਹਾਂ ਕਿ ਇਸ ਦੀਆਂ ਅਨੋਮ-ਲੀਜ਼ ਨੂੰ ਦੂਰ ਕਰਨ ਵਾਸਤੇ ਇਕ ਸਬ ਕਮੇਟੀ ਨਹੀਂ ਸਗੋਂ ਇਕ ਬੋਰਡ ਬਣਨਾ ਚਾਹੀਦਾ ਹੈ । ਜਿਸ ਵਿਚ ਲੇਬਰ ਦੇ, ਮੁਲਾਜ਼ਮਾਂ ਦੇ ਅਤੇ ਗੌਰਮੈਂਟ ਦੇ ਨੁਮਾਇੰਦੇ ਹੋਣ । ਫਿਰ ਇਹ ਬੋਰਡ ਮੁਲਾਜ਼ਮਾਂ ਦੀਆਂ ਫੈਡਰੇਸ਼ਨਾਂ ਦੇ ਲੀਡਰਾਂ ਨੂੰ ਮਿਲ ਕੇ ਫੈਸਲਾ ਕਰੇ ।

ਫਿਰ ਮੈਂ ਅਰਜ਼ ਕਰਦਾ ਹਾਂ ਕਿ ਇਸ ਵਿਚ ਟਰਾਂਸਪੋਰਟ ਅਫਸਰਾਂ ਦਾ ਜ਼ਿਕਰ ਹੈ । ਇਹ ਬਿਲਕੁਲ ਨਹੀਂ ਹੋਣੇ ਚਾਹੀਦੇ । ਇਨ੍ਹਾਂ ਦੀ ਕੋਈ ਲੋੜ ਨਹੀਂ ਹੈ । ਇਹ ਤਾਂ ਐਡਮਿਨਿਸਟ੍ਰੇਸ਼ਨ ਨੂੰ ਹੈਵੀ ਕੀਤਾ ਜਾ ਰਿਹਾ ਹੈ । ਇਨ੍ਹਾਂ ਤੇ ਖਰਚ ਕਰਨ ਵਾਸਤੇ ਲੋਕਾਂ ਨੂੰ ਜ਼ਿਆਦਾ ਤੰਗ ਕੀਤਾ ਜਾਵੇਗਾ, ਉਨ੍ਹਾਂ ਦਾ ਜ਼ਿਆਦਾ ਖੂਨ ਨਿਚੋੜਿਆ ਜਾਵੇਗਾ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੂੰ ਹਟਾ ਦਿਤਾ ਜਾਣਾ ਚਾਹੀਦਾ ਹੈ । ਅਸੀਂ ਅਕਾਨੋਮੀ ਕਰਨ ਲਈ ਅਪਰ ਹਾਊਸ ਨੂੰ ਹਟਾ ਰਹੇ ਹਾਂ । ਪਰ ਅਕਾਨੋਮੀ ਕੇਵਲ ਅਪਰ ਹਾਊਸ ਹਟਾਉਣ ਨਾਲ ਹੀ ਨਹੀਂ ਹੋ ਸਕਦੀ । ਇਸ ਲਈ ਸਾਨੂੰ ਹਰ ਪਾਸੇ ਅਕਾਨੋਮੀ ਕਰਨੀ ਪਏਗੀ । ਇਸ ਲਈ ਸਾਨੂੰ ਟਰਾਂਸਪੋਰਟ ਅਫਸਰਾਂ ਨੂੰ ਹਟਾ ਦੇਣਾ ਚਾਹੀਦਾ ਹੈ ।

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ ਸਰ । ਡਿਪਟੀ ਸਪੀਕਰ ਸਾਹਿਬ ਅਜੇ ਕਾਫ਼ੀ ਟਾਈਮ ਹੈ । 5-20 ਤੇ ਗਿਲੋਟੀਨ ਲਗਣੀ ਹੈ । ਇਸ ਲਈ ਹੋਰ ਮੈਂਬਰ ਨੂੰ ਬੋਲ ਲੈਣ ਦਿਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਫਾਈਨੈਂਸ ਮਨਿਸਟਰ ਮੈਨੂੰ ਦਸ ਦੇਣ ਕਿ ਉਹ ਕਿਤਨਾ ਸਮਾਂ ਲੈਣਗੇ। (The Finance Minister may please tell me as to how much time he will take ?)

**ਵਿੱਤ ਮੰਤਰੀ** : ਜੀ ਮੈਂ ਅੱਧਾ ਘੰਟਾ ਲਵਾਂਗਾ।

**ਸ੍ਰੀ ਜੋਗਿੰਦਰ ਪਾਲ ਪਾਂਡੇ** : ਡਿਪਟੀ ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਐਸਟੀਮੇਟਸ ਤੇ ਕੁਝ ਗੁਜ਼ਾਰਸ਼ਾਤ ਕਰਨਾ ਚਾਹੁੰਦਾ ਹਾਂ। (ਵਿਘਨ)

**ਇਕ ਮਾਨਯੋਗ ਮੈਂਬਰ** : ਟਾਈਮ ਨਹੀਂ ਰਿਹਾ।

**ਸ੍ਰੀ ਜੋਗਿੰਦਰ ਪਾਲ ਪਾਂਡੇ (ਲੁਧਿਆਣਾ ਦੱਖਣ)** : ਮੈਂ ਕੇਵਲ 2-4 ਮਿੰਟ ਹੀ ਲਵਾਂਗਾ। ਡਿਪਟੀ ਸਪੀਕਰ ਸਾਹਿਬ, ਇਸ ਸੈਪਲੀਮੈਂਟਰੀ ਬਜਟ ਦੀ ਡਿਮਾਂਡ ਨੰਬਰ 12—ਇੰਡਸਟਰੀ ਬਾਰੇ ਹੈ। ਇਸ ਵਾਸਤੇ ਅਸੀਂ ਲਖਾਂ ਰੁਪਏ ਖਰਚ ਕਰ ਰਹੇ ਹਾਂ। ਮੈਂ ਲੁਧਿਆਣਾ ਸ਼ਹਿਰ ਤੋਂ ਅਲੈਕਸ਼ਨ ਜਿੱਤ ਕੇ ਆਇਆ ਹਾਂ। ਇਹ ਏਸ਼ੀਆ ਦਾ ਮਾਨਚੈਸਟਰ ਕਿਹ ਜਾਂਦਾਹੈ। ਇਸ ਸ਼ਹਿਰ ਵਿਚ ਛੋਟੀਆਂ ਛੋਟੀਆਂ ਇੰਡਸਟਰੀਆਂ, ਜਿਵੇਂ ਕਿ ਸਾਈਕਲ ਪਾਰਟਸ,ਵੂਲਨ, ਮੈਸ਼ੀਨਜ਼ ਸਿਲਾਈ ਆਦਿ, ਇਤਨੀਆਂ ਜ਼ਿਆਦਾ ਹੋਣ ਕਰ ਕੇ ਇਸ ਸ਼ਹਿਰ ਨੇ ਆਪਣਾ ਨਾਮ ਪੈਦਾ ਕੀਤਾ ਹੈ। ਜਿਥੇ ਹੋਰ ਲਖਾਂ ਕਰੋੜਾਂ ਰੁਪਿਆ ਖਰਚ ਹੋ ਰਿਹਾ ਹੈ ਉਥੇ ਇਸ ਸ਼ਹਿਰ ਵਾਸਤੇ ਵੀ ਕੁਛ ਰੁਪਿਆ ਰਖ ਲੈਣਾ ਚਾਹੀਦਾ ਹੈ। ਇਸ ਵੇਲੇ ਜੋ ਰਕਮ ਹੈ ਉਹ ਬਹੁਤ ਘਟ ਹੈ।

MINISTER FOR FINANCE : On a Point of Order, Sir. A sum of Rs. 2,84,25,000/- has been asked for through a Supplementary Demand for Grant under Major Head—'96—Capital Outlay on Industrial and Economic Development'. Item No. 1 under this Demand relates to 'Loans from the National Agriculture Credit (Long-term Operations) Fund from contribution to the share capital of Central and State Co-operative Banks in the State.' Sir. the hon. Member is irrelevant.

**ਸ੍ਰੀ ਜੋਗਿੰਦਰ ਪਾਲ ਪਾਂਡੇ** : ਡਿਪਟੀ ਸਪੀਕਰ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਅਸੀਂ ਲਖਾਂ ਕਰੋੜਾਂ ਰੁਪਿਆ ਖਰਚ ਕਰਨਾ ਹੈ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਤਾਂ ਉਥੇ ਸਾਡਾ ਇਹ ਫਰਜ਼ ਬਣ ਜਾਂਦਾ ਹੈ ਕਿ ਅਸੀਂ ਇਹ ਵੀ ਵੇਖੀਏ ਕਿ ਡਿਵੈਲਪਮੈਂਟ ਵਧੀ ਵੀ ਹੈ ਉਸ ਇਲਾਕੇ ਦੀ ਕਿ ਨਹੀਂ। ਮੈਂ ਇਹ ਨਹੀਂ ਕਿਹਾ ਸੀ ਕਿ ਰੁਪਿਆ ਸਿਰਫ ਉਸ ਮੱਦ ਵਾਸਤੇ ਰਖਿਆ ਹੈ ਉਥੇ ਹੀ ਨਾਂ ਖਰਚ ਕਰੋ। ਇਹਦੇ ਵਿਚ ਤੁਹਾਡੇ ਦਿਮਾਗ ਵਾਲੀ ਗਲ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਦਿਮਾਗ ਵਾਲੀ ਗਲ ਨਹੀਂ ਹੈ, ਮੇਰੇ ਦਿਮਾਗ ਵਾਲੀ ਗਲ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਜੋਗਿੰਦਰ ਪਾਲ ਪਾਂਡੇ** : ਲੁਧਿਆਣਾ ਐਗਰੀਕਲਚਰਲ ਯੂਨੀਵਰਸਟੀ ਦੇ ਤੁਲਬਾ ਵਾਸਤੇ ਜੋ ਪਾਸ ਹੋ ਕੇ ਨਿਕਲ ਰਹੇ ਹਨ ਕੁਝ ਕਰਨਾ ਚਾਹੀਦਾ ਹੈ ।

MINISTER FOR FINANCE : On a Point of Order, Sir. There is no such Supplementary Demand for Grant on which the hon. Member is speaking.

(Interruptions in the House).

**ਸ਼੍ਰੀ ਜੋਗਿੰਦਰ ਪਾਲ ਪਾਂਡੇ** : ਪੰਜਾਬ ਗੌਰਮੈਂਟ ਨੇ ਕਿਹਾ ਸੀ ਉਨ੍ਹਾਂ ਦਾ ਇੰਤਜ਼ਾਮ ਕੀਤਾ ਜਾਏਗਾ ਪਰ ਹਾਲੇ ਤਕ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ ਹੈ । ਮੈਂ ਖਜ਼ਾਨਾ ਮੰਤਰੀ ਨੂੰ ਇਹ ਲਫਜ਼ ਉਸ ਬਜਟ ਵਾਸਤੇ ਕਹਿ ਰਿਹਾ ਹਾਂ ਜੋ ਕਿ ਅੱਗੇ ਨੂੰ ਬਨਣਾ ਹੈ । ਉਸ ਵਿਚ ਇਨ੍ਹਾਂ ਤੁਲਬਾ ਵਾਸਤੇ ਜ਼ਰੂਰ ਪਰੋਵੀਜ਼ਨ ਕਰਨਾ ਚਾਹੀਦਾ ਹੈ ।

ਸੇਲਜ਼ ਟੈਕਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਇਸ ਮਹਿਕਮੇ ਅੰਦਰ ਜਿੰਨੀ ਚੋਰੀ ਹੈ ਸਾਨੂੰ ਸਾਰਿਆਂ ਨੂੰ ਪਤਾ ਹੈ । ਸਰਦਾਰ ਬਲਵੰਤ ਸਿੰਘ ਅਜ ਸਰਕਾਰੀ ਬੈਂਚਾਂ ਤੇ ਬੈਠੇ ਹੰਸੀ ਮਜ਼ਾਕ ਕਰ ਰਹੇ ਹਨ । ਜੇ ਵਪਾਰੀਆਂ ਦੀ ਡਿਮਾਂਡ ਮੰਨ ਲਈਏ ਤਾਂ ਸੇਲਜ਼ ਟੈਕਸ ਦੀ ਚੋਰੀ ਬਚ ਸਕਦੀ ਹੈ ਅਤੇ ਲਖਾਂ ਰੁਪਏ ਦਾ ਫਾਇਦਾ ਸਰਕਾਰ ਨੂੰ ਹੋ ਸਕਦਾ ਹੈ ।

ਪੁਲਿਸ ਦੇ ਬਾਰੇ ਅਰਜ਼ ਹੈ ਕਿ ਏਥੇ ਕਾਫੀ ਰੁਪਿਆ ਜ਼ਾਇਆ ਕੀਤਾ ਜਾ ਰਿਹਾ ਹੈ । ਰੁਪਿਆ ਅੱਛੇ ਕੰਮਾਂ ਵਾਸਤੇ ਖਰਚ ਹੋਣਾ ਚਾਹੀਦਾ ਹੈ ਮਾੜੇ ਕੰਮਾਂ ਵਾਸਤੇ ਨਹੀਂ ਖਰਚ ਹੋਣਾ ਚਾਹੀਦਾ । ਪੁਲਿਸ ਕੋਲ ਜਿਥੇ ਵਾਇਰਲੈਸ ਟੈਲੀਫੂਨ ਨਹੀਂ ਹਨ ਉਥੇ ਇਹ ਚੀਜ਼ਾਂ ਸਰਕਾਰ ਨੂੰ ਮੁਹੱਈਆ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਹਰ ਐਮਰਜੈਂਟ ਕੇਸ ਨੂੰ ਪੁਲਿਸ ਸੰਭਾਲ ਸਕੇ । ਸਮਗਲਿੰਗ ਦੀ ਰੋਕ ਥਾਮ ਨਹੀਂ ਹੋ ਰਹੀ ਜਿਵੇਂ ਅਫੀਮ ਤੇ ਡੋਡਿਆਂ ਦੀ ਸਮਗਲਿੰਗ ਹੈ । ਇਸ ਦੀ ਰੋਕ ਥਾਮ ਹੋਣੀ ਚਾਹੀਦੀ ਹੈ ।

ਇਹ ਸਾਰੀਆਂ ਗਲਾਂ ਤਾਂ ਹੀ ਠੀਕ ਹੋ ਸਕਦੀਆਂ ਹਨ ਜੇ ਰੁਪਿਆ ਸਹੀ ਤਰੀਕੇ ਨਾਲ ਖਰਚ ਕੀਤਾ ਜਾਵੇ । ਮੈਂ ਅਰਜ਼ ਕੀਤੀ ਸੀ ਦੋ ਮਿਨਟਾਂ ਵਿਚ ਗਲ ਕਰਨੀ ਹੈ । ਜਦੋਂ ਆਉਣ ਵਾਲਾ ਬਜਟ ਬਣਾਇਆ ਜਾਵੇ ਤਾਂ ਉਹਦੇ ਵਿਚ ਇਹ ਖਾਮੀਆਂ ਦੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ ।

**ਵਿੱਤ ਮੰਤਰੀ (ਸ਼੍ਰੀ ਕ੍ਰਿਸ਼ਨ ਲਾਲ)** : ਜਨਾਬ ਚੇਅਰਮੈਨ ਸਾਹਿਬ ।

**ਕੈਪਟਨ ਰਤਨ ਸਿੰਘ** : ਡਿਪਟੀ ਸਪੀਕਰ ਕਹੋ ।

**ਵਿੱਤ ਮੰਤਰੀ** : ਹੁਕਮ ਮੰਨ ਲਿਆ ਜੀ । ਹਾਊਸ ਦੇ ਵਿਚ ਸਪਲੀਮੈਂਟਰੀ ਐਸਟੀਮੇਟਸ 1968-1969 ਤੇ ਡਿਸਕਸ਼ਨ ਹੋਈ ਹੈ ਔਰ ਮੈਂ ਮਹਿਸੂਸ ਕੀਤਾ ਹੈ ਕਿ ਜਿੰਨੀ ਇਹ ਡਿਸਕਸ਼ਨ ਸੀ ਵਿਦਇਨ ਲਿਮਟਿਸ ਰਹਿਣੀ ਚਾਹੀਦੀ ਸੀ ਉਸ ਤੋਂ ਐਕਸੀਡ ਕਰ ਗਈ ਹੈ ਜਿਸ ਤਰ੍ਹਾਂ ਕਿ ਬਜਟ ਤੇ ਡਿਸਕਸ਼ਨ ਹੁੰਦੀ ਹੈ । ਇਸ ਤਰ੍ਹਾਂ ਹੋ ਗਿਆ ਹੈ । ਅਲਹਿਦਾ ਅਲਹਿਦਾ ਡੀਮਾਂਡਜ਼ ਬਾਰੇ ਵਿਚ ਸੁਜੈਸ਼ਨਜ਼ ਆਉਣੀਆਂ ਚਾਹੀਦੀਆਂ ਸਨ ਪਰ ਉਹ ਨਹੀਂ ਆ ਸਕੀਆਂ ਫੇਰ ਮੈਂਬਰ ਸਾਹਿਬਾਨ ਨੇ ਜਿੰਨੇ ਵੀ ਪੁਆਇੰਟਸ ਉਠਾਏ ਹਨ ਮੈਂ ਅਰਜ਼ ਕਰਦਾ ਹਾਂ ਕਿ **ਸਕੂਲਾਂ ਦੀ ਅਡਮਿਨਿਸਟਰੇਸ਼ਨ** : ਇਹਦੇ ਵਿਚ 85 ਸਕੂਲਾਂ ਦੀ ਅਪਗਰੇਡੇਸ਼ਨ ਹੋਈ ਹੈ ਜਿਹੜੇ ਬਜਟ ਵਿਚ ਪਰੋਵਾਈਡ ਨਹੀਂ ਸਨ । ਮੈਂ ਇਹ ਨਹੀਂ ਜਾਣਦਾ ਕਿ ਇਹ ਪੁਲੀਟੀਕਲ

Original with;
Punjab Vidhan Sabha
Digitized by;
Punjab Digital Library

ਮੋਟਿਵਜ਼ ਨਾਲ ਕੀਤੇ ਹਨ। ਇਹ ਗਲ ਜ਼ਰੂਰ ਤਸਲੀਮ ਕਰਨ ਵਾਲੀ ਹੈ ਕਿ ਜਿਹੜਾ ਅਪਗਰੇਡੇਸ਼ਨ ਦਾ ਕੰਮ ਹੈ ਇਹ ਪੋਲਿਟਿਕਸ ਤੋਂ ਪਰੇ ਰਹਿਣਾ ਚਾਹੀਦਾ ਹੈ। ਕੁਝ ਸਾਲਾਂ ਤੋਂ ਪਰੈਕਟਿਸ ਹੈ ਅਜੀਬ ਨਮੂਨਾ, ਅਜੀਬ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਦੋ ਕਮਰਿਆਂ ਦਾ ਇਕ ਸਕੂਲ ਹੈ ਪੁਲੀਟੀਕਲ ਪਰੈਸ਼ਰ ਪੈ ਗਿਆ ਅਤੇ ਬਣ ਗਿਆ। ਫੇਰ ਪੁਲਿਟੀਕਲ ਪਰੈਸ਼ਰ ਪਿਆ ਦੋ ਮਹੀਨਿਆਂ ਵਿਚ ਹਾਈ ਸਕੂਲ ਬਣ ਗਿਆ। ਸੱਠ ਸੱਤਰ ਹਜ਼ਾਰ ਰੁਪੈ ਦਾ ਸਾਇੰਸ ਦਾ ਸਾਮਾਨ ਉਥੇ ਰਖਿਆ ਗਿਆ। ਪਰ ਰਖਣ ਨੂੰ ਕੋਈ ਥਾਂ ਨਾਂ ਹੋਣ ਕਾਰਨ ਬਾਰਸ਼ਾਂ ਵਿਚ ਬਰਬਾਦ ਹੋ ਗਿਆ। ਦੋ ਕਮਰਿਆਂ ਦਾ ਹਾਈ ਸਕੂਲ ਬਣ ਜਾਏ ਪੁਲੀਟੀਕਲੀ ਪਰੈਸ਼ਰ ਪੈ ਕੇ। ਇਸ ਤੋਂ ਵੱਧ ਮਜ਼ਾਕ ਸਾਡੀ ਐਜੂਕੇਸ਼ਨ ਸਟਰਕਚਰ ਨਾਲ ਹੋਰ ਕੀ ਹੋ ਸਕਦਾ ਹੈ। ਮੈਂ ਸਮਝਦਾ ਹਾਂ ਕਿ 85 ਸਕੂਲ ਜਿਹੜੇ ਅਪਗਰੇਡ ਕੀਤੇ ਗਏ ਹਨ ਜੇ ਤਾਂ ਇਸ ਕਰਕੇ ਕੀਤੇ ਗਏ ਹਨ ਕਿ ਇਨ੍ਹਾਂ ਦੀ ਲੋੜ ਸੀ ਤਾਂ ਤੇ ਅਪਗਰੇਡ ਜ਼ਰੂਰ ਕਰਨੇ ਚਾਹੀਦੇ ਸਨ। 5.00 P.M.] ਇਸ ਕਰਕੇ ਮੈਂ ਹਾਊਸ ਨੂੰ ਇਹ ਯਕੀਨ ਦਵਾਉਣਾ ਚਾਹੁੰਦਾ ਹਾਂ ਕਿ ਪਿੱਛੇ ਜੋ ਕੁਝ ਹੋਇਆ ਉਸ ਦੇ ਵਿਚ ਕੋਈ ਸਪੈਸੀਫਿਕ ਮਿਸਾਲ ਅਗਰ ਕਿਸੇ ਮੈਂਬਰ ਕੋਲ ਹੋਵੇ ਕਿ ਪੁਲਿਟੀ-ਕਲ ਕੰਸਿਡਰੇਸ਼ਨ ਨਾਲ ਸਕੂਲ ਅੱਪਗ੍ਰੇਡ ਹੋਇਆ, ਤਾਂ ਅਸੀਂ ਉਸ ਦੀ ਇਨਕਵਾਇਰੀ ਕਰਾਂਗੇ। ਅੱਗੇ ਵਾਸਤੇ ਮੈਂ ਸਾਰੇ ਹਾਊਸ ਨੂੰ ਇਹ ਬੇਨਤੀ ਕਰਾਂਗਾ ਕਿ ਸਾਰੇ ਮਿਲ ਕੇ ਇਸ ਪ੍ਰਾਬਲਮ ਨੂੰ ਹੱਲ ਕਰੀਏ ਤਾਂਕਿ ਇਸ ਕਿਸਮ ਦਾ ਸਵਾਲ ਪੈਦਾ ਨਾ ਹੋਵੇ। ਜੋ ਪੈਸਾ ਸਕੂਲਾਂ ਨੂੰ ਅੱਪਗ੍ਰੇਡ ਕਰਨ ਵਾਸਤੇ ਸਪਲੀਮੈਂਟਰੀ ਐਸਟੀਮੇਟ ਵਿਚ ਮੰਗਿਆ ਗਿਆ ਹੈ, ਉਹ ਸਪਸ਼ਟ ਹੈ। ਇਸ ਤੋਂ ਬਾਦ ਇਥੇ ਕੁਝ ਮੈਂਬਰਾਂ ਨੇ ਡੀਕਰੀਟਲ ਅਮਾਊਂਟ ਦੇ ਬਾਰੇ ਕਿਹਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਇਕ ਸਪਲੀਮੈਂਟਰੀ ਐਸਟੀਮੇਟ ਦੇ ਵਿਚ ਬੜਾ ਸੈਡ ਚੈਪਟਰ ਹੈ ਕੋਈ ਵੀ ਸਪਲੀਮੈਂਟਰੀ ਐਸਟੀਮੇਟ ਕਿਸੇ ਵੀ ਸਾਲ ਦਾ ਪੜ੍ਹੀਏ ਤਾਂ ਉਸ ਦੇ ਵਿਚ ਡੀਕਰੀਟਲ ਅਮਾਊਂਟ ਦਾ ਬਾਰ ਬਾਰ ਜ਼ਿਕਰ ਆਉਂਦਾ ਹੈ। ਇਸ ਨੂੰ ਪੜ੍ਹਨ ਦੇ ਬਾਅਦ ਅਗਰ ਕੁਝ ਅਫ਼ਸਰ ਵਿਜੀਲੈਂਟ ਹੋ ਜਾਣ ਤਾਂ ਸ਼ਾਇਦ ਸਰਕਾਰ ਨੂੰ ਜਿਹੜਾ ਪੈਸਾ ਡੀਕਰੀਟਲ ਅਮਾਊਂਟ ਦੇਣਾ ਹੈ ਉਹ ਨਾ ਦੇਣਾ ਪਵੇ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਅਗਰ ਸਾਰੇ ਮੈਂਬਰ ਸਾਹਿਬਾਨ ਸਹਿਮਤ ਹੋਣ ਤਾਂ ਸਰਕਾਰੀ ਖਜ਼ਾਨੇ ਤੇ ਜੋ ਬੋਝ ਪੈਂਦਾ ਹੈ, ਉਹ ਦੂਰ ਹੋ ਸਕੇ। ਗੱਲ ਇਹ ਹੈ ਕਿ ਕਿਸੇ ਵੀ ਅਫਸਰ ਤੋਂ ਗੌਰਮੈਂਟ ਡਿਊਟੀ ਨਿਭਾਂਦੇ ਸਮੇਂ ਗਲਤੀ ਹੋ ਸਕਦੀ ਹੈ। ਇਹ ਜਿਹੜਾ ਕਾਨੂੰਨ ਹੈ ਗਵਰਨਮੈਂਟ ਸਰਵੈਂਟ ਨੂੰ ਇਮਿਉਰਿਟੀ ਦੇਣ ਦਾ, ਪਰ ਖਿਆਲ ਰੱਖੋ ਜਿਹੜੇ ਅਫ਼ਸਰ ਬਹੁਤ ਕੋਤਾਹੀ ਕਰਦੇ ਹਨ, ਉਸ ਦੇ ਬਾਰੇ ਅਗਰ ਮੈਂਬਰਜ਼ ਸਾਨੂੰ ਸੁਜੈਸ਼ਨਜ਼ ਦੇਣ ਤਾਂ ਬੜਾ ਯੂਜ਼ਫੁਲ ਹੋਵੇਗਾ। ਤਾਂਕਿ ਅਸੀਂ ਐਕਸ਼ਨ ਲੈ ਸਕੀਏ।

ਮੈਂ ਸਮਝਦਾ ਹਾਂ ਕਿ ਜਿਹੜੇ ਮੁਕੱਦਮੇ ਸਾਡੇ ਗੁਰਦਾਸਪੁਰ ਦੇ ਐਮ. ਐਲ. ਏ. ਸਰਦਾਰ ਮੁਹਿੰਦਰ ਸਿੰਘ ਤੇ ਹਨ, ਉਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਇਹ ਕੇਸ ਸਾਡੇ ਕੋਲ ਕਈ ਵਾਰੀ ਆਇਆ ਹੈ।

(ਆਵਾਜ਼ਾਂ : ਇਨਕਵਾਇਰੀ ਕੀਤੀ ਜਾਵੇ) : ਇਨਕੁਆਇਰੀ ਕੀਤੀ ਜਾਵੇਗੀ। This is my commitment. This commitment is on my side. This will be done.

ਇਥੇ ਵਾਟਰਲਾਗਿੰਗ ਦੇ ਬਾਰੇ ਕਿਹਾ ਗਿਆ ਹੈ। ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਲਿਖਿਆ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਭ ਤੋਂ ਵੱਡੀ ਗੱਲ ਸਾਡੀ ਵਾਟਰਲਾਗਿੰਗ ਔਰ ਫਲੱਡ ਕੰਟ੍ਰੋਲ ਬਾਰੇ ਹੈ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਸਾਰੇ ਹਾਊਸ ਦੇ ਮੈਂਬਰਾਂ ਨੂੰ ਭਾਰਤ ਸਰਕਾਰ ਕੋਲੋਂ ਇਸ ਮੱਦਦ ਲਈ ਮੰਗ ਕਰਨੀ ਚਾਹੀਦੀ ਹੈ । (ਵਿਘਨ) ਮੇਰੇ ਇਕ ਮਾਨਯੋਗ ਮੈਂਬਰ ਨੇ ਸੈਂਟਰ ਦੇ ਵਜ਼ੀਰਾਂ ਦੇ ਖ਼ਿਲਾਫ਼ ਕਿਹਾ ਹੈ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੇ ਖ਼ਿਲਾਫ਼ ਨਹੀਂ ਬੋਲਣਾ ਚਾਹੀਦਾ । ਜੇਕਰ ਉਨ੍ਹਾਂ ਦੇ ਖ਼ਿਲਾਫ਼ ਬੋਲਾਂਗੇ ਤਾਂ ਉਹ ਮੱਦਦ ਸਾਨੂੰ ਨਹੀਂ ਮਿਲੇਗੀ ।

(ਵਿਰੋਧੀ ਬੈਂਚਾਂ ਵਲੋਂ ਆਵਾਜ਼ਾਂ : ਵਜ਼ੀਰ ਨਹੀਂ ਕਿਹਾ ।) (ਵਿਘਨ)

ਪੰਜਾਬ ਇਕ ਸਰਹੱਦੀ ਸੂਬਾ ਹੈ । ਸੈਂਟਰ ਨੂੰ ਸਾਡੇ ਤੇ ਪੂਰਾ ਮਾਣ ਹੈ । ਅਸੀਂ ਉਨ੍ਹਾਂ ਨੂੰ ਪੂਰੀ ਪੂਰੀ ਕੋਆਪ੍ਰੇਸ਼ਨ ਦਿਆਂਗੇ । ਸਾਡੀ ਸੈਂਟਰ ਨਾਲ ਕੋਈ ਲੜਾਈ ਨਹੀਂ । ਸਾਡੇ ਸੂਬੇ ਨੇ ਹੀ ਪਿਛਲੀਆਂ ਲੜਾਈਆਂ ਵਿਚ ਭਾਰਤ ਦੀ ਸ਼ਾਨ ਉਚੀ ਕੀਤੀ ਹੈ ।

ਸ੍ਰੀਮਤੀ ਗਾਂਧੀ ਜੀ ਜਦੋਂ ਪਿਛੇ ਜਿਹੇ ਸਾਡੇ ਸੂਬੇ ਵਿਚ ਆਏ ਸੀ ਅਸੀਂ ਉਨ੍ਹਾਂ ਨੂੰ ਪੂਰਾ ਪਿਆਰ, ਸਤਿਕਾਰ ਦਿੱਤਾ । ਉਹ ਇਸ ਕਰਕੇ ਕਿ ਉਹ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਸਨ । ਜਿਸ ਵੇਲੇ ਉਹ ਲੁਧਿਆਣੇ ਗਏ, ਜਸਟਿਸ ਗੁਰਨਾਮ ਸਿੰਘ ਨੇ ਉਨ੍ਹਾਂ ਦਾ ਸੁਆਗਤ ਕੀਤਾ । ਉਸ ਨੇ ਪੰਜਾਬ ਦੀ ਜਨਤਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਤਨਾ ਪਿਆਰ, ਸਤਿਕਾਰ ਅਤੇ ਮਾਣ ਮੈਨੂੰ ਹੋਰ ਕਿਤੇ ਨਹੀਂ ਮਿਲਿਆ ਜਿਤਨਾ ਇਥੇ ਮਿਲਿਆ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸੈਂਟਰ ਨਾਲ ਕੋਈ ਲੜਾਈ ਨਹੀਂ । ਜਿਥੋਂ ਤੱਕ ਏਡ ਦਾ ਸਵਾਲ ਹੈ, ਅਸੀਂ ਤਾਂ ਉਨ੍ਹਾਂ ਤੋਂ ਵਾਟਰਲਾਗਿੰਗ ਅਤੇ ਹੈਵੀ ਇੰਡਸਟਰੀ ਦੀ ਵੀ ਮੰਗ ਕਰਦੇ ਹਾਂ । ਇਸ ਲਈ ਸਾਨੂੰ ਕਿਸੇ ਤੇ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ, ਭਾਵੇਂ ਉਹ ਪ੍ਰਾਈਮ ਮਨਿਸਟਰ ਹੋਵੇ ਭਾਵੇਂ ਫਾਇਨੈਂਸ ਮਨਿਸਟਰ ਹੋਵੇ । ਅਗਰ ਅਸੀਂ ਸੈਂਟਰ ਪਾਸੋਂ ਵਾਟਰ ਲਾਗਿੰਗ ਵਾਸ ਤੇ ਜਾਂ ਹੈਵੀ ਇੰਡਸਟਰੀ ਲਈ ਪੈਸੇ ਦੀ ਮੰਗ ਕਰਦੇ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਸੈਂਟਰ ਨੂੰ ਵੀਕ ਕਰ ਰਹੇ ਹਾਂ । The right to differ is a genuine sign, the right to conform is a weakness.

ਇਥੇ ਕੁਝ ਸਟਾਈਪੈਂਡਜ਼ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ ਕਿ ਉਹ ਵਕਤ ਸਿਰ ਨਹੀਂ ਮਿਲਦੇ । ਇਥੇ ਇਕ ਕੇਸ ਐਸਾ ਵੀ ਹੈ ਇਕ ਲੜਕਾ, 1958 ਵਿਚ ਮਿਡਲ ਦੀ ਪ੍ਰੀਖਿਆ ਵਿਚ ਫਸਟ ਆਇਆ । ਉਸ ਨੂੰ ਸਟਾਈਪੈਂਡ 1964 ਵਿਚ ਮਿਲਿਆ । ਜਿਸ ਵੇਲੇ ਉਸ ਨੂੰ ਇਤਲਾਹ ਮਿਲੀ ਉਦੋਂ ਉਹ ਕਿਸੇ ਦੇ ਘਰ ਵਿਚ ਭਾਂਡੇ ਮਾਂਜਦਾ ਸੀ । ਇਹ ਵਜ਼ੀਫਾ ਉਸ ਨੂੰ 6 ਸਾਲ ਬਾਅਦ ਮਿਲਿਆ । ਮੈਂ ਬੇਨਤੀ ਕਰਾਂਗਾ ਕਿ ਸਾਰੇ ਮੈਂਬਰ ਮਿਲਕੇ ਦੇਖੀਏ ਕਿ ਦੇਰੀ ਕਿਸ ਤਰ੍ਹਾਂ ਹੋਈ । ਜੋ ਸਟਾਈਪੈਂਡ 1952 ਵਿਚ ਸੀ ਉਹੀ ਹੁਣ ਵੀ ਚਲਿਆ ਆ ਰਿਹਾ ਹੈ । ਇਸ ਸਟਾਈਪੈਂਡ ਨੂੰ ਵਧਾਉਣਾ ਚਾਹੀਦਾ ਹੈ ।

ਹਰੀਜਨ ਕਲਿਆਣ ਫੰਡ ਬਾਰੇ ਜ਼ਿਕਰ ਕੀਤਾ ਗਿਆ ਹੈ ਕਿ ਅਸੀਂ ਉਸ ਨੂੰ ਠੀਕ ਇਸਤੇਮਾਲ ਨਹੀਂ ਕਰਦੇ । ਮੈਂ ਕਾਂਗਰਸ ਨੂੰ ਕਹਾਂਗਾ ਕਿ ਅਗਰ ਹਰੀਜਨ ਕਲਿਆਣ ਫੰਡ ਠੀਕ ਤਰ੍ਹਾਂ ਖਰਚ ਨਹੀਂ ਹੋ ਸਕਿਆ, ਇਹ ਤਾਂ ਤੁਹਾਡੀ ਜ਼ਿਮੇਵਾਰੀ ਹੈ । ਅਸੀਂ ਇਸ ਨੂੰ ਠੀਕ ਖਰਚ ਕਰਾਂਗੇ । ਇਹ ਰੁਪਿਆ ਹਰੀਜਨ ਭਰਾਂਵਾਂ ਵਾਸਤੇ ਖਜ਼ਾਨੇ ਵਿਚ ਪਿਆ ਹੈ । ਇਸ ਕਰਕੇ ਠੀਕ ਯੋਜਨਾ ਬਣਾਕੇ ਮੈਂ ਸਮਝਦ

Original with;
Punjab Vidhan Sabha
Digitized by;
Panjab Digital Library

ਹਾਂ ਕਿ ਇਹ ਖਰਚ ਹੋਣਾ ਚਾਹੀਦਾ ਹੈ। (ਵਿਘਨ) ਮੈਂਬਰਾਂ ਨੇ ਕਿਹਾ ਹੈ ਕਿ 50 ਕਰੋੜ ਰੁਪਏ ਦੀ ਇਨਵਾਲਵਿੰਗ ਫੰਡ ਦੀ ਐਨੀ ਵੱਡੀ ਛਾਲ ਨਹੀਂ ਮਾਰਨੀ ਚਾਹੀਦੀ।

(ਆਵਾਜ਼ਾਂ : ਇਹ ਰਕਮ ਗਲਤੀ ਨਾਲ ਜ਼ਿਆਦਾ ਕਹੀ ਗਈ ਹੈ) ਮੈਂ ਤਾਂ ਕਹਾਂਗਾ ਕਿ ਕੋਈ ਕਨਸਟ੍ਰਕਟਿਵ ਸੁਜੈਸ਼ਨਜ਼ ਦਿਉ।

ਹਰੀਜਨ ਭਰਾਵਾਂ ਬਾਰੇ ਇਹ ਕਹਿੰਦੇ ਹਨ ਕਿ 18 ਸੌ ਰੁਪਏ ਦੀ ਇਨਕਮ ਜਿਹੜੀ ਹੈ ਉਹ ਵਧਾ ਕੇ 3 ਹਜ਼ਾਰ ਕੀਤੀ ਜਾਵੇ। ਕਿਸੇ ਮੈਂਬਰ ਸਾਹਿਬ ਨੇ ਕਿਹਾ ਕਿ ਇਹ 6 ਹਜ਼ਾਰ ਕਰ ਦਿੱਤੀ ਜਾਵੇ। ਖ਼ੈਰ ਮੈਂ ਇੰਨਾਂ ਕਹਾਂਗਾ ਕਿ ਇਹ ਅੱਛੀ ਸੁਜੈਸ਼ਨ ਹੈ। ਅਸੀਂ ਵਿਚਾਰ ਕਰ ਲਵਾਂਗੇ। ਜੇ ਸਾਡੇ ਵਸ ਦੀ ਗਲ ਹੋਵੇਗੀ ਤਾਂ ਉਸ ਦੇ ਅਮਲ ਕਰਾਉਣ ਵਿਚ ਕੋਈ ਗੁਰੇਜ਼ ਨਹੀਂ ਕਰਾਂਗੇ।

ਡਾਂਗ ਸਾਹਿਬ ਨੇ ਜਿਹੜੀ ਗਲ ਕਹੀ ਹੈ ਕਿ ਬਜਟ ਪ੍ਰਾਸੈਸ ਕੁਝ ਇਹੋ ਜਿਹੇ ਹਨ ਕਿ ਬਜਟ ਪਾਸ ਹੋ ਜਾਏ ਤਾਂ ਵੀ ਡੀਪਾਰਟਮੈਂਟਸ ਨੂੰ ਫਾਇਨੈਂਨਸ ਡੀਪਾਰਟਮੈਂਟ ਪਾਸ ਜਾਣਾ ਪੈਂਦਾ ਹੈ। ਮੈਂ ਫੌਰਨ ਫਾਇਨੈਂਨਸ ਡੀਪਾਰਟਮੈਂਟ ਤੋਂ ਪਤਾ ਕੀਤਾ ਤਾਂ ਉਨ੍ਹਾਂ ਦਸਿਆ ਕਿ 1958 ਤੋਂ ਬਾਦ ਕੋਈ ਰੇਅਰ ਹੀ ਇਹੋ ਜਿਹੀ ਕੋਈ ਗਲ ਹੋਈ ਹੋਵੇਗੀ। (ਵਿਘਨ)

ਇਕ ਮੈਂ ਅਰਜ਼ ਪੇ ਕਮਿਸ਼ਨ ਦੀ ਰਿਪੋਰਟ ਦੀ ਅਨਾਮਲੀਜ਼ ਬਾਰੇ ਕਰਨਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਦੇ ਮੁਲਾਜ਼ਮਾਂ ਦੀ ਮੰਗ ਸੀ ਕਿ ਪੇ ਕਮਿਸ਼ਨ ਮੁਕੱਰਰ ਕੀਤਾ ਜਾਣਾ ਚਾਹੀਦਾ ਹੈ। ਪਿਛਲੀਆਂ ਸਰਕਾਰਾਂ ਨੇ ਇਹ ਗਲ ਨਹੀਂ ਸੀ ਮੰਨੀ। ਫਰੰਟ ਸਰਕਾਰ ਨੇ ਮੁਲਾਜ਼ਮਾਂ ਦੀ ਇਹ ਗਲ ਮੰਨ ਲਈ ਅਤੇ ਇਮਪਲਾ-ਈਜ਼ ਤੋਂ ਪੁਛਿਆ ਗਿਆ ਕਿ ਉਸ ਕਮੇਟੀ ਦਾ ਚੇਅਰਮੈਨ ਕੋਈ ਆਈ. ਸੀ. ਐਸ. ਅਫ਼ਸਰ, ਕੋਈ ਸੀਨੀਅਰ ਅਫ਼ਸਰ ਜਾਂ ਕੋਈ ਹਾਈ ਕੋਰਟ ਦਾ ਜੱਜ ਹੋਣਾ ਚਾਹੀਦਾ ਹੈ ਤਾਂ ਮੁਲਾਜ਼ਮਾਂ ਨੇ ਕਿਹਾ ਕਿ ਹਾਈ ਕੋਰਟ ਦਾ ਜੱਜ ਹੋਣਾ ਚਾਹੀਦਾ ਹੈ। ਸੋ ਅਸੀਂ ਹਾਈ ਕੋਰਟ ਦੇ ਜੱਜ ਨੂੰ ਚੇਅਰਮੈਨ ਬਣਾ ਦਿਤਾ। ਉਸ ਦੀ ਰਿਪੋਰਟ ਡੇਢ ਸਾਲ ਦੇ ਬਾਦ ਆਈ ਜਿਹੜੀ ਕਿ ਲਾਗੂ ਕਰ ਦਿਤੀ ਗਈ ਹੈ। ਇਹ ਮੁਲਾਜ਼ਮਾਂ ਦਾ ਕਹਿ-ਣਾ ਤਾਂ ਠੀਕ ਨਹੀਂ ਹੋਵੇਗਾ ਕਿ ਸਾਨੂੰ ਕੁਝ ਮਿਲਿਆ ਨਹੀਂ ਕਿਉਂਕਿ ਪੇ ਕਮਿਸ਼ਨ ਦੀ ਰਿਪੋਰਟ ਮੁਤਾਬਕ 7 ਕਰੋੜ ਰੁਪਏ ਦਾ ਭਾਰ ਸਰਕਾਰ ਤੇ ਪੈਂਦਾ ਹੈ। ਮੈਂ ਇਹ ਦੇਖਿਆ ਕਿ ਮੁਲਾਜ਼ਮਾਂ ਦੀ ਸੈਟਿਸਫੇਕਸ਼ਨ ਫਿਰ ਵੀ ਨਹੀਂ ਹੈ। ਇਸ ਸਬੰਧ ਵਿਚ ਤਕਰੀਬਨ ਸਾਡੇ ਕੋਲ 2 ਹਜ਼ਾਰ ਅਨਾਮਲੀਜ਼ ਮੈਮੋਰੈਨਡਮ ਆਏ। ਸਾਨੂੰ ਕਈ ਡੈਪੂਟੇਸ਼ਨ ਮਿਲੇ ਅਤੇ ਆਪਣੀ ਆਪਣੀ ਅਨਾਮਲੀਜ਼ ਬਾਰੇ ਉਨ੍ਹਾਂ ਨੇ ਅੱਧਾ ਅੱਧਾ ਘੰਟਾ ਟਾਈਮ ਲਾਇਆ। ਅਸੀਂ ਇਹ ਸੋਚਿਆ ਕਿ ਜੇ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਸਾਡਾ ਸਾਰਾ ਕੰਮ ਬੰਦ ਹੋ ਜਾਵੇਗਾ। ਇਸ ਲਈ ਇਹ ਅਸੀਂ ਫੈਸਲਾ ਕੀਤਾ ਕਿ ਮਨਿਸਟਰ ਲੈਵਲ ਤੇ ਡਸੀਜ਼ਨ ਕਰਨ ਦੀ ਗਲ ਨਹੀਂ। ਅਸੀਂ ਸੀਨੀਅਰ ਮੋਸ਼ਟ ਅਫ਼ਸਰਾਂ ਦੀ ਇਕ ਕਮੇਟੀ ਬਨਾਉਣ ਦਾ ਵਿਚਾਰ ਕੀਤਾ ਕਿ ਇਹ ਸਾਰਾ ਮਾਮਲਾ ਵਿਚਾਰੇ। ਸਰਕਾਰ ਇਸ ਗਲ ਵਿਚ ਬਿਲਕੁਲ ਕਾਨਸ਼ੀਏਸ ਹੈ ਅਤੇ ਸਰਕਾਰ ਮੁਲਾਜ਼ਮਾਂ ਦੀ ਡਿਸਸੈਟਿਸਫੇਕਸ਼ਨ ਨੂੰ ਦੂਰ ਕਰੇਗੀ।

ਇਕ ਗਲ ਹੋਰ ਜਿਹੜੀ ਡਾਂਗ ਸਾਹਿਬ ਨੇ ਡੀ. ਐਸ. ਪੀ. ਦੀ ਪੋਸਟ ਨੂੰ ਉਡਾਉਣ ਬਾਰੇ ਕਹੀ ਹੈ। ਮੈਂ ਇਸ ਨੂੰ ਅਗਜ਼ਾਮਿਨ ਨਹੀਂ ਕਰਾਇਆ। ਲੇਕਿਨ ਅਸੀਂ ਚਾਹੁੰਦੇ ਹਾਂ ਕਿ ਟਾਪ ਹੈਵੀ ਐਡਮਿਨਸਟਰੇਸ਼ਨ ਨਾ ਹੋਵੇ। ਇਸ ਦੇ ਬਾਰੇ ਅਸੀਂ ਜ਼ਰੂਰ ਵਿਚਾਰ ਕਰਾਂਗੇ। ਡੀ. ਐਸ. ਪੀ. ਅਤੇ ਡਿਸਟਰਿਕਟ ਟਰਾਂਸਪੋਰਟ ਕੰਟਰੋਲਰ ਦੀਆਂ ਅਸਾਮੀਆਂ ਨੂੰ ਖ਼ਤਮ ਕਰਨ ਵਾਸਤੇ ਅਸੀਂ ਐਗਜ਼ਾਮਨ ਕਰਾਂਗੇ। ਪਰ ਮੁਸ਼ਕਲ ਇਹ

/A

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਹੈ ਕਿ ਪੀ. ਸੀ. ਐਸ. ਅਫ਼ਸਰ ਸਾਨੂੰ ਲੋੜ ਤੋਂ ਜ਼ਿਆਦਾ ਮਿਲ ਗਏ ਹਨ ਹੁਣ ਕੁਝ ਹੋਰ ਹਰਿਆਨੇ ਵਿਚੋਂ ਆ ਰਹੇ ਹਨ । ਹਾਲਤ ਐਸੀ ਹੈ ਕਿ ਡਿਪਟੀ ਕਮਿਸ਼ਨਰਾਂ ਦੇ ਪਾਸ ਜਿਹੜੇ ਜੀ. ਏ. ਲਗੇ ਹੋਏ ਹਨ ਉਹ ਵੀ ਛੇ ਛੇ ਸਾਲ ਤੋਂ ਅੰਡਰ ਟਰੇਨਿੰਗ ਹਨ । ਅਸੀਂ ਉਨ੍ਹਾਂ ਨੂੰ ਵੀ ਆਬਜ਼ਾਰਵ ਨਹੀਂ ਕਰ ਸਕਦੇ । ਇਹ ਸਾਨੂੰ ਵੀ ਬੜਾ ਅਜੀਬ ਲਗਦਾ ਹੈ ਕਿ ਪੀ. ਸੀ. ਐਸ. ਅਫ਼ਸਰ ਛੇ ਛੇ ਸਾਲ ਟਰੇਨਿੰਗ ਤੇ ਰਹਿਣ । ਇਹ ਸਾਰੀ ਚੀਜ਼ ਅਸੀਂ ਐਗਜ਼ਾਮਿਨ ਕਰਕੇ ਹਲ ਕਰਾਂਗੇ ।

ਇਹ ਜੋ ਭਾਖੜਾ ਡੈਮ, ਨੰਗਲ ਅਤੇ ਚੰਡੀਗੜ ਦਾ ਜ਼ਿਕਰ ਇਥੇ ਆਇਆ ਹੈ । ਕਈ ਮੱਦਾ ਦੇ ਵਿਚ ਇਸ ਦਾ ਪੈਸਾ ਭਾਰਤ ਸਰਕਾਰ ਨੂੰ ਦੇਣਾ ਹੈ ।ਕਿਉਂਕਿ ਇਹ ਇਕ ਐਕਟ ਬਣ ਚੁਕਾ ਹੈ । ਪਰ ਇੰਨ੍ਹਾਂ ਮੈਂ ਜ਼ਰੂਰ ਕਹਾਂਗਾਂ ਕਿ ਇਹ ਪੰਜਾਬ ਦੇ ਹਨ ਅਤੇ ਇਸ ਨੂੰ ਮਿਲਨੇ ਚਾਹੀਦੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਇਸ ਦੇ ਫੈਸਲੇ ਵਾਸਤੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਆਰਬੀਟਰੇਟਰ ਮੁਕੱਰਰ ਕੀਤਾ ਗਿਆ ਹੈ ਅਤੇ ਸਾਰੀਆਂ ਪਾਰਟੀਆਂ ਇਸ ਰਾਏ ਤੇ ਮੁਤਫਿਕਾ ਹਨ । ਪ੍ਰਾਈਮ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਫੈਸਲਾ ਦੇਣਾ ਚਾਹੀਦਾ ਹੈ ਕਿਉਂਕਿ ਦੋ ਢਾਈ ਸਾਲ ਹੋ ਗਏ ਹਨ । ਸਾਡੀ ਪੇਸ਼ੇਨਸ ਐਗਜ਼ਾਸਟ ਹੋ ਚੁਕੀ ਹੈ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਤਕ ਆਰਬੀਟਰੇਸ਼ਨ ਰਾਹੀਂ ਫੈਸਲਾ ਨਹੀਂ ਹੁੰਦਾ ਇਸ ਤਰ੍ਹਾਂ ਦੀਆਂ ਪ੍ਰਾਬਲਮਜ਼ ਆਉਂਦੀਆਂ ਰਹਿਣਗੀਆਂ, ਇਸ ਦੇ ਇਲਾਵਾ ਹੋਰ ਕੋਈ ਚਾਰਾ ਨਹੀਂ ।

ਇਕ ਅਰਜ਼ ਮੈਂ ਵਰਕ ਚਾਰਜ ਇਮਪਲਾਈਜ਼ ਬਾਰੇ ਕਰਨੀ ਚਾਹੁੰਦਾ ਹਾਂ । ਮੈਂ ਸਮਝਦਾ ਹਾਂ ਕਿ ਇਹ ਇਮਪਲਾਈਜ਼ ਤਕਰੀਬਨ 40-50 ਹਜ਼ਾਰ ਦੇ ਕਰੀਬ ਹਨ । ਗੌਰਮਿੰਟ ਇਨ੍ਹਾਂ ਇਮਪਲਾਈਜ਼ ਬਾਰੇ ਕਾਸ਼ੀਐਨਸ਼ਸ ਹੈ । ਮੈਂ ਵਿਸ਼ਵਾਸ ਦੁਆਉਂਦਾ ਹਾਂ ਕਿ ਇਨ੍ਹਾਂ ਵਰਕ ਚਾਰਜ ਇਮਪਲਾਈਜ਼ ਦੀ ਕਨਡੀਸ਼ਨ ਆਫ ਸਰਵਿਸ ਵਲ ਅਸੀਂ ਧਿਆਨ ਦੇਵਾਂਗੇ ਔਰ ਇਮਪਰੂਵ ਕਰਾਂਗੇ । ਦੂਸਰਾ ਸੈਂਟਰਲ ਪੀ. ਡਬਲਿਯੂ. ਡੀ. ਦਾ ਫਾਰਮੂਲਾ ਹੈ ਉਹ ਵੀ ਵਿਚਾਰਾਂਗੇ ।

ਇਥੇ ਸਰਦਾਰ ਕਿਰਪਾਲ ਸਿੰਘ ਜੀ ਨੇ ਸਪੱਰਜ਼ ਜਿਹੜੇ ਹਨ ਉਨ੍ਹਾਂ ਦੀ ਬੜੀ ਕੁਰਪਸ਼ਨ ਬਾਰੇ ਜ਼ਿਕਰ ਕੀਤਾ ਹੈ । ਇਹ ਤਾਂ ਇਕ ਜਨਰਲ ਚੀਜ਼ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ । ਕੋਈ ਸਪੈਸਫਿਕ ਕੇਸ ਅਗਰ ਕੁਰਪੱਸ਼ਨ ਦਾ ਹੈ ਤਾਂ ਮੈਨੂੰ ਦਸਣ ਮੈਂ ਉਸ ਦੀ ਇਨਕੁਆਇਰੀ ਕਰਵਾ ਲਵਾਂਗਾ । Payment of fee to private legal practitioners is Rs. 2,18,620/-.

ਇਸ ਦੇ ਵਿਚੋਂ ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਪੇਮੈਂਟਸ ਅਜੇ ਨਹੀਂ ਹੋਈਆਂ, ਉਨ੍ਹਾਂ ਦੀ ਡੀਟੇਲ ਆਪ ਨੂੰ ਮੈ ਦਸਣਾ ਚਾਹੁੰਦਾ ਹਾਂ :—

| | |
|---|---|
| Shri J-N. Kaushal | 56,60.00 |
| Shri Nirende (Stay matter) | 4000.00 |
| Shri Nirende (main case) | 10080.00 |
| Shri C. K. Daphtary | 8800.00 |
| Shri S. K. Dolkia (Junior Counsel) | 960.00 |

Original with;
Punjab Vidhan Sabha
Digitized by;
Panjab Digital Library

| | |
|---|---|
| Shri K. L. Hathi (Junior Counsel) | 2068.00 |

The fee bills of certain other counsels for respondents have not yet been received.

## HIGH COURT

| | |
|---|---|
| Shri M. K. Nambyar | 34274.30 |
| Shri N. A. Subramanium Junior to Shri Nambyar | 4760.00 |
| Shri J. N. Kaushal | 3850.00 |
| Shri S. S. Bedi | 540.00 |

Besides, fee Bill of Shri Rajinder Sachar Counsel for the Speaker at Rs. 550/- per day was also received. This Department had recommended Rs. 275/- per day.

(ਇਸ ਵੇਲੇ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ)

**ਸਰਦਾਰ ਜਸਦੇਵ ਸਿੰਘ ਸੰਧੂ**: ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਕੀ ਇਹ ਉਹੀ ਸੱਚਰ ਸਾਹਿਬ ਹਨ ਜੋ ਰਾਜ ਸਭਾ ਦੇ ਮੈਂਬਰ ਕਾਂਗਰਸ ਦੀ ਸਪੋਰਟ ਨਾਲ ਬਣੇ ਸਨ ? (ਵਿਘਨ)

**ਵਿੱਤ ਮੰਤਰੀ** : ਇਹ ਕੋਈ ਗਲ ਨਹੀਂ। (ਵਿਘਨ) ਵਕੀਲਾਂ ਬਾਰੇ ਮੈਂ ਇਕ ਗਲ ਕਹਿਣੀ ਹੈ।

**ਸਾਥੀ ਰੂਪ ਲਾਲ** : ਆਨ ਏ ਪੁਆਇੰਟ ਆਫ ਆਰਡਰ, ਸਰ। ਸੱਚਰ ਸਾਹਿਬ ਦਾ ਨਾਮ ਗੈਰ ਵਾਜਬ ਢੰਗ ਨਾਲ ਲਿਆ ਗਿਆ ਹੈ। (ਵਿਘਨ) ਉਨ੍ਹਾਂ ਨੇ ਉਹੀ ਰੁਪਿਆ ਲਿਆ ਜੋ ਉਨ੍ਹਾਂ ਦੀ ਫੀਸ ਦਾ ਸੀ। ਇਸ ਵਿਚ ਕੋਈ ਭੈੜੀ ਗਲ ਨਹੀਂ। (ਵਿਘਨ)

**ਵਿੱਤ ਮੰਤਰੀ** : ਅਸੀਂ ਰਾਜਿੰਦਰ ਸਚੱਰ ਹੋਰਾਂ ਦੀ ਇਜ਼ੱਤ ਕਰਦੇ ਹਾਂ। ਉਨ੍ਹਾਂ ਦਾ ਨਾਮ ਤਾਂ ਬਾਈ ਚਾਂਸ ਆ ਗਿਆ ਹੈ, ਉਨ੍ਹਾਂ ਦੀ ਡਿਸਰਿਸਪੈਕਟ ਦਾ ਤਾਂ ਸਵਾਲ ਨਹੀਂ। ਮੈਂ ਇਹ ਉਸ ਖਰਚ ਦੀਆਂ ਡੀਟੇਲਜ਼ ਦੱਸੀਆਂ ਹਨ। ਇਹ ਜੋ ਸਿਸਟਮ ਹੈ ਪ੍ਰਾਈਵੇਟ ਵਕੀਲਾਂ ਨੂੰ ਕੰਮ ਦੇਣ ਦਾ ਇਸ ਵਿਚ ਸਰਕਾਰ ਦਾ ਕਾਫੀ ਖਰਚ ਹੁੰਦਾ ਹੈ ਅਤੇ ਲੋਕਾਂ ਨੂੰ ਸ਼ਿਕਾਇਤ ਹੈ ਕਿ ਇਸ ਵਿਚ ਫੇਵਰਿਟਿਜ਼ਮ ਦਾ ਸਕੋਪ ਹੈ। ਮੈਂ ਇਸ ਨੂੰ ਰਿਵਾਈਜ਼ ਕਰਨ ਬਾਰੇ ਮੈਂਬਰਾਂ ਦੀ ਸਲਾਹ ਲਵਾਂਗਾ ਕਿ ਆਇਆ ਇਹ ਬਿਹਤਰ ਰਹੇਗਾ ਅਗਰ ਇਸ ਤਰ੍ਹਾਂ ਦਾ ਕੰਮ ਪੂਰੇ ਟਾਈਮ ਦੇ ਸਰਕਾਰੀ ਵਕੀਲਾਂ ਪਾਸੋਂ ਲਿਆ ਜਾਵੇ। ਬਾਕੀ ਜੋ ਪੇਮੈਂਟ ਹੋ ਚੁਕੀ ਹੈ ਉਸ ਬਾਰੇ ਕੁਝ ਨਹੀਂ ਹੋ ਸਕਦਾ ਲੇਕਿਨ ਜੋ ਹਾਲੇ ਪੇਮੈਂਟ ਹੋਣੀ ਹੈ ਉਸ ਬਾਰੇ ਡਿਪਾਰਟਮੈਂਟ ਵੇਖੇਗਾ ਕਿ ਕਿਤੇ ਐਕਸੈਸਿਵ ਪੇਮੈਂਟ ਤਾਂ ਨਹੀਂ ਹੋ ਰਹੀ। (ਤਾੜੀਆਂ)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਫਾਊਂਡੇਸ਼ਨ ਬਾਰੇ ਇਕ ਮੈਂਬਰ ਨੇ ਕਿਹਾ ਕਿ ਇਸ ਫਾਊਂਡੇਸ਼ਨ ਵਿਚ ਕੁਝ ਗੜਬੜ ਚਲ ਰਹੀ ਹੈ। ਮੈਨੂੰ ਇਸ ਬਾਰੇ ਪਤਾ ਨਹੀਂ ਕਿ ਇਸ ਵਿਚ ਸਰਕਾਰ ਕਿਵੇਂ ਦਖਲ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦੇ ਸਕਦੀ ਹੈ । ਮੈਂ ਚਾਹੁੰਦਾ ਹਾਂ ਕਿ ਫਾਊਂਡੇਸ਼ਨ ਠੀਕ ਤਰ੍ਹਾਂ ਕੰਮ ਕਰੇ । ਠੀਕ ਹੈ ਇਸ ਨੂੰ ਸਰਕਾਰ ਪੈਸਾ ਦਿੰਦੀ ਹੈ । ਸਾਡੀ ਕੋਸ਼ਿਸ਼ ਹੋਵੇਗੀ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਸਬੰਧਿਤ ਕੋਈ ਐਸੀ ਚੀਜ਼ ਬਣੇ ਜਿਸ ਦੀ ਪਵਿੱਤਰਤਾ ਅਤੇ ਸਟੇਟਸ ਗੁਰੂ ਸਾਹਿਬ ਦੇ ਹੀ ਸਟੇਟਸ ਦੀ ਹੋਵੇ ਅਤੇ ਉਸ ਵਲ ਕੋਈ ਉਂਗਲ ਨਾ ਚੁਕ ਸਕੇ।

ਜੋ ਭਾਖੜੇ ਦਾ ਪਾਣੀ ਹਰਿਆਣੇ ਨੂੰ ਵਧ ਚਲਾ ਗਿਆ ਹੈ ਇਸ ਬਾਰੇ ਭਾਰਤ ਸਰਕਾਰ ਨਾਲ ਪਹਿਲਾਂ ਹੀ ਗਲ ਚਲ ਰਹੀ ਹੈ । ਇਹ ਗਲ ਜ਼ੋਨਲ ਕੌਂਸਲ ਵਿਚ ਵੀ ਉਠਾਈ ਗਈ ਸੀ ਅਤੇ ਮੈਂ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਜ਼ਰੂਰ ਭਾਰਤ ਸਰਕਾਰ ਨਾਲ ਲੜਕੇ ਵਾਜਬ ਹਿੱਸਾ ਲਵਾਂਗੇ ।

ਐਡਵਾਈਜ਼ਰਜ਼ ਤੇ ਹੋਏ ਖਰਚ 36,400/- ਰੁ: ਤੇ ਵੀ ਇਤਰਾਜ਼ ਕੀਤਾ ਗਿਆ । ਮੈਂ ਸਮਝਦਾ ਹਾਂ ਕਿ ਨਾਰਮਲ ਖਰਚ ਹੈ । ਗਵਰਨਰ ਦਾ ਰਾਜ ਹੋਇਆ, ਜੋ ਐਡਵਾਈਜ਼ਰਜ਼ ਮੁਕਰੱਰ ਹੋਏ ਉਨ੍ਹਾਂ ਦਾ ਖਰਚ ਤਾਂ ਹੋਣਾ ਹੀ ਸੀ । ਜਾਂ ਤਾਂ ਇਹ ਕਿਹਾ ਜਾਵੇ ਕਿ ਇਨਾਂ ਨੂੰ ਤਨਖਾਹ ਵਧ ਦਿਤੀ ਗਈ, ਜਾਂ ਇਨ੍ਹਾਂ ਦੇ ਘਰਾਂ ਨੂੰ ਸਜਾਉਣ ਤੇ ਵਧ ਰੁਪਿਆ ਖਰਚ ਕੀਤਾ ਗਿਆ । ਇਹ ਤਾਂ ਸਾਰਾ ਨਾਰਮਲ ਹੀ ਖਰਚ ਹੋਇਆ ਹੈ । ਹਿੰਦ ਸਰਕਾਰ ਦਾ ਫੈਸਲਾ ਸੀ ਕਿ ਗਵਰਨਰ ਦੇ ਨਾਲ ਦੋ ਐਡਵਾਈਜ਼ਰ ਕੰਮ ਕਰਨਗੇ । ਇਹ ਉਹੀ ਖਰਚ ਹੈ, ਇਸ ਨੂੰ ਕ੍ਰਿਟੀਸਾਈਜ਼ ਨਹੀਂ ਕਰ ਸਕਦੇ । (ਵਿਘਨ)

ਇਕ ਗਲ ਰੇਟ ਆਫ ਇੰਟਰੈਸਟ ਬਾਰੇ ਕਹੀ ਗਈ ਕਿ ਜਦੋਂ ਭਾਰਤ ਸਰਕਾਰ ਕੋਲੋਂ ਚਲਦਾ ਹੈ ਤਾਂ ਇਹ ਰੇਟ 5-6 ਪਰਸੈਂਟ ਹੁੰਦਾ ਹੈ ਪਰ ਸਾਡੇ ਪਾਸ ਆਕੇ ਇਹ ਰੇਟ 9 ਜਾਂ 12 ਪਰਸੈਂਟ ਹੋ ਜਾਂਦਾ ਹੈ । ਮੈਂ ਇਸ ਬਾਰੇ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਦੀ ਪੂਰੀ ਇਨਕਵਾਇਰੀ ਕਰਵਾਈ ਜਾਵੇਗੀ ਅਤੇ ਜੋ ਐਬਨਾਰਮਲ ਇਨਕਰੀਜ਼ ਇਸ ਵਿਚ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਜੋ ਕਿਸਾਨ ਤੇ ਬੋਝ ਪੈਂਦਾ ਹੈ ਇਹ ਪੈਣ ਨਹੀਂ ਦੇਵਾਂਗੇ ।

ਇਹ ਜੋ ਕਿਹਾ ਗਿਆ ਕਿ ਪੈਂਨਸ਼ਨਜ਼ ਮਹਿੰਗਾਈ ਦੇ ਮੁਤਾਬਕ ਹੋਣੀਆਂ ਚਾਹੀਦੀਆਂ ਹਨ, ਇਸ ਬਾਰੇ ਵਿਚਾਰ ਕਰਾਂਗੇ ਅਤੇ ਜਲਦੀ ਹੀ ਕੋਈ ਕਦਮ ਉਠਾਵਾਂਗੇ ।

ਇਕ ਗਲ ਰਹਿ ਗਈ ਟ੍ਰਾਂਸਪੋਰਟ ਵਰਕਰਾਂ ਦੀ ਹੜਤਾਲ ਬਾਰੇ । ਰੋਡਵੇਜ਼ ਦੇ ਵਰਕਰਜ਼ ਦੀ ਜੋ ਹੜਤਾਲ ਹੋਈ ਸੀ ਉਸ ਤੇ ਕਾਫੀ ਪੈਸਾ ਖਰਚ ਹੋਇਆ । ਠੀਕ ਹੈ ਇਸ ਤੇ ਕ੍ਰਿਟੀਸਿਜ਼ਮ ਹੋਈ । ਪਰ ਉਹ ਤਾਂ ਹੁਣ ਖਰਚ ਹੋ ਚੁਕਾ ਹੈ । ਇਸ ਕੇਸ ਬਾਰੇ ਇਕ ਗਲ ਕਹਿਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਜੋ ਨਾਜਾਇਜ਼ ਕੇਸ ਚਲ ਰਹੇ ਹਨ, ਪੰਜਾਬ ਸਰਕਾਰ ਇਸ ਸਿਲਸਿਲੇ ਵਿਚ ਜਲਦੀ ਹੀ ਕੋਈ ਕਦਮ ਚੁਕੇਗੀ ਅਤੇ ਨਾਜਾਇਜ਼ ਕੇਸ ਵਿਦਡਰਾ ਕਰ ਲਏ ਜਾਣਗੇ । (ਤਾੜੀਆਂ)

A

**ਸ੍ਰੀ ਸਪੀਕਰ** : ਕੀ ਹਾਊਸ ਚਾਹੁੰਦਾ ਹੈ ਕਿ ਇਹ ਸਾਰੀਆਂ ਡੀਮਾਂਡਾ ਇਕਠੀਆਂ ਹੀ ਟੇਕ ਅਪ ਕੀਤੀਆਂ ਜਾਣ ਜਾਂ ਵਨ ਬਾਈ ਵਨ ? (Does the House want to take up all these Demands one by one or together ?)

(ਆਵਾਜ਼ਾਂ : ਇਕਠੀਆਂ ਹੀ ਜੀ)

Original with;
Punjab Vidhan Sabha
Digitized by;
Panjab Digital Library

**Mr. Speaker :** Motions moved—

That a Supplementary sum not exceeding Rs. 10,93,460 be granted to the Governor to defray the charges that will come in course of payment for the year ending the 31st March, 1969, in respect of 9-Land Revenue.

That a Supplementary sum not exceeding Rs. 1,46,620 be granted to the Governor to defray the charges that will come in course of payment for the year ending the 31st March, 1969, in respect of 11-Taxes on Vehicles.

That a Supplementary sum not exceeding Rs. 3,12,110 be granted to the Governor to defray the charges that will come in course of payment for the year ending the 31st March, 1969, in respect of 12-Sales Tax.

That a Supplementary sum not exceeding Rs. 1,60,680 be granted to the Governor to defray the charges that will come in course of payment for the year ending the 31st March, 1969, in respect of 13-other Taxes and Duties.

That a Supplementary sum not exceeding Rs. 4,05,470 be granted to the Governor to defray the charges that will come in course of payment for the year ending the 31st March, 1969, in respect of 18-Parliament, State/Union Territory Legislatures.

That a Supplementary sum not exceeding Rs. 2,18,620 be granted to the Governor to defray the charges that will come in course of payment for the year ending the 31st March, 1969, in respect of 21-Administration of Justice.

That a Supplementary sum not exceeding Rs. 3, 87, 660 be granted to the Governor to defray the charges that will come in course of payment for the year ending the 31st March, 1969, in respect of 22-Jails.

That a Supplementary sum not exceeding Rs. 21, 01, 240 be granted to the Governor to defray the charges that will come in course of payment for the year ending the 31st March, 1969, in respect of 23-Police.

That a Supplementary sum not exceeding Rs. 15, 220 be granted to the Governor to defray the charges that will come in course of payment

Original with;
Punjab Vidhan Sabha
Digitized by;
Panjab Digital Library

[Mr. Speaker]

for the year ending the 31st March, 1969, in respect of 25-Supplies and Disposals.

That a Supplementary sum not exceeding Rs. 1,36,44,040 be granted to the Governor to defray the charges that will come in course of payment for the year ending the 31st March, 1969, in respect of 28-Education.

That a Supplementary sum not exceeding Rs. 4,00,000, be granted to the Governor to defray the charges that will come in course of payment for the year ending the 31st March, 1969, in respect of 34 Co-operation.

That a Supplementary sum not exceeding Rs. 27, 50, 000 be granted to the Governor to defray the charges that will come in course of payment for the year ending the 31st March, 1969, in respect of 39-Miscellaneous Social and Developmental Organisations.

That a Supplementary sum not exceeding Rs. 16,52,830 be granted to the Governor to defray the charges that will come in course of payment for the year ending the 31st March, 1969, in respect of 42-Multipurpose River Schemes.

That a Supplementary sum not exceeding Rs. 69,86,000 be granted to the Governor to defray the charges that will come in course of payment for the year ending the 31st March, 1969, in respect of 50—Public Works.

That a Supplementary sum not exceeding Rs. 34,17,720 be granted to the Governor to defray the charges that will come in course of payment for the year ending the 31st, March, 1969, in respect of 57-Road and Water Transport Schemes.

That a Supplementary sum not exceeding Rs. 4,81,840 be granted to the Governor to defray the charges that will come in course of payment for the year ending the 31st March, 1969, in respect of 65-Pensions and other Retirement Benefits.

That a Supplementary sum not exceeding Rs. 15,54,290 be granted to the Governor to defray the charges that will come in course of payment for the year ending the 31st March, 1969, in respect of 68-Stationery and Printing.

Original with;
Punjab Vidhan Sabha
Digitized by;
Panjab Digital Library

That a Supplementary sum not exceeding Rs. 2,84,25,000 be granted to the Governor to defray the charges that will come in course of payment for the year ending the 31st March, 1969, in respect of 96-Capital Outlay on Industrial and Economic Development.

That a Supplementary sum not exceeding Rs. 92,71,910 be granted to the Governor to defray the charges that will come in course of payment for the year ending the 31st March, 1969, in respect of 98-Capital Outlay on Multipurpose River Schemes.

That a Supplementary sum not exceeding Rs. 64,24,850 be granted to the Governor to defray the charges that will come in course of payment for the year ending the 31st March, 1969, in respect of 99-Capital Outlay on Irrigation, Navigation, Embankment and Drainage Works (Commercial).

That a Supplementary sum not exceeding Rs. 9,00,000 be granted to the Governor to defray the charges that will come in course of payment for the year ending the 31st March, 1969, in respect of 109-Capital Outlay on other Works.

That a Supplementary sum not exceeding Rs. 2,25,000 be granted to the Governor to defray the charges that will come in course of payment for the year ending the 31st March, 1969, in respect of 114-Capital Outlay on Road and Water Transport Schemes.

That a Supplementary sum not exceeding Rs. 6,13,93,100 be granted to the Governor to defray the charges will that come in course of payment for the year ending the 31st March, 1969, in respect of Q-Loans to Local funds-Private Parties etc.

That a Supplementary sum not exceeding Rs. 10 be granted to the Governor to defray the charges that will come in course of payment for the year ending the 31st March, 1969, in respect of 31-Agriculture.

**Mr. Speaker :** Question is—

That a Supplementary sum not exceeding Rs. 10,93,460 be granted to the Governor to defray the charges that will come in course of payment for the year ending the 31st March, 1969, in respect of 9-Land Revenue.

That a Supplementary sum not exceeding Rs. 1,46,620 be granted to the Governor to defray the charges that will come in course of payment for the year ending the 31st March, 1969, in respect of 11-Taxes on vehicles.

Original with;
Punjab Vidhan Sabha
Digitized by;
Panjab Digital Library

[Mr. Speaker]

That a Supplementary sum not exceeding Rs. 3,12,110 be granted to the Governor to defray the charges that will come in course of payment for the year ending the 31st March,1969, in respect of 12-Sales Tax.

That a Supplementary sum not exceeding Rs. 1,60,680 be granted to the Governor to defray the charges that will come in course of payment for the year ending the 31st March, 1969, in respect of 13-Other Taxes and Duties.

That a Supplementary sum not exceeding Rs. 4,05,470 be granted to the Governor to defray the charges that will come in course of payment for the year ending the 31st March, 1969,in respect of 18-Parliament, State/ Union Territory Legislatures.

That a Supplementary sum not exceeding Rs 2,18,620 be granted to the Governor to defary the charges that will come in course of payment for the year ending the 31st March, 1969, in respect of 21-Administration of Justice.

That a Supplementary sum not exceeding Rs. 3,87,660 be granted to the Governor to defray the charges that will come in course of payment for the year ending the 31st March, 1969, in respect of 22-Jails.

That a Supplementary sum not exceeding Rs. 21,01,240 be granted to the Governor to defray the charges that will come in course of payment for the year ending the 31st March, 1969, in respect of 23-Police.

That a Supplementary sum not exceeding Rs. 15,220 be granted to the Governor to defray the charges that will come in course of payment for the year ending the 31st March, 1969, in respect of 25-Supplies and Disposals.

That a Supplementary sum not exceeding Rs. 1,36,44,040 be granted to the Governor to defray the charges that will come in course of payment for the year ending the 31st March, 1969, in respect of 28-Education.

That a Supplementary sum not exceeding Rs. 4,00,000 be granted to the Governor to defray the charges that will come in course af payment for the year ending the 31st March, 1969, in respect of 34-Co-operation.

That a Supplementary sum not exceeding Rs. 27,50,000 be granted to the Governor to defray the charges that will come in course of payment for

Original with;
Punjab Vidhan Sabha
Digitized by;
Panjab Digital Library

the year ending the 31st March, 1969, in respect of 39-Miscellaneous Social and Developmental Organisations.

That a Supplementary sum not exceeding Rs. 16,52,830 be granted to the Governor to defray the charges that will come in course of payment for the year ending the 31st March,1969, in respect of 42-Multipurpose River Schemes.

That a Supplementary sum not exceeding Rs. 69,86,000 be granted to the Governor to defray the charges that will come in course of payment for the year ending the 31st March, 1969, in respect of 50- Public Works.

That a Supplementary sum not exceeding Rs. 34,17,720 be granted to the Governor to defray the charges that will come in course of payment for the year ending the 31st, March, 1969, in respect of 57-Road and Water Transport Schemes.

That a Supplementary sum not exceeding Rs. 4,81,840 be granted to the Governor to defray the charges that will come in course of payment for the year ending the 31st March, 1969, in respect of 65-Pensions and other Retirement Benefits.

That a Supplementary sum not exceeding Rs. 15, 54, 290 be granted to the Governor to defray the charges that will come in course of payment for the year ending the 31st March,1969, in respect of 68-Stationery and Printing.

That a Supplementary sum not exceeding Rs. 2,84,25,000 be granted to the Governor to defray the charges that will come in course of payment for the year ending the 31st March, 1969, in respect of 96-Capital Outlay on Industrial and Economic Development.

That a Supplementary sum not exceeding Rs. 92,71,910 be granted to the Governor to defray the charges that will come in course of payment for the year ending the 31st March. 1969, in respect of 98-Capital Outlay on Multipurpose River Schemes.

That a Supplementary sum not exceeding Rs. 64,24,850 be granted to the Governor to defray the charges that will come in course of payment for the year ending the 31st March, 1969, in respect of 99-Capital Outlay on Irrigation, Navigation, Embankment and Drainage Works (Commercial).

Original with;
Punjab Vidhan Sabha
Digitized by;
Panjab Digital Library

[Mr. Speaker]

That a Supplementary sum not exceeding Rs. 9,00,000 be granted to the Governor to defray the charges that will come in course of payment for the year ending the 31 st March, 1969, in respect of 109-Capital Outlay on other Works

That a Supplementary sum not exceeding Rs. 2,25,000 be granted to the Governor to defray the charges that will come in course of payment for the year ending the 31st March, 1969, in respect of 114- Capital Outlay on Road and Water Transport Schemes.

That a Supplementary sum not exceeding Rs. 6,13,93,100 be granted to the Governor to defray the charges that will come in course of payment for the year ending the 31st March, 1969, in respect of Q-Loans to Local Funds-Private Parties etc.

That a Supplementary sum not exceeding Rs. 10 be granted to the Governor to defray the charges that will come in course of payment for the year ending the 31st March, 1969, in respect of 31 Agriculture.

(*The motions were Carried.*)

(*Cheers*)

5.27 P.M.

(The Sabha then adjourned till 11-00 A.M. on Monday, the 24th March, 1969).

Original with;
Punjab Vidhan Sabha
Digitized by;
Panjab Digital Library

ted to
'ment
'utlay

:d to
ient
lay

ed
nt
al

e

*Original with;*
Punjab Vidhan Sabha
*Digitized by;*
Panjab Digital Library

**"C" 1969**

*Published under the authority of the Punjab Vidhan Sabha*

*Printed by :*
Modest Printers, Central Mills,
Old Railway Road,
Jullundur City.

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

## DEBATES

24th March, 1969

Vol. I—No. 8

## OFFICIAL REPORT

Chief Reporter
Punjab Vidhan Sabha
Chandigarh

CONTENTS

**Monday, the 24th March, 1969**

| | Page |
|---|---|
| Starred Questions and Answers | (8) 1 |
| Unstarred Questions and Answers | (8)41 |
| Call Attention Notices | (8)54 |
| Paper laid on the Table | (8)56 |
| Statements regarding Call Attention Notices laid on the Table | (8)57 |
| Resolution Regarding Election of Members on the Public Accounts Committee. | (8)61 |
| Resolution Regarding Election of Members on the Estimates Committee. | (8)62 |
| Motion regarding Nomination of Three M.L.Cs. each on the Public Accounts Committee and Estimates Committee. | |
| Points of Order | |
| Bill— | |
| The Punjab Appropriation,—1969. | |
| Appendix | |

**Punjab Vidhan Sabha, Chandigarh.** *Price : Rs. 3.40*

Original with;
Punjab Vidhan Sabha
Digitized by;
Panjab Digital Library

*Original with;*
Punjab Vidhan
*Digitized by*
Panjab Dig

# ERRATA

To

## Punjab Vidhan Sabha Debates

Vol. I—No. 8

Dated 24.3. 1969.

| *Read* | *For* | *Page* | *Line* |
|---|---|---|---|
| ਕਾਮਰੇਡ ਸਤਪਾਲ ਡਾਂਗ | ਕਾਮਰੇਡ ਸ਼ੱਤ ਪਾਲ ਡਾਂਗ | (8)1 | 9th from below |
| ਹੁੰਦਾ | ਹੂੰਦਾ | (8)3 | 4 |
| Read '3ੲ' before 'Sardar Umrao Singh' | | (8)3 | 11 |
| ਤਨਖਾਹ | ਤਨੱਥਾਹ | (8)5 | 12th from below |
| ਜਵਾਬ | ਜਵਾਥ | (8)6 | last |
| Committee | Commitree | (8)9 | 2nd from below |
| ਕਾਮਰੇਡ ਦਰਸ਼ਨ ਸਿੰਘ ਝਬਾਲ | ਕਾਮਰੇਡ ਦਰਸ਼ਨ ਸਿਘ ਝਬਾਲ | (8)17 | 1 |
| ਸਰਦਾਰ ਕਿਰਪਾਲ ਸਿੰਘ | ਸਰਦਾਰ ਰਿਕਪਾਲ ਸਿੰਘ | (8)32 | 4 |
| acre | cre | (8)34 | 2nd from below |
| Rehabilitation | Rehabititation | (8)38 | 1 |
| Possibly | Possisibly | (8)44 | 1 |
| मुख्य मन्त्री | सुख्य मन्त्री | (8)55 | 10 |
| demanding | demandinge | (8)59 | 6 |
| cooperative | cooperativ | (8)59 | 13 |
| ਪੱਖ | ਪੱਥ | (8)73 | 13th from below |

Original with;
Punjab Vidhan Sabha
Digitized by;
Panjab Digital Library

Origi[illegible]with:
Punja[illegible]
Digiti[illegible]y:
Panja[illegible]

## PUNJAB VIDHAN SABHA

Monday, the 24th March, 1969.

The Vidhan Sabha met in the Hall of Vidhan Bhawan, Sector 1, Chandigarh, at 11.00 A.M. of the Clock. Mr. Speaker (Sardar Darbara Singh) in the Chair.

---

### Starred Questions and Answers

REVISED PAY GRADES FOR WORK CHARGED STAFF

*40. **Comrade Satya Pal Dang** : Will the Minister for Finance be pleased to state whether the work charged staff working under the State Government is covered by the report of the Punjab Pay Commission ; if not, the steps the Government propose to take to revise their pay structure ?

**Shri Krishan Lal** : No ; the wages of the work charged staff are determined under the Minimum Wages Act and the Basic Schedule of Rates of the P.W.D.

**ਕਾਮਰੇਡ ਸੱਤ ਪਾਲ ਡਾਂਗ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਵਰਕ ਚਾਰਜ ਸਟਾਫ ਤੋਂ ਇਲਾਵਾ ਰੈਗੂਲਰ ਸਟਾਫ ਵਿਚ ਵੀ ਅਜਿਹੇ ਵਰਕ ਚਾਰਜ ਸਟਾਫ ਦੇ ਆਦਮੀ ਹਨ ਜੋ ਮਿਨੀਮਮ ਵੇਜਿਜ਼ ਐਕਟ ਹੇਠਾਂ ਕਵਰ ਹੁੰਦੇ ਹਨ ?

**ਮੰਤਰੀ** ਇਸ ਲਈ ਸੈਪਰੇਟ ਨੋਟਿਸ ਦਿਉ, ਇਹ ਇਨਫਰਮੇਸ਼ਨ ਮੇਰੇ ਪਾਸ ਰੈਡੀਲੀ ਅਵੇਲੇਬਲ ਨਹੀਂ ।

**ਕਾਮਰੇਡ ਸ਼ੱਤ ਪਾਲ ਡਾਂਗ** : ਗਲ ਤਾਂ ਬਿਲਕੁਲ ਸਿਧੀ ਜਿਹੀ ਸੀ । ਕੀ ਮਨਿਸਟਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਵਰਕ ਚਾਰਜ ਸਟਾਫ ਵਿਚ ਬੇਚੈਨੀ ਵਧ ਰਹੀ ਹੈ ਅਤੇ ਇਸ ਲਈ ਕਮਿਸ਼ਨ ਨੇ ਕੋਈ ਸਿਫਾਰਸ਼ ਨਹੀਂ ਕੀਤੀ ਕਿਉਂਕਿ ਇਹ ਪੇ ਕਮਿਸ਼ਨ ਦੇ ਪਰਵਿਊ ਤੋਂ ਬਾਹਰ ਸੀ, ਤਾਂ ਕੀ ਇਸ ਬੇਚੈਨੀ ਨੂੰ ਦੂਰ ਕਰਨ ਲਈ ਅਤੇ ਇਨ੍ਹਾਂ ਦੇ ਪੇ ਸਕੇਲ ਰੀਵਾਈਜ਼ ਕਰਨ ਲਈ ਕੋਈ ਪੇ ਕਮੇਟੀ ਜਾਂ ਕਮਿਸ਼ਨ ਸਰਕਾਰ ਬਣਾਉਣ ਲਈ ਤਿਆਰ ਹੈ ?

**ਮੰਤਰੀ** : ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਸੈਂਟਰਲ ਪੀ. ਡਬਲਿਊ. ਡੀ. ਦੇ ਵਰਕ ਚਾਰਜ ਤੇ ਜਿਹੜਾ ਫਾਰਮੂਲਾ ਲਾਗੂ ਕੀਤਾ ਗਿਆ ਹੈ ਉਹ ਕਿਸ ਤਰੀਕੇ ਨਾਲ ਅਤੇ ਕਿਸ ਹਦ ਤਕ ਪੰਜਾਬ ਦੇ ਵਰਕ ਚਾਰਜ ਸਟਾਫ ਤੇ ਲਾਗੂ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਜਲਦੀ ਹੀ ਫੈਸਲਾ ਕਰ ਦਿਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਨ ਸਿੰਘ ਗਿੱਲ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਸੈਂਟਰਲ ਗੌਰਮੈਂਟ ਦੇ ਪੀ. ਡਬਲਿਊ. ਡੀ. ਦੇ ਵਰਕ ਚਾਰਜ ਅਤੇ ਪੰਜਾਬ ਦੇ ਵਰਕ ਚਾਰਜ ਸਟਾਫ ਦੀ ਤਨਖਾਹ ਵਿਚ ਫਰਕ ਹੈ, ਜੇਕਰ ਹੈ ਤਾਂ ਕਿੰਨਾਂ ਹੈ ?

**ਮੰਤਰੀ :** ਮੈਂ ਪਹਿਲਾਂ ਹੀ ਅਰਜ਼ ਕੀਤੀ ਸੀ ਕਿ ਵਰਕ ਚਾਰਜ ਨੂੰ ਸੈਂਟਰ ਵਿਚ ਕੁਝ ਸਹੂਲਤਾਂ ਦਿਤੀਆਂ ਜਾਂਦੀਆਂ ਹਨ ਜਿਹੜੀਆਂ ਕਿ ਇਥੇ ਨਹੀਂ ਦਿਤੀਆਂ ਜਾਂਦੀਆਂ ਅਤੇ ਪਰਮਾਂ-ਨੈਂਟ ਨਹੀਂ ਤਾਂ ਨੀਅਰ ਪਰਮਾਨੈਂਟ ਹੋ ਜਾਂਦੇ ਹਨ 15 ਜਾਂ 20 ਸਾਲ ਦੀ ਸਰਵਿਸ ਤੋਂ ਬਾਅਦ। ਪੰਜਾਬ ਸਰਕਾਰ ਉਸ ਫਾਰਮੂਲੇ ਨੂੰ ਐਗਜ਼ਾਮਿਨ ਕਰਵਾ ਰਹੀ ਹੈ ਅਤੇ ਇਹ ਵੇਖਿਆ ਜਾ ਰਿਹਾ ਹੈ ਕਿ ਜਿਹੜੀਆਂ ਐਡੀਸ਼ਨਲ ਫੈਸਿਲਿਟੀਜ਼ ਉਥੇ ਦਿਤੀਆਂ ਜਾਂਦੀਆਂ ਹਨ ਕੀ ਉਹ ਪੰਜਾਬ ਦੇ ਐਂਪਲਾਈਜ਼ ਨੂੰ ਦਿਤੀਆਂ ਜਾ ਸਕਦੀਆਂ ਹਨ ਅਤੇ ਕਿਸ ਹਦ ਤਕ ਦਿਤੀਆਂ ਜਾ ਸਕਦੀਆਂ ਹਨ।

**ਸਰਦਾਰ ਲਛਮਣ ਸਿੰਘ ਗਿੱਲ :** ਕੀ ਮਨਿਸਟਰ ਸਾਹਿਬ ਦੇ ਧਿਆਨ ਵਿਚ ਇਹ ਗਲ ਹੈ ਕਿ ਆਲਰੈਡੀ ਗੌਰਮੈਂਟ ਪੰਜਾਬ ਨੇ ਆਰਡਰ ਕਰ ਦਿਤੇ ਹੋਏ ਹਨ ਕਿ ਜੋ ਫੈਸਿਲਿਟੀਜ਼ ਸੈਂਟਰ ਦੇ ਵਰਕ ਚਾਰਜ ਨੂੰ ਦਿਤੀਆਂ ਜਾਂਦੀਆਂ ਹਨ ਤੁਰੰਤ ਪੰਜਾਬ ਵਿਚ ਵੀ ਦਿਤੀਆਂ ਜਾਣ ?

**ਮੰਤਰੀ :** ਮੈਂ ਪਹਿਲਾਂ ਹੀ ਕਿਹਾ ਹੈ ਕਿ ਇਸ ਕੇਸ ਨੂੰ ਐਗਜ਼ਾਮਿਨ ਕਰਵਾਇਆ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਦਾ ਕੋਈ ਆਰਡਰ ਮੇਰੇ ਨੋਟਿਸ ਵਿਚ ਨਹੀਂ ਆਇਆ ਜੋ ਪੰਜਾਬ ਸਰਕਾਰ ਨੇ ਜਾਰੀ ਕੀਤਾ ਹੋਵੇ ਜਿਸ ਤਰ੍ਹਾਂ ਕਿ ਗਿੱਲ ਸਾਹਿਬ ਦਸ ਰਹੇ ਹਨ।

**चौधरी बलबीर सिंह :** क्या मंत्री महोदय बताएंगे कि वर्क चार्ज के बारे में जिस तरह से सोचा जा रहा है क्या इसी तरह जो कर्मचारी मारकिट कमेटी और ज़िला परिषदों में हैं उन के बारे में भी सरकार उन के ग्रेड रिवाइज़ करने के बारे में विचार करेगी ?

**ਮੰਤਰੀ :** ਇਹ ਮਾਮਲਾ ਵਿਚਾਰ ਅਧੀਨ ਨਹੀਂ ਹੈ ਕਿ ਜ਼ਿਲਾ ਪ੍ਰੀਸ਼ਦ ਅਤੇ ਮਾਰਕਿਟ ਕਮੇਟੀਆਂ ਦੇ ਐਂਪਲਾਇਜ਼ ਦੇ ਗਰੇਡ ਰੀਵਾਈਜ਼ ਕੀਤੇ ਜਾਣ। ਇਥੇ ਸਵਾਲ ਤਾਂ ਵਰਕ ਚਾਰਜ ਐਂਪਲਾਈਜ਼ ਦਾ ਹੈ।

**ਚੌਧਰੀ ਸੁੰਦਰ ਸਿੰਘ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਸੈਂਟਰਲ ਪੀ. ਡਬਲਿਉ. ਡੀ. ਦੇ ਵਰਕ ਚਾਰਜ ਨੂੰ ਕੀ ਕੀ ਫੈਸਿਲਿਟੀਜ਼ ਦਿਤੀਆ ਜਾਂਦੀਆਂ ਹਨ ਅਤੇ ਪੰਜਾਬ ਦੀਆਂ ਕੀ ਹਨ ?

**ਮੰਤਰੀ :** ਇਹ ਡੀਟੇਲਜ਼ ਮੇਰੇ ਪਾਸ ਇਸ ਵਕਤ ਨਹੀਂ। ਅਸੀਂ ਇਸ ਸਾਰੀ ਗਲ ਨੂੰ ਐਗਜ਼ਾਮਿਨ ਕਰ ਰਹੇ ਹਾਂ ਅਤੇ ਜਦ ਕੋਈ ਫੈਸਲਾ ਕੀਤਾ ਗਿਆ ਤਾਂ ਹਾਊਸ ਨੂੰ ਜ਼ਰੂਰ ਕਾਨਫੀਡੈਂਸ ਵਿਚ ਲਿਆ ਜਾਵੇਗਾ।

**ਕਾਮਰੇਡ ਬਾਬੂ ਸਿੰਘ ਮਾਸਟਰ :** ਕੀ ਵਜ਼ੀਰ ਸਾਹਿਬ ਦਸਣਗੇ ਕਿ ਪੰਜਾਬ ਰਾਜ ਵਿਚ ਕਿੰਨੇ ਵਰਕ ਚਾਰਜ ਐਮਪਲਾਈਜ਼ ਹਨ ?

**ਮੰਤਰੀ :** ਕੋਈ 40 ਜਾਂ 50 ਹਜ਼ਾਰ ਦੇ ਕਰੀਬ ਹਨ।

Original with;
Punjab Vidhan Sabha
Digitized by;
Panjab Digital Library

**चौधरी बलबीर सिंह** : क्या मंत्री महोदय बताने की कृपा करेंगे कि सैमी-गवर्नमैंट और मारकिट कमेटियों के एम्पलाइज़ को पंजाब सरकार के जो ग्रेड हैं उन के बारे में वही ग्रेड फिक्स किए जाएंगे ?

**ਮੰਤਰੀ** : ਸਵਾਲ ਪੈਦਾ ਨਹੀਂ ਹੁੰਦਾ, ਨੋਟਿਸ ਦਿਉ ।

**चौधरी बलबीर सिंह** : मेरा सवाल यह है कि जिन इन्सपैक्टरों के ग्रेड मारकिट कमेटियों और सैमी-गवर्नमैंट अदारों में पंजाब के ग्रेड के बराबर थे तो अब जो कैटेगरीज़ वहां पर हैं उन के साथ बराबर ग्रेड देने को तैयार है ?

**मंत्री** : आपकी सजैशन ठीक है लेकिन यह बात मेरे नोटिस में नहीं है ।

---

GRADES OF PAY OF P. C. S. (JUDICIAL) AND P. C. S. (EXECUTIVE) IN THE STATE

*34 **Sardar Umaro Singh** : Will the Chief Minister be pleased to state —

(a) whether there is any difference in the grades of pay of the P. C. S. (Judicial) and P. C. S. (Executive) in the State ; if so, the reasons for this difference ;

(b) whether there is any proposal under the consideration of the Government to revise the grades of P. C. S. (Judicial) ?

**Sardar Gurnam Singh** : (a) No Sir.

(b) The grades of both the services have been brought at par after revision.

[(a) ਨਹੀਂ ਜੀ ।

(b) ਦੋਨਾਂ ਸੇਵਾਵਾਂ ਦਾ ਗਰੇਡ ਸੋਧ ਕੇ ਇਕੋ ਜਿਹਾ ਕਰ ਦਿੱਤਾ ਗਿਆ ਹੈ ।]

**ਸਰਦਾਰ ਉਮਰਾਓ ਸਿੰਘ** : ਚੀਫ ਮਨਿਸਟਰ ਸਾਹਿਬ ਨੇ ਇਸ ਸਵਾਲ ਦੇ ਪਾਰਟ 'ਏ' ਦੇ ਜਵਾਬ ਵਿਚ ਇਹ ਕਿਹਾ ਹੈ ਕਿ ਦੋਹਾਂ ਪੀ. ਸੀ. ਐਸਾਂ. ਦੇ ਤਨਖਾਹ ਗਰੇਡ ਵਿਚ ਕੋਈ ਫਰਕ ਨਹੀਂ ਅਤੇ ਪਾਰਟ 'ਬੀ' ਦੇ ਜਵਾਬ ਵਿਚ ਇਹ ਕਿਹਾ ਗਿਆ ਹੈ ਕਿ ਰੀਵੀਜ਼ਨ ਆਫ ਗਰੇਡ ਤੋਂ ਬਾਅਦ ਐਟ ਪਾਰ ਕਰ ਦਿਤੇ ਗਏ ਹਨ । ਇਹ ਉਲਟ ਜਵਾਬ ਹੈ ਇਕ ਦੂਜੇ ਦੇ ... (ਵਿਘਨ)

**Mr. Speaker** : Disallowed.

**Sardar Umrao Singh** : Sir, it is very clear. The Chief Minister, in reply to the first part of the question says that there is no difference between the two grades. But in reply to the second part of the

Original with;
Punjab Vidhan Sabha
Digitized by;
Panjab Digital Library

**[Sardar Umrao Singh]**
question he says that the grades of both the services have been brought at par. My submission is that if there is no difference between the two grades of the Magistrates then what has been brought at par. Therefore, I have asked whether there is any proposal for revision or there is no proposal for revision ?

**ਮੁੱਖ ਮੰਤਰੀ** : ਇਹ ਪਤਾ ਨਹੀਂ ਕਿਸ ਗਲ ਤੇ ਤਕਰੀਰ ਕਰੀ ਜਾਂਦੇ ਨੇ । ਜੇਕਰ ਤੁਸੀਂ ਹੁਕਮ ਕਰੋ ਤਾਂ ਇਨ੍ਹਾਂ ਦੀ ਤਸੱਲੀ ਕਰ ਦੇਵਾਂ । 1. 2. 68 ਤਕ ਜੁਡੀਸ਼ਲ ਮੈਜਿਸਟ੍ਰੇਟ ਅਤੇ ਐਗਜ਼ੈਕਟਿਵ ਮੈਜਿਸਟ੍ਰੇਟ ਦਾ ਇਕੋ ਹੀ ਗਰੇਡ ਸੀ । 1. 2. 68 ਤੋਂ ਬਾਅਦ ਐਗਜੈਕਟਿਵ ਮੈਜਿਸਟ੍ਰੇਟ ਦਾ ਗਰੇਡ ਵਧਾ ਦਿਤਾ ਗਿਆ ਅਤੇ ਜੁਡੀਸ਼ਲ ਮੈਜਿਸਟ੍ਰੇਟਾਂ ਦਾ ਗਰੇਡ ਨਹੀਂ ਵਧਾਇਆ ਗਿਆ । ਫਿਰ ਪੇ ਕਮਿਸ਼ਨ ਨੇ ਸਿਫਾਰਸ਼ ਕੀਤੀ ਕਿ ਦੋਹਾਂ ਦੇ ਗਰੇਡ ਇਕ ਹੋਣ ਅਤੇ ਇਸ ਸਿਫਾਰਿਸ਼ ਨੂੰ ਮੰਨ ਲਿਆ ਗਿਆ ਅਤੇ ਗਵਰਨਰ ਸਾਹਿਬ ਦੇ ਰੂਲ ਵਿਚ ਇਹ ਇਕ ਕਰ ਦਿਤੇ ਗਏ ।

**ਕੈਪਟਨ ਰਤਨ ਸਿੰਘ** : ਇਨ੍ਹਾਂ ਨੇ ਕਿਹਾ ਹੈ ਕਿ ਗਰੇਡ ਇਕ ਕਰ ਦਿਤੇ ਗਏ ਹਨ ਕੀ ਐਗਜ਼ੈਕਟਿਵ ਮੈਜਿਸਟ੍ਰੇਟਾਂ ਦੇ ਗਰੇਡ ਘਟਾ ਕੇ ਇਕ ਕਰ ਦਿਤੇ ਗਏ ਹਨ ਜਾਂ ਜੁਡੀਸ਼ਲ ਮੈਜਿਸਟ੍ਰੇਟਾਂ ਦੇ ਵਧਾ ਕੇ ਇਕ ਕੀਤੇ ਗਏ ਹਨ ?

**ਮੁੱਖ ਮੰਤਰੀ** : ਦੋਹਾਂ ਦੇ ਗਰੇਡ ਇਕ ਕਰਕੇ 350-30-500/40-700/50-1000 ਕਰ ਦਿਤੇ ਗਏ ਹਨ ।

On the recommendations of the Punjab Pay Commission, the Punjab Government has revised the time scale pay from Rs. 350-30-500/40-700/-50-1000 to Rs. 400-30-550/40-750/50-1250 and the Selection Grade from Rs. 1100—1300 to Rs. 1300-50-1500.

**ਸਰਦਾਰ ਲਛਮਣ ਸਿੰਘ ਗਿੱਲ** : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਗਵਰਨਰ ਰੂਲ ਤੋਂ ਪਹਿਲਾਂ ਜੋ ਐਗਜ਼ੈਕਟਿਵ ਮੈਜਿਸਟ੍ਰੇਟਾਂ ਦੇ ਗਰੇਡ ਸਨ ਉਹੀ ਗਰੇਡ ਹੁਣ ਵੀ ਰਖੇ ਗਏ ਹਨ ਜਾਂ ਉਨ੍ਹਾਂ ਦੇ ਗਰੇਡਾਂ ਨੂੰ ਘਟਾ ਕੇ ਜੁਡੀਸ਼ਲ ਮੈਜਿਸਟ੍ਰੇਟਾਂ ਦੇ ਬਰਾਬਰ ਲੈ ਆਂਦਾ ਗਿਆ ਹੈ ?

**ਮੁੱਖ ਮੰਤਰੀ** : ਦੋਹਾਂ ਦੇ ਇਕੋ ਜਿਹੇ ਨੇ ।

**ਸਰਦਾਰ ਲਛਮਣ ਸਿੰਘ ਗਿੱਲ** : ਮੇਰੇ ਸਵਾਲ ਦਾ ਜਵਾਬ, ਸਪੀਕਰ ਸਾਹਿਬ, ਇਵੇਡ ਕੀਤਾ ਜਾ ਰਿਹਾ ਹੈ । ਮੈਂ ਇਹ ਸਪਸ਼ਟ ਪੁਛਿਆ ਹੈ ਕਿ ਗਵਰਨਰ ਰੂਲ ਤੋਂ ਪਹਿਲਾਂ ਐਗਜ਼ੈਕਟਿਵ ਮੈਜਿਸਟ੍ਰੇਟਾਂ ਨੂੰ ਜੋ ਗਰੇਡ ਦਿਤਾ ਜਾ ਰਿਹਾ ਸੀ ਉਹ ਜੁਡੀਸ਼ਲ ਮਜਿਸਟ੍ਰੇਟਾਂ ਨੂੰ ਨਹੀਂ ਸੀ ਦਿਤਾ ਜਾ ਰਿਹਾ । ਗਵਰਨਰ ਰੂਲ ਵਿਚ ਬਰਾਬਰ ਕਰ ਦਿਤਾ ਤਾਂ ਮੇਰਾ ਸਵਾਲ ਕੈਟੇਗਾਰੀਕਲ ਜਵਾਬ ਮੰਗਦਾ ਹੈ ਕਿ ਜੋ ਗਰੇਡ ਐਗਜ਼ੈਕਟਿਵ ਮੈਜਿਸਟ੍ਰੇਟਾਂ ਨੂੰ ਉਸ ਸਮੇਂ ਦਿਤਾ ਜਾ ਰਿਹਾ ਸੀ ਉਹੀ ਹੈ ਜਾਂ ਘਟ ਦਿਤਾ ਜਾ ਰਿਹਾ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਵਾਲ ਬੜਾ ਸਿਧਾ ਸੀ ਕਿ 1 ਫਰਵਰੀ, 68 ਤੋਂ ਪਹਿਲਾਂ ਦੋਹਾਂ ਦੀ ਤਨਖਾਹ 350-30-500/40-700/50-1000 ਸੀ ਤੇ ਸੀਲੈਕਸ਼ਨ ਗਰੇਡ 1100-50-1300 ਸੀ । ਇਸ ਤੋਂ ਬਾਅਦ ਜਦ ਜਨਤਾ ਪਾਰਟੀ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਐਗਜ਼ੈਕਟਿਵ ਮੈਜਿਸਟ੍ਰੇਟਾਂ ਦੀ ਤਨਖਾਹ ਵਧਾ ਦਿਤੀ ਅਤੇ ਜੁਡੀਸ਼ਲ ਮੈਜਿਸਟ੍ਰੇਟਾਂ ਦੀ ਤਨਖਾਹ ਨਾ ਵਧਾਈ । ਪੇ ਕਮਿਸ਼ਨ ਦੀ ਰਿਪੋਰਟ ਵਿਚ ਦੋਹਾਂ ਦੀ ਪੇ ਇਕ ਜੈਸੀ ਕਰ ਦਿਤੀ ਗਈ ਅਤੇ ਗਵਰਨਰ ਰੂਲ ਵਿਚ ਇਕੋ ਜਿੰਨੀ ਹੋ ਗਈ ।

**ਸਰਦਾਰ ਲਛਮਣ ਸਿੰਘ ਗਿੱਲ** : ਆਨ ਏ ਪੁਆਇੰਟ ਆਫ਼ ਆਰਡਰ, ਸਰ. ਸਪੀਕਰ ਸਾਹਿਬ, ਕੁਐਸ਼ਚਨ ਇਹ ਨਹੀਂ, ਜਨਤਾ ਪਾਰਟੀ ਦੀ ਸਰਕਾਰ ਹੋਵੇ ਜਾਂ ਕੋਈ ਹੋਰ ਸਰਕਾਰ ਹੋਵੇ, ਆਲ ਆਰ ਗੌਰਮੈਂਟ ਵੈਦਰ ਇਨ ਆਪੋਜ਼ੀਸ਼ਨ ਆਰ ਇਨ ਫੇਵਰ ।

**ਸ਼੍ਰੀ ਸਪੀਕਰ** : ਤੁਹਾਡਾ ਪੁਅਇੰਟ ਆਫ ਆਰਡਰ ਕੀ ਹੈ ? (What is the hon. Member's point of order ?)

**ਸਰਦਾਰ ਲਛਮਣ ਸਿੰਘ ਗਿੱਲ** : ਮੈਂ ਤਾਂ ਹੀ ਦੱਸਾਂਗਾ ਜੇ ਪਹਿਲਾਂ ਮੈਂ ਇਸ ਦੀ ਕੁਝ ਬੈਕਗਰਾਉਂਡ ਦਿਆਂਗਾ, ਤਦ ਹੀ ਤੁਸੀਂ ਕੋਈ ਫੈਸਲਾ ਦੇ ਸਕਦੇ ਹੋ । ਮੈਂ ਅਰਜ਼ ਕਰਾਂ ਕਿ ਜੁਡੀਸ਼ਰੀ ਦੀ ਪੇ ਜਿਹੜੀ ਗਵਰਨਰ ਰੂਲ ਤੋਂ ਪਹਿਲਾਂ ਦੀ ਸਰਕਾਰ ਸੀ, ਉਸ ਨੇ ਦਿੱਤੀ ਸੀ, ਆਇਆ ਉਹ ਪੇ ਜੁਡੀਸ਼ਰੀ ਨੂੰ ਮਿਲ ਰਹੀ ਹੈ ਜਾਂ ਨਹੀਂ ? ਮੇਰੇ ਇਕ ਡੈਫਿਨਿਟ ਸਵਾਲ ਦਾ ਜਵਾਬ ਦੇਣ ਤੋਂ ਚੀਫ ਮਨਿਸਟਰ ਸਾਹਿਬ ਅਵਾਇਡ ਕਰਦੇ ਹਨ । ਉਹ ਇਕ ਡੈਫਿਨਿਟ ਸਵਾਲ ਦਾ ਡੈਫਿਨਿਟ ਜਵਾਬ ਦੇਣ ।

**ਮੁੱਖ ਮੰਤਰੀ** : ਐਗਜ਼ੈਕਟਿਵ ਦੀ ਇਹ ਤਨਖਾਹ ਇਨ੍ਹਾਂ ਦੀ ਸਰਕਾਰ ਨੇ ਵਧਾਈ ਅਤੇ ਪ੍ਰੈਜ਼ੀਡੈਂਟ ਰੂਲ ਵੇਲੇ ਇਕ ਤਰ੍ਹਾਂ ਕਰ ਲਈ ਗਈ । ਇਹ ਇਕ ਐਸਾ ਸਟੈਪ ਸੀ ਜਿਸ ਦੇ ਨਾਲ ਦੋਨੋ ਸਰਵਿਸਿਜ਼ ਵਿੱਚ ਵਿਤਕਰਾ ਕੀਤਾ ਗਿਆ ਸੀ ।

**ਸਰਦਾਰ ਲਛਮਣ ਸਿੰਘ ਗਿੱਲ** : ਜੋ ਤਨਖਾਹ ਘਟਾਈ ਗਈ ਕੀ ਤੁਹਾਡੀ ਸਰਕਾਰ ਵੀ ਸੈਟਿਸਫਾਈਡ ਹੈ, ਉਹ ਇਸ ਰਿਪੋਰਟ ਨਾਲ ਸਹਿਮਤ ਹੋਵੇਗੀ ਜੋ ਪੇ ਕਮਿਸ਼ਨ ਨੇ ਦਿੱਤੀ ਹੈ ?

**ਮੁੱਖ ਮੰਤਰੀ** : ਉਹ ਚੀਫ ਮਨਿਸਟਰ ਰਹੇ ਹਨ । ਉਹ ਇਹ ਵੀ ਜਾਣਦੇ ਹਨ ਕਿ ਸਰਕਾਰ ਨੇ ਪੇ-ਕਮਿਸ਼ਨ ਦੀ ਰਿਪੋਰਟ ਮਨਜ਼ੂਰ ਕੀਤੀ ਹੈ ।

**ਸਰਦਾਰ ਲਛਮਣ ਸਿੰਘ ਗਿੱਲ** : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਸ ਵੇਲੇ ਦੀ ਸਰਕਾਰ ਨੇ ਜੋ ਰੈਕਮੈਂਡੇਸ਼ਨਜ਼ ਕੀਤੀਆਂ ਸਨ ਆਇਆ ਮੌਜੂਦਾ ਸਰਕਾਰ ਉਸ ਤੋਂ ਸੈਟਿਸਫਾਈਡ ਹੈ ?

**ਮੁੱਖ ਮੰਤਰੀ** : ਮੌਜੂਦਾ ਸਰਕਾਰ, ਜੋ ਦੋਵੇਂ ਸਰਵਿਸਿਜ਼ ਦੇ ਵਿਚ ਵਿਤਕਰੇ ਭਰਿਆ ਉਨ੍ਹਾਂ ਦੀ ਸਰਕਾਰ ਨੇ ਸਲੂਕ ਕੀਤਾ, ਉਸ ਦੇ ਖਿਲਾਫ਼ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਣ ਸਿੰਘ ਗਿੱਲ :** ਆਨ ਏ ਪੁਆਇੰਟ ਆਫ ਆਰਡਰ ਸਰ । ਮੌਜੂਦਾ ਸਰਕਾਰ ਸੈਟਿਸਫਾਈਡ ਵੀ ਹੈ, ਅਤੇ ਵਿਤਕਰੇ ਦੇ ਖਿਲਾਫ਼ ਵੀ ਹੈ। ਸੈਟਿਸਫਾਈਡ ਵੀ ਹੈ; ਖ਼ਿਲਾਫ ਵੀ ਹੈ । ਮੈਂ ਇਕ ਡੈਫਿਨਿਟ ਸਵਾਲ ਕੀਤਾ ਹੈ ਸੈਟਿਸਫਾਈਡ ਹੈ ਯਾ ਨਹੀਂ ਹੈ। ਜੋ ਮੇਰਾ ਸਪਲੀਮੈਂਟਰੀ ਹੈ ਮੈਂ ਉਸ ਦਾ ਜਵਾਬ ਚਾਹੁੰਦਾ ਹਾਂ ।

**ਮੁੱਖ ਮੰਤਰੀ :** ਜਿਥੋਂ ਤੱਕ ਤਨਖਾਹਾਂ ਦਾ ਸਵਾਲ ਹੈ, ਮੈਂ ਸਮਝਿਆ ਹੈ ਅਤੇ ਉਹ ਵੀ ਜਾਣਦੇ ਹਨ ਕਿ ਪੇ-ਕਮਿਸ਼ਨ ਨੇ ਸਿਫਾਰਸ਼ਾਂ ਕਰ ਦਿੱਤੀਆ ਹਨ । ਜਿਥੋਂ ਤੱਕ ਸੈਟਿਸਫੈਕਸ਼ਨ ਦਾ ਸਵਾਲ ਹੈ ਇਹ ਤਾਂ ਦੋਵੇਂ ਕੈਟੇਗਰੀਜ਼ ਦੇ ਅਫਸਰਾਂ ਨੂੰ ਪਤਾ ਹੋਵੇਗਾ ਕਿ ਉਹ ਸੈਟਿਸਫਾਈਡ ਹਨ ਯਾ ਨਹੀਂ । (ਹਾਸਾ)

**ਸਰਦਾਰ ਲਛਮਣ ਸਿੰਘ ਗਿੱਲ :** ਚੀਫ ਮਨਿਸਟਰ ਸਾਹਿਬ ਨੇ ਇਹ ਗੱਲ ਨਹੀਂ ਕਹੀ ਕਿ ਤਨਖਾਹ ਵਧਾ ਦਿੱਤੀ ਹੈ, ਪਰ ਇਹ ਕਿਹਾ ਕਿ ਪੇ-ਕਮਿਸ਼ਨ ਨੇ ਤਨਖਾਹਾਂ ਦਾ ਫੈਸਲਾ ਦੇ ਦਿੱਤਾ ਹੈ। ਪਰ ਜੇ ਐਗਜ਼ੈਕਟਿਵ ਸਾਈਡ ਵਾਲੇ ਆਫੀਸਰਜ਼ ਪੂਰੀ ਤਰ੍ਹਾਂ ਸੈਟਿਸਫਾਈਡ ਨਾ ਹੋਣ ਤਾਂ ਉਨ੍ਹਾਂ ਬਾਰੇ ਸਰਕਾਰ ਦਾ ਐਲਾਨ ਕਰਨ ਦਾ ਕੋਈ ਹੋਰ ਵਿਚਾਰ ਹੈ ?

**ਮੁੱਖ ਮੰਤਰੀ :** ਇਸ ਦੇ ਲਈ ਨੋਟਿਸ ਪਹਿਲਾਂ ਆਉਣਾ ਚਾਹੀਦਾ ਹੈ ।

**ਸਰਦਾਰ ਉਮਰਾਓ ਸਿੰਘ :** ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਕੇਸਿਜ਼ ਵਿਦਡਰਾ ਹੋ ਗਏ ਹਨ ਆਇਆ ਪੇ ਕਮਿਸ਼ਨ ਦੀ ਰੀਪੋਰਟ ਅਤੇ ਗੌਰਮੈਂਟ ਦੀਆਂ ਰੈਕਮੈਂਡੇਸ਼ਨਜ਼ ਦੇ ਵਿਚ ਕੋਈ ਫਰਕ ਹੈ ?

**ਮੁੱਖ ਮੰਤਰੀ :** ਇਸ ਦੇ ਲਈ ਨੋਟਿਸ ਚਾਹੀਦਾ ਹੈ ।

**ਸਰਦਾਰ ਦਲੀਪ ਸਿੰਘ ਪਾਂਧੀ :** ਕੀ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਜੋ ਗਰੇਡ ਦਿੱਤੇ ਗਏ ਹਨ ਇਨ੍ਹਾਂ ਨੂੰ ਹੋਰ ਰੀਵਾਈਜ਼ ਕੀਤਾ ਜਾ ਰਿਹਾ ਹੈ ?

**ਮੁੱਖ ਮੰਤਰੀ :** ਇਸ ਦੇ ਲਈ ਨੋਟਿਸ ਚਾਹੀਦਾ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੋ ਐਗਜ਼ੈਕਟਿਵ ਦੇ ਗਰੇਡ ਵਧਾਏ ਗਏ ਸੀ ਉਹਦੇ ਲਈ ਕੋਈ ਜਸਟੀਫੀਕੇਸ਼ਨ ਸੀ ਜਾਂ ਉਹ ਝੂਠੇ ਕੇਸਿਜ਼ ਇਨ੍ਹਾਂ ਦੇ ਕਹੇ ਤੇ ਤਿਆਰ ਕਰਦੇ ਸੀ ਤਾਂ ਵਧਾਏ ਗਏ ਸੀ ।

**ਮੁੱਖ ਮੰਤਰੀ :** ਮੈਂ ਤਾਂ ਇਸ ਗਲ ਨਾਲ ਸਹਿਮਤ ਹਾਂ ਕਿ ਜਸਟੀਫੀਕੇਸ਼ਨ ਇਸੇ ਗੱਲ ਵਿਚ ਹੈ ਕਿ ਜੁਡੀਸ਼ਰੀ ਔਰ ਐਗਜ਼ੈਕਟਿਵ ਦੇ ਵਿਚ ਕੋਈ ਫਰਕ ਨਹੀਂ ਹੋਣਾ ਚਾਹੀਦਾ ।

**ਕੈਪਟਨ ਰਤਨ ਸਿੰਘ :** ਕੀ ਪਹਿਲੀ ਗੌਰਮੈਂਟ ਨੇ ਇਨ੍ਹਾਂ ਐਗਜ਼ੈਕਟਿਵ ਮੈਜਿਸਟ੍ਰੇਟਾਂ ਨੂੰ ਤਨਖਾਹਾਂ ਦਿਤੀਆਂ ਸਨ, ਜਿਹੜਾ ਇਹ ਫੇਰ ਦੇਣ ਲਈ ਸੋਚ ਰਹੇ ਹਨ ?

**ਮੁੱਖ ਮੰਤਰੀ :** ਮੈਂ ਆਪ ਨੂੰ ਇਸ ਦਾ ਜਵਾਬ ਪਹਿਲਾਂ ਦੇ ਚੁੱਕਾ ਹਾਂ ।

———

Original with;
Punjab Vidhan Sabha
Digitized by;
Panjab Digital Library

## GRANT OF CONCESSIONS TO THE PEOPLE OF BORDER AREAS OF THE STATE.

*61. **Comrade Darshan Singh Jhabal** : Will the Chief Minister be pleased to state—

(a) whether the then United Front Government appointed any Cabinet Sub-Committee in 1967 to consider the demands of the residents of the border areas in the State : if so, the nature of recommendations, if any, made by the said Sub-Committee ;

(b) whether the present Government proposes to take any action on the said recommendations ; if so, what ?

**Sardar Atma Singh** (Revenue and Rehabilitation Minister) ;

(a) (i) Yes.

(ii) The recommendations are set forth in Column No. 2 of the statement laid on the Table of the House.

(b) Yes. The requisite information is given in columns Nos. 3 and 4 of the same statement.

[(ੲ) (ੳ) ਹਾਂ ਜੀ ।

(ਅ) ਕਮੇਟੀ ਦੀਆਂ ਸਿਫ਼ਾਰਸ਼ਾਂ ਸਭਾ ਦੀ ਮੇਜ਼ ਤੇ ਰਖੀ ਗਈ ਸਟੇਟਮੈਂਟ ਦੇ ਖ਼ਾਨੇ ਨੰ: 2 ਵਿਚ ਦਿਤੀਆਂ ਗਈਆਂ ਹਨ ।

(ਬੀ) ਹਾਂ ਜੀ । ਲੋੜੀਂਦੀ ਸੂਚਨਾ ਉਪਰੋਕਤ ਸਟੇਟਮੈਂਟ ਦੇ ਖਾਨੇ ਨੰ: 3 ਅਤੇ 4 ਵਿਚ ਦਰਸ਼ਾਈ ਗਈ ਹੈ ।]

Original with;
Punjab Vidhan Sabha
Digitized by;
Panjab Digital Library

[**Minister for Revenue and Rehabilitation**]

STATEMENT SHOWING RECOMMENDATIONS MADE IN THEIR REPORT BY THE ADHOC SUB-COMMITTEE OF THE CABINET FOR THE WELFARE OF THE BORDER AREAS OF AMRITSAR, FEROZEPORE AND GURDASPUR DISTRICTS, ORDERS OF THE GOVERNMENT ON THESE RECOMMENDATIONS AND THE ACTION TAKEN SO FAR OR PROFOSED TO BE TAKEN ON THE GOVERNMENT ORDERS.

| S.No. | Recommendation | Orders of the Government | Action taken or proposed to be taken on Government orders. |
|---|---|---|---|
| (1) | (2) | (3) | (4) |
That this House recommends to the Punjab Vidhan Parishad that they do agree to nominate three members from the Vidhan Parishad to associate with the Public Accounts Committee and three members to associate with the Committee on Estimates of the Vidhan Sabha for the year 1969-70 and to communicate to this House the names of the members so nominated by the Vidhan Parishad.

**Mr. Speaker** : Question is—

That this House recommends to the Punjab Vidhan Parishad that they do agree to nominate three members from the Vidhan Parishad to associate with the Publio-Accounts committeeand three mambers to the associate with the Committee on Estimates of the Vidhan Sabha for the year 1969-70 and to communicate to this House the names of the members so nominated by the Vidhan Parishad.

*The motion was caried.*

### Points of Order re-Call Attention Notices and Language to be used in the Vidhan Sabha.

**ਕੰਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕੁਝ ਪੇਪਰ, ਕਾਲ ਅਟੈਨਸ਼ਨ ਨੋਟਸਿਜ਼ ਦੇ ਜਵਾਬ ਵਿਚ ਸਦਨ ਦੀ ਮੇਜ਼ ਤੇ ਰਖੇ ਗਏ ਹਨ। ਸਪੀਕਰ ਸਾਹਬ, ਆਪ ਨੂੰ ਯਾਦ ਹੋਵੇਗਾ ਕਿ ਇਸ ਬਾਰੇ ਇਹ ਫੈਸਲਾ ਹੈ ਕਿ ਇਸ ਬਾਰੇ ਇਕ ਸਵਾਲ ਕਰਨ ਦਾ ਮੈਂਬਰ ਨੂੰ ਹਕ ਹੈ। ਆਪ ਨੇ ਡਾਂਗ ਸਾਹਿਬ ਨੂੰ ਇਸਦਾ ਯਕੀਨ ਵੀ ਦਿਵਾਇਆ ਸੀ। ਅਜ ਫਿਰ ਇਹ ਕਾਗਜ਼ ਮੇਜ਼ ਤੇ ਰਖੇ ਗਏ ਹਨ। ਇਥੇ 10, 10 ਇੱਕਠੀਆਂ ਹੀ ਸਟੇਟਮੈਂਟਸ ਰਖ ਦਿਤੀਆਂ ਜਾਂਦੀਆਂ ਹਨ। ਇਸ ਸਬੰਧ ਵਿਚ ਮੈਂਬਰ ਸਵਾਲ ਕਦੋਂ ਕਰ ਸਕਦੇ ਹਨ ?

**ਸ਼੍ਰੀ ਸਪੀਕਰ** : ਹੁਣੇ ਪੁਛ ਲਉ। (The hon. Member may ask the questions right now.)

**ਸਰਦਾਰ ਲਛਮਣ ਸਿੰਘ ਗਿਲ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨਜ਼ ਬਾਰੇ ਹਾਲੇ ਤਾਈਂ ਇਹ ਸਿਲਸਿਲਾ ਰਿਹਾ ਹੈ ਕਿ ਵਜ਼ੀਰ ਮੁਤਾਲਕਾ ਉਸ ਦਾ ਜਵਾਬ ਹਾਊਸ ਵਿਚ ਪੜ੍ਹਦੇ ਰਹੇ ਹਨ ਤਾਂਕਿ ਹਾਊਸ ਨੂੰ ਪਤਾ ਲਗ ਜਾਵੇ ਕਿ ਉਸ ਵਾਕੇ ਦਾ ਕੀ ਬਣਿਆ। ਹਾਂ, ਅਗਰ ਜਵਾਬ ਲੰਬਾ ਹੋਵੇ ਤਾਂ ਉਹ ਟੇਬਲ ਤੇ ਲੇ ਕਰ ਦਿਤਾ ਜਾਂਦਾ ਰਿਹਾ ਹੈ। ਸਪੀਕਰ ਸਾਹਿਬ, ਆਪ ਨੇ ਕਿਸੇ ਮਾਮਲੇ ਨੂੰ ਅਹਿਮ ਸਮਝ ਕੇ ਉਸ ਨੂੰ ਕਾਲ ਅਟੈਨਸ਼ਨ ਮੋਸ਼ਨ ਰਾਹੀਂ ਉਠਾਉਣ ਦੀ ਇਜਾਜ਼ਤ ਦਿਤੀ ਇਸ ਲਈ ਹਾਊਸ ਨੂੰ ਪਤਾ ਲਗਣਾ ਚਾਹੀਦਾ ਹੈ ਕਿ ਉਸ ਬਾਰੇ ਸਰਕਾਰ ਦੀ ਕੀ ਪੋਜ਼ੀਸ਼ਨ ਹੈ। ਇਕ ਤਾਂ ਆਪ ਇਸ ਗੱਲ ਦਾ ਫ਼ੈਸਲਾ ਕਰੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਨ ਸਿੰਘ ਗਿਲ**

ਦੂਜੀ ਗਲ ਹੈ ਇਥੇ ਪੰਜਾਬੀ ਦੀ ਵਰਤੋਂ ਦੀ। ਜਿਸ ਵਕਤ ਇਸ ਦਾ ਬਿਲ ਹਾਊਸ ਵਿਚ ਆਇਆ ਸੀ ਅਤੇ ਐਕਟ ਬਣਿਆ ਸੀ ਤਾਂ ਸਪੀਕਰ ਸਾਹਿਬ ਨੇ, ਸਰਕਾਰ ਨੇ ਵੀ ਪੂਰੀ ਜ਼ਿੰਮੇਦਾਰੀ ਨਾਲ ਇਹ ਗਲ ਕਹੀ ਸੀ ਕਿ ਆਉਣ ਵਾਲੇ ਸੈਸ਼ਨ ਵਿਚ ਜ਼ਿਆਦਾ ਤਰ ਕੰਮ ਪੰਜਾਬੀ ਵਿਚ ਚਲੇਗਾ ਅਤੇ ਨੈਕਸਟ ਸੈਸ਼ਨ ਵਿਚ ਮੁਕੰਮਲ ਤੌਰ ਤੇ ਪੰਜਾਬੀ ਵਿਚ ਕੀਤਾ ਜਾਵੇਗਾ। ਇਥੇ ਜਿੰਨੀ ਵਾਰੀ ਇਹ ਗਲ ਕੀਤੀ ਗਈ ਹੈ ਅਤੇ ਪੁਆਇੰਟ ਆਫ਼ ਆਰਡਰ ਰੇਜ਼ ਕੀਤੇ ਹਨ ਉਹ ਸਪੀਕਰ ਸਾਹਿਬ ਦੀ ਸ਼ਾਨ ਦੇ ਖਿਲਾਫ ਨਹੀਂ ਸਨ ਅਤੇ ਸਰਕਾਰ ਨੂੰ ਕਿਸੇ ਕਠਨ ਪੁਜ਼ੀਸ਼ਨ ਵਿਚ ਪੁਟ ਕਰਨ ਲਈ ਵੀ ਨਹੀਂ ਸਨ ਕੀਤੇ ਗਏ ਬਲਕਿ ਜੋ ਕਾਨੂੰਨ ਦੀ ਸਪਿਰਿਟ ਸੀ ਉਸਦਾ ਇਹਤਰਾਮ ਕਰਨ ਲਈ ਰੇਜ਼ ਕੀਤੇ ਗਏ ਸਨ। ਮੈਨੂੰ ਦੁਖ ਹੈ ਕਿ ਆਪੋਜ਼ੀਸ਼ਨ ਵਲੋਂ ਜਦੋਂ ਕੋਈ ਗਲ ਆਉਂਦੀ ਹੈ ਤਾਂ ਗਵਰਨਮੈਂਟ ਤਾਂ ਉਸ ਨੂੰ ਕਿਸੇ ਹੋਰ ਹੀ ਸ਼ਕਲ ਵਿਚ ਵੇਖਦੀ ਹੈ। ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਨਾ ਕਰਨ ਅਤੇ ਆਪ ਨੂੰ ਕਹਾਂਗਾ ਕਿ ਜੋ ਗਲ ਹਾਊਸ ਨੇ ਮੁਤਫਿਕਾ ਤੌਰ ਤੇ ਮੰਨੀ ਹੋਵੇ ਅਤੇ ਜਿਸ ਸਪਿਰਟ ਵਿਚ ਇਹ ਗਲ ਕੀਤੀ ਹੋਵੇ ਆਪ ਉਸ ਦਾ ਇਹਤਰਾਮ ਕਰਾਉ। ਇਸ ਹਾਊਸ ਵਿਚ ਜਿਹੜਾ ਰੱਵਈਆ ਇਖਤਿਆਰ ਹੋਇਆ ਹੈ ਉਸ ਤੋਂ ਤਾਂ ਇਉਂ ਜਾਪਦਾ ਹੈ ਜਿਵੇਂ ਕਿ ਉਕਸਾਇਆ ਜਾਂਦਾ ਹੋਵੇ। ਇਥੇ ਇਸ ਤਰ੍ਹਾਂ ਦਾ ਵਾਯੂਮਡਲ ਰਿਹਾ ਹੈ। ਅਜ ਜੋ ਸਰਕਾਰੀ ਬੈਂਚਾਂ ਤੇ ਪਾਰਟੀ ਹੈ ਅਤੇ ਇਨ੍ਹਾਂ ਦੇ ਸਾਥੀ ਜੋ ਜਨਸੰਘੀ ਹਨ, ਉਨ੍ਹਾਂ ਸਭ ਨੇ ਇਹ ਗਲ ਮੰਨੀ ਹੋਈ ਹੈ ਅਤੇ ਇਸ ਦੀ ਪੂਰੀ ਪੂਰੀ ਇੱਜ਼ਤ ਹੋਣੀ ਚਾਹੀਦੀ ਹੈ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ ਜੋ ਮਸਲਾ ਆਨਰੇਬਲ ਮੈਂਬਰ ਸਰਦਾਰ ਲਛਮਣ ਸਿੰਘ ਗਿੱਲ ਨੇ ਉਠਾਇਆ ਹੈ ਇਸ ਬਾਰੇ ਮੈਂ ਵੀ ਕੁਝ ਬੇਨਤੀ ਕਰਨੀ ਹੈ। ਇਨ੍ਹਾਂ ਦੀ ਗਲ ਵਾਜਬ ਹੈ। ਮਗਰ ਇਸ ਹਾਊਸ ਦੀ ਕਾਰਵਾਈ ਨੂੰ ਠੀਕ ਢੰਗ ਨਾਲ ਚਲਾਉਣ ਲਈ ਅਗਰ ਕਿਸੇ ਪਾਸੇ ਤੋਂ ਅੰਗਰੇਜ਼ੀ ਦੀ ਕੁਝ ਵਰਤੋਂ ਹੋ ਜਾਵੇ ਤਾਂ ਇਹ ਕੋਈ ਬਹੁਤੀ ਭੈੜੀ ਗਲ ਨਹੀਂ ਹੈ। ਕਾਨੂੰਨ ਅਨੁਸਾਰ ਹਾਲੇ ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਅੰਗਰੇਜ਼ੀ ਚਾਲੂ ਹੈ। ਅਸੀਂ ਕਾਨੂੰਨ ਬਣਾਉਣੇ ਹਨ। ਅੰਗਰੇਜ਼ੀ ਵਿਚ ਬਣਾਉਣ ਨਾਲ ਕੋਈ ਨੁਕਸਾਨ ਨਹੀਂ ਹੋਣ ਲਗਾ। ਸਾਨੂੰ ਅੰਗਰੇਜ਼ੀ ਨੂੰ ਐਵੇਂ ਹੀ ਛੱਡ ਨਹੀਂ ਦੇਣਾ ਚਾਹੀਦਾ। ਇਹ ਠੀਕ ਹੈ ਕਿ ਸਾਨੂੰ ਪੰਜਾਬੀ ਜਲਦੀ ਤੋਂ ਜਲਦੀ ਲਾਗੂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਤੇ ਨਾਲ ਹੀ ਨਾਲ ਇਹ ਚੀਜ਼ਾਂ ਹਿੰਦੀ ਵਿਚ ਵੀ ਆਉਣੀਆਂ ਚਾਹੀਦੀਆਂ ਹਨ, ਤਾਕਿ ਸਰਕਾਰ ਦਾ ਜੋ ਥ੍ਰੀ ਲੈਂਗੁਏਜ ਫਾਰਮੂਲੇ ਦਾ ਫੈਸਲਾ ਹੈ ਉਸ ਤੇ ਅਮਲ ਹੋ ਸਕੇ। ਮੈਂ ਗਿੱਲ ਸਾਹਿਬ ਨੂੰ ਵੀ ਅਰਜ਼ ਕਰਾਂਗਾ ਕਿ ਇਸ ਗਲ ਨੂੰ ਬਾਰ ਬਾਰ ਦੁਹਰਾਣ ਨਾਲ ਪੰਜਾਬੀ ਦੀ ਸੇਵਾ ਨਹੀਂ ਹੋਣ ਲਗੀ। ਅਗਰ ਇਸ ਸਿਲਸਿਲੇ ਵਿਚ ਜ਼ਬਰਦਸਤੀ ਕਰੋਗੇ ਤਾਂ ਰੀਐਕਸ਼ਨ ਹੋਵੇਗਾ, ਪਿਆਰ ਅਤੇ ਮੁਹੱਬਤ ਨਾਲ ਲਾਗੂ ਕਰੋਗੇ ਤਾਂ ਇਹ ਜਲਦੀ ਲਾਗੂ ਹੋ ਸਕੇਗੀ। ਇਹ ਮੇਰੀ ਸਬਮਿਸ਼ਨ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਸ ਵੇਲੇ ਹਾਊਸ ਵਿਚ ਜੋ ਰੂਲ ਲਾਗੂ ਹਨ ਉਨ੍ਹਾਂ ਵਿਚ ਤਿੰਨੇ ਹੀ ਜ਼ਬਾਨਾਂ ਐਲਾਊਡ ਹਨ। (ਆਪੋਜ਼ੀਸ਼ਨ ਬੈਂਚਾਂ ਤੋਂ ਥੰਪਿੰਗ) ਅਸੀਂ ਗਿੱਲ ਸਾਹਿਬ ਦੇ ਜਜ਼ਬਾਤ ਦਾ ਇਹਤਰਾਮ ਕਰਦੇ ਹਾਂ ਅਤੇ ਹਾਊਸ ਦੇ ਜਜ਼ਬਾਤ ਅਨੁਸਾਰ ਹੀ ਸਾਡੀ ਕੋਸ਼ਿਸ਼ ਹੈ ਕਿ ਹਾਊਸ ਦਾ ਕੰਮ ਪੰਜਾਬੀ ਵਿਚ ਕੀਤਾ ਜਾਵੇ ਅਤੇ ਉਮੀਦ ਹੈ ਕਿ ਜਲਦੀ ਹੀ ਸਾਰੀ ਕਾਰਵਾਈ ਪੰਜਾਬੀ ਵਿਚ ਹੋਇਆ ਕਰੇਗੀ।

(According to the Rules of procedure of the House all the three languages are allowed. (Thumping from Opposition Benches) We respect the feelings of Sardar Lachhman Singh Gill. Our effort is to conduct our work in Punjabi and it is hoped that all proceedings in the House would be conducted in Punjabi in the near future.)

**चौधरी बलबीर सिंह** : आन ए प्वायंट आफ आर्डर सर। स्पीकर साहिब, आप ने कहा है कि तीनों ज़बानों में कार्यवाही चलाने की बात पास हो चुकी है, यह बात नहीं है। जो कानून पास हुआ था उस में यह बात थी कि पंजाबी में सारी कार्यवाही चलेगी और जिन सूबों का ताल्लुक हिन्दी से है उन से हिन्दी में खतोकिताबत चलेगी। अंग्रेज़ी वाली बात तो उन सूबों के सम्बन्ध में ठीक है जिनका ताल्लुक साउथ से है। अगर दिल्ली सरकार से भी बात चीत करनी है तो यह भी हिन्दी में करनी है। पंजाब में जो भी बात होगी पंजाबी या हिन्दी में होगी। फिर भी बार 2 यहां पर तीसरी ज़बान में बात करने की कोशिश की जाती है। इस हाऊस ने यह बात पास की हुई है कि सैंटर के साथ बात चीत अंग्रेज़ी की बजाए हिन्दी में की जायगी।

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਾਰਾ ਕੰਮ ਦਰਅਸਲ ਪੰਜਾਬੀ ਵਿਚ ਹੀ ਹੋਣਾ ਚਾਹੀਦਾ ਹੈ (ਤਾੜੀਆਂ) ਅਤੇ ਕਾਨੂੰਨ ਵੀ ਪੰਜਾਬੀ ਵਿਚ ਕੰਮ ਦਾ ਹੀ ਹੈ। ਮਗਰ ਮੈਂਬਰ ਸਾਹਬਾਨ ਜਿੰਨੇ ਸਵਾਲ ਭੇਜਦੇ ਹਨ ਉਹ ਅੰਗਰੇਜ਼ੀ ਵਿਚ ਹੀ ਭੇਜਦੇ ਹਨ। ਇਸ ਦਾ ਉਨ੍ਹਾਂ ਨੂੰ ਹਕ ਹੈ। ਕੰਸਟੀ-ਚਿਊਸ਼ਨ ਮੁਤਾਬਿਕ ਉਨ੍ਹਾਂ ਨੂੰ ਇਸ ਦਾ ਹਕ ਹੈ, ਜਿੰਨੀ ਦੇਰ ਇਸ ਗਲ ਨੂੰ ਨੋਟੀਫੀਕੇਸ਼ਨ ਦੁਆਰਾ ਨਾ ਹਟਾਇਆ ਜਾਵੇ। ਕਾਨੂੰਨੀ ਪੋਜ਼ੀਸ਼ਨ ਤਾਂ ਇਹ ਹੈ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਅੰਗਰੇਜ਼ੀ ਵਿਚ ਆਏ ਸਵਾਲਾਂ ਦਾ ਜਵਾਬ ਪੰਜਾਬੀ ਵਿਚ ਦੇਈਏ। ਬਾਕੀ ਬੋਲੀ ਬਾਰੇ ਕਾਨੂੰਨੀ ਪੋਜ਼ੀਸ਼ਨ ਹੈ ਕਿ ਸੂਬੇ ਦੀ ਬੋਲੀ ਪੰਜਾਬੀ ਹੈ, ਦਫਤਰ ਪੰਜਾਬੀ ਵਿਚ ਕੰਮ ਕਰਨਗੇ। ਮਗਰ ਜਿਥੇ ਤਕ ਵਿਧਾਨ ਸਭਾ ਦਾ ਤਅਲੁਕ ਹੈ ਮੈਂਬਰਾਂ ਨੂੰ ਹਕ ਹੈ ਕਿ ਉਹ ਚਾਹੁਣ ਤਾਂ ਹਿੰਦੀ ਵਿਚ ਪੁਛ ਲੈਣ, ਹਿੰਦੀ ਵਿਚ ਬੋਲ ਲੈਣ, ਚਾਹੁਣ ਤਾਂ ਅੰਗਰੇਜ਼ੀ ਵਿਚ ਪੁਛ ਲੈਣ ਜਾਂ ਅੰਗਰੇਜ਼ੀ ਵਿਚ ਬੋਲ ਲੈਣ, ਪੰਜਾਬੀ ਵਿਚ ਪੁਛ ਲੈਣ ਜਾਂ ਪੰਜਾਬੀ ਵਿਚ ਬੋਲ ਲੈਣ ਪਰ ਸਰਕਾਰ ਪੰਜਾਬੀ ਵਿਚ ਜਵਾਬ ਦੇਵੇਗੀ। ਇਹ ਕਾਨੂੰਨੀ ਪੁਜ਼ੀਸ਼ਨ ਹੈ।

Original with;
Punjab Vidhan Sabha
Digitized by;
Panjab Digital Library

चौधरी बलबीर सिंह :—अध्यक्ष महोदय, यह जो सवाल हाऊस में पेश हुआ है इस के बारे में जो कुछ चीफ मिनिस्टर साहिब की तरफ से वजाहत की गई है यह बिल्कुल गलत है। जितने भी कार्ड इन्वीटेशन के सरकार की तरफ से जारी किए जाते हैं वह अंग्रेजी में जारी किए जाते हैं। (विघ्न)

**ਸ਼੍ਰੀ ਸਪੀਕਰ** : Please take your seat. ਐਪ੍ਰੋਪ੍ਰੀਏਸ਼ਨ ਬਿਲ ਤੇ ਬਹਿਸ ਕਰਨ ਵੇਲੇ ਇਸ ਤਰ੍ਹਾਂ ਦੀਆਂ ਗਲਾਂ ਕਰ ਲੈਣਾ। (Please take your seat. The hon. Member can refer to such matters during the discussion on the Appropriation Bill.)

चौधरी बलबीर सिंह : आन ए प्वायंट आफ आर्डर। इस बात का फैसला हो चुका है कि पंजाब सरकार अपनी सारी कार्यवाही पंजाबी में करेगी लेकिन इस के बावजूद दावतनामे अंग्रेजी में जारी किए जाते हैं। फिलौर के सिखलाई केन्द्र का दावतनामा अंग्रेज़ी में था। इसी तरह और कार्यवाही भी अंग्रेजी में की जाती है। सारा काम पंजाबी में ही किया जाना चाहिए। — (विघ्न)

**Mr. Speaker** : Please take your seat.

चौधरी बलबीर सिंह : जो फैसला किया गया है और जो ऐक्ट पास हो चुका है उस पर अमल नहीं किया जा रहा, उस पर अमल करवाया जाए।

**ਸਰਦਾਰ ਉਮਰਾਓ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਇਥੇ ਸਾਨੂੰ ਏਜੰਡਾ ਤਿੰਨਾਂ ਜ਼ਬਾਨਾਂ ਵਿਚ ਸਪਲਾਈ ਕੀਤਾ ਜਾ ਰਿਹਾ ਹੈ, ਇਸ ਨਾਲ ਬਹੁਤ ਸਟੇਸ਼ਨਰੀ ਜ਼ਾਇਆ ਹੋ ਰਹੀ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੇ ਮੈਂਬਰ ਖਾਸ ਬੋਲੀ ਵਿਚ ਏਜੰਡਾ ਚਾਹੁਣ ਉਨ੍ਹਾਂ ਨੂੰ ਸਿਰਫ ਉਸ ਬੋਲੀ ਵਿਚ ਹੀ ਸਪਲਾਈ ਕੀਤਾ ਜਾਵੇ। ਹਰ ਇਕ ਮੈਂਬਰ ਨੂੰ ਤਿੰਨਾਂ ਬੋਲੀਆਂ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿਚ ਸਪਲਾਈ ਨਾ ਕੀਤਾ ਜਾਵੇ।

**ਸ਼੍ਰੀ ਸਪੀਕਰ**:—ਅੱਛਾ ਜੀ। ਫਿਨਾਂਸ ਮਨਿਸਟਰ ਸਾਹਿਬ (All right. The Finance Minister ... ... ...) —(ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਆਰਡਰ ਸਰ। ਤੁਸੀਂ ਪਹਿਲਾਂ ਕਾਲ ਅਟੈਨਸ਼ਨ ਨੋਟਸਿਜ਼ ਬਾਰੇ ਇਕ ਇਕ ਸਵਾਲ ਪੁਛਣ ਦੀ ਇਜਾਜ਼ਤ ਦਿਤੀ ਸੀ, ਹੁਣ ਜੇਕਰ ਕਹੋ ਤਾਂ ਪਹਿਲਾਂ ਸਵਾਲ ਪੁਛ ਲਏ ਜਾਣ। ਮੇਰੀ ਪਹਿਲਾਂ ਦੀ ਵੀ ਇਕ ਕਾਲ ਅਟੈਨਸ਼ਨ ਹੈ ਉਸ ਦੇ ਬਾਰੇ ਵੀ ਸਵਾਲ ਕਰਨਾ ਹੈ।

**ਸ਼੍ਰੀ ਸਪੀਕਰ** : ਤੁਸੀਂ ਕੱਲ੍ਹ ਸਵਾਲ ਪੁਛ ਲੈਣਾ। ਹੁਣ ਟਾਈਮ ਥੋੜ੍ਹਾ ਰਹਿ ਗਿਆ ਹੈ ਐਪ੍ਰੋਪ੍ਰੀਏਸ਼ਨ ਬਿਲ ਦੀ ਡਿਸਕਸ਼ਨ ਲਈ। (The hon. Member may ask his questions tomorrow. Now very little time is left for the discussion on the Punjab Appropriation Bill.)

Original with;
Punjab Vidhan Sabha
Digitized by;
Panjab Digital Library

## The Punjab Appropriation Bill, 1969.

**Finance Minister** : (Shri Krishan Lal)—Sir, I beg to introduce the Punjab Appropriation Bill.

**Finance Minister** : Sir, I beg to move—

That the Punjab Appropriation Bill be taken into consideration at once.

**Mr. Speaker**—Motion moved:—

That the Punjab Appropriation Bill be taken into consideration at once.

**Mr. Speaker** : Before the House proceeds with the Punjab Appropriation Bill, I would like to point out that the guillotine will be applied at 1·00 P. M. today.

**ਸਰਦਾਰ ਲਛਮਣ ਸਿੰਘ ਗਿੱਲ** : ਸਪੀਕਰ ਸਾਹਿਬ, ਰੂਲ ਕੋਟ ਕਰ ਦਿਉ ਜਿਸ ਅਨੁਸਾਰ ਆਪ ਕਿਸੇ ਮੈਂਬਰ ਨੂੰ ਬੋਲਣ ਤੋਂ ਰੋਕ ਸਕਦੇ ਹੋ ।

**ਸ਼੍ਰੀ ਸਪੀਕਰ** : ਇਹ ਰੂਲ 225 ਹੈ — (ਵਿਘਨ) (Rule 225 applies in this case.) (interruptions)

**ਸਰਦਾਰ ਲਛਮਣ ਸਿੰਘ ਗਿੱਲ** : 225 (2) ਵਿਚ ਵੀ ਦੇਖ ਲਉ ਕਿ ਕੀ ਹੈ । ਜੇਕਰ ਮੈਂਬਰ ਬੋਲਣਾ ਚਾਹੁਣ ਤਾਂ ਰੋਕਣਾ ਨਹੀਂ ਚਾਹੀਦਾ ।

**ਸ਼੍ਰੀ ਸਪੀਕਰ** : ਇਸ ਵਿਚ ਇਹ ਹੈ ਕਿ ਜੇਕਰ 6·30 ਤੇ ਸੈਸ਼ਨ ਸਥਗਤ ਕੀਤਾ ਜਾਣਾ ਹੋਵੇ ਤਾਂ 6-00 ਵਜੇ ਗਿਲੋਟੀਨ ਐਪਲਾਈ ਕਰਨੀ ਹੈ ਤੇ ਚੂੰਕਿ 1-30 ਵਜੇ ਹਾਊਸ ਐਡਜਰਨ ਹੋਣਾ ਹੈ ਤਾਂ ਇਸ ਲਈ ਅਧਾ ਘੰਟਾ ਪਹਿਲਾਂ, ਇਕ ਵਜੇ ਗਿਲੋਟੀਨ ਐਪਲਾਈ ਕੀਤੀ ਜਾਵੇਗੀ । (This Rule provides that the Speaker shall at 6·0 'clock apply guillotine when the normal hour of interruption is 6·30 and since the House is to adjourn at 1·30 today, the guillotine will be applied-half hour earlier i. e. at 1·00 P. M.)

**Mr. Speaker** : Chaudhri Balbir Singh. (interruptions)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਸਾਡੀ ਮੇਨ ਅਪੋਜ਼ੀਸ਼ਨ ਹੈ ਇਸ ਲਈ ਸਾਰਿਆਂ ਤੋਂ ਪਹਿਲਾਂ ਸਾਨੂੰ ਬੋਲਣ ਲਈ ਟਾਈਮ ਦਿਤਾ ਜਾਣਾ ਚਾਹੀਦਾ ਹੈ ।

**ਸ਼੍ਰੀ ਸਪੀਕਰ** : ਤੁਹਾਡੀ ਪਾਰਟੀ ਨੂੰ ਵੀ ਟਾਈਮ ਦਿਤਾ ਜਾਵੇਗਾ । (The party to which the hon. Member belongs will also be given time.)

Original with;
Punjab Vidhan Sabha
Digitized by;
Panjab Digital Library

चौधरी बलबीर सिंह (होशियारपुर):—अध्यक्ष महोदय, यह जो ऐप्रोप्रीएशन बिल 19 करोड़ 75 लाख का पेश किया गया है इस के बारे में सरकार को सुझाव देना चाहता हूँ और बहस शुरू करने से पहले बता देना चाहता हूँ कि सप्लीमेंट्री एस्टीमेटस केवल उस सूरत में ही पेश किए जाने चाहिएं जब कि अशद जरूरत हो। नार्मल बजट तो यह हाऊस पास करता ही है और उस के बाद सप्लीमेंट्री डीमांडज़ आती हैं। तो जब हाऊस बजट को पास कर देता है तो सरकार का फर्ज बन जाता है कि सरकार उस के अनुसार कार्यवाही करे लेकिन देखा यह गया है कि सरकार अपने तौर पर काम करना शुरू कर देती है जिस की मनजूरी यहां पर इस तरीके से लेने के लिए यह डिमांडज़ आती है। बजट एक मुकद्दस चीज़ है जिस का सारा खर्च यह हाऊस पास करता है और अगर कोई एमरजैंसी आ जाती है और सरकार को ज़रूरत पड़ जाए तो ठीक है कि सरकार खर्च कर ले और बाद में मन्ज़ूरी इस हाऊस से ले। लेकिन अगर कोई एमरजैंसी न हो तो इस तरह के खर्चों के बारे में ज़िक्र आम बजट में शामिल किया जाना चाहिए और उस वक्त इस की मन्ज़ूरी ली जानी चाहिए।

यहां पर कुछ रकम टीचरों को देने के लिए रखी गई है इस का कारण यह है कि टीचरों को पैसे नहीं दिए गए और इस तरह के कोई 14 केसिज़ हैं जिन को सरकार की ओर से रकम दी जाने वाली है। कई ऐसे टीचर भी होते हैं जो रिटायर हो जाते हैं और बार बार लिखने के बावजूद भी उनकी रकम दी नहीं जाती और उन्हें मजबूर हो कर अदालत में जाना पड़ता है और अदालत का दरवाज़ा खटखटाने के बाद डिगरी ले जाते हैं और फिर सरकार से पैसे वसूल कर लेते हैं। इस तरीका को मैं गलत समझता हूँ। सरकार को चाहिए कि पंजाब सरकार के जिन अफसरों ने किसी के पैसे नहीं दिए और वह अदालत में जा कर डिगरी ले आया हो तो जो उस के पैसे देने के सिलसिले में अफसर रुकावट डालता हो उस के खिलाफ कारवाई की जानी चाहिए। (विघ्न) सरकार को चाहिए कि देखे कि किस अफसर ने किसी सरकारी कर्मचारी और किसी प्राइवेट पार्टी का क्लेम नहीं दिया और उस के खिलाफ कारवाई की जानी चाहिए। और सरकार को अफसरान पर इस बात के लिए ज़ोर देना चाहिए कि वह लोगों से सिम्पेथैटिक रवैया इखत्यार करें और लोगो को अदालतों में न जाना पड़े। यह किसी भी सरकार को शोभा नहीं देता कि उस के खिलाफ लोग डिगरियां ले कर आ जाएं और फिर उन को रुपया दिया जाए।

इस के आगे एक और रकम जेलों के बारे में रखी गई है। एक तरफ तो सरकार यह कहती है कि पंजाब में ला एंड आर्डर की हालत अच्छी हो चुकी है और इस सिलसिले में आगे से मुकद्दमे कम हो गए हैं और दूसरी तरफ खर्च में लाखों रुपयों की बढ़ौतरी हो गई है और जेलों की आबादी बढ़ गई है और इस के लिए स्टाफ का खर्चा और

Original with;
Punjab Vidhan Sabha
Digitized by;
Panjab Digital Library

(चौधरी बलबीर सिंह)

चाहिए। यह दोनों बाते आपस में मेल नहीं खातीं। या तो कानून ढीले हैं या सरकारी कर्मचारी ठीक ढंग से काम नहीं करते और लोगों पर नाजायज़ मुकद्दमे बनाए जाते हैं और रोज़मर्रा ही इस तरह किया जाता है और इस तरीके से जेलों की आबादी बढ़ाई जाती है। आप देख सकते हैं कि शराब, अफीम और चर्स के बारे में जितने स्मगलिंग केस बनते हैं। जहां कहीं भी स्मगलिंग होती है, वह पहले पुलिस अफसरान से मिलकर ही की जाती हैं। वह लोग करोड़ों रुपया इस तरह से बनाते हैं। गरीब लोग जो आना-दो आने की चीज़ शहर से लेने की गर्ज़ से आते हैं उन को फंसा लिया जाता है। स्मगलर्ज़ अगर कहीं फंस भी जाते हैं वह पैसा देकर अदालतों से बरी हो जाते हैं। इस तरह से पुलिस के मुकद्दमे का जो रवैया है यह सरासर गलत है। बड़े बड़े अमीर आदमियों को पकड़ने वाला भी कोई नहीं है। इस किस्म के केसिज ही अदालतों में आते हैं कि जिससे माशा या दो माशा अफीम पकड़ी गई हो। मैं यह पूरे यकीन से कहता हूँ कि स्मगलिंग का काम उन लोगों के थरू होता है जिन के पास बड़ी बड़ी कारें रखी हुई हैं, मगर पकड़े जाते हैं रिक्शा वाले या कोई और मज़दूर लोग नहीं तो किसी दिहाती को घेर लिया जाता है। सरकार को इस तरफ खास ध्यान देना चाहिये। ड्रेनेज के मुताल्लिक सरकार ने जो ब्यास नदी पर स्पर्ज़ के लिए रकम मांगी है, इस के मुताल्लिक मैं कहूँगा कि इस रकम का मुनासिब ढ़ंग से खर्च नहीं हो रहा। 1967-68 में स्पर लगाने का जो खर्च होता है वह 5 लाख रुपये है, और काम जो होता है वह 4 लाख क्युबिक फुट मिट्टी डालने का है मगर 1968-69 में महज़ 76 हज़ार क्युबिक फुट मिट्टी डालते हैं और इस पर खर्च आता है एक करोड़ से ऊपर यानी 4 लाख क्युबिक फुट मिट्टी डालने का जब काम होता है तो यह है 5 लाख रुपये और जब मिट्टी महज़ 76 हज़ार क्युबिक फुट डाली गई तो खर्च हो गया एक करोड़ रुपये कितना भारी स्कैंडल है यह ? सरकार को इस तरफ ध्यान देना चाहिये। एक तरफ टैक्स लगाया जा रहा है छोटी छोटी बातों पर मगर दूसरी तरफ यह हाल कि लाखों रुपये तक की कोई परवाह नहीं। इसी तरह और बेहद पैसा सरकार का ज़ाया होता है। बहुत दफा ऐसा भी हुआ है कि ठेकेदार को बरसात में स्पर्ज़ लगाने का ठेका दिया जाता है। यह काम प्रैक्टीकली नहीं होता पेपर पर ही होता है। कोई स्पर नहीं लगते, न कोई और काम होता है। दो महीने के बाद रिपोर्ट यह कर दी जाती है कि जो स्पर्ज़ लगाये थे उन्हें बरसात बहा कर ले गई। फर्ज़ी बिलों की इस तरह अदायगी की जाती है। इस तरह से सरकार का करोड़ों रुपया गबन किया जाता है। ऐसा इन्तज़ाम सरकार को खुद करना चाहिये जिस से उसी काम की पेमैंट हो जिस का एक्चुअल काम हुआ हो।

Original with;
Punjab Vidhan Sabha
Digitized by;
Panjab Digital Library

**ਸਰਦਾਰ ਉਮਰਾਓ ਸਿੰਘ :** (ਬੜਾ-ਪਿੰਡ) ਇਹ ਜੋ ਬਿਲ ਅੱਜ ਸਾਡੇ ਸਾਹਮਣੇ ਪੇਸ਼ ਹੈ, ਇਸ ਵਿਚ 19 ਕਰੋੜ ਰੁਪਏ ਦੀਆਂ ਸਪਲੀਮੈਂਟਰੀ ਗਰਾਂਟਸ ਦੀ ਮੰਗ ਕੀਤੀ ਗਈ ਹੈ। ਇਹ ਖਰਚੇ 1967-68 ਦੇ ਹਨ, ਇਤਨੀ ਦੇਰ ਤੱਕ ਨਾ ਲਿਆਉਣੇ ਸਰਕਾਰ ਲਈ ਕੋਈ ਚੰਗੀ ਗੱਲ ਨਹੀਂ ਹੈ ਜਿਸ ਲਈ ਕਿ ਅਸੀਂ ਇਨ੍ਹਾਂ ਨੂੰ ਇਸ ਕੰਮ ਦਾ ਕੋਈ ਕਰੈਡਿਟ ਦੇ ਸਕੀਏ। ਇਸ ਵਿਚ 13-14 ਕਰੋੜ ਦੀ ਐਸੀ ਰਕਮ ਹੈ ਜਿਹੜੀ ਪਿਛਲੇ ਸਾਲ ਦੇ ਨਾਲ ਸਬੰਧਤ ਹੈ। $5\frac{3}{4}$ ਕਰੋੜ ਦੀ ਰਕਮ ਐਸੀ ਹੈ ਜਿਹੜੀ ਕਿ ਸੈਂਟਰਲ ਸਰਕਾਰ ਵੱਲੋਂ ਲੋਨ ਦੇ ਤੌਰ ਤੇ ਮਿਲਣੀ ਹੈ, $3\frac{1}{2}$ ਕਰੋੜ ਰੁਪਏ ਹਨ ਜਿਹੜੇ ਕਿ ਪੰਜਾਬ ਸਰਕਾਰ ਨੇ ਦੇਣੇ ਹਨ। ਇਹ ਇਕ ਬੜੀ ਭਾਰੀ ਰਕਮ ਹੈ ਜਿਹੜੀ ਕਿ ਸੈਂਟਰਲ ਸਰਕਾਰ ਨੇ ਦੇਣੀ ਹੈ। ਪਰ ਏਥੇ ਸਰਕਾਰੀ ਬੈਂਚਾਂ ਵੱਲੋਂ ਜੋ ਗੱਲਾਂ ਖਾਸ ਤੌਰ ਤੇ ਸੈਂਟਰ ਦੇ ਮੁਤਾਲਿਕ ਕੀਤੀਆਂ ਜਾਂਦੀਆਂ ਹਨ ਉਹ ਖਾਸ ਤੌਰ ਤੇ ਐਸੀਆਂ ਹਨ, ਜਿਨ੍ਹਾਂ ਰਾਹੀਂ ਇਹ ਕਿਹਾ ਜਾਂਦਾ ਹੈ ਕਿ ਸੈਂਟਰ ਅਤੇ ਪੰਜਾਬ ਦੀ ਸਰਕਾਰ ਦੇ ਵਿਚਕਾਰ ਇਖਤਲਾਫ ਵਧਾਉਣ ਵਾਲੀਆਂ ਹਨ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਗੱਲਾਂ ਸੂਬੇ ਦੀ ਤਰੱਕੀ ਵਿਚ ਬਹੁਤ ਨੁਕਸਾਨ ਦੇਹ ਸਾਬਤ ਹੋ ਸਕਦੀਆਂ ਹਨ। ਸਾਨੂੰ ਇਸ ਤਰ੍ਹਾਂ ਦੇ ਤਅਲੁਕਾਤ ਅਤੇ ਤਾਲਮੇਲ ਲਈ ਸੈਂਟਰ ਦੇ ਨਾਲ ਸਾਜ਼ਗਾਰ ਹੋਣਾ ਚਾਹੀਦਾ ਹੈ ਕਿ ਅਸੀਂ ਵਧ ਤੋਂ ਵਧ ਇਮਦਾਦ ਲੈ ਸਕੀਏ। ਐਸੀਆਂ ਬਹੁਤ ਸਾਰੀਆਂ ਸਕੀਮਾਂ ਸਾਰੀਆਂ ਸੂਬਾਈ ਸਰਕਾਰਾਂ ਦੇ ਅਧੀਨ ਚਲਦੀਆਂ ਹਨ ਜਿਨ੍ਹਾਂ ਵਿਚੋਂ 75% ਸੈਂਟਰ ਦੀ ਸਰਕਾਰ ਦਿੰਦੀ ਹੈ ਅਤੇ 25% ਸੂਬਾਈ ਸਰਕਾਰਾਂ ਦਿੰਦੀਆਂ ਹਨ। ਤੁਸੀਂ ਸ਼ਾਇਦ ਪੜ੍ਹਿਆ ਹੋਵੇ ਕਿ ਸੈਂਟਰ ਦੀ ਸਰਕਾਰ ਨੇ ਪਿਛੇ ਜਿਹੇ ਸਾਢੇ ਅੱਠ ਕਰੋੜ ਦੀ ਗਰਾਂਟ ਭਾਰਤ ਦੀਆਂ ਸੂਬਾਈ ਸਰਕਾਰਾਂ ਨੂੰ ਦਿੱਤੀ ਪਰ ਇਸ ਵਿਚ ਪੰਜਾਬ ਨੂੰ ਬਿਲਕੁਲ ਹੀ ਇਗਨੋਰ ਕੀਤਾ ਗਿਆ। ਇਹੋ ਕਾਰਨ ਹੈ ਕਿ ਅਸੀਂ ਖੁਦ ਸੈਂਟਰ ਨਾਲ ਕਸ਼ੀਦਗੀ ਪੈਦਾ ਕਰਨ ਦੇ ਜ਼ਿੰਮੇਵਾਰ ਹਾਂ। ਸਾਡੇ ਵਿਧਾਨ ਦੇ ਵਿਚ ਇਕ ਐਸੀ ਪ੍ਰੋਵੀਜ਼ਨ ਹੈ ਕਿ ਅਸੀਂ ਸੈਂਟਰ ਤੋਂ ਹਰ ਵਕਤ ਗਾਈਡਿਡ ਹਾਂ ਅਤੇ ਵਿਧਾਨ ਅਨੁਸਾਰ ਸੈਂਟਰ ਨੇ ਹੀ ਸਾਨੂੰ ਸਾਡੀ ਡੀਵੈਲਪਮੈਂਟ ਦੇ ਵਾਸਤੇ ਲੋਨ ਦੀ ਸ਼ਕਲ ਵਿਚ ਸਰਮਾਇਆ ਦੇਣਾ ਹੈ, ਮਸ਼ੀਨਰੀ ਦੇਣੀ ਹੈ ਅਤੇ ਹੋਰ ਡੀਵੈਲਪਮੈਂਟ ਦੀਆਂ ਸਕੀਮਾਂ ਦੇ ਵਾਸਤੇ ਵੱਡੀਆਂ ਵੱਡੀਆਂ ਰਿਆਇਤਾਂ ਭੀ ਦੇਣੀਆਂ ਹਨ। ਪਰ ਜੇ ਸੂਬੇ ਦੇ ਅਤੇ ਸੈਂਟਰ ਦੇ ਖਰਾਬ ਸਬੰਧਾਂ ਵਾਲਾ ਵਾਤਾਵਰਣ ਪੈਦਾ ਕੀਤਾ ਜਾਵੇ ਤਾਂ ਇਸ ਵਿਚ ਸਾਡਾ ਆਪਣਾ ਹੀ ਨੁਕਸਾਨ ਹੋਣਾ ਹੈ। ਇਹ ਇਕ ਤਰ੍ਹਾਂ ਦੀ ਆਪਣੀ ਨਿਖੇਧੀ ਕਰਨ ਵਾਲੀ ਹੀ ਗੱਲ ਹੋਵੇਗੀ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਹੜੀਆਂ ਸਕੀਮਾਂ ਸੈਂਟਰ ਵੱਲੋਂ ਆਉਂਦੀਆਂ ਹਨ ਉਨ੍ਹਾਂ ਦੀ ਨਿਖੇਧੀ ਕਰਨ ਦੀ ਬਜਾਏ ਸਲਾਘਾਯੋਗ ਤਰੀਕੇ ਦੇ ਨਾਲ ਪਬਲਿਸਿਟੀ ਕਰੋ ਤਾਂ ਜੋ ਇਸ ਸੂਬੇ ਦੀ ਉਨਤੀ ਹੋਵੇ। ਜਿਹੜਾ 9 ਕਰੋੜ ਰੁਪਿਆ ਸਾਨੂੰ ਸੈਂਟਰ ਦੇ ਵਲੋਂ ਆਉਣਾ ਹੈ ਇਸ ਦਾ ਬਹੁਤ ਸਾਰਾ ਹਿਸਾ ਆਬਪਾਸ਼ੀ ਦੀਆਂ ਸਕੀਮਾਂ, ਫਲਡ ਕੰਟਰੋਲ ਮੇਯਰਜ਼ ਅਤੇ ਬਿਆਸ ਪ੍ਰਾਜੈਕਟ ਦੇ ਮੁਤਾਲਿਕ ਹੈ। ਸਾਨੂੰ ਇਨ੍ਹਾਂ ਸਕੀਮਾਂ ਦੇ ਲਈ ਪੂਰੀ ਤਾਕਤ ਨਾਲ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਇਹੀ ਸਕੀਮਾਂ ਹਨ ਜਿਹੜੀਆਂ ਇਸ ਸੂਬੇ ਦੀ ਖੁਸ਼ਹਾਲੀ ਦਾ ਕਾਰਨ ਹਨ। ਇਸ ਤੋਂ ਇਲਾਵਾ ਇਕ 8 ਲੱਖ ਰੁਪਏ ਦੀ ਰਕਮ ਇਸ ਵਿਚ ਹੋਰ ਹੈ ਜਿਹੜੀ ਅਸੀਂ ਗ਼ੈਰ-ਸਰਕਾਰੀ ਇਨਸਟੀਚਿਊਸ਼ਨ ਦੇ ਐਂਪਲਾਈਜ਼ ਦੇ ਲਈ ਖਰਚ ਕਰ ਰਹੇ ਹਾਂ ਪਰ ਇਸ ਵਿਚ ਵੀ ਤੁਸੀਂ ਹਿੱਸੇ ਦੇ ਵਿਚ ਜਦੋਂ ਨਜ਼ਰ ਮਾਰੋ ਤਾਂ 80% ਸੈਂਟਰ ਦੀ ਸਰਕਾਰ ਨੇ ਦੇਣਾ ਹੈ ਅਤੇ 20% ਪੰਜਾਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਦੀ ਸਰਕਾਰ ਨੇ ਦੇਣਾ ਹੈ । ਸਾਨੂੰ 5ਵਾਂ ਹਿੱਸਾ ਦੇਣ ਵਾਲਿਆਂ ਨੂੰ ਸੈਂਟਰ ਦੇ ਖਿਲਾਫ ਐਸੇ ਗਲਤ ਸੁਝਾਉ ਨਹੀਂ ਦੇਣੇ ਚਾਹੀਦੇ ਅਸੀਂ ਆਪਣੇ ਇਨਸਟੀਚਿਊਸ਼ਨ ਦਾ ਕਿਵੇਂ ਕੋਈ ਨੁਕਸਾਨ ਹੀ ਨਾ ਕਰ ਬੈਠੀਏ । ਸਾਨੂੰ ਵਧ ਤੋਂ ਵਧ ਇਮਦਾਦ ਦੀ ਸੈਂਟਰ ਤੋਂ ਤਵੱਕੋ ਰੱਖਣੀ ਚਾਹੀਦੀ ਹੈ ਨਹੀਂ ਤਾਂ ਸਾਡੇ ਸੂਬੇ ਦੀ ਤਰੱਕੀ ਰੁਕ ਜਾਵੇਗੀ । ਏਥੇ ਮੇਰੇ ਫਾਜ਼ਲ ਦੋਸਤ ਸਰਦਾਰ ਗੁਰਮੀਤ ਸਿੰਘ ਨੇ ਕਿਹਾ ਕਿ ਅਸੀਂ ਫਾਰਮਰਜ਼ ਟਰੇਨਿੰਗ ਸੈਂਟਰ ਅੰਮ੍ਰਿਤਸਰ ਖੋਲ੍ਹ ਰਹੇ ਹਾਂ ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ 2,67,000/ਰੁਪਿਆ ਤਾਂ ਸੈਂਟਰ ਨੇ ਹੀ ਦੇਣਾ ਹੈ ਅਤੇ ਅਸੀਂ ਇਕ ਕਾਲਜ ਲਈ ਥਾਂ ਹੀ ਦੇਣੀ ਹੈ ਅਤੇ ਐਲਾਨ ਇਸ ਤਰ੍ਹਾਂ ਕਰਦੇ ਹਾਂ ਕਿ ਜਿਵੇਂ ਸਾਡਾ ਸਾਰਾ ਖਰਚ ਆਪਣਾ ਹੈ । ਇਸ ਤੋਂ ਇਲਾਵਾ 2 ਕਰੋੜ ਤੋਂ ਵੱਧ ਐਸੀਆਂ ਰਕਮਾਂ ਹਨ ਜਿਹੜੀਆਂ ਸਰਕਾਰ ਨੂੰ ਕੋਆਪਰੇਟਿਵ ਬੈਂਕਾਂ ਨੇ ਹੀ ਦੇਣੀਆਂ ਹਨ, ਇਸ ਰਾਹੀ ਜ਼ਿਮੀਦਾਰਾਂ ਨੂੰ ਕਰਜ਼ ਦੇਕੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ।

ਦੋ ਕਰੋੜ ਰੁਪਿਆ ਕੋਈ ਥੋੜ੍ਹਾ ਨਹੀਂ ਹੁੰਦਾ । ਉਸ ਵਿਚੋਂ 80 ਲੱਖ ਰੁਪਿਆ ਚਾਰ ਕੋਆਪਰੇਟਿਵ ਬੈਂਕਾਂ ਨੂੰ ਮਿਲਣਾ ਹੈ । ਪਟਿਆਲੇ ਦਾ ਬੈਂਕ ਉਸ ਵਿਚ ਹੈ ਬਠਿੰਡੇ ਦਾ ਬੈਂਕ ਉਸ ਵਿਚ ਹੈ, ਸੰਗਰੂਰ ਦਾ ਬੈਂਕ ਉਸ ਵਿਚ ਹੈ । ਇਸ ਪੈਸੇ ਨਾਲ ਵੀ ਪੰਜਾਬ ਦੀ ਉਨਤੀ ਦਾ ਕੰਮ ਹੋਣਾ ਹੈ । ਅਜੇ ਵੀ ਮਨਿਸਟਰ ਸਾਹਿਬ ਇਹ ਕਹਿਣ ਕਿ ਸੈਂਟਰ ਸਾਨੂੰ ਮਦਦ ਨਹੀਂ ਦੇ ਰਿਹਾ ਤਾਂ ਮੈਂ ਕਹਾਂਗਾ ਕਿ ਇਸ ਤੋਂ ਵਧ ਨਾਸ਼ੁਕਰਾਪਨ ਹੋਰ ਕੀ ਹੋ ਸਕਦਾ ਹੈ । ਪੰਜਾਬ ਦੀ ਉਨਤੀ ਦਾ ਕੰਮ ਸਾਰਿਆਂ ਦਾ ਸਾਂਝਾ ਹੈ, ਕਿਸੇ ਇਕ ਪਾਰਟੀ ਦਾ ਨਹੀਂ (ਵਿਘਨ) ਪਿਛਲੀ ਵਾਰੀ 9 ਮਹੀਨੇ ਚਲੀ ਸੀ । ਹੁਣ ਸ਼ਾਇਦ 6 ਮਹੀਨੇ ਚਲੇ । (ਵਿਘਨ) ਸਾਨੂੰ ਸਾਰੀਆਂ ਪਾਰਟੀਆਂ ਨੂੰ ਮਿਲ ਕੇ ਕੇਂਦਰ ਕੋਲੋਂ ਹੋਰ ਰੁਪਏ ਦੀ ਮੰਗ ਕਰਨੀ ਚਾਹੀਦੀ ਹੈ ਅਤੇ ਉਹ ਪੈਸੇ ਪੰਜਾਬ ਦੇ ਕਿਸਾਨਾਂ ਨੂੰ ਦੇਣੇ ਚਾਹੀਦੇ ਹਨ । ਸਾਨੂੰ ਇਸ ਵੇਲੇ ਟਰੈਕਟਰਾਂ ਦੀ ਫੈਕਟਰੀ ਦੀ ਜ਼ਰੂਰਤ ਹੈ, ਫਰਟੇਲਾਈਜ਼ਰ ਦੀ ਫੈਕਟਰੀ ਦੀ ਜ਼ਰੂਰਤ ਹੈ। ਸਾਰੇ ਕਹਿੰਦੇ ਹਨ ਕਿ ਸਾਨੂੰ ਭਾਖੜਾ ਲੈਣਾ ਚਾਹੀਦਾ ਹੈ, ਚੰਡੀਗੜ੍ਹ ਲੈਣਾ ਚਾਹੀਦਾ ਹੈ ਪਰ ਕਿਸੇ ਨੇ ਨਹੀਂ ਕਿਹਾ ਕਿ ਲੁਧਿਆਣੇ ਵਿਚਲੀ ਐਗਰੀਕਲਚਰ ਯੂਨੀਵਰਸਿਟੀ ਲਣੀ ਚਾਹੀਦੀ ਹੈ ਜਿਸ ਦਾ ਕਿ ਪੰਜਾਬ ਦੀ ਖੇਤੀ ਬਾੜੀ ਨੂੰ ਬਹੁਤ ਫਾਇਦਾ ਹੋ ਸਕਦਾ ਹੈ ਅਤੇ ਇਹ ਇਕ ਕਾਮਨ-ਲਿੰਕ ਹੈ । ਚੰਡੀਗੜ੍ਹ ਜਾਂ ਭਾਖੜਾ ਮੰਗਣ ਵਿਚ ਤਾਂ ਪੁਲੀਟੀਕਲ ਮੋਟਿਵ ਹੈ ਪਰ ਇਹ ਯੂਨੀਵਰਸਿਟੀ ਕੋਈ ਨਹੀਂ ਮੰਗਦਾ । ਮੈਂ ਅਰਜ਼ ਕਰਦਾ ਹਾਂ ਕਿ ਸਾਨੂੰ ਇਹ ਯੂਨੀਵਰਸਿਟੀ ਲੈ ਲੈਣੀ ਚਾਹੀਦੀ ਹੈ । (ਘੰਟੀ) ਸਪੀਕਰ ਸਾਹਿਬ, ਜੇ ਮੈਂ ਇਰਰੈਲੇਵੈਂਟ ਹੋਣ ਦੀ ਕੋਸ਼ਿਸ਼ ਕਰਾਂਗਾ ਤਾਂ ਤੁਸੀਂ ਮੈਨੂੰ ਰੋਕ ਦੇਣਾ ਪਰ ਇਹ ਤਾਂ ਇਸ ਬਿਲ ਵਿਚ ਲਿਖਿਆ ਹੋਇਆ ਹੈ ਜੋ ਮੈਂ ਅਰਜ਼ ਕਰ ਰਿਹਾ ਹਾਂ ।

ਫਿਰ ਇਸ ਵਿਚ ਜ਼ਿਕਰ ਆਇਆ ਹੈ ਕਿ 2 ਲਖ ਰੁਪਿਆ ਵਕੀਲਾਂ ਨੂੰ ਦਿੱਤਾ ਗਿਆ ਹੈ । ਉਨ੍ਹਾਂ ਵਕੀਲਾਂ ਨੂੰ ਜਿਹੜੇ ਹਾਈ ਕੋਰਟ ਵਿਚ ਜਾਂ ਸੁਪਰੀਮ ਕੋਰਟ ਵਿਚ ਪੇਸ਼ ਹੋਏ ਸੀ ਕਿ ਪੰਜਾਬ ਦਾ ਬਜਟ ਜੋ ਪਾਸ ਹੋਇਆ ਹੈ ਉਹ ਠੀਕ ਪਾਸ ਹੋਇਆ ਹੈ । ਸਪੀਕਰ ਸਾਹਿਬ, ਗਵਰਨਰ ਦੇ ਐਡਰੈਸ ਵਿਚ ਵੀ ਇਸ ਗੱਲ ਦਾ ਜ਼ਿਕਰ ਆਇਆ ਹੈ ਕਿ ਬਜਟ ਪਾਸ ਹੋਣ ਵੇਲੇ ਗਲਤ ਹਾਲਾਤ ਪੈਦਾ ਹੋਏ...(ਵਿਘਨ) ਪਰ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਹਾਲਾਤ ਕਿਸ ਨੇ ਪੈਦਾ

Original with;
Punjab Vidhan Sabha
Digitized by;
Panjab Digital Library

ਕੀਤੇ (ਵਿਘਨ) ਭਾਵੇਂ ਕੋਈ ਵਿਅਕਤੀ ਕਿੰਨਾਂ ਵੀ ਵੱਡਾ ਕਿਉਂ ਨਾ ਹੋਵੇ ਪਰ ਸਾਡਾ ਕੰਸਟੀਚੀਉਸ਼ਨ ਇਹ ਇਜਾਜ਼ਤ ਨਹੀਂ ਦਿੰਦਾ ਕਿ ਉਹ ਬਜਟ ਨੂੰ ਪਾਸ ਕਰਨ ਤੋਂ ਰੋਕ ਦੇਵੇ। ਭਾਵੇਂ ਉਹ ਵਿਅਕਤੀ ਸਰਕਾਰੀ ਬੈਂਚਾਂ ਦਾ ਹੋਵੇ ਜਾਂ ਆਪੋਜ਼ੀਸ਼ਨ ਦਾ ਹੋਵੇ ਜਾਂ ਕੋਈ ਹੋਰ ਪਰ ਇਹ ਬਜਟ ਪਾਸ ਹੋਣਾ ਜ਼ਰੂਰੀ ਹੈ। ਨਹੀਂ ਤਾਂ ਜਮਹੂਰੀਅਤ ਖਤਮ ਹੋ ਜਾਵੇਗੀ...(ਵਿਘਨ)। ਜੋ ਹਾਲਾਤ ਹੋਏ ਮੈਂ ਉਨ੍ਹਾਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ। ਹੋ ਸਕਦਾ ਹੈ ਕਿ ਮੈਂ ਆਪ ਵੀ ਉਸ ਚੀਜ਼ ਨਾਲ ਸਹਿਮਤ ਨਾ ਹੋਵਾਂ। ਪਰ ਸਪੀਕਰ ਸਾਹਿਬ, ਸਾਡੇ ਵਿਧਾਨ ਵਿਚ ਇਕ ਗਲ ਬੜੀ ਸਾਫ਼ ਹੈ ਕਿ ਅਸੀਂ ਬਜਟ ਪਾਸ ਕਰਨਾ ਹੈ, ਐਪ੍ਰੋਪ੍ਰੀਏਸ਼ਨ ਬਿਲਾਂ ਨੂੰ ਪਾਸ ਕਰਨਾ ਹੈ, ਪਰ ਇਹ ਬੜੀ ਅਜੀਬ ਗਲ ਹੈ ਕਿ ਕਿਸੇ ਵਿਅਕਤੀ ਦੇ ਵਿਰੁਧ ਨੋ-ਕਾਂਫ਼ੀਡੈਂਸ ਮੋਸ਼ਨ ਆ ਜਾਵੇ ਤਾਂ ਉਹ ਦੋ ਮਹੀਨੇ ਲਈ ਸੈਸ਼ਨ ਹੀ ਨਾ ਹੋਣ ਦੇਵੇ ...(ਵਿਘਨ)

**ਸ਼੍ਰੀ ਸਪੀਕਰ** : ਮਿਹਰਬਾਨੀ ਕਰਕੇ ਤੁਸੀਂ ਬੈਠ ਜਾਉ। (Please resume your seat.)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਮੈਂ ਜ਼ਿਆਦਾ ਦੇਰ ਨਹੀਂ ਲਵਾਂਗਾ। ਮੈਂ ਆਪਣੇ ਦੋਸਤਾਂ ਨੂੰ ਕਹਾਂਗਾ ਕਿ ਜੇ ਅਸੀਂ ਆਪਣੇ ਦੇਸ਼ ਨੂੰ ਬਚਾਉਣਾ ਹੈ, ਜਮਹੂਰੀਅਤ ਨੂੰ ਬਚਾਉਣਾ ਹੈ ਤਾਂ ਆਉ ਅਸੀਂ ਇਹ ਪ੍ਰਣ ਕਰੀਏ, ਹਾਲਾਂ ਕਿ ਅਸੀਂ ਜਦੋਂ ਮੈਂਬਰੀ ਦੀ ਸਹੁੰ ਖਾਧੀ ਸੀ ਤਾਂ ਵੀ ਇਹ ਪ੍ਰਣ ਕੀਤਾ ਸੀ ਕਿ ਅਸੀਂ ਵਿਧਾਨ ਦੀ ਰਖਿਆ ਕਰਾਂਗੇ। ਇਥੇ ਜੋ ਚੀਜ਼ ਹੋਈ ਉਹ ਵਿਧਾਨ ਦੇ ਮੁਤਾਬਕ ਹੋਈ ਹੈ। ਸਪੀਕਰ ਸਾਹਿਬ, ਅਕਾਲੀ ਪਾਰਟੀ ਨਹੀਂ ਸੀ ਚਾਹੁੰਦੀ ਕਿ ਬਜਟ ਪਾਸ ਹੋਵੇ......(ਵਿਘਨ)।

**ਸ਼੍ਰੀ ਸਪੀਕਰ** : ਮਿਹਰਬਾਨੀ ਕਰਕੇ ਤੁਸੀਂ ਬੈਠ ਜਾਉ। (The hon Member should please resume his seat.)

**ਸਰਦਾਰ ਉਸਰਾਓ ਸਿੰਘ** : ਸਪੀਕਰ ਸਾਹਿਬ, ਕੀ 5 ਮਿੰਟ ਹੋ ਗਏ ਹਨ ? (ਹਾਸਾ)

**ਸ਼੍ਰੀ ਸਪੀਕਰ** : ਹਾਂ ਹੋ ਗਏ ਹਨ। ਤੁਸੀਂ 12 ਮਿੰਟ ਪਹਿਲਾਂ ਹੀ ਲੈ ਚੁਕੇ ਹੋ। (Yes. You have already spoken for twelve minutes.)

**ਸਰਦਾਰ ਉਮਾਰਓ ਸਿੰਘ** : ਮੈਂ ਇਕ ਮਿੰਟ ਵਿਚ ਖ਼ਤਮ ਕਰ ਦਿੰਦਾ ਹਾਂ ਜੀ ਕਿਉਂ-ਕਿ ਤੁਸੀਂ ਹੁਕਮ ਦਿੱਤਾ ਹੈ। ਇਕ ਹੋਰ ਚੀਜ਼ ਜਿਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਉਹ ਹੈ ਗੁਰੂ ਨਾਨਕ ਫ਼ਾਉਂਡੇਸ਼ਨ। ਇਸ ਵਿਚ 12 ਲੱਖ ਰੁਪਿਆ ਰੱਖਿਆ ਗਿਆ ਹੈ, ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲਈ। ਪਰ ਮੈਨੂੰ ਅਫ਼ਸੋਸ ਹੈ ਕਿ ਅਜੇ ਤਕ ਇਹ ਐਕਸਪਲੇਨ ਨਹੀਂ ਕੀਤਾ ਗਿਆ ਅਤੇ ਨਾਂ ਹੀ ਸਰਕਾਰ ਵਲੋਂ ਕੋਈ ਐਕਸਪਲੇਨੇਟਰੀ ਨੋਟ ਹੀ ਆਇਆ ਹੈ ਕਿ ਇਹ ਰੁਪਿਆ ਦਿੱਤਾ ਕਿਸ ਨੂੰ ਜਾਵੇਗਾ...(ਵਿਘਨ) 31 ਤਰੀਕ ਤਕ ਇਹ ਰੁਪਿਆ ਦਿੱਤਾ ਜਾਣਾ ਹੈ। ਪਰ ਅਜੇ ਤਕ ਇਹ ਨਿਯਤ ਨਹੀਂ ਹੋ ਸਕਿਆ ਕਿ ਕਿਸ ਨੂੰ ਇਹ ਰੁਪਿਆ ਦਿੱਤਾ ਜਾਵੇਗਾ। (ਘੰਟੀ) ਮੈਨੂੰ ਉਮੀਦ ਹੈ ਕਿ ਸਰਕਾਰ ਤੋਂ ਜੋ ਇਹ ਨਾਅਹਿਲੀਅਤ ਹੋਈ ਹੈ, ਇਹ ਉਸ ਨੂੰ ਦੂਰ ਕਰਕੇ ਇਸ ਪਾਸੇ ਧਿਆਨ ਦੇਵੇਗੀ ਤਾਕਿ ਇਹ ਰੁਪਿਆ ਚੰਗੇ ਕੰਮ ਲਈ ਖਰਚਿਆ ਜਾ ਸਕੇ। ਨਹੀਂ ਤਾਂ ਇਹ ਰਕਮ ਲੈਪਸ ਹੋ ਜਾਵੇਗੀ।

**ਸ਼੍ਰੀ ਸਪੀਕਰ** : ਹੁਣ ਸਰਦਾਰ ਸੁਰਜੀਤ ਸਿੰਘ, ਤੁਸੀਂ ਦੋ ਤਿੰਨ ਮਿੰਟਾਂ ਵਾਸਤੇ ਬੋਲੋ। (Now Sardar Surjit Singh may please speak for two or three minutes only).

Original with;
Punjab Vidhan Sabha
Digitized by;
Panjab Digital Library

ਇਕ ਮਾਨਯੋਗ ਮੈਂਬਰ : ਚਲੋ ਦਰਸ਼ਨ ਪਰਸ਼ਨ ਹੀ ਸਹੀ। (ਹਾਸਾ)

**ਸਰਦਾਰ ਸੁਰਜੀਤ ਸਿੰਘ ਅਟਵਾਲ (ਫਿਲੌਰ)** : ਸਪੀਕਰ ਸਾਹਿਬ, ਮੈਂ ਐਪ੍ਰੋਪ੍ਰੀਏਸ਼ਨ ਬਿਲ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਡੀਟੇਲ ਵਿਚ ਜਾਣ ਦਾ ਮੌਕਾ ਨਹੀਂ ਹੈ ਅਤੇ ਨਾਂ ਹੀ ਕੋਈ ਡੀਟੇਲਾਂ ਦਿਤੀਆਂ ਹੀ ਗਈਆਂ ਹਨ...(ਵਿਘਨ) ਮੈਂ ਕਿਸੇ ਨੂੰ ਇੰਟਰਪਟ ਨਹੀਂ ਕੀਤਾ, ਇਸ ਲਈ ਮੈਨੂੰ ਇੰਟਰਪਟ ਨਾ ਕੀਤਾ ਜਾਵੇ। ਤੁਸੀਂ ਹੁਕਮ ਕੀਤਾ ਹੈ ਕਿ ਟਾਈਮ ਥੋੜਾ ਹੈ। ਇਸ ਲਈ ਮੇਰੇ ਲਈ ਇੰਨਾ ਹੀ ਮੌਕਾ ਹੈ ਕਿ ਮੈਂ ਆਖ ਸਕਾਂ ਕਿ ਮੈਨੂੰ ਬੋਲਣ ਲਈ ਮੌਕਾ ਮਿਲਿਆ ਹੈ। ਮੈਂ, ਸਪੀਕਰ ਸਾਹਿਬ, ਸਰਕਾਰ ਦੀ ਨੁਕਤਾਚੀਨੀ ਨਹੀਂ ਕਰਾਂਗਾ ਕਿਉਂਕਿ ਸਰਕਾਰ ਨੂੰ ਅਜੇ ਟਾਈਮ ਹੀ ਨਹੀਂ ਮਿਲਿਆ ਕੰਮ ਕਰਨ ਦਾ ਜੋ ਕੁਝ ਇਹ ਕਰਨਗੇ ਸਾਹਮਣੇ ਜਲਦੀ ਹੀ ਆ ਜਾਵੇਗਾ। ਜਲਦੀ ਹੀ ਪਤਾ ਲਗ ਜਾਵੇਗਾ ਕਿ ਇਹ ਆਪਣੀ ਜ਼ਿੰਮੇਵਾਰੀ ਕਿਸ ਤਰ੍ਹਾਂ ਪੂਰੀ ਕਰਦੇ ਹਨ। ਹੋਰ ਮੈਂ ਇਕ ਜ਼ਰੂਰੀ ਅਰਜ਼ ਕਰਨਾ ਚਾਹੁੰਦਾ ਹਾਂ। ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਇਥੇ ਸਰਕਾਰਾਂ ਜਲਦੀ ਜਲਦੀ ਬਦਲਦੀਆਂ ਰਹਿੰਦੀਆਂ ਹਨ। ਜਲਦੀ ਜਲਦੀ ਟੁਟਦੀਆਂ ਰਹਿੰਦੀਆਂ ਹਨ। ਕਿਸੇ ਸਰਕਾਰ ਨੂੰ ਇਤਨਾ ਸਮਾਂ ਨਹੀ ਮਿਲਦਾ ਕਿ ਉਹ ਬੈਠ ਕੇ ਵਿਚਾਰ ਕਰ ਸਕੇ ਕਿ ਜਿਵੇਂ ਹੋਰ ਸਟੇਟਾਂ ਸੈਂਟਰਲ ਸਰਕਾਰ ਤੋਂ ਇੰਡਸਟਰੀ ਵਾਸਤੇ ਪੈਸੇ ਲੈਂਦੀਆਂ ਹਨ ਅਸੀਂ ਵੀ ਲੈ ਸਕੀਏ। ਇਸ ਲਈ ਮੈਂ ਕਿਸੇ ਵੀ ਪਾਰਟੀ ਨੂੰ ਵਧਾਈ ਨਹੀਂ ਦੇ ਸਕਦਾ ਕਿ ਕਿਸੇ ਪਾਰਟੀ ਨੇ ਸੈਂਟਰ ਕੋਲੋਂ ਆਪਣੇ ਹੱਕ ਲਏ ਹੋਣ। ਦੂਜਰੇ ਸ਼ਹਿਰਾਂ ਵਿਚ ਜੋ ਕਿ ਦੂਸਰੀਆਂ ਸਟੇਟਾਂ ਵਿਚ ਹਨ ਗਿਆਰਾਂ, ਗਿਆਰਾਂ ਸੌ ਕਰੋੜ ਰੁਪਏ ਇੰਡਸਟਰੀ ਲਈ ਖਰਚ ਕੀਤੇ ਗਏ ਹਨ। ਪਰ ਇਥੇ 33 ਜਾਂ 49 ਕਰੋੜ ਜੋ ਭਾਖੜੇ ਜਾਂ ਫਰਟੇਲਾਈਜ਼ਰ ਦੀ ਫੈਕਟਰੀ ਲਈ ਖਰਚ ਕੀਤਾ ਗਿਆ ਉਹ ਵੀ ਸਾਡੇ ਕੋਲੋਂ ਖੋਹ ਲਿਆ ਗਿਆ। (ਸਰਕਾਰੀ ਬੈਂਚਾਂ ਵਲੋਂ : ਅਫ਼ਸੋਸ, ਅਫ਼ਸੋਸ ਪਰ ਉਸ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਹੈ ? ਕਿਸ ਪਾਰਟੀ ਦੀ ਇਹ ਜ਼ਿਮੇਦਾਰੀ ਹੈ ? (ਵਿਘਨ) (ਵਿਰੋਧੀ ਪੱਖ ਵਲੋਂ ਅਵਾਜ਼ਾਂ : ਕਾਂਗਰਸ ਪਾਰਟੀ ਦੀ) ਆਪਣੇ ਦਿਲਾਂ ਵਿਚ ਝਾਤੀ ਮਾਰ ਕੇ ਦੇਖੋ। ਮੈਂ ਇਸ ਸਾਈਡ ਵਲ ਨਹੀਂ ਸੀ ਆਉਣਾ ਚਾਹੁੰਦਾ ਪਰ ਤੁਸੀਂ ਮੈਨੂੰ ਮਜਬੂਰ ਕਰ ਦਿੱਤਾ ਹੈ। ਪੰਜਾਬੀ ਸੂਬਾ ਕਿਸ ਪਾਰਟੀ ਨੇ ਮੰਗਿਆ ਸੀ ? ਪੰਜਾਬੀ ਸੂਬਾ ਅਕਾਲੀ ਪਾਰਟੀ ਨੇ ਮੰਗਿਆ ਹੈ।

**ਸ੍ਰੀ ਰੂਪ ਲਾਲ** : ਪੁਆਇੰਟ ਆਫ ਆਰਡਰ, ਸਰ। ਆਨਰੇਬਲ ਮੈਂਬਰ ਗੱਲਤ ਕਹਿ ਰਹੇ ਹਨ। ਪੰਜਾਬੀ ਸੂਬਾ ਸਾਰੀਆਂ ਪਾਰਟੀਆਂ ਨੇ ਮੰਗਿਆ ਸੀ।

**ਸਰਦਾਰ ਸੁਰਜੀਤ ਸਿੰਘ ਅਟਵਾਲ** : ਸ੍ਰੀ ਰੂਪ ਲਾਲ ਜੀ ਨੇ ਕਿਹਾ ਪੰਜਾਬੀ ਸੂਬਾ ਸਾਰੀਆਂ ਪਾਰਟੀਆਂ ਨੇ ਮੰਗਿਆ ਸੀ ਪਰ ਮੈਂ ਇਕ ਚੀਜ਼ ਜ਼ਰੂਰ ਕਹਾਂਗਾ ਕਿ ਇਸ ਤੇ ਕਾਂਗਰਸ ਪਾਰਟੀ ਨੇ ਜ਼ੋਰ ਨਹੀਂ ਪਾਇਆ ਸੀ। ਅਗਰ ਪੰਜਾਬੀ ਸੂਬਾ ਲੈਣਾ ਸੀ ਤਾਂ ਰਿਜਨਲ ਫਾਰਮੂਲੇ ਦੇ ਅਧਾਰ ਤੇ ਲੈਣਾ ਚਾਹੀਦਾ ਸੀ......(ਘੰਟੀ ਦੀ ਆਵਾਜ਼)।

ਜੇ ਪੰਜਾਬੀ ਸੂਬਾ, ਇਹ ਮੰਗ ਕਰ ਰਹੀਆਂ ਪਾਰਟੀਆਂ ਦੇ ਅਨੁਸਾਰ ਠੀਕ ਨਹੀਂ ਸੀ, ਤਾਂ ਉਨ੍ਹਾਂ ਨੇ ਕੁਰਬਾਨੀਆਂ ਕਿਉਂ ਨਹੀਂ ਦਿੱਤੀਆਂ। (ਸ਼ੋਰ)

**Mr. Speaker** : Sardar Surjit Singh, please take your seat.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਰਜੀਤ ਸਿੰਘ ਅਟਵਾਲ:**—ਟਾਈਮ ਹੋ ਗਿਆ ਜੀ ?

**Mr. Speaker** : Please take your seat.

**ਸਰਦਾਰ ਸੁਰਜੀਤ ਸਿੰਘ ਅਟਵਾਲ** : ਮੈਂ ਰਿਕੁਐਸਟ ਕਰਾਂਗਾ ਕਿ ਪੰਜ ਮਿੰਟ ਹੋਰ ਦੇ ਦਿਉ ਪੰਜਾਬੀ ਸੂਬੇ ਬਾਰੇ ਹਾਲੇ ਕਈ ਚੀਜ਼ਾਂ ਲੈਣੀਆਂ ਰਹਿ ਗਈਆਂ ਹਨ। ਇਸ ਬਾਰੇ ਮੈਂ ਅਰਜ਼ ਕਰਾਂਗਾ ਕਿ ਸਰਕਾਰ ਨੂੰ ਕੁਰਬਾਨੀਆਂ ਦੇਣੀਆਂ ਚਾਹੀਦੀਆਂ ਹਨ। ਚੰਡੀਗੜ੍ਹ ਵਗੈਰਾ ਜਿਹੜੀਆਂ ਚੀਜ਼ਾਂ ਲੈਣੀਆਂ ਰਹਿ ਗਈਆਂ ਹਨ ਉਨ੍ਹਾਂ ਨੂੰ ਲੈਣ ਵਾਸਤੇ ਉਹ ਲੀਡਰ ਜਿਨ੍ਹਾਂ ਨੇ ਪੰਜਾਬੀ ਸੂਬਾ ਲਿਆ ਸੀ ਹੁਣ ਅੱਗੇ ਆਉਣ ਅਤੇ ਮੈਂ ਵੀ ਉਨ੍ਹਾਂ ਨਾਲ ਕੁਰਬਾਨੀ ਦੇਣ ਤੋਂ ਪਿਛੇ ਨਹੀਂ ਰਹਾਂਗਾ।—(ਸ਼ੋਰ) (ਘੰਟੀ)

**ਸ਼੍ਰੀ ਸਪੀਕਰ** : **ਪਲੀਜ਼ ਵਾਈਂਡ ਅਪ।** ਮਨਿਸਟਰ ਸਾਹਿਬ ਨੇ ਵੀ ਜਵਾਬ ਦੇਣਾ ਹੈ। ਪਲੀਜ਼ ਟੇਕ ਯੋਅਰਸੀਟ। (Please wind up. The Minister has also to give reply. Please take your seat).

**ਸਰਦਾਰ ਬੇਅੰਤ ਸਿੰਘ** : ਤੁਸੀਂ ਇੰਡੀਪੈਂਡੈਂਟ ਮੈਂਬਰਾਂ ਨੂੰ ਤਾਂ ਟਾਈਮ ਬਹੁਤ ਥੋੜ੍ਹਾ ਦਿੰਦੇ ਹੋ।

**Mr. Speaker** : Please take your seat.

**ਸਰਦਾਰ ਸੁਰਜੀਤ ਸਿੰਘ ਅਟਵਾਲ** : ਇਹ ਤਾਂ ਠੀਕ ਗੱਲ ਨਹੀਂ। ਜੇ ਚੀਫ਼ ਮਨਿਸਟਰ ਸਾਹਿਬ ਚਾਰ ਕਰੋੜ ਰੁਪਏ ਦੇ ਟੈਕਸ ਛਡਣ ਤੇ ਬੋਲਣ ਲਗੇ ਤਾਂ ਉਨ੍ਹਾਂ ਨੂੰ ਤਾਂ ਅਲਾਉ ਕਰ ਦਿੱਤਾ ਗਿਆ ਪਰ ਜੋ ਕੁਝ ਅਸੀਂ ਪਰੂਵ ਕਰਨ ਲਗੇ ਹਾਂ ਤਾਂ ਟਾਈਮ ਨਹੀਂ ਦਿੱਤਾ ਜਾਂਦਾ।

**ਸ਼੍ਰੀ ਸਪੀਕਰ** : ਹੁਣ ਮੈਂ ਫਾਈਨੈਂਸ ਮਨਿਸਟਰ ਨੂੰ ਕਹਾਂਗਾ ਕਿ ਉਹ ਦਸ ਮਿੰਟ ਲਈ ਬੋਲਣ। (Now I would request the Finance Minister to give a reply to the discussion within ten minutes.)

**ਵਿੱਤ ਮੰਤਰੀ (ਸ਼੍ਰੀ ਕ੍ਰਿਸ਼ਨਲਾਲ)** : ਇਹ ਮੈਂਬਰ ਸਾਹਿਬਾਨ ਨੇ ਐਪਰੋਪਰੀਏਸ਼ਨ ਬਿਲ ਉਤੇ ਜਿਹੜੇ ਸੁਝਾਉ ਦਿਤੇ ਹਨ ਉਨ੍ਹਾਂ ਦੇ ਬਾਰੇ ਮੈਂ ਸਰਕਾਰ ਦੇ ਪੁਆਇੰਟ ਸਦਨ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। ਸਰਦਾਰ ਉਮਰਾਉ ਸਿੰਘ ਨੇ ਇਹ ਗਲ ਕਹੀ ਕਿ ਸੈਂਟਰਲ ਅਤੇ ਸਟੇਟ ਗੌਰਮੈਂਟ ਦੇ ਰਿਲੇਸ਼ਨ ਅੱਛੇ ਹੋਣੇ ਚਾਹੀਦੇ ਹਨ ਅਤੇ ਸੈਂਟਰਲ ਗੌਰਮੈਂਟ ਨੂੰ ਜ਼ਿਆਦਾ ਫੰਡਜ਼ ਵਾਸਤੇ ਅਪਰੋਚ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਪੰਜਾਬ ਦੀ ਡਿਵੈਲਪਮੈਂਟ ਹੋਵੇ ਅਤੇ ਟਰੈਕਟਰ ਅਤੇ ਫਰਟੇਲਾਈਜ਼ਰ ਫੈਕਟਰੀਆਂ ਲਗ ਸਕਣ। ਮੈਂ ਇਸ ਹਾਊਸ ਨੂੰ ਅਸ਼ੋਅਰ ਕਰਦਾ ਹਾਂ ਕਿ ਇਸ ਵਾਸਤੇ ਕਿ ਪੰਜਾਬ ਸਰਕਾਰ ਸੈਂਟਰਲ ਗੌਰਮੈਂਟ ਕੋਲੋਂ ਜ਼ਿਆਦਾ ਗਰਾਂਟ ਲਏ, ਅਸੀਂ ਕਾਫੀ ਕਾਂਸਿਅਸ ਹਾਂ ਤੇ ਕਾਫ਼ੀ ਸੀਰੀਅਸ ਹਾਂ। ਮੈਂ ਸਾਰੇ ਹਾਊਸ ਨੂੰ ਕਹਿੰਦਾ ਹਾਂ ਕਿ ਇਸ ਪਰਾਬਲਮ ਤੇ ਸਾਰੀਆਂ ਪਾਰਟੀਆਂ ਵਿਚ ਕੋਈ ਇਖਤਲਾਫ ਨਹੀਂ ਹੋਣਾ ਚਾਹੀਦਾ ਹੈ। ਇਹ ਹਾਊਸ ਸਾਰਾ ਮਿਲ ਕੇ ਸਾਨੂੰ ਤਾਕਤ ਬਖਸ਼ੇ ਤਾ ਕਿ ਅਸੀਂ ਸਾਰੇ ਪੰਜਾਬ ਵਲੋਂ ਸੈਂਟਰਲ ਗੌਰਮੈਂਟ ਨਾਲ ਪੰਜਾਬ

Original with;
Punjab Vidhan Sabha
Digitized by;
Panjab Digital Library

ਦੇ ਮਸਲੇ ਉਤੇ ਵਧ ਤੋਂ ਵਧ ਫੰਡਜ਼ ਲੈਣ ਲਈ ਲੜਾਈ ਲੜ ਸਕੀਏ। ਟਰੈਕਟਰ ਫੈਕਟਰੀ, ਫਰਟੇਲਾਈਜ਼ਰ ਫੈਕਟਰੀ ਅਤੇ ਅਟੌਮਿਕ ਐਨਰਜੀ ਪਲਾਂਟ ਲੈਣ ਲਈ ਅਸੀਂ ਕਾਫੀ ਕੋਸ਼ਿਸ਼ ਕਰ ਰਹੇ ਹਾਂ। ਮੈਂ ਸਮਝਦਾ ਹਾਂ ਕਿ ਇਸ ਬਾਰੇ ਸਾਨੂੰ ਸਾਰੇ ਹਾਊਸ ਦਾ ਸਾਥ ਮਿਲੇ ਤਾਂ ਜੋ ਅਸੀਂ ਆਪਣੀ ਕੋਸ਼ਿਸ਼ ਵਿਚ ਕਾਮਯਾਬ ਹੋ ਸਕੀਏ। A

**ਕਈ ਆਵਾਜ਼ਾਂ :** ਹਾਊਸ ਜ਼ਰੂਰ ਸਾਥ ਦੇਵੇਗਾ।

**ਵਿੱਤ ਮੰਤਰੀ :** ਦੂਜੀ ਗੱਲ ਇਹ ਕਹੀ ਗਈ ਕਿ ਲੁਧਿਆਣਾ ਦੀ ਐਗਰੀਕਲਚਰਲ ਯੂਨੀਵਰਸਟੀ ਦਾ ਕਾਮਨ ਲਿੰਕ ਖਤਮ ਕਰਨਾ ਚਾਹੀਦਾ ਹੈ। ਇਹ ਪੰਜਾਬ ਨੂੰ ਮਿਲ ਜਾਣੀ ਚਾਹੀਦੀ ਹੈ। ਇਸ ਬਾਰੇ ਮੈਂ ਅਰਜ਼ ਕਰਾਂ ਕਿ ਸੈਂਟਰਲ ਗੌਰਮੈਂਟ ਦਾ ਲੈਜਿਸਲੇਸ਼ਨ ਹੈ। ਹਰਿਆਣਾ ਅਸੈਂਬਲੀ ਨੇ ਇਹ ਰੈਜ਼ੋਲਿਊਸ਼ਨ ਪਾਸ ਕਰ ਦਿਤਾ ਹੈ ਕਿ ਐਗਰੀਕਲਚਰਲ ਯੂਨੀਵਰਸਟੀ ਦਾ ਕਾਮਨ ਲਿੰਕ ਖ਼ਤਮ ਹੋ ਜਾਣਾ ਚਾਹੀਦਾ ਹੈ। ਹੁਣ ਪੰਜਾਬ ਸਰਕਾਰ ਅਜਿਹਾ ਰੈਜ਼ੋਲਿਊਸ਼ਨ ਲੈ ਆਵੇ। ਮੈਂ ਸਮਝਦਾ ਹਾਂ ਕਿ ਅਸੀਂ ਕੈਬਨਿਟ ਲੈਵਲ ਤੇ ਵਿਚਾਰ ਕਰ ਲਈਏ ਫੇਰ ਇਹ ਲਿੰਕ ਖ਼ਤਮ ਹੋ ਜਾਵੇਗਾ। ਇਹ ਕਾਮਨ ਲਿੰਕ ਤੋੜਦਿਆਂ ਕਾਫੀ ਸਮਸਿਆਵਾਂ ਤਾਂ ਆਉਣਗੀਆਂ ਪਰ ਜਦ ਹਰਿਆਣਾ ਵਾਲੇ ਇਨ੍ਹਾਂ ਨੂੰ ਨਹੀਂ ਚਾਹੁੰਦੇ ਤਾਂ ਪੰਜਾਬ ਵਾਲੇ ਇਸ ਨੂੰ ਕਿਉਂ ਚਾਹੁਣਗੇ।

ਇਕ ਗਲ ਕਹੀ ਗਈ ਕਿ ਗੁਰੂ ਨਾਨਕ ਫਾਊਂਡੇਸ਼ਨ ਤੇ ਸਪਲੀਮੈਂਟਰੀ ਗਰਾਂਟਸ ਦਾ ਜ਼ਿਕਰ ਆਇਆ ਕਿ 12 ਲੱਖ ਰੁਪਿਆ ਕਿਸਨੂੰ ਦਿਤਾ ਜਾਵੇਗਾਂ। ਮੈਂ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਕ ਰਜਿਸਟਰਡ ਬਾਡੀ ਹੈ। ਇਹਦੇ ਆਫਿਸ ਬੇਅਰਜ਼ ਹਨ। ਇਹ ਪੈਸੇ ਰੂਲਜ਼ ਦੇ ਮੁਤਾਬਕ ਦਿਆਂਗੇ। (ਸ਼ੋਰ)

ਰਜਿਸਟਰਡ ਬਾਡੀ ਹੋਣ ਦੇ ਬਾਅਦ ਪੈਸੇ ਕਿਸਨੂੰ ਦਿਆਂਗੇ, ਇਹ ਕੋਈ ਮੁਸ਼ਕਲ ਗਲ ਨਹੀਂ ਹੈ। ਰਜਿਸਟਰਡ ਬੌਡੀ ਦੇ ਔਫਿਸ ਬੇਅਰਜ਼ ਹਨ, ਉਨ੍ਹਾਂ ਨੂੰ ਰੂਲਜ ਦੇ ਮੁਤਾਬਿਕ ਪੈਸੇ ਦਿਆਂਗੇ ਅਤੇ ਰੂਲਜ਼ ਦੀ ਵਾਇਉਲੇਸ਼ਨ ਨਹੀਂ ਹੋਣ ਦਿਆਂਗੇ।

ਇਸਦੇ ਬਾਅਦ ਚੌਧਰੀ ਬਲਬੀਰ ਸਿੰਘ ਜੀ ਨੇ ਡਿਗਰੀਆਂ ਜਿਹੜੀਆਂ ਹੁੰਦੀਆਂ ਹਨ, ਉਸ ਬਾਰੇ ਗਲ ਕਹੀ। ਮੈਂ ਪਿਛਲੀ ਵਾਰ ਵੀ, ਕੁਝ ਦਿਨ ਹੋਏ ਹਨ, ਇਸ ਹਾਊਸ ਵਿਚ ਐਸ਼ੋਅਰ ਕੀਤਾ ਸੀ ਕਿ ਡਿਗਰੀ ਦੇ ਮਾਮਲੇ ਤੇ ਜੋ ਕੁਝ ਅਫਸਰਾਂ ਦੀ ਕੋਤਾਹੀ ਹੋਈ ਹੈ ਇਸ ਦੇ ਬਾਰੇ ਸਰਕਾਰ ਬੜੀ ਸੀਰੀਅਸ ਹੈ, ਵਿਚਾਰ ਕਰ ਰਹੀ ਹੈ। ਜੇ ਅਫਸਰਾਂ ਵਲੋਂ ਇਨਸਾਫ ਨਾ ਮਿਲੇ ਤਾਂ ਕਰਮਚਾਰੀ ਕਚਹਿਰੀਆਂ ਵਿਚ ਜਾ ਕੇ ਇਨਸਾਫ ਲੈਣਗੇ। ਅਜਿਹੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ।

ਇਸ ਦੇ ਇਲਾਵਾ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਸਪਲੀਮੈਂਟਰੀ ਐਸਟੀਮੇਟ ਦੀ ਲੋੜ ਨਹੀਂ ਪੈਣੀ ਚਾਹੀਦੀ ਔਰ ਇਹ ਸਪਲੀਮੈਂਟਰੀ ਐਸਟੀਮੇਟ ਅਗਰ ਆਉਂਦੇ ਹਨ ਤਾਂ ਗੌਰਮਿੰਟ ਦੀ ਇਨਐਫੀਸ਼ੈਂਸੀ ਨਾਲ ਆਉਂਦੇ ਹਨ। ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਕੁਝ ਸੈਂਟਰ ਦੀਆਂ ਸਕੀਮਾਂ ਬਜਟ ਪਾਸ ਹੋਣ ਦੇ ਬਾਅਦ ਆਉਂਦੀਆਂ ਹਨ, ਜਿਨ੍ਹਾਂ ਨੂੰ ਅਸੀਂ ਮੇਨ ਬਜਟ ਵਿਚ ਪ੍ਰੋਵਾਈਡ ਨਹੀਂ ਕਰ ਸਕਦੇ। ਇਸ ਦੇ ਇਲਾਵਾ ਹੋਰ ਵੀ ਗੱਲਾਂ ਹਨ। ਪਿਛਲੇ ਸਾਲ ਦੀ ਪੇ ਕਮਿਸ਼ਨ ਦੀ ਰਿਪੋਰਟ ਹੈ। ਮੈਂ ਕਹਿੰਦਾ ਹਾਂ ਕਿ ਗੌਰਮਿੰਟ ਇਨ੍ਹਾਂ ਸਾਰੀਆਂ ਗਲਾਂ ਨੂੰ ਫੋਰਸੀ ਨਹੀਂ ਕਰ ਸਕਦੀ ਸੀ। ਮੈਂ ਸਾਰੇ ਹਾਊਸ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਢੇ ਤਿੰਨ ਕਰੋੜ ਰੁਪਏ ਦਾ

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ** :—

ਟੋਟਲ ਵਾਧੂ ਬੋਝ ਖਜ਼ਾਨੇ ਤੇ ਪਵੇਗਾ । ਇਹ ਕੋਈ ਅਜਿਹੀ ਚੀਜ਼ ਨਹੀਂ ਜਿਸ ਤੇ ਚਿੰਤਾ ਕਰਨ ਦੀ ਲੋੜ ਹੋਵੇ । (ਚੌਧਰੀ ਬਲਬੀਰ ਸਿੰਘ ਵਲੋਂ ਵਿਘਨ) ਮੈਂ ਡਿਗਰੀ ਦੇ ਮੁਤੱਲਕ ਪਹਿਲੇ ਹੀ ਕਹਿ ਚੁਕਿਆ ਹਾਂ ਕਿ ਅਸੀਂ ਇਸ ਬਾਰੇ ਬੜੇ ਸੀਰੀਅਸ ਹਾਂ ਤਾਂਕਿ ਗੌਰਮਿੰਟ ਸਰਵੈਂਟਸ ਨੂੰ ਇਸ ਤੇ ਔਕੜ ਪੇਸ਼ ਨਾ ਆਵੇ ।

ਪੰਜਾਬੀ ਸੂਬੇ ਦੇ ਮੁਤੱਲਕ ਕਿਹਾ ਗਿਆ ਹੈ ਕਿ ਇਹ ਪੂਰਾ ਨਹੀਂ ਹੈ, ਲੰਗੜਾ ਹੈ । ਮੈਨੂੰ ਬੜੀ ਖੁਸ਼ੀ ਹੈ ਕਿ ਅੱਜ ਕਾਂਗਰਸ ਬੈਂਚਾਂ ਵਲੋਂ ਇਹ ਆਵਾਜ਼ ਉਠਾਈ ਗਈ ਹੈ । ਮੈਂ ਅਰਜ਼ ਕਰਦਾ ਹਾਂ ਕਿ ਅਗਰ ਬਾਕੀ ਪਾਰਟੀਆਂ ਵੀ ਇਸ ਨਾਲ ਮੁਤਫਿਕ ਹੋਣ ਤਾਂ ਅਸੀਂ ਸੈਂਟਰ ਗੌਰਮਿੰਟ ਪਾਸ ਇਨਸਾਫ ਲੈਣ ਲਈ ਮਿਲਕੇ ਕਦਮ ਉਠਾਵਾਂਗੇ । (ਤਾੜੀਆਂ) ਅੰਤ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਐਪਰੋਪਰੀਏਸ਼ਨ ਬਿੱਲ ਹਾਊਸ ਦੇ ਸਾਹਮਣੇ ਹੈ, ਇਸ ਨੂੰ ਪਾਸ ਕਰ ਦਿੱਤਾ ਜਾਵੇ ।

**ਸ਼੍ਰੀ ਰੂਪ ਲਾਲ** : ਪੁਆਇੰਟ ਆਫ ਆਰਡਰ, ਸਰ ।

1·00 P. M.

**Mr. Speaker** : No point of order. Now guillotine would be applied.

**Mr. Speaker :** Question is—

That the Punjab Appropriation Bill be taken into consideration atonce

*The motion was carried.*

Class 2.

**Mr. Speaker** : Question is—

That clause 2 stand part of the bill.

*The motion was carried.*

Clause 3.

**Mr. Speaker** : Question is—

That Clause 3 stand part of the Bill.

*The motion was carried.*

SCHEDULE

**Mr. Speaker** : Question is—

That the Schedule stand part of the Bill.

*The motion was carried*

Clause 1

**Mr. Speaker** : Question is—

That Clause 1 stand part of the Bill.

*The motion was carried.*

TITLE

**Mr. Speaker** : Question is—

That the title be the title of the Bill.

*The motion was carried.*

**Mr. Speaker :** Question is—

That the Punjab Appropriation Bill be passed.

*The motion was carried.*

**Mr. Speaker** : The House stands adjourned till 10-30 A.M. on Tuesday, the 25th March, 1969,

1.00 P.M.

(*The Sabha then adjourned till* 10·30 *A.M. on Tuesday, the 25th March,* 1969)

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*"C" 1969*

Published under the authority of the Punjab Vidhan Sabha. Printed by Sh. Sohan Lal Khanna, Mangg. Prop. Swan Printing Press, Adda Tanda, Jullundur City.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

25th March, 1969

**Vol. I—No. 9**

Chief Reporter
Punjab Vidhan Sabha
Chandigarh

## OFFICIAL REPORT

GOVT. PUNJAB

**CONTENTS**

*Tuesday, the 25th March, 1969.* Page

Starred Questions and Answers ... (9) 1

Announcement by the Speaker—Regarding arrest of an M.L.A.... ... (9)34

Presentation of Budget for the year 1969-70 and the Vote on Account for four months viz. April, May, June and July, 1969 ... (9)35

**Punjab Vidhan Sabha Secretariat, Chandigarh.**

**Price : Rs. 3.95**

Original with;
Punjab Vidhan Sabha
Digitized by;
Panjab Digital Library

Original wi
Punjab Vid Sabha
Digitized b
Panjab Dig Library

# Errata

to

**Punjab Vidhan Sabha**

**Debates**

25th March, 1969

Vol. I—No. 9

| *Read* | *For* | *Page* | *Line* |
|---|---|---|---|
| Within | Witnin | (9)5 | 10th from below |
| Departments | Departnents | (9)8 | 1 (col. No. 4) |
| Representations | Re Resentations | (9)14 | 12 |
| ਤਦਾਰ ਗੁਰਨਾਮ ਸਿੰਘ | ਸਰਦਾਰ ਗੁਰਨਮ ਸਿੰਘ | (9)14 | 13th from below |
| ਜਾਇਗੀ | ਜਾਗੀ | (9)21 | 8 |
| ਿਨ | f ਨ | (9)25 | 11th from below |
| ਸਰਕਾਰ | ਸਰਕਾ | (9)29 | 9th from below |
| ਕੈਟੇਗਰਾਈਜ਼ੇਸ਼ਨ | ਕੈਟੇਗਾਈਜ਼ੇਸ਼ਨ | (9)29 | 5th from below |
| ਕਾਮਰੇਡ ਬਾਬੂ ਸਿੰਘ ਮਾਸਟਰ | ਕਾਮਰੇਡ ਬਾਬੂ ਸਿੰਘ ਮਸਟਰ | (9)30 | 10 |
| Graduate | G aduate | (9)30 | Last but one |
| Through | Though | (9)32 | 8th from below |
| 800 | 8·0 | (9)38 | 6 |
| ਲਖਾਂ | ਲਕਾਂ | (9)39 | 1 |

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

**Tuesday the 25th March, 1969**

The Sabha met in the Hall of the Vidhan Bhavan, Sector-1, Chandigarh, at 10.30 A.M. of the Clock. Mr. Speaker (Sardar Darbara Singh) in the Chair.

### STARRED QUESTIONS AND ANSWERS
**Supplementaries to Starred Question No. 74.**

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਕਲ ਅਰਜ਼ ਕੀਤੀ ਸੀ ਕਿ ਮੈਂ ਇਸ ਸਵਾਲ ਤੇ ਸਪਲੀਮੈਂਟਰੀ ਸਵਾਲ ਕਰਨਾ ਚਾਹੁੰਦਾ ਹਾਂ ਲੇਕਿਨ ਰੈਵਿਨਿਊ ਮਨਿਸਟਰ ਸਾਹਿਬ ਨਾਲ ਮੇਰੀ ਮੁਲਾਕਾਤ ਹੋ ਗਈ ਹੈ। ਮੇਰੇ ਤੌਖਲੇ ਦੂਰ ਹੋ ਗਏ ਹਨ। ਇਸ ਲਈ ਮੈਂ ਹੁਣ ਹਾਊਸ ਦਾ ਸਮਾਂ ਜ਼ਾਇਆ ਨਹੀਂ ਕਰਨਾ ਚਾਹੁੰਦਾ।

**ਸਰਦਾਰ ਗੁਰਬੰਤਾ ਸਿੰਘ :** ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ ਜਿਨ੍ਹਾਂ ਲੋਕਾਂ ਦਾ 1965 ਤੋਂ ਕਿਸੇ ਨਿਕਾਸੀ ਜ਼ਮੀਨ ਤੇ ਕਬਜ਼ਾ ਹੈ, ਉਨ੍ਹਾਂ ਨੂੰ ਰੀਜ਼ਰਵ ਪ੍ਰਾਈਸ ਤੇ ਜ਼ਮੀਨ ਖਰੀਦਣ ਦੀ ਖੁਲ੍ਹ ਦਿਤੀ ਗਈ ਹੈ। ਕੀ ਮਨਿਸਟਰ ਸਾਹਿਬ ਦਸਣਗੇ ਕਿ ਪਿਛਲੀ ਸਰਕਾਰ ਨੇ ਇਹ ਜ਼ਮੀਨਾਂ ਹਰੀਜਨਾਂ ਨੂੰ ਵੰਡਣ ਵਾਸਤੇ ਫੈਸਲਾ ਨਹੀਂ ਸੀ ਕੀਤਾ ?

**ਮਾਲ ਮੰਤਰੀ :** ਜਿਹੜੇ ਲੋਕ ਨਜਾਇਜ਼ ਕਾਬਜ਼ ਹਨ ਉਨ੍ਹਾਂ ਦੇ ਮੁਤੱਲਿਕ ਸਾਰੀ ਰਿਪੋਰਟ ਦਿੱਤੀ ਗਈ ਹੈ। ਆਨਰੇਬਲ ਮੈਂਬਰ ਸਾਹਿਬ ਸਾਰਾ ਜਵਾਬ ਪੜ੍ਹ ਲੈਣ।

**ਸਰਦਾਰ ਗੁਰਬੰਤਾ ਸਿੰਘ :** ਸਪੀਕਰ ਸਾਹਿਬ, ਮੈਂ ਸਾਰਾ ਜਵਾਬ ਪੜ੍ਹਿਆ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਨਿਕਾਸੀ ਜ਼ਮੀਨ ਦਾ ਫੈਸਲਾ ਜਿਹੜਾ ਹਰੀਜਨਾਂ ਨੂੰ ਵੰਡਣ ਦਾ ਕੀਤਾ ਗਿਆ ਸੀ, ਇਹ ਕਿਉਂ ਤਬਦੀਲ ਹੋਇਆ ਹੈ। (ਵਿਘਨ)

**ਸਰਦਾਰ ਉਮਰਾਓ ਸਿੰਘ :** ਇਹ ਕੋਈ ਜਵਾਬ ਨਹੀਂ ਦੇਣਾ ਚਾਹੁੰਦੇ। ਸਪੀਕਰ ਸਾਹਿਬ, ਇਸ ਜਵਾਬ ਵਿਚ ਦਸਿਆ ਗਿਆ ਹੈ ਕਿ 1965 ਤੋਂ ਜਿਨ੍ਹਾਂ ਦਾ ਨਿਕਾਸੀ ਜ਼ਮੀਨ ਦਾ ਕਬਜ਼ਾ ਹੈ, ਉਨ੍ਹਾਂ ਨੂੰ ਇਹ ਜ਼ਮੀਨ ਰੀਜ਼ਰਵ ਕੀਮਤ ਤੇ ਦਿਤੀ ਜਾਵੇਗੀ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਸ ਢੰਗ ਨਾਲ ਦੇਖਣਗੇ ਕਿ ਕਬਜ਼ਾ ਠੀਕ ਹੈ ?

---

*Starred Question No. 74 and reply thereto appear in the Punjab Vidhan Sabha Debates Vol. 1. No. 8 dated 24.3.69.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਮੈਂ ਅਰਜ਼ ਕਰਦਾ ਹਾਂ ਕਿ ਗਿਰਦਾਵਰੀਆਂ ਹੋਣਗੀਆਂ ।

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਕਈ ਕੇਸਾਂ ਵਿਚ ਗਿਰਦਾਵਰੀਆਂ ਠੀਕ ਨਹੀਂ ਕੀਤੀਆਂ ਜਾਂਦੀਆਂ । ਕੀ ਇਸ ਸਬੰਧ ਵਿਚ ਗੌਰਮਿੰਟ ਕੋਈ ਗੌਰ ਕਰੇਗੀ ?

**ਮੁੱਖ ਮੰਤਰੀ :** ਜਿਹੜੀਆਂ ਗਿਰਦਾਵਰੀਆਂ ਠੀਕ ਨਹੀਂ ਹੁੰਦੀਆਂ, ਉਹ ਠੀਕ ਕਰਵਾਈਆਂ ਜਾ ਸਕਦੀਆਂ ਹਨ ।

**ਚੌਧਰੀ ਸੁੰਦਰ ਸਿੰਘ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਪਿਛਲੀ ਸਰਕਾਰ ਦਾ ਜੋ ਫੈਸਲਾ ਹੈ ਕਿ ਉਹ ਸਾਰੀ ਦੀ ਸਾਰੀ ਇਵੈਕੂਈ ਪਰਾਪਰਟੀ ਹਰੀਜਨਾਂ ਨੂੰ ਮਿਲੇਗੀ, ਉਸ ਸਬੰਧ ਵਿਚ ਗੌਰਮਿੰਟ ਕੀ ਕਰ ਰਹੀ ਹੈ ?

**ਮਾਲ ਮੰਤਰੀ :** ਨੋਟਿਸ ਦੇ ਦਿਉ ।

---

## SPECIAL CONCESSIONS FOR RESIDENTS OF VILLAGES SITUATED WITHIN 20 MILES OF INDO-PAK BORDER IN THE STATE

*79. **Major Harinder Singh** : Will the Chief Minister be pleased to state—

(a) whether the Government intends to grant any special concessions to the residents of villages situated within 20 miles of the Indo-Pakistan border in the State in order to ensure that they feel compensated for residing on the border ; if so, the details of such scheme be laid on the Table of the House ;

(b) if the reply to part (a) above be in the negative, the reasons for the same ?

**Sardar Atma Singh (Minister for Revenue and Rehabilitation)**

(a) Yes. The requisite information is given in the Statement laid on the Table of the House.

(b) In view of (a) above, question does not arise.

(ੲੇ) ਹਾਂ ਜੀ । ਲੋੜੀਂਦੀ ਸੂਚਨਾ ਸਭਾ ਦੀ ਮੇਜ਼ ਤੇ ਰਖੀ ਗਈ ਸਟੇਟਮੈਂਟ ਵਿਚ ਦਿਤੀ ਗਈ ਹੈ ।

(ਬੀ) ਉਪਰੋਕਤ (ੲੇ) ਵਿਚ ਦਸੇ ਅਨੁਸਾਰ ਸਵਾਲ ਪੈਦਾ ਹੀ ਨਹੀਂ ਹੁੰਦਾ ।

Original with;
Punjab Vidhan Sabha
Digitized by;
Panjab Digital Library

STATEMENT SHOWING RECOMMENDATIONS MADE IN THEIR REPORT BY THE AD-HOC SUB-COMMITTEE OF THE CABINET FOR THE WELFARE OF THE BORDER AREAS OF AMRITSAR, FEROZEPORE AND GURDASPUR DISTRICTS, ORDERS OF THE GOVERNMENT ON THESE RECOMMENDATIONS AND THE ACTION TAKEN SO FAR OR PROPOSED TO BE TAKEN ON THE GOVERNMENT ORDERS.

| S. No. | Recommendation | Orders of the Government | Action taken or proposed to be taken on Government orders. |
|---|---|---|---|
| (1) | (2) | (3) | (4) |
| 1. | **Grant of Industrial Loans.**<br>The proposal of the Industries Department that loans up to Rs. 25,000/- @ Rs. 2% and loans upto Rs. 50,000 @ Rs. 3% be granted for setting up new small scale cottage industries in the three border districts namely Amritsar, Ferozepore and Gurdaspur, was approved. The Industries Department will provide a sum of Rs. 2 lakhs for this purpose out of their sanctioned budget allotment and if more funds are needed, they would re-appropriate the amount from other funds. Similar provision would also be made by the Industries Department for the remaining three years of the Fourth Five Year Plan. | This recommendation was approved. | A sum of Rs. 2 lakhs has been earmarked in the Budget Estimates for the year 1968-69, for granting loans at low rates of interest. |
| 2. | **Remission of electricity duty for Agricultural and Industrial purposes.**<br>Electricity duty leviable on the energy supplied for tube-wells and pumping sets installed for agricultural purposes had already been exempted with effect from 1.10 64.<br>As regards the remission of electricity duty for industrial purposes, it was decided that 100% electricity duty for the new and expanding units be also remitted for a period of five years, in the border belt in the same manner as already allowed for industries located at focal points. The additional requirement of finances amounting to Rs. 3.25 lakhs was approved. | This recommendation was accepted in principle and the Government in the Irrigation and Power Deptt. was directed to examine the full implications of the scheme and to implement the recommendation in accordance with a phased programme which would be evolved in consultation with the C. M. | The matter is under the consideration of the Government in the Irrigation and Power Department. |

Original with;
Punjab Vidhan Sabha
Digitized by;
Panjab Digital Library

| (1) | (2) | (3) | (4) |
|---|---|---|---|
| 3. | **Education Concessions.** | | |
| | (*a*) **Opening of a Degree College in the Border area.** It was agreed that a new Degree College should be opened in the border belt at an estimated cost of Rs. 17.19 lakhs. | This recommendation was accepted in principle and the Education Department was directed to examine the full implications of the scheme and to implement the same in accordance with a phased programme which would be evolved in consultation with the C.M. | The matter is under the consideration of the Government in Education Department. |
| | (*b*) **Construction of School buildings at Government cost.** The Committee was of the view that the School buildings, whenever necessary in the border belt, should be constructed at Govt. cost The expenditure involved was estimated to the tune of Rs. 4.10 lakhs per year, during the current Plan period and the same was approved. | -do- | The Education Department proposes to provide a sum of Rs. 20 lakhs in the Draft Five Year Plan. |
| | (*c*) & (*d*) **Reservation of seats in Medical/Technical Colleges.** It was decided that 5% of the seats be reserved for the border area students in the Medical/Technical Colleges, subject to the condition that they hail from towns/villages with a population of 20,000 or less in the 20 miles border belt and that they studied for at least 5 years in the institutions located in such villages or towns. | This recommendation was approved. | Necessary instructions have since been issued to implement the recommendation. |
| 4. | **Opening of Mobile Dispensaries.** The scheme of the Department was considered. It was felt not practicable to have mobile dispensaries. However, the Sub-Committee approved that the existing dispensaries may be augmented at an estimated cost of Rs 36.75 lakhs as detailed below :—<br>1. Staff — Rs. 8,96 360/-<br>2. Vehicles. — Rs. 5,75,000/-<br>3. Medicines & equipment — Rs. 2,07,000/-<br>4. Buildings. — Rs. 10.00,000/-<br>Total — Rs. 36,75.360/-<br>It was further decided that this programme be achieved by phasing it over three years. | This recommendation was accepted in principle and the Health Department was directed to examine the full implications of the scheme and to implement the same in accordance with a phased programme which would be evolved in consultation with the C.M. | The matter is under the consideration of the Government in the Health Department. |

Original with;
Punjab Vidhan Sabha
Digitized by;
Panjab Digital Library

| (1) | (2) | (3) | (4) |
|---|---|---|---|
| 5. | **Special consideration for the grant of loans under LIGH/ MIGH Schemes.**<br><br>The proposal of the Department, that a sum of Rs. 25 lakhs may be allocated to the border districts for the grant of loans under LIGH and MIGH Schemes during the current year, was approved. | This recommendation was approved. | Out of Rs. 80 lakhs received from L I.C. through the Government of India, a sum of Rs. 26 lakhs has been allocated to the border districts as under :—<br><br>**District** **LIGH** **MIGH**<br>Rs. lakhs Rs. lakhs<br>AMRITSAR 9 00 3·00<br>FEROZEPUR 6 00 1·50<br>GURDASPUR 6·00 0 50<br>Total 21 00 5 00 |
| 6. | **100% and 50% remission of land revenue within belt of 10 miles and 20 miles respectively.**<br><br>It was indicated by the Financial Commissioner, Revenue that in case the land revenue is remitted 100% within the belt of 10 miles and 50% within the belt of 20 miles, from the International border, financial implications involved in the proposal would be to the tune of Rs. 15.11 lakhs and Rs 6.26 lakhs (Total Rs. 21.37 lakhs). Under this proposal the three border districts will be benefited as under :—<br>Amritsar : 40%<br>Ferozepore : 23%<br>Gurdaspur : 37%<br><br>The pr posal was considered and approved. | This recommendation was accepted in principle and Government in the Revenue Department was directed to examine the full implications of the scheme and to implement the same in accordance with a phased programme which would be evolved in consultation with the C.M. | The matter has been kept pending till the finances of the state permits. |

Original with;
Punjab Vidhan Sabha
Digitized by;
Panjab Digital Library

| (1) | (2) | (3) | (4) |
|---|---|---|---|
| 7. (a) | **Interest free loans for agricultural purposes.** | | |
| | (i) **Interest free loans for the installations of Tube-wells, pumping sets, digging of wells.** It was approved that for the purpose of installation of tube-wells, pumping sets, digging of wells, interest free loans may be advanced to the Agriculturists, Penal interest should, however, be charged in case the parties concerned do not repay their dues in time The financial implications involved in the proposal have been estimated to the tune of Rs. 1.90 lakhs. | This recommendation was accepted in principle and the Government in the Agriculture Deptt. was directed to examine the full implications of the scheme and to implement the same in accordance with a phased programme which would be evolved in consultation with the C.M. | The matter is under the consideration of the Government in the Agriculture Department. |
| | (ii) **Purchase of bullocks.** The proposal was that a sum of Rs. 10 lakhs may be provided for the grant of Taccavi loans for the purchase of bullocks etc. for the border area people through the Agriculture and Development Department. The same was approved. | | |
| | (iii) **Purchase of implements.** The suggestion that an additional sum of Rs. 40,000 may be provided for giving subsidy at the enhanced rate of 75% to the agriculturists in the border area, was approved. | | |
| (b) | **Supply of seeds.** It was decided, in principle, that 25% of the cost of the seed should be met by the Government and the remaining 75% by the agriculturists themselves. It was estimated that a sum of Rs. 5.80 lakhs would be required for this purpose. The proposal was approved. | | |
| (c) | **Supply of spray sets/Insecticides for spraying crops at subsidized rates.** It was agreed that the scheme of supplying spraying sets/Insecticides for spraying crops at subsidized rates at an estimated cost of Rs. 1 lakh may be continued. | | |

Original with;
Punjab Vidhan Sabha
Digitized by;
Panjab Digital Library

| (1) | (2) | (3) | (4) |
|---|---|---|---|
| 8. | **Construction of approach/Link roads in the Border area.** It was decided that a sum of Rs. 30 lakhs earmarked for this scheme should be spent during the current year. It was further decided to earmark a sum of Rs. 25 lakhs for the construction of link roads to bring the various villages on the border within four miles of metalled roads. The Chief Engineer was directed to prepare his Plans/estimates accordingly. | This recommendation was accepted in principle and Govt. in the P. W. D. B & R was directed to examine the full implications of the scheme and to implement the same with a phased programme which would be evolved in consultation with the C. M. | The matter is under the consideration of the Government in the Public Works Department, B & R. |
| 9. | **Construction of Complex of Public Buildings at Khem Karan.** | | |
| (i) | The Government of India have given a subsidy to the tune of Rs. 19.18 lakhs for the construction of Public Buildings Complex in the Khem Karan Town. The Sub-committee reiterated that the construction of complex must be completed by the end of March, 1968. At the request of the Chief Engineer, P. W. D., B & R, it was decided that for the expeditious completion of the complex, a Purchase Committee consisting of the following be set up :—<br>(i) S. E. Amritsar.<br>(ii) A representative of the Finance Department,<br>(iii) Controller of Stores.<br>(iv) Executive Engineer concerned. | These recommendations were accepted | The work regarding construction of the Public Buildings complex at Khem Karan is in progress and likely to be completed by the end of March, 1969 A sum of Rs. 17.67 lakhs has so far been spent against the sanctioned amount of Rs. 19.18 lakhs. |
| (ii) | It was decided that in view of the paucity of residential accommodation for the officers and their staff, residential quarters be also built at a cost of Rs. 5 lakhs to be constructed by the State. | | (ii) The matter is under the consideration of the Government in the respective Department. |
| (iii) | It was also decided that a rest house for the touring officers/staff be constructed at a cost of Rs. 35,000. The Chief Engineer, P. W., D., B & R was directed to prepare necessary plans and estimates. | | (iii) -Do- |

Original with;
Punjab Vidhan Sabha
Digitized by;
Panjab Digital Library

| (1) | (2) | (3) | (4) |
|---|---|---|---|
| 10. | **Shifting of the headquarters of the offices of B. D. Os. B, E, Os. S. D. Os, (Electricity, Irrigation).**<br>The Departments were directed to shift offices within the border belt as far as possible. | This recommendation was approved. | The Departments concerned have been directed to implement this recommendation as far as possible. |
| 11. | **Special quota of ammunition for the licence holders.**<br>It was decided that the Home Secretary should take up the matter with the Government of India for Increasing the quota of Arms and ammunition for the border area people. The Home Secretary was asked to study the possibility of distributing Nangal made guns to these people. | This recommendation was approved. | The matter is under the consideration of the Government in the Home Department. |
| 12. | **Transport facilities.**<br>It was felt that the operation of vehicles on the undermentioned routes, will be commercially justified :—<br>1. Amritsar—Raja Sansi.<br>2. Amritsar—Khem Karan.<br>3. Tarn Taran—Bhikhiwind.<br>4. Amritsar—Chheharata.<br>5. Ferozepore—Mamdot.<br>6. Fazilka—Malout via Panniwala.<br>7. Ferozepore—Mukatsar via Sadiq.<br>8. Pathankot—Shalla Pattan.<br>9. Pathankot—Sunder Chak.<br>The final implications involved in the proposal are to the tune of Rs. 6 lakhs. The Committee approved the proposal and the Department was asked to take immediate action for providing transport facilities on these routes. | This recommendation was approved. | Necessary transport services have been introduced and the recommendation has been implemented. |
| 13. | **Rent free accommodation or house rent allowance in lieu thereof in 10 miles border belt :**<br>The proposal for the rent free accommodation or subsidy on house rent @ Rs. 7.50% of the basic pay in lieu thereof within 10 miles border belt, regardless of the population of the town/village in which they have to reside, was approved. | This recommendation was accepted in principle and the Chief Secretary's organization (Services Branch) was directed to examine the full implications of of the scheme and to implement the same with a phased programme which would be evolved in consultation with the C.M. | The matter is under the consideration of the Government. |

Original with;
Punjab Vidhan Sabha
Digitized by;
Punjab Digital Library

## REPRESENTATIONS FROM PUNJAB SUBORDINATE SERVICES FEDERATION

*37. **Sardar Umrao Singh** : Will the Chief Minister be pleased to state—

(*a*) whether the Government has recently received any representations from the Punjab Subordinate Services Federation ; if so, a copy of the same be laid on the Table of the House ;

(*b*) whether any action has been taken on the said representations ?

**Sardar Gurnam Singh** : (*a*) Yes. A copy of the representation is placed on the Table of the House.

(*b*) The various demands put forth in the representation are under the consideration of Government.

[(ਅ) ਹਾਂ ਜੀ । ਪ੍ਰਤੀ ਬੇਨਤੀ ਦੀ ਇਕ ਨਕਲ ਸਭਾ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਹ) ਉਪਰੋਕਤ ਪ੍ਰਤੀ ਬੇਨਤੀ ਵਿਚ ਕੀਤੀਆਂ ਗਈਆਂ ਮੰਗਾਂ ਤੇ ਸਰਕਾਰ ਵਿਚਾਰ ਕਰ ਰਹੀ ਹੈ ।]

PUNJAB SUBORDINATE SERVICES FEDERATION

19th January, 1969 | 1680, Sector 22—B, Chandigarh

Memorandum submitted to Dr. D.C. Pavate, Governor of Punjab, by a mass deputation of Punjab Government employees at the conclusion of their march to Raj Bhawan on January 19, 1969.

The Punjab Subordinate Services Federation, a representative organisation of 1·86 lakh class III and IV Govt. employees in the State, submits as under :—

**Pay Commission**

1. Decision regarding Outstanding categories. The Punjab Govt. have not so far announced their decision regarding the pay scales of 235 categories of employees The Govt. may kindly make public their decision regarding these categories of employees immediately.

2. Date of enforcement of revised grades. The revised PAY SCALES may kindly be made applicable with effect from the Ist November, 1966, as has been done in the case of teachers. The Federation submits that in this matter the application of two different yardsticks for teachers and other categories of services does not appear to be reasonable. The change in date of implementation with effect from Ist November, 1966, will also meet out long standing demand of Govt. employees regarding the removal of disparity in the matter of Dearness Allowance between the teaching and other staff.

3. Payment of Arrears. The payment of arrears and of pay and Dearness Allowance due to revision of grades may kindly be ordered to be made in Cash. Such a course was followed in the case of teachers when the Government issued orders of revised pay scales in August, 1967 allowing cash payment of arrears from Ist. November, 1966.

Original with;
Punjab Vidhan Sabha
Digitized by;
Panjab Digital Library

(Chief Minister)

4. Merger of D.A. up to 175 points average. The Pay Commission has recommended that "50% of the existing Dearness Allowance may be taken as part of pay" even before the Central Government had taken any decision. The Commission has further recommended that the Punjab Government should follow the Central Government in the matter of merger of Dearness Allowance. The Central Government has already decided to merge D.A upto 175 points average. The Federation demands that the Dearness Allowance Admissible upto 175 points 12-monthly average may kindly be added to the maximum and minimum of the pay scales recommended by the Pay Commission and the D.A. for remaining 40 points (taking 12-monthly average cost of living Index to be 215 points) may be allowed on the pay so arrived at in the case of each employee.

5. Pay Fixation Formula. The pay fixation formula recommended by the Pay Commission is not acceptable to the employees as it gives a discriminatory treatment to the employees when compared to the teachers. The pay of an employee may please be fixed in the revised Pay Scales after merger of his basic pay in the presentt Pay Scale (unrevised) with D.A., Temporary Allowance, adhoc dearness Allowance increase allowed upto 31. 10. 1966 (i.e. Rs. 18.50 for employees below the basic pay of Rs. 100/- and Rs. 25 for the employees above Rs. 100- as basic pay) and a uniform service benefit of Rs. 10 as was done in the case of School Teachers.

The Federation demands that "total amount" so arrived at" may instead of being fixed at stage "next below" in the time scale of pay should be fixed at a stage "next above".

6. Rate of increment. The rate of Increments have not been properly recommended by the Pay Commission. The Annual Increment is provided as a return of improvement in efficiency of employee and such an improvement should be governed on the basis of Scientific norms. The Federation demands that the rate of Increments should be linked to the basic pay and not that it may vary with the pay scales on the same basic pay, Though the rate of increments should be a certain fixed percentage of the basic pay which can be worked out by negotiations but for the time being the Federation proposed that on the basis of rates of increments suggested by the Pay Commission the following rates of increments may be followed on each of the basic pay :—

| **Basic pay upto** | **Rate of increments** |
|---|---|
| Rs. | Rs. |
| At 70/- | 1/- |
| At 75/- | 2/- |
| At 90/- | 3/- |
| At 100/- | 4/- |
| At 120/- | 5/- |
| At 140/- | 5/- |
| At 160/- | 10/- |
| At 200/- | 15/- |
| At 300/- | 25/- |
| At 400/- | 30/- |
| and so on | |

7. Education (Kothari) Commission. There is a long standing resentment amongst the teachers in the matter of removal of anomalies in their pay scales. The

Original with;
Punjab Vidhan Sabha
Digitized by;
Panjab Digital Library

main grievance is that the rate of increment and the span of the time scale. The Federation demands that uniform formula by linking rates of increments to the basic pay as proposed above should be adopted both for the teachers and other services which would by and large remove the anomalies in the pay scales of teachers.

8. Ratio between the maximum and the minimum of the Pay Scales. The Commission in its recommendations has failed to follow the accepted principle of the ratio of minimum and maximum of the Pay Scales. The Federation reiterates its stand that the ratio of minimum and maximum of the pay scales—

(a) for the class IV should be 1 : 2 (b) for the Class III (Primary scales), could be 1 : 3 and (c) for the promoted class III grades, should be 1 : 2.

9. Chances of Promotion. The only incentive for an employee in his service is the 'promotion' to the higher pay scales. The recommendations of Pay Commission place a series of conditions which virtually amounts to denial of promotion. The Federation urges upon the Government that the principle of automatic promotion as is followed in the Army may be introduced in the Services so that every employee is assured of at least one promotion is his life time. On the basis of this principle, every employee who has put in a minimum of 10 years of service in a time scale may kindly be placed in the next higher scale of pay.

10. Machinery for removal of anomalies in pay scales. The Federation is conscious of the fact that the question of revision of pay scales after merger of Dearness Allowance, examination of the grievances of the employees whose pay scales have adversely been affected either at the minimum or at the maximum or who have not been allowed the rightful pay scales for want of proper evaluation of their job and the removal of anomalies in the pay scales of teachers and other services requires a detailed examination. The Federation is all out for a settlement and in absence of negotiating Machinery on the Joint consultative pattern, a High Powered Committee, may be set up to hold bi-partite talks with the representatives of the Federation and the Associations of the Class affected with a view to have bi-partite settlement. On all those issues which could not be settled by bi-partite negotiations, the provision of a tri-partite arbitration body with one Representative each of the Government and the Federation, may be made. The Federation on its part assures of full cooperation to the Government.

**Old Demands :**

11. Joint Consultative Machinery (J.C.M.) The Govt. had decided to set up a Joint Consultative Machinery in January, 1965, and a Constitution was circulated. The initial discussions were completed with the Federation in October, 1967. The delay in the implementation of the Government decision requires to be probed and decision of its implementation assured without any further delay.

12. Victimisation of Govt. Employees. During the Ministry headed by Mr. Gurnam Singh, the Govt. appointed a Cabinet sub Committee to look into the cases of Government employees who were victimised for their activities connected with the service organisations. The Federation is aware of the fact that the said sub-Committee took certain decisions on a number of cases but those have not been implemented. No alternative arrangements have either been made to decide the remaining cases. The victimisation of the employees during the Ministry headed

Original with;
Punjab Vidhan Sabha
Digitized by;
Panjab Digital Library

(Chief Minister)

by Mr. L. S. Gill also requires to be examined. The Federation demands that all these cases of victimisation may be decided immediately.

13. House Rent, Medical and Education Allowances. The Govt. employees are not satisfied with the recommendations of Pay Commission regarding housing, Medical and Educational facilities to the employees and their dependents and demands that the Govt. may announce the decision regarding the grant of (a) Medical Allowance, (b) House Rent Allowance to all unconditionally, (c) Children Educational Allowance. The grant of these three fringe benefits were the Social responsibilities of the State and the Govt. would be failing in its duty by any further delay by avoiding concrete decision in consultation with the Federation.

14. Other demands. During the Ministry headed by Mr. L S.Gill, a Committee was appointed to look into the demands other than those referred to above which inter-alia included : (a) Confirmation of all employees after one year of service, (b) Grant of Uniforms and Chappals to all Class IV Staff without any distinction, (c) Revising the Conditions of service including the Conduct Rules, Services Rules. Punishment and Appeal Rules, Leave Rules etc. etc. The Govt. employees are not aware whether the said committee constituted vide Punjab Govt. letter No. PSCS-67/14673, dated 14.12.1967 has ever functioned. It was a decision of the Govt. and these demands could have been settled had it worked and negotiated with the representatives of the Federation. The Federation requests the Governor to accept these demands.

15. Recognition of the Punjab Subordinate Services Federation. It is painful to point out that Govt. has always failed to take initiative to settle the grievances with the representatives of the Federation. Such an attitude of the Govt. has resulted in agitation and even at present the things are not different. The Federation is, however, proud to point out that whenever the Govt. have shown inclination to meet the representatives of the Federation, things have been settled across the table. The recognition of the Federation as the sole represenative body of the employees could avert agitations. It will be in accordance with the accepted principles of industrial democracy if the Federation is officially recognised.

The Federation, however, wants to place on record its protest against the policy of the Govt. to create disruption amongst the Govt. employees by creating parallel organisations. This fact has been demonstrated by the fact that the Govt. have been inviting certain persons to hold talks with them knowing fully well that they represent no person. The Federation is of the view, that the parallel Federation is the product of the genius of the big bureaucrats sitting in the Punjab Civil Secretariat, who are following the policy of private employers, by encouraging their touts, in order to convey a sense of disunity amongst the employees. It is unfair, undemocratic and breeds contempt against the Officers and the Govt. In order to bring home to the Govt. that Punjab Subordinate Services Federation with it's head office at Chandigarh is the only represenative organisation of the Punjab Government employees, signatures of elected represenatives have been got affixed from the persons who represent District, City, and Town Committees and Block Committees which are regional and local coordinating units of the Punjab Government Employees and the Associations of different classes of services affiliated to it. It may not have been considered necessary to do so but has been done to make the Government clear once for all as to who represents the Govt. employees.

Original with;
Punjab Vidhan Sabha
Digitized by;
Panjab Digital Library

16. Allocation of Punjab Government employees. Thousands of employees who belong to the erstwhile joint Punjab were working on the Nangal Bhakra project and Beas and Sutluj link project. Consequent upon the Re-organisation, the employees were required to be allocated to the States of Punjab, Haryana and Himachal Pradesh. It is a matter of regret that the Bhakra Management Board and the Beas and Sutluj Link control Board, have failed to finalise the cases of allocations of these employees, except in the case of a fraction of class III and IV employees. The result is that in the event of retrenchment, death, retirement and other contingencies the dependents of the employees have not been paid pensions, Provident Fund and the employees are being subject to various kinds of hardships. The Govt. of India have also failed to do any justice to them and the fate of these employees is hanging on fire for the last more than 2½ years. The Punjab Govt. owes responsibility towards these employees. Federation demands that Govt. of Punjab should take suitable steps to get the matter settled.

17. Retrenchment. Inspite of the fact that the Govt. have pronounced from time to time that no retrenchment will be done and where such a necessity arises, alternative jobs will be provided to the persons retrenched, this policy is not being followed in any department. Wherever there is retrenchment and the employees have to agitate to seek alternative jobs. The retrenchment in the departments of Industrial Training, Consolidation, Irrigation and Health are some of the instances where the Federation had to struggle. The Federation demands that some permanent machinery be set up in consultation with the employees to find a permanent solution of the problem.

18. Revision of pay scales of work charge employees. The Commission has not made any recommendations regarding the revision of pay scales of work-charge establishment, nor the Govt. have made known any decision regarding them. Referring their matter to the Direction Committee of Chief Engineers or leaving this matter entirely to the minimum wages committee appointed for the employment in Road construction and building Operations is no solution of the problem. The Federation is of the view that the grades revised by the Pay Commission for similar categories of employees may be made applicable to the work charged employees. In cases where this has not been done the matter could more appropriately be decided by the anomoly Committee demanded elsewhere.

In the end the Federation submits that detailed memorandums have been submitted to the Govt. justifyiug the demands of the employees and its stand conveyed from time to time. The Federation will be too willing to discuss and justify all and any of the demands where the Govt. feels the necessity. The Federation wants to convey that the meeting held with the Governor on the 17th January, 1969 could not bring out any fruitful results. The Federation is, however, not discouraged and is still of the opinion that a negotiated settlement on all the demands could be arrived at. The Federation, therefore, requests the Governor to order the appropriate authorities to start negotiations with the representatives of the Punjab Subordinate Services Federation.

(RANBIR DHILLON)
General Secretary

(TRILOK NATH)
President

Original with;
Punjab Vidhan Sabha
Digitized by;
Panjab Digital Library

**ਸਰਦਾਰ ਉਮਰਾਓ ਸਿੰਘ :** ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੀਆਂ ਮੰਗਾਂ ਹਨ ਉਨ੍ਹਾਂ ਤੇ ਵਿਚਾਰ ਕਰਨ ਲਈ ਕੋਈ ਖਾਸ ਅਫਸਰ ਨਿਯੁਕਤ ਕੀਤਾ ਹੈ ?

**ਮੁੱਖ ਮੰਤਰੀ :** ਡੀਪਾਰਟਮੈਂਟ ਵਲੋਂ ਹੀ ਵਿਚਾਰ ਕੀਤਾ ਜਾਂਦਾ ਹੈ ।

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਇਸ ਰਿਪਰਿਜ਼ੈਂਟੇਸ਼ਨ ਆਏ ਨੂੰ ਦੋ ਮਹੀਨੇ ਹੋ ਗਏ ਹਨ, ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਤੇ ਵਿਚਾਰ ਕਰਨ ਨੂੰ ਹੋਰ ਕਿਤਨਾ ਅਰਸਾ ਲਗੇਗਾ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਰਿਪਰਿਜ਼ੈਂਟੇਸ਼ਨ ਆਏ ਤਾਂ 2 ਮਹੀਨੇ ਹੋ ਗਏ ਹਨ ਪਰ ਸਾਨੂੰ ਤਾਂ ਇਕ ਮਹੀਨਾ ਹੀ ਆਇਆਂ ਨੂੰ ਹੋਇਆ ਹੈ ।

**ਸਰਦਾਰ ਉਮਰਾਓ ਸਿੰਘ :** ਕੀ ਚੀਫ ਮਨਿਸਟਰ ਸਾਹਿਬ ਨੂੰ ਇਲਮ ਹੈ ਕਿ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨੇ 28 ਤਾਰੀਖ਼ ਨੂੰ ਧਰਨਾ ਮਾਰਨ ਦਾ ਨੋਟਿਸ ਦਿਤਾ ਹੈ ? (ਵਿਘਨ)

**ਮੁੱਖ ਮੰਤਰੀ :** ਆਫ ਹੈਂਡ ਕੁਝ ਨਹੀਂ ਕਹਿ ਸਕਦਾ ਨੋਟਿਸ ਦੇ ਦਿਉ ।

—— —— ——

## REPRESENTATIONS FROM PARA MEDICAL EMPLOYEES IN THE STATE

*36. **Sardar Umrao Singh** : Will the Chief Minister be pleased to state whether the Government has recently received any representations from the Para Medical Employees in the State ; if so, the details of the action so far taken thereon ?

**ਸਰਦਾਰ ਗੁਰਨਾਮ ਸਿੰਘ :** ਜੀ ਹਾਂ, ਕੁਝ ਪ੍ਰਤੀ-ਬੇਨਤੀਆਂ ਆਈਆਂ ਹਨ ਜਿੰਨ੍ਹਾਂ ਤੇ ਕੀਤੀ ਕਾਰਵਾਈ ਸਬੰਧੀ ਸੂਚਨਾ ਦਾ ਵੇਰਵਾ ਸਭਾ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਪੈਰਾ-ਮੈਡੀਕਲ ਸਟਾਫ ਵਲੋਂ ਮਿਤੀ 25-11-68 9-12-68, 11-12-68, 18-12-68. 2-12-68, 6-1-69 ਤੇ 9-1-69 ਨੂੰ ਪ੍ਰਾਪਤ ਹੋਈਆਂ ਮੰਗਾ ਅਤੇ ਉਨ੍ਹਾਂ ਉਤੇ ਸਰਕਾਰ ਵਲੋਂ ਕੀਤੀ ਕਾਰਵਾਈ ਸਬੰਧੀ ਸੂਚਨਾ ਦਾ ਵੇਰਵਾ ।

| | | |
|---|---|---|
| 1. | ਸਿਹਤ ਵਿਭਾਗ ਦੇ ਕਰਮਚਾਰੀਆਂ ਦੇ ਵਿਰੁੱਧ ਪਿਛਲੇ ਅੰਦੋਲਨ ਦੇ ਸਿਲਸਿਲੇ ਵਿਚ ਚਲ ਰਹੇ ਮੁਕਦਮੇ ਵਾਪਸ ਲਿਤੇ ਜਾਣ । | ਸਿਹਤ ਵਿਭਾਗ ਦੇ ਦੋ ਅੰਮ੍ਰਿਤਸਰ ਦੇ ਡਰਾਇਵਰਾਂ ਵਿਰੁਧ ਚਲ ਰਹੇ ਮੁਕਦਮੇ ਵਾਪਿਸ ਲੈਣ ਦੀ ਮੰਗ ਮਨ ਲਿਤੀ ਗਈ ਹੈ । |
| 2 | ਬੇਸਿਕ ਹੈਲਥ ਵਰਕਰਾਂ ਦੇ ਸਫਰ ਭੱਤੇ ਵਿਚ ਵਾਧਾ । | ਬੇਸਿਕ ਹੈਲਥ ਵਰਕਰਾਂ ਦਾ ਨਿਯਤ ਸਫਰੀ ਭੱਤਾ 10 ਰੁਪਏ ਮਾਸਕ ਤੋਂ ਵਧਾ ਕੇ 25 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ । |

Original with;
Punjab Vidhan Sabha
Digitized by;
Panjab Digital Library

| | | |
|---|---|---|
| 3. | ਸੈਨੇਟਰੀ ਇੰਸਪੈਕਟਰਾਂ ਨੂੰ ਪਿਛਲੀ ਮਿਤੀ ਤੋਂ ਐਫ਼ੀਸ਼ੈਂਸੀ ਬਾਰ ਤੋਂ ਲੰਘਣ ਦੀ ਆਗਿਆ ਜਦੋਂ ਕਿ ਉਨ੍ਹਾਂ ਟ੍ਰੇਨਿੰਗ ਕੋਰਸ ਪੂਰਾ ਕਰ ਲਿਆ ਹੋਵੇ । | ਇਸ ਸਬੰਧ ਵਿਚ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਹਨ ਕਿ ਨਿਪੁੰਨਤਾ ਰੋਕ ਨੂੰ ਪਾਰ ਕਰਨ ਦਿੱਤਾ ਜਾਵੇ, ਜਿਸ ਤਾਰੀਖ ਤੋਂ ਗ੍ਰੇਡ ਪ੍ਰੀਖਿਆ ਪਾਸ ਕਰ ਲਵੇ, ਪ੍ਰੰਤੂ ਜੇ ਵਿਭਾਗ ਕੋਰਸ ਤੇ ਪ੍ਰੀਖਿਆ ਦਾ ਪ੍ਰਬੰਧ ਨਿਪੁੰਨਤਾ ਰੋਕ ਪਾਰ ਕਰਨ ਦੀ ਮਿਤੀ ਦੇ ਇਕ ਸਾਲ ਦੇ ਅੰਦਰ ਅੰਦਰ ਪ੍ਰਬੰਧ ਨਾਂ ਕਰੇ ਤਾਂ ਸੈਨੀਟਰੀ ਇੰਸਪੈਕਟਰ ਨੂੰ ਨਿਪੁੰਨਤਾ ਪਾਰ ਕਰਨ ਦੀ ਆਗਿਆ ਉਸ ਤਾਰੀਖ ਤੋਂ ਦੇ ਦਿੱਤੀ ਜਾਵੇਗੀ ਜਿਹੜੀ ਕਿ ਪ੍ਰੀਖਿਆ ਦੇ ਪਾਸ ਕਰਨ ਦੀ ਤਾਰੀਖ ਤੋਂ ਮਿਲਣੀ ਸੀ । |
| 4. | ਬੇਸਿਕ ਸਿਹਤ ਵਰਕਰ ਦੀ ਸਿਨਿਆਰਟੀ ਲਿਸਟ ਸੰਕਲਿਤ ਕਰਕੇ ਪ੍ਰਕਾਸ਼ਿਤ ਕਰਨਾ । | ਬੇਸਿਕ ਹੈਲਥ ਵਰਕਰਾਂ ਦੀ ਆਰਜ਼ੀ ਸੀਨਿਆਰਟੀ ਲਿਸਟ ਤਿਆਰ ਕਰਕੇ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ । |
| 5. | ਬੀ. ਸੀ. ਜੀ. ਵਰਕਰਜ਼ ਦਾ ਟੂਰ 24 ਦਿਨਾਂ ਤੋਂ 22 ਦਿਨ ਮਹੀਨੇ ਵਿਚ ਕਰਨਾ । | ਬੀ. ਸੀ. ਜੀ. ਵਰਕਰਜ਼ ਦਾ ਟੂਰ 24 ਦਿਨਾਂ ਤੋਂ ਘਟਾ ਕੇ 22 ਦਿਨ ਮਹਿਨੇ ਵਿਚ ਕਰ ਦਿਤਾ ਹੈ । |
| 6. | ਸ੍ਰੀ ਮਹਿੰਦਰ ਸਿੰਘ, ਲੈਬਾਰਟਰੀ ਅਟੈਂਡੈਂਟ ਵੋਮਨ ਹਸਪਤਾਲ, ਅੰਮ੍ਰਿਤਸਰ, ਨੂੰ ਉਸ ਦੀ ਫਰਵਰੀ ਦੇ ਮਹੀਨੇ ਦੀ ਤਨਖਾਹ ਦੇ 14 ਰੁਪਏ ਦਾ ਬਕਾਇਆ ਛੇਤੀ ਦਿਤਾ ਜਾਵੇ । | ਬਕਾਇਆ ਦੀ ਅਦਾਇਗੀ ਕਰ ਦਿੱਤੀ ਗਈ ਹੈ । |
| 7 | (ੳ) ਜੇਲ੍ਹ ਹਸਪਤਾਲਾਂ ਵਿਚ ਕੰਮ ਕਰ ਰਹੇ ਫਾਰਮਾਸਿਸਟਾਂ ਦੇ ਭਤੇ ਵਿਚ ਵਾਧਾ । | (ੳ) ਜੇਲ ਹਸਪਤਾਲਾਂ ਵਿਚ ਨਿਯੁਕਤ ਕੀਤੇ ਗਏ ਡਿਸਪੈਂਸਰਾਂ ਦਾ ਜੇਲ ਭੱਤਾ 10 ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 30 ਰੁਪਏ ਕਰ ਦਿੱਤਾ ਹੈ । |
| | (ਅ) ਫਾਰਮਾਸਿਸਟਾਂ ਲਈ ਵਧਾਇਆ ਹੋਇਆ, ਪੁਲਿਸ ਤੇ ਮੈਂਟਲ ਹਸਪਤਾਲਾਂ ਵਿਚ ਭੱਤੇ ਦੇਣ ਦੀ ਤਜਵੀਜ਼ । | (ਅ) ਪੁਲਿਸ ਅਤੇ ਮੈਂਟਲ ਹਸਪਤਾਲਾਂ ਵਿਚ ਕੰਮ ਕਰ ਰਹੇ ਫਾਰਮਾਸਿਸਟਾਂ ਨੂੰ ਕਿਉਂਕਿ ਪ੍ਰਾਈਵੇਟ ਪ੍ਰੈਕਟਿਸ ਦੀ ਇਜਾਜ਼ਤ ਹੁੰਦੀ ਹੈ, ਇਸ ਲਈ ਸਰਕਾਰ ਇਨ੍ਹਾਂ ਨੂੰ ਜੇਲ੍ਹ ਹਸਪਤਾਲਾਂ ਵਿਚ ਕੰਮ ਕਰ ਰਹੇ ਫਾਰਮਾਸਿਸਟਾਂ ਦੀ ਤਰ੍ਹਾਂ ਹੋਰ ਭੱਤਾ ਦੇਣ ਬਾਰੇ ਸਹਿਮਤ ਨਹੀਂ । |

Original with;
Punjab Vidhan Sabha
Digitized by;
Panjab Digital Library

(ਮੁੱਖ ਮੰਤਰੀ)

| | | |
|---|---|---|
| 8. | ਚੌਥੇ ਦਰਜੇ ਦੇ ਕਰਮਚਾਰੀਆਂ ਨੂੰ ਵਰਦੀਆਂ । | ਕਲਾਸ ਫੋਰਥ ਦੇ ਕਰਮਚਾਰੀ ਜੋ ਕਿ ਪੰਜਾਬ ਵਿੱਤ ਨਿਯਮਾਵਲੀ ਰਾਹੀ ਵਰਦੀ ਦੇ ਹਕਦਾਰ ਹਨ ਉਨ੍ਹਾਂ ਨੂੰ ਵਰਦੀਆਂ ਵੇਲੇ ਸਿਰ ਮਿਲ ਰਹੀਆਂ ਹਨ । ਇਹ ਮੰਗ ਕਿ ਸਾਰੇ ਕਲਾਸ ਫੌਰਥ ਦੇ ਕਰਮਚਾਰੀਆਂ ਨੂੰ ਵਰਦੀਆਂ ਦਿਤੀਆਂ ਜਾਣ ਨਹੀਂ ਮੰਨੀ ਗਈ । ਫਿਰ ਵੀ ਸਰਕਾਰ ਇਹੋ ਜਿਹੇ ਕਰਮਚਾਰੀਆਂ ਨੂੰ ਵਰਦੀ ਦੇਣ ਬਾਰੇ ਜਿਨ੍ਹਾਂ ਦੀ ਡਿਊਟੀ ਵਿਚ ਕਪੜੇ ਖਰਾਬ ਹੋਣ ਦਾ ਅੰਦੇਸ਼ਾ ਹੈ ਦੀ ਤਜਵੀਜ਼ ਤੇ ਗੌਰ ਕਰ ਰਹੀ ਹੈ । |
| 9. | ਮੁੱਖ ਮੈਡੀਕਲ ਅਫਸਰ, ਗੁਰਦਾਸਪੁਰ ਅਤੇ ਇੰਚਾਰਜ ਟੀ ਬੀ. ਕਲੀਨਿਕ, ਕਪੂਰਥਲਾ ਅਤੇ ਟੀ. ਬੀ. ਹਸਪਤਾਲ ਹਰਮੀਟੇਜ, ਸੰਗਰੂਰ ਦੀ ਤਬਦੀਲੀ ਕੀਤੀ ਜਾਵੇ ਅਤੇ ਉਨ੍ਹਾਂ ਦੇ ਖਿਲਾਫ ਇਨਕੁਆਰੀ ਕੀਤੀ ਜਾਵੇ । | ਸਰਕਾਰ ਇਸ ਮੰਗ ਨੂੰ ਮੰਨਣ ਤੋਂ ਅਸਮਰਥ ਹੈ । |
| 10. | ਪੈਰਾ-ਮੈਡੀਕਲ ਸਟਾਫ ਦੇ ਕਰਮਚਾਰੀਆਂ ਤੋਂ ਉਸ ਵੇਲੇ ਮਕਾਨ ਦਾ ਕਰਾਇਆ ਨਾ ਕੱਟਿਆ ਜਾਵੇ ਜੱਦ ਤੀਕ ਕਿ ਉਨ੍ਹਾਂ ਨੂੰ ਬਿਨਾ ਕਰਾਏ ਮਕਾਨ ਦੇਣ ਬਾਰੇ ਤਜਵੀਜ਼ ਤੇ ਫੈਸਲਾ ਨਹੀਂ ਹੋ ਜਾਂਦਾ । | ਹੈਲਥ ਵਿਭਾਗ ਦੇ ਕਰਮਚਾਰੀਆਂ ਨੂੰ ਜਿਨ੍ਹਾਂ ਦਾ ਵੇਰਵਾ ਸੀ. ਐਸ. ਆਰ. ਜਿਲਦ 1 ਦੇ ਭਾਗ 2 ਵਿਚ ਦਿੱਤਾ ਗਿਆ ਹੈ ਬਿਨਾਂ ਕਰਾਏ ਮਕਾਨ ਦੇ ਹੱਕਦਾਰ ਹਨ । ਇਸ ਤੋਂ ਉਪਰੰਤ ਸਰਕਾਰ ਸ਼ਹਿਰ ਦੀ ਆਬਾਦੀ ਅਨੁਸਾਰ ਸਰਕਾਰੀ ਕਰਮਚਾਰੀ ਨੂੰ ਮਕਾਨ ਭੱਤਾ ਦਿੰਦੀ ਹੈ । ਫਿਰ ਵੀ ਲੈਬਾਰੇਟਰੀ ਟੈਕਨੀਸ਼ਿਅਨ ਅਸਿਸਟੈਂਟਸ/ਰੇਡੀਓ-ਗਰਾਫਰ ਤੇ ਡਰਾਇਵਰਾਂ ਨੂੰ ਬਿਨਾਂ ਕਰਾਏ ਤੋਂ ਮਕਾਨ ਜਾਂ ਮਕਾਨ ਕਰਾਇਆ ਭੱਤਾ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ । ਕਰਾਇਆ ਹਾਲ ਦੀ ਘੜੀ ਨਾਂ ਕੱਟਣ ਦੀ ਤਜਵੀਜ਼ ਨਹੀਂ ਮੰਨੀ ਗਈ। |

Original with;
Punjab Vidhan Sabha
Digitized by;
Panjab Digital Library

11. ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਰਸੋਈਏ ਤੇ ਕਹਾਰਾਂ ਨੂੰ ਰੈਗੂਲਰ ਅਮਲੇ ਤੇ ਲਿਆਇਆ ਜਾਵੇ ।

ਹੋਸਟਲਾਂ ਦੇ ਨੌਕਰ ਪ੍ਰਾਈਵੇਟ ਨੌਕਰ ਹੁੰਦ ਹਨ ਅਤੇ ਇਨ੍ਹਾਂ ਨੂੰ ਤਨਖਾਹ ਵਿਦਿਆਰਥੀਆਂ ਦੇ ਚੰਦੇ ਚੋਂ ਦਿਤੀ ਜਾਂਦੀ ਹੈ । ਹੋਸਟਲ ਦੇ ਨਿਯਮਾਂ ਅਨੁਸਾਰ 25 ਵਿਦਿਆਰਥੀਆਂ ਮਗਰੋਂ ਇਕ ਲਾਂਗਰੀ ਤੇ 2 ਕਹਾਰ ਰੱਖੇ ਜਾਂਦੇ ਹਨ ਅਤੇ 25 ਵਿਦਿਆਰਥੀਆਂ ਤੋਂ 8 ਰੁਪਏ ਮਹੀਨਾਂ ਪ੍ਰਤੀ ਵਿਦਿਆਰਥੀ ਨੌਕਰਾਂ ਦੀ ਤਨਖਾਹ ਲਈ ਲਿਆ ਜਾਂਦਾ ਹੈ । ਵਿਦਿਆਰਥੀਆਂ ਦੇ ਵਾਧੇ ਤੇ ਘਾਟੇ ਨਾਲ ਇਹ ਅਸਾਮੀਆਂ ਵੀ ਵਧਦੀਆਂ ਅਤੇ ਘਟਦੀਆਂ ਰਹਿੰਦੀਆਂ ਹਨ । ਇਸ ਤਰ੍ਹਾਂ ਦੀ ਵਿਵਸਥਾ ਹੋਰ ਕਾਲਜਾਂ ਦੇ ਹੋਸਟਲਾਂ ਵਿਚ ਵੀ ਹੈ । ਇਸ ਲਈ ਇਨ੍ਹਾਂ ਅਸਾਮੀਆਂ ਨੂੰ ਰੈਗੂਲਰ ਕਾਡਰ ਤੇ ਲਿਆਇਆ ਨਹੀਂ ਜਾ ਸਕਦਾ ।

12 ਸੈਨੀਟਰੀ ਇੰਸਪੈਕਟਰਾਂ ਨੂੰ ਪੱਕਿਆਂ ਕਰਨਾ ।

ਪੱਕੀਆਂ ਅਸਾਮੀਆਂ ਦੀ ਹੋਂਦ ਅਨੁਸਾਰ ਕੰਨਫਰਮੇਸ਼ਨਾਂ ਕੀਤੀਆਂ ਜਾਂਦੀਆਂ ਹਨ ।

13. ਪੈਰਾ-ਮੈਡੀਕਲ ਸਟਾਫ ਦੇ ਤਨਖਾਹ ਦੇ ਸਕੇਲਾਂ ਦੇ ਅੰਤਰ ਅਤੇ ਉਨ੍ਹਾਂ ਵਿਚ ਪਏ ਭੇਦ ਨੂੰ ਦੂਰ ਕੀਤਾ ਜਾਵੇ ।

ਪੈਰਾ-ਮੈਡੀਕਲ ਦੇ ਨਵੇਂ ਸਕੇਲਾਂ ਵਿਚ ਦਸੀਆਂ ਗਈਆਂ ਊਣਤਾਈਆਂ ਦੀ ਛਾਣਬੀਨ ਕੀਤੀ ਜਾ ਰਹੀ ਹੈ ।

14. ਸੰਤਾਨ ਸੰਜਮ ਦੇ ਵਰਕਰਾਂ ਨੂੰ ਦਿਤੀਆਂ ਗਈਆਂ ਸਜ਼ਾਵਾਂ ਨੂੰ ਵਾਪਸ ਲਿਤਾ ਜਾਵੇ ।

ਜਿਹੜੇ ਕਰਮਚਾਰਿਆਂ ਵਿਰੁੱਧ ਕੰਮ ਠੀਕ ਨਾ ਕਰਨ ਕਰਕੇ ਕਾਰਵਾਈ ਕੀਤੀ ਗਈ ਸੀ ਉਨ੍ਹਾਂ ਦੀ ਪ੍ਰਤੀ-ਬੇਨਤੀ ਅਨੁਸਾਰ ਉਨ੍ਹਾਂ ਨੂੰ ਆਪਣਾ ਕੰਮ ਚੰਗਾ ਕਰਨ ਵਾਸਤੇ 3 ਮਹੀਨੇ ਦਾ ਹੋਰ ਸਮਾਂ ਦੇ ਦਿੱਤਾ ਗਿਆ ਹੈ ਤੇ ਪਹਿਲਾਂ ਦਿੱਤੇ ਗਏ ਹੁਕਮ ਵਾਪਸ ਲੈ ਲਏ ਗਏ ਹਨ ।

15. ਟੀਚਰਾਂ ਦੇ ਤਨਖਾਹ ਨਿਸਚਤ ਕਰਨ ਵਾਲੇ ਫਾਰਮੂਲੇ ਨੂੰ ਪੈਰਾ ਮੈਡੀਕਲ ਦੀ ਤਨਖਾਹ ਨਿਸਚਿਤ ਕਰਨਾ ।

ਵੇਤਨ ਕਮੀਸ਼ਨ ਦੀਆਂ ਸਿਫਾਰਸ਼ਾਂ ਸਰਕਾਰ ਨੇ ਵਿੱਤ ਵਿਭਾਗ ਦੀ ਗਸ਼ਤੀ ਚਿਠੀ ਨੰ: 330-ਐਫ. ਆਰ (ਪੀ. ਆਰ. ਸੀ)-69-1693, ਮਿਤੀ 21-1-69 ਰਾਹੀਂ ਇਸ

Original with;
Punjab Vidhan Sabha
Digitized by;
Panjab Digital Library

(ਮੁੱਖ ਮੰਤਰੀ)

ਸਬੰਧ ਵਿਚ ਨਵਾਂ ਫਾਰਮੂਲਾ ਪ੍ਰਕਾਸ਼ਿਤ ਕਰ ਦਿੱਤਾ ਹੈ ਜਿਹੜਾ ਕੇ ਸਾਰੇ ਵਿਭਾਗਾਂ ਦੇ ਜਿਸ ਵਿਚ ਸਿਹਤ ਵਿਭਾਗ ਭੀ ਸ਼ਾਮਲ ਹੈ, ਕਰਮਚਾਰੀਆਂ ਤੇ ਲਾਗੂ ਹੁੰਦਾ ਹੈ।

**ਸਰਦਾਰ ਉਮਰਾਓ ਸਿੰਘ :** ਜਿਹੜੀ ਉਨ੍ਹਾਂ ਦੀ ਮੰਗ ) ਹੈ ਉਸ ਸਬੰਧੀ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ—The demand is not acceptable.

ਇਸ ਮੰਗ ਵਿਚ ਕੁਝ ਅਫਸਰਾਂ ਦੀ ਇਨਕੁਆਇਰੀ ਬਾਰੇ ਲਿਖਿਆ ਹੈ। ਕੀ ਵਜ੍ਹਾ ਹੈ ਕਿ ਗੌਰਮਿੰਟ ਇਨਕੁਆਇਰੀ ਕਰਨ ਵਾਸਤੇ ਤਿਆਰ ਨਹੀਂ ?

**ਮੁੱਖ ਮੰਤਰੀ :** ਜੇ ਕੋਈ ਜਾਇਜ਼ ਸ਼ਿਕਾਇਤ ਹੋਵੇਗੀ ਤਾਂ ਇਨਕੁਆਇਰੀ ਜ਼ਰੂਰ ਕਰਾਂਗੇ।

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਜਵਾਬ ਵਿਚ ਦਿਤਾ ਹੈ ਕਿ 'The Demand is not acceptable' ਜਵਾਬ ਵਿਚ ਕਿਉਂ ਇਨ੍ਹਾਂ ਦੀ ਮੰਗ ਨੂੰ ਠੁਕਰਾ ਦਿਤਾ ਗਿਆ ਹੈ।

**ਮੁੱਖ ਮੰਤਰੀ :** ਆਨਰੇਬਲ ਮੈਂਬਰ ਸਾਹਿਬ ਮੇਰੇ ਪਾਸ ਆ ਜਾਣ ਮੈਂ ਸ਼ਿਕਾਇਤ ਵੀ ਕਢਵਾ ਲਵਾਂਗਾ ਅਤੇ ਉਸ ਨੂੰ ਦਰੁਸਤ ਵੀ ਕਰਵਾ ਦਿਆਂਗਾ।

**ਚੌਧਰੀ ਰਾਧਾ ਕ੍ਰਿਸ਼ਨ :** ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਉਹ ਐਲੀਗੇਸ਼ਨ ਕੋਈ ਡੈਫੀਨੇਟ ਐਲੀਗੇਸ਼ਨ ਹਨ ਜਾਂ ਕੋਈ ਵੇਗ ਐਲੀਗੇਸ਼ਨ ਹਨ ?

**ਕਾਮਰੇਡ ਸੱਤ ਪਾਲ ਡਾਂਗ :** ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੀ ਪੈਰਾ ਮੈਡੀਕਲ ਐਮਪਲਾਈਜ਼ ਦੀ ਮੰਗ ਹੈ ਕਿ ਹਾਊਸ ਰੈਂਟ ਜੋ ਪਿਛਲੀ ਸਰਕਾਰ ਨੇ 2 ਰੁਪਏ 40 ਪੈਸੇ ਤੋਂ ਵਧਾ ਕੇ 8 ਰੁਪਏ ਕਰਨ ਦਾ ਵਿਚਾਰ ਕੀਤਾ ਸੀ, ਉਸ ਦਾ ਫੈਸਲਾ ਕਦ ਤੱਕ ਕੀਤਾ ਜਾਵੇਗਾ ?

**ਮੁੱਖ ਮੰਤਰੀ :** ਮੈਂ ਅਰਜ਼ ਕੀਤੀ ਹੈ ਕਿ ਇਸ ਤੇ ਵਿਚਾਰ ਹੋ ਰਹੀ ਹੈ। ਜਿੰਨੀ ਜਲਦ ਹੋ ਸਕੇਗਾ ਫੈਸਲਾ ਕਰ ਦਿਆਂਗੇ।

---

## FLOW OF WATER IN THE TAILS OF MINOR OF UPPER BARI DOAB CANAL

***64 Comrade Darshan Singh Jhabhal :** Will the Minister for Irrigation and Power be pleased to state —

(a) whether the Government is aware of the general complaint to the effect that water does not flow to full capacity in the tails of minors of Upper Bari Doab Canal situated on the Border area; if so, the steps, if any, being taken by the Canal Department to remove the said complaints ;

(b) the number and names of the minors referred to in part (a) above ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਬਲਰਾਮ ਦਾਸ ਟੰਡਨ :** (ਉਦਯੋਗ ਮੰਤਰੀ)

(ੳ) ਕੋਈ ਐਸੀ ਸ਼ਿਕਾਇਤ ਨਹੀਂ ਹੈ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਥੇ ਪਾਣੀ ਨਹੀਂ ਪਹੁੰਚਦਾ ਉਥੇ ਗੌਰਮਿੰਟ ਕਿਸਾਨਾਂ ਨੂੰ ਉਸ ਦੇ ਨੁਕਸਾਨ ਦਾ ਕੁਝ ਮੁਆਵਜ਼ਾ ਦੇਣ ਨੂੰ ਤਿਆਰ ਹੈ ?

**ਉਦਯੋਗ ਮੰਤਰੀ :** ਆਨਰੇਬਲ ਮੈਂਬਰ ਨੂੰ ਆਪਣਾ ਸਵਾਲ ਪੜ੍ਹਨਾ ਚਾਹੀਦਾ ਹੈ ਇਸ ਵਿਚ ਲਿਖਿਆ ਹੈ—"Whether the Government is aware of the general complaint..."

ਅਸੀਂ ਇਸ ਦਾ ਜਵਾਬ ਦੇ ਦਿਤਾ ਹੈ ਕਿ ਗੌਰਮਿੰਟ ਕੋਲ ਕੋਈ ਸ਼ਿਕਾਇਤ ਨਹੀਂ ਆਈ ਅਤੇ ਪਾਰਟ (ਬੀ) ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਉਹ ਲੈਵਲ ਕਿਹੜਾ ਹੈ, ਜਿਸ ਨੂੰ ਗੌਰਮਿੰਟ ਲੈਵਲ ਕਿਹਾ ਜਾਂਦਾ ਹੈ--Is the authority at Chandigarh to be taken as Government level ?

**ਉਦਯੋਗ ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਖੁਦ ਕੈਬੀਨਟ ਦੇ ਮੈਂਬਰ ਰਹੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਗੌਰਮਿੰਟ ਲੈਵਲ ਕੀ ਹੈ। ਗੌਰਮਿੰਟ ਲੈਵਲ ਸੈਕਟਰੀ ਲੈਵਲ ਸਮਝਿਆ ਜਾਂਦਾ ਹੈ।

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਸੈਕਟਰੀ ਲੈਵਲ ਨੂੰ ਗੌਰਮਿੰਟ ਲੈਵਲ ਸਮਝਿਆ ਜਾਂਦਾ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸੈਕਟਰੀ ਲੈਵਲ ਨੂੰ ਮਨਿਸਟਰ ਲੈਵਲ ਨਾਲੋਂ ਉਚਾ ਸਮਝਿਆ ਜਾਂਦਾ ਹੈ ?

**ਉਦਯੋਗ ਮੰਤਰੀ :** ਸਪੀਕਰ ਸਾਹਿਬ, ਮਨਿਸਟਰ ਤਾਂ ਉਚੇ ਹੁੰਦੇ ਹੀ ਹਨ। (ਵਿਘਨ)

———

## CONSTRUCTION OF LINK/APPROACH ROADS IN THE STATE

***77. Major Harinder Singh :** Will the Minister for Irrigation and Power be pleased to state the details of policy which the Government intends to follow in relation to the construction of link and approach roads in the villages in the State ?

**Shri Balram Das Tandon :** (Industries Minister) Only those link/approach roads will generally be included in the Road Programme in respect of which land is made available free of cost and earth work is done voluntarily by the beneficiaries and provided the proposed road otherwise fits in the Road Communication System in the State, and benefits a group of Villages.

Original with;
Punjab Vidhan Sabha
Digitized by;
Panjab Digital Library

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਅੱਜ ਤਕ ਹਮੇਸ਼ਾ ਹਾਊਸ ਦੀ ਪਰੈਕਟਿਸ ਰਹੀ ਹੈ ਕਿ ਜਿਸ ਵੇਲੇ ਕੋਈ ਮੈਂਬਰ ਕੁਐਸਚਨ ਦਿੰਦਾ ਹੈ ਤਾਂ ਉਸਦਾ ਜਵਾਬ ਉਸ ਨੂੰ ਸਮੇਂ ਸਿਰ ਦੇ ਦਿਤਾ ਜਾਂਦਾ ਹੈ ਤਾਕਿ ਉਹ ਸਪਲੀਮੈਂਟਰੀ ਤਿਆਰ ਕਰ ਸਕੇ । ਇਸ ਸਿਲਸਲੇ ਵਿਚ ਮੇਰਾ ਕੁਐਸਚਨ ਹੈ, ਪਰ ਮੈਨੂੰ ਕੋਈ ਜਵਾਬ ਨਹੀਂ ਦਿਤਾ ਗਿਆ ।

**ਸ਼੍ਰੀ ਸਪੀਕਰ :** ਜੇ ਉਹ ਜਵਾਬ ਟੇਬਲ ਤੇ ਲੈ ਹੋਣਾ ਹੋਵੇ ਤਦ ਹੀ ਸਬੰਧਤ ਮੈਂਬਰ ਨੂੰ ਉਸ ਦੀ ਕਾਪੀ ਦਿਤੀ ਜਾਂਦੀ ਹੈ, ਨਹੀਂ ਤਾਂ ਨਹੀਂ । (If the reply is to be laid on the Table of the House only then a copy thereof is supplied to the hon. Member putting the question, otherwise not )

**ਸਰਦਾਰ ਸੁਰਜੀਤ ਸਿੰਘ ਅਟਵਾਲ :** ਕੀ ਮੰਤਰੀ ਸਾਹਿਬ ਤੋਂ ਮੈਂ ਜਾਣ ਸਕਦਾ ਹਾਂ ਕਿ ਜਿਹੜੇ ਬੇਟ ਦੇ ਇਲਾਕੇ ਹਨ, ਉਨ੍ਹਾਂ ਵਿਚ ਕੋਈ ਲਿੰਕ ਰੋਡਜ਼ ਬਨਾਉਣ ਲਈ ਸਪੈਸ਼ਲ ਅਰੇਂਜਮੈਂਟਸ ਕੀਤੇ ਜਾਣਗੇ, ਕਿਉਂਕਿ ਉਥੇ ਕਈ ਐਸੇ ਇਲਾਕੇ ਹਨ ਜਿਥੇ ਲਿੰਕ ਰੋਡ ਨਾ ਹੋਣ ਕਰਕੇ ਆਵਾ ਜਾਈ ਵਿਚ ਬੜੀ ਰੁਕਾਵਟ ਪੈ ਰਹੀ ਹੈ ਤੇ ਸਕੂਲਾਂ ਦੇ ਲੜਕੇ ਅਤੇ ਲੜਕੀਆਂ ਦਾ ਸਕੂਲ ਵਿਚ ਜਾਣਾ ਮੁਸ਼ਕਲ ਹੋ ਗਿਆ ਹੈ ?

**ਉਦਯੋਗ ਮੰਤਰੀ :** ਉਥੇ ਕੋਈ ਸਪੈਸ਼ਲ ਵਾਧਾ ਦੇਣਾ ਜ਼ੇਰੇ-ਗੌਰ ਨਹੀਂ, ਜੇ ਦੇ ਸਕੇ ਤਾਂ ਜ਼ਰੂਰ ਵਿਚਾਰ ਕਰ ਲਵਾਂਗੇ ।

**ਸਰਦਾਰ ਲਛਮਣ ਸਿੰਘ ਗਿਲ :** ਕੀ ਮਿਨਿਸਟਰ ਸਾਹਿਬ ਦਸਣਗੇ ਕਿ ਬਹੁਤ ਸਾਰੇ ਇਲਾਕਿਆਂ ਵਿਚ ਜਿਥੇ ਮਿੱਟੀ ਪੈ ਚੁਕੀ ਹੈ, ਪੰਜ ਹਜ਼ਾਰ ਰੁਪਏ ਪਰ ਮਾਈਲ ਗੌਰਮੈਂਟ ਨੂੰ ਅਦਾ ਕੀਤੇ ਹਨ, ਜ਼ਿਲਾ ਫਿਰੋਜ਼ਪੁਰ, ਸਪੈਸ਼ਲੀ ਜ਼ੀਰਾ ਅਤੇ ਧਰਮਕੋਟ ਵਿਚ ਰੁਪਏ ਜਮਾ ਹੋ ਚੁਕੇ ਹਨ, ਤਾਂ ਕੀ ਕਾਰਣ ਹੈ ਕਿ ਉਥੇ ਸੜਕਾਂ ਨਹੀਂ ਬਣੀਆਂ ?

**ਮੰਤਰੀ :** ਜੇ ਕਰ ਧਰਮਕੋਟ ਵਿਚ ਹੁਣ ਨਹੀਂ ਬਣੀਆਂ ਤਾਂ ਕਦੇ ਵੀ ਨਹੀਂ ਬਣ ਸਕਦੀਆਂ ।

**ਸਰਦਾਰ ਲਛਮਣ ਸਿੰਘ ਗਿਲ :** ਮੈਂ ਪੁਛਦਾ ਹਾਂ ਕਿ ਧਰਮਕੋਟ ਔਰ ਜ਼ੀਰਾ ਦੀਆਂ ਸੜਕਾਂ ਤੇ ਮਿੱਟੀ ਪੈ ਚੁਕੀ ਹੈ ਕੰਮ ਸ਼ੁਰੂ ਹੋ ਚੁਕਿਆ ਸੀ ਤੇ ਕੀ ਕਾਰਣ ਹਨ ਕਿ ਉਨ੍ਹਾਂ ਨੂੰ ਦਰਮਿਆਨ ਵਿਚ ਛਡ ਦਿਤਾ ?

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦਸ ਚੁਕਿਆਂ ਹਾਂ ਕਿ ਇਹ ਗਲ ਸਾਡੇ ਨੋਟਿਸ ਵਿਚ ਨਹੀਂ ਆਈ । ਇਸਦਾ ਅਲਹਿਦਾ ਨੋਟਿਸ ਦੇ ਦੇਣ ਤੇ ਵੇਖ ਲਵਾਂਗੇ ।

**ਸਰਦਾਰ ਲਛਮਣ ਸਿੰਘ ਗਿਲ :** ਆਨ ਏ ਪੁਆਇੰਟ ਆਫ਼ ਆਰਡਰ ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮਨਿਸਟਰ ਸਾਹਿਬ ਹਾਊਸ ਨੂੰ ਮਿਸਲੀਡ ਕਰਦੇ ਹਨ । ਸੜਕਾਂ ਬਣ ਰਹੀਆਂ ਸਨ । ਸੋਲਿੰਗ ਕੀਤੀ ਹੋਈ ਸੀ ਤੇ ਤਾਰਕੋਲ ਵੀ ਆ ਚੁਕੀ ਸੀ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਗਿੱਲ ਸਾਹਿਬ, ਮਨਿਸਟਰ ਸਾਹਿਬ ਨੇ ਕੋਈ ਐਸੀ ਗਲ ਨਹੀਂ ਕਹੀ ਜੋ ਮਿਸਲੀਡ ਕਰਨ ਵਾਲੀ ਹੋਵੇ । ਇਹ ਕੋਈ **ਪੁਅ** ਇੰਟ ਆਫ਼ ਆਰਡਰ ਨਹੀਂ ਹੈ । (Gill Sahib, the Minister has not said anything misleading. This is no point of order).

**ਕੈਪਟਨ ਰਤਨ ਸਿੰਘ :** ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਨ੍ਹਾਂ ਇਲਾਕਿਆਂ ਵਿਚ ਅਗੇ ਸੜਕਾਂ ਨਹੀਂ ਬਣੀਆਂ, ਕੀ ਹੁਣ ਉਨ੍ਹਾਂ ਇਲਾਕਿਆਂ ਵਿਚ ਸੜਕਾਂ ਬਣ ਉਣ ਲਈ ਕੋਈ ਸਪੈਸ਼ਲ ਕਦਮ ਚੁਕੇ ਜਾਣਗੇ, ਤਾਂ ਕਿ ਉਹ ਪਿਛੜ ਨਾ ਜਾਣ ?

**ਮੰਤਰੀ :** ਕੋਸ਼ਿਸ਼ ਕੀਤੀ ਜਾਗੀ ਕਿ ਪਿਛੜੇ ਇਲਾਕਿਆਂ ਵਿਚ ਪਹਿਲੋਂ ਕੰਮ ਸ਼ੁਰੂ ਕਰਾਏ ਜਾਣ ।

**ਭਗਤ ਗੁਰਾਂ ਦਾਸ ਹੰਸ :** ਕੀ ਮਿਨਿਸਟਰ ਸਾਹਿਬ ਦਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਭੋਗਪੁਰ ਤੋਂ ਬਲੋਂਵਾਲ ਆਦਿ ਦੀਆਂ ਲਿੰਕ ਰੋਡਜ਼ ਜਿਹੜੀਆਂ ਇਕ ਦੋ ਫ਼ਰਲਾਂਗ ਹਨ, ਜਿਹੜੀਆਂ ਬਿਲਕੁਲ ਖ਼ਰਾਬ ਹੋ ਗਈਆਂ ਹਨ, ਉਨ੍ਹਾਂ ਨੂੰ ਠੀਕ ਕਰਾਉਣ ਦਾ ਵਿਚਾਰ ਹੈ ?

**ਮੰਤਰੀ :** ਮੈਂਬਰ ਸਾਹਿਬ ਨਾਂ ਦੇ ਦੇਣ ਅਸੀਂ ਜ਼ਰੂਰ ਗੌਰ ਕਰ ਲਵਾਂਗੇ ।

**ਡਾਕਟਰ ਅਮੀਰ ਸਿੰਘ ਕਲਕੱਟ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਕੰਡੀ ਦੇ ਇਲਾਕੇ ਵਿਚ ਜਿਥੇ ਇਨ੍ਹਾਂ ਨੂੰ 95 ਫ਼ੀਸਦੀ ਵੋਟਾਂ ਮਿਲਿਆਂ ਹਨ, ਉਥੇ ਡਿਵੈਲਪਮੈਂਟ ਲਈ ਕੀ ਕਰ ਰਹੇ ਹਨ ?

**ਮੰਤਰੀ :** ਅਗਰ ਕੋਈ ਸਪੈਸੀਫ਼ਿਕ ਗਲ ਹੈ ਤਾਂ ਦਸਣ ਮੈਂ ਜਵਾਬ ਦੇ ਦਿਆਂਗਾ ।

**ਸਿਰਦਾਰ ਕਪੂਰ ਸਿੰਘ :** ਕੀ ਮਾਨਯੋਗ ਮੰਤਰੀ ਸਾਹਿਬ ਦਸਣਗੇ ਕਿ ਜਿਹੜੀ ਸੜਕ ਉਲੀਕੀ ਜਾਕੇ ਝਾੜ ਸਾਹਿਬ ਅਤੇ ਚਮਕੌਰ ਸਾਹਿਬ ਨੂੰ ਜੋੜ ਰਹੀ ਹੈ ਉਸ ਦੀ ਪੂਰਤੀ ਕਰਨ ਦਾ ਕੋਈ ਵਿਚਾਰ ਹੈ, ਜੇਕਰ ਹੈ ਤਾਂ ਕਦੋਂ ਤਕ ?

**Minister :** A special notice is required for giving reply to this supplementary. A Minister is not supposed to know every detail.

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਸਰਕਾਰ ਨੇ ਪੰਜ ਹਜ਼ਾਰ ਰੁਪਏ ਫ਼ੀ ਮੀਲ ਦੇ ਹਿਸਾਬ ਨਾਲ ਸੜਕਾਂ ਬਣਾਉਣ ਲਈ ਪੰਚਾਇਤ ਸਮਿਤੀਆਂ ਕੋਲੋਂ ਪੈਸੇ ਲਏ ਸੀ । ਹੁਣ ਬਹੁਤ ਸਾਰੀਆਂ ਸਮਿਤੀਆਂ ਨੂੰ ਰੁਪਏ ਵਾਪਸ ਕੀਤੇ ਜਾ ਰਹੇ ਹਨ । ਗੁਰਦਾਸਪੁਰ ਵਿਚ ਵੀ ਪੀ. ਡਬਲੀਉ. ਡੀ ਵਾਲੇ ਉਹ ਰੁਪਏ ਵਾਪਸ ਕਰ ਰਹੇ ਹਨ, ਅਤੇ ਸੜਕਾਂ ਬਣਾਉਣ ਲਈ ਜਵਾਬ ਦੇ ਦਿਤਾ ਹੈ । ਕੀ ਮਿਨਿਸਟਰ ਸਾਹਿਬ ਉਸਦੀ ਵਜ੍ਹਾ ਬਿਆਨ ਕਰਨਗੇ ?

**ਮੰਤਰੀ :** ਮੈਂ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਅਗੇ ਦਰਖ਼ਾਸਤ ਕਰਾਂਗਾ ਕਿ ਕੋਈ ਸਪੈਸੀਫ਼ਿਕ ਕੇਸ ਸਾਡੇ ਨੋਟਿਸ ਵਿਚ ਲੈ ਆਉਣ, ਤੇ ਉਸਦੇ ਮੁਤਾਬਕ ਜਵਾਬ ਦੇ ਦਿਤਾ ਜਾਏਗਾ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤਪਾਲ ਡਾਂਗ** : ਮਿਨਿਸਟਰ ਸਾਹਿਬ ਨੇ ਜਿਹੜੀ ਇਹ ਗਲ ਕੀਤੀ ਹੈ ਕਿ ਸਿਸਟਮ ਜਿਹੜਾ ਸੀ ਪੈਸੇ ਜਮ੍ਹਾ ਕਰਾਉਣ ਦਾ ਤੇ ਮਿਟੀ ਪਵਾਉਣ ਦਾ ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਮਿਟੀ ਦਰਜਨਾਂ ਨਹੀਂ ਸੈਂਕੜੇ ਟਾਈਮ ਪਵਾਈ ਗਈ ਪਰ ਸੜਕਾਂ ਨਹੀਂ ਬਣਾਈਆਂ ਗਈਆਂ ਜ਼ਿਲ੍ਹਾ ਰੋਪੜ ਵਿਚ ਬਹਿਮਾਪੁਰ ਦੀ ਇਕ ਸੜਕ ਤੇ 4-4, 6-6 ਵਾਰੀ ਮਿਟੀ ਪਾਉਣੀ ਪਈ ਕਿਉਂਕਿ ਉਹ ਮੀਂਹ ਵਿਚ ਬਹਿ ਜਾਂਦੀ ਸੀ। ਕੀ ਮਨਿਸਟਰ ਸਾਹਿਬ ਉਸ ਬਾਰੇ ਵਿਚਾਰ ਕਰਨਗੇ ?

**ਮੁੱਖ ਮੰਤਰੀ** : ਇਹ ਠੀਕ ਹੈ ਕਿ ਸੜਕਾਂ ਦਾ ਪ੍ਰੋਗਰਾਮ ਲਿਮਿਟਿਡ ਹੁੰਦਾ ਹੈ। ਪੀ. ਡਬਲਿਊ. ਡੀ. ਨੂੰ ਹੋਰ ਭੀ ਕਈ ਕੰਮ ਕਰਨੇ ਹੋਣੇ ਹੁੰਦੇ ਹਨ। ਅਲਹਿਦਾ ਨੋਟਿਸ ਦੇ ਦੇਣ ਗੌਰ ਕਰਨ ਲਈ ਇਨਸਟਰੱਕਸ਼ਨ ਦੇ ਦਿਆਂਗੇ।

**ਚੌਧਰੀ ਤੁਲਸੀ ਰਾਮ ਚੌਹਾਨ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਮੇਰੇ ਹਲਕੇ ਬਾਲਾਚੌਰ ਵਿਚ ਇਕ ਸੜਕ 1968 ਤੋਂ ਅੰਡਰ ਕੰਨਸਟਰੱਕਸ਼ਨ ਹੈ, ਉਸ ਸੜਕ ਨੂੰ ਕੰਪਲੀਟ ਹੋਣ ਵਿਚ ਹੋਰ ਕਿਨੇ ਸਾਲ ਲਗਣਗੇ, ਕਿਉਂਕਿ ਲੋਕ ਉਥੋਂ ਲੰਘ ਨਹੀਂ ਸਕਦੇ ?

**ਮੰਤਰੀ** : ਨੋਟਿਸ ਦੇ ਦਿਉ। ਮੈ ਜਵਾਬ ਦੇ ਦਿਆਂਗਾ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਕੀ ਮਨਿਸਟਰ ਸਾਹਿਬ ਦਸਣਗੇ ਕਿ ਕਈ ਸੜਕਾਂ ਦਾ ਪ੍ਰੋਗ੍ਰਾਮ ਕਈ ਤਹਿਸੀਲਾਂ ਅਤੇ ਬਲਾਕਾਂ ਵਿਚ ਰਹਿ ਗਿਆ ਸੀ। ਕੀ ਉਨ੍ਹਾਂ ਸੜਕ ਦਾ ਕੰਮ ਹੁਣ ਟੇਕ ਓਵਰ ਕਰਨਗੇ ਜਾਂ ਨਹੀਂ ?

**ਮੰਤਰੀ** : ਤੁਸੀ ਅਲਹਿਦਾ ਕੁਐਸ਼ਨ ਪੁਟ ਕਰ ਦੇਵੋ ਮੈਂ ਜਵਾਬ ਦੇ ਦਿਆਂਗਾ।

**ਸਰਦਾਰ ਸੰਤੋਖ ਸਿੰਘ ਰੰਧਾਵਾ** : ਕੀ ਮਨਿਸਟਰ ਸਾਹਿਬ ਦਸਣਗੇ ਕਿ ਗੁਰਦਾਸਪੁਰ ਵਿਚ 4 ਲਖ 37 ਹਜ਼ਾਰ ਰੁਪਈਆ ਜਮ੍ਹਾ ਹੈ ਤੇ 290 ਕਿਲੋਮੀਟਰ ਸੜਕਾਂ ਤੇ ਮਿਟੀ ਪਈ ਹੋਈ ਹੈ। ਉਥੇ 5-4 ਸੜਕਾਂ ਬਣਾਉਣੀਆਂ ਹਨ ਪਰ ਉਥੇ ਸਿਰਫ 5-4 ਫਰਲਾਂਗ ਵੀ ਸੜਕਾਂ ਨਹੀਂ ਬਣੀਆਂ ਦੂਸਰੀ ਗਲ ਇਹ ਹੈ ਕਿ ਬਾਰਡਰ ਏਰੀਆ ਜਿਹੜਾ 10 ਮੀਲ ਬੈਲਟ ਅਤੇ 20 ਮੀਲ ਬੈਲਟ ਵਿਚ ਹੈ, ਉਨ੍ਹਾਂ ਦੀਆਂ ਸੜਕਾਂ ਨਹੀਂ ਬਣੀਆਂ, ਕੀ ਮਨਿਸਟਰ ਸਾਹਿਬ ਇਸ ਬਾਰੇ ਦਸਣਗੇ ?

**ਸ਼੍ਰੀ ਸਪੀਕਰ** : ਮੈਂ ਮੈਂਬਰ ਸਾਹਿਬਾਨ ਨੂੰ ਸਲਾਹ ਦਿਆਂਗਾ ਕਿ ਉਹ ਆਪਣੀ ਆਪਣ ਕਾਨਸਟੀਚੂਐਂਸੀ ਦੀਆਂ ਸੜਕਾਂ ਬਾਰੇ ਜੋ ਕਝ ਕਹਿਣਾ ਚਾਹੁਣ ਬਜਟ ਦੀ ਜਨਰਲ ਡਿਸਕਸ਼ਨ ਦੇ ਦੌਰਾਨ ਕਹਿ ਲੈਣ (I would suggest to the hon Members to refer to the roads falling in their constituencies during the course of general discussion of the Budget)

Original with;
Punjab Vidhan Sabha
Digitized by;
Panjab Digital Library

AMOUNT SPENT ON THE REPAIR OF THE BUILDING OF GOVT. HIGH SCHOOL, BHAKNA KALAN, DISTRICT AMRITSAR.

*65 **Comrade Darshan Singh Jhabhal**: Will the Minister for Irrigation and Power be pleased to state :

(*a*) the amount spent year-wise by the department on the repairs of the building of Government High School, Bhakna Kalan, Distt. Amritsar since it was taken over by the Government ?

(*b*) whether the Government has received any application from the Headmaster of the said school for the construction of new rooms for the school, if so, the action, if any, being taken by the Government in the matter ?

**ਸ੍ਰੀ ਬਲਰਾਮ ਦਾਸ ਟੰਡਨ** : (ਉਦਯੋਗ ਮੰਤਰੀ)

| (ਏ) 1964-65 | 1965-66 | 1966-67 | 1967-68 | 1968-69 |
|---|---|---|---|---|
| — | — | ਰੁ: 286-68 | ਰੁ: 10, 00 | ਰੁ: 2003-32 |

ਜੋੜ : 2300 ਰੁਪਏ

(ਬੀ) ਹਾਂ ਜੀ : ਇਹ ਮਾਮਲਾ ਵਿਭਾਗ ਦੇ ਵਿਚਾਰ ਅਧੀਨ ਹੈ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਵਜ਼ੀਰ ਸਾਹਿਬ ਨੇ ਦਸਿਆ ਕਿ ਮਾਮਲਾ ਜ਼ੇਰੇ-ਗੌਰ ਹੈ । ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਕਿਨੇ ਚਿਰ ਤਕ ਇਹ ਕੰਮ ਹੋ ਜਾਵੇਗਾ ਤੇ ਕਮਰੇ ਬਣ ਜਾਣਗੇ ?

**ਉਦਯੋਗ ਮੰਤਰੀ** : ਮੈਂ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਉਮੀਦ ਹੈ ਇਹ ਕੰਮ 1969-70 ਵਿਚ ਸ਼ੁਰੂ ਕਰਾਂਗੇ ।

**ਸ੍ਰੀ ਗਿਆਨ ਚੰਦ ਖਰਬੰਦਾ** : ਕੀ ਮੰਤਰੀ ਸਾਹਿਬ ਦਸਣਗੇ ਕਿ ਕੀ ਇਹ ਉਨ੍ਹਾਂ ਸਕੂਲਾਂ ਦੀ ਮੁਰੰਮਤ ਦਾ ਖਿਆਲ ਰਖਣਗੇ, ਜੋ ਸਰਕਾਰ ਨੇ ਮਿਊਨਿਸਿਪਲ ਕਮੇਟੀਆਂ ਤੋਂ ਲਏ ਹਨ ?

**ਉਦਯੋਗ ਮੰਤਰੀ** : ਸਵਾਲ ਤਾਂ ਇਕ ਖਾਸ ਸਕੂਲ ਬਾਰੇ ਹੈ, ਇਹ ਸਵਾਲ ਤਾਂ ਇਸ ਵਿਚੋਂ ਪੈਦਾ ਨਹੀ ਹੁੰਦਾ ।

---

ABOLITION OF LAND REVENUE IN AREAS LYING WITHIN 20 MILES OF INDO-PAK BORDER.

*78. **Major Harinder Singh** : Will the Minister for Revenue and Rehabilitation be pleased to state whether the Government propose to abolish land revenue in the areas lying within 20 miles of the Indo Pak border in the State, if so, when if not, the reasons therefor ?

**ਸਰਦਾਰ ਆਤਮਾ ਸਿੰਘ** : ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

**ਸਰਦਾਰ ਸੰਤੋਖ ਸਿੰਘ ਰੰਧਾਵਾ** : ਵਜ਼ੀਰ ਸਾਹਿਬ ਦਾ ਬਿਆਨ ਆ ਚੁਕਾ ਹੈ ਕਿ

Original with;
Punjab Vidhan Sabha
Digitized by;
Panjab Digital Library

(ਸਰਦਾਰ ਸੰਤੋਖ ਸਿੰਘ ਰੰਧਾਵਾ)

10 ਮੀਲ ਦੀ ਪੱਟੀ ਵਿਚ ਪੂਰਾ ਮਾਲੀਆ ਮਾਫ ਕੀਤਾ ਜਾਵੇਗਾ ਅਤੇ 20 ਮੀਲ ਤਕ ਅੱਧਾ ਮਾਲੀਆ ਮਾਫ਼ ਕੀਤਾ ਜਾਵੇਗਾ । ਮੇਜਰ ਸਾਹਿਬ ਨੇ ਇਹ ਪੁਛਿਆ ਸੀ ਕਿ ਇਹ ਫੈਸਲਾ ਕਦ ਲਾਗੂ ਕੀਤਾ ਜਾਵੇਗਾ । ਹੁਣ ਇਹ ਕਹਿੰਦੇ ਹਨ ਕਿ ਮਾਮਲਾ ਜ਼ੇਰੇਗੌਰ ਹੈ ।

**ਮੰਤਰੀ :** ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਜਦੋਂ ਫੰਡ ਪਰਮਿਟ ਕਰਨਗੇ, ਇਹ ਲਾਗੂ ਕਰ ਦਿੱਤਾ ਜਾਵੇਗਾ ।

**ਕਾਮਰੇਡ ਸੱਤ ਪਾਲ ਡਾਂਗ :** ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਇਸ ਹਾਊਸ ਵਿਚ ਕਲ ਵੀ ਅਤੇ ਤਿੰਨ ਦਿਨ ਪਹਿਲਾਂ ਵੀ ਇਹ ਡੇਫਿਨਿਟ ਕਮਿਟਮੇਂਟ ਹੋਈ ਹੈ ਕਿ ਉਸ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣਗੀਆਂ । ਉਸ ਮੁਤਾਬਕ 10 ਮੀਲ ਤਕ ਪੂਰਾ ਅਤੇ 11-20 ਮੀਲ ਤਕ ਅੱਧਾ ਮਾਲੀਆ ਮਾਫ਼ ਹੋਣਾ ਹੈ । ਹੁਣ ਇਹ ਵਖਰਾ ਜਵਾਬ ਕਿਉਂ ਦਿਤਾ ਗਿਆ ਹੈ ?

**ਮੁੱਖ ਮੰਤਰੀ :** ਇਹ ਠੀਕ ਹੈ ਕਿ ਗਵਰਨਮੈਂਟ ਇਜ਼ ਕਮਿਟਿੱਡ । (ਵਿਘਨ)

**ਸਰਦਾਰ ਸੁਰਜੀਤ ਸਿੰਘ ਅਟਵਾਲ :** ਇਨ੍ਹਾਂ ਨੇ ਹੁਣੇ ਹੀ ਕਿਹਾ ਹੈ ਕਿ ਜਿਸ ਵਕਤ ਫੰਡਜ਼ ਐਲਾਊ ਕਰਨਗੇ, ਉਸ ਵੇਲੇ ਵਿਚਾਰ ਕਰਾਂਗੇ । ਕੀ ਇਹ ਰੇਵਿਨਿਊ ਛਡਣ ਦੀ ਹੀ ਗੱਲ ਹੈ ਜਾਂ ਫੰਡਜ਼ ਇਨਵੈਸਟ ਕਰਨ ਦੀ ਗਲ ਹੈ ?

**ਸਰਦਾਰ ਕਿਰਪਾਲ ਸਿੰਘ :** ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਹ ਜੋ ਵਿਚਾਰ ਹੋ ਰਿਹਾ ਹੈ ਇਹ ਇਸੇ ਫਾਇਨੈਂਸ਼ਲ ਈਅਰ ਵਿਚ ਅਮਲੀ ਰੂਪ ਇਖਤਿਆਰ ਕਰ ਲਵੇਗਾ ਜਾਂ ਨਹੀਂ ?

**ਮੰਤਰੀ :** ਜਲਦੀ ਹੀ ।

**ਸਰਦਾਰ ਕਿਰਪਾਲ ਸਿੰਘ :** ਕੀ ਇਸ ਫੈਸਲੇ ਤੇ ਇਸੇ ਫ਼ਾਇਨੈਂਸ਼ਲ ਈਅਰ ਵਿਚ ਅਮਲ ਕੀਤਾ ਜਾਵੇਗਾ ਜਾਂ ਨਹੀਂ ?

**ਮੁੱਖ ਮੰਤਰੀ :** ਇਸ ਫ਼ਾਈਨੈਂਸ਼ਲ ਯੀਅਰ ਵਿਚ ਨਹੀਂ ਹੋ ਸਕਦਾ । (ਵਿਘਨ)

---

**Starred Question No. 66***

**Mr. Speaker** The Government has applied for extension in respect of starred Question No. 66.

---

## REPORT OF PUNJAB PAY COMMISSION

***35. Sardar Umrao Singh** : Will the Minister for Finance be leased to state :

(*a*) whether the Government, has received the final report of the Punjab Pay Commission, if so the details of the recommendations which have been accepted by the Government and of those which are still under its consideration ;

---

***Note** :—Starred Question No. 66 and reply thereto appear in Punjab Vidhan Sabha Debate Vol. 1 No. 18 dated 9.4.69.

Original with;
Punjab Vidhan Sabha
Digitized by;
Panjab Digital Library

(*b*) whether any recommendations contained in the said report have been rejected, if so, the reasons thereof ?

**Shri Krishan Lal** : Yes. A copy of the Report has already been laid on the Table of the House*. Recommendations of the Commission with regard to revised pay scales have been implemented as per copy of Punjab Civil Services (Revised Scales of Pay)** Rules, 1969, enclosed herewith. Recommendations relating to other matters involving administrative considerations, such as, amalgamation or bifurcation of cadres, changes in prescribed qualifications, mode of recruitment etc. have been referred to the Administrative Departments for being processed further.

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਰਿਪਲਾਈ ਵਿਚ ਮੈਨੂੰ ਇਕ ਨੋਟੀਫਿਕੇਸ਼ਨ ਦੀ ਕਾਪੀ ਦਿਤੀ ਗਈ ਹੈ । ਮੈਂ ਆਪਣੇ ਸਵਾਲ ਵਿਚ ਤਿੰਨ ਗੱਲਾਂ ਪੁਛੀਆਂ ਸਨ (1) ਜੋ ਰਿਕਮੈਨਡੇਸ਼ਨਜ਼ ਐਕਸੈਪਟ ਕੀਤੀਆਂ ਗਈਆਂ ਹਨ (2) ਜੋ ਰਿਕਮੈਨਡੇਸ਼ਨਜ਼ ਰੀਜੈਕਟ ਕੀਤੀਆਂ ਗਈਆਂ ਹਨ ਅਤੇ (3) ਰਿਕਮੈਨਡੇਸ਼ਨਜ਼ ਹਨ ਜੋ ਅੰਡਰ ਕਨਸਿਡਰੇਸ਼ਨ ਹਣ । ਮੈਨੂੰ ਇਸ ਦਾ ਪਰਾਪਰ ਰਿਪਲਾਈ ਨਹੀਂ ਦਿੱਤਾ ਗਿਆ ।

**ਮੰਤਰੀ** : ਨੋਟੀਫਿਕੇਸ਼ਨ ਕੰਪਲੀਟ ਹੈ, ਇਸ ਨੂੰ ਪੜ੍ਹ ਲਉ । 120 ਸਫ਼ੇ ਦੀ ਨੋਟੀ-ਫਿਕੇਸ਼ਨ ਹੈ. ਇਸ ਨੂੰ ਦੇਖ ਕੇ ਗੱਲ ਕਰਨਾ ।

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਜੋ ਜਵਾਬ ਹੋਣਾ ਚਾਹੀਦਾ ਹੈ ਉਹ ਸਪੈਸੇਫਿਕ ਹੋਣਾ ਚਾਹੀਦਾ ਹੈ । ਮੈਂ ਕਲੀਅਰ ਗੱਲ ਪੁਛੀ ਹੈ ਕਿ ਕਿਹੜੀਆਂ ਰਿਕਮੈਨਡੇਸ਼ਨਜ਼ ਐਕਸੈਪਟ ਹੋਈਆਂ ਹਨ । ਇਨ੍ਹਾਂ ਜਵਾਬ ਵਿਚ ਇਹ 200-300 ਸਫ਼ੇ ਦੀ ਨੋਟੀਫਿਕੇਸਨ ਫੜਾ ਦਿਤੀ ਹੈ ਕਿ ਮੈਂ ਲਭ ਲਵਾਂ ਕਿ ਕਿਥੇ ਕੀ ਹੈ ।

**ਸ੍ਰੀ ਸਪੀਕਰ** : 120 ਸਫ਼ੇ ਦੀ ਹੈ । (ਵਿਘਨ) ਪੇ ਕਮਿਸ਼ਨ ਦੀ ਰਿਪੋਰਟ ਤੇ ਹਾਊਸ ਵਿਚ ਇਕ ਦਿਨ ਬਹਿਸ ਹੋਣੀ ਹੈ ਉਸ ਦਿਨ ਗਲ ਕਰ ਲੈਣਾ ।

(It runs into 120 pages (Interruption) The Pay Commission Report will be discussed for full one day in the House. The hon. Member can raise this matter at that time.)

**ਸਰਦਾਰ ਉਮਰਾਓ ਸਿੰਘ** : ਉਸੇ ਦਿਨ ਲਈ ਤਾਂ ਇਹ ਇਨਫਰਮੇਸ਼ਨ ਚਾਹੀਦੀ ਹੈ, ਇਸ ਦੇ ਬਿਨਾਂ ਡਿਸਕਸ ਨਹੀਂ ਕਰ ਸਕਾਂਗੇ । ਮੇਰੀ ਗੁਜ਼ਾਰਿਸ਼ ਹੈ ਕਿ ਮਨਿਸਟਰ ਸਾਹਿਬ ਟਾਈਮ ਲੈ ਲੈਣ, ਕਲ ਪਰਸੋਂ ਦਸ ਦੇਣ ।

**ਮੰਤਰੀ** : ਇਹੀ ਨੋਟੀਫਿਕੇਸ਼ਨ ਦੀ ਪੜਤਾਲ ਕਰ ਲੈਣ । ਅਗਰ ਕੋਈ ਸੂਚਨਾ ਰਹਿ ਗਈ ਹੋਵੇ ਤਾਂ ਉਸ ਬਾਰੇ ਇਨ੍ਹਾਂ ਦੀ ਪੂਰੀ ਤਸੱਲੀ ਕਰਾ ਦਿੱਤੀ ਜਾਵੇਗੀ ।

---

*Placed in the Library.

**Placed in the Library.

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਸ ਹਾਊਸ ਦੀ ਕਨਵੈਨਸ਼ਨ ਰਹੀ ਹੈ ਜਦੋਂ ਕਵੈਸਚਨ ਆਵਰ ਹੁੰਦਾ ਹੈ ਤਾਂ ਮਨਿਸਟਰ ਸਾਹਿਬ ਸਵਾਲਾਂ ਦੇ ਜਵਾਬ ਜ਼ਬਾਨੀ ਦੇਣ ਦੀ ਕੋਸ਼ਿਸ਼ ਕਰਦੇ ਹਨ। ਅਗਰ ਜਵਾਬ ਲੰਬਾ ਹੋਵੇ ਤਾਂ ਇਹ ਟੇਬਲ ਤੇ ਰਖ ਦਿਤਾ ਜਾਂਦਾ ਹੈ। ਮਗਰ ਸਾਡੇ ਬਜ਼ੁਰਗ ਰੈਵਿਨਿਊ ਮਿਨਿਸਟਰ ਸਾਹਿਬ ਨੇ ਆਦਤ ਬਣਾ ਲਈ ਹੈ ਕਿ ਕੁਝ ਮੂੰਹੋਂ ਕਹਿਣਾ ਹੀ ਨਹੀਂ। ਉਹ ਇਨਾ ਹੀ ਕਹਿ ਦਿੰਦੇ ਹਨ ਕਿ ਕਾਗਜ਼ ਪੜ੍ਹ ਲਉ। ਇਹ ਹਾਊਸ ਦੀਆਂ ਕਨਵੈਨਸ਼ਨਜ਼ ਦੇ ਖਿਲਾਫ ਹੈ। ਸਾਨੂੰ ਆਪ ਪ੍ਰੋਟੈਕਸ਼ਨ ਦਿਉ ਕਿ ਇਹ ਕੁਝ ਨਾ ਕੁਝ ਜਵਾਬ ਜ਼ਰੂਰ ਦਿਆ ਕਰਨ। ਇਸ ਸਵਾਲ ਦੀ ਗਲ ਨਹੀਂ ਹੈ, ਇਸ ਦਾ ਜਵਾਬ ਲੰਬਾ ਹੈ ਇਹ ਮੈਂ ਮੰਨਦਾ ਹਾਂ।

**ਸ੍ਰੀ ਸਪੀਕਰ** : ਜਵਾਬ ਤਾਂ ਸ੍ਰੀ ਕ੍ਰਿਸ਼ਨ ਲਾਲ ਹੋਰਾਂ ਨੇ ਦਿਤਾ ਹੈ। ਇਹ ਪੁਆਇੰਟ ਆਫ ਆਰਡਰ ਬਣਦਾ ਨਹੀਂ। (The reply has been given by Shri Krishan Lal. It is no point of order.)

**ਸਰਦਾਰ ਉਮਰਾਓ ਸਿੰਘ** : ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਅਗਰ ਸਵਾਲ ਦਾ ਜਵਾਬ ਕਲੀਅਰ ਨਾ ਹੋਵੇ———(ਵਿਘਨ)

---

## ANOMALIES IN THE REPORT OF PUNJAB PAY COMMISSION

***41. Comrade Satya Pal Dang** : Will the Minister for Finance be pleased to state :—

(a) the total number of representations received by the Government regarding anomalies in the report of the Punjab Pay Commission together with the decision, if any, taken thereon ;

(b) the number of categories of Government employees involved and a list specifying these categories be placed on the Table of the House ;

(c) whether any machinery has been set up by the Government to go into the said anomalies ?

(a) About 600 representations have been received so far from various sections of the employees and more are still pouring in. They are being examined to find out genuine cases of "anomaly"

(b) The number and list of such categories can be furnished after the examination of the representations have been completed.

(c) It is contemplated to set up an effective machinery for the purpose very soon.

Original with;
Punjab Vidhan Sabha
Digitized by;
Panjab Digital Library

• **ਕਾਮਰੇਡ ਸੱਤਪਾਲ ਡਾਂਗ** :—ਮਨਿਸਟਰ ਸਾਹਿਬ ਨੇ ਸਵਾਲ ਦੇ (ਸੀ) ਭਾਗ ਦੇ ਵਿਚ ਕਿਹਾ ਹੈ ਕਿ ਈਫੈਕਟਿਵ ਮਸ਼ੀਨਰੀ ਬਣਾਈ ਜਾ ਰਹੀ ਹੈ। (ਏ) ਦੇ ਜਵਾਬ ਵਿਚ ਕਿਹਾ ਹੈ ਕਿ ਪੜਤਾਲ ਹੋ ਰਹੀ ਹੈ ਕਿ ਕਿਹੜੀ ਐਨਾਮਲੀ ਜੈਨੂੰਇਨ ਹੈ। ਕੀ ਵਜ਼ੀਰ ਸਾਹਿਬ ਦਸਣਗੇ ਕਿ ਸਰਕਾਰ ਆਪ ਹੀ ਕਿਉਂ ਇਸ ਗਲ ਦਾ ਫੈਸਲਾ ਕਰਦੀ ਹੈ ਕਿ ਕਿਹੜੀ ਐਨਾਮਲੀ ਜੈਨੂੰਇਨ ਹੈ ਜਾਂ ਨਹੀਂ। ਕੀ ਇਹ ਸਾਰੇ ਰੈਪਰੇਜ਼ੈਂਟੇਸ਼ਨਜ਼ ਉਸ ਮਸ਼ੀਨਰੀ ਨੂੰ ਦੇਣ ਲਈ ਤਿਆਰ ਹਨ ਜੋ ਕਿ ਇਹ ਬਨਾਉਣਗੇ ?

**ਮੰਤਰੀ** :—ਗਲ ਇਹ ਹੈ ਕਿ ਜੋ ਅਫਸਰਾਂ ਦੀ ਕਮੇਟੀ ਅਸੀਂ ਬਣਾਵਾਂਗੇ ਉਸ ਨੂੰ ਕੁਝ ਟਰਮਜ਼ ਆਫ ਰੈਫਰੈਂਸ ਦੇਣੀਆਂ ਪੈਣਗੀਆਂ ਅਤੇ ਐਨਾਮਲੀ ਨੂੰ ਡੀਫ਼ਾਈਨ ਕਰਨਾ ਪਵੇਗਾ। ਇਸ ਲਈ ਜੋ ਗੱਲਾਂ ਐਨਾਮਲੀਜ਼ ਤੋਂ ਬਾਹਰ ਹਨ ਉਨ੍ਹਾਂ ਤੇ ਬਾਅਦ ਵਿਚ ਵਿਚਾਰ ਕਰ ਲਵਾਂਗੇ ਮਗਰ ਐਨਾਮਲੀਜ਼ ਹਨ ਉਨ੍ਹਾਂ ਤੇ ਫੌਰੀ ਤੌਰ ਤੇ ਵਿਚਾਰ ਕਰਨਾ ਚਾਹੀਦਾ ਹੈ।

**ਕੈਪਟਨ ਰਤਨ ਸਿੰਘ** :—ਵਜ਼ੀਰ ਸਾਹਿਬ ਨੇ ਅੱਪਰ ਹਾਊਸ ਵਿਚ ਕਿਹਾ ਹੈ ਕਿ ਇਸ ਰਿਪੋਰਟ ਵਿਚ ਇਤਨੀਆਂ ਐਨਾਮਲੀਜ਼ ਹਨ ਅਤੇ ਇਸ ਬਾਰੇ ਇਤਨੇ ਰੈਪਰੇਜ਼ੈਂਟੇਸ਼ਨਜ਼ ਆਏ ਹਨ ਕਿ ਇਹ ਗੱਲ ਸਰਕਾਰ ਦੇ ਜ਼ੇਰੇ ਗੌਰ ਹੈ ਕਿ ਸਰਕਾਰ ਇਸ ਪੇ ਕਮਿਸ਼ਨ ਦੀ ਰਿਪੋਰਟ ਨੂੰ ਸਕਰੈਪ ਕਰ ਦੇਵੇ। ਕੀ ਸਰਕਾਰ ਪੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਖਤਮ ਕਰਨ ਦੀ ਗੱਲ ਤਾਂ ਨਹੀਂ ਸੋਚ ਰਹੀਂ ?

**ਮੰਤਰੀ** :—ਮੈਂ ਸਾਰੀ ਗੱਲ ਇਕ ਮਿੰਟ ਵਿਚ ਐਕਸਪਲੇਨ ਕਰ ਦਿੰਦਾ ਹਾਂ। ਮੈਂ ਅੱਪਰ ਹਾਊਸ ਵਿਚ ਕਿਹਾ ਸੀ ਕਿ ਕੈਬਿਨਟ ਦੇ ਦੋ ਮੈਂਬਰਾਂ ਨੇ ਸਰਕਾਰੀ ਮੁਲਾਜ਼ਮਾਂ ਦੇ ਰੈਪਰੇਜ਼ੇਂਟੇਸ਼ਨਜ਼ ਸੁਣਨੇ ਸ਼ੁਰੂ ਕੀਤੇ ਸਨ ਪਰ ਰੈਪਰੇਜ਼ੈਂਟੇਸ਼ਨਜ਼ ਦਾ ਨੰਬਰ ਇੰਨਾ ਜ਼ਿਆਦਾ ਸੀ ਕਿ ਅਸੀਂ ਸੋਚਿਆ ਕਿ ਅਸੀਂ ਇਸ ਲਈ ਪੂਰਾ ਟਾਈਮ ਨਹੀਂ ਕਢ ਸਕਾਂਗੇ ਅਤੇ ਸਰਕਾਰੀ ਮੁਲਾਜ਼ਮਾਂ ਦੇ ਇਸ ਕੰਮ ਵਿਚ ਦੇਰ ਹੋ ਜਾਵੇਗੀ। ਉਨ੍ਹਾਂ ਮੁਲਾਜ਼ਮਾਂ ਦੇ ਹੀ ਫ਼ਾਇਦੇ ਲਈ ਇਹ ਸੋਚਿਆ ਕਿ ਇਨ੍ਹਾਂ ਅਰਜ਼ੀਆਂ ਨੂੰ ਪਹਿਲਾਂ ਪ੍ਰਾਪਰਲੀ ਪ੍ਰਾਸੈਸ ਕੀਤਾ ਜਾਵੇ। ਇਸ ਪਰਪਜ਼ ਲਈ ਸੀਨੀਅਰ ਮੋਸਟ ਅਫ਼ਸਰਾਂ ਦੀ ਕਮੇਟੀ ਬਣਾ ਰਹੇ ਹਾਂ ਤਾਂਕਿ ਪਹਿਲਾਂ ਉਹ ਇਨ੍ਹਾਂ ਨੂੰ ਦੇਖ ਲਵੇ, ਫਿਰ ਕੈਬਿਨਟ ਲੈਵਲ ਤੇ ਐਨਾਮਲੀਜ਼ ਦੂਰ ਕਰਾਂਗੇ।

ਪੇ ਕਮਿਸ਼ਨ ਦੀ ਰਿਪੋਰਟ ਨੂੰ ਸਕਰੈਪ ਕਰਨ ਦੀ ਗੱਲ ਮੈਂ ਨਹੀਂ ਕਹੀ ਸੀ। ਕਿਹਾ ਮੈਂ ਇਹ ਸੀ ਕਿ ਇਸ ਰਿਪੋਰਟ ਦਾ ਕ੍ਰਿਟਿਸਿਜ਼ਮ ਇੰਨਾਂ ਜ਼ਿਆਦਾ ਹੋ ਰਿਹਾ ਹੈ ਕਿ ਫਿਰ ਇਸ ਰਿਪੋਰਟ ਤੋਂ ਰਾਜ਼ੀ ਕੌਣ ਹੈ, ਸਾਰੇ ਹੀ ਨਾਰਾਜ਼ ਹਨ। ਸਰਕਾਰ ਦੇ ਖਜ਼ਾਨੇ ਤੇ 7 ਕਰੋੜ ਦਾ ਬੋਝ ਪਿਆ ਹੈ ਫਿਰ ਇਸ ਨੂੰ ਰਖੀਏ ਜਾਂ ਨਾ। ਇਹ ਮੈਂ ਨਹੀਂ ਕਿਹਾ ਕਿ ਇਸ ਨੂੰ ਸਕਰੈਪ ਕਰ ਰਹੇ ਹਾਂ।

**ਸਰਦਾਰ ਕਿਰਪਾਲ ਸਿੰਘ** : ਇਨ੍ਹਾਂ ਨੇ ਕਿਹਾ ਹੈ ਕਿ ਜੋ ਰੈਪਰੇਜ਼ੈਂਟੇਸ਼ਨਜ਼ ਆਏ ਹਨ ਉਹ ਅਫ਼ਸਰਾਂ ਦੀ ਇਕ ਨਵੀਂ ਕਮੇਟੀ ਦੇ ਸਪੁਰਦ ਕਰ ਰਹੇ ਹਾਂ। ਕੀ ਇਹ ਦਸਣਗੇ ਕਿ ਕੀ ਇਨ੍ਹਾਂ ਨੇ ਉਨ੍ਹਾਂ ਕੇਸਿਜ਼ ਬਾਰੇ ਵੀ ਉਸ ਕਮੇਟੀ ਨੂੰ ਰੈਫ਼ਰੈਂਸ ਕੀਤੀ ਹੈ ਕਿ ਅਜਿਹੇ ਗ੍ਰੇਡਜ਼ ਜਿਹੜੇ

Original with;
Punjab Vidhan Sabha
Digitized by;
Panjab Digital Library

(ਸਰਦਾਰ ਕਿਰਪਾਲ ਸਿੰਘ)

ਸਟਾਰਟ ਵਿਚ ਇਕੋ ਜਿਹੇ ਸਨ ਮਗਰ ਜਿਨ੍ਹਾਂ ਦੀ ਦਰਮਿਆਨ ਵਿਚ ਇਨਕਰੀਮੈਂਟ ਦੀ ਰੇਸ਼ੋ ਘਟ ਜਾਂ ਵਧ ਹੈ ਜਾਂ ਜੋ ਪਹਿਲਾਂ ਵਧ ਪੇ ਲੈਂਦੇ ਸਨ ਪਰ ਹੁਣ ਉਨ੍ਹਾਂ ਤੋਂ ਘਟ ਹੋ ਗਈ ਕੀ ਅਜਿਹੇ ਕੇਸਿਜ਼ ਬਾਰੇ ਉਸ ਕਮੇਟੀ ਨੂੰ ਰੈਫਰੈਂਸ ਕੀਤੀ ਗਈ ਹੈ ਕਿ ਅਜਿਹੇ ਕੇਸਾਂ ਦਾ ਵੀ ਕੁਝ ਕੀਤਾ ਜਾਵੇ ।

**ਮੰਤਰੀ** : ਮੈਂ, ਸਪੀਕਰ ਸਾਹਿਬ, ਆਨਰੇਬਲ ਮੈਂਬਰਾਂ ਦੀ ਗਿਆਤ ਲਈ ਇਹ ਪੜ੍ਹ ਕੇ ਸੁਣਾ ਦਿੰਦਾ ਹਾਂ

An anomaly can be said to exist only in the following types of cases—

(I) Where a post has been left out from the recommendations of the Pay Commission and, consequently from Government orders thereon. This has been found to have happened in a few cases where the Head of the Department did not furnish information about the post etc. to the Commission............

**ਸਾਥੀ ਰੂਪ ਲਾਲ** : ਸਪੀਕਰ ਸਾਹਿਬ, ਕਲ ਵੀ ਅਤੇ ਅਗੇ ਵੀ ਮੁੱਖ ਮੰਤਰੀ ਸਾਹਿਬ ਨੇ ਅਤੇ ਆਪ ਨੇ ਵੀ ਇਹ ਗਲ ਸਪਸ਼ਟ ਕਹੀ ਸੀ ਕਿ ਇਸ ਹਾਊਸ ਦੀ ਸਾਰੀ ਕਾਰਵਾਈ ਪੰਜਾਬੀ ਵਿਚ ਕੀਤੀ ਜਾਵੇਗੀ ਪਰ ਹੁਣ ਫਿਰ ਫਿਨਾਂਸ ਮਨਿਸਟਰ ਸਾਹਿਬ ਨੇ ਅੰਗ੍ਰੇਜ਼ੀ ਵਿਚ ਪੜ੍ਹਨਾ ਸ਼ੁਰੂ ਕਰ ਦਿਤਾ ਹੈ (ਵਿਘਨ)

**ਮੰਤਰੀ** : ਅਜੇ ਅਸੀਂ ਪੰਜਾਬੀ ਚੰਗੀ ਤਰਾਂ ਲਿਖ ਪੜ੍ਹ ਤਾਂ ਲਈਏ । ਜਦ ਤਕ ਅਸੀਂ ਚੰਗੀ ਤਰਾਂ ਪੰਜਾਬੀ ਪੜ੍ਹਨਾ ਨਾ ਸਿਖ ਲਈਏ ਤਦ ਤਕ ਤਾਂ ਅੰਗ੍ਰੇਜ਼ੀ ਵਿਚ ਹੀ ਪੜ੍ਹਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ । ਦੂਜੀ ਗਲ ਇਸ ਸੰਬੰਧ ਵਿਚ ਇਹ ਹੈ ਕਿ ਇਹ ਟੈਕਨੀਕਲ ਨੇਚਰ ਦਾ ਨੋਟ ਹੈ ਜਿਹੜਾ ਕਿ ਫਿਨਾਂਸ ਡੀਪਾਰਟਮੈਂਟ ਵਲੋਂ ਤਿਆਰ ਕਰਕੇ ਦਿਤਾ ਗਿਆ ਹੈ । ਇਸ ਲਈ ਇਸ ਨੂੰ ਅੰਗ੍ਰੇਜ਼ੀ ਵਿਚ ਹੀ ਸੁਣ ਲੈਣਾ ਚਾਹੀਦਾ ਹੈ । ਪੰਜਾਬੀ ਅਨੁਵਾਦ ਵੀ ਜੇਕਰ ਚਾਹੋਗੇ ਤਾਂ ਬਾਅਦ ਵਿਚ ਕਰਵਾ ਦਿਆਂਗੇ । ਕੁਝ ਵਕਤ ਤਾਂ ਸਾਨੂੰ ਦਿਉ ਤਾਂ ਕਿ ਪੰਜਾਬੀ ਵਿਚ ਪੜ੍ਹਨ ਲਈ ਤਿਆਰ ਹੋ ਸਕੀਏ । (ਵਿਘਨ)

**ਚੌਧਰੀ ਜਗਤ ਰਾਮ** : ਸਪੀਕਰ ਸਾਹਿਬ, ਤੁਸੀਂ ਤਾਂ ਆਪ ਕਿਹਾ ਸੀ ———(ਵਿਘਨ)

**Mr. Speaker** : No more discussion please.

**ਮੰਤਰੀ** : ਸਾਰੀ ਇਨਫਾਰਮੇਸ਼ਨ ਤਾਂ ਮੈਂਬਰ ਸਾਹਿਬਾਨ ਲੈ ਲੈਣ । ਦੂਸਰੀ ਟਾਈਪ ਦੇ ਕੇਸ———

(II) Where the existing horizontal relativities of comparable posts in different departments and vertical relativities of various posts in a Department might have been disturbed, except of course in cases where this has been done deliberately. (interruptions and Noise in the House).

**Voices** : Sir, there are many interruptions and nothing can be heard.

**Mr. Speaker** : There should be no interruptions in the House.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀ ਇਹ ਆਫੀਸਰਜ਼ ਦੀ ਮਸ਼ੀਨਰੀ ਐਨਾਮਲੀਜ਼ ਦੂਰ ਕਰਨ ਲਈ ਬਣਾਈ ਜਾ ਰਹੀ ਹੈ ਇਹ ਜੈਨੂਇਨ ਐਲਾਮਲੀਜ਼ ਕਿਸ ਤਰੀਕੇ ਨਾਲ ਦੂਰ ਕਰੇਗੀ ਕਿਉਂਕਿ ਇਨ੍ਹਾਂ ਨੂੰ ਪਤਾ ਹੀ ਹੈ ਕਿ ਪੇ ਕਮਿਸ਼ਨ ਦੀ ਰੀਪੋਰਟ ਤੋਂ ਬਹੁਤ ਸਾਰੇ ਮੁਲਾਜ਼ਮ ਡਿਸਸੈਟਿਸਫਾਈਡ ਹਨ ਅਤੇ ਬਹੁਤ ਸਾਰੀਆਂ ਗੱਲਾਂ ਤੇ ਦੁਬਾਰਾ ਵਿਚਾਰ ਕੀਤੇ ਜਾਣ ਦੀ ਲੋੜ ਹੈ ਇਸ ਲਈ ਸਿਰਫ ਐਨਾਮਲੀਜ਼ ਨੂੰ ਦੂਰ ਕਰਨ ਲਈ ਕਮੇਟੀ ਬਣਾਉਣ ਦਾ ਕੋਈ ਫਾਇਦਾ ਨਹੀਂ ਹੋਵੇਗਾ । ਸਰਕਾਰ ਇਸ ਸੰਬੰਧ ਵਿਚ ਕੀ ਕਰ ਰਹੀ ਹੈ ।

**ਮੰਤਰੀ** : ਸਾਡੇ ਪਾਸ ਜਿੰਨੀਆਂ ਵੀ ਅਰਜ਼ਦਾਸ਼ਤਾਂ ਆਈਆਂ ਹਨ ਸਭ ਵਿਚ ਲਫਜ਼ ਐਨਾਮਲੀਜ਼ ਲਿਖਿਆ ਗਿਆ ਹੈ । ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਅਨਾਮੋਲੀ ਲਫਜ਼ ਦੀ ਡੈਫੀਨੀਸ਼ਨ ਨੂੰ ਪਿਨ ਡਾਊਨ ਕੀਤਾ ਜਾਵੇ ਅਤੇ ਇਸ ਤੋਂ ਬਾਅਦ ਹੀ ਟਰਮ ਆਫ ਰੈਫਰੈਂਸ ਤਿਆਰ ਕੀਤਾ ਜਾਵੇ ਤਾਕਿ ਕਮੇਟੀ ਵਰਕ ਕਰ ਸਕੇ ਅਤੇ ਆਪਣੀ ਰਿਪੋਰਟ ਦੇ ਸਕੇ ।

**ਚੌਧਰੀ ਤੁਲਸੀ ਰਾਮ ਚੌਹਾਨ** : ਸਪੀਕਰ ਸਾਹਿਬ ਜਦ ਦੀ ਪੇ ਕਮਿਸ਼ਨ ਦੀ ਰਿਪੋਰਟ ਸ਼ਾਇਆ ਹੋਈ ਹੈ ਇਸ ਨਾਲ ਟੀਚਰਾਂ ਦੀ ਯੂਨੀਅਨ ਡਿਸਸੈਟਿਸਫਾਈਡ ਹੈ ਅਤੇ ਉਹ ਐਜੀਟੇਸ਼ਨਾਂ ਕਰ ਰਹੇ ਹਨ ਤਾਂ ਕਿ ਇਸ ਕਮੇਟੀ ਵਿਚ, ਜਿਹੜੀ ਕਿ ਸਰਕਾਰ ਨੇ ਬਣਾਈ ਹੈ, ਉਨ੍ਹਾਂ ਦੀਆਂ ਮੰਗਾਂ ਤੇ ਵੀ ਵਿਚਾਰ ਕੀਤਾ ਜਾਵੇਗਾ ?

**ਮੰਤਰੀ** : ਮੈਂ ਸਮਝਦਾ ਹਾਂ ਕਿ ਮੈਂਬਰ ਸਾਹਿਬ ਨੇ ਪੇ ਕਮਿਸ਼ਨ ਦੀ ਰਿਪੋਰਟ ਨੂੰ ਪੜ੍ਹਿਆ ਨਹੀਂ, ਇਸ ਵਿਚ ਸਕੂਲ ਦੇ ਟੀਚਰਾਂ ਦਾ ਜ਼ਿਕਰ ਨਹੀਂ । ਟੀਚਰਾਂ ਨੂੰ ਤਾਂ ਕੋਠਾਰੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਹੂਲਤਾਂ ਦਿਤੀਆਂ ਗਈਆਂ ਸਨ ਪਰ ਉਹ ਹਲ ਵੀ ਮੈਂ ਸਮਝਦਾ ਹਾਂ ਕਿ ਤਸੱਲੀਬਖਸ਼ ਨਹੀਂ । ਉਸ ਦਾ ਹੱਲ ਇਸ ਕਮੇਟੀ ਪਾਸ ਜੋ ਰੈਫਰੈਂਸ ਹੋਵੇਗੀ ਉਸ ਵਿਚ ਨਹੀਂ ।

**ਕਾਮਰੇਡ ਸੱਤ ਪਾਲ ਡਾਂਗ** : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨੇ ਐਜੀਟੇਸ਼ਨ ਕੀਤੀ ਹੈ ਅਤੇ ਇਸ ਗੱਲ ਦਾ ਠੋਕ ਕੇ ਇਲਾਨ ਕੀਤਾ ਹੈ ਕਿ ਉਨ੍ਹਾਂ ਦੀ ਇਸ ਤਰ੍ਹਾਂ ਦੀ ਆਫੀਸਰਜ਼ ਕਮੇਟੀ ਨਾਲ ਤਸੱਲੀ ਨਹੀਂ ਹੋ ਸਕਦੀ ਅਤੇ ਇਸ ਤਰਾਂ ਦੀ ਕਮੇਟੀ ਬਣਾਈ ਜਾਵੇ ਜਿਸ ਨਾਲ ਕਿ ਮੁਲਾਜ਼ਮਾਂ ਦੇ ਨੁਮਾਇੰਦੇ ਵੀ ਬੈਠਣ । ਕੀ ਸਰਕਾਰ ਇਸ ਗੱਲ ਤੇ ਵਿਚਾਰ ਕਰ ਰਹੀ ਹੈ ?

**ਮੰਤਰੀ** : ਇਹ ਕਮੇਟੀ ਤਾਂ ਪ੍ਰਿਲਿਮੀਨਰੀ ਕੰਮ ਕਰੇਗੀ ਕਿਉਂਕਿ 1000 ਜਾਂ 1500 ਦੇ ਕਰੀਬ ਰੈਪਰੇਜ਼ੈਂਟੇਸ਼ਨਜ਼ ਆਈਆਂ ਹਨ ਜਿਨ੍ਹਾਂ ਨੂੰ ਪ੍ਰਾਸੈਸ ਕਰਨਾ ਹੈ । ਫਿਰ ਉਨ੍ਹਾਂ ਦੀ ਕੈਟੇਗਰਾਈਜ਼ੇਸ਼ਨ ਕੀਤੀ ਜਾਣੀ ਹੈ ਅਤੇ ਜਦ ਇਹ ਸਾਰੀ ਟੇਬੂਲੇਸ਼ਨ ਅਤੇ ਬਾਕੀ ਦਾ ਕੰਮ ਹੋ ਜਾਵੇਗਾ ਤਾਂ ਤੁਹਾਡੀ ਸਲਾਹ ਲੈ ਲਵਾਂਗੇ ਅਤੇ ਲੋਕਾਂ ਨੂੰ ਵੀ ਬੁਲਾ ਲਵਾਂਗੇ ।

**ਸਰਦਾਰ ਦਲੀਪ ਸਿੰਘ ਪ੍ਰਾਂਧੀ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਕਮੇਟੀ ਵਿਚ ਕੋਈ ਨਾਨ ਆਫੀਸ਼ਲ ਮੈਂਬਰ ਪਾਏ ਹਨ ਜਾਂ ਨਹੀਂ, ਜੇਕਰ ਨਹੀਂ, ਤਾਂ ਕੀ ਇਸ ਵਿਚ ਉਨ੍ਹਾਂ ਨੂੰ ਸ਼ਾਮਲ ਕਰਨ ਦਾ ਵਿਚਾਰ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਹ ਜਿਹੜੀ ਕਮੇਟੀ ਪ੍ਰੋਸੈਸ ਕਰਨ ਲਈ ਬਣਾਈ ਗਈ ਹੈ ਇਸ ਵਿਚ ਨਾਨ ਆਫੀਸ਼ਲ ਨੂੰ ਸ਼ਾਮਲ ਕਰਨ ਦਾ ਵਿਚਾਰ ਨਹੀਂ ।

**ਕਾਮਰੇਡ ਸੱਤ ਪਾਲ ਡਾਂਗ** : ਜੱਜ ਸਾਹਿਬ ਦਾ ਜਿਹੜਾ ਪੇ ਕਮਿਸ਼ਨ ਸੀ ਉਸ ਦੀ ਰਿਪੋਰਟ ਉਤੇ ਕਈ ਤਰ੍ਹਾਂ ਦਾ ਝਗੜਾ ਰਹਿ ਗਿਆ ਹੈ ਅਤੇ ਹੁਣ ਐਨਾਮਲੀ ਦਾ ਲਫਜ਼ ਡੀਫਾਇਨ ਕਰਨ ਲਗਿਆਂ ਜੇਕਰ ਸਬਾਰਡੀਨੇਟ ਸਰਵਸਿਜ਼ ਫੈਡਰੇਸ਼ਨ ਨੂੰ ਨਾ ਪੁਛਿਆ ਗਿਆ ਤਾਂ ਫਿਰ ਝਗੜਾ ਕਾਇਮ ਰਹੇਗਾ । ਇਸ ਲਈ ਉਨ੍ਹਾਂ ਦੀ ਸਲਾਹ ਨਾਲ ਇਸ ਡੈਫੀਨੇਸ਼ਨ ਨੂੰ ਬਣਾਇਆ ਜਾਵੇ ਤਾ ਕਿ ਉਨ੍ਹਾਂ ਦਾ ਵਿਊ ਸਰਕਾਰ ਦੇ ਸਾਹਮਣੇ ਹੋਵੇ ।

**ਮੰਤਰੀ** : ਲਫਜ਼ ਐਨਾਮਲੀ ਨੂੰ ਡੀਫਾਇਨ ਕਰਨਾ ਕੋਈ ਮੁਸ਼ਕਲ ਨਹੀਂ ਡਿਕਸ਼ਨਰੀ ਵਿਚ ਦਿਤਾ ਹੋਇਆ ਹੈ । ਬਾਕੀ ਟਰਮ ਆਫ ਰੈਫਰੈਂਸ ਤਿਆਰ ਕਰਨੇ ਹਨ ।

**ਕਾਮਰੇਡ ਬਾਬੂ ਸਿੰਘ ਮਾਸਟਰ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀਆਂ ਐਨਾ-ਮਲੀਜ਼ ਇਹ ਕਹਿੰਦੇ ਹਨ ਉਨ੍ਹਾਂ ਦੇ ਨਾਲ ਨਾਲ ਜਿਹੜਾ ਧਕਾ ਜਿਨ੍ਹਾਂ ਕੇਸਾਂ ਵਿਚ ਪੇ ਕਮਿਸ਼ਨ ਦੀ ਰਿਪੋਰਟ ਕਾਰਨ ਹੋਇਆ ਹੈ, ਉਹ ਵੀ ਵਿਚਾਰਿਆ ਜਾਵੇਗਾ ਅਤੇ ਐਨਾਮਲੀਜ਼ ਵਿਚ ਸ਼ਾਮਲ ਕੀਤਾ ਜਾਵੇਗਾ ਅਤੇ ਇਸ ਦੇ ਨਾਲ ਹੀ ਇਹ ਵੀ ਵਿਚਾਰ ਕੀਤਾ ਜਾਵੇਗਾ ਕਿ ਇਸ ਦੇ ਕੀ ਕਾਰਨ ਹਨ ਤਾਂ ਜੋ ਇਸ ਕਮੇਟੀ ਵਲੋਂ ਵੀ ਇਸ ਤਰ੍ਹਾਂ ਦੀ ਕੋਈ ਗੱਲ ਦੁਹਰਾਈ ਨਾ ਜਾਵੇ ?

**ਮੰਤਰੀ** : ਮੈਂ ਇਸ ਸਬੰਧ ਵਿਚ ਅਰਜ਼ ਕਰ ਦਿਆਂ ਕਿ ਪਹਿਲਾਂ ਕੋਈ 578 ਕਿਸਮ ਦੀਆਂ ਪੋਸਟਾਂ ਦੇ ਵਖ ਵਖ ਗਰੇਡ ਸਨ ਅਤੇ ਪੇ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਇਨ੍ਹਾਂ ਨੂੰ ਘਟਾ ਕੇ 31 ਤਕ ਲੈ ਆਂਦਾ ਹੈ ਇਸ ਲਈ ਕਈ ਗੱਲਾਂ ਵਰਟੀਕਲੀ ਅਤੇ ਕਈ ਹਾਰੀਜ਼ੈਂਟਲੀ ਐਸੀਆਂ ਰਹਿ ਗਈਆਂ ਹਨ ਜਿਨ੍ਹਾਂ ਵਲ ਵਿਚਾਰ ਕਰਨ ਦੀ ਲੋੜ ਹੈ । ਬਾਕੀ ਜਿੰਨੀਆਂ ਰੈਪਰੇਜ਼ੈਂਟੇ-ਸ਼ਨਜ਼ ਮਿਲੀਆਂ ਹਨ ਉਨ੍ਹਾਂ ਵਿਚ ਕਿਤੇ ਕਿਸੇ ਧਕੇ ਦਾ ਜ਼ਿਕਰ ਨਹੀਂ ਕੀਤਾ ਗਿਆ ।

---

## GRADES OF PAY OF PROFESSORS/LECTURERS IN GOVERNMENT MEDICAL COLLEGES IN THE STATE

*42. **Comrade Satya Pal Dang** : Will the Minister for Finance be pleased to state :

(*a*) whether it is a fact that the grades of pay recommended by the Punjab Pay Commission for Assistant Professors, Senior Lecturers and Lecturers of Government Medical Colleges in the State are lower than their existing grades ;

(*b*) whether any representations on behalf of all or any one of those mentioned in part (*a*) above have been received by the Government, if so, the action, if any, taken thereon ?

**Shri Krishan Lal** : (*a*) No ; except in the case of Lecturer without post graduate qualifications.

(*b*) Yes, but not in respect of Lecturer without post graduate qualifications. The represenation is being examined.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਉਨ੍ਹਾਂ ਨੂੰ ਇਸ ਗਲ ਦਾ ਪਤਾ ਹੈ ਕਿ ਪੇ ਕਮਿਸ਼ਨ ਨੇ ਮੈਡੀਕਲ ਕਾਲਜਾਂ ਵਿਚ ਅਸਿਸਟੈਂਟ ਪ੍ਰੋਫੈਸਰ, ਸੀਨੀਅਰ ਲੈਕਚਰਾਰ ਅਤੇ ਲੈਕਚਰਾਰ ਦੇ ਤੌਰ ਤੇ ਕੰਮ ਕਰ ਰਹੇ ਡਾਕਟਰਾਂ ਦੇ ਮੌਜੂਦਾ ਤਨਖ਼ਾਹ ਗਰੇਡ ਘੱਟ ਕਰ ਦਿਤੇ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਨ੍ਹਾਂ ਨੂੰ ਠੀਕ ਕਰਨ ਲਈ ਕੀ ਜ਼ਰੂਰੀ ਕਦਮ ਉਠਾ ਰਹੀ ਹੈ ?

**ਮੰਤਰੀ** : ਮੈਂ ਇਸ ਦਾ ਪਹਿਲਾਂ ਹੀ ਜਵਾਬ ਦੇ ਦਿਤਾ ਹੈ। ਮੈਂ ਮਾਨਯੋਗ ਮੈਂਬਰ ਦੀ ਵਾਕਫ਼ੀ ਲਈ ਇਨ੍ਹਾਂ ਸਾਰਿਆਂ ਦੇ ਗਰੇਡ ਪੜ੍ਹ ਕੇ ਸੁਣਾ ਦਿੰਦਾ ਹਾਂ :

The old and revised pay scales for Assistant Professors, Senior Lecturers and Lecturers without Post-Graduate qualifications in the Medical Colleges are as follows :

| | | Old Scale. | Revised Scale. |
|---|---|---|---|
| 1. | Assistant Professor. | 750-1250 plus 25% NPA subject to a maximum of Rs. 500/- | 450-1300 plus 50% NPA subject to a maximum of Rs. 600/- |
| 2. | Senior Lecturer. | 450-950 plus 25% NPA subject to a minimum of Rs. 150/- and maximum of Rs 400/- p.m. | -do- |
| 3. | Lecturer without post-graduate qualifications. | Rs. 400-900 plus 25% NPA subject to a minimum of Rs. 150/- and maximum of Rs. 400/- p. m. | 400-800 plus 25% NPA. |

ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਗਰੇਡ ਘਟ ਨਹੀਂ ਹੋਏ ਗਰੇਡ ਵਧੇ ਹਨ, ਇਹ ਜੁਦਾ ਗੱਲ ਹੈ ਕਿ ਐਨਾਮੋਲੀਜ਼ ਵਧੀਆਂ ਹਨ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਜਿਹੜੇ ਪਹਿਲੇ ਗਰੇਡਜ਼ ਇਨ੍ਹਾਂ ਤੋਂ ਇਲਾਵਾ ਸੀ ਉਨ੍ਹਾਂ ਨਾਲ ਡੀਅਰਨੈਸ ਪੇ ਪਾ ਕੇ ਵਧ ਤਨਖਾਹ ਸੀ ਜਾਂ ਹੁਣ ਦੇ ਗਰੇਡਜ਼ ਨਾਲ ਡੀਅਰਨੈਸ ਪੇ ਪਾ ਕੇ ਵਧ ਤਨਖਾਹ ਬਣਦੀ ਹੈ ?

**ਮੰਤਰੀ** : ਤੁਸੀਂ ਗਰੇਡ ਦੀ ਗੱਲ ਕੀਤੀ ਹੈ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ। ਵਾਧਾ ਹੋਇਆ ਜਾਂ ਨਹੀਂ ਹੋਇਆ ਇਹ ਇਕ ਹੋਰ ਗੱਲ ਹੈ ਜੋ ਸੋਚਣ ਵਾਲੀ ਹੈ।

**ਸ਼੍ਰੀ ਗੁਰਦਿਆਲ ਸੈਣੀ** : ਗਰੇਡ ਮਿਲਣ ਤੋਂ ਪਹਿਲਾਂ ਜੋ ਤਨਖਾਹਾਂ ਸੀ, ਉਹ ਵਧ ਸੀ ਜਾਂ ਬਾਅਦ ਵਿਚ ਨਵੇਂ ਗਰੇਡ ਮਿਲਣ ਤੇ ਵਧੀ ਹੈ।

**ਮੰਤਰੀ** : ਇਹ ਗੱਲ ਸੋਚਣ ਵਾਲੀ ਹੈ ਕਿ ਕੀ ਫਰਕ ਪਿਆ ਹੈ, ਮੈਂ ਪਹਿਲਾਂ ਅਰਜ਼ ਕਰ ਦਿੱਤੀ ਹੈ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਇਹ ਤਨਖਾਹਾਂ ਵਧਾਈਆਂ ਹਨ ਜਾਂ ਘਟਾਈਆਂ ਹਨ ? ਇਹ ਤਾਂ ਜਿਵੇਂ ਇਕ ਸ਼ਾਇਰ ਨੇ ਕਿਹਾ ਹੈ ਕਿ :—

ਸਾਕੀ ਕੀ ਨਵਾਜ਼ਸ਼ ਉਨ ਪਰ ਹੈ ਜੋ ਅੰਦਾਜ਼ ਨਾ ਜਾਨੇਂ ਮਹਿਫਲ ਕਾ,
ਦਸਤੂਰ ਅਗਰ ਯਹੀ ਰਹਾ ਆਬਾਦ ਨਾ ਹੋਗਾ ਮੈਖਾਨਾ।

(ਅਵਾਜ਼ਾਂ : ਵਾਹ-ਵਾਹ)

Original with;
Punjab Vidhan Sabha
Digitized by;
Panjab Digital Library

**Non-Payment of Wages to the Employees of Panipat Woolen Mills, Kharar.**

***43. Comrade Satya Pal Dang :** Will the Minister for Finance be pleased to state whether the Government is aware of the fact that the management of Panipat Woollen Mills, Kharar has not paid wages to its employees for the last 5 months or so ; if so, the steps, if any, taken or being taken to ensure payment of the amount to the said employees ?

**ਸ੍ਰੀ ਕ੍ਰਿਸ਼ਨ ਲਾਲ :** ਸਰਕਾਰ ਨੂੰ ਪਤਾ ਹੈ ਕਿ ਪਾਨੀਪੱਤ ਵੂਲਨ ਮਿਲਜ਼, ਖਰੜ ਦੀ ਮੈਨੇਜਮੈਂਟ ਨੇ ਆਪਣੇ ਕੁਝ ਕਾਮਿਆਂ ਦੀਆਂ ਨਵੰਬਰ, 1968 ਦੀਆਂ ਉਜਰਤਾਂ ਅਤੇ ਆਪਣੇ ਸਾਰੇ ਕਾਮਿਆਂ ਦੀਆਂ ਦਸੰਬਰ, 1968 ਤੋਂ ਫਰਵਰੀ, 1969 ਤਕ ਦੇ ਮਹੀਨਿਆਂ ਦੀਆਂ ਉਜਰਤਾਂ ਨਹੀਂ ਦਿਤੀਆਂ ਹਨ । ਕਾਮਿਆਂ ਦਾ ਬਕਾਇਆ ਦਿਵਾਉਣ ਲਈ ਕਿਰਤ ਵਿਭਾਗ ਦੇ ਅਫ਼ਸਰਾਂ ਨੇ ਮਿਲ ਮੈਨੇਜਮੈਂਟ ਅਤੇ ਕਾਮਿਆਂ ਦੇ ਪ੍ਰਤੀਨਿਧਾਂ ਨਾਲ ਕਈ ਮੀਟਿੰਗਾਂ ਪਿਛਲੇ ਤਿੰਨ ਹਫਤਿਆਂ ਵਿਚ ਕੀਤੀਆਂ ਹਨ ; ਇਨ੍ਹਾਂ ਕੋਸ਼ਿਸ਼ਾਂ ਦੇ ਫਲ-ਸਰੂਪ ਮੈਨੇਜਮੈਂਟ ਨੇ ਕਾਮਿਆਂ ਨੂੰ 17500-00 ਰੁਪਏ ਦੀ ਰਕਮ ਨਵੰਬਰ, 1968 ਦੀ ਬਕਾਇਆ ਤਨਖਾਹ ਬਾਰੇ ਵੰਡ ਦਿਤੀ ਹੈ । ਕਾਮਿਆਂ ਨੂੰ ਪੇਮੈਂਟ ਔਫ ਵੇਜਿਜ਼ ਐਕਟ, 1936 ਦੀ ਧਾਰਾ 15 (2) ਦੇ ਅਧੀਨ ਕਿਰਤ ਵਿਭਾਗ ਨੇ ਆਪਣੇ ਕਲੇਮ ਸਮਰੱਥ ਅਧਿਕਾਰੀ ਪਾਸ ਪੇਸ਼ ਕਰਨ ਦੀ ਸਲਾਹ ਵੀ ਦਿਤੀ ਹੈ ।

ਕਿਰਤ ਵਿਭਾਗ ਦੀਆਂ ਕੋਸ਼ਿਸ਼ਾਂ ਨਾਲ ਸਮਝੌਤਾ ਹੋ ਗਿਆ ਹੈ ਤੇ ਹੜਤਾਲ ਖਤਮ ਹੋ ਗਈ ਹੈ ।

(Government is aware of the fact that the management of M/S Panipat Woollen Mills, Kharar has not paid wages to some of their employees for the month of November, 1968 and to all their employees for the month of December, 1968 to February, 1969. In order to ensure payment of outstanding dues of labour, several meetings have been held by the officers of the Labour Department with the representatives of the management and the trade union organisations functioning in the Mills during the last three weeks. As a result of negotiations, an amount of about Rs. 17,500.00 has been disbursed by the employers against outstanding claims of the workers for the month of November, 1968. The workers have also been advised by the Labour Department to file their claims of outstanding dues to the "competent authority" as provided under section 15 (2) of the payment of Wages Act, 1936.

Through the efforts of the Labour Department a compromise has been arrived at and strike called off.)

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਪੁਛਣੀ ਚਾਹੁੰਦਾ ਹਾਂ ਕਿ ਜਦੋਂ ਵਰਕਰਾਂ ਨੂੰ ਮਹੀਨੇ ਦੀ 7 ਤਾਰੀਖ ਤਕ ਤਨਖਾਹ ਨਾ ਮਿਲੇ ਤਾਂ ਸਰਕਾਰ ਨੂੰ ਵੇਜਿਜ਼ ਐਕਟ ਦੇ ਤਹਿਤ ਮੈਨੇਜਮੈਂਟ ਦਾ ਚਲਾਨ ਕਰਨ ਦਾ ਇਖਤਿਆਰ ਹੈ । ਮੈਂ ਪੁਛਦਾ ਹਾਂ ਕਿ ਜਦੋਂ ਉਸ ਤਾਰੀਖ ਤੱਕ ਵਰਕਰਜ਼ ਨੂੰ ਤਨਖਾਹ ਨਾ ਮਿਲੀ ਤਾਂ ਕੀ ਸਰਕਾਰ ਨੇ ਮੈਨੇਜਮੈਂਟ ਦੇ ਚਲਾਨ ਲਈ ਕੋਈ ਕਾਰਵਾਈ ਕੀਤੀ ? ਕੀ ਖਰੜ ਵੂਲਨ ਮਿਲਜ਼ ਦੀ ਮੈਨੇਜਮੈਂਟ ਦੇ ਖਿਲਾਫ਼ ਸਰਕਾਰ ਨੇ ਕੋਈ ਐਕਸ਼ਨ ਲਿਆ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਜਦੋਂ ਡਾਂਗ ਸਾਹਿਬ ਇਸ ਤਰ੍ਹਾਂ ਦੀ ਗੱਲ ਕਰਦੇ ਹਨ, ਸ਼ਾਇਦ ਉਨ੍ਹਾਂ ਨੂੰ ਪਤਾ ਨਹੀਂ ਕਿ ਮਾਲਕਾਂ ਨੇ ਵਰਕਰਜ਼ ਨਾਲ ਸਮਝੌਤਾ ਕੀਤਾ। ਇਸ ਤੋਂ ਬਾਅਦ ਉਨ੍ਹਾਂ ਦਾ ਇਹ ਕਲੇਮ ਖਤਮ ਹੋ ਜਾਂਦਾ ਹੈ।

**ਕਾਮਰੇਡ ਸੱਤ ਪਾਲ ਡਾਂਗ** : ਸਮਝੌਤਾ ਕਦੋਂ ਹੋਇਆ, 7 ਤਾਰੀਖ ਤੋਂ ਪਹਿਲਾਂ ਜਾਂ ਪਿਛੋਂ।

(ਕੋਈ ਜਵਾਬ ਨਹੀਂ ਦਿਤਾ ਗਿਆ)

**ਚੌਧਰੀ ਤੁਲਸੀ ਰਾਮ ਚੌਹਾਨ** : ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਪੁਛਣੀ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਸਰਕਾਰ ਨੂੰ ਇਹ ਇਤਲਾਹ ਮਿਲੀ ਕਿ ਵਰਕਰਜ਼ ਨੂੰ ਇਤਨੀ ਦੇਰ ਤੱਕ ਤਨਖਾਹਾਂ ਨਹੀਂ ਮਿਲੀਆਂ ਤਾਂ ਕੀ ਸਰਕਾਰ ਨੇ ਇਸ ਬਾਰੇ ਕੋਈ ਇਨਕੁਆਇਰੀ ਕੀਤੀ ? ਜਿਹੜਾ ਇਖਤਿਆਰ ਪੰਜਾਬ ਸਰਕਾਰ ਨੂੰ ਵੇਜਿਜ਼ ਦੇ ਮੁਤਾਲਿਕ ਹੈ ਕੀ ਉਸ ਦੇ ਆਧਾਰ ਤੇ ਉਨ੍ਹਾਂ ਨੇ ਪ੍ਰਾਸੀਕਿਊਸ਼ਨ ਬਾਰੇ ਕੋਈ ਸਟੈਪਸ ਉਠਾਏ ?

**ਮੰਤਰੀ** : ਪ੍ਰਾਸੀਕਿਊਸ਼ਨ ਦੀ ਕਾਰਵਾਈ ਕਿਉਂ ਨਹੀ ਕੀਤੀ ਗਈ, ਇਸ ਸਬੰਧ ਵਿਚ ਮੈਂ ਵਾਜ਼ੇ ਕਰ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਜਦੋਂ ਮਿਲਜ਼ ਅਥਾਰਿਟੀ ਨੇ ਲਿਖ ਦਿੱਤ ਕਿ ਹੜਤਾਲ ਖਤਮ ਹੋ ਗਈ ਹੈ ਤਾਂ ਉਸ ਵੇਲੇ ਕੀ ਕੀਤਾ ਜਾ ਸਕਦਾ ਸੀ।

**ਚੌਧਰੀ ਤੁਲਸੀ ਰਾਮ ਚੌਹਾਨ** : ਵਰਕਰਜ਼ ਅਤੇ ਮੈਨੇਜਮੈਂਟ ਦੇ ਝਗੜੇ ਦੇ ਐਸੇ ਦਰ-ਜਨਾਂ ਮੁਆਮਲੇ ਉਠੇ ਹਨ ਪਰ ਇਸ ਧਾਰਾ ਨੂੰ ਕਿਉਂ ਨਹੀਂ ਇਸਤੇਮਾਲ ਕੀਤਾ ਜਾਂਦਾ ? ਕੀ ਰੂਲਜ਼ ਇਹ ਨਹੀਂ ਹਨ ਕਿ 7 ਤਾਰੀਖ ਤੋਂ ਬਾਅਦ ਜੇ ਵਰਕਰਜ਼ ਨੂੰ ਪੇਮੈਂਟ ਨਾ ਮਿਲੇ ਤਾਂ ਮੈਨੇਜ-ਮੈਂਟ ਦੀ ਪ੍ਰਾਸੀਕਿਊਸ਼ਨ ਹੋ ਸਕਦੀ ਹੈ ?

**ਮੰਤਰੀ** : ਇਹ ਮੈਨੂੰ ਨਹੀਂ ਪਤਾ ਕਿ ਪ੍ਰਾਸੀਕਿਊਸ਼ਨ ਕਿਉਂ ਨਹੀ ਕੀਤੀ। ਇਸ ਬਾਰੇ ਜੇ ਅਲਗ ਨੋਟਿਸ ਦਿਓ ਤਾਂ ਪਤਾ ਕਰਕੇ ਮੈਂ ਦਸ ਸਕਦਾ ਹਾਂ।

**ਸਰਦਾਰ ਕਿਰਪਾਲ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਜਿਹੜੇ ਕਰਮਚਾਰੀ ਐਟ ਫਾਲਟ ਹੋਣਗੇ ਕੀ ਉਨ੍ਹਾਂ ਦੇ ਖ਼ਿਲਾਫ਼ ਕੋਈ ਐਕਸ਼ਨ ਲਿਆ ਜਾਵੇਗਾ ?

**ਮੰਤਰੀ** : ਸਾਰੀ ਪੁਜ਼ੀਸ਼ਨ ਵੇਖ ਕੇ ਜਿਸ ਤਰ੍ਹਾਂ ਦਾ ਵੀ ਐਕਸ਼ਨ ਮੁਨਾਸਿਬ ਹੋਵੇਗਾ ਉਹ ਲਿਆ ਜਾਵੇਗਾ।

**ਸਰਦਾਰ ਕਿਰਪਾਲ ਸਿੰਘ** : ਜਿਹੜੀ ਵੂਲਨ ਮਿਲਜ਼ ਦੀ ਮੈਨੇਜਮੈਂਟ ਵੇਲੇ ਸਿਰ ਆਪਣੇ ਵਰਕਰਜ਼ ਨੂੰ ਤਨਖਾਹ ਤੱਕ ਨਹੀਂ ਦੇ ਸਕੀ, ਅਤੇ ਉਸ ਦੇ ਮੁਤਾਲਿਕ ਇਤਨਾ ਵਾਵੇਲਾ ਹੋਇਆ, ਕੀ ਲੇਬਰ ਡੀਪਾਰਟਮੈਂਟ ਦੇ ਆਫ਼ੀਸਰਜ਼ ਡੀਊਟੀ ਬਾਊਂਡ ਨਹੀਂ ਕਿ ਉਨ੍ਹਾਂ ਦੇ ਖ਼ਿਲਾਫ਼ ਕੋਈ ਐਕਸ਼ਨ ਲੈਂਦੇ। ਕੀ ਇਨ੍ਹਾਂ ਨੇ ਸਰਕਾਰ ਨੂੰ ਕੋਈ ਐਕਸਪਲੇਨੇਸ਼ਨ ਦਿੱਤਾ ?

**ਮੰਤਰੀ** : ਮੈਂ ਪਤਾ ਕਰਕੇ ਫੇਰ ਦਸ ਸਕਦਾ ਹਾਂ।

**ਕਾਰਮੇਡ ਸੱਤ ਪਾਲ ਡਾਂਗ** : ਜਿਹੜਾ ਫ਼ੈਸਲਾ ਲੇਬਰ ਡੀਪਾਰਟਮੈਂਟ ਨੇ ਕਰਾਇਆ ਕੀ ਇਹ ਇੰਡਸਟਰੀਅਲ ਡਿਸਪੀਊਟ ਐਕਟ ਦੀ ਧਾਰਾ 25 ਐਫ਼ ਦੇ ਵਿਰੁਧ ਨਹੀਂ ਹੈ।

**ਮੰਤਰੀ** : ਇਸ ਦੇ ਲਈ ਨੋਟਿਸ ਆਉਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੁਰਦਿਆਲ ਸੈਣੀ** : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੌਂਸਲ ਵਿਚ ਸ਼ੀਰੇ ਦੇ ਸਕੈਂਡਲ ਦੇ ਮੁਤਾਅਲਿਕ ਇਕ ਕੇਸ ਆਇਆ ਹੈ ਪਰ ਇਸ ਦੇ ਬਾਰੇ ਅਜੇ ਤੱਕ 8 ਦਿਨ ਹੋ ਗਏ ਹਨ ਕੋਈ ਕਾਰਵਾਈ ਨਹੀਂ ਹੋਈ ।

**Mr. Speaker** : Disallowed. Please take your seat. Question Hour is over. Now there is an announcement.

---

**Announcement by the Speaker.**

**ਸ਼੍ਰੀ ਸਪੀਕਰ** : ਰੂਲਜ਼ ਆਫ਼ ਪ੍ਰੋਸੀਜਰ ਅਤੇ ਕੰਡੱਕਟ ਆਫ਼ ਬਿਜ਼ੀਨਸ ਦੇ ਰੂਲ 289 ਦੇ ਅਧੀਨ ਮੈਂ ਹਾਊਸ ਨੂੰ ਇਤਲਾਹ ਦੇਂਦਾ ਹਾਂ ਕਿ ਕਾਮਰੇਡ ਕੁਲਵੰਤ ਸਿੰਘ ਐਮ. ਐਲ. ਏ. ਜਿਹੜੇ ਕਿ 16.3.69 ਨੂੰ ਗਰਿਫ਼ਤਾਰ ਕੀਤੇ ਗਏ ਸਨ, 24.3.69 ਨੂੰ ਰਿਹਾ ਕਰ ਦਿੱਤੇ ਗਏ ਹਨ । (As required under Rule 289 of the Rules of Procedure and Conduct of Business in the Punjab Legislative Assembly I have to inform the House that Comrade Kulwant Singh, M.L.A. who was arrested on 16.3.69 has been released on 24.3.69).

(ਇਸ ਵੇਲੇ ਕੁਝ ਮੈਂਬਰਜ਼ ਨੇ ਪ੍ਰਿਵਲੇਜ਼ ਮੋਸ਼ਨਜ਼ ਟੇਕ ਅਪ ਕਰਨ ਲਈ ਕਿਹਾ ।)

**Mr. Speaker** : No please, not today.

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਤੁਹਾਡੇ ਇਖਤਿਆਰ ਵਿਚ ਹੈ ਤੁਸੀਂ ਅਲਾਓ ਕਰ ਸਕਦੇ ਹੋ ।

**ਸ਼੍ਰੀ ਸਪੀਕਰ** : ਅਜ ਬਜਟ ਪਰੈਜ਼ੈਂਟ ਕੀਤਾ ਜਾਣਾ ਹੈ, ਇਸ ਦਿਨ ਕੋਈ ਪ੍ਰਿਵਲੇਜ ਮੋਸ਼ਨ ਟੇਕ ਅਪ ਕਰਨ ਦੀ ਕੋਈ ਕਨਵੈਨਸ਼ਨ ਨਹੀਂ ਹੈ । (There is no convention to take up any privilege motion on the day when the Budget is presented.)

**ਕੈਪਟਨ ਰਤਨ ਸਿੰਘ** : ਮੈਂ ਤੁਹਾਡੀ ਅਟੈਨਸ਼ਨ ਰੂਲ 211 ਵਲ ਦਵਾਉਂਦਾ ਹਾਂ ਇਸ ਵਿਚ ਲਿਖਿਆ ਹੋਇਆ ਹੈ ਕਿ ਤੁਹਾਨੂੰ ਡਿਸਕਰੀਸ਼ਨਰੀ ਪਾਵਰਜ਼ ਹਨ ।

**Mr. Speaker** : I have read the rule. It says that on the day fixed, no business other than the Presentation of the Budget and the asking of questions and the giving of replies thereto shall take place except with the consent of the Speaker.......

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਇਹ ਗੁਜ਼ਾਰਿਸ਼ ਕਰਦਾ ਹਾਂ ਕਿ ਇਹ ਤੁਹਾਡੀ ਡਿਸਕਰੀਸ਼ਨ ਤੇ ਹੈ । ਅਜੇ ਕੁਐਸਚਨ ਆਵਰ ਦੇ 15 ਮਿੰਟ ਪਏ ਹਨ । ਜੇ ਤੁਸੀਂ ਮੁਨਾਸਿਬ ਸਮਝੋ ।......

**ਸ਼੍ਰੀ ਸਪੀਕਰ** : ਨਹੀਂ ਕਪਤਾਨ ਸਾਹਿਬ, ਇਹ ਇਸ ਹਾਊਸ ਦੀ ਕਵੈਨਸ਼ਨ ਨਹੀਂ ਹੈ । (ਵਿਘਨ) ਹੁਣ ਫਾਈਨੈਂਸ ਮਨਿਸਟਰ ਸਾਹਿਬ ਆਪਣੀ ਬਜਟ ਸਪੀਚ ਸ਼ੁਰੂ ਕਰਨਗੇ । (No,

Original with;
Punjab Vidhan Sabha
Digitized by;
Panjab Digital Library

Captain Sahib this is not the convention of this House. (Interruption Now, the Finance Minister will deliver his Budget speech).

**ਡਾਕਟਰ ਅਮੀਰ ਸਿੰਘ ਕਲਕਟ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਆਨਰੇਬਲ ਮੈਂਬਰ ਕਾਮਰੇਡ ਕੁਲਵੰਤ ਸਿੰਘ ਦੇ ਨਾਲ ਹੋਰ ਕਈ ਜੱਥੇਦਾਰ ਵੀ ਗ੍ਰਿਫਤਾਰ ਹੋਏ ਸੀ। ਕੀ ਕੋਈ ਅਜਿਹੀ ਇਨਫਰਮੇਸ਼ਨ ਵੀ ਆਈ ਹੈ ਕਿ ਉਹ ਰਿਹਾ ਕਰ ਦਿਤੇ ਗਏ ਹਨ ਜਾਂ ਨਹੀਂ ?

**ਸ੍ਰੀ ਸਪੀਕਰ :** ਨਹੀਂ ਜੀ। (No. please)

---

PRESENTATION OF BUDGET FOR THE YEAR 1969-70 AND THE VOTE ON ACCOUNT FOR FOUR MONTHS VIZ. APRIL, MAY, JUNE AND JULY, 1969.

**ਸ੍ਰੀ ਸਪੀਕਰ :** ਹੁਣ ਫਾਈਨੈਂਸ ਮਨਿਸਟਰ ਸਾਹਿਬ 1969—70 ਦੇ ਬਜਟ ਨੂੰ ਪੇਸ਼ ਕਰਨਗੇ। (Now the Finance Minister will present the Budget for the year 1969-70.) (Thumping by the Treasury Benches).

(ਇਸ ਵੇਲੇ ਵਿਤ ਮੰਤਰੀ ਨੇ ਉਠ ਕੇ ਬਜਟ ਸਪੀਚ ਪੜ੍ਹਨੀ ਸ਼ੁਰੂ ਕੀਤੀ। ਅਜੇ ਦੋ ਤਿੰਨ ਸ਼ਬਦ ਹੀ ਪੜ੍ਹੇ ਸਨ ਕਿ ਕੈਪਟਨ ਰਤਨ ਸਿੰਘ ਪੁਆਇੰਟ ਆਫ਼ ਆਰਡਰ ਤੇ ਖੜੇ ਹੋ ਗਏ।)

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਸਾਨੂੰ ਬਜਟ ਸਪੀਚ ਪੰਜਾਬੀ ਅਤੇ ਹਿੰਦੀ ਵਿਚ ਤਾਂ ਮਿਲੀ ਹੈ ਪਰ ਅੰਗਰੇਜ਼ੀ ਵਿਚ ਨਹੀਂ ਮਿਲੀ। (ਵਿਘਨ) ਰੂਲਜ਼ ਇਹ ਪ੍ਰੋਵਾਈਡ ਕਰਦੇ ਹਨ ਕਿ ਤਿੰਨਾਂ ਜ਼ਬਾਨਾਂ ਵਿਚ ਹੀ ਕਾਗਜ਼ ਮਿਲਣ। (ਵਿਘਨ)

**ਇਕ ਮਾਨਯੋਗ ਮੈਂਬਰ :** ਇਹ ਹੀ ਕਾਂਗਰਸ ਦਾ ਪੰਜਾਬੀ ਪਿਆਰ ਹੈ ?

**ਕੈਪਟਨ ਰਤਨ ਸਿੰਘ :** ਇਹ ਕਾਂਗਰਸ ਦੀ ਹੀ ਅਮੈਂਡਮੈਂਟ ਸੀ ਜਿਹੜੀ ਕਿ 1967 ਵਿਚ ਪਾਸ ਹੋਈ ਸੀ ਕਿ ਪੰਜਾਬੀ ਵਿਚ ਕੰਮ ਸ਼ੁਰੂ ਕੀਤਾ ਜਾਵੇ।

**ਸ੍ਰੀ ਸਪੀਕਰ :** ਕਪਤਾਨ ਸਾਹਿਬ, ਤੁਸੀਂ ਠੀਕ ਆਖਦੇ ਹੋ। ਪਰ ਜਦ ਹਾਊਸ ਦੇ ਸਾਰੇ ਮੈਂਬਰਾਂ ਦੀ ਖਾਹਸ਼ ਹੋਵੇ ਤਾਂ ਇਹ ਕਾਗਜ਼ ਪੰਜਾਬੀ ਵਿਚ ਆ ਸਕਦੇ ਹਨ। (ਤਾੜੀਆਂ) (Captain Sahib, is right. But if it is the desire of all the Members of the House then these papers can be supplied in Punjabi.) (Applause)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਹਾਊਸ ਵਿਚ ਕਾਂਰਵਾਈ ਰੂਲਜ਼ ਦੇ ਮੁਤਾਬਕ ਹੋਣੀ ਚਾਹੀਦੀ ਹੈ।

**ਸ੍ਰੀ ਸਪੀਕਰ :** ਰੂਲਜ਼ ਇਹ ਪ੍ਰੋਵਾਈਡ ਕਰਦੇ ਹਨ ਕਿ ਇਹ ਤੁਹਾਡਾ ਹੱਕ ਹੈ ਕਿ ਤਿੰਨਾਂ ਵਿਚੋਂ ਕਿਸੇ ਇਕ ਭਾਸ਼ਾ ਵਿਚ ਬੋਲੋ ਪਰ ਅਗਰ ਸਾਰੇ ਮੈਂਬਰਾਂ ਦੀ ਖਾਹਸ਼ ਹੋਵੇ ਤਾਂ ਇਕਲੀ ਪੰਜਾਬੀ ਵਿਚ ਵੀ ਇਹ ਕਾਗਜ਼ ਭੇਜੇ ਜਾ ਸਕਦੇ ਹਨ। (Yes, the Rules provide that it is your right to speak in any of the three languages. If all the

Original with;
Punjab Vidhan Sabha
Digitized by;
Panjab Digital Library

(Mr. Speaker)

Members of the House desire, then these papers can be supplied to them in Punjabi alone.) (Applause)

**ਕੈਪਟਨ ਰਤਨ ਸਿੰਘ** : ਮੇਰੀ ਦਰਖਾਸਤ ਇਹ ਹੈ ਕਿ ਮੇਰਾ ਕਿਸੇ ਜ਼ਬਾਨ ਨਾਲ ਕੋਈ ਝਗੜਾ ਨਹੀਂ । ਪਰ ਹਾਊਸ ਦਾ ਬਿਜ਼ਨਸ ਰੂਲਜ਼ ਦੇ ਮੁਤਾਬਕ ਹੋਣਾ ਚਾਹੀਦਾ ਹੈ । ਜੇ ਮੇਰਾ ਹਕ ਬਣਦਾ ਹੈ ਤਾਂ ਮੈਂ ਤੁਹਾਡੇ ਰਾਹੀਂ ਆਪਣੇ ਹਕ ਦੀ ਰਾਖੀ ਚਾਹੁੰਦਾ ਹਾਂ । ਮੈਂ ਕਲ ਵੀ ਕਿਹਾ ਸੀ ਕਿ ਮੈਂਬਰ ਦੀ ਸਹੂਲਤ ਵਾਸਤੇ ।......

**ਸ਼੍ਰੀ ਸਪੀਕਰ** : ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਤੁਹਾਡੇ ਵਾਸਤੇ ਇਹ ਅਸਾਨ ਰਹੇਗਾ ਕਿ ਤੁਹਾਨੂੰ ਪੰਜਾਬੀ ਵਿਚ ਮਿਲੇ......(I feel it would be better if these papers are supplied to you in Punjabi)......

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਤੁਸੀਂ ਮੇਰੀ ਸਹੂਲਤ ਵਾਸਤੇ ਕੁਝ ਨਹੀਂ ਆਖ ਸਕਦੇ ।

**Mr. Speaker** : Please take your seat, ਮੇਜਰ ਸਾਹਿਬ, ਤੁਸੀਂ ਜ਼ਰਾ ਕਪਤਾਨ ਸਾਹਿਬ ਨੂੰ ਸਮਝਾ ਦਿਉ । (Please take your seat. The leader of the Opposition, Major Harinder Singh, may kindly try to convince the hon. Member, Captain Rattan Singh)

**Captain Rattan Singh** : Sir, I am on a point of order. It is my right to rise on a point of order.

**Mr. Speaker** : Please take your seat now.

**ਮੇਜਰ ਹਰਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਬਾਰੇ ਸਾਨੂੰ ਖੁਲ੍ਹੇ ਨਜ਼ਰੀਏ ਤੋਂ ਕੰਮ ਲੈਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਹ ਬੜੀ ਚੰਗੀ ਗਲ ਹੋਈ ਹੈ ਕਿ ਪੰਜਾਬੀ ਵਿਚ ਕਾਗਜ਼ ਮਿਲਣੇ ਸ਼ੁਰੂ ਹੋਏ ਹਨ (ਸਰਕਾਰੀ ਪੱਖ ਵਲੋਂ ਤਾੜੀਆਂ) ਪਰ ਜਿਸ ਮੈਂਬਰ ਨੇ ਕੁਝ ਕੰਟਰੀਬਿਊਸ਼ਨ ਕਰਨਾ ਹੈ ਉਸ ਨੂੰ ਜੇ ਅੰਗਰੇਜ਼ੀ ਵਿਚ ਸਹੂਲਤ ਹੁੰਦੀ ਹੈ ਤਾਂ ਉਸ ਨੂੰ ਅੰਗਰੇਜ਼ੀ ਵਿਚ ਮਿਲ ਜਾਣੇ ਚਾਹੀਦੇ ਹਨ । ਜੇ ਤੁਸੀਂ ਕਿਰਪਾ ਕਰਕੇ ਆਪਣੇ ਸੈਕਟੇਰੀਅਟ ਨੂੰ ਹੁਕਮ ਦੇ ਦਿਉ ਕਿ ਉਹ ਅੰਗਰੇਜ਼ੀ ਵਿਚ ਵੀ ਕਾਗਜ਼ ਸਪਲਾਈ ਕਰ ਦਿਆ ਕਰੇ ਤਾਂ ਸਾਰਾ ਝਗੜਾ ਹੀ ਖ਼ਤਮ ਹੋ ਸਕਦਾ ਹੈ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਪੁਛੋ ਕਿ ਕਿਹੜਾ ਕਾਨੂੰਨ ਇਹ ਪ੍ਰੋਵਾਈਡ ਕਰਦਾ ਹੈ । ਕੋਈ ਅਜਿਹਾ ਰੂਲ ਨਹੀਂ ਕਿ 3 ਜ਼ਬਾਨਾਂ ਵਿਚ ਇਹ ਕਾਗਜ਼ ਸਪਲਾਈ ਕੀਤੇ ਜਾਣ ।

**Captain Rattan Singh** : Sir, this is an aspersion on the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਕੋਈ ਅਜਿਹਾ ਰੂਲ ਨਹੀਂ ਹੈ ਭਾਵੇਂ ਕਢ ਕੇ ਦੇਖ ਲਓ। (ਵਿਘਨ) (ਸ਼ੋਰ)।

**ਵਿੱਤ ਮੰਤਰੀ :** ਅਜ ਕਾਂਗਰਸ ਅੰਗਰੇਜ਼ੀ ਦੀ ਸਮਰਥਕ ਬਣ ਗਈ ਹੈ। (ਸ਼ੋਰ) (ਵਿਘਨ)।

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਮੈਂ ਮੰਨਦਾ ਹਾਂ ਕਿ ਪੰਜਾਬੀ ਨੂੰ ਪੰਜਾਬ ਵਿਚ ਪਹਿਲੀ ਜਗ੍ਹਾ ਦੇਣੀ ਚਾਹੀਦੀ ਹੈ ਪਰ ਮੈਂਬਰਾਂ ਦੀ ਸਹੂਲਤ ਵਾਸਤੇ ਤਿੰਨਾਂ ਜ਼ਬਾਨਾਂ ਵਿਚ ਕਾਗਜ਼ ਆਉਣੇ ਚਾਹੀਦੇ ਹਨ। (ਵਿਘਨ)

**Mr. Speaker** : It is laid down in Rule 77 :—

"Subject to the Provisions of Article 210 of the Constitution, the Proceedings in the Assembly shall be conducted in Hindi or in Punjabi or in the English language."

These are the words of Rule 77 of Rules of Procedure and Conduct of Business in the Punjab Legislative Assembly and the word is not 'and' but "or".

**ਵਿੱਤ ਮੰਤਰੀ ਸ੍ਰੀ ਕ੍ਰਿਸ਼ਨ ਲਾਲ**—ਸ੍ਰੀ ਮਾਨ ਜੀ, ਮੈਂ ਸਾਲ 1969-70 ਦੇ ਬਜਟ ਅਨੁਮਾਨ, ਜੋ 1967-68 ਦੇ ਲੇਖੇ ਅਤੇ 1968-69 ਦੇ ਸੋਧੇ ਅਨੁਮਾਨ ਵੀ ਦਰਸਾਉਂਦੇ ਹਨ, ਪੇਸ਼ ਕਰਨ ਲਈ ਖੜਾ ਹੋਇਆ ਹਾਂ। ਕਿਉਂ ਜੋ ਸਮੁੱਚੇ ਸਾਲ ਲਈ ਨਮਿੱਤਣ ਬਿਲ ਪਾਸ ਕਰਨ ਤੋਂ ਪਹਿਲਾਂ, ਇਨ੍ਹਾਂ ਅਨੁਮਾਨਾਂ ਤੇ ਵਿਚਾਰ ਕਰਨ ਲਈ ਕਾਫ਼ੀ ਸਮਾਂ ਨਹੀਂ ਮਿਲ ਸਕੇਗਾ, ਇਸ ਲਈ ਸਾਲ 1969-70 ਦੇ ਪਹਿਲੇ ਚਾਰ ਮਹੀਨਿਆਂ ਲਈ ਲੇਖਿਆਂ ਸਬੰਧੀ ਬਜਟ ਦੀ ਪਰਵਾਨਗੀ ਦਾ ਮੱਤਾ ਵੀ ਪੇਸ਼ ਕੀਤਾ ਜਾਂਦਾ ਹੈ। ਮੈਂ ਸਦਨ ਦੀ ਸੇਵਾ ਵਿੱਚ ਬੇਨਤੀ ਕਰਾਂਗਾ ਕਿ ਲੇਖਿਆਂ ਸਬੰਧੀ ਬਜਟ ਦੀ ਪਰਵਾਨਗੀ ਦਾ ਮਤਾ 31 ਮਾਰਚ, 1969 ਤੋਂ ਪਹਿਲਾਂ ਪਾਸ ਕਰ ਦਿੱਤਾ ਜਾਵੇ।

**ਲੇਖੇ** 1967-68-ਸੋਧੇ ਅਨੁਮਾਨਾਂ ਅਨੁਸਾਰ 1967-68 ਦਾ ਸਾਲ 96 ਲਖ ਰੁਪਏ ਦੀ ਰੋਕੜ ਬਾਕੀ ਨਾਲ ਖ਼ਤਮ ਹੋਣਾ ਚਾਹੀਦਾ ਸੀ, ਜਦੋਂ ਕਿ ਅਸਲ ਵਿਚ ਇਹ ਮਨਫ਼ੀ 454 ਲਖ ਰੁਪਏ ਦੀ ਬਾਕੀ ਨਾਲ ਖ਼ਤਮ ਹੋਇਆ ਹੈ, ਜਿਸ ਦੇ ਸਿੱਟੇ ਵਜੋਂ 550 ਲਖ ਰੁਪਏ ਦੀ ਕਮੀ ਆਈ ਹੈ। ਇਸ ਦਾ ਵੱਡਾ ਕਾਰਣ ਇਹ ਹੈ ਕਿ ਮੁਢਲੇ ਅੰਦਾਜ਼ੇ ਤੋਂ ਕਿਤੇ ਜ਼ਿਆਦਾ ਅਨਾਜ ਦੇ ਸਟਾਕ ਅੱਗੇ ਲਿਆਉਣੇ ਪਏ ਹਨ।

**ਸੋਧੇ ਅਨੁਮਾਨ** 1968-69-ਅਰੰਭ ਵਿਚ, ਆਸ ਸੀ ਕਿ 1968—69 ਦਾ ਸਾਲ 96 ਲਖ ਰੁਪਏ ਦੀ ਰੋਕੜ ਬਾਕੀ ਨਾਲ ਸ਼ੁਰੂ ਹੋਵੇਗਾ ਅਤੇ 10,41 ਲਖ ਰੁਪਏ ਦੀ ਮਨਫ਼ੀ ਬਾਕੀ ਨਾਲ ਖ਼ਤਮ ਹੋਵੇਗਾ। ਪਰੰਤੂ 1967-68 ਦੇ ਲੇਖਿਆਂ ਦੇ ਆਧਾਰ ਤੇ ਸਾਲ 454 ਲਖ ਰੁਪਏ ਦੀ ਮਨਫ਼ੀ ਬਾਕੀ ਨਾਲ ਸ਼ੁਰੂ ਹੋਇਆ। ਹੁਣ ਤਿਆਰ ਕੀਤੇ ਗਏ ਸੋਧੇ ਅਨੁਮਾਨ ਮਨਫ਼ੀ 149 ਲਖ ਰੁਪਏ ਦੀ ਅੰਤਮ ਬਾਕੀ ਦਰਸਾਉਂਦੇ ਹਨ, ਜਿਸ ਤੋਂ ਕਿ 892 ਲਖ ਰੁਪਏ ਦਾ ਵਾਧਾ ਪਰਗਟ ਹੁੰਦਾ ਹੈ।

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਮਾਲ ਖਾਤੇ ਆਮਦਨ ਵਿਚ 14,62 ਲੱਖ ਰੁਪਏ (111,39 ਲਖ ਰੁਪਏ ਤੋਂ 126,01 ਲਖ ਰੁਪਏ) ਦਾ ਅਤੇ ਮਾਲ ਖਾਤੇ ਖਰਚ ਵਿਚ 197 ਲਖ ਰੁਪਏ ਦਾ (113,41 ਲਖ ਰੁਪਏ ਤੋਂ 115,38 ਲਖ ਰੁਪਏ) ਵਾਧਾ ਹੋਣ ਕਾਰਨ ਮਾਲ ਖਾਤੇ ਲੇਖੇ 12,65 ਲਖ ਰੁਪਏ ਦਾ ਵਾਧਾ ਦਰਸਾਉਂਦੇ ਹਨ । ਮਾਲ ਖਾਤੇ ਆਮਦਨ ਵਿੱਚ ਵਾਧਾ ਮੁਖ ਤੌਰ ਤੇ ਰਾਜ ਆਬਕਾਰੀ ਕਰਾਂ (8 0 ਲਖ ਰੁਪਏ), ਵਿਕਰੀ ਕਰ (424 ਲਖ ਰੁਪਏ), ਹੋਰ ਕਰ ਅਤੇ ਡਿਊਟੀਆਂ (80 ਲਖ ਰੁਪਏ)ਅਤੇ ਅਸ਼ਟਾਮ (125 ਲਖ ਰੁਪਏ) ਤੋਂ ਪ੍ਰਾਪਤ ਹੋਈ ਵਧੇਰੇ ਆਮਦਨ ਕਾਰਣ ਹੋਇਆ ਹੈ । ਮਾਲ ਖਾਤੇ ਖ਼ਰਚ ਵਿਚ ਵਾਧੇ ਦਾ ਮੁਖ ਕਾਰਣ ਇਹ ਹੈ ਕਿ ਦੇਸੀ ਸ਼ਰਾਬ ਤਿਆਰ ਕਰਨ ਲਈ ਡਿਸਟਿਲਰੀਆਂ ਨੂੰ ਸਪਲਾਈ ਕਰਨ ਲਈ ਸ਼ੀਰਾ ਖਰੀਦਣ ਕਾਰਣ ਰਾਜ ਆਬਕਾਰੀ ਕਰਾਂ ਅਧੀਨ (270 ਲਖ ਰੁਪਏ), ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਪਰਵਾਨ ਕਰਨ ਦੇ ਸਿੱਟੇ ਵਜੋਂ ਸਿਖਿਆ ਅਧੀਨ (172 ਲਖ ਰੁਪਏ) ਅਤੇ ਭਾਖੜਾ ਨਹਿਰਾਂ ਚਲਾਉਣ ਅਤੇ ਉਨ੍ਹਾਂ ਨੂੰ ਕਾਇਮ ਰਖਣ ਲਈ ਵਧੇਰੇ ਰਕਮ ਦਾ ਉਪਬੰਧ ਕਰਨ ਕਾਰਣ ਬਹੁ-ਮੰਤਵੀ ਦਰਿਆ ਸਕੀਮਾਂ ਅਧੀਨ (41 ਲਖ ਰੁਪਏ) ਜ਼ਿਆਦਾ ਖ਼ਰਚ ਹੋਇਆ ਹੈ, ਪਰੰਤੂ ਕੁਝ ਕੁ ਸਕੀਮਾਂ ਨੂੰ ਅਮਲੀ ਰੂਪ ਨਾ ਦਿੱਤੇ ਜਾਣ ਕਾਰਣ ਮੈਡੀਕਲ ਅਤੇ ਜਨ-ਸਿਹਤ ਅਧੀਨ(66 ਲਖ ਰੁਪਏ), ਪਸ਼ੂ ਪਾਲਣ ਅਧੀਨ (32 ਲਖ ਰੁਪਏ), ਸਮੂਹਕ ਵਿਕਾਸ ਅਤੇ ਕੌਮੀ ਵਿਸਤਾਰ ਸੇਵਾ ਆਦਿ ਅਧੀਨ (22 ਲਖ ਰੁਪਏ) ਅਤੇ ਭਾਰਤ ਸਰਕਾਰ ਦੁਆਰਾ ਅਨਾਜ ਦੀ ਬਰਾਮਦ ਤੋਂ ਉਪ ਕਰ ਹਟਾ ਲਏ ਜਾਣ ਕਾਰਣ ਫੁਟਕਲ ਅਧੀਨ (168 ਲਖ ਰੁਪਏ) ਦੀ ਇਸ ਵਧੇ ਹੋਏ ਖ਼ਰਚ ਵਿਚ ਕਮੀ ਹੋਈ ਹੈ ।

ਪੂੰਜੀਗਤ ਲੇਖੇ ਵਿੱਚ 177 ਲਖ ਰੁਪਏ ਦਾ ਵਾਧਾ (ੳ) ਅਗਲੇ ਸਾਲ ਦੇ ਖਾਤੇ ਅਨਾਜ ਦਾ ਘੱਟ ਸਟਾਕ ਲਿਜਾਏ ਜਾਣ ਕਾਰਣ ਪੂੰਜੀਗਤ ਖ਼ਰਚ ਵਿਚ ਕਮੀ (707 ਲਖ ਰੁਪਏ), (ਅ) ਛੋਟੀਆਂ ਬਚਤਾਂ ਦੀ ਉਗਰਾਹੀ ਵਿੱਚ ਹੋਈ ਕਮੀ, ਬਿਆਸ ਪ੍ਰਾਜੈਕਟ ਲਈ ਕਰਜ਼ਿਆਂ ਦੇ ਵਿਆਜ ਨੂੰ ਅਸਲ ਰਕਮ ਵਿਚ ਨਾ ਪਾਉਣ ਅਤੇ ਘੱਟ ਮੁੜ-ਅਦਾਇਗੀਆਂ ਕਾਰਣ, ਪਬਲਿਕ ਰਿਣ ਅਧੀਨ ਨਿਰੋਲ ਕਰਜ਼ੇ ਵਿਚ ਕਮੀ (756 ਲਖ ਰੁਪਏ), (ੲ) ਟਿਊਬਵੈਲਾਂ ਆਦਿ ਨੂੰ ਬਿਜਲੀ ਦੇਣ ਲਈ ਪੰਜਾਬ ਰਾਜ ਬਿਜਲੀ ਬੋਰਡ ਨੂੰ ਦਿੱਤੇ ਗਏ ਵਧੇਰੇ ਕਰਜ਼ਿਆਂ (684 ਲਖ ਰੁਪਏ) ਅਤੇ (ਸ) ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ ਆਦਿ ਅਧੀਨ ਵਧੀਕ ਕਰਜ਼ਿਆਂ (910 ਲਖ ਰੁਪਏ) ਕਾਰਣ ਹੋਇਆ ਹੈ । ਐਪਰ, ਮੁਢਲੀ ਬਾਕੀ ਘਟ ਜਾਣ ਕਾਰਣ, ਇਸ ਵਾਧੇ ਵਿੱਚ 550 ਲਖ ਰੁਪਏ ਦੀ ਕਮੀ ਆ ਗਈ ਹੈ, ਜਿਸ ਦੇ ਸਿੱਟੇ ਵਜੋਂ ਪੂੰਜੀਗਤ ਲੇਖੇ ਵਿਚ 373 ਲਖ ਰੁਪਏ ਦੀ ਕਮੀ ਆਈ ਹੈ ।

**ਬਜਟ ਅਨੁਮਾਨ** 1969-70 - ਜਿੱਥੋਂ ਤਕ ਸਾਲ 1969-70 ਲਈ ਬਜਟ ਤਜਵੀਜ਼ਾਂ ਦਾ ਸਬੰਧ ਹੈ, ਅਨੁਮਾਨ ਹੈ ਕਿ ਨਿਮਨ ਲੈਣ ਦੇਣ ਦੇ ਨਤੀਜੇ ਵਜੋਂ 10,94 ਲਖ ਰੁਪਏ ਦਾ ਸਮੁੱਚਾ ਘਾਟਾ ਰਹੇਗਾ :—

| | | |
|---|---|---|
| | | (ਰੁਪਏ ਲੱਖਾਂ ਵਿਚ) |
| (i) ਮਢਲੀ ਬਾਕੀ | ... | —1,49 |

Original with;
Punjab Vidhan Sabha
Digitized by;
Panjab Digital Library

| | | (ਰੁਪਏ ਲੱਖਾਂ ਵਿਚ) |
|---|---|---|
| (ii) ਮਾਲਖਾਤੇ ਲੇਖਾ : | | |
| ਆਮਦਨ | ... | 1,27,08 |
| ਖ਼ਰਚ | ... | 1,29,78 |
| ਘਾਟਾ | ... | —2,70 |
| (iii) ਪੂੰਜੀਗਤ ਖ਼ਰਚ (ਨਿਰੋਲ) | ... | 18,40 |
| (iv) ਪਬਲਿਕ ਰਿਣ : | | |
| ਲਿਆ ਰਿਣ | ... | 78,21 |
| ਅਦਾ ਕੀਤਾ ਰਿਣ | ... | 66,05 |
| ਨਿਰੋਲ | ... | +12,16 |
| (v) ਕਰਜ਼ੇ ਅਤੇ ਪੇਸ਼ਗੀਆਂ : | | |
| ਪੇਸ਼ਗੀਆਂ | ... | 24,05 |
| ਵਸੂਲੀਆਂ | ... | 13,69 |
| ਨਿਰੋਲ | ... | —10,36 |
| (vi) ਫ਼ੰਡ-ਰਹਿਤ ਰਿਣ (ਨਿਰੋਲ) | ... | +4,26 |
| (vii) ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (ਨਿਰੋਲ) | ... | +5,09 |
| (viii) ਭੇਜੀਆਂ ਰਕਮਾਂ (ਨਿਰੋਲ) | ... | +50 |
| (ix) ਅੰਤਮ ਬਾਕੀ | ... | —10,94 |

ਮਾਲ ਖਾਤੇ ਆਮਦਨ 127,08 ਲਖ ਰੁਪਏ ਅਤੇ ਮਾਲ ਖਾਤੇ ਖ਼ਰਚ 129,78 ਲਖ ਰੁਪਏ ਹੋਣ ਕਾਰਣ, ਮਾਲ ਖਾਤੇ ਲੇਖੇ ਵਿੱਚ 270 ਲਖ ਰੁਪਏ ਦਾ ਘਾਟਾ ਦਰਸਾਇਆ ਗਿਆ ਹੈ। ਸਾਲ 1968-69 ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ ਤੇ, ਵੱਖ ਵੱਖ ਲੇਖਾ ਮਦਾਂ ਅਧੀਨ ਮਾਲ ਖਾਤੇ ਆਮਦਨ ਵਿੱਚ 107 ਲਖ ਰੁਪਏ ਦਾ ਵਾਧਾ ਹੋਇਆ ਹੈ। ਐਪਰ, ਮਾਲ ਖਾਤੇ ਖ਼ਰਚ ਵਿਚ 14,40 ਲਖ ਰੁਪਏ ਦਾ ਵਾਧਾ ਦਰਸਾਇਆ ਗਿਆ ਹੈ, ਜੋਕਿ ਰਿਣ ਸੇਵਾਵਾਂ(150 ਲਖ ਰੁ:), ਪ੍ਰਬੰਧਕੀ ਸੇਵਾਵਾਂ (206 ਲਖ ਰੁਪਏ), ਸਮਾਜਕ ਅਤੇ ਵਿਕਾਸ ਸੇਵਾਵਾਂ (883 ਲਖ ਰੁਪਏ), ਲੋਕ ਨਿਰਮਾਣ (127 ਲਖ ਰੁਪਏ), ਟ੍ਰਾਂਸਪੋਰਟ (53 ਲਖ ਰਪਏ) ਅਤੇ ਹੋਰ ਮਦਾਂ ਅਧੀਨ (21 ਲਖ ਰੁਪਏ) ਹੈ। ਇਸ ਵਿਚ ਹੋਰਨਾਂ ਗੱਲਾਂ ਦੇ ਨਾਲ ਨਾਲ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਤੇ ਰਾਜ ਦੇ ਸਰਕਾਰੀ ਕਰਮਚਾਰੀਆਂ ਦੇ ਤਨਖਾਹ-ਸਕੇਲਾਂ ਵਿਚ ਕੀਤੀ ਸੋਧ ਕਾਰਣ ਪਿਆ ਅਸਰ ਅਤੇ ਸਾਲ 1966-69 ਦੀਆਂ ਸਾਲਾਨਾ ਯੋਜਨਾਵਾਂ ਸਬੰਧੀ ਹੋਇਆ ਬਚਨਬੱਧ ਖ਼ਰਚ ਸ਼ਾਮਲ ਹੈ।

ਪੂੰਜੀਗਤ ਲੇਖਾ 28,76 ਲਖ ਰੁਪਏ ਦਾ ਨਿਰੋਲ ਖ਼ਰਚ ਦਰਸਾਉਂਦਾ ਹੈ, ਜਿਸ ਵਿਚ ਪੂੰਜੀਗਤ ਖ਼ਰਚ 18,40 ਲਖ ਰੁਪਏ (ਨਿਰੋਲ) ਅਤੇ ਕਰਜ਼ਿਆਂ ਤੇ ਪੇਸ਼ਗੀਆਂ ਅਧੀਨ ਨਾਵੇਂ ਖਾਤੇ 10,36 ਲਖ ਰੁਪਏ ਸ਼ਾਮਲ ਹਨ। ਸਾਲ 1968-69 ਦੇ ਸੋਧੇ ਅਨੁਮਾਨਾਂ ਦੇ ਮੁਕਾਬਲੇ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਤੇ, ਪੂੰਜੀਗਤ ਖ਼ਰਚ ਵਿਚ 11,26 ਲਖ ਰੁਪਏ (ਨਿਰੋਲ) ਦਾ ਵਾਧਾ ਹੋਇਆ ਹੈ, ਅਤੇ ਕਰਜ਼ਿਆਂ ਤੇ ਪੇਸ਼ਗੀਆਂ (ਨਿਰੋਲ) ਅਧੀਨ 11.94 ਲਖ ਰੁਪਏ ਦੀ ਕਮੀ ਹੋਈ ਹੈ। ਪੂੰਜੀਗਤ ਖ਼ਰਚ ਵਿਚ ਹੋਏ ਵਾਧੇ ਦਾ ਮੁਖ ਕਾਰਣ ਅਨਾਜ ਦੀ ਵਿਕਰੀ ਤੋਂ ਪ੍ਰਾਪਤ ਹੋਈਆਂ ਘਟ ਰਕਮਾਂ ਹਨ ਅਤੇ ਕਰਜ਼ਿਆਂ ਤੇ ਪੇਸ਼ਗੀਆਂ ਅਧੀਨ ਨਾਵੇਂ ਖਾਤੇ ਵਿਚ ਹੋਈ ਕਮੀ, ਘਟ ਪੇਸ਼ਗੀਆਂ ਅਤੇ ਵਧੇਰੇ ਵਸੂਲੀਆਂ ਕਰਕੇ ਹੈ। ਪੂੰਜੀਗਤ ਲੇਖੇ ਅਧੀਨ 28,76 ਲਖ ਰੁਪਏ ਦੇ ਨਿਰੋਲ ਖ਼ਰਚ ਵਿੱਚੋਂ 21,91 ਲਖ ਰੁਪਏ ਦਾ ਖ਼ਰਚ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੇ ਜਾਣ ਵਾਲੇ ਕਰਜ਼ਿਆਂ ਅਤੇ ਹੋਰ ਸਾਧਨਾਂ (12,16 ਲਖ ਰੁਪਏ) (ਨਿਰੋਲ) ਤੋਂ ਅਤੇ ਬਾਕੀ ਦਾ ਖਰਚ (985 ਲਖ ਰੁਪਏ) ਰਿਣ, ਜਮ੍ਹਾਂ ਰਕਮਾਂ ਆਦਿ ਅਧੀਨ ਪੂਰਾ ਕਰਨ ਦੀ ਤਜਵੀਜ਼ ਹੈ। ਇਸ ਤਰ੍ਹਾਂ 675 ਲਖ ਰੁਪਏ ਦਾ ਖੱਪਾ ਰਹਿ ਜਾਂਦਾ ਹੈ।

ਮਾਲ ਖਾਤੇ ਲੇਖੇ ਅਤੇ ਪੂੰਜੀਗਤ ਲੇਖੇ ਅਧੀਨ ਖੱਪਾ 945 ਲਖ ਰੁਪਏ ਬਣਦਾ ਹੈ। ਇਸ ਵਿਚ ਮਨਫ਼ੀ 149 ਲਖ ਰੁਪਏ ਦੀ ਮੁਢਲੀ ਬਾਕੀ ਸ਼ਾਮਲ ਕਰਕੇ, ਕੁਲ ਖੱਪਾ 10,94 ਲਖ ਰੁਪਏ ਬਣਦਾ ਹੈ। ਮੈਂ ਇਸ ਖੱਪੇ ਨੂੰ ਪੂਰਾ ਕਰਨ ਲਈ ਕੀਤੀ ਜਾਣ ਵਾਲੀ ਕਾਰਵਾਈ ਦਾ ਬਾਅਦ ਵਿਚ ਜ਼ਿਕਰ ਕਰਾਂਗਾ।

ਮੈਂ ਸੰਖੇਪ ਤੌਰ ਤੇ ਵਿੱਤੀ ਲੈਣ ਦੇਣ ਦੇ ਉਨ੍ਹਾਂ ਮੁਖ ਲੱਛਣਾਂ ਦਾ ਜ਼ਿਕਰ ਕੀਤਾ ਹੈ, ਜਿਹੜੇ ਕਿ 1967-68 ਦੇ ਲੇਖਿਆਂ, 1968-69 ਦੇ ਸੋਧੇ ਅਨੁਮਾਨਾਂ ਅਤੇ 1969-70 ਦੇ ਬਜਟ ਅਨੁਮਾਨਾਂ ਤੋਂ ਪਰਗਟ ਹੁੰਦੇ ਹਨ। ਵਿਸਤਾਰ ਪੂਰਬਕ ਅਦਲਾ ਬਦਲੀਆਂ ਅਤੇ ਉਨ੍ਹਾਂ ਦੇ ਕਾਰਣਾਂ ਦਾ ਪਤਾ ਕਰਨ ਲਈ ਮਾਨਯੋਗ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ, ਕਿ ਉਹ ਵਿੱਤ ਸਕੱਤਰ-ਦਾ ਮੈਮੋਰੈਂਡਮ ਵੇਖਣ ਦੀ ਖੇਚਲ ਕਰਨ।

**ਸਾਲਾਨਾ ਯੋਜਨਾ** 1968-69—ਸਾਲਾਨਾ ਯੋਜਨਾ 1968-69 ਦਾ ਬਜਟ 37 ਕਰੋੜ ਰੁਪਏ ਸੀ। ਐਪਰ, ਅਨੁਮਾਨ ਹੈ ਕਿ ਖਰਚ 46.7 ਕਰੋੜ ਰੁਪਏ ਦੇ ਲਗ ਭਗ ਹੋਵੇਗਾ, ਕਿਉਂਕਿ ਸਾਲ ਦੇ ਦੌਰਾਨ ਕੁਝ ਕੁ ਪਰੋਗਰਾਮਾਂ ਜਿਵੇਂ ਕਿ ਬਿਜਲੀ ਦੀ ਵੰਡ (7.9 ਕਰੋੜ ਰੁਪਏ), ਹੜ੍ਹ ਕੰਟਰੋਲ (1.47 ਕਰੋੜ ਰੁਪਏ) ਅਤੇ ਵਣ (0.35 ਕਰੋੜ ਰੁਪਏ) ਦੀਆਂ ਜ਼ਰੂਰੀ ਲੋੜਾਂ ਨੂੰ ਪੂਰੀਆਂ ਕਰਨ ਲਈ 9.7 ਕਰੋੜ ਰੁਪਏ ਹੋਰ ਟਿੱਕਣੇ ਪਏ।

**ਚੌਥੀ ਪੰਜ ਸਾਲਾ ਯੋਜਨਾ ਅਤੇ ਸਾਲਾਨਾ ਯੋਜਨਾ** 1969-70 ਯੋਜਨਾ ਕਮਿਸ਼ਨ ਨਾਲ ਗਲਬਾਤ ਕਰਕੇ ਪੰਜਾਬ ਲਈ ਚੌਥੀ ਪੰਜ ਸਾਲਾ ਯੋਜਨਾ ਲਈ ਆਰਜ਼ੀ ਤੌਰ ਤੇ 270 ਕਰੋੜ ਰੁਪਏ ਦਾ ਖਰਚ ਮਿਥਿਆ ਗਿਆ ਹੈ। ਜਿਸ ਵਿਚੋਂ 100 ਕਰੋੜ ਰੁਪਏ (1966-71 ਲਈ 95 ਕਰੋੜ ਰੁਪਏ ਦੇ ਮੁਕਾਬਲੇ ਤੇ) ਕੇਂਦਰੀ ਸਹਾਇਤਾ ਵਜੋਂ ਹੋਣਗੇ ਅਤੇ 170 ਕਰੋੜ ਰੁਪਏ ਰਾਜ ਦੇ ਆਪਣੇ ਸਾਧਨਾਂ ਤੋਂ ਸਾਲਾਨਾ ਯੋਜਨਾ 1969-70 ਲਈ ਖਰਚ 48.40 ਕਰੋੜ ਰੁਪਏ ਨਿਸ਼ਚਿਤ ਕੀਤਾ ਗਿਆ ਹੈ।

ਪੰਜਾਬ ਦੀ ਚੌਥੀ ਯੋਜਨਾ ਲਈ 270 ਕਰੋੜ ਰੁਪਏ ਦਾ ਖਰਚ ਸਾਰੇ ਰਾਜਾਂ ਤੇ ਕੀਤੇ ਜਾਣ ਵਾਲੇ ਰਪੋਟ ਹੋਏ 60,66 ਕਰੋੜ ਰੁਪਏ ਦੇ ਕੁਲ ਖਰਚ ਦਾ 4.45 ਫ਼ੀ ਸਦੀ ਹੈ, ਜਦੋਂ ਕਿ ਇਸ ਦੇ ਮੁਕਾਬਲੇ ਤੇ ਪੰਜਾਬ ਦੀ ਆਬਾਦੀ ਦੇਸ਼ ਦੀ ਆਬਾਦੀ ਦਾ 2·69 ਫ਼ੀ ਸਦੀ ਹੈ। ਇਸ ਆਧਾਰ ਤੇ ਚੌਥੀ ਯੋਜਨਾ ਵਿਚ ਵਿਕਾਸ ਤੇ ਪੰਜਾਬ ਦਾ ਜੀ-ਪ੍ਰਤੀ ਖਰਚ 208 ਰੁਪਏ ਬਣਦਾ ਹੈ ਜਦੋਂ ਕਿ ਇਸ ਦੇ ਮੁਕਾਬਲੇ ਤੇ ਸਾਰੇ ਰਾਜਾਂ ਦਾ ਜੀ-ਪ੍ਰਤੀ ਔਸਤ ਖਰਚ 125 ਰੁਪਏ ਹੈ। ਪਰ ਇਸ ਦਾ ਵੱਡਾ

Original with;
Punjab Vidhan Sabha
Digitized by;
Panjab Digital Library

ਕਾਰਣ ਇਹ ਹੈ ਕਿ ਬਾਕੀ ਰਾਜਾਂ ਦਾ, ਸਾਧਨਾਂ ਵਿਚ ਆਪਣਾ ਕੁਲ ਹਿੱਸਾ 42 ਫੀ ਸਦੀ ਹੈ ਜਦੋਂ ਕਿ ਪੰਜਾਬ ਦਾ ਆਪਣਾ ਹਿੱਸਾ 63 ਫੀ ਸਦੀ ਹੈ, ਜੋ ਕਿ ਉਨ੍ਹਾਂ ਨਾਲੋਂ ਕਿਤੇ ਵਧ ਹੈ—ਇਹ ਇਕ ਅਜਿਹੀ ਹਕੀਕਤ ਹੈ ਜਿਸ ਤੋਂ ਪਰਗਟ ਹੁੰਦਾ ਹੈ ਕਿ ਰਾਜ ਨੂੰ ਯੋਜਨਾ ਵਾਸਤੇ ਆਪਣੇ ਸਾਧਨ ਇਕੱਤਰ ਕਰਨ ਲਈ ਬਹੁਤ ਜ਼ਿਆਦਾ ਯਤਨ ਕਰਨੇ ਪੈਣਗੇ।

ਹੁਣ ਤਕ ਰਾਜਾਂ ਨੂੰ ਕੇਂਦਰੀ ਸਹਾਇਤਾ ਕਿਸੇ ਨਿਸ਼ਚਿਤ ਫਾਰਮੂਲੇ ਅਨੁਸਾਰ ਨਹੀਂ ਸੀ ਦਿੱਤੀ ਜਾਂਦੀ, ਜਿਸਦਾ ਨਤੀਜਾ ਇਹ ਹੋਇਆ ਹੈ ਕਿ ਪੰਜਾਬ ਵਰਗੇ ਰਾਜ, ਜਿਹੜੇ ਕਿ ਚੰਗੇਰੇ ਅਰਥ-ਪ੍ਰਬੰਧ ਕਾਰਣ ਵਿਕਾਸ ਦੇ ਮਨੋਰਥਾਂ ਲਈ ਮੁਕਾਬਲਤਨ ਅੰਦਰੂਨੀ ਸਾਧਨ ਜ਼ਿਆਦਾ ਇਕੱਤਰ ਕਰ ਸਕਦੇ ਸਨ, ਨੁਕਸਾਨ ਵਿਚ ਰਹੇ ਹਨ। ਇਸ ਅੰਸਤੁਲਨ ਨੂੰ ਦੂਰ ਕਰਨ ਲਈ, ਰਾਸ਼ਟਰੀ ਵਿਕਾਸ ਕੌਂਸਲ ਦੀ ਇਕ ਉਪ ਕਮੇਟੀ ਬਣਾਈ ਗਈ, ਜਿਸਦਾ ਕੰਮ ਅਜਿਹੇ ਨਿਸ਼ਚਿਤ ਅਸੂਲ ਤਿਆਰ ਕਰਨਾ ਸੀ, ਜਿਨ੍ਹਾਂ ਅਨੁਸਾਰ ਵੱਖ ਵੱਖ ਰਾਜਾਂ ਨੂੰ ਕੁਲ ਕੇਂਦਰੀ ਸਹਾਇਤਾ ਵੰਡੀ ਜਾਵੇ। ਇਸ ਕਮੇਟੀ ਨੇ ਇਹ ਸਿਫਾਰਸ਼ ਕੀਤੀ ਕਿ ਵੰਡਣਯੋਗ ਪੂਲ ਵਿਚੋਂ ਆਸਾਮ, ਜੰਮੂ ਤੇ ਕਸ਼ਮੀਰ ਅਤੇ ਨਾਗਾਲੈਂਡ ਦੀਆਂ ਲੋੜਾਂ ਨੂੰ ਕਢ ਕੇ, ਕੇਂਦਰੀ ਸਹਾਇਤਾ ਦਾ ਬਾਕੀ ਹਿੱਸਾ, ਵੱਖ ਵੱਖ ਰਾਜਾਂ ਵਿਚਕਾਰ ਆਬਾਦੀ ਅਨੁਸਾਰ (60 ਫੀ ਸਦੀ) ਉਲਟ-ਅਨੁਪਾਤ ਵਿਚ ਜੀ-ਪ੍ਰਤੀ ਆਮਦਨ ਅਨੁਸਾਰ, ਕੇਵਲ ਉਨ੍ਹਾਂ ਰਾਜਾਂ ਨੂੰ ਜਿਨ੍ਹਾਂ ਦੀ ਆਮਦਨ ਰਾਸ਼ਟਰੀ ਔਸਤ ਨਾਲੋਂ ਘਟ ਹੈ (10 ਫੀ ਸਦੀ), ਜੀ ਪ੍ਰਤੀ ਔਸਤ ਆਮਦਨ ਦੇ ਪ੍ਰਤਿਸ਼ਤ ਵਜੋਂ ਜੀ ਪ੍ਰਤੀ ਟੈਕਸ ਆਮਦਨ (10 ਫੀ ਸਦੀ), ਚਲ ਰਹੇ ਸਿੰਜਾਈ ਅਤੇ ਬਿਜਲੀ ਪ੍ਰਾਜੈਕਟ (10 ਫੀ ਸਦੀ) ਅਤੇ ਵਿਸ਼ੇਸ਼ ਸਮਸਿਆਵਾਂ (10 ਫੀ ਸਦੀ) ਦੇ ਫਾਰਮੂਲੇ ਅਨੁਸਾਰ ਵੰਡਿਆ ਜਾਵੇ।

ਚੌਥੀ ਯੋਜਨਾ ਲਈ, ਸਾਰੇ ਰਾਜਾਂ ਵਾਸਤੇ ਸਮੁੱਚੀ ਕੇਂਦਰੀ ਸਹਾਇਤਾ 35,00 ਕਰੋੜ ਰੁਪਏ ਰੱਖਣ ਦੀ ਤਜਵੀਜ਼ ਹੈ। "ਚਲ ਰਹੇ ਸਿੰਜਾਈ ਅਤੇ ਬਿਜਲੀ ਪ੍ਰਜੈਕਟਾਂ" ਅਤੇ "ਰਾਜਾਂ ਦੀਆਂ ਵਿਸ਼ੇਸ਼ ਸਮੱਸਿਆਵਾਂ" ਲਈ ਮਖ਼ਸੂਸ ਕੀਤੇ 620 ਕਰੋੜ ਰੁਪਏ ਅਤੇ ਜੰਮੂ ਤੇ ਕਸ਼ਮੀਰ, ਆਸਾਮ ਅਤੇ ਨਾਗਾਲੈਂਡ ਲਈ ਮਖ਼ਸੂਸ (400 ਕਰੋੜ ਰੁਪਏ) ਸਹਾਇਤਾ ਦੀ ਰਕਮ ਕਢਕੇ ਬਾਕੀ ਦੇ 24, 80 ਕਰੋੜ ਰੁਪਏ ਵਿਚੋਂ ਪੰਜਾਬ ਦਾ ਹਿੱਸਾ 77.25 ਕਰੋੜ ਰੁਪਏ ਹੋਵੇਗਾ।

ਤਜਵੀਜ਼ ਕੀਤੀ ਕੇਂਦਰੀ ਸਹਾਇਤਾ 100 ਕਰੋੜ ਰੁਪਏ ਹੈ, ਇਸ ਦਾ ਭਾਵ ਇਹ ਹੈ ਕਿ "ਚਲ ਰਹੇ ਸਿੰਜਾਈ ਅਤੇ ਬਿਜਲੀ ਪ੍ਰਾਜੈਕਟਾਂ" ਅਤੇ "ਰਾਜਾਂ ਦੀਆਂ ਵਿਸ਼ੇਸ਼ ਸਮੱਸਿਆਵਾਂ" ਲਈ ਮਖ਼ਸੂਸ ਕੀਤੀ 620 ਕਰੋੜ ਰੁਪਏ ਦੀ ਰਕਮ ਵਿੱਚੋਂ ਪੰਜਾਬ ਦਾ ਹਿਸਾ 22.75 ਕਰੋੜ ਰੁਪਏ ਹੋਵੇਗਾ। ਇਹ ਰਕਮ ਬਹੁਤ ਹੀ ਘਟ ਹੈ ਅਤੇ ਇਸ ਲਈ ਅਸੀਂ ਹੜ੍ਹ ਰੋਕੂ ਕਾਰਵਾਈਆਂ ਅਤੇ ਸੇਮ ਮਾਰੇ ਇਲਾਕੇ ਦਾ ਸੁਧਾਰ ਕਰਨ ਲਈ 20 ਕਰੋੜ ਰੁਪਏ ਦੀ ਹੋਰ ਸਹਾਇਤਾ ਲਈ ਜ਼ੋਰਦਾਰ ਕੇਸ ਤਿਆਰ ਕੀਤਾ ਹੈ। ਇਸ ਸੈਕਟਰ ਵਿਚ ਰੁਪਿਆ ਲਾਉਣਾ ਬਹੁਤ ਹੀ ਜ਼ਰੂਰੀ ਅਤੇ ਉਚਿਤ ਹੈ ਕਿਉਂਕਿ ਹੜ੍ਹਾਂ ਆਦਿ ਕਾਰਣ ਪਿਛਲੇ 13 ਸਾਲਾਂ ਵਿਚ 132 ਕਰੋੜ ਰੁਪਏ ਦੀ ਫਸਲ ਤਬਾਹ ਹੋਈ ਹੈ। ਅਸੀਂ ਇਸ ਗੱਲ ਤੇ ਵੀ ਜ਼ੋਰ ਦੇ ਰਹੇ ਹਾਂ ਕਿ "ਚਲ ਰਹੇ ਸਿੰਜਾਈ ਅਤੇ ਬਿਜਲੀ ਪ੍ਰਾਜੈਕਟਾਂ" ਲਈ ਮਖ਼ਸੂਸ ਕੀਤੀ ਗਈ 310 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਵੱਖ ਵੱਖ ਰਾਜਾਂ ਲਈ ਪਰਵਾਨਤ ਖਰਚ ਦੇ ਅਨੁਪਾਤ ਵਿਚ ਵੰਡੀ ਜਾਵੇ।

ਯੋਜਨਾ ਲਈ 170 ਕਰੋੜ ਰੁਪਏ ਦਾ ਰਾਜ ਦਾ ਹਿੱਸਾ ਯੋਜਨਾ ਕਮਸ਼ਿਨ ਦੁਆਰਾ ਸ਼ੁਰੂ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਵਿਚ ਸੁਝਾ ਦਿੱਤੇ ਗਏ 100 ਕਰੋੜ ਰੁਪਏ ਦੇ ਮੁਕਾਬਲੇ ਤੇ 78 ਕਰੋੜ ਰੁਪਏ ਦੇ ਅਧਿਕ ਸਾਧਨ ਇਕੱਤਰ ਕਰਨ ਉੱਤੇ ਨਿਰਭਰ ਹੈ। ਸਾਨੂੰ ਹੋਰ ਸਾਧਨ ਜੁਟਾਉਣ ਵਾਸਤੇ ਕਾਰਵਾਈਆਂ ਕਰਨ ਲਈ ਇਸ ਪਾਸੇ ਛੇਤੀ ਧਿਆਨ ਦੇਣਾ ਪਵੇਗਾ। ਇਸ ਸਬੰਧ ਵਿਚ ਮੈਂ ਸਦਨ ਦਾ ਸਹਿਯੋਗ ਲੈਣਾ ਚਾਹੁੰਦਾ ਹਾਂ, ਕਿਉਂਕਿ ਰਾਜ ਦੇ ਲੋਕਾਂ ਨੂੰ ਜਿੰਨੀ ਕੁਰਬਾਨੀ ਕਰਨ ਵਾਸਤੇ ਕਿਹਾ ਜਾਵੇਗਾ ਉਸਦਾ ਅੰਤਮ ਮਨੋਰਥ ਰਾਜ ਵਿਚ ਖੁਸ਼ਹਾਲੀ ਲਿਆਉਣਾ ਹੀ ਹੈ।

ਮੈਂ ਇਥੇ ਇਹ ਦੱਸੇ ਬਿਨਾਂ ਨਹੀਂ ਰਹਿ ਸਕਦਾ ਕਿ ਸਰਕਾਰੀ ਸੈਕਟਰ ਵਿਚ (60,66 ਕਰੋੜ ਰੁਪਏ) ਦੀ ਲਾਈ ਪੂੰਜੀ ਚੌਥੀ ਯੋਜਨਾ ਵਿਚ ਵਿਕਾਸ ਲਈ ਕੁਲ ਖਰਚ ਦੇ ਤੀਜੇ ਹਿੱਸੇ ਨਾਲੋਂ ਵੀ ਘਟ ਹੈ, ਕੇਂਦਰੀ ਅਤੇ ਪ੍ਰਾਈਵੇਟ ਸੈਕਟਰਾਂ ਵਿਚ ਲਾਈ ਪੂੰਜੀ ਕ੍ਰਮਵਾਰ 83,32 ਕਰੋੜ ਅਤੇ 10,000 ਕਰੋੜ ਰੁਪਏ ਹੈ। ਅਸੀਂ ਇਸ ਵੇਲੇ ਇਹ ਨਹੀਂ ਜਾਣ ਸਕਦੇ ਕਿ ਕੇਂਦਰੀ ਅਤੇ ਪ੍ਰਾਈਵੇਟ ਸੈਕਟਰਾਂ ਵਿਚ ਲਾਈ ਪੂੰਜੀ ਕਿਸ ਤਰ੍ਹਾਂ ਵਿਨਿਯਮਤ ਕੀਤੀ ਜਾਵੇਗੀ। ਇਹ ਸਪੱਸ਼ਟ ਹੈ, ਕਿ ਰਾਜ ਦੀ ਵਿਕਾਸ ਕਰ ਰਹੀ ਆਰਥਕਤਾ ਵਿਚ ਇਸ ਤਰ੍ਹਾਂ ਦੇ ਸਰਮਾਏ ਦਾ ਰੋਲ ਬਹੁਤ ਅਹਿਮ ਹੈ। ਸਾਡੇ ਲਈ ਇਹ ਕੋਈ ਘੱਟ ਚਿੰਤਾ ਵਾਲੀ ਗੱਲ ਨਹੀਂ ਹੈ ਕਿ ਪਬਲਿਕ ਅਦਾਰਿਆਂ ਵਿਚ ਲਾਏ ਜਾਣ ਵਾਲੇ 24,50 ਕਰੋੜ ਰੁਪਏ ਦੇ ਕੇਂਦਰੀ ਸਰਮਾਏ ਵਿੱਚੋਂ ਪੰਜਾਬ ਦਾ ਹਿੱਸਾ (32 ਕਰੋੜ ਰੁਪਏ) 1.31 ਫੀ ਸਦੀ ਹੈ, ਜਿਹੜਾ ਕਿ ਦੇਸ਼ ਭਰ ਵਿੱਚ (ਹਰਿਆਣੇ ਨੂੰ ਛੱਡ ਕੇ) ਸਭ ਤੋਂ ਘੱਟ ਹੈ। 1966—71 ਲਈ 35,00 ਕਰੋੜ ਰੁਪਿਆ ਕੇਂਦਰੀ ਪ੍ਰਾਜੈਕਟਾਂ ਤੇ ਲਾਉਣ ਦੀ ਤਜਵੀਜ਼ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ ਇਕ ਵੀ ਪੰਜਾਬ ਵਿੱਚ ਲਾਉਣ ਦੀ ਤਜਵੀਜ਼ ਨਹੀਂ ਸੀ। ਅਸੀਂ ਪੁਰਜ਼ੋਰ ਮੰਗ ਕਰ ਰਹੇ ਹਾਂ ਕਿ ਰਾਜਾਂ ਵਿੱਚ ਕੇਂਦਰੀ ਪ੍ਰਾਜੈਕਟਾਂ ਦੀ ਵੰਡ ਨਿਆਂ-ਪੂਰਣ ਹੋਣੀ ਚਾਹੀਦੀ ਹੈ ਤਾਂ ਜੋ ਵਧੀਕ ਆਮਦਨ ਅਤੇ ਰੋਜ਼ਗਾਰ ਦਾ ਲਾਭ ਇਕਸਾਰ ਵੰਡਿਆ ਜਾ ਸਕੇ। ਪ੍ਰਾਈਵੇਟ ਸੈਕਟਰ ਵਿੱਚ ਵੀ ਸਰਮਾਇਆ ਲਾਉਣ ਤੇ ਅਸੀਂ ਇਸੇ ਤਰ੍ਹਾਂ ਦੀ ਨੀਤੀ ਅਪਨਾਉਣ ਤੇ ਜ਼ੋਰ ਦੇ ਰਹੇ ਹਾਂ।

ਪੰਜਾਬ ਵਿੱਚ ਸਮੁੱਚੀ ਪ੍ਰਗਤੀ ਦੀ ਦਰ, ਸਾਰੇ ਦੇਸ਼ ਲਈ ਮਿਥੇ 5.6 ਪ੍ਰਤਿਸ਼ਤ ਪ੍ਰਤਿ ਸਾਲ ਦੇ ਟੀਚੇ ਦੇ ਮੁਕਾਬਲੇ, ਤੀਜੀ ਯੋਜਨਾ ਦੇ ਦੌਰਾਨ 4.8 ਪ੍ਰਤਿਸ਼ਤ ਪ੍ਰਤਿ ਸਾਲ ਕੰਪਾਊਂਡ ਤੋਂ ਵੱਧ ਕੇ ਚੌਥੀ ਯੋਜਨਾ ਦੇ ਦੌਰਾਨ 6.7 ਪ੍ਰਤਿਸ਼ਤ ਪ੍ਰਤਿ ਸਾਲ ਹੋ ਜਾਵੇਗੀ। ਰਾਜ ਦੀ ਆਮਦਨ 1968-69 ਦੇ ਦੌਰਾਨ 694 ਕਰੋੜ ਰੁਪਏ ਤੋਂ ਵਧ ਕੇ ਚੌਥੀ ਯੋਜਨਾ ਦੇ ਆਖਰੀ ਸਾਲ 1973-74 ਵਿੱਚ 961 ਕਰੋੜ ਰੁਪਏ ਹੋ ਜਾਣ ਦੀ ਉਮੀਦ ਹੈ। ਜ਼ਰਾਇਤ ਸੈਕਟਰ ਵਿੱਚ ਪ੍ਰਗਤੀ ਦੀ ਕੰਪਾਊਂਡ ਦਰ 5 ਫੀ ਸਦੀ ਦੇ ਕੌਮੀ ਟੀਚੇ ਦੇ ਮੁਕਾਬਲੇ ਤੇ 6.1 ਫੀ ਸਦੀ ਪ੍ਰਤਿਸਾਲ ਹੋਵੇਗੀ। ਅਨਾਜ ਦੀ ਪੈਦਾਵਾਰ 1968-69 ਦੀ 53 ਲੱਖ ਮੀਟ੍ਰਿਕ ਟਨ ਤੋਂ ਵਧ ਕੇ ਚੌਥੀ ਯੋਜਨਾ ਦੇ ਆਖਰੀ ਸਾਲ ਵਿਚ 73 ਲੱਖ ਮੀਟ੍ਰਿਕ ਟਨ ਹੋਣ ਦੀ ਆਸ ਹੈ। (ਤਾੜੀਆਂ) ਜਿਸ ਨਾਲ ਪੰਜਾਬ, ਦੇਸ਼ ਵਿੱਚ ਅਨਾਜ ਦੀ ਆਯਾਤ ਦੀ ਲਗ ਭਗ 50 ਪ੍ਰਤਿਸ਼ਤ ਲੋੜ ਨੂੰ ਪੂਰੀ ਕਰ ਸਕੇਗਾ। ਜੇ ਬਿਜਲੀ ਅਤੇ ਸਿੰਜਾਈ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਧੇਰੇ ਫੰਡ ਮੁਹੱਈਆ ਕੀਤੇ ਜਾਣ ਤਾਂ ਸਾਨੂੰ ਵਿਸ਼ਵਾਸ ਹੈ ਕਿ ਅਸੀਂ ਦੇਸ਼ ਭਰ ਦੀ ਅਨਾਜ ਦੀ ਸਾਰੀ ਕਮੀ ਦੂਰ ਕਰ ਸਕਦੇ ਹਾਂ। (ਤਾੜੀਆਂ)

ਉਦਯੋਗਿਕ ਸੈਕਟਰ ਵਿੱਚ, ਪ੍ਰਗਤੀ ਦੀ ਸਾਲਾਨਾ ਕੰਪਾਊਂਡ ਦਰ 8 ਫੀ ਸਦੀ ਤੋਂ 10 ਫੀ ਸਦੀ ਰਾਸ਼ਟਰੀ ਟੀਚੇ ਦੇ ਮੁਕਾਬਲੇ 9.7 ਫੀ ਸਦੀ ਹੋਵੇਗੀ। ਇਸ ਸਬੰਧ ਵਿਚ ਸਾਨੂੰ ਇਸ

Original with;
Punjab Vidhan Sabha
Digitized by;
Panjab Digital Library

ਗੱਲੋਂ ਬੇਧਿਆਨ ਨਹੀਂ ਹੋਣਾ ਚਾਹੀਦਾ ਕਿ ਰਾਜ ਦੀ ਉਦਯੋਗਿਕ ਅਰਥ-ਵਿਵਸਥਾ ਮੁੱਖ ਤੌਰ ਤੇ ਛੋਟੇ ਪੈਮਾਨੇ ਦੇ ਉਦਯੋਗਾਂ ਤੇ ਨਿਰਭਰ ਕਰਦੀ ਹੈ। ਮੈਂ ਕੇਂਦਰੀ ਸੈਕਟਰ ਵਿੱਚ ਨਿਆਂ-ਪੂਰਣ ਢੰਗ ਅਨੁਸਾਰ ਸਰਮਾਇਆ ਲਾਉਣ ਦੀ ਲੋੜ ਬਾਰੇ ਪਹਿਲਾਂ ਹੀ ਜ਼ਿਕਰ ਕਰ ਚੁੱਕਿਆ ਹਾਂ ਅਤੇ ਜੇ ਰਾਜ ਵਿੱਚ ਕੁਝ ਪਬਲਿਕ ਅਦਾਰੇ ਸਥਾਪਿਤ ਕਰਨ ਬਾਰੇ ਸਾਡੀ ਮੰਗ ਮਨਜ਼ੂਰ ਕਰ ਲਈ ਜਾਵੇ ਤਾਂ ਪ੍ਰਗਤੀ-ਦਰ, ਰਾਸ਼ਟਰੀ ਟੀਚੇ ਦੇ ਅਨੁਸਾਰ ਹੋਵੇਗੀ।

270 ਕਰੋੜ ਰੁਪਏ ਦੇ ਯੋਜਨਾ-ਖਰਚ ਤੋਂ, ਪੰਜਾਬ ਵਿੱਚ ਚੌਥੀ ਯੋਜਨਾ ਦੇ ਦੌਰਾਨ ਸਮੁੱਚੇ ਵਿਕਾਸ ਕਾਰਜਾਂ ਤੇ ਲਾਏ ਜਾਣ ਵਾਲੇ ਸਰਮਾਏ ਦੀ ਹੱਦ ਪੂਰੀ ਤਰ੍ਹਾਂ ਪਰਗਟ ਨਹੀਂ ਹੁੰਦੀ। ਭਿੰਨ ਭਿੰਨ ਵਿਕਾਸਾਤਮਕ ਸਕੀਮਾਂ ਦੀ ਲਾਗਤ, ਸਿੱਧੇ ਤੌਰ ਤੇ ਜਾਂ ਬੈਂਕ ਅਤੇ ਸੰਸਥਾਈ ਵਿੱਤ ਰਾਹੀਂ ਪੂਰੀ ਕਰਨ ਦੀ ਲਾਭਪਾਤਰਾਂ ਦੀ ਆਪਣੀ, ਵਿਸ਼ੇਸ਼ ਕਰਕੇ ਦਿਹਾਤੀ ਖੇਤਰ ਵਿੱਚ, ਲਗਾਤਾਰ ਵਧਦੀ ਸਮਰੱਥਾ ਦੇ ਸਿੱਟੇ ਵਜੋਂ, ਆਸ ਕੀਤੀ ਜਾਂਦੀ ਹੈ ਕਿ ਕੇਵਲ ਜ਼ਰਾਇਤੀ ਸੈਕਟਰ ਵਿੱਚ, ਰਾਜ ਯੋਜਨਾ ਵਿੱਚ ਕੀਤੇ ਉਪਬੰਧ ਤੋਂ ਇਲਾਵਾ 163 ਕਰੋੜ ਰੁਪਏ ਦਾ ਸਰਮਾਇਆ ਮਿਲ ਸਕੇਗਾ। ਇਸੇ ਤਰ੍ਹਾਂ, ਉਦਯੋਗਿਕ ਸੈਕਟਰ ਵਿੱਚ ਵੀ ਕਾਫੀ ਵਧੀਕ ਵਿੱਤੀ ਸਹੂਲਤਾਂ ਪ੍ਰਾਪਤ ਹੋਣਗੀਆਂ। ਮੈਨੂੰ ਇਹ ਦੱਸਣ ਵਿੱਚ ਪ੍ਰਸੰਨਤਾ ਹੁੰਦੀ ਹੈ ਕਿ ਪੰਜਾਬ ਨੇ ਇਸ ਪਾਸੇ ਪਹਿਲਾਂ ਹੀ ਚੋਖੀ ਪ੍ਰਗਤੀ ਕਰ ਲਈ ਹੈ ਅਤੇ ਕੇਵਲ ਜ਼ਰਾਇਤੀ ਸੈਕਟਰ ਵਿੱਚ ਹੀ ਸਾਲ 1967-68 ਦੇ ਦੌਰਾਨ 7 ਕਰੋੜ ਰੁਪਏ ਅਤੇ 1966-67 ਦੇ ਦੌਰਾਨ 4 ਕਰੋੜ ਰੁਪਏ ਦੇ ਮੁਕਾਬਲੇ ਤੇ 1968-69 ਦੇ ਦੌਰਾਨ 14 ਕਰੋੜ ਰੁਪਏ ਸੰਸਥਾਈ ਵਿੱਤ ਵਰਤ ਲਿਆ ਹੋਵੇਗਾ। ਰਾਜ ਨੂੰ ਕੇਂਦਰ ਦੁਆਰਾ ਚਲਾਈਆਂ ਸਕੀਮਾਂ ਤੋਂ ਵੀ 15 ਕਰੋੜ ਰੁਪਏ ਦੀ ਆਸ ਹੈ, ਜਿਨ੍ਹਾਂ ਲਈ ਸਾਰੇ ਵਿੱਤ ਦਾ ਪ੍ਰਬੰਧ ਕੇਂਦਰ ਦੁਆਰਾ ਕੀਤਾ ਜਾਵੇਗਾ।

ਪਹਿਲੀਆਂ ਯੋਜਨਾਵਾਂ ਵਾਂਗ ਹੀ, ਸਿੰਜਾਈ ਤੇ ਬਿਜਲੀ ਨੂੰ ਉੱਚ-ਪਹਿਲ ਦਿੱਤੀ ਗਈ ਹੈ, ਜਿਹੜੀ ਕਿ ਕੁੱਲ ਯੋਜਨਾ ਲਾਗਤ ਦਾ ਲੱਗਭਗ 53 ਪ੍ਰਤਿਸ਼ਤ ਹੈ। ਪਰੰਤੂ ਇਸ ਨਾਲ ਵੀ ਬਿਆਸ ਪ੍ਰਾਜੈਕਟ ਦਾ ਕੰਮ ਮੁਢਲੇ ਟੀਚੇ ਅਨੁਸਾਰ ਮੁਕੰਮਲ ਨਹੀਂ ਹੋ ਸਕੇਗਾ, ਅਤੇ ਨਾ ਹੀ ਬਿਜਲੀ ਦੀ ਅਤਿ ਤੰਗੀ, ਜਿਸਦਾ ਕਿ ਪੰਜਾਬ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਨੂੰ ਦੂਰ ਕਰਨ ਲਈ ਨਵੀਆਂ ਬਿਜਲੀ ਉਤਪਾਦਨ ਸਕੀਮਾਂ ਲਈ ਕਾਫੀ ਫੰਡ ਮਿਲ ਸਕਣਗੇ। ਰਾਜ ਸਰਕਾਰ, ਬਿਆਸ ਪ੍ਰਾਜੈਕਟ ਨੂੰ ਮੁਢਲੇ ਟੀਚੇ ਅਨੁਸਾਰ ਮੁਕੰਮਲ ਕੀਤੇ ਜਾਣ ਲਈ ਭਾਰਤ ਸਰਕਾਰ ਪਾਸ ਦੁਬਾਰਾ ਜ਼ੋਰਦਾਰ ਅਪੀਲ ਕਰੇਗੀ। ਸਾਧਨਾਂ ਦੀ ਤੰਗੀ ਹੋਣ ਕਾਰਣ ਬਠਿੰਡਾ, ਥੇਨ ਅਤੇ ਸ਼ੈਨਾਂ ਦੇ ਨਵੇਂ ਬਿਜਲੀ ਪ੍ਰਾਜੈਕਟਾਂ ਲਈ ਕੇਵਲ 13.35 ਕਰੋੜ ਰੁਪਏ ਦਾ ਉਪਬੰਧ ਕਰਨਾ ਹੀ ਸੰਭਵ ਹੋ ਸਕਿਆ ਹੈ।

## ਵਿਸ਼ੇਸ਼ ਲੱਛਣ

ਮਾਨਯੋਗ ਮੈਂਬਰਾਂ ਨੂੰ ਬਜਟ ਦਸਤਾਵੇਜ਼ਾਂ ਦੇ ਨਾਲ ਸਪਲਾਈ ਕੀਤੀ ਗਈ "ਪੰਜਾਬ ਪ੍ਰਗਤੀ ਦੇ ਰਾਹ ਤੇ" ਨਾਂ ਦੀ ਪੁਸਤਕ ਵਿਚ ਭਿੰਨ-ਭਿੰਨ ਵਿਭਾਗਾਂ ਦੀਆਂ ਸਰਗਰਮੀਆਂ ਬਾਰੇ ਵੇਰਵਾ ਦਿੱਤਾ ਹੋਇਆ ਹੈ। ਪਰੰਤੂ ਮੈਂ ਇਸ ਵਿੱਚ ਇਨ੍ਹਾਂ ਸਰਗਰਮੀਆਂ ਦੇ ਕੁਝ ਕੁ ਮੁੱਖ ਲੱਛਣ ਅਤੇ ਸਾਡੇ ਅਗਲੇ ਪਰੋਗਰਾਮਾਂ ਤੇ ਨੀਤੀਆਂ ਦਾ ਜ਼ਿਕਰ ਕਰਾਂਗਾ।

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

**ਜ਼ਰਾਇਤੀ ਉਪਜ**—ਅਨਾਜ ਸਬੰਧੀ ਆਤਮ-ਨਿਰਭਰਤਾ ਪ੍ਰਾਪਤ ਕਰਨ ਲਈ ਅਤੇ ਰਾਸ਼ਟਰੀ ਆਮਦਨ ਵਧਾਉਣ ਲਈ ਜ਼ਰਾਇਤੀ ਉਪਜ ਨੂੰ ਉੱਚਤਮ ਰਾਸ਼ਟਰੀ ਪਹਿਲ ਦਿੱਤੀ ਗਈ ਹੈ। ਇਸ ਪਹਿਲੂ ਵਿੱਚ ਅਸੀਂ ਚੌਥੀ ਯੋਜਨਾ ਦੇ ਦੌਰਾਨ ਸਮੁੱਚੇ ਭਾਰਤ ਦੀ 5 ਪ੍ਰਤਿਸ਼ਤ ਵਾਧਾ ਦਰ ਦੇ ਮੁਕਾਬਲੇ ਤੇ 6.1 ਪ੍ਰਤਿਸ਼ਤ ਵਾਧਾ ਦਰ ਦਾ ਟੀਚਾ ਮਿਥਿਆ ਹੈ।

ਸਾਲ 1968-69 ਲਈ ਅਨਾਜ ਦੀ ਉਪਜ ਦਾ ਟੀਚਾ 54.5 ਲੱਖ ਮੀਟ੍ਰਿਕ ਟਨ ਮਿਥਿਆ ਗਿਆ ਸੀ। ਮੌਨਸੂਨ ਰੁੱਤ ਦੇ ਪਿਛਲੇਰੇ ਅੱਧ ਵਿੱਚ ਅਤੇ ਹਾੜੀ ਦੀ ਰੁਤ ਵਿੱਚ ਮੀਂਹ ਨਾ ਪੈਣ ਦੇ ਬਾਵਜੂਦ ਪ੍ਰਾਪਤੀ, ਟੀਚੇ ਤੋਂ ਲਗਭਗ 2.5 ਲੱਖ ਮੀਟ੍ਰਿਕ ਟਨ ਵਧ ਜਾਣ ਦੀ ਸੰਭਾਵਨਾ ਹੈ। (ਤਾੜੀਆਂ) ਸਾਲ ਦੇ ਦੌਰਾਨ 27 ਲਖ ਏਕੜ ਜ਼ਮੀਨ ਵਿਚ ਜ਼ਿਆਦਾ ਝਾੜ ਦੇਣ ਵਾਲੀਆਂ ਭਿੰਨ ਭਿੰਨ ਕਿਸਮਾਂ ਬੀਜਣ ਦਾ ਟੀਚਾ ਨਿਯਤ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 25 ਲਖ ਏਕੜ ਵਿਚ ਕਣਕ ਬੀਜੀ ਜਾਣੀ ਸੀ। ਅਸਲ ਪ੍ਰਾਪਤੀ ਦਾ ਅੰਦਾਜ਼ਾ ਲਗ ਭਗ 31 ਲਖ ਏਕੜ ਹੈ। ਇਸ ਵੱਡੇ ਪਰੋਗਰਾਮ ਕਾਰਣ, ਖਾਦਾਂ, ਕੀੜੇ ਮਾਰਨ ਵਾਲੀਆਂ ਦਵਾਈਆਂ, ਕਰਜ਼ਾ ਤੇ ਸਿੰਜਾਈ ਸਹੂਲਤਾਂ ਦੀ ਪਿਛਲੇ ਸਾਲਾਂ ਨਾਲੋਂ ਕਾਫੀ ਵੱਡੇ ਪੈਮਾਨੇ ਤੇ ਪ੍ਰਬੰਧ ਦੀ ਲੋੜ ਪਈ। ਕਾਸ਼ਤਕਾਰਾਂ ਨੂੰ ਖਾਦਾਂ, ਸਹਿਕਾਰੀ ਸਭਾਵਾਂ ਰਾਹੀਂ ਉਧਾਰ ਦਿੱਤੀਆਂ ਗਈਆਂ ਅਤੇ ਅਨੁਮਾਨ ਹੈ ਕਿ ਕਾਸ਼ਤਕਾਰਾਂ ਨੂੰ ਇਸ ਸ਼ਕਲ ਵਿਚ 22 ਕਰੋੜ ਰੁਪਏ ਦਿੱਤੇ ਜਾ ਚੁੱਕੇ ਹੋਣਗੇ। ਇਨ੍ਹਾਂ ਕਿਸਮਾਂ ਦੀ ਸਫਲ ਬਿਜਾਈ ਲਈ ਸਿੰਜਾਈ ਦੇ ਯਕੀਨੀ ਸਾਧਨਾਂ ਦਾ ਪ੍ਰਬੰਧ ਜ਼ਰੂਰੀ ਹੈ। ਅਨੁਮਾਨ ਹੈ ਕਿ ਸਾਲ 1968-69 ਦੇ ਦੌਰਾਨ ਕਿਸਾਨਾਂ ਨੂੰ 17,000 ਟਿਊਬਵੈੱਲ ਤੇ ਪੰਪਿੰਗ ਸੈਟ ਲਾਉਣ ਲਈ 11 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਜਾਣਗੇ। ਇਨ੍ਹਾਂ ਟਿਊਬਵੈਲਾਂ ਤੇ ਪੰਪਿੰਗ ਸੈਟਾਂ ਦੁਆਰਾ 1.27 ਲੱਖ ਏਕੜ ਦੇ ਵਾਧੂ ਰਕਬੇ ਨੂੰ ਸਿੰਜੇ ਜਾਣ ਦੀ ਆਸ ਹੈ। 27,000 ਏਕੜ ਰਕਬੇ ਲਈ ਭੋਂ-ਸੰਭਾਲ ਕਾਰਜਾਂ ਨੂੰ ਪੂਰਾ ਕਰ ਲਿਆ ਜਾਵੇਗਾ।

ਸਾਲ 1969-70 ਵਿਚ ਸਰਕਾਰ ਖੇਤੀ ਬਾੜੀ ਨੂੰ ਹੋਰ ਵੀ ਉਚੇਰੀ ਅਗੇਤ ਦੇਣਾ ਚਾਹੁੰਦੀ ਹੈ। ਇਸ ਸਾਲ ਲਈ 60.7 ਲੱਖ ਮੀਟ੍ਰਿਕ ਟਨ ਅਨਾਜ ਦਾ ਟੀਚਾ ਰੱਖਿਆ ਗਿਆ ਹੈ। ਮਹੱਤਵ ਪੂਰਨ ਪਰੋਗਰਾਮ ਇਹ ਹਨ :—

(ੳ) 36 ਲੱਖ ਏਕੜ ਵਿਚ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਬੀਜਣ ਦਾ ਪਰੋਗਰਾਮ।

(ਅ) ਸਰਕਾਰੀ ਸਾਧਨਾਂ ਅਤੇ ਭੋਂ ਰਹਿਣ ਬੈਂਕਾਂ ਤੋਂ ਕਰਜ਼ੇ ਦੀਆਂ ਸਹੂਲਤਾਂ, ਜ਼ਰਾਇਤੀ ਰੀਫ਼ਾਈਨੈਂਨਸ ਕਾਰਪੋਰੇਸ਼ਨ ਦੀਆਂ ਕੇਂਦਰੀ ਸਹਿਕਾਰੀ ਬੈਂਕਾਂ ਦੀਆਂ ਰੀਫ਼ਾਈਨੈਂਨਸ ਦੀਆਂ ਸਹੂਲਤਾਂ ਸਹਿਤ, 16 ਕਰੋੜ ਰੁਪਏ ਦੇ ਛੋਟੇ ਸਿੰਜਾਈ ਕਰਜ਼ੇ।

(ੲ) ਖ਼ਾਦ ਦੀ ਵੰਡ—ਇਹ ਅਨੁਮਾਨ ਹੈ ਕਿ ਅਮੋਨਿਅਮ ਸਲਫੇਟ, ਸੁਪਰਫਾਸਫੇਟ ਅਤੇ ਮੂਰੀਏਟ ਆਫ ਪੋਟਾਸ਼ ਦੀ ਸ਼ਕਲ ਵਿਚ 11 ਲੱਖ ਮੀਟ੍ਰਿਕ ਟਨ ਖਾਦ ਦੀ ਲੋੜ ਹੋਵੇਗੀ। ਸਹਿਕਾਰੀ ਸਭਾਵਾਂ ਰਾਹੀਂ ਕਰਜ਼ੇ ਦਿੱਤੇ ਜਾਣਗੇ। ਫ਼ਸਲ-ਕਰਜ਼ਾ ਪਰਣਾਲੀ ਅਧੀਨ ਖਾਦ ਦੇ ਰੂਪ ਵਿਚ 35 ਕਰੋੜ ਰੁਪਏ ਦੇ ਕਰਜ਼ੇ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਖਾਦਾਂ ਦੀ ਵਧ ਰਹੀ ਵਰਤੋਂ ਕਾਰਣ ਭੋਂ ਵਿਚਲੇ ਪੁਸ਼ਟੀ ਤੱਤਾਂ ਦਾ ਅਸੰਤੁਲਨ ਹੋ ਸਕਦਾ ਹੈ। ਭੋਂ ਪਰੀਖਣ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾਣਗੀਆਂ ਤਾਂ ਜੋ ਕਿਸਾਨ ਵਧ ਤੋਂ ਵਧ ਝਾੜ ਲੈਣ ਲਈ ਖਾਦਾਂ ਦੀ ਵਰਤੋ ਕਰ ਸਕਣ।

Original with;
Punjab Vidhan Sabha
Digitized by;
Panjab Digital Library

(ਸ) ਪੌਦਾ ਸੁਰੱਖਿਆ : ਅਮਰੀਕਨ ਕਪਾਹ, ਮੱਕੀ, ਗੰਨੇ ਆਦਿ ਨੂੰ ਲੱਗਣ ਵਾਲੇ ਕੀੜਿਆਂ ਤੇ ਕਾਬੂ ਪਾਉਣ ਲਈ ਵੀ ਵਿਸ਼ੇਸ਼ ਕੋਸ਼ਿਸ਼ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕਪਾਹ ਦੇ 2.25 ਲੱਖ ਏਕੜ ਤੇ ਹਵਾਈ ਜਹਾਜ਼ ਰਾਹੀਂ ਦਵਾਈ ਛਿੜਕੀ ਜਾਵੇਗੀ ।

(ਹ) ਜ਼ਰਾਇਤੀ ਸੰਦਾਂ ਦੀ ਸਪਲਾਈ :—50,000 ਬੀਜ-ਖਾਦ ਡਰਿਲਾਂ ਅਤੇ ਬਲਦਾਂ ਨਾਲ ਖਿੱਚੀਆਂ ਜਾਣ ਵਾਲੀਆਂ 25,000 ਡਿਸਕ ਹੈਰੋਜ਼ ਵੰਡਣ ਦੀ ਤਜਵੀਜ਼ ਹੈ। ਕਿਸਾਨਾਂ ਨੂੰ ਇਹ ਸੰਦ ਖਰੀਦਣ ਲਈ ਸਹਿਕਾਰੀ ਸਭਾਵਾਂ ਵੱਲੋਂ ਦਰਮਿਆਨੇ ਸਮੇਂ ਦੇ ਕਰਜ਼ੇ ਦਿੱਤੇ ਜਾਣਗੇ ।

(ਕ) ਭੋਂ-ਸੰਭਾਲ ਅਤੇ ਪਾਣੀ ਦਾ ਪ੍ਰਬੰਧ :—54,000 ਏਕੜ ਭੋਂ ਨੂੰ ਭੋਂ-ਸੰਭਾਲ ਅਤੇ ਪਾਣੀ ਦੇ ਪ੍ਰਬੰਧ ਲਈ ਸਕੀਮਾਂ ਅਧੀਨ ਲਿਆਉਣ ਦੀ ਤਜਵੀਜ਼ ਹੈ ।

(ਖ) ਬੀਜ ਉਗਾਉਣਾ :—ਭੋਂ ਵਿਕਾਸ ਅਤੇ ਬੀਜ ਕਾਰਪੋਰੇਸ਼ਨ ਫਾਰਮ ਅਤੇ ਰਜਿਸਟਰਡ ਉਤਪਾਦਕਾਂ ਦੁਆਰਾ ਮੱਕੀ ਅਤੇ ਬਾਜਰੇ ਦੀਆਂ ਦੋਗਲੀਆਂ ਕਿਸਮਾਂ ਦੇ ਉਤਪਾਦਨ ਦਾ ਕੰਮ ਹੱਥ ਵਿਚ ਲਿਆ ਜਾਵੇਗਾ। 16,00 ਏਕੜ ਵਿਚ ਬਾਜਰੇ ਅਤੇ ਇੰਨੇ ਹੀ ਰਕਬੇ ਵਿਚ ਮੱਕੀ ਦੀਆਂ ਦੋਗਲੀਆਂ ਕਿਸਮਾਂ ਬੀਜੀਆਂ ਜਾਣਗੀਆਂ ਤੇ ਇਸ ਤੋਂ ਇੰਨਾ ਬੀਜ ਪ੍ਰਾਪਤ ਹੋ ਜਾਵੇਗਾ ਜਿਹੜਾ ਸਾਡੀਆਂ ਸਾਉਣੀ 19 0 ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਾਫੀ ਹੋਵੇਗਾ ।

ਜ਼ਰਾਇਤੀ-ਉਦਯੋਗਕ ਕਾਰਪੋਰੇਸ਼ਨ ਜ਼ਰਾਇਤੀ ਮਸ਼ੀਨਰੀ ਦੀ ਮੁਰੰਮਤ ਦੀਆਂ ਬਿਹਤਰ ਸਹੂਲਤਾਂ ਦੇਣ ਲਈ ਚਾਰ ਸਰਵਿਸ ਸਟੇਸ਼ਨ ਖੋਲ੍ਹੇਗੀ। ਇਸ ਤਰ੍ਹਾਂ ਮੁਰੰਮਤ ਕੇਂਦਰਾਂ ਦੀ ਗਿਣਤੀ ਪੰਜ ਹੋ ਜਾਵੇਗੀ। ਕਸਟਮ ਉਪਰੇਸ਼ਨ ਕਾਰਜ ਸਾਲ ਦੇ ਦੌਰਾਨ ਚਾਲੂ ਰੱਖੇ ਜਾਣਗੇ।

ਅਸੀਂ ਨਕਦੀ ਫਸਲਾਂ ਵੱਲ ਵੀ ਅਣਗਹਿਲੀ ਨਹੀਂ ਕਰ ਰਹੇ। ਬੀਮਾਰੀ ਰਹਿਤ ਬੀਜ ਅਤੇ ਖਾਦ ਆਦਿ ਦੀ ਵਰਤੋਂ ਨਾਲ ਗੰਨੇ ਦਾ ਉਤਪਾਦਨ ਵਧਾਉਣ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਫਲਾਂ ਦੀ ਬੀਜਾਈ ਦੇ ਦ੍ਰਿਸ਼ਟੀਕੋਣ ਤੋਂ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਰੋਪੜ ਦੇ ਜ਼ਿਲ੍ਹਿਆਂ ਦੀਆਂ ਸੰਭਾਵਨਾਵਾਂ ਦਾ ਜਾਇਜ਼ਾ ਲੈਣ ਲਈ ਵੀ ਵਿਸ਼ੇਸ਼ ਸਰਵੇ ਕਰਾਉਣ ਦੀ ਤਜਵੀਜ਼ ਹੈ। ਆਲੂ ਦਾ ਬੀਜ ਪੈਦਾ ਕਰਨ ਲਈ ਵਿਕਸਿਤ ਨਵੀਆਂ ਤਕਨੀਕਾਂ ਰਾਹੀਂ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਰਾਜ ਵਿਚ ਰੋਗ-ਮੁਕਤ ਆਲੂ-ਬੀਜ ਦੇ ਉਤਪਾਦਨ ਨੂੰ ਵਧਾਇਆ ਜਾਵੇ। ਤੇਲਾਂ ਦੇ ਬੀਜਾਂ ਦੀਆਂ ਫ਼ਸਲਾਂ ਦੇ ਵਿਕਾਸ ਵੱਲ ਵੀ ਪੂਰਾ ਧਿਆਨ ਦਿੱਤਾ ਜਾਵੇਗਾ। ਰਾਜ ਵਿਚ ਲਗਭਗ 2,000 ਏਕੜ ਅੰਦਰ ਸੋਇਆ ਬੀਨ ਦੀ ਕਾਸ਼ਤ ਚਾਲੂ ਕੀਤੀ ਜਾਵੇਗੀ।

ਅਜ਼ਮਾਇਸ਼ ਦੇ ਤੌਰ ਤੇ ਬੋਰ ਕਰਨ ਦੇ ਪਰੋਗਰਾਮ ਨੂੰ ਤੇਜ਼ ਕਰਨ ਅਤੇ ਕਿਸਾਨਾਂ ਨੂੰ ਇਸ ਯੋਗ ਬਣਾਉਣ ਲਈ ਕਿ ਉਹ ਹੁਸ਼ਿਆਰਪੁਰ, ਰੋਪੜ, ਪਟਿਆਲਾ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਅਤੇ ਬਠਿੰਡਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਕੁਝ ਭਾਗਾਂ ਵਿਚ, ਜਿੱਥੇ ਟਿਊਬਵੈਲ ਲਾਉਣ ਵਿਚ ਮੁਸ਼ਕਲ ਪੇਸ਼ ਆਉਂਦੀ ਹੈ, ਟਿਊਬਵੈਲ ਲਾ ਸਕਣ, ਸਰਕਾਰ ਕਈ ਰੋਟਰੀ-ਕਮ-ਪਰਕਸ਼ਨ ਰਿਗਜ਼ ਲੈਣ ਦੇ ਪ੍ਰਬੰਧ ਕਰ ਰਹੀ ਹੈ।

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਸਹਿਕਾਰੀ ਸਾਲ 1967-68 ਅੰਦਰ, ਪੰਜਾਬ ਵਿਚ ਸਹਿਕਾਰੀ ਅੰਦੋਲਨ ਨੇ ਬਹੁਤ ਉੱਨਤੀ ਕੀਤੀ ਹੈ ਅਤੇ ਇਸਨੇ ਜ਼ਰਾਇਤੀ ਉਤਪਾਦਨ ਵਧਾਉਣ ਵਿਚ ਮਹੱਤਵ ਪੂਰਨ ਹਿੱਸਾ ਪਾਇਆ ਹੈ। ਸਹਿਕਾਰੀ ਸਭਾਵਾਂ ਦੀ ਕਾਰਜ-ਪੂੰਜੀ 141 ਕਰੋੜ ਰੁਪਏ ਤੋਂ ਵਧਕੇ 213 ਕਰੋੜ ਰੁਪਏ ਹੋ ਗਈ ਹੈ। ਚਾਲੂ ਸਹਿਕਾਰੀ ਸਾਲ ਵਿਚ ਖਾਦ, ਕੀੜੇ-ਮਾਰ ਦਵਾਈਆਂ, ਬੀਜਾਂ ਆਦਿ ਲਈ ਛੋਟੀ ਮਿਆਦ ਦੇ ਕਰਜ਼ੇ 60 ਕਰੋੜ ਰੁਪਏ ਤਕ ਪਹੁੰਚ ਜਾਣਗੇ, ਜਦੋਂ ਕਿ ਇਸਦੇ ਮੁਕਾਬਲੇ ਤੇ 1967-68 ਵਿਚ 30 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ ਸਨ।

ਰਾਜ ਭੌਂ ਰਹਿਣ ਬੈਂਕ, ਜ਼ਰਾਇਤੀ ਰੀਫਾਈਨੈਂਸ ਕਾਰਪੋਰੇਸ਼ਨ ਦੀ ਸਹਾਇਤਾ ਨਾਲ 18,350 ਟਿਊਬਵੈਲ ਲਗਾਉਣ ਲਈ 16 ਕਰੋੜ ਦੇ ਵਿੱਤੀ ਪੂੰਜੀਗਤ ਖਰਚ ਨਾਲ 15 ਸਕੀਮਾਂ ਲਈ ਕਰਜ਼ੇ ਦੇ ਰਹੀ ਹੈ। ਕਰਜ਼ੇ ਦਾ 90 ਫੀ ਸਦੀ, ਜ਼ਰਾਇਤੀ ਰੀਫਾਈਨੈਂਸ ਕਾਰਪੋਰੇਸ਼ਨ ਵੱਲੋਂ ਸਪਲਾਈ ਕੀਤਾ ਜਾਣਾ ਹੈ ਅਤੇ ਬਾਕੀ ਦਾ 10 ਫੀ ਸਦੀ ਰਾਜ ਸਰਕਾਰ ਵੱਲੋਂ।

ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰਕਿਟਿੰਗ ਫੈਡਰੇਸ਼ਨ ਨੇ ਸਾਲ 1967-68 ਵਿਚ 28 ਕਰੋੜ ਰੁਪਏ ਦੀਆਂ ਖਾਦਾਂ ਖਰੀਦੀਆਂ, ਜਿਸ ਵਿੱਚੋਂ 19 ਕਰੋੜ ਰੁਪਏ ਦੀ ਖਾਦ ਕਿਸਾਨਾਂ ਨੂੰ ਉਧਾਰ ਦਿੱਤੀ ਗਈ। ਚਾਲੂ ਸਹਿਕਾਰੀ ਸਾਲ ਵਿਚ ਫੈਡਰੇਸ਼ਨ ਹੁਣ ਤਕ 33 ਕਰੋੜ ਰੁਪਏ ਦੀ ਖਾਦ ਵੇਚ ਚੁੱਕੀ ਹੈ। ਕਿਰਮ-ਨਾਸ਼ਕ ਤੇ ਕੀੜੇ-ਮਾਰ ਦਵਾਈਆਂ ਦੀ ਸਪਲਾਈ ਵਿਚ ਅਤੇ ਖੇਤੀ-ਬਾੜੀ ਦੀਆਂ ਮਸ਼ੀਨਾਂ ਦੀ ਵਿਕਰੀ ਵਿਚ ਵੀ ਇਸੇ ਤਰ੍ਹਾਂ ਦਾ ਵਾਧਾ ਹੋਇਆ ਹੈ। ਸਾਲ 1968-69 ਵਿਚ ਫੈਡਰੇਸ਼ਨ ਨੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਲਈ ਕੋਈ 50 ਕਰੋੜ ਰੁਪਏ ਦੀ ਕਣਕ ਅਤੇ 6 ਕਰੋੜ ਰੁਪਏ ਦੇ ਮੁੱਲ ਦੇ ਬਾਜਰੇ ਅਤੇ ਮੱਕੀ ਦੇ ਬੀਜ ਪ੍ਰਾਪਤ ਕੀਤੇ। ਫੈਡਰੇਸ਼ਨ ਨੇ 1,50,000 ਮੀਟ੍ਰਿਕ ਟਨ ਹੋਰ ਅਨਾਜ ਸਟੋਰ ਕਰਨ ਲਈ ਲੋੜੀਂਦੇ ਹੋਰ ਸਟੋਰਾਂ ਦਾ ਵੀ ਕੰਮ ਹੱਥ ਵਿੱਚ ਲਿਆ ਹੈ।

ਸਰਕਾਰ, ਰਾਜ ਦੇ ਪਸ਼ੂ-ਧਨ ਦੇ ਸੁਧਾਰ ਦੇ ਕੰਮ ਤੋਂ ਵੀ ਚੇਤੰਨ ਰਹੀ ਹੈ। ਬੀੜ ਦੋਸਾਂਝ ਵਿਖੇ ਇਕ ਮੱਝ-ਨਸਲਕਸ਼ੀ ਫ਼ਾਰਮ ਕਾਇਮ ਕੀਤਾ ਗਿਆ ਹੈ। ਨਾਭਾ ਅਤੇ ਪਟਿਆਲਾ ਦੇ ਵਰਤਮਾਨ ਫ਼ਾਰਮਾਂ ਦਾ ਪੁਨਰ-ਗਠਨ ਕੀਤਾ ਗਿਆ ਹੈ। ਭੁਪਿੰਦਰਾ ਡੇਰੀ ਫ਼ਾਰਮ, ਪਟਿਆਲਾ ਵਿਖੇ ਦੋਗਲੀ ਨਸਲ-ਕਸ਼ੀ ਦੁਆਰਾ ਆਪਣੇ ਪਸ਼ੂ ਤਿਆਰ ਕਰਨ ਲਈ 80 ਜਰਸੀ/ਬਰਾਊਨ ਸਵਿਸ ਪਸ਼ੂ ਪ੍ਰਾਪਤ ਕੀਤੇ ਗਏ ਹਨ। ਸਾਲ 1969-70 ਵਿਚ ਪਟਿਆਲਾ ਵਿਖੇ ਇਕ ਵੱਖਰਾ ਜਰਸੀ ਨਸਲ-ਕਸ਼ੀ ਫ਼ਾਰਮ ਕਾਇਮ ਕਰਨ ਦੀ ਤਜਵੀਜ਼ ਹੈ, ਜੋ ਕਿ 100—150 ਗਊਆਂ ਨਾਲ ਸ਼ੁਰੂ ਕੀਤਾ ਜਾਵੇਗਾ। ਪੁਸ਼ਟ ਚਾਰੇ ਦੀ ਸੰਭਾਲ ਅਤੇ ਸੁਰੱਖਿਆ ਲਈ ਇਕ ਚਾਰਾ-ਸੁਕਾਉਣ ਯੂਨਿਟ ਕਾਇਮ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਬੀੜ ਦੋਸਾਂਝ ਵਿਖੇ ਇਕ ਫੋਰੇਜ ਪਲਾਂਟਿੰਗ ਮੈਟੀਰੀਅਲ ਪਰੋਡਕਸ਼ਨ ਫ਼ਾਰਮ ਵੀ ਕਾਇਮ ਕੀਤਾ ਜਾਵੇਗਾ।

ਲੁਧਿਆਣਾ ਅਤੇ ਬਠਿੰਡਾ ਵਿਖੇ ਦੋ ਕਰੀਮਰੀਆਂ ਕਾਇਮ ਕਰਨ ਸਬੰਧੀ ਯੋਗੋਸਲਾਵੀਆ ਦੀ ਇਕ ਫਰਮ ਨਾਲ ਗੱਲ-ਬਾਤ ਮੁਕੰਮਲ ਹੋ ਗਈ ਹੈ। ਲੁਧਿਆਣਾ ਵਿਖੇ ਕਾਇਮ ਕੀਤੇ ਜਾਣ ਵਾਲੇ ਦੁੱਧ-ਪਲਾਂਟ ਦੇ ਆਲੇ ਦੁਆਲੇ ਦੇ ਇਲਾਕੇ ਵਿਚ 10 ਦੁੱਧ ਠੰਡਾ-ਕਰਨ ਕੇਂਦਰਾਂ ਨੇ ਕੰਮ ਚਾਲੂ ਕਰ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

**ਸਿੰਜਾਈ ਅਤੇ ਬਿਜਲੀ**—ਭਾਖੜਾ-ਨੰਗਲ ਪ੍ਰਾਜੈਕਟ ਅਤੇ ਬਿਆਸ ਪ੍ਰਾਜੈਕਟ ਦੇ ਪ੍ਰਬੰਧ, ਸੰਭਾਲ ਅਤੇ ਸੰਚਾਲਨ ਦੀ ਤਬਦੀਲੀ ਬਾਰੇ ਮਾਨਯੋਗ ਮੈਂਬਰਾਂ ਦੀਆਂ ਭਾਵਨਾਵਾਂ ਤੋਂ ਮੈਂ ਚੰਗੀ ਤਰ੍ਹਾਂ ਜਾਣੂ ਹਾਂ । ਇਹ ਪ੍ਰਾਜੈਕਟ ਬਿਨਾਂ ਕਿਸ ਹੋਰ ਦੇਰ ਤੋਂ ਪੰਜਾਬ ਨੂੰ ਦੇ ਦੇਣ ਲਈ ਭਾਰਤ ਸਰਕਾਰ ਤੇ ਜ਼ੋਰ ਪਾਉਣ ਲਈ ਤੁਰੰਤ ਕਾਰਵਾਈ ਕਰਨ ਦੀ ਤਜਵੀਜ਼ ਕੀਤੀ ਗਈ ਹੈ । (ਤਾੜੀਆਂ) ਅਗਲੇ ਸਾਲ ਦੇ ਬੱਜਟ ਵਿਚ ਬਿਆਸ ਪ੍ਰਾਜੈਕਟ ਲਈ 7 ਕਰੋੜ ਰੁਪਏ (ਪੰਜਾਬ ਦਾ ਹਿੱਸਾ) (ਬਿਆਸ ਸਤਲੁਜ ਲਿੰਕ-ਯੂਨਿਟ I ਲਈ 5.16 ਕਰੋੜ ਰੁਪਏ ਅਤੇ ਪਾਂਗ ਡੈਮ-ਯੂਨਿਟ II ਲਈ 1.84 ਕਰੋੜ ਰੁਪਏ) ਦਾ ਉਪਬੰਧ ਕੀਤਾ ਗਿਆ ਹੈ । ਇਹ ਉਪਬੰਧ ਬਹੁਤ ਹੀ ਨਾ-ਕਾਫੀ ਅਤੇ ਲੋੜਾਂ ਨਾਲੋਂ ਕਿਤੇ ਘੱਟ ਹੈ । ਜੇਕਰ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਵਿਚ (ਜੋ ਕਿ ਹੁਣ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ) ਦੋ ਸਾਲ ਦੀ ਹੋਰ ਦੇਰ ਹੋ ਗਈ, ਤਾਂ ਇਹ ਗੱਲ ਬੜੀ ਅਫ਼ਸੋਸ-ਨਾਕ ਹੋਵੇਗੀ ।

ਸੱਜੇ ਕੰਢੇ ਦੇ ਬਿਜਲੀ-ਪ੍ਰਾਜੈਕਟ ਦਾ ਪੰਜਵਾਂ ਅਤ ਆਖ਼ਰੀ ਯੂਨਿਟ ਪਿਛਲੇ ਦਸੰਬਰ ਵਿਚ ਚਾਲੂ ਕਰ ਦਿੱਤਾ ਗਿਆ ਸੀ; ਇਸ ਵਿਚ ਹੁਣ ਟਰਾਂਸਮਿਸ਼ਨ-ਸਿਸਟਮ ਨੂੰ ਮਜ਼ਬੂਤ ਬਣਾਉਣਾ ਬਾਕੀ ਰਹਿੰਦਾ ਹੈ, ਜਿਸ ਵਾਸਤੇ ਬੱਜਟ ਵਿਚ 5 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ ।

ਇਕ ਹੋਰ ਬਹੁ-ਮੰਤਵੀ ਪ੍ਰਾਜੈਕਟ, ਜਿਸ ਉੱਤੇ ਰਾਜ ਦਾ ਭਵਿਖਤ ਵਿਕਾਸ ਕਾਫੀ ਹੱਦ ਤਕ ਨਿਰਭਰ ਕਰਦਾ ਹੈ, ਰਾਵੀ ਦਰਿਆ ਤੇ ਥੇਨ ਡੈਮ ਦਾ ਹੈ ! ਸਿੰਧ ਜਣ-ਸੰਧੀ ਅਨੁਸਾਰ ਭਾਰਤ ਨੂੰ 31 ਮਾਰਚ, 1970 ਤੋਂ ਰਾਵੀ ਅਤੇ ਬਿਆਸ ਦਾ ਪਾਣੀ ਵਰਤਣ ਦਾ ਮੁਕੰਮਲ ਅਧਿਕਾਰ ਮਿਲ ਜਾਵੇਗਾ । ਪਾਕਿਸਤਾਨ ਨੂੰ ਉਨ੍ਹਾਂ ਨਹਿਰਾਂ, ਜਿਨ੍ਹਾਂ ਵਿਚ ਪਹਿਲਾਂ ਇਨ੍ਹਾਂ ਦਰਿਆਵਾਂ ਦਾ ਪਾਣੀ ਜਾਂਦਾ ਸੀ, ਲਈ ਪਾਣੀ ਦੀ ਸਪਲਾਈ ਦਾ ਕੋਈ ਹੋਰ ਪ੍ਰਬੰਧ ਕਰਨ ਵਾਸਤੇ 100 ਕਰੋੜ ਰੁਪਏ, ਦੀ ਰਕਮ ਦੀ ਅਦਾਇਗੀ ਕਰਕੇ ਇਨ੍ਹਾਂ ਪਾਣੀਆਂ ਦੀ ਵਰਤੋਂ ਦਾ ਮੁਕੰਮਲ ਹਕ ਪ੍ਰਾਪਤ ਕੀਤਾ ਗਿਆ ਹੈ । ਜਦ ਤਕ ਰਾਵੀ ਉਤੇ ਥੇਨ ਡੈਮ ਅਤੇ ਬਿਆਸ ਪ੍ਰਾਜੈਕਟ ਮੁਕੰਮਲ ਨਹੀਂ ਹੋ ਜਾਂਦੇ ਭਾਰਤ ਇਨ੍ਹਾਂ ਪਾਣੀਆਂ ਦਾ ਪੂਰਾ ਪੂਰਾ ਲਾਭ ਨਹੀਂ ਉਠਾ ਸਕਦਾ । ਥੇਨ ਡੈਮ ਪ੍ਰਾਜੈਕਟ ਭਾਰਤ ਸਰਕਾਰ ਦੀ ਸੇਵਾ ਵਿਚ ਪੇਸ਼ ਕੀਤਿਆਂ ਬਹੁਤ ਸਮਾਂ ਹੋ ਗਿਆ ਹੈ, ਪਰ ਹਾਲੀਂ ਤਕ ਪਰਵਾਨਗੀ ਨਹੀਂ ਮਿਲ ਸਕੀ । ਪ੍ਰਾਜੈਕਟ ਦੀ ਪਰਵਾਨਗੀ ਲਈ ਅਣਥਕ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਜਿਵੇਂ ਜਿਵੇਂ ਬਿਆਸ ਪ੍ਰਾਜੈਕਟ ਦਾ ਕੰਮ ਖ਼ਤਮ ਹੁੰਦਾ ਜਾਵੇ, ਇਸ ਦਾ ਅਰੰਭਕ ਕੰਮ ਸ਼ੁਰੂ ਕੀਤਾ ਜਾ ਸਕੇ ।

ਮਾਧੋਪੁਰ ਹੈਡਵਰਕਸ ਤੋਂ ਕੋਈ 15 ਮੀਲ ਉੱਪਰ ਵਲ ਪਿੰਡ ਥੇਨ ਦੇ ਨੇੜੇ ਰਾਵੀ ਦਰਿਆ ਤੇ 482 ਫੁੱਟ ਉੱਚਾ ਥੇਨ ਡੈਮ ਉਸਾਰਨ ਦੀ ਤਜਵੀਜ਼ ਹੈ । ਇਸ ਡੈਮ ਦੀ ਸਜੀਵ ਸਮਰੱਥਾ 1.9 ਐਮ.ਏ.ਐਫ. ਹੋਵੇਗੀ । ਇਸ ਤਰ੍ਹਾਂ ਪ੍ਰਾਪਤ ਕੀਤੀ ਹੋਰ ਸਪਲਾਈ, 'ਸਮਰੱਥਾ-ਤੱਥ' ਵਿਚ ਸੁਧਾਰ, ਪਾਣੀ ਵਧਾਉਣ ਅਤੇ ਨਵੇਂ ਇਲਾਕਿਆਂ ਜਿਨ੍ਹਾਂ ਦਾ ਅਨੁਮਾਨਤ ਰਕਬਾ ਕੋਈ 8.6 ਲੱਖ ਏਕੜ ਹੈ, ਵਿਚ ਸਿੰਜਾਈ ਦੇ ਵਿਸਤਾਰ ਲਈ ਵਰਤੀ ਜਾਵੇਗੀ । ਇਹ 60 ਫੀ ਸਦੀ ਲੋਡ-ਫੈਕਟਰ ਤੇ 222 ਐਮ. ਡਬਲਯੂ. ਪੱਕੀ ਬਿਜਲੀ ਵੀ ਪੈਦਾ ਕਰੇਗਾ । ਇਸ ਤੋਂ ਇਲਾਵਾ ਇਹ ਅਪਰ ਬਾਰੀ ਦੁਆਬ ਕੈਨਾਲ ਹਾਈਡਲ ਪ੍ਰਾਜੈਕਟ ਤੋਂ ਪੈਦਾ ਹੋਣ ਵਾਲੀ ਬਿਜਲੀ ਵਿਚ ਵੀ 55 ਐਮ. ਡਬਲਯੂ. ਤੋਂ 123 ਐਮ. ਡਬਲਯੂ. ਤਕ ਵਧਾ ਦੇਣ ਵਿਚ ਵੀ ਸਹਾਈ ਸਿਧ ਹੋਵੇਗੀ । ਇਸ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਤਰ੍ਹਾਂ ਜਦੋਂ ਇਹ ਪ੍ਰਾਜੈਕਟ ਮੁਕੰਮਲ ਹੋ ਗਿਆ ਤਾਂ ਬਿਜਲੀ-ਪ੍ਰਾਪਤੀ ਦੀ ਸੰਭਾਵਨਾ ਅਤੇ ਉਦਯੋਗਿਕ ਤੇ ਜ਼ਰਾਇਤੀ ਲੋਡ ਦੀ ਨਿਤ ਵਧਦੀ ਮੰਗ ਵਿਚਲੇ ਭਾਰੀ ਖੱਪੇ ਨੂੰ ਘਟ ਕਰਨ ਵਿਚ ਸਹਾਈ ਹੋਵੇਗਾ। ਇਸ ਪ੍ਰਾਜੈਕਟ ਦੇ ਮੁਕੰਮਲ ਨਾ ਹੋਣ ਦਾ ਭਾਵ ਕੇਵਲ ਪੰਜਾਬ ਨੂੰ ਉਕਤ ਲਾਭਾਂ ਤੋਂ ਵਾਂਝਿਆ ਰਖਣਾ ਹੀ ਨਹੀਂ ਹੋਵੇਗਾ, ਸਗੋਂ ਪਾਕਿਸਤਾਨ ਵੀ ਮੁਫਤ ਦਾ ਪਾਣੀ ਪ੍ਰਾਪਤ ਕਰਦਾ ਰਹੇਗਾ, ਜਿਸ ਲਈ ਕਿ ਅਸੀਂ ਪਹਿਲਾਂ ਹੀ ਬੜੀ ਭਾਰੀ ਕੀਮਤ ਤਾਰ ਚੁੱਕੇ ਹਾਂ। ਮੈਨੂੰ ਯਕੀਨ ਹੈ ਕਿ ਮਾਨਯੋਗ ਮੈਂਬਰ ਮੇਰੀ ਇਸ ਗੱਲ ਨੂੰ ਪਸੰਦ ਕਰਨਗੇ, ਕਿ ਇਸ ਸਦਨ ਦੀ ਸਰਬ ਸਾਂਝੀ ਮੰਗ ਵਜੋਂ ਇਸ ਗੱਲ ਤੇ ਜ਼ੋਰ ਦਿੱਤਾ ਜਾਵੇ ਕਿ ਇਹ ਪ੍ਰਾਜੈਕਟ ਬਿਨਾਂ ਕਿਸੇ ਹੋਰ ਦੇਰ ਤੋਂ ਹੱਥ ਵਿਚ ਲਿਆ ਜਾਵੇ। (ਤਾੜੀਆਂ)

ਦਰਮਿਆਨੇ ਅਤੇ ਛੋਟੇ ਦਰਜੇ ਦੇ ਸਿੰਜਾਈ ਪਰੋਗਰਾਮ ਵਿਚ ਮਹੱਤਵਪੂਰਨ ਸਕੀਮਾਂ, ਰਾਵੀ ਤੇ ਬਿਆਸ ਦੇ ਵਾਧੂ ਪਾਣੀ ਦੀ ਵਰਤੋਂ ਅਤੇ ਹੁਸ਼ਿਆਰਪੁਰ, ਗੁਰਦਾਸਪੁਰ ਤੇ ਰੋਪੜ ਦੇ ਕੰਡੀ ਤੇ ਘਾਰ ਦੇ ਇਲਾਕੇ ਵਿਚ ਡੂੰਘੇ ਟਿਊਬਵੈੱਲ ਲਾਉਣ ਦੀਆਂ ਹਨ। ਨਹਿਰੀ ਪਾਣੀ ਦੀ ਸਪਲਾਈ ਵਿਚ ਵਾਧਾ ਕਰਨ ਲਈ, ਅਪਰਬਾਰੀ ਦੁਆਬ ਨਹਿਰ ਦੇ ਨਾਲ ਨਾਲ ਲਾਉਣ ਲਈ ਤਜਵੀਜ਼ ਕੀਤੇ ਗਏ 150 ਟਿਊਬਵੈਲਾਂ ਵਿੱਚੋਂ 35 ਤੇ ਕੰਮ ਹੋ ਰਿਹਾ ਹੈ। ਇਸ ਸਕੀਮ ਦੇ ਮੁਕੰਮਲ ਹੋ ਜਾਣ ਤੇ 1.04 ਲੱਖ ਏਕੜ ਜ਼ਮੀਨ ਨੂੰ ਲਾਭ ਪੁੱਜੇਗਾ। ਸਰਹੰਦ ਨਹਿਰ ਸਿਸਟਮ ਅਤੇ ਸਰਹੰਦ ਫੀਡਰ ਦੇ ਕਈ ਰਜਬਾਹਿਆ ਨੂੰ, ਪਾਣੀ ਸਮਰੱਥਾ ਵਧਾਉਣ ਲਈ, ਰੀਮਾਡਲ ਕੀਤਾ ਜਾ ਰਿਹਾ ਹੈ। ਸਰਹੰਦ ਨਹਿਰ ਦੇ 6 ਗ਼ੈਰ ਬਾਰਾਮਾਸੀ ਰਜਬਾਹਿਆਂ ਨੂੰ ਬਾਰਾਂਮਾਸੀ ਬਣਾ ਦਿੱਤਾ ਗਿਆ ਹੈ, ਜਿਸ ਤੋਂ ਹਾੜ੍ਹੀ ਦੀ ਫ਼ਸਲ ਅਧੀਨ ਇਕ ਲੱਖ ਏਕੜ ਜ਼ਮੀਨ ਨੂੰ ਲਾਭ ਪੁੱਜੇਗਾ।

ਰਾਜ ਦੀ ਸਮੁਚੀ ਤਰੱਕੀ ਦੇ ਰਸਤੇ ਵਿਚ ਹੜ੍ਹ ਅਤੇ ਸੇਮ ਬਹੁਤ ਵੱਡੀਆਂ ਰੁਕਾਵਟਾਂ ਹਨ। ਇਸ ਲਈ ਹੜ੍ਹ-ਕੰਟਰੋਲ ਸਬੰਧੀ ਸਕੀਮਾਂ ਨੂੰ ਨੇਪਰੇ ਚਾੜ੍ਹਨ ਦੀ ਮਹੱਤਤਾ ਤੇ ਜ਼ੋਰ ਦਿੱਤਾ ਜਾ ਰਿਹਾ ਹੈ। 30 ਲੱਖ ਰੁਪਏ ਦੀ ਲਾਗਤ ਤੇ ਦਰਿਆ-ਰੱਖਿਆ ਸਕੀਮਾਂ ਅਤੇ 30 ਲੱਖ ਦੀ ਲਾਗਤ ਤੇ ਰੁਕਾਵਟਾਂ ਨੂੰ ਦੂਰ ਕਰਨ ਅਤੇ ਨਿਵਾਣਾਂ ਨੂੰ ਮਿਲਾਉਣ ਸਬੰਧੀ ਕਾਰਜ ਅਰੰਭ ਕਰ ਦਿੱਤੇ ਗਏ ਹਨ। ਇਨ੍ਹਾਂ ਸਕੀਮਾਂ ਨੂੰ ਆਉਣ ਵਾਲੀ ਮੌਨਸੂਨ ਰੁੱਤ ਤੋਂ ਪਹਿਲਾਂ ਹੀ ਨੇਪਰੇ ਚਾੜ੍ਹ ਲਿਆ ਜਾਵੇਗਾ। ਸਾਲ 1969-70 ਦੇ ਦੌਰਾਨ ਹੜ੍ਹ-ਕੰਟਰੋਲ ਸਕੀਮਾਂ ਤੇ ਕੁੱਲ 2 ਕਰੋੜ ਰੁਪਏ ਖਰਚ ਕੀਤੇ ਜਾਣਗੇ। ਕਿਉਂਜੋ ਇਹ ਫੰਡ ਨਾਕਾਫੀ ਹਨ, ਇਸ ਲਈ ਇਨ੍ਹਾਂ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਵਧੀਕ ਕੇਂਦਰੀ ਸਹਾਇਤਾ ਪ੍ਰਾਪਤ ਕਰਨ ਦੇ ਸਵਾਲ ਤੇ ਭਾਰਤ ਸਰਕਾਰ ਨਾਲ ਗਲ-ਬਾਤ ਕੀਤੀ ਜਾ ਰਹੀ ਹੈ।

ਬਿਜਲੀ ਦੀ ਕਮੀ ਦੀ ਸਮੱਸਿਆ ਰਾਜ ਵਿੱਚ ਖਤਰਨਾਕ ਸੂਰਤ ਇਖਤਿਆਰ ਕਰਦੀ ਜਾ ਜਾ ਰਹੀ ਹੈ। ਰਾਜ ਨੂੰ ਪ੍ਰਾਪਤ ਕੁਲ ਬਿਜਲੀ ਲਗ ਭਗ 203 ਮੈਗਾ-ਵਾਟ ਹੈ; ਜਦੋਂ ਕਿ ਅਧਿਕ-ਤਮ ਮੰਗ 280 ਮੈਗਾ-ਵਾਟ ਹੁੰਦੀ ਹੈ। ਨਵੇਂ ਕੁਨੈਕਸ਼ਨਾਂ ਲਈ ਬਹੁਤ ਸਾਰੀਆਂ ਅਰਜ਼ੀਆਂ, ਜਿਨ੍ਹਾਂ ਦਾ ਅਨੁਮਾਨਤ ਭਾਰ 137 ਮੈਗਾਵਾਟ ਤੋਂ ਵੱਧ ਹੈ, ਪੰਜਾਬ ਰਾਜ ਬਿਜਲੀ ਬੋਰਡ ਦੇ ਪਾਸ ਅਟਕੀਆਂ ਪਈਆਂ ਹਨ। ਬਿਜਲੀ ਦੀ ਵਰਤਮਾਨ ਕਮੀ ਨੂੰ ਦੂਰ ਕਰਨ ਲਈ, ਅਤੇ ਅੱਗੋਂ ਇਸ ਦੀ ਵਧਦੀ ਮੰਗ ਨੂੰ ਪੂਰਾ ਕਰਨ ਹਿਤ ਬੋਰਡ ਕੁਝ ਬਿਜਲੀ ਦੀਆਂ ਨਵੀਆਂ ਸਕੀਮਾਂ ਨੂੰ ਨੇਪਰੇ ਚਾੜ੍ਹਨ ਸਬੰਧੀ ਕਾਰਵਾਈ ਕਰ ਰਿਹਾ ਹੈ। ਇਨ੍ਹਾਂ ਵਿੱਚੋਂ ਇਕ ਸਕੀਮ ਬਠਿੰਡਾ ਵਿਖੇ 240 ਮੈਗਾਵਾਟ ਦੀ ਸੰਸਥਾ-

Original with;
Punjab Vidhan Sabha
Digitized by;
Panjab Digital Library

ਪਿਤ ਸਮਰੱਥਾ ਵਾਲਾ ਥਰਮਲ ਬਿਜਲੀ ਪਲਾਂਟ ਲਾਉਣ ਦੀ ਹੈ । ਇਸ ਸਕੀਮ ਤੇ ਕੁਲ 35 ਕਰੋੜ ਰੁਪਏ ਖਰਚ ਆਉਣਗੇ ਅਤੇ ਅਗਲੇ ਸਾਲ ਇਸਤੇ ਪੂਰੇ ਜ਼ੋਰ ਨਾਲ ਕੰਮ ਸ਼ੁਰੂ ਹੋ ਜਾਵੇਗਾ । ਇੱਕ ਹੋਰ ਸਕੀਮ ਤੇ ਵੀ ਕੰਮ ਹੋ ਰਿਹਾ ਹੈ, ਜਿਸ ਦਾ ਨਾਂ ਯੂ ਬੀ. ਡੀ. ਸੀ ਸਟੇਜ I ਹਾਈਡਲ ਸਕੀਮ ਹੈ । ਇਸ ਸਕੀਮ ਤੇ ਕੰਮ ਦੀ ਰਫਤਾਰ ਤੇਜ਼ ਕੀਤੀ ਜਾ ਰਹੀ ਹੈ, ਤਾਂ ਜੋ ਪਹਿਲਾ ਬਿਜਲੀ ਘਰ ਜੁਲਾਈ, 1970 ਵਿਚ ਅਤੇ ਬਾਕੀ ਦੇ ਦੋ ਬਿਜਲੀ ਘਰ 1971 ਦੇ ਮੁੱਢ ਵਿਚ ਚਾਲੂ ਕੀਤੇ ਜਾ ਸਕਣ । ਇਹ ਪ੍ਰਾਜੈਕਟ 1970-71 ਵਿਚ 24 ਮੈਗਾਵਾਟ ਅਤੇ 1971-72 ਵਿਚ 36 ਮੈਗਾ-ਵਾਟ ਬਿਜਲੀ ਦਾ ਠੋਸ ਵਾਧਾ ਕਰੇਗਾ । ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਵਰਤਮਾਨ ਸ਼ੰਨਾਂ ਬਿਜਲੀ-ਘਰ, ਜਿਹੜਾ ਕਿ ਬਹੁਤ ਪੁਰਾਣਾ ਹੋ ਗਿਆ ਹੈ, ਦੀ ਥਾਂ ਨਵਾਂ ਬਿਜਲੀ-ਘਰ ਉਸਾਰਿਆ ਜਾਵੇ । ਇਸ ਮੌਕੇ ਦਾ ਲਾਭ ਉਠਾਂਦੇ ਹੋਏ ਵਰਤਮਾਨ ਬਿਜਲੀ ਘਰ ਵਿਚ ਵਿਸਤਾਰ ਕਰਕੇ ਨਵੇਂ ਯੂਨਿਟ ਲਗਾਏ ਜਾਣਗੇ ਅਤੇ ਇਸਦੇ ਸਿੱਟੇ ਵਜੋਂ 73 ਮੈਗਾਵਾਟ ਪੱਕੀ ਬਿਜਲੀ ਪੰਜਾਬ ਸਿਸਟੱਮ ਨੂੰ ਮਿਲ ਜਾਵੇਗੀ ।

ਨਿਰੰਤਰ ਵਧ ਰਹੀ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਤਜਵੀਜ਼ੀਆਂ ਸਾਰੀਆ ਕਾਰ-ਵਾਈਆਂ ਕਰਨ ਦੇ ਬਾਵਜੂਦ ਇਸ ਸਮੱਸਿਆ ਨੂੰ ਉਦੋਂ ਤਕ ਹਲ ਨਹੀਂ ਕੀਤਾ ਜਾ ਸਕਦਾ, ਜਦੋਂ ਤਕ ਕਿ ਰਾਜ ਵਿਚ ਵਰਤਮਾਨ ਅਤੇ ਵਿਉਂਤੇ ਹਾਈਡਲ ਬਿਜਲੀ ਘਰਾਂ ਦੀ ਬਿਜਲੀ ਉਤਪਾਦਨ ਦੀ ਸਮਰੱਥਾ ਦੇ ਅਨੁਪੂਰਕ ਵਜੋਂ ਨਿਊਕਲੀਅਰ-ਬਿਜਲੀ-ਪਲਾਂਟ ਨਹੀਂ ਲਗਾ ਦਿੱਤਾ ਜਾਂਦਾ । ਭਾਰਤ ਸਰਕਾਰ ਦੁਆਰਾ ਬਣਾਈ ਗਈ ਇਕ ਸਟੀਅਰਿੰਗ ਕਮੇਟੀ ਦੁਆਰਾ ਇਸ ਮਾਮਲੇ ਤੇ ਵਿਚਾਰ ਕੀਤੀ ਜਾ ਰਹੀ ਹੈ, ਅਤੇ ਸਾਨੂੰ ਵਿਸ਼ਵਾਸ ਹੈ ਕਿ ਪੰਜਾਬ ਦੇ ਕੇਸ ਤੇ ਹਮਦਰਦੀ ਸਹਿਤ ਵਿਚਾਰ ਕੀਤੀ ਜਾਵੇਗੀ, ਕਿਉਂਕਿ ਪੰਜਾਬ ਦਾ ਕੇਸ ਬੜਾ ਮਜ਼ਬੂਤ ਹੈ ।

ਪਿੰਡਾਂ ਨੂੰ ਬਿਜਲੀ ਦੇਣ ਦੇ ਪਰੋਗਰਾਮ ਵਿਚ ਪੰਜਾਬ, ਭਾਰਤ ਵਿਚ ਸਭ ਤੋਂ ਅੱਗੇ ਹੈ । ਰਾਜ ਵਿਚਲੇ ਕੁਲ 12,000 ਪਿੰਡਾਂ ਵਿੱਚੋਂ 4,109 ਪਿੰਡਾਂ ਨੂੰ ਬਿਜਲੀ ਦਿੱਤੀ ਜਾ ਚੁੱਕੀ ਹੈ । ਪਿਛਲੇ 15 ਮਹੀਨਿਆਂ ਦੇ ਦੌਰਾਨ ਲਗ ਭਗ 20,000 ਟਿਊਬਵੈਲਾਂ ਨੂੰ ਬਿਜਲੀ ਦਿੱਤੀ ਗਈ ਹੈ । ਜ਼ਿਆਦਾ ਝਾੜ ਦੇਣ ਵਾਲੀਆਂ ਫ਼ਸਲਾਂ ਸ਼ੁਰੂ ਕੀਤੇ ਜਾਣ ਕਾਰਣ ਟਿਊਬਵੈਲਾਂ ਲਈ ਬਿਜਲੀ ਕੁਨੈਕ-ਸ਼ਨਾਂ ਦੀ ਮੰਗ ਵਿਚ ਬਹੁਤ ਹੀ ਵਾਧਾ ਹੋਇਆ ਹੈ । ਚਾਲੂ ਸਾਲ ਦੇ ਦੌਰਾਨ 22,000 ਕੁਨੈਕਸ਼ਨ ਦਿੱਤੇ ਜਾਣ ਦੀ ਉਮੀਦ ਹੈ, ਪਰ ਅਗਲੇ ਸਾਲ 24,000 ਟਿਊਬਵੈਲਾਂ ਨੂੰ ਕੁਨੈਕਸ਼ਨ ਦੇਣ ਦਾ ਟੀਚਾ ਮਿਥਿਆ ਗਿਆ ਹੈ ।

ਵੋਲਟੇਜ ਵਿਚ ਸੁਧਾਰ ਕਰਨ ਲਈ ਅਤੇ ਬਿਜਲੀ ਦੀ ਸਪਲਾਈ ਨੂੰ ਨਿਰੰਤਰ ਰੂਪ ਵਿਚ ਯਕੀਨੀ ਬਣਾਉਣ ਲਈ ਸਮੁੱਚੇ ਵੰਡ ਸਿਸਟਮ ਨੂੰ ਨਵਕਰਣ ਸਬੰਧੀ ਕਰੈਸ਼-ਪਰੋਗਰਾਮ ਅਧੀਨ, ਫਗਵਾੜਾ, ਗੋਬਿੰਦਗੜ੍ਹ, ਸਮਰਾਲਾ, ਰੋਪੜ ਅਤੇ ਮਲੋਟ ਵਿਖੇ 132 ਕੇ ਵੀ. ਸਬ-ਸਟੇਸ਼ਨਾਂ ਦੀ ਉਸਾਰੀ ਮੁਕੰਮਲ ਕੀਤੀ ਜਾ ਚੁੱਕੀ ਹੈ । ਕਾਫੀ ਗਿਣਤੀ ਵਿਚ 11 ਕੇ. ਵੀ ਤੋਂ 132 ਕੇ. ਵੀ. ਦੇ ਸਬ-ਸਟੇਸ਼ਨ ਬਣਾਏ ਜਾ ਰਹੇ ਹਨ ਅਤੇ ਟਰਾਂਸਮਿਸ਼ਨ ਲਾਈਨਾਂ ਲਗਾਈਆਂ ਜਾ ਰਹੀਆਂ ਹਨ ।

**ਉਦਯੋਗਿਕ ਵਿਕਾਸ**—ਮੈਂ ਇਹ ਗੱਲ ਪਹਿਲਾਂ ਹੀ ਦਸ ਚੁੱਕਿਆ ਹਾਂ ਕਿ ਕੇਂਦਰੀ ਸਰਕਾਰੀ ਉਪਕ੍ਰਮ ਲਾਉਣ ਦੇ ਮਾਮਲੇ ਵਿਚ ਪੰਜਾਬ ਨਾਲ ਕੋਈ ਚੰਗਾ ਵਰਤਾਉ ਨਹੀਂ ਹੁੰਦਾ ਰਿਹਾ । ਅਸੀਂ ਇਸ ਮਾਮਲੇ ਤੇ ਕੇਂਦਰੀ ਸਰਕਾਰ ਨਾਲ ਗਲਬਾਤ ਸ਼ੁਰੂ ਕੀਤੀ ਹੈ ਅਤੇ ਨਾ ਕੇਵਲ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਪੰਜਾਬ ਨੂੰ ਕੇਂਦਰੀ ਪ੍ਰਾਜੈਕਟਾਂ ਵਿਚ ਇਸਦਾ ਯੋਗ ਹਿਸਾ ਮਿਲਣਾ ਚਾਹੀਦਾ ਹੈ, ਸਗੋਂ ਇਸ ਗੱਲ ਤੇ ਵੀ ਜ਼ੋਰ ਦਿੱਤਾ ਹੈ ਕਿ ਪਿਛਲੇ ਅਸੰਤੁਲਨ ਨੂੰ ਵੀ ਦੂਰ ਕਰਨ ਲਈ ਉਪਰਾਲੇ ਕੀਤੇ ਜਾਣ । ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਚੌਥੀ ਯੋਜਨਾ ਦੇ ਦੌਰਾਨ ਉਦ-ਯੋਗਿਕ ਵਿਕਾਸ ਲਈ ਤਜਵੀਜ਼ ਕੀਤੀ 16.15 ਕਰੋੜ ਰੁਪਏ ਦੀ ਕੁਲ ਲਾਗਤ ਵਿੱਚੋਂ ਮਾਨਤਾ-ਪ੍ਰਾਪਤ ਸੈਕਟਰ ਵਿਚ ਉਦਯੋਗਿਕ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ 7.5 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜਿਸ ਵਿੱਚੋਂ ਨਵੇਂ ਉਦਯੋਗਿਕ ਪ੍ਰਾਜੈਕਟਾਂ ਲਈ 3.5 ਕਰੋੜ ਰੁਪਏ ਪ੍ਰਗਤੀ ਪੂੰਜੀ ਦੇ ਰੂਪ ਵਿਚ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੂੰ ਦਿੱਤੇ ਜਾਣਗੇ । ਉਦਯੋਗਾਂ ਨੂੰ ਪਬਲਿਕ ਸੈਕ-ਟਰ ਵਿਚ ਪੱਕੇ ਪੈਰਾਂ ਤੇ ਖੜ੍ਹਾਂ ਕਰਨ ਲਈ ਪੰਜਾਬ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੇ ਪ੍ਰਾਈਵੇਟ ਉੱਦਮ ਦੇ ਸਹਿਯੋਗ ਨਾਲ ਕਈ ਪ੍ਰਾਜੈਕਟਾਂ ਦੀ ਯੋਜਨਾ ਬਣਾਈ ਹੈ । ਇਸ ਦਾ ਮੁਖ ਕੰਮ ਚੁਣੇ ਹੋਏ ਉਦਯੋਗਿਕ ਪ੍ਰਾਜੈਕਟਾਂ ਨੂੰ ਉਨੱਤ ਕਰਨ ਅਤੇ ਨੇਪਰੇ ਚਾੜ੍ਹਨ ਹਿਤ ਸੰਸਥਾਈ ਉਦਯੋਗ ਸੰਗ-ਠਨ ਦੇ ਤੌਰ ਤੇ ਕੰਮ ਕਰਨਾ ਹੈ । ਇਨ੍ਹਾਂ ਪ੍ਰਾਜੈਕਟਾਂ ਵਿਚ ਦਰਮਿਆਨੇ ਸਾਈਜ਼ ਦੇ ਟਰੈਕਟਰ ਬਣਾ-ਉਣ ਦੀ ਫੈਕਟਰੀ ਕਾਇਮ ਕਰਨਾ, ਇਲਾਕਾਈ ਖੋਜ ਪ੍ਰਯੋਗਸ਼ਾਲਾ ਹੈਦਰਾਬਾਦ ਦੇ ਸਹਿਯੋਗ ਨਾਲ ਇਕ ਵਡੇਰਾਂ ਪ੍ਰਾਸੈਸਿੰਗ ਯੂਨਿਟ, ਇਕ ਖਾਦ ਪ੍ਰਾਜੈਕਟ, ਇਕ ਸਾਲਟਪੀਟਰ ਰੀਫਾਇਨਰੀ ਅਤੇ ਪ੍ਰੀ-ਸਟਰੈਸਡ ਕੰਕਰੀਟ ਪੋਲ ਦੇ ਪ੍ਰਾਜੈਕਟ ਸ਼ਾਮਲ ਹਨ ।

ਮਾਨਯੋਗ ਮੈਂਬਰ ਇਹ ਗਲ ਜਾਣ ਕੇ ਪ੍ਰਸੰਨ ਹੋਣਗੇ ਕਿ ਰਾਜਪੁਰਾ, ਢੰਡਾਰੀ ਕਲਾਂ ਅਤੇ ਮੁਹਾਲੀ ਵਿਖੇ ਉਦਯੋਗਿਕ ਵਿਕਾਸ ਦੇ ਤਿੰਨ ਫੋਕਲ ਕੇਂਦਰਾਂ ਦਾ ਕੰਮ ਕਾਫੀ ਅੱਗੇ ਜਾ ਚੁੱਕਾ ਹੈ । $\frac{1}{4}$ ਏਕੜ ਤੋਂ 10 ਏਕੜ ਤਕ ਦੇ ਵੱਖ ਵੱਖ ਆਕਾਰ ਦੇ ਢੰਡਾਰੀ ਕਲਾਂ ਵਿਖੇ ਸਾਰੇ ਦੇ ਸਾਰੇ 64 ਉਦਯੋਗਿਕ ਪਲਾਂਟ, ਮੁਹਾਲੀ ਵਿਖੇ 78 ਅਤੇ ਰਾਜਪੁਰੇ ਵਿਖੇ 27 ਪਲਾਟਾਂ ਵਿਚੋਂ 16 ਪਲਾਂਟ ਵੇਚੇ ਜਾ ਚੁੱਕੇ ਹਨ । ਪਲਾਟਾਂ ਦੀ ਮੰਗ ਨੂੰ ਮੁਖ ਰਖਦੇ ਹੋਏ, ਢੰਡਾਰੀ ਕਲਾਂ ਵਿਖੇ 100 ਏਕੜ ਹੋਰ ਜ਼ਮੀਨ ਪ੍ਰਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਨ੍ਹਾਂ ਉਦਯੋਗਿਕ ਨਿਲਖਾਂ ਵਿਖੇ ਵਿਕਾਸ ਕਾਰਜ ਮੁਕੰਮਲ ਹੋ ਚੁੱਕੇ ਹਨ ਅਤੇ ਹੁਣ ਉਹ ਫੈਕਟਰੀਆਂ ਉਸਾਰਨ ਲਈ ਤਿਆਰ ਹਨ । ਪਿਛਲੇ ਸਾਲ ਐਲਾਨ ਕੀਤੀਆਂ ਗਈਆਂ ਰਿਆਇਤਾਂ ਅਤੇ ਉਤਸ਼ਾਹ ਦੇਣ ਲਈ ਨਿਯਮ ਬਣਾ ਲਏ ਗਏ ਹਨ । ਅੰਮ੍ਰਿਤਸਰ, ਬਟਾਲਾ, ਫੀਰੋਜ਼ਪੁਰ ਅਤੇ ਹੁਸ਼ਿਆਰਪੁਰ ਨੂੰ ਵੀ ਫੋਕਲ ਪੁਆਇੰਟ ਬਣਾਉਣ ਦੀ ਤਜਵੀਜ਼ ਹੈ, ਤਾਂ ਜੋ ਇਨ੍ਹਾਂ ਪੁਆਇੰਟਾਂ ਨੂੰ ਵੀ ਅਜਿਹੀਆਂ ਰਿਆਇਤਾਂ ਦਿੱਤੀਆਂ ਜਾਣ । (ਤਾੜੀਆਂ)

ਪੰਜਾਬ ਦੇ ਛੋਟੇ ਉਦਯੋਗਾਂ ਦੀ ਕਾਰਪੋਰੇਸ਼ਨ ਨੇ ਵਿਸ਼ੇਸ਼ ਕਦਮ ਚੁੱਕੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾਵੇ ਕਿ ਕੱਚੇ ਮਾਲ ਦੀ ਵੰਡ ਚੰਗੀ ਤਰ੍ਹਾਂ ਅਤੇ ਛੇਤੀ ਹੋਵੇ ਅਤੇ ਇਸਦੀ ਵਰਤੋਂ ਗਲਤ ਨਾ ਹੋਵੇ । ਕਾਰਪੋਰੇਸ਼ਨ ਨੇ ਦਿੱਲੀ ਅਤੇ ਬੰਬਈ ਵਿਖੇ ਕਈ ਸ਼ੋ-ਰੂਮ ਖੋਲ੍ਹ ਕੇ ਮਾਰਕੀਟਿੰਗ ਸੇਵਾ ਨੂੰ ਸੰਗਠਿਤ ਕੀਤਾ ਹੈ । ਬੰਗਲੌਰ ਅਤੇ ਮਦਰਾਸ ਵਿਖੇ ਵੀ ਦੋ ਸ਼ੋ-ਰੂਮ ਖੋਲ੍ਹਣ ਦੀ ਤਜਵੀਜ਼ ਹੈ ।

ਛੋਟੇ ਉਦਯੋਗਾਂ ਬਾਰੇ ਕੁਆਲਿਟੀ ਮਾਰਕਿੰਗ ਅਤੇ ਸਾਂਝੀਆਂ ਸਹੂਲਤਾਂ ਦੇ ਸੇਵਾ ਕੇਂਦਰਾਂ ਦਾ ਰੋਲ ਬਹੁਤ ਮਹੱਤਵ-ਪੂਰਣ ਹੈ । ਇਨ੍ਹਾਂ ਕੇਂਦਰਾਂ ਦੇ ਘੇਰੇ ਵਿਚ ਬਹੁਤ ਸਾਰੇ ਉਦਯੋਗ ਆ ਜਾਂਦੇ ਹਨ ਅਤੇ ਇਸ ਨਾਲ ਉਦਯੋਗਪਤੀਆਂ ਨੂੰ ਉਤਪਾਦਨ ਦੇ ਮਿਆਰ ਨੂੰ ਉੱਚਾ ਕਰਨ ਅਤੇ ਮਾਲ

Original with;
Punjab Vidhan Sabha
Digitized by;
Panjab Digital Library

ਤਿਆਰ ਕਰਨ ਵਾਲੇ ਵਿਅਕਤੀਗਤ ਯੂਨਿਟਾਂ ਵਿਚ ਮਿਆਰ ਕੰਟਰੋਲ ਦੇ ਕੰਮ ਵਿਚ ਬਹੁਤ ਉਤ-ਸਾਹ ਮਿਲਦਾ ਹੈ। ਉੱਨ ਦੀ ਸੱਨਅਤ ਵਿਚ ਵਿਕਾਸ ਦੀ ਰਫ਼ਤਾਰ ਨੂੰ ਕਾਇਮ ਰੱਖਣ ਅਤੇ ਮੰਡੀ ਵਿਚ ਮੁਕਾਬਲਾ ਕਰਨ ਦੇ ਯੋਗ ਬਨਾਉਣ ਵਾਸਤੇ, ਰੰਗਾਈ ਅਤੇ ਮਾਲ ਤਿਆਰ ਕਰਨ ਦੀਆਂ ਸਹੂਲਤਾਂ ਦਾ ਪ੍ਰਬੰਧ ਕਰਨ ਲਈ ਇਸ ਉਦਯੋਗ ਦੇ ਤਕਨੀਕੀ ਵਿਕਾਸ ਲਈ ਲੰਮੇ ਸਮੇਂ ਦੀਆਂ ਕਾਰਵਾਈਆਂ ਕਰਨ ਦਾ ਵਿਚਾਰ ਹੈ। ਇਸ ਸਕੀਮ ਦੀ ਵਿਸਤਾਰਪੂਰਬਕ ਪ੍ਰਾਜੈਕਟ ਰਪੋਟ ਅੰਤਰ-ਰਾਸ਼ਟਰੀ ਉੱਨ ਸਕੱਤਰੇਤ ਨਾਲ ਸਲਾਹ ਕਰਕੇ ਤਿਆਰ ਕੀਤੀ ਗਈ ਹੈ।

**ਸੜਕਾਂ ਅਤੇ ਪੁਲ**—1969-70 ਦੇ ਦੌਰਾਨ ਸੜਕਾਂ ਲਈ 4.70 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਜਿਸ ਨਾਲ ਮੌਜੂਦਾ ਸੜਕਾਂ ਨੂੰ ਮਜ਼ਬੂਤ ਬਣਾਉਣ, ਚੌੜਾ ਕਰਨ ਅਤੇ ਠੀਕ ਕਰਨ ਤੋਂ ਇਲਾਵਾ 300 ਕਿਲੋਮੀਟਰ ਜਰਨੈਲੀ ਸੜਕਾਂ ਅਤੇ 1100 ਕਿਲੋਮੀਟਰ ਲਿੰਕ-ਸੜਕਾਂ ਬਣਾਈਆਂ ਜਾ ਸਕਣਗੀਆਂ। ਰਾਜ ਦੇ ਵਿਕਾਸ ਵਿਚ ਸੰਚਾਰ ਸਾਧਨਾਂ ਦੇ ਮਹੱਤਵ ਨੂੰ ਸਾਹਮਣੇ ਰਖਦੇ ਹੋਏ ਦਿਹਾਤੀ ਲਿੰਕ-ਸੜਕਾਂ ਬਣਾਉਣ ਦਾ ਕਰੈਸ਼ ਪਰੋਗਰਾਮ ਪਿਛਲੇ ਸਾਲ ਅਰੰਭ ਕੀਤਾ ਗਿਆ ਸੀ। ਪਹਿਲਾਂ ਤਿਆਰ ਕੀਤੀ ਗਈ ਯੋਜਨਾ ਵਿਚ, ਅਗਲੇ ਸਾਲ ਲਈ 50 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ। ਇਸ ਗਲ ਨੂੰ ਯਕੀਨੀ ਬਣਾਉਣ ਲਈ ਕਿ ਪਰੋਗਰਾਮ ਦੀ ਰਫ਼ਤਾਰ ਮੱਧਮ ਨਾ ਹੋਵੇ, ਇਹ ਰਕਮ ਵਧਾ ਕੇ 3 ਕਰੋੜ ਰੁਪਏ ਕਰਨ ਅਤੇ ਆਉਣ ਵਾਲੇ ਸਾਲਾਂ ਵਿਚ ਵੀ ਇੰਨੀ ਹੀ ਰਕਮ ਦਾ ਉਪਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਕੋਈ ਪਿੰਡ ਪੱਕੀ ਸੜਕ ਤੋਂ 2 ਮੀਲ ਤੋਂ ਵੱਧ ਦੂਰ ਨਾ ਰਹੇ। (ਤਾੜੀਆਂ) 2,200 ਕਿਲੋਮੀਟਰ ਦਿਹਾਤੀ ਲਿੰਕ-ਸੜਕਾਂ ਤੇ ਕੰਮ ਚਲ ਰਿਹਾ ਹੈ ਅਤੇ ਲਗਭਗ 800 ਕਿਲੋਮੀਟਰ ਮੁਕੰਮਲ ਹੋ ਚੁੱਕੀਆਂ ਹਨ। ਬਾਕੀ ਦੀਆਂ ਸੜਕਾਂ ਤੇ ਵੀ ਕੰਮ ਹੱਥ ਵਿਚ ਲੈ ਲਿਆ ਗਿਆ ਹੈ।

ਪਿੰਡਾਂ ਦੀਆਂ ਸੜਕਾਂ ਤੇ ਪੁਲ ਬਣਾਉਣ ਦੀ ਬਹੁਤ ਜ਼ਿਆਦਾ ਮੰਗ ਅਤੇ ਲੋੜ ਹੈ, ਖਾਸ ਕਰਕੇ ਉਨ੍ਹਾਂ ਇਲਾਕਿਆਂ ਵਿਚ ਜਿੱਥੇ ਸਿੰਜਾਈ ਦੇ ਸੂਇਆਂ ਅਤੇ ਜਲ-ਨਿਕਾਸ ਨਾਲਿਆਂ ਨੇ ਪਿੰਡ ਦੀ ਜ਼ਮੀਨ ਨੂੰ ਵਿਚਕਾਰੋਂ ਵੰਡ ਦਿੱਤਾ ਹੈ ਅਤੇ ਜਿਸ ਕਰਕੇ ਆਵਾਜਾਈ ਦੇ ਸਾਧਨ ਬਹੁਤ-ਲੰਮੇ ਅਤੇ ਔਖੇ ਹੋ ਗਏ ਹਨ। ਦਰਜੇਬੰਦ ਪਰੋਗਰਾਮ ਅਨੁਸਾਰ ਅਜਿਹੇ ਪੁਲ ਬਣਾਉਣ ਲਈ ਸਾਲ 1969-70 ਦੇ ਦੌਰਾਨ 22 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

**ਸਿਹਤ**—ਸਿਹਤ ਵਾਲੇ ਪਾਸੇ, ਰਾਜ ਦੇ ਲੋਕਾਂ ਨੂੰ ਬੀਮਾਰੀਆਂ ਤੋਂ ਬਚਾਉਣ ਅਤੇ ਉਨ੍ਹਾਂ ਦਾ ਇਲਾਜ ਕਰਨ ਵਾਲੇ ਪਾਸੇ ਰਾਜ ਸਰਕਾਰ ਲਗਾਤਾਰ ਕੰਮ ਕਰਦੀ ਆ ਰਹੀ ਹੈ। ਪਿਛਲੇ ਸਾਲ ਦੇ ਸ਼ੁਰੂ ਵਿਚ ਜੀ ਪ੍ਰਤੀ 5 ਰੁਪਏ ਦੇ ਖਰਚ ਦੇ ਮੁਕਾਬਲੇ ਤੇ, ਇਸ ਸਮੇਂ ਇਹ 6·22 ਰੁਪਏ ਹੈ। ਪਰਿਵਾਰ ਨਿਯੋਜਨ ਦੇ ਖੇਤਰ ਵਿਚ ਬਹੁਤ ਚੰਗਾ ਕੰਮ ਕੀਤਾ ਗਿਆ ਹੈ ਅਤੇ ਅਸੀਂ ਬਜਟ ਵਿਚ ਕਾਫੀ ਉਪਬੰਧ ਕਰ ਰਹੇ ਹਾਂ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪਹਿਲਾਂ ਸ਼ੁਰੂ ਕੀਤੇ ਪਰੋਗਰਾਮ ਨਾ ਕੇਵਲ ਚਾਲੂ ਹੀ ਰੱਖੇ ਜਾਣ ਸਗੋਂ ਉਨ੍ਹਾਂ ਨੂੰ ਕਾਫੀ ਵਧਾਇਆ ਜਾਵੇ। ਸੰਤਾਨ-ਰੋਕੂ ਓਪਰੇਸ਼ਨਾਂ ਵਲ ਲੋਕਾਂ, ਵਿਸ਼ੇਸ਼ ਕਰਕੇ ਔਰਤਾਂ ਦਾ ਬਹੁਤ ਝੁਕਾਅ ਹੈ ਅਤੇ ਸਾਲ ਦੇ 84000 ਓਪਰੇਸ਼ਨਾਂ ਦੇ ਟੀਚੇ ਸਬੰਧੀ ਪ੍ਰਾਪਤੀ ਕਾਫੀ ਨਿਗਰ ਹੈ।

ਪਿਛਲੇ ਕੁਝ ਸਾਲਾਂ ਦੇ ਦੌਰਾਨ ਮਲੇਰੀਏ ਦੇ ਖਾਤਮੇ ਲਈ ਕਾਫੀ ਖਰਚ ਕੀਤਾ ਗਿਆ ਸੀ। ਐਪਰ, ਇਸ ਸਾਲ ਕੁਝ ਵਖੋ ਵਖਰੀਆਂ ਥਾਵਾਂ ਤੇ ਇਹ ਬੀਮਾਰੀ ਫਿਰ ਆ ਗਈ ਸੀ ਅਤੇ ਅਸੀਂ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਆਉਣ ਵਾਲੇ ਸਾਲ ਵਿਚ 'ਹਮਲਾ ਫੇਜ਼' ਦਾ ਪਰੋਗਰਾਮ ਦੁਬਾਰਾ ਸ਼ੁਰੂ ਕਰਨ ਵਾਸਤੇ ਕਾਫੀ ਉਪਬੰਧ ਕਰ ਰਹੇ ਹਾਂ, ਤਾਂ ਜੋ ਇਸ ਬੀਮਾਰੀ ਨੂੰ ਰੋਕਣ ਅਤੇ ਇਸਨੂੰ ਥੋੜ੍ਹੇ ਤੋਂ ਥੋੜ੍ਹੇ ਸਮੇਂ ਵਿਚ ਖਤਮ ਕਰਨ ਲਈ ਯੋਗ ਕਾਰਵਾਈਆਂ ਕੀਤੀਆਂ ਜਾ ਸਕਣ ।

ਡਾਕਟਰਾਂ ਅਤੇ ਸਿਹਤ ਤੇ ਮੈਡੀਕਲ ਸੇਵਾਵਾਂ ਦੇ ਦੂਜੇ ਅਮਲੇ ਦੀਆਂ ਤਨਖਾਹਾਂ ਵਿਚ ਹਾਲ ਵਿਚ ਹੀ ਕੀਤਾ ਵਾਧਾ ਲੋਕਾਂ ਨੂੰ ਜ਼ਿਆਦਾ ਗਿਣਤੀ ਵਿਚ ਇਸ ਪਾਸੇ ਖਿਚਣ ਵਿਚ ਸਹਾਈ ਹੋਣਾ ਚਾਹੀਦਾ ਹੈ, ਤਾਂ ਜੋ ਇਸ ਤਰ੍ਹਾਂ ਕੁਝ ਸ਼ਰੇਣੀਆਂ, ਵਿਸ਼ੇਸ਼ ਕਰਕੇ ਵਰਗ II ਦੇ ਮੈਡੀਕਲ ਅਫਸਰਾਂ, ਵਿਚ ਦਿਸਦੇ ਖੱਪਿਆਂ ਨੂੰ ਪੂਰਿਆ ਜਾ ਸਕੇ । ਅਸੀਂ ਜ਼ਿਲਾ ਅਤੇ ਤਸੀਲ ਹਸਪਤਾਲਾਂ ਦੇ ਦਰਜੇ ਨੂੰ ਉਚੇਰਾ ਕਰਨ ਅਤੇ ਮੈਡੀਸਨ, ਜਰਾਹੀ, ਅੱਖਾਂ ਅਤੇ ਕੰਨ, ਨੱਕ, ਗਲਾ ਅਤੇ ਇਸਤਰੀ ਰੋਗ ਵਿਗਿਆਨ ਸਬੰਧੀ ਵਿਸ਼ੇਸ਼ ਸੇਵਾਵਾਂ ਅਤੇ ਜ਼ਿਲਾ ਪੱਧਰ ਤੇ ਰੇਡਿਆਲੋਜੀ, ਅਨੈਸਥੀਸੀਆ ਅਤੇ ਪੈਥੋ-ਲੋਜੀ ਦੇ ਸਹਾਇਕ ਕੰਮ ਦਾ ਪ੍ਰਬੰਧ ਕਰਨ ਦਾ ਵੀ ਉਪਬੰਧ ਕੀਤਾ ਹੈ । ਤਿੰਨ ਤਸੀਲ ਪੱਧਰ ਦੇ ਹਸਪਤਾਲਾਂ ਨੂੰ ਅਪਗਰੇਡ ਕਰਕੇ 50 ਬਿਸਤਰਿਆਂ ਵਾਲੇ ਹਸਪਤਾਲ ਬਣਾਇਆ ਜਾਵੇਗਾ, ਜਿਨ੍ਹਾਂ ਵਿਚ ਐਕਸਰੇ, ਲੈਬਾਰਟਰੀ ਅਤੇ ਦੰਦਾਂ ਦੀ ਜਰਾਹੀ ਦੀਆਂ ਨਵੀਆਂ ਤੋਂ ਨਵੀਆਂ ਸਹੂਲਤਾਂ ਮੁਹੱ-ਈਆ ਕੀਤੀਆਂ ਜਾਣਗੀਆਂ । ਵੀਹ ਹੋਰ ਮੁਢਲੇ ਸਿਹਤ ਕੇਂਦਰ ਖਲ੍ਹਣ ਦੀ ਤਜਵੀਜ਼ ਹੈ । ਮੈਡੀ-ਕਲ ਕਾਲਜਾਂ ਦੇ ਅਧਿਆਪਕ ਵਿਭਾਗਾਂ ਨੂੰ ਵੀ ਮਜ਼ਬੂਤ ਕੀਤਾ ਜਾਵੇਗਾ । ਵੀ. ਜੇ. ਹਸਪਤਾਲ, ਅੰਮ੍ਰਿਤਸਰ ਵਿਖੇ ਇਕ ਕੋਬਾਲਟ ਯੂਨਿਟ ਲਾਉਣ ਦੀ ਵੀ ਤਜਵੀਜ਼ ਹੈ । ਸਰਕਾਰ ਆਯੁਰਵੈਦ ਦੇ ਵਿਕਾਸ ਨੂੰ ਕਾਫੀ ਮਹੱਤਤਾ ਦਿੰਦੀ ਹੈ ਅਤੇ ਇਸਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਇਕ ਵੱਖਰਾ ਜਾਇੰਟ ਡਾਇਰੈਕਟਰ ਨਿਯੁਕਤ ਕਰਨ ਦਾ ਫੈਸਲਾ ਕੀਤਾ ਗਿਆ ਹੈ । ਦਿਹਾਤੀ ਇਲਾਕਿਆਂ ਵਿਚ ਜਲ-ਸਪਲਾਈ ਦਾ ਪ੍ਰਬੰਧ ਕਰਨ ਲਈ 60 ਲਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਫੈਸਲਾ ਇਹ ਕੀਤਾ ਗਿਆ ਹੈ ਕਿ ਇਨ੍ਹਾਂ ਸਕੀਮਾਂ ਨੂੰ ਪਹਾੜਾਂ ਦੀ ਤਲਹੱਟੀ ਵਾਲੇ ਇਲਾਕਿਆਂ ਅਤੇ ਅਜਿਹੇ ਇਲਾਕਿਆਂ ਵਿਚ ਜਿਥੇ ਜਲ ਦੀ ਬਹੁਤ ਜ਼ਿਆਦਾ ਕਮੀ ਹੋਵੇ, ਕੇਂਦਰਿਤ ਕੀਤਾ ਜਾਵੇ । ਇਨ੍ਹਾਂ ਇਲਾਕਿਆਂ ਦੇ ਸਰਵੇਖਣ ਅਤੇ ਯੋਗ ਸਕੀਮਾਂ ਤਿਆਰ ਕਰਨ ਤੋਂ ਬਾਦ ਇਨ੍ਹਾਂ ਸਕੀਮਾਂ ਨੂੰ ਆਰੰਭ ਕਰਨ ਲਈ ਜੇ ਲੋੜ ਹੋਈ ਤਾਂ ਅਧਿਕ ਫੰਡਾਂ ਦਾ ਪ੍ਰਬੰਧ ਕਰ ਲਿਆ ਜਾਵੇਗਾ ।

**ਸਿਖਿਆ**—1968-69 ਵਿਚ 24 ਕਰੋੜ ਦੇ ਉਪਬੰਧ ਦੇ ਮੁਕਾਬਲੇ ਵਿਚ 1969-70 ਦੇ ਦੌਰਾਨ ਸਿਖਿਆ ਉਤੇ 29 ਕਰੋੜ ਰੁਪਏ ਖਰਚ ਕੀਤੇ ਜਾਣ ਦੀ ਤਜਵੀਜ਼ ਹੈ । ਹੈਡਕੁਆਟਰ ਅਤੇ ਫੀਲਡ ਵਿਖੇ ਪ੍ਰਬੰਧ ਅਤੇ ਨਿਗਰਾਨੀ ਵਿਚ ਸੰਗਠਨ ਸਬੰਧੀ ਸੁਧਾਰ ਕਰਨ ਤੋਂ ਇਲਾਵਾ, ਸਿਖਿਆ ਪ੍ਰਣਾਲੀ ਵਿਚ ਗੁਣਾ ਅਤੇ ਗਿਣਤੀ ਦੇ ਪੱਖੋਂ ਸੁਧਾਰ ਕਰਨ ਲਈ ਨਿਸਚਿਤ ਕਾਰਵਾਈ ਆਰੰਭ ਕੀਤੀ ਗਈ ਹੈ ਅਤੇ ਕੀਤੇ ਜਾਣ ਦੀ ਤਜਵੀਜ਼ ਵੀ ਹੈ ।

ਗੁਰੂ ਨਾਨਕ ਸਾਹਿਬ ਦੇ 500ਵੇਂ ਜਨਮ ਦਿਵਸ ਦੇ ਸਬੰਧ ਵਿਚ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਦੇ ਵਿਸ਼ੇਸ਼ ਪਰਸੰਗ ਵਿਚ ਧਰਮ ਅਤੇ ਨੈਤਿਕ ਸ਼ਾਸਤਰ ਦੇ ਤੁਲਨਾਤਮਕ ਦਰਸ਼ਨ ਲਈ 7 ਚੇਅਰਾਂ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਹ ਚੇਅਰਾਂ ਪੰਜਾਬ, ਕਲਕੱਤਾ, ਬੰਬਈ, ਕੁਰੂਕਸ਼ੇਤਰ, ਮਦਰਾਸ, ਧਰਵਾਰ ਦੀਆਂ ਯੂਨੀਵਰਸਿਟੀਆਂ ਵਿਖੇ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਕਾਇਮ ਕਰਨ ਦੀ ਤਜਵੀਜ਼ ਹੈ । ਅੰਮ੍ਰਿਤਸਰ ਵਿਖੇ ਗੁਰੂ ਨਾਨਕ ਯੂਨੀਵਰਸਿਟੀ ਕਾਇਮ ਕਰਨ ਦਾ ਫੈਸਲਾ ਵੀ ਕੀਤਾ ਗਿਆ ਹੈ, ਜਿਸ ਲਈ ਅਗਲੇ ਸਾਲ ਦੇ ਬਜਟ ਵਿਚ 10 ਲੱਖ ਰੁਪਏ ਦੀ ਰਕਮ ਵਖ ਰੱਖਣ ਦਾ ਫੈਸਲਾ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

ਗੁਣਾਂ ਦੇ ਪੱਖ ਤੋਂ ਤਾਲਮੇਲ ਵਾਲੀਆਂ ਕੰਮ-ਸੌਂਪਣੀਆਂ ਅਤੇ ਪ੍ਰਗਤੀ ਕਾਰਡ ਰੱਖਣ ਦੇ ਢੰਗ ਦੁਆਰਾ ਘਣੇ ਕਮ ਅਤੇ ਮੁਲ-ਅੰਕਣ ਦਾ 4 ਨੁਕਾਤੀ ਪਰੋਗਰਾਮ ਚਾਲੂ ਕੀਤਾ ਜਾ ਰਿਹਾ ਹੈ। ਸਿਖਿਆ ਸੁਧਾਰ ਬਾਰੇ ਖੋਜ ਨੂੰ ਉੱਨਤ ਕਰਨ ਲਈ, ਸਿਖਿਅਕ ਖੋਜ ਕੌਮੀ ਕੌਂਸਲ ਦੀਆਂ ਲੀਹਾਂ ਤੇ ਰਾਜ ਦੀ ਸਿਖਿਅਕ ਖੋਜ ਅਤੇ ਸਿਖਲਾਈ ਕੌਂਸਲ ਕਾਇਮ ਕਰਨ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਰਸਾਇਣ ਸ਼ਾਸਤਰ, ਭੌਤਿਕ ਸ਼ਾਸਤਰ, ਗਣਿਤ, ਬਨਸਪਤੀ ਵਿਗਿਆਨ, ਭੂਗੋਲ, ਪ੍ਰਾਣੀ ਵਿਗਿਆਨ, ਮਾਨਵ-ਵਿਗਿਆਨ ਆਦਿ ਦੇ ਵਿਸ਼ੇ ਪੜ੍ਹਾਉਣ ਵਿਚ ਨਿਸਚਿਤ ਸੁਧਾਰ ਕਰਨ ਲਈ ਸਬੰਧਤ ਵਿਸ਼ਿਆਂ ਦੇ ਸੀਨੀਅਰ ਮਾਹਰ ਭਰਤ ਕੀਤੇ ਜਾ ਰਹੇ ਹਨ। ਸਿੱਧੀ ਭਰਤੀ ਦੁਆਰਾ ਗੁਣਵਾਨ ਵਿਅਕਤੀਆਂ ਨੂੰ ਖਿੱਚਣ ਲਈ ਸੇਵਾ ਵਿਚ ਭਵਿਖਤ ਤਰੱਕੀ ਲਈ ਰਾਹ ਖੋਲ੍ਹੇ ਜਾ ਰਹੇ ਹਨ। ਪ੍ਰਾਈਵੇਟ ਕਾਲਜਾਂ ਦੀ ਸੂਰਤ ਵਿਚ ਅਜਿਹੇ ਸੁਧਾਰ ਲਈ ਗ੍ਰਾਂਟਾਂ ਵੀ ਦਿਤੀਆਂ ਜਾਣਗੀਆਂ।

ਸਿਖਿਆ ਸਬੰਧੀ ਸਹੂਲਤਾਂ ਵਿਚ ਵਿਸ਼ੇਸ਼ ਵਾਧੇ ਲਈ 80 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਸਕੂਲ ਬਣਾਉਣ ਦੀ ਅਤੇ 25 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾਉਣ ਦੀ ਤਜਵੀਜ਼ ਹੈ। ਮੌਜੂਦਾ ਸਹੂਲਤਾਂ ਤੋਂ ਵੀ ਜ਼ਿਆਦਾ ਲਾਭ ਉਠਾਇਆ ਜਾਵੇਗਾ, ਅਤੇ ਆਸ ਇਹ ਕੀਤੀ ਜਾਂਦੀ ਹੈ ਕਿ ਸਾਲ ਦੇ ਅੰਤ ਤਕ 6 ਤੋਂ 16 ਸਾਲ ਦੀ ਉਮਰ ਤਕ ਦੇ ਹੋਰ 1·56 ਲੱਖ ਵਿਦਿਆਰਥੀ ਸਕੂਲਾਂ ਵਿਚ ਦਾਖਲ ਹੋ ਜਾਣਗੇ। ਇਸ ਨਾਲ ਦਾਖਲੇ ਵਿਚ ਪ੍ਰਾਇਮਰੀ ਸਟੇਜ ਤੇ ਪ੍ਰਤਿਸ਼ਤ ਵਾਧਾ 70·8 ਤੋਂ 73·1, ਮਿਡਲ ਸਟੇਜ ਤੇ 42·8 ਤੋਂ 45·3 ਅਤੇ ਹਾਈ ਸਟੇਜ ਤੇ 14·6 ਤੋਂ 15·8 ਹੋ ਜਾਵੇਗਾ। 2.32 ਕਰੋੜ ਰੁਪਏ ਦੀ ਰਕਮ ਦਾ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ ਸਹਾਇਤਾ ਵਜੋਂ ਗ੍ਰਾਂਟ ਦੇ ਤੌਰ ਤੇ ਦੇਣ ਦਾ ਉਪਬੰਧ ਕੀਤਾ ਗਿਆ ਹੈ। ਪ੍ਰਾਈਵੇਟ ਸਕੂਲਾਂ ਦੀ ਸੂਰਤ ਵਿਚ, ਸਰਕਾਰ ਪ੍ਰਵਾਨਿਤ ਘਾਟੇ ਦੇ 95 ਪ੍ਰਤਿਸ਼ਤ ਦੀ ਹੱਦ ਤਕ ਗ੍ਰਾਂਟਾਂ ਦੇਵੇਗੀ, ਜਿਸ ਨਾਲ ਪ੍ਰਬੰਧਕ ਕਮੇਟੀਆਂ ਪ੍ਰਾਈਵੇਟ ਸੈਕਟਰ ਵਿਚ ਸਿਖਿਆ ਦੀਆਂ ਸਹੂਲਤਾਂ ਦਾ ਵਾਧਾ ਅਤੇ ਉਨ੍ਹਾਂ ਵਿਚ ਸੁਧਾਰ ਕਰਨ ਦੇ ਯੋਗ ਹੋ ਜਾਣਗੀਆਂ।

ਇਸ ਸਮੇਂ ਵੱਖ ਵੱਖ 45 ਰੁਪਏ ਦੇ 58 ਸਰਕਾਰੀ ਖੁਲ੍ਹੇ ਆਮ ਯੋਗਤਾ ਵਜ਼ੀਫੇ ਹਨ, ਜੋ ਹਾਇਰ ਸੈਕੰਡਰੀ ਪ੍ਰੀ-ਯੂਨੀਵਰਸਿਟੀ ਪ੍ਰੀਖਿਆ ਦੇ ਨਤੀਜਿਆਂ ਦੇ ਆਧਾਰ ਤੇ ਦਿੱਤੇ ਜਾਂਦੇ ਹਨ। ਅਜਿਹੇ ਵਜ਼ੀਫਿਆਂ ਦੀ ਗਿਣਤੀ ਵਧਾਕੇ 122 ਕਰ ਦਿੱਤੀ ਗਈ ਹੈ, ਅਤੇ ਵਜ਼ੀਫੇ ਦੀ ਦਰ ਵੀ ਵਧਾਕੇ 75 ਰੁਪਏ ਮਾਹਵਾਰ ਕਰ ਦਿਤੀ ਗਈ ਹੈ। ਸਰੀਰਕ ਸਿਖਿਆ (ਡੀ. ਪੀ. ਈ.) ਸਬੰਧੀ ਵਜ਼ੀਫੇ ਦੀ ਦਰ ਵੀ ਇਸੇ ਤਰ੍ਹਾਂ ਵਧਾ ਦਿੱਤੀ ਗਈ ਹੈ। ਗਰੈਜੂਏਟ-ਉਪਰੰਤ ਜਮਾਤਾਂ (ਐਮ. ਏ./ਐਮ. ਐਸ. ਸੀ.) ਲਈ ਵਜ਼ੀਫਿਆਂ ਦੀ ਗਿਣਤੀ 25 ਤੋਂ ਵਧਾਕੇ 40 ਕਰ ਦਿੱਤੀ ਗਈ ਹੈ।

**ਖੁਰਾਕ**=ਸਾਲ 1968—69 ਦੇ ਦੌਰਾਨ ਜਨਵਰੀ, 1969 ਦੇ ਅੰਤ ਤਕ ਮੰਡੀ ਵਿਚ 15.7 ਲਖ ਮੀਟ੍ਰਿਕ ਟਨ ਕਣਕ ਆਈ ਸੀ, ਜਦੋਂ ਕਿ ਇਸ ਦੇ ਮੁਕਾਬਲੇ ਵਿਚ 1967-68 ਦੇ ਸਾਰੇ ਸਾਲ ਦੇ ਦੌਰਾਨ ਲਗ ਭਗ 8.5 ਲਖ ਮੀਟ੍ਰਿਕ ਟਨ ਕਣਕ ਆਈ ਸੀ। ਭਾਰਤ ਦੀ ਖੁਰਾਕ ਕਾਰਪੋਰੇਸ਼ਨ ਅਤੇ ਸਹਿਕਾਰੀ ਮਾਰਕੀਟਿੰਗ ਫੈਡਰੇਸ਼ਨ ਦੇ ਨਾਲ ਨਾਲ ਰਾਜ ਸਰਕਾਰ ਨੇ ਮੰਡੀ ਵਿਚ ਖਰੀਦ ਸ਼ੁਰੂ ਕੀਤੀ ਅਤੇ ਉਤਪਾਦਕਾਂ ਨੂੰ ਯੋਗ ਮੁਲ ਦਿਵਾਉਣ ਲਈ ਭਾਰੀ ਮਿਕਦਾਰ ਵਿਚ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਕਣਕ ਖਰੀਦੀ। ਜਨਵਰੀ, 1969 ਦੇ ਅੰਤ ਤਕ ਲਗ ਭਗ 14 ਲਖ ਮੀਟ੍ਰਿਕ ਟਨ ਕਣਕ ਇਨ੍ਹਾਂ ਏਜੰਸੀਆਂ ਨੇ ਪ੍ਰਾਪਤ ਕੀਤੀ ਸੀ, ਜਿਸ ਵਿਚੋਂ 3.1 ਲਖ ਮੀਟ੍ਰਿਕ ਟਨ ਰਾਜ ਸਰਕਾਰ ਦੁਆਰਾ ਪ੍ਰੰਤਕ ਭੰਡਾਰ ਲਈ ਪ੍ਰਾਪਤ ਕੀਤੀ ਗਈ ਸੀ। ਮੰਡੀ ਵਿਚ ਭਾਰੀ ਮਿਕਦਾਰ ਵਿਚ ਕਣਕ ਆ ਜਾਣ ਅਤੇ ਵੱਡੇ ਪੈਮਾਨੇ ਤੇ ਅਨਾਜ ਪ੍ਰਾਪਤ ਕਰਨ ਦੇ ਬਾਵਜੂਦ, ਕਣਕ ਦੀਆਂ ਕੀਮਤਾਂ ਪ੍ਰਾਪਤੀ ਕੀਮਤ ਤੋਂ ਹੇਠਾਂ ਨਹੀਂ ਡਿਗਣ ਦਿੱਤੀਆਂ ਗਈਆਂ। ਥੁੜ ਵਾਲੇ ਮਹੀਨਿਆਂ ਦੇ ਦੌਰਾਨ ਅਨਾਜ ਦੀਆਂ ਕੀਮਤਾਂ ਨੂੰ ਵਧਣ ਤੋਂ ਰੋਕਣ ਲਈ ਵੀ ਸਮੇਂ ਸਿਰ ਕਾਰਵਾਈ ਕੀਤੀ ਗਈ। ਇਸੇ ਤਰ੍ਹਾਂ ਆਸ ਹੈ ਕਿ ਵਿੱਤੀ ਸਾਲ ਦੇ ਅੰਤ ਤਕ ਪ੍ਰਾਪਤ ਕੀਤਾ ਜਾਣ ਵਾਲਾ ਚਾਵਲ, ਪਿਛਲੇ ਸਾਲ ਵਿਚ 2.29 ਲੱਖ ਮੀਟ੍ਰਿਕ ਟਨ ਪ੍ਰਾਪਤ ਕੀਤੇ ਚਾਵਲ ਨਾਲੋਂ ਵਧ ਜਾਵੇਗਾ। ਅਗਲੇ ਸਾਲ 18 ਲਖ ਮੀਟ੍ਰਿਕ ਟਨ ਕਣਕ ਪ੍ਰਾਪਤ ਕਰਨ ਦਾ ਟੀਚਾ ਮਿਥਿਆ ਗਿਆ ਹੈ। (ਤਾੜੀਆਂ)

40,000 ਮੀਟ੍ਰਿਕ ਟਨ ਦੀ ਸਮਰੱਥਾ ਵਾਲੇ ਨਵੇਂ ਗੁਦਾਮਾਂ ਦੀ ਉਸਾਰੀ ਲਈ ਪ੍ਰੋਗਰਾਮ ਤਿਆਰ ਕੀਤਾ ਗਿਆ ਅਤੇ ਆਸ ਹੈ ਕਿ ਉਸਾਰੀ ਦਾ ਕੰਮ ਛੇਤੀ ਹੀ ਮੁਕੰਮਲ ਹੋ ਜਾਵੇਗਾ। ਸਾਲ 1969-70 ਵਿਚ 100 ਲਖ ਰੁਪਏ ਦੇ ਖ਼ਰਚ ਤੇ 60,000 ਮੀਟ੍ਰਿਕ ਟਨ ਦੀ ਸਮਰੱਥਾ ਵਾਲੇ ਗੁਦਾਮਾਂ ਦੀ ਉਸਾਰੀ ਲਈ ਇਕ ਹੋਰ ਪ੍ਰੋਗਰਾਮ ਬਣਾਇਆ ਗਿਆ ਹੈ। ਸਰਕਾਰ ਦੁਆਰਾ ਇਸ ਗੱਲ ਦੀ ਗਾਰੰਟੀ ਦੇਣ ਤੇ ਕਿ ਉਹ ਘਟੋ ਘਟ 2 ਸਾਲਾਂ ਦੇ ਸਮੇਂ ਲਈ ਇਹ ਗੁਦਾਮ ਕਰਾਏ ਤੇ ਲਵੇਗੀ, ਪ੍ਰਾਈਵੇਟ ਤੇ ਲਵੇਗੀ, ਪ੍ਰਾਈਵੇਟ ਪਾਰਟੀਆਂ ਵਲੋਂ ਗੁਦਾਮ ਬਣਾਏ ਜਾਣ ਦੀ ਸਕੀਮ ਵੀ ਤਿਆਰ ਕੀਤੀ ਗਈ ਹੈ। ਇਸ ਸਕੀਮ ਅਧੀਨ ਗੁਦਾਮਾਂ ਦੀ ਸਮਰੱਥਾ 50,000 ਮੀਟ੍ਰਿਕ ਟਨ ਨਿਸ਼ਚਿਤ ਕੀਤੀ ਗਈ ਹੈ।

**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਦੀ ਭਲਾਈ**—ਸਰਕਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਮਾਜਕ-ਆਰਥਕ ਹਾਲਾਤ ਨੂੰ ਚੰਗੇਰਾ ਬਣਾਉਣ ਦੀ ਬਹੁਤ ਚਾਹਵਾਨ ਹੈ। ਆਮ ਸਿਖਿਆ ਅਤੇ ਉਦਯੋਗਿਕ ਸਿਖਲਾਈ ਲਈ ਵਜ਼ੀਫੇ ਦੇਣ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਦੇ ਵਿਦਿਆਰਥੀਆ ਨੂੰ ਫੀਸਾਂ ਵਾਪਸ ਕਰਨ ਲਈ ਸਾਲ 1969-70 ਵਿਚ 98.54 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਨ੍ਹਾਂ ਸ਼ਰੇਣੀਆਂ ਦੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪਰੀਖਿਆਵਾਂ ਲਈ ਤਿਆਰ ਕਰਨ ਵਾਸਤੇ ਚੰਡੀਗੜ੍ਹ ਵਿਖੇ ਇਕ ਕੋਚਿੰਗ ਕੇਂਦਰ ਵੀ ਖੋਲ੍ਹਿਆ ਗਿਆ ਹੈ।

ਸਾਲ 1968-69 ਦੇ ਦੌਰਾਨ, ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਵੱਖ ਵੱਖ ਟਰੇਡਾਂ ਅਤੇ ਕਿੱਤੇ ਅਪਣਾਉਣ ਲਈ ਕਰਜ਼ੇ ਦੇਣ ਅਤੇ ਉਦਯੋਗਿਕ ਸਿਖਲਾਈ ਲਈ ਸਿਖਿਆਰਥੀਆਂ ਨੂੰ ਵਜ਼ੀਫੇ ਦੇਣ ਵਾਸਤੇ ਹਰੀਜਨ ਕਲਿਆਨ ਫੰਡ ਵਿਚੋਂ 20 ਲਖ ਰੁਪਏ ਦੀ ਰਕਮ ਵਖ ਰਖੀ ਗਈ ਸੀ ਸਾਲ 1969-70 ਵਿਚ ਇਸ ਮੰਤਵ ਲਈ ਰਖੀ ਗਈ ਰਕਮ ਵਧਾਕੇ 48 ਲਖ ਰੁਪਏ ਕਰ ਦਿਤੀ ਗਈ ਹੈ। (ਤਾੜੀਆਂ) (ਸ਼ੋਰ) ਪਿਛਲੇ ਸਾਲਾਂ ਵਿਚ ਹਰੀਜਨ ਕਲਿਆਨ ਫੰਡ ਵਿਚ ਰਖੀ ਗਈ ਰਕਮ ਜਾਂ ਤਾਂ ਅਣਵਰਤੀ ਰਹਿ ਜਾਂਦੀ ਸੀ ਜਾਂ ਇਹ ਉਨ੍ਹਾਂ ਸਕੀਮਾਂ ਲਈ ਵਰਤੀ ਜਾਂਦੀ ਸੀ, ਜਿਨ੍ਹਾਂ ਤੋਂ ਇਨ੍ਹਾਂ ਜਾਤੀਆਂ ਨੂੰ ਕੋਈ ਖਾਸ ਲਾਭ ਨਹੀਂ ਸੀ ਪਹੁੰਚਦਾ। ਸਰਕਾਰ ਅਜਿਹੀਆਂ ਸਕੀਮਾਂ ਤਿਆਰ ਕਰਨ ਲਈ ਵਧ ਤੋਂ ਵਧ ਯਤਨ ਕਰੇਗੀ, ਜਿਨ੍ਹਾਂ ਤੋਂ ਵਧੇਰੇ ਕਰਕੇ ਇਨ੍ਹਾਂ ਜਾਤੀਆਂ ਨੂੰ ਲਾਭ ਪਹੁੰਚ ਸਕੇ। (ਤਾੜੀਆਂ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਆਪਣੇ ਸਮਾਜਕ ਜੀਵਨ ਨੂੰ ਚੰਗੇਰਾ ਬਣਾਉਣ ਅਤੇ ਸਾਂਝੇ ਸਮਾਗਮ ਕਰਨ ਦੇ ਮੌਕੇ ਦੇਣ ਵਾਸਤੇ, ਧਰਮਸ਼ਾਲਾਵਾਂ/ਚੌਪਾਲਾਂ ਦੀ ਉਸਾਰੀ ਲਈ ਗ੍ਰਾਂਟਾਂ ਦੇਣ ਦਾ ਫੈਸਲਾ ਕੀਤਾ ਗਿਆ ਹੈ। (ਤਾੜੀਆਂ) ਇਸ ਮੰਤਵ ਲਈ 25 ਲਖ ਰੁਪਏ ਦੀ ਰਕਮ ਰੱਖੀ ਗਈ ਹੈ। (ਤਾੜੀਆਂ)

**ਸ਼ਹਿਰੀ ਵਿਕਾਸ** —ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਸ਼ਹਿਰਾਂ ਦੀਆਂ ਮਾਸਟਰ ਪਲਾਨਾਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਨਗਰ ਯੋਜਨਾ-ਬੰਦੀ ਵਿਭਾਗ ਹੁਣ ਅੰਮ੍ਰਿਤਸਰ ਵਿਖੇ ਜਲ੍ਹਿਆਂਵਾਲਾ ਪਹੁੰਚ-ਮਾਰਗ ਸਕੀਮ ਸਬੰਧੀ ਇਕ ਵੱਡੀ ਯੋਜਨਾ ਬਣਾ ਰਿਹਾ ਹੈ। ਇਹ ਸਕੀਮ ਰਾਜ ਦੇ ਸੰਘਣੀ ਆਬਾਦੀ ਵਾਲੇ ਦੂਜੇ ਸ਼ਹਿਰਾਂ ਲਈ ਇਕ ਮਾਡਲ ਦਾ ਕੰਮ ਦੇਵੇਗੀ ਅਤੇ ਇਸ ਗਲ ਦਾ ਪ੍ਰਤੱਖ ਪਰਮਾਣ ਹੋਵੇਗੀ ਕਿ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿਚ ਵੱਖ ਵੱਖ ਸੰਸਥਾਵਾਂ ਸਾਂਝੇ ਯਤਨਾਂ ਨਾਲ ਕੀ ਕੁਝ ਕਰ ਸਕਦੀਆਂ ਹਨ।

ਤੇਜ਼ੀ ਨਾਲ ਵਿਕਾਸ ਕਰ ਰਹੇ ਸ਼ਹਿਰੀ ਇਲਾਕਿਆਂ ਦੇ ਬੇਤਰਤੀਬੇ ਵਿਕਾਸ ਨੂੰ ਰੋਕਣ ਲਈ ਸ਼ਹਿਰੀ ਐਸਟੇਟਾਂ ਕਾਇਮ ਕਰਨ ਲਈ ਵੱਡੇ ਪੈਮਾਨੇ ਤੇ ਪ੍ਰੋਗਰਾਮ ਚਾਲੂ ਕੀਤਾ ਗਿਆ ਹੈ, ਜਿਨ੍ਹਾਂ ਵਿਚ ਮਕਾਨ ਅਤੇ ਵਪਾਰਕ ਇਮਾਰਤਾਂ ਬਣਾਉਣ ਲਈ ਵਿਕਸਿਤ ਥਾਵਾਂ ਵੇਚੀਆਂ ਜਾਣਗੀਆਂ ਅਤੇ ਉਨ੍ਹਾਂ ਦੀ ਅਦਾਇਗੀ ਆਸਾਨ ਕਿਸ਼ਤਾਂ ਵਿਚ ਕੀਤੀ ਜਾ ਸਕੇਗੀ। ਅਜਿਹੀਆਂ ਐਸਟੇਟਾਂ ਪਟਿਆਲਾ, ਰਾਜਪੁਰਾ, ਢੰਡਾਰੀ, ਮੁਹਾਲੀ ਅਤੇ ਫਗਵਾੜਾ ਵਿਖੇ ਸਥਾਪਤ ਕੀਤੀਆਂ ਜਾਣਗੀਆਂ। ਅਜਿਹੀਆਂ ਐਸਟੇਟਾਂ ਸਥਾਪਤ ਕਰਨ ਲਈ ਕੁਝ ਇਕ ਹੋਰ ਸ਼ਹਿਰਾਂ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਮਕਾਨ ਉਸਾਰੀ ਦੀਆਂ ਸਰਗਰਮੀਆਂ ਵਿਚ ਤਾਲਮੇਲ ਪੈਦਾ ਕਰਨ ਅਤੇ ਉਨ੍ਹਾਂ ਵਿਚ ਵਾਧਾ ਕਰਨ ਲਈ ਇਕ ਮਕਾਨ ਉਸਾਰੀ ਬੋਰਡ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਸਬੰਧੀ ਛੇਤੀ ਹੀ ਇਕ ਵਿਸ਼ੇਸ਼ ਕਾਨੂੰਨ ਪਾਸ ਕਰ ਦਿੱਤਾ ਜਾਵੇਗਾ। ਬੋਰਡ ਦੀ ਏਜੰਸੀ ਰਾਹੀਂ ਇਸ ਪ੍ਰੋਗਰਾਮ ਲਈ ਵੱਖ ਵੱਖ ਸੰਸਥਾਵਾਂ ਤੋਂ ਵਧੇਰੇ ਫੰਡ ਪ੍ਰਾਪਤ ਕੀਤੇ ਜਾ ਸਕਣਗੇ।

ਗੁਦਾਮ ਬਣਾਉਣ ਤੋਂ ਇਲਾਵਾ, ਸਰਕਾਰ ਨੇ ਰਾਜ ਭਰ ਵਿਚ 75 ਲਖ ਰੁਪਏ ਦੇ ਖ਼ਰਚ ਤੇ 34 ਮੰਡੀਆਂ ਨੂੰ ਵਿਕਸਿਤ ਕਰਨ ਦਾ ਵੀ ਫੈਸਲਾ ਕੀਤਾ ਹੈ। ਇਸ ਨਾਲ ਨਾ ਕੇਵਲ ਬਾਕਾਇਦਾ ਮੰਡੀਆਂ ਵਿਚ ਜ਼ਰਾਇਤੀ ਉਪਜ ਦੇ ਨਿਪਟਾਰੇ ਲਈ ਲੋੜੀਂਦੀਆਂ ਸਹੂਲਤਾਂ ਹੀ ਦਿੱਤੀਆਂ ਜਾਣਗੀਆਂ ਸਗੋਂ ਸ਼ਹਿਰੀ ਕੇਂਦਰਾਂ ਦਾ ਯੋਜਨਾਬੱਧ ਵਿਕਾਸ ਵੀ ਯਕੀਨੀ ਹੋ ਜਾਵੇਗਾ।

ਤੀਰਥ ਅਸਥਾਨਾਂ ਦੇ ਤੌਰ ਤੇ ਅੰਮ੍ਰਿਤਸਰ ਅਤੇ ਅਨੰਦਪੁਰ ਸਾਹਿਬ ਦੀ ਮਹੱਤਤਾ ਅਤੇ ਅਨੰਦਪੁਰ ਸਾਹਿਬ, ਭਾਖੜਾ ਡੈਮ ਦੇ ਨੇੜੇ ਹੋਣ ਕਾਰਣ ਸੈਲਾਨੀਆਂ ਲਈ ਆਮ ਦਿਲਚਸਪੀ ਦੀ ਥਾਂ ਹੋਣ ਕਰਕੇ ਦਰਸ਼ਕਾਂ ਲਈ ਉਚਿਤ ਰਿਹਾਇਸ਼ ਦਾ ਪ੍ਰਬੰਧ ਕਰਨ ਲਈ ਸੈਲਾਨੀ ਹੋਸਟਲ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। (ਤਾੜੀਆਂ) ਅਗਲੇ ਸਾਲ ਦੇ ਬਜਟ ਵਿਚ ਇਸ ਮੰਤਵ ਲਈ 5 ਲਖ ਰੁਪਏ ਦੀ ਰਕਮ ਰੱਖੀ ਗਈ ਹੈ। ਅਨੰਦਪੁਰ ਸਾਹਿਬ ਵਿਖੇ ਯਾਤਰੀਆਂ ਲਈ, ਸ਼ੈੱਡ ਬਣਾਉਣ ਅਤੇ ਜਲ-ਸਪਲਾਈ ਤੇ ਸਫ਼ਾਈ ਦਾ ਲੋੜੀਂਦਾ ਪ੍ਰਬੰਧ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ। ਇਸ ਅਨੁਸਾਰ, 20 ਲਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਤਾੜੀਆਂ)

**ਸਰਕਾਰੀ ਮੁਲਾਜ਼ਮਾਂ ਨੂੰ ਰਾਹਤ** —ਸਾਂਝਾ ਮੋਰਚਾ ਸਰਕਾਰ ਨੇ, ਸਰਕਾਰੀ ਮੁਲਾਜ਼ਮਾਂ ਦੀ ਤਨਖਾਹ, ਮਹਿੰਗਾਈ ਭੱਤਾ ਅਤੇ ਮਿਲ ਸਕਣ ਵਾਲੀਆਂ ਹੋਰ ਰਿਆਇਤਾਂ ਅਤੇ ਲਾਭਾਂ ਬਾਰੇ ਵਿਸਤ੍ਰਿਤ ਤੌਰ ਤੇ ਨਜ਼ਰਸਾਨੀ ਕਰਨ ਲਈ ਅਤੇ ਤਨਖਾਹ ਪੈਮਾਨਿਆਂ ਨੂੰ ਯੁਕਤੀਯੁਕਤ ਬਣਾ ਕੇ ਜਾਂ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਹੋਰਵੇਂ ਤਬਦੀਲੀਆਂ ਕਰਨ ਬਾਰੇ ਸਿਫਾਰਸ਼ਾਂ ਕਰਨ ਲਈ ਜੁਲਾਈ, 1967 ਵਿੱਚ ਇਕ ਤਨਖ਼ਾਹ ਕਮਿਸ਼ਨ ਨਿਯੁਕਤ ਕੀਤਾ ਸੀ। ਕਮਿਸ਼ਨ ਨੇ ਆਪਣੀ ਰਪੋਟ ਇਕ ਨਵੰਬਰ, 1968 ਨੂੰ ਸਰਕਾਰ ਪਾਸ ਪੇਸ਼ ਕਰ ਦਿੱਤੀ ਸੀ। ਤਨਖ਼ਾਹ ਪੈਮਾਨਿਆਂ ਸਬੰਧੀ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਸਰਕਾਰ ਦੁਆਰਾ ਵਿਚਾਰ ਕੀਤੀ ਗਈ ਅਤੇ ਉਹ ਕਾਫ਼ੀ ਹਦ ਤਕ ਮੰਨ ਲਈਆਂ ਗਈਆਂ ਹਨ। ਤਨਖਾਹ ਪੈਮਾਨਿਆਂ ਦੀ ਸੋਧ ਸਬੰਧੀ ਰਸਮੀ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ। ਤਨਖਾਹ ਪੈਮਾਨਿਆਂ ਤੋਂ ਬਿਨਾਂ ਹੋਰ ਮਾਮਲਿਆਂ ਸਬੰਧੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੇ ਪ੍ਰਬੰਧਕੀ ਵਿਭਾਗਾਂ ਦੁਆਰਾ ਵੱਖਰੇ ਤੌਰ ਤੇ ਵਿਚਾਰ ਕੀਤੀ ਜਾ ਰਹੀ ਹੈ।

ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਐਲਾਨ ਕੀਤੇ ਸੋਧੇ ਤਨਖ਼ਾਹ ਪੈਮਾਨਿਆਂ ਵਿਰੁਧ ਸਰਕਾਰ ਨੂੰ ਭਾਰੀ ਗਿਣਤੀ ਵਿਚ ਪ੍ਰਤਿਬੇਨਤੀਆਂ ਪ੍ਰਾਪਤ ਹੋਈਆਂ ਹਨ। ਇਹ ਫ਼ੈਸਲਾ ਕੀਤਾ ਗਿਆ ਹੈ ਕਿ ਸੀਨੀਅਰ ਅਫ਼ਸਰਾਂ ਦੀ ਇਕ ਕਮੇਟੀ, ਪ੍ਰਬੰਧਕੀ ਵਿਭਾਗਾਂ ਦੀ ਸਲਾਹ ਨਾਲ ਇਨ੍ਹਾਂ ਪ੍ਰਤਿਬੇਨਤੀਆਂ ਦੀ ਪੁਣ-ਛਾਣ ਕਰੇ। ਸਰਕਾਰ ਦੁਆਰਾ ਇਸ ਮਾਮਲੇ ਤੇ ਅੰਤਮ ਤੌਰ ਤੇ ਵਿਚਾਰ ਕੀਤਾ ਜਾਵੇਗਾ, ਤਾਂ ਜੋ ਨਿਮਨ ਕਾਰਣਾਂ ਕਰਕੇ ਪੈਦਾ ਹੋਈਆਂ ਤਰੁਟੀਆਂ ਦੂਰ ਕੀਤੀਆਂ ਜਾ ਸਕਣ :—

(ੳ) ਜਿੱਥੇ ਮੌਜੂਦਾ ਵਰਟੀਕਲ ਅਤੇ ਹਾਰੀਜ਼ੈਂਟਲ ਸਬੰਧ ਵਿੱਚ ਅਦਲਾ ਬਦਲੀ ਕੀਤੀ ਗਈ ਹੈ, ਅਜਿਹੇ ਕੇਸਾਂ ਨੂੰ ਛੱਡ ਕੇ, ਜਿਨ੍ਹਾਂ ਵਿਚ ਇਹ ਜਾਣ ਬੁਝ ਕੇ ਚੰਗੇ ਕਾਰਣਾਂ ਕਰਕੇ ਕੀਤਾ ਗਿਆ ਹੈ।

(ਅ) ਜਿੱਥੇ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿਚ ਕੁਝ ਆਸਾਮੀਆਂ ਬਾਰੇ ਇਸ ਕਰਕੇ ਜ਼ਿਕਰ ਨਹੀਂ ਕੀਤਾ ਗਿਆ, ਕਿਉਂਕਿ ਸਬੰਧਤ ਵਿਭਾਗਾਂ ਨੇ ਕਮਿਸ਼ਨ ਨੂੰ ਅਜਿਹੀਆਂ ਆਸਾਮੀਆਂ ਸਬੰਧੀ ਲੋੜੀਂਦੀ ਜਾਣਕਾਰੀ ਉਪਲਬਧ ਨਹੀਂ ਕੀਤੀ ਸੀ, ਅਤੇ

(ੲ ਜਿੱਥੇ ਕਮਿਸ਼ਨ ਨੇ, ਭਿੰਨ ਭਿੰਨ ਕਿਸਮਾਂ ਦੀਆਂ ਆਸਾਮੀਆਂ ਦੇ ਤਨਖ਼ਾਹ ਪੈਮਾਨੇ ਨਿਸ਼ਚਿਤ ਕਰਨ ਵਿੱਚ ਅਪਣਾਏ ਗਏ ਅਸੂਲ ਅਖੋਂ ਉਹਲੇ ਕਰ ਦਿੱਤੇ ਹਨ।

ਸਰਕਾਰ ਦਾ ਵਿਚਾਰ ਉਨ੍ਹਾਂ ਕੇਸਾਂ ਵੱਲ ਧਿਆਨ ਦੇਣ ਦਾ ਵੀ ਹੈ, ਜਿਨ੍ਹਾਂ ਕੇਸਾਂ ਵਿੱਚ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਗਿਆ ਜਾਂ ਉਨ੍ਹਾਂ ਵਿਚ ਤਰਮੀਮ ਕੀਤੀ ਗਈ ਹੈ। ਅਜਿਹਾ ਕਰਨ ਲਗਿਆਂ ਗੁਆਂਢੀ ਰਾਜਾਂ ਵਿਚ ਤਨਖ਼ਾਹ ਪੈਮਾਨਿਆਂ ਦੀ ਸੋਧ ਦਾ ਪਰ-ਭਾਵ ਵੀ ਧਿਆਨ ਵਿਚ ਰੱਖਿਆ ਜਾਵੇਗਾ।

ਜਿਸ ਰੂਪ ਵਿਚ ਸਰਕਾਰ ਤਨਖ਼ਾਹ ਪੈਮਾਨਿਆਂ ਵਿਚ ਸੋਧ ਕਰਨਾ ਮੰਨੀ ਹੈ, ਉਸ ਨਾਲ ਫੌਰੀ ਵਿੱਤੀ ਭਾਰ 5 ਕਰੋੜ ਰੁਪਏ ਦਾ ਬਣਦਾ ਹੈ। ਤਨਖਾਹ ਪੈਮਾਨਿਆਂ ਵਿੱਚ ਸੋਧ ਕਾਰਣ ਸਾਲਾਨਾ ਔਸਤ ਖਰਚ 7 ਕਰੋੜ ਰੁਪਏ ਨਿਰਧਾਰਿਤ ਕੀਤਾ ਗਿਆ ਹੈ। ਇਸ ਸੋਧ ਨਾਲ ਰਾਜ ਸਰਕਾਰ ਦੇ ਲਗ ਭਗ 1,20,000 ਮੁਲਾਜ਼ਮਾਂ ਨੂੰ ਲਾਭ ਪਹੁੰਚਿਆ ਹੈ। ਬਾਕੀ ਦੇ 48,000 ਦੇ ਲਗ ਭਗ ਸਿਖਿਆ ਵਿਭਾਗ ਦੇ ਬਾਕਾਇਦਾ ਮੁਲਾਜ਼ਮਾਂ ਨੂੰ, ਕੋਠਾਰੀ ਕਮਿਸ਼ਨ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਇਕ ਨਵੰਬਰ, 1966 ਤੋਂ ਲਾਗੂ ਕਰਨ ਦੇ ਸਿੱਟੇ ਵਜੋਂ ਤਨਖਾਹ ਪੈਮਾਨਿਆਂ ਦੀ ਸੋਧ ਦਾ ਲਾਭ ਪਹਿਲਾਂ ਹੀ ਮਿਲ ਚੁੱਕਿਆ ਹੈ।

Original with;
Punjab Vidhan Sabha
Digitized by;
Panjab Digital Library

ਸੋਧੇ ਤਨਖ਼ਾਹ ਪੈਮਾਨਿਆਂ ਵਿੱਚ, ਕਿਸੇ ਸੇਵਾ ਲਈ ਲੋੜੀਂਦੇ ਵਿਅਕਤੀਆਂ ਦੀਆਂ ਯੋਗਤਾਵਾਂ ਅਤੇ ਸਮਝ-ਸ਼ਕਤੀ ਨੂੰ ਧਿਆਨ ਵਿਚ ਰਖਿਆ ਗਿਆ ਹੈ। ਜਿੱਥੇ ਕਿਤੇ ਵਧੇਰੇ ਉਤਸ਼ਾਹ ਦੇਣ ਲਈ ਜ਼ਰੂਰੀ ਸੀ, ਉਥੇ ਸਲੈਕਸ਼ਨ ਗਰੇਡ ਚਾਲੂ ਕੀਤੇ ਗਏ ਹਨ। ਬੀ ਅਤੇ ਸੀ ਸ਼ਰੇਣੀ ਦੇ ਦਫ਼ਤਰਾਂ ਵਿਚ ਫ਼ਰਕ ਖਤਮ ਕਰ ਦਿੱਤਾ ਗਿਆ ਹੈ। ਇਸ ਤੋਂ ਪਿੱਛੋਂ ਹੁਣ ਕੇਵਲ ਦੋ ਸ਼ਰੇਣੀਆਂ ਦੇ ਹੀ ਦਫ਼ਤਰ ਹੋਣਗੇ। ਤਨਖ਼ਾਹ ਪੈਮਾਨਿਆਂ ਨੂੰ ਯੁਕਤੀਯੁਕਤ ਬਣਾਇਆ ਗਿਆ ਹੈ ਅਤੇ ਤਨਖ਼ਾਹ ਪੈਮਾਨਿਆਂ ਦੀ ਗਿਣਤੀ ਲਗ ਭਗ 508 ਤੋਂ ਘਟਾ ਕੇ 37 ਕਰ ਦਿੱਤੀ ਗਈ ਹੈ। ਸੋਧੇ ਤਨਖ਼ਾਹ ਪੈਮਾਨੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੇ ਤਨਖ਼ਾਹ ਪੈਮਾਨਿਆਂ ਦੇ ਮੁਤਾਬਕ ਕਾਫ਼ੀ ਚੰਗੇ ਹਨ ਅਤੇ ਭਿੰਨ ਭਿੰਨ ਰਾਜ ਸਰਕਾਰਾਂ ਦੇ ਕਰਮਚਾਰੀਆਂ ਨੂੰ ਦਿੱਤੇ ਜਾ ਰਹੇ ਸਭ ਤੋਂ ਵੱਧ ਤਨਖ਼ਾਹ ਪੈਮਾਨਿਆਂ ਵਿੱਚੋਂ ਹਨ। ਪੰਜਾਬ ਸਰਕਾਰ ਦੇ ਮੁਲਾਜ਼ਮ ਦੇਸ਼ ਭਰ ਵਿੱਚ ਸਭ ਤੋਂ ਵੱਧ ਤਨਖ਼ਾਹ ਲੈਣ ਵਾਲੇ ਸਰਕਾਰੀ ਮੁਲਾਜ਼ਮਾਂ ਵਿੱਚੋਂ ਹਨ।

ਮੈਂ ਸਿਖਿਆ ਵਿਭਾਗ ਦੀ ਮੌਜੂਦਾ ਪੋਜ਼ੀਸ਼ਨ ਦਾ ਸੰਖੇਪ ਜ਼ਿਕਰ ਕਰਨਾ ਚਾਹੁੰਦਾ ਹਾਂ। ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਲੱਗੇ ਅਧਿਆਪਕਾਂ ਸਬੰਧੀ ਕੋਠਾਰੀ ਕਮਿਸ਼ਨ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਨਾਲ 2.15 ਕਰੋੜ ਰੁਪਏ ਪ੍ਰਤਿ ਸਾਲ ਦਾ ਵਧੀਕ ਭਾਰ ਪਿਆ ਹੈ। ਪ੍ਰਾਈਵੇਟ ਪ੍ਰਬੰਧ ਅਧੀਨ ਸਕੂਲਾਂ ਅਤੇ ਕਾਲਜਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਦੇ ਤਨਖ਼ਾਹ ਪੈਮਾਨੇ ਵੀ ਸੋਧੇ ਗਏ ਹਨ, ਅਤੇ ਇਸ ਨਾਲ ਸਰਕਾਰ ਦੀ ਦੇਣਦਾਰੀ 2·27 ਕਰੋੜ ਰੁਪਏ ਪ੍ਰਤਿ ਸਾਲ ਦੀ ਵਧ ਗਈ ਹੈ। ਸਿਖਿਆ ਵਿਭਾਗ ਦੇ IV ਸ਼੍ਰੇਣੀ ਦੇ ਉਨ੍ਹਾਂ ਅੰਸ਼ਕਾਲੀ ਮੁਲਾਜ਼ਮਾਂ ਦਾ ਮਿਹਨਤਾਨਾ ਵੀ, ਜਿਨ੍ਹਾਂ ਨੂੰ ਪਹਿਲਾਂ ਬਹੁਤ ਹੀ ਘੱਟ ਦਰ ਤੇ ਅਦਾਇਗੀ ਕੀਤੀ ਜਾ ਰਹੀ ਸੀ, ਡਿਪਟੀ ਕਮਿਸ਼ਨਰਾਂ ਦੁਆਰਾ ਨਿਯਤ ਕੀਤੀਆਂ ਦਰਾਂ ਅਨੁਸਾਰ ਵਧਾ ਦਿੱਤਾ ਗਿਆ ਹੈ। ਇਸ ਨਾਲ 14 ਲੱਖ ਰੁਪਏ ਪ੍ਰਤਿ ਸਾਲ ਦਾ ਖਰਚ ਵਧਿਆ ਹੈ। ਪ੍ਰਾਂਤ ਅਧੀਨ ਲਿਆਂਦੇ ਸਕੂਲਾਂ ਦੇ ਉਨ੍ਹਾਂ ਅਧਿਆਪਕਾਂ ਨੂੰ ਪੈਨਸ਼ਨ-ਲਾਭ ਦਿੱਤੇ ਗਏ ਹਨ, ਜਿਹੜੇ ਪ੍ਰਾਂਤੀਕਰਣ ਦੀ ਮਿਤੀ ਨੂੰ 30 ਸਾਲ ਤੋਂ ਵਧ ਉਮਰ ਦੇ ਸਨ ਅਤੇ ਜਿਹੜੇ ਇਸ ਤੋਂ ਪਹਿਲਾਂ ਕੇਵਲ ਅੰਸ਼ਦਾਈ ਪ੍ਰਾਵੀਡੈਂਟ ਫੰਡ ਦੇ ਲਾਭ ਦੇ ਹੱਕਦਾਰ ਸਨ।

ਚਾਲੂ ਸਾਲ ਦੇ ਦੌਰਾਨ, ਪੁਲਿਸ ਇਨਸਪੈਕਟਰਾਂ ਅਤੇ ਸਬ-ਇਨਸਪੈਕਟਰਾਂ ਦੇ ਤਨਖ਼ਾਹ ਪੈਮਾਨਿਆਂ ਵਿਚ ਵੀ ਕਾਫ਼ੀ ਜ਼ਿਆਦਾ ਸੋਧ ਕੀਤੀ ਗਈ ਹੈ। ਇਸ ਸਬੰਧ ਵਿਚ ਵਧੀਕ ਆਵਰਤਕ ਦੇਣਦਾਰੀ 15 ਲੱਖ ਰੁਪਏ ਬਣਦੀ ਹੈ।

ਕਾਰਜ-ਪ੍ਰਤਿ ਮੁਲਾਜ਼ਮਾਂ ਦੀਆ ਉਜਰਤਾਂ, ਅਲਪਤਮ ਮਜ਼ਦੂਰੀ ਐਕਟ ਅਤੇ ਮੁੱਖ ਇੰਜੀਨੀਅਰਾਂ ਦੀ ਡਾਇਰੈਕਸ਼ਨ ਕਮੇਟੀ ਦੁਆਰਾ ਸਮੇਂ ਸਮੇਂ ਸੋਧੀ ਲੋਕ ਨਿਰਮਾਣ ਵਿਭਾਗ ਦੀ ਬੇਸਿਕ ਦਰਾਂ ਦੀ ਅਨੁਸੂਚੀ ਅਧੀਨ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਇਹ ਪ੍ਰਸ਼ਨ, ਕਿ ਕੀ ਇਸ ਸਮੇਂ ਦਰਾਂ ਵਿੱਚ ਅਤੇ ਸੇਵਾ ਦੀਆਂ ਸ਼ਰਤਾਂ ਵਿਚ ਕੋਈ ਹੋਰ ਸੁਧਾਈ ਕਰਨ ਦਾ ਕੰਮ ਸ਼ੁਰੂ ਕੀਤਾ ਜਾਵੇ, ਇਸ ਕਮੇਟੀ ਨੂੰ ਸੌਂਪਣ ਦੀ ਤਜਵੀਜ਼ ਹੈ।

ਰਾਜ ਸਰਕਾਰ, ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਨੂੰ ਦਿੱਤੇ ਜਾਂਦੇ ਮਹਿੰਗਾਈ ਭੱਤੇ ਦੀਆਂ ਦਰਾਂ ਅਨੁਸਾਰ, ਮਹਿੰਗਾਈ ਭੱਤੇ ਵਿਚ ਸਮੇਂ ਸਮੇਂ ਵਾਧਾ ਕਰਦੀ ਰਹੀ ਹੈ। ਅਜਿਹਾ ਆਖਰੀ ਵਾਧਾ ਇਕ ਸਤੰਬਰ, 1968 ਤੋਂ ਲਾਗੂ ਕੀਤਾ ਗਿਆ। ਇਸ ਨਾਲ ਰਾਜ ਦੇ ਖਜ਼ਾਨੇ ਤੇ 1.50 ਕਰੋੜ ਰੁਪਏ ਪ੍ਰਤਿ ਸਾਲ ਦਾ ਹੋਰ ਭਾਰ ਵਧਿਆ ਹੈ।

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਪੈਨਸ਼ਨ ਨਿਯਮ ਗੁੰਝਲਦਾਰ ਕਿਸਮ ਦੇ ਹੋਣ ਕਾਰਣ, ਪੈਨਸ਼ਨ ਕੇਸਾਂ ਨੂੰ ਅੰਤਿਮ ਰੂਪ ਦੇਣ ਵਿੱਚ ਚੋਖੀ ਦੇਰ ਹੋ ਜਾਂਦੀ ਹੈ। ਰਾਜ ਸਰਕਾਰ ਨੇ, ਸਾਲ ਦੇ ਦੌਰਾਨ, ਪੈਨਸ਼ਨ ਨਿਯਮਾਂ ਵਿਚ ਕਾਫ਼ੀ ਸਰਲਤਾ ਲਿਆਂਦੀ ਹੈ। ਪਿਛਲੇ ਨਿਯਮਾਂ ਅਧੀਨ ਪੈਨਸ਼ਨ, ਵਧ ਵਰ੍ਹਾ ਹੋਣ ਦੀ ਮਿਤੀ ਤੋਂ ਪਹਿਲਾਂ 36 ਮਹੀਨਿਆਂ ਦੇ ਦੌਰਾਨ ਲਈ ਗਈ ਮਾਸਿਕ ਔਸਤ ਸਬਸਟੈਂਟਿਵ ਤਨਖ਼ਾਹ ਅਤੇ ਅੱਧੀ ਕਾਇਮ ਮੁਕਾਮੀ ਤਨਖ਼ਾਹ ਦੇ ਆਧਾਰ ਤੇ ਨਿਸ਼ਚਿਤ ਕੀਤੀ ਜਾਂਦੀ ਸੀ। ਪੈਨਸ਼ਨ ਲਈ ਕਿਸੇ ਮੁਲਾਜ਼ਮ ਦੀਆਂ ਔਸਤ ਉਪਲਭਤਾਂ ਨਿਸ਼ਚਿਤ ਕਰਨ ਲਈ ਸਬਸਟੈਂਟਿਵ ਅਤੇ ਕਾਇਮ-ਮੁਕਾਮੀ ਤਨਖ਼ਾਹ ਵਿਚ ਫਰਕ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਪੈਨਸ਼ਨ, 36 ਮਹੀਨਿਆਂ ਦੀ ਥਾਂ ਆਖ਼ਰੀ 24 ਮਹੀਨਿਆਂ ਦੀਆਂ ਉਪਲਭਤਾਂ ਦੀ ਔਸਤ ਤੇ ਆਧਾਰਿਤ ਹੋਵੇਗੀ। ਇਸ ਦੇ ਨਾਲ ਹੀ ਪੈਨਸ਼ਨ ਦਾ ਲਾਭ, ਆਰਜ਼ੀ ਮੁਲਾਜ਼ਮਾਂ ਨੂੰ ਵੀ ਦੇ ਦਿੱਤਾ ਗਿਆ ਹੈ। ਪਿਛਲੇ ਪ੍ਰਬੰਧ ਅਧੀਨ ਰੀਟਾਇਰ ਹੋਣ ਵਾਲੇ ਮੁਲਾਜ਼ਮ ਦੇ ਪੈਨਸ਼ਨ ਦੇ ਕਾਗਜ਼-ਪੱਤਰ ਸਬੰਧਤ ਵਿਭਾਗ ਦੁਆਰਾ ਤਿਆਰ ਕੀਤੇ ਜਾਂਦੇ ਸਨ, ਅਤੇ ਇਸ ਨਾਲ ਪੈਨਸ਼ਨ ਕੇਸਾਂ ਨੂੰ ਅੰਤਮ ਰੂਪ ਦੇਣ ਵਿਚ ਦੇਰੀ ਹੋ ਜਾਂਦੀ ਸੀ। ਹੁਣ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਗਜ਼ਟਿਡ ਮੁਲਾਜ਼ਮਾਂ ਦੇ ਪੈਨਸ਼ਨ ਦੇ ਕਾਗਜ਼-ਪੱਤਰ ਲੇਖਾ ਪੜਤਾਲ ਦਫ਼ਤਰਾਂ ਦੁਆਰਾ ਸਮੇਂ ਸਿਰ ਖ਼ੁਦ ਤਿਆਰ ਕੀਤੇ ਜਾਣਗੇ। ਅਣ-ਗਜ਼ਟਿਡ ਕਰਮ-ਚਾਰੀਆਂ ਦੀ ਸੂਰਤ ਵਿਚ, ਦੇਰੀ ਅਤੇ ਕਠਿਨਾਈ ਨੂੰ ਹੋਰ ਵੀ ਦੂਰ ਕਰਨ ਲਈ, ਮਨਜ਼ੂਰੀ ਦੇਣ ਵਾਲੇ ਅਧਿਕਾਰੀਆਂ ਨੂੰ, ਰਸਮੀ ਕਾਰਵਾਈ ਪੂਰੀ ਕਰਨ ਪਿਛੋਂ ਅਕਾਊਂਟੈਂਟ ਜਨਰਲ ਦੁਆਰਾ ਪੈਨਸ਼ਨ ਦੀ ਅਦਾਇਗੀ ਸਬੰਧੀ ਹੁਕਮ ਜਾਰੀ ਕੀਤੇ ਜਾਣ ਤਕ, ਰੀਟਾਇਰ ਹੋਣ ਦੇ ਅਗਲੇ ਮਹੀਨੇ ਤੋਂ ਉਨ੍ਹਾਂ ਦੁਆਰਾ ਹਿਸਾਬ ਲਾਈ ਪੈਨਸ਼ਨ ਦਾ 75 ਪ੍ਰਤਿਸ਼ਤ ਸੰਭਾਵੀ ਪੈਨਸ਼ਨ ਦੇਣ ਲਈ ਅਧਿ-ਕਾਰਤ ਕੀਤਾ ਗਿਆ ਹੈ। ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਉਪਾਵਾਂ ਨਾਲ ਪੈਨਸ਼ਨ ਕੇਸਾਂ ਨੂੰ ਛੇਤੀ ਅੰਤਮ ਰੂਪ ਦਿੱਤਾ ਜਾ ਸਕੇਗਾ।

**ਪੰਜਵਾਂ ਵਿੱਤ ਕਮਿਸ਼ਨ** —ਭਾਰਤ ਦੇ ਸੰਵਿਧਾਨ ਦੇ ਅਨੁਛੇਦ 280 ਦੇ ਉਪਬੰਧਾਂ ਅਨੁ-ਸਾਰ, ਭਾਰਤ ਦੇ ਰਾਸ਼ਟਰਪਤੀ ਦੇ ਹੁਕਮ ਮਿਤੀ 29 ਫਰਵਰੀ, 19 8 ਦੁਆਰਾ ਪੰਜਵਾਂ ਵਿੱਤ ਕਮਿਸ਼ਨ ਕਾਇਮ ਕੀਤਾ ਗਿਆ ਸੀ। ਕਮਿਸ਼ਨ ਨੂੰ ਪੇਸ਼ ਕੀਤੇ ਪੂਰਵ ਅਨੁਮਾਨ ਵਿਚ ਮਾਲ ਖਾਤੇ ਆਮਦਨ ਅਤੇ ਮਾਲ ਖਾਤੇ ਖ਼ਰਚ ਵਿਚ 49·11 ਕਰੋੜ ਰੁਪਏ ਦੇ ਖੱਪੇ ਦਾ ਅੰਦਾਜ਼ਾ ਲਾਇਆ ਗਿਆ ਸੀ। ਇਸ ਤੋਂ ਇਲਾਵਾ, ਇਹ ਵੀ ਦਸਿਆ ਗਿਆ ਸੀ ਕਿ ਸਾਧਨਾਂ ਵਿਚਕਾਰ ਖੱਪਾ ਹੋਰ ਜ਼ਿਆਦਾ ਵਧ ਜਾਣਾ ਸੀ, ਜੇਕਰ ਯੋਜਨਾ ਵਿਚ ਉਪਬੰਧਤ ਲੋੜਾਂ ਤੋਂ ਛੁੱਟ, ਰਾਜ ਦੀਆਂ ਸਮੁੱਚੀਆਂ ਲੋੜਾਂ ਨੂੰ ਵੀ ਪੂਰਿਆਂ ਕੀਤਾ ਜਾਂਦਾ। ਹੜ੍ਹਾਂ ਅਤੇ ਸੇਮ ਕਾਰਣ ਪੈਦਾ ਹੋਈਆਂ ਗੰਭੀਰ ਸਮੱਸਿਆਵਾਂ ਨੂੰ ਨਜਿੱਠਣ ਲਈ ਕਮਿਸ਼ਨ ਨੂੰ ਵਿਸ਼ੇਸ਼ ਮੰਤਵੀ ਗਰਾਂਟਾਂ ਦੇਣ ਲਈ ਵੀ ਬੇਨਤੀ ਕੀਤੀ ਗਈ।

ਰਾਜ ਸਰਕਾਰ ਨੇ ਕਮਿਸ਼ਨ ਨੂੰ ਬੇਨਤੀ ਕੀਤੀ ਸੀ ਕਿ ਉਹ, ਸਹਾਇਤਾ ਗਰਾਂਟਾਂ ਤੇ ਲਾਗੂ ਹੋਣ ਵਾਲੇ ਅਸੂਲ ਨਿਸ਼ਚਿਤ ਕਰਨ ਸਮੇਂ, ਰਾਜ ਸਰਕਾਰ ਦੁਆਰਾ ਲਾਏ ਗਏ ਕਰਾਂ ਅਤੇ ਸੰਭਾਵੀ ਸਾਧਨਾਂ ਦੇ ਸਬੰਧ ਵਿਚ ਸਾਧਨ ਵਧਾਉਣ ਲਈ ਰਾਜ ਦੁਆਰਾ ਕੀਤੇ ਗਏ ਯਤਨਾਂ ਨੂੰ ਧਿਆਨ ਵਿਚ ਰਖੇ। ਕਮਿਸ਼ਨ ਤੇ ਇਸ ਗੱਲ ਦਾ ਵੀ ਜ਼ੋਰ ਦਿੱਤਾ ਗਿਆ ਸੀ ਕਿ ਖਰਚ ਵਿਚ ਕਫ਼ਾਇਤ, ਰਾਜਾਂ ਦੁਆਰਾ ਆਪਣੇ ਵਿੱਤੀ ਮਾਮਲਿਆਂ ਦੇ ਪ੍ਰਬੰਧ ਅਤੇ ਕੇਂਦਰੀ ਪ੍ਰਾਜੈਕਟ ਕਾਇਮ ਕਰਨ ਰਾਹੀਂ ਰਾਜ ਸਰਕਾਰਾਂ ਨੂੰ ਪ੍ਰਾਪਤ ਹੋਈ ਸਹਾਇਤਾ ਅਤੇ ਸਰਮਾਇਆ ਲਾਉਣ ਵਾਲੀਆਂ ਸੰਸਥਾਵਾਂ ਰਾਹੀਂ ਮੁਹੱਈਆ ਕੀਤੇ ਫ਼ੰਡਾਂ ਵਲ ਯੋਗ ਧਿਆਨ ਦਿੱਤਾ ਜਾਵੇ। ਰਾਜ ਸਰਕਾਰ ਨੇ ਕਮਿਸ਼ਨ ਅੱਗੇ ਇਹ

Original with;
Punjab Vidhan Sabha
Digitized by;
Panjab Digital Library

ਵੀ ਪੁਰਜ਼ੋਰ ਅਪੀਲ ਕੀਤੀ ਹੈ ਕਿ ਰਾਜ ਦੀਆਂ ਜ਼ਰਾਇਤੀ ਅਤੇ ਉਦਯੋਗਿਕ ਸੰਭਾਵਨਾਵਾਂ ਨੂੰ ਵੀ ਇਕ ਅਜਿਹੀ ਕਸਵੱਟੀ ਸਮਝਿਆ ਜਾਵੇ ਜਿਸ ਦੇ ਆਧਾਰ ਤੇ ਸਹਾਇਤਾ ਗਰਾਂਟਾਂ ਨਿਸ਼ਚਿਤ ਕੀਤੀਆਂ ਜਾਣ। ਵਿਚਾਰ ਵਟਾਂਦਰੇ ਦੇ ਦੌਰਾਨ ਇਸ ਗਲ ਤੇ ਵੀ ਜ਼ੋਰ ਦਿੱਤਾ ਗਿਆ ਕਿ ਪੰਜਾਬ ਇਕ ਸਰਹੱਦੀ ਰਾਜ ਹੈ ਅਤੇ ਪਾਕਿਸਤਾਨ ਨਾਲ ਲਗਦੀ ਸਰਹੱਦ ਉਤੇ ਹਮੇਸ਼ਾ ਚੌਕਸ ਰਹਿਣਾ ਪੈਂਦਾ ਹੈ, ਇਸ ਲਈ ਸਹਾਇਤਾ ਗਰਾਂਟ ਸਬੰਧੀ ਪੰਜਾਬ ਦੇ ਕਲੇਮ ਨੂੰ ਇਸ ਕਾਰਣ ਵਿਸ਼ੇਸ਼ ਤੌਰ ਤੇ ਧਿਆਨ ਵਿਚ ਰਖਿਆ ਜਾਵੇ। ਇਸ ਸਬੰਧ ਵਿਚ ਹਾਲੀਂ ਭਾਵੇਂ ਕਮਿਸ਼ਨ ਦੇ ਅੰਤਮ ਵਿਚਾਰਾਂ ਬਾਰੇ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ, ਐਪਰ, ਇਹ ਗੱਲ ਸੰਤੋਸ਼-ਜਨਕ ਹੈ ਕਿ ਕਮਿਸ਼ਨ ਖ਼ੁਦ ਇਸ ਗਲ ਬਾਰੇ ਵਿਚਾਰ ਕਰ ਰਿਹਾ ਹੈ ਕਿ ਅਜਿਹੇ ਅਸੂਲ ਨਿਸ਼ਚਿਤ ਕਰਨ ਲਈ ਟੈਕਸ ਯਤਨ, ਪ੍ਰਬੰਧਕੀ ਖ਼ਰਚ, ਮੁਹੱਈਆ ਕੀਤੀਆਂ ਸੇਵਾਵਾਂ ਦੀ ਪੱਧਰ, ਵਣਜੀ ਅਤੇ ਸਨਅਤੀ ਅਦਾਰਿਆਂ ਆਦਿ ਤੋਂ ਹੁੰਦੇ ਲਾਭਾਂ ਵਰਗੇ ਨਾਰਮ ਕਿਸ ਹੱਦ ਤਕ ਲਾਗੂ ਕੀਤੇ ਜਾ ਸਕਦੇ ਹਨ।

ਕਮਿਸ਼ਨ ਨੇ ਆਪਣੀ ਅੰਤਰਿਮ ਰਪੋਟ ਭਾਰਤ ਦੇ ਰਾਸ਼ਟਰਪਤੀ ਨੂੰ 31 ਅਕਤੂਬਰ, 1968 ਨੂੰ ਪੇਸ਼ ਕੀਤੀ। ਭਾਵੇਂ ਅਜੇ ਤਕ ਕੋਈ ਅੰਤਮ ਫੈਸਲਾ ਨਹੀਂ ਕੀਤਾ ਗਿਆ, ਪਰ ਇਸ ਰਪੋਟ ਵਿਚ ਪੰਜਾਬ ਰਾਜ ਲਈ ਕਿਸੇ ਸਹਾਇਤਾ ਗਰਾਂਟ ਦੀ ਸਿਫਾਰਸ਼ ਨਹੀਂ ਕੀਤੀ ਗਈ। ਐਪਰ, ਰਾਜ ਸਰਕਾਰ ਨੂੰ ਕਮਿਸ਼ਨ ਦੀ ਅੰਤਰਿਮ ਰਪੋਟ ਦੇ ਆਧਾਰ ਤੇ, ਕੇਂਦਰੀ ਕਰਾਂ ਦੇ ਹਿੱਸੇ ਵਜੋਂ 1·41 ਕਰੋੜ ਰੁਪਏ ਦੀ ਅਧਿਕ ਰਕਮ ਪ੍ਰਾਪਤ ਹੋਈ ਹੈ। ਸਰਕਾਰ ਇਸ ਗਲ ਨੂੰ ਉਚਿਤ ਨਹੀਂ ਸਮਝਦੀ ਕਿ ਸਹਾਇਤਾ ਗਰਾਂਟ ਕੇਵਲ ਮਾਲ ਖਾਤੇ ਘਾਟੇ ਦੇ ਆਧਾਰ ਤੇ ਹੀ ਦਿੱਤੀ ਜਾਵੇ। ਅਸੀਂ ਕਮਿਸ਼ਨ ਪਾਸੋਂ ਮੁੜ ਪੁਰਜ਼ੋਰ ਮੰਗ ਕਰਦੇ ਹਾਂ ਕਿ ਉਹ ਅਜਿਹੇ ਸਾਂਝੇ ਨਾਰਮ ਅਪਨਾਏ, ਜਿਨ੍ਹਾਂ ਵਿਚ ਯੋਗ ਮਾਲੀ ਪ੍ਰਬੰਧ ਸ਼ਾਮਲ ਹੋਵੇ ਅਤੇ ਜਿਸ ਦੇ ਆਧਾਰ ਤੇ ਰਾਜਾਂ ਨੂੰ ਸਹਾਇਤਾ ਗਰਾਂਟਾਂ ਦਿਤੀਆਂ ਜਾਣ। ਜੇਕਰ ਮਾਲ ਖਾਤੇ ਘਾਟੇ ਨੂੰ ਧਿਆਨ ਵਿਚ ਰਖਣਾ ਹੀ ਹੋਵੇ, ਤਾਂ ਇਹ ਆਮ ਨਾਰਮ ਲਾਗੂ ਕਰਕੇ ਨਿਸ਼ਚਿਤ ਕੀਤਾ ਜਾਵੇ।

ਚੌਥੀ ਪੰਜ-ਸਾਲਾ ਯੋਜਨਾ ਦੇ ਦੌਰਾਨ, ਰਾਜ ਸਰਕਾਰ ਨੂੰ ਮੂਲ ਅਤੇ ਵਿਆਜ ਸਬੰਧੀ 31 ਮਾਰਚ, 1969 ਤਕ ਬਕਾਇਆ ਕਰਜ਼ਿਆਂ ਕਾਰਣ 124·81 ਕਰੋੜ ਰੁਪਏ ਦੀਆਂ ਅਦਾਇਗੀਆਂ ਕਰਨੀਆਂ ਪੈਣਗੀਆਂ। ਕੇਵਲ ਮੂਲਧਨ ਦੀ ਮੁੜ-ਅਦਾਇਗੀ 68·68 ਕਰੋੜ ਰੁਪਏ ਬਣਦੀ ਹੈ। ਕਿਉਂ ਜੋ ਕੇਂਦਰੀ ਕਰਜ਼ਿਆਂ ਨੂੰ ਸੰਚਿਤ ਕਰਨ ਦਾ ਸਵਾਲ ਕੇਂਦਰੀ ਸਰਕਾਰ ਦੇ ਵਿਚਾਰ ਅਧੀਨ ਸੀ, ਇਸ ਲਈ ਕਮਿਸ਼ਨ ਨੂੰ ਇਹ ਦਸਿਆ ਗਿਆ ਕਿ ਭਾਰਤ ਸਰਕਾਰ ਦੁਆਰਾ ਤਿਆਰ ਕੀਤੀ ਸੰਚਣ ਸਕੀਮ ਦੇ ਆਧਾਰ ਤੇ, ਰਾਜ ਸਰਕਾਰ ਨੂੰ ਮੌਜੂਦਾ ਸ਼ਰਤਾਂ ਅਨੁਸਾਰ ਕੀਤੀ ਜਾਣ ਵਾਲੀ ਅਦਾਇਗੀ ਨਾਲੋਂ 6 83 ਕਰੋੜ ਰੁਪਏ ਜ਼ਿਆਦਾ ਅਦਾ ਕਰਨੇ ਪੈਣਗੇ। ਇਸ ਲਈ ਕਮਿਸ਼ਨ ਨੂੰ ਬੇਨਤੀ ਕੀਤੀ ਗਈ ਕਿ ਉਹ ਭਾਰਤ ਸਰਕਾਰ ਪਾਸ ਇਕ ਅਜਿਹੀ ਨਿਸ਼ਚਿਤ ਤਜਵੀਜ਼ ਪੇਸ਼ ਕਰੇ, ਜਿਸ ਅਨੁਸਾਰ ਕਰਜ਼ਿਆਂ ਨੂੰ ਅਜਿਹੇ ਢੰਗ ਨਾਲ ਸੰਚਿਤ ਕੀਤਾ ਜਾਵੇ ਕਿ ਮੁੜ-ਅਦਾਇਗੀਆਂ ਦਾ ਸਮਾਂ ਵਧਾ ਦਿਤਾ ਜਾਵੇ ਅਤੇ ਅਜਿਹਾ ਕਰਨ ਨਾਲ ਰਾਜਾਂ ਨੂੰ ਕੁਝ ਰਾਹਤ ਮਿਲ ਸਕੇ। ਕਮਿਸ਼ਨ ਤੇ ਇਹ ਵੀ ਜ਼ੋਰ ਦਿੱਤਾ ਗਿਆ ਕਿ ਉਹ ਕੇਂਦਰੀ ਕਰਾਂ, ਵਿਸ਼ੇਸ਼ ਕਰਕੇ ਉਤਪਾਦਨ ਕਰਾਂ ਦੇ ਸਬੰਧ ਵਿਚ ਰਾਜਾਂ ਲਈ ਵਧੇਰੇ ਹਿੱਸੇ ਦੀ ਸਿਫਾਰਸ਼ ਕਰੇ।

**ਮਾਲੀ ਨੀਤੀ**—ਯੋਜਨਾ-ਬੱਧ ਵਿਕਾਸ ਰਾਹੀਂ ਲੋਕਾਂ ਦਾ ਜੀਵਨ ਮਿਆਰ ਉਚੇਰਾ ਕਰਨ ਵਿਚ ਜੁਟੇ ਹੋਏ ਰਾਜਾਂ ਵਿਚ ਪੰਜਾਬ ਸਭ ਤੋਂ ਅੱਗੇ ਰਿਹਾ ਹੈ। ਇਸ ਨੇ ਆਰਥਕਤਾ ਦੇ ਵੱਖ ਵੱਖ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਖੇਤਰਾਂ ਵਿਚ ਸ਼ਲਾਘਾਯੋਗ ਪ੍ਰਗਤੀ ਕੀਤੀ ਹੈ। ਆਰਥਕ ਵਿਕਾਸ ਦਾ ਅੰਦਾਜ਼ਾ ਲੋਕਾਂ ਦੀ ਨਿਰੋਲ ਆਮਦਨ ਤੋਂ ਲਾਇਆ ਜਾਂਦਾ ਹੈ। ਕੀਮਤਾਂ ਵਿਚ ਵਾਧੇ ਦੇ ਅਸਰ ਨੂੰ ਕੱਢ ਦੇਣ ਉਪਰੰਤ ਵੀ ਪੰਜਾਬ ਵਿਚ ਪ੍ਰਤੀ ਜੀ ਆਮਦਨ 1965-66 ਵਿਚ 416 ਰੁਪਏ ਤੋਂ ਵਧ ਕੇ 1966-67 ਵਿਚ 438 ਰੁਪਏ ਹੋ ਗਈ ਹੈ। ਇਸ ਤਰ੍ਹਾਂ 5.3 ਫੀ ਸਦੀ ਦਾ ਵਾਧਾ ਹੋਇਆ ਹੈ। ਇਸ ਦੇ ਮੁਕਾਬਲੇ ਤੇ ਸਰਬ ਭਾਰਤੀ ਔਸਤ 308.6 ਰੁਪਏ ਤੋਂ ਘਟ ਕੇ 304.2 ਰੁਪਏ ਰਹਿ ਗਈ ਹੈ, ਅਤੇ ਇਸ ਤਰ੍ਹਾਂ ਉਸੇ ਹੀ ਸਮੇਂ ਦੇ ਦੌਰਾਨ ਇਸ ਵਿਚ 1·4 ਫੀ ਸਦੀ ਕਮੀ ਆਈ ਹੈ। ਆਰਥਕ ਉਨਤੀ ਵਿਚ ਹੋਰ ਵਾਧਾ ਕਰਨ ਲਈ, ਉਦਯੋਗ ਅਤੇ ਖੇਤੀਬਾੜੀ ਵਿਚ ਵਧੇਰੇ ਸਰਮਾਇਆ ਲਾਉਣਾ ਪਵੇਗਾ। ਸਿੰਜਾਈ ਅਤੇ ਬਿਜਲੀ ਸਪਲਾਈ ਕਰਨ ਲਈ ਇਸ ਤੋਂ ਕਿਤੇਵਧੇਰੇ ਖ਼ਰਚ ਕਰਨਾ ਪਵੇਗਾ। ਇਸ ਲਈ, ਸਾਧਨ ਜੁਟਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ।

ਕਿਉਂ ਜੋ ਪ੍ਰਾਪਤ ਸਾਧਨ, ਵਿਕਾਸ ਪਰੋਗਰਾਮ ਦੀਆਂ ਵਧ ਰਹੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਸਨ, ਇਸ ਲਈ ਖ਼ਰਚ ਵਿਚ ਕਟੌਤੀ ਕਰਨੀ ਪਈ ਅਤੇ ਯੋਜਨਾ ਪਰੋਗਰਾਮ ਵਿੱਚ ਇਸ ਤਰ੍ਹਾਂ ਕਾਂਟ ਛਾਂਟ ਕੀਤੀ ਗਈ ਕਿ ਉਹ ਪ੍ਰਾਪਤ ਸਾਧਨਾਂ ਵਿਚ ਪੂਰੇ ਹੋ ਸਕਣ। ਚੌਥੀ ਪੰਜ ਸਾਲਾ ਯੋਜਨਾ ਦਾ ਆਕਾਰ, ਜਿਵੇਂ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ, 270 ਕਰੋੜ ਰੁਪਏ ਤਕ ਨਿਸ਼ਚਿਤ ਕੀਤਾ ਗਿਆ ਹੈ ਅਤੇ ਇਸ ਯੋਜਨਾ ਦੇ ਢਾਂਚੇ ਵਿਚ 1969-70 ਲਈ ਸਾਲਾਨਾ ਯੋਜਨਾ ਦਾ ਆਕਾਰ, ਜਿਸ ਵਿਚ 5 ਕਰੋੜ ਰੁਪਏ ਟੈਕਸ-ਯਤਨ ਫਰਜ਼ ਕੀਤੇ ਗਏ ਹਨ, 45.50 ਕਰੋੜ ਰੁਪਏ ਨਿਰਧਾਰਤ ਕੀਤਾ ਗਿਆ ਹੈ। ਅਜਿਹੀਆਂ ਸਕੀਮਾਂ ਨੂੰ ਮੁਖ ਰਖਦਿਆਂ ਹੋਇਆਂ ਜੋ ਕਿ ਚਲ ਰਹੀਆਂ ਹਨ ਜਾਂ ਵਿਕਾਸ ਲਈ ਹੋਰਵੇਂ ਬਹੁਤ ਜ਼ਰੂਰੀ ਹਨ, ਇਹ ਮਹਿਸੂਸ ਕੀਤਾ ਗਿਆ ਹੈ ਕਿ ਰਾਜ ਲਈ ਘੱਟ ਤੋਂ ਘੱਟ ਸੰਭਵ ਯੋਜਨਾ 48.40 ਕਰੋੜ ਰੁਪਏ ਤੋਂ ਘੱਟ ਨਹੀਂ ਰੱਖੀ ਜਾ ਸਕਦੀ। ਕੇਂਦਰੀ ਸਹਾਇਤਾ ਦੇ 17.90 ਕਰੋੜ ਰੁਪਏ ਅਤੇ ਰਾਜ ਦੇ ਸਾਧਨਾਂ ਤੋਂ 19 56 ਕਰੋੜ ਰੁਪਏ ਮਿਲਾਕੇ ਇਸ ਯੋਜਨਾ ਲਈ ਕੁਲ ਸਾਧਨ 37.46 ਕਰੋੜ ਰੁਪਏ ਦੇ ਬਣਦੇ ਹਨ, ਜਿਸ ਨਾਲ 10.94 ਕਰੋੜ ਰੁਪਏ ਦਾ ਖੱਪਾ ਰਹਿ ਜਾਂਦਾ ਹੈ।

ਰਾਜ ਦੇ ਵਿੱਤ-ਪ੍ਰਬੰਧ ਤੇ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਕਾਫੀ ਬੋਝ ਰਿਹਾ ਹੈ। ਤਨਖ਼ਾਹ ਸਕੇਲਾਂ ਵਿਚ ਸੋਧ, ਕੇਂਦਰੀ ਦਰਾਂ ਤੇ ਮਹਿੰਗਾਈ ਭੱਤਾ ਦੇਣ, ਜਦੋਂ ਵੀ ਇਹ ਕੇਂਦਰੀ ਸਰਕਾਰ ਦੁਆਰਾ ਵਧਾਇਆ ਗਿਆ, ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪਰਵਾਨ ਕਰਨ ਅਤੇ ਪ੍ਰਾਈ-ਵੇਟ ਸਕੂਲਾਂ ਨੂੰ ਦਿੱਲੀ ਪੈਟਰਨ ਤੇ ਸਹਾਇਤਾ-ਗ੍ਰਾਂਟ ਦੇਣ ਕਰਕੇ ਰਾਜ ਸਰਕਾਰ ਤੇ 30 ਕਰੋੜ ਰੁਪਏ ਸਾਲਾਨਾ ਦੇਣਦਾਰੀ ਦਾ ਭਾਰ ਪਿਆ ਹੈ। ਰਾਜ ਦੇ ਅਰਥ ਪ੍ਰਬੰਧ ਦੀ ਹੁਣ ਇਹ ਹਾਲਤ ਹੈ ਕਿ ਜੇਕਰ ਰਾਜ ਸਰਕਾਰ ਹੋਰ ਸਾਧਨ ਜੁਟਾਉਣ ਲਈ ਸਰਗਰਮ ਯਤਨ ਨਹੀਂ ਕਰਦੀ ਤਾਂ ਵਿਕਾਸ ਦੀ ਵਰਤਮਾਨ ਚਾਲ ਬਰਕਰਾਰ ਨਹੀਂ ਰਖੀ ਜਾ ਸਕਦੀ ਅਤੇ ਨਾ ਹੀ ਯੋਜਨਾ ਦੇ ਟੀਚੇ ਪੂਰੇ ਕੀਤੇ ਜਾ ਸਕਦੇ ਹਨ। ਭਾਵੇਂ ਯੋਜਨਾਬੰਦੀ ਕਮਿਸ਼ਨ ਨਾਲ ਗਲਬਾਤ ਸਮੇਂ ਰਾਜ ਸਰਕਾਰ ਵਲੋਂ ਕੀਤੀਆਂ ਜਾਣ ਵਾਲੀਆਂ ਨਿਸ਼ਚਿਤ ਕਾਰਵਾਈਆਂ ਬਾਰੇ ਕੋਈ ਬਚਨ ਨਹੀਂ ਦਿੱਤਾ ਗਿਆ, ਪਰ ਰਾਜ ਲਈ 270 ਕਰੋੜ ਰੁਪਏ ਦੀ ਯੋਜਨਾ ਬਣਾਉਣ ਲਗਿਆਂ 58 ਕਰੋੜ ਰੁਪਏ ਦੇ ਵਧੀਕ ਸਾਧਨ ਜੁਟਾਉਣ ਦਾ ਖਿਆਲ ਸੀ ਅਤੇ ਯੋਜਨਾ ਦੀ ਰਕਮ ਇਸ ਤੇ ਨਿਰਭਰ ਕਰਦੀ ਹੈ, ਇਸ ਤੋਂ ਇਲਾਵਾ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਦਿਹਾਤਾਂ ਨੂੰ ਬਿਜਲੀ ਦੇਣ ਸਬੰਧੀ ਪਰੋਗਰਾਮ ਲਈ 20 ਕਰੋੜ ਰੁਪਏ ਦੀ ਰਕਮ ਪੇਸ਼ਗੀ ਜਮ੍ਹਾਂ ਕਰਵਾਏ ਜਾਣ ਦੀ ਆਸ ਹੈ।

Original with;
Punjab Vidhan Sabha
Digitized by;
Panjab Digital Library

ਰਾਜ ਸਰਕਾਰ ਦੁਆਰਾ ਪਿਛਲੇ ਸਾਲਾਂ ਵਿਚ ਟੈਕਸ ਲਾਉਣ ਦਾ ਯਤਨ ਕਾਫੀ ਢਿੱਲਾ ਸੀ। ਪਹਿਲੀਆਂ ਸਾਰੀਆਂ ਸਰਕਾਰਾਂ ਸਾਧਨਾਂ ਵਿਚ ਵਾਧੇ ਦੀ ਲੋੜ ਨੂੰ ਮਹਿਸੂਸ ਕਰਦੀਆਂ ਰਹੀਆਂ ਹਨ, ਅਤੇ ਉਨ੍ਹਾਂ ਨੇ ਰਾਜ ਦੇ ਵਿਕਾਸ ਲਈ ਜ਼ਿਆਦਾ ਖਰਚੇ ਦਾ ਉਪਬੰਧ ਕਰਨ ਲਈ ਕਈ ਉਪਾਵਾਂ ਦਾ ਐਲਾਨ ਵੀ ਕੀਤਾ। ਪਰ ਕੁਝ ਕਾਰਣਾਂ ਕਰਕੇ ਇਨ੍ਹਾਂ ਉਪਾਵਾਂ ਨੂੰ ਅਮਲ ਵਿਚ ਨਹੀਂ ਲਿਆਂਦਾ ਜਾ ਸਕਿਆ। ਮੈਂ ਇਸ ਸਰਕਾਰ ਨੂੰ ਉਸ ਹੀ ਹਾਲਤ ਵਿਚ ਨਹੀਂ ਲਿਜਾਣਾ ਚਾਹੁੰਦਾ। ਇਸ ਲਈ ਇਹ ਸਰਕਾਰ ਚਾਹੁੰਦੀ ਹੈ ਕਿ ਹੋਰ ਸਾਧਨ ਇੱਕਠੇ ਕਰਨ ਦੇ ਮਾਮਲੇ ਤੇ ਬੜੀ ਗੰਭੀ-ਰਤਾ ਨਾਲ ਵਿਚਾਰ ਕੀਤੀ ਜਾਵੇ, ਤਾਂ ਜੋ ਇਕ ਵਾਰ ਫੈਸਲੇ ਹੋ ਜਾਣ ਉਪਰੰਤ ਉਨ੍ਹਾਂ ਨੂੰ ਪੂਰੀ ਤਰ੍ਹਾਂ ਅਤੇ ਬਿਨਾਂ ਕਿਸੇ ਦੇਰੀ ਦੇ ਅਮਲੀ ਰੂਪ ਦਿੱਤਾ ਜਾ ਸਕੇ। ਇਨ੍ਹਾਂ ਉਪਾਵਾਂ ਤੇ ਵਿਚਾਰ ਕਰਨ ਸਮੇਂ ਸਰਕਾਰ ਨੂੰ ਇਹ ਕੁਦਰਤੀ ਤੌਰ ਤੇ ਵੇਖਣਾ ਹੋਵੇਗਾ ਕਿ ਕਰਬੰਦੀ ਦਾ ਭਾਰ ਨਿਆਂ-ਪੂਰਣ ਢੰਗ ਨਾਲ ਵੰਡਿਆ ਜਾਵੇ, ਅਤੇ ਇਸ ਦਾ ਬੋਝ ਗਰੀਬ ਲੋਕਾਂ ਤੇ, ਜੇਕਰ ਪਵੇ ਵੀ ਤਾਂ ਬਹੁਤ ਹੀ ਘਟ ਹੋਵੇ। ਅਜਿਹੀ ਵਿਚਾਰਧਾਰਾ ਦਾ ਮਤਲਬ ਇਹ ਵੀ ਹੋਵੇਗਾ ਕਿ ਆਮਦਨ ਦੇ ਅਜਿਹੇ ਸਾਧਨਾਂ ਤੇ ਜ਼ਿਆਦਾ ਜ਼ੋਰ ਦਿੱਤਾ ਜਾਵੇ ਜਿਨ੍ਹਾਂ ਤੋਂ ਟੈਕਸ ਲਾਉਣ ਤੋਂ ਬਿਨਾਂ ਵੀ ਆਮਦਨ ਹੋ ਸਕਦੀ ਹੈ। ਸਰਕਾਰ ਨੂੰ, ਲਾਈਆਂ ਪੂੰਜੀਆਂ ਨੂੰ ਵਧੇਰੇ ਉਪਜਾਊ ਬਣਾਉਣ ਦੇ ਮਾਮਲੇ ਤੇ ਵਿਚਾਰ ਕਰਨਾ ਹੋਵੇਗਾ ਅਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਰਕਾਰ ਦੁਆਰਾ ਚਲਾਈਆਂ ਜਾਂਦੀਆਂ ਸੇਵਾਵਾਂ ਘਟ ਖ਼ਰਚ ਉੱਤੇ ਨਿਪੁੰਨ ਹੋਣ ਦੇ ਨਾਲ ਨਾਲ ਵਪਾਰਕ ਲੀਹਾਂ ਤੇ ਚਲ ਰਹੀਆਂ ਹਨ ਅਤੇ ਉਨ੍ਹਾਂ ਨੂੰ ਕੋਈ ਉਪਦਾਨ ਨਹੀਂ ਦਿਤਾ ਜਾਂਦਾ। ਸਰਕਾਰ ਲਈ ਇਹ ਸੰਭਵ ਨਹੀਂ ਸੀ ਕਿ ਉਹ ਪ੍ਰਾਪਤ ਸਮੇਂ ਦੇ ਦੌਰਾਨ, ਮਾਮਲਿਆਂ ਤੇ ਵਿਚਾਰ ਕਰ ਸਕੇ। ਇਹ ਯਕੀਨੀ ਬਣਾਉਣ ਲਈ ਕਿ ਟੈਕਸ ਅਤੇ ਗੈਰ-ਟੈਕਸ ਆਮਦਨ ਦੇ ਸਾਰੇ ਪੱਖਾਂ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਜਾਵੇ, ਸਰ-ਕਾਰ ਨੇ ਫ਼ੈਸਲਾ ਕੀਤਾ ਹੈ ਕਿ ਟੈਕਸ ਪੜਤਾਲ ਅਤੇ ਸਾਧਨ ਕਮੇਟੀ ਕਾਇਮ ਕੀਤੀ ਜਾਵੇ। ਇਹ ਕਮੇਟੀ ਵਰਤਮਾਨ ਟੈਕਸ ਢਾਂਚੇ ਨੂੰ ਵੇਖੇਗੀ ਅਤੇ ਉਸ ਦਾ ਸੁਧਾਰ ਕਰੇਗੀ ਅਤੇ ਸਾਧਨ ਜੁਟਾਉਣ ਲਈ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਸਬੰਧੀ ਸਿਫਾਰਸ਼ਾਂ ਕਰੇਗੀ।

ਪਹਿਲੀ ਸਾਂਝਾ ਮੋਰਚਾ ਸਰਕਾਰ ਨੇ ਦੋ ਕਮੇਟੀਆਂ ਬਣਾਈਆਂ ਸਨ। ਇਕ ਕਮਟੀ ਦਾ ਨਾਂ "ਵਿਕਰੀ ਕਰ ਮਾਹਰ ਕਮੇਟੀ" ਸੀ, ਜਿਸ ਦਾ ਕੰਮ ਵਿਕਰੀ ਕਰ ਕਾਨੂੰਨ ਦੇ ਸਾਰੇ ਢਾਂਚੇ ਨੂੰ ਵੇਖਣਾ ਅਤੇ ਆਸਾਨ ਬਣਾਉਣਾ ਸੀ ਅਤੇ ਇਸ ਕਿਸਮ ਦੇ ਢਾਂਚੇ ਦੀ ਤਜਵੀਜ਼ ਕਰਨਾ ਸੀ, ਜਿਸ ਅਨੁ-ਸਾਰ ਵਪਾਰੀਆਂ ਨੂੰ ਹੁਣ ਪੇਸ਼ ਆ ਰਹੀਆਂ ਮੁਸ਼ਕਲਾਂ ਵੀ ਦੂਰ ਕੀਤੀਆਂ ਜਾ ਸਕਣ, ਅਤੇ ਰਾਜ ਦੀ ਆਮਦਨ ਤੇ ਵੀ ਉਲਟਾ ਅਸਰ ਨਾ ਪਵੇ। ਦੂਜੀ ਕਮੇਟੀ ਦਾ ਨਾਂ, "ਟ੍ਰਾਂਸਪੋਰਟ ਕਰਬੰਦੀ ਬਾਰੇ ਉਚ ਅਧਿਕਾਰ ਕਮੇਟੀ" ਸੀ, ਜਿਸ ਦਾ ਕੰਮ ਮੁਸਾਫਰ ਅਤੇ ਮਾਲ ਕਰਬੰਦੀ ਐਕਟ ਨੂੰ ਲਾਗੂ ਕਰਨ ਸਬੰਧੀ ਮਾਮਲਿਆਂ, ਅਤੇ ਰਾਜ ਦੇ ਟ੍ਰਾਂਸਪੋਰਟਰਾਂ ਦੀਆਂ ਹੋਰ ਸਬੰਧਤ ਸਮੱਸਿਆਵਾਂ ਤੇ ਵਿਚਾਰ ਕਰਨਾ ਸੀ। ਇਨ੍ਹਾਂ ਕਮੇਟੀਆਂ ਨੂੰ ਸੌਂਪਿਆ ਗਿਆ ਕੰਮ ਹਾਲਾਂ ਮੁਕੰਮਲ ਨਹੀਂ ਹੋਇਆ। ਇਸ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਇਹ ਕੰਮ ਟੈਕਸ ਪੜਤਾਲ ਅਤੇ ਸਾਧਨ ਕਮੇਟੀ ਨੂੰ ਸੌਂਪ ਦਿੱਤਾ ਜਾਵੇ।

ਟੈਕਸ ਤੋਂ ਇਲਾਵਾ ਹੋਰਵੇਂ ਹੋਈ ਕੁਲ ਆਮਦਨ ਲਗ ਭਗ ਟੈਕਸ ਸਾਧਨਾਂ ਤੋਂ ਪ੍ਰਾਪਤ ਹੋਣ ਵਾਲੀ ਰਕਮ ਦੇ ਬਰਾਬਰ ਹੈ। ਜਦੋਂ ਕਿ ਸਰਕਾਰ ਦੁਆਰਾ ਸੰਸਥਾਵਾਂ ਨੂੰ ਕਾਇਮ ਰਖਣ ਅਤੇ ਸਹੂਲਤਾਂ ਦਾ ਪ੍ਰਬੰਧ ਕਰਨ ਤੇ ਕੀਤਾ ਜਾਣ ਵਾਲਾ ਖ਼ਰਚ ਕਾਫੀ ਵਧ ਗਿਆ ਹੈ, ਫੀਸਾਂ ਦੀ ਦਰ, ਸਰਵਿਸ ਚਾਰਜ ਅਤੇ ਰਾਜ ਫਾਰਮਾਂ ਅਤੇ ਵਿਭਾਗ ਦੇ ਪ੍ਰਬੰਧ ਹੇਠ ਸੌਂਪੀਆਂ ਸੰਪਤੀਆਂ ਤੋਂ ਹੋਣ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਵਾਲੀ ਆਮਦਨ ਵਿਚ ਪਿਛਲੇ ਕਈ ਸਾਲਾ ਤੋਂ ਕੋਈ ਫਰਕ ਨਹੀਂ ਪਿਆ । ਟੈਕਸ ਪੜਤਾਲ ਅਤੇ ਸਾਧਨ ਕਮੇਟੀ, ਮੁਨਾਸਬ ਖੋਜ ਯੂਨਿਟਾਂ ਦੀ ਸਹਾਇਤਾ ਨਾਲ ਦਰਾਂ ਅਤੇ ਚਾਰਜਾਂ ਦੀ ਸੋਧ ਦੇ ਮਾਮਲੇ ਤੇ ਵੀ ਵਿਚਾਰ ਕਰੇਗੀ, ਤਾਂ ਜੋ ਉਨ੍ਹਾਂ ਦਾ ਭਾਰ ਕਾਫੀ ਹਦ ਤਕ ਲਾਭ-ਪਾਤਰਾਂ ਤੇ ਪਵੇ, ਨਾ ਕਿ ਆਮ ਜਨਤਾ ਤੇ ।

ਇਸ ਪਿਛੋਕੜ ਕਾਰਣ ਮੈਂ ਇਸ ਸਟੇਜ ਤੇ ਕੋਈ ਟੈਕਸ ਤਜਵੀਜ਼ ਨਹੀਂ ਕੀਤਾ । ਐਪਰ, ਕਮੇਟੀ ਦੀਆਂ ਸਿਫਾਰਸ਼ਾਂ ਪ੍ਰਾਪਤ ਹੋਣ ਉਪਰੰਤ, ਸਾਨੂੰ ਨਵੇਂ ਸਾਧਨ ਜੁਟਾਉਣ ਵਾਸਤੇ ਕਾਰਵਾਈਆਂ ਸ਼ੁਰੂ ਕਰਨੀਆਂ ਪੈਣਗੀਆਂ । ਇਸ ਗਲ ਨੂੰ ਯਕੀਨੀ ਬਣਾਉਣ ਲਈ ਕਿ ਇਨ੍ਹਾਂ ਕਾਰਵਾਈਆਂ ਦੇ ਲਾਭ ਚੌਥੀ ਯੋਜਨਾ ਦੇ ਸਾਰੇ ਸਮੇਂ ਵਿਚ ਪ੍ਰਾਪਤ ਹੁੰਦੇ ਹੋਣ, ਕਮੇਟੀ ਨੂੰ ਇਹ ਬੇਨਤੀ ਕੀਤੀ ਜਾਵੇਗੀ ਕਿ ਉਹ ਆਪਣੀ ਅੰਤਰਿਮ ਰਪੋਟ ਛੇ ਮਹੀਨਿਆਂ ਦੇ ਅੰਦਰ ਅੰਦਰ ਦੇ ਦੇਵੇ ।

ਸਰਕਾਰ ਨੇ ਸਮੇਂ ਸਮੇਂ, ਬਚਤ ਕਰਨ ਵਾਸਤੇ ਕਾਰਵਾਈਆਂ ਕੀਤੀਆਂ ਹਨ, ਪਰੰਤੂ, ਆਮ ਕਰਕੇ ਇਹ ਪ੍ਰਤੀਸ਼ਤ ਦੀ ਸ਼ਕਲ ਵਿਚ ਐਡਹਾਕ ਕਟੌਤੀਆਂ ਸਨ । ਇਸ ਵਿਚ ਵੀ ਸ਼ਕ ਨਹੀਂ ਕਿ ਪਿਛਲੇ ਸਾਲਾਂ ਦੇ ਦੌਰਾਨ ਅਮਲੇ ਵਿਚ ਬਹੁਤ ਵਾਧਾ ਹੋਇਆ ਹੈ । ਸਰਕਾਰ ਦੀ ਛਾਂਟੀ ਕਰਨ ਦੀ ਕੋਈ ਮਨਸ਼ਾ ਨਹੀਂ । ਐਪਰ, ਇਹ ਜ਼ਰੂਰੀ ਹੈ ਕਿ "ਪਾਰਕਿਨਸਨ ਨਿਯਮ" ਦੀ ਹੋਰ ਵਰਤੋਂ ਸੀਮਤ ਕਰ ਦਿੱਤੀ ਜਾਵੇ । ਜਦੋਂ ਕਿ ਵੱਡੀਆਂ ਬੱਚਤਾਂ ਬਾਰੇ ਟੈਕਸ ਪੜਤਾਲ ਅਤੇ ਸਾਧਨ ਕਮੇਟੀ ਵਿਚਾਰ ਕਰੇਗੀ, ਸਰਕਾਰ ਨੇ ਫੌਰੀ ਕਾਰਵਾਈ ਦੇ ਤੌਰ ਤੇ, ਵਿੱਤ ਮੰਤਰਾਲਾ, ਭਾਰਤ ਸਰਕਾਰ ਵਿਚ ਕੰਮ ਕਰ ਰਹੀਆਂ ਯੂਨਿਟਾਂ ਵਰਗੀਆਂ ਅਮਲਾ ਮੁਆਇਨਾ ਯੂਨਿਟਾਂ ਕਾਇਮ ਕਰਨ ਦਾ ਫੈਸਲਾ ਕੀਤਾ ਹੈ । ਇਹ ਯੂਨਿਟਾਂ ਨਾ ਕੇਵਲ ਹੋਰ ਅਮਲੇ ਲਈ ਤਜਵੀਜ਼ਾਂ ਦੀ ਛਾਣ ਬੀਣ ਕਰਨਗੀਆਂ ਸਗੋਂ ਕੁਝ ਕੁ ਮੁਖ ਖ਼ਰਚ ਕਰਨ ਵਾਲੀਆਂ ਸੰਸਥਾਵਾਂ ਦੇ ਕਾਰਜ ਭਾਰ ਦਾ ਵਿਸ਼ਲੇਸ਼ਨ ਕਰਨਗੀਆਂ, ਤਾਂ ਜੋ ਫਾਲਤੂ ਅਮਲੇ ਦਾ ਪਤਾ ਲਾਇਆ ਜਾ ਸਕੇ ਅਤੇ ਉਸਨੂੰ ਭਵਿਖ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਇਕ ਪੂਲ ਵਿਚ ਰਖਿਆ ਜਾ ਸਕੇ ।

ਰਾਜ ਦੀ ਚੌਥੀ ਯੋਜਨਾ ਲਈ 100 ਕਰੋੜ ਰੁਪਏ ਦੀ ਅਤੇ 1969-70 ਦੀ ਸਾਲਾਨਾ ਯੋਜਨਾ ਲਈ 17.90 ਕਰੋੜ ਰੁਪਏ ਕੇਂਦਰੀ ਸਹਾਇਤਾ ਵਜੋਂ ਬਹੁਤ ਘਟ ਹਨ, ਅਤੇ ਜੇ ਬਿਆਸ ਪ੍ਰਾਜੈਕਟ ਨੂੰ ਨਿਸ਼ਚਿਤ ਸਮੇਂ ਤੇ ਮੁਕੰਮਲ ਕਰਨਾ ਹੋਵੇ ਤਾਂ ਇਸ ਦੀਆਂ ਲੋੜਾਂ ਵਲ ਧਿਆਨ ਨਹੀਂ ਦਿੱਤਾ ਗਿਆ । ਇਸ ਕੰਮ ਵਾਸਤੇ ਕੇਂਦਰੀ ਸਹਾਇਤਾ ਵਧਾਉਣ ਲਈ ਕੇਂਦਰੀ ਸਰਕਾਰ ਨਾਲ ਗਲ ਬਾਤ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਹੈ । ਅਸੀਂ ਕੇਂਦਰ ਤੇ ਇਹ ਜ਼ੋਰ ਦੇ ਰਹੇ ਹਾਂ ਕਿ ਹੜ੍ਹਾਂ ਦੇ ਕੰਟਰੋਲ ਲਈ ਜਿਹੜੀ ਕਿ ਸਾਡੇ ਰਾਜ ਦੀ ਵੱਡੀ ਸਮੱਸਿਆ ਹੈ, ਇਸ ਰਾਜ ਨੂੰ ਹੋਰ ਕੇਂਦਰੀ ਸਹਾਇਤਾ ਦਿੱਤੀ ਜਾਵੇ ਅਤੇ ਜਿਸ ਵਾਸਤੇ ਸਾਰੇ ਰਾਜਾਂ ਦੀਆਂ ਵੱਡੀਆਂ ਸਮੱਸਿਆਵਾਂ ਲਈ 310 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ ।

ਯੋਜਨਾ ਲਈ ਭਾਰਤ ਸਰਕਾਰ ਤੋਂ ਪ੍ਰਾਪਤ ਹੋਈ ਕੇਂਦਰੀ ਸਹਾਇਤਾ, ਸਮੁੱਚੇ ਦੇਸ ਦੀ ਪੰਜ ਸਾਲਾ ਯੋਜਨਾ ਲਈ ਰੱਖੀ ਗਈ ਰਕਮ ਦਾ ਬਹੁਤ ਥੋੜਾ ਹਿੱਸਾ ਹੈ । ਇਸ ਲਈ, ਇਹ ਜ਼ਰੂਰੀ ਹੈ ਕਿ ਰਾਸ਼ਟਰੀ ਏਕੀਕਰਣ ਕੌਂਸਲ ਦੇ ਫੈਸਲੇ ਅਨੁਸਾਰ "ਕੇਂਦਰੀ ਮਾਲੀ ਸਹਾਇਤਾ ਦੇਣ ਵਾਲੀਆਂ ਏਜੰਸੀਆਂ", ਜਿਸ ਵਿਚ ਬੈਂਕ ਸ਼ਾਮਲ ਹਨ, ਦੇ ਪੈਸਾ ਲਾਉਣ ਦੇ ਦਰ, ਸਰਕਾਰ ਦੀਆਂ ਉਦਯੋਗਿਕ ਲਸੰਸ ਅਤੇ ਸਹਾਇਤਾ ਗਰਾਂਟਾਂ ਦੇਣ ਦੀ ਅਤੇ ਪ੍ਰਾਜੈਕਟਾਂ ਦੀ ਥਾਂ ਨਿਸ਼ਚਿਤ ਕਰਨ ਵਾਸਤੇ

Original with;
Punjab Vidhan Sabha
Digitized by;
Panjab Digital Library

ਸਰਕਾਰ ਦੀ ਨੀਤੀ ਬਣਾਈ ਜਾਵੇ, ਤਾਂ ਜੋ ਅਸੰਤੁਲਨ ਅਤੇ ਇਲਾਕਾਈ ਫਰਕ ਦੂਰ ਕੀਤੇ ਜਾ ਸਕਣ । ਇਹ ਵੇਖਣ ਵਿਚ ਆਇਆ ਹੈ ਕਿ ਖੇਤੀਬਾੜੀ, ਵਪਾਰ ਅਤੇ ਉਦਯੋਗ ਵਾਸਤੇ ਰਾਜ ਵਿਚ ਕਰਜ਼ਾ ਸਹੂਲਤਾਂ ਵਜੋਂ ਆਉਣ ਵਾਲੇ ਫੰਡ, ਵੱਖ ਵੱਖ ਕਰਜ਼ਾ ਤੇ ਮਾਲੀ ਸਹਾਇਤਾ ਦੇਣ ਵਾਲੀਆਂ ਸੰਸਥਾਵਾਂ ਅਰਥਾਤ ਉਦਯੋਗਿਕ ਵਿਕਾਸ ਬੈਂਕ, ਉਦਯੋਗਿਕ ਵਿੱਤ ਕਾਰਪੋਰੇਸ਼ਨ, ਜ਼ਰਾਇਤੀ ਰੀਫਾਈਨੈਨਸ ਕਾਰਪੋਰੇਸ਼ਨ, ਅਤੇ ਰੀਜ਼ਰਵ ਬੈਂਕ ਆਫ ਇੰਡੀਆ ਦੁਆਰਾ ਦਿਤੇ ਕਰਜ਼ਿਆਂ ਅਤੇ ਸਹਾਇਤਾ ਦੇ ਹੋਰ ਸਾਧਨਾਂ ਦਾ ਬਹੁਤ ਘਟ ਹਿੱਸਾ ਬਣਦੇ ਹਨ । ਮੈਂ ਇਥੇ ਇਹ ਦੱਸੇ ਬਿਨਾਂ ਨਹੀਂ ਰਹਿ ਸਕਦਾ ਕਿ ਰਾਜ ਵਿਚ ਕੰਮ ਕਰ ਰਹੇ ਵਪਾਰਕ ਬੈਂਕਾਂ ਨੇ, ਰਾਜ ਦੀ ਜ਼ਰਾਇਤੀ ਖੁਸ਼-ਹਾਲੀ ਦਾ ਲਾਭ ਉਠਾ ਕੇ ਰਾਜ ਵਿਚੋਂ ਬਹੁਤ ਸਾਰਾ ਪੈਸਾ ਇਕੱਠਾ ਕੀਤਾ ਹੈ, ਪਰੰਤੂ ਉਨ੍ਹਾਂ ਨੇ ਰਾਜ ਦੀ ਆਰਥਕਤਾ ਦੇ ਵਿਕਾਸ ਲਈ ਉਹ ਪੈਸਾ ਲਾਉਣ ਦਾ ਬਹੁਤ ਘਟ ਉਪਰਾਲਾ ਕੀਤਾ ਹੈ । ਅਸੰਤੁਲਨ ਨੂੰ ਦੂਰ ਕਰਨ ਲਈ ਸਰਕਾਰ ਅਸਰਦਾਰ ਕਦਮ ਚੁੱਕਣ ਦਾ ਵਿਚਾਰ ਰੱਖਦੀ ਹੈ ਤਾਂ ਜੋ ਸੰਸਥਾਈ ਕਰਜ਼ਿਆਂ ਤੇ ਵਧੇਰੇ ਜ਼ੋਰ ਦੇ ਕੇ, ਰਾਜ ਦੀ ਤਰੱਕੀ ਨੂੰ ਹੋਰ ਤੇਜ਼ ਕੀਤਾ ਜਾ ਸਕੇ ।

ਉਪ-ਪ੍ਰਧਾਨ ਮੰਤਰੀ ਨੇ ਆਪਣੇ ਹਾਲ ਦੇ ਬਜਟ ਭਾਸ਼ਣ ਵਿਚ ਇਹ ਐਲਾਨ ਕੀਤਾ ਹੈ ਕਿ ਜਿੰਨਾਂ ਚਿਰ ਰਾਜਾਂ ਦੁਆਰਾ ਕੇਂਦਰ ਨੂੰ ਕਰਜ਼ਿਆਂ ਦੀ ਮੁੜ ਅਦਾਇਗੀਆਂ ਨੂੰ ਯੁਕਤੀ-ਪੂਰਬਕ ਬਣਾਉਣ ਲਈ ਸਕੀਮ ਨੂੰ ਅੰਤਮ ਰੂਪ ਨਹੀਂ ਦਿੱਤਾ ਜਾਂਦਾ, ਉੱਨਾ ਚਿਰ ਰਾਹਤ ਦੇ ਤੌਰ ਤੇ ਮੁੜ ਅਦਾਇਗੀਆਂ ਵਿਚ ਅਗਲੇ ਸਾਲ 35 ਕਰੋੜ ਰੁਪਏ ਦੀ ਕਮੀ ਕੀਤੀ ਗਈ ਹੈ । ਕਰਜ਼ਿਆਂ ਨੂੰ ਸੰਚਿਤ ਕਰਨ ਤੇ ਨਵੇਂ ਸਿਰਿਉਂ ਸਮਾਂ ਮਿਥਣ ਦੇ ਪ੍ਰਸ਼ਨ ਬਾਰੇ ਰਾਜ ਸਰਕਾਰ ਨੇ ਪਹਿਲਾਂ ਹੀ ਕੇਂਦਰੀ ਸਰਕਾਰ ਨਾਲ ਗਲ ਬਾਤ ਸ਼ੁਰੂ ਕੀਤੀ ਹੋਈ ਹੈ । ਚੌਥੀ ਯੋਜਨਾ ਦੇ ਦੌਰਾਨ 68 ਕਰੋੜ ਰੁਪਏ ਦੀ ਅਦਾਇਗੀ ਕਰਨੀ ਪਵੇਗੀ, ਜਿਸ ਵਿਚੋਂ 19.70 ਕਰੋੜ ਰੁਪਏ ਸਾਲ 1969-70 ਵਿਚ ਅਦਾ ਕਰਨੇ ਹਨ । ਹੁਣ ਇਹ ਆਸ ਕੀਤੀ ਜਾਂਦੀ ਹੈ ਕਿ ਇਸ ਫੈਸਲੇ ਨੂੰ ਅਮਲੀ ਰੂਪ ਦੇਣ ਨਾਲ ਰਾਜ ਨੂੰ ਮੁੜ ਅਦਾਇਗੀਆਂ ਦੇ ਬੋਝ ਤੋਂ ਕਾਫੀ ਰਾਹਤ ਮਿਲੇਗੀ । ਉਪਪ੍ਰਧਾਨ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿਚ ਕੁਝ ਉਤਪਾਦਨ ਡਿਊਟੀਆਂ ਅਤੇ ਟੈਕਸਾਂ ਦਾ ਐਲਾਨ ਕੀਤਾ ਹੈ ਜਿਸ ਦਾ ਹਿੱਸਾ ਵੀ ਸਾਨੂੰ ਮਿਲੇਗਾ ।

ਪੰਜਾਬ ਅਚੱਲ ਜਾਇਦਾਦ ਐਕਟ, 1940 ਅਧੀਨ ਰਾਜ ਸਰਕਾਰ 10 ਫੀ ਸਦੀ ਦੀ ਦਰ ਨਾਲ ਜਾਇਦਾਦ ਟੈਕਸ ਲਾਉਂਦੀ ਅਤੇ ਇਕੱਠਾ ਕਰਦੀ ਹੈ । ਅਜਿਹਾ ਹੀ ਇਕ ਹੋਰ ਟੈਕਸ ਨਗਰ ਪਾਲਕਾਵਾਂ, ਪੰਜਾਬ ਨਗਰ ਪਾਲਕਾ ਐਕਟ ਅਧੀਨ ਲਾ ਰਹੀਆਂ ਹਨ ਅਤੇ ਇਕੱਠਾ ਕਰ ਰਹੀਆਂ ਹਨ, ਜਿਸਦਾ ਦਰ 6 ਤੋਂ 12 —1/2 ਫੀ ਸਦੀ ਤਕ ਹੈ । ਪਿਛਲੀ ਸਾਂਝੇ ਮੋਰਚੇ ਦੀ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਜਾਇਦਾਦ ਟੈਕਸ ਨੂੰ ਯੁਕਤੀ ਪੂਰਬਕ ਬਣਾਇਆ ਜਾਵੇ ਤਾਂ ਜੋ ਸਰਕਾਰ ਦੁਆਰਾ ਲਾਇਆ ਗਿਆ ਜਾਇਦਾਦ ਟੈਕਸ ਹੌਲੀ ਹੌਲੀ ਖਤਮ ਕੀਤਾ ਜਾ ਸਕੇ । ਕਿਉਂਕਿ ਇਹ ਫੈਸਲਾ ਲਾਗੂ ਨਹੀਂ ਕੀਤਾ ਗਿਆ, ਇਸ ਲਈ ਮੈਂ ਇਹ ਫਿਰ ਕਹਿੰਦਾ ਹਾਂ ਕਿ ਸਰਕਾਰ ਆਪਣੇ ਇਸ ਵਾਅਦੇ ਨੂੰ ਪੂਰਾ ਕਰੇਗੀ ।

ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ, ਮੌਜੂਦਾ ਸਾਧਨਾਂ ਵਿਚ 10.94 ਲੱਖ ਰੁਪਏ ਦਾ ਖੱਪਾ ਰਹਿੰਦਾ ਹੈ । ਜਾਇਦਾਦ ਟੈਕਸ ਨੂੰ ਹੌਲੀ ਹੌਲੀ ਖਤਮ ਕਰਨ ਨਾਲ, ਇਹ ਖੱਪਾ ਹੋਰ ਵਧੇਗਾ । ਆਸ ਕੀਤੀ ਜਾਂਦੀ ਹੈ ਕਿ ਖੱਪੇ ਦਾ ਕੁਝ ਹਿੱਸਾ, ਸਹਾਇਤਾ ਗ੍ਰਾਂਟਾਂ ਅਤੇ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਪ੍ਰਾਪਤ ਹੋਣ ਵਾਲੇ ਫੰਡਾਂ ਨਾਲ ਪੂਰਾ ਕੀਤਾ ਜਾਵੇਗਾ । ਜੇ ਇਨ੍ਹਾਂ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਸਿਫ਼ਾਰਸ਼ਾਂ ਤੋਂ ਬਾਦ ਵੀ ਖੱਪਾ ਰਹਿ ਗਿਆ, ਤਾਂ ਇਸਨੂੰ ਪੂਰਾ ਕਰਨ ਲਈ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਤੇ, ਸਾਲ ਦੇ ਦੌਰਾਨ, ਟੈਕਸ ਪੜਤਾਲ ਅਤੇ ਸਾਧਨ ਕਮੇਟੀ ਦੀਆਂ ਸਿਫ਼ਾ-ਰਸ਼ਾਂ ਪ੍ਰਾਪਤ ਹੋਣ ਉਪਰੰਤ, ਵਿਚਾਰ ਕੀਤੀ ਜਾਵੇਗੀ। ਇਨ੍ਹਾਂ ਹਾਲਾਤ ਵਿਚ, ਹਾਲ ਦੀ ਘੜੀ, ਮੈਂ ਇਹ ਖੱਪਾ ਅਣਪੂਰਿਆ ਛੱਡਦਾ ਹਾਂ।

**ਧੰਨਵਾਦ** —ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ ਵਿੱਤ ਸਕੱ-ਤਰ ਅਤੇ ਵਿੱਤ ਵਿਭਾਗ ਦੇ ਹੋਰ ਅਫਸਰਾਂ ਅਤੇ ਕਰਮਚਾਰੀਆਂ ਦਾ, ਜਿਨ੍ਹਾਂ ਨੇ ਮਿਹਨਤ ਨਾਲ ਲਾਭਦਾਇਕ ਕੰਮ ਕੀਤਾ ਹੈ, ਧੰਨਵਾਦ ਕਰਦਾ ਹਾਂ। ਅਕਾਊਂਟੈਂਟ ਜਨਰਲ, ਪੰਜਾਬ, ਵੱਲੋਂ ਦਿੱਤੀ ਗਈ ਕੀਮਤੀ ਸਹਾਇਤਾ ਲਈ ਵੀ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ, ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ ਦਾ ਵੀ ਮੈਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਬਜਟ ਨੂੰ ਸਮੇਂ ਸਿਰ ਛਾਪਣ ਵਿਚ ਪੂਰਾ ਸਹਿਯੋਗ ਦਿੱਤਾ ਹੈ।

ਹੁਣ ਸ੍ਰੀਮਾਨ ਜੀਓ, ਮੈਂ ਸਾਲ 1969-70 ਦੇ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

ਜੈ ਹਿੰਦ

**ਸ੍ਰੀ ਸਪੀਕਰ** : ਸਭਾ 26 ਮਾਰਚ, 1969, ਬੁਧਵਾਰ, ਸਵੇਰ ਦੇ 8 ਵਜੇ ਤਕ ਐਡਜਰਨ ਕੀਤੀ ਜਾਂਦੀ ਹੈ। (The House stands adjourned till 8.00 A.M. on Wednesday, the 26th March, 1969.

*(The Sabha then adjourned till 8.00 A.M. on Wednesday, the 26th March, 1969.)*

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

"C" 1969

Published under the authority of the Punjab Vidhan Sabha.
Printed by Sh. Sohan Lal Khanna, Mangg. Prop. Swan Printing Press,
Adda Tanda, Jullundur City.

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

# PUNJAB VIDHAN SABHA

## DEBATES

Friday, 26th March, 1969

**Vol. I—No.10**

## OFFICIAL REPORT



**CONTENTS**

*Friday, the 26th March, 1969.*


| | Page |
|---|---|
| Starred Questions and Answers | ... (10) 1 |
| Unstarred Qustion and Answer | ... (10) 25 |
| Questions of Privilege | ... (10) 25 |
| Walk-out | ... (10) 28 |
| Questions of Privilege (Resumption) | ... (10) 28 |
| Call Attention Notices | ... (10) 28 |
| Message fr9m the Governor | ... (10) 48 |
| Announcement by the Speaker | ... (10) 49 |
| Statements regarding Call Attention Motions laid on the Table | ... (10) 49 |
| Papers laid on the Table | ... (10) 71 |
| (i) The Fourteenth Report of the Commissioner for Scheduled Castes and Scheduled Tribes for the year 1964-65. | |
| (ii) The Sixteenth Report of the Commissioner for Scheduled Castes and Scheduled Tribes (Vol. I and II) for the year 1966-67. | |
| Demands for Grans on Account from April to July, 1969. | ... (10) 71 |
| Naming of the Member | ... (10) 78 |
| Short Adjournment of the House | ... (10) 87 |
| Demands for Grants on Account from April to July, 1969 (Resumption of Discussion) | ... (10) 87 |
| The Punjab Appropriation (Vote of Account) Bill 1969. | ... (10)106 |
| Appendix | ... (i) |


**Punjab Vidhan Sabha Secretariat, Chandigarh.**

**Price : Rs. 5.10**

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# Errata
## to
# Punjab Vidhan Sabha Debate
26th March, 1969

Vol. I—No. 10

| *Read* | *For* | *Page* | *Line* |
|---|---|---|---|
| ਜਿਥੋਂ | ਜਿਬੋ | (10) 13 | 5ਵੀਂ ਹੇਠੋਂ |
| Society | society | (10) 19 | 12th from below |
| ਅਨੁਮਾਨ | ਅਨੁਮਾਠ | (10) 22 | 19 |
| ਕੋਸ਼ਿਸ਼ | ਕੋਸ਼ਿਜ਼ | (10) 23 | 12 |
| ਘੰਟੇ | ਘੰਟੋ | (10) 34 | 2ਵੀਂ ਹੇਠੋਂ |
| ਐਕਸਪੰਜ | ਐਕਸਪੰਸ | (10) 42 | 12 |
| ਸਿਰਦਾਰ ਕਪੂਰ ਸਿੰਘ | ਸਰਦਾਰ ਕਪੂਰ ਸਿੰਘ | (10) 44 | 14 |
| ਵਿਚ | ਵਿਚਾ | (10) 59 | 8 |
| ਜ਼ਿਲਾ | ਜ਼ਿਾਲ੍ਹ | (10) 65 | 5ਵੀਂ ਹੇਠੋਂ |
| ਉਨ੍ਹੀ | ਉਨ੍ਹੀ | (10) 92 | 13ਵੀਂ ਹੇਠੋਂ |
| ਸਰਦਾਰ ਸੁਰਜੀਤ ਸਿੰਘ | ਸ਼ਰਟਾਰ ਸੁਰਜੀਤ ਸਿੰਘ | (10) 97 | 1 |
| ਤਾਕਤ | ਤਾਕਭ | (10) 100 | 7 |
| ਗਿਆ | ਰਿਆ | (10) 100 | 10ਵੀਂ ਹੇਠੋਂ |
| ਮਹੀਨੇ | ਨਹੀਨੇ | (10) 102 | 8ਵੀਂ ਹੇਠੋਂ |
| ਸਹੂਲਤ | ਸਹਲਤ | (10) 107 | 13ਵੀਂ ਹੇਠੋਂ |

———

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

**Friday, the 26th March, 1969**

*The Sabha met in the Hall of the Vidhan Bhawan, Sector 1, Chandigarh, at 8.00 A.M. of the clock. The Hon. Speaker (Sardar Darbara Singh) in the Chair.*

---

## STARRED QUESTIONS AND ANSWERS

### SETTING UP OF A TRACTOR FACTORY IN THE PUNJAB

*56. **Sardar Umrao Singh** : Will the Minister for Industries be pleased to state :—

(a) whether there is any proposal under the consideration of the Government to set up a tractor factory in the State ;

(b) if the reply to part (a) above be in the affirmative, the horse power of the tractor proposed to be manufactured along with the estimated price thereof ?

**Shri Balram Dass Tandon** :

(a) Yes

(b) 20 H.P. Zetor tractor. Its approximate cost is estimated at Rs. 15,000/-.

**ਸਰਦਾਰ ਕਿਰਪਾਲ ਸਿੰਘ** :—ਕੀ ਮਨਿਸਟਰ ਸਾਹਿਬ ਦਸਣਗੇ ਕਿ 20 ਹਾਰਸ ਪਾਵਰ ਦੇ ਟਰੈਕਟਰ, ਜੋ ਬਾਹਰੋਂ ਆਉਂਦੇ ਹਨ, ਉਨ੍ਹਾਂ ਦੀ ਕੀਮਤ ਕੀ ਹੁੰਦੀ ਹੈ ?

**ਮੰਤਰੀ** :—ਨੋਟਿਸ ਦੇ ਦਿਉ ਦਸ ਦਿਆਂਗੇ ।

**ਡਾਕਟਰ ਅਮੀਰ ਸਿੰਘ** :—ਕੀ ਮੰਤਰੀ ਜੀ ਦਸਣ ਦੀ ਕਿਰਪਾਲਤਾ ਕਰਨਗੇ ਕਿ ਟਰੈਕਟਰਾਂ ਦੀ ਜੋ ਐਨੀ ਬਲੈਕ ਹੋ ਰਹੀ ਹੈ, ਉਸ ਦਾ ਗਵਰਨਮੈਂਟ ਕੀ ਇੰਤਜ਼ਾਮ ਕਰ ਰਹੀ ਹੈ ?

**ਮੰਤਰੀ** :—ਇਸ ਬਾਰੇ ਅਸੀਂ ਗੌਰਮੈਂਟ ਆਫ ਇੰਡੀਆ ਨੂੰ ਕਹਿ ਰਹੇ ਹਾਂ । ਜਿੰਨੇ ਟਰੈਕਟਰ ਬਣਨ ਦੀ ਸਪੀਡ ਵਧੇਗੀ, ਉਨੇ ਹੀ ਟਰੈਕਟਰ ਜ਼ਿਆਦਾ ਮਿਲ ਸਕਣਗੇ ।

**ਸਰਦਾਰ ਉਮਰਾਓ ਸਿੰਘ** :—ਟਰੈਕਟਰ ਦੀ ਐਸਟੀਮੇਟਿਡ ਕਾਸਟ ਕਿੰਨੀ ਹੋਵੇਗੀ ?

**ਮੰਤਰੀ** :—ਮੈਂ ਪਹਿਲਾਂ ਹੀ ਦਸ ਚੁਕਾ ਹਾਂ ਕਿ ਟਰੈਕਟਰ ਦੀ ਐਸਟੀਮੇਟਿਡ ਕਾਸਟ 15 ਹਜ਼ਾਰ ਰੁਪਏ ਹੋਵੇਗੀ ।

**ਕਾਮਰੇਡ ਬਾਬੂ ਸਿੰਘ ਮਾਸਟਰ** :—ਕੀ ਇਹ ਪਬਲਿਕ ਸੈਕਟਰ ਵਿੱਚ ਲਗਾ ਰਹੇ ਹੋ ਜਾਂ ਪ੍ਰਾਈਵੇਟ ਸੈਕਟਰ ਵਿੱਚ ?

Original with;
Punjab Vidhan Sabha
Digitized by;
Panjab Digital Library

**ਮੰਤਰੀ** :—ਇਹ ਪੰਜਾਬ ਇੰਡਸਟ੍ਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਵਾਸਤੇ ਹੈ ।

**ਸਰਦਾਰ ਦਲੀਪ ਸਿੰਘ ਪਾਂਧੀ** :—ਇਹ ਫੈਕਟਰੀ ਕਿਥੇ ਅਤੇ ਕਦ ਤਕ ਲਗ ਜਾਵੇਗੀ ?

**ਮੰਤਰੀ** :—ਲੈਟਰ ਆਫ ਇੰਟੈਂਟ ਦਾ ਜਵਾਬ ਆਉਣ ਤੇ ਫੈਸਲਾ ਕੀਤਾ ਜਾਵੇਗਾ ।

**ਕਾਮਰੇਡ ਬਾਬੂ ਸਿੰਘ ਮਾਸਟਰ** :—ਸਰਕਾਰ ਟਰੈਕਟਰ ਮੰਗਾ ਕੇ ਜਲੰਧਰ ਜ਼ਖੀਰਾ ਕਰ ਰਹੀ ਹੈ । ਉਹਦੇ ਵਿੱਚ ਜੋ ਬੰਗਲਿੰਗ ਹੋ ਰਹੀ ਹੈ, ਉਹਦਾ ਕੀ ਇਲਾਜ ਹੈ ?

**ਮੁੱਖ ਮੰਤਰੀ** :—ਬੰਗਲਿੰਗ ਦਸ ਦਿਉ, ਇਲਾਜ ਕਰ ਦਿਆਂਗੇ ।

**ਕਾਮਰੇਡ ਬਾਬੂ ਸਿੰਘ ਮਾਸਟਰ** :—ਜਿਨ੍ਹਾਂ ਦੇ ਨੰਬਰ ਲਾਟਰੀ ਨਾਲ ਨਿਕਲੇ, ਉਨ੍ਹਾਂ ਦੇ ਨੰਬਰ ਨੂੰ ਛੱਡ ਕੇ ਦੂਜਿਆਂ ਨੂੰ ਲਿਆ ਗਿਆ । ਕੀ ਇਹ ਬੰਗਲਿੰਗ ਨਹੀਂ ਹੈ ?

**ਮੁੱਖ ਮੰਤਰੀ** : ਜਦੋਂ ਇਹ ਚੀਜ਼ ਸਾਡੇ ਨੋਟਿਸ ਵਿਚ ਲਿਆਉਗੇ ਤਾਂ ਜ਼ਰੂਰ ਐਕਸ਼ਨ ਲਵਾਂਗੇ ।

**ਸਰਦਾਰ ਉਮਰਾਓ ਸਿੰਘ** :—ਕੀ ਇਹ ਫੈਕਟਰੀ ਬਾਹਰਲੀ ਫਰਮ ਦੀ ਕੁਲੈਬੋਰੇਸ਼ਨ ਨਾਲ ਬਣੇਗੀ ?

**ਮੰਤਰੀ** :—ਪ੍ਰੋਪੋਜ਼ਲ ਕੁਲੈਬੋਰੇਸ਼ਨ ਦੀ ਹੀ ਹੈ ।

---

## PROVIDING A METALLED ROAD LEADING TO HARA TEMPLE IN TEHSIL PATHANKOT

*83. **Chaudhri Ram Singh** : Will the Minister for Irrigation and Power be pleased to state :—

(a) whether Govt. have taken any steps to provide a metalled road to the historical Hara Temple in tehsil Pathankot which attracts thousands of pilgrims every year ;

(b) if the reply to part (a) above be in the affirmative the time by which the said road is likely to be constructed ?

**ਸਰਦਾਰ ਸੋਹਣ ਸਿੰਘ ਬਾਸੀ** :—

(ੲ) ਨਹੀਂ ।

(ਬੀ) ਕਿਉਂਕਿ ਸੜਕ ਬਣਾਉਣ ਦਾ ਅਜੇ ਕੋਈ ਪ੍ਰੋਗਰਾਮ ਨਹੀਂ, ਸੋ ਇਸ ਦੀ ਤਿਆਰ ਹੋਣ ਦੀ ਮਿਤੀ ਨਹੀਂ ਦਸੀ ਜਾ ਸਕਦੀ ।

**ਚੌਧਰੀ ਰਾਮ ਸਿੰਘ** :—ਇਸ ਸੜਕ ਨਾਲ ਲੱਖਾਂ ਲੋਕਾਂ ਦਾ ਸੰਬੰਧ ਹੈ । ਇਹ ਸੜਕ ਤਾਰੀਖੀ ਅਤੇ ਧਾਰਮਿਕ ਮਹੱਤਤਾ ਦੀ ਹੈ, ਖਾਸ ਕਰਕੇ ਸ੍ਰੀ ਰਾਮ ਸਿੰਘ ਪਠਾਨੀਆਂ, ਜਿਸ ਨੇ ਆਜ਼ਾਦੀ ਦੀ ਖਾਤਰ ਸੈਂਕੜੇ ਅੰਗਰੇਜ਼ ਮਾਰੇ ਅਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ ਦਾ ਇਸ਼ ਨਾਲ ਸੰਬੰਧ ਰਿਹਾ ਹੈ । ਉਸ ਮੰਦਰ ਨਾਲ ਸਰਕਾਰ ਐਸਾ ਸਲੂਕ ਕਿਉਂ ਕਰ ਰਹੀ ਹੈ ?

**ਮੰਤਰੀ** :—ਜਿਥੋਂ ਤਕ ਇਤਿਹਾਸਕ ਸਥਾਨ ਦਾ ਤੁਅੱਲਕ ਹੈ, ਸਾਡੇ ਦਿਲਾਂ ਵਿੱਚ ਵੀ ਇਜ਼ਤ ਔਰ ਮਾਣ ਹੈ ਪਰ ਹਾਲੇ ਇਹ ਸੜਕ ਬਣਾਉਣੀ ਪ੍ਰੋਗਰਾਮ ਵਿਚ ਨਹੀਂ ਹੈ ।

**ਸ੍ਰੀ ਗਿਆਨ ਚੰਦ ਖਰਬੰਦਾ** :—ਇਤਿਹਾਸਕ ਸਥਾਨਾਂ ਵਾਸਤੇ ਸੜਕਾਂ ਬਣਾਉਣ ਸਬੰਧੀ

Original with;
Punjab Vidhan Sabha
Digitized by;
Panjab Digital Library

ਐਸਾ ਸਲੂਕ ਨਹੀਂ ਹੋਣਾ ਚਾਹੀਦਾ । ਅਜਿਹੀਆਂ ਥਾਵਾਂ ਤੇ ਸੜਕਾਂ ਬਣਾਉਣਾ ਪ੍ਰੋਗਰਾਮ ਵਿਚ ਆਉਣਾ ਚਾਹੀਦਾ ਹੈ ।

**ਮੰਤਰੀ** :—ਇਸ ਗੱਲ ਵਾਸਤੇ ਅਸੀਂ ਪੂਰੀ ਤਰ੍ਹਾਂ ਸਾਵਧਾਨ ਹਾਂ, ਲੇਕਿਨ ਪਿਛਲੀ ਗੱਲ ਦਾ ਜਵਾਬ ਮੈਂ ਨਹੀਂ ਦੇ ਸਕਦਾ ।

**ਕੈਪਟਨ ਰਤਨ ਸਿੰਘ** :—ਹੁਣ ਇਹ ਫੈਸਲਾ ਕਰਨਗੇ ਕਿ ਉਹ ਸੜਕ ਬਣਾਈ ਜਾਵੇ ?

**ਮੰਤਰੀ** :—ਨੋਟਿਸ ਦੇ ਦਿਉ ਪਤਾ ਕਰਕੇ ਦੱਸ ਦਿਆਂਗੇ ।

---

## ROADS BUILT UNDER THE VILLAGE ROADS CRASH PROGRAMME

*93. **Sathi Roop Lal** : Will the Minister for Irrigation and Power be pleased to state :—

(a) the details of the roads built in the State under the Village Roads Crash Programme in respect of which no share money was deposited by the bodies concerned together with the special reasons for the construction thereof ?

(b) whether the Government proposes to recover the amount due from those concerned ?

**Sardar Sohan Singh Bassi** :

(a) Under the 'Road Crash Programme' no cash contribution is required.

(b) Question does not arise.

**चौधरी बलबीर सिंह** :—करैश प्रोग्राम पर सरकार ने सुविधा दी थी कि जो लोग मिट्टी न डाल सकें वह कैश मनी जमा करा दें । तो क्या ऐसा करने वालों को टाप प्रायर्टी दी जाएगी ?

**ਮੰਤਰੀ** :—ਕਰੈਸ਼ ਪ੍ਰੋਗਰਾਮ ਵਿਚ ਕੈਸ਼ ਮਨੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

**चौधरी बलबीर सिंह** :—मिनिस्टर साहिब इस महिकमे से ताल्लुक नहीं रखते । इनको नहीं पता कि कैश मनी अगर न दे सके तो मिट्टी डालनी पड़ती है । गांव वाले मिट्टी न डाल सकें और पैसे दे दें तो सरकार सड़क बना देती है । दोनों एक ही बात है । यह कहते हैं सवाल ही पैदा नहीं होता ।

**श्री अध्यक्ष** :—आप की मेहरबानी, आप ने पहले ही बात समझा दी है । (I am thankful to the Hon. Member who has explained the position himself beforehand).

Original with;
Punjab Vidhan Sabha
Digitized by;
Panjab Digital Library

**चौधरी बलबीर सिंह** :—जवाब आप न दिया करें।

**ਸਰਦਾਰ ਕਿਰਪਾਲ ਸਿੰਘ** :—ਅਨਾਜ ਦੇ ਸੀਜ਼ਨ ਤੋਂ ਪਹਿਲਾਂ ਜਿਨ੍ਹਾਂ ਨੇ ਪੈਸਾ ਜਮ੍ਹਾਂ ਕਰਾਇਆ ਹੈ, ਕੀ ਉਨ੍ਹਾਂ ਦੀ ਸਹੂਲਤ ਲਈ ਸੜਕਾਂ ਬਣ ਜਾਣਗੀਆਂ ?

**ਮੰਤਰੀ** :—ਤੁਸੀਂ ਸਵਾਲ ਨੂੰ ਪੜ੍ਹਿਆ ਨਹੀਂ ਹੈ। ਅਸੀਂ ਕੈਸ਼ ਲੈਂਦੇ ਹੀ ਨਹੀਂ। ਚੌਧਰੀ ਸਾਹਿਬ ਬੜੇ ਆਰਾਮ ਨਾਲ ਗਲ ਸੁਣਾਉ ਅਤੇ ਆਰਾਮ ਨਾਲ ਜਵਾਬ ਸੁਣੋ। ਕਰੈਸ਼ ਪ੍ਰੋਗਰਾਮ ਦੇ ਤਹਿਤ ਕੋਈ ਕੈਸ਼ ਕੰਟ੍ਰੀਬਿਊਸ਼ਨ ਦੀ ਲੋੜ ਨਹੀਂ।

**ਕਾਮਰੇਡ ਬਾਬੂ ਸਿੰਘ ਮਾਸਟਰ** :—ਕੀ ਸਰਕਾਰ ਦੀ ਪਾਲਿਸੀ ਕਰੈਸ਼ ਪ੍ਰੋਗਰਾਮ ਅਧੀਨ ਮਿੱਟੀ ਪਾਉਣ ਦੀ ਹੈ ? ਇਥੇ ਜਵਾਬ ਦੇ ਰਹੇ ਹਨ ਕਿ ਕੋਈ ਪੈਸਾ ਨਹੀਂ ਜਮ੍ਹਾਂ ਕਰਾਇਆ ਜਾਂਦਾ। ਮੈਂ ਸਮਝਦਾ ਹਾਂ ਸੀ: ਐਮ: ਸਾਹਿਬ ਇਸ ਦੀ ਕਲੈਰੀਫਿਕੇਸ਼ਨ ਦੇ ਦੇਣ।

**ਮੰਤਰੀ** :—ਕੈਸ਼ ਨਹੀਂ ਲਿਆ ਜਾਂਦਾ। ਜਗ੍ਹਾ ਲਈ ਜਾਂਦੀ ਹੈ। ਮਿੱਟੀ ਪੁਆਈ ਜਾਂਦੀ ਹੈ। ਜੇ ਕਰ ਉਹ ਜਗ੍ਹਾ ਓਵਰ ਆਲ ਪਲੈਨ ਵਿੱਚ ਆਉਂਦੀ ਹੋਵੇ।

**ਸਰਦਾਰ ਸੁਰਜੀਤ ਸਿੰਘ ਅਟਵਾਲ** :—ਕੀ ਵਜ਼ੀਰ ਸਾਹਿਬ ਦੱਸਣਗੇ ਕਿ ਲੋਕਾਂ ਤੋਂ ਪੈਸਾ ਲਿਆ ਗਿਆ ਹੈ ? ਕੀ ਉਸ ਦੀ ਇਨਕੁਆਇਰੀ ਕਰਾਉਣਗੇ ? ਦੂਸਰੀ ਗੱਲ ਇਹ ਹੈ ਕਿ ਜਿਹੜੇ ਲੋਕਾਂ ਨੂੰ ਅਜੇ ਤੱਕ ਇਹ ਨਹੀਂ ਪਤਾ ਕਿ ਆਇਆ ਪੈਸੇ ਦੇਣੇ ਪੈਣੇ ਹਨ ਜਾਂ ਨਹੀਂ, ਇਸ ਤੋਂ ਡਰਦੇ ਮਾਰੇ ਉਹ ਅੱਗੇ ਨਹੀਂ ਆਉਂਦੇ। ਕੀ ਇਹ ਕੋਈ ਇਸ ਬਾਰੇ ਕਲੀਅਰ ਪਾਲਿਸੀ ਦੱਸਣਗੇ ਕਿ ਆਇਆ ਪੈਸੇ ਲੈਣੇ ਹਨ ਜਾਂ ਨਹੀਂ ?

**ਮੰਤਰੀ** :—ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਜਿਥੋਂ ਤੱਕ ਗੌਰਮਿੰਟ ਦੇ ਪੈਸੇ ਲੈਣ ਦਾ ਤੁਅੱਲਕ ਹੈ, ਇਹ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਦੂਸਰੀ ਗੱਲ ਬਾਰੇ ਤੁਸੀਂ ਨੋਟਿਸ ਦੇ ਦਿਉ, ਫਿਰ ਦੇਖ ਲਵਾਂਗੇ।

**ਕੈਪਟਨ ਰਤਨ ਸਿੰਘ** :—ਸਪੀਕਰ ਸਾਹਿਬ, ਆਨਰੇਬਲ ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਦਰੁਸਤ ਦੱਸਣ ਕਿਉਂਕਿ ਲੱਖਾਂ ਰੁਪਿਆ ਲੋਕਾਂ ਦਾ ਵਾਪਿਸ ਆ ਜਾਵੇਗਾ। ਸਿਵਾਏ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਾਕੀ ਹਰ ਜਗ੍ਹਾ ਇਕ ਮੀਲ ਦਾ 5 ਹਜ਼ਾਰ ਰੁਪਿਆ ਜਮ੍ਹਾਂ ਕਰਵਾਉਣਾ ਪੈਂਦਾ ਹੈ। ਸਾਨੂੰ ਇਸ ਦੀ ਬੜੀ ਖੁਸ਼ੀ ਹੋਵੇਗੀ ਕਿ ਹਾਉਸ ਨੂੰ ਇਹ ਐਸ਼ਿਉਰ ਕਰਵਾ ਦੇਣ ਕਿ ਲੋਕਾਂ ਦਾ ਜੋ ਰੁਪਿਆ ਜਮ੍ਹਾਂ ਹੈ, ਉਹ ਸਾਰਾ ਵਾਪਿਸ ਹੋ ਜਾਵੇਗਾ।

**ਮੁੱਖ ਮੰਤਰੀ** :—ਐਸ਼ੋਰੈਂਸ ਦਾ ਤਾਂ ਸਵਾਲ ਹੀ ਨਹੀਂ।

**चौधरी बलबीर सिंह** :—क्या मन्त्री महोदय बताएंगे कि जिस जगह कैश प्रोग्राम के तहित पैसे जमा करवाए हैं, क्या सरकार यह पैसा वापस दे देगी ?

**ਮੰਤਰੀ** :—ਇਹ ਚੀਜ਼ ਇਸ ਵਿਚ ਨਹੀਂ ਹੈ। ਜਿਹੜੀ ਵਿਲੇਜ ਰੋਡ ਡੀਵੇਲਪ-

Original with;
Punjab Vidhan Sabha
Digitized by;
Panjab Digital Library

ਮੈਂਟ ਸਕੀਮ ਹੈ, ਉਸ ਦੇ ਥੱਲੇ 1/4 ਹਿੱਸਾ ਲਿਆ ਜਾਂਦਾ ਹੈ । ਬਾਕੀ ਮੈਂ ਪਹਿਲਾਂ ਹੀ ਜਵਾਬ ਦੇ ਚੁੱਕਿਆ ਹਾਂ ।

**चौधरी बलबीर सिंह** :—मेरा सवाल तो सिर्फ यह है कि क्रैश प्रोग्राम जो बना है, उस के सिलसिले में जो पैसा लिया गया है क्या वह सरकार उन को वापस दे देगी या नहीं ।

**ਮੰਤਰੀ** :—ਮੈਂ ਤਾਂ ਪਹਿਲਾਂ ਹੀ ਦੱਸਿਆ ਹੈ :—

It was under the Village Road Co-operative Development Scheme that the villagers were required to deposit 1/4th of the cost of the road in the form of free land, voluntary earth work and balance in cash, if necessary.

ਔਰ ਉਸ ਪ੍ਰੋਗਰਾਮ ਦੇ ਥੱਲੇ ਜਿਥੋਂ ਤੱਕ ਕਰੈਸ਼ ਪ੍ਰੋਗਰਾਮ ਦਾ ਤੁਅੱਲਕ ਹੈ :

But under the Road Crash Programme, the villagers are required only to give land free of cost and do voluntary earth work and no cash is required to be deposited by them.

**चौधरी बलबीर सिंह** :—आन ए प्वांयट आफ आर्डर, सर । अध्यक्ष महोदय, मेरा प्वांयट आफ आर्डर यह है कि मिनिस्टर साहिब ने फिर और ही जवाब दिया है । मेरा सवाल तो बड़ा कलीयर है कि अगर सरकार......—(विघ्न) ।

**ਸ੍ਰੀ ਸਪੀਕਰ** :—ਜਵਾਬ ਵੀ ਬੜਾ ਕਲੀਅਰ ਹੈ । (The reply given is also very clear).

**चौधरी बलबीर सिंह** :—अगर जनसंघ और अकाली पार्टी का समझौता हो जाता है तो इस का मतलब यह नहीं कि इन को यह पता चल गया होगा कि क्रैश प्रोग्राम क्या है और क्या नहीं हैं । सवाल तो सिर्फ यह है कि अगर मनिस्टर साहिब ने किसी गांव में जाने की तकलीफ की होती तो उनको मालूम हो जाता कि क्रैश प्रोग्राम क्या है और लोगों को क्या तकलीफ है और क्या पैसा जमा करवाया गया है या कि नहीं । शहरों में रहने से कोई पता नहीं चलता ।

**Mr. Speaker** :—This is not a point of order.

**चौधरी बलबीर सिंह** :—जनाब, आप खुद इस चीज़ को देख लें और इस सप्लीमैंटरी का जवाब कल को दिला दें ।

**Mr. Speaker** :—No point of order, please.

**ਕੈਪਟਨ ਰਤਨ ਸਿੰਘ** :—ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਮਨਿਸਟਰ ਸਾਹਿਬ ਨੇ ਇਥੇ ਇਕ ਸਵਾਲ ਦਾ ਜਵਾਬ ਦਿੱਤਾ ਹੈ ਔਰ ਉਹ ਤੁਹਾਡੀ ਮੇਜ਼ ਤੇ ਸਟੈਨੋਗ੍ਰਾਫਰ ਦੇ ਕੋਲੋਂ ਆਇਆ ਹੈ, ਉਸ ਦੇ ਵਿਚ

Original with;
Punjab Vidhan Sabha
Digitized by;
Panjab Digital Library

(ਕੈਪਟਨ ਰਤਨ ਸਿੰਘ)

ਉਨ੍ਹਾਂ ਨੇ ਬੜਾ ਕਲੀਅਰ ਦੱਸਿਆ ਹੈ ਕਿ ਜਿਥੋਂ ਤੱਕ ਕਰੈਸ਼ ਪ੍ਰੋਗਰਾਮ ਦਾ ਤੁਅੱਲਕ ਹੈ ਔਰ ਜਿਥੋਂ ਤੱਕ ਕਿਸੇ ਤੋਂ ਰੁਪਏ ਲੈਣ ਦਾ ਸਵਾਲ ਹੈ, ਇਹ ਤਾਂ ਸਵਾਲ ਹੀ ਨਹੀਂ ਉਠਦਾ। ਅਸੀਂ ਸਮਝਦੇ ਹਾਂ ਕਿ ਇਹ ਉਨ੍ਹਾਂ ਨੇ ਬੜੀ ਗਲਤ ਬਿਆਨੀ ਕੀਤੀ ਹੈ, ਕਿਉਂਕਿ ਕਰੈਸ਼ ਪ੍ਰੋਗਰਾਮ ਦੇ ਤਹਿਤ ਪੈਸਾ ਲਿਆ ਗਿਆ ਹੈ ਔਰ ਇਸੇ ਕਰਕੇ ਮੈਂ ਇਹ ਕਿਹਾ ਸੀ ਕਿ ਜੋ ਕੁਝ ਇਹ ਹੁਣ ਕਹਿੰਦੇ ਹਨ, ਕਿ ਕਰੈਸ਼ ਪ੍ਰੋਗਰਾਮ ਦੇ ਤਹਿਤ ਜਿਹੜਾ ਪੈਸਾ ਲੋਕਾਂ ਤੋਂ ਲਿਆ ਗਿਆ ਸੀ ਉਹ ਵਾਪਿਸ ਕਰਨ ਦਾ ਫੈਸਲਾ ਹੋ ਚੁੱਕਾ ਹੈ ਇਸ ਤੇ ਮੈਨੂੰ ਬੜੀ ਖੁਸ਼ੀ ਹੈ। ਪਰ ਇਹ ਗਲਤ ਬਿਆਨੀ ਨਹੀਂ ਕਰਨੀ ਚਾਹੀਦੀ। ਇਸ ਰੀਕਾਰਡ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਕ੍ਰੈਸ਼ ਪ੍ਰੋਗਰਾਮ ਦੇ ਤਹਿਤ ਕੋਈ ਪੈਸਾ ਨਹੀਂ ਲਿਆ ਜਾਵੇਗਾ। ਜੇ ਇਹ ਠੀਕ ਹੈ ਤਾਂ ਜਿਨ੍ਹਾਂ ਲੋਕਾਂ ਤੋਂ ਇਹ ਲਿਆ ਗਿਆ ਹੈ, ਕੀ ਉਨ੍ਹਾਂ ਨੂੰ ਵਾਪਿਸ ਕਰ ਦਿੱਤਾ ਜਾਵੇਗਾ ?

**ਮੁੱਖ ਮੰਤਰੀ** :—ਇਹ ਤਾਂ ਇਕ ਜਨਰਲ ਜਿਹਾ ਸਵਾਲ ਹੈ। ਤੁਸੀਂ ਇਹ ਸਾਡੇ ਨੋਟਿਸ ਵਿਚ ਲਿਆ ਦਿਉ, ਫਿਰ ਦੇਖ ਲਵਾਂਗੇ।

**Captain Rattan Singh** : Sir, this is a question of record here.

**Starred Question No. 80**

This Question was not pressed.

**Starred Questions Nos. 82 and 90**

**Mr. Speaker** : The Government has asked for extension in respect of Starred Questions Nos. 82 and 90.

---

J.B.T. CANDIDATES SELECTED BY THE PUNJAB SUBORDINATE SERVICES SELECTION BOARD IN 1968.

*91. **Sathi Roop Lal** :—Will the Minister for Irrigation and Power be pleased to state :

(a) the total number of JBT candidates interviewed and selected by the Punjab Subordinate Services Selection Board in 1968 ; and

(b) the time by which the list of finally selected JBT teachers is likely to be announced by the Government ?

(ਮਾਨਯੋਗ ਮੰਤਰੀ ਨੇ ਜਵਾਬ ਪਹਿਲਾਂ ਅੰਗਰੇਜ਼ੀ ਵਿਚ ਅਤੇ ਮੈਂਬਰ ਦੇ ਕਹਿਣ ਤੇ ਫਿਰ ਪੰਜਾਬੀ ਵਿਚ ਪੜ੍ਹਿਆ।)

**ਸਰਦਾਰ ਸੋਹਣ ਸਿੰਘ ਬਾਸੀ** :—

(ਏ) ਕੋਈ ਨਹੀਂ ਜੀ, ਸਿਰਫ ਇੰਟਰਵੀਉ ਬਹੁਤ ਦੀ ਹੋਈ ਸੀ, ਪਰ ਚੁਣਿਆ ਕੋਈ ਨਹੀਂ ਕਿਉਂਕਿ ਇੰਟਰਵੀਉ ਸਭ ਦੀ ਖਤਮ ਨਹੀਂ ਸੀ ਹੋਈ।

(ਬੀ) ਉਪਰ ਏ ਅਨੁਸਾਰ ਸਵਾਲ ਹੀ ਪੈਂਦਾ ਨਹੀਂ ਹੁੰਦਾ।

**ਸਾਥੀ ਰੂਪ ਲਾਲ** :—ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਅੰਗਰੇਜ਼ੀ ਵਿਚ ਜਵਾਬ ਦੇਈ ਜਾਂਦੇ ਹਨ, ਇਨ੍ਹਾਂ ਨੂੰ ਪੰਜਾਬੀ ਵਿਚ ਦੇਣਾ ਚਾਹੀਦਾ ਹੈ।

**ਮੰਤਰੀ** :—ਮੈਂ ਪੰਜਾਬੀ ਵਿਚ ਦੱਸ ਦਿੰਦਾ ਹਾਂ। (ਇਸ ਵੇਲੇ ਮੰਤਰੀ ਨੇ ਸਵਾਲ ਨੰ: 91 ਦਾ ਜਵਾਬ ਪੰਜਾਬੀ ਵਿਚ ਪੜ੍ਹਿਆ)।

For starred questions Nos. 82 and 90 and replies thereto please refer to the Debate dated 9th April, 1969.

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ** :—ਕੀ ਮੰਤਰੀ ਸਾਹਿਬ ਇਹ ਦੱਸਣਗੇ ਕਿ ਜਿਹੜੀ ਐਸ. ਐਸ. ਬੋਰਡ ਨੇ ਟੀਚਰਾਂ ਦੀ ਲਿਸਟ ਬਣਾਈ ਸੀ ਔਰ ਉਸ ਦੇ ਵਿਚ ਹਜ਼ਾਰਾਂ ਟੀਚਰਾਂ ਦੇ ਨਾਮ ਹਨ, ਉਨ੍ਹਾਂ ਨੂੰ ਕਦੋਂ ਤਕ ਕੰਪਲੀਟ ਕਰ ਲਿਆ ਜਾਵੇਗਾ ਅਤੇ ਸਕੂਲਾਂ ਵਿਚ ਭੇਜ ਦਿੱਤੇ ਜਾਣਗੇ ।

**ਮੰਤਰੀ** :—ਅਸੀਂ ਜਲਦੀ ਹੀ ਕੰਪਲੀਟ ਕਰ ਲਵਾਂਗੇ ।

**ਸਰਦਾਰ ਬਿਅੰਤ ਸਿੰਘ** :—ਜਿਹੜੀ ਲਿਸਟ ਐਸ. ਐਸ. ਬੋਰਡ ਨੇ ਬਣਾਈ ਸੀ, ਕੀ ਉਨ੍ਹਾਂ ਦੀ ਦੁਬਾਰਾ ਇੰਟਰਵਿਊ ਕੀਤੀ ਜਾਵੇਗੀ ?

**ਮੰਤਰੀ** :—ਡੈਫੀਨਿਟਲੀ ਉਨ੍ਹਾਂ ਦੀ ਦੁਬਾਰਾ ਇੰਟਰਵਿਊ ਕਰਾਂਗੇ ।

———

## LAND UNDER SEM AND THUR IN THE STATE

***67 Comrade Darshan Singh Jhabal** : Will the Minister for Revenue and Rehabilitation be pleased to state :—

(a) the area of land under Sem and Thur in the State districtwise at present together with the steps, if any, being taken by the Government to save the said lands from the effect of Sem and Thur ;

(b) the sub soil water level in the State tehsilwise ;

(c) the steps, if any being taken by the Government to lower the sub-soil water level in the State where the sub-soil water level is less than five feet ;

(d) whether there is any scheme under the consideration of Government to lower the sub-soil water level by installing tubewells in the areas which are affected by Sem ; if so, the details thereof ?

**ਸਰਦਾਰ ਸੋਹਣ ਸਿੰਘ ਬਾਸੀ,** (ਸਿੰਚਾਈ ਤੇ ਬਿਜਲੀ ਮੰਤਰੀ) ;

(ੳ) ਸਿੰਜਾਈ ਗਿਰਦਾਵਰੀ ਅਨੁਸਾਰ ਥੁਰ ਅਤੇ ਸੇਮ ਦੀ ਮਾਰ ਵਿਚ ਆਈ ਭੂਮੀ ਦਾ ਖੇਤਰ ਕਰਮ ਵਾਰ 3,09, 289 ਅਤੇ 20,050 ਏਕੜ ਹੈ । ਜ਼ਿਲ੍ਹੇਵਾਰ ਸੂਚਨਾ ਦਾ ਰਿਕਾਰਡ ਨਹੀਂ ਰਖਿਆ ਜਾਂਦਾ ।

(ਅ) ਧਰਤੀ ਹੇਠ ਪਾਣੀ (ਸਬ ਸਾਇਲ-ਵਾਟਰ ਲੈਵਲ) ਦਾ ਤਹਿਸੀਲਵਾਰ ਵੇਰਵਾ ਨਹੀਂ ਰਖਿਆ ਜਾਂਦਾ । ਅਕਤੂਬਰ 1966 ਅਤੇ 1967 ਦੇ ਪ੍ਰੇਖਣ ਅਨੁਸਾਰ ਉਹ ਰਕਬਾ ਜਿਥੇ ਜ਼ਮੀਨ ਦੇ ਉਪਰ ਪਾਣੀ ਖੜ੍ਹਾ ਹੈ ਜਾਂ ਜਿੱਥੇ ਪਾਣੀ ਪੰਜ ਫੁੱਟ ਤਕ ਹੈ, ਉਹ ਨਿਮਨ ਲਿਖਿਤ ਹੈ :—

| ਵਾਟਰ ਲੈਵਲ | ਏਕੜਾਂ ਵਿਚ ਖੇਤਰ | |
|---|---|---|
| | 1966 | 1967 |
| ਰਕਬਾ ਜਿੱਥੇ ਪਾਣੀ ਕੁਦਰਤੀ ਸਤਹ ਤੋਂ ਉਪਰ ਹੈ। | 22119 | 2458 |
| ਰਕਬਾ ਜਿੱਥੇ ਪਾਣੀ ਕੁਦਰਤੀ ਸਤਹ ਤੋਂ 5 ਫੁੱਟ ਤੱਕ ਹੈ | 1381170 | 1248461 |
| ਜੋੜ | 1403289 | 1250919 |

Original with;
Punjab Vidhan Sabha
Digitized by;
Panjab Digital Library

(ਸਿੰਚਾਈ ਤੇ ਬਿਜਲੀ ਮੰਤਰੀ)

(ੲ) ਪਾਣੀ ਦੀ ਸਤਹ ਨੂੰ ਉਪਰ ਆਉਣ ਤੋਂ ਰੋਕਣ ਲਈ ਅਤੇ ਸੇਮ ਦੇ ਖੇਤਰ ਤੋਂ ਬਚਣ ਲਈ ਸੇਮ ਰੋਕੂ ਅਤੇ ਹੜ ਰੋਕੂ ਸਕੀਮਾਂ ਚਾਲੂ ਹਨ। ਬਣਾਈਆਂ ਜਾਣ ਵਾਲੀਆਂ 5700 ਮੀਲ ਲੰਬੀਆਂ ਨਾਲੀਆਂ ਡਰੇਨੇਜ ਵਿਚੋਂ 2800 ਮੀਲ ਨਾਲੀਆਂ ਬਣਾਉਣ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ। ਇਸੀ ਪ੍ਰਕਾਰ 6 ਸੇਮ ਰੋਕੂ ਸਕੀਮਾਂ ਦਾ ਕੰਮ (ਤਜਰਬੇ ਦੇ ਰੂਪ ਵਿਚ) ਹੱਥ ਵਿੱਚ ਲੈ ਲਿਆ ਗਿਆ।

(ਸ) ਜੀ ਹਾਂ। ਹਾਲ ਦੀ ਘੜੀ ਡਰੇਨੇਜ ਦੀਆਂ ਹੜ੍ਹ ਸਕੀਮਾਂ ਜਿਹੜੀਆਂ ਕਿ ਸੇਮ-ਰੋਕੂ ਸਕੀਮਾਂ ਵਜੋਂ ਅਪਣਾਉਣੀਆਂ ਪੈਂਦੀਆ ਹਨ, ਨੂੰ ਅਗੇਤ ਦਿੱਤੀ ਜਾ ਰਹੀ ਹੈ। ਭਾਵੇਂ ਪ੍ਰਯੋਗ ਦੇ ਤੌਰ ਤੇ ਸ਼ੈਲੋ ਟਿਊਬਵੈਲ ਸਬੰਧੀ ਇਕ ਮੁਢਲੀ ਸੇਮ ਰੋਕੂ ਸਕੀਮ ਦਾ ਕੰਮ ਸਿਰੇ ਚਾੜ੍ਹ ਦਿਤਾ ਗਿਆ ਹੈ। ਸ਼ੈਲੋ ਟਿਊਬਵੈਲਾਂ ਨਾਲ ਸਬੰਧਿਤ ਅਜਿਹੀਆਂ ਹੋਰ ਸਕੀਮਾਂ ਉਪਰੋਕਤ ਮੁਢਲੀ ਸਕੀਮ ਦੇ ਸਿੱਟਿਆਂ ਨੂੰ ਵਾਚਣ ਤੋਂ ਬਾਅਦ ਸ਼ੁਰੂ ਕੀਤਾ ਜਾਵੇਗਾ।

**ਕਾਮਰੇਡ ਦਰਸ਼ਨ ਸਿੰਘ ਝਬਾਲ** :—ਸਪੀਕਰ ਸਾਹਿਬ, ਪਾਰਟ (ਈ) ਵਿਚ ਚੰਗੀ ਤਰ੍ਹਾਂ ਵਿਸਥਾਰ ਨਾਲ ਨਹੀਂ ਦੱਸਿਆ ਗਿਆ ਕਿ ਇਹ ਟਿਊਬਵੈਲ ਆਦਿ ਲਗਾ ਕੇ ਕਿੰਨੇ ਚਿਰ ਤਕ ਸਕੀਮ ਚਾਲੂ ਹੋ ਜਾਵੇਗੀ ?

**ਮੰਤਰੀ** :—ਇਸ ਦੇ ਵਾਸਤੇ ਤੁਸੀਂ ਨੋਟਿਸ ਦੇ ਦਿਉ।

**ਸਰਦਾਰ ਕਿਰਪਾਲ ਸਿੰਘ** :—ਕੀ ਮਨਿਸਟਰ ਸਾਹਿਬ ਦਸਣਗੇ ਕਿ ਟਿਊਬਵੈਲਾਂ ਨਾਲ ਸੇਮ ਦਾ ਮਸਲਾ ਹੱਲ ਕਰਨ ਵਾਸਤੇ ਕਿਹੜੇ ਕਿਹੜੇ ਇਲਾਕਿਆਂ ਨੂੰ ਪਹਿਲ ਦੇਣ ਦਾ ਵਿਚਾਰ ਕੀਤਾ ਗਿਆ ਹੈ ?

**ਮੰਤਰੀ** :—ਤੁਸੀਂ ਨੋਟਿਸ ਦੇ ਦਿਉ, ਅਸੀਂ ਦੱਸ ਦਿਆਂਗੇ।

**चौधरी बलबीर सिंह** :—जिन इलाकों में सेम है वहां जो आम लोग हैं वह टयूबवैल लगा कर सेम को दूर करने के लिये खुद कदम उठा रहे हैं। क्या सरकार इन लोगों की कुछ मदद करने के लिये तैयार है ?

**ਮੰਤਰੀ** :—ਹਾਲੀਂ ਤਕ ਤਾਂ ਕੋਈ ਇਹੋ ਜਿਹਾ ਕੇਸ ਨਹੀਂ ਆਇਆ। ਬਾਕੀ ਅਗਰ ਕੋਈ ਐਸੀ ਗੱਲ ਹੈ ਤਾਂ ਸਰਕਾਰ ਜ਼ਰੂਰ ਗ਼ੌਰ ਕਰੇਗੀ।

**ਕੈਪਟਨ ਰਤਨ ਸਿੰਘ** :—ਸਪੀਕਰ ਸਾਹਿਬ 1/5 ਹਿੱਸਾ ਪੰਜਾਬ ਦਾ ਸੇਮ ਦੇ ਥੱਲੇ ਆਉਣ ਦਾ ਖਤਰਾ ਹੈ। ਕੀ ਮਨਿਸਟਰ ਸਾਹਿਬ ਦਸਣਗੇ ਕਿ ਸਰਕਾਰ ਕੋਈ ਵਾਰ ਲੈਵਲ ਤੇ ਕਦਮ ਚੁਕ ਰਹੀ ਹੈ ਤਾਂ ਕਿ ਇਹ ਖਤਰਾ ਖਤਮ ਹੋ ਸਕੇ ?

**ਮੰਤਰੀ** :—ਸਪੀਕਰ ਸਾਹਿਬ, ਮੈਂ ਇਹ ਵਿਸ਼ਵਾਸ ਦੁਆਉਣਾ ਚਾਹੁੰਦਾ ਹਾਂ ਕਿ ਜੋ ਕੁਝ ਹੁਣ ਤਕ ਹੋਇਆ ਹੈ, ਇਹ ਗੌਰਮਿੰਟ ਉਸ ਨਾਲੋਂ ਕਈ ਗੁਣਾ ਜ਼ਿਆਦਾ ਪ੍ਰਬੰਧ ਕਰੇਗੀ ਅਤੇ ਵਾਰ ਲੈਵਲ ਤੇ ਸੇਮ ਖ਼ਤਮ ਕਰਨ ਦੀ ਕੋਈ ਤਜਵੀਜ਼ ਬਣਾਏਗੀ।

Original with;
Punjab Vidhan Sabha
Digitized by;
Panjab Digital Library

***Starred Question No. 44**

**ਸ਼੍ਰੀ ਸਪੀਕਰ** :—ਸਵਾਲ ਨੰਬਰ 44 ਨੂੰ ਅਗੇ ਪਾਉਣ ਲਈ ਕਿਹਾ ਗਿਆ ਹੈ। Extension has been asked for in respect of starred question No. 44.)

**ਕਾਮਰੇਡ ਸਤਪਾਲ ਡਾਂਗ** :—ਸਪੀਕਰ ਸਾਹਿਬ, ਜਿਹੜੀ ਐਕਸਟੈਨਸ਼ਨ ਦਿੱਤੀ ਜਾ ਰਹੀ ਹੈ, ਕੀ ਇਹ ਸਵਾਲ ਇਸੇ ਸੈਸ਼ਨ ਵਿਚ ਲਿਆਂਦੇ ਜਾਣਗੇ ?

**ਸ਼੍ਰੀ ਸਪੀਕਰ** :—ਡਾਂਗ ਸਾਹਿਬ ਜੀ, ਅਸੀਂ ਚਿੱਠੀ ਲਿਖ ਰਹੇ ਹਾਂ ਕਿ ਹਫ਼ਤੇ ਦੇ ਅੰਦਰ ਅੰਦਰ ਆ ਜਾਣ (Addressing Comrade Satya Pal Dang :—We are writing to the Department that the reply be supplied within a week.)

---

TRANSFER OF HOUSES CONSTRUCTED UNDER THE INDUSTRIAL HOUSING SCHEME TO THE INDUSTRIAL WORKERS ON HIRE PURCHASE BASIS.

*45 **Comrade Satya Pal Dang** : Will the Minister for Industries be pleased to state :—

(a) whether the Government have any proposal under consideration to transfer the houses constructed in the State under the Industrial Housing Scheme to the Industrial workers on hire-purchase basis, if so, since when and the date by which it is likely to be finalised ;

(b) the details of the proposed hire-purchase scheme, if worked out ?

**ਸਰਦਾਰ ਗੁਰਨਾਮ ਸਿੰਘ, (ਮੁੱਖ ਮੰਤਰੀ)** :—(ੳ) ਹਾਂ ਜੀ, 1968 ਵਿਚ ਸਰਕਾਰ ਨੇ ਕਿਰਤੀਆਂ ਨੂੰ ਹਾਇਰ-ਪਰਚੇਜ਼ ਤੇ ਮਕਾਨ ਦੇਣ ਦਾ ਫੈਸਲਾ ਕਰ ਲਿਆ ਹੈ।

(ਅ) ਵੇਰਵਾ ਤਿਆਰ ਹੋ ਰਿਹਾ ਹੈ।

**ਚੌਧਰੀ ਰਾਮ ਸਿੰਘ** :—ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੇ ਮਕਾਨ ਇਸ ਸਕੀਮ ਦੇ ਤਹਿਤ ਬਣਦੇ ਹਨ ਉਨ੍ਹਾਂ ਵਿਚ ਹਰੀਜਨਾਂ ਨੂੰ ਵੀ ਮਾਲਕ ਕਰਾਰ ਦਿਤਾ ਜਾਵੇਗਾ ?

**ਮੁੱਖ ਮੰਤਰੀ** : ਇਸ ਦੇ ਵਿਚ ਹਰੀਜਨਾਂ ਦਾ ਤਾਂ ਸਵਾਲ ਹੀ ਨਹੀਂ।

**ਕਾਮਰੇਡ ਸੱਤਪਾਲ ਡਾਂਗ** :—1968 ਦੇ ਵਿਚ ਫੈਸਲਾ ਕਰ ਦਿਤਾ ਗਿਆ ਸੀ ਕਿ ਵੇਰਵਾ ਤਿਆਰ ਕੀਤਾ ਜਾਵੇ। ਇਹ ਜਿਹੜਾ ਇੰਡਸਟ੍ਰੀਅਲ ਹਾਊਸਿੰਗ ਸਕੀਮ ਦੇ ਤਹਿਤ ਮਕਾਨ ਬਣਾਉਣ ਦਾ ਵੇਰਵਾ ਹੈ। ਇਹ ਸਭ ਲਈ ਇਕ ਸਕੀਮ ਬਣਾਈ ਹੈ ਜਾਂ ਅੱਡ ਅੱਡ ਬਣਾਈ ਹੈ ?

**ਮੁੱਖ ਮੰਤਰੀ** : ਇਸ ਵੇਲੇ ਤਾਂ ਮੈਂ ਇਸ ਬਾਰੇ ਕੁਝ ਨਹੀਂ ਦੱਸ ਸਕਦਾ।

**ਸਰਦਾਰ ਕਿਰਪਾਲ ਸਿੰਘ** :—ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਸਨਅਤੀ ਮਜ਼ਦੂਰਾਂ ਤੋਂ ਇਲਾਵਾ ਹੋਰ ਵੀ ਮਜ਼ਦੂਰ ਅਰਥਾਤ ਰੇੜ੍ਹਾ, ਠੇਲਾ ਆਦਿ ਵਾਹੁਣ ਵਾਲਿਆਂ ਵਾਸਤੇ ਵੀ ਕੋਈ ਹਾਊਸਿੰਗ ਸਕੀਮ ਗੌਰਮਿੰਟ ਦੇ ਜ਼ੇਰੇ ਗ਼ੌਰ ਹੈ ?

---

*For starred question No. 44 and answer thereto please refer to Debate dated the 9th April, 1969.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** :—ਨੋਟਿਸ ਦੇ ਦਿਉ ਜਾਂ ਸਕੀਮ ਦੇ ਦਿਉ ।

**ਕਾਮਰੇਡ ਸੱਤਪਾਲ ਡਾਂਗ** :—ਇਸ ਹਕੀਕਤ ਦੇ ਪੇਸ਼ੇ ਨਜ਼ਰ 1961 ਵਿਚ ਇਸ ਤੇ ਗ਼ੋਰ ਹੋਈ ਅਤੇ 1968 ਵਿਚ ਵੇਰਵੇ ਸਬੰਧੀ ਫੈਸਲਾ ਹੋਇਆ । ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਵੇਰਵੇ ਵਿਚ ਬਹੁਤੀ ਦੇਰ ਨਾ ਲਗੇ ਔਰ ਫੈਸਲਾ ਜਲਦੀ ਹੋ ਸਕੇ ?

**ਮੁੱਖ ਮੰਤਰੀ** :—ਡਾਂਗ ਸਾਹਿਬ ਮੇਰੇ ਪਾਸ ਆ ਜਾਣ । ਮੈਂ ਉਨ੍ਹਾਂ ਨਾਲ ਡਿਸਕਸ ਕਰ ਲਵਾਂਗਾ ।

— — — —

## SUPERSESSION OF A MUNICIPAL COMMITTEE

*48. **Sardar Umrao Singh** : Will the Finance Minister be pleased to state :—

(*a*) whether the Government has superseded any Municipal Committee recently ; if so, the name of such Committee along with the date and reasons of supersession ; and

(*b*) whether the Government had held any enquiry before passing the orders of supersession of the said Committee, if so, the name and designation of the officer, who conducted the enquiry along with his findings ?

**ਸ਼੍ਰੀ ਕ੍ਰਿਸ਼ਨ ਲਾਲ** :—

(ੳ) ਹਾਂ, ਜੀ । ਨਗਰ ਪਾਲਕਾ, ਜਲੰਧਰ, ਦਾ ਅਧਿਲੰਘਣ 24 ਫਰਵਰੀ, 1969 ਨੂੰ ਕੀਤਾ ਗਿਆ ਸੀ, ਕਿਉਂਕਿ ਇਹ ਨਗਰ ਪਾਲਕਾ ਆਪਣੇ ਕਾਨੂੰਨੀ ਫਰਜ਼ਾਂ ਨੂੰ ਨਿਭਾਉਣ ਵਿਚ ਅਸਮਰਥ ਸੀ ਅਤੇ ਲਗਾਤਾਰ ਕੋਤਾਹੀ ਵੀ ਕਰਦੀ ਰਹੀ ਸੀ । ਨਾਲੇ ਇਹ ਨਗਰ ਪਾਲਕਾ ਆਪਣੇ ਅਧਿਕਾਰਾਂ ਦੀ ਲੋੜ ਤੋਂ ਵੱਧ ਅਤੇ ਨਜਾਇਜ਼ ਵਰਤੋਂ ਵੀ ਕਰਦੀ ਰਹੀ ਸੀ ।

(ਅ) ਨਗਰ ਪਾਲਕਾ ਦਾ ਅਧਿਲੰਘਣ ਕਰਨ ਤੋਂ ਪਹਿਲਾਂ ਸਰਕਾਰ ਨੇ ਮੁਕਾਮੀਂ-ਮਹਿਕਮਾਨਾ ਅਫ਼ਸਰਾਂ ਪਾਸੋਂ ਕਮੇਟੀ ਦੇ ਕੰਮ-ਕਾਜ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਲਈ ਸੀ ਅਤੇ ਉਹ ਇਸ ਸਿੱਟੇ ਤੇ ਪੁੱਜੀ ਸੀ ਕਿ ਇਸ ਦਾ ਅਧਿਲੰਘਣ ਕੀਤਾ ਜਾਣਾ ਜ਼ਰੂਰੀ ਹੈ । ਜਿਨ੍ਹਾਂ ਅਫਸਰਾਂ ਤੋਂ ਕਮੇਟੀ ਦੇ ਕੰਮ-ਕਾਜ ਬਾਰੇ ਰਿਪੋਰਟਾਂ ਲਈਆਂ ਗਈਆਂ ਸਨ, ਉਨ੍ਹਾਂ ਦੇ ਨਾਂ ਅਤੇ ਉਨ੍ਹਾਂ ਦੀਆਂ ਰਿਪੋਰਟਾਂ ਦੱਸਣੀਆਂ ਲੋਕ ਹਿੱਤ ਵਿਚ ਨਹੀਂ ।

**ਸਰਦਾਰ ਗੁਰਬੰਤਾ ਸਿੰਘ** : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਹ ਜਿਹੜੀ ਕਮੇਟੀ ਜਲੰਧਰ ਦੀ ਤੋੜੀ ਗਈ ਹੈ, ਇਹ ਕਮੇਟੀ ਆਪਣੀ ਡਿਊਟੀ ਪੂਰੀ ਨਹੀਂ ਸੀ ਕਰਦੀ ਔਰ ਅਧਿਕਾਰਾਂ ਦੀ ਨਾਜਾਇਜ਼ ਵਰਤੋਂ ਕਰਦੀ ਸੀ । ਇਕ ਦਿਨ ਪਿਛੇ ਸਵਾਲ ਕੀਤਾ ਸੀ ਤਾਂ ਉਨ੍ਹਾਂ ਨੇ ਦੱਸਿਆ ਸੀ ਕਿ ਇਹ ਪਾਰਟੀਬਾਜ਼ੀ ਦੀ ਵਜ੍ਹਾ ਕਰਕੇ ਤੋੜੀ ਗਈ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਦੋਨਾਂ ਵਿਚੋਂ ਕਿਹੜੀ ਗੱਲ ਠੀਕ ਹੈ । (ਵਿਘਨ)

**ਮੁੱਖ ਮੰਤਰੀ** : ਦੋਨੋਂ ਗੱਲਾਂ ਠੀਕ ਹੋ ਸਕਦੀਆਂ ਹਨ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗਿਆਨ ਚੰਦ ਖਰਬੰਦਾ** : ਕੀ ਮਨਿਸਟਰ ਸਾਹਿਬ ਦਸਣਗੇ ਕਿ ਕਿਸੇ ਹੋਰ ਕਮੇਟੀ ਦੇ ਖਿਲਾਫ਼ ਇਹੋ ਜਿਹੀ ਸ਼ਿਕਾਇਤ ਹੈ ਕਿ ਇਹ ਆਪਣੀ ਡਿਊਟੀ ਤੋਂ ਕੁਤਾਹੀ ਕਰਦੀ ਹੈ ?

**ਮੰਤਰੀ** :—ਸਪੀਕਰ ਸਾਹਿਬ, ਇਸ ਸਵਾਲ ਦੇ ਉਪਰ ਪਹਿਲਾਂ ਹੀ ਕਾਫੀ ਸਪਲੀਮੈਂਟਰੀਜ਼ ਹੋ ਚੁਕੀਆਂ ਹਨ । 3 – 4 ਦਿਨ ਤੋਂ ਇਹ ਚੀਜ਼ ਹੋ ਰਹੀ ਹੈ ਅਤੇ ਵਾਰ ਵਾਰ ਉਹੀ ਸਵਾਲ ਰਿਪੀਟ ਹੋ ਰਹੇ ਹਨ । (ਵਿਘਨ)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਕਈ ਗੱਲਾਂ ਇਸ ਦੇ ਵਿਚ ਨਵੀਆਂ ਹਨ । (ਵਿਘਨ) ਸਪੀਕਰ ਸਾਹਿਬ ਨੇ ਦਸਿਆ ਹੈ ਕਿ ਅਫ਼ਸਰਾਂ ਦੇ ਨਾ ਦੱਸਣਾ ਪਬਲਿਕ ਇਨਟ੍ਰੈਸਟ ਵਿਚ ਨਹੀਂ । ਮੈਂ ਪੁੱਛਿਆ ਹੈ ਕਿ ਉਨ੍ਹਾਂ ਦੀਆਂ ਫਾਈਂਡਿੰਗਜ਼ ਕੀ ਹਨ ? (ਵਿਘਨ)

**ਵਿੱਤ ਮੰਤਰੀ** : ਸਾਰੇ ਅਫ਼ਸਰਾਂ ਦੀ ਯੂਨਾਨੀਮਸਲੀ ਰਾਏ ਸੀ ਕਿ ਮਿਊਨਿਸਪਲ ਕਮੇਟੀ ਤੋੜੀ ਜਾਵੇ । (ਵਿਘਨ)

**ਕਾਮਰੇਡ ਸਤਪਾਲ ਡਾਂਗ** : ਕੀ ਮਨਿਸਟਰ ਸਾਹਿਬ ਦਸੱਣਗੇ ਕਿ ਅਰਬਨ ਲੋਕਲ ਬਾਡੀਜ਼ ਦੀ ਸਿਫਾਰਸ਼ ਹੈ ਕਿ ਮਿਊਨਸਿਪਲ ਕਮੇਟੀ ਤੋੜਨ ਦੇ ਅਖ਼ਤਿਆਰ ਵਰਤਣ ਤੋਂ ਪਹਿਲਾਂ ਸਟੈਂਡਿੰਗ ਬਾਡੀ ਨੂੰ ਕੰਸਲਟ ਕੀਤਾ ਜਾਵੇ । ਕੀ ਇਸ ਗੱਲ ਤੇ ਅਮਲ ਕੀਤਾ ਗਿਆ ਹੈ ?

**ਵਿੱਤ ਮੰਤਰੀ** :—ਸਪੀਕਰ ਸਾਹਿਬ, ਇਸ ਕਮੇਟੀ ਵਾਸਤੇ ਅਸੀਂ ਨਹੀਂ ਕੀਤਾ । ਅਗੇ ਵਾਸਤੇ ਇਸ ਤੇ ਗ਼ੌਰ ਕਰਾਂਗੇ । (ਵਿਘਨ)

----

## APPLICATION AGAINST ASSISTANT SUB-INSPECTOR OF POLICE STATION SADAR, TARN TARAN, DISTRICT AMRITSAR

*69. **Comrade Darshan Singh Jhabal** : Will the Chief Minister be pleased to state whether the Government has received any application dated the 18th November, 1968 from the Secretary, area Committee, Communist Party (M) Tarn Taran against Shri Ranjit Singh, A.S.I. Police Station Sadar, Tarn Taran, District Amritsar, if so, the action, if any, taken thereon ?

**ਸਰਦਾਰ ਗੁਰਨਾਮ ਸਿੰਘ** : ਹਾਂ ਜੀ। ਦੋਸ਼ ਬੇਬੁਨਿਆਦ ਪਾਏ ਗਏ ਸਨ ਅਤੇ ਦਰਖ਼ਾਸਤ ਦਾਖਲ ਦਫ਼ਤਰ ਕੀਤੀ ਗਈ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਸ਼ਿਕਾਇਤ ਕਰਨ ਵਾਲੇ ਨੂੰ ਪੁੱਛਿਆ ਤਕ ਨਹੀਂ ਗਿਆ ਅਤੇ ਦਰਖ਼ਾਸਤ ਦਾਖ਼ਲ ਦਫ਼ਤਰ ਕਰ ਦਿਤੀ ?

**ਮੁੱਖ ਮੰਤਰੀ** : ਦਰਿਆਫ਼ਤ ਕਰਕੇ ਹੀ ਦਾਖ਼ਲ ਦਫ਼ਤਰ ਕੀਤੀ ਹੈ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਹੁਣ ਤਕ ਜੋ ਇਨਕੁਆਇਰੀ ਕਰਨ ਦਾ ਤਰੀਕਾ ਚਲਿਆ ਆ ਰਿਹਾ ਹੈ, ਕੀ ਜੇ ਕਿਸੇ ਨੂੰ ਉਸ ਬਾਰੇ ਕੋਈ ਸ਼ਿਕਾਇਤ ਹੋਵੇ ਤਾਂ ਉਸ ਨੂੰ ਬਦਲਿਆ ਜਾ ਸਕਦਾ ਹੈ ?

Original with;
Punjab Vidhan Sabha
Digitized by;
Panjab Digital Library

**ਮੁਖ ਮੰਤਰੀ :** ਜੇ ਕੋਈ ਪਰਟੀਕੂਲਰ ਕੇਸ ਹੈ ਤਾਂ ਦਸੋ, ਗੌਰ ਕਰ ਲਵਾਂਗੇ ।

**चौधरी बलबीर सिंह :** स्पीकर साहिब, मेरा प्वांएट आफ आर्डर यह है कि मैंबर महोदय का सवाल है कि अगर गवर्नमैंट को इन्क्वायरी के लिए लिखा जाये तो क्या सरकार उस केस को, उस अफ़सर के पास, जिसके खिलाफ़ इन्क्वायरी हो, भेजेगी या किसी सीनियर अफ़सर के पास ?

**ਮੁੱਖ ਮੰਤਰੀ :** ਇਹ ਮਾਮੂਲੀ ਮੈਟਰ ਹੈ ।

**चौधरी बलबीर सिंह :** यह बड़ा सिम्पल क्वैसचन है किसी आदमी के खिलाफ़ शिकायत की जाती है, वही इन्क्वायरी उसी के पास भेज दी जाये तो उसका जो हशर होगा वह आपको अच्छी तरह मालूम है । (शोर) (विघन)

---

## REVIVAL OF THE POST OF ADDITIONAL ADVOCATE GENERAL, PUNJAB

***47. Sardar Umrao Singh** : Will the Chief Minister be pleased to state :—

(*a*) whether the post of Additional Advocate General, Punjab, has been revived, if so, the date and the reasons of its revival ;

(*b*) the name of the person appointed to the said post alongwith his experience.

(*c*) the date and conditions of his appointment and emoluments payable to him.

**Sardar Gurnam Singh** :

(*a*) The orders regarding discontinuance of the permanent post of the Additional Advocate General by the then Government on 8. 12. 1967, being an act of political victimization and not in good faith, were rescinded on 19.2.1969.

(*b*) The post of the Additional Advocate General was held by Shri Bhupinder Singh Dhillon on substantive basis but on the discontinuance of this post his services were illegally terminated on 8.12.1967 by the then Government. The orders of discontinuance of the post having been rescinded, Shri Bhupinder Singh is deemed to continue on this post. The question of fresh appointment does not arise. Shri Dhillon has an experience of over 13 years at the Bar.

Original with;
Punjab Vidhan Sabha
Digitized by;
Panjab Digital Library

(c) In view of (b) above, Shri Bhupinder Singh Dhillon is deemed to be in service continuously and there has been no change in the existing conditions of his appointment, regarding remuneration, the officer is entitled to receive normal salary of Rs. 1,000/—p.m. for the period from 8. 12. 67 to 19.2.1969. Shri Bhupinder Singh Dhillon was a member of the Pepsu Lands Commission. In this capacity he has been getting a sum of Rs. 100 per sitting as a non-official member. However, Shri Dhillon has offered to give up voluntarily his claim to the arrears excepting Rs. 3,000/-ordered to be paid to him as gratuity by the Gill Government and the remuneration which he has received or is to receive as a member of the Pepsu Lands Commission during the above mentioned period, amounting to less than Rs. 3,000. In this manner Government will not be incurring any extra expenditure.

[(ੳ) ਐਡੀਸ਼ਨਲ ਐਡਵੋਕਟ ਜਨਰਲ ਦੀ ਪੱਕੀ ਆਸਾਮੀ 8-12-1967 ਨੂੰ ਉਸ ਵੇਲੇ ਦੀ ਸਰਕਾਰ ਦੁਆਰਾ ਖਤਮ ਕੀਤੀ ਗਈ ਸੀ। ਕਿਉਂ ਜੋ ਇਹ ਫੈਸਲਾ ਨੇਕ-ਨੀਤੀ ਨਾਲ ਨਹੀਂ ਸੀ ਕੀਤਾ ਗਿਆ, ਇਸ ਲਈ ਇਸ ਹੁਕਮ ਦੇ ਅਮਲ-ਦਰਾਮਦ ਨੂੰ 19-2-1969 ਨੂੰ ਰੱਦ ਕਰ ਦਿੱਤਾ ਗਿਆ ਸੀ।

(ਅ) ਐਡੀਸ਼ਨਲ ਐਡਵੋਕੇਟ ਜਨਰਲ ਦੀ ਅਸਾਮੀ ਉਤੇ ਸ੍ਰੀ ਭੁਪਿੰਦਰ ਸਿੰਘ ਢਿਲੋਂ ਮੂਲ ਰੂਪ ਵਿਚ (ਸਬਸਟੈਂਟਿਵ ਬੇਸਿਜ਼ ਤੇ) ਲਗੇ ਹੋਏ ਸਨ। ਪਰ ਇਹ ਆਸਾਮੀ ਖ਼ਤਮ ਹੋ ਜਾਨ ਦੇ ਕਾਰਣ, ਉਸ ਦੀ ਨੌਕਰੀ ਉਸ ਵੇਲੇ ਦੀ ਸਰਕਾਰ ਦੁਆਰਾ ਗੈਰ-ਕਾਨੂੰਨੀ ਤੌਰ ਤੇ ਖ਼ਤਮ ਕਰ ਦਿੱਤੀ ਗਈ ਸੀ। ਆਸਾਮੀ ਨੂੰ ਖ਼ਤਮ ਕਰ ਦੇਣ ਦੇ ਹੁਕਮ ਨੂੰ ਰੱਦ ਕਰ ਦੇਣ ਦੇ ਕਾਰਨ, ਸ੍ਰੀ ਭੁਪਿੰਦਰ ਸਿੰਘ ਢਿਲੋਂ ਇਸ ਆਸਾਮੀ ਉਤੇ ਕੰਮ ਕਰ ਰਿਹਾ ਤਸੱਵਰ ਕੀਤਾ ਜਾਵੇਗਾ। ਨਵੀਂ ਨਿਯੁਕਤੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸ੍ਰੀ ਢਿਲੋਂ ਨੂੰ 13 ਸਾਲਾਂ ਤੋਂ ਵਧ ਦਾ ਵਕਾਲਤ ਦਾ ਤਜਰਬਾ ਹੈ।

(ਅ) ਉਪਰੋਕਤ ਨੂੰ ਮੁੱਖ ਰਖਦਿਆਂ, ਸ੍ਰੀ ਭੁਪਿੰਦਰ ਸਿੰਘ ਢਿਲੋਂ ਲਗਾਤਾਰ ਨੌਕਰੀ ਤੇ ਲਗਿਆ ਹੋਇਆ ਤਸੱਵਰ ਕੀਤਾ ਜਾਵੇਗਾ ਅਤੇ ਉਸਦੀ ਨਿਯੁਕਤੀ ਦੀਆਂ ਵਰਤਮਾਨ ਸ਼ਰਤਾਂ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਜਿਥੋਂ ਤਕ ਮੁਆਵਜ਼ੇ ਦਾ ਸਵਾਲ ਹੈ, ਇਹ ਅਫ਼ਸਰ 8-12-67 ਤੋਂ 19-2-1969 ਤਕ ਦੇ ਅਰਸੇ ਲਈ 1000/-ਰੁਪਏ ਮਹੀਨੇ ਦੀ ਹਸਬ ਮਾਮੂਲ ਤਨਖ਼ਾਹ ਲੈਣ ਦਾ ਹੱਕਦਾਰ ਹੈ। ਸ੍ਰੀ ਭੁਪਿੰਦਰ ਸਿੰਘ ਢਿਲੋਂ ਪੈਪਸੂ ਲੈਂਡ ਕਮਿਸ਼ਨ ਦੇ ਮੈਂਬਰ ਸਨ। ਇਸ ਹੈਸੀਅਤ ਵਿੱਚ, ਗੈਰ-ਸਰਕਾਰੀ ਮੈਂਬਰ ਦੇ ਰੂਪ ਵਿਚ ਉਨ੍ਹਾਂ ਨੂੰ 100 ਰੁਪਏ

Original with;
Punjab Vidhan Sabha
Digitized by;
Panjab Digital Library

(ਮੁਖ ਮੰਤਰੀ)

ਪ੍ਰਤੀ ਬੈਠਕ ਦੇ ਹਿਸਾਬ ਨਾਲ ਅਦਾਇਗੀ ਹੁੰਦੀ ਰਹੀ ਹੈ। ਤਾਂ ਵੀ ਸ੍ਰੀ ਢਿਲੋਂ ਨੇ ਉਸ 3000/- ਰੁਪਏ ਨੂੰ ਛੱਡ ਕੇ ਜਿਹੜਾ ਕਿ ਉਸ ਵੇਲੇ ਦੀ ਸਰਕਾਰ ਨੇ ਉਸ ਨੂੰ ਗਰੈਚੁਇਟੀ ਦੇ ਤੌਰ ਤੂੰ ਦਿਤਾ ਸੀ ਅਤੇ ਉਸ ਮੁਆਵਜ਼ੇ ਨੂੰ ਛੱਡ ਕੇ ਜਿਹੜਾ ਕਿ ਉਸਨੇ ਪੈਪਸੂ ਲੈਂਡ ਕਮਿਸ਼ਨ ਦੇ ਮੈਂਬਰ ਦੇ ਰੂਪ ਵਿਚ ਉਪਰੋਕਤ ਸਮੇਂ ਵਿਚ ਵਸੂਲ ਕੀਤਾ ਸੀ ਜਾਂ ਵਸੂਲ ਕਰਨਾ ਹੈ ਜਿਹੜਾ ਕਿ 3000/- ਰੁਪਏ ਦੇ ਨੇੜੇ ਤੇੜੇ ਹੈ, ਬਾਕੀ ਸਾਰੇ ਬਕਾਇਆ ਜਾਤ ਦਾ ਕਲੇਮ ਉਸ ਨੇ ਆਪਣੀ ਖੁਸ਼ੀ ਨਾਲ ਤਰੱਕੀ ਕਰ ਦੇਣ ਦੀ ਪੇਸ਼ਕਸ਼ ਕੀਤੀ ਹੈ। ਇਸ ਤਰੀਕੇ ਨਾਲ ਸਰਕਾਰ ਦੇ ਸਿਰ ਕੋਈ ਵਾਧੂ ਖਰਚਾ ਨਹੀਂ ਪਵੇਗਾ ।

**चौधरी बलबीर सिंह** :—अध्यक्ष महोदय, मेरा प्वायंट आफ आर्डर यह है कि मुख्य मन्त्री ने जवाबों में कहा है कि पहली सरकार ने नेकनियति से फैसला नहीं किया था। मैं रुलिंग चाहता हूँ कि क्या सरकार बदलने के बाद, कोई दूसरी सरकार यह कह सकती है कि पहली सरकार का फैसला गलत है ? पहली सरकार की नियत पर कोई रिमार्कस नहीं दिये जा सकते ; क्या सरकार की नियत पर शक किया जा सकता है ?

**ਸ੍ਰੀ ਸਪੀਕਰ** :—ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (This is no point of order.)

**चौधरी बलबीर सिंह** :—स्पीकर साहिब इसी हाऊस में फैसला हो चुका है, मैं दिखा सकता हूँ। नियत के बारे में सवाल के जबाव में सरकार ज़िक्र नहीं कर सकती कि उसकी नियत ठीक नहीं।

(कोई उत्तर नहीं)

**ਸਰਦਾਰ ਉਮਰਾਓ ਸਿੰਘ** :—ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ, ਕੀ ਸ੍ਰੀ ਭੂਪਿੰਦਰ ਸਿੰਘ ਢਿੱਲੋਂ ਹੋਰਾਂ ਵਲੋਂ ਕੋਈ ਰਿਪ੍ਰੀਜ਼ੈਂਟੇਸ਼ਨ ਸਰਕਾਰ ਨੂੰ ਮਿਲੀ ਸੀ ?

**ਮੁੱਖ ਮੰਤਰੀ** :—ਹਾਈ ਕੋਰਟ ਵਿੱਚ ਰਿੱਟ ਪੈਟੀਸ਼ਨ ਵਿੱਚ ਕਿਹਾ ਸੀ।

**ਸਰਦਾਰ ਉਮਰਾਓ ਸਿੰਘ** :—ਕੀ ਗੌਰਮੈਂਟ ਨੂੰ ਉਸ ਨੇ ਰਿਪ੍ਰੀਜੈਂਟ ਕੀਤਾ ਸੀ ਕਿ ਉਸਨੂੰ ਨੇਕਨੀਤੀ ਨਾਲ ਨਹੀਂ ਹਟਾਇਆ ਗਿਆ ?

**ਮੁੱਖ ਮੰਤਰੀ** :—ਇਸ ਦੇ ਮੁਤਅੱਲਕ ਰਿੱਟ ਪੈਟੀਸ਼ਨ ਦੇ ਕੇਸ ਦਾ ਗੌਰਮੈਂਟ ਨੇ ਜਿਹੜਾ ਜਵਾਬ ਦਿਤਾ ਸੀ, ਉਸ ਵੇਲੇ ਇਹ ਚੀਜ਼ ਇਨਵਾਲਵਡ ਸੀ।

**ਸਰਦਾਰ ਕਿਰਪਾਲ ਸਿੰਘ** :—ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੀ ਗੱਲ ਉਨ੍ਹਾਂ ਨੇ ਕਹੀ ਕਿ ਫ਼ੈਸਲਾ ਨੇਕਨੀਤੀ ਨਾਲ ਨਹੀਂ ਸੀ ਹੋਇਆ, ਉਸਦੀ ਕੀ ਤਫ਼ਸੀਲ ਹੈ ?

**ਮੁੱਖ ਮੰਤਰੀ** :—ਇਹ ਸਬਸਟਾਂਟਿਵ ਪੋਸਟ ਸੀ, ਗੌਰਮੈਂਟ ਹਟਾ ਨਹੀਂ ਸਕਦੀ ਸੀ

———

Original with;
Punjab Vidhan Sabha
Digitized by;
Panjab Digital Library

DRIVERS, CONDUCTORS ETC. IN PUNJAB ROADWAYS

*68. **Comrade Darshan Singh Jhabal** : Will the Chief Minister be pleased to state :—

(a) the total number of drivers, conductors, Inspectors, mechanics, clerks, peons and other employees separately in the present Punjab ;

(b) the number of posts reserved for persons belonging to scheduled castes in each of the categories mentioned in part (a) above, separately ;

(c) the number of persons belonging to scheduled castes who are present by serving in each of the said categories, separately ?

**ਸਰਦਾਰ ਗੁਰਨਾਮ ਸਿੰਘ** :

| | ਡਰਾਇਵਰ | ਕੰਡਕਟਰ | ਇਨਸਪੈਕਟਰ | ਕਲਰਕ | ਪੀਅਨ | ਮੈਕੇਨਿਕ | ਬਾਕੀ |
|---|---|---|---|---|---|---|---|
| (ੳ) | 1228 | 1360 | 109 | 159 | 21 | 143 | 1394 |
| (ਅ) | 245 | 272 | 21 | 31 | 4 | 28 | 278 |
| (ੲ) | 154 | 295 | 11 | 25 | 1 | 2 | 259 |

| | (Drivers | Conductors | Inspectors | Mechanics | Clerks | Peons | Others |
|---|---|---|---|---|---|---|---|
| (a) | 1228 | 1360 | 109 | 143 | 159 | 21 | 1394 |
| (b) | 245 | 272 | 21 | 28 | 31 | 4 | 278 |
| (c) | 154 | 295 | 11 | 2 | 25 | 1 | 259) |

**ਕਾਮਰੇਡ ਦਰਸ਼ਨ ਸਿੰਘ ਝਬਾਲ** : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿਹੜੀਆਂ ਸੀਟਾਂ ਰਾਖਵੀਆਂ ਰਖੀਆਂ ਜਾਂਦੀਆਂ ਸਨ, ਉਨ੍ਹਾਂ ਦੇ ਮੁਤਾਬਕ ਇਹ ਪੂਰੀਆਂ ਹੁੰਦੀਆਂ ਰਹੀਆਂ ਹਨ ?

**ਮੁੱਖ ਮੰਤਰੀ** : 20 ਫ਼ੀਸਦੀ ਰਾਖਵੀਆਂ ਸੀਟਾਂ ਹਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :—

ਕੁਲ 4414 ਸੀਟਾਂ ਹਨ ਜਿਨ੍ਹਾਂ ਵਿੱਚੋਂ ਮਹਿਕਮੇ ਵਿਚ 20 ਫੀਸਦੀ ਦੇ ਹਿਸਾਬ ਨਾਲ 882 ਬਣਦੀਆਂ ਹਨ, ਮਗਰ ਇਸ ਵੇਲੇ ਸਾਡੇ ਕੋਲ 747 ਭਰੀਆਂ ਹੋਈਆਂ ਹਨ, ਯਾਨੀ 35 ਸੀਟਾਂ ਘੱਟ ਹਨ ।

**ਸਰਦਾਰ ਕਿਰਪਾਲ ਸਿੰਘ** : ਕੀ ਚੀਫ਼ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਹ ਕੈਟੇਗਰੀਵਾਈਜ਼ ਪੂਰੀਆਂ ਹਨ ?

**ਮੁੱਖ ਮੰਤਰੀ** : ਕਿਥੇ ਵੱਧ ਤੇ ਕਿਥੇ ਘੱਟ ਹਨ ?

**ਚੌਧਰੀ ਸੁੰਦਰ ਸਿੰਘ** : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਉਹ ਕੈਟੇਗਰੀ-ਵਾਈਜ਼ ਠੀਕ ਹਨ ? ਡਰਾਇਵਰ ਕਿੰਨੇ ਹਨ ?

**ਮੁੱਖ ਮੰਤਰੀ** : ਮੈਂ ਦਸ ਦਿਤੇ ਹਨ, ਬਾਕੀ ਤੁਸੀਂ ਬੈਠੇ ਕਢੀ ਜਾਓ । ਕਈ ਦਫ਼ਾ ਆਦਮੀ ਮਿਲਦੇ ਨਹੀਂ, ਪਰ ਹਦਾਇਤ ਇਹ ਹੈ ਕਿ 20 ਫੀਸਦੀ ਪੂਰੇ ਕਰੋ ।

Original with;
Punjab Vidhan Sabha
Digitized by;
Panjab Digital Library

**चौधरी बलबीर सिंह :** मुख्य मन्त्री ने अभी कहा है कि कई कैटेग्रीज़ में आदमी मिलते नहीं । क्या मुख्य मन्त्री बतायेंगे कि किस कैटेग्री में नहीं मिलते ? उसके बारे में आदमी मौजूद थे, मगर उनको लगाया नहीं गया । अगर सबूत पेश कर दिये जायें तो क्या इनक्वायरी की जायेगी ?

**ਮੁੱਖ ਮੰਤਰੀ :** ਸਬੂਤ ਪੇਸ਼ ਕਰ ਦੇਣ, ਮੈਂ ਜ਼ਰੂਰ ਪਤਾ ਕਰਾਂਗਾ ।

**ਚੌਧਰੀ ਸੁੰਦਰ ਸਿੰਘ :** ਮੈਂ ਚੀਫ਼ ਮਿਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਾਣਕਾਰੀ ਲਈ ਜੇ ਕੋਈ ਸੁਆਲ ਪੁਛਿਆ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ ਕਿ Sorry ਪ੍ਰਸੈਂਟੇਜ ਇਹੀ ਹੈ । ਭਾਵੇਂ ਵਿੱਚ ਸਵੀਪਰ ਹੋਣ ਤੇ ਭਾਵੇਂ ਫੋਰਥ ਕਲਾਸ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਿੱਚ ਡਰਾਈਵਰ ਕਿੰਨੇ ਹਨ ?

**ਮੁੱਖ ਮੰਤਰੀ :** ਮੈਂ ਚੌਧਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਗੇ ਇਹ ਹੁੰਦਾ ਰਿਹਾ ਹੈ, ਹੁਣ ਨਹੀਂ ਹੋਵੇਗਾ ।

**ਸਰਦਾਰ ਕਿਰਪਾਲ ਸਿੰਘ :** ਕੀ ਚੀਫ਼ ਮਿਨਿਸਟਰ ਸਾਹਿਬ ਕੋਈ ਐਸਾ ਆਰਡਰ ਜਾਰੀ ਕਰਨਗੇ ਕਿ ਕੋਈ ਵੀ ਪੋਸਟ ਫ਼ਿਲ ਅੱਪ ਕਰਨ ਤੋਂ ਪਹਿਲਾਂ, ਕੈਟੇਗਰੀਵਾਈਜ਼ ਜਦ ਤਕ ਹਰੀਜਨਾਂ ਦੀ ਰੇਸ਼ੋ ਪੂਰੀ ਨਾ ਹੋ ਜਾਏ, ਮੁਤਲਕਾ ਅਫ਼ਸਰ ਹਰੀਜਨਾਂ ਦੀ ਨਾਨ-ਅਵੇਲਿਬਿਲਟੀ ਦਾ ਸਰਟੀਫ਼ਿਕੇਟ ਦੇਣਗੇ ?

**ਮੁੱਖ ਮੰਤਰੀ :** ਇਹ ਹਦਾਇਤਾਂ ਪਹਿਲਾਂ ਹੀ ਹਨ ।

**ਸਰਦਾਰ ਦਰਸ਼ਨ ਸਿੰਘ ਕੇ.ਪੀ :** ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੀ ਕਮੀ ਹੈ ਕੈਟੇਗਰੀਵਾਈਜ਼ ਰਿਜ਼ਰਵੱਡ ਪੋਸਟਾਂ ਦੀ, ਇਹ ਕਦ ਤਕ ਪੂਰੀ ਕੀਤੀ ਜਾਏਗੀ ?

**ਮੁੱਖ ਮੰਤਰੀ :** ਜਿਸ ਤਰ੍ਹਾਂ ਰਾਖਵੀਆਂ ਸੀਟਾਂ ਲਈ ਆਦਮੀ ਆਉਣਗੇ, ਉਨ੍ਹਾਂ ਨੂੰ ਪਹਿਲਾਂ ਪ੍ਰੈਫ਼ਰੈਂਸ ਦਿੱਤੀ ਜਾਏਗੀ ।

---

## ROUTE PERMITS ISSUED TO PRIVATE OPERATORS

*92. **Sathi Roop Lal** : Will the Chief Minister be pleased to state the number of route permits issued to private operators in the State under the "fifty-fifty scheme" during the period from 1st December, 1967 to 15th August, 1968 togetherwith the names of the operators companies to whom these have been issued ?

**Sardar Gurnam Singh** : A statement containing the requisite information is laid on the Table of the House.

(ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।)

Original with;
Punjab Vidhan Sabha
Digitized by;
Panjab Digital Library

| S. No. | Name of the Company | Name of Route | No. of Permits | Date of Sanction |
|---|---|---|---|---|
| 1. | New Suraj Transport Co. Ltd. Amritsar. | Amritsar-Patiala via Moga Barnala Sangrur (the company surrendred one return trip on ASR-Moga route). | 2 | 1.12.67 |
| 2. | Pritam Bus Service Ltd. Jullundur. | Jullundur-Pathankot | 1 | 15.12.67 |
| 3. | New Samundri Transport Co. Ltd. Ferozepore. | Ferozepur Mamdot | 1 | 16.12,67 |
| | | Ferozepur Muktsar via | 2 | |
| | | Sadiq Muktsar-Bhatinda | 2 | |
| 4. | National Transport and General Co. Ltd. Ludhiana. | Ludhiana-Jullundur | 1 | 8.1.68 |
| | | Ludhiana Moga FZR | 2 | |
| | | Ludhiana Jullundur Batala | 2 | |
| | | Ludhiana-Rupar-Nangal | 2 | |
| 5. | Akal Transport Co. Ltd. Ludhiana. | Ludhian-Abohar | 1 | 7.3.68 |
| 6. | Sewak Bus & Transport Co. Ltd. Moga. | —do— | | |
| 7. | Malout Transport Co. Ltd. Malout. | Malout-Fazilka via Panniwala | 1 | 16.3.68 |
| 8. | Punjab Transport Co-op. Society Ltd. Amritsar. | Amritsar-Bhatinda (not allowed further) | 1 | 29.8.68 |
| 9. | Dasmesh Transport Co. Ludhiana. | Gujarwal Kila Raipur Dehlon-Sahnewal-Kohra-Machhiwara | 1 | 16.3.68 |
| 10. | Malwa Bus Service Ltd. Moga. | Ludhiana-Ferozepur | 1 | —do— |
| 11. | Sewak Bus & Transport Co. Ltd. Moga. | Moga-Jullundur via Dharamkot Kawan Ka Patan | 1 | —do— |
| 12. | Dasmesh Transport Co. Ltd. Ludhiana. | Ludhiana-Jarg Jaurapul | 1 | 28.3.68 |
| 13. | Distt. Transport Co-op. Society Ltd. Amritsar. | Amritsar-Lopoke via Ajnala | 1 | 16.3.68 |
| | | ASR-Pathankot via Dera Baba Nanak Kalanaur Gurdaspur. | 1 | |
| 14. | New Janta Bus Service Ltd. Batala. | Pathankot-Shalapattan | 1 | 28 3.68 |
| 15. | Lahore Sargodha Transport Co. Malout. | Malout-Muktsar | 1 | —do— |
| 16. | Nishat & Malwa Bus (P) Ltd. Amritsar. | Amritsar-Qadian | 1 | —do— |
| 17. | New Mid Bhabra Transport Co. Batala. | ASR-Batala-Kalanaur Boharwadala | 1 | —do— |
| 18. | New Samundri Transport Co. Ltd. Malout. | Muktsar-Malout | 1 | —do— |
| 19. | Malout Transport Co. Ltd. Malout. | Muktsar-Jalalabad | 1 | —do— |
| 20. | Hoshiarpur Express Transport Co. Hoshiarpur. | Hoshiarpur-Rupar | 1 | —do— |

Original with;
Punjab Vidhan Sabha
Digitized by;
Panjab Digital Library

(ਮੁੱਖ ਮੰਤਰੀ)

| | | | | |
|---|---|---|---|---|
| 21. | National Transport & General Co. Ltd Ludhiana. | Samrala-Khanna | 1 | 16.3.68 |
| 22. | Hoshiarpur National Transporters, Hoshiarpur. | Hoshiarpur-Datarpur<br>Hoshiarpur-Tanda | 1<br>1 | —do— |
| 23. | New United Transport Co. Ltd. Amritsar. | Amritsar-Qadian | 1 | 28.3.68 |
| 24 | Sharnarthi Co-op. Transport Society, Abohar. | Abhohar-Dabwali Sitogano | 1 | 21.5.68 |
| 25. | Victory P H. Motor Transport Co. Hoshiarpur. | Jullundur-Hoshiarpur<br>Garshankar-Nurpur Abiana | 1<br>1 | 28.3.68 |
| 26. | Randhawa Transport Co. Ltd. Amritsar. | Amritsar-Wachhoha | 1 | —do— |
| 27. | Janta Transport Co-op. Society Ltd. Batala. | Abohar-Dabwali via Sitogano | 1 | 23.5.68 |
| 28. | New Sutlej Transport Co. Ltd. Jullundur. | Ludhiana-Jullundur-Batala. | 1 | 27.4.68 |
| 29. | National Transport and General Co. Ltd. Ludhiana. | Gujarwal-Machhiwara | 1 | 16.5.68 |
| 30. | Nirbhai Roadways Ltd. Ludhiana | Ludhiana-Khanna | 1 | 27.4.68 |
| 31. | Nankana Sahib Transport Co. Ltd. Ludhiana. | Ludhiana-Moga | 1 | —do— |
| 32. | Akal Transport Co. Ludhiana. | Ludhiana-Moga | 1 | —do— |
| 33. | State Transport Co-op. Society Ltd. Abohar. | Abohar-Jullundur via Moga<br>Kotkapura-Abohar Hanumangarh | 4<br>3 | 1.6.68 |
| 34. | Malwa Bus Service Ltd. Moga. | Moga-Ludhiana | 1 | 27.4.68 |
| 35. | Shakti Transport Co-op. Society Ltd. Malout. | Malout-Sikhwala | 1 | 5.6.68 |
| 36. | Onkar Bus Service Ltd. Jullundur. | Nawanshehr-Rupar | 1 | 27.4.68 |
| 37. | Shakti Co-op Transport Society Ltd. Malout. | Malout-Bazidpur via Chapianwali | 1 | 23.5.68 |
| 38. | Sandhu Roadways Ltd. ASR. | Amritsar-Bhatinda (Expired) | 1 | 29.3.68 |
| 39. | Nishat & Malwa Bus (P) Ltd. Amritsar. | Amritsar-Qadian | 1 | 28.3.68 |
| 40. | Kartar Bus Service, Jullundur | Jullundur-Pathankot | 1 | 16.3.63 |
| 41. | Jullundur Transport Co-op. Society Ltd. Jullundur. | —do— | 1 | —do— |
| 42. | New Samundri Transport Company Ltd. Ferozepore. | Malout-Fazilka via Panniwala (not allowed further) | 1 | 27.4.68<br>24.7.68 |
| 43. | Kisan Workers Transport Coop. Society Ltd. ASR. | Gurdaspur-Bhatinda via ASR-Moga-Kotkapura (not allowed further) | | 19.8.68 |
| 44. | Rohtak Distt. Transport Co-op. Society Ltd. ASR. | —do— | 1 | —do— |
| 45. | Onkar Bus Service Ltd. Jullundur. | Jullundur-Nawanshehr-Rupar | 1 | —do— |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 46. | Randhawa Transport Co. Ltd. Amritsar. | ASR-Tarsika<br>Tarsika-Mahta | 1<br>1 | 8.5.68 |
| 47. | New Himalaya Transport Co. Ltd. Batala. | Gurdaspur-Kahnuwan | 1 | 16.7.68 |
| 48. | New Janta Bus Service Ltd. Batala. | —do— | 1 | —do— |
| 49. | Randhawa Transport Co. Ltd. Amritsar. | Amritsar-Tarsikka | 2 | —do— |
| 50. | Akal Transport Co. Ltd. Ludhiana. | Ludhiana-Bhundri | 1 | —do— |
| 51. | New Piar Bus Service Ltd. Amritsar. | Amritsar-Varowal | 1 | —do— |
| 52. | New Jhang Transport Co. Ltd. Batala. | Batala-Beas-Kapurthala Jullundur (not allowed further) | 1 | —do— |
| 53. | New Piar Bus Service Ltd. Amritsar. | —do— | 1 | —do— |
| 54. | National Transport & Central Co. Ltd. Ludhiana. | Ludhiana-Khamano | 1 | —do— |
| 55. | Nankana Sahib Transport Co. Ltd. Ludhiana. | Ludhiana-Khamano | 1 | 16.7.68 |
| 56. | Moga Transport Co. Ltd. Moga. | Pathankot-Jullundur Kapurthala-Moga | 2 | —do— |
| 57. | New Majha Transport Co-op. Society Ltd. Amritsar. | Pati-Khem Karan. | 1 | —do— |
| 58. | Hoshiarpur express Trans port Co. Ltd. Hoshiarpur. | Hoshiarpur-Ludhiana via Nawanshehr | 1 | —do— |
| 59. | —do— | Mahilpur-Phagwara | 1 | —do— |
| 60. | New Majha Transport Co-op. Society Ltd. Amritsar. | Patti-Gajjal | 1 | —do— |
| 61. | New Samundri Transport Co. Ltd. Ferozepur. | Malout-Muktsar | 1 | —do— |
| 62. | Sheikhupura Transport Co. Ludhiana. | Ludhiana-Sultanpur Lodhi (not allowed further). | 1 | —do— |
| 63. | Hoshiarpur National Transport Ltd. Hoshiarpur. | Hoshiarpur-Tanda-Kapurthala (not allowed further). | 1 | —do— |
| 64. | Hoshiarpur Azad Transporters Ltd. Hoshiarpur. | —do— | 1 | —do— |
| 65. | Jullundur Mahalakshmi Transporters Society HSR. | Haryana-Kartarpur via Alawalpur | 1 | —do— |
| 66. | Doaba Roadways Ltd. Hoshiarpur. | Hoshiarpur-Adampur Bhogpur-Kapurthala (not allowed further) | | —do— |
| 67. | Doaba Transport Co. Ltd. Hoshiarpur. | —do— | 1 | —do— |
| 68. | Jullundur Transport Co-op. Society Ltd Jullundur. | Pathankot-Dasuya Kapurthala (not allowed further) | 1 | —do— |
| 69. | The Kharar Satnam Co-op. Transport Society Ltd. Kharar. | Kurali-Mullanpur via Siawan-Sialble-Khizrabad | 1 | 16.2.68 |
| 70. | M/s. Ambala Bus Syndicate (P) Ltd. Rupar. | Chandigarh-Chunikalan | 1 | 25.7.68 |

Original with;
Punjab Vidhan Sabha
Digitized by;
Panjab Digital Library

**ਸਾਥੀ ਰੂਪ ਲਾਲ** :—ਜੋ 50 : 50 ਬੇਸਿਜ਼ ਤੇ ਰੂਟ ਦੇਣ ਦੀ ਸਕੀਮ ਹੈ ਇਸ ਦੇ ਤਹਿਤ ਸਰਕਾਰ ਨੇ ਵੀ ਆਪਣੀਆਂ ਬੱਸਾਂ ਚਲਾਣੀਆਂ ਸਨ । ਕੀ ਇਹ ਉਨ੍ਹਾਂ ਰੂਟਸ ਤੇ ਚਲਾਈਆਂ ਗਈਆਂ ਹਨ ?

**ਮੁੱਖ ਮੰਤਰੀ** :—ਇਹ 8—10 ਸਫੇ ਦਾ ਜਵਾਬ ਹੈ । ਅਗਰ ਇਹ ਕਿਸੇ ਖਾਸ ਰੂਟ ਬਾਰੇ ਪੁਛਦੇ ਹਨ ਤਾ ਦੇਖ ਲਵਾਂਗਾ । ਜਾਂ ਇਹ ਦਸ ਦੇਣ ਕਿ ਇਹ ਸਮਝਦੇ ਹਨ ਕਿ ਇਥੇ ਗਲਤੀ ਹੋਈ ਹੈ, ਅਸੀਂ ਠੀਕ ਕਰਨ ਦੀ ਕੋਸ਼ਿਸ ਕਰਾਂਗੇ ।

**ਸਾਥੀ ਰੂਪ ਲਾਲ** :—ਨੈਸ਼ਨਲ ਟ੍ਰਾਂਸਪੋਰਟ ਕੰਪਨੀ ਨੂੰ ਬਹੁਤ ਸਾਰੇ ਰੂਟ ਦਿਤੇ ਗਏ ਹਨ ਅਤੇ ਗ਼ਲਤ ਢੰਗ ਨਾਲ ਦਿਤੇ ਗਏ ਹਨ, ਕੀ ਸਰਕਾਰ ਅਜਿਹੇ ਰੂਟਸ ਨੂੰ ਕੈਂਸਲ ਕਰੇਗੀ ?

**ਮੁੱਖ ਮੰਤਰੀ** :—ਇਸ ਦਾ ਪ੍ਰਸੀਜਰ ਇਹ ਹੈ ਕਿ ਟ੍ਰਾਂਸਪੋਰਟ ਕਮਿਸ਼ਨਰ ਰੂਟ ਪਰਮਿਟ ਦਿੰਦਾ ਹੈ । ਉਸ ਦੀ ਅਪੀਲ ਹੋ ਸਕਦੀ ਹੈ । ਇਹ ਗੱਲ ਕੁਆਸੀ-ਜੁਡੀਸ਼ੀਅਲ ਹੈ, ਉਸੇ ਢੰਗ ਨਾਲ ਇਸ ਦਾ ਫੈਸਲਾ ਹੋ ਸਕਦਾ ਹੈ ।

**ਸਾਥੀ ਰੂਪ ਲਾਲ** :—ਇਸੇ ਤਰ੍ਹਾਂ ਸਮੁੰਦਰੀ ਟ੍ਰਾਂਸਪੋਰਟ ਕੰਪਨੀ ਨੂੰ ਵੀ ਬਹੁਤ ਸਾਰੇ ਰੂਟਸ ਦਿਤੇ ਗਏ ਹਨ । ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ ਕਿ ਇਸ ਵਿਚ ਬਹੁਤ ਸਾਰੀ ਰਿਸ਼ਵਤਖੋਰੀ ਹੋਈ ਹੈ ।

**ਮੁੱਖ ਮੰਤਰੀ** :—ਸਰਕਾਰ ਇਨ੍ਹਾਂ ਦੀ ਬੜੀ ਮਸ਼ਕੂਰ ਹੋਵੇਗੀ, ਅਗਰ ਇਸ ਤਰ੍ਹਾਂ ਦਾ ਕੋਈ ਕੇਸ ਸਾਡੇ ਸਾਹਮਣੇ ਲਿਆ ਦੇਣ, ਕਿਉਂਕਿ ਅਸੀਂ ਤਾਂ ਰਿਸ਼ਵਤਖੋਰੀ ਨੂੰ ਖਤਮ ਕਰਨਾ ਚਾਹੁੰਦੇ ਹਾਂ ।

**ਸਰਦਾਰ ਕਿਰਪਾਲ ਸਿੰਘ** :—ਕੀ ਸਾਡੀ ਸਰਕਾਰ ਜੰਮੂ-ਕਸ਼ਮੀਰ ਦਾ ਪਰਮਿਟ ਕਿਸ ਇੰਡੀਵਿਜੁਅਲ ਨੂੰ ਦੇਣ ਬਾਰੇ ਸੋਚ ਰਹੀ ਹੈ ?

**ਮੁੱਖ ਮੰਤਰੀ** :—ਅਗਰ ਸਰਦਾਰ ਕਿਰਪਾਲ ਸਿੰਘ ਹੋਰੀਂ ਅਰਜ਼ੀ ਦੇਣ ਤਾਂ ਗ਼ੌਰ ਕਰ ਲਵਾਂਗੇ । (ਹਾਸਾ)

**ਕਾਮਰੇਡ ਸੱਤਪਾਲ ਡਾਂਗ** :—ਕੀ ਇਹ ਹਕੀਕਤ ਹੈ ਕਿ ਜਦ ਕਿ ਪ੍ਰਾਈਵੇਟ ਅਪਰੇਟਰਾਂ ਨੂੰ ਖੁਲ੍ਹ ਦਿਲੀ ਨਾਲ ਰੂਟ ਪਰਮਿਟ ਦਿੱਤੇ ਗਏ ਹਨ, ਸਰਕਾਰ ਦੇ ਪਾਸ ਆਪਣੀਆਂ ਬਹੁਤ ਸਾਰੀਆਂ ਬੱਸਾਂ ਵਿਹਲੀਆਂ ਖੜ੍ਹੀਆਂ ਹਨ, ਜੋ ਕਿਸੇ ਵੀ ਰੂਟ ਤੇ ਨਹੀਂ ਚਲਾਈਆਂ ਜਾਂਦੀਆਂ ।

**ਮੁੱਖ ਮੰਤਰੀ** :—ਮੈਂ ਨਹੀਂ ਕਹਿ ਸਕਦਾ ਕਿ ਸਰਕਾਰ ਦੀਆਂ ਬੱਸਾਂ ਵਿਹਲੀਆਂ ਪਈਆਂ ਹਨ । ਮੈਂ ਪ੍ਰੀਜ਼ਯੂਮ ਕਰਦਾ ਹਾਂ ਕਿ ਬੱਸਾ ਚਲਦੀਆਂ ਹਨ ।

**ਸਰਦਾਰ ਬੇਅੰਤ ਸਿੰਘ** :—ਕੀ ਮੁੱਖ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ ਕਿ ਜਿਥੇ 50 : 50 ਦੇ ਬੇਸਿਜ਼ ਤੇ ਬੱਸਾਂ ਨਹੀਂ ਚਲੀਆਂ, ਕੀ ਉਥੇ ਇਸ ਬਾਰੇ ਐਕਸ਼ਨ ਲਿਆ ਜਾਵੇਗਾ ?

**ਮੁੱਖ ਮੰਤਰੀ** :—ਜਿਥੇ ਇਹ ਨਹੀਂ ਹੋਇਆ ਅਤੇ ਕਾਨੂੰਨ ਮੁਤਾਬਕ ਹੋਣਾ ਚਾਹੀਦਾ ਸੀ, ਉਥੇ ਜ਼ਰੂਰ ਇਸ ਨੂੰ ਲਾਗੂ ਕਰਨਾ ਚਾਵ੍ਹਾਂਗੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ** :—ਪੈਪਸੂ ਵਿਚ ਇਕ ਡਿਫਰੈਂਟ ਸਕੀਮ ਲਾਗੂ ਹੈ। ਕੀ ਸਰਕਾਰ ਦਾ ਮਨਸ਼ਾ ਹੈ ਕਿ ਸਾਰੀ ਸਟੇਟ ਵਿਚ ਟ੍ਰਾਂਸਪੋਰਟ ਬਾਰੇ ਯੂਨੀਫਾਰਮ ਸਕੀਮ ਲਾਗੂ ਕੀਤੀ ਜਾਵੇ ?

**ਮੁੱਖ ਮੰਤਰੀ** :—ਗੱਲ ਇਹ ਹੈ ਕਿ 50 : 50 ਦੀ ਸਕੀਮ ਜੂਨ 1969 ਵਿਚ ਖ਼ਤਮ ਹੋ ਰਹੀ ਹੈ। ਗਵਰਨਮੈਂਟ ਸੋਚ ਰਹੀ ਹੈ ਕਿ ਉਸ ਦੇ ਮਗਰੋਂ ਕੀ ਪੈਟਰਨ ਹੋਵੇ । ਜਦੋਂ ਇਹ ਬਣਾਵਾਂਗੇ ਤਾਂ ਸਕੀਮ ਪਬਲਿਸ਼ ਹੋ ਜਾਵੇਗੀ ।

**ਚੌਧਰੀ ਸੁੰਦਰ ਸਿੰਘ** :—ਇਨ੍ਹਾਂ ਨੇ ਕਿਹਾ ਹੈ ਕਿ 1969 ਵਿਚ ਸਕੀਮ ਰੀਵਾਇਜ਼ ਕਰਾਂਗੇ। ਕੀ ਉਸ ਵਿਚ ਹਰੀਜਨਾਂ ਬਾਰੇ ਸੋਚਣਗੇ ? ਕੀ ਹਰੀਜਨਾਂ ਨੂੰ ਕੁਅਪਰੇਟਿਵ ਬੇਸਿਜ਼ ਤੇ ਰੂਟ ਦੇਣ ਦੀ ਗੱਲ ਸੋਚਣਗੇ ?

**ਮੁੱਖ ਮੰਤਰੀ** :—ਹਾਲੇ ਤਾਂ ਸਕੀਮ ਵੀ ਨਹੀਂ ਬਣਾਈ। ਜਦੋਂ ਬਣਾਵਾਂਗੇ ਤਾਂ ਚੌਧਰੀ ਸਾਹਿਬ ਦੀ ਗੱਲ ਤੇ ਗ਼ੌਰ ਕਰਾਂਗੇ ।

**ਸਾਥੀ ਰੂਪ ਲਾਲ** :—ਕੀ ਸਰਕਾਰ ਇਸ ਗੱਲ ਲਈ ਤਿਆਰ ਹੈ ਕਿ ਜੋ ਵੱਡੇ ਵੱਡੇ ਮਗਰ ਮੱਛਾਂ ਨੂੰ ਰੂਟ ਪਰਮਿਟ ਦਿੱਤੇ ਹੋਏ ਹਨ, ਉਹ ਅੱਗੇ ਨੂੰ ਕੁਅਪਰੇਟਿਵ ਸੁਸਾਇਟੀਆਂ ਨੂੰ ਦੇਣਗੇ ?

**ਮੁੱਖ ਮੰਤਰੀ** :—ਹਾਲੇ ਸਕੀਮ ਹੀ ਨਹੀਂ ਬਣੀ ਤਾਂ ਕੀ ਦੱਸਾਂ ਕਿਸ ਨੂੰ ਦਿਤੇ ਜਾਣਗੇ ।

**ਡਾ: ਸਾਧੂ ਰਾਮ** :—ਜਿਹੜੀਆਂ ਪਿੰਡਾਂ ਦੀਆਂ 5—6 ਮੀਲ ਲੰਬੀਆਂ ਸੜਕਾਂ ਸ਼ਹਿਰਾਂ ਦੇ ਨਾਲ ਲਗਦੀਆਂ ਬਣੀਆਂ ਹਨ, ਉਥੇ ਬੱਸਾਂ ਚਲਾਉਣ ਦਾ ਪ੍ਰੋਗ੍ਰਾਮ ਹੈ ?

**ਮੁੱਖ ਮੰਤਰੀ** :—ਜਿਥੇ ਜਿਥੇ ਇਹ ਸੜਕਾਂ ਬਣੀਆਂ ਹਨ ਉਥੇ ਇੰਤਜ਼ਾਮ ਕਰਦੇ ਹਾਂ, ਵਰਨਾ ਇਹ ਸੜਕਾਂ ਬਣਾਉਣ ਦਾ ਫਾਇਦਾ ਹੀ ਕੀ ਹੈ ।

**ਕਾਮਰੇਡ ਬਾਬੂ ਸਿੰਘ ਮਾਸਟਰ** :—ਕੀ ਇਹ ਠੀਕ ਹੈ ਕਿ ਇਹ ਜੋ ਰੂਟ ਪਰਮਿਟ ਦਿਤੇ ਗਏ ਉਹ ਸਿਆਸੀ ਪੱਖ ਨੂੰ ਮੁਖ ਰਖਕੇ ਦਿਤੇ ਗਏ ? ਕੀ ਸਰਕਾਰ ਇਸ ਦੀ ਇਨਕੁਆਇਰੀ ਕਰਾਉਣ ਲਈ ਤਿਆਰ ਹੈ ?

**ਮੁੱਖ ਮੰਤਰੀ** :—ਅਗਰ ਇਸ ਤਰ੍ਹਾਂ ਹੋਇਆ ਹੋਵੇਗਾ ਤਾਂ ਇਨਕੁਆਇਰੀ ਕਰਾਂਗੇ । ਕਾਮਰੇਡ ਹੋਰੀਂ ਇਸ ਵਿਚ ਸਾਡੀ ਮਦਦ ਕਰਨ । (ਤਾੜੀਆਂ)

**ਬਾਵਾ ਹਰਨਾਮ ਸਿੰਘ** :—ਚਾਰ ਪੰਜ ਬੱਸਾਂ ਪਠਾਨਕੋਟ ਤੋਂ ਹੁਸ਼ਿਆਰਪੁਰ ਟਾਂਡਾ, ਕਪੂਰ-ਥਲਾ ਆਦਿ ਹੋਕੇ ਜਾਂਦੀਆਂ ਹੁੰਦੀਆਂ ਸਨ । ਉਹ ਬੰਦ ਕਰ ਦਿਤੀਆਂ ਸਨ । ਕੀ ਸਰਕਾਰ ਇਨ੍ਹਾਂ ਨੂੰ ਮੁੜਕੇ ਜਾਰੀ ਕਰਨ ਤੇ ਵਿਚਾਰ ਕਰੇਗੀ ?

**ਮੁੱਖ ਮੰਤਰੀ** :—ਇਹ ਸਵਾਲ ਇਸ ਵਿੱਚੋਂ ਪੈਦਾ ਨਹੀਂ ਹੁੰਦਾ ਪਰ ਇਸ ਬਾਰੇ ਪਤਾ ਕਰ ਲਵਾਂਗਾ ਕਿ ਕੀ ਮਾਮਲਾ ਹੈ ।

**चौधरी बलबीर सिंह** :—इन्होंने कहा है कि नई पालिसी बना रहे हैं। क्या यह बताएंगे कि इसके लिए इन्होंने क्या तरीकाकार अपनाया है ? यह अफसरों की सब-कमेटी बनायेंगे या कुछ और करेंगे, यह अपनी स्कीम बताएं ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** :—ਇਨ੍ਹਾਂ ਨੂੰ ਪਤਾ ਨਹੀਂ ਸਰਕਾਰੀ ਕੰਮ ਕਿਵੇਂ ਹੁੰਦੇ ਹਨ । ਜਦ ਕਰਾਂਗੇ ਸਭ ਨੂੰ ਪਤਾ ਲਗ ਜਾਵੇਗਾ ।

***Starred Question No. 81**

**Mr. Speaker** :—The Government has requested for extension.

ESTIMATED WHEAT CROP

*46. **Comrade Satya Pal Dang** : Will the Chief Minister be pleased to state :—

(*a*) the estimated wheat crop in the Punjab this year and how much out of this would be the Mexican Variety ;

(*b*) the procurement prices which the Government propose to fix for the different varieties ?

**Sardar Gurnam Singh** :

(*a*) Wheat production in the Punjab State during the current year is estimated at 39·50 lakh metric tonnes which includes 28·50 lakh metric tonnes of Mexican Varieties.

(*b*) This matter is yet under the consideration of Government in the Department of Food and Supplies.

[(*a*) ਇਸ ਸਾਲ ਪੰਜਾਬ ਵਿੱਚ ਤਕਰੀਬਨ 39·50 ਲੱਖ ਮੀਟਰਕ ਟਨ ਕਣਕ ਦੀ ਪੈਦਾਵਾਰ ਹੋਣ ਦਾ ਅਨੁਮਾਨ ਹੈ । ਇਸ ਵਿੱਚ 28·50 ਲੱਖ ਮੀਟਰਕ ਟਨ ਮੈਕਸੀਕਨ ਕਣਕ ਦੀਆਂ ਕਿਸਮਾਂ ਸ਼ਾਮਲ ਹਨ ।

(*b*) ਇਹ ਮਾਮਲਾ ਅਜੇ ਸਰਕਾਰ ਦੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਵਿਚਾਰ ਅਧੀਨ ਹੈ ।]

**ਸਰਦਾਰ ਕਿਰਪਾਲ ਸਿੰਘ** :—ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਕੀ ਖਾਣ ਵਾਲਿਆਂ ਨੂੰ ਅਨਾਜ ਦੀ ਕੀਮਤ ਵਿਚ ਪਹਿਲਾਂ ਨਾਲੋਂ ਕੁਝ ਸਹੂਲਤ ਮਿਲੇਗੀ ?

**ਮੁੱਖ ਮੰਤਰੀ** : ਮੈਂ ਤਾਂ ਸਮਝਦਾ ਹਾਂ ਕਿ ਸਾਰੇ ਹੀ ਅਨਾਜ ਖਾਂਦੇ ਹਨ । (ਹਾਸਾ)

**ਸਰਦਾਰ ਕਿਰਪਾਲ ਸਿੰਘ** : ਮਾਰਕਿਟ ਵਿਚ ਦੋ ਕੈਟੇਗਰੀਜ਼ ਹੁੰਦੀਆਂ ਹਨ । ਇਕ ਉਹ ਲੋਕ ਜੋ ਵੇਚਦੇ ਹਨ ਅਤੇ ਦੂਜੇ ਜੋ ਖਰੀਦਦੇ ਹਨ......

**ਮੁੱਖ ਮੰਤਰੀ** : ਜੋ ਪੈਦਾ ਕਰਦੇ ਹਨ ਉਹ ਨਹੀ ਖਾਂਦੇ ?

**ਸਰਦਾਰ ਕਿਰਪਾਲ ਸਿੰਘ** : ਮੇਰਾ ਸਵਾਲ ਕਲੀਅਰ ਹੈ । (ਵਿਘਨ) ਜੋ ਗ਼ਰੀਬ ਅਨਾਜ ਖਰੀਦਦੇ ਹਨ, ਕੀ ਉਨ੍ਹਾਂ ਨੂੰ ਸਹੂਲਤਾਂ ਮਿਲਣਗੀਆਂ ਸੇਲ ਦੇ ਰੇਟ ਵਿਚ ?

**ਮੁੱਖ ਮੰਤਰੀ** : ਇਹ ਸਵਾਲ ਦੇ ਦਿਉ ਫਿਰ ਜਵਾਬ ਦੇ ਦਿਆਂਗਾ ।

**ਸਰਦਾਰ ਬਲਵੰਤ ਸਿੰਘ** : ਉਹ ਕਿਹੜੀਆਂ ਗੱਲਾਂ ਹਨ, ਜਿਨ੍ਹਾਂ ਦਾ ਖਿਆਲ ਰਖਕੇ

*Debate Dt. 21—4—69 may be referred to for starred question No. 81 and reply thereto.

Original with;
Punjab Vidhan Sabha
Digitized by;
Panjab Digital Library

ਸਿਵਲ ਸਪਲਾਈਜ਼ ਦਾ ਡਿਪਾਰਟਮੈਂਟ ਕਣਕ ਦੀ ਕੀਮਤ ਮੁਕਰੱਰ ਕਰਦਾ ਹੈ ?

**ਮੁੱਖ ਮੰਤਰੀ** : ਸਿਵਲ ਸਪਲਾਈਜ਼ ਦਾ ਮਹਿਕਮਾ ਨਹੀਂ ਪ੍ਰੋਕਯੁਰਮੈਂਟ ਪ੍ਰਾਈਸ ਸੈਂਟਰਲ ਗਵਰਨਮੈਂਟ ਫਿਕਸ ਕਰਦੀ ਹੈ। ਆਉਣ ਵਾਲੀ 3—4 ਤਰੀਕ ਨੂੰ ਦਿੱਲੀ ਵਿਚ ਸਾਰੇ ਮੁੱਖ ਮੰਤਰੀਆਂ ਦੀ ਮੀਟਿੰਗ ਹੋ ਰਹੀ ਹੈ, ਉਹ ਕੀਮਤ ਮੁਕਰੱਰ ਕਰਨਗੇ। ਅਸੀ ਉਨ੍ਹਾਂ ਸਾਹਮਣੇ ਇਹ ਗੱਲਾਂ ਰਖਣੀਆਂ ਹਨ ਕਿ ਕਾਸਟ ਆਫ ਪ੍ਰੋਡਕਸ਼ਨ ਕੀ ਹੈ ਖਾਦ ਦੀ ਕੀਮਤ ਵਧੀ ਹੈ, ਟੈਕਸ ਵਧ ਗਿਆ ਹੈ, ਲੇਬਰ ਮਹਿੰਗੀ ਹੋਈ ਹੈ, ਬਾਰਿਸ਼ ਨਾ ਹੋਣ ਕਰਕੇ ਪਾਣੀ ਵਧ ਦੇਣਾ ਪਿਆ ਹੈ। ਸਾਡੀ ਹਰ ਕੋਸ਼ਿਸ਼ ਰਹੇਗੀ ਕਿ ਗ੍ਰੋਅਰ ਨੂੰ ਵਾਜਬ ਕੀਮਤ ਮਿਲੇ ਤਾਕਿ ਉਸਨੂੰ ਇਸ ਬਾਰੇ ਇਨਸੈਂਟਿਵ ਰਹੇ।

**ਕੈਪਟਨ ਰਤਨ ਸਿੰਘ** : ਕੀ ਮੁੱਖ ਮੰਤਰੀ ਇਹ ਦੇਖਦੇ ਹੋਏ ਕਿ ਪੰਜਾਬ ਵਿਚ ਜ਼ਿਆਦਾ ਕਣਕ ਮੈਕਸੀਕਨ ਬੀਜੀ ਜਾਂਦੀ ਹੈ ਇਸ ਗੱਲ ਦਾ ਖਿਆਲ ਰਖਣਗੇ ਕਿ ਇਸ ਦੇ ਭਾਅ ਵਿਚ ਦੂਜੀਆਂ ਨਾਲੋਂ ਕਮੀ ਨਹੀ ਆਉਣ ਦਿਤੀ ਜਾਵੇਗੀ ?

**ਮੁੱਖ ਮੰਤਰੀ** : ਇਸ ਦੀ ਕੋਸ਼ਿਸ਼ ਕਰਾਂਗੇ। ਮੈਕਸੀਕਨ ਕਣਕ ਦੀਆਂ ਕੁਝ ਐਸੀਆਂ ਕਿਸਮਾਂ ਹਨ, ਜਿਨ੍ਹਾਂ ਦਾ ਭਾਅ ਦੇਸੀ ਦੇ ਬਰਾਬਰ ਹੋਣਾ ਚਾਹੀਦਾ ਹੈ।

**ਸਰਦਾਰ ਬੇਅੰਤ ਸਿੰਘ** : ਕੀ ਮੁੱਖ ਮੰਤਰੀ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਜਿਹੜੀ ਕੀਮਤ ਐਗਰੀਕਲਚਰ ਪ੍ਰਾਈਸ ਕਮਿਸ਼ਨ ਨੇ ਮੁਕੱਰਰ ਕੀਤੀ ਹੈ ਉਹ ਘਟ ਹੈ ?

**ਮੁੱਖ ਮੰਤਰੀ** : ਮੈਂ ਸਮਝਦਾ ਹਾਂ ਕਿ ਕੀਮਤ ਘਟ ਹੈ।

**ਕਾਮਰੇਡ ਬਾਬੂ ਸਿੰਘ ਮਾਸਟਰ** : ਕੀ ਮੁੱਖ ਮੰਤਰੀ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਹੜੀਆਂ ਕੀਮਤਾਂ ਪਿਛਲੇ ਸਾਂਝੇ ਫਰੰਟ ਨੇ ਮੁੱਕਰਰ ਕੀਤੀਆਂ ਸਨ, ਉਹ ਵਾਜਬ ਸਨ ਅਤੇ ਉਨ੍ਹਾਂ ਨੂੰ ਹੀ ਕਾਇਮ ਰਖਿਆ ਜਾਵੇਗਾ ?

**ਮੁੱਖ ਮੰਤਰੀ** : ਅਸੀਂ ਇਹ ਗੱਲ ਸੈਂਟਰ ਦੀ ਸਰਕਾਰ ਪਾਸ ਕਹਾਂਗੇ ਕਿ ਵਾਜਬ ਕੀਮਤ ਮੁੱਕਰਰ ਕੀਤੀ ਜਾਵੇ।

**चौधरी बलबीर सिंह** :—क्या मंत्री महोदय बताएंगे कि वाजब कीमत उनके ख्याल में कितनी है ?

**ਮੁੱਖ ਮੰਤਰੀ** : ਇਸ ਗੱਲ ਦਾ ਫੈਸਲਾ ਮੁਖ ਮੰਤਰੀਆਂ ਦੀਆਂ ਕਾਨਫਰੰਸਾਂ ਵਿਚ ਕੀਤਾ ਜਾਵੇਗਾ।

**चौधरी बलबीर सिंह** :—आन ए प्वायंट आफ आर्डर सर। मुख्य मंत्री साहिब ने इस से पहले सवाल के जवाब में कहा है कि जो कीमत मुकरर्र की गई है वह कम है तो इस लिए मेरा सवाल था कि वाजब कीमत क्या हैं तो इन्हों ने कहा है कि वाजब कीमत सैंट्रल गवर्नमैंट मुकरर्र करेगी। तो क्या यह बताएंगे कि पंजाब सरकार ने जो तखमीना मुकरर्र किया है, वह क्या है ?

**ਮੁੱਖ ਮੰਤਰੀ** :—ਮੈਂ ਇਹ ਬਿਲਕੁਲ ਨਹੀਂ ਕਿਹਾ ਕਿ ਜੋ ਕੀਮਤ ਮੁੱਕਰਰ ਕੀਤੀ ਗਈ ਹੈ ਸੈਂਟਰ ਦੀ ਸਰਕਾਰ ਵਲੋਂ ਉਹ ਕਮ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

**चौधरी बलबीर सिंह** :—आप स्पीकर साहिब सवाल का जवाब पढ़ लें। इन्हों ने कहा है कि जो कीमत मुकर्रर की गई है वह कम है।

**ਮੁੱਖ ਮੰਤਰੀ** : ਮੈਂ ਸਪੀਕਰ ਸਾਹਿਬ ਇਸ ਗੱਲ ਵਿਚ ਕੀ ਕਰਾਂ ਕਿ ਆਨਰੇਬਲ ਚੋਧਰੀ ਸਾਹਿਬ ਦਾ ਧਿਆਨ ਹੀ ਇਸ ਪਾਸੇ ਨਹੀਂ ਸੀ। ਮੈਂ ਤਾਂ ਐਗਰੀਕਲਚਰ ਪ੍ਰਾਈਸ ਕਮਿਸ਼ਨ ਦੀ ਗੱਲ ਕੀਤੀ ਸੀ।

**ਕੈਪਟਨ ਰਤਨ ਸਿੰਘ** : ਕੀ ਮੁੱਖ ਮੰਤਰੀ ਸਾਹਿਬ ਨੂੰ ਇਸ ਗੱਲ ਦਾ ਇਲਮ ਹੈ ਕਿ ਜਿਹੜੀ ਪ੍ਰਾਈਸ ਰੀਮੁਨਰੇਟਿਵ ਐਗਰੀਕਲਚਰ, ਕਮਿਸ਼ਨ ਨੇ ਪਿਛਲੇ ਸਾਲ ਰਖੀ ਸੀ, ਉਹ ਵੀ ਘਟ ਸੀ ਅਤੇ ਕੀ ਅਗੋਂ ਇਸ ਗੱਲ ਦਾ ਧਿਆਨ ਰਖਿਆ ਜਾਵੇਗਾ ਕਿ ਪ੍ਰੋਡਿਊਸਰ ਨੂੰ ਰੀਮੁਨਰੇਟਿਵ ਪ੍ਰਾਈਸ ਮਿਲ ਸਕੇ।

**ਮੁੱਖ ਮੰਤਰੀ** ; ਮੈਨੂੰ ਇਸ ਗੱਲ ਦਾ ਪਤਾ ਹੈ ਕਿ ਪ੍ਰਾਈਸ ਕਮਿਸ਼ਨ ਨੇ ਰੇਟ ਪਿਛਲੀ ਵੇਰ ਵੀ ਘਟ ਸੁਜੈਸਟ ਕੀਤਾ ਸੀ। ਮੁੱਖ ਮੰਤਰੀਆਂ ਦੀ ਕਾਨਫਰੰਸ ਵਿਚ ਇਸ ਗੱਲ ਤੇ ਜ਼ੋਰ ਦਿਤਾ ਜਾਵੇਗਾ ਕਿ ਪ੍ਰੋਡਿਊਸਰ ਨੂੰ ਨੁਕਸਾਨ ਨਾ ਹੋਵੇ।

**ਸਰਦਾਰ ਨਰਿੰਦਰ ਸਿੰਘ** :—ਕੀ ਮੁੱਖ ਮੰਤਰੀ ਸਾਹਿਬ ਇਹ ਦਸਣਗੇ ਕਿ ਇਨ੍ਹਾਂ ਪਾਸ ਕਿਹੜੀ ਏਜੰਸੀ ਹੈ ਜਿਸ ਨਾਲ ਸਲਾਹ ਕਰਕੇ ਇਹ ਆਪਣਾ ਇਰਾਦਾ ਬਣਾ ਕੇ ਦਿੱਲੀ ਕਾਨਫਰੰਸ ਵਿਚ ਜਾਣਗੇ ਕਿ ਇਹ ਭਾ ਮੁਕੱਰਰ ਹੋਣਾ ਚਾਹੀਦਾ ਹੈ ? ਕੀ ਇਹ ਐਗਰੀਕਲਚਰ ਯੂਨੀਵਰਸਟੀ ਤੋਂ ਪਤਾ ਕਰਨਗੇ ਜਾਂ ਡਿਵੈਲਪਮੈਂਟ ਡੀਪਾਰਮੈਂਟ ਜਾਂ ਰੈਵੇਨਿਊ ਡੀਪਾਰਟਮੈਂਟ ਨਾਲ ਸਲਾਹ ਕਰਨਗੇ ਅਤੇ ਕਿਸ ਏਜੰਸੀ ਨਾਲ ਸਲਾਹ ਕਰਨਗੇ ? ਕੀ ਇਹ ਇਸ ਗੱਲ ਵਿਚ ਹਾਊਸ ਨੂੰ ਕਾਨਫੀਡੈਂਸ ਵਿਚ ਲੈਣਾ ਵਾਜਬ ਨਹੀਂ ਸਮਝਦੇ ?

**ਮੁੱਖ ਮੰਤਰੀ** :—ਮੈਂ ਤਾਂ ਹੈਰਾਨ ਹਾਂ ਕਿ ਇਹ ਆਪ ਜਨਤਾ ਪਾਰਟੀ ਦੀ ਸਰਕਾਰ ਵਿਚ ਮਨਿਸਟਰ ਰਹੇ ਹਨ, ਇਨ੍ਹਾਂ ਨੂੰ ਪਤਾ ਹੋਣਾ ਹੈ ਕਿ ਕਿਹੜੀਆਂ ਏਜੰਸੀਆਂ ਸਰਕਾਰ ਪਾਸ ਹਨ, ਜਿਨ੍ਹਾਂ ਤੋਂ ਸਲਾਹ ਲਈ ਜਾਂਦੀ ਹੈ। (ਹਾਸਾ)

**ਕਾਮਰੇਡ ਸੱਤਪਾਲ ਡਾਂਗ** :—ਇਸ ਗੱਲ ਦੇ ਮੱਦੇਨਜ਼ਰ ਕਿ ਧਨੀ ਕਿਸਾਨ ਰੀਮੁਨਰੇਟਿਵ ਪ੍ਰਾਈਸ ਦੇ ਨਾਂ ਹੇਠ ਬਲੈਕ ਪ੍ਰਾਈਸ ਲੈਣਾ ਚਾਹੁੰਦੇ ਹਨ ਅਤੇ ਜਿਹੜੇ ਲੈਂਡਲੈਸ ਹਨ, ਜਿਨ੍ਹਾਂ ਨੂੰ ਪਹਿਲੇ ਦਿਨ ਹੀ ਕਣਕ ਖਰੀਦ ਕਰਨੀ ਪੈਂਦੀ ਹੈ ਕਣਕ ਦੇ ਭਾਅ ਨੂੰ ਮਜ਼ੀਦ ਨਹੀਂ ਵਧਾਣਾ ਚਾਹੀਦਾ, ਕੀ ਇਹ ਮਹੱਤਵ ਪੂਰਣ ਫੈਕਟਰ ਨਹੀਂ ?

**ਮੁੱਖ ਮੰਤਰੀ** :—ਸਾਰੇ ਫੈਕਟਰਜ਼ ਨੂੰ ਸਾਹਮਣੇ ਰਖਿਆ ਜਾਵੇਗਾ। ਫਰਟੇਲਾਇਜ਼ਰ ਦੀ ਕੀਮਤ ਵਧ ਗਈ ਹੈ ਅਤੇ ਸੈਂਟਰ ਵਲੋਂ ਐਗਰੀਕਲਚਰ ਤੇ ਟੈਕਸ ਲਗਾਣ ਦੀ ਵੀ ਤਜਵੀਜ਼ ਹੈ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰਖ ਕੇ ਮੈਂ ਹਾਊਸ ਨੂੰ ਯਕੀਨ ਦਿਵਾਂਦਾ ਹਾਂ ਕਿ ਜਿਥੇ ਰੀਮੁਨਰੇਟਿਵ ਪ੍ਰਾਈਸ ਦਾ ਧਿਆਨ ਰਖਿਆ ਜਾਵੇਗਾ, ਉਥੇ ਕੰਜ਼ਿਊਮਰ ਲਈ ਭਾਅ ਉੱਚਾ ਨਾ ਕੀਤਾ ਜਾਵੇ।

**ਕੈਪਟਨ ਰਤਨ ਸਿੰਘ** :—ਕੀ ਮੁਖ ਮੰਤਰੀ ਸਾਹਿਬ ਦਸਣਗੇ ਕਿ ਹੋਰਨਾਂ ਏਜੰਸੀਆਂ ਤੋਂ ਇਲਾਵਾ ਕਾਮਰੇਡ ਰਾਮ ਕਿਸ਼ਨ ਜਦ ਮੁਖ ਮੰਤਰੀ ਸਨ ਤਾਂ ਜਿਵੇਂ ਸਰਦਾਰ ਉਜਲ ਸਿੰਘ ਕਮੇਟੀ

Original with;
Punjab Vidhan Sabha
Digitized by;
Panjab Digital Library

ਬਣਾਈ ਗਈ ਸੀ ਕੀ ਇਹ ਇਸ ਤਰ੍ਹਾਂ ਦੀ ਕਮੇਟੀ ਹੁਣ ਬਣਾਉਣ ਨੂੰ ਤਿਆਰ ਹਨ ਜੋ ਕਾਸਟ ਆਫ ਪ੍ਰੋਡਕਸ਼ਨ ਦੇ ਬਾਰੇ ਵਿਚ ਪੂਰੀ ਜਾਂਚ ਪੜਤਾਲ ਕਰ ਸਕਣ ਅਤੇ ਕੀ ਇਸ ਤੋਂ ਬਿਨਾਂ ਸਰਕਾਰੀ ਮੈਂਬਰ ਲਏ ਜਾਣਗੇ ? ਤਾਂ ਜੋ ਸਰਕਾਰ ਪਾਸ ਇਹ ਆਂਕੜੇ ਆ ਸਕਣ ਕਿ ਕਿਨੀ ਕਾਸਟ ਆਫ ਪ੍ਰੋਡਕਸ਼ਨ ਵਧੀ ਹੈ ।

**ਮੁੱਖ ਮੰਤਰੀ** :—ਇਸ ਨਵੀਂ ਕਮੇਟੀ ਦੇ ਬਣਾਉਣ ਦੀ ਲੋੜ ਨਹੀਂ । ਸਾਡੇ ਪਾਸ ਇਨ੍ਹਾਂ ਦੀ ਪਹਿਲੀ ਰਿਪੋਰਟ ਹੈ ਅਤੇ ਕਾਸਟ ਕਿੰਨੇ ਪਰਸੈਂਟ ਹੋਈ ਹੈ ਇਸ ਦਾ ਹਿਸਾਬ ਵੀ ਹੈ ਅਤੇ ਕਈ ਹੋਰ ਅਦਾਰੇ ਹਨ ਜਿਨ੍ਹਾਂ ਪਾਸੋਂ ਡੀਟੇਲ ਇਕੱਠੀ ਕੀਤੀ ਜਾ ਰਹੀ ਹੈ ।

**ਕੈਪਟਨ ਰਤਨ ਸਿੰਘ** :—ਕੀ ਮੁੱਖ ਮੰਤਰੀ ਸਾਹਿਬ, ਇਸ ਗੱਲ ਲਈ ਹਾਊਸ ਨੂੰ ਐਸ਼ਿਉਰ ਕਰਨਗੇ ਕਿ ਅਜਿਹੇ ਕਣਕ ਪੈਦਾ ਕਰਨ ਵਾਲਿਆਂ ਦੇ ਹਿਤਾਂ ਨੂੰ ਬਚਾਉਣ ਵਲ ਪੂਰਾ ਧਿਆਨ ਦਿੱਤਾ ਜਾਵੇਗਾ ਅਤੇ ਜਿਨ੍ਹਾਂ ਦੀ ਆਮਦਨ 300 ਰੁਪਏ ਮਾਹਵਾਰ ਤੋਂ ਘਟ ਹੈ, ਕੀ ਉਨ੍ਹਾਂ ਨੂੰ ਕਣਕ ਦੇ ਭਾਅ ਵਿਚ ਸਬਸਿਡੀ ਦਿਤੀ ਜਾਵੇਗੀ ?

**ਮੁੱਖ ਮੰਤਰੀ** :—ਇਹ ਤਾਂ ਚੰਗਾ ਹੋਇਆ ਕਿ ਇਹ ਗੱਲ ਡਿਪਟੀ ਲੀਡਰ ਆਫ ਦੀ ਅਪੋਜ਼ੀਸ਼ਨ ਵਲੋਂ ਆਈ ਹੈ । ਸੈਂਟਰ ਵਿਚ ਇਨ੍ਹਾਂ ਦੀ ਸਰਕਾਰ ਹੈ । ਇਹ ਸਾਡੀ ਇਸ ਸਬੰਧ ਵਿਚ ਸਿਫਾਰਸ਼ ਕਰ ਦੇਣ ਅਤੇ ਕੀਮਤ ਠੀਕ ਕਰਵਾ ਦੇਣ । ਸਾਨੂੰ ਕੀ ਇਤਰਾਜ਼ ਹੋ ਸਕਦਾ ਹੈ ? (ਪ੍ਰਸ਼ੰਸਾ)

**ਕਾਮਰੇਡ ਬਾਬੂ ਸਿੰਘ ਮਾਸਟਰ** :—ਕੀ ਮੁਖ ਮੰਤਰੀ ਸਾਹਿਬ ਦਸਣਗੇ ਕਿ ਜਿਹੜਾ ਭਾਅ ਹਾੜੀ ਦੇ ਮੌਕੇ ਤੇ ਮੁਕੱਰਰ ਕੀਤਾ ਜਾਵੇਗਾ, ਉਸੇ ਹੀ ਭਾਅ ਤੇ ਕਣਕ ਫੱਗਣ ਚੇਤ ਤਕ ਮਿਲਦੀ ਰਹੇਗੀ ਅਤੇ ਉਸ ਭਾਅ ਨੂੰ ਇਨ੍ਹਾਂ ਮਹੀਨਿਆਂ ਵਿਚ ਕਾਇਮ ਰਖਿਆ ਜਾਵੇਗਾ ।

**ਮੁੱਖ ਮੰਤਰੀ** :—ਐਸ ਵੇਲੇ ਤਾਂ ਨਹੀਂ ਕਿਹਾ ਜਾ ਸਕਦਾ ਪਰ ਸਰਕਾਰ ਇਸ ਗੱਲ ਦੀ ਕੋਸ਼ਿਸ਼ ਕਰੇਗੀ ਕਿ ਭਾਅ ਵਿਚ ਕੋਈ ਫਰਕ ਨਾ ਆਣ ਦਿਤੀ ਜਾਵੇ ।

## UNSTARRED QUESTION

**Mr. Speaker** :—Reply to unstarred question No. 20 has not been received from the Government.

## QUESTIONS OF PRIVILEGE

**ਸ਼੍ਰੀ ਸਪੀਕਰ** :—ਮੈਨੂੰ 4 ਪ੍ਰਿਵਿਲਿਜ ਮੋਸ਼ਨਜ਼ ਮਿਲੇ ਨੇ, ਜਿਨ੍ਹਾਂ ਵਿਚੋਂ ਪਹਿਲੇ ਤਿੰਨ ਕੈਪਟਨ ਰਤਨ ਸਿੰਘ ਦੇ ਹਨ । ਪਹਿਲਾ (No. 9) ਰੈਵੀਨਿਊ ਮਨਿਸਟਰ ਸਾਹਿਬ ਦੇ ਬਾਰੇ ਹੈ ਜੋ ਇਸ ਸਦਨ ਵਿਚ ਦਿੱਤਾ ਗਿਆ ਸੀ ਅਤੇ ਇਸ ਸਬੰਧੀ ਇਕ ਖਬਰ "ਕੌਮੀ ਦਰਦ" ਅਖਬਾਰ ਦੇ ਵਿਚ ਛਪੀ ਸੀ । ਮੇਰਾ ਇਸ ਸਬੰਧੀ ਫੈਸਲਾ ਇਹ ਹੈ ਕਿ ਜੋ ਬਿਆਨ ਹਾਊਸ ਦੇ ਵਿਚ ਆਇਆ, ਉਹ ਸਹੀ ਹੈ, ਇਸ ਲਈ ਇਹ ਪ੍ਰਿਵਿਲੇਜ ਮੋਸ਼ਨ ਰੱਦ ਕੀਤੀ ਜਾਂਦੀ ਹੈ ।

ਦੂਸਰੀ ਮੋਸ਼ਨ (No. 10) ਕੈਪਟਨ ਰਤਨ ਸਿੰਘ ਵੱਲੋਂ ਹੈ ਕਿ ਸ਼ੈਡੂਲਡ ਕਾਸਟ ਕਮਿਸ਼ਨਰ ਦੀਆਂ ਰਿਪੋਰਟਸ ਵਿਧਾਨ ਪਰੀਸ਼ਦ ਦੇ ਵਿਚ ਪਹਿਲਾਂ ਰੱਖੀਆਂ ਗਈਆਂ ਅਤੇ ਇਸ ਹਾਊਸ ਵਿਚ ਬਾਅਦ ਵਿਚ ਰੱਖੀਆਂ ਗਈਆਂ (ਵਿਘਨ) (I have received notices of four privilege motions. Out of these, first three notices have been received from Capt.

Original with;
Punjab Vidhan Sabha
Digitized by;
Panjab Digital Library

**(Mr. Speaker)**
Rattan Singh. The first Notice (No. 9) was in connection with the statement by the Revenue Minister. A news item had appeared in the 'Quami Dard' about it. I disallow this motion on the ground that the statement given in the House by the Minister was correct.

The second Privilege motion (No. 10) notice of which was given by Capt. Rattan Singh. The Reports of the Scheduled Castes Commissioner were laid on the Table of the House first in the Vidhan Parishad and later in the Vidhan Sabha. (Interruption)

**ਕੈਪਟਨ ਰਤਨ ਸਿੰਘ** :—ਬਾਅਦ ਵਿਚ ਵੀ ਨਹੀਂ ਰਖੀ ਗਈ ਜੀ। ਇਨ੍ਹਾਂ ਦਾ ਅਜ ਰੱਖਣ ਦਾ ਵਿਚਾਰ ਹੈ।

**ਸ਼੍ਰੀ ਸਪੀਕਰ** :—ਮੇਰਾ ਇਹ ਵਿਚਾਰ ਹੈ ਕਿ ਇਸ ਵਿਚ ਇਸ ਸਦਨ ਦਾ ਪ੍ਰਿਵਿਲੇਜ ਇਨਵਾਲਵਡ ਨਹੀਂ ਹੈ ਪਰ ਅਗੋਂ ਲਈ ਮਨਿਸਟਰ ਸਾਹਿਬ ਇਸ ਗੱਲ ਦਾ ਯਤਨ ਕੀਤਾ ਕਰਨ ਕਿ ਦੋਵੇਂ ਸਭਾਵਾਂ ਵਿਚ ਇਹ ਇਕੋ ਦਿਨ ਹੀ ਲੇ ਕੀਤੀਆਂ ਜਾਣ।

(I am of the view that no privilege of the House is involved in this matter. However the Ministers should be careful in future to lay such papers on the same day in both the Houses.)

**ਕੈਪਟਨ ਰਤਨ ਸਿੰਘ** :—ਮੇਰੀ ਇਕ ਸਬਮਿਸ਼ਨ ਹੈ ਕਿ ਇਸ ਤਰ੍ਹਾਂ ਦੀ ਗੱਲ ਪਹਿਲਾਂ ਖੁਰਾਕ ਮੰਤਰੀ ਤੋਂ ਹੋਈ ਸੀ, ਉਸ ਵੇਲੇ ਸ਼੍ਰੀ ਡਾਂਗ ਸਾਹਿਬ ਮਨਿਸਟਰ ਸੀ, ਉਨ੍ਹਾਂ ਨੇ ਹਾਊਸ ਵਿਚ ਮੁਆਫੀ ਮੰਗੀ ਸੀ। ਇਹ ਰਿਪੋਰਟਾਂ ਅੱਜ ਤਕ ਹਾਊਸ ਵਿੱਚ ਨਹੀਂ ਪੇਸ਼ ਹੋਈਆਂ।

**ਸ਼੍ਰੀ ਸਪੀਕਰ** :—ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਹ ਹਾਊਸ ਨੂੰ ਐਸ਼ੋਰੈਂਸ ਦੇ ਦੇਣ।

(I would request the Minister concerned to assure the House in this matter.)

**ਵਿੱਤ ਮੰਤਰੀ** :—ਇਸ ਦੇ ਮੁਤੱਲਿਕ ਮੈਂ ਸਾਰੀ ਚੀਜ਼ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਵਿਚ ਕਹਿ ਚੁੱਕਾ ਹਾਂ। ਮੈਂ ਵੀ ਸਮਝਦਾ ਹਾਂ ਕਿ ਇਹ ਰਿਪੋਰਟ ਇਕਸਾਥ ਹੀ ਦੋਵਾਂ ਸਦਨਾਂ ਵਿਚ ਲੇ ਕਰਨੀ ਚਾਹੀਦੀ ਸੀ। ਮੈਨੂੰ ਅਫਸੋਸ ਹੈ ਕਿ ਐਸਾ ਨਹੀਂ ਹੋ ਸਕਿਆ।

**ਸ਼੍ਰੀ ਸਪੀਕਰ** :—ਤੀਸਰੀ ਮੋਸ਼ਨ (No. 11.) ਜਿਹੜੀ ਆਈ ਹੈ, ਇਸ ਦੇ ਬਾਰੇ ਸਦਨ ਵਿਚ ਚੀਫ ਮਨਿਸਟਰ ਸਹਿਬ ਨੇ ਗਵਰਨਰ ਐਡਰੈਸ ਦੀ ਡੀਬੇਟ ਵੇਲੇ ਦੱਸਿਆ ਸੀ ਕਿ ਹਾਈਕੋਰਟ ਵਿਚ ਕੁਝ ਸਟ੍ਰਿਕਚਰ ਪਾਸ ਹੋਏ ਨੇ............। (ਵਿਘਨ)

(As regards the third motion (No. 11) it has been mentioned by the Chief Minister, while the Governor's Address was under discussion, that certain strictures were passed by the High Court)......(interruption)

This motion is based on a newspaper report. Even if it is accepted as true, the Privilege Motion is not the proper remedy. A Substantive

Original with;
Punjab Vidhan Sabha
Digitized by;
Panjab Digital Library

Motion, as provided in the rules, can be brought if the Hon. Members so desire. I, therefore, do not give my consent to this question of privilege being raised.

**Captain Rattan Singh** : In this connection, Sir, I want to make my submission.

**Mr. Speaker** : Please take your seat.

**Captain Rattan Singh** : Sir, I can differ with you. This is a very serious matter and I want to make my submission.

**Mr. Speaker** : Please take your seat. Please take your seat.

**Captain Rattan Singh** : Sir, I again rise with your permission.

(*Noise in the House*)

**Mr. Speaker** : I have given my ruling and that is final.

**Captain Rattan Singh** : Sir, I always obey your orders. But if the ruling is not based on conventions, I request you to kindly reconsider it.

**Mr. Speaker** : I am sorry. I have given my ruling and I have nothing more to say.

**Captain Rattan Singh** : But, Sir, this is very unfair to the House.

**Mr. Speaker** : Please take your seat.

**Captain Rattan Singh** : Sir, I will now take my seat, but I will again rise to speak.

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਤੁਸੀਂ ਜੋ ਰੂਲਿੰਗ ਦਿੱਤਾ ਹੈ ਉਸ ਤੇ ਮੈਂਬਰ ਸਹਿਬ ਨੂੰ ਅਰਜ਼ ਕਰਨ ਦੀ ਇਜਾਜ਼ਤ ਦੇ ਦਿਉ। ਹੋ ਸਕਦਾ ਹੈ ਤੁਸੀਂ ਸੈਟਸਫ਼ਾਈ ਹੋਕੇ ਆਪਣਾ ਇਰਾਦਾ ਇਸ ਰੂਲਿੰਗ ਬਾਰੇ ਬਦਲ ਲਉ।

**Mr. Speaker** : The ruling cannot be the subject of discussion.

**Sardar Umrao Singh** : On a point of order, Sir.

**Mr. Speaker** : Please take your seat.

**ਕੈਪਟਨ ਰਤਨ ਸਿੰਘ** : ਮੇਰੀ ਕੋਈ ਵੀ ਖਾਹਸ਼ ਨਹੀਂ ਹੈ ਕਿ ਮੈਂ ਇਸ ਵੇਲੇ ਕੋਈ ਐਸੀ ਗੱਲ ਕਰਾਂ ਜਿਸ ਨਾਲ ਕੋਈ ਹੋਰ ਭੁਲੇਖਾ ਉਠੇ ਮੈਂ ਬੜੀ ਨਿਮਰਤਾ ਨਾਲ ਅਰਜ਼ ਕਰਾਂਗਾ ਕਿ ਇਸ ਹਾਊਸ ਵਿਚ, ਜੋ ਚੀਜ਼ ਸੁਪ੍ਰੀਮ ਕੋਰਟ ਵਿਚ ਹੋਈ ਦੱਸੀ ਜਾ ਸਕਦੀ ਹੈ, ਤੁਸੀਂ ਇਸ ਉਤੇ ਹਾਊਸ ਵਿਚ ਪੇਸ਼ ਹੋਈ ਮੋਸ਼ਨ ਨੂੰ ਰੀਕਨਸਿਡਰ ਕਰੋ। ਮੈਂ ਤੁਹਾਡੇ ਕੋਲੋਂ ਗੰਭੀਰਤਾ ਨਾਲ ਮੰਗ ਕਰਦਾ ਹਾਂ।

**Mr. Speaker** : Please take your seat. Please take your seat.

Original with;
Punjab Vidhan Sabha
Digitized by;
Panjab Digital Library

**Captain Rattan Singh** : Sir, if you do not permit me to speak, I have to walk out.

(*Noise in the House*)

**ਕੈਪਟਨ ਰਤਨ ਸਿੰਘ** : ਮੇਰੀ ਕੋਈ ਵੀ ਖਾਹਸ਼ ਨਹੀਂ ਹੈ ਕਿ ਇਸ ਹਾਊਸ ਦੀਆਂ ਚਲ ਰਹੀਆ ਪ੍ਰੋਸੀਡਿੰਗਜ਼ ਦੇ ਵਿਚ ਕੋਈ ਗਲਤ ਗੱਲ ਕਰਾਂ, ਜੋ ਇਸ ਹਾਊਸ ਦੀਆਂ ਟਰੇਡੀਸ਼ਨਜ਼ ਹਨ, ਇਸ ਵਿਚ ਹਾਊਸ ਦੇ ਪ੍ਰਿਵਿਲਿਜ ਦਾ ਸਵਾਲ ਵੀ ਹੈ, ਇਸ ਨੂੰ ਤੁਸੀਂ ਰੀ-ਕਨਸਿਡਰ ਕਰੋ ਅਤੇ ਸਖਤੀ ਦੇ ਨਾਲ ਇਸ ਤੇ ਕਦਮ ਚੁਕੋ ।

**ਸਰਦਾਰ ਉਮਰਾਓ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਰੂਲਿੰਗ ਤੁਸੀਂ ਏਥੇ ਦਿੰਦੇ ਹੋ ਕੀ ਤੁਸੀਂ ਉਸ ਨੂੰ ਰੀਵਾਈਜ਼ ਕਰਨ ਦੇ ਕੰਪੀਟੈਂਟ ਨਹੀਂ ਹੋ ?

**ਸ੍ਰੀ ਸਪੀਕਰ** : ਮੈਨੂੰ ਰੀਵਾਈਜ਼ ਕਰਨ ਦੀ ਲੋੜ ਨਹੀਂ

(I don't feel the necessity of revising my ruling.)

WALK-OUT

(ਇਸ ਸਮੇਂ ਸਾਰੇ ਆਪੋਜ਼ੀਸ਼ਨ ਦੇ ਕਾਂਗਰਸੀ ਮੈਂਬਰ ਵਾਕ-ਆਊਟ ਕਰ ਗਏ)

**ਮਾਸਟਰ ਗੁਰਬੰਤਾ ਸਿੰਘ** : (ਸ਼ੋਰ)...(ਜਾਂਦਿਆਂ) ਕੀ ਸਰਕਾਰ ਟੁੱਟ ਚਲੀ ਸੀ ਕਿ ਸਾਨੂੰ ਆਪਣੇ ਖ਼ਿਆਲਾਤ ਦੇ ਇਜ਼ਹਾਰ ਕਰਨ ਦਾਂ ਵੀ ਮੌਕਾ ਨਹੀਂ ਦਿੱਤਾ ਜਾਂਦਾ । (ਵਿਘਨ)... (ਸ਼ੋਰ)...ਵਾਕ ਆਊਟ ਨਾ ਕਰਦੇ ਤਾਂ ਫੇਰ ਕੀ ਕਰਦੇ ਇਤਨੀ ਬੇਇਨਸਾਫੀ ਨਹੀਂ ਸੀ ਹੋਣੀ ਚਾਹੀਦੀ । ਕਮ ਅਜ਼ ਕਮ ਸਾਨੂੰ ਸੁਣ ਤਾਂ ਲਿਆ ਜਾਂਦਾ ।

(ਸ਼ੇਮ ਸ਼ੇਮ ਦੀਆਂ ਆਵਾਜ਼ਾਂ)

---

QUESTIONS OF PRIVILEGE (Resumption)

**Mr. Speaker** : The fourth Privilege Motion (No. 12) by Dr. Amir Singh relates to a news item appearing in an Urdu Paper dated the 25th March, 1969 to the effect that for the bye-election to Rajya Sabha, some voters were being offered certain sums. I am writing to the Chairman of the Press Gallery Committee, in this connection and I will give my ruling after I have received his reply.

---

CALL ATTENTION NOTICES

**Serial No. 79**

**ਕਾਮਰੇਡ ਬਾਬੂ ਸਿੰਘ ਮਾਸਟਰ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ 20 ਮਾਰਚ ਨੂੰ ਹੁਸ਼ਿਆਰਪੁਰ ਦੇ ਨੇੜੇ ਪਿੰਡ ਕਾਲੜਾ ਦੀਆਂ ਦੋ ਪੜ੍ਹਨ ਵਾਲੀਆਂ ਲੜਕੀਆਂ ਅਗਵਾ ਕੀਤੀਆਂ ਗਈਆਂ । ਇਕ ਲੜਕੀ ਬਿਮਲਾ ਦੀ ਗੁੰਡਿਆਂ ਨੇ ਬੇਦਰਦੀ ਨਾਲ ਬੇਪਤੀ ਕੀਤੀ ਅਤੇ ਉਸ ਨੂੰ ਮਾਰ ਦਿੱਤਾ ਗਿਆ । ਦੂਜੀ ਲੜਕੀ ਲਾਪਤਾ ਹੈ । ਇਸ ਨਿਰਦੱਈ ਬੇਪਤੀ ਅਤੇ ਮਨੁਖਤਾਹੀਣ ਕਤਲ ਦੇ ਸਿੱਟੇ ਵਜੋਂ

Original with;
Punjab Vidhan Sabha
Digitized by;
Panjab Digital Library

ਇਲਾਕੇ ਵਿਚ ਸਨਸਨੀ ਫੈਲ ਗਈ ਹੈ। ਇਸ ਲਈ, ਮੈਂ ਬੇਨਤੀ ਕਰਦਾ ਹਾਂ ਕਿ ਚਿੰਤਾਜਨਕ ਕਾਨੂੰਨ ਅਤੇ ਵਿਵਸਥਾ ਦੀ ਹਾਲਤ ਬਾਰੇ ਅਤੇ ਖਤਰੇ ਨੂੰ ਦੂਰ ਕਰਨ ਲਈ ਬਿਆਨ ਦਿੱਤਾ ਜਾਵੇ।

**Mr. Speaker** : Admitted. The Hon. Minister concerned may please make a statement.

**ਸਰਦਾਰ ਬਲਵੰਤ ਸਿੰਘ** : ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਮੈਂ ਇਕ ਪ੍ਰਿਵਿਲੇਜ ਮੋਸ਼ਨ ਮੂਵ ਕੀਤੀ ਸੀ ਕਿ ਅਪਰ ਹਾਊਸ ਦਾ ਚੇਅਰਮੈਨ ਦਖਲ ਦੇ ਰਿਹਾ ਹੈ——

**ਸ਼੍ਰੀ ਸਪੀਕਰ** : ਚੇਅਰਮੈਨ ਸਾਹਿਬ ਦਾ ਜਵਾਬ ਆ ਗਿਆ ਹੈ, ਜਿਹੜਾ ਐਗਜ਼ਾਮਿਨ ਹੋ ਰਿਹਾ ਹੈ। ਬਾਅਦ ਵਿਚ ਦੱਸਿਆ ਜਾਵੇਗਾ। (The reply of the Chairman has been received. The same is under examination. My ruling will be announced later on.

**ਮੁੱਖ ਮੰਤਰੀ** : ਇਸੇ ਤਰ੍ਹਾਂ ਇਕ ਜਵਾਬ ਹੁਸ਼ਿਆਰਪੁਰ ਦੀ ਗਲ ਬਾਰੇ ਵੀ ਆ ਗਿਆ ਹੈ, ਇਸ ਬਾਰੇ ਤੁਹਾਨੂੰ ਜਲਦੀ ਹਾਊਸ ਵਿਚ ਜਵਾਬ ਦੇਵਾਂਗੇ।

**ਸਰਦਾਰ ਸਤਨਾਮ ਸਿੰਘ ਬਾਜਵਾ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਾਡੇ ਇਕ ਆਨਰੇਬਲ ਮੈਂਬਰ ਜਿਹੜੇ ਪਿਛੇ ਬੈਠੇ ਹੁੰਦੇ ਸਨ, ਉਹ ਅਗੇ ਆ ਗਏ ਹਨ। ਕੀ ਤੁਸੀਂ ਉਨ੍ਹਾਂ ਦੀ ਸੀਟ ਬਦਲੀ ਕੀਤੀ ਹੈ ਜਾਂ ਉਹ ਆਪ ਹੀ ਅਗੇ ਆ ਗਏ ਹਨ। ਕਿਉਂ ਜੋ ਉਹ ਪਿਛੇ ਨਜ਼ਰ ਨਹੀਂ ਆਉਂਦੇ ਸਨ ? (ਹਾਸਾ)

**ਸ਼੍ਰੀ ਸਪੀਕਰ** : ਉਹ ਬਹੁਤ ਪਿੱਛੇ ਬੈਠੇ ਸਨ, ਇਸ ਲਈ ਉਨ੍ਹਾਂ ਨੇ ਫਰੰਟ ਦੇ ਬੈਂਚਾਂ ਤੇ ਆਪਣੀ ਸੀਟ ਬਦਲ ਲਈ ਹੈ। (The hon. Member was sitting on a back bench, so he has changed his seat and has occupied a seat on a front bench.)

**No. 80**

**Sardar Dalip Singh Pandhi** (Amloh) : I beg to draw the attention of the Government towards an urgent matter of public importance, namely, that the bad treatment meted out to the nurses, trained Dais and fourth class employees serving in Rajindra Hospital, Patiala, by the Nursing Superintendent. The poor employees are not provided with weekly holidays, free lodging, uniforms etc...Moreover they have to work 13 hours daily i.e. from 7.00 P.M. to 8.00 A.M. Their grievances be redressed and justice be done to these low-paid employees, and hence this Call Attention Notice.

**Mr. Speaker** : Admitted. The hon. Minister may please make a statement.

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 82 ਸੀ ਉਸ ਦਾ ਕੋਈ ਜਵਾਬ ਮੇਰੇ ਕੋਲ ਨਹੀਂ ਆਇਆ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਉਸ ਦਾ ਜਵਾਬ ਤੁਹਾਨੂੰ ਮਿਲ ਜਾਵੇਗਾ । (The hon. Member will get the reply thereof.)

**No. 83**

**ਕਾਮਰੇਡ ਸੱਤਪਾਲ ਡਾਂਗ :** ਮੈਂ ਹਾਊਸ ਦਾ ਧਿਆਨ ਇਕ ਮਹਤਵਪੂਰਨ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਬਨਾਸਪਤੀ ਘੀ ਦਾ ਭਾਅ ਹਿੰਦੁਸਤਾਨ ਦੀ ਸਰਕਾਰ ਨੇ ਮੁਕੱਰਰ ਕੀਤਾ ਹੋਇਆ ਹੈ, ਪਰ ਉਹ ਉਸ ਰੇਟ ਤੇ ਨਹੀਂ ਮਿਲ ਰਿਹਾ ਸਗੋਂ ਉਸ ਦੀ ਖੁਲ੍ਹੀ ਬਲੈਕ ਹੋ ਰਹੀ ਹੈ । ਇਸ ਦਾ ਨਮੂਨਾ ਇਕ ਗੱਲ ਤੋਂ ਦੇਖਿਆ ਜਾ ਸਕਦਾ ਹੈ ਕਿ 11 ਮਾਰਚ, 1969 ਦੇ ਟ੍ਰਿਬਿਊਨ ਵਿਚ ਇਹ ਛਪਿਆ ਸੀ ਕਿ ਸਾਢੇ 16 ਕਿਲੋ ਦਾ ਟੀਨ ਮਾਰਕਿਟ ਵਿਚ 82 ਰੁਪਏ ਦਾ ਬਲੈਕ ਮਾਰਕੀਟ ਵਿਚ ਵਿਕਦਾ ਰਿਹਾ ਹੈ ਜਦੋਂ ਕਿ ਸਰਕਾਰ ਦੀ ਨੀਅਤ ਕੀਤੀ ਹੋਈ ਕੀਮਤ 78 ਰੁਪਏ 43 ਪੈਸੇ ਹੈ । ਇਸ ਨਾਲ ਲੋਕਾਂ ਵਿਚ ਬੜੀ ਬੇਚੈਨੀ ਫੈਲ ਰਹੀ ਹੈ । ਇਸ ਗੱਲ ਦੀ ਅਹਿਮੀਅਤ ਵਲ ਧਿਆਨ ਦਿੰਦੇ ਹੋਏ ਸਰਕਾਰ ਹਾਊਸ ਵਿਚ ਬਿਆਨ ਦੇਵੇ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਭਾਅ ਤਾਂ ਸੈਂਟਰਲ ਗੌਰਮਿੰਟ ਨੀਅਤ ਕਰਦੀ ਹੈ। ਸਾਡਾ ਉਸ ਨਾਲ ਕੋਈ ਸਬੰਧ ਨਹੀਂ ਹੈ ।

**ਕਾਮਰੇਡ ਸੱਤਪਾਲ ਡਾਂਗ :** ਇਹ ਠੀਕ ਹੈ ਕਿ ਭਾਅ ਸੈਂਟਰਲ ਗੌਰਮਿੰਟ ਬੰਨ੍ਹਦੀ ਹੈ ਪਰ ਇਹ ਜ਼ਿੰਮੇਵਾਰੀ ਪੰਜਾਬ ਗੌਰਮਿੰਟ ਦੀ ਹੈ ਕਿ ਉਹ ਬਲੈਕ ਮਾਰਕੀਟ ਵਿਚ ਨਾ ਵਿਕੇ ।

**ਮੁੱਖ ਮੰਤਰੀ :** ਬਲੈਕ ਵਿਚ ਨਹੀਂ ਵਿਕਣ ਦਿਆਂਗੇ ।

**ਚੌਧਰੀ ਬਲਬੀਰ ਸਿੰਘ :** ਸਪੀਕਰ ਸਾਹਿਬ, ਤੁਸੀਂ ਇਸ ਨੂੰ ਐਡਮਿਟ ਕਰੋ । ਇਹ ਇਸ ਤਰ੍ਹਾਂ ਬੈਠੇ ਬੈਠੇ ਗੱਲਾਂ ਨਹੀਂ ਕਰ ਸਕਦੇ ।

**Mr. Speaker** : Admitted. The Hon. Minister may please make a statement.

**No. 84**

**ਕਾਮਰੇਡ ਸੱਤਪਾਲ ਡਾਂਗ :** ਮੈਂ ਸਦਨ ਦਾ ਧਿਆਨ ਇਸ ਜ਼ਰੂਰੀ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਪ੍ਰੈਸ ਵਿਚ ਚੀਫ਼ ਮਨਿਸਟਰ ਦਾ ਜੋ ਬਿਆਨ ਪਿਛਲੇ ਹਫਤੇ ਆਇਆ ਸੀ, ਜਿਸ ਤੋਂ ਇਹ ਮਾਲੂਮ ਹੁੰਦਾ ਹੈ ਕਿ ਜ਼ਮੀਨ ਦੀ ਜਿਹੜੀ ਹੱਦ 30 ਸਟੈਂਡਰਡ ਏਕੜ ਹੈ, ਇਸ ਨੂੰ ਖਤਮ ਕਰ ਦਿਤਾ ਜਾਵੇਗਾ । ਉਨ੍ਹਾਂ ਦੇ ਇਸ ਬਿਆਨ ਨਾਲ ਹਰੀਜਨਾਂ ਅਤੇ ਬੇਜ਼ਮੀਨੇ ਲੋਕਾਂ ਵਿਚ ਖਾਸ ਤੌਰ ਤੇ ਬੇਚੈਨੀ ਫੈਲ ਗਈ ਹੈ, ਜਿਹੜੇ ਕਿ ਜ਼ਮੀਨ ਦੀ ਹੱਦ ਇਸ ਤੋਂ ਘਟ ਹੋਣ ਦੀ ਆਸ ਲਾਈ ਬੈਠੇ ਸਨ । ਮਾਮਲੇ ਦੀ ਮਹੱਤਤਾ ਨੂੰ ਦੇਖਦੇ ਹੋਏ ਚੀਫ ਮਨਿਸਟਰ ਜਾਂ ਮਨਿਸਟਰ ਇੰਚਾਰਜ ਹਾਊਸ ਵਿਚ ਬਿਆਨ ਦੇਣ ।

(ਇਸ ਵੇਲੇ ਮਾਸਟਰ ਗੁਰਬੰਤਾ ਸਿੰਘ ਅਤੇ ਵਿਰੋਧੀ ਪੱਖ ਦੇ ਹੋਰ ਮੈਂਬਰ ਜੋ ਪਹਿਲਾਂ ਵਾਕ ਆਊਟ ਕਰ ਗਏ ਸਨ, ਮੁੜ ਹਾਊਸ ਵਿਚ ਆ ਗਏ ।)

**Mr. Speaker** : Admitted. The Hon. Minister concerned may please make a statement.

Original with;
Punjab Vidhan Sabha
Digitized by;
Panjab Digital Library

**ਸਾਥੀ ਰੂਪ ਲਾਲ** : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਹ ਮੇਰੇ ਕਾਂਗਰਸੀ ਦੋਸਤ ਬਾਹਰ ਚਲੇ ਗਏ ਸਨ, ਮੁੜ ਕੇ ਫਿਰ ਹਾਊਸ ਵਿਚ ਆ ਗਏ ਹਨ । ਇਨ੍ਹਾਂ ਨੂੰ ਦਸ ਕੇ ਜਾਣਾ ਚਾਹੀਦਾ ਸੀ ਕਿ ਇਹ ਕਦੋਂ ਤਕ ਹਾਊਸ ਵਿਚ ਵਾਪਸ ਆ ਜਾਣਗੇ । (ਹਾਸਾ) (ਵਿਘਨ) (ਸਰਕਾਰੀ ਪੱਖ ਵਲੋਂ ਥੰਪਿੰਗ)

**ਸ਼੍ਰੀ ਸਪੀਕਰ** : ਆਰਡਰ ਪਲੀਜ਼, ਆਰਡਰ । ਤੁਸੀਂ ਬੈਠ ਜਾਉ । (ਸ਼ੋਰ) (Order please order. The hon. Member may please resume his seat.) (Noise)

(ਇਸ ਵੇਲੇ ਸ਼੍ਰੀ ਮਨਮੋਹਨ ਕਾਲੀਆ ਕੁਝ ਕਹਿਣ ਲਈ ਉਠੇ ਪਰ ਸ਼ੋਰ ਕਰਕੇ ਕੁਝ ਸੁਣਿਆ ਨਾ ਜਾ ਸਕਿਆ)

**ਸ਼੍ਰੀ ਸਪੀਕਰ** : ਕਾਲੀਆ ਸਾਹਿਬ, ਤੁਸੀਂ ਵੀ ਬੈਠ ਜਾਉ । (ਸ਼ੋਰ) (ਵਿਘਨ) (Addressing Shri Man Mohan Kalia : the Hon. Member may also please resume his seat.)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਸ਼੍ਰੀ ਰੂਪ ਲਾਲ ਜੀ ਨੇ ਜੋ ਕੁਝ ਕਿਹਾ ਹੈ ਉਹ ਇਸ ਹਾਊਸ ਦੇ ਮੈਂਬਰਾਂ ਤੇ ਐਸਪਰਸ਼ਨ ਹੈ । ਸਾਡਾ ਹੱਕ ਹੈ ਇਥੇ ਬੈਠਣ ਦਾ (ਵਿਘਨ)

**ਅਵਾਜ਼ਾਂ** : ਜ਼ਰੂਰ ਬੈਠੋ ਜੀ ।

**ਸਰਦਾਰ ਉਮਰਾਓ ਸਿੰਘ** :—ਸਪੀਕਰ ਸਾਹਿਬ, ਤੁਸੀਂ ਮੈਂਬਰ ਸਾਹਿਬ ਨੂੰ ਕਹੋ ਕਿ ਉਹ ਆਪਣੇ ਲਫਜ਼ ਵਾਪਸ ਲੈਣ । (ਸ਼ੋਰ) ਜੇ ਇਹ ਕਹਿਣ ਤਾਂ ਅਸੀਂ ਫਿਰ ਬਾਹਰ ਜਾਣ ਨੂੰ ਤਿਆਰ ਹਾਂ ।

**ਸ਼੍ਰੀ ਸਪੀਕਰ** : ਰੂਪ ਲਾਲ ਜੀ, ਤੁਸੀਂ ਆਪਣੇ ਲਫਜ਼ ਵਾਪਸ ਲੈ ਲਓ । (Shri Rup Lal may please withdraw his words.)

**ਸਾਥੀ ਰੂਪ ਲਾਲ** : ਇਨ੍ਹਾਂ ਨੂੰ ਮੇਰੇ ਲਫ਼ਜਾਂ ਤੇ ਇਤਰਾਜ਼ ਹੈ ਤਾਂ ਮੈਂ ਵਾਪਸ ਲੈ ਲੈਂਦਾ ਹਾਂ ।

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 85 ਇਸ ਲਈ ਡਿਸਅਲਾਓ ਕਰ ਦਿਤੀ ਹੈ ਕਿ ਉਹਦਾ ਤੁਅੱਲੁਕ ਸਰਕਾਰ ਨਾਲ ਨਹੀਂ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦਾ ਤੁਅੱਲੁਕ ਉਦੋਂ ਹੋਵੇਗਾ ਜਦੋਂ ਕਿ ਉਥੇ ਘੇਰਾਓ ਸ਼ੁਰੂ ਹੋ ਗਿਆ । ਭਾਵੇਂ ਉਹ ਇਕ ਕੋਆਪ੍ਰੇਟਿਵ ਸੋਸਾਇਟੀ ਹੈ ਪਰ ਫਿਰ ਵੀ ਸਰਕਾਰ ਦੀ ਜ਼ਿੰਮੇਦਾਰੀ ਹੈ ਕਿ ਉਸ ਵਲ ਧਿਆਨ ਦੇਵੇ ।

**ਸ਼੍ਰੀ ਸਪੀਕਰ** : ਸਤਪਾਲ ਜੀ, ਤੁਸੀਂ ਅਗਲੀ ਮੋਸ਼ਨ ਦੀ ਗਲ ਕਰੋ । (Comrade Sat Pal may please read the next motion.)

**No. 86**

**ਕਾਮਰੇਡ ਸੱਤਪਾਲ ਡਾਂਗ** : ਮੈਂ ਸਦਨ ਦਾ ਧਿਆਨ ਇਸ ਮਹੱਤਵਪੂਰਣ ਗੱਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਅੰਮ੍ਰਿਤਸਰ ਅਤੇ ਛਿਹਰਟੇ ਵਿਚ ਇੰਡਸਟਰੀਅਲ ਹਾਊਸਿੰਗ ਸਕੀਮ ਦੇ ਅੰਦਰ ਜੋ ਮਕਾਨ ਉਸਾਰੇ ਹਨ ਉਨ੍ਹਾਂ ਦਾ ਕਿਰਾਇਆ ਮਜ਼ਦੂਰਾਂ ਕੋਲੋਂ ਵਸੂਲ ਨਹੀਂ ਕਰ

Original with;
Punjab Vidhan Sabha
Digitized by;
Panjab Digital Library

(ਕਾਮਰੇਡ ਸੱਤਪਾਲ ਡਾਂਗ)

ਸਕੀ । ਕਿਰਾਇਆ ਇਸ ਕਰਕੇ ਵਸੂਲ ਨਹੀਂ ਹੁੰਦਾ ਕਿ ਇਕ ਮਹਿਕਮਾ ਕਹਿੰਦਾ ਹੈ ਕਿ ਇਹ ਕਿਰਾਇਆ ਦੂਸਰਾ ਮਹਿਕਮਾ ਵਸੂਲ ਕਰੇਗਾ ਅਤੇ ਦੂਸਰਾ ਮਹਿਕਮਾਂ ਕਹਿੰਦਾ ਹੈ ਕਿ ਉਸ ਦਾ ਇਹ ਕੰਮ ਨਹੀਂ । ਇਸ ਨਾਲ ਕਿਰਾਏ ਦਾ ਬਕਾਇਆ ਵਧ ਰਿਹਾ ਹੈ । ਫਿਰ ਇਕੋ ਮਹੀਨੇ ਵਿਚ ਮਜ਼-ਦੂਰਾਂ ਨੇ ਇਹ ਕਿਰਾਇਆ ਨਹੀਂ ਦੇ ਸਕਣਾ । ਮਜ਼ਦੂਰਾਂ ਨੂੰ ਇਹ ਡਰ ਹੈ ਕਿ ਜਦੋਂ ਇਹ ਫੈਸਲਾ ਹੋ ਗਿਆ ਕਿ ਜਿਸ ਮਹਿਕਮੇ ਨੇ ਇਹ ਕਿਰਾਇਆ ਲੈਣਾ ਹੈ ਤਾਂ ਉਹ ਇਕੱਠਾ ਹੀ ਕਿਰਾਇਆ ਮੰਗੇਗਾ, ਨਹੀਂ ਤਾਂ ਮਕਾਨ ਖਾਲੀ ਕਰਵਾ ਲਏ ਜਾਣਗੇ । ਵਰਕਰਾਂ ਅਤੇ ਉਨ੍ਹਾਂ ਦੀਆਂ ਯੂਨੀਅਨਾਂ ਦੀਆਂ ਸਾਰੀਆਂ ਬੇਨਤੀਆਂ ਇਸ ਸਬੰਧ ਵਿਚ ਨਹੀਂ ਮੰਨੀਆਂ ਗਈਆਂ । ਇਸ ਨਾਲ ਵਰਕਰਾਂ ਵਿਚ ਬਹੁਤ ਬੇਚੈਨੀ ਹੈ । ਮਾਮਲੇ ਦੀ ਅਹਿਮੀਅਤ ਵਲ ਧਿਆਨ ਦੇਂਦੇ ਹੋਏ ਸਰਕਾਰ ਹਾਊਸ ਵਿਚ ਬਿਆਨ ਦੇਵੇ ।

**ਮੁੱਖ ਮੰਤਰੀ :** ਉਹ ਜਮ੍ਹਾਂ ਕਰਵਾ ਦੇਣ ਕਿਰਾਇਆ । ਉਨ੍ਹਾਂ ਨੂੰ ਕੌਣ ਰੋਕਦਾ ਹੈ ।

(ਇਸ ਵੇਲੇ ਚੌਧਰੀ ਬਲਬੀਰ ਸਿੰਘ ਬੈਠੇ ਬੈਠੇ ਕੁਝ ਬੋਲੇ, ਜੋ ਸੁਣਾਈ ਨਹੀਂ ਦਿਤਾ)

**ਕਾਮਰੇਡ ਸੱਤਪਾਲ ਡਾਂਗ :** ਇਹ ਬੈਠੇ ਬੈਠੇ ਬੋਲੀ ਜਾਂਦੇ ਹਨ । ਸਪੀਕਰ ਸਾਹਿਬ, ਉਥੇ ਲੇਬਰ ਦੇ ਲੀਡਰਾਂ ਨੇ ਬੜੀ ਕੋਸ਼ਸ਼ ਕੀਤੀ, ਡੀ, ਸੀ. ਨੇ ਵੀ ਹਿਦਾਇਤਾਂ ਦਿਤੀਆਂ, ਪਰ ਬਾਵਜੂਦ ਇਨ੍ਹਾਂ ਗੱਲਾਂ ਦੇ ਕੋਈ ਕਾਰਵਾਈ ਇਸ ਸਬੰਧ ਵਿਚ ਨਹੀਂ ਕੀਤੀ ਗਈ ।

**ਸ੍ਰੀ ਸਪੀਕਰ :** ਐਡਮਿਟਿਡ । ਸਬੰਧਤ ਵਜ਼ੀਰ ਬਿਆਨ ਦੇਣ ਦੀ ਖੇਚਲ ਕਰਨ । (Admitted. The Minister concerned may please make a statement).

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਮੇਰੀਆਂ 87 ਅਤੇ 88 ਨੰਬਰ ਦੀਆਂ ਕਾਲ ਅਟੈਨਸ਼ਨ ਮੋਸ਼ਨਜ਼ ਸਨ । ਉਨ੍ਹਾਂ ਦਾ ਜਵਾਬ ਮੈਨੂੰ ਹੁਣ ਮਿਲਿਆ ਹੈ ।

**ਸ੍ਰੀ ਸਪੀਕਰ :** ਉਹ ਡਿਸ ਐਲਾਉ ਕਰ ਦਿਤੀਆਂ ਗਈਆਂ ਹਨ । (Those motions have been disallowed.)

**चौधरी बलबीर सिंह :** अध्यक्ष महोदय, परसों भी इस बारे में बात हुई थी कि जो मोशन नामन्जूर कर दी जाए, उस की सूचना पहले मिल जानी चाहिए ताकि हम आप के चैंबर में जा कर आप से बात कर सकें । परन्तु आज फिर उस का उत्तर यहाँ हाऊस में मिल रहा है ।

**ਸ੍ਰੀ ਸਪੀਕਰ :**— ਚੌਧਰੀ ਸਾਹਿਬ, ਅਜ ਹਾਊਸ 8 ਵਜੇ ਸ਼ੁਰੂ ਹੋਇਆ ਹੈ ਅਤੇ ਤਕਰੀਬਨ 30 ਮੋਸ਼ਨਾਂ ਆਈਆਂ ਹਨ । ਮੋਸ਼ਨਾਂ ਉਤੇ ਕੋਈ ਲਿਮਿਟ ਤਾਂ ਹੈ ਨਹੀਂ (Addressing Ch. Balbir Singh : The House met at 8 A.M. today and nearly 30 motions have been received. There is no limit on the number of the motions———)

**ਕੈਪਟਨ ਰਤਨ ਸਿੰਘ :**—ਸਪੀਕਰ ਸਾਹਿਬ, ਮੈਂ ਤਾਂ ਆਪਣੀ ਪ੍ਰਿਵਿਲੇਜ ਮੋਸ਼ਨ ਪਰਸੋਂ ਦਿਤੀ ਸੀ । ਪਰ ਤੁਸੀਂ ਤਾਂ ਸਾਨੂੰ ਕੋਈ ਸਫਾਈ ਦੇਣ ਦਾ ਮੌਕਾ ਹੀ ਨਹੀਂ ਦਿਤਾ । ਇਸ ਤਰ੍ਹਾਂ ਤਾਂ ਕੰਮ ਨਹੀਂ ਚਲੇਗਾ । (ਵਿਘਨ) ਜਿਹੜਾ ਨੋਟਿਸ ਮੈਂ ਦਤਾ ਸੀ ਉਸ ਦਾ ਕੀ ਕੀਤਾ ਹੈ !

Original with;
Punjab Vidhan Sabha
Digitized by;
Panjab Digital Library

(ਵਿਘਨ) (ਸ਼ੋਰ) ਉਸ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ ਆਇਆ। ਇਹ ਹਾਊਸ ਕਿਸੇ ਰੂਲ ਦੇ ਤਹਿਤ ਹੀ ਚਲਣਾ ਚਾਹੀਦਾ ਹੈ।

**ਸ੍ਰੀ ਸਪੀਕਰ :** ਜ਼ਰੂਰ ਚਲੇਗਾ (Surely the House will proceed according to the Rules.)

**ਕੈਪਟਨ ਰਤਨ ਸਿੰਘ :** ਤਾਂ ਸਪੀਕਰ ਸਾਹਿਬ ਮੈਂ ਪਰਸੋਂ ਨੋਟਿਸ ਦਿਤਾ ਸੀ, ਪਰ ਉਸ ਦਾ ਅਜ ਤਕ ਕੋਈ ਜਵਾਬ ਕਿਉਂ ਨਹੀਂ ਆਇਆ ?

**ਸ੍ਰੀ ਸਪੀਕਰ :** ਪ੍ਰਿਵਿਲਿਜ ਮੋਸ਼ਨ ਬਾਰੇ ਹੀ ਕਹਿੰਦਾ ਹਾਂ ਇਹਦੇ ਬਾਰੇ ਹਾਊਸ ਵਿਚ ਹੀ ਸੁਣਾਇਆ ਜਾਂਦਾ ਹੈ। ਇਹ disallow ਹੋ ਗਈ ਹੈ। (I am also talking about the Privilege Motion The decisions taken thereon are announced in the House. This has been disallowed ) (ਸ਼ੋਰ)

**ਕੈਪਟਨ ਰਤਨ ਸਿੰਘ:** ਇਹ ਕਿਹੜੇ ਰੂਲ ਦੇ ਮੁਤਾਬਕ ਹੈ। (ਸ਼ੋਰ)

**ਸ੍ਰੀ ਸਪੀਕਰ :** ਕੈਪਟਨ ਸਾਹਿਬ, ਮੇਰੇ ਚੈਂਬਰ ਵਿਚ ਆਕੇ ਗੱਲ ਕਰ ਲੈਣਾ।

(Addressing Capt. Rattan Singh : The hon. Member may please discuss it in my chamber)

**ਕੈਪਟਨ ਰਤਨ ਸਿੰਘ:** ਜੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਫੈਸਲਿਆਂ ਮੁਤਾਬਿਕ ਗੱਲ ਹੋਵੇ ਤਾਂ ਠੀਕ ਹੈ। ਔਰ ਸਪੀਕਰ ਸਾਹਿਬ ਤੋਂ ਇਹ ਤੁਵੱਕੋ ਵੀ ਕੀਤੀ ਜਾਂਦੀ ਹੈ ਕਿ ਉਹ ਅਪੋਜ਼ੀਸ਼ਨ ਨਾਲ ਫੇਅਰ ਹੋਣ।

**ਸ੍ਰੀ ਸਪੀਕਰ :** ਬਿਲਕੁਲ ਫੇਅਰ ਟਰੀਟਮੈਂਟ ਦਿਤਾ ਜਾਵੇਗਾ।

(Absolutely fair treatment will be meted out to everyone).

**ਕੈਪਟਨ ਰਤਨ ਸਿੰਘ:** ਇਹ ਕਹਿਣ ਨਾਲ ਨਹੀਂ। ਜਸਟਿਸ ਦਾ ਸਾਨੂੰ ਪਤਾ ਲਗਣਾ ਚਾਹੀਦਾ ਹੈ।(ਸ਼ੋਰ)

**Mr. Speaker** : Please take your seat.

**ਕੈਪਟਨ ਰਤਨ ਸਿੰਘ:** ਤੁਸੀਂ ਹਾਊਸ ਵਿਚ ਦਸਣਾ ਹੈ ਜਾਂ ਬਿਜ਼ਨੈਸ ਅਡਵਾਇਜ਼ਰੀ ਕਮੇਟੀ ਵਿਚ ਦਸਣਾ ਹੈ। (ਸ਼ੋਰ)

**ਸ੍ਰੀ ਸਪੀਕਰ :** ਡਿਟੇਲਡ ਡਿਸਕਸ਼ਨ ਮੇਰੇ ਚੈਂਬਰ ਵਿਚ ਕਰ ਲੈਣਾ।

(Please have detailed discussion with me in my chamber.)

**ਕੈਪਟਨ ਰਤਨ ਸਿੰਘ:** ਮੈਨੂੰ ਬਹਿਸ ਕਰਨ ਦਾ ਕੋਈ ਸ਼ੌਕ ਨਹੀਂ।

**ਸ੍ਰੀ ਸਪੀਕਰ :** ਉਹ ਫੈਸਲਾ ਪਹਿਲਾਂ ਦੇ ਚੁੱਕਾ ਹਾਂ ਕੈਪਟਨ ਸਾਹਿਬ। (ਸ਼ੋਰ)

(Addressing Captain Rattan Singh : I have already given my decision) (Noise).

**ਮੁੱਖ ਮੰਤਰੀ :** ਤੁਸੀਂ ਜ਼ਰਾ ਚੁੱਪ ਕਰੋ (ਸ਼ੋਰ) ਇਹ ਖਤਮ ਹੋ ਜਾਣ ਦਿਉ। (ਸ਼ੋਰ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਕੈਪਟਨ ਸਾਹਿਬ, ਕਿਹੜੇ ਰੂਲ ਦੇ ਥਲੇ ਤੁਸੀਂ ਚਾਹੁੰਦੇ ਹੋ ਕਿ ਮੈਂ ਤੁਹਾਨੂੰ ਲਿਖ ਕੇ ਦਿੰਦਾ ਪ੍ਰਿਵੇਲਿਜ ਮੋਸ਼ਨ ਦੀ ਰਿਜੈਕਸ਼ਨ ਬਾਰੇ। ਕਿਸ ਰੂਲ ਅੰਦਰ ਤੁਸੀਂ ਡਿਮਾਂਡ ਕਰਦੇ ਹੋ।

(Addressing Captain Rattan Singh : Under which rule, I should have informed you, in writing regarding the rejection of his Privilege Motion.)

**ਕੈਪਟਨ ਰਤਨ ਸਿੰਘ**: ਤੁਸੀਂ ਮੈਨੂੰ ਦਸੋ ਕਿਹੜੇ ਰੂਲ ਦੇ ਤਹਿਤ ਮੈਨੂੰ ਜਵਾਬ ਨਹੀਂ ਆਉਣਾ ਚਾਹੀਦਾ ਹੈ। (ਸ਼ੋਰ)

**Mr. Speaker** : ਇਸ ਬਾਰੇ ਰੂਲ ਸਿਰਫ ਇਹ ਹੈ : A member may, with the consent of the Speaker, raise a question involving a breach of privilege either of a Member or of the House or of a Committee thereof.........

**ਕੈਪਟਨ ਰਤਨ ਸਿੰਘ** : ਐਥੇ ਰੂਲਜ਼ ਸਾਈਲੈਂਟ ਹਨ। ਮੈਂ ਪ੍ਰਿਵਿਲੇਜ ਮੋਸ਼ਨ ਦਾ ਨੋਟਿਸ ਪਰਸੋਂ ਦਿੱਤਾ ਸੀ, ਅਗਰ ਇਹ ਆਊਟ ਆਫ ਆਰਡਰ ਸੀ ਤਾਂ ਮੈਨੂੰ ਲਿਖ ਕੇ ਦੇ ਦਿੰਦੇ, ਜਿਸ ਤਰ੍ਹਾਂ ਇਹ ਕਾਲ ਅਟੈਨਸ਼ਨ ਮੋਸ਼ਨ ਬਾਰੇ ਲਿਖ ਦਿੰਦੇ ਹਨ। ਇਹ ਇਕ ਐਨਾਮਲੀ ਹੈ।

**ਸ੍ਰੀ ਸਪੀਕਰ** : ਕੋਈ ਐਨਾਮਲੀ ਨਹੀਂ ਹੈ। ਕੱਲ੍ਹ ਬਜਟ ਸੀ, ਇਸ ਲਈ ਪ੍ਰਿਵਿਲਿਜ ਮੋਸ਼ਨ ਦੇ ਨੋਟਿਸ ਟੇਕ ਅੱਪ ਨਹੀਂ ਕੀਤੇ ਗਏ। (There is no anomaly. Since the Budget was to be presented before the House yesterday, so the notices of the Motions were not taken up.)

**ਕੈਪਟਨ ਰਤਨ ਸਿੰਘ** : ਕੱਲ੍ਹ ਮੈਨੂੰ ਕਹਿ ਦਿੰਦੇ ਇਹ ਆਊਟ ਆਫ਼ ਆਰਡਰ ਹੈ, ਮੈਂ ਇਹ ਕਾਗਜ਼ ਤਾਂ ਨਾ ਚੁੱਕਦਾ।

**ਸ੍ਰੀ ਸਪੀਕਰ** : ਜੇ ਹਾਊਸ ਵਿਚ ਇਹ ਸਵਾਲ ਆਉਂਦਾ ਤਾਂ ਉਸ ਵੇਲੇ ਹੀ ਕਿਹਾ ਜਾ ਸਕਦਾ ਸੀ। ਜਦ ਆਉਣਾ ਹੀ ਨਹੀਂ ਸੀ ਤਾਂ ਕਿਸ ਤਰ੍ਹਾਂ ਗੱਲ ਕੀਤੀ ਜਾ ਸਕਦੀ ਸੀ।

(Had this question been brought before the House, the reply would have been given at that time. If this question was not to come before the House, how could it be discussed here).

**ਕੈਪਟਨ ਰਤਨ ਸਿੰਘ** : ਕੱਲ੍ਹ ਦੀ ਕਾਲ ਅਟੈਨਸ਼ਨ ਦਾ ਜਵਾਬ ਕੱਲ੍ਹ ਹੀ ਆ ਗਿਆ।

**ਸ੍ਰੀ ਸਪੀਕਰ** : ਪ੍ਰਿਵਿਲਜ ਮੋਸ਼ਨਾਂ ਉਤੇ ਰੂਲਿੰਗਜ਼ ਹਾਊਸ ਵਿਚ ਦਿੰਦਾ ਰਿਹਾ ਹਾਂ।

(I have been giving rulings on the Privilege Motions in the *House*.)

**ਕੈਪਟਨ ਰਤਨ ਸਿੰਘ** : ਜੇ ਪ੍ਰਿਵਿਲਿਜ ਮੋਸ਼ਨ ਆਊਟ ਆਫ ਆਰਡਰ ਹੋ ਜਾਏ ਤਾਂ ਸਪੀਕਰ ਜ਼ਰੂਰ ਸੁਣਦਾ ਹੈ। ਹਾਊਸ ਦੀ ਪ੍ਰੋਸੀਡਿੰਗਜ਼ ਕਢਾ ਕੇ ਵੇਖ ਲਉ। ਸਰਦਾਰ ਗੁਰਨਾਮ ਸਿੰਘ ਨੇ ਆਪੋਜ਼ੀਸ਼ਨ ਵਿਚ ਹੁੰਦੇ ਹੋਏ ਚਾਰ ਚਾਰ ਘੰਟੇ ਡਿਸਕੱਸ਼ਨ ਕੀਤੀ ਹੈ।

**ਮੁੱਖ ਮੰਤਰੀ** : ਮੈਂ ਕੀਤੀ ਹੈ ਤਾਂ ਉਹ ਠੀਕ ਹੈ।

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ :** ਅਗਰ ਇਹ ਸਬਮਿਸ਼ਨ............(ਸ਼ੋਰ)

**ਸ਼੍ਰੀ ਸਪੀਕਰ :** ਜੇ ਮੈਂ ਰੂਲਜ਼ ਦੇ ਮੁਤਾਬਕ ਚੱਲਣਾ ਚਾਹੁੰਦਾ ਹਾਂ ਤਾਂ ਤੁਸੀਂ ਕਹਿੰਦੇ ਹੋ ਨਾ ਚੱਲੋ । ਜਦੋਂ (ਸ਼ੋਰ). ਸ਼ਿਕਾਇਤ ਆਉਂਦੀ ਹੈ ਤਾਂ ਤੁਸੀਂ ਕਹਿੰਦੇ ਹੋ ਰੂਲਜ਼ ਦੇ ਮੁਤਾਬਕ ਚੱਲੋ । (When I want to proceed according to rules, the Hon. Member does not allow me to do so but whenever (noise) there is any complaint then the hon. Member insists that I should proceed according to rules.)

**ਕੈਪਤਨ ਰਤਨ ਸਿੰਘ :** ਮੈਂ ਕਿਹਾ ਸੀ ਕਿ ਹਾਊਸ ਰੂਲਜ਼ ਦੇ ਮੁਤਾਬਕ ਚੱਲਣਾ ਚਾਹੀਦਾ ਹੈ । ਇਹ ਰੂਲਜ਼ ਦੇ ਮੁਤਾਬਕ ਨਹੀਂ ਹੈ ।

**ਸ਼੍ਰੀ ਸਪੀਕਰ :** ਰੂਲਜ਼ ਦੇ ਮੁਤਾਬਕ ਚੱਲਾਂਗਾ । (I will proceed according to rules.)

**ਕੈਪਟਨ ਰਤਨ ਸਿੰਘ :** ਜਦੋਂ ਮੈਂ ਕੱਲ੍ਹ ਕਿਹਾ ਸੀ ਕਿ ਅੰਗ੍ਰੇਜ਼ੀ ਰੂਲਜ਼ ਦੇ ਮੁਤਾਬਕ ਆਏਗੀ ਤਾਂ ਤੁਸੀਂ ਕਿਹਾ ਇਹ ਨਹੀਂ ਹੋਣੀ ਚਾਹੀਦੀ ।

**ਸ਼੍ਰੀ ਸਪੀਕਰ :** ਕੱਲ੍ਹ ਤੁਹਾਨੂੰ ਰੈਲੇਵੇਂਟ ਰੈਫਰੈਂਸ ਪੜ੍ਹਕੇ ਦੱਸਿਆ ਸੀ ਕਿ ਇਹ ਕੋਈ ਬਾਈਡਿੰਗ ਨਹੀਂ ਕਿ ਗੌਰਮਿੰਟ ਦੀ ਕਾਰਵਾਈ ਪੰਜਾਬੀ ਹਿੰਦੀ ਦੇ ਨਾਲ ਨਾਲ ਅੰਗ੍ਰੇਜ਼ੀ ਵਿਚ ਵੀ ਹੋਣੀ ਚਾਹੀਦੀ ਹੈ । (The relevant rule of procedure was read out in the House yesterday, according to which it is not binding that the work of the government must be carried on in English along with Hindi and Punjabi.)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੈਂ ਬਿਲਕੁਲ ਰਾਈਟ ਫੁੱਟਿੰਗ ਤੇ ਹਾਂ ।

**Mr. Speaker :** Please take your seat.

**ਸਰਦਾਰ ਉਮਰਾਓ ਸਿੰਘ :** ਰੂਲਜ਼ ਦੇ ਮੁਤਾਬਕ ਹੈ । (ਸ਼ੋਰ)

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order)

**ਸਰਦਾਰ ਉਮਰਾਓ ਸਿੰਘ :** ਹੈ ਜੀ, ਪੁਆਇੰਟ ਆਫ਼ ਆਰਡਰ । (ਸ਼ੋਰ) ਫ਼ੈਸਲਾ ਜੁਡੀਸ਼ਸ ਹੋਣਾ ਚਾਹੀਦਾ ਹੈ, ਆਰਬਿਟਰੇਰੀ ਨਹੀਂ ਹੋਣਾ ਚਾਹੀਦਾ । (ਸ਼ੋਰ)

**Mr. Speaker.** It is no point of order.

**ਕੈਪਟਨ ਰਤਨ ਸਿੰਘ:** ਔਨ ਏ ਪੁਆਇੰਟ ਆਫ ਆਰਡਰ, ਸਰ ।

**Mr. Speaker :** No discussion, please.

**ਕੈਪਟਨ ਰਤਨ ਸਿੰਘ :** ਜਿਹੜੀ ਖਬਰ ਟ੍ਰਿਬਿਊਨ ਵਰਗੇ ਅਖਬਾਰ ਵਿਚ ਛਪ ਜਾਂਦੀ ਹੈ ਉਹ ਕਿਸ ਤਰ੍ਹਾਂ ਤੁਸੀਂ ਕਹਿ ਸਕਦੇ ਹੋ ਕਿ ਬੇਸਲੈਸ ਹੈ । ਹਾਈ ਕੋਰਟ ਦੀ ਖਬਰ ਟ੍ਰਿਬਿਊਨ ਅਖਬਾਰ ਵਿਚ ਆਈ ਹੈ । (ਸ਼ੋਰ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਅਖਬਾਰਾਂ ਵਿਚ ਫੈਕਟਸ ਤੋਂ ਇਲਾਵਾ ਹੋਰ ਵੀ ਕਈ ਗਲਾਂ ਅਜਿਹੀਆਂ ਦਿਤੀਆਂ ਹੁੰਦੀਆਂ ਹਨ, ਜਿਹੜੀਆਂ ਅਖਬਾਰਾਂ ਵਾਲਿਆਂ ਦੀਆਂ ਆਪਣੇ ਮਨ ਦੀਆਂ ਗੱਲਾਂ ਹੁੰਦੀਆਂ ਹਨ । (The newspaper reports are not always based on facts, sometimes these are based on the whims of the Press Reporters).

If it is accepted as true, the Privilege Motion is not the proper remedy. A substantive motion, as provided in the rules, can be brought forward if the hon. Member so desires.

**ਕੈਪਟਨ ਰਤਨ ਸਿੰਘ:** ਸਪੀਕਰ ਸਾਹਿਬ, ਮੈਂ ਤਾਂ ਥਰਡ ਡਿਗਰੀ ਮੈਥਡ ਦੇ ਮੁਤੱਲਕ ਕਹਿ ਰਿਹਾਂ ਹਾਂ (ਵਿਘਨ)

**Mr. Speaker :** The hon. Member is requested to resume his seat. He is interrupting the proceedings of the House.

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਇਹ ਤਾਂ ਟ੍ਰਿਬਿਊਨ ਅਖਬਾਰ ਦੀ ਖਬਰ ਹੈ । ਇਹ ਅਖਬਾਰ ਤਾਂ ਇਕ ਬੜਾ ਜ਼ਿੰਮੇਵਾਰ ਅਖਬਾਰ ਹੈ । ਔਰ "ਕੌਮੀ ਦਰਦ" ਤਾਂ ਕੋਈ ਜ਼ਿੰਮੇਵਾਰ ਅਖ਼ਬਾਰ ਨਹੀਂ ਹੈ ।

**ਸ੍ਰੀ ਸਪੀਕਰ :** ਕੈਪਟਨ ਸਾਹਿਬ, ਤੁਸੀਂ ਇਨਟੈਨਸ਼ਨਲੀ ਹਾਊਸ ਦੀਆਂ ਪ੍ਰੋਸੀਡਿੰਗਜ਼ ਇੰਟਰੱਪਟ ਕਰ ਰਹੇ ਹੋ । (Addressing Captain Rattan Singh : The hon. Member is intentionally interrupting the proceedings of the House.)

**ਕੈਟਪਨ ਰਤਨ ਸਿੰਘ:** ਸਪੀਕਰ ਸਾਹਿਬ, ਮੈਂ ਤਾਂ ਚਾਹੁੰਦਾ ਹਾਂ ਕਿ ਹਾਊਸ ਦਾ ਵਕਤ ਜ਼ਾਇਆ ਨਾ ਕੀਤਾ ਜਾਵੇ, ਪਰ (ਵਿਘਨ)

**Mr. Speaker :** Please take your seat.

**ਕੈਪਟਨ ਰਤਨ ਸਿੰਘ :** ਜਨਾਬ ਮੈਂ ਤਾਂ ਤੁਹਾਡਾ ਹੁਕਮ ਮੰਨਦਾ ਹਾਂ । (ਵਿਘਨ) (ਸ਼ੋਰ) ——

**ਸ੍ਰੀ ਸਪੀਕਰ :** ਤੁਸੀਂ ਹਾਊਸ ਦੇ ਬਿਜ਼ਨੈਸ ਵਿਚ ਰੁਕਾਵਟ ਪਾਉਣਾ ਚਾਹੁੰਦੇ ਹੋ । (ਤਾੜੀਆਂ)

(ਵਿਰੋਧੀ ਬੈਂਚਾਂ ਵਲੋਂ ਆਵਾਜ਼ਾਂ : ਨਹੀਂ, ਬਿਲਕੁਲ ਨਹੀਂ ।)

(The hon. Member wants to obstruct the proceedings of the House.) (Applause)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਕੀ ਤੁਸੀਂ 'ਟ੍ਰਿਬਿਊਨ' ਅਖ਼ਬਾਰ ਨੂੰ ਗ਼ੈਰ-ਜ਼ਿੰਮੇਵਾਰ ਅਖ਼ਬਾਰ ਕਹਿੰਦੇ ਹੋ ? ਜਿਸ ਦੇ ਵਿਚ ਇਹ ਖ਼ਬਰ ਛਪੀ ਹੈ ।

**Mr. Speaker :** Please take your seat.

Original with;
Punjab Vidhan Sabha
Digitized by;
Panjab Digital Library

**ਸਰਦਾਰ ਉਮਰਾਓ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪ੍ਰਿਵਿਲਿਜ਼ ਮੋਸ਼ਨ ਕੈਪਟਨ ਸਾਹਿਬ ਨੇ ਮੂਵ ਕੀਤੀ ਹੈ, ਕੀ ਉਹ ਹਾਊਸ ਵਿਚ ਲਈ ਜਾਵੇਗੀ ? ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ ਕਿ ਅਸੀਂ ਹਾਊਸ ਦਾ ਵਕਤ ਜ਼ਾਇਆ ਕਰ ਰਹੇ ਹਾਂ ? (ਸ਼ੋਰ) (ਵਿਘਨ)

**ਸ਼੍ਰੀ ਸਪੀਕਰ** : ਉਸ ਉਤੇ ਡਿਸਕਸ਼ਨ ਐਲਾਊਡ ਨਹੀਂ ਹੈ । (ਵਿਘਨ)
(No discussion is allowed thereon) (Interruption)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਅਸੀਂ ਤਾਂ ਤੁਹਾਡੇ ਅੱਗੇ ਬੇਨਤੀ ਹੀ ਕਰਦੇ ਹਾਂ । ਕੀ ਅਸੀਂ ਬੇਨਤੀ ਵੀ ਨਹੀਂ ਕਰ ਸਕਦੇ ਕਿ ਤੁਸੀਂ ਰੀਕਨਸਿਡਰ ਕਰੋ । (ਸ਼ੋਰ)

**ਸ਼੍ਰੀ ਸਪੀਕਰ** : ਬੇਨਤੀ ਦਾ ਤਾਂ ਇਸ ਵਿਚ ਕੋਈ ਸਵਾਲ ਹੀ ਨਹੀਂ । ਮੈਂ ਕਹਿੰਦਾ ਹਾਂ ਕਿ ਪੁਆਇੰਟ ਆਫ ਆਰਡਜ਼ ਰੇਜ਼ ਕਰਕੇ ਹਾਊਸ ਦਾ ਟਾਈਮ ਖਰਾਬ ਨਾ ਕੀਤਾ ਜਾਵੇ ।

(ਸਰਦਾਰ ਗੁਰਬੰਤਾ ਸਿੰਘ ਵਲੋਂ ਵਿਘਨ) ਮੈਂ ਮਾਸਟਰ ਜੀ ਨੂੰ ਕਹਾਂਗਾ ਕਿ ਇਹ ਪਆਇੰਟ ਆਫ ਆਰਡਰ.........

(There is no question of any request. I would say that the time of the House may not be wasted by raising unnecessary points of order). (Interruption by Sardar Gurbanta Singh) I would request the hon. Member that this point of order).........

**ਸਰਦਾਰ ਗੁਰਬੰਤਾ ਸਿੰਘ** : ਸਪੀਕਰ ਸਾਹਿਬ......

**ਸ਼੍ਰੀ ਸਪੀਕਰ** : ਹੁਣ ਅਗਲੀਆਂ ਕਾਲ ਅਟੈਨਸ਼ਨ ਮੋਸ਼ਨਾਂ ਸ਼ੁਰੂ ਹੁੰਦੀਆਂ ਹਨ । ਡਾਂਗ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਸ਼ੁਰੂ ਕਰੋ । (Now the House would take up other Call Attention Motions. Comrade Satya Pal Dang may please move his Call Attention Motion.)

(At this stage, Sardar Gurbanta Singh rose on a point of Order).

**Mr. Speaker** : The hon. Member is a senior Member of the House. He should know that a point of order may be raised in relation to the business before the House at the moment.

ਕ੍ਰਮ ਨੰ: 91

**ਕਾਮਰੇਡ ਸੱਤਪਾਲ ਡਾਂਗ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ, ਸ੍ਰੀ ਸੋਦਾਗਰ ਸਿੰਘ ਅਤੇ ਹੋਰਨਾਂ ਤੇ 50 ਤੋਂ ਵੱਧ ਵਿਅਕਤੀਆਂ ਦੁਆਰਾ ਹਮਲਾ ਕੀਤਾ ਗਿਆ ਦੱਸਿਆ ਜਾਂਦਾ ਹੈ ਅਤੇ ਉਨ੍ਹਾਂ ਨੇ ਇਸਲਾਮਾਬਾਦ ਅੰਮ੍ਰਿਤਸਰ, ਵਿਖੇ ਸ੍ਰੀ ਸੋਦਾਗਰ ਸਿੰਘ ਦੀ ਦੁਕਾਨ ਨੂੰ ਜ਼ਬਰਦਸਤੀ ਢਾਹ ਦਿਤਾ ਅਤੇ ਰਾਤ ਦੇ ਇਕ ਵਜੇ ਉਨ੍ਹਾਂ ਵਲੋਂ ਪਥਰਾਉ ਕੀਤਾ ਗਿਆ ਅਤੇ ਮਿਉਨਿਸਪਲ ਕਮਿਸ਼ਨਰ ਸਮੇਤ ਹੋਰ ਜ਼ਿੰਮੇ-

Original with;
Punjab Vidhan Sabha
Digitized by;
Panjab Digital Library

**(ਕਾਮਰੇਡ ਸਤਪਾਲ ਡਾਂਗ)**

ਵਾਰ ਵਿਅਕਤੀਆਂ ਵਲੋਂ ਇਸ ਡਰ ਦੀ ਪਹਿਲਾਂ ਸੂਚਨਾ ਦਿਤੇ ਜਾਣ ਦੇ ਬਾਵਜੂਦ ਪੁਲਸ ਮੁਨਾਸਬ ਕਾਰਵਾਈ ਕਰਨ ਤੋਂ ਅਸਮਰਥ ਰਹੀ ਹੈ।

ਇਸ ਮਾਮਲੇ ਦੀ ਤਤਪਰਤਾ ਨੂੰ ਮੁਖ ਰਖਦੇ ਹੋਏ ਸਰਕਾਰ ਨੂੰ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਵੇ।

**Mr. Speaker** : This is admitted. The hon. Minister may please make a statement.

**ਕ੍ਰਮ ਨੰ : 94**

**ਸ੍ਰੀ ਗੁਰਦਿਆਲ ਸੈਣੀ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ, ਜਲੰਧਰ ਮਿਊਂਨਿਸਪਲ ਕਮੇਟੀ ਦੀ ਐਡਮਿਨਿਸ-ਟਰੇਸ਼ਨ ਜਨਸੰਘ ਦੇ ਪ੍ਰਭਾਵ ਹੇਠ ਕੰਮ ਕਰ ਰਹੀ ਹੈ ਅਤੇ ਖੋਖੇ ਵਾਲਿਆਂ ਅਤੇ ਰਿਹੜੀ ਵਾਲਿਆਂ ਨੂੰ ਪੁਲਸ ਦੁਆਰਾ ਉਠਾ ਰਹੀ ਹੈ, ਬੇਸ਼ਕ ਆਵਾਜਾਈ ਵਿਚ ਕੋਈ ਰੁਕਾਵਟ ਨਹੀਂ ਪੈ ਰਹੀ। ਇਸ ਮਸਲੇ ਦੀ ਤਤਪਰਤਾ ਨੂੰ ਮੁੱਖ ਰੱਖਦੇ ਹੋਏ ਲੋਕਲ ਬਾਡੀਜ਼ ਦੇ ਮੰਤਰੀ ਨੂੰ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਵੇ।

**Mr. Speaker** : This is admitted. The hon. Minister may please make a statement.

**क्रम न : 95**

**श्री केवल कृष्ण** : मैं सरकार का ध्यान एक सार्वजनिक महत्त्व के मामले की ओर आकर्षित करना चाहता हूँ। अर्थात बयास नदी के किनारों पर बसे गावों की खड़ी फसलों को जंगली गाएं "भूतड़" सैंकड़ों की संख्या में प्रति दिन उजाड़ कर नुकसान पहुंचा रही हैं। विशेषत: सब तहसील मुकेरियां के अनेकों ऐसे गांव जो ब्यास नदी के किनारे है अत्यन्त दुखी हैं। जहां वह हज़ारों भाई इस क्षति के कारण उजड़ रहें हैं वहां देश का सैंकड़ों मन अनाज बरबाद हो रहा है। सरकार इस सम्बन्ध में शीघ्र प्रबन्ध करने सम्बन्धी स्पष्टीकरण करे।

**Mr. Speaker** : This is admitted. The hon. Minister may please make a statement.

**क्रम न : 96**

**श्री केवल कृष्ण** : मैं सरकार का ध्यान एक सार्वजनिक महत्व के मामले की ओर आकर्षित करना चाहता हूँ। कि गवर्नमेंट माडल स्कूल तलवाड़ा के स्टाफ सदस्यों में एक भी नरसरी ट्रेंड अध्यापक नहीं है। लोगों से फीस माडल स्कूल शिक्षा के अनुसार ली जाती है। माडल स्कूल में नरसरी ट्रेंड अध्यापक अनिवार्य हैं। सैंकड़ों बच्चों के जीवन का प्रश्न हैं। सरकार शीघ्र इस सम्बन्ध में सदन को बताए।

**Mr. Speaker** : This is admitted. The hon. Minister may please make a statement.

**Serial No. 98**

**Dr. Amir Singh** : I beg to draw the attention of the Government towards an urgent matter of public importance, namely, that a Village road is under construction from Tanda to Ghardiwala but it is held up due to residents of Village Nangal Khunga (the home Village of Dr. Jagjit Singh) which is under consolidation operation.

Original with;
Punjab Vidhan Sabha
Digitized by;
Panjab Digital Library

Instead of the road leading direct from Harropind and Gohal, it is being diverted over a bund which is 24 feet high and by a very circuitous route which would mean great financial loss to the State. It is necessary that the Consolidation Department should see the both ends of this important road are joined straight and the P.W.D. should metal the road at an early date.

**Mr. Speaker** : This is admitted. The hon. Minister may please make a statement.

**Serial No. 99**

**Dr. Amir Singh** : I beg to draw the attention of the Government towards an urgent matter of public importance, namely, the agitation by the Zamindars of Bhogpur Mill Area regarding the increaing of the price of sugar-cane from Rs. 9/- to Rs. 10/-. The agitators (leaders of the agitation movement) arrested, in this connection, require, in equity and justice, to be let off, as the elections for Directorship of the Mill are fast approaching, and in the absence of the persons arrested, the Sugar Mill shall not be able to have true respresentation of the share-holders at the time of election of the Directors.

**Mr. Speaker** : This is admitted. The hon. Minister concerned may please make a statement.

**Serial No. 100**

**Dr. Amir Singh** : I beg to draw the attention of the Government towards an urgent matter of public importance, namely, that the Municipal Committee, Urmar Tanda, has unanimously resolved to abolish House Tax twice, but the State Government has rejected the resolution of the Municipal Committee. As the financial position of this Municipal Committee is quite sound, the elimination of house tax would bring relief to the residents of Municipal Committee, Urmar Tanda.

**Mr. Speaker** : This is admitted. The hon. Minister concerned may please make a statement.

**Serial No. 101**

**Dr. Amir Singh** : I beg to draw the attention of the Government towards an urgent matter of public importance, namely that the people of Kandi area in Hoshiarpur District are facing great hardships due to—

(*a*) non-availability of drinking water ;

(*b*) great menace spread by 'gonds' (wild-cows), and they do not allow crops to grow.

These matters require urgent action by the State Government.

Original with;
Punjab Vidhan Sabha
Digitized by;
Panjab Digital Library

**Mr. Speaker** : This is admitted. The hon. Minister may please make a statement.

**ਕ੍ਰਮ ਨੰ : 102**

**ਕਾਮਰੇਡ ਬਾਬੂ ਸਿੰਘ ਮਾਸਟਰ** : ਮੈਂ ਜਨਤਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਸਰਕਾਰ ਦਾ ਧਿਆਨ ਦਿਵਾਉਂਦਾ ਹਾਂ, ਅਰਥਾਤ ਇਹ ਕਿ ਪੰਜਾਬ ਸਬਾਰਡੀਨੇਟ ਸਰਵਿਸਜ਼, ਲੁਧਿਆਣੇ ਜ਼ਿਲ੍ਹੇ ਦਾ ਯੂਨਿਟ, ਗ਼ਲਤ ਅਦਾਇਗੀਆਂ ਦੇ ਮਾਮਲੇ ਦੀ ਅਤੇ ਬਲਾਕ ਸਮਿਤੀ ਸਿਧਵਾਂ ਬੇਟ ਦੇ ਕਰਮਚਾਰੀ ਦੀ ਬਲਾਕ ਵਿਕਾਸ ਅਫਸਰ ਦੇ ਹੱਥੀਂ ਮਾਰ ਕੁੱਟ ਦੀ ਪੜਤਾਲ ਲਈ ਜਦੋ-ਜਹਿਦ ਕਰ ਰਿਹਾ ਹੈ । ਡਿਪਟੀ ਕਮਿਸ਼ਨਰ, ਲੁਧਿਆਣਾ ਵਲੋਂ ਭਰੋਸੇ ਦਿਵਾਉਣ ਦੇ ਬਾਵਜੂਦ ਵੀ ਕੁਝ ਵੀ ਨਹੀਂ ਕੀਤਾ ਗਿਆ ਹੈ । ਕਰਮਚਾਰੀ ਫਰਵਰੀ ਦੇ ਅਖੀਰਲੇ ਹਫਤੇ ਤੋਂ ਲੜੀਵਾਰ ਭੁਖ ਹੜਤਾਲ ਤੇ ਹਨ ਅਤੇ ਮੁਜ਼ਾਹਰਾ ਕਰ ਰਹੇ ਹਨ । ਹੁਣ ਕਰਮਚਾਰੀਆਂ ਨੇ ਆਪਣੀ ਜਦੋ-ਜਹਿਦ ਡਿਪਟੀ ਕਮਿਸ਼ਨਰ, ਲੁਧਿਆਣੇ ਦੀ ਰਹਾਇਸ਼ੀ ਥਾਂ ਤੇ ਸ਼ੁਰੂ ਕਰ ਦਿਤੀ ਹੈ ਅਤੇ ਇਸ ਤੋਂ ਬਾਅਦ ਹੜਤਾਲ ਅਨਿਸ਼ਚਿਤ ਸਮੇਂ ਲਈ ਹੋ ਜਾਵੇਗੀ ।

ਇਸ ਨਾਲ ਗੰਭੀਰ ਹਾਲਾਤ ਪੈਦਾ ਹੋ ਗਏ ਹਨ ਇਸ ਕਰਕੇ ਇਹ ਨੋਟਿਸ ਦਿਤਾ ਗਿਆ ਹੈ ।

**ਸ਼੍ਰੀ ਸਪੀਕਰ** : ਐਡਮਿਟਿਡ, ਵਜ਼ੀਰ ਸਾਹਿਬ ਬਿਆਨ ਦੇਣ ।

(It is admitted. The hon. Minister concerned may please make a statement.)

**ਕ੍ਰਮ ਨੰ : 103**

**ਗਿਆਨੀ ਕੁੰਦਨ ਸਿੰਘ ਪਤੰਗ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪਿਛਲੇ ਦੋ ਸਾਲਾਂ ਦੇ ਦੌਰਾਨ ਹਰੀਜਨ ਭਲਾਈ ਫੰਡ ਦੀ ਗ਼ਲਤ ਤਕਸੀਮ ਅਤੇ ਮੰਤਰੀ ਇਨਚਾਰਜ ਸ਼੍ਰੀ ਪਿਆਰਾ ਰਾਮ ਧਨੋਵਾਲੀ ਨੇ ਕਰਜ਼ਿਆਂ ਦੀ ਸਾਰੀ ਦੀ ਸਾਰੀ ਰਕਮ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਦੇ ਦਿਤੀ ਜਦ ਕਿ ਇਸ ਦੇ ਲੋੜਵੰਦ ਵਿਅਕਤੀਆਂ ਨੂੰ ਕੋਈ ਕਰਜਾ ਨਹੀਂ ਦਿਤਾ ਗਿਆ । ਇਸ ਸਬੰਧ ਵਿਚ ਸ਼ਿਕਾਇਤ ਸਰਕਾਰ ਨੂੰ ਪਹਿਲਾਂ ਹੀ ਮਿਲ ਚੁਕੀ ਹੈ । ਸਰਕਾਰ ਨੂੰ ਇਕ ਬਿਆਨ ਦੇਣਾ ਚਾਹੀਦਾ ਹੈ ਕਿ ਕੀ ਸਰਕਾਰ ਸਾਲ 1966-67, 1967-68 ਅਤੇ 1968-69 ਦੇ ਦੌਰਾਨ ਹਰੀਜਨ ਭਲਾਈ ਫੰਡ ਦੀ ਤਕਸੀਮ ਬਾਰੇ ਪੜਤਾਲ ਕਰਨ ਅਤੇ ਗ਼ਲਤ ਤਕਸੀਮ ਕਰਨ ਦੇ ਜ਼ੁਮੇਵਾਰ ਵਿਅਕਤੀ ਵਿਰੁਧ ਸਖ਼ਤ ਕਾਰਵਾਈ ਕਰਨ ਦਾ ਵਿਚਾਰ ਰਖਦੀ ਹੈ ਤਾਂ ਜੋ ਜਨਤਾ ਵਿਚਲੇ ਰੋਸ ਨੂੰ ਦੂਰ ਕੀਤਾ ਜਾਵੇ ਅਤੇ ਅਸਰਾਏ ਗਏ ਸਾਰੇ ਅਨੁਸੂਚਿਤ ਵਿਅਕਤੀਆਂ ਦੀ ਤਸਲੀ ਹੋ ਸਕੇ ।

**ਸ਼੍ਰੀ ਸਪੀਕਰ** : ਐਡਮਿਟਿਡ । ਵਜ਼ੀਰ ਸਾਹਿਬ ਜਵਾਬ ਦੇਣ । (Admitted. The hon. Minister concerned may please make a statement.)

**ਕ੍ਰਮ ਨੰ : 104**

**ਸਰਦਾਰ ਦਲੀਪ ਸਿੰਘ ਪਾਂਧੀ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਚਿੱਠੀ ਨੰ : 7/2 68-68।ਈ.ਐਸ. (1), ਮਿਤੀ 31-12-68 ਅਨੁਸਾਰ 31 ਨਵੇਂ ਹੈਡ ਮਾਸਟਰ ਨਿਯੁਕਤ ਕੀਤੇ ਗਏ ਹਨ ਪਰੰਤੂ ਪਛੜੀਆਂ ਸ਼ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਦਾ ਇਕ ਵੀ ਬੰਦਾ ਹੈਡਮਾਸਟਰ ਨਿਯੁਕਤ ਨਹੀਂ ਕੀਤਾ ਗਿਆ ਅਤੇ ਇਸ ਦੇ ਫਲ ਸਰੂਪ ਪਛੜੀਆਂ ਜਾਤੀਆਂ ਦੇ ਉਮੀਦਵਾਰਾਂ ਵਿਚ ਖਾਸ

Original with;
Punjab Vidhan Sabha
Digitized by;
Panjab Digital Library

ਤੌਰ ਤੇ ਅਨੁਸੂਚਿਤ ਸ਼ਰੇਣੀਆਂ ਵਿਚ ਆਮ ਤੌਰ ਤੇ ਬਹੁਤ ਬੇਚੈਨੀ ਫੈਲੀ ਹੋਈ ਹੈ। ਸਰਕਾਰ ਇਸ ਸੰਬੰਧ ਵਿਚ ਬਿਆਨ ਦੇਣ ਦੀ ਕਿਰਪਾ ਕਰੇ ਤਾਂ ਜੋ ਜਨਤਾ ਦੀ ਬੇਚੈਨੀ ਦੂਰ ਹੋ ਸਕੇ।

**Mr. Speaker** : Admitted. The hon. Minister concerned may please make a statement.

ਕ੍ਰਮ ਨੰ : 105

**ਗਿਆਨੀ ਕੁੰਦਨ ਸਿੰਘ ਪਤੰਗ** : ਸਰਕਾਰ ਦਾ ਧਿਆਨ ਇਕ ਲੋਕ ਮਹੱਤਤਾ ਦੇ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ ਆਮ ਤੌਰ ਤੇ ਲੋਕ ਵਿਆਹਾਂ, ਕੁੜਮਾਈਆਂ ਅਤੇ ਹੋਰ ਦੂਜੇ ਪੁਰਬਾਂ ਤੇ ਲਾਊਡ ਸਪੀਕਰ ਦਾ ਪ੍ਰਯੋਗ ਕਰਦੇ ਹਨ ਅਤੇ ਇਸ ਤਰ੍ਹਾਂ ਕਰਦੇ ਹੋਏ ਉਹ ਕਿਸੇ ਪਾਸੋਂ ਆਗਿਆ ਨਹੀਂ ਲੈਂਦੇ ਅਤੇ ਨਾ ਹੀ ਸਮੇਂ ਦੀ ਪਰਵਾਹ ਕਰਦੇ ਹਨ। ਪੰਜਾਬੀ ਰਿਕਾਰਡ ਏਨੇ ਅਸ਼ਲੀਲ ਹੁੰਦੇ ਹਨ ਕਿ ਸ਼ਰੀਫ ਆਦਮੀ ਸ਼ਰਮ ਮਹਿਸੂਸ ਕਰਨ ਲਗ ਪੈਂਦਾ ਹੈ ਅਤੇ ਇਨ੍ਹਾਂ ਦਾ ਨੌਜਵਾਨਾਂ ਅਤੇ ਮੁਟਿਆਰਾਂ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। 10 ਵਜੇ ਤੋਂ ਬਾਅਦ ਲਾਊਡ ਸਪੀਕਰਾਂ ਦੀ ਵਰਤੋਂ ਵਿਦਿਆਰਥੀਆਂ ਲਈ ਹਾਨੀਕਾਰਕ ਹੈ ਅਤੇ ਸੌਣ ਵਾਲੇ ਲੋਕਾਂ ਲਈ ਵੀ ਹਾਨੀਕਾਰਕ ਹੈ, ਜਿਸ ਦੇ ਫਲਸਰੂਪ ਬੱਚਿਆਂ ਦੀ ਪੜ੍ਹਾਈ ਅਤੇ ਇਖਲਾਕ ਤੇ ਬਹੁਤ ਭੈੜਾ ਅਸਰ ਪੈ ਰਿਹਾ ਹੈ। ਸਬੰਧਤ ਮੰਤਰੀ ਕਿਰਪਾ ਕਰਕੇ ਬਿਆਨ ਦੇਣ ਕਿ ਕੀ ਸਰਕਾਰ ਲਾਊਡ ਸਪੀਕਰ ਦੀ ਕੁਵਰਤੋਂ ਨੂੰ ਰੋਕਣ, ਇਸ ਸਬੰਧ ਵਿਚ ਕੁਝ ਨਿਯਮ ਬਣਾਉਣ ਅਤੇ ਅਸ਼ਲੀਲ ਰਿਕਾਰਡ ਵਜਾਉਣ ਤੇ ਰੋਕ ਲਾਉਣ ਲਈ ਵਿਚਾਰ ਰਖਦੀ ਹੈ ਅਤੇ ਇਸ ਸਮਸਿਆ ਦਾ ਤੁਰਤ ਹੱਲ ਲਭਣ ਲਈ ਕੋਈ ਕਾਰਵਾਈ ਕਰਨ ਦਾ ਵਿਚਾਰ ਰਖਦੀ ਹੈ।

**Mr. Speaker** : Admitted. The hon. Minister concerned may please make a statement.

**ਸ਼੍ਰੀ ਗੁਰਦਿਆਲ ਸੈਣੀ** * * * * * *

* * * * * * * * *

* * * * * * * * *

**Mr. Speaker** : I have disallowed your Call Attention Notice.

**ਸ਼੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਅਸੀਂ ਤੁਹਾਡੀ ਪੂਰੀ ਇਜ਼ਤ ਕਰਦੇ ਹਾਂ। (ਵਿਘਨ) ਸਾਡੀ ਕੋਈ ਸੁਣਵਾਈ ਨਹੀਂ ਹੁੰਦੀ।

* * * * * * * * * * * * *

* * * * * * * * * * * * *

**Mr. Speaker** : Please take your seat.

**ਸ਼੍ਰੀ ਗੁਰਦਿਆਲ ਸੈਣੀ** : * * * * * * * *

* * * * * * * * * * * *

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੁਰਦਿਆਲ ਸੈਣੀ** : * * * * * * *
* * * * * * * * * * * * *
* * * * * * * * * * * * *
* * * * * * * * * * * * *

**Mr. Speaker** : Shri Gurdial Saini, please take your seat. I have already disallowed your Call Attention Notice.

**ਕਾਮਰੇਡ ਬਾਬੂ ਸਿੰਘ ਮਾਸਟਰ** : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਸਪੀਕਰ ਸਾਹਿਬ ਕਿ ਤੁਹਾਨੂੰ ਡੈਫੀਨਟ ਰੂਲਿੰਗ ਦੇਣੀ ਚਾਹੀਦੀ ਹੈ । ਜਿਹੜਾ ਵੀ ਕੋਈ ਆਨਰੇਬਲ ਮੈਂਬਰ ਕਿਸੇ ਡਿਸਅਲਾਊਡ ਮੋਸ਼ਨ ਬਾਰੇ ਬੋਲਦਾ ਹੈ, ਜੋ ਕੁਝ ਵੀ ਉਹ ਬੋਲਦਾ ਹੈ ਉਹ ਐਕਸਪੰਜ ਹੋਣਾ ਚਾਹੀਦਾ ਹੈ ।

**ਸ਼੍ਰੀ ਸਪੀਕਰ** : ਜਿਹੜਾ ਵੀ ਕੋਈ ਮੈਂਬਰ ਚੇਅਰ ਦੀ ਕਨਸੈਂਟ ਤੋਂ ਬਗੈਰ ਬੋਲੇ, ਉਹ ਗੱਲ ਐਕਸਪੰਜ ਕਰ ਦੇਣੀ ਚਾਹੀਦੀ ਹੈ । (Whatever is said without the permission of the chair, should be expunged from the record of the proceedings of the House.)

**ਸ਼੍ਰੀ ਗੁਰਦਿਆਲ ਸੈਣੀ** : * * * * * * * * *
* * * * * * * * * * * * *

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੇਰੀ ਇਕ ਸਬਮਿਸ਼ਨ ਹੈ (ਵਿਘਨ) (ਸ਼ੋਰ) ਜੇ ਤੁਸੀਂ ਸੁਣਨਾ ਚਾਹੁੰਦੇ ਹੋ ਤਾਂ ਸੁਣ ਲਉ, ਨਹੀਂ ਤਾਂ ਮੈਂ ਬੈਠ ਜਾਂਦਾ ਹਾਂ । (ਵਿਘਨ) (ਸ਼ੋਰ) (ਬਹੁਤ ਸ਼ੋਰ) (ਅਵਾਜ਼ਾਂ : ਬੈਠ ਜਾਉ) ।

**ਸਰਦਾਰ ਗੁਰਬੰਤਾ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ, ਸਪੀਕਰ ਸਾਹਿਬ, ਕਿ ਜੇ ਤਾਂ ਕੋਈ ਮੈਂਬਰ ਹਾਊਸ ਵਿਚ ਗ਼ਲਤ ਗੱਲ ਕਹੇ ਜਾਂ ਕਿਸੇ ਦੇ ਬਰਖਿਲਾਫ ਕੋਈ ਗੱਲ ਕਹੇ ਜਾਂ ਕੋਈ ਐਸੀ ਜ਼ਬਾਨ ਵਰਤੇ ਜਿਹੜੀ ਆਬਜੈਕਸ਼ਨੇਬਲ ਹੋਵੇ ਉਹ ਤਾਂ ਐਕਸਪੰਜ ਕੀਤੀ ਜਾ ਸਕਦੀ ਹੈ, ਪਰ ਅਗਰ ਕੋਈ ਮੈਂਬਰ ਹਾਊਸ ਵਿਚ ਆਪਣੀ ਤਕਲੀਫ਼ ਦਸਦਾ ਹੈ ਤਾਂ ਉਸ ਨੂੰ ਕਿਉਂ ਐਕਸਪੰਜ ਕੀਤਾ ਜਾ ਰਿਹਾ ਹੈ ।

**ਸ਼੍ਰੀ ਸਪੀਕਰ** : ਮੈਂ ਅਰਜ਼ ਕੀਤੀ ਹੈ that the words which are said without the consent of the Chair will be expunged. (I have submitted that the words which are said without the consent of the Chair, will be expunged.)

**ਮਾਸਟਰ ਗੁਰਬੰਤਾ ਸਿੰਘ** : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸੈਣੀ ਸਾਹਿਬ ਨੇ ਐਸੀ ਕੋਈ ਗਲ ਨਹੀਂ ਕਹੀ । (ਵਿਘਨ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਮੈਂ ਇਹ ਨਹੀਂ ਕਿਹਾ ਕਿ ਕੋਈ ਮਾੜੀ ਗੱਲ ਉਨ੍ਹਾਂ ਨੇ ਕਹੀ ਹੈ। ਜਿਹੜਾ ਕੁਝ ਵੀ ਮੈਂਬਰ ਸਾਹਿਬ ਬੋਲਣ ਉਸ ਲਈ ਚੇਅਰ ਦੀ ਪਰਮਿਸ਼ਨ ਜ਼ਰੂਰੀ ਹੈ। (ਵਿਘਨ) ਜੇ ਸਾਰੇ ਮੈਂਬਰ ਇਸ ਤਰ੍ਹਾਂ ਬੋਲਣ ਲਗ ਪੈਣ ਤਾਂ ਹਾਊਸ ਦੀ ਕਾਰਵਾਈ ਕਿਸ ਤਰ੍ਹਾਂ ਚਲ ਸਕੇਗੀ? (I have not said that he has uttered something undesirable. Whatever the hon. Members say, they should say with the permission of the Chair. (Interruptions) If all the Members start speaking without permission, the proceedings of the House cannot be conducted properly).

**ਕੈਪਟਨ ਰਤਨ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਪੀਕਰ ਸਾਹਿਬ ਪਹਿਲੇ ਕੁਝ ਕਹਿਣ ਅਤੇ ਮਗਰੋਂ ਕੁਝ ਹੋਰ ਕਹਿਣ। ਅਸੀਂ ਕਿਹੜੀ ਗੱਲ ਮੰਨੀਏ। ਪਹਿਲਾਂ ਤੁਸੀਂ ਇਹ ਕਿਹਾ ਹੈ ਕਿ ਅਗਰ ਕੋਈ ਚੀਜ਼ ਸਪੀਕਰ ਦੀ ਮਰਜ਼ੀ ਤੋਂ ਬਗ਼ੈਰ ਇਥੇ ਕਹੀ ਜਾਵੇ ਤਾਂ ਉਸ ਨੂੰ ਐਕਸਪੰਜ ਕਰ ਦੇਣਾ ਚਾਹੀਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਥੇ ਹਾਊਸ ਵਿਚ ਤਾੜੀਆਂ ਵੀ ਵਜਦੀਆਂ ਹਨ, ਸ਼ੋਰ ਵੀ ਹੁੰਦਾ ਹੈ, ਰਿਕਾਰਡ ਵਿਚ ਉਹ ਵੀ ਲਿਖਿਆ ਜਾਂਦਾ ਹੈ। ਕੀ ਉਸ ਨੂੰ ਵੀ ਤੁਸੀਂ ਐਕਸਪੰਜ ਕਰੋਗੇ। (ਵਿਘਨ) ਹੁਣ ਤੁਸੀਂ ਦੂਸਰੀ ਰੂਲਿੰਗ ਦੇ ਦਿਤੀ ਹੈ। (ਵਿਘਨ) ਅਸੀਂ ਤੁਹਾਡਾ ਕਿਹੜਾ ਹੁਕਮ ਮੰਨੀਏ।

**ਸ਼੍ਰੀ ਸਪੀਕਰ :** ਮੈਂ ਤਾਂ ਇਹ ਬੇਨਤੀ ਕਰਾਂਗਾ ਕਿ ਮੈਂਬਰ ਸਾਹਿਬ ਚੇਅਰ ਦੀ ਕਨਸੈਂਟ ਨਾਲ ਬੋਲਿਆ ਕਰਨ। (I would request the hon. Members to speak with the consent of the Chair).

**Captain Rattan Singh** : Sir, in parliamentary practice, interruptions, questions are part of the proceedings. ਮੈਂ ਇਹ ਨਹੀਂ ਕਹਿੰਦਾ ਕਿ ਕੋਈ ਮੈਂਬਰ ਸਾਹਿਬ ਉਠ ਕੇ ਤੁਹਾਡੀ ਇਜਾਜ਼ਤ ਬਗੈਰ ਬੋਲੇ।

**ਸ਼੍ਰੀ ਸਪੀਕਰ :** ਜੇ ਤੁਸੀਂ ਇਹ ਮੰਨਦੇ ਹੋ ਕਿ ਇਹ ਹੱਕ ਨਹੀਂ ਤਾਂ ਇਹ ਫਿਰ ਕਿਸ ਤਰ੍ਹਾਂ ਪ੍ਰੋਸੀਡਿੰਗਜ਼ ਵਿਚ ਰਹੇ ? (If the hon. Member agrees that they cannot speak without the permission of the Chair, then how can a speech made without permission may form part of the record of the proceedings ?)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਨੂੰ ਪਾਰਲੀਮੈਂਟਰੀ ਪਰੈਕਟਿਸ ਦਸਦਾ ਹਾਂ। (ਵਿਘਨ) (ਸ਼ੋਰ) (ਬਹੁਤ ਸ਼ੋਰ) ਰੋਜ਼ ਚੀਫ਼ ਮਨਿਸਟਰ ਸਾਹਿਬ ਸਾਨੂੰ ਇਥੇ ਕਈ ਗੱਲਾਂ ਕਹਿੰਦੇ ਹਨ ਔਰ ਉਹ ਪਾਰਟ ਆਫ ਦੀ ਪ੍ਰੋਸੀਡਿੰਗਜ਼ ਬਣਦੀਆਂ ਹਨ। (ਵਿਘਨ) ਤੁਸੀਂ ਕਈ ਗੱਲਾਂ ਕਰਦੇ ਹੋ...

**Mr. Speaker** : Please address the Chair.

**ਕੈਪਟਨ ਰਤਨ ਸਿੰਘ:** ਸਪੀਕਰ ਸਾਹਿਬ, ਇਹ ਇਸ਼ਾਰੇ ਕਰਦੇ ਹਨ। ਇਨਾਂ ਨੂੰ ਕਹੋ ਇਸ਼ਾਰੇ ਨਾ ਕਰਨ।

**ਸ਼੍ਰੀ ਸਪੀਕਰ :** ਤੁਹਾਨੂੰ ਪੂਰਾ ਬੋਲਨ ਦਾ ਅਧਿਕਾਰ ਹੈ। ( The hon. Member

*Original with;*
Punjab Vidhan Sabha
*Digitized by;*
Panjab Digital Library

has every right to speak.

(ਸ਼ੋਰ)

**ਕੈਪਤਨ ਰਤਨ ਸਿੰਘ:** ਸਪੀਕਰ ਸਾਹਿਬ, ਇਸ ਹਾਊਸ ਦੇ ਕੁਝ ਬਿਜ਼ਨੈਸ ਰੂਲਜ਼ ਹਨ, ਕੁਝ ਪਾਰਲੀਮੈਂਟਰੀ ਪ੍ਰੀਸੀਡੈਂਟਸ ਹਨ ਅਤੇ ਕੁਝ ਇਸ ਹਾਊਸ ਦੀ ਪਰੈਕਟਸ ਹੈ (ਸ਼ੋਰ)

**ਸ਼੍ਰੀ ਸਪੀਕਰ :** ਕੀ ਤੁਸੀਂ ਚਾਹੁੰਦੇ ਹੋ ਕਿ ਰੂਲਜ਼ ਦੀ ਉਲੰਘਣਾ ਕੀਤੀ ਜਾਏ ?

(Is it the intention of the hon. Member that the rules should be violated ?)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਰੂਲਜ਼ ਦੀ ਉਲੰਘਣਾ ਵੀ ਨਾ ਹੋਵੇ, ਤੇ ਇਸ ਹਾਊਸ ਦਾ ਕੰਮ ਵੀ ਠੀਕ ਚਲੇ । ਸਪੀਕਰ ਸਾਹਿਬ, ਤੁਹਾਡੀ ਪੋਜ਼ੀਸ਼ਨ ਬਹੁਤ ਉੱਚੀ ਹੈ । ਫ਼ਿਰ ਵੀ ਤੁਹਾਡੇ ਕੋਲੋਂ ਕੋਈ ਗ਼ਲਤੀ ਹੋ ਸਕਦੀ ਹੈ । ਇਕ ਆਨਰੇਬਲ ਮੈਂਬਰ ਦਾ ਹੱਕ ਬਣਦਾ ਹੈ ਕਿ ਉਹ ਤੁਹਾਡੇ ਕੋਲ ਸੱਬਮਿਸ਼ਨ ਕਰੇ । ਤੁਸੀਂ ਉਸ ਸਬਮਿਸ਼ਨ ਨੂੰ ਸੁਣ ਲਿਆ ਕਰੋ ।

**ਸ਼੍ਰੀ ਸਪੀਕਰ :** ਬੈਠ ਜਾਉ । (The hon. Member may please take his seat.)

**ਸਰਦਾਰ ਕਪੂਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਮੈਂ ਅਜ ਕੋਈ ਅੱਧੀ ਦਰਜਨ ਤੋਂ ਵਧ ਵੇਰ ਉਠ ਕੇ ਤੁਹਾਡਾ ਅਤੇ ਸਰਕਾਰ ਦਾ ਧਿਆਨ ਆਪਣੇ ਵੱਲ ਦਿਲਾਉਣ ਲਈ ਯਤਨ ਕਰਦਾ ਰਿਹਾ ਹਾਂ ਪਰ ਮੈਂ ਰੌਲਾ ਪਾ ਕੇ ਰੂਲਜ਼ ਭੰਗ ਨਹੀਂ ਕਰਨਾ ਚਾਹੁੰਦਾ ਸੀ । ਕੋਈ ਐਸੀ ਯੁਕਤੀ ਦਸੋ ਜਿਸ ਨਾਲ ਮੈਂ ਆਪ ਦਾ ਧਿਆਨ ਆਪਣੇ ਵੱਲ ਖਿਚ ਸਕਾਂ ?

**ਸ਼੍ਰੀ ਸਪੀਕਰ :** ਮੈਂ ਕੋਸ਼ਿਸ਼ ਕਰਾਂਗਾ ਕਿ ਹਰ ਇਕ ਦਾ ਪੂਰਾ ਧਿਆਨ ਰਖਿਆ ਜਾਏ । (I will try to catch every Member's eye.)

**ਸ਼੍ਰੀ ਗੁਰਦਿਆਲ ਸੈਣੀ :** (ਜਲੰਧਰ ਨਾਰਥ) : * * * * * * * * * * * * * * * * * * * *

**ਸ਼੍ਰੀ ਸਪੀਕਰ :** ਸ਼੍ਰੀ ਗੁਰਦਿਆਲ ਸੈਣੀ ਨੇ ਜੋ ਕੁਝ ਕਿਹਾ ਹੈ, ਐਕਸਪੰਜ ਕਰ ਦਿਤਾ ਜਾਵੇ । (Whatever has been said by Shri Gurdial Saini should be expunged.)

**ਸ਼੍ਰੀ ਸਰਦਾਰੀ ਲਾਲ ਕਪੂਰ :** ਸਪੀਕਰ ਸਾਹਿਬ, ਮੇਰੀ ਪ੍ਰਾਰਥਨਾ ਇਹ ਕਿ ਇਸ ਹਾਊਸ ਨੂੰ ਬਿਲਕੁਲ ਦਰੁਸਤ ਤਰੀਕੇ ਨਾਲ ਚਲਾਉਣਾ ਚਾਹੀਦਾ ਹੈ । ਅਸੀਂ ਪੂਰੀ ਤਰ੍ਹਾਂ ਕੋਆਪਰੇਟ ਕਰਦੇ ਹਾਂ ਅਤੇ ਤੁਹਾਡੇ ਕੋਲ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਵੀ ਸਾਨੂੰ ਪੂਰੀ ਤਰ੍ਹਾਂ ਕੋਆਪਰੇਸ਼ਨ ਦਿਉ । ਸਵੇਰ ਤੋਂ ਜਿਹੜਾ ਕੁਝ ਹੁਣ ਤਕ ਇਸ ਹਾਊਸ ਵਿਚ ਹੁੰਦਾ ਰਿਹਾ ਹੈ...(ਸ਼ੋਰ) (ਵਿਘਨ)

**ਸ਼੍ਰੀ ਸਪੀਕਰ :** ਇਹ ਗੱਲ ਠੀਕ ਹੈ । ਤੁਸੀਂ ਬੈਠ ਜਾਓ । ਮੈਂ ਫੁਲੀ ਕੋਆਪਰੇਟ ਕਰਦਾ ਹਾਂ, ਪਰ ਰੂਲਜ਼ ਦੀ ਉਲੰਘਣਾ ਕਰਨ ਨੂੰ ਤਿਆਰ ਨਹੀਂ । (It is correct. But the hon. Member may please take his seat. I fully co-operate with the hon. Member but I am not prepared to violate the rules.) (ਸ਼ੋਰ) (ਵਿਘਨ)

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੁਰਦਿਆਲ ਸੈਣੀ :** * * * * * * * *
* * * * * * * * * * * * *
* * * * * * * * * * * * *

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order.)

**ਕ੍ਰਮ ਨੰ : 107**

**ਸਰਦਾਰ ਦਲੀਪ ਸਿੰਘ ਪਾਂਧੀ :** ਮੈਂ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਗੌਰਮਿੰਟ ਹਾਈ ਸਕੂਲ ਬਰਨਾਲਾ ਜੋ ਕਿ ਮੈਟਰਿਕ ਦਾ ਇਮਤਿਹਾਨ ਦੇ ਰਹੀਆਂ ਲੜਕੀਆਂ ਦਾ ਸੈਂਟਰ ਹੈ, ਵਿਚ ਗੁੰਡਾ-ਗਰਦੀ ਦਾ ਜ਼ੋਰ ਹੈ । ਕੁਝ ਗੁੰਡਿਆਂ ਨੇ ਮਹਿਕਮਾ ਤਲੀਮ ਦੇ ਇਕ ਕਰਮਚਾਰੀ ਬਹਾਦਰ ਸਿੰਘ, ਬਲਾਕ ਐਜੂਕੇਸ਼ਨ ਅਫਸਰ (ਪ੍ਰਬੰਧ ਦਾ ਇੰਚਾਰਜ ਸੀ) ਨੂੰ ਸੱਟਾਂ ਮਾਰੀਆਂ । ਬਰਨਾਲਾ ਥਾਨਾ ਵਿਚ ਐਫ. ਆਈ. ਆਰ, 19. 3. 1969 ਨੂੰ ਦਰਜ ਹੈ । ਪੁਲਿਸ ਵਲੋਂ ਮੁਕਾਮੀ ਗੁੰਡਿਆਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਗਈ । ਇਸ ਬਾਰੇ ਸਰਕਾਰ ਛੇਤੀ ਹਾਊਸ ਵਿਚ ਬਿਆਨ ਦੇਵੇ ।

**ਸ਼੍ਰੀ ਸਪੀਕਰ :** ਐਡਮਿਟਿਡ, ਮਿਨਿਸਟਰ ਮੁਤਲਕਾ ਬਿਆਨ ਦੇਵੇ । ਹੁਣ ਕਾਲ ਐਟਨੇਸ਼ਨ ਮੋਸ਼ਨ ਨੰ: 108 ਸਰਦਾਰ ਰਾਜਾ ਸਿੰਘ ਮੂਵ ਕਰਨ ।

(It is admitted. The Minister concerned may make a statement. Sardar Raja Singh may move his Call Attention Motion No. 108)

**ਕ੍ਰਮ ਨੰ : 108**

**ਸਰਦਾਰ ਰਾਜਾ ਸਿੰਘ :** ਮੈਂ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਧਿਆਨ ਦਿਵਾਉਂਦਾ ਹਾਂ ਕਿ ਮੈਨੂੰ ਇਹ ਗੱਲ ਸਦਨ ਵਿਚ ਦੱਸਣ ਦੀ ਜ਼ਰਾ ਭਰ ਵੀ ਢਿਲ ਨਹੀਂ ਕਰਨੀ ਚਾਹੀਦੀ ਕਿ ਸੀਸਵਾਂ ਨਦੀ ਜਿਹੜੀ ਪਹਾੜਾਂ (ਕੋਹਸ਼ਵਾਲਿਕ) ਦੇ ਦਾਮਨ ਵਿਚੋਂ ਨਿਕਲ ਕੇ ਜ਼ਿਲ੍ਹਾ ਰੋਪੜ ਦੇ ਵਧੇਰੇ ਕਰਕੇ ਵਾਹੀ ਯੋਗ ਜ਼ਮੀਨ ਨੂੰ ਬਰਬਾਦ ਕਰ ਚੁੱਕੀ ਹੈ ਅਤੇ ਪਿਛਲੇ ਤਿੰਨ ਕੁ ਸਾਲ ਬੀਤ ਚੁਕੇ ਹਨ ਸਰਕਾਰ ਵਲੋਂ ਇਸ ਨਦੀ ਦੇ ਬਹਾਉ ਨੂੰ ਰੋਕਣ ਦੇ ਲਈ ਪਿੰਡ ਡੱਡੂ ਮਾਜਰਾ, ਸੋਹਾਲੀ ਅਤੇ ਦੋਸਾਰਨਾ ਤਹਿਸੀਲ ਰੋਪੜ ਜ਼ਿਲ੍ਹਾ ਰੋਪੜ ਦੇ ਲਾਗੇ ਮਿਟੀ ਦੇ ਕਚੇ ਬੰਧ ਲਾਏ ਸਨ ਹੁਣ ਜਦ ਕਿ ਪਿੰਡ ਡੱਡੂ ਮਾਜਰਾ ਅਤੇ ਪਿੰਡ ਸੁਹਾਲੀ ਦੇ ਲਾਗੇ 4000 ਫੁਟ ਲੰਬਾਈ ਵਿਚ ਮਿੱਟੀ ਦਾ ਬੰਧ ਪਿਛਲੇ ਬਰਸਾਤ ਦੇ ਮੌਸਮ ਤੋਂ ਟੁਟਾ ਪਿਆ ਹੈ । ਸਰਕਾਰ ਨੇ ਅਜ ਤਕ ਇਸ ਪਾਸੇ ਬਾਵਜੂਦ ਪਿੰਡ ਦੀ ਪੰਚਾਇਤ ਅਤੇ ਨਗਰ ਸਭਾ ਵਲੋਂ ਮਤੇ ਪਾਸ ਕਰਨ ਤੇ ਵੀ ਕੋਈ ਧਿਆਨ ਨਹੀਂ ਦਿਤਾ । ਪਿੰਡ ਵਿਚ ਮੈਨੂੰ ਮਧ ਸਮੇਂ ਦੀਆਂ ਚੋਣਾਂ ਪਿਛੋਂ ਜਾਣ ਦਾ ਮੌਕਾ ਮਿਲਿਆ । ਸਾਰੇ ਨਗਰ ਨਿਵਾਸੀ ਉਸ ਮਿੱਟੀ ਦੇ ਟੁੱਟੇ ਬੰਧ ਦੇ ਬਾਰੇ ਬੜੇ ਭੈ-ਭੀਤ ਸਨ ਅਤੇ ਇਹ ਗੱਲ ਵੀ ਬਿਲਕੁਲ ਸਚ ਹੈ ਕਿ ਮੈਂ ਮੌਕਾ ਵੇਖਿਆ ਹੈ ।

ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਿੱਟੀ ਦੇ ਬੰਧ ਦੀ ਤੁਰਤ ਮੁਰੰਮਤ ਕੀਤੀ ਜਾਵੇ ਨਹੀਂ ਤਾਂ ਪਿੰਡ ਸੁਹਾਲੀ ਦੀ ਜ਼ਮੀਨ ਅਤੇ ਘਰ ਤਬਾਹ ਹੋਣ ਦਾ ਡਰ ਹੈ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਐਡਮਿਟਿਡ । ਮਿਨਿਸਟਰ ਮੁਤਅੱਲਕਾ ਇਸ ਬਾਰੇ ਬਿਆਨ ਦੇਵੇ । (It is admitted. The hon. Minister concerned may please make a statement.)

**ਕਾਮਰੇਡ ਸਤਪਾਲ ਡਾਂਗ :** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਐਲਾਉ ਕਰੋ ਕਿ ਜਿਹੜਾ ਕਾਲ ਅਟੈਨਸ਼ਨ ਮੋਸ਼ਨ ਤੇ ਕਿ ਇਕ ਸੁਆਲ ਪੁਛਣ ਦਾ ਹੱਕ ਹੈ ਉਹ ਮੁਲਤਵੀ ਨਾ ਹੋਵੇ । ਕੀ ਸਾਨੂੰ ਇਹ ਪੁੱਛਣ ਦਾ ਹੱਕ ਹੈ ?

**ਸ਼੍ਰੀ ਸਪੀਕਰ :** ਪੁਛੋ । (The hon. Member may ask the question).

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਕਾਲ ਐਟੇਨਸ਼ਨ ਮੋਸ਼ਨ ਨੰ: 9ਜਿਸ ਦਾ ਜਵਾਬ ਚੀਫ ਮਿਨਿਸਟਰ ਸਾਹਿਬ ਨੇ ਕਾਫ਼ੀ ਦੇਰ ਪਹਿਲਾਂ ਮੇਜ਼ ਤੇ ਰਖਿਆ ਸੀ, ਉਸ ਦਾ ਸਬੰਧ ਪਟਿਆਲਾ ਵਿਚ ਹੈਡਮਾਸਟਰ ਤੇ ਹੋਏ ਅਟੈਕ ਦੇ ਸਿਲਸਲੇ ਵਿਚ ਹੈ । ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਇਹੋ ਜਿਹੇ ਵਾਕਿਆਤ ਕਾਫ਼ੀ ਹੋ ਰਹੇ ਹਨ ਔਰ ਕਾਫ਼ੀ ਐਗਜ਼ਾਮੀਨੇਸ਼ਨ ਸੈਂਟਰਜ਼ ਵਿਚ ਪੁਲੀਸ ਭੇਜੀ ਜਾ ਰਹੀ ਹੈ । ਕੀ ਸਰਕਾਰ ਵਿਦਿਆ ਦੇ ਨੁਮਾਇੰਦਿਆਂ ਨੂੰ, ਵਿਦਿਆ ਦੇ ਮਾਹਰੀਨ ਨੂੰ ਬੁਲਾ ਕੇ ਕਿ ਇਸ ਮਸਲੇ ਦਾ ਸੁਚੱਜਾ ਹੱਲ ਕੀ ਹੋਵੇ, ਕੋਈ ਮੀਟਿੰਗ ਕਰਨ ਨੂੰ ਤਿਆਰ ਹੈ ?

**ਮੁੱਖ ਮੰਤਰੀ :** ਇਕੋ ਹੀ ਪਟਿਆਲੇ ਦਾ ਆਈਸੋਲੇਟਿਡ ਕੇਸ ਹੈ, ਜਿਹੜਾ ਪੁਲੀਸ ਨੇ ਐਡਮਿਟ ਕੀਤਾ ਹੈ ।

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਕਾਲ ਐਟੈਨਸ਼ਨ ਮੋਸ਼ਨ ਨੰ: 6 ਜਿਸ ਦਾ ਸੰਬੰਧ ਪ੍ਰਾਈਵੇਟ ਟੀਚਰਾਂ ਦੇ ਧਰਨੇ ਨਾਲ ਹੈ, ਉਸਦੇ ਜਵਾਬ ਵਿਚ ਇਹ ਗੱਲ ਕਹੀ ਗਈ ਹੈ ਕਿ ਚੂੰਕਿ ਉਨ੍ਹਾਂ ਦੀ ਸੀਕਿਉਰਿਟੀ ਆਫ਼ ਸਰਵਿਸ ਦੇ ਸਿਲਸਲੇ ਵਿਚ ਐਜੂਕੇਸ਼ਨ ਕੋਡ ਵਿਚ ਕਈ ਤਰਮੀਮਾਂ ਕਰ ਦਿਤੀਆਂ ਗਈਆਂ ਹਨ, ਇਸ ਲਈ ਕਾਨੂੰਨ ਬਣਾਉਣ ਦੀ ਲੋੜ ਹੈ ਜਾਂ ਨਹੀਂ । ਇਸ ਦੇ ਉਤੇ ਵਿਚਾਰ ਕੀਤਾ ਜਾਏਗਾ । ਸਪੀਕਰ ਸਾਹਿਬ, ਸਵਾਲ ਮੇਰਾ ਇਹ ਹੈ ਕਿ ਜਿਹੜਾ ਗਵਰਨਰ ਸਾਹਿਬ ਨੇ ਇਥੇ ਭਾਸ਼ਣ ਦਿਤਾ, ਐਡਰੈਸ ਮੌਜਦਾ ਸਰਕਾਰ ਵਲੋਂ ਤਿਆਰ ਕੀਤਾ ਗਿਆ ਸੀ, ਉਸ ਦੇ ਵਿਚ ਇਹ ਵਾਇਦਾ ਕੀਤਾ ਗਿਆ ਹੈ ਕਿ ਸੈਸ਼ਨ ਵਿਚ ਉਨ੍ਹਾਂ ਦੀਆਂ ਸੇਵਾਵਾਂ ਨੂੰ ਸੁਰੱਖਿਅਤ ਕਰਨ ਲਈ ਬਿਲ ਪੇਸ਼ ਕੀਤਾ ਜਾਏਗਾ । ਇਹ ਉਸਦੇ ਉਲਟ ਹੈ । ਕਾਨੂੰਨ ਦੀ ਲੋੜ ਹੈ ਜਾਂ ਨਹੀਂ । ਸਰਕਾਰ ਦੀ ਦਰੁਸਤ ਨੀਤੀ ਕੀ ਹੈ ?

**ਮੁਖ ਮੰਤਰੀ :** ਦਰੁਸਤ ਨੀਤੀ ਇਹ ਹੈ ਕਿ ਉਨ੍ਹਾਂ ਦੀ ਸੀਕਿਉਰਿਟੀ ਆਫ਼ ਸਰਵਿਸ ਦੀ ਕੋਸ਼ਿਸ਼ ਕਰਾਂਗੇ । ਹੋ ਸਕਿਆ ਤਾਂ ਬਿਲ ਵੀ ਪੇਸ਼ ਹੋਵੇਗਾ ।

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ ਕਾਲ ਐਟੈਨਸਨ ਮੋਸ਼ਨ ਨੰ: 4 'ਅਤੇ 21' । ਇਨ੍ਹਾਂ ਦਾ ਸਬੰਧ ਉਨ੍ਹਾਂ ਗ੍ਰਿਫ਼ਤਾਰੀਆਂ ਨਾਲ ਹੈ, ਜਿਹੜੀਆਂ ਭੋਗਪੁਰ ਸ਼ੂਗਰ ਮਿਲ ਵਿਚ ਗੰਨੇ ਦੀ ਕੀਮਤ 10 ਰੁਪਏ ਕਰਾਉਣ ਦੇ ਸਿਲਸਲੇ ਵਿਚ ਚਲ ਰਹੀਆਂ ਹਨ । ਇਸ ਸਬੰਧ ਵਿਚ ਹੋਈਆਂ ਗ੍ਰਿਫ਼ਤਾਰੀਆਂ ਵਿਚ ਸਾਡੇ ਹਾਊਸ ਦੇ ਮੈਂਬਰ ਕਾਮਰੇਡ ਕੁਲਵੰਤ ਸਿੰਘ ਜੀ ਵੀ ਗ੍ਰਿਫ਼ਤਾਰ ਹੋਏ । ਉਸ ਦੇ ਸਬੰਧ ਵਿਚ ਚੀਫ ਮਿਨਿਸਟਰ ਸਾਹਿਬ ਨੇ ਦਸਿਆ ਹੈ ਕਿ......

The Satyagrahis were not roughly handled by the police, nor did

Original with;
Punjab Vidhan Sabha
Digitized by;
Panjab Digital Library

the police remove their turbans or pull them by the beards.

ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਜਿਸ ਸੱਜਨ ਜਥੇਦਾਰ ਦੀ ਦਾੜ੍ਹੀ ਪੁਟੀ ਗਈ...(ਵਿਰੋਧੀ ਧਿਰ ਵਲੋਂ ਸ਼ੇਮ, ਸ਼ੇਮ,) ਉਸ ਨੂੰ ਅਗਰ ਹੁਣ ਵੀ ਚੀਫ਼ ਮਨਿਸਟਰ ਸਾਹਿਬ ਜ਼ੇਲ੍ਹ ਵਿਚੋਂ ਰਿਹਾ ਕਰਵਾ ਦੇਣ ਤਾਂ ਅਸੀਂ ਹੁਣ ਵੀ ਉਨ੍ਹਾਂ ਦੇ ਜ਼ਖਮ ਇਨ੍ਹਾਂ ਨੂੰ ਦਿਖਾ ਸਕਦੇ ਹਾਂ। ਜਾਂ ਅਗਰ ਇਹ ਚਾਹੁਣ ਤਾਂ ਜੋ ਆਨਰੇਬਲ ਮੈਂਬਰ ਸਾਹਿਬ ਦਾ ਬਿਆਨ ਹੈ ਕਿ ਉਨ੍ਹਾਂ ਦੀ ਦਾੜ੍ਹੀ ਪੁਟੀ ਗਈ, ਕੀ ਇਹ ਇਸ ਦੀ ਇਨਕਵਾਇਰੀ ਕਰਾਉਣ ਨੂੰ ਤਿਆਰ ਹੋਣਗੇ ?

**ਮੁੱਖ ਮੰਤਰੀ :** ਮੈਨੂੰ ਇਨਕਵਾਇਰੀ ਕਰਾਉਣ ਵਿਚ ਕੋਈ ਇਤਰਾਜ਼ ਨਹੀਂ ਹੈ। (ਵਿਘਨ)

**ਸਰਦਾਰ ਗੁਰਬੰਤਾ ਸਿੰਘ :** ਚੀਫ ਮਨਿਸਟਰ ਸਾਹਿਬ ਦੇ ਹੁੰਦੇ ਹੋਏ ਉਨ੍ਹਾਂ ਦੀ ਦਾੜ੍ਹੀ ਪੁੱਟੀ ਗਈ ਤਾਂ ਕੀ ਫਾਇਦਾ ਹੈ ?

**ਮੁੱਖ ਮੰਤਰੀ :** ਮੈਨੂੰ ਤਾਂ ਤੁਹਾਡੀ ਦਾੜ੍ਹੀ ਦਾ ਫਿਕਰ ਹੋਣਾ ਚਾਹੀਦਾ ਹੈ। (ਤਾੜੀਆਂ)

**ਮਾਸਟਰ ਗੁਰਬੰਤਾ ਸਿੰਘ :** ਤੁਸੀਂ ਆਪਣੀ ਦਾੜ੍ਹੀ ਸੰਭਾਲੋ।

**ਸਰਦਾਰ ਉਮਰਾਓ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਚੀਫ ਮਿਨਿ-ਸਟਰ ਸਾਹਿਬ ਨੇ ਜੋ ਗਲ ਇਕ ਮੈਂਬਰ ਦੇ ਮੁਤਾਲਿਕ ਕਹੀ ਹੈ ਉਹ ਬੜੀ ਡੈਰੋਗੇਟਰੀ ਹੈ। ਇਹ ਰਿਕਾਰਡ ਵਿਚੋਂ ਐਕਸਪੰਜ ਹੋਣੀ ਚਾਹੀਦੀ ਹੈ। (ਵਿਘਨ)

**ਸਰਦਾਰ ਕਿਰਪਾਲ ਸਿੰਘ :** ਇਨ੍ਹਾਂ ਨੂੰ ਇਨ੍ਹਾਂ ਦੀ ਦਾੜ੍ਹੀ ਦਾ ਫਿਕਰ ਹੈ। ਇਹ ਦਾੜ੍ਹੀ ਪੁਟਣ ਦਾ ਹੈ ਜਾਂ ਬਚਾਉਣ ਦਾ ?

**ਸਰਦਾਰ ਗੁਰਬੰਤਾ ਸਿੰਘ :** ਭੋਗਪੁਰ ਵਿਚ ਜਥੇਦਾਰਾਂ ਦੀਆਂ ਦਾੜ੍ਹੀਆਂ ਪੁਟੀਆਂ ਗਈਆਂ। ਮੈਨੂੰ ਤਾਂ ਸ਼ਰਮ ਆਉਂਦੀ ਹੈ।

(ਆਪੋਜੀਸ਼ਨ ਵਲੋਂ 'ਸ਼ੇਮ-ਸ਼ੇਮ' ਦੀਆਂ ਆਵਾਜ਼ਾਂ)

---

10.00 A.M.

## MESSAGE FROM THE GOVERNOR

**Mr. Speaker** : I have received demi-official letter No. 2189-GS-69 dated the 24th March, 1969, from Shri D.C. Pavate, Governor, Punjab, which reads as follows—

"I am in receipt of your demi-official letter No. 15-LA.69/5382, dated the 19th March, 1969, together with a copy of the Motion of Thanks passed by the Panjab Vidhan Sabha on the 19th March, 1969, for the Address I delivered to both the Houses of the legislature on the 14th March, 1969.

I am grateful to the Punjab Vidhan Sabha for the Motion of Thanks."

---

Original with;
Punjab Vidhan Sabha
Digitized by;
Panjab Digital Library

## ANNOUNCEMENT BY THE SPEAKER

**ਸ੍ਰੀ ਸਪੀਕਰ** : ਰੂਲ 267 ਦੇ ਤਹਿਤ ਸਾਲ 1969-70 ਲਈ ਹਾਊਸ ਕਮੇਟੀ ਇਸ ਤਰ੍ਹਾਂ ਨਾਮੀਨੇਟ ਕੀਤੀ ਜਾਂਦੀ ਹੈ :

1. ਬ੍ਰਿਗੇਡੀਅਰ ਬਿਕਰਮਜੀਤ ਸਿੰਘ, ਡਿਪਟੀ ਸਪੀਕਰ, ਐਕਸ ਆਫੀਸ਼ੀਉ ਚੇਅਰਮੈਨ
2. ਸਰਦਾਰ ਜਸਦੇਵ ਸਿੰਘ, ਮੈਂਬਰ
3. ਸਰਦਾਰ ਦਵਿੰਦਰ ਸਿੰਘ ਬਾਜਵਾ, ਮੈਂਬਰ
4. ਡਾਕਟਰ ਅਮੀਰ ਸਿੰਘ, ਮੈਂਬਰ
5. ਚੌਧਰੀ ਜਗਤ ਰਾਮ, ਮੈਂਬਰ

(Under Rule 267, the House Committee for the year, 1969-70 is nominated as follows—

1. Brig. Bikramjit Singh, Deputy Speaker, Ex- officio Chairman.
2. Sardar Jasdev Singh, Member.
3. Sardar Davinder Singh Bajwa Member.
4. Dr. Amir Singh, Member.
5. Chaudhri Jagat Ram, Member.

---

## STATEMENTS LAID ON THE TABLE OF THE HOUSE

REGARDING CALL ATTENTION MOTIONS—

**Minister for Finance** : Sir, I beg to lay on the Table of the House statements in reply to Call Attention Motions Nos. 1, 2, 5, 7, 8, 20, 28, 31, 39, 42, 44 and 54.

Serial No. 1

**Captain Rattan Singh** : I beg to draw the attention of the Government towards an urgent matter of public importance, namely, that the Sugar Mills in this State are offering low sugarcane prices, with the result that the sugar-cane growing farmers are in great difficulty. They are agitating regarding this matter since long. It is, therefore, high time that the Government should take immediate action to fix remunerative prices, so that the sugar-cane growers may have incentive. In view of the approaching Summer, it is necessary that the Government should take immediate steps, in this direction.

Original with;
Punjab Vidhan Sabha
Digitized by;
Panjab Digital Library

**Captain Rattan Singh :**

**Statement re Call attention notice No. 1 by Capt. Rattan Singh MLA regarding the reduction of sugarcane price by the sugar mills in the State.**

Sugarcane price is mainly determined by three factors which are :—

(1) the cost of production

(2) the free sale price of sugar ;

(3) recovery percentage of sugar from sugarcane.

1. During the last year, the cost of production was slightly on the lower side, free sale quota of sugar was 40% and the recovery of sugar from the sugarcane was almost, in all cases, above 8%. In the case of Batala Cooperative Sugar Mills, at one time recovery had gone upto 9·9% also. The price of free sale sugar went upto Rs. 400/- per quintal. The factories under these conditions offered as much as Rs. 12/- per quintal to the cane growers for the sugarcane sold to them.

2. During the current year. i.e. 1968—69, Government of India reduced the free sale quota from 40% to 30%. Government of India fixed the minimum price of sugarcane for the current year at Rs. 7.37 per quintal. The Mills after taking account of the free sale quota fixed the sugarcane price at Rs. 9.50 p which subsequently was raised to Rs. 10/- per quintal. While fixing this price, the prevailing price of sugarcane in the neighbouring States of Haryana and U.P. was also kept in view. The sugar factories in Punjab anticipated at the time that the sugar recovery will not fall below the minimum expected recovery of 8% and they also expected that the position of the price of the free sale sugar may also be favourable These anticipations of the sugar mills did not come true. The figures in the statement (Annexure 'A) will show that excepting in the case of sugar mills, Batala, the recovery fell far short of the expected figures. Annexure 'B' will show the comparative position of recovery of sugar from the sugarcane during the previous year and the current year in the case of cooperative sugar mills. The same is true about the other two sugar mills i.e. Phagwara and Dhuri sugar mills.

3. As to the price of sugar, free sale sugar was selling at Rs. 3.25. With the recent announcement of the Central Government about the linking of excise duty with sugar on advalorem basis, it is being quoted at Rs. 303/- per quintal now. This is exclusive of the excise duty.

4. Governments of India have reduced the free sale quota from 40%to 30% with the result that the sugar mills certainly find themselves faced with reduced resources.

All these factors have resulted in heavy losses to the sugar factories. In the case of Bhogpur cooperative sugar mills, it had gone under loss of about Rs. 5 lakhs and the Board had to revise the price of sugarcane in order to avoid further losses to the mills. The precise figures of the losses suffered by the remaining mills are not readily available, but the position in the case of other mills is none too happy. Such a situation is not only being faced in Punjab, but a similar situation has also developed in the neighbouring States of Haryana and Uttar Pradesh.

5. The low recovery is mainly attributed to the sudden attack of pyrilla in epidemic form. Continued drought is another factor which has brought down the percentage of recovery. Instead of closing the sugar mills because of uneconomic working, it has been considered to be more appropriate to reduce the price of sugarcane and continue the crushing season. Had not this been done, most of the sugar mills would have closed causing further heavy losses to the growers.

Original with;
Punjab Vidhan Sabha
Digitized by;
Panjab Digital Library

## ANNEXURE 'A'

| Name of the sugar Mills | Date of start | Price being paid: Period | Price being paid: Price | Figures of weekly upto-date recovery | |
|---|---|---|---|---|---|
| Batala | 3.12.68 | 3.12.1968 to 11.12.1968 | 9.50 | 15.12.68 | 8.01% |
| | | | | 22.12.68 | 8.01% |
| | | 12.12.1968 onwards | 10.00 | 31.12.68 | 8.11% |
| | | | | 7.1.69 | 8.17% |
| | | | | 15.1.69 | 8.22% |
| | | | | 22.1.69 | 8.26% |
| | | | | 31.1.69 | 8.31% |
| | | | | 7.2.69 | 8.33% |
| | | | | 15.2.69 | 8.34% |
| | | | | 22.2.69 | 8.34% |
| | | | | 28.2.69 | 8.35% |
| | | | | 7.3.69 | 8.34% |
| Morinda | 5.12.1968 | 5.12.68 to 10.2.69 | 9.50 | 15.12.68 | 6.10% |
| | | | | 22.12.68 | 6.17% |
| | | 11.2.69 to 23.2.69 | 8.50 | 31.12.68 | 6.32% |
| | | | | 7.1.69 | 6.33% |
| | | 24.2.69 onwards | 7.37 | 15.1.69 | 6.36% |
| | | | | 22.1.69 | 6.33% |
| | | | | 31.1.69 | 6.17% |
| | | | | 7.2.69 | 6.24% |
| | | | | 15.2.69 | 6.20% |
| | | | | 22-2.69 | 6.16% |
| | | | | 28.2.69 | 6.13% |
| | | | | 7.3.69 | 6.10% |

Original with;
Punjab Vidhan Sabha
Digitized by;
Panjab Digital Library

(Minister for Finance)

| | | | | | |
|---|---|---|---|---|---|
| Bhogpur | 6.12.1968 | 6.12.68 to | 10.00 | 15,12.68 | 6.82% |
| | | 17.2.69 | | 22.12.68 | 6.99% |
| | | 18.2.69 | 9.00 | 31.12.68 | 7.00% |
| | | onwards | | 7.1.69 | 7.10% |
| | | | | 15.1.69 | 7.14% |
| | | | | 22.1.69 | 7.13% |
| | | | | 31.1.69 | 7.09% |
| | | | | 7.2.69 | 7.05% |
| | | | | 15.2.69 | 7.06% |
| | | | | 22.2.69 | 7.10% |
| | | | | 28.2.69 | 7.11% |
| | | | | 7.3.69 | 7.12% |
| Nawanshahr | 21.12.68 | 21.12.68 to | 10.00 | 22.1.69 | 6.14% |
| | | 13.2.69 | | 31.1.69 | 6.16% |
| | | 14.2.69 to | 8.00 | 7.2.69 | 6.63% |
| | | 12.3.69 | | 15.2.69 | 6.00% |
| | | 13.3.69 | 7.37 | 22.2.69 | 5.92% |
| | | onwards | | 28.2.69 | 5.90% |
| | | | | 7.3.69 | 5.89% |
| Dhuri | 3.1.1969 | 3.1.69 to | 10.00 | 7.1.69 | 6.67% |
| | | 22.2.69 | | 15.1.69 | 6.55% |
| | | 23.2.69 to | 8.50 | 22.1.69 | 6.62% |
| | | onwards | | 31.1.69 | 6.70% |
| | | | | 7.2.69 | 6.70% |
| | | | | 15.2.69 | 6.73% |
| | | | | 22.2.69 | 6.70% |
| | | | | 28.2.69 | 6.75% |
| | | | | 7.3.69 | 6.79% |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| Phagwara | 22.1.1969 | 22.1.69 to | 10.00 | 31.1.69 | 5.81% |
| | | 19.2.69 | | 7.2.69 | 6.11% |
| | | 20.2.69 | 8.50 | 15.2.69 | 6.19% |
| | | onwards | | 22.2.69 | 6.05% |
| | | | | 28.2.69 | 6.44% |
| | | | | 7.3.69 | 6.38% |

Original with;
Punjab Vidhan Sabha
Digitized by;
Panjab Digital Library

(Minister for Finance)

## Annexure 'B'

| | Batala | | Bhogpur | | Morinda | | Nawanshar | |
|---|---|---|---|---|---|---|---|---|
| | 31.12.68 | 31.12.67 | 31.12.68 | 31.12.67 | 31.12.68 | 31.12.67 | 31.12.68 | 31.12.67 |
| Cane crushed in quintals. | 2,37,900 | 1,84,100 | 2,35,870.75 | 2,34,786.70 | 2,19,845 | 1,02,306 | 038,800 | Mill started crushing from 21.12.68. |
| Sugar produced in quintals. | 17,230 | 13,875 | 15,794 | 15,081 | 12,060 | 7,390 | 2,134 | |
| Recovery % | 8.11% | 8.28% | 7% | 7.19% | 6.22% | 8.42% | 5 52% | |
| | 31-1.69 | 31.1.69 | 31.1.69 | 31.1.68 | 31.1.69 | 31.1.68 | 31.1.69 | 31.1.68 |
| Cane crushed in quintals. | 5,13,900 | 4,00,000 | 5,46,859.55 | 5,22,360.80 | 5.29,380 | 3,75,785 | 2,44,020 | |
| Sugar produced in quintals. | 41,140 | 33,085 | 38,878 | 38,623 | 31,325 | 32,315 | 11,934 | |
| Recovery % | 8.31% | 8.51% | 7.09% | 7.56% | 6.27% | 8.83% | 6.16% | |
| | 15.2.69 | 15.2.68 | 15.2.69 | 15.2.68 | 15.2.69 | 15.2.68 | 15.2.69 | 15.2.68 |
| Cane crushed in quintals. | 6,15,900 | 4,85,200 | 7,08,982.05 | 6,36,954.65 | 6,53,070 | 4,93,330 | 3,50,780 | |
| Sugar produced in quintals. | 49,865 | 40,414 | 49,853 | 48,001 | 40,479 | 43,619 | 18.877 | |
| Recovery % | 8.34% | 8.57% | 7.10% | 7.71% | 6.20% | 8.24% | 6.00% | |
| | 7.3.69 | upto 29.2.68—7.3.69 | | upto 2.3.68—7.3.69 | | 7.3.68 | 7.3.69 | 7.3.68 |
| Cane crushed in quintals. | 7,71,200 | 5,22,453,35 | 9,02,268.30 | 7,34,601,70 | 8,35,546·70 | 5,80,770 | 5,06,435 | Crushing started w.e.f. 21.12.68. |
| Sugar produced in quintals. | 62,420 | 44,115 | 46,146 | 66,614 | 49,535 | 50,890 | 27,972 | |
| Recovery % | 8.34% | 8.59% | 7.12% | 7.70% | 6.09% | 8.87% | 5.89% | |
| | | (Crushing stopped on 1.3.1968) | | (Crushing stopped on 2nd March, 1968 at 6·15 P.M.) | | | | |

Original with;
Punjab Vidhan Sabha
Digitized by;
Panjab Digital Library

## Serial No 2.

**Captain Rattan Singh :** to draw the attention of the Govt. towards an urgent matter of public importance, namely, that on 23.2.69, Banto aged 14/15 years, daughter of Shri Nasib Singh, son of Prem Singh, village Chadiala, Tehsil Kharar, Distt. Rupar, was abducted by Asa Singh son of Rattan Singh of Chadiala, in league with Smt. Kako, wife of Asa Singh. The report of this incident was lodged with police station, Mubarakpur and this matter was also brought to the notice of the Supdt. of Police, Inspector General of Police, and other higher authorities. In spite of all these representations, no clue of the abducted girl has been found, so far. It seems that the police authorities are not taking much interest in tracing the abducted girl. It is alleged that the SHO Mubarakpur has a hand in this matter and it is with his connivance that Asa Singh has committed this offence.

**Statement by S. Gurnam Singh, Chief Minister, pertaining to Call Attention Notice No. 2 given notice of by Capt. Rattan Singh MLA.**

Shri Nasib Singh reported in the police station on 26.2.69 that Smt. Kako wife of Assa Singh had taken his daughter Bant Kaur, from his house on the morning of 22/23.2.68 without his knowledge. Smt. Kako induced Bant Kaur on the understanding that she will be married and sent her with Asa Singh who kidnapped her. On his statement, case F.I.R. No. 9 dated 26.2.69 u/s 363/366 IPC was registered at police station, Mubarakpur, and the investigation of this case was taken up by SI Incharge police station, Mubarakpur. During investigation the complicity of Smt. Kako in this case was found and she was arrested on 2.3.69. She was remanded to police custody till 10.3.69. She (Smt. Kako) was interrogated through a lady constable but no clue of Bant Kaur was given by her. Kako accused was bailed out by the court (JMIC Kharar) on 10.3.69. Assa Singh is still at large. Vigorous efforts are being made for the recovery of the girl. The investigation is being carried out under the personal supervision of DSP, Rupar. Action against accused Asa Singh is being taken u/s 87/88 Cr. P.C. Allegations against the local police are baseless.

[**ਮੁੱਖ ਮੰਤਰੀ :** ਸ਼੍ਰੀ ਨਸੀਬ ਸਿੰਘ ਨੇ 26-2-69 ਨੂੰ ਥਾਣਾ ਵਿਚ ਰਿਪੋਰਟ ਕੀਤੀ ਕਿ ਸ਼੍ਰੀਮਤੀ ਕਾਕੋ ਪਤਨੀ ਸ਼੍ਰੀ ਆਸਾ ਸਿੰਘ ਮੇਰੀ ਲੜਕੀ ਬੰਤ ਕੌਰ ਨੂੰ ਮੇਰੇ ਮਕਾਨ ਵਿਚੋਂ 22/23-2-69 ਦੀ ਸਵੇਰ ਨੂੰ ਮੇਰੇ ਇਲਮ ਤੋਂ ਬਿਨਾਂ ਲੈ ਗਈ। ਸ਼੍ਰੀਮਤੀ ਕਾਕੋ ਨੇ ਬੰਤ ਕੌਰ ਨੂੰ ਇਹ ਕਹਿ ਕੇ ਫੁਸਲਾਇਆ ਕਿ ਉਸ ਦਾ ਵਿਆਹ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ ਆਸਾ ਸਿੰਘ ਨਾਲ ਭੇਜ ਦਿੱਤਾ ਜਿਸ ਨੇ ਉਸ ਨੂੰ ਅਗਵਾ ਕਰ ਲਿਆ। ਨਸੀਬ ਸਿੰਘ ਦੇ ਬਿਆਨ ਉਤੇ ਕੇਸ ਐਫ. ਆਈ. ਆਰ. ਨੰਬਰ 9 ਮਿਤੀ 26-2-69 ਜ਼ੇਰ ਦਫਾ 363/366 ਆਈ. ਪੀ. ਸੀ. ਮੁਬਾਰਕਪੁਰ ਥਾਣੇ ਵਿੱਚ ਦਰਜ ਕੀਤਾ ਗਿਆ ਅਤੇ ਇਸ ਕੇਸ ਦੀ ਤਫ਼ਤੀਸ਼ ਸਬ ਇਨਸਪੈਕਟਰ ਇੰਚਾਰਜ, ਥਾਣਾ ਮੁਬਾਰਕਪੁਰ ਦੁਆਰਾ ਕੀਤੀ ਗਈ। ਤਫ਼ਤੀਸ਼ ਤੋਂ ਇਹ ਪਤਾ ਚਲਿਆ ਕਿ ਸ਼੍ਰੀਮਤੀ ਕਾਕੋ ਦੀ ਇਸ ਕੇਸ ਵਿਚ ਸਾਜ਼ਬਾਜ ਹੈ ਅਤੇ ਉਸ ਨੂੰ 2-3-69 ਨੂੰ ਫੜ ਲਿਆ ਗਿਆ। ਉਸ ਨੂੰ 10-3-69 ਤਕ ਪੁਲਿਸ ਦੀ ਹਿਰਾਸਤ ਵਿਚ ਰਖਿਆ ਗਿਆ। ਉਸ (ਸ਼੍ਰੀਮਤੀ ਕਾਕੋ) ਤੋਂ ਪੁਛ ਪੜਤਾਲ ਇਕ ਲੇਡੀ ਕੰਸਟੇਬਲ ਨੇ ਕੀਤੀ ਪਰ ਉਸ ਨੇ ਬੰਤ ਕੌਰ ਦੀ ਕੋਈ ਉੱਘ ਸੁੱਘ ਨਾ ਦਿਤੀ। ਮੁਲਜ਼ਮ ਕਾਕੋ ਨੂੰ 10-3-69 ਨੂੰ ਅਦਾਲਤ (ਜੇ. ਐਮ. ਆਈ.

Original with;
Punjab Vidhan Sabha
Digitized by;
"A motion for vote-on-account shall state the total sum required, and the various amounts needed for each department or item of expenditure which compose that sum shall be stated in a schedule appended to the motion."

ਇਸੇ ਤਰੀਕੇ ਨਾਲ ਜੋ ਪਾਰਲੀਮੈਂਟ ਦੇ ਰੂਲਜ਼ ਆਫ ਪ੍ਰੋਸੀਜਰ ਹਨ ਉਹ ਇਹ ਹਨ :—

"A motion for vote-on-account shall state the total sum required, and the various amounts needed for each department or item of expenditure which compose that sum shall be stated in a schedule appended to the motion."

ਜਿਹੜੀ ਮੋਸ਼ਨ ਇਥੇ ਰਖੀ ਗਈ ਹੈ ਉਸ ਵਿਚ ਟੋਟਲ ਸਮ ਨਹੀਂ ਲਿਖਿਆ ਗਿਆ ਅਤੇ ਨਾ ਹੀ ਸ਼ੈਡਿਊਲ ਦਿਤਾ ਗਿਆ ਹੈ । ਇਹ ਇਰ-ਰੈਗੂਲਰ ਹੈ ਅਤੇ ਲਾਈ ਨਹੀਂ ਕਰਦੀ । ਇਹ ਰੂਲਜ਼ ਦੇ ਅਗੇਨਸਟ ਹੈ । ਇਸ ਲਈ ਇਹ ਮੋਸ਼ਨ ਡਿਸਕਸ ਨਹੀਂ ਹੋਣੀ ਚਾਹੀਦੀ ।

**Mr. Speaker** : The rules can be relaxed with the permission of the House.

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੈਂ ਇਸ ਤਰ੍ਹਾਂ ਫਾਈਨੈਂਸ ਮਨਿਸਟਰ ਵਲੋਂ ਡੀਮਾਂਡਜ਼ ਪੇਸ਼ ਕੀਤੇ ਜਾਣ ਤੇ ਔਬਜੈਕਸ਼ਨ ਕਰਦਾ ਹਾਂ ਕਿ ਇਹ ਰੂਲਜ਼ ਦੇ ਉਲਟ ਹੈ ਅਤੇ ਇਸ ਤਰੀਕੇ ਨਾਲ ਮੋਸ਼ਨ ਮੂਵ ਨਹੀਂ ਕੀਤੀ ਜਾ ਸਕਦੀ । (ਵਿਘਨ) (Interruptions) (noise)..............

**ਸ਼੍ਰੀ ਸਪੀਕਰ** : ਆਰਡਰ ਪਲੀਜ਼ । ਅਸੀਂ ਕਿਉਂ ਕਿ ਗਿਲੋਟੀਨ ਐਪਲਾਈ ਕਰਨੀ ਹੈ, ਇਸ ਲਈ ਬਹਿਸ ਦਾ ਟਾਈਮ ਇਹ ਇੰਟਰਪਸ਼ਨਜ਼ ਕਰਨ ਨਾਲ ਘਟ ਰਹਿ ਜਾਵੇਗਾ । ਜੇ ਕਰ ਇਸ ਤਰ੍ਹਾਂ ਇਤਰਾਜ਼ ਕਰਦੇ ਰਹੇ ਤਾਂ ਤੁਸੀਂ ਹਾਊਸ ਦੀ ਕਾਰਵਾਈ ਨੂੰ ਚਲਣ ਨਹੀਂ ਦਿਉਗੇ । (Order please. Since guillotine is to be applied, such interuption will leave very little time for the dissussion. If the hon. Members go on

Original with;
Punjab Vidhan Sabha
Digitized by;
Panjab Digital Library

**(Mr. Speaker)**
raising such objections, then they will be obstructing the proceedings of the House.)

**ਕੈਪਟਨ ਰਤਨ ਸਿੰਘ :** ਵੋਟ ਆਨ ਅਕਾਊਂਟ ਤੇ ਸਪੀਕਰ ਸਾਹਿਬ ਸਾਰੇ ਸਾਲ ਦੇ ਬਜਟ ਦਾ ਤੀਜਾ ਹਿੱਸਾ ਅਸੀਂ ਖਰਚ ਕਰਨ ਲਈ ਹਾਊਸ ਤੋਂ ਮਨਜ਼ੂਰੀ ਲੈਣੀ ਹੈ ਅਤੇ ਇਹ ਕੋਈ ਮਾਮੂਲੀ ਰਕਮ ਨਹੀਂ (ਇਸ ਦਾ ਪ੍ਰੋਸੀਜਰ ਤਾਂ ਠੀਕ ਹੋਣਾ ਚਾਹੀਦਾ ਹੈ । ਜੇਕਰ ਤੁਸੀਂ ਇਸ ਤਰ੍ਹਾਂ ਗੌਰਮੈਂਟ ਨੂੰ ਗਲਤ ਪ੍ਰੋਸੀਜਰ ਅਡਾਪਟ ਕਰਨ ਤੇ ਵੀ ਪ੍ਰੋਟੈਕਸ਼ਨ ਦਿਉਗੇ ਤਾਂ ਉਸ ਦੀ ਸਜ਼ਾ ਸਾਨੂੰ ਨਹੀਂ ਹੋਣੀ ਚਾਹੀਦੀ ।

**ਸ੍ਰੀ ਸਪੀਕਰ :** ਤੁਹਾਨੂੰ ਜ਼ਿਆਦਾ ਟਾਈਮ ਦੇਣ ਲਈ ਇਹ ਪ੍ਰੋਸੀਜਰ ਫਾਲੋ ਕੀਤਾ ਹੈ । (This procedure has been followed with a view to allowing more time to the hon. Members for discussion).

**ਕੈਪਟਨ ਰਤਨ ਸਿੰਘ :** ਅਸੀਂ ਤਾਂ ਰੂਲਜ਼ ਦੇ ਮੁਤਾਬਕ ਕਾਰਵਾਈ ਨੂੰ ਚਲਾਉਣਾ ਚਾਹੁੰਦੇ ਹਾਂ । ਇਹ ਇਮਪਾਰਟੈਂਟ ਇਸ਼ੂ ਹੈ । ਸਰਕਾਰ ਨੇ ਗ਼ੈਰ ਜ਼ਿਮੇਵਾਰੀ ਤੋਂ ਕੰਮ ਲਿਆ ਹੈ ਕਿ ਕੰਨਸਾਲੀਡੇਟਿਡ ਰਕਮ ਦੀ ਮੋਸ਼ਨ ਨਹੀਂ ਪੁੱਟ ਕੀਤੀ । (ਵਿਘਨ) (ਸ਼ੋਰ)

**ਵਿੱਤ ਮੰਤਰੀ:** ਮੋਸ਼ਨ ਤਾਂ ਹਾਊਸ ਦੇ ਸਾਹਮਣੇ ਪੇਸ਼ ਹੋ ਚੁਕੀ ਹੈ । ਵੋਟ ਆਨ ਅਕਾਊਂਟ ਅਤੇ ਬਜਟ ਪੇਸ਼ ਕਰਨ ਵੇਲੇ ਮੋਸ਼ਨ ਪੇਸ਼ ਕਰ ਦਿਤੀ ਸੀ । (ਵਿਘਨ) (ਸ਼ੋਰ)
(Voice from the Opposition Benches No, No.)

Vote on account ਦੀ ਕਾਪੀ ਮੇਰੇ ਪਾਸ ਹੈ ਇਸ ਵਿਚ ਲਿਖਿਆ ਹੈ । ਮੋਸ਼ਨ ਪੁਟ ਕਰ ਦਿਤੀ ਹੋਈ ਹੈ । (ਵਿਘਨ) (ਸ਼ੋਰ)

**Mr. Speaker :** No interruptions please.

**ਵਿੱਤ ਮੰਤਰੀ :**—ਜਨਾਬ ਸਪੀਕਰ ਸਾਹਿਬ, ਵੋਟ ਆਨ ਅਕਾਊਂਟ ਕਲ ਪ੍ਰੀਜ਼ੈਂਟ ਕੀਤਾ ਸੀ ਅਤੇ ਮੋਸ਼ਨ ਮੂਵ ਕੀਤੀ ਸੀ । ਜਦ ਡੀਟੇਲਜ਼ ਰਖੀਆਂ ਸਨ ਇਸ ਦੇ ਤਿੰਨ ਚਾਰ ਅਤੇ ਪੰਜ ਸਫ਼ੇ ਤੇ— (ਵਿਘਨ) (ਸ਼ੋਰ)

ਸਪੀਕਰ ਸਾਹਿਬ, ਮੋਸ਼ਨ ਮੂਵ ਹੋ ਚੁਕੀ ਹੈ । (Interruption), (Noise)

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ ਕਨਸਾਲੀਡੇਟਿਡ ਮੋਸ਼ਨ ਮੂਵ ਨਹੀਂ ਹੋਈ । (ਆਵਾਜ਼ਾਂ : ਮੋਸ਼ਨ ਮੂਵ ਹੋ ਚੁਕੀ ਹੈ) (ਵਿਘਨ) (ਸ਼ੋਰ)

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਮੋਸ਼ਨ ਕਲ੍ਹ ਮੂਵ ਹੋ ਚੁਕੀ ਹੈ ਇਸ ਲਈ ਇਤਰਾਜ਼ ਇਸ ਤੇ ਨਹੀਂ ਹੋਣਾ ਚਾਹੀਦਾ । (ਵਿਘਨ) (ਸ਼ੋਰ)

ਦੂਜੀ ਗੱਲ ਇਹ ਹੈ ਕਿ ਇਹ ਡੀਮਾਂਡਾਂ ਅਜ ਹੀ ਡਿਸਕਸ ਹੋਈਆਂ ਹਨ ਅਤੇ ਅਜ ਹੀ ਐਪਰੋਪਰੀਏਸ਼ਨ ਬਿਲ ਸਮੇਤ ਪਾਸ ਕਰਨੀਆਂ ਹਨ, ਭਾਵੇਂ ਕੁਝ ਹੋ ਜਾਵੇ । ਇਸ ਤਰ੍ਹਾਂ ਵਿਘਨ ਨਹੀਂ ਪਾਉਣਾ ਚਾਹੀਦਾ ਅਤੇ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਆਬਸਟ੍ਰਕਟ ਨਹੀਂ ਕਰਨਾ ਚਾਹੀਦਾ । (ਵਿਘਨ)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਇਹ ਗੱਲ

Original with;
Punjab Vidhan Sabha
Digitized by;
Panjab Digital Library

**(ਕੈਪਟਨ ਰਤਨ ਸਿੰਘ)**

ਲਿਆਣੀ ਚਾਹੁੰਦਾ ਹਾਂ ਕਿ ਇਸੇ ਲੀਡਰ ਆਫ ਦੀ ਹਾਊਸ ਨੇ ਬ੍ਰੀਚ ਕੀਤਾ ਹੈ ਕਿ ਚਾਹੇ ਕੁਝ ਹੋ ਜਾਵੇ ਇਹ ਡੀਮਾਂਡਜ਼ ਅਸੀਂ ਪਾਸ ਕਰਵਾਣੀਆਂ ਹਨ । (ਵਿਘਨ)

**ਮੁੱਖ ਮੰਤਰੀ** : ਹਾਂ, ਹਾਂ, ਜ਼ਰੂਰ । ਸਪੀਕਰ ਸਾਹਿਬ ਇਹ ਆਬਸਟ੍ਰਕਟ ਕਰ ਰਹੇ ਹਨ । (Noise).

**Captain Rattan Singh** : Sir, the motion has not been moved according to the Rules.

**Voices From the Treasury Benches** : It has been moved.

**Mr. Speaker** : I call upon the hon. Minister for Finance to move the Demands for Grants one by one.

(Interruptions and Noise in the House).

**ਕੈਪਟਨ ਰਤਨ ਸਿੰਘ** : ਜਿਹੜਾ ਪੁਆਇੰਟ ਆਫ ਆਰਡਰ ਸਰਦਾਰ ਉਮਰਾਓ ਸਿੰਘ ਨੇ ਉਠਾਇਆ ਸੀ ਅਤੇ ਮੈਂ ਸੈਕੰਡ ਕੀਤਾ ਸੀ, ਉਸ ਤੇ ਰੂਲਿੰਗ ਨਹੀਂ ਆਇਆ । ਗੌਰਮੈਂਟ ਨੇ ਕਨਸਾਲੀਡੇਟਿਡ ਮੋਸ਼ਨ ਨਹੀਂ ਲਿਆਂਦੀ ਹੈ । ਇਹ ਉਨ੍ਹਾਂ ਦੇ ਪਾਰਟ ਤੇ ਕੋਤਾਹੀ ਹੈ ।

**ਸ੍ਰੀ ਸਪੀਕਰ** : No more interruptions and noise in the House please. ਜਿਹੜੀ ਮੋਸ਼ਨ ਇਥੇ ਮੂਵ ਕੀਤੀ ਗਈ ਹੈ ਇਸ ਤੇ ਇਹ ਇਤਰਾਜ਼ ਨਹੀਂ ਕੀਤਾ ਜਾਣਾ ਚਾਹੀਦਾ ਕਿ ਇਹ ਇਕੱਠੀ ਮੂਵ ਕੀਤੀ ਜਾਵੇ ਜਾਂ ਕੱਲੀ ਕੱਲੀ । ਇਹ 1967 ਦਾ ਪ੍ਰੈਸੀਡੈਂਟ ਵੀ ਸਾਡੇ ਸਾਹਮਣੇ ਹੈ ਜਿਹੜਾ ਅਸੀਂ ਫਾਲੋ ਕੀਤਾ ਹੈ । ਓਦੋਂ ਵੀ ਕਾਨਸਾਲੀਡੇਟਿਡ ਮੋਸ਼ਨ ਮੂਵ ਨਹੀਂ ਸੀ ਕੀਤੀ ਗਈ । (No more interruptions and noise in the House, please. The Motion moved here should not be objected to on the ground that it should have been moved in a consolidated form or otherwise. The precedent pertaining to the year 1967 is before us, which we have followed. No consolidated motion was moved even then). There is no occasion to raise an objection on the procedure being followed in bringing this motion before the House as to whether it is moved in a consolidated form or is taken up one by one. The precedent and the procedure which was followed in 1967, has been adopted now. No consolidated motion was moved even then.)

(*Noise and Interruptions in the House*).

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਇਸ ਗੱਲ ਤੇ ਰੂਲਜ਼ ਕਲੀਅਰ ਹਨ ਕਿ ਮੋਸ਼ਨ ਕਨਸਾਲੀਡੇਟਿਡ ਆਉਣੀ ਚਾਹੀਦੀ ਹੈ । ਜੇ ਕਰ ਇਹ ਮੋਸ਼ਨ ਹਾਊਸ ਦੇ ਸਾਹਮਣੇ ਨਹੀਂ ਤਾਂ ਹਾਊਸ ਨੂੰ ਐਡਜਰਨ ਕਰ ਦਿਤਾ ਜਾਵੇ । There should be a single consolidated motion stating the total sum and the amount to be divided among the various departments.

Original with;
Punjab Vidhan Sabha
Digitized by;
Panjab Digital Library

**ਮੁਖ ਮੰਤਰੀ** : ਇਹ ਹਾਊਸ ਦੀ ਕਨਸੈਂਟ ਨਾਲ ਹੋ ਸਕਦਾ ਹੈ ਕਿ ਸਾਰੀਆਂ ਡੀਮਾਂਡਾਂ ਇਕੋ ਵਕਤ ਤੇ ਪੇਸ਼ ਕੀਤੀਆਂ ਜਾਣ ਜਾਂ ਕੱਲੀਆਂ ਕੀਤੀਆਂ ਜਾਣ। ਪਰ ਇਹ ਇਤਰਾਜ਼ ਕਰਦੇ ਹਨ ਅਤੇ ਫਿਰ ਇਹ ਕਹਿੰਦੇ ਹਨ ਕਿ ਟਾਈਮ ਨਹੀਂ ਦਿਤਾ ਗਿਆ ਅਜ ਇਨ੍ਹਾਂ ਤੇ ਗਿਲੋਟੀਨ ਵੀ ਐਪਲਾਈ ਕੀਤੀ ਜਾਣੀ ਹੈ ਅਤੇ ਐਪ੍ਰੋਪ੍ਰੀਏਸ਼ਨ ਬਿਲ ਵੀ ਪਾਸ ਕੀਤਾ ਜਾਣਾ ਹੈ। ਇਸ ਗਲ ਤੇ ਹੀ ਇਨ੍ਹਾਂ ਬਹੁਤ ਟਾਈਮ ਲਗਾ ਦਿਤਾ ਹੈ ਅਤੇ ਇਹ ਹਾਊਸ ਦੀ ਕਾਰਵਾਈ ਨੂੰ ਆਬਸਟ੍ਰਕਟ ਕਰ ਰਹੇ ਹਨ। (ਵਿਘਨ) (ਸ਼ੋਰ)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਇਹ ਤਾਂ ਰੂਲਜ਼ ਦਾ ਸਵਾਲ ਹੈ (ਵਿਘਨ)

**ਸ਼੍ਰੀ ਸਪੀਕਰ** : ਰੂਲ ਪੜ੍ਹ ਦਿਉ। (The hon. Member may please read out the relevant Rule.)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਇਸ ਅਸੈਂਬਲੀ ਦੇ ਰੂਲਜ਼ ਆਫ ਪ੍ਰੋਸੀਜਰ ਦੇ ਰੂਲ 221 ਨੂੰ ਮੈਂ ਪਹਿਲਾਂ ਹੀ ਪੜ੍ਹ ਕੇ ਸੁਣਾ ਦਿਤਾ ਹੈ ਅਤੇ ਫਿਰ ਕੰਸਟੀਚਿਊਸ਼ਨ ਦੇ ਆਰਟੀਕਲ 116 ਵਿਚ ਵੀ ਇਹ ਦਰਜ ਹੈ ਕਿ ਇਕ ਸਿੰਗਲ ਮੋਸ਼ਨ ਆਉਣੀ ਚਾਹੀਦੀ ਹੈ। ਇਸ ਦੇ ਨਾਲ ਹੀ ਰੂਲਜ਼ ਆਫ ਪ੍ਰੋਸੀਜਰ ਨੂੰ ਪਾਰਲੀਮੈਂਟ ਵਿਚ ਫਾਲੋ ਕੀਤਾ ਜਾਂਦਾ ਹੈ, ਉਸ ਵਿਚ ਵੀ ਇਹੀ ਹੈ ਕਿ ਕਨਸਾਲੀਡੇਟਿਡ ਮੋਸ਼ਨ ਆਉਣੀ ਚਾਹੀਦੀ ਹੈ। (ਵਿਘਨ) ਇਸ ਤਰ੍ਹਾਂ ਪੇਸ਼ ਕਰਨ ਲਈ ਕੋਈ ਰੂਲ ਨਹੀਂ।

**ਕੈਪਟਨ ਰਤਨ ਸਿੰਘ** : ਮੈਂ ਅਰਜ਼ ਕਰਾਂਗਾ ਕਿ ਜਿਹੜੀ ਲਿਸਟ ਆਫ ਬਿਜ਼ਨੈਸ ਹਾਊਸ ਨੂੰ ਪ੍ਰੋਵਾਈਡ ਕੀਤੀ ਗਈ ਹੈ, ਜਿਸ ਰਾਹੀਂ ਕਿ ਸੀਰੀਅਲ ਵਾਈਜ਼ ਸਾਰਾ ਪਰੋਗਰਾਮ ਅਰੇਂਜਡ ਹੈ, ਇਸ ਲਈ ਬਾਕਾਇਦਾ ਰੂਲਜ਼ ਹਨ। ਮੇਰੇ ਇਸ ਇਤਰਾਜ਼ ਤੇ ਸਪੀਕਰ ਸਾਹਿਬ, ਤੁਸੀਂ ਮੈਨੂੰ ਮੁਆਫ ਕਰੋਗੇ ਕਿ ਮੈਂ ਕੈਸੀ ਗੱਲ ਪੁਆਇੰਟ ਆਊਟ ਕਰ ਰਿਹਾ ਹਾਂ। ਪਰ ਜੋ ਲਿਸਟ ਆਫ ਬਿਜ਼ਨੈਸ ਹੈ, ਇਹ ਤੁਸੀਂ ਸਟਡੀ ਕਰੋ, ਸਾਫ ਲਿਖਿਆ ਹੋਇਆ ਹੈ, ਪਹਿਲਾਂ ਕੁਐਸਚਨ ਆਵਰ, ਫੇਰ ਪੇਪਰਜ਼ ਲੇਡ ਆਨ ਦੀ ਟੇਬਲ, ਅਖੀਰ ਵਿਚ ਡੀਮਾਂਡ ਫਾਰ ਗਰਾਂਟ ਹੈ। ਪਰ ਕਿਤੇ ਵੀ ਟੋਟਲ ਸਮ ਨਹੀਂ ਦਿੱਤੀ ਗਈ।

**ਵਿੱਤ ਮੰਤਰੀ** : ਇਹ ਕਲ੍ਹ ਮੂਵ ਹੋ ਚੁੱਕੀ ਹੈ, ਸਾਰੀ ਅਮਾਊਂਟ ਕਲ੍ਹ ਆ ਚੁਕੀ ਹੈ (ਵਿਘਨ)। ਇਹ ਮੂਵ ਹੋ ਚੁਕੀ ਹੈ (ਸ਼ੋਰ)

**ਕੈਪਟਨ ਰਤਨ ਸਿੰਘ** : ਮੂਵ ਨਹੀਂ ਹੋਈ। It was not moved. (Noise)

**Finance Minister** : It has been moved.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਇਹ ਪ੍ਰਾਰਥਨਾ ਕਰਨੀ ਚਾਹੁੰਦਾ ਹਾਂ ਕਿ ਇਥੇ ਹੁਣ ਇਕ ਅਹਿਮ ਪ੍ਰੋਸੀਜਰ ਦਾ ਸਵਾਲ ਹੈ। ਇਸ ਦੇ ਮੁਤੱਲਿਕ ਰੂਲਜ਼ ਸਾਫ ਹਨ, ਅੱਜ ਉਹੀ ਕੁਝ ਹੋਣਾ ਚਾਹੀਦਾ ਹੈ ਜੋ ਇਸ ਹਾਊਸ ਦੇ ਏਜੰਡੇ ਦੇ ਵਿਚ ਹੈ। ਅਜ ਦਾ ਏਜੰਡਾ

Original with;
Punjab Vidhan Sabha
Digitized by;
Panjab Digital Library

ਸਰਕੂਲੇਟ ਹੋਇਆ ਹੈ । ਇਹ ਹਾਊਸ ਦੀ ਮੇਜ਼ ਤੇ ਰਖਿਆ ਗਿਆ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਹੜੀ ਮੋਸ਼ਨ ਹੁਣ ਡਿਸਕਸ਼ਨ ਵਿਚ ਆਈ ਹੈ, ਜਿਹੜੀ ਇਹ ਕਹਿੰਦੇ ਹਨ ਕਿ ਕਲ੍ਹ ਕੀਤੀ ਗਈ ਸੀ, ਇਹ ਨਹੀਂ ਹੋਣੀ ਚਾਹੀਦੀ । ਇਹ ਇਕ ਇਰੈਗੂਲੈਰੇਟੀ ਹੈ । ਇਹ ਨਹੀਂ ਹੋਣੀ ਚਾਹੀਦੀ । ਜੇ ਇਹ ਚਾਹੁੰਦੇ ਹਨ ਕਿ ਇਹ ਠੀਕ ਢੰਗ ਨਾਲ ਪਾਸ ਕਰਾਉਣਾ ਹੈ ਤਾਂ ਹਾਊਸ ਨੂੰ 15 ਮਿੰਟ ਐਡਜਰਨ ਕਰਕੇ ਖਜ਼ਾਨਾ ਮੰਤ੍ਰੀ ਜੀ ਨੂੰ ਕਿਹਾ ਜਾਵੇ ਕਿ ਉਹ ਕੋਈ ਨਵੀਂ ਮੋਸ਼ਨ ਲੈ ਆਉਣ । (ਤਾੜੀਆਂ)

**Mr. Speaker** : Rule 222 of the Rules of Procedure and Conduct of Business in the Punjab Legislative Assembly is as follows :—

"Supplementary, Additional, Excess and Exceptional grants and Votes of Credit shall be regulated by the same procedure as is applicable in the case of demands for grants subject to such adaptations, whether by way of modification, addition or omission as the Speaker may deem to be necessary or expedient."

**ਕੈਪਟਨ ਰਤਨ ਸਿੰਘ** : ਇਹ ਰੂਲ ਏਥੇ ਐਪਲਾਈ ਨਹੀਂ ਹੁੰਦਾ ।

**ਕਾਮਰੇਡ ਸੱਤਪਾਲ ਡਾਂਗ** : ਮੈਂ ਫੇਰ ਸਪੀਕਰ ਸਾਹਿਬ, ਆਪ ਨੂੰ ਇਹ ਰਿਕੁਐਸਟ ਕਰਾਂਗਾ ਕਿ ਇਹ ਸਾਰੀ ਚੀਜ਼ ਇਥੇ ਐਪਲਾਈ ਨਹੀਂ ਹੁੰਦੀ । ਜੋ ਕਾਰਵਾਈ ਹੁਣ ਇਸ ਤੋਂ ਬਗੈਰ ਹੋਵੇਗੀ, ਉਹ ਇਲੀਗਲ ਹੋਵੇਗੀ । ਜੇ ਤੁਸੀਂ ਜ਼ਰਾ ਭਰ ਵੀ ਆਪਣਾ ਬਿਟ ਆਫ ਮਾਈਂਡ ਦਿਓ ਤਾਂ ਇਹ ਗੱਲ ਤੁਹਾਡੇ ਸਹਿਜੇ ਹੀ ਸਮਝ ਵਿਚ ਆ ਜਾਵੇਗੀ । (ਵਿਘਨ) (ਸ਼ੋਰ)

**Captain Rattan Singh** : Sir, the only way out is to adjourn the House, as suggested by Comrade Satya Pal Dang.

(At this stage, there was uproar in the House and nothing was audible.)

**चौधरी बलबीर सिंह** : आप इसके बारे में कोई निर्णय दें ताकि अगली कार्यवाही शुरू हो ।

**ਕੈਪਟਨ ਰਤਨ ਸਿੰਘ** : ਹੁਣ ਸਪੀਕਰ ਸਾਹਿਬ, ਰਸਤਾ ਇਕੋ ਹੀ ਹੈ ਕਿ ਪਹਿਲਾਂ ਇਹ ਹਾਊਸ ਐਡਜਰਨ ਹੋਵੇ, ਫੇਰ ਕੋਈ ਤਜਵੀਜ਼ ਆਵੇ, ਤਾਂ ਜੋ ਇਸ ਦੇ ਮੁਤਾਬਿਕ ਕੰਮ ਕੀਤਾ ਜਾਵੇ । ਇਸ ਵੇਲੇ ਹਾਊਸ ਅਗੇ ਕੋਈ ਬਿਜ਼ਨੈਸ ਨਹੀਂ ਹੈ । (ਵਿਘਨ) (ਸ਼ੋਰ)

**ਵਿੱਤ ਮੰਤਰੀ** : ਸਪੀਕਰ ਸਾਹਿਬ, (ਵਿਘਨ) ਤੁਸੀਂ ਮੈਨੂੰ ਪਹਿਲਾਂ ਕੁਝ ਕਹਿ ਲੈਣ ਦਿਉ, ਫੇਰ ਆਪਣੀ ਕਹਿ ਲੈਣਾ———(ਸ਼ੋਰ)

**ਚੌਧਰੀ ਰਾਮ ਸਿੰਘ** : ਅਸੀਂ ਕੋਈ ਐਸੀ ਗੱਲ ਨਹੀਂ ਸੁਣਨਾ ਚਾਹੁੰਦੇ...(ਸ਼ੋਰ)

(ਇਸ ਵੇਲੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ ।)

**ਮੁੱਖ ਮੰਤਰੀ** :—ਬੜੀ ਅਜੀਬ ਗੱਲ ਹੈ, ਇਹ ਹੋ ਕੀ ਰਿਹਾ ਹੈ, ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਚੁਪ ਕਰਾਓ । ਹਾਊਸ ਦਾ ਬਿਜ਼ਨੈਸ ਹੈ ਜਿਹੜਾ ਟਰਾਂਜ਼ੈਕਟ ਹੋਣਾ ਹੈ ।

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ** : ਐਸਾ ਕੋਈ ਰੂਲ ਨਹੀਂ ਹੈ, ਇਹ ਇਕ ਗ਼ਲਤੀ ਸਰਕਾਰ ਤੋਂ ਹੋਈ ਹੈ, ਜੋ ਇਨ੍ਹਾਂ ਨੂੰ ਮੰਨ ਲੈਣੀ ਚਾਹੀਦੀ ਸੀ। (ਸ਼ੋਰ) (ਵਿਘਨ)

**Chief Minister** :—The business is there.

**Voices from the Opposition Benches** : There is no business before the House.

(*Interruptions and Noise in the House*)

**Chief Minister** : The House, Sir, is in disorder.

(*Furore in the House*)

**Voices** : No business before the House.

(Noise in the House)

**Chief Minister** : What is all this ? The House is in disorder.

(Uproar in the House)

**Mr. Speaker**: (Addressing Captain Rattan Singh). There should be no noise in the House.

**Captain Rattan Singh** : Sir, there is no business before the House

(*Furore in the House*)

## (NAMING OF THE MEMBER)

**Mr. Speaker** : I name Captain Rattan Singh for causing obstruction in the House.

**Voices from the Opposition Benches** :—There is no business before the House).

(Uproar in the House)

**चौधरी बलबीर सिंह** :—स्पीकर साहिब, आप ने एक प्वायन्ट आफ आर्डर रेज़ करने की मुझे इजाज़त दी थी, मगर उस वक्त हाऊस में शोर हो गया था......(विघ्न)

**श्री स्पीकर** : आप ज़रा बैठ जायें, जिस मामले पर बहस जारी है पहले आप चीफ मनिस्टर साहिब को सुन लें। (The hon. Member may please resume his seat. He may first listen to the Chief Minister, on the subject before the House for discussion.)

**चौधरी बलबीर सिंह** : मगर आप ने मुझे काल किया था।

Original with;
Punjab Vidhan Sabha
Digitized by;
Panjab Digital Library

**Mr. Speaker** : Please take your seat and listen to the Chief Minister.

(At this stage many hon. Members rose to speak).

**Chief Minister** : I would request the Speaker to name the hon. Members who are obstructing the proceedings of the House.

ਸਪੀਕਰ ਸਾਹਿਬ, ਇਕ ਰੂਲ 104 ਹੈ (ਵਿਘਨ) (ਸ਼ੋਰ)........ਇਹ ਤਾਂ ਪਾਸ ਹੋਕੇ ਹੀ ਰਹਿਣਾ ਹੈ । ਜਿਹੜਾ ਜ਼ੋਰ ਲਾਉਣਾ ਹੈ ਲਾ ਲਉ........(ਸ਼ੋਰ)

**चौधरी बलबीर सिंह** : अध्यक्ष महोदय, आप ने मुझे टाईम दिया है...(विघन) (शोर)

**ਸ੍ਰੀ ਸਪੀਕਰ** : ਤੁਸੀਂ ਗਲ ਕਰੋ । (The hon. Member may have his say).

**चौधरी बलबीर सिंह** : अध्यक्ष महोदय, सरदार उमराओ सिंह ने प्वायंट आफ़ आर्डर उठाया है कि कार्यवाही रूल्ज के मुताबिक चलनी चाहिए । कल श्री कृष्ण लाल जी ने कहा था कि वह एक ब्यान देंगे ———(विघन, शोर)

**वित्त मन्त्री** :—मैंने नहीं कहा था । (शोर)

**चौधरी बलबीर सिंह** :—आप मुझे सुन लें । आप बाद में बोल सकते है । [विघन, शोर]

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਤੁਸੀਂ ਬੈਠ ਜਾਓ । (Chaudhri Balbir Singh may please resume his seat).

ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ, ਕੁਝ ਸੁਣਾਈ ਨਹੀਂ ਸੀ ਦੇ ਰਿਹਾ ।)

**चौधरी बलबीर सिंह** : स्पीकर साहिब, मेरा हक है । (विघन) स्पीकर साहिब, यहां एक प्वांयट आफ़ आर्डर रेज़ किया गया है कि कार्यवाही रूलज़ के मुताबिक चलनी चाहिए । हम चाहते हैं कि कार्यवाही चले और बजट पास हो । इसलिए मैं अर्ज़ करता हूँ कि आप हाऊस को 15 मिनट के लिए स्थगित कर दें ताकि वित्त मंत्री से जो टोटल रह गया है, वह टोटल कर सकें । (शोर)

**श्री अध्यक्ष** : आप बैठ जाएं । (The hon. Member may please resume his seat).

**ਮੁੱਖ ਮੰਤਰੀ** : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ... [ਵਿਘਨ—ਸ਼ੋਰ]

Original with;
Punjab Vidhan Sabha
Digitized by;
Panjab Digital Library

Mr. Speaker :—Order please, order.

(ਵਿਘਨ, ਸ਼ੋਰ)

[ਇਸ ਵੇਲੇ ਕਈ ਮਾਨਯੋਗ ਮੈਂਬਰ ਬੋਲ ਰਹੇ ਸਨ। ਬਹੁਤ ਜ਼ਿਆਦਾ ਸ਼ੋਰ ਸੀ, ਕੁਝ ਸੁਣਾਈ ਨਹੀਂ ਦੇ ਰਿਹਾ ਸੀ।]

**ਮੁੱਖ ਮੰਤਰੀ :** ਸਪੀਕਰ ਸਾਹਿਬ, ਕਲ੍ਹ ਜੋ ......... (ਵਿਘਨ, ਸ਼ੋਰ) (ਵਿਰੋਧੀ ਪੱਖ ਵਲੋਂ ਡੈਸਕ ਵਜਾਏ ਜਾ ਰਹੇ ਸਨ)

**ਸ੍ਰੀ ਸਪੀਕਰ :** ਤੁਸੀਂ ਸੁਣ ਤਾਂ ਲਓ। (The hon. Members may please listen to me first.

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ। ਵਿਰੋਧੀ ਪੱਖ ਦੇ ਮੈਂਬਰ ਆਪਣੇ ਡੈਸਕ ਵਜਾਂਦੇ ਹੋਏ ਉੱਚੀ ਅਵਾਜ਼ ਵਿਚ ਕਹਿ ਰਹੇ ਸਨ "ਨੋ ਹਾਊਸ" ਅਤੇ "ਨੋ ਬਿਜ਼ਨਿਸ ਅਕਾਰਡਿੰਗ ਟੂ ਦੀ ਰੂਲਜ਼") (ਮੁੱਖ ਮੰਤਰੀ ਬੋਲਣ ਲਈ ਖੜ੍ਹੇ ਰਹੇ ਪਰ ਕੁਝ ਬੋਲ ਨਾ ਸਕੇ।)

**ਸ੍ਰੀ ਸਪੀਕਰ :** ਤੁਸੀਂ ਚੀਫ਼ ਮਨਿਸਟਰ ਦੀ ਗੱਲ ਤਾਂ ਸੁਣ ਲਓ। (ਵਿਘਨ, ਸ਼ੋਰ) (ਥੰਪਿੰਗ) (The hon. Members may please listen to what the Chief Minister has to say.) (Interruptions) (Noise) (Thumping)

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਤਰ੍ਹਾਂ ਕੰਮ ਕਿਵੇਂ ਚਲੇਗਾ ! ਤੁਸੀਂ ਇਨ੍ਹਾਂ ਨੂੰ ਨੇਮ ਕਰੋ। (ਸ਼ੋਰ)

**ਸ੍ਰੀ ਸਪੀਕਰ :** ਕੈਪਟਨ ਰਤਨ ਸਿੰਘ, ਮੈਂ ਤੁਹਾਨੂੰ ਨੇਮ ਕਰਦਾ ਹਾਂ। ਤੁਸੀਂ ਜਾਣ ਬੁਝ ਕੇ ਕਾਰਵਾਈ ਵਿਚ ਖਲਲ ਪਾ ਰਹੇ ਹੋ। (ਵਿਘਨ) (ਸ਼ੋਰ) (I name Captain Rattan Singh. He is deliberately obstructing the proceedings of the House) (Interruptions) (Noise)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਇਕ ਪੁਆਇੰਟ ਆਫ਼ ਆਰਡਰ ਰੇਜ਼ ਹੋਇਆ ਹੈ, ਤੁਸੀਂ ਉਸ ਤੇ ... ... ...(ਸ਼ੋਰ) (ਵਿਘਨ) (ਇਸ ਵੇਲੇ ਹਾਊਸ ਵਿਚ ਮੁੜ ਡੈਸਕ ਵਜਣੇ ਸ਼ੁਰੂ ਹੋ ਗਏ)

**ਸ੍ਰੀ ਸਪੀਕਰ :** ਚੀਫ਼ ਮਨਿਸਟਰ ਪਹਿਲਾਂ ਹੀ ਪੁਆਇੰਟ ਆਫ਼ ਆਰਡਰ ਤੇ ਖੜੇ ਹਨ। (The Chief Minister is already on his legs on a Point of Order.)

**ਕੈਪਟਨ ਰਤਨ ਸਿੰਘ :** ਉਹ ਪੁਆਇੰਟ ਆਫ਼ ਆਰਡਰ ਤੇ ਨਹੀਂ ਸਨ ਖੜ੍ਹੇ ਹੋਏ।

(ਵਿਘਨ)

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਮੈਂ ਪੁਆਇੰਟ ਆਫ਼ ਆਰਡਰ ਤੇ ਹੀ ਖੜ੍ਹਾ ਹਾਂ । (ਸ਼ੋਰ) (ਵਿਘਨ)

**ਕੈਪਟਨ ਰਤਨ ਸਿੰਘ :**—ਤੁਸੀਂ ਇਹ ਨਹੀਂ ਕਿਹਾ ਕਿ ਮੈਂ ਪੁਆਇੰਟ ਆਫ਼ ਆਰਡਰ ਰੇਜ਼ ਕਰ ਰਿਹਾ ਹਾਂ । (ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ)

**ਸ਼੍ਰੀ ਸਪੀਕਰ :** ਕੈਪਟਨ ਰਤਨ ਸਿੰਘ, ਤੁਸੀਂ ਬੈਠ ਜਾਉ । (ਵਿਘਨ) (ਸ਼ੋਰ)

(Captain Rattan Singh may please resume his seat.) (Interruptions) (Noise)

(ਸ਼੍ਰੀ ਸਪੀਕਰ ਦੇ ਬਾਰ ਬਾਰ ਕਹਿਣ ਤੇ ਵੀ ਕੈਪਟਨ ਰਤਨ ਸਿੰਘ ਚੁਪ ਨਹੀਂ ਹੋਏ )

**ਸ਼੍ਰੀ ਸਪੀਕਰ :** ਕੈਪਟਨ ਰਤਨ ਸਿੰਘ, ਮੈਂ ਤੁਹਾਨੂੰ ਰੂਲ 104 ਦੇ ਅਧੀਨ ਦੁਬਾਰਾ ਨੇਮ ਕਰਦਾ ਹਾਂ । ਤੁਸੀਂ ਹਾਊਸ ਦੀ ਕਾਰਵਾਈ ਵਿਚ ਵਿਘਨ ਪਾ ਰਹੇ ਹੋ । ਤੁਸੀਂ ਹਾਊਸ ਤੋਂ ਬਾਹਰ ਤਸ਼ਰੀਫ਼ ਲੈ ਜਾਓ । (ਸ਼ੋਰ) (I name Capt. Rattan Singh again under Rule 104, because he is repeatedly obstructing the proceedings of the House. He may please leave the House.) (Noise)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਤੁਸੀਂ ਬਹੁਤ ਬੇਇਜ਼ਤੀ ਕਰ ਲਈ ਹੈ ਪਰ... ...

(Noise and Uproar in the House)......I am not hearing anything. I would request that I may be allowed to raise my point of order. When the Chief Minister rose, he did not say that he was on a point of order. If I am not allowed to raise my point of order, it is a separate matter. My submission is that the Chief Minister was not on a point of order. I would like to have your ruling, if the House at present is running according to Rules ?

**ਸ਼੍ਰੀ ਸਪੀਕਰ :** ਕਪਤਾਨ ਸਾਹਿਬ, ਮੈਂ ਇਕ ਵਾਰੀ ਫਿਰ ਤੁਹਾਨੂੰ ਦਸ ਦੇਵਾਂ ਕਿ ਇਹ ਹਾਊਸ ਰੂਲਜ਼ ਆਫ਼ ਪ੍ਰੋਸੀਜਰ ਦੇ ਮੁਤਾਬਕ ਹੀ ਚਲੇਗਾ । (ਵਿਘਨ) (ਸ਼ੋਰ)

(Addressing Capt. Rattan Singh : I would like to tell the hon. Member once again that the proceedings of the House would be conducted strictly in accordance with the rules.) (Interruptions) (Noise)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਇਹ ਹੈ ਕਿ ਪੁਆਇੰਟ ਆਫ਼ ਆਰਡਰ ਦਾ ਫੈਸਲਾ ਅਜੇ ਤਕ ਤੁਸੀਂ ਨਹੀਂ ਦਿਤਾ । (ਵਿਘਨ)

Sir, you may give your ruling on my point of order.

(Interruptions and Noise in the House)

**ਮੁੱਖ ਮੰਤਰੀ :** ਸਪੀਕਰ ਸਾਹਿਬ, ਰੂਲ 104 ਐਪਲਾਈ ਕਰਕੇ ਇਨ੍ਹਾਂ ਨੂੰ ਨੇਮ ਕਰੋ ਤਾਕਿ ਹਾਊਸ ਦੀ ਕਾਰਵਾਈ ਚਲ ਸਕੇ । (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਇਕ ਮਾਨਯੋਗ ਮੈਂਬਰ :** ਪਹਿਲਾਂ ਪੁਆਇੰਟ ਆਫ ਆਰਡਰ ਦਾ ਜਵਾਬ ਤਾਂ ਦਿਉ। (ਵਿਘਨ) (ਸ਼ੋਰ)

**ਸ਼੍ਰੀ ਸਪੀਕਰ :** ਪਹਿਲਾਂ ਚੀਫ ਮਨਿਸਟਰ ਨੂੰ ਸੁਣ ਲਉ। (The hon. Members should first listen to the Chief Minister.)

**Chief Minister :** In this connection I would like to quote the following rules :—

(1) The Speaker shall preserve order and have all powers necessary for the purpose of enforcing his decisions on all points of order.

(2) He may direct any member whose conduct is, in his opinion, grossly disorderly to withdraw immediately from the Assembly and any member so ordered to withdraw shall do so forthwith————

(ਇਸ ਵੇਲੇ ਚੌਧਰੀ ਬਲਬੀਰ ਸਿੰਘ ਅਤੇ ਸਰਦਾਰ ਉਮਰਾਓ ਸਿੰਘ ਬੋਲਣ ਲਈ ਖੜ੍ਹੇ ਹੋਏ)

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਹ ਰਿਕੁਐਸਟ ਕੀਤੀ ਸੀ ਕਿ ਜੇ ਇਹ ਕਾਰਵਾਈ ਠੀਕ ਤਰ੍ਹਾਂ ਨਹੀਂ ਚਲਣ ਦੇਂਦੇ ਤਾਂ ਇਨ੍ਹਾਂ ਨੂੰ ਨੇਮ ਕਰੋ। (ਵਿਘਨ) (ਸ਼ੋਰ) ਰੂਲ 104 ਇਸਤੇਮਾਲ ਕਰੋ। (ਵਿਘਨ) ਮੈਂ ਕਲ੍ਹ ਦੀ ਕਾਰਵਾਈ ਬਾਰੇ ਅਰਜ਼ ਕਰਦਾ ਹਾਂ।

Yesterday the Finance Minister stated that :—

"I rise to present Budget Estimates for the year 1969—70. As sufficient time will not be available to go into these estimates before passing the Appropriation Bill for the whole year, and vote on account Budget for the first four months of the year 1969-70 is also presented, so, I would request the House to pass the vote on account Budget before the 31 st March, 1969.

ਸੋ ਬਜਟ ਸਪੀਚ ਵੀ ਦਿਤੀ ਗਈ। ਬਿਲ ਮੂਵ ਵੀ ਕੀਤਾ ਗਿਆ। ਪਹਿਲਾਂ ਵੀ ਇਥੇ ਇਹੀ ਪ੍ਰੈਸੀਡੈਂਟ ਸੀ। ਤੁਸੀਂ ਰਿਕਾਰਡ ਵੇਖ ਲਓ।

As you suggested, Mr. Speaker, I would suggest that the House may take up all the Demands for Grants on Account. The hon. Members may refer to the Demand or Demands at the time when they are speaking. All the Demands of Grants on Account will be deemed to have been read and moved. The Guillotine will be applied half an hour before the adjournment of the House and the Demands will be put to vote of the House.

ਤੇ ਸਪੀਕਰ ਸਾਹਿਬ, 4 ਮਹੀਨੇ ਲਈ ਵੋਟ ਆਫ ਅਕਾਊਂਟ ਪੇਸ਼ ਹੋ ਗਿਆ ਹੈ। ਮੂਵ ਵੀ ਹੋ ਗਿਆ ਹੈ। ਉਸ ਵਿਚ ਸਾਰੀਆਂ ਡਿਮਾਂਡਾਂ ਆਈਆਂ ਹਨ। ਗਿਲੋਟੀਨ ਬਾਰੇ ਫੈਸਲਾ ਕੀਤਾ ਗਿਆ। ਸਪੀਕਰ ਸਾਹਿਬ, ਸਾਰੀਆਂ ਫਾਰਮੈਲੇਟੀਜ਼ ਪੂਰੀਆਂ ਹੋ ਗਈਆਂ। ਮੈਂ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਤੁਹਾਡੇ ਰਾਹੀਂ ਰਿਕੁਐਸਟ ਕਰਾਂਗਾ ਕਿ ਕਾਰਵਾਈ ਚਲਣ ਦੇਣ। (ਵਿਘਨ) ਜੇ ਇਹ ਕਾਰਵਾਈ ਨਹੀਂ ਚਲਣ ਦੇਣਗੇ ਤਾ ਚੰਗੀ ਗੱਲ ਨਹੀਂ ਹੋਵੇਗੀ। (ਸ਼ੋਰ) ਜੇ ਕੋਈ ਪੁਆਇੰਟ ਰੋਜ਼

Original with;
Punjab Vidhan Sabha
Digitized by;
Panjab Digital Library

ਹੁੰਦਾ ਹੈ ਤਾਂ ਅਸੀਂ ਉਸ ਦਾ ਜਵਾਬ ਦਿਆਂਗੇ । ਤੁਸੀਂ ਹਾਊਸ ਦੀ ਕਾਰਵਾਈ ਨੂੰ ਠੀਕ ਤਰ੍ਹਾਂ ਚਲਣ ਦਿਉ । (ਵਿਘਨ) (ਸ਼ੋਰ)

(ਇਸ ਵੇਲੇ ਸਰਦਾਰ ਉਮਰਾਓ ਸਿੰਘ ਬੋਲਣ ਲਈ ਖੜ੍ਹੇ ਹੋਏ ।)

**ਸ਼੍ਰੀ ਸਪੀਕਰ :** ਸਰਦਾਰ ਉਮਰਾਉ ਸਿੰਘ ਜੀ ਤੁਸੀਂ ਪਹਿਲਾਂ ਮੈਨੂੰ ਸੁਣ ਲਓ । (The hon. Member, Sardar Umrao Singh may please listen to me first.)

**ਸਰਦਾਰ ਉਮਰਾਓ ਸਿੰਘ :**—ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਚੀਫ ਮਨਿਸਟਰ ਨੇ ਕਿਹਾ ਹੈ ਕਿ ਕਲ੍ਹ ਬਜਟ ਪ੍ਰੈਜ਼ੈਂਟ ਹੋ ਗਿਆ, ਮੂਵ ਹੋ ਗਿਆ । ਪਰ ਮੇਰਾ ਪੁਆਇੰਟ ਆਫ ਆਰਡਰ ਹੋਰ ਹੈ । ਮੇਰੇ ਪੁਆਇੰਟ ਆਫ਼ ਆਰਡਰ ਵਿਚ ਇਹ ਇਨਫਰਮੇਸ਼ਨ ਮੰਗੀ ਗਈ ਹੈ ਕਿ ਬਜਟ ਦੀ ਟੋਟਲ ਸਮ ਕਿੰਨੀ ਹੈ । ਮੈਨੂੰ ਇਹ ਦਸ ਦਿਤਾ ਜਾਵੇ । ਰੂਲਜ਼ ਵਿਚ ਇਹ ਵਰਡ ਕਲੀਅਰ ਹਨ ਕਿ 'ਸਮ ਇਨ ਟੋਟਲ' ਦੱਸਣੀ ਚਾਹੀਦੀ ਹੈ । ਪਰ ਇਥੇ ਕਿਤੇ ਵੀ ਟੋਟਲ ਸਮ ਨਹੀਂ ਦਸੀ ਗਈ । ਤੁਸੀਂ ਰੂਲਿੰਗ ਦਿਉ ।

**ਸ਼੍ਰੀ ਸਪੀਕਰ :** ਇਹ ਜਿਹੜਾ ਬਜਟ ਹੈ, ਇਹ ਡਿਊਲੀ ਪੇਸ਼ ਹੋਇਆ ਹੈ, ਡਿਊਲੀ ਮੂਵ ਹੋਇਆ ਹੈ । ਰੂਲਜ਼ ਦੇ ਮੁਤਾਬਕ ਹੈ ਅਤੇ ਹਾਊਸ ਦੀਆਂ ਪੁਰਾਣੀਆਂ ਕੰਨਵੈਨਸ਼ਨਜ਼ ਦੇ ਮੁਤਾਬਕ ਹੈ । (ਸ਼ੋਰ) (This Budget was duly presented and moved in accordance with the Rules and well established conventions of the House).

**ਸਰਦਾਰ ਉਮਰਾਓ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ । (ਸ਼ੋਰ)

**ਵਿੱਤ ਮੰਤਰੀ :** ਮੂਵ ਹੋ ਗਿਆ ਸੀ । (ਸ਼ੋਰ)

**ਸਰਦਾਰ ਉਮਰਾਓ ਸਿੰਘ :**—ਕਿਸ ਤਰ੍ਹਾਂ ਮੂਵ ਹੋ ਗਿਆ ? ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਟੋਟਲ ਸਮ ਕਿੰਨੀ ਹੈ ਜਿਸ ਵਾਸਤੇ ਵੋਟ ਆਨ ਅਕਾਊਂਟ ਮੰਗੀ ਗਈ ਹੈ ? (ਸ਼ੋਰ)

**Mr. Speaker :** Take your seat, Sardar Umrao Singh.

ਕਾਂਗਰਸੀ ਬੈਂਚਾਂ ਵਲੋਂ ਆਵਾਜ਼ਾਂ : ਟੋਟਲ ਦਾ ਖਾਨਾ ਖਾਲੀ ਹੈ ।

**ਵਿੱਤ ਮੰਤਰੀ :** ਇਹ ਜਿਹੜਾ ਵੋਟ ਆਨ ਅਕਾਊਂਟ ਦਾ ਬਜਟ ਹੈ ।——

**ਕਾਮਰੇਡ ਬਾਬੂ ਸਿੰਘ ਮਾਸਟਰ :**—ਆਨ ਏ ਪੁਆਇੰਟ ਆਫ ਆਰਡਰ, ਸਰ ।

**ਸ਼੍ਰੀ ਸਪੀਕਰ :** ਵਜ਼ੀਰ ਸਾਹਿਬ ਬੈਠ ਜਾਉ । (The Finance Minister may please resume his seat.)

**ਕਾਮਰੇਡ ਬਾਬੂ ਸਿੰਘ ਮਾਸਟਰ :**—ਵਜ਼ੀਰ ਸਾਹਿਬ ਜ਼ਰਾ ਬੈਠਣ ਦੀ ਕਿਰਪਾ ਕਰਨ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਸ ਤਰ੍ਹਾਂ ਸਰਦਾਰ ਉਮਰਾਓ

Original with;
Punjab Vidhan Sabha
Digitized by;
Panjab Digital Library

(ਕਾਮਰੇਡ ਬਾਬੂ ਸਿੰਘ ਮਾਸਟਰ)
ਸਿੰਘ ਨੇ ਕਿਹਾ ਹੈ ਕਿ ਫੰਡਜ਼ ਦੇ ਬਾਰੇ ਕੋਈ ਵੇਰਵਾ ਨਹੀਂ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਕਲ੍ਹ ਦੀਆਂ ਪ੍ਰੋਸੀਡਿੰਗਜ਼ ਵੇਖ ਲਉ। ਜੇ ਤਾਂ ਉਹਦੇ ਵਿਚ ਟੋਟਲ ਫੰਡਜ਼ ਬਾਰੇ ਵੇਰਵਾ ਹੈ ਕਿ ਐਨੀ ਅਮਾਉਂਟ ਹੈ ਤਾਂ ਤੇ ਠੀਕ ਹੈ, ਨਹੀਂ ਤਾਂ ਸਰਦਾਰ ਉਮਰਾਓ ਸਿੰਘ ਦੀ ਮੋਸ਼ਨ ਠੀਕ ਹੈ। (ਤਾੜੀਆਂ)

**ਸ਼੍ਰੀ ਸਪੀਕਰ** : ਸ਼੍ਰੀ ਕ੍ਰਿਸ਼ਨ ਲਾਲ। (Shri Krishan Lal Finance Minister may please speak). (ਸ਼ੋਰ)

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ।

(ਇਸ ਵੇਲੇ ਐਨਾ ਸ਼ੋਰ ਪੈ ਰਿਹਾ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਗਲ ਇਹ ਹੈ ਕਿ ਇਸ ਹਾਊਸ ਵਿੱਚ ਕਿਸੇ ਕੋਲੋਂ ਕੋਈ ਗਲਤੀ ਹੋ ਜਾਵੇ ਅਤੇ ਉਹ ਗਲਤੀ ਨੂੰ ਸਵੀਕਾਰ ਕਰ ਲਵੇ ਤਾਂ ਉਹਦੇ ਵਿਚ ਮਾੜੀ ਗੱਲ ਨਹੀਂ। ਬਿਜ਼ਨੈਸ ਦੇ ਰੂਲਜ਼ ਦੇ ਮੁਤਾਬਿਕ ਟੋਟਲ ਸਮ ਨਹੀਂ ਆਇਆ। ਇਸ ਲਈ ਇਹ ਮੋਸ਼ਨ ਲੀਗਲੀ ਮੂਵਡ ਨਹੀਂ ਹੈ। (ਸ਼ੋਰ) ਇਹ ਪ੍ਰੀਸੀਡੈਂਟ ਮਾੜਾ ਹੈ। ਇਹ ਚੰਗਾ ਪ੍ਰੀਸੀਡੈਂਟ ਨਹੀਂ। ਤੁਸੀਂ ਹਾਲੇ ਵੀ ਇਸ ਤਰ੍ਹਾਂ ਕਰੋ ਕਿ ਪੰਜ ਦਸ ਮਿੰਟਾਂ ਲਈ ਹਾਊਸ ਨੂੰ ਐਡਜਰਨ ਕਰ ਦਿਓ। (ਸ਼ੋਰ) (ਵਿਘਨ)

**ਸ਼੍ਰੀ ਸਪੀਕਰ** : ਮੈਂ ਆਪਣਾ ਫੈਸਲਾ ਦੇ ਦਿਤਾ ਹੈ। ਹਾਊਸ ਦੀ ਕਾਰਵਾਈ ਚਲਣ ਦਿਉ। (I have already given my ruling. Let the proceedings of the House be continued.)

**ਕੈਪਟਨ ਰਤਨ ਸਿੰਘ** : ਇਹ ਅਕਾਰਡਿੰਗ ਟੂ ਰੂਲ ਨਹੀਂ ਹੈ।

**ਕਾਂਗਰਸੀ ਬੈਂਚਾਂ ਵਲੋਂ ਆਵਾਜ਼ਾਂ** : ਹੁਣ ਟੋਟਲ ਲਗ ਰਿਹਾ ਹੈ। (ਸ਼ੇਮ...ਸ਼ੇਮ)

**ਸਰਦਾਰ ਸੁਰਜੀਤ ਸਿੰਘ** : ਸਪੀਕਰ ਸਾਹਿਬ. . . (ਇਸ ਵੇਲੇ ਬਹੁਤ ਸ਼ੋਰ ਹੋ ਰਿਹਾ ਸੀ ਅਤੇ ਸਰਦਾਰ ਸੁਰਜੀਤ ਸਿੰਘ ਦੀ ਸਪੀਚ ਦਾ ਕੁਝ ਪਤਾ ਨਹੀਂ ਲਗ ਰਿਹਾ ਸੀ।)

(ਅਵਾਜ਼ਾਂ : ਸ਼ੇਮ, ਸ਼ੇਮ)

**Mr. Speaker** : Sardar Sant Singh. No interruption please. (Noise)

**ਸਰਦਾਰ ਸੁਰਜੀਤ ਸਿੰਘ** : ਮੈਂ ਸਪੀਕਰ ਸਾਹਿਬ, ਵਿਦਿਆ ਬਾਰੇ ਬੋਲਣਾ ਚਾਹੁੰਦਾ ਹਾਂ। (ਸ਼ੋਰ)

**Mr. Speaker** : Sardar Umrao Singh, take your seat please. Mr. Sant Singh, take your seat please.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਰਜੀਤ ਸਿੰਘ** : 25 ਸਕੂਲ ਮਿਡਲ ਤੋਂ ਹਾਈ ਅਤੇ 80 ਸਕੂਲ ਪ੍ਰਾਇਮਰੀ ਤੋਂ ਮਿਡਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । (ਵਿਘਨ)

(ਸਰਦਾਰ ਸੁਰਜੀਤ ਸਿੰਘ ਬੋਲਦੇ ਜਾਂਦੇ ਸਨ ਪਰ ਸ਼ੋਰ ਇਤਨਾ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ)

**ਸਰਦਾਰ ਸੁਰਜੀਤ ਸਿੰਘ** : ਪਿਛਲੇ ਸਾਲ 1968—69 ਵਿਚ ਪੰਜਾਬ ਗੌਰਮੈਂਟ ਨੂੰ 2 ਲਖ, 60 ਹਜ਼ਾਰ (ਸ਼ੋਰ) ਰੁਪਏ ਇਕ ਮੁਕੱਦਮੇ ਤੇ ਖਰਚ ਕਰਨੇ ਪਏ ।

(ਸ਼ੋਰ) (ਵਿਘਨ)

**चौधरी बलबीर सिंह** : आन ए प्वांयट आफ आर्डर, सर ।

**ਸਰਦਾਰ ਉਮਰਾਓ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ ।

**ਚੌਧਰੀ ਬਲਬੀਰ ਸਿੰਘ** : ਵ੍ਹਡ ਬੀ ਮਨਿਸਟਰ ਜਿਹੜਾ ਹੈ, ਕੀ ਉਹ ਮਨਿਸਟਰ ਦੀ ਜਗ੍ਹਾ ਜਵਾਬ ਦੇ ਸਕਦਾ ਹੈ ।

**Mr. Speaker** : No point of order.

**ਸਰਦਾਰ ਉਮਰਾਓ ਸਿੰਘ** : ਮੇਰੇ ਪੁਆਇੰਟ ਆਫ਼ ਆਰਡਰ ਦਾ ਜਵਾਬ ਨਹੀਂ ਆਇਆ ਜੀ ! ਉਸ ਤੇ ਰੂਲਿੰਗ ਦਿਤੀ ਜਾਵੇ । (ਸ਼ੋਰ)

**ਸ਼੍ਰੀ ਸਪੀਕਰ** ; ਸਰਦਾਰ ਸੁਰਜੀਤ ਸਿੰਘ ਬੈਠ ਜਾਉ ਜ਼ਰਾ । (Sardar Surjit Singh may please resume his seat).

(ਕਾਂਗਰਸ ਬੈਂਚਾਂ ਵਲੋਂ ਆਵਾਜ਼ਾਂ ਵੱਡਾ ਚੌਧਰੀ ਬਣਿਆ ਫਿਰਦਾ ਹੈ । ਅਸੀਂ ਗੈਰ ਕਾਨੂੰਨੀ ਕਾਰਵਾਈ ਨਹੀਂ ਚਲਣ ਦਿਆਂਗੇ)

**Mr. Speaker** : Sardar Umrao Singh please take your seat.

**चौधरी बलबीर सिंह** इनको पता नहीं कि वोट औन अकाऊँट किस तरीके से पेश किया जाना चाहिए । इन्हों ने इस कारवाई को गलत ढंग से पेश किया है । (शोर) बजाए इसके कि इनके खिलाफ कोई ऐकशन लिया जाए, आप हाउस की कारवाई चला रहे हैं । यह बहुत गलत है । अगर ठीक तरीके से कार्यवाही चलानी है तो आप पहले कुछ समय के लिये इस हाउस की कारवाई स्थगित कर दें और हर पार्टी के लीडर को बुला कर बात करें । सारे पंजाब के कर्मचारियों को चार महीने की तनखाह देनी है । सारा खर्च होना है (शोर) कहीं इनकी बेवकूफी की वजह से सारा पंजाब सफर न करे ।

अध्यक्ष महोदय, मैं अर्ज करूंगा कि यहां पर इस प्रकार की बातें नहीं होनी चाहिएं । रूल्ज़ बड़े कलियर हैं । (शोर)

Original with;
Punjab Vidhan Sabha
Digitized by;
Panjab Digital Library

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਆਪ ਇਸ ਤੇ ਰੂਲਿੰਗ ਦੇ ਦਿਉ ਕਿ··· (ਸ਼ੋਰ) (ਵਿਘਨ) (ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ)।

(ਇਸ ਸਮੇਂ ਚੌਧਰੀ ਬਲਬੀਰ ਸਿੰਘ ਬੋਲਣ ਲਈ ਖੜ੍ਹੇ ਹੋਏ) (ਸ਼ੋਰ)

**Mr.Speaker** : Chowdhri Sahib, please take your seat.

**ਸਰਦਾਰ ਸੁਰਜੀਤ ਸਿੰਘ** : (ਸ਼ੋਰ) ਮੈਂ ਅਰਜ਼ ਕਰਦਾ ਹਾਂ ਕਿ ਪਿਛਲੇ ਸਾਲ ਅਜਿਹੀ ਕਾਰਵਾਈ ਦੇ ਕਾਰਨ ਇਕ ਮੁਕਦੱਮਾ ਚੱਲਿਆ (ਵਿਘਨ) (ਸ਼ੋਰ) ਪੰਜਾਬ ਸਰਕਾਰ ਦੀ 20 ਸਾਲਾਂ ਦੀ ਹਿਸਟਰੀ ਵਿਚ ਕਦੇ ਕੋਈ ਇਸ ਕਿਸਮ ਦਾ ਮੁਕੱਦਮਾ ਨਹੀਂ ਚਲਿਆ। (ਵਿਘਨ)

**ਸਰਦਾਰ ਉਮਰਾਓ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਉਹ ਮੋਸ਼ਨ ਪੜ੍ਹ ਕੇ ਸੁਣਾ ਦਿਉ। (ਸ਼ੋਰ) (ਵਿਘਨ) ਜੇ ਇਸ ਤਰ੍ਹਾਂ ਦੇ ਹੀ ਵਜ਼ੀਰ ਬਣਨੇ ਹਨ ਤਾਂ ਮੈਂ ਸਮਝਦਾ ਹਾਂ ਕਿ (ਵਿਘਨ) (ਸ਼ੋਰ) ਇਹ ਗੱਲ ਸਰਕਾਰ ਵਾਲੀ ਹਿਸਟਰੀ ਰੀਪੀਟ ਕਰਨਾ ਚਾਹੁੰਦੇ ਹਨ। (ਸ਼ੋਰ) (ਵਿਘਨ)

**Mr. Speaker** : Please take your seat.

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ ਤੁਸੀਂ ਪੜ੍ਹ ਕੇ ਸੁਣਾ ਦਿਉ। (ਸ਼ੋਰ) (ਵਿਘਨ)

**Mr. Speaker** : Please take your seat. (Noise)

**ਸਰਦਾਰ ਉਮਰਾਓ ਸਿੰਘ** : ਅਸੀਂ ਇਸ ਤਰ੍ਹਾਂ ਹਾਊਸ ਨਹੀਂ ਚੱਲਣ ਦਿਆਂਗੇ। (ਸ਼ੋਰ) ਸਾਨੂੰ ਬਾਹਰ ਕਢ ਕੇ ਜੋ ਮਰਜ਼ੀ ਕਰਦੇ ਰਹੋ। (ਸ਼ੋਰ) (ਬਹੁਤ ਸ਼ੋਰ)

**Mr. Speaker** : Please take your seat. The Vote-on-Account Budget has already been presented. The Motion in respect of Demands for Grants, as I have already said, may be deemed to have been read and moved, if there be no objection.

**चौधरी बलबीर सिंह** : आन ए प्वायंट आफ आर्डर, सर। स्पीकर साहिब, मेरा प्वायंट आफ आर्डर यह है कि हाउस में आपने रूलिंग दी है कि जो उन्होंने मूव किया है वह इन आर्डर है। अब आप हमें मोशन पढ़ कर सुना दें। (विघ्न) आप बताएं कि किस मोशन पर बहस हो रही है। (शोर) उस को आप पढ़ दें और मनिस्टर को कोई बात न करने दें। बाद में कार्यवाही शुरू की जाए। (शोर) इस तरह हाउस की कार्यवाही इन आर्डर नहीं होती। (शोर) (विघन)

**11—00 A. M.] Mr. Speaker** : The Demands for Grants are under

Original with;
Punjab Vidhan Sabha
Digitized by;
Panjab Digital Library

the consideration of the House.

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਇਸ ਤਰ੍ਹਾਂ ਇਹ ਕਾਰਵਾਈ ਬੜੀ ਇੱਲੀਗਲ ਹੈ। (ਸ਼ੋਰ) (ਵਿਘਨ)

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਇਸ ਵਿਚ ਟੋਟਲ ਅੰਕੜੇ ਨਹੀਂ ਦਿੱਤੇ ਗਏ। ਇਸ ਤਰ੍ਹਾ ਇਹ ਠੀਕ ਨਹੀਂ ਹੈ। ਅਸੀਂ ਟੋਟਲ ਅੰਕੜੇ ਚਾਹੁੰਦੇ ਹਾਂ। (ਸ਼ੋਰ)

**ਸ਼੍ਰੀ ਸਪੀਕਰ :** ਹਰ ਡਿਮਾਂਡ ਦੇ ਉਤੇ ਮੈਂਬਰ ਸਾਹਿਬ ਆਪਣਾ ਧਿਆਨ ਦੇਣ। ਹਰ ਇਕ ਵਿਚ ਅੰਕੜੇ ਦਿੱਤੇ ਹੋਏ ਹਨ। (ਸ਼ੋਰ) (The hon. Members should see every demand carefully. The figures are given against each of the demands.) (Noise)

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਅਸੀਂ ਤਾਂ ਟੋਟਲ ਅੰਕੜੇ ਚਾਹੁੰਦੇ ਹਾਂ। (ਸ਼ੋਰ)

(ਇਸ ਸਮੇਂ, ਸਰਦਾਰ ਆਤਮਾ ਸਿੰਘ, ਮਾਲ ਮੰਤਰੀ ਬੋਲਣ ਲਈ ਖੜ੍ਹੇ ਹੋਏ, ਪਰ ਹਾਊਸ ਵਿਚ ਇਸ ਸਮੇਂ ਬਹੁਤ ਸ਼ਰ ਸੀ, ਜਿਸ ਕਰਕੇ ਕੁਝ ਸੁਣਾਈ ਨਹੀਂ ਦਿੱਤਾ। ਆਪੋਜ਼ੀਸ਼ਨ ਵਲੋਂ ਮੇਜ਼ਾਂ ਖੜਕਾਈਆਂ ਜਾ ਰਹੀਆਂ ਸਨ।

## SHORT ADJOURNMENT OF THE HOUSE

**ਸ਼੍ਰੀ ਸਪੀਕਰ :** ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਹੈ' ਇਸ ਲਈ ਮੈਂ 15 ਮਿਨਟ ਲਈ ਹਾਊਸ ਨੂੰ ਐਡਜਰਨ ਕਰਦਾ ਹਾਂ। (In view of the uproar in the House I adjourn the House for fifteen minutes).

(*The House re-assembled at 11. 15. A. M.*)

## DISCUSSION ON DEMANDS FOR GRANTS ON ACCOUNT FROM APRIL TO JULY, 1969 (RESUMPTION)

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੈਂ ਅਰਜ਼ ਰਰਦਾ ਹਾਂ ਕਿ ਮੋਸ਼ਨ ਪੜ੍ਹ ਕੇ ਸੁਣਾਈ ਜਾਵੇ। (ਵਿਘਨ) ਸ਼ੋਰ)

**ਸ਼੍ਰੀ ਸਪੀਕਰ :** ਮੈਂ ਤੁਹਾਨੂੰ ਕਿਹਾ ਸੀ ਕਿ ਤੁਸੀਂ ਹਾਊਸ ਨੂੰ ਡਿਸਟਰਬ ਕਰਦੇ ਹੋ। (ਸ਼ੋਰ) (ਵਿਘਨ) ਮੈਂ ਲੀਡਰ ਆਫ ਦੀ ਅਪੋਜ਼ੀਸ਼ਨ ਅਗੇ ਪ੍ਰਾਰਥਨਾਂ ਕਰਾਂਗਾ ਕਿ ਉਹ ਆਪਣੇ ਮੈਂਬਰ ਸਾਹਿਬਾਨ ਨੂੰ ਸਮਝਾਉਣ ਤਾਕਿ ਹਾਊਸ ਦੀ ਕਾਰਵਾਈ ਠੀਕ ਤਰ੍ਹਾਂ ਚਲ ਸਕੇ। (I pointed out to the hon. Member that he was disturbing the House (Noise) (Interruption) I would request the Leader of the Opposition that he should keep the Members of his party under control so that the House may proceed with its work smoothly.)

Original with;
Punjab Vidhan Sabha
Digitized by;
Panjab Digital Library

**ਮੇਜਰ ਹਰਿੰਦਰ ਸਿੰਘ** :—ਸਪੀਕਰ ਸਾਹਿਬ, ਆਪੋਜ਼ੀਸ਼ਨ ਬੈਂਚਿਜ਼ ਵਲੋਂ ਇਸ ਤਰ੍ਹਾਂ ਦੀ ਕੋਈ ਨੀਅਤ ਨਹੀਂ ਕਿ ਹਾਊਸ ਦੇ ਐਟਮਾਸਫੀਅਰ ਨੂੰ ਡਿਸਟਰਬ ਕੀਤਾ ਜਾਵੇ ਜਾਂ ਹਾਊਸ ਨੂੰ ਨਾ ਚਲਣ ਦਿਤਾ ਜਾਵੇ। ਮੈਂ ਆਪ ਨੂੰ ਪਹਿਲਾਂ ਵੀ ਯਕੀਨ ਦੁਆਇਆ ਸੀ ਕਿ ਅਸੀਂ ਹਾਊਸ ਨੂੰ ਚਲਾਉਣ ਵਿਚ ਪੂਰਾ ਸਹਿਯੋਗ ਦੇਵਾਂਗੇ। ਲੇਕਿਨ, ਮੇਰੀ ਅਰਜ਼ ਹੈ ਕਿ ਹਾਊਸ ਦੇ ਚਲਣ ਵਾਸਤੇ ਕੁਝ ਨਿਯਮ ਬਣੇ ਹੋਏ ਹਨ। (ਵਿਘਨ) ਤੁਸੀਂ ਦੱਸੋ ਜੇ ਤੁਸੀਂ ਨਿਯਮ ਦੀ ਉਲੰਘਣਾ ਕਰੋ (ਵਿਘਨ) ਰੂਲ ਨੂੰ ਇਗਨੋਰ ਕਰੋ ਤਾਂ ਕੰਮ ਕਿਵੇਂ ਚਲੇਗਾ। (ਵਿਘਨ) ਕਿਸ ਹਿਸਾਬ ਨਾਲ ਤੁਸੀਂ ਇਹ ਕਹਿ ਦਿਤਾ ਹੈ ਕਿ ਅਸੀਂ ਹਾਊਸ ਨੂੰ ਡਿਸਟਰਬ ਕਰਦੇ ਹਾਂ। (ਸ਼ੋਰ) (ਵਿਘਨ) ਮੈਂ ਭਾਵੇਂ ਹਾਊਸ ਵਿਚ ਸੀ ਜਾਂ ਨਹੀਂ ਸੀ (ਵਿਘਨ) ਤੁਸੀਂ ਕਿਰਪਾ ਕਰਕੇ ਹੁਣ ਮੈਨੂੰ ਦਸ ਦਿਉ ਕਿ ਕਿਹੜੇ ਰੂਲ ਦੀ ਉਲੰਘਣਾ ਹੋਈ ਹੈ। I will be the first person to comply with the Rules].

**ਸਰਦਾਰ ਉਮਰਾਓ ਸਿੰਘ** :—ਸਪੀਕਰ ਸਾਹਿਬ, ਮੇਰੀ ਰੂਲਿੰਗ ਦਾ ਜਵਾਬ ਨਹੀਂ ਦਿਤਾ ਗਿਆ। (ਵਿਘਨ, ਸ਼ੋਰ)

**ਇਕ ਮਾਨਯੋਗ ਮੈਂਬਰ** :—ਸਪੀਕਰ ਸਾਹਿਬ, ਰੂਲਿੰਗ ਕਿ ਪੁਆਇੰਟ ਆਫ਼ ਆਰਡਰ।

(ਸ਼ੋਰ)

**Mr. Speaker** :—Sardar Umrao Singh, please take your seat.

ਮੈਂ ਤੁਹਾਡਾ ਨਾਮ ਲੈ ਕੇ ਕਹਿੰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਜੀ ਤੁਸੀਂ ਹਾਊਸ ਦੀ ਕਾਰਵਾਈ ਨਹੀਂ ਚਲਣ ਦਿੰਦੇ। (I name the hon. Member Sardar Umrao Singh as he is obstructing the proceedings of the House).

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਅਸੀਂ ਕੋਆਪਰੇਟ ਕਰਨ ਨੂੰ ਤਿਆਰ ਹਾਂ ਪਰ ਇਹ ਨਹੀਂ ਕਿ ਅਸੀਂ ਇੱਲੀਗਲ ਕਾਰਵਾਈ ਨੂੰ ਅੱਖਾਂ ਮੀਟ ਕੇ ਦੇਖੀ ਜਾਈਏ।

**ਸ਼੍ਰੀ ਸਪੀਕਰ** : ਹਾਊਸ ਦੀ ਕਾਰਵਾਈ ਲੀਗਲ ਹੈ। (ਵਿਘਨ) ਰੂਲਜ਼ ਦੇ ਮੁਤਾਬਿਕ ਹੈ, ਪੁਰਾਣੀ ਕਨਵੈਨਸ਼ਨ ਦੇ ਮੁਤਾਬਿਕ ਹੈ। (The proceedings of the House are legal. (Interruption) These are being conducted according to rules and well-established conventions.)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਮੈਂ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਹੈ। (ਵਿਘਨ) ਮੋਸ਼ਨ ਪੜ੍ਹ ਕੇ ਦਸ ਦਿਉ। (ਸ਼ੋਰ) (ਵਿਘਨ)

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੇਰੇ ਪੁਆਇੰਟ ਆਫ਼ ਆਰਡਰ ਦਾ ਜਵਾਬ ਨਹੀਂ ਆਇਆ। (ਵਿਘਨ) (ਸ਼ੋਰ) ਮੋਸ਼ਨ ਪਰਫੈਕਟ ਨਹੀਂ ਹੈ, (ਵਿਘਨ) ਕੰਪਲੀਟ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਮੈਂ ਅਰਜ਼ ਕੀਤੀ ਹੈ ਕਿ ਮੋਸ਼ਨ ਇਨ ਆਰਡਰ ਹੈ, ਕੰਪਲੀਟ ਹੈ ।
(I have declared that the motion is in order and complete.)

**ਸਰਦਾਰ ਕਿਰਪਾਲ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਰੂਲ ਅਤੇ ਪ੍ਰੋਸੀਜਰ ਦੇ ਮੁਤੱਅਲਿਕ ਹੈ । (ਵਿਘਨ) (ਸ਼ੋਰ) ਤੁਹਾਡੀ ਜਿਹੜੀ ਰੂਲਿੰਗ ਹੈ (ਸ਼ੋਰ) ਕੀ ਅੰਕੜਿਆਂ ਦਾ ਮੁਤਾਲਿਆ ਕੀਤੇ ਬਗ਼ੈਰ ਜਾਇਜ਼ ਹੈ, ਕਾਨੂੰਨੀ ਹੈ । (ਸ਼ੋਰ) (ਵਿਘਨ)

**ਮੇਜਰ ਹਰਿੰਦਰ ਸਿੰਘ :** ਸਪੀਕਰ ਸਾਹਿਬ, ਮੇਰੀ ਅਰਜ਼ ਹੈ ਅਗੇ ਵੀ ਤੁਹਾਡੀ ਤੱਵਜੋਹ ਮੈਂਬਰ ਸਾਹਿਬਾਨ ਨੇ ਦਿਲਾਈ ਹੋਵੇਗੀ । (ਵਿਘਨ) ਮੈਂ ਸਿਰਫ ਬੜੀ ਨਿਮਰਤਾ ਨਾਲ ਬੇਨਤੀ ਕਰਾਂਗਾ ਕਿ ਆਪ ਦਸੋ ਕਿ ਰੂਲ 221 ਕੀ ਹੈ । ਆਪ ਇਸ ਦੀ ਇੰਟਰਪਰਟੇਸ਼ਨ ਕੀ ਲੈਂਦੇ ਹੋ । (ਵਿਘਨ) (ਸ਼ੋਰ)

**ਕਾਮਰੇਡ ਸੱਤਪਾਲ ਡਾਂਗ :** ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਸਮਝਿਆ ਸੀ ਕਿ ਤੁਸੀਂ 15 ਮਿੰਟ ਲਈ ਹਾਊਸ ਐਡਜਰਨ ਕੀਤਾ ਹੈ, ਉਸ ਦੌਰਾਨ ਵਿਚ ਤੁਸੀਂ ਕੋਈ ਹੱਲ ਕੱਢ ਲਵੋਗੇ । (ਵਿਘਨ) (ਸ਼ੋਰ) ਮੇਰੀ ਅਰਜ਼ ਹੈ ਕਿ ਨਵੀਂ ਮੋਸ਼ਨ ਬਣਾਉਣ ਵਿਚ ਪੰਜ ਮਿੰਟ ਲਗਣੇ ਸੀ । (ਵਿਘਨ) ਰੂਲਿੰਗ ਤੁਸੀਂ ਭਾਵੇਂ ਦੇ ਦਿਤੀ ਹੈ ਪਰ ਉਹ ਰੂਲਿੰਗ ਰੀਕਨਸਿਡਰ ਵੀ ਹੋ ਸਕਦੀ ਹੈ । (ਸ਼ੋਰ) (ਬਹੁਤ ਸ਼ੋਰ)

**Mr. Speaker :** Please take your seat.

(At this stage Sardar Surjit Singh Barnala rose to speak)
(Noise in the House)

**ਸਰਦਾਰ ਉਮਰਾਓ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਮੋਸ਼ਨ ਸੁਣਨਾ ਚਾਹੁੰਦਾ ਹਾਂ । (ਵਿਘਨ) ਮੋਸ਼ਨ ਪੜ੍ਹ ਕੇ ਸੁਣਾਈ ਜਾਵੇ (ਵਿਘਨ) ਸਪੀਕਰ ਸਾਹਿਬ, ਇਹ ਮੇਰਾ ਹੱਕ ਹੈ । (ਵਿਘਨ) ਜਾਂ ਤਾਂ ਕਹਿ ਦਿਉ ਮੇਰਾ ਹੱਕ ਨਹੀਂ । (ਸ਼ੋਰ)

**चौधरी बलबीर सिंह :** आन ए प्वाइंट आफ आर्डर, सर । अध्यक्ष महोदय, मैं पहले भी अर्ज़ कर चुका हूँ कि वह मोशन दोबारा पढ़ दें जिस पर अब बहस शुरू होनी है । (विघन) (शोर)

(ਬੈਂਚ ਵਜਾਏ ਗਏ)

**ਸਰਦਾਰ ਸੁਰਜੀਤ ਸਿੰਘ :** ਜਿਸਦੇ ਤਹਿਤ 9 ਕਰੋੜ...(ਸ਼ੋਰ) (ਵਿਘਨ)

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੇਰੇ ਪੁਆਇੰਟ ਆਫ਼ ਆਰਡਰ ਦਾ ਜਵਾਬ ਨਹੀਂ ਆਇਆ । (ਸ਼ੋਰ) (ਵਿਘਨ)

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ) (ਸ਼ੋਰ) (ਵਿਘਨ)

**ਸਰਦਾਰ ਉਮਰਾਓ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ

Original with;
Punjab Vidhan Sabha
Digitized by;
Panjab Digital Library

(ਸਰਦਾਰ ਉਮਰਾਓ ਸਿੰਘ)

ਉਠਾਇਆ ਸੀ ਕਿ ਮੈਨੂੰ ਉਹ ਮੋਸ਼ਨ ਪੜ੍ਹ ਕੇ ਸੁਣਾ ਦਿਓ, ਜਿਸ ਤੇ ਬਹਿਸ ਹੋ ਰਹੀ ਹੈ ਅਤੇ ਜਿਸ ਵਿਚ ਟੋਟਲ ਸਮ ਦਿਤਾ ਹੋਇਆ ਹੈ । ਮੈਂ ਜਨਾਬ ਨੂੰ ਰਿਕੁਐਸਟ ਕਰਦਾ ਹਾਂ ਕਿ ਹਾਊਸ ਦੀ ਕਾਰਵਾਈ ਉਨੀਂ ਦੇਰ ਤਕ ਅਗੇ ਨਹੀਂ ਚਲ ਸਕਦੀ, ਜਿੰਨੀ ਦੇਰ ਤਕ ਮੈਨੂੰ ਰੂਲਿੰਗ ਨਾ ਦਿਤੀ ਜਾਏ । (ਸ਼ੋਰ) (ਵਿਘਨ) (ਬੈਂਚ ਵਜਾਏ ਗਏ) (ਸ਼ੋਰ)

**ਸਰਦਾਰ ਬਲਵੰਤ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ । (ਸ਼ੋਰ) (ਵਿਘਨ)

**श्री उपाध्यक्ष** : सरदार बलवंत सिंह जी, बैठ जाओ । मैं सब मैंबर साहिबान से नम्रता सहित गुज़ारिश करूँगा कि इस हाउस की जो डिगनिटी और डैकोरम है, वह आपके हाथ में है । (शोर) (विघ्न)

इस हाउस के लेड डाऊन प्रोसीजर में जो कुछ दर्ज है, अगर मैंबर साहिबान उसका ख्याल न रखें तो हाउस की कार्यवाही चलाना मुशकिल है । (शोर) (विघ्न)

(The hon. Member, Sardar Balwant Singh, may please resume his seat. I would humbly point out to all the hon. Members that the maintenance of the dignity and decorum of this August House is in their hands. (Noise and Interruption.) If the hon. Members do not abide by the Rules of Procedure laid down for the conduct of the House, it would be difficult to proceed with the business of the House). (Noise) (Interruption).

**ਸ੍ਰੀ ਤੁਲਸੀ ਰਾਮ** : On a point of order, Sir. ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਹਾਊਸ ਵਿਚ ਕੋਈ ਮਨਿਸਟਰ ਨਹੀਂ ਹੈ । ਇਸ ਲਈ ਹਾਊਸ ਨਹੀਂ ਚਲ ਸਕਦਾ । (ਸ਼ੋਰ) (ਵਿਘਨ)

(ਇਸ ਸਮੇਂ ਸਰਦਾਰ ਆਤਮਾ ਸਿੰਘ, ਰੈਵੇਨਿਊ ਮਨਿਸਟਰ ਸਦਨ ਵਿਚ ਆ ਗਏ)

**श्री उपाध्यक्ष** : सब से पहले मैं टरैयरी बैंच वालों से कहूँगा कि चाहे कुछ भी हो एक मिनिस्टर ज़रूर हाउस में हाज़र रहा करे । अगर वही हाज़र नहीं होते तो हाउस की कार्यवाही कैसे चल सकती है ?

मैं सब आनरबेल मैंबर साहिबान के पास गुज़ारिश करूंगा कि जो कुछ भी कहना है कहो, आपको खुली इजाज़त है । लेकिन स्पीकर साहिब ने हाउस की कार्यवाही पर कंटरोल करना है, अगर आप उनको नहीं सुनना चाहते तो हाउस को कौन कंट्रोल करेगा ? मैं गुज़ारिश करता हूँ कि हाउस सुप्रीम है, जो कुछ हाउस चाहे, वही होगा । (तालियां) लेकिन डिसिपलिन भी कोई चीज़ है । वह आप लोग खुद रख सकते हैं। ऑर्डर करने की कोई बात ही नहीं होती । हमने ठीक तरीके से कार्यवाही चलानी है ।

Original with;
Punjab Vidhan Sabha
Digitized by;
Panjab Digital Library

(First of all, I will request the Treasury Benches that one of the Ministers must be present in the House at any cost. How can the proceedings of the House be carried on in their absence ?

I would like to point out to the hon. Members that they are at liberty to say whatever they like, but since the Speaker is to conduct the proceedings in the House, Members should listen to him, otherwise, it will be impossible for him to control the House. I say that the House is supreme, so everything will be done according to the wishes of the House. (Applause) But the discipline must be maintained at all costs by the hon. Members themselves. There is no question of issuing any orders, but the House has to be conducted smoothly.)

**ਸਰਦਾਰ ਬਲਵੰਤ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ ।

**Mr. Deputy Speaker** : I would request the hon. Member to please resume his seat. (ਸ਼ੋਰ) (ਵਿਘਨ)

**ਸਰਦਾਰ ਕਿਰਪਾਲ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਕੋਈ ਵੋਟ ਆਫ ਅਕਾਊਂਟ ਜੋ ਟੋਟਲ ਐਸਟੀਮੇਟ ਦੇ ਬਗੈਰ ਲਿਆਂਦਾ ਜਾਵੇ, ਤਾਂ ਕੀ ਉਹ ਲੀਗਲ ਹੁੰਦਾ ਹੈ ਜਾਂ ਇਲੀਗਲ ? ਮੈਂ ਬਹੁਤ ਦੇਰ ਤੋਂ ਇਹੀ ਮੰਗ ਕਰ ਰਿਹਾ ਹਾਂ । ਮੈਂ ਪ੍ਰੋਸੀਜਰ ਦੀ ਗੱਲ ਨਹੀਂ ਕਰਦਾ ।

**श्री उपाध्यक्ष** : जब स्पीकर साहिब ने इस बात पर रूलिंग दी तो अब उस बात पर दोबारा रूलिंग देने की बात पैदा ही नहीं होती । (शोर) (When the hon. Speaker has already given his ruling on this point, the question of giving another ruling on the same point does not arise). (Noise)

**चौधरी बलबीर सिंह** :—On a point of order, Sir. उपाध्यक्ष महोदय, मेरा प्वायंट आफ आर्डर यह है—मैंने पहले भी इसके बारे में कहा था कि अध्यक्ष महोदय ने जो रूलिंग दी वह ठीक होगी मगर मैंने तो यह सवाल उठाया था कि वह मोशन जिस पर बहस होनी है पढ़ कर सुना दें और कार्यवाही शुरू कर दें । हम आपकी रूलिंग का एहतराम करेंगे ।

**ਸਰਦਾਰ ਕਿਰਪਾਲ ਸਿੰਘ** : ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਹਾਊਸ ਦੀ ਕਾਰਵਾਈ ਬਾਰੇ ਆਪਣੀ ਰੂਲਿੰਗ ਦੇ ਦਿਤੀ ਹੈ, ਪਰ ਮੈਂ ਪੁਛਿਆ ਸੀ ਪ੍ਰੋਸੀਜਰ ਬਾਰੇ ਕਿ ਟੋਟਲ ਸਮ ਤੋਂ ਬਿਨਾ ਇਹ ਲੀਗਲ ਹੈ ਇਲੀਗਲ ?

Original with;
Punjab Vidhan Sabha
Digitized by;
Panjab Digital Library

**श्री उपाध्यक्ष :** मैं श्री कृपाल सिंह से गुज़ारिश करना चाहता हूँ कि यह स्वाल उन्होंने स्पीकर साहिब के सामने उठाया था और उन्होंने इसका जवाब दे दिया था । (शोर) (I would like to point out to Shri Kirpal Singh that he had raised this point before the hon. Speaker and he gave his ruling at that time.) (Noise)

**ਸਰਦਾਰ ਉਮਰਾਓ ਸਿੰਘ :** ਡਿਪਟੀ ਸਪੀਕਰ ਸਾਹਿਬ, ਕਾਰਵਾਈ ਕਢਾ ਕੇ ਦੇਖ ਲਉ, ਜਵਾਬ ਨਹੀਂ ਆਇਆ । (ਸ਼ੋਰ) (ਵਿਘਨ) (ਬੈਂਚ ਵਜਾਏ ਗਏ)

**ਮੇਜਰ ਹਰਿੰਦਰ ਸਿੰਘ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਆਪ ਨੇ ਫਰਮਾਇਆ ਕਿ ਹਾਊਸ ਸੁਪਰੀਮ ਹੈ ਇਹ ਬਿਲਕੁਲ ਦਰੁਸਤ ਹੈ । ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ । ਜੋ ਰੂਲਿੰਗ ਸਪੀਕਰ ਸਾਹਿਬ ਦੇਣ ਉਹ ਸਾਡੇ ਸਿਰ ਮੱਥੇ ਤੇ, ਉਸ ਤੇ ਅਮਲ ਕਰਨਾ ਇਹ ਸਾਡਾ ਫਰਜ਼ ਬਣਦਾ ਹੈ । ਪਰ ਮੈਂ ਆਪ ਨੂੰ ਇਹ ਅਰਜ਼ ਕਰ ਦਿਆਂ ਕਿ ਸਪੀਕਰ ਵਾਸਤੇ ਭੀ ਕੁਝ ਕਾਇਦੇ ਕਾਨੂੰਨ ਬਣੇ ਹੋਏ ਹਨ । ਮੈਂ ਆਪ ਦੇ ਕੋਲੋਂ ਪੁਛਦਾ ਹਾਂ ਕਿ ਇਹ ਜਿਹੜੀ ਰੂਲਜ਼ ਦੀ ਕਿਤਾਬ ਹੈ, ਸਾਡਾ ਫਰਜ਼ ਬਣਦਾ ਹੈ ਕਿ ਇਨ੍ਹਾਂ ਰੂਲਾਂ ਦੀ ਕੰਪਲਾਇੰਸ ਕਰੀਏ । ਇਨ੍ਹਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਰੂਲਜ਼ ਦੀ ਕੰਪਲਾਇੰਸ ਕਰਨ, ਕਿਉਂਕਿ ਇਨ੍ਹਾਂ ਰੂਲਾਂ ਨੂੰ ਫ਼ਰੇਮ ਕਰਨ ਵਿਚ ਇਹ ਵੀ ਬੜੀ ਸਿਗਨੀਫਿਕੈਂਟ ਪਾਰਟੀ ਨੇ ਰੂਲ 221 ਦੀ ਕੀ ਇੰਟਰਪਰਿਟੇਸ਼ਨ ਹੈ ? ਇਸਦੀ ਉਲੰਘਣਾਂ ਹੋਈ ਹੈ ਜਾਂ ਨਹੀਂ ? ਮੈਂ ਸਮਝਦਾ ਹਾਂ ਕਿ ਕਿਸੇ ਵੇਲੇ ਕਿਸੇ ਤੋਂ ਗਲਤੀਆਂ ਹੋ ਸਕਦੀਆਂ ਹਨ, ਗਲਤ ਸਬਮਿਸ਼ਨ ਹੋ ਜਾਂਦੀਆਂ ਹਨ। ਇਸ ਦੇ ਵਿਚ ਕੋਈ ਫ਼ਾਲਸ ਪਰੈਸਟੀਜ ਇਨਵਾਲਵ ਨਾ ਕੀਤਾ ਜਾਵੇ । ਜਿਹੜੀ ਗੱਲ ਅਕਾਰਡਿੰਗ ਟੂ ਰੂਲਜ਼ ਹੋਵੇ ਅਤੇ ਰੂਲਜ਼ ਦੇ ਮੁਤਾਬਕ ਹੋਵੇ ਅਸੀਂ ਸਭ ਤੋਂ ਪਹਿਲਾਂ ਕੰਪਲਾਈ ਕਰਾਂਗੇ । ਮੈਂ ਸਮਝਦਾ ਹਾਂ ਕਿ ਜਿੰਨਾ ਸਾਡਾ ਫਰਜ਼ ਹੈ ਉਤਨਾ ਚੇਅਰ ਦਾ ਵੀ ਫ਼ਰਜ਼ ਹੈ ।

**चौधरी बलबीर सिंह :** आन ए प्वायंट आर्डर, सर । उपाध्यक्ष महोदय, मैं ने जो स्वाल उठाया था उस का जवाब नहीं आया । जनाब यह सारा हाउस आप का एहतराम करता है । इस कुर्सी का एहतराम करता हैं लेकिन अगर कोई गलत बात हो गई है तो उस को वकार का स्वाल नही बनाया जाना चाहिये । अब अगर यह नई मोशन दें तो उस पर आपोज़ीशन वाले अगर कोई एतराज़ करें तो वह जायज़ होगा, मगर उन्होंने इस बात को छोड़ दिया है यानी अगर यह नई मोशन लाएं तो कार्यवाही शुरू हो जायगी । इस लिए मेरी यह हम्बल सबमिशन है कि वकार के स्वाल को छोड़कर यह नई मोशन ले आएं । वैसे तो उस पर कोई भी आबजैकजन तो हो सकती है मगर मैं ने कांग्रेस पारटी और दूसरी पार्टियों के लीडर्ज़ से दरखास्त की है कि वह और कोई एतराज़ न करें । उन सब ने कहा है कि यह नई मोशन ले आएं तो उस के बाद

Original with;
Punjab Vidhan Sabha
Digitized by;
Panjab Digital Library

कार्यवाही शुरू हो जायगी। इस वक्त मोशन कोई है नहीं, पढ़कर सुनाई नहीं गई। यह वकार का सवाल न बनाएं। आप ही हुकम दे दें, आप के हुकम का उल्लंघन नहीं होगा। यहां नई मोशन आ जाए और उस पर बहस शुरू हो जाए। (विघ्न)

(इस समय सरदार सुरजीत सिंह बोलने के लिए खड़े हुए, परन्तु विरोधी पक्ष ने फिर शोर मचाना शुरू कर दिया जिस के कारण कुछ नहीं सुनाई पड़ता था।)

**ਸਰਦਾਰ ਸਰੂਪ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਨੇ ਜੋ ਰੂਲਿੰਗ ਦਿਤੀ ਹੈ...(ਵਿਘਨ) ਅਸੀਂ ਚਾਹੁੰਦੇ ਹਾਂ ਕਿ ਇਸ ਹਾਊਸ ਦੀ ਪਵਿਤਰਤਾ ਕਾਇਮ ਰਹੇ, ਅਸੀਂ ਗਲਤ ਪ੍ਰੋਸੀਜਰ ਐਡਾਪ ਕਰਕੇ ਇਸ ਦੀ ਪਵਿਤੱਤਰਤਾ ਨੂੰ ਭੰਗ ਨਹੀ. ਕਰਨਾ। ਇਸ ਲਈ ਸਾਨੂੰ ਠੀਕ ਰੂਲਿੰਗ ਚਾਹੀਦੀ ਹੈ।

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਹੋਰੀਂ ਬੋਲਣ ਲਈ ਖੜ੍ਹੇ ਹੋਏ ਤਾਂ ਆਪੋਜ਼ੀਸ਼ਨ ਬੈਂਚਾਂ ਤੋਂ ਫਿਰ ਬਹੁਤ ਸ਼ੋਰ ਪੈਣਾ ਸ਼ੁਰੂ ਹੋ ਗਿਆ।

**ਸਰਦਾਰ ਉਮਰਾਓ ਸਿੰਘ :** ਟਰੈਯਰੀ ਬੈਚਾਂ ਵਾਲੇ ਕਹਿੰਦੇ ਹਨ ਕਿ ਸਲਾਹ ਹੋ ਰਹੀ ਹੈ। ਅਗਰ ਇਹ ਠੀਕ ਹੈ ਤਾਂ 15—20 ਮਿੰਟਾਂ ਲਈ ਹਾਊਸ ਨੂੰ ਐਡਜਰਨ ਕਰ ਦਿਉ। (ਵਿਘਨ) (ਸਰਦਾਰ ਸੁਰਜੀਤ ਸਿੰਘ ਹੋਰਾਂ ਨੇ ਫਿਰ ਬੋਲਣਾ ਸ਼ੁਰੂ ਕੀਤਾ ਤਾਂ ਆਪੋਜ਼ੀਸ਼ਨ ਬੈਂਚਾਂ ਤੋਂ ਫਿਰ ਰੌਲਾ ਗੌਲਾ ਸ਼ੁਰੂ ਹੋ ਗਿਆ, ਜਿਸ ਵਿਚ ਕੁਝ ਸੁਣਾਈ ਨਹੀਂ ਸੀ ਦਿੰਦਾ।)

**ਸਰਦਾਰ ਗੁਰਬੰਤਾ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਬੜੀ ਆਜਜ਼ੀ ਅਤੇ ਅਧੀਨਗੀ ਨਾਲ ਬੇਨਤੀ ਕਰਨਾ ਚਾਹੁੰਦਾ ਹਾਂ। ਇਹ ਜੋ ਹਾਊਸ ਦਾ ਮਾਹੌਲ ਹੈ ਇਹ ਬੜਾ ਗਲਤ ਹੈ। ਹਾਊਸ 15 ਮਿੰਟ ਲਈ ਪਹਿਲਾਂ ਐਡਜਰਨ ਰਿਹਾ ਹੈ, ਅਗਰ ਇਹ 15 ਮਿੰਟਾ ਵਿਚ ਨਵੀਂ ਮੋਸ਼ਨ ਲੈ ਆਉਣ ਤਾਂ ਉਨ੍ਹੀ ਦੇਰ ਹਾਊਸ ਦੀ ਕਾਰਵਾਈ ਬੰਦ ਕਰ ਦਿਤੀ ਜਾਵੇ। ਅਸੀਂ ਨਵੀਂ ਮੋਸ਼ਨ ਤੇ ਚੰਗੀ ਤਰ੍ਹਾਂ ਵਿਚਾਰ ਕਰਕੇ ਪਾਸ ਕਰਾਂਗੇ, ਸਾਡੇ ਦਿਲ ਵਿਚ ਹੋਰ ਕੁਝ ਨਹੀਂ ਹੈ। (ਵਿਘਨ)

**ਸਰਦਾਰ ਉਮਰਾਓ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਪੁਆਇੰਟ ਆਫ ਆਰਡਰ ਰੇਜ਼ ਕੀਤਾ ਹੈ, ਸਰਦਾਰ ਕਿਰਪਾਲ ਸਿੰਘ ਹੋਰਾਂ ਅਤੇ ਚੌਧਰੀ ਬਲਬੀਰ ਸਿੰਘ ਹੋਰਾਂ ਨੇ ਵੀ ਉਹ ਪੁਆਇੰਟ ਉਠਾਇਆ ਹੈ। ਅਗਰ ਆਪ ਉਸ ਤੇ ਰੂਲਿੰਗ ਦਿੰਦੇ ਹੋ ਤਾਂ ਅਗੇ ਕਾਰਵਾਈ ਹੋਵੇ ਨਹੀਂ ਤਾਂ ਗੁਜ਼ਾਰਿਸ਼ ਹੈ ਕਿ ਸਪੀਕਰ ਸਾਹਿਬ ਦੇ ਜਾਣ ਤੋਂ ਮਗਰੋਂ ਜੋ ਦੋਬਾਰਾ ਪੁਆਇੰਟ ਰੇਜ਼ ਕੀਤਾ ਗਿਆ ਹੈ ਕਿ ਇਹ ਉਹ ਮੋਸ਼ਨ ਪੜ੍ਹ ਕੇ ਸੁਣਾ ਦੇਣ, ਜਿਸ ਦੇ ਮੁਤਾਬਿਕ ਮਨਿਸਟਰ ਸਾਹਿਬ ਜਾਂ ਟਰੈਯਰੀ ਬੈਂਚਾਂ ਵਾਲੇ ਕਾਰਵਾਈ ਚਲਾਉਣਾ ਚਾਹੁੰਦੇ ਹਨ ਅਤੇ ਜੋ ਉਹ ਰੂਲ 221 ਮੁਤਾਬਿਕ ਹੋਵੇ, ਉਹ ਇਹ ਪੜ੍ਹ ਦੇਣ ਜਾਂ ਆਪ ਹੀ ਪੜ੍ਹ ਦਿਉ, ਉਸ ਤੋਂ ਮਗਰੋਂ ਆਪ ਦੀ ਰੂਲਿੰਗ ਆ ਜਾਵੇ ਤਾਂ ਕਾਰਵਾਈ ਚਲੇ।

**ਮਾਲ ਮੰਤਰੀ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਕਾਂਗਰਸ ਪਾਰਟੀ ਵਲੋਂ ਇਤਰਾਜ਼ ਕੀਤਾ ਜਾ ਰਿਹਾ ਹੈ ਕਿ ਜੋ ਵੋਟ ਆਨ ਐਕਾਊਂਟ ਹੈ ਉਸ ਦੀ

Original with;
Punjab Vidhan Sabha
Digitized by;
Panjab Digital Library

(ਮਾਲ ਮੰਤਰੀ)

ਐਮਾਊਂਟ ਮੋਸ਼ਨ ਵਿਚ ਮੂਵ ਨਹੀ ਕੀਤੀ ਗਈ। ਮੇਰੀ ਸਬਮਿਸ਼ਨ ਹੈ ਕਿ ਜੋ ਲਿਸਟ ਆਫ ਬਿਜ਼ਨੈਸ ਹੈ ਉਸ ਵਿਚ ਡੀਮਾਂਡਵਾਈਜ਼ ਸਾਰੀ ਅਮਾਊਂਟ ਦਿਤੀ ਗਈ ਹੈ। ਇਸ ਲਿਸਟ ਦਾ ਜੋ ਚੌਥਾ ਆਈਟਮ ਹੈ ਐਪਰੋਪਰੀਏਸ਼ਨ ਬਿਲ, ਉਸ ਵਿਚ ਟੋਟਲ ਅਮਾਊਂਟ ਦਿਤੀ ਹੋਈ ਹੈ, ਇਸ ਲਈ ਮੋਸ਼ਨ ਇਨ ਆਰਡਰ ਹੈ। (ਸ਼ੋਰ)

**ਸਰਦਾਰ ਉਮਰਾਓ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੀ ਗੁਜ਼ਾਰਿਸ਼ ਹੈ ਕਿ ਸਰਦਾਰ ਆਤਮਾ ਸਿੰਘ ਹੋਰਾਂ ਨੇ ਰੂਲ 221 ਨਹੀਂ ਪੜ੍ਹਿਆ। ਇਹ ਇਨ੍ਹਾਂ ਦੇ ਪਾਸ ਨਹੀਂ ਹੈ ਤਾਂ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ। ਉਸ ਵਿਚ ਇਹ ਕਲੀਅਰਲੀ ਲਿਖਿਆ ਹੋਇਆ ਹੈ ਕਿ ਜੋ ਮੋਸ਼ਨ ਹੋਵੇ ਉਸ ਵਿਚ ਟੋਟਲ ਸਮ ਹੋਣੀ ਚਾਹੀਦੀ ਹੈ। ਅਗਰ ਇਨ੍ਹਾਂ ਨੂੰ ਟੋਟਲ ਸਮ ਦੇ ਮਾਇਨੇ ਨਹੀਂ ਆਉਂਦੇ ਤਾਂ ਉਹ ਵੀ ਸਮਝਾ ਦਿੰਦਾ ਹਾਂ। ਇਸ ਦਾ ਮਤਲਬ ਹੈ ਕਿ ਸਾਰੀਆਂ ਦੀਆਂ ਸਾਰੀਆਂ ਡਿਮਾਂਡਜ਼ ਦੀ ਅਮਾਊਂਟ ਨੂੰ ਜਮਾ ਕਰਕੇ ਜੋ ਟੋਟਲ ਬਣੇ ਉਹ ਮੋਸ਼ਨ ਵਿਚ ਆਉਣਾ ਚਾਹੀਦਾ ਹੈ। ਇਹ ਦਸਣ ਕਿ ਇਸ ਤਰ੍ਹਾਂ ਦੀ ਮੋਸ਼ਨ ਕਿਹੜੀ ਹੈ, ਕਦ ਪੇਸ਼ ਹੋਈ। (ਵਿਘਨ) ਇਸ ਤਰ੍ਹਾਂ ਦੀ ਕੋਈ ਮੋਸ਼ਨ ਇਨ੍ਹਾਂ ਨੇ ਨਹੀਂ ਦਿਤੀ। ਇਸ ਲਈ ਕੋਈ ਕਾਰਵਾਈ ਨਹੀਂ ਹੋ ਸਕਦੀ ਜਦ ਕਿ ਹਾਊਸ ਅਗੇ ਕੋਈ ਮੋਸ਼ਨ ਨਹੀਂ ਹੈ। ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਆਪਣੇ ਹਾਊਸ ਦੀ ਡਿਗਨਿਟੀ ਨੂੰ ਪ੍ਰੀਜ਼ਰਵ ਕਰਨਾ ਹੈ, ਰੂਲਜ਼ ਆਫ ਪ੍ਰੋਸੀਜਰ ਮੁਤਾਬਿਕ ਇਸ ਨੂੰ ਆਪ ਨੇ ਚਲਾਉਣਾ ਹੈ, ਇਸ ਦੇ ਕਸਟੋਡੀਅਨ ਆਪ ਹੋ। ਅਗਰ ਕੋਈ ਰੂਲਜ਼ ਨੂੰ ਤੋੜਨਾ ਚਾਹੇ ਤਾਂ ਆਪ ਉਸ ਦੀ ਇਜਾਜ਼ਤ ਨਾਂ ਦਿਉ ਤਾਂ ਕਿ ਜੋ ਕਾਰਵਾਈ ਇਥੇ ਹੋਵੇ ਉਹ ਰੂਲਜ਼ ਦੇ ਮੁਤਾਬਿਕ ਹੋਵੇ। (ਵਿਘਨ) ਅਗਰ ਇਨ੍ਹਾਂ ਨੂੰ ਕਿਸੇ ਗਲ ਦੀ ਸਮਝ ਨਹੀਂ ਆਉਂਦੀ ਤਾਂ ਇਹ ਐਡਵੋਕੇਟ ਜੇਨਰਲ ਨੂੰ ਇਥੇ ਬੁਲਾ ਲੈਣ। (ਤਾੜੀਆਂ) ਉਸ ਦੀ ਰਾਏ ਲੈ ਲੈਣ। ਮਨਿਸਟਰ ਸਾਹਿਬ ਮੋਸ਼ਨ ਪੜ੍ਹਕੇ ਨਹੀਂ ਸੁਣਾ ਸਕੇ। 15 ਮਿੰਟ ਲਈ ਹਾਊਸ ਐਡਜਰਨ ਹੋ ਜਾਵੇ, ਉਸ ਮਗਰੋਂ ਆਪ ਦੀ ਰੂਲਿੰਗ ਆ ਜਾਵੇ ਤਾਂ ਕਾਰਵਾਈ ਚਲੇ ਤਾਂ ਮੈਨੂੰ ਇਤਰਾਜ ਨਹੀਂ ਹੋਵੇਗਾ। (ਵਿਘਨ)

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਹੋਰਾਂ ਨੇ ਫਿਰ ਸਪੀਚ ਕਰਨੀ ਸ਼ੁਰੂ ਕਰ ਦਿਤੀ ਅਤੇ ਫਿਰ ਆਪੋਜ਼ੀਸ਼ਨ ਬੈਂਚਾਂ ਤੋਂ ਰੌਲਾ ਸ਼ੁਰੂ ਹੋ ਗਿਆ ਜਿਸ ਵਿਚ ਕੁਝ ਸੁਣਾਈ ਨਹੀਂ ਸੀ ਦਿੰਦਾ।)

**ਸ਼੍ਰੀ ਡਿਪਟੀ ਸਪੀਕਰ :** ਤੁਸੀ ਗੱਲ ਕਰ ਰਹੇ ਹੋ ਪਰ ਕੱਖ ਨਹੀਂ ਸੁਣਿਆ ਜਾ ਰਿਹਾ। (The hon. Member is saying something but nothing is audible)

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਬੋਲਣ ਲਈ ਖੜ੍ਹੇ ਹੋਏ) (ਵਿਘਨ) (ਸ਼ੋਰ)

**ਸਰਦਾਰ ਜਸਦੇਵ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ)

**Mr. Deputy Speaker :** Please take your seat. No interruption please.

**ਸਰਦਾਰ ਸੰਤੋਖ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ। ਵਿਘਨ) (ਸ਼ੋਰ)

**ਸਰਦਾਰ ਉਮਰਾਓ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਰੂਲ 221 ਫਿਰ ਪੜ੍ਹ ਦਿੰਦਾ ਹਾਂ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ :** ਜਿਸ ਰੂਲ ਨੂੰ ਤੁਸੀਂ ਐਨੀ ਵਾਰੀ ਪੜ੍ਹ ਚੁਕੇ ਹੋ ਉਸ ਨੂੰ ਫਿਰ ਰਿਪੀਟ ਕਰਨ ਦੀ ਲੋੜ ਨਹੀਂ । (ਵਿਘਨ) (ਬਹੁਤ ਸ਼ੋਰ)

(The Rule which has been referred to by the hon. Member a number of times need not be repeated.) (Interruption) (More noise)

**ਸਰਦਾਰ ਸੰਤੋਖ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਇਥੇ ਸਰਦਾਰ ਉਮਰਾਉ ਸਿੰਘ ਨੇ ਪੁਆਇੰਟ ਰੇਜ਼ ਕੀਤਾ ਹੈ ਕਿ ਵੋਟ ਆਨ ਅਕਾਊਂਟ ਜੋ ਪੇਸ਼ ਕੀਤਾ ਜਾ ਰਿਹਾ ਹੈ ਇਸ ਦਾ ਸਮਟੋਟਲ ਨਹੀਂ ਦਿਤਾ ਗਿਆ । ਇਹ ਜਾਇਜ਼ ਗੱਲ ਹੈ ਪਰ ਇਹ ਗੱਲ ਮੰਨੀ ਨਹੀਂ ਜਾ ਰਹੀ ਅਤੇ ਚੇਅਰ ਵਲੋਂ ਇਹ ਰੀਮਾਰਕ ਦਿਤਾ ਗਿਆ ਹੈ ਕਿ ਆਪੋਜ਼ੀਸ਼ਨ ਵਾਲੇ ਹਾਊਸ ਦੀ ਕਾਰਵਾਈ ਨੂੰ ਚਲਾਉਣ ਨਹੀਂ ਦਿੰਦੇ ਅਤੇ ਰੁਕਾਵਟ ਪਾਉਂਦੇ ਹਨ । ਇਸ ਲਈ, ਤੁਸੀਂ ਡਿਪਟੀ ਸਪੀਕਰ ਸਾਹਿਬ, ਆਪ ਦਸ ਦਿਉ ਕਿ ਜੇਕਰ ਇਹ ਰੂਲ ਦੇ ਮੁਤਾਬਕ ਵੋਟ ਆਨ ਅਕਾਊਂਟ ਪੇਸ਼ ਕਰ ਰਹੇ ਸਨ ਤਾਂ ਅਸੀਂ ਗ਼ਲਤ ਹਾਂ । ਨਹੀਂ ਤਾਂ ਜੇਕਰ ਇਹ ਰੂਲਜ਼ ਦੇ ਮੁਤਾਬਕ ਪੇਸ਼ ਨਹੀਂ ਕਰ ਰਹੇ ਤਾਂ ਇਹ ਕਹਾਂਗਾ ਕਿ ਇਹ ਆਪ ਹੀ ਰੁਕਾਵਟ ਪਾ ਰਹੇ ਹਨ ।

ਸਰਦਾਰ ਉਮਰਾਓ ਸਿੰਘ ਨੇ ਇਹ ਵੀ ਕਿਹਾ ਹੈ ਕਿ ਉਹ ਮੋਸ਼ਨ ਪੜ੍ਹ ਕੇ ਸੁਣਾ ਦਿਤੀ ਜਾਵੇ ਜਿਸਨੂੰ ਕਿ ਰੂਲਜ਼ ਦੇ ਮੁਤਾਬਿਕ ਚੇਅਰ ਸਹੀ ਸਮਝਦੀ ਹੈ ਅਤੇ ਜਿਹੜੀ ਕਿ ਸਰਕਾਰ ਵਲੋਂ ਕਿਹਾ ਜਾ ਰਿਹਾ ਹੈ ਕਿ ਪੇਸ਼ ਕੀਤੀ ਗਈ ਸੀ । ਇਸ ਵਿਚ ਕੀ ਹਰਜ ਹੈ । ਗੱਲ ਮੁੱਕ ਜਾਂਦੀ ਹੈ । ਤੁਹਾਡੇ ਮੁਖਾਰਬਿੰਦ ਤੋਂ ਇਹ ਅਸੀਂ ਸੁਣਨਾ ਚਾਹੁੰਦੇ ਹਾਂ ਤੇ ਜੇਕਰ ਇਹ ਮੋਸ਼ਨ ਰੂਲਜ਼ ਦੇ ਮੁਤਾਬਿਕ ਨਹੀਂ ਆਈ ਤਾ ਮੈਂ ਕਹਾਂਗਾ ਕਿ ਹਾਊਸ ਦੀ ਕਾਰਵਾਈ ਟ੍ਰੇਯਰੀ ਬੈਂਚਾਂ ਵਲੋਂ ਨਹੀਂ ਚਲਣ ਦਿਤੀ ਜਾ ਰਹੀ । ਪਰ ਇਲਜ਼ਾਮ ਇਸ ਗੱਲ ਦਾ ਸਾਡੇ ਤੇ ਲਗਾਇਆ ਜਾ ਰਿਹਾ ਹੈ । ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਹਾਊਸ ਦੀ ਕਾਰਵਾਈ ਨਹੀਂ ਚਲਣ ਦਿੰਦੇ ।

(ਵਿਘਨ) (ਸ਼ੋਰ)

**ਸਰਦਾਰ ਕਪੂਰ ਸਿੰਘ :** ਉਪ-ਅਧਿਅਕਸ਼ ਸਾਹਿਬ, ਜਿਹੜਾ ਵਿਧਾਨਕ ਪ੍ਰਸ਼ਨ ਮਾਨਯੋਗ ਸਰਦਾਰ ਉਮਰਾਉ ਸਿੰਘ ਨੇ ਉਠਾਇਆ ਹੈ, ਉਹ ਅਤੀ ਗੰਭੀਰ ਅਤੇ ਅਹਿਮ ਹੈ ਅਤੇ ਬਗੈਰ ਡੂੰਘੀ ਸੋਚ ਵਿਚਾਰ ਦੇ ਇਸ ਨੂੰ ਐਵੇਂ ਲਾਂਭੇ ਨਹੀਂ ਪਾਉਣਾ ਚਾਹੀਦਾ ਅਤੇ ਨਾ ਹੀ ਕਾਹਲੀ ਵਿੱਚ ਉਸ ਦਾ ਫੈਸਲਾ ਕਰਨਾ ਚਾਹੀਦਾ ਹੈ । ਨਿਯਮ 221 ਦੇ ਸ਼ਬਦ ਸਪਸ਼ਟ ਜਾਪਦੇ ਹਨ ਇਸ ਸਮੱਸਿਆ ਨੂੰ ਰੌਲਾ ਰੱਪਾ ਪਾ ਕੇ ਨਿਰਾ ਵੋਟਾਂ ਲੈ ਕੇ ਨਹੀਂ ਨਜਿਠਿਆ ਜਾ ਸਕਦਾ । ਇਉਂ ਇਹ ਝਗੜਾ ਸਦਨ ਤੋਂ ਬਾਹਰ ਭੀ ਜਾ ਸਕਦਾ ਹੈ । ਇਸ ਲਈ ਇਹ ਤਜਵੀਜ਼ ਕਿ ਇਥੇ ਐਡਵੋਕੇਟ ਜਨਰਲ ਸਦਨ ਵਿੱਚ ਆ ਜਾਣ ਅਤੇ ਆਪਣੇ ਵਿਚਾਰ ਅਸਾਨੂੰ ਦਸਣ, ਮੰਨ ਲੈਣੀ ਚਾਹੀਦੀ ਹੈ, ਤਾਂ ਜੁ ਐਡਵੋਕੇਟ ਜਨਰਲ ਦੇ ਵਿਚਾਰਾਂ ਦੀ ਰੋਸ਼ਨੀ ਵਿਚ ਅਸੀਂ ਸਾਰੇ ਆਪਣਾ ਮਤ ਦੇ ਸਕੀਏ । (ਪ੍ਰਸ਼ੰਸਾ)

(At this stage, the hon. Speaker occupied the Chair.)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਾਬੂ ਸਿੰਘ ਮਾਸਟਰ :** ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਸ ਹਾਊਸ ਵਿਚ ਬਹੁਤ ਸਾਰੇ ਨਾਜਾਇਜ਼ ਸੀਨ ਹੋਏ ਹਨ । ਮੈਂ ਆਪ ਪਾਸ ਬੇਨਤੀ ਕਰਾਂਗਾ ਕਿ ਸਰਦਾਰ ਉਮਰਾਉ ਸਿੰਘ ਦਾ ਪੁਆਇੰਟ ਠੀਕ ਹੈ । ਉਸਨੂੰ ਮੰਨ ਲੈਣਾ ਚਾਹੀਦਾ ਹੈ । (ਵਿਰੋਧੀ ਪੱਖ ਵਲੋਂ ਪ੍ਰਸ਼ੰਸਾ) ਅਤੇ ਇਸ ਨੂੰ ਅਮੈਂਡ ਕਰਕੇ ਮੋਸ਼ਨ ਨਵੀਂ ਲੈ ਆਉਣੀ ਚਾਹੀਦੀ ਹੈ ਤਾਂ ਕਿ ਕਾਰਵਾਈ ਅਗੇ ਚਲ ਸਕੇ ਅਤੇ ਇਸ ਗੱਲ ਦਾ ਫੈਸਲਾ ਹੋ ਜਾਵੇ ।

**ਸ਼੍ਰੀ ਸਪੀਕਰ :** ਲੀਡਰ ਆਫ ਦੀ ਹਾਊਸ, ਲੀਡਰ ਆਫ ਦੀ ਆਪੋਜ਼ੀਸ਼ਨ, ਸ਼੍ਰੀ ਸੱਤ ਪਾਲ ਜੀ ਡਾਂਗ ਨੇ ਹਾਊਸ ਵਿਚ ਜੋ ਕੰਟ੍ਰੋਵਰਸੀ ਚਲ ਰਹੀ ਹੈ, ਉਸ ਦੇ ਬਾਰੇ ਆਪਸ ਵਿਚ ਫੈਸਲਾ ਕੀਤਾ ਹੈ ਕਿ ਇਹ ਖਤਮ ਹੋਣੀ ਚਾਹੀਦੀ ਹੈ । ਇਹ ਮੰਨਿਆ ਗਿਆ ਹੈ ਕਿ ਚੇਅਰ ਵਲੋਂ ਦਿਤੀ ਗਈ ਰੂਲਿੰਗ ਦੇ ਬਾਵਜੂਦ ਫਿਨਾਂਸ ਮਨਿਸਟਰ ਸਾਹਿਬ ਵੋਟ ਆਨ ਅਕਾਊਂਟ ਸਬੰਧੀ ਨਵੀਂ ਮੋਸ਼ਨ ਲਿਆਉਣ ਤਾਂਕਿ ਕਾਰਵਾਈ ਠੀਕ ਢੰਗ ਨਾਲ ਚਲ ਸਕੇ । (ਪ੍ਰਸ਼ੰਸਾ) (The Leader of the House, the Leader of the Opposition and Shri Satya Pal Dang have agreed after discussing the matter that this controversy should end. It has been agreed upon that despite the ruling from the Chair in this respect, the Finance Minister will move a new (consolidated) motion of the Vote on Account so that the business in the House may proceed smoothly,) (Applause)

**Minister for Finance** (Shri Krishan Lal) : Sir, I beg to move that Vote-on-Account for four months (April to July, 1969) amounting to a total sum of Rs. 159,93,74,000 as detailed in the Schedule thereto, be taken into consideration at once and passed.

**ਸਰਦਾਰ ਉਮਰਾਓ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੇਰੀ ਗੁਜਾਰਸ਼ ਇਹ ਹੈ ਕਿ ਜਿਹੜੀ ਮੋਸ਼ਨ ਹੁਣ ਫਿਨਾਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤੀ ਹੈ ਇਸ ਲਈ ਗਵਰਨਰ ਸਾਹਿਬ ਦੀ ਅਸੈਂਟ ਲੈਣੀ ਚਾਹੀਦੀ ਹੈ ਜੇ ਕਰ ਲੈ ਲਈ ਹੈ ਤਾਂ ਠੀਕ ਹੈ ।

(ਵਿਘਨ)

**ਕੈਪਟਨ ਰਤਨ ਸਿੰਘ :** ਸਪੀਕਰ ਸਾਹਿਬ, ਇਸ ਹਾਊਸ ਦੀ ਕਾਰਵਾਈ ਨੂੰ ਸਹੀ ਢੰਗ ਨਾਲ ਚਲਾਉਣ ਦੀ ਖਾਤਰ ਹੀ ਇਹ ਫੈਸਲਾ ਕੀਤਾ ਹੈ ਤਾਕਿ ਤੁਹਾਡੀ ਪੋਜ਼ੀਸ਼ਨ ਵੀ ਠੀਕ ਰਹੇ ਅਤੇ ਹਾਊਸ ਵਿਚ ਰੂਲਜ਼ ਨੂੰ ਮੱਦੇਨਜ਼ਰ ਰਖਦੇ ਹੋਏ, ਇਸ ਗੱਲ ਤੇ ਫੈਸਲਾ ਕੀਤਾ ਸੀ ਕਿ ਫਿਨਾਂਸ ਮਨਿਸਟਰ ਮੋਸ਼ਨ ਲੈ ਆਉਣ ਤੇ ਫਿਰ ਕਾਰਵਾਈ ਚਲੇ । ਹੁਣ ਉਹ ਮੋਸ਼ਨ ਲੈ ਆਏ ਹਨ ਇਸ ਲਈ ਜਿਵੇਂ ਕਿ ਲੀਡਰ ਆਫ਼ ਦੀ ਅਪੋਜ਼ੀਸ਼ਨ ਨੇ ਤੁਹਾਨੂੰ ਐਸ਼ਿਉਰ ਕੀਤਾ ਹੈ ਕਿ ਕਾਰਵਾਈ ਚਲਾਉਣ ਵਿਚ ਪੂਰੀ ਕੁਆਪ੍ਰੇਸ਼ਨ ਦਿਆਂਗੇ, ਅਸੀਂ ਤਿਆਰ ਹਾਂ । ਮੈਂ ਆਪਣੇ ਸਾਥੀਆਂ ਪਾਸ ਵੀ ਬੇਨਤੀ ਕਰਾਂਗਾ ਕਿ ਕੋਈ ਪੁਆਂਇੰਟ ਆਫ ਆਰਡਰ ਰੇਜ਼ ਨਾ ਕੀਤਾ ਜਾਵੇ ਅਤੇ ਹਾਊਸ ਦੀ ਕਾਰਵਾਈ ਚਲਣ ਦਿਤੀ ਜਾਵੇ ।

Original with;
Punjab Vidhan Sabha
Digitized by;
Panjab Digital Library

**Mr. Speaker** : Motion moved.

The Vote-on Account for four months (April to July. 1969) amounting to a total sum of Rs. 159, 93, 74, 000 as detailed in the Schedule thereto be taken into consideration at once and passed.

**ਸਰਦਾਰ ਸੁਰਜੀਤ ਸਿੰਘ (ਬਰਨਾਲਾ)** : ਸਪੀਕਰ ਸਾਹਿਬ, ਡੀਮਾਂਡ ਨੰਬਰ 16 ਵਿਚ ਵਿਦਿਆ ਲਈ ਗਰਾਂਟ ਰਖੀ ਗਈ ਹੈ 9 ਕਰੋੜ 51 ਲੱਖ ਦੀ । ਇਸ ਦੇ ਬਾਰੇ ਮੈਂ ਅਰਜ਼ ਇਹ ਕਰਨੀ ਹੈ ਕਿ ਮੌਜੂਦਾ ਪੰਜਾਬ ਦੋ ਇਲਾਕਿਆਂ ਦਾ ਮਿਲ ਕੇ ਬਣਾਇਆ ਗਿਆ ਹੈ । ਇਕ ਰਿਆਸਤੀ ਇਲਾਕਾ ਅਤੇ ਦੂਜਾ ਉਹ ਜੋ ਅੰਗਰੇਜ਼ ਦੇ ਰਾਜ ਥੱਲੇ ਸੀ । ਬਦਕਿਸਮਤੀ ਨਾਲ ਰਿਆਸਤੀ ਇਲਾਕੇ ਵਿਚ ਵਿਕਾਸ ਵਿਦਿਆ ਦਾ ਘਟ ਸੀ ਅਤੇ ਐਸੇ ਹਾਲਾਤ ਸਨ ਕਿ ਸਾਰੀ ਸਾਰੀ ਰਿਆਸਤ ਵਿਚ ਕੋਈ ਹਾਈ ਸਕੂਲ ਨਹੀਂ ਸੀ । ਇਕ ਹਾਈ ਸਕੂਲ ਨਾਭੇ ਵਿਚ ਸੀ ਅਤੇ ਕੋਈ ਕਾਲਜ ਨਹੀਂ ਸੀ । ਫਿਰ ਕੁਝ ਵਿਦਿਆ ਦਾ ਵਿਕਾਸ ਹੋਇਆ ਤਾਂ ਇੰਨਾ ਕਿ ਡਿਸਟ੍ਰਿਕਟ ਹੈਡ ਕੁਆਰਟਰ ਤੇ ਇਕ ਇਕ ਹਾਈ ਸਕੂਲ ਬਣ ਗਿਆ । ਇਸ ਤੋਂ ਵਧ ਧਿਆਨ ਨਾ ਦਿਤਾ ਗਿਆ । ਫਿਰ ਰਿਆਸਤੀ ਇਲਾਕਾ ਪੰਜਾਬ ਵਿਚ ਮਰਜ ਕਰ ਦਿਤਾ ਗਿਆ ਤਾਂ ਵੀ ਵਿਦਿਆ ਵਲ ਘਟ ਧਿਆਨ ਦਿਤਾ ਗਿਆ । ਬਠਿੰਡਾ ਤੇ ਸੰਗਰੂਰ ਦੇ ਇਲਾਕੇ ਨੂੰ ਵਿਦਿਆ ਦੇ ਵਿਕਾਸ ਤੋਂ ਉਹਲੇ ਰਖਿਆ ਗਿਆ ਹੈ ਹਾਲਾਂਕਿ ਨਵੇਂ ਬਦਲੇ ਹਾਲਾਤ ਵਿਚ ਇਸ ਇਲਾਕੇ ਵਲ ਧਿਆਨ ਦਿਤਾ ਜਾਣਾ ਚਾਹੀਦਾ ਸੀ । ਹੁਣ ਸਕੂਲਾਂ ਨੂੰ ਅਪਗਰੇਡ ਕਰਨ ਦੀ ਯੋਜਨਾ ਬਣਾਈ ਗਈ ਹੈ ਅਤੇ ਕਿਹਾ ਗਿਆ ਹੈ ਕਿ 25 ਮਿਡਲ ਸਕੂਲਾਂ ਨੂੰ ਹਾਈ ਅਤੇ 80 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਬਣਾ ਦਿਤਾ ਜਾਵੇਗਾ । ਇਸ ਲਈ, ਮੈਂ ਵਿਦਿਆ ਮੰਤਰੀ ਪਾਸ ਬੇਨਤੀ ਕਰਾਂਗਾ ਕਿ ਜਦ ਸਕੂਲਾਂ ਨੂੰ ਅਪਗਰੇਡ ਕੀਤਾ ਜਾਵੇ ਤਾਂ ਅਜਿਹੇ ਇਲਾਕੇ ਨੂੰ ਜ਼ਿਆਦਾ ਹਿੱਸਾ ਮਿਲਣਾ ਚਾਹੀਦਾ ਹੈ ਜੋ ਪਛੜਿਆ ਰਹਿ ਗਿਆ ਹੈ । ਸੰਗਰੂਰ, ਬਠਿੰਡਾ ਤੇ ਫਿਰੋਜ਼ਪੁਰ ਦੇ ਕੁਝ ਇਲਾਕੇ ਵਿਚ ਜ਼ਿਆਦਾ ਸਕੂਲ ਅਪਗਰੇਡ ਕਰਨੇ ਚਾਹੀਦੇ ਹਨ ।

ਸਪਲੀਮੈਂਟਰੀ ਗ੍ਰਾਂਟਸ ਵਿਚ ਵੀ 15 ਲੱਖ ਰੁਪਏ ਦੀ ਰਕਮ ਖਰਚ ਕੀਤੀ ਜਾਣੀ ਹੈ, ਉਸ ਵਿਚ 45 ਮਿਡਲ ਸਕੂਲਾਂ ਨੂੰ ਹਾਈ ਸਕੂਲ ਅਤੇ 54 ਪ੍ਰਾਇਮਰੀ ਸਕੂਲਾਂ ਤੋਂ ਮਿਡਲ ਸਕੂਲ ਤਕ ਅਪਗਰੇਡ ਕਰਨਾ ਹੈ । ਇਸ ਗ੍ਰਾਂਟ ਵਿਚ ਵੀ ਵਧ ਪ੍ਰੋਵੀਜ਼ਨ ਕੀਤਾ ਜਾਵੇ ਤਾਂ ਕਿ ਇਸ ਇਲਾਕੇ ਵਿਚ ਵਧ ਸਕੂਲ ਅਪਗਰੇਡ ਕੀਤੇ ਜਾ ਸਕਣ ।

(ਇਸ ਸਮੇਂ ਡਿਪਟੀ ਸਪੀਕਰ ਸਾਹਿਬ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਇਸ ਤੋਂ ਬਾਅਦ, ਮੈਂ ਡੀਮਾਂਡ ਨੰ: 43 ਅਤੇ 44 ਵਲ ਆਉਂਦਾ ਹਾਂ । 43 ਨੰਬਰ ਡੀਮਾਂਡ ਵਿਚ ਹੈ 98—Capital outlay on Multipurpose River Schemes ਅਤੇ ਡੀਮਾਂਡ ਨੰਬਰ 44 ਹੈ 99—Capital outlay on Irrigation, Navigation, Embankment and Drainage Works (Commercial). ਸੇਮ ਦੀਆਂ ਡਰੇਨਾਂ ਲਈ ਇਕ ਕਰੋੜ, 86 ਲੱਖ ਰੁਪਏ ਦੀ ਰਕਮ ਰਖੀ ਗਈ ਹੈ ।

ਮੈਂ ਡਿਪਟੀ ਸਪੀਕਰ ਸਾਹਿਬ, ਅਰਜ਼ ਕਰਾਂਗਾ ਕਿ ਇਹ ਪੰਜਾਬ ਦੀ ਬੜੀ ਭਾਰੀ ਬਦ-

Original with;
Punjab Vidhan Sabha
Digitized by;
Panjab Digital Library

**(ਸਰਦਾਰ ਸੁਰਜੀਤ ਸਿੰਘ)**

ਕਿਸਮਤੀ ਹੈ ਕਿ ਹਰ ਸਾਲ ਪੰਜਾਬ ਦੀਆਂ ਫਸਲਾਂ ਨੂੰ ਸੇਮ ਤਬਾਹ ਕਰ ਜਾਂਦੀ ਹੈ। ਪਿਛਲੇ 10 ਸਾਲ ਤੋਂ ਜੇ ਅੰਦਾਜ਼ਾ ਲਾਇਆ ਜਾਵੇ, ਤਕਰੀਬਨ 15 ਕਰੋੜ ਰੁਪਏ ਦੀ ਫ਼ਸਲ ਸੇਮ ਦੇ ਨਾਲ ਤਬਾਹ ਹੋਈ ਹੈ। ਇਨ੍ਹਾਂ ਨੂੰ ਬਚਾਉਣ ਲਈ ਵਕਤ ਦੀਆਂ ਸਰਕਾਰਾਂ ਨੇ ਪੁਲ ਬਣਾਉਣ ਲਈ ਅਤੇ ਹੋਰ ਵੱਡੀਆਂ ਵੱਡੀਆਂ ਯੋਜਨਾਵਾਂ ਬਣਾਉਣ ਲਈ ਕਾਗਜ਼ੀ ਸਕੀਮਾਂ ਬਣਾਈਆਂ, ਪਰ ਉਹ ਸਭ ਕਾਗਜ਼ੀ ਕਾਰਵਾਈ ਬਣ ਕੇ ਰਹਿ ਗਈਆਂ ਅਤੇ ਉਹ ਐਕਸੀਕ੍ਰੀਊਟ ਨਹੀਂ ਹੋ ਸਕੀਆਂ। ਕਈ ਐਸੀਆਂ ਸਕੀਮਾਂ ਵੀ ਅਜੇ ਵਿਚਾਲੇ ਹੀ ਪਈਆਂ ਹਨ, ਜਿਨ੍ਹਾਂ ਰਾਹੀਂ ਨਕਸ਼ੇ ਮੁਤਾਬਿਕ ਨਾਲਿਆਂ ਦੀ ਖੁਦਾਈ ਹੋਈ, ਪਰ ਉਨ੍ਹਾਂ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਸੀ ਅਤੇ ਉਹ ਵੀ ਇਲਾਕੇ ਲਈ ਤਬਾਹੀ ਦਾ ਹੀ ਕਰਨ ਬਣੇ। ਮਹਿਲ ਕਲਾਂ ਦੇ ਬਲਾਕ ਵਿਚ ਕੋਈ 50 ਲੱਖ ਰੁਪਏ ਦੀ ਫਸਲ ਦੀ ਤਬਾਹੀ ਹਰ ਸਾਲ ਡਰੇਨਜ਼ ਨਾ ਹੋਣ ਦੇ ਕਾਰਨ ਹੋਈ ਹੈ. ਪਰ ਇਸ ਪਾਸੇ ਸਰਕਾਰ ਕੋਈ ਸਕੀਮ ਵੀ ਐਕਸੀਕਿਊਟ ਨਹੀਂ ਕਰ ਰਹੀ ਅਤੇ ਨਾ ਹੀ ਚੰਗੀ ਤਰ੍ਹਾਂ ਫੰਡਜ਼ ਦੀ ਪ੍ਰੋਵੀਜ਼ਨ ਕਰ ਰਹੀ ਹੈ। ਕੀ ਚੰਗਾ ਹੁੰਦਾ ਜੇ ਸਰਕਾਰ ਡਰੇਨੇਜ ਅਤੇ ਸੀਪੇਜ ਤੇ ਵਧ ਤੋਂ ਵਧ ਫੰਡਜ਼ ਪ੍ਰੋਵਾ-ਈਡ ਕਰਦੀ। ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੀਆਂ ਸਪਲੀਮੈਂਟਰੀ ਡੀਮਾਂਡਜ਼ ਜੋ ਅਸੀਂ ਪਾਸ ਕੀਤੀਆਂ ਹਨ, 1968—69 ਲਈ ਬਠਿੰਡਾ ਜ਼ਿਲ੍ਹਾ ਵਾਸਤੇ 18 ਲੱਖ ਰੁਪਿਆ ਰੱਖਿਆ ਗਿਆ ਹੈ। ਪਰ ਇਹ ਰਕਮ ਖਰਚ ਹੀ ਨਹੀਂ ਕੀਤੀ ਗਈ ਅਤੇ ਹੁਣ ਇਹ ਲੈਪਸ ਹੋ ਰਹੀ ਹੈ। ਇਸ ਬਾਰੇ ਮੈਂ ਇਹ ਅਰਜ਼ ਕਰਾਂਗਾ ਕਿ ਇਹ ਲੈਪਸ ਕਰਨ ਦੀ ਬਜਾਏ ਅਗਲੇ ਸਾਲ ਦੇ ਵਿਚ ਖਰਚ ਕਰਨ ਲਈ ਰੱਖ ਲਿਆ ਜਾਵੇ।

ਇਸ ਦੇ ਨਾਲ ਹੀ ਮੈਂ ਆਪਣੇ ਇਲਾਕੇ ਸਬੰਧੀ ਇਹੋ ਅਰਜ਼ ਕਰਾਂਗਾ ਕਿ ਇਸ ਇਲਾਕੇ ਵਿਚ ਡਰੇਨਜ਼ ਦੀ ਜਿਹੜੀ ਖੁਦਾਈ ਕੀਤੀ ਜਾਂਦੀ ਹੈ ਉਹ ਮੈਨੂਅਲ ਲੇਬਰ ਰਾਹੀਂ ਹੀ ਕਰਾਈ ਜਾਂਦੀ ਹੈ, ਜਿਹੜੀ ਬੜਾ ਵਕਤ ਮੰਗਦੀ ਹੈ। ਇਸ ਲਈ ਜ਼ਰੂਰਤ ਇਸ ਗੱਲ ਦੀ ਹੈ ਕਿ ਇਨ੍ਹਾਂ ਡਰੇਨਜ਼ ਦੀ ਖੁਦਾਈ ਕਰੇਨਾਂ ਦੇ ਰਾਹੀਂ ਕਰਵਾਈ ਜਾਵੇ। ਲਿਸਾੜਾ ਡਰੇਨ 68 ਫੁਟ ਚੌੜੀ ਹੈ, ਜਿਸ ਦੀ ਮੈਨੂਅਲ ਲੇਬਰ ਰਾਹੀਂ ਖੁਦਾਈ ਹੋਣੀ ਅਸੰਭਵ ਹੈ, ਇਸ ਲਈ ਕਰੇਨਜ਼ ਮੰਗਵਾ ਕੇ ਖੁਦਾਈ ਕਰਾਉਣੀ ਚਾਹੀਦੀ ਹੈ ਤਾਂ ਜੋ ਛੇਤੀ ਤੋਂ ਛੇਤੀ ਇਹ ਕੰਮ ਖਤਮ ਹੋ ਸਕੇ। ਪਿਛਲੇ ਤਿੰਨ ਮਹੀਨਿਆਂ ਤੋਂ ਡਰੈਗ ਲਾਈਨਜ਼ ਖਿੱਚੀਆਂ ਹੋਈਆਂ ਹਨ, ਪਿੰਡ ਰਾਏਸਲ ਤੋਂ ਰੋੜੀ ਵਾਲੀ ਮਿਟੀ ਆ ਜਾਂਦੀ ਹੈ ਜਿਹੜੀ ਕਿ ਮੈਨੂਅਲ ਲੇਬਰ ਰਾਹੀਂ ਪਟੀ ਹੀ ਨਹੀਂ ਜਾ ਸਕਦੀ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਕਰੇਨਜ਼ ਰਾਹੀਂ ਇਨ੍ਹਾਂ ਦੀ ਖ਼ੁਦਾਈ ਕਰਾਉਣ ਦਾ ਮੁਨਾਸਿਬ ਇੰਤਜ਼ਾਮ ਕੀਤਾ ਜਾਵੇ। ਹਰ ਸਾਲ ਇਸ ਇਲਾਕੇ ਵਿਚ ਬਰਸਾਤ ਦੇ ਦਿਨਾਂ ਵਿਚ ਤਬਾਹੀ ਆਉਂਦੀ ਹੈ। ਮੈਂ ਸਰਕਾਰ ਦਾ ਧਿਆਨ ਦਿਵਾਉਂਦਾ ਹਾਂ ਕਿ ਇਹ ਇਕ ਨੈਸ਼ਨਲ ਨੁਕਸਾਨ ਹੈ, ਜਿਸ ਤੋਂ ਬਚਣ ਲਈ ਸਰਕਾਰ ਨੂੰ ਐਮਰਜੈਂਟ ਮੈਯਰਜ਼ ਐਡਾਪਟ ਕਰਨੇ ਚਾਹੀਦੇ ਹਨ।

ਇਕ ਗੱਲ ਮੈਂ ਰੋਡਜ਼ ਅਤੇ ਵਾਟਰ ਟਰਾਂਸਪੋਰਟ ਸਕੀਮਾਂ ਦੇ ਬਾਰੇ ਵੀ ਅਰਜ਼ ਕਰਾਂਗਾ, ਜਿਹੜਾ ਕਿ ਡੀਮਾਂਡ ਨੰ: 32 ਦੇ ਵਿਚ ਦਰਜ ਹੈ। ਵਾਟਰ ਟਰਾਂਸਪੋਰਟ ਸਕੀਮਜ਼ ਬਾਰੇ ਤਾਂ ਮੈਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਇਸ ਪਾਸੇ ਅਜੇ ਤਕ ਸਾਡੇ ਇਲਾਕੇ ਵਿਚ ਕੋਈ ਤਵੱਜੋ ਦਿਤੀ ਹੀ ਨਹੀਂ ਗਈ। ਰੋਡਜ਼ ਦੇ ਮੁਤਅੱਲਿਕ ਵੀ ਮੈਂ ਅਰਜ਼ ਕਰ ਦਿਆਂ ਕਿ ਸਾਡੇ ਇਲਾਕੇ ਵਲ ਬੜਾ ਹੀ ਘਟ ਧਿਆਨ ਦਿੱਤਾ ਗਿਆ ਹੈ। ਐਸੇ ਇਲਾਕੇ ਵੀ ਹਨ ਜਿਥੇ ਹੁਣ ਤਕ ਸੜਕਾਂ ਦਾ

Original with;
Punjab Vidhan Sabha
Digitized by;
Panjab Digital Library

ਉਕਾ ਹੀ ਵਿਕਾਸ ਨਹੀਂ ਹੋਇਆ । ਜਿਤਨੀਆਂ ਵੀ ਹੁਣ ਤਕ ਸੜਕਾਂ ਨਿਕਲੀਆਂ ਹਨ, ਉਹ ਫਿਰੋਜ਼ਪੁਰ, ਮੋਗਾ, ਹੁਸ਼ਿਆਰਪੁਰ, ਅਤੇ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਦੇ ਨੇੜੇ ਤੇੜੇ ਹੀ ਬਣਾਈਆਂ ਗਈਆਂ ਹਨ । ਪਰ ਪਟਿਆਲਾ, ਸੰਗਰੂਰ ਅਤੇ ਬਠਿੰਡਾ ਦੇ ਜ਼ਿਲ੍ਹਿਆਂ ਵਿਚ ਬਿਲਕੁਲ ਹੀ ਘਟ ਹੈ । ਇਹ ਤੁਸੀਂ ਜੇਕਰ ਸਾਰੇ ਆਂਕੜੇ ਲੈ ਲਉ ਤਾਂ ਇਹ ਗਲ ਸਹਿਜੇ ਹੀ ਸਮਝ ਵਿਚ ਆ ਜਾਵੇਗੀ ਕਿ ਇਸ ਇਲਾਕੇ ਵਿਚ ਕਿਤਨੀਆਂ ਘਟ ਸੜਕਾਂ ਨਿਕਲੀਆਂ ਹਨ । ਮੈਂ ਪੀ. ਡਬਲੀਊ. ਡੀ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਥੇ ਹੋਰ ਜ਼ਿਲ੍ਹਿਆਂ ਵਿਚ ਸੜਕਾਂ ਕਢੀਆਂ ਜਾ ਰਹੀਆਂ ਹਨ, ਉਥੇ ਇਸ ਜ਼ਿਲ੍ਹੇ ਵਿਚ ਵੀ ਵਧ ਤੋਂ ਵਧ ਸੜਕਾਂ ਕਢ ਕੇ ਹੌਸਲਾ ਅਫਜ਼ਾਈ ਕੀਤੀ ਜਾਵੇ । ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਇਹ ਜਿਹੜੀ 2,55,000 ਰੁਪਏ ਦੀ ਡੀਮਾਂਡ ਹੈ, ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ, ਕਿਉਂ ਜੋ ਇਸ ਨਾਲ ਲੋਕਾਂ ਦੀਆਂ ਲੋੜਾਂ ਕੁਝ ਹਿੱਸਾ ਵੀ ਪੂਰੀਆਂ ਨਹੀਂ ਹੁੰਦੀਆਂ । ਇਹ ਰੁਪਿਆ ਕਾਫ਼ੀ ਨਹੀਂ ਹੈ । ਸੜਕਾਂ ਦੋ ਕਿਸਮ ਦੀਆਂ ਹੁੰਦੀਆਂ ਹਨ, ਇਕ ਮੇਨ ਰੋਡਜ਼ ਹਨ ਦੂਸਰੀਆਂ ਲਿੰਕ ਰੋਡਜ਼ ਹਨ । ਲਿੰਕ ਰੋਡਜ਼ ਜਦੋਂ ਕਢੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਵਿਚ ਪਿੰਡਾਂ ਵਾਲਿਆਂ ਨੂੰ ਵੀ ਕੰਟਰੀਬਿਊਸ਼ਨ ਕਰਨੀ ਪੈਂਦੀ ਹੈ । 5 ਹਜ਼ਾਰ ਰੁਪਿਆ ਮਿਟੀ ਪਵਾਈ ਦਾ ਫੀ ਮੀਲ ਦੇ ਹਿਸਾਬ ਨਾਲ ਪਿੰਡਾਂ ਵਾਲਿਆਂ ਤੋਂ ਲਿਆ ਜਾਂਦਾ ਹੈ । ਕਈ ਵਾਰ ਤਾਂ ਇਸ ਤਰ੍ਹਾਂ ਹੁੰਦਾ ਹੈ ਕਿ ਮਿਟੀ ਪਵਾਈ ਤੋਂ ਬਾਅਦ ਵੀ ਜਦੋਂ ਬਾਰਸ਼ਾਂ ਹੋ ਜਾਂਦੀਆਂ ਹਨ, ਇਨ੍ਹਾਂ ਲੋਕਾਂ ਨੂੰ ਫੇਰ ਪਾਉਣੀ ਪੈਂਦੀ ਹੈ । ਕਈ ਥਾਂ ਤਾਂ ਕਈ ਕਈ ਵਾਰ ਪਾਉਣੀ ਪਈ ਹੈ । ਮੈਂ ਇਕ ਖ਼ਾਸ ਸੜਕ ਦੇ ਹਿੱਸੇ ਵਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਉਹ ਇਹ ਕਿ ਪਿਛਲੇ 10 ਸਾਲ ਤੋਂ ਬਰਨਾਲਾ ਤੋਂ ਪੱਖੋ ਨੂੰ ਇਕ ਸੜਕ ਬਣਨੀ ਸ਼ੁਰੂ ਹੋਈ ਹੈ ਪਰ ਅਜੇ ਤੱਕ ਡੇਢ ਮੀਲ ਬਣ ਸਕਿਆ ਹੈ, ਪੁਲ ਬਣਾਉਣ ਲਈ ਰੋੜੀ ਸੁਟੀ ਗਈ, ਇਟਾਂ ਆਈਆਂ ਪਰ ਉਹ ਉਥੇ ਹੀ ਦਾ ਟੋਟਾ ਹੀ ਖਤਮ ਹੋ ਗਈਆਂ ਅਜੇ ਤਕ ਸੜਕ ਉਥੇ ਹੀ ਖੜ੍ਹੀ ਹੈ ਨਾਂ ਕੋਈ ਪੁਲ ਬਣਿਆ ਹੈ, ਇਸ ਕੰਮ ਨੂੰ ਸ਼ੁਰੂ ਹੋਇਆਂ ਅਸੀ ਪਿਛਲੇ 10 ਸਾਲ ਤੋਂ ਵੇਖ ਰਹੇ ਹਾਂ । ਇਸੇ ਤਰ੍ਹਾਂ ਦਾ ਹਾਲ ਪੱਖੋ ਤੋਂ ਪੱਤੋ ਵਾਲੀ ਸੜਕ ਦਾ ਹੈ । ਇਹ ਰੁਕੀਆਂ ਹੋਈਆਂ ਸੜਕਾਂ ਜਲਦੀ ਤੋਂ ਜਲਦੀ ਮੁਕੰਮਲ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਇਲਾਕੇ ਦੀਆਂ ਲੋੜਾਂ ਨੂੰ ਮੁਖ ਰਖਦੇ ਹੋਏ ਜਿਹੜੀਆਂ ਹੋਰ ਸੜਕਾਂ ਬਣਨ ਵਾਲੀਆਂ ਹਨ ਅਤੇ ਡਰੇਨਾਂ ਨਿਕਲਣ ਵਾਲੀਆਂ ਹਨ, ਉਹ ਛੇਤੀ ਤੋਂ ਛੇਤੀ ਬਣਨੀਆਂ ਚਾਹੀਦੀਆਂ ਹਨ ।

ਬਹੁਤ ਸਾਰੀਆਂ ਡਰੇਨਜ਼ ਐਸੀਆਂ ਹਨ, ਜਿਹੜੀਆਂ ਰਸਤਿਆਂ ਦੇ ਵਿਚਦੀ ਗੁਜ਼ਰਦੀਆਂ ਹਨ । ਇਨ੍ਹਾਂ ਵਿਚ ਪਾਣੀ ਆ ਜਾਣ ਕਾਰਨ ਸਾਰਾ ਕਮਿਊਨੀਕੇਸ਼ਨ ਰੁਕ ਜਾਂਦਾ ਹੈ, ਇਨ੍ਹਾਂ ਲਈ ਪਰਮਾਨੈਂਟ ਬ੍ਰਿਜਿਜ਼ ਦਾ ਪ੍ਰਾਵੀਜ਼ਨ ਹੋਣਾ ਚਾਹੀਦਾ ਹੈ ਅਤੇ ਜਿਤਨਾ ਚਿਰ ਇਹ ਨਹੀਂ ਬਣਦੇ, ਉਤਨਾ ਚਿਰ ਟੈਂਪਰੇਰੀ ਬ੍ਰਿਜਿਜ਼ ਬਣਾਉਣ ਦਾ ਸਰਕਾਰ ਨੂੰ ਪ੍ਰਬੰਧ ਕਰਨਾ ਚਾਹੀਦਾਂ ਹੈ ਤਾਂ ਜੋ ਪਿੰਡਾਂ ਵਾਲਿਆਂ ਨੂੰ ਕੁਝ ਰਾਹਤ ਮਿਲ ਸਕੇ ।

ਸਾਡੇ ਪਛੜੇ ਹੋਏ ਇਲਾਕੇ ਦੇ ਵਿਚ ਬਿਜਲੀ ਦੇ ਵਿਕਾਸ ਦੀ ਵੀ ਬਹੁਤ ਹੀ ਜ਼ਿਆਦਾ ਲੋੜ ਹੈ । ਮਹਿਲ ਕਲਾਂ ਦੇ ਬਲਾਕ ਵਿਚ 58 ਪਿੰਡ ਹਨ, ਇਨ੍ਹਾਂ ਦੀ 80 ਹਜ਼ਾਰ ਦੀ ਆਬਾਦੀ ਹੈ, ਇਨ੍ਹਾਂ ਪਿੰਡਾਂ ਦੇ ਵਿਚ ਅਜੇ ਤਕ ਇਕ ਖੰਬਾ ਵੀ ਬਿਜਲੀ ਦਾ ਨਹੀਂ ਲਗਿਆ । ਏਸੇ ਮਹਿਲ ਕਲਾਂ ਤੋਂ 12 ਮੀਲ ਦੇ ਫਾਸਲੇ ਤੇ ਇਕ ਪਾਸੇ ਰਾਏ ਕੋਟ ਹੈ, ਜਿਥੇ ਬਿਜਲੀ ਹੈ ਅਤੇ ਇਤਨੇ ਹੀ ਫਾਸਲੇ

Original with;
Punjab Vidhan Sabha
Digitized by;
Panjab Digital Library

(ਸਰਦਾਰ ਸੁਰਜੀਤ ਸਿੰਘ)

ਤੇ ਦੂਸਰੇ ਪਾਸੇ ਬਰਨਾਲਾ ਹੈ ਜਿਥੇ ਕਿ ਬਿਜਲੀ ਹੈ । ਦੋ ਬਾਈ ਇਲੈਕਸ਼ਨਜ਼ ਏਥੇ ਦੋ ਵੱਡੇ ਲੀਡਰਾਂ ਨੇ ਲੜੀਆਂ । ਇਕ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਅਤੇ ਦੂਸਰੀ ਕਾਮਰੇਡ ਰਾਮ ਕਿਸ਼ਨ ਨੇ । ਬੜੇ ਵੱਡੇ ਵੱਡੇ ਵਾਅਦੇ ਕੀਤੇ ਗਏ ਵੋਟਾਂ ਲੈਣ ਵੇਲੇ, ਪਰ ਅਫਸੋਸ ਦੀ ਗੱਲ ਇਹ ਹੈ ਕਿ ਬਿਜਲੀ ਦਾ ਕੋਈ ਵਿਕਾਸ ਨਹੀਂ ਹੋਇਆ । ਕਿਸੇ ਇਕ ਪਿੰਡ ਨੂੰ ਇਹ ਬਿਜਲੀ ਸਪਲਾਈ ਨਹੀਂ ਕਰ ਸਕੇ । ਇਸ ਇਲਾਕੇ ਨੂੰ ਜੇ ਭਾਖੜੇ ਦੀ ਬਿਜਲੀ ਨਾ ਦਿੱਤੀ ਜਾ ਸਕੇ ਤਾਂ ਇਕ ਵੱਡੇ ਥਰਮਲ ਪਲਾਂਟ ਜੇ ਲਗਾਇਆ ਜਾਵੇ ਤਾਂ ਹੀ ਬਿਜਲੀ ਸਪਲਾਈ ਹੋ ਸਕੇਗੀ । ਪਰ ਜੇ ਵੱਡਾ ਪਲਾਂਟ ਇਸ ਮੌਕੇ ਅਵੇਲੇਬਲ ਨਹੀਂ ਤਾਂ ਛੋਟੇ ਪਲਾਂਟਸ ਰਾਹੀ, ਇਸ ਇਲਾਕੇ ਦੀ ਮੰਗ ਨੂੰ ਛੇਤੀ ਤੋਂ ਛੇਤੀ ਪੂਰਾ ਕੀਤਾ ਜਾਵੇ । ਸੰਗਰੂਰ ਅਤੇ ਬਠਿੰਡਾ ਜ਼ਿਲ੍ਹੇ ਦਾ ਇਲਾਕਾ ਦੂਸਰਿਆਂ ਜ਼ਿਲ੍ਹਿਆਂ ਦੇ ਨਾਲੋਂ ਬਹੁਤ ਹੀ ਜ਼ਿਆਦਾ ਪਛੜਿਆ ਹੋਇਆ ਹੈ । ਵਜ਼ੀਰ ਸਾਹਿਬ ਨੂੰ ਇਸ ਇਲਾਕੇ ਦਾ ਖਾਸ ਤੌਰ ਤੇ ਧਿਆਨ ਰਖਣਾ ਚਾਹੀਦਾ ਹੈ । ਇਨ੍ਹਾਂ ਲਫਜ਼ਾਂ ਨਾਲ ਮੈਂ ਡਿਪਟੀ ਸਪੀਕਰ ਸਾਹਿਬ ਆਪਦਾ ਧੰਨਵਾਦ ਕਰਦਾ ਹਾਂ ।

**ਚੌਧਰੀ ਸੁੰਦਰ ਸਿੰਘ :** (ਨਰੋਟ ਮਹਿਰਾ, ਐਸ. ਸੀ.) ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਜਟ ਪੇਸ਼ ਹੋਇਆ ਹੈ ਮੈਂ ਇਸ ਦੇ ਬਰਖਿਲਾਫ਼ ਆਪਣੀ ਰਾਏ ਦੇਣ ਲਈ ਖੜ੍ਹਾ ਹੋਇਆ ਹਾਂ । ਮੈਂ ਦੱਸਦਾ ਹਾਂ ਕਿ ਮੈਂ ਇਸ ਲਈ ਇਸ ਦੇ ਖਿਲਾਫ਼ ਬੋਲਣਾ ਹੈ ਕਿ ਇਹ ਕੇਵਲ 4 ਮਹੀਨੇ ਲਈ ਹੀ ਹੈ । ਸਾਰੇ ਬਜਟ ਵਿਚ ਇਨ੍ਹਾਂ ਨੇ 10 ਕਰੋੜ 94 ਲਖ ਦਾ ਘਾਟਾ ਦਸਿਆ ਹੈ । ਇਸ ਵਿਚ ਇਨ੍ਹਾਂ ਨੇ ਦਸਿਆ ਹੈ ਕਿ ਇਕ ਕਮੇਟੀ ਬਣਾਈ ਹੈ ਜਿਹੜੀ ਕਿ ਇਸ ਘਾਟੇ ਨੂੰ ਪੂਰਾ ਕਰਨ ਦੇ ਸੋਰਸ ਦਸੇਗੀ । ਫਿਰ ਇਹ ਉਸ ਡੈਫ਼ੀਸ਼ੈਂਸੀ ਨੂੰ ਪੂਰਾ ਕਰਨਗੇ । ਪਰ ਨਾਲ ਹੀ ਇਨ੍ਹਾਂ ਨੇ ਇਹ ਕਿਹਾ ਹੈ ਕਿ ਇਹ ਟੈਕਸੇਸ਼ਨ ਨਹੀਂ ਲਾਣਗੇ । ਇਹ ਗੱਲ ਗਲਤ ਹੈ । ਕੀ ਫਾਈਨੈਂਸ ਮਨਿਸਟਰ ਸਾਹਿਬ ਇਹ ਦਸਣਗੇ ਕਿ ਬਗੈਰ ਟੈਕਸਟੇਸ਼ਨ ਲਾਏ ਇਹ ਘਾਟਾ ਕਿਵੇਂ ਪੂਰਾ ਕਰਨਗੇ ?

ਦੂਸਰੀ ਗੱਲ ਇਹ ਹੈ ਕਿ ਇਸ ਵਿਚ ਬੈਕਵਰਡ ਕਲਾਸਾਂ ਅਤੇ ਹਰੀਜਨਾਂ ਵਾਸਤੇ ਕੁਝ ਨਹੀਂ ਕਿਹਾ ਗਿਆ ।'ਨਰੋਟ ਮਹਿਰਾ' ਇਕ ਬਹੁਤ ਪਛੜਿਆ ਹੋਇਆ ਇਲਾਕਾ ਹੈ । ਪਰ ਇਨ੍ਹਾਂ ਨਹੀਂ ਦੱਸਿਆ ਕਿ ਕਿਸ ਤਰ੍ਹਾਂ ਇਹ ਪਛੜਿਆਂ ਹੋਇਆ ਲੋਕਾਂ ਦੀ ਤਰੱਕੀ ਕਰਨਗੇ । ਜੇ ਇਸ ਪਾਸੇ ਧਿਆਨ ਦਿੰਦੇ ਤਾਂ ਬਹੁਤ ਠੀਕ ਹੁੰਦਾ । ਇਹ ਜੋ ਡੈਮੋਕਰੇਸੀ ਚਲ ਰਹੀ ਹੈ ਇਸ ਦਾ ਤਾਂ ਮਤਲਬ ਹੀ ਇਹ ਹੈ ਕਿ ਬੈਕਵਰਡ ਕਲਾਸਾਂ ਵਲ ਜ਼ਿਆਦਾ ਧਿਆਨ ਦਿਤਾ ਜਾਵੇ । ਉਨ੍ਹਾਂ ਦੀ ਗੱਲ ਸੁਣੀ ਜਾਵੇ । ਇਸ ਤੋਂ ਪਹਿਲਾਂ ਜਿਹੜੀਆਂ ਵੀ ਗੌਰਮਿੰਟਾਂ ਆਈਆਂ ਉਨ੍ਹਾਂ ਵਿਚੋਂ ਕੋਈ ਵੀ ਐਸੀ ਨਹੀਂ ਸੀ ਜਿਸ ਵਿਚ ਕਿ ਕੋਈ ਹਰੀਜਨ ਮੈਂਬਰ ਵਜ਼ੀਰ ਨਾ ਹੁੰਦਾ । ਪਰ ਇਨ੍ਹਾਂ ਨੇ ਇਸ ਵਜ਼ਾਰਤ ਵਿਚ ਕੋਈ ਹਰੀਜਨ ਵਜ਼ੀਰ ਨਹੀਂ ਲਿਆ । ਮੈਂ ਇਹ ਕਹਿੰਦਾ ਹਾਂ ਕਿ ਇਹ ਮਨਿਸਟਰੀ ਉਦੋਂ ਤਕ ਮੁਕੰਮਲ ਨਹੀਂ ਹੋ ਸਕਦੀ ਜਦੋਂ ਤਕ ਕਿ ਹਰੀਜਨਾਂ ਨੂੰ ਰੀਪ੍ਰੈਜ਼ੈਂਟੇਸ਼ਨ ਨਹੀਂ ਦਿਤੀ ਜਾਵੇਗੀ । ਇਹ ਕਹਿੰਦੇ ਹਨ, ਸੋਚਾਂਗੇ, ਕਰਾਂਗੇ । ਮੈਂ ਕਹਿੰਦਾ ਹਾਂ ਕਿ ਜਦੋਂ ਤੁਸੀਂ ਬਿਸਮਿਲਾ ਹੀ ਗਲਤ ਕਰ ਦਿਤੀ ਤਾਂ ਅਗੇ ਕਿਸ ਤਰ੍ਹਾਂ ਚਲੋਗੇ ? (ਥੰਪਿੰਗ) ਇਹ ਜੋ ਤੁਸੀਂ ਅਮੀਰਾਂ ਦੇ ਘਰਾਂ ਵਿਚ ਜਾਕੇ ਜੋ ਡੇਰੇ ਲਾਉਂਦੇ ਹੋ ਇਸ ਨਾਲ ਗਰੀਬ ਆਦਮੀ ਖੁਸ਼ ਨਹੀਂ ਹੋ ਸਕਦੇ । ਮੈ ਕਹਿੰਦਾ ਹਾਂ ਕਿ ਤੁਸੀਂ ਹਰੀਜਨਾਂ ਨੂੰ ਉਨ੍ਹਾਂ ਦੀ ਪਾਪੂਲੇਸ਼ਨ ਦੇ ਹਿਸਾਬ ਨਾਲ ਥਾਵਾਂ ਦਿਉ । ਇਸ ਵਿਚ ਇਕ ਆਇਟਮ ਲਿਖੀ ਗਈ ਹੈ । ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਵਰ੍ਹੇ ਗੰਢ ਮਨਾਣ ਲਈ ਉਸ ਵਿਚ ਇਨ੍ਹਾਂ ਕਿਹਾ ਹੈ ਗੁਰੂ ਜੀ ਦੀਆ ਟੀਚਿੰਗ ਨੂੰ ਹਰ ਥਾਂ ਤੇ ਫੈਲਾਵਾਂਗੇ । ਪਰ ਮੈਂ ਪੁਛਦਾ

Original with;
Punjab Vidhan Sabha
Digitized by;
Panjab Digital Library

ਹਾਂ ਕਿ ਉਨ੍ਹਾਂ ਟੀਚਿੰਗ ਤੇ ਅਮਲ ਕੌਣ ਕਰੇਗਾ। ਉਨ੍ਹਾਂ ਦੀ ਟੀਚਿੰਗ ਵਿਚ ਤਾਂ ਪਹਿਲਾ ਹੀ ਫਿਕਰਾ ਹੈ ਕਿ :

"ਗਰੀਬਾਂ ਪਰ ਜੋ ਖਿੰਜੈ ਦਾੜ੍ਹੀ,
ਪਾਰਬ੍ਰਹਮ ਜਾ ਅਗਨ ਮੇਂ ਸਾੜੀ।"

ਜਿਹੜੇ ਗਰੀਬਾਂ ਤੇ ਰੋਅਬ ਪਾਉਂਦੇ ਹਨ, ਪਰਮਾਤਮਾ ਉਸ ਨੂੰ ਸਾੜ ਦਿੰਦਾ ਹੈ। ਤੁਸਾਂ ਗਰੀਬਾਂ ਲਈ, ਹਰੀਜਨਾਂ ਲਈ ਕੀ ਕੀਤਾ ਹੈ। ਉਨ੍ਹਾਂ ਦੇ ਮੈਂਬਰ ਝਟ ਪਟ ਐਕਸਪਲਾਇਟ ਹੋ ਜਾਂਦੇ ਹਨ। ਇਨ੍ਹਾਂ ਗਰੀਬਾਂ ਕੋਲ ਤਾਂ ਇਹ ਤਾਕਤ ਹੈ ਕਿ "ਗਰੀਬੀ ਗਦਾ ਹਮਾਰੀ" ਗਰੀਬਾਂ ਅਗੇ ਕੋਈ ਠਹਿਰ ਨਹੀਂ ਸਕਦਾ। ਗੁਰੂ ਨਾਨਕ ਦੇਵ ਦੀਆਂ ਟੀਚਿੰਗ ਮਹਾਤਮਾ ਗਾਂਧੀ ਜੀ ਨੇ ਫਾਲੋ ਕੀਤੀਆਂ ਸਨ।

ਉਹ ਰੋਣ ਤੋਂ ਬਿਨਾਂ ਹੋਰ ਕੀ ਕਰ ਸਕਦੇ ਸਨ। ਮੈਂ ਇਸ ਬਜਟ ਨੂੰ ਕਿਸ ਤਰ੍ਹਾਂ ਸਪੋਰਟ ਕਰ ਸਕਦਾ ਹਾਂ। ਤੁਸੀਂ ਬਿਸਮਿੱਲਾ ਹੀ ਗਲਤ ਕੀਤੀ ਹੈ। ਕੋਈ ਐਸੀ ਗੌਰਮਿੰਟ ਨਹੀਂ, ਜੋ ਹਰੀਜਨਾਂ ਬਗੈਰ ਚਲ ਸਕਦੀ ਹੋਵੇ। ਜੇ ਕੋਈ ਹਰੀਜਨ ਕੈਬਨਿਟ ਵਿਚ ਹੁੰਦਾ ਤਾਂ ਸਾਨੂੰ ਤਸੱਲੀ ਤਾਂ ਹੁੰਦੀ ਕਿ ਸਾਡਾ ਕੋਈ ਆਦਮੀ ਉਥੇ ਹੈ, ਅਤੇ ਅਸੀਂ ਜਾਕੇ ਆਪਣੀਆਂ ਤਕਲੀਫ਼ਾਂ ਉਸ ਨੂੰ ਦਸ ਸਕਦੇ ਹਾਂ। ਪਰ ਉਧਰ ਦੇ ਮੇਰੇ ਵੀਰ ਚੁਪਚਾਪ ਬੈਠੇ ਹਨ। ਪਰ ਅਸੀਂ ਇਹ ਨਹੀਂ ਚਲਣ ਦਿਆਂਗੇ। (ਤਾੜੀਆਂ) ਮੈਂ ਉਨ੍ਹਾਂ ਵੀਰਾਂ ਨੂੰ ਯਾਦ ਕਰਾਵਾਂਗਾ ਕਿ ਅਸੀਂ ਸਾਰੇ ਇਕ ਹਾਂ।

— — (ਵਿਘਨ)

**ਚੌਧਰੀ ਸਤ ਦੇਵ** : ਚੋਣਾਂ ਵਿਚ ਤਾਂ ਤੁਸੀਂ ਉਨ੍ਹਾਂ ਨੂੰ ਦਸ ਨਹੀਂ ਸਕੇ।

**ਚੌਧਰੀ ਸੁੰਦਰ ਸਿੰਘ** : ਅਸੀਂ 1952 ਵਿਚ ਐਸ. ਐਸ ਐਸ. ਬੋਰਡ ਬਣਾਇਆ ਸੀ। ਉਸ ਤੋਂ ਪਹਿਲਾਂ ਹਰੀਜਨ ਕੋਈ ਮੁਲਾਜ਼ਮ ਨਹੀਂ ਸੀ ਹੁੰਦਾ। ਉਸ ਬੋਰਡ ਦੇ ਮੈਂਬਰ ਚੌਧਰੀ ਭੀਮ ਸਿੰਘ, ਸ੍ਰੀ ਈਸ਼ਰ ਦਾਸ ਅਤੇ ਜਥੇਦਾਰ ਮੋਹਣ ਸਿੰਘ ਸਨ। ਉਹ ਬੋਰਡ ਨਾਲ 80 % ਹਰੀਜਨ ਮੁਲਾਜ਼ਮ ਹੋ ਗਏ। ਪੁਲਿਸ ਵਿਚ ਪਹਿਲਾਂ ਕੋਈ ਹਰੀਜਨਾਂ ਨੂੰ ਨਹੀਂ ਸੀ ਰਖਦਾ, ਪਰ ਫਿਰ 50 % ਉਹ ਪੁਲਿਸ ਵਿਚ ਭਰਤੀ ਹੋਣੇ ਸ਼ੁਰੂ ਹੋ ਗਏ। ਪਰ ਜਦ ਪਹਿਲਾਂ ਗਵਰਨਰੀ ਰਾਜ ਆਇਆ ਤਾਂ ਉਹ ਬੋਰਡ ਤੋੜ ਦਿਤਾ ਗਿਆ। ਫਿਰ ਜਦ ਦੁਬਾਰਾ ਗਵਰਨਰੀ ਰਾਜ ਆਇਆ ਤਾਂ ਫਿਰ ਇਹ ਬੋਰਡ ਦੁਬਾਰਾ ਤੋੜ ਦਿਤਾ ਗਿਆ। ਪਰ ਇਸ ਤਰ੍ਹਾਂ ਹੁਣ ਸਾਡਾ ਕੰਮ ਨਹੀਂ ਚਲ ਸਕਦਾ। ਜੇ ਤੁਸੀਂ ਹਰੀਜਨਾਂ ਨੂੰ ਖੁਸ਼ ਕਰਨਾ ਹੈ ਤਾਂ ਮੁੜ ਕੇ ਇਹ ਬੋਰਡ ਬਣਾਉ। ਮੈਂ ਤੁਹਾਨੂੰ ਦਸਦਾ ਹਾਂ ਕਿ ਜਦੋਂ ਮੈਂ ਵਜ਼ੀਰ ਸਾਂ ਤਾਂ ਮੈਂ ਆਪਣੇ ਮਹਿਕਮੇ ਵਿਚ 21 % ਹਰੀਜਨ ਭਰਤੀ ਕਰ ਲਏ। ਕਿਸੇ ਨੇ ਮੈਨੂੰ ਪੁਛਿਆ ਕਿ ਇਹ ਕਿਉਂ ? ਤਾਂ ਮੈਂ ਜਵਾਬ ਦਿਤਾ ਕਿ ਹੋਰ ਮਹਿਕਮੇ ਵਿਚ ਤਾਂ ਇਹ ਬਿਲਕੁਲ ਹੀ ਨਹੀਂ ਹਨ। ਇਸ ਲਈ ਆਪਣੇ ਮਹਿਕਮੇ ਵਿਚ ਜਿਤਨੇ ਵੀ ਹਰੀਜਨ ਭਰਤੀ ਕਰ ਲਵਾਂ ਠੀਕ ਹੈ। ਤੁਸੀਂ ਕਾਂਗਰਸ ਨਾਲ ਮੁਕਾਬਲਾ ਤਾਂ ਕਰਦੇ ਹੋ। ਮੈਂ ਤੁਹਾਨੂੰ ਦਸਦਾ ਹਾਂ ਕਿ ਕਾਂਗਰਸ ਸਰਕਾਰ ਦੇ ਵੇਲੇ ਕੋਈ ਚੰਗੀ ਅਪੋਜ਼ੀਸ਼ਨ ਨਹੀਂ ਸੀ। ਇਸ ਕਰਕੇ ਕਾਂਗਰਸ ਵੇਲੇ ਸ਼ਾਨਦਾਰ ਆਪੋਜ਼ੀਸ਼ਨ ਹੁੰਦੀ ਤਾਂ ਅਸੀਂ ਹੋਰ ਵੀ ਤਰੱਕੀ ਕਰਦੇ। ਜੋ ਇਹ ਮੇਰੇ ਸਾਹਮਣੇ ਪ੍ਰੋਗਰੈਸਿਵ ਗਰੁਪ ਦੇ ਮੈਂਬਰ ਬੈਠੇ ਹਨ, ਜੇ ਇਹੋ ਜਿਹੀ ਆਪੋ-ਜ਼ੀਸ਼ਨ ਹੁੰਦੀ ਤਾਂ ਅਸੀਂ ਬਹੁਤ ਤਰੱਕੀ ਕਰਦੇ। ਪਰ ਉਸ ਵੇਲੇ ਆਪੋਜ਼ੀਸ਼ਨ ਪ੍ਰੋਗਰੈਸਿਵ ਨਹੀਂ

Original with;
Punjab Vidhan Sabha
Digitized by;
Panjab Digital Library

(ਚੌਧਰੀ ਸੁੰਦਰ ਸਿੰਘ)

ਸੀ। ਇਸ ਲਈ ਕਾਂਗਰਸ ਨੇ ਜਿਹੜੀ ਤਰੱਕੀ ਕਰਨੀ ਸੀ, ਉਹ ਨਹੀਂ ਕਰ ਸਕੀ। ਜਿਸ ਤਰਾਂ ਲੈਂਡ ਰੀਫਾਰਮ ਦਾ ਐਕਟ ਬਣਿਆ ਕਿ 30 ਸਟੈਂਡਰਡ ਏਕੜ ਜ਼ਮੀਨ ਹੋਣੀ ਚਾਹੀਦੀ ਹੈ। ਪਰ ਉਸ ਤੇ ਅਮਲ ਕਿਉਂ ਨਹੀਂ ਹੋ ਸਕਿਆ ? ਇਸ ਲਈ ਕਿ ਉਸ ਵੇਲੇ ਸਾਡੇ ਨਾਲ ਅਜਿਹੇ ਮੈਂਬਰ ਬੈਠੇ ਸਨ, ਜੋ ਇਸ ਵੇਲੇ ਇਨ੍ਹਾਂ ਨਾਲ ਬੈਠੇ ਹਨ। ਗੌਰਮਿੰਟ ਜਿਹੜੇ ਕੰਮ ਕਰਦੀ ਹੈ, ਉਹ ਆਪੋਜ਼ੀਸ਼ਨ ਕਰਕੇ ਹੀ ਕਰਦੀ ਹੈ। ਪਰ ਜਿਹੜੀ ਆਪੋਜ਼ੀਸ਼ਨ ਹੀ ਇਹੋ ਜਿਹੀ ਹੋਵੇ ਤਾਂ ਸਰਕਾਰ ਕੀ ਕਰ ਸਕਦੀ ਹੈ। ਮੈਂ ਸਮਝਦਾ ਹਾਂ ਕਿ ਸਾਹਮਣੇ ਬੈਠੇ ਪ੍ਰੋਗਰੈਸਿਵ ਗਰੁੱਪ, ਵਰਗੀ ਆਪੋਜ਼ੀਸ਼ਨ ਹੋਣੀ ਚਾਹੀਦੀ ਹੈ। ਪਰ ਹੁਣ ਤਾਂ ਇਹ ਆਪ ਵੀ ਉਨ੍ਹਾਂ ਨਾਲ ਮਿਲ ਗਏ ਹਨ। ਪਰ ਇਸ ਤਰ੍ਹਾਂ ਕੰਮ ਨਹੀਂ ਚਲ ਸਕੇਗਾ। ਡਾਕਟਰ ਸੱਤਪਾਲ ਡਾਂਗ ਜੀ ਇਸ ਤਰ੍ਹਾਂ ਕੰਮ ਨਹੀਂ ਚਲੇਗਾ।

**ਕਾਮਰੇਡ ਸੱਤ ਪਾਲ ਡਾਂਗ :** ਚੌਧਰੀ ਸਾਹਿਬ, ਮੈਂ ਡਾਕਟਰ ਨਹੀਂ।

**ਚੌਧਰੀ ਸੁੰਦਰ ਸਿੰਘ :**—ਮੈਂ ਦੱਸਣਾ ਚਾਹੁੰਦਾ ਹਾਂ ਕਿ ਗਰੀਬ ਜ਼ਿਮੀਦਾਰ ਜੋ ਹਨ ਉਨ੍ਹਾਂ ਦੀ ਕੀ ਹਾਲਤ ਹੈ। ਮੈਂ ਲੰਬੀ ਗਿਆ ਤਾਂ ਲੋਕਾਂ ਨੇ ਮੈਨੂੰ ਆਖਿਆ ਕਿ ਚੌਧਰੀ ਸਾਹਿਬ ਇਹ ਜੋ ਬੰਦੂਕਾਂ ਤੇ ਜੀਪਾਂ ਲੈਕੇ ਤੁਹਾਡੇ ਦੁਆਲੇ ਘੇਰਾ ਘੱਤੀ ਖੜੇ ਹਨ, ਇਹ ਕੌਣ ਹਨ ? ਮੈਂ ਆਖਿਆ ਕੌਣ ਹਨ ? ਤਾਂ ਉਨ੍ਹਾਂ ਨੇ ਜਵਾਬ ਦਿਤਾ ਕਿ ਇਹ ਵੱਡੇ ਵੱਡੇ ਜ਼ਿਮੀਦਾਰ ਹਨ। ਜੇ ਤੁਸੀਂ ਇਨ੍ਹਾਂ ਬਿਗ ਲੈਂਡ ਲਾਰਡਜ਼ ਨੂੰ ਖਤਮ ਨਹੀਂ ਕਰੋਗੇ ਤਾਂ ਛੋਟੇ ਛੋਟੇ 2, 2, ਏਕੜ ਵਾਲੇ ਕਿਸਾਨ ਖ਼ਤਮ ਹੋ ਜਾਣਗੇ ਅਤੇ ਤੁਹਾਡੀ ਸੋਸ਼ਲਿਸਟ ਪੈਟਰਨ ਆਫ਼ ਸੁਸਾਇਟੀ ਨਹੀਂ ਚਲ ਸਕੇਗੀ।

ਇਸ ਤਰ੍ਹਾਂ ਦੀ ਸੋਸ਼ਲਿਸਟਿਕ ਪੈਟਰਨ ਆਫ਼ ਸੋਸਾਇਟੀ ਚਲਣ ਨਹੀਂ ਦਿਆਂਗੇ। (ਘੰਟੀ ਵਜਣ ਦੀ ਆਵਾਜ਼ ਆਉਂਦੀ ਹੈ) ਇਹ ਵੱਡੇ ਵੱਡੇ ਜ਼ਿਮੀਂਦਾਰ ਜੋ ਗਰੀਬ ਕਿਸਾਨਾਂ, ਗਰੀਬ ਹਰੀਜਨਾਂ ਦੇ ਬੋਗਸ ਲੀਡਰ ਬਣੇ ਹੋਏ ਹਨ। ਇਨ੍ਹਾਂ ਦੀ ਸੋਸ਼ਲਿਸਟਿਕ ਪੈਟਰਨ ਆਫ ਸੋਸਾਇਟੀ ਗਰੀਬਾਂ ਵਾਸਤੇ ਨਹੀਂ ਬਲਕਿ ਬੜੇ ਬੜੇ ਜ਼ਿਮੀਦਾਰਾਂ ਵਾਸਤੇ ਹੈ। ਇਨ੍ਹਾਂ ਕਿਹਾ ਕਿ 30 ਸਟੈਂਡ-ਰਡ ਏਕੜ ਤੋਂ ਜ਼ਿਆਦਾ ਜ਼ਮੀਨ ਨਹੀਂ ਹੋਣੀ ਚਾਹੀਦੀ, ਪਰ ਇਹ ਆਪ ਕਿਤੇ ਵੱਧ ਜ਼ਮੀਨ ਰਖੀ ਬੈਠੇ ਹਨ। ਜੇ ਲੈਂਡ ਰਿਫਾਰਮ ਐਕਟ ਬਣਦਾ ਹੈ ਤਾਂ ਉਹ ਗਰੀਬ ਅਤੇ ਹਰੀਜਨਾਂ ਵਾਸਤੇ ਬਣਦਾ ਹੈ। ਇਸ ਲਈ ਸਪੀਕਰ ਸਾਹਿਬ, ਜੋ ਗਰੀਬ ਜ਼ਿਮੀਦਾਰ ਹੈ, ਉਹ ਭੁੱਖਾ ਮਰਦਾ ਹੈ। ਇਨ੍ਹਾਂ ਗਰੀਬ ਕਿਸਾਨਾਂ ਦਾ ਨਾਂ ਲੈ ਲੈ ਕੇ, ਸਾਡੇ ਵਲ ਵੀ ਕੁਝ ਆਦਮੀ ਹਨ, ਉਨ੍ਹਾਂ ਨੇ ਫਾਇਦਾ ਉਠਾਇਆ ਹੈ। ਇਸ ਲਈ, ਤੁਸੀਂ ਨੋਟ ਕਰੋ ਲੀਡਰ ਆਫ ਦੀ ਹਾਊਸ ਵਿਚ ਤਬਦੀਲੀ ਲਿਆਉ। ਜਦ ਤਕ ਤਬਦੀਲੀ ਨਹੀਂ ਲਿਆਉਂਗੇ ਅਸੈਂਬਲੀ ਨਹੀਂ ਚਲੇਗੀ। ਪੀਸਫੁਲ ਕੰਮ ਉਦੋਂ ਚਲੇਗਾ, ਜਦੋਂ ਤਕ ਕਿ ਜੋ ਚੀਜ਼ ਕਿਸੇ ਨੂੰ ਚਾਹੀਦੀ ਹੈ ਉਹਨੂੰ ਨਹੀਂ ਜਾਂਦੀ।

**ਸ਼੍ਰੀ ਡਿਪਟੀ ਸਪੀਕਰ :** ਚਲੋ ਖ਼ਤਮ ਕਰੋ। (The hon. Member may please wind up now.)

**ਚੌਧਰੀ ਸੁੰਦਰ ਸਿੰਘ :**—ਲੀਡਰ ਉਹ ਹੁੰਦਾ ਹੈ ਜਿਹੜਾ ਸੁਸਾਇਟੀ ਵਿਚੋਂ ਥੋੜ੍ਹੀ ਚੀਜ਼ ਲਏ ਅਤੇ ਕੰਮ ਬਹੁਤਾ ਕਰ। ਫਿਊਚਰ ਜਿਹੜਾ ਹੈ, ਉਹ ਗਰੀਬਾਂ ਦਾ ਹੈ ਜਾਂ ਨਹੀਂ। ਗਰੀਬਾਂ ਨੂੰ ਕਿਸ ਤਰ੍ਹਾਂ ਐਕਸਪਲਾਇਟ ਕਰਦੇ ਰਹੇ ਹੋ। ਜਲੰਧਰ ਜ਼ਿਲ੍ਹੇ ਵਿਚ ਚਾਰ ਆਦਮੀ ਮਾਰੇ ਗਏ। ਕਿਸੇ ਆਦਮੀ ਨੂੰ ਇਸ ਕਤਲ ਦੇ ਸਿਲਸਿਲੇ ਵਿੱਚ ਪਕੜਿਆ ਨਹੀਂ ਗਿਆ। ਹਰੀਜਨਾਂ ਵਾਸਤੇ

Original with;
Punjab Vidhan Sabha
Digitized by;
Panjab Digital Library

ਇਹ ਕਿਧਰ ਦੀ ਜਸਟੀਫਿਕੇਸ਼ਨ ਹੈ। ਮੈਂ ਦਸਣਾ ਚਾਹੁੰਦਾ ਹਾਂ। ਤੁਸੀਂ ਮੇਰੀ ਗੱਲ ਨੋਟ ਕਰ ਲਉ। ਸਾਡਾ ਰਾਜ ਆਉਣਾ ਹੈ। ਗਰੀਬਾਂ ਦਾ ਰਾਜ ਆਉਣਾ ਹੈ। (ਤਾੜੀਆਂ)

(ਇਸ ਸਮੇਂ ਸਰਦਾਰ ਸੁਰਿੰਦਰ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਗਏ)

**ਸ੍ਰੀ ਡਿਪਟੀ ਸਪੀਕਰ :** ਮੈਂ ਤੁਹਾਨੂੰ ਬੋਲਣ ਦੀ ਇਜਾਜ਼ਤ ਨਹੀਂ ਦਿਤੀ। (The hon. Member S. Surinder Singh may please resume his seat, because I have not permitted him to speak.)

**ਸ੍ਰੀ ਡਿਪਟੀ ਸਪੀਕਰ :** ਸਰਦਾਰ ਆਤਮਾ ਸਿੰਘ ਤੁਸੀਂ ਬੋਲੋ। (Sardar Atma Singh may please speak.

**ਸਰਦਾਰ ਆਤਮਾ ਸਿੰਘ :** ਮੈਂ ਨਹੀਂ ਬੋਲਣਾ।

(ਇਸ ਸਮੇਂ ਚੌਧਰੀ ਸੁੰਦਰ ਸਿੰਘ ਬੋਲਣ ਲਈ ਖੜ੍ਹੇ ਹੋ ਗਏ)

**ਸ੍ਰੀ ਡਿਪਟੀ ਸਪੀਕਰ :** ਚੌਧਰੀ ਸੁੰਦਰ ਸਿੰਘ ਬੈਠ ਜਾਉ। ਸ. ਸੁਰਿੰਦਰ ਸਿੰਘ ਬੋਲਣ। (Ch. Sunder Singh may please take his seat and Sardar Surinder Singh may please speak.)

**ਸਰਦਾਰ ਸੁਰਿੰਦਰ ਸਿੰਘ ਕੈਰੋਂ (ਪੱਟੀ) :** ਇਰੀਗੇਸ਼ਨ ਦੇ ਹੈੱਡ ਥੱਲੇ 1, 86, 51, 400 ਰੁਪਿਆ ਰਖਿਆ ਗਿਆ ਹੈ। ਮੈਂ ਡਰੇਨੇਜ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨਵੀਆਂ ਡਰੇਨਾਂ ਪੁੱਟਣ ਤੋਂ ਪਹਿਲਾਂ ਪੁਰਾਣੀਆਂ ਡਰੇਨਾਂ ਜੋ ਭਰ ਜਾਂਦੀਆਂ ਹਨ, ਇਨ੍ਹਾਂ ਨੂੰ ਪ੍ਰਾਪਰਲੀ ਖੁਦਵਾਉਣਾ ਚਾਹੀਦਾ ਹੈ, ਚੌੜਾ ਕਰਵਾਉਣਾ ਚਾਹੀਦਾ ਹੈ। ਡਰੇਨੇਜ ਮੇਨਟੇਨੈਂਸ ਹੈੱਡ ਵਖਰਾ ਹੋਣਾ ਚਾਹੀਦਾ ਹੈ।

ਕਈ ਡਰੇਨਾਂ ਪਿੰਡਾਂ ਨੂੰ ਅੱਡ ਕਰਦੀਆਂ ਹਨ, ਅਜਿਹੀਆਂ ਡਰੇਨਾਂ ਉੱਤੇ ਪੁੱਲ ਬਣਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਕਿਸਾਨ ਆਪਣੀ ਫ਼ਸਲ ਮੰਡੀ ਵਿਚ ਲਿਜਾ ਸਕਣ ਅਤੇ ਪੁਲ ਦੇ ਨਾ ਹੋਣ ਕਾਰਣ ਛੇ ਛੇ ਮਹੀਨੇ ਉਹਦੇ ਘਰ ਹੀ ਨਾਂ ਪਈ ਰਹੇ। ਫਲੱਡਜ਼ ਨਾਲ ਜਿਹੜੇ ਪੁਲ ਟੁਟ ਜਾਂਦੇ ਹਨ, ਉਨ੍ਹਾਂ ਦੀ ਮੁਰੰਮਤ ਹੋਣੀ ਚਾਹੀਦੀ ਹੈ। ਡਰੇਨੇਜ ਦੀ ਮੇਨਟੇਨੈਂਸ ਹੈੱਡ ਪ੍ਰੋਵਾਈਡ ਹੋਣਾ ਚਾਹੀਦਾ ਹੈ। ਪੁਲ ਬਣਾਉਣੇ ਚਾਹੀਦੇ ਹਨ ਅਤੇ ਪੁਰਾਣੇ ਪੁਲਾਂ ਦੀ ਮੇਨਟੇਨੈਂਸ ਹੋਣੀ ਚਾਹੀਦੀ ਹੈ। ਪੱਟੀ ਦੇ ਨੇੜੇ ਇਕ ਪੁਲ ਤਿੰਨ ਵਾਰੀ ਟੁੱਟਿਆ ਅਤੇ ਤਿੰਨ ਵਾਰੀ ਬਣਿਆ। ਮੈਨੂੰ ਇਹ ਦੇਖ ਕੇ ਬੜਾ ਦੁੱਖ ਹੁੰਦਾ ਹੈ ਕਿ ਜੇ ਮੇਨਟੇਨੈਂਸ ਠੀਕ ਹੁੰਦੀ ਤਾਂ ਕਿੰਨਾ ਰੁਪਿਆ ਬਚਾਇਆ ਜਾ ਸਕਦਾ ਸੀ।

ਡਿਮਾਂਡ ਨੰ: 29 ਦੇ ਤਹਿਤ ਮੈਂ ਹੁਣ ਪਬਲਿਕ ਵਰਕਸ ਤੇ ਆਉਂਦਾ ਹਾਂ। ਮੈਨੂੰ ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਕਈ ਪਿੰਡਾਂ ਵਿਚ ਰਸਤੇ ਠੀਕ ਨਹੀਂ ਹਨ। ਇਨ੍ਹਾਂ ਥਾਵਾਂ ਤੇ ਸੜਕਾਂ

Original with;
Punjab Vidhan Sabha
Digitized by;
Panjab Digital Library

(ਸਰਦਾਰ ਸੁਰਿੰਦਰ ਸਿੰਘ ਕੈਰੋਂ)
ਦਾ ਬਣਨਾ ਬਹੁਤ ਜ਼ਰੂਰੀ ਹੈ ਤਾਂ ਜੋ ਕਿਸਾਨ ਆਪਣੀ ਫਸਲ ਚੰਗੀ ਤਰ੍ਹਾਂ ਨਾਲ ਮੰਡੀ ਵਿਚ ਲਿਜਾ ਸਕਣ ।

**ਸ਼੍ਰੀ ਡਿਪਟੀ ਸਪੀਕਰ :** ਤੁਸੀਂ ਸਪੀਚ ਪੜ੍ਹ ਨਹੀਂ ਸਕਦੇ, ਨੋਟ ਜ਼ਰੂਰ ਵੇਖ ਸਕਦੇ ਹੋ ।

(Addressing Sardar Surinder Singh. The hon. Member cannot read out his speech but he can only consult the notes).

**ਸਰਦਾਰ ਸੁਰਿੰਦਰ ਸਿੰਘ ਕੈਰੋਂ :** ਹੁਣ ਮੈਂ ਲੈਪਸ ਸਿਸਟਮ (Lapse System) ਤੇ ਆਉਂਦਾ ਹਾਂ । ਡਿਪਟੀ ਸਪੀਕਰ ਸਾਹਿਬ, ਜਿਹੜਾ ਰੁਪਿਆ ਕਿਸੇ ਮੱਦ ਹੇਠ ਰਖਿਆ ਜਾਂਦਾ ਹੈ ਅਤੇ ਉਹ ਬਗੈਰ ਖਰਚੇ ਲੈਪਸ ਹੋ ਜਾਂਦਾ ਹੈ ਇਹ ਬਹੁਤ ਮਾੜੀ ਗੱਲ ਹੈ । ਇਹ ਲੈਪਸ ਸਿਸਟਮ ਖ਼ਤਮ ਹੋਣਾ ਚਾਹੀਦਾ ਹੈ । ਅਤੇ ਸਾਨੂੰ ਹਮੇਸ਼ਾਂ ਦੱਸਣਾ ਚਾਹੀਦਾ ਹੈ ਕਿ ਕਿੰਨਾ ਰੁਪਿਆ ਲੈਪਸ ਹੋਇਆ ਹੈ ।

ਡਿਮਾਂਡ ਨੰ: 42 ਦੇ ਤਹਿਤ ਹੈਡ ਨੰਬਰ 96—ਕੈਪੀਟਲ ਆਊਟਲੇ ਔਨ ਇੰਡਸਟ੍ਰੀਅਲ ਡਿਵੈਲਪਮੈਂਟ ਕੀ ਹੈ । ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਪਬਲਿਕ ਸੈਕਟਰ ਹੇਠ ਹੈਵੀ ਯੂਨਿਟ ਲਗਾਉਣਾ ਚਾਹੀਦਾ ਹੈ ਜਿਹੜਾ ਕਿ ਸਮਾਲ ਸਕੇਲ ਇੰਡਸਟ੍ਰੀਜ਼ ਨਾਲ ਕੰਪੀਟ ਕਰਨ ਤੋਂ ਅਵਾਇਡ ਕਰੇ । ਨੰਬਰ 96 ਦੇ ਥਲੇ ਜੋ ਕੁਝ ਰਖਿਆ ਗਿਆ ਹੈ ਇਹ ਗੋਲ ਮੋਲ ਗੱਲ ਹੈ । ਸਾਨੂੰ ਨੁਕਸਾਨ ਵਲ ਲਿਜਾ ਸਕਦੀ ਹੈ । ਇਹ ਪੈਸਾ ਚੰਗੇ ਪਾਸੇ ਲਗਾਉਣਾ ਚਾਹੀਦਾ ਹੈ ।

**ਸ਼੍ਰੀ ਡਿਪਟੀ ਸਪੀਕਰ :** ਵਿੱਤ ਮੰਤਰੀ ਜਵਾਬ ਦੇਣ । (Finance Minister may please give a reply to the debate.)

**ਵਿੱਤ ਮੰਤਰੀ :** ਡਿਪਟੀ ਸਪੀਕਰ ਸਾਹਿਬ, ਮੈਂ ਵੋਟ ਆਨ ਅਕਾਊਂਟ ਤੇ ਇਕ ਇਕ ਕਰਕੇ ਜਵਾਬ ਦੇਣਾ ਚਾਹੁੰਦਾ ਹਾਂ । ਪਹਿਲੀ ਗੱਲ ਇਹ ਕੀਤੀ ਗਈ ਕਿ ਸਕੂਲ ਅਪਗਰੇਡ ਹੋਣ ਵਾਲਿਆਂ ਦਾ ਨੰਬਰ ਘਟ ਹੈ ਔਰ ਇਸ ਨੂੰ ਵਧਾਉਣਾ ਚਾਹੀਦਾ ਹੈ । ਸੰਗਰੂਰ ਅਤੇ ਬਠਿੰਡੇ ਜ਼ਿਲ੍ਹਿਆਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ । ਜਿੰਨ੍ਹਾਂ ਪੈਸਾ ਅਸੀਂ ਸਕੂਲਾਂ ਨੂੰ ਅਪਗਰੇਡ ਕਰਨ ਵਾਸਤੇ ਰਖਿਆ ਹੈ ਅਗਰ ਸਾਲ ਦੇ ਦੌਰਾਨ ਵਿਚ ਜਿਹੜੀਆਂ ਡਿਮਾਂਡਜ਼ ਕਾਂਗਰਸ ਅਤੇ ਹੋਰ ਆਪੋਜ਼ੀਸ਼ਨ ਬੈਂਚਾਂ ਤੋਂ ਆਉਣਗੀਆਂ, ਅਗਰ ਰਕਮ ਵਧਾਉਣ ਦੀ ਲੋੜ ਪਈ ਤਾਂ ਸਾਰੇ ਲੀਡਰਜ਼ ਨਾਲ ਸਲਾਹ ਕਰਕੇ ਉਹ ਰਕਮ ਵਧਾਉਣ ਦੀ ਕੋਸ਼ਿਸ਼ ਕਰਾਂਗੇ । ਜ਼ਿਲਾ ਬਠਿੰਡਾ, ਜ਼ਿਲਾ ਸੰਗਰੂਰ ਅਤੇ ਹੋਰ ਬੈਕਵਰਡ ਏਰੀਆ ਜਿਥੇ ਚਾਲੀ ਚਾਲੀ ਪੰਜਾਹ ਪੰਜਾਹ ਸਾਲਾਂ ਤੋਂ ਪ੍ਰਾਇਮਰੀ ਸਕੂਲ ਅਪਗਰੇਡ ਨਹੀਂ ਕੀਤੇ ਗਏ, ਉਨ੍ਹਾਂ ਇਲਾਕਿਆਂ ਵਲ ਖਾਸ ਧਿਆਨ ਦਿਤਾ ਜਾਵੇਗਾ ।

ਇਸ ਦੇ ਨਾਲ ਨਾਲ ਇਹ ਗੱਲ ਕਹੀ ਗਈ ਕਿ ਸੇਮ ਦੀਆਂ ਨਾਲੀਆਂ ਠੀਕ ਨਹੀਂ ਹਨ, ਜ਼ਿਲ੍ਹਾ ਸੰਗਰੂਰ ਅਤੇ ਹੋਰ ਬਾਕੀ ਜ਼ਿਲ੍ਹਿਆਂ ਵਿਚ ਬਹੁਤ ਨੁਕਸਾਨ ਹੋਇਆ ਹੈ ਔਰ ਸੇਮ ਦੀਆਂ ਨਾਲੀਆਂ ਵਾਸਤੇ ਜ਼ਿਆਦਾ ਰੁਪਿਆ ਰੱਖਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਇਹ ਸੇਮ ਦਾ ਜਿਹੜਾ ਮਸਲਾ ਹੈ, ਇਹ ਪੰਜਾਬ ਸਰਕਾਰ ਦੇ ਆਪਣੇ ਵੱਸ ਦੀ ਗੱਲ ਨਹੀਂ । ਇਸ ਵਾਸਤੇ ਮੈਂ ਸਾਰੇ ਹਾਊਸ ਦੇ ਮੈਂਬਰਾਂ ਨੂੰ ਅਪੀਲ ਕਰਾਂਗਾ ਕਿ ਜੇ ਉਹ ਮਹਿਸੂਸ ਕਰਨ ਕਿ ਜਿਹੜੀ ਐਂਟੀ ਵਾਟਰ ਲਾਗਿੰਗ ਬਣੀ ਹੈ, ਉਸ ਨੂੰ ਬੇਨਤੀ ਕਰ ਸਕੀਏ । ਅਸੀਂ ਨੈਸ਼ਨਲ ਡੀਵੈਲਪਮੈਂਟ ਕੌਂਸਿਲ ਵਿਚ ਜਾ ਰਹੇ ਹਾਂ

Original with;
Punjab Vidhan Sabha
Digitized by;
Panjab Digital Library

ਔਰ ਉਥੇ ਅਸੀਂ ਭਾਰਤ ਸਰਕਾਰ ਤੇ ਜ਼ੋਰ ਪਾਵਾਂਗੇ ਕਿ ਇਸ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਪੈਸਾ ਦਿੱਤਾ ਜਾਵੇ । ਜੇ ਸਾਨੂੰ ਕਾਮਯਾਬੀ ਮਿਲ ਗਈ ਤਾਂ ਠੀਕ ਹੈ, ਪਰ ਜੇ ਨਾ ਮਿਲੀ ਤਾਂ ਫਿਰ ਲੇਟੈਸਟ ਸਪਲੀਮੈਂਟਰੀ ਐਸਟੀਮੇਟ ਲਿਆਕੇ ਕੀਤਾ ਜਾਵੇਗਾ । ਜਿੰਨਾ ਪੈਸਾ ਸਾਡੇ ਕੋਲ ਸੀ ਉਹ ਅਸੀਂ ਇਸ ਕੰਮ ਲਈ ਰੱਖ ਦਿੱਤਾ ਹੈ । ਬਾਕੀ ਭਾਰਤ ਸਰਕਾਰ ਨਾਲ ਗੱਲ ਬਾਤ ਕਰਕੇ ਇਸ ਸੇਮ ਦੇ ਮਸਲੇ ਨੂੰ ਦੂਰ ਕੀਤਾ ਜਾਵੇਗਾ ।

ਸੇਮ ਦਾ ਮਸਲਾ ਤਾਂ ਅਜਿਹਾ ਹੈ ਕਿ ਜੇ ਕਰ ਇਸ ਨੂੰ ਦੂਰ ਨਾ ਕੀਤਾ ਗਿਆ ਤਾਂ ਫਸਲਾਂ ਬਰਬਾਦ ਹੋ ਜਾਣਗੀਆਂ, ਜਿਸ ਨਾਲ ਪੰਜਾਬ ਨੂੰ ਬਹੁਤ ਭਾਰੀ ਨੁਕਸਾਨ ਹੋਵੇਗਾ । ਪਿਛਲੇ ਸਾਲ ਵਾਸਤੇ ਜਿਹੜਾ ਪੈਸਾ ਰੱਖਿਆ ਗਿਆ ਸੀ, ਉਸ ਦੇ ਬਾਰੇ ਵੀ ਇਥੇ ਕਿਹਾ ਗਿਆ ਹੈ । ਇਸ ਦੀ ਵਜ੍ਹਾ ਮੈਂ ਦਸਣਾ ਚਾਹੁੰਦਾ ਹਾਂ ਕਿ ਮੈਂ ਇਸ ਦੀ ਡੀਟੇਲ ਵਿਚ ਸਟੱਡੀ ਨਹੀਂ ਕਰ ਸਕਿਆ ਲੇਕਿਨ ਅਗਰ ਕੋਈ ਪੈਸਾ ਬਚਿਆ ਹੋਇਆ ਹੈ ਤਾਂ ਪੜਤਾਲ ਕਰ ਲਵਾਂਗੇ ।

ਇਥੇ ਇਹ ਵੀ ਕਿਹਾ ਗਿਆ ਹੈ ਕਿ ਸੜਕਾਂ ਬਣਾਉਣ ਦਾ ਕੰਮ ਚੰਗੀ ਤਰ੍ਹਾਂ ਨਹੀਂ ਹੋਇਆ ਔਰ ਸੜਕਾਂ ਐਸੇ ਇਲਾਕਿਆਂ ਵਿਚ ਹੋਣੀਆਂ ਚਾਹੀਦੀਆਂ ਹਨ, ਜਿਥੇ ਪਹਿਲਾਂ ਘੱਟ ਹਨ । ਡਿਪਟੀ ਸਪੀਕਰ ਸਾਹਿਬ, ਬਜਟ ਵਿਚ ਮੈਂ ਖਾਸ ਤੌਰ ਤੇ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਜਿਹੜਾ ਉਰਿਜੀਨਲ ਬਜਟ ਪ੍ਰੋਵੀਜ਼ਨ ਸੀ, ਉਸ ਵਿਚ ਸੜਕਾਂ ਬਾਰੇ ਸਿਰਫ **40** ਲੱਖ ਰੁਪਿਆ ਸੀ । ਲੇਕਿਨ ਮਹਿਸੂਸ ਕੀਤਾ ਗਿਆ ਕਿ ਸੜਕਾਂ (ਲਿੰਕ ਸੜਕਾਂ ਆਦਿ) ਦੇ ਬਨਾਉਣ ਲਈ ਇਹ 40 ਲੱਖ ਰੁਪਿਆ ਬਹੁਤ ਘੱਟ ਹੈ । ਇਸ ਲਈ ਅਸੀਂ ਇਹ ਰਕਮ 40 ਲੱਖ ਰੁਪਏ ਤੋਂ ਵਧਾ ਕੇ 3 ਕਰੋੜ ਰੁਪਿਆ ਕਰ ਦਿੱਤੀ ਹੈ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਇਸ ਲਈ ਮੇਰਾ ਖਿਆਲ ਹੈ ਕਿ ਇਤਨੇ ਜ਼ਿਆਦਾ ਪੈਸੇ ਨਾਲ ਕੋਈ ਕਮੀ ਪੇਸ਼ੀ ਨਹੀਂ ਆਵੇਗੀ । ਮੈਂ ਇਹ ਨਹੀਂ ਕਹਿ ਸਕਦਾ ਕਿ **3** ਕਰੋੜ ਰੁਪਏ ਨਾਲ ਸਾਰੇ ਪੰਜਾਬ ਵਿਚ ਸੜਕਾਂ ਬਣ ਜਾਣਗੀਆਂ । (ਵਿਘਨ) ਸਭ ਤੋਂ ਜ਼ਿਆਦਾ ਪਰਾਇਰਿਟੀ ਬੈਕਵਰਡ ਏਰੀਆਜ਼ ਨੂੰ ਦਿੱਤੀ ਜਾਵੇਗੀ । ਮੇਨ ਆਡੀਆ ਇਹ ਹੈ ਕਿ ਜਿਹੜੇ ਪਿੰਡ ਸੜਕ ਤੋਂ **2—4** ਮੀਲ ਦੀ ਦੂਰੀ ਤੇ ਹਨ ਔਰ ਜਿਨ੍ਹਾਂ ਨੂੰ ਮੀਂਹ ਪੈਂਦੇ ਵਿਚ ਕੱਚੀ ਸੜਕ ਰਾਹੀਂ ਆਉਣਾ ਪੈਂਦਾ ਹੈ, ਉਨ੍ਹਾਂ ਨੂੰ ਲਿੰਕ ਰੋਡ ਦੁਆਰਾ ਪੱਕੀ ਸੜਕ ਨਾਲ ਜ਼ਰੂਰ ਮਿਲਾਇਆ ਜਾਵੇਗਾ । ਇਸ ਨਾਲ ਲੋਕਾਂ ਵਿਚ ਕਾਫੀ ਉਤਸ਼ਾਹ ਹੋਵੇਗਾ ਅਤੇ ਲੋਕ ਤਰੱਕੀ ਕਰਨਗੇ । **3** ਕਰੋੜ ਰੁਪਿਆ ਪਿਛਲੇ ਸਾਲ ਨਾਲੋਂ ਬਹੁਤ ਜ਼ਿਆਦਾ ਹੈ । (ਵਿਘਨ) ਔਰ ਬੜੇ ਸੀਰੀਅਸਲੀ ਬੈਕਵਰਡ ਏਰੀਆ ਨੂੰ ਪ੍ਰਾਇਰਿਟੀ ਦਿੱਤੀ ਜਾਵੇਗੀ । ਇਥੇ ਇਹ ਵੀ ਕਿਹਾ ਗਿਆ ਹੈ ਕਿ ਸੇਮ ਨਾਲੀਆਂ ਉਤੇ ਪੁਲੀਆਂ ਬਣਾਈਆਂ ਜਾਣ ।(ਵਿਘਨ)

**ਕਾਮਰੇਡ ਬਾਬੂ ਸਿੰਘ ਮਾਸਟਰ :** ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸੜਕਾਂ ਦੇ ਬਾਰੇ ਵਿਚ ਕਰੈਸ਼ ਪ੍ਰੋਗਰਾਮ ਦੇ ਮੁਤਾਬਿਕ ਜਿਹੜਾ 5 ਹਜ਼ਾਰ ਰੁਪਿਆ ਪਰ ਮੀਲ ਜਮ੍ਹਾਂ ਕਰਾਉਂਦੇ ਸੀ, ਕੀ ਉਹ ਪਾਲਿਸੀ ਹਟਾ ਲਈ ਹੈ ?

**ਵਿੱਤ ਮੰਤ੍ਰੀ :**—ਇਹ ਗੱਲ ਤਾਂ ਪਹਿਲੇ ਹੀ ਕੁਐਸ਼ਚਨ ਆਵਰ ਵਿਚ ਕਲੀਅਰ ਹੋ ਚੁਕੀ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅਪ ਕਰੋ । (The hon. Minister may please wind up).

**ਵਿੱਤ ਮੰਤਰੀ** : ਇਥੇ ਹੈਵੀ ਇੰਡਸਟਰੀ ਦੇ ਬਾਰੇ ਵਿਚ ਸਰਦਾਰ ਕੈਰੋਂ ਨੇ ਸਵਾਲ ਉਠਾਇਆ ਹੈ । ਉਸ ਦੇ ਬਾਰੇ ਅਸੀਂ ਫਾਈਟ ਕਰਾਂਗੇ । (ਵਿਘਨ)

**ਮੇਜਰ ਹਰਿੰਦਰ ਸਿੰਘ** : ਮੈਂ ਅਰਜ਼ ਕਰਦਾ ਹਾਂ ਕਿ ਪਹਿਲਾਂ ਤੁਸੀਂ ਸੇਮ ਨਾਲੀਆਂ ਉਤੇ ਪੁਲੀਆਂ ਬਣਾਉਣ ਬਾਰੇ ਕਹਿਣ ਲੱਗੇ ਸੀ, ਪਰ ਹੁਣ ਤੁਸੀਂ ਇੰਡਸਟਰੀ ਦੇ ਬਾਰੇ ਕਹਿਣ ਲੱਗ ਪਏ ਹੋ ।

**ਵਿੱਤ ਮੰਤਰੀ** : ਉਹ ਇਸ ਕਰਕੇ ਕਿ ਮੈਂ ਸਮਝਿਆ ਕਿ ਟਾਈਮ ਖਤਮ ਹੋਣ ਵਾਲਾ ਹੈ । ਸੇਮ ਦੀਆਂ ਨਾਲੀਆਂ ਦੀਆਂ ਪੁਲੀਆ ਬਣਾਉਣ ਬਾਰੇ ਅਸੀਂ ਬੜੇ ਸੀਰੀਅਸ ਹਾਂ । ਇਹ ਜਿਹੜਾ ਅਸੀਂ 4 ਮਹੀਨਿਆਂ ਦਾ ਬਜਟ ਪਾਸ ਕਰਵਾ ਰਹੇ ਹਾਂ, ਇਸ ਦੇ ਵਿਚ ਵੀ ਇਸ ਦਾ ਜਿਕਰ ਹੈ । ਪਿਛਲੇ ਬਜਟ ਦੇ ਵਿਚ ਇਸ ਗੱਲ ਦੀ ਪ੍ਰੋਵੀਜ਼ਨ ਨਹੀਂ ਸੀ, ਔਰ ਅਸੀਂ ਇਸ ਨੂੰ ਪਹਿਲੀ ਵਾਰ ਲਿਆ ਰਹੇ ਹਾਂ । (ਥੰਪਿੰਗ) । ਜਿਹੜੀ ਹਾਈ ਪਾਵਰ ਕਮੇਟੀ ਬਣੀ ਹੈ ਉਸ ਨੂੰ ਸਾਨੂੰ ਸਾਰਿਆਂ ਨੂੰ ਮਿਲਕੇ ਬੇਨਤੀ ਕਰਨੀ ਚਾਹੀਦੀ ਹੈ ਤਾਕਿ ਪੰਜਾਬ ਤਰੱਕੀ ਕਰ ਸਕੇ । ਇਸ ਵਿਚ ਪਾਰਟੀ ਦਾ ਜ਼ਿਕਰ ਨਹੀਂ ਹੋਣਾ ਚਾਹੀਦਾ । ਇਹ ਵੀ ਸੋਚਣਾ ਪਵੇਗਾ ਕਿ ਇਨਕਮ ਦੇ ਰੀਸੋਰਸਿਜ਼ ਕਿਹੜੇ ਹਨ (ਘੰਟੀ) ਹੈਵੀ ਇੰਡਸਟਰੀ ਦੇ ਬਾਰੇ ਮੈਂ ਸਮਝਦਾ ਹਾਂ ਕਿ ਸਾਨੂੰ ਨੈਸ਼ਨਲ ਡੀਵੈਲਪਮੈਂਟ ਕੌਂਸਿਲ ਦੇ ਵਿਚ ਸਾਨੂੰ ਇਹ ਗੱਲ ਉਠਾਉਣੀ ਪਵੇਗੀ ਕਿ ਪੰਜਾਬ ਨਾਲ ਧੱਕਾ ਕੀਤਾ ਗਿਆ ਹੈ । ਪੰਜਾਬ ਵਿਚ (ਵਿਘਨ) ।

**Mr. Deputy Speaker** : It is 12·30 P.M. Now guillotine is applied.

**Mr. Deputy Speaker** : Question is—

That Vote-on-Account for four months (April to July, 1969) amounting to a total sum of Rs. 159,93,74 thousands as detailed in the schedule thereto be taken into consideration at once and passed.

*The motion was carried*

THE PUNJAB APPROPRIATION (VOTE ON ACCOUNT) Bill, 1969

**Minister for Finance** (Shri Krishan Lal) : Sir, I beg to introduce the Punjab Appropriation (Vote on Account) Bill.

**Minister for Finance** : Sir, I beg to move

That the Punjab Appropriation (Vote on Account) Bill be taken into consideration at once.

**Mr. Deputy Speaker** : Motion moved.

That the Punjab Appropriation (Vote on Account) Bill be taken into consideration at once.

Original with;
Punjab Vidhan Sabha
Digitized by;
Panjab Digital Library

The guillotine will be applied at 1·00 P.M.

**ਕਾਮਰੇਡ ਸੱਤਪਾਲ ਡਾਂਗ :** (ਅੰਮ੍ਰਿਤਸਰ ਪੱਛਮ) ਡਿਪਟੀ ਸਪੀਕਰ ਸਾਹਿਬ, ਐਪਰੋਪ-ਰੀਏਸ਼ਨ ਬਿੱਲ ਜਿਹੜਾ ਪੇਸ਼ ਕੀਤਾ ਗਿਆ ਹੈ, ਵੋਟ ਆਨ ਅਕਾਊਂਟ ਦੇ ਸਿਲਸਿਲੇ ਵਿਚ, ਸਾਲ 1969-70 ਦੇ ਸਬੰਧ ਵਿਚ, ਇਹ ਤੁਸੀਂ ਨੋਟ ਕੀਤਾ ਹੋਣਾ ਹੈ ਕਿ ਜਿਸ ਵੇਲੇ ਕਲ੍ਹ ਬਜਟ ਪਰੀਜ਼ੈਂਟ ਕੀਤਾ ਗਿਆ, ਵੋਟ ਆਨ ਅਕਾਊਂਟ ਤਾਂ ਇਹ ਗੱਲ ਦੱਸੀ ਗਈ ਕਿ ਪਿਛਲੇ ਸਾਲ ਜਿਹੜਾ ਖਰਚਾ ਤਖਮੀਨਾ ਲਗਾਉਣ ਉਪਰੰਤ ਵਧਿਆ ਉਸ ਦੇ ਵਿਚ 2 ਕਰੋੜ 70 ਲੱਖ ਰੁਪਏ ਦਾ ਮੁਲੈਸਿਜ਼ ਦੇ ਉਤੇ ਖਰਚ ਹੋਣ ਕਾਰਨ ਖਰਚਾ ਵਧਿਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਮੁਲੈਸਿਜ਼ ਤੇ ਬੜੀ ਚਰਚਾ ਹੋਈ ਸੀ ਕਿ ਉਸ ਵੇਲੇ ਦੀ ਪੰਜਾਬ ਸਰਕਾਰ ਨੇ ਇਹ ਵਾਧੂ ਖਰਚਾ ਕੀਤਾ। ਮੁਲੈਸਿਜ਼ ਦੀ ਕੀਮਤ ਉਤੇ ਕੰਟਰੋਲ ਹੈ ਔਰ ਇਹ ਕੰਟਰੋਲ 65 ਜਾਂ 75 ਰੁਪਏ ਫ਼ੀ ਕੁਇੰਟਲ ਹੈ। ਪਰ ਪੰਜਾਬ ਸਰਕਾਰ ਨੇ 175 ਰੁਪਏ ਕੁਇੰਟਲ ਤੇ ਖਰੀਦਣਾ ਮੁਨਾਸਬ ਸਮਝਿਆ। ਉਸ ਵੇਲੇ ਜਿਹੜੀਆਂ ਆਪੋਜ਼ੀਸ਼ਨ ਪਾਰਟੀਆਂ ਸਨ, ਉਨ੍ਹਾਂ ਵਲੋਂ ਹਿੰਦੁਸਤਾਨ ਦੇ ਪ੍ਰਧਾਨ ਨੂੰ ਇਕ ਮੈਮੋਰੈਂਡਮ ਦਿੱਤਾ ਗਿਆ। ਉਸ ਮੈਮੋਰੈਂਡਮ ਵਿਚ ਬਹੁਤ ਸਾਰੇ ਇਲਜ਼ਾਮਾਂ ਦਾ ਜ਼ਿਕਰ ਹੈ। ਜਿਨ੍ਹਾਂ ਵਿਚੋਂ ਇਕ ਇਲਜ਼ਾਮ ਇਸ ਮੁਲੈਸਿਜ਼ ਦੇ ਨਾਲ ਸਬੰਧ ਰੱਖਦਾ ਹੈ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਵਿਚੋਂ ਇਕ ਇਲਜ਼ਾਮ ਦੇ ਸਿਲਸਿਲੇ ਵਿਚ ਇਕ ਫੌਜਦਾਰੀ ਮੁਕੱਦਮਾ ਦਾਇਰ ਹੋਇਆ ਜਿਸ ਦੇ ਸਿਲਸਿਲੇ ਵਿਚ ਇਸ ਹਾਊਸ ਦਾ ਇਕ ਮੈਂਬਰ ਗ੍ਰਿਫਤਾਰ ਵੀ ਹੋਇਆ। ਜਿਹੜਾ ਜਗਰਾਉਂ ਮੰਡੀ ਦੇ ਇਕ ਆਦਮੀ ਨਾਲ ਸਬੰਧ ਰੱਖਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਸ ਕਰਦਾ ਹਾਂ ਕਿ ਵੋਟ ਆਨ ਅਕਾਊਂਟ ਪੇਸ਼ ਕਰਦਿਆ, ਬਜਟ ਪੇਸ਼ ਕਰਦਿਆਂ, ਜੋ ਅੱਗੇ ਹੋਇਆ ਹੈ, ਲੋਕਾਂ ਨੂੰ ਪੰਜਾਬ ਦੇ ਵਿਚ ਬੜਾ ਅਫਸੋਸ ਹੋਵੇਗਾ। ਕਿਹਾ ਗਿਆ ਸੀ ਕਿ ਇਸ ਗੱਲ ਦੀ ਰੋਕ ਥਾਮ ਲਈ ਪੂਰੀ ਕਾਰਵਾਈ ਹੋਵੇਗੀ, ਉਹ ਮੈਂ ਕਹਿਣਾ ਚਾਹਾਂਗਾ ਕਿ ਮੈਨੂੰ ਆਸ ਹੈ ਕਿ ਉਹ ਪੂਰੀ ਨਹੀਂ ਹੋਈ।

ਜਿਥੋਂ ਤਕ ਉਸ ਮੈਮੋਰੈਂਡਮ ਵਿਚ ਜਿਹੜੇ ਵਾਕਿਆਤ ਹਨ ਉਨ੍ਹਾਂ ਦਾ ਤੁਅੱਲਕ ਹੈ, ਅਗਰ ਉਹ ਕਾਨੂੰਨ ਦੇ ਮੁਤਾਬਕ ਫੌਜਦਾਰੀ ਮੁਕਦਮੇ ਬਣਨ ਤਾਂ ਮੈਨੂੰ ਇਸ ਗਲ ਦਾ ਕੋਈ ਇਤਰਾਜ਼ ਨਹੀਂ। ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੇ ਮੈਂਬਰ ਸਾਹਿਬਾਨ ਪਿਛਲੀ ਵਾਰ ਦੇ ਚੀਫ ਮਨਿਸਟਰ ਔਰ ਮਨਿਸਟਰ ਇਨਵਾਲਵਡ ਹਨ, ਉਨ੍ਹਾਂ ਦੇ ਜਿੰਨੇ ਇਲਜ਼ਾਮਾਤ ਦਰਜ ਸਨ, ਉਨ੍ਹਾਂ ਦੀ ਕਾਨੂੰਨ ਦੇ ਮੁਤਾਬਕ ਇਨਕੁਆਇਰੀ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਅੱਜ ਦੀ ਸਰਕਾਰ ਤੋਂ ਮੰਗ ਕਰਨਾ ਚਾਹੁੰਦਾ ਹਾਂ ਕਿ ਪਿਛਲੀ ਯੂਨਾਈਟਿਡ ਫਰੰਟ ਮਨਿਸਟਰੀ ਦੇ ਵੇਲੇ ਜਿਹੜਾ ਇਕ ਪਬਲਿਕ ਦੇ ਨਾਲ ਵਾਇਦਾ ਸੀ ਉਹ ਪੂਰਾ ਹੋਣਾ ਚਾਹੀਦਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਕੋਈ ਪਾਰਟੀ ਹਕੂਮਤ ਦੇ ਵਿਚ ਹੋਵੇ ਉਸ ਪਾਰਟੀ ਉਤੇ ਕੋਈ ਇਲਜ਼ਾਮ ਆਉਣ, ਕਿਸੇ ਮਨਿਸਟਰ ਉਤੇ ਇਲਜ਼ਾਮ ਆਉਣ ਤਾਂ ਉਸ ਦੀ ਇਨਕੁਆਇਰੀ ਲਈ ਇਕ ਹਾਈ ਪਾਵਰਡ ਕਮਿਸ਼ਨ ਇਸ ਦਾ ਪ੍ਰੀਜ਼ਾਈਡਿੰਗ ਅਫ਼ਸਰ ਸੁਪਰੀਮ ਕੋਰਟ ਜਾਂ ਹਾਈ ਕੋਰਟ ਦਾ ਜੱਜ ਜਾਂ ਸਟੇਟ ਦਾ ਕੋਈ ਜੁਡੀਸ਼ਲ ਅਫ਼ਸਰ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਅੱਜ ਕੋਈ ਮਨਿਸਟਰੀ ਹੈ ਅਗੇ ਨੂੰ ਕੋਈ ਮਨਿਸਟਰੀ ਹੋ ਸਕਦੀ ਹੈ। ਇਸ ਹਾਊਸ ਵਿਚ ਡਿਪਟੀ ਸਪੀਕਰ ਸਾਹਿਬ, ਵਾਰ ਵਾਰ ਇਹ ਮੰਗ ਉਠੀ ਔਰ ਵਾਰ ਵਾਰ ਮੁਖਤਲਿਫ ਸਰਕਾਰਾਂ ਨੇ ਇਸ ਗੱਲ

Original with;
Punjab Vidhan Sabha
Digitized by;
Panjab Digital Library

(ਕਾਮਰੇਡ ਸੱਤਪਾਲ ਡਾਂਗ)

ਦਾ ਵਾਇਦਾ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਪਿਛਲੀ ਯੂਨਾਈਟਿਡ ਫਰੰਟ ਮਨਿਸਟਰੀ ਸੀ, ਅਗਰ ਉਹ ਮਨਿਸਟਰੀ ਨਾ ਟੁਟਦੀ ਤਾਂ ਉਸ ਮਨਿਸਟਰੀ ਦਾ ਇਹ ਫੈਸਲਾ ਸੀ ਕਿ ਕਿਸੇ ਮਨਿਸਟਰ, ਕਿਸੇ ਡਿਪਟੀ ਮਨਿਸਟਰ, ਕਿਸੇ ਮਨਿਸਟਰ ਆਫ਼ ਸਟੇਟ ਦੇ ਖਿਲਾਫ਼ ਕੋਈ ਭਰਿਸ਼ਟਾਚਾਰ ਦਾ ਇਲਜ਼ਾਮ ਹੋਵੇ ਜਾਂ ਰੂਲਿੰਗ ਪਾਰਟੀ ਦੇ ਖਿਲਾਫ਼ ਹੋਵੇ ਤਾਂ ਉਸ ਦੀ ਇਨਕੁਆਰੀ ਹੋਵੇਗੀ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅੱਜ ਦੀ ਸਰਕਾਰ ਤੋਂ ਮੰਗ ਕਰਾਂਗਾ ਕਿ ਉਨਾਂ ਦੇ ਖਿਲਾਫ਼ ਇਨਕੁਆਇਰੀ ਹੋਣੀ ਚਾਹੀਦੀ ਹੈ ਔਰ ਉਸ ਵਾਸਤੇ ਹਾਈ ਪਾਵਰਡ ਕਮਿਸ਼ਨ ਮੁਕੱਰਰ ਹੋਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਦੂਸਰੀ ਅਰਜ਼ ਮੈਂ ਭਾਸ਼ਾ ਸਬੰਧੀ ਕਰਨੀ ਚਾਹੁੰਦਾ ਹਾਂ। ਸਾਡੇ ਪੰਜਾਬ ਦੇ ਵਿਚ ਭਾਸ਼ਾ ਦੇ ਸਿਲਸਿਲੇ ਵਿਚ ਬਹੁਤ ਚਰਚਾ ਹੋ ਰਹੀ ਹੈ। ਤਾਲੀਮ ਦੇ ਸਬੰਧ ਵਿਚ ਕਿ ਤਾਲੀਮ ਦਾ ਮਾਧਿਅਮ ਕੀ ਹੋਵੇ, ਇਸ ਸਿਲਸਿਲੇ ਵਿਚ ਵੀ ਕਾਫ਼ੀ ਚਰਚਾ ਹੈ। ਇਹ ਇਕ ਅਹਿਮ ਨੀਤੀ ਦਾ ਸਵਾਲ ਹੈ ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਇਹ ਦਲੀਲ ਆਉਂਦੀ ਹੈ ਕਿ ਪੰਜਾਬ ਦੇ ਬਹੁਤ ਸਾਰੇ ਲੋਕਾਂ ਨੂੰ ਪੰਜਾਬੀ ਨਹੀਂ ਆਉਂਦੀ। ਇਸ ਕਰਕੇ ਐਡਮਨਿਸਟਰੇਸ਼ਨ ਦੇ ਕੰਮ ਵਿਚ ਸਹੂਲਤ ਦੀ ਖਾਤਰ ਕੋਈ ਚੀਜ਼ ਸਾਨੂੰ ਕਰਨੀ ਚਾਹੀਦੀ ਹੈ ਔਰ ਜਿਥੇ ਪੰਜਾਬੀ ਹੋਵੇ ਉਥੇ ਹਿੰਦੀ ਜ਼ਰੂਰ ਨਾਲ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਸਲੇ ਦੇ ਬਾਰੇ ਜਾਂਦੀ ਹੈ ਕਿ ਜਵਾਬ ਜਿਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਸਹੂਲਤ ਦੇ ਨਾਂ ਉਤੇ ਮੰਗ ਕੀਤੀ ਤੁਹਾਡੇ ਰਾਹੀਂ ਥੋੜ੍ਹੀ ਹਿੰਦੀ ਵਿਚ ਦਿਤਾ ਜਾਵੇ ਤਾਂ ਡਿਪਟੀ ਸਪੀਕਰ ਸਾਹਿਬ, ਮੈਂ ਪ੍ਰਾਰਥਨਾਂ ਕਰਨਾ ਚਾਹੁੰਦਾ ਹਾਂ ਕਿ ਪੰਜਾਬੀ ਨੂੰ ਹਰ ਅਦਾਰੇ ਵਿਚ ਲਾਗੂ ਨਾਂ ਕਰਨ ਦੀ ਸਹੂਲਤ ਇਕ ਬਹਾਨਾ ਬਣੇਗਾ। ਇਥੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਮੇਰੇ ਵੇਲੇ ਦੀ ਜਾਂ ਤੁਹਾਡੇ ਵੇਲੇ ਦੀ ਜੈਨਰੇਸ਼ਨ ਪੰਜਾਬੀ ਨਹੀਂ ਜਾਣਦੀ, ਉਹ ਹਿੰਦੀ ਵੀ ਨਹੀਂ ਜਾਣਦੇ। ਇਸ ਲਈ ਮੇਰੀ ਬੇਨਤੀ ਹੈ ਕਿ ਜੇ ਸਹਲਤ ਦਾ ਹੀ ਸਵਾਲ ਲੈਣਾ ਹੋਵੇ ਤਾਂ ਜਿਹੜੇ ਲੋਕ ਪੰਜਾਬੀ ਪੜ੍ਹਨਾ ਨਹੀਂ ਜਾਣਦੇ ਤਾਂ ਫ਼ਿਰ ਇਹ ਹਿੰਦੀ ਦੀ ਗੱਲ ਨਾ ਕਰਨ ਸਗੋਂ ਉਰਦੂ ਦੀ ਗੱਲ ਕਰਨੀ ਚਾਹੀਦੀ ਹੈ। ਇਸ ਲਈ ਜੇ ਸਹੂਲਤ ਦੇ ਨਾਂ ਉਤੇ ਪੰਜਾਬੀ ਦੀ ਥਾਂ ਹਿੰਦੀ ਕੀਤੀ ਜਾਂਦੀ ਹੈ ਤਾਂ ਡਿਪਟੀ ਸਪੀਕਰ ਸਾਹਿਬ, ਮੈਂ ਪ੍ਰਾਰਥਨਾ ਕਰਾਂਗਾ ਇਹ ਪੰਜਾਬੀ ਨੂੰ ਠੀਕ ਥਾਂ ਨਾ ਦੇਣ ਦਾ ਇਕ ਬਹਾਨਾ ਹੋਵੇਗਾ।

ਮੈਂ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਯੂ. ਪੀ. ਵਿਚ ਅਗਰ ਉਥੇ ਦਾ ਮੁਸਲਮਾਨ ਐਮ. ਐਲ. ਏ. ਇਹ ਮੰਗ ਕਰੇ ਕਿ ਉਨ੍ਹਾਂ ਦੀ ਮਾਤਰੀ ਭਾਸ਼ਾ ਉਰਦੂ ਹੈ, ਇਸ ਲਈ ਅਸੈਂਬਲੀ ਵਿਚ ਸਾਨੂੰ ਸਹੁੰ ਚੁੱਕਣ ਦੀ ਇਜਾਜ਼ਤ ਉਰਦੂ ਵਿਚ ਹੋਣੀ ਚਾਹੀਦੀ ਹੈ ਤਾਂ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਹਲਫ ਲੈਣ ਦੀ ਇਜਾਜ਼ਤ ਉਰਦੂ ਵਿਚ ਨਹੀਂ ਹੋਣੀ ਚਾਹੀਦੀ।

ਡਿਪਟੀ ਸਪੀਕਰ ਸਾਹਿਬ, ਮੈਂ ਜਨਸੰਘ ਕੋਲ ਪ੍ਰਾਰਥਨਾ ਕਰਦਾ ਹਾਂ ਕਿ ਉਹ ਜਿਹੜੀ ਦਲੀਲ ਦਿੰਦੇ ਹਨ ਉਹ ਗਲਤ ਦਲੀਲ ਹੈ। ਪੰਜਾਬ ਇਕ ਭਾਸ਼ੀ ਸੂਬਾ ਹੈ ਔਰ ਸਹੂਲਤ ਦੇ ਨਾਮ ਉਤੇ ਪੰਜਾਬੀ ਨੂੰ ਪੂਰੀ ਥਾਂ ਨਾ ਮਿਲੇ, ਡਿਪਟੀ ਸਪੀਕਰ ਸਾਹਿਬ, ਇਹ ਗਲ ਵਾਜਬ ਨਹੀਂ ਹੈ। ਪੰਜਾਬ ਵਿਚ ਪੰਜਾਬੀ ਨੂੰ ਪੂਰੀ ਥਾਂ ਮਿਲਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਔਰ ਮੈਨੂੰ ਇਸ

Original with;
Punjab Vidhan Sabha
Digitized by;
Panjab Digital Library

ਗੱਲ ਦਾ ਥੋੜ੍ਹਾ ਜਿਹਾ ਅਫ਼ਸੋਸ ਹੈ ਕਿ ਮਜ਼ਦੂਰ ਜਮਾਤ, ਵਰਕਰਜ਼ ਔਰ ਹਰੀਜਨਾਂ ਲਈ ਇਸ ਬਜਟ ਵਿਚ ਜਿੰਨੀ ਸਹੂਲਤ ਹੋਣੀ ਚਾਹੀਦੀ ਸੀ, ਉਹ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਹਰੀਜਨਾਂ ਦਾ ਸਵਾਲ ਹੈ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਮੁੜ ਕੇ ਬੇਨਤੀ ਕਰਨਾ ਚਾਹੁੰਦਾ ਹਾਂ ਜੋ ਮੈਂ ਗਵਰਨਰ ਸਾਹਿਬ ਦੇ ਐਡਰਸ ਤੇ ਕਹੀ ਸੀ ਕਿ ਹਰੀਜਨਾਂ ਦੀ ਭਲਾਈ ਲਈ ਕੁਝ ਬੁਨਿਆਦੀ ਤਬਦੀਲੀ ਦੀ ਲੋੜ ਹੈ ਉਹ ਮੈਂ ਦੁਹਰਾਉਣੀ ਚਾਹੁੰਦਾ ਹਾਂ। ਜਿਥੇ ਜ਼ਮੀਨ ਦਾ ਮਸਲਾ ਹੈ ਉਥੇ ਉਨ੍ਹਾਂ ਨੂੰ ਜ਼ਮੀਨ ਮਿਲਣੀ ਚਾਹੀਦੀ ਹੈ। (ਥੰਪਿੰਗ) ਔਰ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। (ਘੰਟੀ)

ਇਕ ਅਰਜ਼ ਮੈਂ, ਡਿਪਟੀ ਸਪੀਕਰ ਸਾਹਿਬ, ਟੈਕਸੇਸ਼ਨ ਦੇ ਬਾਰੇ ਕਰਨੀ ਚਾਹੁੰਦਾ ਹਾਂ। ਇਸ ਬਾਰੇ ਕਿਹਾ ਗਿਆ ਹੈ ਕਿ ਸਰਕਾਰ ਮੁੜ ਕੇ ਵਿਚਾਰ ਕਰੇਗੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਜਦੋਂ ਹਾਊਸ ਉਠ ਜਾਏ, ਹਾਊਸ ਦੀ ਗੈਰਹਾਜ਼ਰੀ ਵਿਚ ਪੰਜਾਬ ਦੀ ਗਰੀਬ ਜਨਤਾ ਨੂੰ ਰਿਲੀਫ ਮਿਲਣਾ ਚਾਹੀਦਾ ਹੈ। ਕੋਈ ਨਵਾਂ ਟੈਕਸ ਹਾਊਸ ਦੀ ਗੈਰਹਾਜ਼ਰੀ ਵਿਚ ਨਹੀਂ ਲਗਣਾ ਚਾਹੀਦਾ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਚੀਜ਼ ਦੀ ਮੰਗ ਤੁਹਾਡੇ ਰਾਹੀਂ ਇਸ ਸਰਕਾਰ ਤੋਂ ਕਰਨਾ ਚਾਹੁੰਦਾ ਹਾਂ। ਆਪ ਦਾ ਸ਼ੁਕਰੀਆ।

**चौधरी बलबीर सिंह (होशियारपुर) :** उपअध्यक्ष महोदय, यह चार महीने में पंजाब सरकार ने जो खर्च करना है, और आमदनी के सिलसिले में वसूली करनी है, उसके बारे में यह बजट पेश हुआ है और आज पास होगा, मैं इसके बारे में कुछ अपने विचार हाऊस के सामने रखता हूँ।

डांग साहिब ने भाषा के बारे में सवाल उठाया और उन्होंने कहा कि जो उसके ज़माने के लोग हैं, वे उर्दू पढ़े हुए हैं। मैं उनकी तथा हाऊस की वाकफ़ियत के लिए बताना चाहता हूँ कि जिस ज़माने में पंजाबी हिन्दी का झगड़ा नहीं था, उस वक्त पंजाब में जितने भी D.A.V. स्कूल थे उनमें उर्दू सैकन्ड ज़बान होती थी और राष्ट्र भाषा जो हिन्दी है बी. ए. तक पढ़ाई का माध्यम रही है। मैं उस कैटेग्री में हूँ, जिन्हों ने अपनी तालीम हिन्दी के माध्यम से हासिल की। यह बात और है कि वे हिन्दी नहीं पढ़े होंगे। मैं हिन्दी को पंजाबी से लड़ाना नहीं चाहता। आज इस मुल्क में कुछ ऐसे लोग हैं जो इस चीज़ की तबदीली को झगड़े की नई शक्ल देना चाहते हैं। झगड़ा पंजाबी से नहीं अंग्रेज़ी से है। हिन्दी ने अंग्रेजी की जगह लेनी है। कोई झगड़े वाली बात नहीं है। हिन्दी पंजाबी के सवाल को ले कर लोगों के जज़बात के साथ खेलना आपके लिये अच्छा नहीं। बात सिर्फ इतनी है कि अगर अंग्रेज़ी ने खत्म होना है तो उसकी जगह लाज़मी तौर पर हिन्दी ने लेनी है। गो उसके लिए कितनी ही सुविधायें देनी पढ़ेंगी। मुसलमानों के बारे में कहा गया है कि जिस वक्त अंग्रेज़ आये थे और जिस जिस इलाके में उन्होंने पैर पक्के जमा लिये थे वहां पर उन्होंने अंग्रेज़ी पढ़ानी शुरू कर दी। बहुत से लोगों ने अंग्रेज़ी पढ़ना शुरू कर दिया था और बाकी जो किसी कारण पीछे रह गये थे, उन्हें बाद में बहुत पछताना पड़ा। आज फिर वही बात है। अंग्रेज़ी को पसन्द करने वाले लोग हिन्दी को पंजाबी से लड़ाने की कोशिश करेंगे। मगर कल ही अंग्रेज़ी ने खत्म होना है, और देश भर में उसकी जगह हिन्दी ने लेनी है।

Original with;
Punjab Vidhan Sabha
Digitized by;
Panjab Digital Library

दूसरी बात Law and Order के बारे में कहनी है चार दिन हुए एक भयानक दुर्घटना हुई, जो आपके सामने रखता हूँ। एक लड़की अपने बाप के साथ जा रही थी तो रास्ते में कुछ गुन्डों ने रोक लिया। उन्होंने बाप को पकड़ लिया और ज़बर्दस्ती लड़की को उठा कर ले गये। लड़की को, होशियारपुर का जो बाई पास है, वहाँ पुल के नीचे ले गये और उसकी असमतादरी की। जब लड़की ने भागने की कोशिश की तो उसे छुरे घोंप कर मार दिया गया।

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਹ ਕੇਸ ਸੱਬ ਜੁਡਿਸ ਹੈ, ਇਸ ਲਈ ਇਸ ਤੇ ਕੁਝ ਨਹੀਂ ਕਿਹਾ ਜਾ ਸਕਦਾ।

**चौधरी बलबीर सिंह :** उपाध्यक्ष महोदय, सबज्यूडिस केस की इन्कवायरी शुरू हो गई है, मैं उसमें नहीं जाता। वाक्या जो हुआ है, उसका ज़िक्र करता हूँ और पुलिस के कारनामे पेश करता हूँ।

उसके बाद लड़की को ट्रक के नीचे फेंकने की कोशिश की गई। लड़की का बाप उस वक्त पुलिस स्टाफ़ के पास पहुँचा। पुलिस स्टाफ़ ने बजाये इस के कि उस वक्त जल्दी से बाप के साथ चल कर लड़की बचाने की कोशिश करते, उन्होंने कहा कि कोतवाली में जा कर रिर्पोट करो। वह सिटी पुलिस के पास पहुँचा। वहाँ पर सारे मौजूद थे, पर सिटी पुलिस वालों ने कहा यह दुर्घटना, जहाँ वाक्या हुई हैं, वह सदर थाने में आती है, इस लिये सदर थाने में जाओ, इस घुमाव में लड़की मार दी गई। ट्रक वाला जिसने कोशिश की (घंटी) अपनी जिन्दगी को रिस्क में ले कर, उसने एक बरेक लगाया और ट्रक उल्ट गया, पुलिस ने ट्रक वाले के खिलाफ़ केस दर्ज कर दिया। पुलिस वालों को ट्रक वाले ने केस बताया। उसके कहने के मुताबिक सारी इन्कवायरी शुरू हुई। मुलज़िम पकड़े गये। इतनी भयानक स्थिति हो गई है पंजाब राज्य की।

इस सब का दोष हम सरदार गुरनाम सिंह को नहीं देते। पिछले बीस सालों से जो चीज़ चली आ रही है, यह उसका नतीजा है। Law and Order की इतनी हालत खराब हो गई है कि गुन्डागर्दी करने वालों का इतना उत्साह बढ़ गया है कि वह बाप के हाथ से लड़की को खेंच कर ले जा सकते है। हज़ारों आदमी मौजूद हैं पुलिस वाले इमदाद के लिए नहीं जाते। मैं मुख्य मन्त्री साहिब से कहूँगा कि ऐसे वाक्यात को रोकने के लिये तथा गुन्डागर्दी को खत्म करने के लिए सख्त से सख्त कदम उठाये जायें। हम सब पार्टियाँ उनको इस काम के लिये पूरा पूरा सहयोग देंगी। बाप के साथ जा रही लड़की को गुन्डे छीन कर ले जायें, यह पंजाब पर एक कलंक का धब्बा है। इतना कह कर मैं अपनी सीट लेता हूँ। धन्यवाद !

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਸਿੰਘ** (ਤਲਵੰਡੀ ਸਾਬੋ) : ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀਆਂ ਤਕਲੀਫ਼ਾਂ ਦੱਸਣੀਆਂ ਹਨ ।

**ਸ੍ਰੀ ਡਿਪਟੀ ਸਪੀਕਰ** : बैठ जायें टाईम हो गया है। (The hon. Member may please resume his seat. The time is over now) (Noise) (Interruptions)

**ਸਰਦਾਰ ਉਮਰਾਓ ਸਿੰਘ** : ਡਿਪਟੀ ਸਪੀਕਰ ਸਾਹਿਬ, 7 ਮਿੰਟ ਰਹਿ ਗਏ ਹਨ, ਆਪਣੀ ਘੜੀ ਵੇਖ ਲਉ । (ਸ਼ੋਰ)

**ਸਰਦਾਰ ਅਜੀਤ ਸਿੰਘ** :—ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਜੋ ਕੁਝ ਹੋ ਰਿਹਾ ਹੈ । ਮੈਂ ਸਾਰੇ ਹਾਊਸ ਨੂੰ ਦੱਸਣਾ ਹੈ । ਮੇਰੇ ਹਲਕੇ ਵਿਚ ਕਈ ਥਾਈਂ ਸਰਕਾਰੀ ਹਾਈ ਸਕੂਲ ਨਹੀਂ, ਉਥੇ ਲੋਕਾਂ ਨੂੰ ਬਹੁਤ ਤਕਲੀਫ਼ਾਂ ਉਠਾਣੀਆਂ ਪੈ ਰਹੀਆਂ ਹਨ । ਮੈਨੂੰ ਸਮਝ ਨਹੀਂ ਆਉਂਦੀ ਮੈਨੂੰ ਟਾਈਮ ਕਿਉਂ ਨਹੀਂ ਦਿਤਾ ਜਾਂਦਾ ? ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ 5 ਮਿੰਟ ਦੇ ਦਿੱਉ, ਮੈਂ ਸੌਣ ਵਾਸਤੇ ਨਹੀਂ ਆਇਆ । ਮੈਂ ਲੋਕਾਂ ਦੀਆਂ ਤਕਲੀਫ਼ਾਂ ਦਸਣੀਆਂ ਹਨ । (ਸ਼ੋਰ) (ਵਿਘਨ)

**ਵਿੱਤ ਮੰਤਰੀ** : ਜਨਾਬ, ਡਿਪਟੀ ਸਪੀਕਰ ਸਾਹਿਬ, ਵੋਟ ਆਨ ਅਕਾਊਂਟ ਅਤੇ ਐਪ੍ਰੋਪਰੀਏਸ਼ਨ ਬਿਲ ਤੇ, ਕੁਝ ਪਾਰਟੀਆਂ ਦੇ ਨੁਮਾਇੰਦਿਆਂ ਨੇ ਆਪਣੇ ਵਿਚਾਰ ਰਖੇ ਹਨ । ਮੈਂ ਇਕ ਗੱਲ ਦਸਣਾ ਚਾਹੁੰਦਾ ਹਾਂ ਕਿ ਅੱਜ ਹਾਊਸ ਵਿੱਚ ਡਿਸਆਰਡਰ ਰਿਹਾ ਹੈ । ਇਸ ਲਈ ਹਾਊਸ ਐਡਜਰਨ ਕਰਨਾ ਪਿਆ । ਪਰ ਇਹ ਡੈਮੋਕਰੈਸੀ ਦੀ ਸੈਂਸ ਦੀ ਫ਼ਤਿਹ ਹੈ ਕਿ ਬਾਵਜੂਦ ਸਾਰੇ ਡਿਫ਼ਰੈਂਸਿਜ਼ ਦੇ ਅਸੀਂ ਸਾਰਿਆਂ ਨੇ ਕਿਸੇ ਇਕ ਚੀਜ਼ ਨੂੰ ਐਕਸੈਪਟ ਕੀਤਾ ਅਤੇ ਫਿਰ ਕਿਸੇ ਕੰਪ੍ਰੋਮਾਈਜ਼ਿੰਗ ਸਟੇਜ ਤਕ ਪਹੁੰਚ ਗਏ । ਡਿਪਟੀ ਸਪੀਕਰ ਸਾਹਿਬ, ਸਾਰੇ ਪ੍ਰੋਸੀਜਰ ਇਸ ਹਾਊਸ ਵਿਚ ਵਰਤੇ ਗਏ ਹਨ । ਜਿਹੜੇ ਪਾਰਲੀਮੈਂਟ ਵਿੱਚ ਅਤੇ ਇਸ ਹਾਊਸ ਵਿੱਚ ਸੈਟ ਅੱਪ ਹੋਏ ਹਨ । ਜਿਸ ਤਰੀਕੇ ਨਾਲ ਹੋਇਆ ਹੈ ਉਹ ਬਹੁਤ ਅੱਛੀ ਗੱਲ ਹੈ । ਮੈਂ ਐਕਸਪੈਕਟ ਕਰਾਂਗਾ ਸਾਰੇ ਹਾਊਸ ਵਲੋਂ ਕੋਆਪ੍ਰੇਸ਼ਨ ਮਿਲਣਾ ਚਾਹੀਦਾ ਹੈ ਅਤੇ ਹਾਊਸ ਡਿਗਨਿਟੀ ਅਤੇ ਡਿਕੋਰਮ ਨਾਲ ਚਲਣਾ ਚਾਹੀਦਾ ਹੈ ।

ਇਕ ਗੱਲ ਮੋਲੈਸਿਜ਼ ਦੀ ਹੋਈ । ਡਾਂਗ ਸਾਹਿਬ ਨੇ ਇਸ ਦਾ ਜ਼ਿਕਰ ਕੀਤਾ । ਇਸ ਵਿਚ ਸ਼ੱਕ ਨਹੀਂ ਹੈ ਕਿ ਜਦੋਂ ਅਸੀਂ ਆਪੋਜ਼ੀਸ਼ਨ ਵਿਚ ਸਾਂ ਤਾਂ ਅਸੀਂ ਗਿਲ ਸਰਕਾਰ ਦੇ ਖ਼ਿਲਾਫ਼ ਇਲਜ਼ਾਮ ਲਾਇਆ ਸੀ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਜਿਸ ਚੀਜ਼ ਦਾ ਕੰਟਰੋਲ ਦਾ ਭਾਅ 67 ਪੈਸੇ ਹੋਵੇ ਉਸ ਦਾ ਭਾ 175 ਪੈਸੇ ਹੋ ਜਾਵੇ ਇਹ ਗੱਲ ਕਨਸਰਨ ਵਾਲੀ ਹੈ । ਇਹ ਕਿਵੇਂ ਹੋਇਆ ਇਹ ਗੱਲ ਸਮਝ ਨਹੀਂ ਆਉਂਦੀ । ਅਗਰ ਇਸ ਬਾਰੇ ਰੈਗੂਲਰ ਟੈਂਡਰ ਇਨਵਾਈਟ ਕੀਤੇ ਗਏ ਹੁੰਦੇ, ਕੋਟੇਸ਼ਨਜ਼ ਆਈਆਂ ਹੁੰਦੀਆਂ ਤਾਂ ਸ਼ੱਕ ਨਾ ਹੁੰਦੀ, ਪਰ ਕਿਹਾ ਗਿਆ ਕਿ ਇਹ ਗੱਲ ਨੈਗੋਸੀਏਸ਼ਨਜ਼ ਨਾਲ ਤੈਅ ਕੀਤੀ ਗਈ । ਮੈਂ ਸਮਝਦਾ ਹਾਂ ਕਿ ਗਲਤ ਕਾਰਵਾਈ ਸੀ, ਪਰ ਇਸ ਬਾਰੇ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਗਲ ਅਸੀਂ ਮੈਮੋਰੈਂਡਮ ਵਿਚ ਕਹੀ ਹੈ । ਅਪਰ ਹਾਊਸ ਦੇ ਚੇਅਰਮੈਨ ਸਾਹਿਬ ਨੂੰ ਵੀ ਮੈਂ ਇਸੇ ਬਿਨਾ ਤੇ ਕਿਹਾ ਸੀ, ਜਦੋਂ ਇਹ ਗਲ

Original with;
Punjab Vidhan Sabha
Digitized by;
Panjab Digital Library

(ਵਿੱਤ ਮੰਤਰੀ)

ਉਥੇ ਆਈ ਕਿ ਇਸ ਤੇ ਸਪਲੀਮੈਂਟਰੀਜ਼ ਨਹੀਂ ਹੋਣੀਆਂ ਚਾਹੀਦੀਆਂ । ਮੈਂ ਸਮਝਦਾ ਹਾਂ ਕਿ ਸਾਨੂੰ ਇਸ ਤੋਂ ਵਧ ਕੁਝ ਨਹੀਂ ਕਹਿਣਾ ਚਾਹੀਦਾ । ਅਸੀਂ ਇਲਜ਼ਾਮ ਲਾਇਆ ਹੈ ਕਿ ਇਸ ਵਿਚ ਪ੍ਰੋਸੀਜਰ ਇੱਲੀਗਲ ਐਡਾਪਟ ਹੋਇਆ ਹੈ ਅਤੇ ਸਾਨੂੰ ਸ਼ਕ ਹੈ ਕਿ ਇਸ ਵਿਚ ਕਾਫ਼ੀ ਗੋਲ ਮਾਲ ਹੋਇਆ ਹੈ । ਪਰ ਇਹ ਕਹਿਣਾ ਕਿ ਇਹ ਇਲਜ਼ਾਮ ਠੀਕ ਹੈ, ਮੁਨਾਸਬ ਨਹੀਂ ਹੋਵੇਗਾ । ਇਸ ਲਈ ਮੋਲੈਸਿਜ਼ ਬਾਰੇ ਇੰਨੀ ਹੀ ਗੱਲ ਇਸ ਵੇਲੇ ਠੀਕ ਰਹੇਗੀ ।

ਫਿਰ ਭਾਸ਼ਾ ਦਾ ਸਵਾਲ ਹੈ । ਇਸ ਬਾਰੇ ਦੋ ਰਾਵਾਂ ਨਹੀਂ ਹਨ ਕਿ ਸਾਰਾ ਪੰਜਾਬ ਇਕ ਯੂਨੀਲਿੰਗੁਅਲ ਸਟੇਟ ਹੈ (ਤਾੜੀਆਂ) ਕੋਈ ਇਸ ਨੂੰ ਬਾਈਲਿੰਗੁਅਲ ਨਹੀਂ ਕਹਿੰਦਾ । (ਤਾੜੀਆਂ) ਇਸ ਬਾਰੇ ਸਾਰੇ ਸੈਕਸ਼ਨਜ ਯੁਨਾਈਟਿਡ ਹਨ ਕਿ ਸੂਬੇ ਦੀ ਰਾਜ ਭਾਸ਼ਾ ਪੰਜਾਬੀ ਹੈ ਅਤੇ ਰਾਸ਼ਟਰ ਭਾਸ਼ਾ ਤੇ ਲਿੰਕ ਭਾਸ਼ਾ ਦੇ ਤੌਰ ਤੇ ਹਿੰਦੀ ਨੂੰ ਸਾਰੇ ਤਸਲੀਮ ਕਰਦੇ ਹਨ (ਤਾੜੀਆਂ) ਕਾਂਗਰਸੀ ਸਰਕਾਰਾਂ ਵਾਲੇ ਸੂਬੇ ਇਸ ਨੂੰ ਰਾਸ਼ਟਰ ਭਾਸ਼ਾ ਮੰਨਣ ਜਾਂ ਨਾ ਮੰਨਣ, ਪਰ ਪੰਜਾਬ ਜ਼ਰੂਰ ਮੰਨਦਾ ਹੈ। ਹਿੰਦੀ ਨੂੰ ਇਸ ਦੀ ਪੂਰੀ ਰਿਸਪੈਕਟਫੁਲ ਪੋਜ਼ੀਸ਼ਨ ਦਿਵਾਏ ਜਾਣ ਦੀ ਸਾਡੀ ਪੂਰੀ ਕੋਸ਼ਿਸ਼ ਰਹੇਗੀ। ਬਾਕੀ ਜਿਥੋਂ ਤਕ ਪੰਜਾਬੀ ਭਾਸ਼ਾ ਵਿਚ ਫੰਕਸ਼ਨ ਕਰਨ ਦੀ ਗਲ ਹੈ, ਇਸ ਵਿਚ ਕੁਝ ਮੁਸ਼ਕਿਲਾਂ ਹਨ, ਜਨਤਾ ਨੂੰ ਵੀ ਹਨ ਅਤੇ ਦੂਜੇ ਸੈਕਸ਼ਨਜ਼ ਨੂੰ ਵੀ ਹਨ । ਉਨ੍ਹਾਂ ਨੂੰ ਫੈਸਿਲਟੀਜ਼ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਹੈ । ਬਾਕੀ ਫੈਸਿਲਿਟੀਜ਼ ਦੀ ਡੈਫੀਨੀਸ਼ਨ ਕੀ ਹੈ ਇਸ ਤੇ ਛੋਟਾ ਮੋਟਾ ਡਿਫਰੈਂਸ ਆਫ ਓਪੀਨੀਅਨ ਹੋ ਸਕਦਾ ਹੈ । ਪਰ ਜ਼ਰਾ ਸੋਚੋ ਕਿਡਾ ਵਡਾ ਡਿਫਰੈਂਸ ਆਫ ਓਪੀਨੀਅਨ ਸੀ, ਉਸ ਨੂੰ ਸਭ ਨੇ ਮਿਲ ਕੇ ਕਿੰਨਾ ਨੈਰੋ ਡਾਊਨ ਕੀਤਾ ਹੈ ਅਤੇ ਅਜ ਇਹ ਗੱਲ ਕਹੀ ਜਾ ਸਕਦੀ ਹੈ ਕਿ ਸਾਨੂੰ ਪੂਰੀ ਉਮੀਦ ਹੈ ਕਿ ਇਹ ਮਸਲਾ ਸਭ ਦੀ ਸਲਾਹ ਨਾਲ ਹੱਲ ਕਰ ਲਿਆ ਜਾਵੇਗਾ । ਹੁਣ ਪੰਜਾਬ ਵਿਚ ਲੈਂਗੁਏਜ ਦੇ ਪੁਆਇੰਟ ਤੇ ਐਜੀਟੇਸ਼ਨ ਨਹੀਂ ਹੋ ਸਕਦੀ, ਇਹ ਸਾਰੇ ਪੰਜਾ- ਬੀਆਂ ਦੀ ਖੁਸ਼ਕਿਸਮਤੀ ਹੈ । ਹੁਣ ਇਸ ਬਾਰੇ ਅਨਨੈਸੇਸਰੀ ਕੰਟਰੋਵਰਸੀ ਰੇਜ਼ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ । (ਵਿਘਨ)

ਇਸ ਤੋਂ ਇਲਾਵਾ ਮਜ਼ਦੂਰਾਂ ਬਾਰੇ ਗੱਲ ਹੋਈ । ਕਿਹਾ ਗਿਆ ਕਿ ਇਸ ਸਰਕਾਰ ਨੇ ਮਜ਼ਦੂਰਾਂ, ਹਰੀਜਨਾਂ ਬਾਰੇ ਕੁਝ ਨਹੀਂ ਕੀਤਾ । ਇਸ ਬਾਰੇ ਅਗਰ ਬਜਟ ਵਿਚ ਕੁਝ ਨਹੀਂ ਕਿਹਾ ਗਿਆ ਤਾਂ ਮੈਂ ਅਰਜ਼ ਕਰਾਂ ਕਿ ਇਸ ਬਾਰੇ ਮੈਂ ਕੁਝ ਗੱਲਾਂ ਇਕ ਪ੍ਰੈਸ ਕਾਨਫਰੰਸ ਵਿਚ ਕੀਤੀਆਂ ਸਨ ਅਤੇ ਅਜ ਫੇਰ ਕਹਿਣਾ ਚਾਹੁੰਦਾ ਹਾਂ । ਸਾਰੇ ਹਿੰਦੁਸਤਾਨ ਵਿਚ ਕਿਸੇ ਵੀ ਇੰਡਸਟ੍ਰੀਅਲ ਵਰਕਰਜ਼ ਦੀਆਂ ਵੇਜਿਜ਼ ਨੂੰ ਪ੍ਰਾਈਸ ਇੰਡੇਕਸ ਨਾਲ ਜੋੜਨ ਦੀ ਗੱਲ ਨਹੀਂ ਮੰਨੀ ਜਦ ਕਿ ਪੰਜਾਬ ਸਰਕਾਰ ਨੇ ਇਸ ਅਸੂਲ ਨੂੰ ਮੰਨ ਲਿਆ ਹੈ ਅਤੇ ਇਸ ਬਾਰੇ ਜ਼ਰੂਰੀ ਕਾਰਵਾਈ ਕਰਾਂਗੇ । (ਤਾੜੀਆਂ) ਜੋ ਗੱਲ ਹੋਰਾਂ ਨੇ ਨਹੀਂ ਮੰਨੀ ਅਸੀਂ ਮੰਨੀ ਹੈ, ਇਸ ਦੇ ਹੁੰਦੇ ਹੋਏ ਵੀ ਅਗਰ ਕਿਹਾ ਜਾਵੇ ਇਸ ਸਰਕਾਰ ਨੇ ਮਜ਼ਦੂਰਾਂ ਲਈ ਕੁਝ ਨਹੀਂ ਕੀਤਾ ਤਾ ਇਹ ਗੱਲ ਠੀਕ ਨਹੀਂ ਹੋਵੇਗੀ । ਮਿਨੀਮਮ ਵੇਜ ਕਮੇਟੀਆਂ ਅਸੀਂ ਇੰਨੀਆਂ ਬਣਾਈਆਂ ਹਨ ਕਿ ਉਨ੍ਹਾਂ ਦਾ ਨੰਬਰ ਸਾਰੀਆਂ ਹਕੂਮਤਾਂ ਨਾਲੋਂ ਵਧ ਹੈ ਅਤੇ ਉਨ੍ਹਾਂ ਨੇ ਮਿਨੀਮਮ ਵੇਜਿਜ਼ ਫਿਕਸ ਕੀਤੀਆਂ ਹਨ । ਇਸ ਬਾਰੇ ਵਿਚ ਇਸ ਕਿਸਮ ਦੀ ਗ਼ਲਤ ਫਹਿਮੀ ਨਹੀਂ ਹੋਣੀ ਚਾਹੀਦੀ ਕਿ ਇਹ ਸਰਕਾਰ ਮਜ਼ਦੂਰਾਂ ਲਈ ਕੁਝ ਨਹੀਂ ਕਰਦੀ । ਸਾਡੇ ਮਨ ਵਿਚ ਇਹ ਗੱਲ ਬਿਲਕੁਲ ਕਲੀਅਰ ਹੈ ਕਿ ਜਦ ਤਕ ਮੁਲਕ ਦਾ ਗ਼ਰੀਬ ਮਜ਼ਦੂਰ ਅਗੇ ਨਹੀਂ ਵਧੇਗਾ, ਇਥੇ ਖੁਸ਼ਹਾਲੀ ਨਹੀਂ ਆਵੇਗੀ ।

Original with;
Punjab Vidhan Sabha
Digitized by;
Panjab Digital Library

(*At this Stage the hon. Speaker occupied the Chair.*)

ਫਿਰ ਟੈਕਸੇਸ਼ਨ ਇਨਕੁਆਇਰੀ ਕਮੇਟੀ ਦੀ ਗੱਲ ਆਈ। ਡਾਂਗ ਸਾਹਿਬ ਨੇ ਕਿਹਾ ਕਿ ਅਗਰ ਗਰੀਬਾਂ ਤੇ ਟੈਕਸ ਲਾਇਆ ਗਿਆ ਤਾਂ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਮੈਂ ਆਪ ਦਾ ਧਿਆਨ ਆਪਣੀ ਬਜਟ ਸਪੀਚ ਵਲ ਦਿਵਾਉਂਦਾ ਹਾਂ, ਜਿਸ ਵਿਚ ਮੈਂ ਇਹ ਗੱਲ ਸਾਫ਼ ਕੀਤੀ ਹੈ ਕਿ ਗਰੀਬ ਤਾਂ ਪਹਿਲਾਂ ਹੀ ਟੈਕਸੇਸ਼ਨ ਦੇ ਬੋਝ ਹੇਠਾਂ ਦਬਿਆ ਹੋਇਆ ਹੈ। ਸਾਡੀ ਖਾਹਿਸ਼ ਹੈ ਕਿ ਅਸੀਂ ਉਸ ਤੇ ਘਟੋ ਘਟ ਬੋਝ ਪਾਈਏ। ਮੈਂ ਚਾਹੁੰਦਾ ਹਾਂ ਕਿ ਸੂਬੇ ਦੇ ਰਿਸੋਰਸਿਜ਼ ਤੇ ਸਾਰੀਆਂ ਪਾਰਟੀਆਂ ਵਿਚਾਰ ਕਰ ਲੈਣ। ਅਗਰ ਅਸੀਂ ਚਾਹੁੰਦੇ ਹਾਂ (ਵਿਘਨ) ਕਿ ਸਾਡਾ ਪੰਜਾਬ ਕੈਲੇਫੋਰਨੀਆਂ ਦਾ ਰੂਪ ਧਾਰਨ ਕਰੇ ਤਾਂ ਸਾਨੂੰ ਸਾਰਿਆਂ ਨੂੰ ਮਿਹਨਤ ਕਰਨੀ ਪਵੇਗੀ। ਰਿਸੋਰਸਿਜ਼ ਲਭਣੇ ਪੈਣਗੇ। ਇਹ ਕੰਮ ਸਾਰੀਆਂ ਪਾਰਟੀਆਂ ਨੂੰ ਮਿਲ ਕੇ ਕਰਨਾ ਚਾਹੀਦਾ ਹੈ। ਇਸ ਨੂੰ ਪਾਰਟੀ ਕਵੇਸਚਨ ਨਹੀਂ ਬਣਾਉਣਾ ਚਾਹੀਦਾ, ਇਸ ਨੂੰ ਨੈਸ਼ਨਲ ਸਵਾਲ ਸਮਝ ਕੇ ਅਗਰ ਆਪਸ ਵਿਚ ਸਾਰਿਆਂ ਦੀ ਕੋਆਪਰੇਸ਼ਨ ਹੋਵੇਗੀ ਤਾਂ ਕਿਸੇ ਕਿਸਮ ਦੀ ਗਲਤਫਹਿਮੀ ਨਹੀਂ ਰਹੇਗੀ।

ਫਿਰ ਹੁਸ਼ਿਆਰਪੁਰ ਕਾਂਡ ਦਾ ਜ਼ਿਕਰ ਆਇਆ। ਇਸ ਦਾ ਸਾਨੂੰ ਅਫਸੋਸ ਹੈ। ਮਗਰ ਸਰਕਾਰ ਨੇ ਇਸ ਵਿਚ ਸਟ੍ਰਿਕਟ ਐਕਸ਼ਨ ਲਿਆ ਹੈ ਅਤੇ ਅਗੇ ਲਈ ਹਾਊਸ ਨੂੰ ਪੂਰਾ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਹਰ ਐਸੀ ਸੂਰਤ ਤੇ ਕੰਟਰੋਲ ਰਖਾਂਗੇ ਅਤੇ ਗੁੰਡਾ ਐਲੀਮੈਂਟ ਨੂੰ ਸਿਰ ਨਹੀਂ ਉਠਾਉਣ ਦਿਆਂਗੇ। ਸਰਕਾਰ ਸਖਤ ਕਾਰਵਾਈ ਕਰੇਗੀ। ਇਸ ਬਾਰੇ ਕਿਸੇ ਨੂੰ ਸ਼ੱਕ ਨਹੀਂ ਹੋਣੀ ਚਾਹੀਦੀ। ਜੋ ਜ਼ਿਆਦਤੀ ਹੋਈ ਹੈ, ਉਸ ਦੀ ਪੂਰੀ ਇਨਕਵਾਇਰੀ ਕਰਾਂਗੇ ਅਤੇ ਕਿਸੇ ਨੂੰ ਇਸ ਤਰ੍ਹਾਂ ਦੀ ਗੱਲ ਕਰਨ ਦੀ ਇਜਾਜ਼ਤ ਨਹੀਂ ਦਿਆਂਗੇ।

ਇੰਨੇ ਸ਼ਬਦ ਵੋਟ ਆਨ ਅਕਾਊਂਟ ਤੇ ਕਹਿਣ ਤੋਂ ਬਾਦ ਮੈਂ ਆਪਣੀ ਸਪੀਚ ਖਤਮ ਕਰਦਾ ਹਾਂ।

**Mr. Speaker** : It is 1.00. P. M. Now, I will apply Guillotine.

**Mr. Speaker** : Question is :—

That the Punjab Appropriation (Vote on Account) Bill be taken into consideration at once.

*The motion was carried*

**CLAUSE 2**

***Mr. Speaker** : Question is :—

That Clause 2 stand part of the Bill.

*The motion was carried*

CLAUSE 3

**Mr. Speaker** : Question is—

That Clause 3 stand part of the Bill.

*The motion was carried*

---

*ਪੰਜਾਬੀ ਵਿਚ ਪੇਸ਼ ਕੀਤੀ ਗਈ।

Original with;
Punjab Vidhan Sabha
Digitized by;
Panjab Digital Library

SCHEDULE

**Mr. Speaker :** Question is—

That Schedule stand part of the Bill.

*The motion was carried.*

CLAUSE 1

***Mr. Speaker :** Question is—

That clause 1 stand part of the Bill.

*The motion was carried.*

TITLE

**Mr. Speaker :** Question is—

That Title be the Title of the Bill.

*The motion was carried.*

**Mr. Speaker :** Question is :—

That the Punjab Appropriation (Vote on Account) Bill be passed.

*The motion was carried.*

**1. 05. P. M.** (The Sabha then adjourned till 2. 00 P. M. on Tuesday, the 1st April, 1969).

————

*ਪੰਜਾਬੀ ਵਿਚ ਪੇਸ਼ ਕੀਤੀ ਗਈ ।

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Original with:
Punjab Vidhan Sabha
Digitized by:
Panjab Digital Library

"C" 1969

Published under the authority of the Punjab Vidhan Sabha. Printed by Sh. Sohan Lal Khanna, Mangg. Prop. Swan Printing Press, Adda Tanda, Jullundur City.

Chief Reporter
Punjab Vidhan Sabha
Chandigarh

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

B-18272

Panjab Digital Library

*Original with;*
Punjab Vidhan Sabha
*Digitized by;*
Panjab Digital Library